SikhBookClub.Com

ੴ ਸਤਿਗੁਰ ਪ੍ਰਸਾਦਿ॥

ਸ਼੍ਰੀ ਗੁਰ ਨਾਨਕ ਪ੍ਰਕਾਸ਼

ਉਤਰਾਰਧ (ਭਾਗ ਦੂਜਾ)

ਕ੍ਰਿਤ

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

ਸੰਪਾਦਕ :

ਡਾ. ਕਿਰਪਾਲ ਸਿੰਘ

ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),

ਸ੍ਰੀ ਅੰਮ੍ਰਿਤਸਰ।

SikhBookClub.Com

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

(ਗੁਰੂ ਅਰਜਨ ਦੇਵ ਜੀ)

ਸ੍ਰੀ ਗੁਰ ਨਾਨਕ ਪ੍ਰਕਾਸ਼

ਉਤਰਾਰਧ ਭਾਗ ਦੂਜਾ

ਕ੍ਰਿਤ

ਮਹਾਂਕਵੀ ਭਾਈ ਸੰਤੋਖ ਸਿੰਘ

ਸੰਪਾਦਕ

ਡਾ. ਕਿਰਪਾਲ ਸਿੰਘ

ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

SikhBookClub.Com

ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁ: ਪ੍: ਕਮੇਟੀ), ਸ੍ਰੀ ਅੰਮ੍ਰਿਤਸਰ।

ਸਤੰਬਰ, ੨੦੧੧ 3.000

ਛਾਪਣ ਵਾਲੇ :

ਗੋਲਡਨ ਆਫ਼ਸੈੱਟ ਪ੍ਰੈੱਸ (ਸ਼੍ਰੋਮਣੀ ਗੁ: ਪ੍: ਕਮੇਟੀ),

ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

SikhBookClub.Com

ਸਮਰਪਣ

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੨॥

(ਸ੍ਰੀ ਗੁਰੂ ਨਾਨਕ ਦੇਵ ਜੀ, ਗੁ. ਗ੍ਰੰ. ਸਾਹਿਬ, ਪੰਨਾ 2)

SikhBookClub.Com

ਬੰਦਨਾ

ਸ੍ਰੀ ਨਾਨਕ ਪਦ ਪੰਕਜ ਬੰਦਨ।
ਸਿਮਰੋਂ ਅੰਗਦ ਦੋਖ ਨਿਕੰਦਨ।
ਅਮਰਦਾਸ ਗੁਰ ਹਿਰਦੇ ਧਜਾਵੋਂ।
ਸ੍ਰੀ ਗੁਰ ਰਾਮਦਾਸ ਗੁਨ ਗਾਵੋਂ॥ ੯੮॥
ਸ੍ਰੀ ਅਰਜਨ ਬਿਘਨਨ ਕੇ ਨਾਸ਼ਕ।
ਹਰਿਗੁਬਿੰਦ ਸੁਭ ਸੁਮਤਿ ਪ੍ਰਕਾਸ਼ਕ।
ਸ੍ਰੀ ਹਰਿਰਾਇ ਨਮੋ ਕਰ ਜੋਰੀ।
ਗੁਰੁ ਹਰਿਕ੍ਰਿਸ਼ਨ ਮਨਾਇ ਬਹੋਰੀ॥ ੯੯॥
ਤੇਗ ਬਹਾਦਰ ਪਰਮ ਕ੍ਰਿਪਾਲਾ।
ਸ੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ।
ਧਰੋਂ ਧਰਾ ਪਰ ਪੁਨ ਪੁਨ ਸੀਸਾ।
ਬੰਦੋਂ ਬਾਰ ਬਾਰ ਜਗਤੀਸ਼ਾ॥ ੧੦੦॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਅਧਿਆਇ 57, ਉਤਰਾਰਧ)

SikhBookClub.Com

ਮੁਖਬੰਧ

ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਬਹੁਤ ਵਿਚਿੱਤਰ ਹੈ । ਉਨ੍ਹਾਂ ਦੇ ਜੀਵਨ ਦੇ ਹਰ ਪੱਖ ਤੋਂ ਸਿੱਖਿਆ ਮਿਲਦੀ ਹੈ । ਲੋਕਾਂ ਦੇ ਭਲੇ ਲਈ ਆਪ ਨੇ ਬਹੁਤ ਘਾਲਾਂ ਘਾਲੀਆਂ । ਬਿਖੜੇ ਸਮਿਆਂ ਵਿਚ ਜਦੋਂ ਸਫਰ ਦੇ ਸਾਧਨ ਨਹੀਂ ਹੁੰਦੇ ਸਨ, ਗੁਰੂ ਜੀ ਨੇ ਦੂਰ ਦੂਰ ਥਾਂਵਾਂ ਤੇ ਸਫ਼ਰ ਕਰਕੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ ਤੇ ਈਸ਼ਵਰ ਦੇ ਨਾਮ ਨਾਲ ਜੋੜਿਆ । ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਮਹਾਨ ਸਫਰਾਂ ਦਾ ਉਦੇਸ਼ ਇਸ ਤਰਾਂ ਲਿਖਿਆ ਹੈ :

ਚੜ੍ਹਿਆ ਸੋਧਣਿ ਧਰਤਿ ਲੁਕਾਈ ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਕਰਾਮਾਤਾਂ, ਮਿਥਿਹਾਸਕ ਗਾਥਾਵਾਂ ਨਾਲ ਇਸ ਤਰਾਂ ਓਤਪੋਤ ਕੀਤਾ ਹੈ ਤੇ ਮਿਲਗੋਭਾ ਬਣਾਇਆ ਹੈ, ਜਿਸ ਨਾਲ ਕਈ ਗੱਲਾਂ ਗੁਰਮਤਿ ਦੇ ਵਿਰੁੱਧ ਲਿਖੀਆਂ ਮਿਲਦੀਆਂ ਹਨ । ਬਹੁਤ ਸਮੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸ਼ਿਕਾਇਤਾਂ ਆ ਰਹੀਆਂ ਸਨ ਕਿ ਗੁਰ ਇਤਿਹਾਸ ਦੇ ਮੁਢਲੇ ਸਰੋਤਾਂ ਵਿਚ ਕਈ ਰਲੇ ਗੁਰਮਤਿ ਵਿਰੁੱਧ ਪਾਏ ਗਏ ਹਨ । ਇਸ ਗੱਲ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ' ਸਥਾਪਤ ਕੀਤਾ ਤੇ ਇਹ ਕੰਮ ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਰੀਟਾਇਰਡ ਪ੍ਰੋਫੈਸਰ ਨੂੰ ਸੌਂਪਿਆ ਅਤੇ ਲੋੜੀਂਦਾ ਸਟਾਫ ਨਿਯੁਕਤ ਕੀਤਾ ।

ਗੁਰ-ਇਤਿਹਾਸ ਦੀਆਂ ਮੁੱਢਲੀਆਂ ਸਰੋਤਾਂ ਵਿਚ "ਸ੍ਰੀ ਗੁਰ ਨਾਨਕ ਪ੍ਰਕਾਸ਼" ਅਤੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਪ੍ਰਸਿੱਧ ਹਨ । ਇਹ ਗ੍ਰੰਥ ਬ੍ਰਿਜ ਭਾਸ਼ਾ ਵਿਚ ਭਾਈ ਸੰਤੋਖ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਲਿਖੇ । ਇਨ੍ਹਾਂ ਦੋਹਾਂ ਗ੍ਰੰਥਾਂ ਦੀ ਕਥਾ ਸ਼ਾਮ ਨੂੰ ਹਰ ਗੁਰਦੁਆਰੇ ਵਿਚ ਹੁੰਦੀ ਹੈ । ਭਾਵੇਂ ਇਹ ਬੜੀ ਸ਼ਰਧਾ ਵਿਚ ਲਿਖੇ ਗਏ ਹਨ ਪਰ ਬ੍ਰਾਹਮਣੀ ਪ੍ਰਭਾਵ ਥੱਲੇ ਜੋ ਉਸ ਸਮੇਂ ਪ੍ਰਚਲਤ ਸੀ, ਬਹੁਤ ਗੱਲਾਂ ਗੁਰਮਤਿ ਦੇ ਉਲਟ ਦਿੱਤੀਆਂ ਗਈਆਂ ਹਨ, ਇਸ ਲਈ ਸਭ ਤੋਂ ਪਹਿਲਾਂ 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ 'ਸੂਰਜ ਪ੍ਰਕਾਸ਼ ਗ੍ਰੰਥ' ਦਾ ਕੰਮ ਅਰੰਭਿਆ ਗਿਆ ਹੈ ।

'ਸ੍ਰੀ ਗੁਰ ਨਾਨਕ ਪ੍ਰਕਾਸ਼' ਨੂੰ ਚਾਰ ਭਾਗਾਂ ਵਿਚ ਵੰਡਿਆ ਹੈ । ਪਹਿਲੀ ਪੁਸਤਕ ਵਿਚ ਸ੍ਰੀ ਗੁਰ ਨਾਨਕ ਸਾਹਿਬ ਦਾ ਮੁਢਲਾ ਜੀਵਨ "ਵੇਈਂ ਪ੍ਰਵੇਸ਼" ਤਕ ਹੈ । ਦੂਜੀ ਅਤੇ ਤੀਜੀ ਪੁਸਤਕ ਪੂਰਬਾਰਧ ਭਾਗ ਦੂਜਾ ਅਤੇ ਉਤਰਾਰਧ ਭਾਗ ਪਹਿਲਾ ਵਿਚ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਵਰਣਨ ਹੈ । ਹਥਲੀ ਚੌਥੀ ਪੋਥੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦਾ ਕਰਤਾਰਪੁਰ ਵਿਚ ਜੀਵਨ ਦਾ ਬਿਰਤਾਂਤ ਹੈ ।

SikhBookClub.Com

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਕਰਤਾਰਪੁਰ ਦਾ ਜੀਵਨ ਸਿੱਖ ਧਰਮ ਦੇ ਬਹੁਪੱਖੀ ਵਿਕਾਸ ਲਈ ਬਹੁਤ ਮਹਾਨਤਾ ਰਖਦਾ ਹੈ । ਇਥੇ ਗੁਰੂ ਸਾਹਿਬ ਨੇ ਆਪਣੇ ਦੱਸੇ ਮਾਰਗ ਦਰਸ਼ਨ ਨੂੰ ਅਮਲੀ ਰੂਪ ਦਿੱਤਾ । ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਸਿਧਾਂਤ ਨੂੰ ਜੀਵਨ ਵਿਚ ਵਰਤ ਕੇ ਦ੍ਰਿੜ੍ਹ ਕਰਵਾਇਆ । ਸਿੱਖ ਮਰਯਾਦਾ ਦੀ ਨੀਂਹ ਰੱਖੀ । ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਅਤੇ ਸ਼ਾਮ ਵੇਲੇ 'ਸੋਦਰ' ਦਾ ਪਾਠ ਕਰਨਾ ਦੱਸਿਆ । ਭਾਈ ਗੁਰਦਾਸ ਲਿਖਦੇ ਹਨ :

ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ।

ਗੁਰੂ ਨਾਨਕ ਸਾਹਿਬ ਦਾ ਕਰਤਾਰਪੁਰ ਦਾ ਜੀਵਨ ਬਹੁਤ ਵਿਸ਼ੇਸ਼ਤਾ ਵਾਲਾ ਹੈ । ਇਥੇ ਗੁਰੂ ਸਾਹਿਬ ਨੇ ਆਪਣੀ ਬਾਣੀ ਨੂੰ ਅੰਤਮ ਰੂਪ ਦਿੱਤਾ । ਜਪੁਜੀ ਸਾਹਿਬ ਦਾ ਉਲੇਖ ਹੋਇਆ । ਜਿਥੇ ਜਿਥੇ ਵੀ ਸਿੱਧਾਂ ਨਾਲ ਚਰਚਾ ਹੋਈ, ਉਨ੍ਹਾਂ ਸਾਰੀਆਂ ਰਚਨਾਵਾਂ ਨੂੰ ਸਿਧ ਗੋਸਟਿ ਵਿਚ ਸੁਰੱਖਿਅਤ ਕੀਤਾ । ਇਸ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਣਤਰ ਦਾ ਅਰੰਭ ਵੀ ਇਥੇ ਹੋਇਆ । ਇਥੇ ਹੀ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣੇ ਨੂੰ ਆਪਣਾ ਉੱਤਰ ਅਧਿਕਾਰੀ ਥਾਪ ਕੇ ਗੁਰੂ ਅੰਗਦ ਬਣਾਇਆ ।

ਸ੍ਰੀ ਗੁਰ ਨਾਨਕ ਪ੍ਰਕਾਸ਼ ਬ੍ਰਿਜ ਭਾਸ਼ਾ ਵਿਚ ਹੈ । ਪਾਠਕਾਂ ਦੀ ਸਹੂਲਤ ਲਈ ਇਸ ਦਾ ਅਨੁਵਾਦ ਸਰਲ ਪੰਜਾਬੀ ਭਾਸ਼ਾ ਵਿਚ ਕੀਤਾ ਗਿਆ ਹੈ ਅਤੇ ਔਖੇ ਸ਼ਬਦਾਂ ਦੇ ਅਰਥ ਦੱਸੇ ਹਨ । ਜਿਥੇ ਕਿਧਰੇ ਗੁਰਮਤਿ ਦੇ ਉਲਟ ਕੋਈ ਗੱਲ ਹੈ, ਉਥੇ ਫੁੱਟਨੋਟ ਦੇ ਕੇ ਗੁਰਮਤਿ ਸਿਧਾਂਤ ਦੱਸਿਆ ਹੈ । ਮੂਲ ਪਾਠ ਦੇ ਸਪਸ਼ਟੀਕਰਨ ਲਈ ਵਿਸ਼ੇਸ਼ ਪੱਖਾਂ 'ਤੇ ਪ੍ਰਸਤਾਵਨਾ ਵਿਚ ਨੋਟ ਦਿੱਤੇ ਗਏ ਹਨ ।

ਮੈਨੂੰ ਖੁਸ਼ੀ ਹੈ ਕਿ ਸੰਪਾਦਕ ਤੇ ਉਸ ਦੇ ਸਹਿਯੋਗੀਆਂ ਨੇ ਮਿਹਨਤ ਕਰਕੇ ਇਸ ਲਾਭਦਾਇਕ ਕੰਮ ਨੂੰ ਸਿਰੇ ਚਾੜ੍ਹਿਆ ਹੈ ਅਤੇ ਸ਼ਲਾਘਾਯੋਗ ਕੰਮ ਕੀਤਾ ਹੈ । ਆਸ ਹੈ ਕਿ ਵਿਦਵਾਨਾਂ ਤੇ ਸੰਗਤਾਂ ਲਈ ਇਹ ਪੁਸਤਕ ਲਾਭਦਾਇਕ ਹੋਵੇਗੀ ।

ਅਵਤਾਰ ਸਿੰਘ
ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਅੰਮ੍ਰਿਤਸਰ

SikhBookClub.Com

ਭੂਮਿਕਾ

ਸੋ ਸੇਵਕ ਜਿਸ ਕ੍ਰਿਪਾ ਕਰੀ

ਸਿੱਖਾਂ ਵਿਚ 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਸ਼ੇਸ਼ ਮਹਾਨਤਾ ਰੱਖਦੇ ਹਨ। ਦੇਸ਼-ਪਰਦੇਸ਼ ਦੇ ਗੁਰਦੁਆਰਿਆਂ ਵਿੱਚ, ਸ਼ਾਮ ਵੇਲੇ ਇਨ੍ਹਾਂ ਦੀ ਕਥਾ ਹੁੰਦੀ ਹੈ ਅਤੇ ਅਨੇਕਾਂ ਸਿੱਖ ਇਹ ਕਥਾ ਬੜੇ ਪ੍ਰੇਮ ਤੇ ਸ਼ਰਧਾ ਨਾਲ ਸੁਣਦੇ ਹਨ। ਸਮੇਂ ਦੇ ਰਿਵਾਜ ਅਨੁਸਾਰ ਇਹ ਗ੍ਰੰਥ ਮਹਾਂਕਾਵਿ ਦੇ ਰੂਪ ਵਿੱਚ, ਬ੍ਰਿਜ-ਭਾਸ਼ਾ ਵਿਚ ਲਿਖੇ ਗਏ ਸਨ । ਇਨ੍ਹਾਂ ਗ੍ਰੰਥਾਂ ਦੇ ਕਰਤਾ, ਭਾਈ ਸੰਤੋਖ ਸਿੰਘ ਪਹਿਲਾਂ 'ਬੂੜੀਏ' ਅਤੇ ਫੇਰ 'ਕੈਥਲ' ਨਿਵਾਸ ਰੱਖਦੇ ਰਹੇ ਹਨ ।

ਭਾਵੇਂ ਇਹ ਗ੍ਰੰਥ ਬਹੁਤ ਸਿੱਖੀ ਪਿਆਰ ਤੇ ਸ਼ਰਧਾ ਵਿਚ ਰਚੇ ਗਏ ਹਨ ਪਰ ਫੇਰ ਵੀ, ਬ੍ਰਾਹਮਣੀ-ਪ੍ਰਭਾਵ ਥੱਲੇ ਕਈ ਗੱਲਾਂ ਗੁਰਮਤਿ ਦੇ ਵਿਰੁੱਧ ਲਿਖੀਆਂ ਮਿਲਦੀਆਂ ਹਨ। **"ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ"** ਦਾ ਮਨੋਰਥ ਇਤਿਹਾਸਕ ਗ੍ਰੰਥਾਂ ਦੀ, ਗੁਰਮਤਿ ਅਨੁਸਾਰ ਅਤੇ ਇਤਿਹਾਸਕ ਪਰਿਪੇਖ ਵਿੱਚ ਸੋਧ-ਸੁਧਾਈ ਕਰਨਾ ਹੈ। ਇਸ ਮੰਤਵ ਲਈ ਅਸੀਂ ਸਭ ਤੋਂ ਪਹਿਲਾਂ "ਸ੍ਰੀ ਗੁਰ ਨਾਨਕ ਪ੍ਰਕਾਸ਼" ਨੂੰ ਚੁਣਿਆ ਹੈ। 'ਸ੍ਰੀ ਗੁਰ ਨਾਨਕ ਪ੍ਰਕਾਸ਼' ਤਿੰਨ ਜਿਲਦਾਂ ਵਿੱਚ ਹੈ। ਤੀਸਰੀ ਜਿਲਦ- ਉਤਰਾਰਧ ਨੂੰ, ਅਸੀਂ ਪਾਠਕਾਂ ਦੀ ਸਹੂਲਤ ਲਈ ਦੋ ਹਿੱਸਿਆਂ ਵਿੱਚ ਵੰਡਿਆ ਹੈ- ਭਾਗ ਪਹਿਲਾ ਅਤੇ ਭਾਗ ਦੂਜਾ। ਗੁਰੂ ਸਾਹਿਬ ਦੀਆਂ ਯਾਤਰਾਵਾਂ ਦੇ ਅੰਤ ਤਕ, ਉਤਰਾਰਧ- ਭਾਗ ਪਹਿਲਾ ਹੈ ਅਤੇ ਹਥਲੀ ਪੋਥੀ ਉਤਰਾਰਧ ਦੇ ਦੂਜੇ ਭਾਗ ਵਿੱਚ ਕਰਤਾਰਪੁਰ ਵਿਖੇ ਗੁਰੂ ਨਾਨਕ ਸਾਹਿਬ ਦਾ ਜੀਵਨ ਤੇ ਜੋਤੀ-ਜੋਤ ਸਮਾਉਣ ਤਕ ਦੀਆਂ ਸਾਖੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਰਤਾਰਪੁਰ ਦਾ ਜੀਵਨ ਬਹੁਤ ਹੀ ਮਹੱਤਵਪੂਰਨ ਹੈ। ਇੱਥੇ ਹੀ ਗੁਰੂ ਸਾਹਿਬ ਨੇ ਸਿੱਖੀ ਦੇ ਸਿਧਾਂਤਾਂ ਨੂੰ ਅਮਲੀ ਰੂਪ ਦਿੱਤਾ ਅਤੇ ਸਿੱਖੀ ਰਹੁਰੀਤ ਦਾ ਅਰੰਭ ਕੀਤਾ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।

ਕਰਤਾਰਪੁਰ ਵਿੱਚ ਚਲਾਈ ਰਹੁਰੀਤ ਬਾਰੇ ਵੀ ਭਾਈ ਗੁਰਦਾਸ ਜੀ ਨੇ ਇਸ ਤਰਾਂ ਲਿਖਿਆ ਹੈ:-

ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।

ਕਰਤਾਰਪੁਰ ਵਿੱਚ ਹੀ ਗੁਰੂ ਜੀ ਨੇ ਸੰਗਤ ਅਤੇ ਬਾਣੀ ਦੀ ਮਹਾਨਤਾ ਸਥਾਪਤ ਕੀਤੀ। ਅੱਚਲ-ਬਟਾਲੇ ਸ਼ਿਵਰਾਤਰੀ ਦੇ ਮੇਲੇ ਉੱਤੇ ਸਿੱਧਾਂ ਨੇ ਜਦੋਂ ਗੁਰੂ ਨਾਨਕ ਸਾਹਿਬ ਜੀ ਨੂੰ ਪੁੱਛਿਆ ਕਿ ਤੁਹਾਡੇ ਕੋਲ ਕਿਹੜੀ ਸ਼ਕਤੀ ਹੈ? ਉਸ ਦਾ ਪ੍ਰਗਟਾਵਾ ਕਰਕੇ ਸਾਨੂੰ ਵੀ

SikhBookClub.Com

ਵਿਖਾਉ ਤਾਂ ਆਪ ਨੇ, ਭਾਈ ਗੁਰਦਾਸ ਜੀ ਅਨੁਸਾਰ ਇਸ ਤਰਾਂ ਫ਼ਰਮਾਇਆ:

ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।

ਇੱਕ ਥਾਂ ਹੋਰ ਸਿੱਧਾਂ ਨੂੰ ਇਵੇਂ ਕਿਹਾ:

ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।

ਅਜੋਕੇ ਸਮੇਂ ਦੀ ਲੋੜ ਨੂੰ ਮੁਖ ਰੱਖਦਿਆਂ ਅਸੀਂ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਹਰ ਲਾਈਨ ਦਾ ਅਨੁਵਾਦ ਸਰਲ ਪੰਜਾਬੀ ਵਿਚ ਕੀਤਾ ਹੈ । ਇਕ ਸਫੇ ਤੇ ਮੂਲ ਪਾਠ ਹੈ ਤੇ ਉਸ ਦੇ ਸਾਹਮਣੇ ਅਨੁਵਾਦ ਹੈ । ਸ੍ਰੀ ਗੁਰ ਨਾਨਕ ਪ੍ਰਕਾਸ਼ ਦੀਆਂ ਪਹਿਲੀਆਂ ਤਿੰਨ ਪੋਥੀਆਂ ਵਿਚ ਮੂਲ ਪਾਠ ਦਾ ਮੇਲਾਨ, ਭਾਸ਼ਾ ਵਿਭਾਗ ਪਟਿਆਲਾ ਵਲੋਂ ਛਾਪੀਆਂ ਪੋਥੀਆਂ ਨਾਲ ਕੀਤਾ ਗਿਆ ਗਿਆ ਹੈ । ਪਰ ਇਸ (ਚੌਥੀ) ਪੋਥੀ ਦਾ ਮੂਲ-ਪਾਠ ਖਾਲਸਾ ਸਮਾਚਾਰ ਵਲੋਂ 1928 ਈ. ਵਿਚ ਛਪੀ ਨਾਲ ਕੀਤਾ ਗਿਆ ਹੈ । ਕਿਧਰੇ-ਕਿਧਰੇ ਲੋੜ ਪੈਣ 'ਤੇ ਪੱਥਰ ਛਾਪੇ ਦੀ ਪੋਥੀ ਅਤੇ ਭਾਸ਼ਾ ਵਿਭਾਗ ਵਲੋਂ ਛਪੀ ਪੋਥੀ ਦੀ ਸਹਾਇਤਾ ਵੀ ਲਈ ਗਈ ਹੈ । ਪੁਸਤਕ ਵਿਚ ਆਈ ਗੁਰਬਾਣੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਸ਼ਬਦਾਰਥ ਨਾਲ ਮੇਲਿਆ ਹੈ । ਪੁਸਤਕ ਦੇ ਮੂਲ ਪਾਠ ਵਿਚ ਅੱਧਾ ਯੱਯਾ ਅਤੇ ਹਲੰਤ ਨੂੰ ਮੁਢਲੇ ਰੂਪ ਵਿਚ ਰੱਖਿਆ ਗਿਆ ਹੈ । ਪ੍ਰਸਤਾਵਨਾ ਅਤੇ ਅਰਥਾਂ ਵਿਚ ਸੁਖੈਨ ਰੱਖਣ ਲਈ ਇਹ ਨਹੀਂ ਵਰਤੇ । ਮੂਲ ਪਾਠ ਵਿਚ ਔਖੇ ਸਬਦਾਂ ਤੇ ਅਰਥ ਨੰਬਰ ਦਿਤੇ ਗਏ ਹਨ । ਉਹ ਨੰਬਰ ਉਨ੍ਹਾਂ ਦੇ ਅਰਥਾਂ ਵਾਲੇ ਪੰਨੇ ਤੇ ਦਿੱਤੇ ਗਏ ਹਨ । ਫੁੱਟਨੋਟਾਂ ਦੇ ਸੰਕੇਤ ਨੰਬਰ ਮੋਟੇ ਤੇ ਬਰੈਕਟ ਵਿਚ ਹਨ । ਮੂਲ ਪਾਠ ਨੂੰ ਸਰਲ ਪੰਜਾਬੀ ਵਿਚ ਅਨੁਵਾਦ ਕਰਨ ਦੇ ਲਾਭ ਨਾਲ ਇਸ ਗੂੜ੍ਹ ਕਵਿਤਾ ਨੂੰ ਜਿਸ ਵਿਚ ਕਾਵਿ ਉਡਾਰੀਆਂ, ਮਿਥਿਹਾਸਕ ਰੂਪਕ ਅਤੇ ਅਲੰਕਾਰ ਹਨ, ਇਤਿਹਾਸਕ ਪੱਧਰ ਤੇ ਲਿਆਉਣ ਦਾ ਜਤਨ ਕੀਤਾ ਹੈ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ, ਜਿਨ੍ਹਾਂ ਪ੍ਰੋਜੈਕਟ ਵਿਚ ਵੱਡਮੁੱਲਾ ਮਿਲਵਰਤਣ ਦਿੱਤਾ । ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਵਰਿਆਮ ਸਿੰਘ, ਸ਼੍ਰੋਮਣੀ ਕਮੇਟੀ ਸਕੱਤਰ ਸ. ਦਿਲਮੇਘ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਡਾ. ਖੜਕ ਸਿੰਘ ਹੁਰਾਂ ਦਾ ਧੰਨਵਾਦ, ਜਿਨ੍ਹਾਂ ਲੋੜ ਪੈਣ ਤੇ ਅਗਵਾਈ ਤੇ ਸਹਾਇਤਾ ਕੀਤੀ । ਮੈਂ ਆਪਣੇ ਸਹਾਇਕ-ਸੰਪਾਦਕਾਂ, ਸੁਖਮਿੰਦਰ ਸਿੰਘ ਗੱਜਣਵਾਲਾ, ਮਨਜੀਤ ਸਿੰਘ ਪਸਰੀਚਾ, ਗੁਰਚਰਨ ਸਿੰਘ ਸਾਕੀ, ਸਰੂਪ ਸਿੰਘ ਸਾਕੀ ਅਤੇ ਸ਼੍ਰੋਮਣੀ ਕਮੇਟੀ ਤੋਂ ਬਦਲ ਕੇ ਆਏ ਚਮਕੌਰ ਸਿੰਘ ਅਤੇ ਬੀਬੀ ਬਲਜੀਤ ਕੌਰ ਜਿਨ੍ਹਾਂ ਨੇ ਮਿਲ ਕੇ ਸੋਧ-ਸੁਧਾਈ ਕੀਤੀ, ਕੰਪਿਊਟਰ ਅਪਰੇਟਰ ਇਕਬਾਲ ਸਿੰਘ, ਜਿਨ੍ਹਾਂ ਨੇ ਮਿਹਨਤ ਕਰਕੇ ਇਹ ਕੰਮ ਸਿਰੇ ਚਾੜ੍ਹਿਆ ਹੈ, ਸਭ ਦਾ ਮੈਂ ਦਿਲੋਂ ਧੰਨਵਾਦ ਕਰਦਾ ਹਾਂ ।

ਕਿਰਪਾਲ ਸਿੰਘ (ਡਾ.)
ਸੰਪਾਦਕ

SikhBookClub.Com

ਵਿਸ਼ੇ-ਸੂਚੀ

ਸ੍ਰੀ ਗੁਰ ਨਾਨਕ ਪ੍ਰਕਾਸ਼-ਉਤਰਾਰਧ (ਪੋਥੀ ਦੂਜੀ)

ਭਾਗ ਪਹਿਲਾ (ਜਨਰਲ)

ਮੁਖ ਬੰਧ : ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਭੂਮਿਕਾ : ਡਾ: ਕਿਰਪਾਲ ਸਿੰਘ

ਪ੍ਰਸਤਾਵਨਾ : ਡਾ: ਕਿਰਪਾਲ ਸਿੰਘ

	ਪੰਨਾ
ੳ. ਮੁੱਢਲੀ ਜਾਣਕਾਰੀ	12
ਅ. ਪਰਿਵਾਰ ਨੂੰ ਮਿਲਣਾ	14
ੲ. ਕਰਤਾਰਪੁਰ ਵਸਾਉਣਾ	16
ਸ. ਬਾਬਾ ਬੁੱਢਾ ਜੀ	17
ਹ. ਅਜਿੱਤੇ ਰੰਧਾਵੇ ਦਾ ਉਧਾਰ	19
ਕ. ਬਗਦਾਦ ਫੇਰੀ	20
ਖ. ਸੂਫੀ-ਸੰਤਾਂ ਆਦਿ ਦੇ ਹਵਾਲੇ	26
ਗ. ਅੱਚਲ ਵਟਾਲੇ ਜਾਣਾ	33
ਘ. ਜਪੁਜੀ ਸਾਹਿਬ ਦਾ ਸੰਕਲਨ	35
ਙ. ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦਾ ਵਰਣਨ	36
ਚ. ਸ੍ਰੀ ਗੁਰ ਨਾਨਕ ਪ੍ਰਕਾਸ਼ ਦਾ ਇਤਿਹਾਸਕ-ਮੁਲਾਂਕਣ	40
ਛ. ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਗੁਰੂ ਨਾਨਕ ਸਾਹਿਬ ਦੀ ਅੰਕਿਤ ਬਾਣੀ, ਜੋ 'ਗੁਰੂ ਗ੍ਰੰਥ ਸਾਹਿਬ' ਵਿਚ ਨਹੀਂ ।	45

SikhBookClub.Com

ਭਾਗ ਦੂਜਾ (ਮੂਲ-ਪਾਠ)

ਅਧਿਆਇ	ਸਿਰਲੇਖ	ਪੰਨਾ ਨੰ:
29.	ਸਹੁਰੇ ਨਗਰ ਫੇਰੀ ਤੇ ਅਜਿੱਤਾ ਉਧਾਰ	56
30.	ਕਰਤਾਰਪੁਰ ਵਸਾਉਣਾ, ਬ੍ਰਾਹਮਣ ਦੀ ਰਸੋਈ ਦੀ ਸੁੱਚ	80
31.	ਸਿੱਖ ਰਹੁ-ਰੀਤ ਅਰੰਭ, ਸ਼ਹੁ ਸੁਹਾਗਣ, ਮੂਲਾ ਆਦਿ	104
32.	ਜਲਾਲ ਨੂੰ ਸੁਮੱਤ ਦੇਣੀ ਤੇ ਗੁਰਮੁਖਾਂ ਬਾਰੇ ਅਰਥ ਦੱਸਣੇ	126
33.	ਸ਼ੇਖ਼ ਇਬਰਾਹੀਮ ਫ਼ਰੀਦ ਸਾਨੀ ਨਾਲ ਗੋਸ਼ਟ	142
34.	ਬਗ਼ਦਾਦ ਵਿਖੇ ਦਸਤਗੀਰ ਪੀਰ ਦਾ ਉਧਾਰ	162
35.	ਮਰਦਾਨੇ ਦਾ ਅੰਤ, ਸਿੱਧ ਗੋਸ਼ਟ, ਸੱਜਣ-ਠੱਗ, ਸ਼ਾਹਜ਼ਾਦਾ	180
36.	ਕੰਧਾਰ-ਯਾਰਵਲੀ, ਖੱਤਰੀ, ਸ਼ਾਹ ਸ਼ਰਫ ਤੇ ਮਾਨਚੰਦ	208
37.	ਮੁਲਤਾਨ ਦੇ ਪੀਰਾਂ ਨਾਲ ਗੋਸ਼ਟ, ਸ਼ਮਸ ਤਬਰੇਜ਼ ਦੀ ਕਥਾ	228
38.	ਸ਼ਹੁ-ਸੁਹਾਗਣ ਉਧਾਰ, ਬਾਲ ਗੁੰਦਾਈ, ਮੂਲੇ ਦਾ ਅੰਤ	254
39.	ਕਰਤਾਰਪੁਰ ਨਿਵਾਸ, ਸ਼ਿਵਰਾਤਰੀ ਤੇ ਅੱਚਲ ਵਟਾਲੇ	280
40.	ਸਿੱਧ ਗੋਸ਼ਟ, ਇੱਕ ਸੰਤ ਬਾਲਕ ਤੇ ਮਾਲੋ ਸ਼ੇਖ਼	304
41.	ਉਬਾਰੇਖਾਨ ਤੇ ਅਦ੍ਰਹਖਾਨ ਦਾ ਮਿਲਾਪ	330
42.	ਬੱਚੇ ਦਾ ਪਰਸੰਗ, ਮੂਲਾ ਕੀੜ ਆਦਿ ਸਿੱਖਾਂ ਨੂੰ ਉਪਦੇਸ਼	358
43.	ਮਾਲੋ, ਮਾਂਗੋ, ਕਾਲੂ ਤੇ ਹੋਰ ਸਿੱਖਾਂ ਨੂੰ ਉਪਦੇਸ਼	380
44.	ਸਿੱਖਾਂ ਦੀ ਪਰੇਮ-ਭਾਵਨਾ ਦੇਖੀ ਤੇ ਸਾਧੂ ਦਰਸ਼ਨ ਦਾ ਫਲ	406
45.	ਸੈਦੋ ਘੇਉ ਸਿੱਖ। ਸਿੱਖੀ, ਫਕੀਰੀ ਤੇ ਗ੍ਰਿਹਸਤ	426
46.	ਉਪਦੇਸ਼ ਭਾਈ ਬੁੱਢਾ ਜੀ ਅਤੇ ਬਾਲੇ ਦਾ ਪਰਲੋਕ ਗਮਨ	444
47.	ਸ੍ਰੀ ਪਰਮ-ਪਾਵਨ ਲਹਿਣਾ ਜੀ ਨਾਲ ਮਿਲਾਪ	464
48.	ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ	490
49.	ਬਿਰਛਾਂ ਤੋਂ ਭੋਜਨ ਤੇ ਗੁਰੂ ਜੀ ਦਾ ਤਪ ਕਰਨਾ	510
50.	ਘਾਲ ਅਤੇ ਮਿਹਰ, ਗੁਰਸਿੱਖੀ ਦੀ ਪਰਖ ਕਰਨੀ	530
51.	ਭਾਈ ਲਹਿਣਾ ਜੀ ਨੂੰ ਉਪਦੇਸ਼	554
52.	ਭਾਈ ਲਹਿਣਾ ਜੀ ਨੂੰ ਗੁਰਤਾ, ਜਪੁਜੀ ਦਾ ਮਹਾਤਮ	574
53.	ਸਿੱਖਾਂ ਨੂੰ ਉਪਦੇਸ਼	602
54.	ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੀਆਂ ਤਿਆਰੀਆਂ	622
55.	ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦਾ ਪਰਸੰਗ	648
56.	ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦਾ ਪਰਸੰਗ	666
57.	ਗੁਰੂ ਜੀ ਦਾ ਸੱਚਖੰਡ ਪਰਵੇਸ਼	684
	ਅੰਤਕਾ	
	-ਸੰਪੂਰਨ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਪੁਸਤਕਾਵਲੀ	

SikhBookClub.Com

ਪ੍ਰਸਤਾਵਨਾ

ੳ. ਮੁੱਢਲੀ ਜਾਣਕਾਰੀ

ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦੀ ਜੀਵਨ-ਗਾਥਾ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਕਾਵਿ-ਰਚਨਾ ਨੂੰ ਬ੍ਰਿਜ-ਭਾਸ਼ਾ ਵਿੱਚ ਕਲਮਬੱਧ ਕੀਤਾ ਹੈ। ਇਸ ਦਾ ਪ੍ਰਯੋਜਨ (ਮੰਤਵ), ਕਰਤਾ ਨੇ, ਗੁਰ-ਮਹਿਮਾ ਲਿਖਿਆ ਹੈ:

ਬੀਨ ਬੀਨ ਗੁਰ ਮਹਿਮਾ ਆਛੀ। ਮਾਖਨ ਜਿਉਂ ਲੀਨੀ ਤਜਿ ਛਾਛੀ॥ (*1)

ਮਹਾਂਕਵੀ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਨੂੰ ਮੁੱਖ-ਰੂਪ ਵਿੱਚ ਹੇਠ ਲਿਖੇ ਦੋ ਹਿੱਸਿਆਂ ਵਿੱਚ ਵੰਡਿਆ ਹੈ:

(ੳ) ਪੂਰਬਾਰਧ

(ਅ) ਉਤਰਾਰਧ

ਪੂਰਾਬਰਧ-ਭਾਗ ਵਿੱਚ 73 ਅਧਿਆਇ ਰੱਖੇ ਗਏ ਹਨ; ਪਰ ਅਸੀਂ ਪਾਠਕਾਂ ਦੀ ਸਹੂਲਤ ਲਈ ਇਸ ਨੂੰ ਹੇਠ ਦਿੱਤੇ ਦੋ-ਭਾਗਾਂ ਵਿੱਚ ਵੰਡ ਦਿੱਤਾ ਹੈ:

(ੳ) 1. ਪੂਰਬਾਰਧ: ਪੋਥੀ ਪਹਿਲੀ ਇਸ ਵਿੱਚ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਲੈ ਕੇ 'ਵੇਈਂ ਪ੍ਰਵੇਸ਼' ਤਕ ਦੇ 37 ਅਧਿਆਇ ਹਨ ਅਤੇ ਵੇਈਂ ਨਦੀ ਪ੍ਰਵੇਸ਼, ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਬੜੀ ਵਿਸ਼ੇਸ਼ ਘਟਨਾ ਹੈ।

2. ਪੂਰਬਾਰਧ: ਪੋਥੀ ਦੂਜੀ ਇਸ ਵਿੱਚ 38 ਤੋਂ ਲੈ ਕੇ 73 ਤੱਕ ਕੁੱਲ 35 ਅਧਿਆਇ ਹਨ।ਇਹ ਭਾਗ, 'ਭਾਈ ਲਾਲੋ ਮਿਲਾਪ' ਤੋਂ ਸ਼ੁਰੂ ਹੋ ਕੇ, 'ਸਾਲਸਰਾਇ ਜੌਹਰੀ', 'ਰਾਖ਼ਸ਼ ਤਾਰਨ' ਦੀਆਂ ਸਾਖੀਆਂ 'ਤੇ ਸਮਾਪਤ ਹੁੰਦਾ ਹੈ। ਇਸ ਵਿੱਚ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਹਾਲ ਹੈ।

ਸ੍ਰੀ ਗੁਰ ਨਾਨਕ ਪ੍ਰਕਾਸ਼' ਦਾ ਦੂਜਾ ਮੁੱਖ ਭਾਗ ਉਤਰਾਰਧ ਹੈ, ਜਿਸ ਨੂੰ ਅਸੀਂ ਪਾਠਕਾਂ ਦੀ ਸਹੂਲਤ ਲਈ ਦੋ ਹਿੱਸਿਆਂ ਵਿੱਚ ਵੰਡਿਆ ਹੈ । ਇਸ ਵਿੱਚ ਕੁਲ 57 ਅਧਿਆਇ ਸ਼ਾਮਲ ਹਨ ।

(ਅ) 1. ਉਤਰਾਰਧ: ਪੋਥੀ ਪਹਿਲੀ

ਉਤਰਾਰਧ ਦਾ ਪਹਿਲਾ ਭਾਗ (ਭਾਵ ਉਤਰਾਰਧ ਦੀ ਪਹਿਲੀ ਪੋਥੀ ਅਧਿਆਇ 1 ਤੋਂ 28 ਤਕ) ਗੁਰੂ ਨਾਨਕ ਸਾਹਿਬ ਦੀ, ਪਹਾੜਾਂ ਦੀ ਯਾਤਰਾ 'ਪੁਰਾਣਾਂ' ਮੁਤਾਬਕ, ਨੌਂ-ਖੰਡਾਂ ਦੀ ਸੈਰ ਨਾਲ ਸ਼ੁਰੂ ਹੁੰਦਾ ਹੈ ਅਤੇ ਬਾਬਰ ਦੇ ਹਮਲੇ 'ਤੇ ਸਮਾਪਤ ਹੁੰਦਾ ਹੈ ।

SikhBookClub.Com

2. ਉਤਰਾਰਧ: ਪੋਥੀ ਦੂਜੀ

ਹਥਲੀ ਪੋਥੀ ਉਤਰਾਰਧ ਦੀ ਦੂਜੀ ਪੋਥੀ ਹੈ, ਜਿਸ ਵਿਚ 29ਵੇਂ ਅਧਿਆਇ ਤੋਂ 57ਵੇਂ ਅਧਿਆਇ ਤਕ ਕੁੱਲ 29 ਅਧਿਆਇ ਸ਼ਾਮਲ ਹਨ । ਇਸ ਵਿਚ ਗੁਰੂ ਨਾਨਕ ਸਾਹਿਬ ਦਾ ਕਰਤਾਰਪੁਰ ਵਿਖੇ ਦਾ ਜੀਵਨ ਦਿੱਤਾ ਹੈ ਤੇ ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤ ਸਮਾਉਣ ਨਾਲ ਸਮਾਪਤੀ ਹੁੰਦੀ ਹੈ। ਪਾਠਕਾਂ ਦੀ ਜਾਣਕਾਰੀ ਲਈ, ਇਸ ਤੋਂ ਪਹਿਲੀਆਂ ਪੋਥੀਆਂ ਦੀਆਂ ਪ੍ਰਸਤਾਵਨਾਵਾਂ ਵਿੱਚ ਸ਼ਾਮਲ ਕੀਤੇ ਲੇਖਾਂ (ਵਿਸ਼ਿਆਂ)
ਦਾ ਵਿਸਥਾਰ ਇਸ ਤਰਾਂ ਹੈ:

ਪੂਰਬਾਰਧ, ਪੋਥੀ-ਪਹਿਲੀ ਦੀ ਪ੍ਰਸਤਾਵਨਾ:

'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਪੋਥੀ-ਪਹਿਲੀ ਦੀ ਪ੍ਰਸਤਾਵਨਾ ਵਿੱਚ ਨਿਮਨ-ਲਿਖਤ ਵਿਸ਼ਿਆਂ 'ਤੇ ਨੋਟ ਦਿੱਤੇ ਗਏ ਹਨ:-

(1) ਭਾਈ ਸੰਤੋਖ ਸਿੰਘ ਦਾ ਮੁਢਲਾ ਜੀਵਨ ਅਤੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਗ੍ਰੰਥ ਦੀ ਸਮਾਪਤੀ (1823 ਈ:)
(2)'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਕਲਪਨਾ ਦਾ ਪ੍ਰਯੋਗ
(3) ਭਾਈ ਸੰਤੋਖ ਸਿੰਘ ਦਾ 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ ਭਾਈ ਬਾਲੇ ਵਾਲੀ 'ਜਨਮਸਾਖੀ'
(4) ਕੱਤਕ ਦੀ ਪੂਰਨਮਾਸ਼ੀ 'ਤੇ ਗੁਰੂ ਨਾਨਕ ਸਾਹਿਬ ਦਾ ਜਨਮ
(5) ਗੁਰੂ ਨਾਨਕ ਜੀ ਦੀਆਂ ਪਾਂਧੇ ਅਤੇ ਮੁੱਲਾਂ ਕੋਲ ਪੜ੍ਹਨ ਦੀਆਂ ਸਾਖੀਆਂ
(6) ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਵਿੱਚ ਸਗਾਈ ਅਤੇ ਵਿਆਹ ਦੀਆਂ ਰਸਮਾਂ
(7) ਚੰਦੋਰਾਣੀ ਅਤੇ ਬੇਬੇ ਨਾਨਕੀ ਦਾ ਵਾਰਤਾਲਾਪ
(8) ਗੁਰੂ ਨਾਨਕ ਸਾਹਿਬ ਅਤੇ ਦੌਲਤ ਖਾਂ ਲੋਧੀ
(9) ਹਿੰਦੂ ਦੇਵੀ-ਦੇਵਤੇ ਤੇ ਗੁਰਮਤਿ
(10) ਫੁਟਕਲ: ਇਸਤਰੀ ਜਾਤੀ ਦੀ ਹੀਣਤਾ, ਬਲਦ ਜਾਂ ਸ਼ੇਸ਼ਨਾਗ ਦਾ ਧਰਤੀ ਨੂੰ ਚੁੱਕਣਾ, ਜੰਞੂ ਦੀ ਰਸਮ।

ਪੂਰਬਾਰਧ, ਪੋਥੀ-ਦੂਜੀ ਦੀ ਪ੍ਰਸਤਾਵਨਾ:

'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਪੋਥੀ-ਦੂਜੀ ਦੀ ਪ੍ਰਸਤਾਵਨਾ ਵਿੱਚ ਨਿਮਨ-ਲਿਖਤ ਵਿਸ਼ਿਆਂ 'ਤੇ ਲਿਖਿਆ ਗਿਆ ਹੈ:

(1) ਵੇਈਂ ਪ੍ਰਵੇਸ਼
(2) ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਵਿੱਚ ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦੀ ਰੂਪ-ਰੇਖਾ।
(3) ਭਾਈ ਬਾਲੇ ਦੀ ਜਨਮਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦਾ ਵੇਰਵਾ
(4) 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਗੁਰੂ ਨਾਨਕ ਜੀ ਦੇ ਸਫ਼ਰਾਂ ਦੀ ਵਿਉਂਤਬੰਦੀ
(5) 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਕਰਾਮਾਤਾਂ
(6) ਗੁਰੂ ਨਾਨਕ ਸਾਹਿਬ ਜੀ ਦੀ ਲੰਕਾ-ਫੇਰੀ
(7) ਸਿੱਧ, ਨਾਥ ਅਤੇ ਜੋਗੀ

SikhBookClub.Com

(8) ਬੀਤੇ ਸਮੇਂ ਦੇ ਸਿੱਧ ਗੁਰੂ ਨਾਨਕ ਸਾਹਿਬ ਨੂੰ ਕਿਵੇਂ ਮਿਲੇ?
(9) ਗੁਰੂ ਨਾਨਕ ਜੀ ਦੇ ਮੱਕੇ ਜਾਣ ਦੀ ਸਾਖੀ
(10) ਸਿੱਖ ਗੁਰੂ ਸਾਹਿਬਾਨ ਨੇ ਹਿੰਦੂ-ਮਿਥਿਹਾਸਕ ਹਵਾਲੇ ਕਿਉਂ ਦਿੱਤੇ?
(11) 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਪੁਰਾਣਕ-ਗਾਥਾਵਾਂ ਵਾਲੇ ਅਧਿਆਇ

ਉਤਰਾਰਧ, ਪਹਿਲੀ ਪੋਥੀ ਦੀ ਪ੍ਰਸਤਾਵਨਾ:

'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਇਸ ਪੋਥੀ ਦੀ ਪ੍ਰਸਤਾਵਨਾ ਵਿੱਚ ਨਿਮਨ-ਲਿਖਤ ਵਿਸ਼ਿਆਂ 'ਤੇ ਲਿਖਿਆ ਗਿਆ ਹੈ:

(1) ਮੁੱਢਲੀ ਜਾਣਕਾਰੀ
(2) ਗੁਰਬਾਣੀ ਵਿੱਚ ਨੌਂ-ਖੰਡ
(3) ਪੁਰਾਣਕ ਨੌਂ-ਖੰਡ
(4) ਨੌਂ-ਖੰਡਾਂ ਦੇ ਸਫ਼ਰ
(5) ਨੌਂ-ਖੰਡਾਂ ਦੀ ਪਛਾਣ
(6) ਸਫ਼ਰਾਂ ਦੀ ਇਤਿਹਾਸਕਤਾ
(7) ਸ੍ਰਿਸ਼ਟੀ ਦੀ ਰਚਨਾ
(8) ਸਾਖੀ ਪੰਜਾ ਸਾਹਿਬ
(9) ਏਮਨਾਬਾਦ ਦੀ ਬਰਬਾਦੀ
(10) 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਮਿਥਿਹਾਸਕ ਰੂਪਕ ਤੇ ਅਲੰਕਾਰ
(11) ਮਿਥਿਹਾਸ 'ਤੇ ਅਧਾਰਿਤ ਅਧਿਆਇ

ਉਤਰਾਰਧ ਪੋਥੀ ਦੂਜੀ, ਹੱਥਲੀ ਪੋਥੀ ਹੈ । ਇਸ ਦੀ ਪ੍ਰਸਤਾਵਨਾ ਵਿਚ ਦਿੱਤੇ ਵਿਸ਼ਿਆਂ ਦਾ ਵਿਸਥਾਰ ਇਸ ਪੁਸਤਕ ਦੀ ਵਿਸ਼ੇ ਸੂਚੀ ਵਿਚ ਦਿੱਤਾ ਗਿਆ ਹੈ ।

ਅ. ਪਰਿਵਾਰ ਨੂੰ ਮਿਲਣਾ

ਕੁਦਰਤੀ ਅਸੂਲ ਅਟੱਲ ਹਨ, ਉਨ੍ਹਾਂ ਨੂੰ ਕਿਸੇ ਇਤਿਹਾਸਕ-ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਉਹ ਭੂਤਕਾਲ ਵਿੱਚ ਵੀ ਸੱਚ ਸਨ, ਵਰਤਮਾਨ ਵਿੱਚ ਵੀ ਸੱਚ ਹਨ ਤੇ ਭਵਿੱਖ ਵਿੱਚ ਵੀ ਸੱਚੇ ਹੋਣਗੇ। ਭਾਈ ਸੰਤੋਖ ਸਿੰਘ ਵਾਰਤਾਲਾਪ ਲਿਖਣ ਵਿੱਚ ਬਹੁਤ ਨਿਪੁੰਨ ਸਨ, ਕੋਈ ਵੀ ਵਿਸ਼ਾ ਹੋਵੇ, ਉਨ੍ਹਾਂ ਦੀ ਗੱਲਬਾਤ ਕੁਦਰਤੀ ਅਸੂਲਾਂ 'ਤੇ ਨਿਰਧਾਰਤ, ਸਰਲ, ਸੁਚੱਜੀ ਅਤੇ ਭਾਵਪੂਰਤ ਹੁੰਦੀ ਹੈ। ਵਾਤਾਵਰਣ ਦਾ ਵਿਸਥਾਰ ਭਾਈ ਸੰਤੋਖ ਸਿੰਘ ਇਸ ਤਰਾਂ ਸਿਰਜਦੇ ਹਨ ਕਿ ਪੜ੍ਹਨ ਵਾਲਾ ਅਨੁਭਵ ਕਰਦਾ ਹੈ ਜਿਵੇਂ ਉਹ, ਉਨ੍ਹਾਂ ਕੋਲ ਬੈਠਾ ਗੱਲਬਾਤ ਸੁਣ ਰਿਹਾ ਹੋਵੇ। 29 ਵੇਂ ਅਧਿਆਇ ਵਿੱਚ ਗੁਰੂ ਨਾਨਕ ਸਾਹਿਬ ਜਦੋਂ 'ਪੱਖੋਕੇ ਰੰਧਾਵੇ' ਜਾਂਦੇ ਹਨ ਤਾਂ ਉਨ੍ਹਾਂ ਦੇ ਸੱਸ-ਸਹੁਰਾ ਬੜੇ ਖਰ੍ਹਵੇ ਬੋਲ ਬੋਲਦੇ ਹਨ। ਗੁਰੂ ਸਾਹਿਬ ਕੋਈ ਉਤਰ ਨਹੀਂ ਦਿੰਦੇ। ਪਰ ਉਨ੍ਹਾਂ ਦੀ ਵਾਰਤਾਲਾਪ ਮਾਤਾ ਸੁਲੱਖਣੀ ਨਾਲ ਬਹੁਤ ਭਾਵਪੂਰਤ ਹੈ। ਮਾਤਾ ਸੁਲੱਖਣੀ ਜੀ ਵਾਰਤਾਲਾਪ ਕਰਦੇ ਭਾਵੁਕ ਹੋ ਜਾਂਦੇ ਹਨ ਤੇ ਰੋਣ ਲੱਗ ਪੈਂਦੇ ਹਨ। ਉਹ ਗੁਰੂ ਸਾਹਿਬ ਨੂੰ

SikhBookClub.Com

ਦੱਸਦੇ ਹਨ ਕਿ ਮੇਰੇ ਨਨਾਣ, ਬੇਬੇ ਨਾਨਕੀ ਜੀ ਜਿੰਨਾ ਚਿਰ ਜਿਉਂਦੇ ਰਹੇ, ਸਾਡਾ ਬੇਟਾ ਸ੍ਰੀ ਚੰਦ ਉਨ੍ਹਾਂ ਦੇ ਘਰ ਹੀ ਖਾਂਦਾ-ਪਹਿਨਦਾ ਸੀ। ਮੈਨੂੰ ਕੋਈ ਚਿੰਤਾ ਨਹੀਂ ਸੀ। ਪਰ ਜਦ ਦੇ ਉਹ ਪਰਲੋਕ ਸਿਧਾਰ ਗਏ ਹਨ, ਮੇਰੇ 'ਤੇ ਸਭ ਪਾਸਿਓਂ ਮੁਸੀਬਤਾਂ ਹੀ ਆਣ ਪਈਆਂ ਹਨ। ਮੇਰਾ ਜੀਵਨ ਬਹੁਤ ਦੁਖੀ ਹੋ ਗਿਆ ਹੈ।

ਦਸ ਦਿਸ ਤੇ ਮੁਝ ਬਨਜੋ ਕੁਢੇਰਾ । ਕਿਸ ਪ੍ਰਕਾਰ ਹੈ ਜੀਵਨ ਮੇਰਾ?'।
ਅਸ ਕਹਿ ਆਂਖਨ ਆਂਸੂ ਗੇਰਤ । ਊਚ ਸ੍ਵਾਸ ਲੈ ਧਰਨੀ ਹੇਰਤ ॥੮੩॥ (*1)

ਸੁਲੱਖਣੀ ਦੀ ਗੱਲਬਾਤ ਸੁਣ ਕੇ ਗੁਰੂ ਨਾਨਕ ਜੀ ਦਾ ਕੋਮਲ ਹਿਰਦਾ ਪਸੀਜ ਗਿਆ ਤੇ ਆਪ ਨੇ ਇਸ ਤਰਾਂ ਫ਼ਰਮਾਇਆ ਕਿ ਜੇ ਤੁਹਾਨੂੰ ਦੁੱਖ-ਸੁੱਖ ਪਰਵਾਨ ਹੋਵੇ ਤਾਂ ਸਮਝ ਲਵੋ ਕਿ ਕਈ ਵਾਰ ਭੁੱਖੇ ਵੀ ਰਹਿਣਾ ਪਵੇਗਾ। ਜੋ ਸਾਡਾ ਹਾਲ ਹੋਵੇਗਾ, ਉਹ ਤੁਹਾਡਾ ਵੀ ਹੋਵੇਗਾ। ਤੁਹਾਨੂੰ ਬਹੁਤ ਹਠ ਕਰਨਾ ਪਵੇਗਾ। ਜੇ ਇਹੋ-ਜਿਹਾ ਜੀਵਨ ਮਨਜ਼ੂਰ ਹੈ ਤਾਂ ਸਾਡੇ ਨਾਲ ਰਹਿ ਸਕਦੇ ਹੋ। ਇਸ ਵਾਰਤਾਲਾਪ ਨੂੰ ਭਾਈ ਸੰਤੋਖ ਸਿੰਘ ਨੇ ਇਸ ਤਰਾਂ ਲਿਖਿਆ ਹੈ:

ਸ੍ਰੀ ਨਾਨਕ ਪਿਖ ਸੁਨ ਕੈ ਬਾਨੀ। ਰਿਦੈ ਬਿਖੈ ਕਰੁਨਾ ਬਹੁ ਠਾਨੀ।
ਕਹਤ ਭਏ 'ਸੁਨ ਚੋਣੀ! ਕਾਨਾ। ਦੁਖ ਪੁਨ ਭੂਖ ਜਿ ਕਰਹੁ ਪ੍ਰਵਾਨਾ॥ ੮੪॥ (*2)

ਮਾਤਾ ਸੁਲੱਖਣੀ ਇੱਕ ਆਦਰਸ਼ਕ ਭਾਰਤੀ-ਇਸਤਰੀ ਸਨ। ਉਨ੍ਹਾਂ ਉੱਤਰ ਦਿੱਤਾ ਕਿ ਮੈਂ ਗਹਿਣੇ ਆਦਿ ਨਹੀਂ ਮੰਗਦੀ। ਮੈਂ ਦਿਲੋਂ ਇਹ ਚਾਹੁੰਦੀ ਹਾਂ ਕਿ ਦੁੱਖ-ਭੁੱਖ ਸਹਿ ਕੇ ਵੀ ਮੈਂ ਸਦਾ ਤੁਹਾਡੇ ਕੋਲ ਰਹਾਂ:

...ਭਨੈ ਸੁਲਖਨੀ 'ਸੁਨ ਬਚ ਮੋਰੇ। ਨਹਿੰ ਭੂਖਨ ਜਾਚੋਂ ਢਿਗ ਤੋਰੇ॥ ੮੫॥
ਰਿਦੇ ਬਿਖੈ ਚਾਹੋਂ ਨਿਤ ਐਸੇ। ਤੁਮ ਜਿਉਂ ਹਾਲ ਹੋਇ ਮਮ ਤੈਸੇ।
ਦੁਖ ਭੂਖ ਸਹਿ ਕੈ ਅਪਨ ਸਰੀਰਾ। ਰਹੋਂ ਸਦੀਵ ਤੁਮਾਰੇ ਤੀਰਾ' ॥ ੮੬॥ (*3)

ਮਾਤਾ ਸੁਲੱਖਣੀ ਦੇ ਮੁੰਹੋਂ ਇਹ ਸ਼ਬਦ ਸੁਣ ਕੇ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਜੇ ਤੁਹਾਡੇ ਮਨ ਵਿੱਚ ਇਹ ਇੱਛਾ ਹੈ ਤਾਂ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਆ ਜਾਓ। ਜੇਕਰ ਇਹ ਹੀ ਤੁਹਾਡੀ ਸ਼ਰਧਾ ਹੈ ਤਾਂ ਕਰਤਾਰ ਭਲੀ ਕਰੇਗਾ।

ਪ੍ਰਭੂ ਬੋਲੇ 'ਜੇ ਅਸ ਮਨ ਤੇਰੇ। ਆਨਹੁ ਸੁਤ ਅਬ ਕਰਹੁ ਨ ਦੇਰੇ।
ਸਭ ਕਰਤਾਰ ਕਰਹਿਗੋ ਨੀਕੀ। ਜੇ ਸਰਧਾ ਐਸੀ ਦਿਢ ਜੀ ਕੀ' ॥ ੮੭॥

ਇਹ ਗੱਲ ਸੁਣ ਕੇ ਸੁਲੱਖਣੀ ਛੇਤੀ ਨਾਲ ਘਰ ਨੂੰ ਚਲੀ ਗਈ ਤੇ ਖੁਸ਼ੀ-ਖੁਸ਼ੀ ਪੁੱਤਰਾਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਸ਼ਰਨ ਵਿੱਚ, ਵਾਪਸ ਆ ਗਈ:

ਸਿਰੀਚੰਦ ਕੋ ਸੰਗ ਲੇ ਦੂਸਰ ਲਖਮੀ ਦਾਸ।
ਆਇ ਸੁਲਖਨੀ ਬੈਠਗੀ ਪਾਇ ਹਰਖ ਸੁਖਰਾਸ ॥ ੯੦॥

ਜਿੱਥੇ ਗੁਰੂ ਨਾਨਕ ਸਾਹਿਬ ਬੈਠੇ ਸਨ, ਉਨ੍ਹਾਂ ਦੇ ਪੁੱਤਰ ਵੀ ਚਰਨ-ਬੰਦਨਾ ਕਰਕੇ ਉੱਥੇ ਬੈਠ ਗਏ। ਉਨ੍ਹਾਂ ਦੀ ਸਾਰੀ ਚਿੰਤਾ ਦੂਰ ਹੋ ਗਈ। ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਅਜਿੱਤਾ-ਰੰਧਾਵਾ ਸਾਰੇ ਪਰਿਵਾਰ ਦੀ ਸੇਵਾ-ਸੰਭਾਲ ਕਰਦਾ ਰਿਹਾ। (*4)

SikhBookClub.Com

ੲ. ਕਰਤਾਰਪੁਰ ਵਸਾਉਣਾ

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਕੁਝ ਸਮਾਂ 'ਪੱਖੋਕੇ ਰੰਧਾਵੇ' ਰਹਿ ਕੇ 'ਰਾਵੀ' ਦਰਿਆ ਵੱਲ ਚੱਲ ਪਏ ਤੇ ਇੱਕ ਰਮਣੀਕ ਥਾਂ 'ਤੇ ਡੇਰਾ ਲਾ ਲਿਆ:

ਸੁੰਦਰ ਤੀਰ ਦੇਖਿ ਇਕ ਥਾਈਂ। ਬੈਠਿ ਗਏ ਤਹਿਂ ਸ੍ਰੀ ਜਗ ਸਾਂਈਂ ॥੧੧॥

ਗੁਰੂ ਨਾਨਕ ਸਾਹਿਬ ਕੋਲ ਬਹੁਤ ਸਾਰੇ ਸਿੱਖ ਆਉਣੇ ਅਰੰਭ ਹੋ ਗਏ ਤੇ ਹਰ ਸਮੇਂ ਭੀੜ ਲੱਗੀ ਰਹਿੰਦੀ ਸੀ:

ਲੇ ਉਪਦੇਸ਼ ਸਿਖ ਬਹੁ ਹੋਵਹਿਂ । ਸੇਵਹਿਂ ਸਗਰੇ ਦੇਖਨ ਖੋਵਹਿਂ।
ਇਕ ਤੇ ਜਸ ਦੂਸਰ ਸੁਨ ਕਾਨਾਂ । ਆਵਹਿ ਦਰਸ਼ਨ ਹਿਤ ਤਿਹਂ ਥਾਨਾ। ॥੧੩॥ (*5)

ਪਠਾਣਾਂ ਦੇ ਰਾਜ ਵਿੱਚ ਸਿਕਦਾਰ ਅਤੇ ਮੁਗਲਾਂ ਦੇ ਰਾਜ ਵਿੱਚ ਆਮਿਲ(*6), ਮਾਮਲਾ ਉਗਰਾਹੁਣ ਵਾਲੇ ਵੱਡੇ ਅਫਸਰ ਜਾਣੇ ਜਾਂਦੇ ਸਨ। ਇਨ੍ਹਾਂ ਦੇ ਅਧੀਨ ਇੱਕ ਮਿਥਿਆ ਹੋਇਆ ਇਲਾਕਾ ਹੁੰਦਾ ਸੀ, ਜਿਸ ਵਿੱਚੋਂ ਫਸਲ ਪੱਕਣ 'ਤੇ ਸਰਕਾਰੀ ਮਾਮਲਾ ਉਗਰਾਹੁਣ ਦੀ ਇਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਸੀ। ਇਨ੍ਹਾਂ ਨਾਲ ਹੋਰ ਬਹੁਤ ਸਾਰਾ ਸਰਕਾਰੀ ਅਮਲਾ ਹੁੰਦਾ ਸੀ । ਆਮਿਲ ਤੇ ਸਿਕਦਾਰ ਨੂੰ ਕਰੋੜੀਆ ਵੀ ਕਿਹਾ ਜਾਂਦਾ ਸੀ ਕਿਉਂਕਿ ਇਨ੍ਹਾਂ ਦਾ ਇੱਕ ਕਰੋੜ ਦਾਮ ਉਗਰਾਹੁਣ ਦਾ ਜ਼ੁੰਮਾ ਹੁੰਦਾ ਸੀ। ਉਦੋਂ ਇੱਕ ਰੁਪਏ ਦੇ 40 ਦਾਮ ਹੁੰਦੇ ਸਨ, ਇਸ ਤਰਾਂ ਇੱਕ ਕਰੋੜ ਦਾ ਢਾਈ ਲੱਖ ਰੁਪਿਆ ਬਣਦਾ ਸੀ ।

ਜਦੋਂ ਇਲਾਕੇ ਦੇ ਆਮਿਲ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕਿਨਾਰੇ ਇੱਕ ਸੁਹਾਵਣਾ ਥਾਂ (ਕਰਤਾਰਪੁਰ ਵਾਲੀ ਥਾਂ) ਵੇਖ ਕੇ ਡੇਰਾ ਲਾ ਲਿਆ ਹੈ ਤਾਂ ਉਸ ਨੂੰ ਬਹੁਤ ਹੈਰਾਨੀ ਹੋਈ ਕਿ ਉਸ ਦੀ ਆਗਿਆ ਤੋਂ ਬਗੈਰ ਇਨ੍ਹਾਂ ਨੇ ਕਿਵੇਂ ਜਗ੍ਹਾ ਮੱਲ ਲਈ? ਪਹਿਲੇ ਦਿਨ ਜਦ ਉਹ ਆਮਿਲ ਘੋੜੇ 'ਤੇ ਚੜ੍ਹ ਕੇ ਗੁਰੂ ਜੀ ਨੂੰ ਉਠਾਉਣ ਲਈ ਤੁਰਨ ਲੱਗਾ ਤਾਂ ਉਸ ਦਾ ਘੋੜਾ ਬਿਦਕ (ਭੂਤਰ) ਗਿਆ। ਦੁਬਾਰਾ ਇੱਕ ਦਿਨ ਫੇਰ ਉਹ ਘੋੜੇ ਉੱਤੇ ਸਵਾਰ ਹੋ ਕੇ ਤੁਰਿਆ ਤਾਂ ਉਸ ਦੀ ਅੱਖ ਵਿੱਚ ਕੁਝ ਪੈ ਗਿਆ।

ਲੋਕਾਂ ਨੇ ਆਮਿਲ ਨੂੰ ਕਿਹਾ ਕਿ ਜਿਸ ਫ਼ਕੀਰ ਨੂੰ ਤੂੰ ਉਠਾਉਣਾ ਚਾਹੁੰਦਾ ਹੈਂ, ਉਹ ਬਹੁਤ ਕਰਨੀ ਵਾਲਾ ਹੈ; ਤੈਨੂੰ ਉਸ ਕੋਲ ਜਾ ਕੇ ਮੁਆਫ਼ੀ ਮੰਗਣੀ ਚਾਹੀਦੀ ਹੈ। ਕੁਝ ਸਮੇਂ ਬਾਅਦ ਉਸ ਆਮਿਲ ਨੂੰ ਇਸ ਗੱਲ ਦੀ ਸੋਝੀ ਹੋ ਗਈ ਤੇ ਉਹ ਗੁਰੂ ਨਾਨਕ ਜੀ ਦੇ ਦਰਸ਼ਨਾਂ ਲਈ ਆਇਆ। ਫੇਰ ਉਹ ਗੁਰੂ ਜੀ ਪ੍ਰਤੀ ਬਹੁਤ ਸ਼ਰਧਾਵਾਨ ਬਣ ਗਿਆ। ਕਰੋੜੀਏ ਦੀ ਸਾਖੀ, ਸਾਰੀਆਂ ਜਨਮਸਾਖੀਆਂ ਵਿੱਚ ਮਿਲਦੀ ਹੈ। ਕਈ ਥਾਂਵਾਂ 'ਤੇ ਇਸ ਦਾ ਨਾਂ ਕਰੋੜੀ ਮੱਲ ਵੀ ਲਿਖਿਆ ਹੈ। ਗੁਰੂ ਸਾਹਿਬ ਅੱਗੇ ਨਵਾਂ ਪਿੰਡ ਵਸਾਉਣ ਲੱਗਿਆਂ ਇਹੋ-ਜਿਹੀਆਂ ਮੁਸ਼ਕਲਾਂ ਆਉਣੀਆਂ ਸੁਭਾਵਕ ਸਨ।

ਲਾਹੌਰ ਵਿੱਚ ਦੁਨੀਚੰਦ ਨਾਮ ਦਾ ਗੁਰੂ ਜੀ ਦਾ ਇੱਕ ਹੋਰ ਸਿੱਖ, 'ਕਰੋੜੀਆ' ਰਹਿੰਦਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਨੇ ਲਾਹੌਰ ਦੇ ਇਲਾਕੇ ਕਰਤਾਰਪੁਰ ਵਿਖੇ ਡੇਰਾ ਲਾਇਆ ਹੈ ਤਾਂ ਉਸ ਨੇ ਆ ਕੇ ਗੁਰੂ ਜੀ ਦੇ ਲਈ ਧਰਮਸ਼ਾਲਾ ਤਿਆਰ ਕਰਵਾਈ ਤੇ ਗੁਰੂ ਜੀ

SikhBookClub.Com

ਦੇ ਨਿਵਾਸ ਵਾਸਤੇ ਮਕਾਨ ਬਣਾਇਆ। ਇਸ ਤਰਾਂ ਕਰਤਾਰਪੁਰ ਅਬਾਦ ਹੋਣਾ ਸ਼ੁਰੂ ਹੋ ਗਿਆ ਤੇ ਗੁਰੂ ਜੀ ਦੇ ਕੋਲ ਸਿੱਖਾਂ ਦੀ ਆਵਾਜਾਈ ਸ਼ੁਰੂ ਹੋ ਗਈ। ਹਿੰਦੂ ਅਤੇ ਮੁਸਲਮਾਨ ਵੀ ਗੁਰੂ ਜੀ ਕੋਲ ਸ਼ਰਧਾ ਸਹਿਤ ਆਉਣ ਲੱਗ ਪਏ। ਭਾਈ ਸੰਤੋਖ ਸਿੰਘ ਲਿਖਦੇ ਹਨ:

ਗ੍ਰਾਮ ਨਗਰ ਤਹਿਂ ਨਿਕਟ ਜੁ ਅਹਿਹੀਂ। ਮਿਲਹਿਂ ਪਰਸਪਰ ਉਸਤਤਿ ਕਹਿਹੀਂ।
'ਪੂਰਨ ਪੁਰਖ ਬਡਾ ਇਹ ਸਾਧੂ। ਜਿਸ ਦਰਸ਼ਨ ਨਾਸਹਿਂ ਅਪਰਾਧੂ॥ ੧੪॥
ਕਲਾਵਾਨ ਗੁਨਵਾਨ ਮਹਾਨਾ। ਹੋਵਤ ਸਾਚ ਜੁ ਕਰਹਿ ਬਖਾਨਾ।
ਨਿਤ ਸਾਹਿਬ ਮੈਂ ਜਿਸਕੀ ਪ੍ਰੀਤਾ। ਸ਼ਾਂਤਿ ਰੂਪ ਨਹਿਂ ਡੋਲੈ ਚੀਤਾ॥ ੧੫॥
ਇਹ ਦਰਵੇਸ਼ ਖ਼ੁਦਾਇ ਪਯਾਰਾ। ਕਿਧੌਂ ਖ਼ੁਦਾਇ ਆਪ ਤਨ ਧਾਰਾ'।
ਬਹੁ ਨਰ ਆਨ ਬੂਝਨਾ ਕਰਹੀਂ। ਤੂਰਨ ਸਭ ਕੋ ਪ੍ਰਸ਼ਨ ਉਚਰਹੀਂ॥ ੧੬॥
ਸੰਨਜਾਸੀ, ਬ੍ਰਹਮਚਾਰੀ, ਗ੍ਰਹਸਤੀ। ਤਪੀ, ਬੈਰਾਗੀ, ਬਾਨ ਜਿ ਪ੍ਰਸਤੀ।
ਜੋਗੀ, ਬਹੁਰ ਬੈਸ਼ਨੋ ਜੋਊ। ਹਿੰਦੂ, ਮੁਸਲਮਾਨ ਸਭ ਕੋਊ॥ ੧੭॥
ਆਇ ਜਿ ਸੰਸੈ ਕੋਊ ਕਰਹੀ। ਤਤਛਿਨ ਉੱਤਰ ਪ੍ਰਭੂ ਉਚਰਹੀਂ।
ਸੁਨਿ ਸੁਨਿ, ਸਰਧਾ ਉਰ ਮਹਿਂ ਧਰਹੀਂ। ਸਬਦ ਲਿਖਹਿਂ ਪੁਨ ਬਹੁਰ ਬਿਚਰਹੀਂ॥ ੧੮॥ (*7)

ਖੇਤੀ ਕਰਨ ਵਾਲੇ ਜ਼ਿਮੀਂਦਾਰ ਫ਼ਸਲਾਂ ਬੀਜਣ ਲੱਗ ਪਏ। ਜਦ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਤਾਂ ਗੁਰੂ ਜੀ ਅੱਗੇ ਲੰਗਰ ਲਈ ਭੇਟ ਕਰਦੇ ਸਨ। ਕੋਈ ਵੀ ਬੰਦਾ ਭੁੱਖਾ ਨਾ ਰਹਿੰਦਾ, ਉਸ ਅਨਾਜ ਨਾਲ ਸਦਾ ਲੰਗਰ ਵਰਤਦਾ ਰਹਿੰਦਾ।

ਬੋਵਹਿਂ ਬਹੁਤ ਅੰਨ ਕ੍ਰਿਸ਼ਿਕਾਰੀ। ਪਾਕੇ ਤੇ ਜਬ ਹੋਇ ਤਯਾਰੀ।
ਆਨਹਿਂ ਸਤਿਗੁਰ ਕੇਰ ਅਗਾਰੀ। ਦੇਗ ਚਲਾਵਹਿਂ ਤਿਹਠਾਂ ਭਾਰੀ॥ ੬੩॥ (*8)

ਸ. ਬਾਬਾ ਬੁੱਢਾ ਜੀ

ਬਾਬਾ ਬੁੱਢਾ ਜੀ, ਬਹੁਤ ਪ੍ਰਸਿੱਧ ਸਿੱਖਾਂ ਵਿੱਚੋਂ ਹਨ। ਇਨ੍ਹਾਂ ਦਾ ਅਸਲ-ਨਾਂ 'ਬੂੜਾ' ਸੀ। ਇਹ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਿੰਘ ਜੀ ਤਕ ਸਭ ਗੁਰੂਆਂ ਨੂੰ ਗੁਰਗੱਦੀ ਸਮੇਂ ਤਿਲਕ ਲਾਉਂਦੇ ਰਹੇ। ਸ੍ਰੀ ਗੁਰੂ ਅਰਜਨ ਸਾਹਿਬ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ 'ਤੇ ਇਹ ਪਹਿਲੇ ਗ੍ਰੰਥੀ ਥਾਪੇ ਗਏ। (*9)

ਬਾਬਾ ਬੁੱਢਾ ਜੀ, ਸੁੱਘੇ-ਰੰਧਾਵੇ ਦੇ ਘਰ 1506 ਈਸਵੀ ਨੂੰ ਪਿੰਡ ਕੱਥੂਨੰਗਲ, ਮੌਜੂਦਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਜਨਮੇ। ਆਪ ਦਾ ਨਾਂ ਬੂੜਾ ਰੱਖਿਆ ਗਿਆ। ਛੋਟੀ ਉਮਰ ਵਿੱਚ ਹੀ ਗੁਰੂ ਨਾਨਕ ਸਾਹਿਬ ਨੂੰ ਮਿਲੇ ਤੇ ਸਿੱਖੀ ਧਾਰਨ ਕਰ ਲਈ। ਆਪ ਦਾ ਦਿਹਾਂਤ 1631 ਈਸਵੀ ਵਿੱਚ ਗੁਰੂ ਹਰਿਗੋਬਿੰਦ ਦੇ ਸਮੇਂ ਹੋਇਆ ਤੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਸਸਕਾਰ ਵਾਲੀ ਥਾਂ 'ਤੇ ਗੁਰਦੁਆਰਾ ਬਣਿਆ ਹੋਇਆ ਹੈ। (*10) ਸਿੱਖਾਂ ਦੀ ਭਗਤਮਾਲਾ ਵਿੱਚ 'ਬਾਬਾ ਬੁੱਢਾ ਜੀ' ਦਾ ਹਾਲ ਇਸ ਤਰਾਂ ਅੰਕਿਤ ਹੈ:

SikhBookClub.Com

"ਤਾਂ ਇੱਕ ਦਿਨ ਬਨ ਬਿਖੇ ਭਾਈ ਬੂੜਾ ਗਊਆਂ ਚਰਾਂਵਦਾ ਸੀ। ਸਾਹਿਬ ਦਾ ਦੀਦਾਰੁ ਆਣਿ ਕੀਤੋਸੁ ਤੇ ਦੁਧ ਅਗੇ ਆਣਿ ਰਖਿਓਸੁ ਤੇ ਅਰਦਾਸ ਆਣ ਕੀਤੀ: ਗਰੀਬ ਨਵਾਜ! ਤੇਰਾ ਦਰਸਨੁ ਕੀਤਾ ਹੈ, ਮੇਰਾ ਜਨਮੁ ਮਰਨੁ ਕਟੀਐ ਜੀ! ਤਾਂ ਬਚਨੁ ਹੋਇਆ ਤੂੰ ਤਾਂ ਅਜੇ ਬਾਲਕੁ ਹੈਂ, ਤੈਨੂੰ ਏਹੁ ਬੁਧ ਕਿੱਥੋਂ ਪ੍ਰਾਪਤ ਹੋਈ ਹੈ? ਤਾਂ ਓਸ ਆਖਿਆ: ਜੀ ਸਾਡੇ ਪਿੰਡ ਵਿੱਚ ਮੁਗ਼ਲ ਆਨ ਉਤਰੇ ਸਨ, ਨਾਲੇ ਓਨਾਂ ਕਚੀਆਂ ਖੇਤੀਆਂ ਵਢ ਲਈਆਂ ਨਾਲੇ ਪੱਕੀਆਂ ਨਾਲੇ ਡਡੂਰੀਆਂ। ਤਾਂ ਮੇਰੇ ਮਨ ਵਿੱਚ ਆਈ ਜੋ ਏਨਾਂ ਡਾਢਿਆਂ ਦਾ ਹਥੁ ਕਿਸੇ ਨਹੀਂ ਫੜਿਆ ਤਾਂ ਜਮਾਂ ਦਾ ਹਥੁ ਕਿਸ ਫੜਨਾ ਹੈ! ਤਾਂ ਬਚਨੁ ਹੋਇਆ: ਤੂੰ ਤਾਂ ਬਾਲਕੁ ਨਹੀਂ, ਤੇਰੀ ਤਾਂ ਬੁਢਿਆਂ ਕੀ ਜੈਸੀ ਮਤਿ ਹੈ, ਤੂੰ ਤਾਂ ਬੁਢਾ ਹੈਂ। ਤੂੰ ਇਕ ਮਨ ਹੋਇਕੇ ਵਾਹਿਗੁਰੂ ਕਾ ਨਾਮੁ ਧਿਆਵੇਂਗਾ ਤਾਂ ਤੇਰਾ ਕਲਿਆਣੁ ਹੋਵੈਗਾ। ਤਾਂ ਓਸ ਕਹਿਆ: ਜੀ ਬਾਣੀ ਕੋਈ ਡਾਢੀ ਜਪਦੇ ਹੈਨਿ, ਕੋਈ ਹੌਲੀ ਜਪਦੇ ਹੈਨਿ, ਮੈਂ ਕਿਸ ਤਰਾਂ ਜਪਾਂ? ਤਾਂ ਬਚਨੁ ਹੋਇਆ: ਚਾਰ ਪ੍ਰਕਾਰ ਕੀਆਂ ਬਾਣੀਆਂ ਹੈਨਿ:- ਇਕੁ ਪਰਾ ਬਾਣੀ ਹੈ, ਜੋ ਪਰਾ ਦੁਆਰੇ ਨਾਭਿ ਦੇ ਬਿਖੇ ਧਿਆਨੁ ਧਰਤੇ ਹੈਨਿ। ਪਸੰਤੀ ਬਾਣੀ ਦੁਆਰਾ ਰਿਦੇ ਬੀਚ ਧਿਆਨੁ ਧਰਤੇ ਹੈਂ। ਇਕ ਮਧਮਾ ਬਾਣੀ ਹੈ ਜਿਸ ਦੁਆਰੇ ਸੁਵਾਸਾਂ ਕਰਕੇ ਜਪਤੇ ਹੈਨ। ਇਕ ਬੈਖਰੀ ਬਾਣੀ ਦੁਆਰਾ ਬਾਹਰ ਪ੍ਰਗਟ ਪੜਤੇ ਹੈਨਿ, ਪਰ ਪਰੋਜਨ ਮਨ ਕੇ ਇਕਾਗਰ ਹੀ ਕਾ ਹੈ। ਜੈਸੇ ਘੀਉ ਸਭ ਬਿੰਜਨ ਮੈਂ ਮਿਲਿਆ ਹੂਆ ਸਨਿਗਧ ਕਰਤਾ ਹੈ, ਤੈਸਾ ਨਾਮੁ ਇਕਾਗਰ ਮਨ ਜਪਿਆ ਕਲਿਆਣੁ ਕਰਦਾ ਹੈ। ਪਰੁ ਤੂੰ ਪਰਾ ਬਾਣੀ ਦੁਆਰੇ ਨਾਮੁ ਜਪੁ ਤੇ ਸੰਤਾਂ ਦੀ ਸੇਵਾ ਕਰੁ। ਇਸ ਮੈਂ ਤੇਰੀ ਆਰਜਾ ਭੀ ਵਧੈਗੀ, ਅਰ ਤੇਰਾ ਕਲਿਆਣੁ ਭੀ ਹੋਵੈਗਾ"।(*11)

'ਗਲਾਸਰੀ ਆਫ ਦੀ ਪੰਜਾਬ ਕਾਸਟਜ਼ ਐਂਡ ਟਰਾਈਬਜ਼', ਏ. ਐੱਚ. ਰੋਜ਼, ਜਿਲਦ ਤੀਜੀ ਵਿੱਚ ਰੰਧਾਵਾ ਗੋਤ ਦੇ ਵਿਸਥਾਰ ਥੱਲੇ ਇਸ ਵਾਰਤਾ ਨੂੰ ਹੋਰ ਤਰਾਂ ਲਿਖਿਆ ਹੈ। ਉੱਥੇ ਦੱਸਿਆ ਹੈ ਕਿ ਜਦੋਂ ਬੂੜਾ ਬਾਲਕ, ਗੁਰੂ ਨਾਨਕ ਸਾਹਿਬ ਕੋਲ ਆਇਆ ਤਾਂ ਉਸ ਦਾ ਮਾਲ-ਡੰਗਰ ਕਿਸੇ ਹੋਰ ਪੈਲੀ ਵਿੱਚ ਵੜ ਗਿਆ ਤੇ ਉਸ ਖੇਤ ਦਾ ਮਾਲਕ ਬੂੜੇ ਨੂੰ ਲੱਭਦਾ-ਲੱਭਦਾ ਗੁਰੂ ਨਾਨਕ ਕੋਲ ਪੁੱਜ ਗਿਆ। ਉਸ ਪੁੱਛਿਆ, ਬੂੜਾ ਬਾਲਕ ਵਾਗੀ ਇੱਥੇ ਆਇਆ ਹੈ ਕਿ ਨਹੀਂ? ਉੱਤਰ ਵਿੱਚ ਗੁਰੂ ਜੀ ਨੇ ਕਿਹਾ ਕਿ ਇੱਥੇ ਤਾਂ ਇੱਕ ਬੁੱਢਾ ਹੀ ਆਇਆ ਹੈ। ਤਾਂ ਉਸ ਖੇਤ ਦੇ ਮਾਲਕ ਨੂੰ ਬੂੜੇ ਬਾਲਕ ਦੀ ਥਾਂ ਇੱਕ ਬੁੱਢਾ ਮਨੁੱਖ ਚਿੱਟੀ ਦਾੜ੍ਹੀ ਵਾਲਾ ਨਜ਼ਰੀਂ ਆਇਆ ਤੇ ਉਹ ਉੱਥੋਂ ਵਾਪਸ ਚਲਾ ਗਿਆ।(*12)

ਪੁਰਾਤਨ ਜਨਮਸਾਖੀ ਵਿੱਚ ਲਿਖਿਆ ਹੈ ਕਿ ਇੱਕ ਵਾਰ ਸ੍ਰੀ ਗੁਰੂ ਨਾਨਕ ਸਾਹਿਬ ਕਰਤਾਰਪੁਰ ਤੋਂ ਮੌਜੂਦਾ ਕੱਥੂਨੰਗਲ ਪਿੰਡ ਦੇ ਬਾਹਰਵਾਰ ਆ ਕੇ ਬੈਠ ਗਏ। ਇਹ ਪਿੰਡ ਮੌਜੂਦਾ ਅੰਮ੍ਰਿਤਸਰ ਤੋਂ 12 ਮੀਲ ਉੱਤਰ ਵੱਲ ਹੈ। ਇਹ ਰੰਧਾਵਿਆਂ ਦਾ ਪਿੰਡ ਸੀ। ਪਿੰਡ ਤੋਂ ਬਾਹਰ ਇੱਕ ਬਾਲਕ ਡੰਗਰ ਚਾਰ ਰਿਹਾ ਸੀ। ਗੁਰੂ ਸਾਹਿਬ ਜਿੱਥੇ ਬੈਠੇ ਸਨ, ਉੱਥੇ ਇਹ ਬਾਲਕ ਵੀ ਆ ਗਿਆ। ਇਹ ਬਾਲਕ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਮਿਲਿਆ ਅਤੇ ਗੱਲਬਾਤ ਕੀਤੀ। ਗੁਰੂ ਜੀ ਨੇ ਪੁੱਛਿਆ ਕਿ ਤੇਰੀ ਉਮਰ ਤਾਂ ਖਾਣ-ਪੀਣ ਦੀ ਹੈ ਤੇ ਤੂੰ ਬਹੁਤ ਸਿਆਣੀਆਂ ਗੱਲਾਂ ਕਰਦਾ ਹੈਂ। ਇਸ ਉਤਰ ਵਿੱਚ ਬਾਲਕ ਨੇ ਕਿਹਾ ਕਿ ਇੱਕ ਦਿਨ ਮੇਰੀ ਮਾਂ ਨੇ ਆਖਿਆ ਕਿ ਤੂੰ ਅੱਗ ਬਾਲ। ਮੈਂ ਵੇਖਿਆ ਕਿ ਨਿੱਕੀਆਂ ਲੱਕੜੀਆਂ ਨੂੰ ਅੱਗ ਪਹਿਲਾਂ ਲੱਗਦੀ ਹੈ ਤੇ ਵੱਡੀਆਂ ਨੂੰ ਪਿੱਛੋਂ। ਮੈਂ ਸੋਚਿਆ ਕਿ ਮੈਂ ਨਿੱਕਾ ਹੀ ਇਸ ਸੰਸਾਰ ਤੋਂ ਨਾ ਚਲਿਆ ਜਾਵਾਂ। ਸੋ

SikhBookClub.Com

ਸਾਧ-ਸੰਗਤ ਦੀ ਸੇਵਾ ਕਰਨ ਲੱਗ ਪਿਆ ਹਾਂ।(*13) ਗੁਰੂ ਜੀ ਇਹ ਸੁਣ ਕੇ ਬਹੁਤ ਖੁਸ਼ ਹੋਏ ਤੇ ਬਾਲਕ ਦਾ ਨਾਂ ਪੁੱਛਿਆ। ਉਸ ਨੇ ਦੱਸਿਆ ਕਿ ਮੇਰਾ ਨਾਂ ਬੂੜਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਤੂੰ ਬਹੁਤ ਪਤੇ ਦੀਆਂ ਤੇ ਸਿਆਣੀਆਂ ਗੱਲਾਂ ਕਰਦਾ ਹੈ, ਤੇਰਾ ਨਾਂ ਬੁੱਢਾ ਹੋਣਾ ਚਾਹੀਦਾ ਹੈ।(*14)

ਭਾਈ ਬਾਲੇ ਦੀ ਜਨਮਸਾਖੀ ਅਨੁਸਾਰ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਬਾਲਕ ਬੂੜਾ ਇੱਕ ਦਿਨ ਆਪਣੇ ਘਰੋਂ ਮੱਖਣ ਦਾ ਕੁੱਜਾ ਲੈ ਕੇ ਕਰਤਾਰਪੁਰ ਵਿੱਚ ਆ ਗਿਆ ਤੇ ਗੁਰੂ ਨਾਨਕ ਸਾਹਿਬ ਅੱਗੇ ਰੱਖ ਦਿੱਤਾ। ਭਾਈ ਸੰਤੋਖ ਸਿੰਘ ਜੀ ਅਨੁਸਾਰ, ਗੁਰੂ ਨਾਨਕ ਸਾਹਿਬ ਨੇ ਇਸ ਤਰਾਂ ਫ਼ਰਮਾਇਆ:

'ਭੋ ਬਾਲਿਕ! ਪਿਤ ਮਾਤ ਤੇ ਆਨਯੋ ਘ੍ਰਿੱਤ ਚੁਰਾਇ।
ਬਹੁਰੋ ਜੇ ਘਰ ਜਾਵਈਂ ਮਾਰਹਿਂ ਤੋਹਿ ਰਿਸਾਇ॥ ੨੫॥
ਇਹ ਮਾਖਨ ਹਮ ਲੇਵਹਿਂ ਨਾਂਹੀ। ਗਮਨਹੁ ਲੇ ਅਪਨੇ ਘਰ ਮਾਂਹੀ।
ਪਹੁੰਚਯੋ ਹਮਕੋ ਤੈਂ ਜੋ ਲਯਾਇ। ਹ੍ਵੈ ਪ੍ਰਸੰਨ ਦੇਖਯੋ ਉਰ ਭਾਇ'॥ ੨੬॥
ਸੁਨਿਕੈ ਬੂੜਾ ਰੋਵਨ ਲਾਗਾ। ਪ੍ਰੇਮ ਬਿਰਹ ਉਰ ਅੰਤਰ ਜਾਗਾ।
'ਮਾਰਹਿਂ ਮਾਤ ਪਿਤਾ ਮੁਝ ਕਬਿਹੀ। ਤੁਮ ਮਾਰਤਿ ਹੋ ਮੋ ਕੋ ਅਬਿ ਹੀ'॥ ੨੭॥

ਗੁਰੂ ਨਾਨਕ ਸਾਹਿਬ ਮੁਸਕਰਾ ਪਏ ਤੇ ਉਨ੍ਹਾਂ ਨੇ ਇਹ ਬਚਨ ਕੀਤਾ:

ਮੁਸ਼ਕਾਨੇ ਗੁਨ ਖਾਨ ਬਾਣੀ ਤਿਹ ਸੋਂ ਪੁਨ ਭਨੀ।
'ਬੂਢੇ ਬਡੇ ਸਮਾਨ ਬਾਤੈਂ ਤੂੰ ਮੁਖ ਤੇ ਕਹੈਂ'॥ ੩੧॥
ਤਬ ਹੀ ਤੇ ਇਹ ਨਾਮ — ਭਾਈ ਬੁਢਾ — ਕਹਤਿ ਹੈਂ।...॥ ੩੨॥
'ਹੇ ਸਿਸੁ ਕਰਕੈ ਭਾਉਨਿ ਭਾਰੀ। ਬੰਦਨ ਕਰ ਕਰਤਾਰ ਅਗਾਰੀ।
ਪੂਰਨ ਹੋਵਹਿ ਉਰ ਕੀ ਆਸਾ। ਪ੍ਰਾਪਤਿ ਭਲੋ ਗਜ਼ਾਨ ਸੁਖ ਰਾਸਾ'॥ ੩੩॥
ਸੁਨਕੈ ਦ੍ਵੈ ਕਰ ਜੋਰਨ ਕੀਨੇ। ਬੰਦੇ ਪੰਕਜ ਪਾਇ ਪ੍ਰਬੀਨੇ।
ਭਯੋ ਗਜ਼ਾਨ ਤਹਿਂ ਛਿਨ ਸੁਖਰਾਸੀ। ਸਗਰੀ ਉਰ ਤੇ ਦ੍ਵੈਤ ਬਿਨਾਸੀ॥ ੩੪॥(*15)

ਹ. ਅਜਿੱਤੇ ਰੰਧਾਵੇ ਦਾ ਉਧਾਰ

ਪੱਖੋਕੇ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਦੇ ਚੌਧਰੀ ਦਾ ਪੁੱਤਰ ਅਜਿੱਤਾ-ਰੰਧਾਵਾ ਗੁਰੂ ਜੀ ਦਾ ਸਿੱਖ ਬਣਿਆ। ਪੱਖੋਕੇ-ਰੰਧਾਵਾ, ਗੁਰੂ ਸਾਹਿਬ ਦਾ ਸਹੁਰਾ ਪਿੰਡ ਸੀ, ਜਿੱਥੇ ਗੁਰੂ ਸਾਹਿਬ ਮਹਾਨ ਉਦਾਸੀਆਂ ਤੋਂ ਪਿੱਛੋਂ ਸਾਰੇ ਪਰਿਵਾਰ ਨੂੰ ਮਿਲੇ। ਇੱਥੇ ਹੀ ਅਜਿੱਤੇ-ਰੰਧਾਵੇ ਨੂੰ ਆਤਮ-ਗਿਆਨ ਪ੍ਰਾਪਤ ਹੋਇਆ। ਭਾਈ ਬਾਲੇ ਦੀ ਸਭ ਤੋਂ ਪੁਰਾਣੀ ਜਨਮਸਾਖੀ (1658 ਈ:) ਜੋ ਹੁਣ ਤਕ ਪ੍ਰਾਪਤ ਹੈ, ਉਸ ਵਿੱਚ ਗੁਰੂ ਨਾਨਕ ਸਾਹਿਬ ਦੀ ਅਜਿੱਤੇ-ਰੰਧਾਵੇ ਨਾਲ ਗੱਲਬਾਤ ਵਿੱਚ ਇਹ ਸ਼ਬਦ "ਸਭ ਰਸ ਮਿੱਠੇ ਮੰਨਿਆ ਸੁਣਿਐ ਸਾਲੋਣੇ" ਉਚਾਰਨ ਕੀਤਾ ਦੱਸਿਆ ਹੈ। ਸ਼ਬਦ ਦੀਆਂ ਚਾਰ ਪੰਗਤੀਆਂ ਚਾਰ ਪ੍ਰਸ਼ਨਾਂ ਦਾ ਉਤਰ ਹੈ।(*16)

ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਿਖ ਹਿਸਟਰੀ ਰੀਸਰਚ ਡਿਪਾਰਟਮੈਂਟ ਵਿੱਚ ਇੱਕ ਹੱਥ-ਲਿਖਤ "ਅਜਿੱਤਾ-ਰੰਧਾਵੇ ਦੀ ਗੋਸ਼ਟ" ਹੈ, ਜਿਸ ਵਿੱਚ ਗੁਰੂ ਨਾਨਕ ਜੀ ਦੀ ਅਜਿੱਤੇ ਨਾਲ

SikhBookClub.Com

ਗੱਲਬਾਤ ਦਾ ਵਿਸਥਾਰ ਹੈ।ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਵੀ ਅਜਿੱਤੇ ਦੀ ਗੋਸ਼ਟ ਹੈ।(*17) ਸਿੱਖਾਂ ਦੀ ਭਗਤਮਾਲਾ ਵਿੱਚ ਅਜਿੱਤੇ ਦੀ ਗੋਸ਼ਟ ਬਹੁਤ ਲੰਮੇਰੀ ਹੈ ਜੋ ਇਵੇਂ ਆਰੰਭ ਹੁੰਦੀ ਹੈ:-

"ਪਾਇਕੇ ਸਮਾਂ ਭਾਈ ਜਿਤਾ ਰੰਧਾਵਾ ਗੁਰੂ ਜੀ ਕੇ ਪਾਸ ਆਇਕੇ ਮੱਥਾ ਟੇਕਿਆ ਤੇ ਅਰਦਾਸ ਕੀਤੀ ਜੁ ਮੈਂ ਬਹੁਤ ਸਾਧ ਸੰਤਾਂ ਦੇ ਦਰਸ਼ਨ ਕੀਤਾ ਹੈ ਪਰ ਮੇਰੇ ਮਨ ਦਾ ਸੰਸਾ ਨਹੀਂ ਮਿਟਿਆ। ਤੁਹਾਡੇ ਹੁਣ ਦਰਸ਼ਨ ਕੀਤਾ ਹੈ, ਮੇਰਾ ਸੰਸਾ ਨਵਿਰਤ ਕਰੋ ਜੋ ਮੈਨੂੰ ਸ਼ਾਂਤੀ ਪ੍ਰਾਪਤ ਹੋਵੇ।"(*18)

ਇਸ ਦੇ ਉਤਰ ਵਿੱਚ ਗੁਰੂ ਨਾਨਕ ਜੀ ਦਾ ਬਹੁਤ ਲੰਬਾ ਵਿਖਿਆਨ ਹੈ, ਜੋ ਸਿਖਾਂ ਦੀ ਭਗਤਮਾਲਾ ਵਿੱਚ ਵੀ ਅੰਕਿਤ ਹੈ। ਇਸ ਵਿੱਚ ਸ਼ਾਂਤੀ, ਜੋਗ, ਹਿੰਸਾ ਬ੍ਰਹਮਚਾਰ ਆਦਿ ਕਈ ਵਿਸ਼ਿਆਂ 'ਤੇ ਚਰਚਾ ਹੈ।

ਭਾਈ ਸੰਤੋਖ ਸਿੰਘ ਨੇ ਅਜਿੱਤੇ ਦੇ ਉਧਾਰ ਲਈ ਕੋਈ ਗਿਆਨ-ਗੋਸ਼ਟ ਨਹੀਂ ਕਰਵਾਈ। ਸਿਰਫ ਇਹ ਦੱਸਿਆ ਹੈ ਕਿ ਅਜਿਤਾ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ ਤੇ ਉਸ ਨੂੰ ਗਿਆਨ ਪ੍ਰਾਪਤ ਹੋ ਗਿਆ। ਅਜਿੱਤੇ ਰੰਧਾਵੇ ਦੇ ਖੂਹ ਦੀ ਛਾਂ ਗੁਰੂ ਨਾਨਕ ਸਾਹਿਬ ਨੂੰ ਸੁਹਾਵਣੀ ਲੱਗੀ ਤੇ ਉਹ ਉੱਥੇ ਬੈਠ ਗਏ, ਅੱਗੇ ਵਾਰਤਲਾਪ ਅਰੰਭ ਹੁੰਦੀ ਹੈ।

ਜਹਿਂ ਸੋਹਤ ਬੇਦੀ ਕੁਲਦੀਪਾ। ਗਮਨਜੋ ਤਿਨ ਕੇ ਤਬਹਿ ਸਮੀਪਾ।
ਹ੍ਵੈ ਕਰ ਦੀਨ ਪ੍ਰੇਮ ਉਰਭਰ ਕੈ। ਰਹਿਓ ਚਰਨ ਕਵਲਨ ਸਿਰ ਧਰਕੈ॥ ੪੦॥
ਬਹੁਰ ਨ ਊਪਰ ਸੀਸ ਉਠਾਵਾ। ਸ੍ਰੀ ਨਾਨਕ ਜੀ ਕਛੁ ਨ ਅਲਾਵਾ।
ਬੈਠ ਰਹੇ ਤ੍ਰਿਸ਼ਨ ਕੋ ਧਾਰੀ। ਜੋ ਨਿਜ ਸੇਵਕ ਮੋਖ ਉਦਾਰੀ॥ ੪੧॥
ਨਹੀਂ ਅਜਿੱਤੇ ਸੀਸ ਉਚਾਯੋ। ਇਸ ਪ੍ਰਕਾਰ ਇਕ ਜਾਮ ਬਿਤਾਯੋ।
ਕ੍ਰਿਪਾ ਦ੍ਰਿਸ਼ਟਿ ਕੋ ਦੇਖ ਗੁਸਾਂਈ। ਮ੍ਰਿਦੁਲ ਮਧੁਰ ਮੁਖ ਗਿਰਾ ਅਲਾਈ॥ ੪੨॥
ਹਾਥ ਜੋਰਕੈ ਬਿਨਤੀ ਭਾਖੀ। 'ਰਾਵਰ ਹੋ ਸਭ ਘਟ ਕੇ ਸਾਖੀ।
ਤੁਮ ਸਭ ਜਾਨਹੁ ਅੰਤਰਜਾਮੀ। ਕਜੋਂ ਬਨਹੈ ਮਮ ਕਹਨੋਂ ਸ੍ਵਾਮੀ॥ ੪੪॥
ਸੁਨਤ ਪ੍ਰਸੀਦੇ ਰਿਦੇ ਗੁਸਾਂਈ । ਕਰਨ ਕ੍ਰਿਤਾਰਥ ਗਿਰਾ ਅਲਾਈ।
'ਬੰਦਨ ਕਰ ਕਰਤਾਰ ਅਗਾਰੀ। ਪੂਜਹਿ ਮਨਕਾਮਨਾ ਤੁਮਾਰੀ'॥ ੪੬॥
ਸੁਨਕੈ ਬਹੁਰ ਚਰਨ ਲਪਟਾਯੋ। ਤਤ ਛਿਨ ਗਜਾਨ ਰਿਦੈ ਹੁਇ ਆਯੋ।(*19)

ਕ. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਫੇਰੀ

ਸਭੇ ਜਨਮਸਾਖੀਆਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਮੱਕੇ ਅਤੇ ਬਗਦਾਦ ਜਾਣਾ, 'ਪੱਛਮ ਦੀ ਉਦਾਸੀ' ਨਾਲ ਲਿਖਿਆ ਗਿਆ ਹੈ। ਪਰ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਭਾਈ ਸੰਤੋਖ ਸਿੰਘ ਨੇ ਕਿਸੇ ਭੂਗੋਲਿਕ-ਤੱਥ ਨੂੰ ਮੁੱਖ ਨਹੀਂ ਰੱਖਿਆ ਕਿਉਂਕਿ ਉਸ ਦਾ ਮਨੋਰਥ, ਗੁਰੂ ਨਾਨਕ ਸਾਹਿਬ ਜੀ ਨੂੰ, ਹਰ ਥਾਂ 'ਤੇ ਕਰਾਮਾਤੀ ਢੰਗ ਨਾਲ ਭੇਜਣਾ ਸੀ, ਜਿਵੇਂ ਕਿ ਪੂਰਬਾਰਧ ਦੇ ਦੂਜੇ ਭਾਗ ਵਿੱਚ, ਉਹ ਮਦੀਨੇ ਤੋਂ ਸਿੱਧੇ ਹੀ ਸੁਲਤਾਨਪੁਰ (ਪੰਜਾਬ) ਪਹੁੰਚ ਗਏ। ਸ਼ਾਇਦ ਇਸੇ ਕਰਕੇ ਭਾਈ ਸੰਤੋਖ ਸਿੰਘ ਜੀ ਨੇ, ਗੁਰੂ ਨਾਨਕ ਦੇਵ ਜੀ ਦੇ ਮੱਕੇ ਜਾਣ ਦਾ ਹਾਲ

SikhBookClub.Com

ਪੂਰਬਾਰਧ ਦੇ ਦੂਜੇ-ਭਾਗ ਵਿੱਚ ਅੰਕਿਤ ਕੀਤਾ ਹੈ ਅਤੇ ਬਗ਼ਦਾਦ ਜਾਣ ਦਾ ਹਾਲ ਉਤਰਾਰਧ ਦੇ ਦੂਜੇ ਭਾਗ ਵਿੱਚ ਦਰਜ ਹੈ। ਭੂਗੋਲਿਕ-ਦ੍ਰਿਸ਼ਟੀਕੋਣ ਤੋਂ, ਮੱਕੇ ਤੋਂ ਮੁੜਦਿਆਂ, ਬਗਦਾਦ ਰਸਤੇ ਵਿੱਚ ਆਉਂਦਾ ਹੈ ਪਰ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਬਗਦਾਦ ਜਾਣ ਦੇ ਰਸਤੇ ਬਾਰੇ ਕੋਈ ਸੰਕੇਤ ਨਹੀਂ ਦਿੱਤਾ।

'ਇਨਸਾਈਕਲੋਪੀਡੀਆ ਆਫ਼ ਇਸਲਾਮ' ਦੇ ਕਥਨ ਅਨੁਸਾਰ, 'ਬਗ਼ਦਾਦ' ਇੱਕ ਈਰਾਨੀ ਨਾਂ ਹੈ, ਜਿਸ ਦਾ ਭਾਵ ਹੈ 'ਰੱਬ ਦਾ ਦਿੱਤਾ ਤੋਹਫ਼ਾ'। ਬਗ਼ਦਾਦ ਬਹੁਤ ਪ੍ਰਾਚੀਨ ਸ਼ਹਿਰ ਹੈ। ਪਿਛਲੇ 3000 ਸਾਲ ਤੋਂ ਵੱਧ ਇਸੇ ਥਾਂ 'ਤੇ, ਇਸੇ ਨਾਂ ਨਾਲ ਇਹ ਨਗਰ ਪ੍ਰਸਿੱਧ ਸੀ। ਸਮੁੰਦਰੀ-ਰਸਤਾ ਲੱਭਣ ਤੋਂ ਪਹਿਲਾਂ ਬਗ਼ਦਾਦ, ਮੱਕੇ ਵਾਂਗ ਪੂਰਬ ਤੇ ਪੱਛਮ ਵਲੋਂ ਕਾਫ਼ਲਿਆਂ ਦਾ ਕੇਂਦਰ ਸੀ। ਬਗ਼ਦਾਦ ਦੇ ਇਤਿਹਾਸ ਦਾ ਸੁਨਹਿਰੀ-ਕਾਲ, ਨੌਵੀਂ ਸਦੀ ਈਸਵੀ ਸੀ, ਜਦੋਂ ਖ਼ਲੀਫ਼ਾ 'ਹਾਰੂੰ ਰਸ਼ੀਦ' ਦੇ ਉਤਰ-ਅਧਿਕਾਰੀ ਖ਼ਲੀਫ਼ਾ-ਅਲ-ਮਾਮੂਮ ਨੇ ਇਸ ਨੂੰ ਬਹੁਤ ਪ੍ਰਫੁੱਲਤ ਕੀਤਾ। ਉਸ ਸਮੇਂ ਇਹ ਪੱਛਮ ਵਿੱਚ ਇਸਲਾਮ ਦਾ ਸਭ ਤੋਂ ਵੱਡਾ ਕੇਂਦਰ ਸਮਝਿਆ ਜਾਂਦਾ ਸੀ। ਤੇਰ੍ਹਵੀਂ ਸਦੀ ਈਸਵੀ ਵਿੱਚ ਇਸ ਦਾ ਪਤਨ ਅਰੰਭ ਹੋਇਆ। ਹਲਾਕੂ ਖ਼ਾਂ ਨੇ 1258 ਈ: ਵਿੱਚ ਇਸ ਨੂੰ ਉਜਾੜਿਆ। ਸੋਲ੍ਹਵੀਂ ਸਦੀ ਦੇ ਅੱਧ ਵਿੱਚ ਬਗ਼ਦਾਦ, ਤੁਰਕਾਂ ਦੇ ਅਧੀਨ ਹੋ ਗਿਆ(*20)।

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਬਗ਼ਦਾਦ, ਈਰਾਨੀਆਂ ਦੇ ਅਧੀਨ ਸੀ। 1507-08 ਈਸਵੀ ਵਿੱਚ ਬਗ਼ਦਾਦ ਨੂੰ 'ਸਫ਼ਵੀ ਸ਼ਾਹ ਇਸਮਾਈਲ' ਨੇ ਜਿੱਤਿਆ ਤੇ 1524 ਈਸਵੀ ਤਕ ਉਸ ਦੇ ਅਧੀਨ ਰਿਹਾ(*21)। ਸਫ਼ਵੀ ਸ਼ਾਹ ਸ਼ੀਆ ਮੱਤ ਦਾ ਸੀ ਤੇ ਉਸ ਨੇ ਸ਼ੀਆ-ਮੱਤ ਦੀਆਂ ਮਸਜਿਦਾਂ ਦੀ ਜਿੱਥੇ ਜ਼ਿਆਰਤ ਕੀਤੀ, ਉੱਥੇ ਕਈ ਸੁੰਨੀ-ਮਸਜਦਾਂ ਨੂੰ ਵੀ ਢਾਹ ਦਿੱਤਾ ਤੇ ਉਨ੍ਹਾਂ ਦੇ ਇਮਾਮਾਂ ਨੂੰ ਮਰਵਾ ਦਿੱਤਾ ਸੀ(*22)। ਬਗ਼ਦਾਦ ਦੇ ਇਤਿਹਾਸ ਵਿੱਚ ਇਹ ਵੀ ਬੜਾ ਭਾਰੀ ਧਾਰਮਿਕ ਸੰਕਟ ਦਾ ਸਮਾਂ ਸੀ।

ਬਗ਼ਦਾਦ ਸ਼ਹਿਰ 'ਦਜਲਾ' ਦਰਿਆ ਦੇ ਕੰਢੇ 'ਤੇ ਸੀ। ਪ੍ਰਾਚੀਨ ਕਾਲ ਵਿੱਚ ਇਹ ਸ਼ਹਿਰ ਦਰਿਆ ਦੇ ਪੱਛਮੀ ਕੰਢੇ 'ਤੇ ਸੀ ਤੇ ਫੇਰ ਉੱਥੋਂ ਉੱਜੜ ਕੇ, ਪੂਰਬੀ ਕੰਢੇ 'ਤੇ ਅਬਾਦ ਹੋਇਆ(*23)। ਗੁਰੂ ਨਾਨਕ ਸਾਹਿਬ ਦੇ ਸਮੇਂ ਬਗ਼ਦਾਦ ਸ਼ਹਿਰ, ਦਰਿਆ ਦੇ ਪੂਰਬੀ ਕੰਢੇ 'ਤੇ ਅਬਾਦ ਸੀ। ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ, ਸ਼ਹਿਰ ਤੋਂ ਬਾਹਰ, ਮੌਜੂਦਾ ਰੇਲਵੇ-ਸਟੇਸ਼ਨ (ਜੋ ਕਿ ਪੱਛਮੀ ਕੰਢੇ 'ਤੇ ਹੈ ਤੇ ਪੁਲ ਦੇ ਨਾਲ ਸ਼ਹਿਰ ਨਾਲ ਮਿਲਿਆ ਹੋਇਆ ਹੈ) ਦੇ ਪਿਛਲੇ ਪਾਸੇ ਜਿੱਥੇ ਅੱਜ ਕੱਲ੍ਹ ਪੁਰਾਣਾ ਕਬਰਸਤਾਨ ਹੈ, ਆ ਠਹਿਰੇ(*24)। ਹਰ ਰੋਜ਼ ਵਾਂਗੂੰ ਗੁਰੂ ਨਾਨਕ ਸਾਹਿਬ ਅੰਮ੍ਰਿਤ ਵੇਲੇ ਉੱਠੇ ਤੇ ਭਾਈ ਮਰਦਾਨੇ ਨੇ ਕੀਰਤਨ ਅਰੰਭ ਦਿੱਤਾ ਤੇ ਇਸ ਪਉੜੀ ਦਾ ਗਾਇਨ ਕੀਤਾ:-

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥... ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ (*25)

ਇਸ ਸਰੋਦ ਕਰਕੇ ਨਗਰ ਵਿੱਚ ਰੌਲਾ ਪੈ ਗਿਆ, ਕਿਉਂਕਿ ਮੁਸਲਮਾਨੀ-ਸ਼ਰੀਅਤ ਅਨੁਸਾਰ ਸਰੋਦ ਦੀ ਮਨਾਹੀ ਸੀ। ਬਗ਼ਦਾਦ ਵਿੱਚ ਕਾਦਰੀ ਸੂਫ਼ੀ ਸੰਪਰਦਾ ਦੇ ਸੰਚਾਲਕ, ਸ਼ਾਹ ਮਹੀਉੱਦੀਨ 'ਅਬਦੁਲ ਕਾਦਰ ਗੀਲਾਨੀ' (1077-1168 ਈ:) ਦਾ ਮਜ਼ਾਰ ਪ੍ਰਸਿੱਧ ਅਸਥਾਨ ਸੀ। ਇਹ ਮਜ਼ਾਰ ਉਸ ਦੇ ਪੁੱਤਰ, ਜੋ ਉਸ ਦੇ ਪਿੱਛੋਂ ਗੱਦੀਨਸ਼ੀਨ ਬਣਿਆ, ਨੇ ਬਣਵਾਇਆ

SikhBookClub.Com

ਸੀ ਤੇ ਇਸ ਵਿੱਚ ਸੱਤਾਂ ਮੁਨਾਰਿਆਂ ਵਾਲੀ ਮਸਜਿਦ ਹੈ(*26)। ਅੱਜ ਕੱਲ੍ਹ ਇਸ ਅਸਥਾਨ ਦੀ ਕੋਈ ਚੰਗੀ ਹਾਲਤ ਨਹੀਂ ਪਰ ਗੁਰੂ ਨਾਨਕ ਸਾਹਿਬ ਦੇ ਸਮੇਂ ਇਹ ਇੱਕ ਪ੍ਰਸਿੱਧ ਅਸਥਾਨ ਸੀ।

'ਬਰਾਊਨ' ਦੇ ਕਥਨ ਅਨੁਸਾਰ ਕਾਦਰੀ-ਸੂਫ਼ੀਆਂ ਵਿੱਚ ਸ਼ਾਮਲ ਹੋਣ ਵੇਲੇ ਕਈ ਅਰੰਭਕ ਰਸਮਾਂ ਕੀਤੀਆਂ ਜਾਂਦੀਆਂ ਸਨ। ਰੱਬ ਦੇ ਸੱਤ ਨਾਂ, ਜਿਨ੍ਹਾਂ ਦਾ ਉਚਾਰਨ ਅੱਡ-ਅੱਡ ਹੁੰਦਾ ਸੀ, ਨਿਸ਼ਚਿਤ ਗਿਣਤੀ ਅਨੁਸਾਰ ਲੈਂਦੇ ਸਨ। ਇੱਕ ਰਸਮ ਇਹ ਸੀ ਕਿ ਇਸ ਸੰਪਰਦਾ ਵਿੱਚ ਦਾਖਲ ਹੋਣ ਵਾਲਾ ਹਰ ਨਵਾਂ ਮੁਰੀਦ ਦੋਹਾਂ ਹੱਥਾਂ ਦੇ ਅੰਗੂਠੇ ਖੜ੍ਹੇ ਕਰਕੇ ਆਪਣਾ ਸੱਜਾ ਹੱਥ ਮੁਰਸ਼ਦ ਦੇ ਸੱਜੇ ਹੱਥ ਵਿੱਚ ਦਿੰਦਾ ਸੀ(*27)। ਇਸ ਕਰਕੇ ਕਾਦਰੀਆਂ ਵਿੱਚ ਮੁਰਸ਼ਦ ਨੂੰ 'ਪੀਰ ਦਸਤਗੀਰ' ਕਿਹਾ ਜਾਂਦਾ ਸੀ, ਜਿਸ ਦਾ ਭਾਵ ਹੈ 'ਹੱਥ ਪਕੜਨ ਵਾਲਾ ਪੀਰ'। ਗੁਰੂ ਨਾਨਕ ਸਾਹਿਬ ਦੇ ਸਮੇਂ ਵੀ ਸ਼ੇਖ਼ ਅਬਦੁੱਲ ਕਾਦਰ ਗੀਲਾਨੀ ਦੇ ਮਜ਼ਾਰ ਦੇ ਗੱਦੀਨਸ਼ੀਨ ਨੂੰ 'ਪੀਰ ਦਸਤਗੀਰ' ਹੀ ਕਹਿੰਦੇ ਸਨ।

ਜਦੋਂ ਗੁਰੂ ਨਾਨਕ ਸਾਹਿਬ ਦੇ ਸਰੋਦ ਬਾਰੇ ਨਗਰ ਵਿੱਚ ਰੌਲਾ ਪਿਆ ਤਾਂ ਕੁਝ ਲੋਕ ਪੀਰ ਦਸਤਗੀਰ ਕੋਲ ਵੀ ਆਏ। ਪੀਰ ਦਸਤਗੀਰ ਕੋਲ ਉਸ ਸਮੇਂ ਉਸ ਦਾ ਪੁੱਤਰ ਵੀ ਖੜ੍ਹਾ ਸੀ। ਸੋ, ਪੀਰ ਸਾਹਿਬ, ਉਨ੍ਹਾਂ ਦਾ ਪੁੱਤਰ ਤੇ ਹੋਰ ਲੋਕ ਇਸ ਅਨੋਖੇ ਫ਼ਕੀਰ ਨੂੰ ਵੇਖਣ ਲਈ ਨਗਰ ਤੋਂ ਬਾਹਰ ਆ ਗਏ(*28)। ਗੁਰੂ ਨਾਨਕ ਸਾਹਿਬ ਅਤੇ ਮਰਦਾਨੇ ਨੇ ਆਪਣੇ ਵੱਲ ਭੀੜ ਆਉਂਦੀ ਵੇਖ ਕੇ, ਕੀਰਤਨ ਬੰਦ ਕਰ ਦਿੱਤਾ ਤੇ ਸਾਵਧਾਨ ਹੋ ਗਏ। ਪੀਰ ਦਸਤਗੀਰ ਨੇ ਆਉਂਦਿਆਂ ਹੀ ਪੁੱਛਿਆ ਕਿ ਤੁਸੀਂ ਕੌਣ ਹੋ ਤੇ ਕਿਸ ਮੁਸਲਮਾਨੀ ਸੰਪਰਦਾ ਵਿੱਚੋਂ ਹੋ? ਗੁਰੂ ਜੀ ਨੇ ਕਿਹਾ ਕਿ ਅਸੀਂ ਰੱਬ ਦੇ ਬੰਦੇ ਹਾਂ ਤੇ ਮੁਸਲਮਾਨਾਂ ਦੇ ਕਿਸੇ ਫ਼ਿਰਕੇ ਵਿੱਚੋਂ ਨਹੀਂ। ਤਾਂ ਪੀਰ ਨੇ ਕਿਹਾ ਤੁਸੀਂ ਕਾਫ਼ਰ ਹੋ, ਅਸੀਂ ਤੁਹਾਨੂੰ ਸੰਗਸਾਰ (ਪੱਥਰ ਮਾਰਨਾ) ਕਰਦੇ ਹਾਂ(*29)। ਇਸ 'ਤੇ ਗੁਰੂ ਸਾਹਿਬ ਨੇ ਉੱਚੀ ਅਵਾਜ਼ ਨਾਲ 'ਸਤਿ ਕਰਤਾਰ' ਦੀ ਬਾਂਗ ਦਿੱਤੀ(*30), ਇਸ 'ਤੇ ਪੀਰ ਦਸਤਗੀਰ ਤੇ ਹੋਰ ਸਭ ਲੋਕ ਬਹੁਤ ਹੈਰਾਨ ਹੋਏ। ਉਨ੍ਹਾਂ ਕਿਹਾ ਜੋ ਇਹ ਸਰੋਦ ਕਰਦਾ ਹੈ, ਜ਼ਰੂਰ ਕੋਈ ਮਸਤਾਨਾ ਫ਼ਕੀਰ ਹੈ।ਫਿਰ ਪੀਰ ਨੇ ਪੁੱਛਿਆ ਕਿ ਤੁਸੀਂ ਸਰੋਦ ਕਿਉਂ ਕੀਤਾ ਹੈ? ਮੁਸਲਮਾਨਾਂ ਵਿੱਚ ਸਰੋਦ ਮਨ੍ਹਾ ਹੈ।ਗੁਰੂ ਜੀ ਨੇ ਕਿਹਾ ਕਿ ਰੱਬ ਦੀ ਉਸਤਤ ਵਿੱਚ ਕੀਰਤਨ ਰੂਹ ਦੀ ਖ਼ੁਰਾਕ ਹੈ।ਰਸੂਲ ਨੇ ਤਾਂ ਬੁਰਾਈਆਂ ਤੇ ਵਿਸ਼ੇ-ਵਿਕਾਰਾਂ ਵਾਲਾ ਸਰੋਦ ਬੰਦ ਕੀਤਾ ਹੈ। ਫੇਰ ਕਿਸੇ ਪੁੱਛਿਆ ਕਿ ਤੁਸੀਂ ਪੜ੍ਹਦੇ ਸੀ ਕਿ ਅਨੇਕਾਂ ਪਾਤਾਲ ਤੇ ਅਨੇਕਾਂ ਅਕਾਸ਼ ਹਨ, ਇਹ ਕੁਫ਼ਰ ਹੈ ਕਿਉਂਕਿ ਇਸਲਾਮ ਵਿੱਚ ਸੱਤ ਅਸਮਾਨ ਤੇ ਸੱਤ ਹੀ ਪਾਤਾਲ ਦੱਸੇ ਹਨ।ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ, ਰੱਬ ਦੀ ਲੀਲਾ ਬੇਅੰਤ ਹੈ, ਉਸ ਦਾ ਕੋਈ ਸ਼ੁਮਾਰ ਨਹੀਂ । ਇਸ ਤਰਾਂ ਪੀਰ ਦਸਤਗੀਰ ਤੇ ਉਸ ਦਾ ਪੁੱਤਰ ਬਹੁਤ ਪਰਸੰਨ ਹੋਏ ਤੇ ਗੁਰੂ ਸਾਹਿਬ ਨਾਲ ਗੱਲਬਾਤ ਕਰਕੇ ਵਾਪਸ ਚਲੇ ਗਏ ਤੇ ਹੋਰ ਲੋਕ ਵੀ ਉਨ੍ਹਾਂ ਨਾਲ ਵਾਪਸ ਘਰਾਂ ਨੂੰ ਚਲੇ ਗਏ।

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਕੁਝ ਸਮਾਂ ਬਗਦਾਦ ਰਹੇ ਅਤੇ ਇਸ ਸਮੇਂ ਪੀਰ ਦਸਤਗੀਰ ਤੇ ਹੋਰਨਾਂ ਫ਼ਕੀਰਾਂ ਨਾਲ ਗੁਰੂ ਸਾਹਿਬ ਗੱਲਬਾਤ ਕਰਦੇ ਰਹੇ(*31)। ਇਸ ਸਮੇਂ ਫ਼ਕੀਰ 'ਬਹਿਲੋਲ' ਗੁਰੂ ਜੀ ਦੇ ਬਚਨਾਂ ਨੂੰ ਬਹੁਤ ਧਿਆਨ ਨਾਲ ਸੁਣਦਾ ਰਿਹਾ ਤੇ ਗੁਰੂ ਜੀ ਦਾ ਸਿੱਖ ਬਣਿਆ। ਇਸ ਗੱਲ ਦਾ ਪਤਾ ਸੰਨਿਆਸੀ ਅਨੰਦਾਚਾਰੀਆ ਦੇ ਲੱਭੇ ਸ਼ਿਲਾਲੇਖ ਤੋਂ ਮਿਲਦਾ ਹੈ, ਜਿਸ ਦਾ ਕਥਨ ਉਸ ਆਪਣੀ ਪੁਸਤਕ 'ਸਨੋ ਬਰਡਜ਼' ਵਿੱਚ ਕੀਤਾ ਹੈ। ਇਹ ਸ਼ਿਲਾਲੇਖ ਬਗ਼ਦਾਦ-ਸ਼ਹਿਰ ਤੋਂ ਬਾਹਰਵਾਰ ਵੇਖਿਆ

SikhBookClub.Com

ਗਿਆ, ਉਸ ਸ਼ਿਲਾਲੇਖ ਦੇ ਸ਼ਬਦ ਇਸ ਤਰਾਂ ਸਨ:-

"ਇੱਥੇ ਗੁਰੂ ਨਾਨਕ ਸਾਹਿਬ ਨੇ ਫ਼ਕੀਰ ਬਹਿਲੋਲ ਨਾਲ ਬਚਨ ਕੀਤੇ ਅਤੇ ਗੁਰੂ ਜੀ ਦੇ ਇੱਥੋਂ ਈਰਾਨ ਤੋਂ ਜਾਣ ਦੇ ਸੱਠ ਸਾਲ (ਸੱਠ ਸਰਦੀਆਂ) ਪਿੱਛੋਂ ਬਹਿਲੋਲ ਦੀ ਆਤਮਾ ਗੁਰੂ ਦੇ ਬਚਨਾਂ 'ਤੇ ਉਸੇ ਤਰਾਂ ਟਿਕੀ ਰਹੀ, ਜਿਵੇਂ ਸ਼ਹਿਦ ਦੀ ਮੱਖੀ, ਸ਼ਹਿਦ ਦੇ ਉਸ ਫੁੱਲ 'ਤੇ ਬੈਠੀ ਰਹੇ, ਜੋ ਅੰਮ੍ਰਿਤ-ਵੇਲੇ ਦੀ ਲੋਅ ਨਾਲ ਪ੍ਰਕਾਸ਼ਮਾਨ ਹੋਵੇ[*32]।"

ਅਰਬੀ ਦੇ ਇਸ ਸ਼ਿਲਾਲੇਖ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਨਾਮਲੇਵਾ ਫ਼ਕੀਰ ਬਹਿਲੋਲ ਸੱਠ ਸਾਲ ਤਕ ਬਗਦਾਦ ਵਿੱਚ ਗੁਰੂ ਜੀ ਦੇ ਬਚਨਾਂ ਨੂੰ ਕਮਾਉਂਦਾ ਰਿਹਾ। ਇਹ ਬਹਿਲੋਲ ਫ਼ਕੀਰ ਕੌਣ ਸੀ? ਇਸ ਦਾ ਠੀਕ ਤਰਾਂ ਪਤਾ ਨਹੀਂ ਲੱਗਦਾ[*33]।

ਬਗਦਾਦ ਦੇ ਪੱਛਮ ਵੱਲ ਜਿੱਥੇ ਗੁਰੂ ਨਾਨਕ ਸਾਹਿਬ ਬੈਠੇ ਸਨ, ਉੱਥੇ ਇੱਕ ਕਮਰੇ ਵਿੱਚ, ਇੱਕ ਕਬਰ 'ਤੇ ਇੱਕ ਥੜ੍ਹਾ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਇਹ ਬਹਿਲੋਲ ਦੀ ਕਬਰ ਹੈ ਤੇ ਥੜ੍ਹਾ ਉਸ ਥਾਂ 'ਤੇ ਹੈ, ਜਿੱਥੇ ਗੁਰੂ ਨਾਨਕ ਸਾਹਿਬ ਬੈਠੇ ਸਨ। ਇਹ ਥੜ੍ਹਾ ਤਿੰਨ ਫੁੱਟ ਚੌੜਾ ਤੇ ਚਾਰ ਫੁੱਟ ਲੰਮਾ ਹੈ ਤੇ 2 ਜਾਂ 3 ਫੁੱਟ ਉੱਚਾ ਹੈ। 1918 ਈ: ਵਿੱਚ ਇਸ ਮਜ਼ਾਰ 'ਤੇ ਜੋ ਮਜੌਰ ਰਹਿੰਦਾ ਸੀ, ਉਸ ਦਾ ਨਾਂ ਸੱਯਦ ਯੂਸਫ਼ ਸੀ। ਕਮਰੇ ਦੇ ਸਾਹਮਣੇ ਵਿਹੜਾ ਹੈ ਤੇ ਵਿਹੜੇ ਦੇ ਚੁਫੇਰੇ ਇੱਕ ਚਾਰਦੀਵਾਰੀ ਹੈ, ਜਿਸ ਅੰਦਰ ਜਾਣ ਲਈ ਇੱਕ ਦਰਵਾਜ਼ਾ ਹੈ। ਥੜ੍ਹੇ 'ਤੇ ਤੁਰਕੀ ਭਾਸ਼ਾ ਵਿੱਚ ਇੱਕ ਸ਼ਿਲਾਲੇਖ ਹੈ, ਜਿਸ ਦਾ ਪੰਜਾਬੀ ਉਲਥਾ ਇਸ ਤਰਾਂ ਹੈ:-

"ਵੇਖੋ ਮਹਾਨ ਈਸ਼ਵਰ ਨੇ ਮੁਰਾਦ ਪੂਰੀ ਕੀਤੀ। ਬਾਬਾ ਨਾਨਕ ਦਰਵੇਸ਼ ਵਾਸਤੇ ਨਵੀਂ ਇਮਾਰਤ ਬਣੀ। ਇਸ ਦੇ ਬਣਾਉਣ ਵਿੱਚ ਸੱਤਾਂ ਰੱਬੀ-ਦਰਵੇਸ਼ਾਂ ਨੇ ਸਹਾਇਤਾ ਕੀਤੀ। ਇਸ ਦੀ ਮਿਤੀ 927 (ਹਿਜਰੀ) ਬਣਦੀ ਹੈ। ਖ਼ੁਸ਼ਨਸੀਬ ਚੇਲੇ ਨੇ ਧਰਤੀ ਵਿੱਚੋਂ ਪਾਣੀ ਦਾ ਨਵਾਂ ਪਰਵਾਹ ਚਲਾਇਆ।"[*34]

ਜਿਸ ਸ਼ਿਲਾਲੇਖ ਜਾ ਖੁਤਬੇ ਦਾ ਉਲਥਾ ਪੰਜਾਬੀ ਵਿਚ ਦਿੱਤਾ ਹੈ ਇਹ ਤੇਜਾ ਸਿੰਘ ਡਾ. ਗੰਡਾ ਸਿੰਘ ਦੀ ਕਿਤਾਬ ਵਿਚ (ਪਹਿਲੀ ਐਡੀਸ਼ਨ, 1950) ਪੰਨਾ 12 'ਤੇ ਦਿੱਤੀ ਫਾਰਸੀ ਤੁਰਕੀ ਸ਼ਿਲਾਲੇਖ ਦਾ ਅਨੁਵਾਦ ਹੈ । ਉਥੇ ਇਸ ਸ਼ਿਲਾਲੇਖ ਦੀ ਮਿਤੀ 927 ਹਿਜਰੀ ਅੰਕਿਤ ਹੈ । ਕਈ ਇਸ ਮਿਤੀ ਨੂੰ 917 ਹਿਜਰੀ ਪੜ੍ਹਦੇ ਹਨ । ਭਾਈ ਵੀਰ ਸਿੰਘ ਇਸ ਨੂੰ 917 917 ਮੰਨਦੇ ਹਨ ਤੇ ਉਨ੍ਹਾਂ ਲਿਖਿਆ ਹੈ "ਸੰਨ ਜੋ ਖੁਤਬੇ ਵਿਚ ਹੈ ਉਹ 917 ਪੜ੍ਹਿਆ ਜਾਂਦਾ ਹੈ । ਏਕੇ ਵਿਚ ਰਤਾ ਟੇਢ ਹੋਣ ਕਰਕੇ ਉਹ 927 ਹਿਜਰੀ ਵੀ ਖਿਆਲ ਪੈ ਜਾਂਦਾ ਹੈ" । ਇਕ ਹੋਰ ਅਰਬੀ ਦਾ ਖੁਤਬਾ ਦੱਸਿਆ ਜਾਂਦਾ ਹੈ, ਜਿਸ ਨੂੰ ਵੇਖ ਕੇ ਸਵਾਮੀ ਅਨੰਦਾਚਾਰੀਆ ਨੇ ਲਿਖਿਆ ਹੈ । ਉਸ ਦੀ ਮਿਤੀ 912 ਹਿਜਰੀ ਲਿਖੀ ਹੈ ।[*35] ਭਾਈ ਵੀਰ ਸਿੰਘ ਜੀ ਨੇ ਉਪਰੋਕਤ ਖੁਤਬੇ ਦਾ ਅਨੁਵਾਦ ਹੋਰ ਤਰਾਂ ਕੀਤਾ ਹੈ । ਉਹ ਅਸੀਂ ਉਨ੍ਹਾਂ ਦੇ ਨੋਟ ਵਿਚ ਦੇ ਰਹੇ ਹਾਂ । ਇਸੇ ਸਿਲਾਲੇਖ ਦੇ ਹੋਰ ਵੀ ਕਈ ਅਨੁਵਾਦ ਕੀਤੇ ਗਏ ਹਨ । ਕੁਝ ਕੁ ਦਾ ਕਥਨ ਭਾਈ ਸਾਹਿਬ ਨੇ ਆਪਣੇ ਨੋਟ ਵਿਚ ਕਰ ਦਿੱਤਾ ਹੈ ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ: "ਸਭ ਤੋਂ ਪੁਰਾਣਾ ਪਤਾ ਬਗ਼ਦਾਦ ਸਤਿਗੁਰੂ ਜੀ ਦੇ ਜਾਣ ਦਾ ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਪਉੜੀ ਪੈਂਤੀ, ਛੱਤੀ ਵਿੱਚ ਦੱਸਿਆ ਹੈ, ਸਤਿਗੁਰੂ ਜੀ ਨੇ ਬਾਂਗ ਦੇ ਕੇ ਸਾਰੀ ਨਗਰੀ ਨੂੰ ਸੁੰਨ ਕਰ ਦਿੱਤਾ, ਜਿਸ ਤੋਂ ਹੈਰਾਨਗੀ ਹੋਈ ਤੇ ਪੀਰਾਂ

SikhBookClub.Com

ਨੇ ਆ ਤਕਰਾਰ ਕੀਤੇ। ਹੈਰਾਨੀ ਤੇ ਤਕਰਾਰ ਦੱਸਦੇ ਹਨ ਕਿ ਬਾਂਗ ਸਤਿਗੁਰੂ ਜੀ ਨੇ ਮੁਸਲਮਾਨਾਂ ਵਾਲੀ ਨਹੀਂ, ਆਪਣੀ ਦਿੱਤੀ ਸੀ। ਮੁਸਲਮਾਨਾਂ ਦੇ ਘਰ ਵਿੱਚ ਤਾਂ ਮੁਸਲਮਾਨੀ ਪੱਖ ਦੇ ਕੇਂਦਰ ਵਿੱਚ ਇਹ ਕੁਝ ਕਰਨਾ ਬੜਾ ਅਚਰਜ ਹੈ। ਫਿਰ ਪੀਰ ਨੇ ਆ ਕੇ ਬਹਿਸ ਕੀਤੀ । ਲੱਖਾਂ ਅਕਾਸ਼ ਪਤਾਲ, ਦੇ ਵਿਸ਼ੇ ਉੱਤੇ ਬਹਿਸ ਹੋ ਕੇ ਪਰਤੱਖ ਨਜ਼ਾਰੇ ਦਿਖਾ ਕੇ ਬਾਬੇ ਨੇ ਫਤਹਿ ਪਾਈ। ਇਸੇ ਪੀਰ ਦਾ, ਜਿਸ ਨਾਲ ਬਹਿਸ ਹੋਈ, ਦਸਤਗੀਰ ਪਤਾ ਦਿੱਤਾ ਹੈ। ਦਸਤਗੀਰ ਖਿਤਾਬ ਸੀ ਅਬਦੁਲ ਕਾਦਰ ਗੀਲਾਨੀ ਦਾ। ਕਹਿੰਦੇ ਹਨ, ਇਸ ਦੇ ਇਕ ਸੌ ਦੇ ਲਗਪਗ ਨਾਮ ਸਨ। ਭਾਈ ਗੁਰਦਾਸ ਜੀ ਦਸਤਗੀਰ ਕਹਿ ਕੇ ਉਸ ਗੱਦੀ ਦੇ ਤਿਸ ਵੇਲੇ ਦੇ ਪੀਰ ਵੱਲ ਇਸ਼ਾਰਾ ਕਰ ਰਹੇ ਹਨ। ਇਹ ਗੱਦੀ ਹੁਣ ਤਕ ਬਗ਼ਦਾਦ ਵਿੱਚ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿੱਚ ਇਸ ਬਾਂਗ ਦੀ, ਜੋ ਗੁਰੂ ਬਾਬੇ ਨੇ ਦਿੱਤੀ ਸੀ, ਇਹ ਇਬਾਰਤ ਦੱਸੀ ਹੈ:- 'ਗੁਰਬਰ ਅਕਾਲ, ਸਤਿ ਸ੍ਰੀ ਅਕਾਲ, ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ, ਪ੍ਰਭ ਕ੍ਰਿਪਾਲ ਜੋ ਸਰਬ ਜੀਵਾਲ॥'

ਸਵੀਡਨ ਨਾਰਵੇ ਵਿੱਚ ਵਸਦੇ ਸੰਨਿਆਸੀ ਸ੍ਰੀ ਆਨੰਦਾਚਾਰਯਾ ਨੇ ਆਪਣੀ ਕਿਤਾਬ 'ਸਨੋ ਬਰਡਜ਼' (Snow Birds)| |ਵਿੱਚ ਇੱਕ ਕਵਿਤਾ ਲਿਖੀ ਹੈ ਜੋ ਉਹ ਲਿਖਦੇ ਹਨ ਕਿ ਬਗ਼ਦਾਦ ਸ਼ਹਿਰ ਦੇ ਬਾਹਰ ਵਾਰ ਇੱਕ ਮੰਦਰ ਵਿੱਚ ੯੧੨ ਹਿਜਰੀ ਦੇ ਇਕ ਅਰਬੀ ਦੇ ਖ਼ੁਤਬੇ (Inscription) ਨੂੰ ਪੜ੍ਹ ਕੇ ਅਸਾਂ ਲਿਖੀ ਹੈ। ਉਸ ਖ਼ੁਤਬੇ ਦੀ ਇਬਾਰਤ ਆਪ ਨੇ ਇਉਂ ਦੱਸੀ ਹੈ:-
"ਏਥੇ ਬਚਨ ਕੀਤੇ ਹਿੰਦੂ ਫਕੀਰ ਗੁਰੂ ਨਾਨਕ ਨੇ ਫਕੀਰ ਬੇਲੋਲ ਨਾਲ ਅਤੇ ਏਹ ਸੱਠ ਸਿਆਲੇ, ਜਦ ਤੋਂ ਕਿ ਗੁਰੂ ਜੀ ਈਰਾਨ (ਇਰਾਕ) ਤੋਂ ਵਾਪਸ ਚਲੇ ਗਏ, ਬੇਲੋਲ ਦੀ ਰੂਹ ਮਾਲਿਕ (ਭਾਵ ਗੁਰੂ ਨਾਨਕ) ਦੇ ਵਚਨਾਂ ਤੇ ਟਿਕੀ ਰਹੀ ਜਿਵੇਂ ਮਧੂ ਭਰੇ ਪਹੁ ਪ੍ਰਕਾਸ਼ ਨਾਲ ਚਮਕੇ ਗੁਲਾਬ ਉੱਤੇ ਸ਼ਹਿਦ ਦੀ ਮੱਖੀ ਟਿਕੀ ਹੁੰਦੀ ਹੈ।"
ਉਸ ਦੇ ਆਪਣੇ ਅੰਗਰੇਜ਼ੀ ਦੇ ਲਫਜ਼ ਇਉਂ ਸਨ:-

On reading an Arabic Inscription in a Shrine outside the town of Baghdad, dated 912 Hajira.

And ere he left this House of Ignorance he wrote these words upon the stone: "Here spake the Hindu Guru Nanak to Fakir Balol, and for these sixty winters, since the Guru left Iran, the soul of Balol, has rested on the Master's word like a bee poised on a dawn-lit honey-rose"

"ਬੇਲੋਲ ਗਾਲਬਨ ਬੇਲੋਲ ਦਾਨਾ ਦੀ ਗੱਦੀ ਦਾ ਜਾਨਸ਼ੀਨ ਸੀ, ਪਰ ਇਹ ਕੋਈ ਹੋਰ ਬੇਲੋਲ ਹੋਣਾ ਵਧੇਰੇ ਅਗ਼ਲਬ ਹੈ। ਪਰ ਇਸ ਵਿਸ਼ੇ ਪਰ ਖੋਜ ਦੀ ਲੋੜ ਹੈ ਤੇ ਉਸ ਥਾਂ ਦੀ ਵੀ ਖੋਜ ਦੀ ਲੋੜ ਹੈ, ਜਿੱਥੇ ਬੈਠ ਕੇ ਏਸ ਨਾਲ ਬਚਨ ਹੋਏ ਤੇ ਏਹ ਖ਼ੁਤਬਾ ਲੱਗਾ।

ਖਾਲਸਾ ਸਮਾਚਾਰ 4 ਜੁਲਾਈ 1918 ਵਿੱਚ ਲਿਖਿਆ ਹੈ ਕਿ "ਭਾਈ ਕਰਮ ਸਿੰਘ ਜੀ (ਹਿਸਟੋਰੀਅਨ) ਨੇ ਲੜਾਈ ਤੋਂ ਪਹਿਲਾਂ ਬਗ਼ਦਾਦ ਨੂੰ ਦੇਖਿਆ ਸੀ, ਉਨ੍ਹਾਂ ਨੇ ਅਬਦੁਲ ਕਾਦਰ ਗੀਲਾਨੀ ਦੇ ਦਰਵਾਜ਼ੇ ਤੋਂ ਬਾਹਰ, ਜੋ ਸ਼ਹਿਰ ਤੋਂ ਪੂਰਬੋਤਰ ਵੱਲ ਹੈ-ਇੱਥੇ ਗੁਰੂ ਨਾਨਕ ਸਾਹਿਬ ਜੀ ਨੇ ਰਿਹਾਇਸ਼ ਰੱਖੀ ਸੀ- ਦਾ ਪਤਾ ਦਿੱਤਾ ਸੀ।"

SikhBookClub.Com

"ਹੁਣ ਬਗ਼ਦਾਦ ਤੋਂ ਪਤਾ ਕਰਨ 'ਤੇ ਸਾਨੂੰ ਇੱਕ ਹੋਰ ਸੁੱਧ ਆਈ ਹੈ ਕਿ ਸ਼ਹਿਰੋਂ ਪੱਛੋਂ ਨੂੰ ਮੀਲ ਕੁ ਦੀ ਵਿੱਥ ਤੇ ਰੇਲਵੇ ਲਾਈਨ 'ਬਗ਼ਦਾਦ ਸਾਮੱਰਾ ਰੇਲਵੇ' ਦੇ ਲਾਗੇ ਇੱਕ ਨਿਸ਼ਾਨ ਅਜੇ ਤਕ ਕਾਇਮ ਹੈ, ਉੱਥੇ ਇਕ ਚਾਰਦੀਵਾਰੀ ਹੈ। ਜਿਸ ਦੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਥੜ੍ਹਾ ਹੈ। ਜਿਸ ਥੜ੍ਹੇ ਦੇ ਉਪਰ ਇਕ ਬਾਰੀ ਹੈ ਤੇ ਉਸ ਬਾਰੀ ਵਿੱਚ ਪੱਥਰ ਪਰ ਉਕਰਿਆ ਇਕ ਖ਼ੁਤਬਾ ਲੱਗਾ ਹੋਇਆ ਹੈ।

"ਇਸ ਵਿੱਚ ਲੱਗੇ ਖ਼ੁਤਬੇ ਦੀਆਂ ਫੋਟੋਆਂ ਕਈ ਸੱਜਣ ਲਿਆਏ ਹਨ, ਜੋ ਠੀਕ ਪੜ੍ਹੀਆਂ ਨਹੀਂ ਜਾਂਦੀਆਂ, ਅਸਾਂ ਨੇ ਇਸ ਦੀ ਤਾਜ਼ੀ ਫੋਟੋ ਤੇ ਨਕਲ ਬਗ਼ਦਾਦ ਤੋਂ ਮੰਗਾਈ ਹੈ। ਇਹ ਖ਼ੁਤਬਾ ਰਲੀ ਹੋਈ ਤੁਰਕੀ ਤੇ ਅਰਬੀ ਜ਼ਬਾਨ ਵਿੱਚ ਹੈ, ਇਸ ਖ਼ੁਤਬੇ ਦੀ ਇਬਾਰਤ ਦਾ ਉਰਦੂ ਤਰਜਮਾ ਇਹ ਹੈ:- "(ਜਬ) ਮੁਰਾਦ ਨੇ ਦੇਖੀ ਗਿਰੀ ਹੂਈ ਹਜ਼ਰਤ ਰੱਬਿ ਮਜੀਦ 'ਬਾਬਾ ਨਾਨਕ ਔਲੀਆ ਅੱਲਾ' ਕੀ ਇਮਾਰਤ ਤੋ ਨਈ ਅਪਨੇ ਹਾਥੋਂ ਕੀ ਮਦਦ ਸੇ ਬਨਾਈ ਤਾਕਿ ਤਾਰੀਖ ਕੇ ਤੌਰ ਪਰ ਪੁਸ਼ਤ ਦਰ ਪੁਸ਼ਤ ਕਾਇਮ ਰਹੇ ਔਰ ਉਸ ਕੇ ਨੇਕ ਬਖ਼ਤ ਮੁਰੀਦ ਕਾ ਸ੍ਵਾਬ ਜਾਰੀ ਰਹੇ। ਸੰਨ ੯੧੭ ਹਿ:।"

"ਸਵਾਮੀ ਆਨੰਦਾਚਾਰਯਾ ਨੇ ਜੋ ਖ਼ੁਤਬਾ ਪੜ੍ਹਿਆ, ਉਹ ਅਰਬੀ ਦਾ ਦੱਸਦੇ ਹਨ ਤੇ ਉਸ ਵਿੱਚ ਉਨ੍ਹਾਂ ਸੰਨ 912 ਹਿਜਰੀ ਪੜ੍ਹਿਆ ਹੈ ।"

"ਅਜੇ ਤਕ ਪੜ੍ਹਾ ਨਹੀਂ ਲੱਗਾ ਕਿ ਉਹ ਖ਼ੁਤਬਾ ਕਿੱਥੇ ਹੈ? ਹੈ ਜਾਂ ਕਿਤੇ ਢੈ-ਡਿੱਗ ਪਿਆ ਹੈ। ਯਾ ਉਨ੍ਹਾਂ ਨੇ ਇਹੋ ਖ਼ੁਤਬਾ ਦੇਖਿਆ ਸੀ ਤੇ ਹਿਜਰੀ ਸੰਮਤ 917 ਦਾ 912 ਉਨ੍ਹਾਂ ਨੇ ਪੜ੍ਹ ਲਿਆ ਸੀ। ਹਰ ਹਾਲ, ਗੁਰੂ ਨਾਨਕ ਦੇਵ ਜੀ ਦੀ ਉਮਰ 912 ਹਿਜਰੀ ਵਿੱਚ 36, 917 ਹਿ: ਵਿੱਚ 41, 927 ਹਿ: ਵਿੱਚ 51 ਸਾਲ ਦੀ ਸੀ। ਸੰਭਵ ਹੈ ਕਿ ਗੁਰੂ ਜੀ 913 ਤੋਂ 917 ਤਕ ਪੰਜ ਬਰਸ ਬਗ਼ਦਾਦ ਤੇ ਮੱਕੇ ਦੇ ਸੈਲੇ (ਸੈਰ) ਵਿੱਚ ਰਹੇ ਹੋਣ (ਭਾਵ ਸੈਰ ਕਰਨ ਵਿੱਚ ਮਸਰੂਫ ਰਹੇ ਹੋਣ)। 912 ਵਿੱਚ ਬੈਲੋਲ ਨੂੰ ਤੇ 917 ਵਿੱਚ ਦਸਤਗੀਰ ਨੂੰ ਕਿਰਤਾਰਥ ਕੀਤਾ ਹੋਵੇ। ਖੋਜ ਦੀ ਲੋੜ ਹੈ।

"ਇਸ ਖ਼ੁਤਬੇ ਦਾ ਚਾਹੋ ਅਰਥ ਕੋਈ ਠੀਕ ਹੋਵੇ ਤੇ ਕਿਵੇਂ ਹੋਵੇ ਪਰ ਇਸ ਤੋਂ ਇਕ ਹੋਰ ਬਾਹਰਲੀ ਉਗਾਹੀ ਮਿਲ ਗਈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਓਥੇ ਜ਼ਰੂਰ ਗਏ ਹਨ ਅਰ ਓਥੇ ਮੁਸਲਮਾਨੀ ਕੇਂਦਰ ਵਿੱਚ ਜਿੱਥੇ ਹਿੰਦੂ ਦਾ ਨਾਮ ਲੈਣਾ ਗਰਦਨਜ਼ਨੀ ਹੁੰਦਾ ਸੀ, ਓਥੇ ਆਪ ਨੇ ਇਤਨੀ ਕਦਰ ਪਾਈ ਕਿ ਓਹਨਾਂ ਲਈ ਯਾਦਗਾਰ ਬਣਾਈ ਗਈ। ਫਿਰ ਓਥੇ ਉਹਨਾਂ ਦਾ ਸਤਿਕਾਰ ਐਤਨਾ ਸੀ ਕਿ ਉਸ ਇਮਾਰਤ ਦੇ ਕਿਸੇ ਕਾਰਣ ਮਿਸਮਾਰ ਹੋ ਜਾਣ ਤੇ ਮੁਰਾਦ (ਗ਼ਾਲਬਨ ਸੁਲਤਾਨ ਮੁਰਾਦ ੩) ਨੇ ਦੁਬਾਰਾ ਯਾਦਗਾਰ ਖੜ੍ਹੀ ਕੀਤੀ ਅਰ ਐਸਾ ਕਰਨ ਨੂੰ ਉਸ ਨੇ ਪੁੰਨ ਮੰਨਿਆ ਤੇ ਪੁਸ਼ਤ ਦਰ ਪੁਸ਼ਤ ਇਸ ਯਾਦਗਾਰ ਦੀ ਕਾਇਮੀ ਨੂੰ ਉਸ ਨੇ ਆਪਣੇ ਧੰਨਭਾਗ ਸਮਝੇ। ਮੁਸਲਮਾਨੀ ਦੀਨ ਦੇ ਮਰਕਿਜ਼ ਵਿੱਚ ਪੰਜ ਸਦੀਆਂ ਇਸ ਯਾਦਗਾਰ ਦਾ ਕਾਇਮ ਰਹਿਣਾ, ਉਹ ਗਗਨੀ ਸਿਤਾਰਾ ਹੈ ਜੋ ਸਤਿਗੁਰੂ ਜੀ ਦੇ ਓਥੇ ਜਾਣ, ਦਿਗਬਿਜੈ ਕਰਨ, ਅਰ ਅਲੌਕਿਕ ਸਤਿਕਾਰ ਪ੍ਰਾਪਤ ਕਰਨ ਦੀ ਉਗਾਹੀ ਭਰ ਰਿਹਾ ਹੈ। ਸਾਡੇ ਲਈ ਤਾਂ ਭਾਈ ਗੁਰਦਾਸ ਜੀ ਦੀ ਉਗਾਹੀ ਹੀ ਕਾਫੀ ਹੈ, ਏਹ ਅਸਾਂ ਬਾਹਰਲੇ ਸਬੂਤ ਦਿਖਾਏ ਹਨ, ਜੋ ਮਿਲੇ ਹਨ। ਇਸ ਉਪਰ ਦਿੱਤੇ ਤਰਜਮੇ ਪਰ ਵੀ ਕੁਛ ਰਾਇ ਦਾ ਫਰਕ ਹੈ:

"ਇਸ ਤੋਂ ਮਗਰੋਂ ਵਿਸ਼ੇਸ਼ ਖੋਜ ਕਰਨ 'ਤੇ ਪਤਾ ਲੱਗਾ ਹੈ ਕਿ ਇਕ ਤਰਜਮਾ ਹੋਰ, ਇਸੇ ਖ਼ੁਤਬੇ ਦਾ ਐਉਂ ਹੈ:- "ਦੇਖੀ ਜਿਸ ਨੇ ਹਜ਼ਰਤ ਬਾਬਾ ਨਾਨਕ ਫ਼ਕੀਰ ਦੀ ਦਰਗਾਹ,

SikhBookClub.Com

ਰੱਬ ਮਜੀਦ ਨੇ ਉਸ ਨੂੰ ਉਸ ਦੇ ਦਿਲ ਦੀ ਮੁਰਾਦ ਦਿੱਤੀ ਤੇ ਸੱਤਾਂ (ਅਸਮਾਨਾਂ ਦੇ ਫ਼ਰਿਸ਼ਤਿਆਂ ਨੇ ਉਸ ਦੀ) ਮਦਦ ਕੀਤੀ, ਤੇ ਇਹ ਉਸ (ਇਮਾਰਤ) ਦੀ ਤਾਰੀਖ ਨਿਕਲੀ ਕਿ "ਫੈਜ਼ ਦਾ ਚਸ਼ਮਾ (ਆਪਣੇ) ਨੇਕ ਬਖਤ ਮੁਰੀਦਾਂ ਲਈ ਜਾਰੀ ਕਰ ਦਿੱਤਾ।"

ਤੇ ਇਕ ਹੋਰ ਤਰਜਮਾ ਐਉਂ ਹੈ:-

"ਵੇਖੋ ਹਜ਼ਰਤ ਰੱਬ ਮਜੀਦ ਨੇ ਕਿਵੇਂ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਇਮਾਰਤ ਅਚਨਚੇਤ ਨਵੀਂ ਬਣ ਗਈ। ਸੱਤਾਂ ਪੀਰਾਂ ਨੇ ਮਦਦ ਕੀਤੀ ਤੇ ਇਹ ਇਸ ਦੀ ਤਾਰੀਖ ਨਿਕਲੀ ਕਿ (ਉਸ ਦੇ) ਨੇਕ ਬਖਤ ਮੁਰੀਦ ਦੀ ਰਵਾਯਤ ਨਾਲ ਧਰਤੀ ਤੇ ਪੂਜਨੀਕ ਥਾਂ ਕਾਇਮ ਹੋ ਗਈ।" ਇਸ ਖੁਤਬੇ ਦੀ ਇਬਾਰਤ ਅਰਬੀ, ਫਾਰਸੀ ਤੇ ਤੁਰਕੀ ਮਿਲੀ ਹੋਈ ਹੋਣ ਕਰਕੇ ਅਰਥ ਕਰਨ ਵਿੱਚ ਬੜੀ ਦਿੱਕਤ ਪੇਸ਼ ਆਉਂਦੀ ਹੈ, ਇਸ ਦੀ ਤੀਜੀ ਸਤਰ ਦਾ ਪਾਠ ਹੈ: "ਯਦੀ ਲਰ ਇਮਦਾਦ ਐਦੁਬ ਕਿਲਦੀ ਕਿ ਤਾਰੀਖੇਨਾ।" ਇਸ ਦੇ ਮੁੱਢਲਾ ਪਦ 'ਯਦੀ' ਤੁਰਕੀ ਹੈ ਤੇ ਅਰਥ ਇਸ ਦਾ ਸੱਤ ਹੈ ਤੇ ਸੱਤਾਂ ਨੇ ਮਦਦ ਕੀਤੀ ਦਾ ਭਾਵ-ਅਰਥ ਕਈ ਲੈਂਦੇ ਹਨ ਕਿ ਸੱਤਾਂ ਪੀਰਾਂ ਨੇ ਮਦਦ ਕੀਤੀ ਜਾਂ ਸੱਤਾਂ ਅਸਮਾਨਾਂ ਦੇ ਫਰਿਸ਼ਤਿਆਂ ਨੇ ਮਦਦ ਕੀਤੀ ਜਾਂ ਸੱਤਾਂ ਜ਼ਿਮੀਨਾਂ ਤੇ ਸੱਤਾਂ ਅਸਮਾਨਾਂ ਨੇ ਮਦਦ ਕੀਤੀ।" "ਇਸੇ ਸਤਰ ਦੇ ਅੰਤਲੇ ਪਦ ਤਾਰੀਖੇਨਾ ਤੋਂ ਪਤਾ ਲੱਗਦਾ ਹੈ ਕਿ ਅਗਲੀ ਸਤਰ ਵਿੱਚ ਤਾਰੀਖ ਅਥਵਾ ਸੰਮਤ ਹੈ, ਅਗਲੀ ਚੌਥੀ ਸਤਰ ਦਾ ਪਾਠ ਹੈ: "ਯਾਪਦੀ ਨਵਾਬ ਅਜਰਾ ਯਰਹ ਅਬੀ ਮੁਰੀਦ ਸਈਦ।" ਅਬਜਦ ਦੇ ਹਿਸਾਬ ਨਾਲ ਇਨ੍ਹਾਂ ਪਦਾਂ ਦੀ ਗਿਣਤੀ ਤਰਤੀਬਵਾਰ 27+59+205+215+13+254+144=917 ਬਣਦੀ ਹੈ, ਜੋ ਖੁਤਬੇ ਦੇ ਹੇਠ ਲਿਖੇ ਸੰਮਤ ਨਾਲ ਮਿਲਦੀ ਹੈ" ।(*36)

ਇਰਾਕ ਦੇ ਦੱਖਣ ਵਿਚ ਹੁਣ ਤਕ 'ਅਲ ਸਬੀਆ', 'ਸਬੀਅਨ' ਜਾਂ 'ਸੁਬੀ' ਲੋਕ ਵਸਦੇ ਹਨ ।(*37) ਜੋ ਆਪਣੇ ਆਪ ਨੂੰ ਨਾਨਕ ਦੇ ਨਾਮ ਲੇਵਾ ਦੱਸਦੇ ਹਨ । ਇਹ ਦਾੜ੍ਹੀਆਂ ਤੇ ਕੇਸ ਰੱਖਦੇ ਹਨ ਅਤੇ ਗਲੇ ਵਿਚ ਗੁਰੂ ਨਾਨਕ ਦੀ ਤਸਵੀਰ ਲਟਕਾਉਂਦੇ ਹਨ । ਇਹ ਜ਼ਿਆਦਾਤਰ ਸੁਨਿਆਰੇ ਹਨ । ਇਹ ਲੋਕ ਆਪਣੇ ਆਪ ਨੂੰ ਮੁਸਲਮਾਨ ਨਹੀਂ ਕਹਾਉਂਦੇ ਅਤੇ ਨਾ ਹੀ ਹੋਰ ਇਰਾਕ ਦੇ ਲੋਕ, ਇਨ੍ਹਾਂ ਨੂੰ ਮੁਸਲਮਾਨ ਸਮਝਦੇ ਹਨ ।(*38)

ਗੁਰੂ ਨਾਨਕ ਸਾਹਿਬ ਕੁਝ ਸਮਾਂ ਬਗ਼ਦਾਦ ਵਿਚ ਰਹਿ ਕੇ ਫੇਰ ਅੱਗੇ ਵੱਲ ਚੱਲ ਗਏ ।

ਖ. 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਸੂਫੀ ਸੰਤਾਂ ਆਦਿ ਦੇ ਹਵਾਲੇ

ਸੂਫ਼ੀ ਫ਼ਕੀਰ

(1) ਅਬਦੁਲ ਕਾਦਰ ਗੀਲਾਨੀ (ਸ਼ੇਖ਼): ਸ਼ੇਖ ਅਬਦੁਲ ਕਾਦਰ ਗੀਲਾਨੀ ਦਾ ਦੂਸਰਾ ਨਾਂ ਪੀਰ ਦਸਤਗੀਰ ਅਤੇ ਗੌਂਸਇ-ਆਜ਼ਮ ਮਹੀਉਦੀਨ ਸੀ। ਇਨ੍ਹਾਂ ਦੇ ਨਾਂ ਨਾਲ ਕਈ ਕਰਾਮਾਤਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਦਾ ਜਨਮ ਗੀਲਾਨ (ਈਰਾਨ) ਵਿੱਚ 1078 ਈ: ਵਿੱਚ ਅਤੇ ਦੇਹਾਂਤ 22 ਫਰਵਰੀ 1166 ਈ: ਵਿੱਚ ਹੋਇਆ। ਇਨ੍ਹਾਂ ਦਾ ਮਜ਼ਾਰ ਬਗ਼ਦਾਦ ਵਿੱਚ ਹੈ। ਇਹ 'ਕਾਦਰੀ' ਸੂਫ਼ੀ ਫ਼ਿਰਕੇ ਦੇ ਬਾਨੀ ਮੰਨੇ ਜਾਂਦੇ ਹਨ। ਇਨ੍ਹਾਂ ਦੇ ਬਾਰੇ ਰੱਬੀ ਗਿਆਨ ਦੀਆਂ ਕਈ

SikhBookClub.Com

ਪੁਸਤਕਾਂ ਪਹਿਲਾਂ ਵੀ ਲਿਖੀਆਂ ਮਿਲਦੀਆਂ ਹਨ[*39]। ਇਨ੍ਹਾਂ ਦੇ ਮਜ਼ਾਰ 'ਤੇ ਸੱਤਾਂ-ਮੁਨਾਰਿਆਂ ਵਾਲੀ ਮਸਜਿਦ ਹੈ, ਜੋ ਉਨ੍ਹਾਂ ਦੇ ਗੱਦੀਨਸ਼ੀਨ ਪੁੱਤਰ ਨੇ ਬਣਵਾਈ ਸੀ। ਸ਼ੇਖ਼ ਅਬਦੁਲ ਕਾਦਰ ਗੀਲਾਨੀ ਦੇ ਉੱਤਰ-ਅਧਿਕਾਰੀਆਂ ਨੂੰ 'ਪੀਰ ਦਸਤਗੀਰ' ਕਿਹਾ ਜਾਂਦਾ ਹੈ। ਗੁਰੂ ਨਾਨਕ ਜੀ ਦੇ ਸਮੇਂ ਜੋ ਸ਼ੇਖ਼ ਅਬਦੁਲ ਕਾਦਰ ਗੀਲਾਨੀ ਦੇ ਮਜ਼ਾਰ 'ਤੇ ਸੀ, ਉਸ ਦਾ ਨਾਂ ਵੀ ਜਨਮਸਾਖੀਆਂ ਵਿੱਚ ਪੀਰ ਦਸਤਗੀਰ ਹੀ ਲਿਖਿਆ ਹੋਇਆ ਹੈ। ਭਾਈ ਗੁਰਦਾਸ ਜੀ ਨੇ ਵਾਰ ਪਹਿਲੀ, ਪਉੜੀ ਪੈਂਤੀਵੀਂ ਵਿੱਚ ਪੀਰ ਦਸਤਗੀਰ ਦਾ ਕਥਨ ਕੀਤਾ ਹੈ ਅਤੇ ਭਾਈ ਸੰਤੋਖ ਸਿੰਘ ਨੇ ਵੀ ਪੀਰ ਦਸਤਗੀਰ ਉਦਾਰ ਅੰਕਿਤ ਕੀਤਾ ਹੈ। ਵੇਖੋ ਅਧਿਆਇ 34, ਉਤਰਾਰਧ, ਭਾਗ ਦੂਜਾ।

(2) **ਬਹਾਉੱਦੀਨ ਜ਼ਕਰੀਆ:** ਇਹ 'ਮੁਲਤਾਨ ਸ਼ਹਿਰ' ਦੇ ਵਸਨੀਕ ਸਨ। ਇਨ੍ਹਾਂ ਦਾ ਜਨਮ ਕੋਟ-ਕਰੋਰ, ਜ਼ਿਲ੍ਹਾ ਮੁਲਤਾਨ (ਪਾਕਿਸਤਾਨ) ਵਿੱਚ 1170 ਈ: ਨੂੰ ਹੋਇਆ। ਇਹ 'ਕੁਤਬਦੀਨ ਮੁਹੰਮਦ' ਦੇ ਪੁੱਤਰ ਅਤੇ 'ਜਮਾਲਉਦੀਨ ਕੁਰੈਸ਼ੀ' ਦੇ ਪੋਤਰੇ ਸਨ। ਧਾਰਮਕ-ਵਿੱਦਿਆ ਪ੍ਰਾਪਤ ਕਰਨ ਪਿੱਛੋਂ ਇਹ ਬਗ਼ਦਾਦ ਚਲੇ ਗਏ ਤੇ 'ਸ਼ੇਖ਼ ਸ਼ਹਾਬਉੱਦੀਨ ਸੁਹਰਾਵਰਦੀ' ਦੇ ਮੁਰੀਦ ਬਣ ਗਏ। ਉਸ ਪਿੱਛੋਂ ਮੁਲਤਾਨ ਵਾਪਸ ਆ ਗਏ ਅਤੇ ਇੱਥੇ ਆ ਕੇ 'ਸ਼ੇਖ਼ ਫ਼ਰੀਦੁਦੀਨ ਸ਼ੱਕਰਗੰਜ' ਨਾਲ ਇਨ੍ਹਾਂ ਦੀ ਗੂੜ੍ਹੀ ਮਿੱਤਰਤਾ ਹੋ ਗਈ। ਬਹਾਉਦੀਨ ਜ਼ਕਰੀਆ ਦਾ ਦਿਹਾਂਤ 7 ਨਵੰਬਰ 1266 ਈ: ਨੂੰ ਮੁਲਤਾਨ ਵਿੱਚ ਹੀ ਹੋਇਆ। ਇਨ੍ਹਾਂ ਦੀ ਬਹੁਤ ਮਾਨਤਾ ਸੀ ਤੇ ਕਰਨੀ ਵਾਲੇ ਸੂਫੀ ਮੰਨੇ ਜਾਂਦੇ ਸਨ। ਇਨ੍ਹਾਂ ਨੇ ਆਪਣੇ ਜਾਨਸ਼ੀਨਾਂ ਵਾਸਤੇ ਬਹੁਤ ਦੌਲਤ ਛੱਡੀ[*40]।

ਸ਼ੇਖ਼ ਬਹਾਉੱਦੀਨ ਮਖ਼ਦੂਮ, ਜੋ ਕਿ ਗੁਰੂ ਨਾਨਕ ਦੇਵ ਜੀ ਦੇ ਵੇਲੇ 'ਸ਼ੇਖ਼ ਬਹਾਉਦੀਨ ਜ਼ਕਰੀਆ' ਦੀ ਗੱਦੀ 'ਤੇ ਬੈਠੇ ਹੋਏ ਸਨ, ਉਹ ਮਖ਼ਦੂਮ ਸ਼ੇਖ਼ ਯੂਸਫ਼ ਦੇ ਪੋਤੇ ਸਨ। 'ਆਇਨੇ-ਅਕਬਰੀ' ਅਨੁਸਾਰ ਮੁਲਤਾਨ ਦੇ ਇਸ ਕੁਰੈਸ਼ੀ ਘਰਾਣੇ ਵਿੱਚੋਂ ਕੇਵਲ ਸ਼ੇਖ਼ ਯੂਸਫ਼ ਨੇ ਹੀ ਮੁਲਤਾਨ 'ਤੇ 17 ਸਾਲ ਰਾਜ ਕੀਤਾ। ਇਸ ਦਾ ਦਿਹਾਂਤ ਬਹਿਲੋਲ ਲੋਧੀ ਦੇ ਰਾਜ ਦੇ ਅਰੰਭ ਵਿੱਚ ਹੋਇਆ। ਸ਼ੇਖ਼ ਬਹਾਉੱਦੀਨ, ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ[*41]। ਜਨਮਸਾਖੀਆਂ ਵਿੱਚ ਇਸ ਨੂੰ 'ਮਖਦੂਮ ਬਹਾਵਦੀ' ਕਰਕੇ ਲਿਖਿਆ ਹੈ[*42]। ਗੁਰੂ ਨਾਨਕ ਦੇਵ ਜੀ ਦੀ 'ਸ਼ੇਖ਼ ਬਹਾਉੱਦੀਨ ਮਖ਼ਦੂਮ' ਨਾਲ ਗੱਲਬਾਤ ਮੁਲਤਾਨ ਵਿੱਚ ਹੋਈ।

'ਰੁਕਓਲਦੀਨ ਅਬੁਲ ਫਤਾ' 'ਬਹਾਵਲ ਹੱਕ' ਦੇ ਪੋਤਰੇ ਸਨ। ਜਦੋਂ 'ਇਬਨ ਬਤੋਤਾ' 1334 ਈਸਵੀ ਵਿੱਚ ਮੁਲਤਾਨ ਆਇਆ ਤਾਂ ਉਸ ਸਮੇਂ ਇਹ ਮੁਲਤਾਨ ਵਿੱਚ ਰਹਿੰਦੇ ਸਨ। ਇਹ 'ਸ਼ੇਖ਼ ਨਿਜ਼ਾਮਉੱਦੀਨ ਔਲੀਆ' ਦੇ ਸਮਕਾਲੀ ਸਨ। "ਓਰੀਐਂਟਲ ਬਾਇਓਗ੍ਰਾਫ਼ੀਕਲ ਡਿਕਸ਼ਨਰੀ" ਅਨੁਸਾਰ 'ਸ਼ੇਖ਼ ਜਲਾਲ ਮਖਦੂਮ-ਇ-ਜਹਾਨੀਆ' ਇਨ੍ਹਾਂ ਦੇ ਮੁਰੀਦ ਸਨ। ਇਨ੍ਹਾਂ ਦਾ ਮਜ਼ਾਰ ਮੁਲਤਾਨ ਦੇ ਕਿਲ੍ਹੇ ਦੇ ਦੱਖਣ-ਪੱਛਮ ਵੱਲ ਹੈ[*43]। ਭਾਈ ਸੰਤੋਖ ਸਿੰਘ ਜੀ ਨੇ ਇਨ੍ਹਾਂ ਨੂੰ ਪੀਰ ਬਹਾਵਲੀ ਕਰਕੇ ਲਿਖਿਆ ਹੈ (ਵੇਖੋ, ਅਧਿਆਇ 37, ਅੰਕ 31)। ਇਸ ਅਧਿਆਇ ਵਿੱਚ ਪੀਰ ਰੁਕਨਦੀਨ ਦੀ ਗੁਰੂ ਨਾਨਕ ਸਾਹਿਬ ਨਾਲ ਵਾਰਤਾਲਾਪ ਲਿਖੀ ਹੈ।

(3) **ਸ਼ੇਖ਼ ਫਰੀਦ ਸ਼ੱਕਰਗੰਜ (ਫ਼ਰੀਦਓਦੀਨ ਸ਼ੇਖ਼):** ਇਹ ਬੜੀ ਮਾਨਤਾ ਵਾਲੇ ਮੁਸਲਮਾਨ ਸੂਫ਼ੀ ਫ਼ਕੀਰ ਹੋਏ ਹਨ, ਜਿਨ੍ਹਾਂ ਨੂੰ 'ਸ਼ੱਕਰਗੰਜ' ਵਜੋਂ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਮੂੰਹ ਵਿੱਚ ਮਿੱਟੀ ਵੀ ਖੰਡ ਬਣ ਜਾਂਦੀ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਸ਼ੇਖ਼

SikhBookClub.Com

ਜਲਾਲੁੱਦੀਨ ਸੁਲੇਮਾਨ ਸੀ, ਜੋ ਕਾਬਲ ਦੇ ਫ਼ੱਰਖ਼ਸ਼ਾਹ ਦੇ ਖਾਨਦਾਨ ਵਿੱਚੋਂ ਸਨ।

ਫ਼ਰੀਦ ਸ਼ੱਕਰਗੰਜ, ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਮੁਰੀਦ ਸਨ ਅਤੇ ਸ਼ੇਖ਼ ਬਹਾਉੱਦੀਨ ਜ਼ਕਰੀਆ ਦੇ ਸਮਕਾਲੀ ਸਨ। ਇਨ੍ਹਾਂ ਦਾ ਜਨਮ 1173 ਈ: ਨੂੰ ਹੋਇਆ ਤੇ ਦੇਹਾਂਤ 17 ਅਕਤੂਬਰ 1266 ਈ: ਨੂੰ ਹੋਇਆ।(*44) ਇਨ੍ਹਾਂ ਦਾ ਮਜ਼ਾਰ ਅਜੋਧਨ ਵਿੱਚ ਹੈ, ਜਿਸ ਨੂੰ ਪਾਕਪਟਨ ਕਿਹਾ ਜਾਂਦਾ ਹੈ। ਇਨ੍ਹਾਂ ਦੀ ਬਰਸੀ 'ਤੇ ਹਰ ਸਾਲ ਉਰਸ ਮਨਾਇਆ ਜਾਂਦਾ ਹੈ, ਜਿੱਥੇ ਦੂਰੋਂ-ਦੂਰੋਂ ਲੋਕ ਜ਼ਿਆਰਤ ਕਰਨ ਆਉਂਦੇ ਹਨ(*45)।

ਸ਼ੇਖ਼ ਇਬਰਾਹੀਮ, ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ੇਖ਼ ਫਰੀਦ ਸ਼ੱਕਰਗੰਜ ਦੀ ਗੱਦੀ 'ਤੇ ਬੈਠੇ ਸਨ, ਜਿਨ੍ਹਾਂ ਨੂੰ 'ਫ਼ਰੀਦ ਸਾਨੀ' ਵੀ ਕਿਹਾ ਜਾਂਦਾ ਹੈ।ਗੁਰੂ ਨਾਨਕ ਜੀ ਇਨ੍ਹਾਂ ਨੂੰ ਮਿਲਣ ਲਈ ਪਾਕਪਟਨ ਗਏ ਸਨ ਅਤੇ ਉਨ੍ਹਾਂ ਨਾਲ ਹੋਈ ਗੱਲਬਾਤ ਦਾ ਸਾਰ ਪੁਰਾਤਨ ਜਨਮਸਾਖੀ ਵਿੱਚ ਦਿੱਤਾ ਹੈ। ਸ਼ੇਖ਼ ਇਬਰਾਹੀਮ ਨੂੰ ਪੁਰਾਤਨ ਜਨਮਸਾਖੀ ਵਿੱਚ 'ਸ਼ੇਖ਼ ਬ੍ਰਹਮ' ਵੀ ਲਿਖਿਆ ਹੈ(*46)। ਭਾਈ ਸੰਤੋਖ ਸਿੰਘ ਜੀ ਨੇ ਅਧਿਆਇ 33 ਵਿੱਚ, ਇਨ੍ਹਾਂ ਦੀ ਗੁਰੂ ਨਾਨਕ ਸਾਹਿਬ ਨਾਲ ਹੋਈ ਲੰਮੀ ਵਾਰਤਾਲਾਪ ਲਿਖੀ ਹੈ।

(4) ਸ਼ੇਖ਼ ਨਿਜਾਮੁਦੀਨ ਔਲੀਆ : ਇਹ ਸ਼ੇਖ਼ ਫ਼ਰੀਦੁਦੀਨ ਸ਼ੱਕਰਗੰਜ ਦੇ ਉੱਘੇ ਮੁਰੀਦ ਸਨ। ਇਨ੍ਹਾਂ ਨੂੰ ਸੁਲਤਾਨ-ਉਲ-ਸ਼ੇਖ਼ ਕਿਹਾ ਜਾਂਦਾ ਹੈ। ਇਨ੍ਹਾਂ ਦਾ ਜਨਮ 'ਬਦਾਈਉਂ'(*47) ਵਿੱਚ 1236 ਈ: ਨੂੰ ਹੋਇਆ ਅਤੇ ਦੇਹਾਂਤ 1326 ਈ: ਨੂੰ ਦਿੱਲੀ ਵਿੱਚ ਹੋਇਆ।ਇੱਥੇ ਇਨ੍ਹਾਂ ਦਾ ਮਜ਼ਾਰ ਹੈ, ਜਿੱਥੇ ਅਜੇ ਵੀ ਅਨੇਕਾਂ ਮੁਸਲਮਾਨ ਜ਼ਿਆਰਤ ਕਰਨ ਆਉਂਦੇ ਹਨ। ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਅੱਗੇ ਪੀਰ ਨਿਜ਼ਾਮੁਦੀਨ ਦੇ ਗੱਦੀਨਸ਼ੀਨ ਦੀ ਬੇਨਤੀ ਨੂੰ ਅੰਕ 40, ਅਧਿਆਇ 21 ਵਿੱਚ ਲਿਖਿਆ ਹੈ:

ਪੀਰ ਨਿਜ਼ਾਮਦੀਨ ਕਰ ਜੋਰੀ। ਬੋਲਜੋ ਹੈ ਕਰ ਦੀਨ ਬਹੋਰੀ। ॥ ੩੯॥
'ਸਭ ਹੀ ਸ਼ਰਨ ਤੁਮਾਰੀ ਆਏ। ਅਬ ਪੁਨਿ ਕੁੰਚਰ ਦੇਹੁ ਜਿਵਾਏ।
ਤਵ ਖੁਦਾਇ ਮੈਂ ਭੇਦ ਨ ਕੋਊ। ਚਹਹੁ ਜੁ ਉਰ ਮਹਿਂ ਕਰ ਹੋ ਸੋਊ॥ ੪੦॥

(5) ਸ਼ੇਖ਼ ਜਲਾਲ ਬੁਖ਼ਾਰੀ: ਸ਼ੇਖ਼ ਜਲਾਲ ਬੁਖ਼ਾਰੀ, ਜਿਨ੍ਹਾਂ ਨੂੰ ਮਖ਼ਦੂਮ ਜਹਾਨੀਆ ਜਹਾਂਗਸ਼ਤ ਕਿਹਾ ਜਾਂਦਾ ਹੈ, ਮੁਲਤਾਨ ਦੇ ਇਲਾਕੇ ਦੇ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਇਨ੍ਹਾਂ ਦੇ ਪਿਤਾ ਦਾ ਨਾਂ ਸੱਯਦ ਅਹਿਮਦ ਕਬੀਰ ਸੀ ਤੇ ਦਾਦੇ ਦਾ ਨਾਂ ਸੱਯਦ ਜਲਾਲ ਬੁਖ਼ਾਰੀ ਸੀ। ਸ਼ੇਖ਼ ਜਲਾਲ ਰੁਕਨੁੱਦੀਨ ਅਬੁਲ-ਫ਼ੱਤਾ ਜੋ ਸ਼ੇਖ਼ ਬਹਾਉੱਦੀਨ ਜ਼ਕਰੀਆ ਦਾ ਪੋਤਾ ਸੀ, ਦੇ ਮੁਰੀਦ ਸਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਸਾਰੀ ਦੁਨੀਆ ਦਾ ਸਫ਼ਰ ਕੀਤਾ, ਜਿਸ ਕਰਕੇ ਇਨ੍ਹਾਂ ਨੂੰ ਜਹਾਂ-ਗਸ਼ਤ ਕਿਹਾ ਜਾਂਦਾ ਹੈ। ਇਨ੍ਹਾਂ ਨੇ ਮੱਕੇ ਦੀ ਜ਼ਿਆਰਤ ਸੱਤ ਵਾਰ ਕੀਤੀ ਤੇ ਉੱਥੋਂ ਇੱਕ ਪੱਥਰ ਲੈ ਕੇ ਆਏ, ਜਿਸ ਉੱਪਰ ਹਜ਼ਰਤ ਮੁਹੰਮਦ ਦੇ ਪੈਰਾਂ ਦੇ ਨਿਸ਼ਾਨ ਸਨ। ਇਹ ਪੱਥਰ ਉਨ੍ਹਾਂ ਨੇ ਆਪਣੇ ਮੁਰੀਦ ਬਾਦਸ਼ਾਹ ਫ਼ਿਰੋਜ਼ਸ਼ਾਹ ਤੁਗ਼ਲਕ ਨੂੰ ਦਿੱਤਾ ਸੀ।

ਸ਼ੇਖ਼ ਜਲਾਲ ਦਾ ਜਨਮ 8 ਫਰਵਰੀ 1308 ਈ: ਨੂੰ ਹੋਇਆ ਤੇ ਦਿਹਾਂਤ 1384 ਈ: ਨੂੰ ਹੋਇਆ। ਉਨ੍ਹਾਂ ਦਾ ਮਜ਼ਾਰ ਉੱਚ ਅਸਥਾਨ (ਪੁਰਾਣੀ ਰਿਆਸਤ ਬਹਾਵਲਪੁਰ) ਮੁਲਤਾਨ ਵਿੱਚ ਸਥਿਤ ਹੈ। ਉਨ੍ਹਾਂ ਦੇ ਮਜ਼ਾਰ 'ਤੇ ਫ਼ਾਰਸੀ ਵਿੱਚ ਸ਼ਿਲਾਲੇਖ ਉਕਰੀ ਹੋਈ ਹੈ, ਜਿਸ ਦੀ

SikhBookClub.Com

ਜ਼ਿਆਰਤ ਕਰਨ ਲਈ ਦੂਰ-ਦੂਰ ਤੋਂ ਯਾਤਰੀ ਆਉਂਦੇ ਹਨ। ਇਹ ਇਸਲਾਮ ਦਾ ਵੱਡਾ ਕੇਂਦਰ ਮੰਨਿਆ ਜਾਂਦਾ ਹੈ[*48]।

ਆਮ ਤੌਰ 'ਤੇ ਹੁਣ ਵੱਡਾ ਪੁੱਤਰ ਹੀ ਮਖ਼ਦੂਮ ਬਣਦਾ ਹੈ, ਪਰ ਮਖ਼ਦੂਮ-ਇ-ਜਹਾਨੀਆ ਦੀ ਮੌਤ ਪਿੱਛੋਂ ਇਸ ਦਾ ਛੋਟਾ-ਭਰਾ ਗੱਦੀ ਉੱਤੇ ਬੈਠਿਆ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋ ਮਖ਼ਦੂਮ ਸਨ, ਉਹ ਇਨ੍ਹਾਂ ਦੀ ਔਲਾਦ ਵਿੱਚੋਂ ਸੀ ਤੇ ਉਸ ਦਾ ਨਾਮ **ਸ਼ੇਖ਼ ਹਾਜੀ ਅਬਦੁੱਲਾ** ਸਾਹਿਬ ਬੁਖ਼ਾਰੀ ਸੀ। ਇਨ੍ਹਾਂ ਦਾ ਹਾਲ ਆਇਨ-ਇ-ਅਕਬਰੀ ਵਿੱਚ ਦਿੱਤਾ ਹੈ ਤੇ ਇਸ ਦਾ ਦੇਹਾਂਤ 1525-26 ਈ: ਵਿੱਚ ਹੋਇਆ[*49]। ਇਨ੍ਹਾਂ ਦੇ ਨਾਲ ਗੁਰੂ ਨਾਨਕ ਸਾਹਿਬ ਦੀ ਹੋਈ ਗੱਲਬਾਤ ਨੂੰ ਅਧਿਆਇ 32, ਉਤਰਾਰਧ, ਭਾਗ ਦੂਜਾ ਵਿੱਚ ਵੇਖੋ।

(6) ਸ਼ਮਸ ਤਬਰੇਜ਼: ਇਸ ਨਾਂ ਦੇ ਦੋ ਸੂਫ਼ੀ ਸੰਤ ਹੋਏ ਹਨ, ਪਹਿਲੇ ਮਖ਼ਦੂਮ ਸ਼ਾਹ ਸ਼ਮਸਉੱਦੀਨ ਸਨ, ਜਿਨ੍ਹਾਂ ਦਾ ਜਨਮ 1165 ਈ: ਵਿੱਚ 'ਸਬਜ਼ਵਾਰ ਗ਼ਜ਼ਨੀ' ਵਿੱਚ ਹੋਇਆ। ਇਹ ਮੁਲਤਾਨ ਆਏ ਸਨ ਅਤੇ 'ਅਨਲਹੱਕ' ਕਹਿਣ 'ਤੇ ਮੁਲਤਾਨ ਦੇ ਹਾਕਮ ਨੇ ਇਨ੍ਹਾਂ ਨੂੰ ਤਸੀਹੇ ਦੇ ਕੇ ਮਾਰਿਆ ਸੀ। ਇਨ੍ਹਾਂ ਦਾ ਮਜ਼ਾਰ ਮੁਲਤਾਨ ਵਿੱਚ ਹੈ। ਇਨ੍ਹਾਂ ਦੀਆਂ ਕਈ ਰਵਾਇਤਾਂ, ਦੂਸਰੇ ਸ਼ਮਸੁਦੀਨ ਮੁਹੰਮਦ ਤਬਰੇਜ਼ੀ ਨਾਲ ਰਲ ਗਈਆਂ ਹਨ।

ਸ਼ਮਸੁੱਦੀਨ ਮੁਹੰਮਦ ਤਬਰੇਜ਼ੀ ਦਾ ਜਨਮ 1247 ਈ: ਨੂੰ ਤਬਰੇਜ਼ (ਈਰਾਨ) ਵਿੱਚ ਹੋਇਆ। ਇਹ ਇਰਾਨ ਦੇ ਪ੍ਰਸਿੱਧ ਸੂਫ਼ੀ ਕਵੀ 'ਮੌਲਾਨਾ ਰੂਮੀ' ਦੇ ਮੁਰਸ਼ਦ ਸਨ। ਅਨਲਹੱਕ ਕਹਿਣ 'ਤੇ ਇਨ੍ਹਾਂ ਦੀ ਖੱਲ ਲਾਹੀ ਗਈ ਸੀ[*50]।

ਭਾਈ ਵੀਰ ਸਿੰਘ ਜੀ ਅਨੁਸਾਰ, ਜਿੱਥੇ ਸ਼ਮਸ ਤਬਰੇਜ਼ ਦੀ ਖ਼ਾਨਗਾਹ 'ਤੇ ਬੈਠ ਕੇ, ਗੁਰੂ ਨਾਨਕ ਜੀ ਨੇ ਦੂਸਰੇ ਫ਼ਕੀਰਾਂ ਨਾਲ ਗੱਲਬਾਤ ਕੀਤੀ ਸੀ, ਉੱਥੇ ਇੱਕ ਮੰਜੀ ਹੋਇਆ ਕਰਦੀ ਸੀ ਅਤੇ ਇੱਕ ਗ੍ਰੰਥੀ ਉੱਥੇ ਰਹਿੰਦਾ ਹੁੰਦਾ ਸੀ। ਉਸ ਦੇ ਉੱਥੋਂ ਚਲੇ ਜਾਣ ਤੋਂ ਬਾਅਦ ਖ਼ਾਨਗਾਹ ਵਾਲਿਆਂ ਨੇ ਉਸ ਥਾਂ 'ਤੇ ਕੰਧ ਬਣਾ ਦਿੱਤੀ। (ਵੇਖੋ ਭਾਈ ਵੀਰ ਸਿੰਘ ਜੀ ਦਾ ਨੋਟ, ਨਾਨਕ-ਪ੍ਰਕਾਸ਼, ਪੰਨਾ 1072) ਸ਼ਮਸ ਤਬਰੇਜ਼ ਦੀ ਵਾਰਤਾ ਲਈ ਵੇਖੋ, ਅੰਕ 4,ਅਧਿਆਇ 37, ਉਤਰਾਰਧ, ਭਾਗ ਦੂਜਾ।

(7) ਮਨਸੂਰ ਹੱਲਜ: ਇਨ੍ਹਾਂ ਦਾ ਅਸਲ ਨਾਮ ਸ਼ੇਖ਼ ਹੁਸੈਨ ਹੱਲਜ ਸੀ। ਇਹ 'ਬੈਜ਼ਾ' (ਅਰਬ ਦੇ ਸ਼ਹਿਰ) ਦੇ ਰਹਿਣ ਵਾਲੇ ਸਨ ਅਤੇ ਰੂੰ-ਪਿੰਜਣ ਦਾ ਕੰਮ ਕਰਦੇ ਸਨ। ਇਨ੍ਹਾਂ ਬਾਰੇ ਮੁਸਲਮਾਨਾਂ ਦੀਆਂ ਵੱਖ-ਵੱਖ ਧਾਰਨਾਵਾਂ ਹਨ। ਜ਼ਿਆਦਾ ਲੋਕ ਇਨ੍ਹਾਂ ਨੂੰ ਉੱਚ-ਕੋਟੀ ਦੇ ਸੰਤ ਮੰਨਦੇ ਹਨ ਅਤੇ ਕੁਝ ਇਨ੍ਹਾਂ ਨੂੰ ਜਾਦੂਗਰ ਸਮਝਦੇ ਹਨ। ਮਨਸੂਰ ਨੇ 'ਅਨਲਹੱਕ' ਐਲਾਨ ਕੀਤਾ ਸੀ, ਜਿਸ ਦਾ ਭਾਵ 'ਮੈਂ ਰੱਬ ਹਾਂ' ਜਾਂ 'ਮੈਂ ਸੱਚ ਹਾਂ' ਹੈ। ਅਜਿਹਾ ਕਹਿਣ 'ਤੇ ਬਗ਼ਦਾਦ ਦੇ ਖ਼ਲੀਫ਼ਾ ਨੇ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਦਿੱਤਾ। ਉਨ੍ਹਾਂ ਨੂੰ 922 ਈ: ਵਿੱਚ ਮਰਵਾ ਦਿੱਤਾ ਗਿਆ ਸੀ। ਸੂਫ਼ੀ-ਸੰਤ ਉਨ੍ਹਾਂ ਨੂੰ ਇੱਕ ਮਹਾਨ ਆਤਮਕ-ਉੱਚਤਾ ਵਾਲੇ ਸ਼ਹੀਦ ਸਮਝਦੇ ਸਨ[*51]। ਭਾਈ ਸੰਤੋਖ ਸਿੰਘ ਨੇ ਮਨਸੂਰ ਦੀ ਵਾਰਤਾਲਾਪ ਨੂੰ ਸ਼ਮਸ ਤਬਰੇਜ਼ ਨਾਲ ਜੋੜਿਆ ਹੈ, ਵੇਖੋ ਅਧਿਆਇ 37, ਅੰਕ 58 ਅਤੇ 59, ਉਤਰਾਰਧ ਭਾਗ ਦੂਜਾ।

SikhBookClub.Com

(8) ਵਲੀ ਕੰਧਾਰੀ: 'ਅਟਕ ਜ਼ਿਲ੍ਹਾ ਗਜ਼ਟੀਅਰ' (1930) ਸਫ਼ਾ 520-21 ਅਨੁਸਾਰ 'ਵਲੀ ਕੰਧਾਰੀ' ਨੂੰ ਬਾਬਾ ਵਲੀ ਕੰਧਾਰੀ ਵੀ ਕਿਹਾ ਜਾਂਦਾ ਹੈ, ਉਹ ਕੰਧਾਰ (ਅਫ਼ਗਾਨਿਸਤਾਨ) ਤੋਂ ਆਏ ਸਨ। ਇਨ੍ਹਾਂ ਦੀ ਇਬਾਦਤ ਕਰਨ ਦੀ ਥਾਂ ਪਹਾੜੀ ਦੀ ਚੋਟੀ 'ਤੇ ਹੈ। ਇਨ੍ਹਾਂ ਨੇ ਮੌਜੂਦਾ 'ਹਸਨ ਅਬਦਾਲ', ਗੁਰਦੁਆਰਾ ਪੰਜਾ ਸਾਹਿਬ, ਜ਼ਿਲ੍ਹਾ ਅਟਕ (ਪਾਕਿਸਤਾਨ) ਦੇ ਕੋਲ ਇੱਕ ਪੁਰਾਣੀ ਮਸਜਿਦ ਵਿੱਚ ਚਾਲੀ ਦਿਨ ਰੋਜ਼ਾ ਰੱਖਿਆ, ਜਿਸ ਕਰਕੇ ਇਹ ਪ੍ਰਸਿੱਧ ਹੋ ਗਏ। ਜਦੋਂ ਗੁਰੂ ਨਾਨਕ ਸਾਹਿਬ ਇੱਥੇ ਆਏ ਤਾਂ ਉਨ੍ਹਾਂ ਨੇ ਵਲੀ-ਕੰਧਾਰੀ ਕੋਲੋਂ ਪਾਣੀ ਮੰਗਿਆ ਪਰ ਉਸ ਨੇ ਨਹੀਂ ਦਿੱਤਾ। ਗੁਰੂ ਨਾਨਕ ਸਾਹਿਬ ਨੂੰ ਕਾਫ਼ਰ ਸਮਝ ਕੇ ਉਸ ਨੇ ਇੱਕ ਬਹੁਤ ਵੱਡਾ ਪੱਥਰ ਹੇਠਾਂ ਗੁਰੂ ਜੀ ਵੱਲ ਰੇੜ੍ਹ ਦਿੱਤਾ, ਜੋ ਗੁਰੂ ਸਾਹਿਬ ਨੇ ਹੱਥ ਨਾਲ ਰੋਕ ਲਿਆ। ਪਾਣੀ ਦੀ ਲੋੜ ਪੂਰੀ ਕਰਨ ਲਈ ਗੁਰੂ ਸਾਹਿਬ ਨੇ ਉਸ ਥਾਂ 'ਤੇ ਪਹਾੜ ਵਿੱਚ ਆਪਣੀ ਸੋਟੀ ਖੋਭ ਦਿੱਤੀ ਤੇ ਚਸ਼ਮੇ ਦੀ ਧਾਰਾ ਵਹਿ ਤੁਰੀ। ਇਹ ਚਸ਼ਮਾ ਹੁਣ ਤੱਕ ਵਗਦਾ ਹੈ[*52]। ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਇੱਥੇ ਗੁਰਦੁਆਰਾ 'ਪੰਜਾ ਸਾਹਿਬ' ਬਣਿਆ ਹੋਇਆ ਹੈ। (ਵਿਸਥਾਰ ਲਈ ਵੇਖੋ, ਪੰਜਾ ਸਾਹਿਬ ਦੀ ਸਾਖੀ, ਅਧਿਆਇ 14, ਉਤਰਾਰਧ ਭਾਗ ਪਹਿਲਾ)

(9) ਸ਼ਾਹ ਸ਼ਰਫ਼: ਭਾਈ ਸੰਤੋਖ ਸਿੰਘ ਜੀ ਨੇ ਸ਼ਾਹ ਸ਼ਰਫ਼ ਅਤੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕੰਧਾਰ ਵਿੱਚ ਕਰਵਾਈ ਹੈ। ਹੋ ਸਕਦਾ ਹੈ ਕਿ ਇਹ ਕੋਈ ਹੋਰ ਸ਼ਾਹ ਸ਼ਰਫ਼ ਹੋਵੇ। ਪ੍ਰਸਿੱਧ ਫ਼ਕੀਰ 'ਬੂ-ਅਲੀ ਕਲੰਦਰ ਸ਼ੇਖ਼ ਸ਼ਰਫ਼ਉੱਦੀਨ' ਹੋਏ ਹਨ। ਇਨ੍ਹਾਂ ਨੂੰ ਸ਼ਾਹ ਸ਼ਰਫ਼ ਕਰਕੇ ਸੱਦਿਆ ਜਾਂਦਾ ਹੈ। ਇਨ੍ਹਾਂ ਦਾ ਦਿਹਾਂਤ 1325 ਈ: ਵਿਚ ਹੋਇਆ[*53]। ਇਨ੍ਹਾਂ ਦਾ ਮਜ਼ਾਰ ਪਾਨੀਪਤ ਵਿੱਚ ਬਣਿਆ ਹੋਇਆ ਹੈ, ਜੋ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ, ਸੂਫੀ-ਫ਼ਕੀਰਾਂ ਦਾ ਇੱਕ ਵੱਡਾ ਕੇਂਦਰ ਸੀ।

ਗੁਰੂ ਜੀ ਦੇ ਵੇਲੇ ਸ਼ਾਹ ਸ਼ਰਫ਼ ਦੇ ਮਜ਼ਾਰ 'ਤੇ ਮੁੱਖ ਈਦੁਲ ਕਬੀਰ ਸੀ, ਜੋ ਕਰਨੀ ਵਾਲਾ ਫ਼ਕੀਰ ਮੰਨਿਆ ਜਾਂਦਾ ਸੀ। ਇਸ ਦਾ ਦਿਹਾਂਤ 1540 ਈ: ਵਿੱਚ ਹੋਇਆ। ਇਸ ਦੇ ਕਈ ਨਾਂ ਸਨ, ਜਿਨ੍ਹਾਂ ਵਿੱਚ ਇੱਕ ਨਾਂ 'ਸ਼ੇਖ਼ ਤਾਹਰ' ਵੀ ਸੀ। ਇਸ ਨੂੰ ਪੁਰਾਤਨ ਜਨਮਸਾਖੀ ਵਿੱਚ 'ਸ਼ੇਖ਼ ਟਟੀਹਰ' ਕਰਕੇ ਲਿਖਿਆ ਹੈ। ਭਾਈ ਸੰਤੋਖ ਸਿੰਘ ਜੀ ਦੇ ਅਨੁਸਾਰ ਸ਼ਾਹ ਸ਼ਰਫ਼, ਗੁਰੂ ਨਾਨਕ ਸਾਹਿਬ ਜੀ ਨੂੰ ਕੰਧਾਰ ਵਿਖੇ ਮਿਲਿਆ ਸੀ, (ਵੇਖੋ, ਅਧਿਆਇ 36, ਅੰਕ 15, ਉਤਰਾਰਧ ਭਾਗ ਦੂਜਾ)

(10) ਸ਼ੇਖ਼ ਇਬਰਾਹੀਮ ਅਦਹਮ: ਇਹ ਬਲਖ਼ ਦਾ ਬਾਦਸ਼ਾਹ ਸੀ ਜੋ ਬਾਦਸ਼ਾਹੀ ਛੱਡ ਕੇ ਦਰਵੇਸ਼ ਬਣ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਸੁਪਨੇ ਵਿੱਚ ਵੇਖਿਆ ਕਿ ਘਰ ਦੇ ਕੋਠੇ 'ਤੇ ਇੱਕ ਆਦਮੀ ਕੋਈ ਚੀਜ਼ ਲੱਭ ਰਿਹਾ ਹੈ। ਉਸ ਨੇ ਪੁੱਛਿਆ ਕਿ ਤੂੰ ਕੀ ਵੇਖ ਰਿਹਾ ਹੈਂ? ਤਾਂ ਉਸ ਆਦਮੀ ਨੇ ਜਵਾਬ ਦਿੱਤਾ ਕਿ ਉਸ ਦਾ ਊਠ ਗੁਆਚ ਗਿਆ ਹੈ। 'ਬਲਖ਼' ਦੇ ਬਾਦਸ਼ਾਹ ਨੇ ਫਿਰ ਕਿਹਾ, ਤੁਸੀਂ ਕਿੰਨੇ ਬੇਵਕੂਫ਼ ਹੋ ਕਿ ਊਠ ਨੂੰ ਘਰ ਦੀ ਛੱਤ 'ਤੇ ਲੱਭ ਰਹੇ ਹੋ।" ਉਸ ਮਨੁੱਖ ਨੇ ਜਵਾਬ ਦਿੱਤਾ ਕਿ ਤੁਸੀਂ ਵੀ ਮਹਾਂਮੂਰਖ ਹੋ, ਜੋ ਰੱਬ ਨੂੰ ਆਪਣੇ ਰਾਜ-ਭਾਗ ਦੀਆਂ ਮੁਸ਼ਕਲਾਂ ਤੇ ਫ਼ਿਕਰਾਂ ਵਿੱਚੋਂ ਲੱਭਦੇ ਹੋ।

SikhBookClub.Com

ਇਬਰਾਹੀਮ ਉਸ ਦਿਨ ਤੋਂ ਹੀ ਤਖ਼ਤ ਅਤੇ ਰਾਜ ਤਿਆਗ ਕੇ, ਦਰਵੇਸ਼ ਬਣ ਗਿਆ। ਉਹ 110 ਸਾਲ ਜੀਵਿਆ ਸੀ[*54]। (ਜ਼ਿਆਦਾ ਵਿਸਥਾਰ ਲਈ ਵੇਖੋ, ਅਧਿਆਇ 37, ਉਤਰਾਰਧ ਭਾਗ ਦੂਜਾ, ਅੰਕ 36)

(11) ਈਸਾ: ਭਾਈ ਸੰਤੋਖ ਸਿੰਘ ਨੇ ਈਸਾ ਦਾ ਕਥਨ ਮੁਸਲਮਾਨ ਸੂਫ਼ੀ ਫ਼ਕੀਰਾਂ ਦੇ ਹਵਾਲੇ ਨਾਲ ਦਿੱਤਾ ਹੈ। ਇਸ ਕਰਕੇ ਅਸੀਂ ਈਸਾ ਸਬੰਧੀ ਜਾਣਕਾਰੀ, ਸੂਫ਼ੀ ਫ਼ਕੀਰਾਂ ਨਾਲ ਹੀ ਦੇ ਰਹੇ ਹਾਂ। ਹਜ਼ਰਤ ਈਸਾ ਜਾਂ ਜੀਸਸ, ਫ਼ਲਸਤੀਨ ਦੇ ਰਹਿਣ ਵਾਲੇ ਸਨ। ਇਨ੍ਹਾਂ ਦਾ ਜਨਮ 'ਮੇਰੀ' ਨਾਮਕ ਕੁਆਰੀ-ਕੰਨਿਆ ਦੇ ਘਰ 'ਬੈਤਲਹਿਮ' ਵਿਖੇ ਹੋਇਆ ਸੀ। ਈਸਾਈਆਂ ਵਿੱਚ ਇਸ ਨੂੰ ਰੱਬ ਦਾ ਪੁੱਤਰ ਮੰਨਿਆ ਜਾਂਦਾ ਹੈ।ਈਸਾ ਨੇ ਤੀਹ-ਵਰ੍ਹੇ ਦੀ ਉਮਰ ਵਿੱਚ ਆਪਣਾ ਧਰਮ-ਪ੍ਰਚਾਰ ਅਰੰਭਿਆ ਤੇ ਕਈ ਚੇਲੇ ਬਣਾਏ, ਇਨ੍ਹਾਂ ਵਿੱਚ 12 ਮੁੱਖ (ਪ੍ਰਧਾਨ) ਚੇਲੇ ਗਿਣੇ ਜਾਂਦੇ ਹਨ।ਈਸਾ ਦੇ ਪ੍ਰਚਾਰ ਤੋਂ ਯਹੂਦੀ ਲੋਕ, ਈਸਾ ਦੇ ਵਿਰੋਧੀ ਹੋ ਗਏ ਸਨ।

'ਯੂਰੋਸ਼ਲਮ' ਦਾ ਵੱਡਾ ਪਾਦਰੀ ਆਪਣੀ ਪ੍ਰਭਤਾ ਵਿੱਚ ਵਿਘਨ ਪੈਂਦਾ ਵੇਖ ਕੇ ਹਜ਼ਰਤ ਈਸਾ ਦਾ ਸਖ਼ਤ ਵੈਰੀ ਬਣ ਗਿਆ। ਉਸ ਉੱਤੇ ਇਹ ਦੋਸ਼ ਲਾਇਆ ਕਿ ਇਹ ਆਪਣੇ-ਆਪ ਨੂੰ ਖ਼ੁਦਾ ਦਾ ਪੁੱਤਰ ਸਮਝਦਾ ਹੈ। ਈਸਾ 'ਤੇ ਬਦਅਮਨੀ ਫੈਲਾਉਣ ਦਾ ਦੋਸ਼ ਲਾ ਕੇ ਕਚਹਿਰੀ ਵਿੱਚ ਪੇਸ਼ ਕੀਤਾ ਗਿਆ ਅਤੇ ਬਾਦਸ਼ਾਹ 'ਹੀਰੋਡ' ਨੇ ਇਸ ਨੂੰ ਸੂਲੀ 'ਤੇ ਚਾੜ੍ਹਨ ਦਾ ਹੁਕਮ ਦੇ ਦਿੱਤਾ[*55]।

ਮੌਜੂਦਾ ਈਸਵੀ ਸੰਨ ਹਜ਼ਰਤ-ਈਸਾ ਦੇ ਜਨਮ ਤੋਂ ਅਰੰਭ ਹੋਇਆ ਹੈ। ਈਸਾਈ ਧਰਮ ਸਾਰੀ ਦੁਨੀਆਂ ਵਿੱਚ ਫੈਲ ਗਿਆ ਅਤੇ ਇਸ ਦੀਆਂ ਕਈ ਸੰਪਰਦਾਵਾਂ ਹਨ। (ਭਾਈ ਸੰਤੋਖ ਸਿੰਘ ਦੇ ਹਵਾਲੇ ਲਈ ਵੇਖੋ, ਅਧਿਆਇ 37, ਉਤਰਾਰਧ ਭਾਗ ਦੂਜਾ, ਅੰਕ 78) ।

(12) ਯਾਰਵਲੀ: ਇੱਕ 'ਕੰਧਾਰ' ਨਿਵਾਸੀ ਪੀਰ ਸੀ, ਜੋ ਗੁਰੂ ਨਾਨਕ ਸਾਹਿਬ ਦਾ ਮੁਰੀਦ ਬਣ ਗਿਆ ਸੀ। [*56] (ਵੇਖੋ ਅਧਿਆਇ 36, ਉਤਰਾਰਧ ਭਾਗ ਦੂਜਾ) ।

ਥਾਂਵਾਂ, ਵਿਅਕਤੀਆਂ ਦਾ ਵਰਣਨ

(1) ਹਬਸ਼ ਦੇਸ਼: ਹਬਸ਼ ਦੇਸ਼ ਦਾ ਮੌਜੂਦਾ ਨਾਮ 'ਈਥੋਪੀਆ' ਜਾਂ 'ਐਬੇਸੀਨੀਆ' ਹੈ। ਇਹ ਦੇਸ਼ ਅਰਬ ਦੇ ਪੱਛਮ ਵੱਲ, ਲਾਲ-ਸਾਗਰ ਦੇ ਦੂਸਰੇ ਕੰਢੇ 'ਤੇ ਸਥਿਤ ਹੈ। ਇਸ ਦੀ ਅੱਧੀ ਵਸੋਂ ਈਸਾਈ ਤੇ ਅੱਧੀ ਮੁਸਲਮਾਨ ਹੈ[*57]।ਭਾਵੇਂ ਇਹ ਦੇਸ਼ ਅਰਬ-ਦੇਸ਼ ਤੋਂ ਜ਼ਿਆਦਾ ਦੂਰ ਨਹੀਂ, ਪਰ ਗੁਰੂ ਨਾਨਕ ਦੇਵ ਜੀ ਦੇ, ਇੱਥੇ ਜਾਣ ਦਾ ਸੰਕੇਤ ਕਿਸੇ ਜਨਮਸਾਖੀ ਵਿੱਚ ਨਹੀਂ ਮਿਲਦਾ, ਸਿਰਫ਼ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਹੀ ਮਿਲਦਾ ਹੈ। (ਵੇਖੋ, ਅਧਿਆਇ 17, ਉਤਰਾਰਧ ਭਾਗ ਪਹਿਲਾ) ।

(2) ਕਾਰੂੰ: ਇਤਿਹਾਸ ਵਿੱਚ ਕਈ 'ਕਾਰੂੰ' ਹੋਏ ਦੱਸੇ ਜਾਂਦੇ ਹਨ। ਪੁਰਾਣਾ ਕਾਰੂੰ, ਹਜ਼ਰਤ ਮੂਸਾ ਦੇ ਚਾਚੇ ਦਾ ਪੁੱਤਰ ਸੀ ਜੋ ਬਹੁਤ ਅਮੀਰ ਸੀ ਤੇ ਜਿਸ ਦੇ ਚਾਲੀ ਖ਼ਜ਼ਾਨੇ ਦੱਸੇ ਜਾਂਦੇ ਸਨ। ਹਜ਼ਰਤ ਮੂਸਾ ਨੇ ਉਸ ਨੂੰ ਕੰਜੂਸੀ, ਲਾਲਚ ਅਤੇ ਜ਼ੁਲਮ ਤੋਂ ਵਰਜਿਆ ਸੀ ਤੇ ਧਨ-ਦੌਲਤ ਜਮ੍ਹਾਂ ਕਰਨ ਤੋਂ ਰੋਕਿਆ ਸੀ, ਜਿਸ ਕਰਕੇ ਇਹ ਹਜ਼ਰਤ-ਮੂਸਾ ਦਾ ਵੈਰੀ ਹੋ ਗਿਆ ਸੀ । ਪਰ

SikhBookClub.Com

ਰੱਬ ਦੀ ਉਸ ਉੱਤੇ ਅਜਿਹੀ ਕਰੋਪੀ ਹੋਈ ਕਿ ਉਹ ਸਮੇਤ ਖ਼ਜ਼ਾਨਿਆਂ ਦੇ, ਧਰਤੀ ਵਿੱਚ ਧਸ ਗਿਆ ਸੀ[*58]।

ਭਾਈ ਵੀਰ ਸਿੰਘ ਜੀ ਅਨੁਸਾਰ ਇੱਕ 'ਹਮੀਦ ਕਾਰੂੰ' ਹੋਇਆ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸਿੱਖਿਆ ਦਿੱਤੀ ਸੀ।

ਭਾਈ ਮਨੀ ਸਿੰਘ ਜੀ ਦੀ ਜਨਮਸਾਖੀ ਵਿੱਚ ਲਿਖਿਆ ਹੈ ਕਿ ਜੋ ਕਾਰੂੰ, ਗੁਰੂ ਨਾਨਕ ਸਾਹਿਬ ਨੂੰ ਮਿਲਿਆ ਸੀ, ਉਸ ਦਾ ਨਾਂ 'ਹਮੀਦ ਕਾਰੂੰ' ਸੀ। ਦੌਲਤ ਜਮ੍ਹਾਂ ਕਰਨ ਕਰਕੇ ਉਸ ਦੀ ਕਾਰੂੰ ਅੱਲ ਪੈ ਗਈ ਸੀ ।

ਭਾਈ ਵੀਰ ਸਿੰਘ ਜੀ ਅਨੁਸਾਰ ਇੱਕ ਮਸ਼ਹੂਰ ਕਾਰੂੰ, ਇਰਾਨ ਦਾ ਬਾਦਸ਼ਾਹ ਵੀ ਹੋਇਆ ਹੈ, ਇਸ ਨੇ ਬਹੁਤ ਇਲਾਕੇ ਜਿੱਤੇ ਸਨ[*59]। (ਕਾਰੂੰ ਦੀ ਵਾਰਤਾ ਲਈ ਵੇਖੋ, ਅਧਿਆਇ 16, ਉਤਰਾਰਧ ਭਾਗ ਪਹਿਲਾ) ।

(3) **ਹਾਰੂੰ:** ਹਜ਼ਰਤ ਮੂਸਾ ਦੇ ਵੱਡੇ ਭਰਾ ਦਾ ਨਾਂ 'ਹਾਰੂੰ' ਸੀ। ਬਗ਼ਦਾਦ ਦੇ ਪੰਜਵੇਂ ਅੱਬਾਸੀ ਖ਼ਲੀਫ਼ਾ ਦਾ ਨਾਂ ਵੀ 'ਹਾਰੂੰ' ਸੀ, ਜਿਸ ਨੂੰ ਹਾਰਨ-ਉੱਰ-ਰਸ਼ੀਦ ਕਹਿੰਦੇ ਹਨ। ਇਹ ਸਾਰੇ ਖ਼ਲੀਫ਼ਿਆਂ ਨਾਲੋਂ ਵਧੇਰੇ ਪ੍ਰਸਿੱਧ ਸਨ।

ਇਹ ਸੱਤਵੀਂ-ਅੱਠਵੀਂ ਸਦੀ ਈ: ਵਿੱਚ ਹੋਏ ਹਨ[*60]। ਭਾਈ ਸੰਤੋਖ ਸਿੰਘ ਜੀ 'ਹਾਰੂੰ' ਨੂੰ 'ਕਾਰੂੰ' ਦਾ ਵੱਡਾ ਭਰਾ ਲਿਖਦੇ ਹਨ। (ਵਿਸਥਾਰ ਲਈ ਵੇਖੋ, ਅਧਿਆਇ 16, ਉਤਰਾਰਧ ਭਾਗ ਪਹਿਲਾ, ਅੰਕ 9) ।

(4) **ਉਬਾਰੇਖ਼ਾਨ:** ਇਸ ਦਾ ਦੂਸਰਾ ਨਾਮ 'ਅਬਦੁਲ ਰਹਿਮਾਨ ਖ਼ਾਨ' ਹੈ। ਇਹ ਸ੍ਰੀ ਗੁਰੂ ਨਾਨਕ ਦਾ ਮੁਰੀਦ ਬਣ ਗਿਆ ਅਤੇ ਕਰਤਾਰਪੁਰ ਵਿੱਚ ਸੰਗਤ ਦੀ ਸੇਵਾ ਕਰਦਾ ਰਿਹਾ। ਇਹ ਗੁਰਸਿੱਖਾਂ ਵਿੱਚ ਗਿਣਿਆ ਜਾਂਦਾ ਹੈ[*61]। (ਵਿਸਥਾਰ ਲਈ ਵੇਖੋ, ਅਧਿਆਇ 41, ਉਤਰਾਰਧ ਭਾਗ ਦੂਜਾ, ਅੰਕ 3) ।

(5) **ਅਬਦੁੱਲ ਰਹਿਮਾਨ (ਅਦ੍ਰਹਮਾਨ):** ਇਹ ਵੀ ਗੁਰੂ ਨਾਨਕ ਸਾਹਿਬ ਦਾ ਮੁਰੀਦ ਹੋ ਕੇ ਕਰਤਾਰਪੁਰ ਵਿਖੇ ਸੇਵਾ ਕਰਦਾ ਰਿਹਾ ਅਤੇ ਗੁਰਸਿੱਖਾਂ ਵਿੱਚ ਗਿਣਿਆ ਜਾਂਦਾ ਹੈ[*62]।ਭਾਈ ਵੀਰ ਸਿੰਘ ਜੀ ਅਨੁਸਾਰ ਇਹ ਪਿੰਡ 'ਰਤਰ ਛੱਤੜ' (ਜ਼ਿਲ੍ਹਾ ਗੁਰਦਾਸਪੁਰ) ਦਾ ਗੱਦੀਨਸ਼ੀਨ ਸੀ। (ਵੇਖੋ, ਅਧਿਆਇ 41, ਉਤਰਾਰਧ ਭਾਗ ਦੂਜਾ)

SikhBookClub.Com

ਗ. ਅੱਚਲ ਵਟਾਲੇ ਜਾਣਾ

ਕਰਤਾਰਪੁਰ ਰਹਿੰਦਿਆਂ ਗੁਰੂ ਨਾਨਕ ਸਾਹਿਬ ਨੇ ਸ਼ਿਵਰਾਤਰੀ ਦੇ ਮੇਲੇ ਅੱਚਲ ਵਟਾਲੇ ਜਾਣ ਦਾ ਨਿਸ਼ਚਾ ਕੀਤਾ ਅਤੇ ਅਜਿੱਤੇ-ਰੰਧਾਵੇ ਨੂੰ ਨਾਲ ਲੈ ਕੇ ਅੱਚਲ-ਵਟਾਲੇ ਪੁੱਜ ਗਏ ਜਿਵੇਂ ਕਿ ਭਾਈ ਸੰਤੋਖ ਸਿੰਘ ਜੀ ਅਧਿਆਇ ਉਨਤਾਲੀਵੇਂ, ਉਤਰਾਰਧ ਭਾਗ ਦੂਜਾ ਵਿੱਚ ਲਿਖਦੇ ਹਨ:

ਸਿੱਧਨ ਮੇਲਾ ਲਖ ਜਗਨਾਥਾ। ਗਮਨ ਕੀਨ ਕਛੁ ਸਿਖ ਲੇ ਸਾਥਾ।
ਤਿਹ ਛਿਨ ਹੋਤ ਅਜਿੱਤਾ ਪਾਸੂ। ਸੋ ਭੀ ਗਯੋ ਸੰਗ ਸੁਖਰਾਸੂ ॥੧੮॥

ਅੱਚਲ ਇੱਕ ਪੁਰਾਣਾ ਅਸਥਾਨ ਹੈ। ਕਹਿੰਦੇ ਹਨ ਕਿ ਸ਼ਿਵ ਜੀ ਦਾ ਪੁੱਤਰ "ਕਾਰਤਕ ਸਵਾਮੀ" ਪ੍ਰਿਥਵੀ ਦੀ ਪਰਿਕਰਮਾ ਕਰਕੇ ਇੱਥੇ ਠਹਿਰਿਆ ਸੀ। ਇੱਥੇ ਸ਼ਿਵ ਜੀ ਦਾ ਬਹੁਤ ਪੁਰਾਣਾ ਮੰਦਰ ਅਤੇ ਤਲਾਅ ਹੈ। ਮੰਦਰ ਦੇ ਨਾਂ 'ਤੇ ਪਿੰਡ ਦਾ ਨਾਂ ਅੱਚਲ ਪੈ ਗਿਆ। ਬਟਾਲੇ ਤੋਂ ਚਾਰ ਕੁ ਮੀਲ ਦੱਖਣ-ਪੂਰਬ ਵੱਲ ਹੋਣ ਕਰਕੇ ਇਸ ਨੂੰ ਅੱਚਲ-ਵਟਾਲਾ ਵੀ ਕਹਿੰਦੇ ਹਨ। ਤਲਾਅ ਦੇ ਆਲੇ-ਦੁਆਲੇ ਕਈ ਮੂਰਤੀਆਂ ਹੁੰਦੀਆਂ ਸਨ, ਜੋ ਇੱਕ ਰਵਾਇਤ ਅਨੁਸਾਰ ਔਰੰਗਜ਼ੇਬ ਦੇ ਸਮੇਂ ਨਸ਼ਟ ਕਰ ਦਿੱਤੀਆਂ ਗਈਆਂ। ਅੱਜ ਕੱਲ੍ਹ ਤਲਾਅ ਦੇ ਵਿਚਕਾਰ ਇੱਕ ਮੰਦਰ ਹੈ ਜਿਸ 'ਤੇ 1911 ਬਿਕਰਮੀ (1854 ਈ:) ਦਾ ਸ਼ਿਲਾਲੇਖ ਲੱਗਿਆ ਹੈ ਤੇ ਲਿਖਿਆ ਹੈ ਕਿ ਇਹ ਮੰਦਰ ਰਾਮਦਿਆਲ ਭੰਡਾਰੀ ਨੇ 1854 ਈਸਵੀ ਵਿੱਚ ਬਣਵਾਇਆ। ਇਸ ਸ਼ਿਵਾਲੇ ਦੀ ਪਰਿਕਰਮਾ ਦੀ ਕੰਧ 'ਤੇ ਇੱਕ ਗੁਰੂ ਨਾਨਕ ਸਾਹਿਬ ਦੀ ਤਸਵੀਰ ਉਲੀਕੀ ਹੋਈ ਹੈ, ਜਿਸ ਵਿੱਚ ਗੁਰੂ ਸਾਹਿਬ ਦੇ ਆਲੇ-ਦੁਆਲੇ ਸਿੱਧ ਬੜੇ ਸਤਿਕਾਰ ਨਾਲ ਬੈਠੇ ਸਨ। ਜਿਸ ਤੋਂ ਸਪਸ਼ਟ ਹੈ ਕਿ ਮੰਦਰ ਬਣਾਉਣ ਵੇਲੇ ਸ਼ੈਵ-ਮੱਤ ਦੇ ਉਪਾਸ਼ਕਾਂ ਨੇ ਵੀ ਗੁਰੂ ਨਾਨਕ ਸਾਹਿਬ ਦਾ ਸਤਿਕਾਰ ਨਾਲ ਅੱਚਲ ਜਾਣ ਦਾ ਵਰਣਨ ਕੀਤਾ ਹੈ।

ਤਲਾਅ ਦੇ ਕਿਨਾਰੇ ਥੋੜ੍ਹੀ ਜਿਹੀ ਉਚਾਈ 'ਤੇ ਗੁਰਦੁਆਰਾ ਸਾਹਿਬ ਹੈ ਤੇ ਸਥਾਨਕ ਰਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ ਉੱਥੇ ਆ ਕੇ ਬੈਠੇ ਸਨ। ਗੁਰਦੁਆਰੇ ਅੰਦਰ ਇੱਕ ਬੇਰੀ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਦੱਸੀ ਜਾਂਦੀ ਹੈ। ਗੁਰਦੁਆਰੇ ਦੇ ਨਾਲ ਇੱਕ ਬਾਉਲੀ ਹੈ, ਜਿਸ ਨੂੰ ਅੱਜ-ਕੱਲ੍ਹ ਖੂਹ ਵਿੱਚ ਬਦਲ ਲਿਆ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਇਸ ਇਤਿਹਾਸਕ ਅਸਥਾਨ ਦੇ ਲੰਗਰ ਵਾਸਤੇ ਜ਼ਮੀਨ ਲਵਾਈ ਸੀ ਤੇ ਗੁਰਦੁਆਰੇ ਦੀ ਸੇਵਾ ਕੀਤੀ ਸੀ।(*63)

ਅੱਚਲ-ਵਟਾਲੇ ਦਾ ਮੇਲਾ ਫੱਗਣ-ਵਦੀ (ਭਾਵ ਫਰਵਰੀ-ਮਾਰਚ ਦੇ ਮਹੀਨੇ) ਸ਼ਿਵਰਾਤਰੀ ਨੂੰ ਲੱਗਦਾ ਸੀ।(*64) ਸ਼ਿਵਰਾਤਰੀ ਦੇ ਸਮੇਂ ਗੁਰੂ ਨਾਨਕ ਜੀ ਤਲਾਅ ਦੇ ਕਿਨਾਰੇ ਗੁਰਦੁਆਰੇ ਵਾਲੀ ਉੱਚੀ ਥਾਂ 'ਤੇ ਆ ਕੇ ਬੈਠ ਗਏ। ਹਿੰਦੂਆਂ ਦੇ ਧਾਰਮਿਕ ਮੇਲਿਆਂ 'ਤੇ ਭਗਤਾਂ ਦੇ ਪਦੇ ਗਾਉਣ ਵਾਲੇ ਆ ਜਾਂਦੇ ਸਨ। ਭਗਤੀ-ਭਾਵਨਾ ਦੇ ਪਦੇ ਸੁਣਾ ਕੇ ਲੋਕਾਂ ਨੂੰ ਪਰਸੰਨ ਕਰਦੇ ਸਨ। ਲੋਕ ਸ਼ਰਧਾ ਅਨੁਸਾਰ ਉਨ੍ਹਾਂ ਨੂੰ ਦਾਮ (ਇੱਕ ਰੁਪਏ ਦੇ ਚਾਲੀ ਦਾਮ ਹੁੰਦੇ ਸਨ) ਦਿੰਦੇ ਸਨ। ਇਨ੍ਹਾਂ ਭਗਤਾਂ ਦੇ ਪਦੇ ਗਾਉਣ ਵਾਲਿਆਂ ਨੂੰ 'ਭਗਤੀਏ' ਕਹਿੰਦੇ ਸਨ।(*65) ਜਦੋਂ ਇਨ੍ਹਾਂ ਭਗਤੀਆਂ ਨੇ ਵੇਖਿਆ ਕਿ ਗੁਰੂ ਨਾਨਕ ਸਾਹਿਬ ਮੇਲੇ ਵਿੱਚ ਆਏ ਹਨ, ਤਾਂ ਉਹ ਇਨ੍ਹਾਂ ਕੋਲ ਆ ਗਏ।

SikhBookClub.Com

ਭਗਤੀਏ ਇਹ ਜਾਣਦੇ ਸਨ ਕਿ ਗੁਰੂ ਨਾਨਕ ਸਾਹਿਬ ਕੀਰਤਨ 'ਤੇ ਰੀਝਦੇ ਸਨ। ਕਿਉਂਕਿ ਕਰਤਾਰਪੁਰ ਵਿਖੇ ਦੋ ਵੇਲੇ ਕੀਰਤਨ ਹੋਣ ਦਾ ਸਾਰੇ ਇਲਾਕੇ ਨੂੰ ਪਤਾ ਸੀ। ਸੋ, ਭਗਤੀਏ ਗੁਰੂ ਜੀ ਕੋਲ ਆ ਕੇ ਕੀਰਤਨ ਕਰਨ ਲੱਗੇ। ਉਨ੍ਹਾਂ ਦੇ ਪਦੇ ਸੁਣਨ ਲਈ ਸਾਰੇ ਮੇਲੇ ਦੇ ਲੋਕ ਵੀ ਗੁਰੂ ਨਾਨਕ ਸਾਹਿਬ ਦੇ ਆਲੇ-ਦੁਆਲੇ ਆ ਕੇ ਬੈਠ ਗਏ। ਸ਼ਿਵਾਲੇ ਵਿੱਚ ਜੋ ਜੋਗੀ ਰਹਿੰਦੇ ਸਨ, ਉਨ੍ਹਾਂ ਨੂੰ ਇਸ ਗੱਲ 'ਤੇ ਬਹੁਤ ਈਰਖਾ ਆਈ ਕਿ ਸਭ ਲੋਕ ਇੱਥੇ ਨਵੇਂ ਆਏ ਸਾਧੂ ਕੋਲ ਜਾ ਬੈਠੇ ਹਨ ਤੇ ਜਿਸ ਅਸਥਾਨ 'ਤੇ ਮੇਲਾ ਲੱਗਾ ਹੈ, ਉਸ ਵੱਲ ਕੋਈ ਨਹੀਂ ਆਇਆ। ਜਦੋਂ ਭਗਤੀਏ ਕੀਰਤਨ ਕਰਦੇ ਤੇ ਜੋ ਦਾਮ ਉਨ੍ਹਾਂ ਨੂੰ ਮਿਲਦੇ ਸਨ, ਉਹ ਇੱਕ ਲੋਟੇ ਵਿੱਚ ਪਾਈ ਜਾਂਦੇ ਸਨ। ਸਿੱਧਾਂ ਨੇ ਭਗਤੀਆਂ ਨੂੰ ਤੰਗ ਕਰਨ ਲਈ ਉਨ੍ਹਾਂ ਦਾ ਪੈਸਿਆਂ ਵਾਲਾ ਲੋਟਾ ਲੁਕਾ ਲਿਆ। ਭਗਤੀਆਂ ਨੂੰ ਜਦੋਂ ਪੈਸਿਆਂ ਦਾ ਲੋਟਾ ਨਾ ਦਿੱਸਿਆ ਤਾਂ ਉਹ ਬਹੁਤ ਘਬਰਾਏ। ਉਨ੍ਹਾਂ ਪਦੇ ਪੜ੍ਹਨੇ ਬੰਦ ਕਰ ਦਿੱਤੇ ਤੇਂ ਲੋਕ ਵੀ ਤਿੱਤਰ-ਬਿੱਤਰ ਹੋਣ ਲੱਗੇ। ਗੁਰੂ ਨਾਨਕ ਸਾਹਿਬ ਨੇ ਪਦੇ ਗਾਉਣ ਵਾਲਿਆਂ ਨੂੰ ਉਹ ਥਾਂ ਦੱਸ ਦਿੱਤੀ, ਜਿੱਥੇ ਸਿੱਧਾਂ ਨੇ ਲੋਟਾ ਲੁਕਾਇਆ ਸੀ ਤੇ ਉਹ ਉੱਥੋਂ ਪੈਸਿਆਂ ਵਾਲਾ ਲੋਟਾ ਲੈ ਆਏ। ਇਸ 'ਤੇ ਜੋਗੀ ਬਹੁਤ ਔਖੇ ਹੋਏ ਤੇ ਸਾਰੇ ਇਕੱਠੇ ਹੋ ਕੇ ਗੁਰੂ ਜੀ ਸਾਹਮਣੇ ਚਰਚਾ ਕਰਨ ਲਈ ਆ ਬੈਠੇ।(*66)

ਅੱਚਲ-ਵਟਾਲੇ ਜੋ ਜੋਗੀ ਰਹਿੰਦੇ ਸਨ, ਉਹ ਗੋਰਖਪੰਥੀ ਸਨ ਕਿਉਂਕਿ ਉਤਰੀ ਹਿੰਦ ਵਿੱਚ ਸੋਲਵੀਂ ਸਦੀ ਵਿੱਚ ਜ਼ਿਆਦਾ ਜੋਗੀ ਗੋਰਖਨਾਥ ਦੇ ਚੇਲੇ ਸਨ।(*67) ਗੋਰਖਪੰਥੀਆਂ ਵਿੱਚ ਗ੍ਰਿਹਸਤ ਧਾਰਨ ਕਰਨਾ, ਉਨ੍ਹਾਂ ਦੇ ਮੰਨੇ-ਪਰਮੰਨੇ ਅਸੂਲਾਂ ਦੇ ਉਲਟ ਸੀ। ਸੋ ਪਹਿਲੀ ਗੱਲ ਜੋ ਜੋਗੀਆਂ ਨੇ ਗੁਰੂ ਜੀ ਨਾਲ ਕੀਤੀ, ਉਹ ਗੁਰੂ ਜੀ ਦੇ ਗ੍ਰਿਹਸਤੀ ਹੋਣ ਦਾ ਉਲਾਹਮਾ ਸੀ। ਜੋਗੀਆਂ ਵਿੱਚੋਂ ਭੰਗਰਨਾਥ ਨੇ ਕਿਹਾ, ਤੁਸੀਂ ਉਦਾਸੀ ਦਾ ਭੇਖ ਉਤਾਰ ਕੇ ਸੰਸਾਰੀ ਕਿਉਂ ਬਣ ਗਏ ਹੋ? ਇਹ ਇਵੇਂ ਹੈ, ਜਿਵੇਂ ਕੋਈ ਪੁਰਖ ਦੁੱਧ ਵਿੱਚ ਖਟਿਆਈ ਪਾ ਦੇਵੇ ਤੇ ਉਸ ਨੂੰ ਖਰਾਬ ਕਰ ਲਵੇ। ਗੁਰੂ ਨਾਨਕ ਸਾਹਿਬ ਦਾ ਮੱਤ ਸੰਸਾਰੀਆਂ ਵਾਲਾ ਮੱਤ ਸੀ। ਆਪ ਨੇ ਉੱਤਰ ਵਿੱਚ ਕਿਹਾ ਕਿ ਜੇਕਰ ਮਨ, ਬੁੱਧੀ ਸਵੱਛ ਨਾ ਹੋਵੇ ਤਾਂ ਨਾਮ ਰੂਪੀ ਦੁੱਧ ਉਸ ਵਿੱਚ ਫਿੱਟ ਜਾਂਦਾ ਹੈ। ਇਸ ਲਈ ਗ੍ਰਿਹਸਤ ਵਿੱਚ ਰਹਿ ਕੇ ਮਨ ਦੀਆਂ ਬਿਰਤੀਆਂ ਠੀਕ ਰੱਖਣੀਆਂ ਚਾਹੀਦੀਆਂ ਸਨ। ਜੋਗੀ, ਸੰਸਾਰੀਆਂ ਦੇ ਦਾਨ 'ਤੇ ਹੀ ਪਲਦੇ ਹਨ।(*68)

ਇਹ ਸੁਣ ਕੇ ਜੋਗੀਆਂ ਨੇ ਰਿੱਧੀਆਂ-ਸਿੱਧੀਆਂ ਤੇ ਕਰਾਮਾਤਾਂ ਵਿਖਾਉਣੀਆਂ ਅਰੰਭ ਕਰ ਦਿੱਤੀਆਂ ਤੇ ਗੁਰੂ ਜੀ ਨੂੰ ਵੀ ਕਰਾਮਾਤ ਵਿਖਾਉਣ ਲਈ ਕਿਹਾ। ਗੁਰੂ ਜੀ ਨੇ ਉੱਤਰ ਦਿੱਤਾ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਸਾਡੇ ਕੋਲ ਹੋਰ ਕੋਈ ਕਰਾਮਾਤ ਨਹੀਂ ਹੈ, ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ:

ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾ ਤੇ ਨਾਹੀ।(*69)

ਸਿੱਧਾਂ ਨੂੰ ਇਸ ਗੱਲ 'ਤੇ ਯਕੀਨ ਨਾ ਆਇਆ ਤੇ ਉਨ੍ਹਾਂ ਫੇਰ ਮੰਗ ਕੀਤੀ ਤੇ ਕਿਹਾ ਤੁਸਾਂ ਸੰਸਾਰ ਨੂੰ ਕਰਾਮਾਤ ਵਿਖਾਈ ਹੈ ਤੇ ਸਾਰੇ ਤੁਹਾਨੂੰ ਮੰਨਦੇ ਹਨ। ਤੁਸੀਂ ਸਾਨੂੰ ਵੀ ਆਪਣੀ ਅਜ਼ਮਤ ਦਾ ਭੇਦ ਦੱਸੋ। ਜਦੋਂ ਅੱਚਲ-ਵਟਾਲੇ ਜੋਗੀਆਂ ਨੇ ਗੁਰੂ ਜੀ ਦੇ ਸਿਧਾਂਤ ਸੁਣੇ ਤਾਂ ਉਨ੍ਹਾਂ ਦੇ ਮਨਾਂ ਵਿੱਚ ਸ਼ਾਂਤੀ ਆਈ। ਫੇਰ ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਉਸਤਤ ਕੀਤੀ, ਜਿਵੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।(*70)

SikhBookClub.Com

ਘ. ਜਪੁ ਜੀ ਸਾਹਿਬ ਦਾ ਸੰਕਲਨ

ਸ੍ਰੀ ਜਪੁ ਜੀ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਬਾਣੀ ਹੈ। ਪੁਰਾਤਨ ਵਿਆਖਿਆਕਾਰ ਕਿਹਾ ਕਰਦੇ ਸਨ ਕਿ ਜਪੁ ਜੀ ਸਾਹਿਬ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਹੈ। ਇਸ ਦਾ ਪਾਠ, ਅੰਮ੍ਰਿਤ ਵੇਲੇ ਕਰਨ ਦੀ ਸਿਖਿਆ ਦਿੱਤੀ ਗਈ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਪਹਿਲੀ, ਪਉੜੀ ਅਠੱਤੀ ਵਿੱਚ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ:

ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ

ਜਪੁ ਜੀ ਸਾਹਿਬ ਦੇ ਲਿਖੇ ਜਾਣ ਬਾਰੇ ਕਿਸੇ ਜਨਮਸਾਖੀ ਵਿੱਚ ਕੋਈ ਜਾਣਕਾਰੀ ਨਹੀਂ ਮਿਲਦੀ, ਕੇਵਲ ਜਨਮਸਾਖੀ ਮਿਹਰਬਾਨ, ਜਿਲਦ ਦੂਜੀ (ਪੋਥੀ ਹਰਿ ਜੀ) ਵਿੱਚ ਮਿਲਦੀ ਹੈ, ਜੋ ਇਸ ਤਰਾਂ ਹੈ: *"ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਪੰਜਾਬ ਕੀ ਧਰਤੀ, ਨਗਰਿ ਕਰਤਾਰ ਪੁਰ ਬੈਠਾ ਥਾ,.....ਤਬ ਇਕਸੁ ਅੰਗਦ ਸਿਖ ਨੋ ਬੁਲਾਇ ਕਰਿ, ਗੁਰੂ ਨਾਨਕ ਜੀ ਕਹਿਆ ਜਿ; "ਪੁਰਖਾ ਅੰਗਦਾ ਸ੍ਰੀ ਪਾਰਬ੍ਰਹਮ ਕੀ ਆਗਿਆ ਹੋਈ ਹੈ, ਜਿ ਮੇਰੀ ਸਿਫਤਿ ਕਰਣੀ; ਅਰੁ ਲੋਕਾਂ ਤੇ ਭੀ ਕਰਾਵਣੀ ਪੁਰਖਾ ਅੰਗਦਾ ਇਕ ਐਸੀ ਸਿਫਤਿ ਪਰਮੇਸਰੁ ਕੀ ਕਰੀਐ, ਜਿਸੁ ਕਾ ਇਕੁ ਜਪੁ ਹੋਇ.....ਗੁਰੂ ਬਾਬਾ ਨਾਨਕ ਜੀ ਆਗਿਆ ਪਰਮੇਸਰੁ ਕੀ ਨਾਲਿ ਬੋਲਿਆ ਜਿ:- ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ ਏਹੁ ਸਲੋਕੁ ਮੁਢੁ ਜਪ ਦਾ, ਗੁਰੂ ਬਾਬੇ ਨਾਨਕ ਜੀ ਰਖਿਆ। ਫਿਰਿ ਅੰਗਦ ਸਿਖ ਕਉ ਆਗਿਆ ਕੀਤੀਅਨੁ ਜਿ ਪੁਰਖਾ ਤੂ ਜਿ ਹੈ, ਸਿ ਹਵੈ ਹਾਂ। ਜਿਥੇ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕ ਹੈਨਿ, ਸਿ ਤੂ, ਓਇ ਸਲੋਕ, ਸਬਦ ਲੈ ਕੇ, ਸੋਦਰਹੁ ਸਭਿ, ਏਸੈ ਜਪ ਵਿਚਿ ਆਣਿ ਆਣਿ ਬਣਾਇ ਅਤੇ ਮੈਨੂੰ ਸੁਣਾਇਦਾ ਜਾਹਿ। ਜਿਉ ਜਿਉ ਪਰਮੇਸਰੁ ਦੀ ਸਿਫਤਿ ਦੀਆਂ ਪਉੜੀਆਂ ਹੈਨਿ ਤਿਉ ਤਿਉ ਆਣਿ ਆਣਿ ਬਣਾਇਦਾ ਜਾਹਿ ਜਪੁ ਰਾਸਿ ਕਰਿ। ਸਬਦ, ਸਲੋਕ ਸਭਿ ਗੁਰੂ ਬਾਬੇ ਹੀ ਦੇ ਮੁਖ ਦੇ ਬਚਨ, ਪਰੁ ਆਗਿਆ ਗੁਰੂ ਬਾਬੇ ਦੇ ਨਾਲਿ। ਜਿਉ ਜਿਉ ਉਤਮ ਪਉੜੀਆਂ ਸਨਿ, ਪਾਰਬ੍ਰਹਮ ਦੀ ਸਿਫਤਿ ਸਲਾਹ ਦੀਆਂ, ਤਿਉ ਤਿਉ ਬਾਬੇ ਨਾਨਕ ਦੇ ਹਜ਼ੂਰਿ, ਅੰਗਿਦੁ ਸਿਖੁ, ਬਣਾਇ ਬਣਾਇ, ਚੁਣਿ ਚੁਣਿ, ਗੁਰੂ ਬਾਬੇ ਨਾਨਕ ਜੀ ਨੂੰ ਸੁਣਾਇਦਾ ਜਾਇ। ਅਗਿਅਹੁ ਗੁਰੂ ਬਾਬਾ ਨਾਨਕੁ ਆਖੈ, "ਹਾਂ, ਸਾਬਾਸਿ ਪੁਰਖਾ ਏਹ ਏਥਾਊ ਲਗਦੀ ਹੈ ਪਉੜੀ, ਏਹ ਏਥਾਊ ਬਣਦੀ ਹੈ। ਸਾਬਾਸਿ ਹੀ ਪੁਰਖਾ ਏਹੁ ਏਸੇ ਥਾਵੈ ਦਾ ਹੈ ਸਲੋਕ, ਏਹੁ ਏਥਾਊ ਬਣਦਾ ਹੈ। ਸਾਬਾਸਿ ਪੁਰਖਾ ਬਾਣੀ ਤਾਂ ਸਭ ਗੁਰੂ ਬਾਬੇ ਦੇ ਮੁਖ ਕੀ, ਪਰੁ ਬਣਾਵਣੇ ਅੰਗਦ ਸਿਖ ਦੇ ਵਿਚਿ, ਗੁਰੂ ਬਾਬਾ ਨਾਨਕ ਜੀ ਖੁਸੀ ਹੋਇ।... ਤਾਂ ਗੁਰੂ ਬਾਬੇ ਨਾਨਕ ਦੇ ਹਜ਼ੂਰਿ, ਗੁਰੂ ਅੰਗਦੁ, ਗੁਰੂ ਬਾਬੇ ਦੀ ਬਾਣੀ ਦਾ ਜਪੁ ਜੋੜੁ ਬੰਧਿਆ। ਜਪ ਕਾ ਜੋੜ॥੩੮॥ ਅਠਤ੍ਰੀਹ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਢਿਆ, ਜਿਉ ਦਹੀ ਵਿਚਹੁ ਮਖਣੁ ਮਥਿ ਕਢੀਦਾ ਹੈ। ਬਾਣੀ ਗੁਰੂ ਬਾਬੇ ਦੀ ਸਭ ਅੰਮ੍ਰਿਤ ਮੈ ਹੈ।...* (*71)

ਇਉਂ ਜਾਪਦਾ ਹੈ ਕਿ ਭਾਈ ਸੰਤੋਖ ਸਿੰਘ ਦੇ ਸਾਹਮਣੇ ਇਹ ਲਿਖਤ ਮੌਜੂਦ ਸੀ, ਜਿਸ ਤੋਂ ਪ੍ਰਭਾਵਤ ਹੋ ਕੇ ਉਸ ਨੇ ਜਪੁ ਜੀ ਸਾਹਿਬ ਬਾਰੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਉਤਰਾਰਧ, ਭਾਗ ਦੂਜੇ ਦੇ ਅਧਿਆਇ 52 ਵਿੱਚ ਅੰਕਿਤ ਕੀਤਾ ਹੈ, ਵੇਖੋ ਅੰਕ 92 ਤੋਂ 102 ਤੱਕ।

ਗੁਰੂ ਅੰਗਦ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ, ਉਨ੍ਹਾਂ ਦੀ ਸਾਰੀ ਬਾਣੀ ਵਿੱਚੋਂ ਪਉੜੀਆਂ ਚੁਣ ਕੇ ਜਪੁ ਜੀ ਸਾਹਿਬ ਦਾ ਸੰਪਾਦਨ ਕੀਤਾ। ਭਾਈ ਸੰਤੋਖ ਸਿੰਘ ਜੀ ਨੇ ਇਸ ਬਾਰੇ ਉਤਰਾਰਧ ਅਧਿਆਇ 52 ਵਿੱਚ ਸਪਸ਼ਟ ਕੀਤਾ ਹੈ:

ਸੁਨ ਸ੍ਰੀ ਅੰਗਦ ਬੰਦਨ ਠਾਨੀ। ਬੀਨ ਬੀਨ ਨੀਕੇ ਗੁਰ ਬਾਨੀ।
ਆਨ ਸੁਨਾਵਨ ਕੀਨ ਸੁਹਾਨੀ। ਤਬ 'ਜਪੁ' ਨਾਮ ਧਰਜੋ ਗੁਨਖਾਨੀ॥ ੯੫॥ (*72)

SikhBookClub.Com

ਛ. ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦਾ ਵਰਣਨ

'ਸ੍ਰੀ ਗੁਰ ਨਾਨਕ ਪ੍ਰਕਾਸ਼' ਉਤਰਾਰਧ ਵਿੱਚ ਭਾਈ ਸੰਤੋਖ ਸਿੰਘ ਦੇ ਦਿੱਤੇ ਗਏ ਸਿੱਖਾਂ ਦੇ ਨਾਂ, ਭਾਈ ਗੁਰਦਾਸ ਜੀ ਦੀ ਵਾਰ ਗਿਆਰਵੀਂ ਵਿੱਚੋਂ ਲਏ ਗਏ ਹਨ (*73) ਅਤੇ ਇਨ੍ਹਾਂ ਦਾ ਵਿਸਥਾਰ ਪੋਥੀ 'ਸਿੱਖਾਂ ਦੀ ਭਗਤਮਾਲਾ' ਜਾਂ 'ਭਗਤ ਰਤਨਾਵਲੀ' ਵਿੱਚੋਂ ਲਿਆ ਗਿਆ ਹੈ । ਇਹ ਪੋਥੀ ਭਾਈ ਮਨੀ ਸਿੰਘ ਜੀ ਦੀ ਦੱਸੀ ਜਾਂਦੀ ਹੈ। ਹਰ ਇੱਕ ਸਿੱਖ ਬਾਰੇ ਵਿਸਥਾਰ ਇੰਨ-ਬਿੰਨ ਸਿੱਖਾਂ ਦੀ ਭਗਤਮਾਲਾ ਨਾਲ ਮੇਲ ਖਾਂਦਾ ਹੈ। ਸਿੱਖਾਂ ਦੀ ਭਗਤਮਾਲਾ ਇੱਕ ਪੁਰਾਤਨ-ਲਿਖਤ ਹੈ ਜੋ ਅਠਾਰਵੀਂ ਸਦੀ ਵਿੱਚ ਲਿਖੀ ਗਈ ਸੀ। (*74)

ਕਈ ਲੋਕਾਂ ਦਾ ਮੱਤ ਹੈ ਕਿ ਕਵੀ ਸੰਤੋਖ ਸਿੰਘ ਕੋਲ ਕੋਈ ਪੁਰਾਤਨ ਗ੍ਰੰਥ ਨਹੀਂ ਸੀ, ਉਸ ਨੇ ਸਭ ਕੁਝ ਆਪਣੀ ਕਲਪਨਾ ਰਾਹੀਂ ਲਿਖਿਆ ਹੈ। ਇਹ ਧਾਰਨਾ ਗਲਤ ਸਾਬਤ ਹੋ ਜਾਂਦੀ ਹੈ, ਜਦ ਅਸੀਂ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦਾ ਹਾਲ, 'ਸਿੱਖਾਂ ਦੀ ਭਗਤਮਾਲਾ' ਜਾਂ 'ਭਗਤ ਰਤਨਾਵਲੀ' ਨੂੰ, ਕਵੀ ਭਾਈ ਸੰਤੋਖ ਸਿੰਘ ਜੀ ਦੇ ਕਥਨ ਨਾਲ ਮੇਲਦੇ ਹਾਂ।

ਮੂਲਾ ਕੀੜ:- ਮੂਲਾ ਨਾਂ ਹੈ ਤੇ ਕੀੜ ਉਸ ਦੀ ਜਾਤ ਹੈ, ਜੋ ਖੱਤਰੀਆਂ ਨਾਲ ਸਬੰਧਤ ਹੈ। ਇੱਕ ਦਿਨ ਇੱਕ ਠੱਗ ਮੂਲੇ ਦੇ ਘਰ ਆਇਆ। ਮੂਲੇ ਨੇ ਉਸ ਠੱਗ ਦੀ ਬਹੁਤ ਟਹਿਲ-ਸੇਵਾ ਕੀਤੀ। ਉਹ ਰਾਤ ਨੂੰ ਚੋਰੀ-ਚੋਰੀ, ਮੂਲੇ ਦੀ ਇਸਤਰੀ ਦੇ ਗਹਿਣਿਆਂ ਵਾਲਾ ਡੱਬਾ ਲੈ ਕੇ ਘਰੋਂ ਨਿਕਲ ਪਿਆ, ਪਰ ਬਾਹਰਲੇ ਦਰਵਾਜ਼ੇ ਨੂੰ ਜਿੰਦਰਾ ਵੱਜਾ ਹੋਇਆ ਸੀ। ਚੋਰ, ਡੱਬਾ ਉਥੇ ਹੀ ਰੱਖ ਕੇ ਮੂਲੇ ਕੋਲੋਂ ਜਿੰਦਰੇ ਦੀ ਚਾਬੀ ਮੰਗਣ ਆਇਆ ਤੇ ਕਿਹਾ ਕਿ ਮੈਂ ਬਾਹਰ ਜੰਗਲ-ਪਾਣੀ ਜਾਣਾ ਹੈ, ਮੈਨੂੰ ਚਾਬੀ ਦੇ ਦੇਵੋ।ਮੂਲੇ ਨੇ ਕਿਹਾ ਕਿ ਘਰ ਵਿਚ ਹੀ ਕਰ ਲਵੋ, ਸਵੇਰੇ ਬਾਹਰ ਸੁੱਟ ਦੇਵਾਂਗਾ। ਪਰ ਜਦ ਉਹ ਠੱਗ ਨਾ ਮੰਨਿਆ ਤਾਂ ਮੂਲੇ ਨੇ ਜਿੰਦਰਾ ਖੋਲ੍ਹ ਦਿੱਤਾ। ਜਾਂਦੇ ਹੋਇਆਂ ਠੱਗ ਕੋਲੋਂ ਗਹਿਣਿਆਂ ਦਾ ਡੱਬਾ ਧਰਤੀ 'ਤੇ ਡਿੱਗ ਪਿਆ ਤਾਂ ਮੂਲੇ ਨੇ ਮੁੜ ਉਹ ਗਹਿਣਿਆਂ ਦਾ ਡੱਬਾ ਠੱਗ ਨੂੰ ਹੀ ਫੜਾ ਦਿੱਤਾ। ਸਵੇਰੇ ਉੱਠ ਕੇ, ਮੂਲੇ ਦੀ ਇਸਤਰੀ ਨੇ ਗਾਇਬ ਹੋਏ ਗਹਿਣਿਆਂ ਨੂੰ ਵੇਖ ਕੇ ਕਿਹਾ ਕਿ ਰਾਤੀਂ ਜੋ ਸਿੱਖ ਆਪਣੇ ਘਰ ਆਇਆ ਸੀ, ਉਹ ਚੋਰ ਸੀ । ਮੂਲਾ ਚੁੱਪ ਰਿਹਾ । ਫੇਰ ਮੂਲੇ ਨੇ ਆਪਣੀ ਇਸਤਰੀ ਨੂੰ ਹੋਰ ਗਹਿਣੇ ਬਣਵਾ ਦਿੱਤੇ। ਮੂਲੇ ਦਾ ਅਜਿਹਾ ਵਧੀਆ ਵਤੀਰਾ (ਵਿਵਹਾਰ) ਦੇਖ ਕੇ ਗੁਰੂ ਜੀ ਬਹੁਤ ਖ਼ੁਸ਼ ਹੋਏ। ਗੁਰੂ ਜੀ ਨੇ ਕਿਹਾ ਕਿ ਮੂਲੇ, ਤੂੰ ਮੇਰਾ ਪਰਦਾ ਢੱਕਿਆ ਹੈ, ਤੇਰਾ ਪਰਦਾ ਗੁਰੂ ਢਕੇਗਾ। (*75)

ਭਾਈ ਸੰਤੋਖ ਸਿੰਘ ਜੀ ਨੇ ਸਾਰੀ ਵਾਰਤਾ ਨੂੰ ਇੰਨ-ਬਿੰਨ ਇਸ ਤਰਾਂ ਲਿਖਿਆ ਹੈ। ਵੇਖੋ, ਅਧਿਆਇ 42, ਉਤਰਾਰਧ ਭਾਗ ਦੂਜਾ, ਅੰਕ 34-46 ਤਕ। ਵਾਰਤਾ ਦਾ ਅਰੰਭ ਇਸ ਤਰਾਂ ਕੀਤਾ ਹੈ:

ਏਕ ਦਿਵਸ ਇਕ ਬੰਚਕ ਆਯੋ। ਤਨ ਮੈਂ ਸਿਖ ਕੋ ਭੇਖ ਬਨਾਯੋ।
ਬਾਨੀ ਕੰਠ ਪਢੈ ਕਰ ਪ੍ਰੀਤਾ। ਮਨ ਲੋਭੀ ਜਿਹ ਮਤਿ ਵਿਪ੍ਰੀਤਾ ॥ ੩੪ ॥
ਸੇਵਾ ਕਰੀ ਬਿਭਾਵਰੀ, ਪੁਨਿ ਮੂਲੇ ਕੀ ਨਾਰਿ।
ਭੂਖਨ ਰਖੇ ਉਤਾਰ ਕੈ ਬੰਚਕ ਲਏ ਨਿਹਾਰ॥ ੩੫॥
ਸੋਇ ਰਹੇ ਜਬ ਸਭ ਪਹਿਚਾਨੇ। ਸੋ ਭੂਖਨ ਲੀਨੇ ਨਿਜ ਪਾਨੇ।

SikhBookClub.Com

ਪ੍ਰਿਥਾ ਤੇ ਖੇਡਾ: ਪ੍ਰਿਥਾ ਅਤੇ ਖੇਡਾ, ਸੋਇਨੀ ਜਾਤ ਦੇ ਖੱਤਰੀ ਸਨ। ਉਹ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਕਰਤਾਰਪੁਰ ਆਏ ਸਨ। ਸਤਿਗੁਰਾਂ ਨੇ ਫ਼ਰਮਾਇਆ ਕਿ ਜਿਸ ਕਾਮਨਾ ਵਾਸਤੇ ਆਏ ਹੋ, ਮੰਗੋ। ਤਾਂ ਉਨ੍ਹਾਂ ਨੇ ਕਿਹਾ ਜੀ ਗਰੀਬ-ਨਿਵਾਜ, ਸਾਨੂੰ ਆਪਣੇ ਚਰਨਾਂ ਦੀ ਸ਼ਰਨ ਵਿੱਚ ਰੱਖੋ ਤੇ ਇਹ ਦਾਨ ਦੇਵੋ ਕਿ ਅਸੀਂ ਜਗਤ ਨੂੰ ਅਸਾਰ (ਝੂਠਾ) ਜਾਣ ਕੇ ਕੁਝ ਵੀ ਨਾ ਮੰਗੀਏ ਤੇ ਬਚਨ ਕੀਤਾ:

ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ ।

ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਸਾਡੇ ਚਰਨ ਸਾਧ-ਸੰਗਤ ਵਿੱਚ ਰਹਿੰਦੇ ਹਨ। ਤੁਸੀਂ ਸਾਧੂਆਂ ਦੀ ਸੇਵਾ ਕਰਨੀ ਤੇ ਦੋਨੋਂ ਵੇਲੇ ਧਰਮਸਾਲਾ ਜਾਣਾ। ਧਰਮ ਦੀ ਕਿਰਤ ਕਰਕੇ ਗਰੀਬ ਸਿੱਖਾਂ ਨਾਲ ਵੰਡ ਕੇ ਖਾਣਾ। ਜੇ ਸਰੀਰ ਨਾਲ ਮਿਲੋਗੇ ਤਾਂ ਵਿਛੜੋਗੇ, ਪਰ ਜੇ ਸ਼ਬਦ ਨਾਲ ਮਿਲੋਗੇ ਤਾਂ ਕਦੇ ਨਹੀਂ ਵਿਛੜੋਗੇ।(*76) ਇਸ ਘਟਨਾ ਨੂੰ ਭਾਈ ਸੰਤੋਖ ਸਿੰਘ ਨੇ ਕਵਿਤਾ ਵਿੱਚ ਪੇਸ਼ ਕੀਤਾ ਹੈ। ਵੇਖੋ ਅੰਕ 49 ਤੋਂ 56 ਤਕ। ਗੁਰੂ ਜੀ ਦੀ ਸਿੱਖਿਆ ਬਹੁਤ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਦੱਸੀ ਹੈ, ਵੇਖੋ:

ਸੰਤ ਕਰਤਾਰ ਭੇਦ ਕਛੁ ਨਾਂਹੀ। ਦਿੜ ਨਿਸ਼ਚੈ ਧਾਰਹੁ ਮਨ ਮਾਂਹੀ।
ਧਰਮ ਕ੍ਰਿੱਤ ਕਰ ਵੰਡ ਸੁ ਖਾਓ। ਚਰਣ ਸ਼ਰਣ ਨਿਤ ਇਉਂ ਜਿ ਕਮਾਓ॥ ੫੫॥
ਸਰਗੁਣ ਰੂਪ ਸਰੀਰ ਪਛਾਨੋ। ਸ਼ਬਦ ਰਿਦਾ ਮਮ, ਨਿਰਗੁਣ ਮਾਨੋ।
ਮਿਲੇ ਸਰੀਰ ਬਿਛੁਰ ਸੋ ਜਾਵਹਿਂ। ਸ਼ਬਦ ਮਿਲੇ ਨਾ ਬਿਛੁਰਨ ਪਾਵਹਿਂ' ॥ ੫੬॥(*77)

ਪ੍ਰਿਥੀਮੱਲ, ਰਾਮਾ ਤੇ ਡਿਡੀ: ਇਹ ਦੋਵੇਂ ਸਿੱਖ ਗੁਰੂ ਨਾਨਕ ਸਾਹਿਬ ਜੀ ਦੇ ਵਰੋਸਾਏ ਹੋਏ ਹਨ। ਇਨ੍ਹਾਂ ਨੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਤੇ ਅਰਦਾਸ ਕੀਤੀ ਕਿ ਸਾਨੂੰ ਅਜਿਹਾ ਸੌਖਾਲਾ ਰਾਹ ਦੱਸੋ ਕਿ ਅਸੀਂ ਵਾਹਿਗੁਰੂ ਨਾਲ ਇੱਕ-ਮਿੱਕ ਹੋ ਜਾਈਏ। ਗੁਰੂ ਜੀ ਨੇ ਕਿਹਾ ਕਿ ਤੁਸੀਂ ਆਪਣੇ ਕਰਮ ਇੰਦਰੇ ਅਤੇ ਗਿਆਨ-ਇੰਦਰੀਆਂ ਨੂੰ ਬੁਰੇ ਕੰਮ ਤੋਂ ਰੋਕ ਕੇ ਨਾਮ-ਸਿਮਰਨ ਤੇ ਬਾਣੀ ਵਾਲੇ ਪਾਸੇ ਲਾਉਣਾ। ਜੋ ਪੁਰਖ ਨਾਮ ਅਤੇ ਬਾਣੀ ਵੱਲ ਧਿਆਨ ਕਰਦਾ ਹੈ ਅਤੇ ਮਨ ਨੂੰ ਹੋਰ ਵਾਸ਼ਨਾਵਾਂ ਵੱਲੋਂ ਹਟਾਉਂਦਾ ਹੈ, ਉਹ ਪਰਮਾਤਮਾ ਨੂੰ ਪ੍ਰਾਪਤ ਕਰਦਾ ਹੈ। ਗੁਰੂ ਜੀ ਨੇ ਵਿਸਥਾਰ ਸਹਿਤ ਦੱਸਿਆ ਕਿ ਮਨ ਨੂੰ ਉਸਤਤ, ਨਿੰਦਾ, ਚੋਰੀ, ਯਾਰੀ ਤੇ ਹੋਰ ਬੁਰੇ ਕੰਮਾਂ ਵੱਲੋਂ ਹਟਾਉਣ ਨਾਲ ਤੇ ਰਸਨਾ ਨੂੰ ਝੂਠ ਵਲੋਂ ਮੋੜ ਕੇ ਵਾਹਿਗੁਰੂ ਦੀ ਸਿਫਤ-ਸਲਾਹ ਨਾਲ ਜੋੜਨ ਨਾਲ ਉਧਾਰ ਹੁੰਦਾ ਹੈ। ਸਿੱਖਾਂ ਦੀ ਭਗਤਮਾਲਾ ਵਿੱਚ ਦਿੱਤੇ ਉਪਦੇਸ਼ ਦੇ ਵਿਸਥਾਰ ਦਾ ਫਰਕ ਹੈ, ਕਿਉਂਕਿ ਉਸ ਵਿੱਚ ਕਈ ਉਦਾਹਰਣਾਂ ਹਨ, ਮੂਲ ਗੱਲ ਇੱਕ ਹੀ ਹੈ।(*78) ਭਾਈ ਸੰਤੋਖ ਸਿੰਘ, ਇਸ ਵਾਰਤਾ ਨੂੰ ਅਧਿਆਇ 42 ਵਿੱਚ ਪੇਸ਼ ਕੀਤਾ ਹੈ; ਵੇਖੋ, ਅੰਕ 60 ਤੋਂ 70 ਤੱਕ। ਗੁਰੂ ਨਾਨਕ ਜੀ ਦੀ ਸਿੱਖਿਆ ਇਨ੍ਹਾਂ ਸ਼ਬਦਾਂ ਵਿੱਚ ਅੰਕਿਤ ਕੀਤੀ ਹੈ:

ਸੁਨ ਸ਼੍ਰੀ ਮੁਖ ਸੋਂ ਬਚਨ ਉਚਾਰੇ। 'ਪਰਤਿਯ ਪਿਖਨ ਨੈਨ ਹਟਕਾਰੇ।
ਨਿੰਦਾ, ਨੁਤਿ ਨਹਿਂ ਸ਼੍ਰਵਨ ਸੁਨਾਵਹੁ। ਕਰ ਚੋਰੀ ਜਾਰੀ ਨ ਲਗਾਵਹੁ॥ ੬੬॥
ਕਬ ਨ ਕੁਸੰਗਤਿ ਪਗ ਸੋਂ ਜੱਯੈ। ਕਰਨ ਕੁਕਰਮਨ ਮਨ ਨ ਚੱਲਯੈ।
ਸੰਤ ਦਰਸ ਮਸਤਕ ਚਖ ਲਾਵਹਿ। ਜਸ ਗੁਬਿੰਦ ਨਿਤ ਕਰਣ ਸੁਨਾਵਹਿ॥ ੬੭॥
ਰਸਨਾ ਅਸਤ ਨ ਬਕੈ ਬਹੋਰੈ । ਸਿਫਤ ਪ੍ਰਮੇਸ਼ਰ ਮਹਿਂ ਨਿਤ ਜੋਰਹਿ ।
ਸੇਵਦਾਨ ਨਿਜ ਕਰ ਸੋਂ ਕਰਨਾ। ਸਤਿ ਸੰਗਤ ਗਮਨੈ ਸਦਚਰਨਾ ॥ ੬੮॥(*79)

SikhBookClub.Com

ਮਾਲੋ, ਮਾਂਗੋ:- ਭਾਈ ਮਾਲੋ ਅਤੇ ਮਾਂਗੋ ਕੀਰਤਨ ਤੇ ਕਥਾ ਕਰਦੇ ਸਨ। ਇੱਕ ਦਿਨ ਉਨ੍ਹਾਂ ਨੇ ਗੁਰੂ ਜੀ ਅੱਗੇ ਆ ਕੇ ਅਰਦਾਸ ਕੀਤੀ ਕਿ ਸਾਨੂੰ ਉਪਦੇਸ਼ ਦੇਵੋ, ਜਿਸ ਨਾਲ ਸਾਡਾ ਉਧਾਰ ਹੋ ਜਾਵੇ। ਤਾਂ ਗੁਰੂ ਜੀ ਨੇ ਕਿਹਾ ਕਿ ਇੰਦਰੀਆਂ ਅਤੇ ਮਨ ਨੂੰ ਇਕਾਗਰ ਕਰਕੇ ਕੀਰਤਨ ਕਰਨਾ ਚੰਗੇ ਮਾਰਗ ਵੱਲ ਜਾਣਾ ਹੈ। ਮਨ ਇਕਾਗਰ ਕਰਕੇ ਕੀਰਤਨ ਜਾਂ ਸਿਮਰਨ ਕਰਨ ਨਾਲ ਉਧਾਰ ਹੁੰਦਾ ਹੈ। ਹੋਰ ਜੋ ਸਭ ਤਪ ਹਨ, ਉਨ੍ਹਾਂ ਨਾਲ ਸਰੀਰ ਨੂੰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ-ਕੀਰਤਨ ਨਾਲ ਭਗਤੀ-ਭਾਵ ਦ੍ਰਿੜ੍ਹ ਹੋ ਜਾਂਦਾ ਹੈ। ਭਾਈ ਸੰਤੋਖ ਸਿੰਘ ਨੇ ਜ਼ਿਆਦਾ ਵਿਸਥਾਰ ਨਾਲ ਉਪਦੇਸ਼ ਦੱਸਿਆ ਹੈ।(*80)

ਇਸੇ ਸਾਖੀ ਨੂੰ ਭਾਈ ਸੰਤੋਖ ਸਿੰਘ ਨੇ ਕਵਿਤਾ ਵਿੱਚ ਲਿਖਿਆ ਹੈ ਤੇ ਹੇਠ ਲਿਖੇ ਅਨੁਸਾਰ ਸਿਖਿਆ ਦਿੱਤੀ ਹੈ:

ਗੋ ਤੇ ਮਨ ਜੁ ਇਕਾਗਰ ਕਰਨੋ। ਕਥਾ ਕੀਰਤਨ ਮਹਿਂ ਪੁਨਿ ਧਰਨੋ।
ਰੁਚਿ ਯੁਤਿ ਗੁਨਨ ਗਾਵਣਾ ਸੁਣਨੋ। ਮਿਲ ਕੇ ਸਤਿਸੰਗਤਿ ਨਿਤ ਗੁਣਨੋ॥ ੭॥(*81)
ਕਰਮ ਤਾਮਸੀ ਕਰਨ ਦੁਖਾਰੇ। ਇਹ ਜੁ ਰਾਜਸੀ ਲਖਹੁ ਸੁਖਾਰੇ।
ਫਲ ਬਿਸਾਲ ਹੈ ਥੋਰ ਕਮਾਈ। ਤਿਨ ਮਿਹਨਤ ਬਡ ਲਘੁ ਫਲ ਪਾਈ'॥ ੮॥

ਕਾਲੂ ਖੱਤਰੀ:- ਕਾਲੂ ਖੱਤਰੀ ਗੁਰੂ ਜੀ ਦੇ ਦਰਸ਼ਨ ਲਈ ਆਇਆ ਤੇ ਗੁਰੂ ਜੀ ਪਾਸੋਂ ਪੁੱਛਿਆ ਕਿ ਹੇ ਗਰੀਬ-ਨਿਵਾਜ! ਸਨਮੁੱਖ ਅਤੇ ਬੇਮੁੱਖ ਵਿੱਚ ਕੀ ਅੰਤਰ ਹੈ? ਤਾਂ ਗੁਰੂ ਜੀ ਨੇ ਦੱਸਿਆ ਕਿ ਜੋ ਪਾਪਾਂ ਨੂੰ ਪਿੱਠ ਦਿੰਦੇ ਹਨ ਅਤੇ ਪੁੰਨਾਂ ਦੇ ਸਾਹਮਣੇ ਹੁੰਦੇ ਹਨ, ਉਹ ਸਨਮੁੱਖ ਹਨ। ਜੋ ਇਸ ਦੇ ਉਲਟ ਕਰਮ ਕਰਨ, ਉਹ ਬੇਮੁੱਖ ਹੁੰਦੇ ਹਨ। (ਭਾਈ ਸੰਤੋਖ ਸਿੰਘ ਨੇ ਇਸ ਨੂੰ ਵਿਸਥਾਰ ਨਾਲ ਦੱਸਿਆ ਹੈ (*82) ਅਤੇ ਗੁਰੂ ਜੀ ਦੀ ਸਿੱਖਿਆ ਇਸ ਤਰਾਂ ਅੰਕਿਤ ਕੀਤੀ ਹੈ:

ਸੁਨਿਕੈ ਸ੍ਰੀ ਗੁਰ ਗਿਰਾ ਅਲਾਈ। 'ਕਲਮਲ ਤੇ ਜਿਨ ਕੰਡ ਫਿਰਾਈ॥ ੨੪॥
ਸੁੱਕ੍ਰਿਤ ਸਾਮੁਹਿ, ਸਾਖੀ ਬ੍ਰਿਤਿਕੋ। ਸੁਨਹਿ ਸ਼ਬਦ ਗੁਰ ਥਿਤ ਕਰ ਚਿਤਕੋ ।
ਲੱਛਨ ਚਤਰ ਅਪਰ ਹੈ ਜੋਇ। ਸੁਨਹੁ ਪ੍ਰੀਤ ਕਰ ਉਚਰੈਂ ਸੋਇ॥ ੨੫॥
ਮੈਤ੍ਰਿਯ, ਕਰੁਨਾ ਦ੍ਵੈ ਲਖੋ ਮੁਦਤਾ ਤੀਜੀ ਜਾਨ।
ਚਤੁਰ ਉਪੇਖਜਾ ਜਿਸ ਬਿਖੈ ਸਨਮੁਖ ਸੇ ਪਹਿਚਾਨ'॥ ੨੬॥(*83)

ਭਗਤਾ ਓਹਰੀ ਅਤੇ ਜਾਪੂਵੰਸੀ:- ਇਹ ਦੋਨੋਂ ਖੱਤਰੀ ਜਾਤ ਦੇ ਸਨ। ਇਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਅਰਦਾਸ ਕੀਤੀ ਕਿ ਜੋ ਅਧਿਕਾਰੀ ਹਨ, ਉਨ੍ਹਾਂ ਦਾ ਵਿਦਿਆ ਕਰਕੇ, ਗਿਆਨ ਕਰਕੇ ਉਧਾਰ ਹੁੰਦਾ ਹੈ ਪਰ ਅਸੀਂ ਪੜ੍ਹਨਾ-ਲਿਖਣਾ ਕੁਝ ਨਹੀਂ ਜਾਣਦੇ, ਸਾਡਾ ਉਧਾਰ ਕਿਵੇਂ ਹੋਵੇਗਾ? ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਤੁਸੀਂ ਮਨਮੁਖਾਂ ਵਾਲੇ ਕਰਮਾਂ ਦਾ ਤਿਆਗ ਕਰੋ ਤੇ ਸਿੱਖ-ਸੰਗਤ ਦੀ ਟਹਿਲ-ਸੇਵਾ ਕਰੋ, ਤਦ ਤੁਹਾਡਾ ਕਲਿਆਣ ਹੋਵੇਗਾ। ਉਨ੍ਹਾਂ ਫਿਰ ਪੁੱਛਿਆ ਕਿ ਮਨਮੁਖਾਂ ਦੇ ਕਰਮ ਕਿਹੜੇ ਹੁੰਦੇ ਹਨ? ਤਾਂ ਗੁਰੂ ਜੀ ਨੇ ਕਿਹਾ ਕਿ ਈਰਖਾ ਕਰਨੀ ਤੇ ਨਿੰਦਾ ਕਰਨੀ ਅਤੇ ਇਹ ਸਮਝਣਾ ਕਿ ਸਾਰੇ ਗੁਣ ਮੇਰੇ ਵਿੱਚ ਹੀ ਹਨ, ਹੋਰ ਕਿਸੇ ਵਿੱਚ ਨਹੀਂ। ਸਾਰੀ ਦੁਨੀਆ ਨੂੰ ਵੈਰੀ ਸਮਝਣਾ, ਇਹ ਸਾਰੇ ਮਨਮੁਖਾਂ ਦੇ ਕਰਮ ਹਨ। ਬੁਰੇ ਕੰਮਾਂ ਦਾ ਤਿਆਗ ਕਰਨਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣ ਨਾਲ ਤੁਹਾਡਾ ਉਧਾਰ ਹੋਵੇਗਾ।(*84) ਇਸੇ ਤਰਾਂ ਦਾ ਵਿਸਥਾਰ ਭਾਈ ਸੰਤੋਖ ਸਿੰਘ ਨੇ ਦਿੱਤਾ ਹੈ:

SikhBookClub.Com

ਤਬ ਸ੍ਰੀ ਗੁਰ ਸਗਰੀ ਬਿਧ ਬਰਨੀ। 'ਰਿਦੇ ਈਰਖਾ ਸਭ ਸੋਂ ਕਰਨੀ।
— ਜਗਤ ਪਦਾਰਥ ਸੁਖ ਜੇ ਸਾਰੇ। ਸਭ ਕੇ ਮਿਟ ਕਰ ਹੋਹਿੰ ਹਮਾਰੇ —॥ ੪੫॥
ਸਦਨ ਬਿਭੂਤਿ ਅਪਰ ਕੋ ਦੇਖੀ। ਪੀਰਾ ਪਾਵਹਿ ਰਿਦੇ ਵਿਸੇਖੀ।
ਸਰਬ ਨਰਨ ਕੋ ਸ਼ਤ੍ਰੁ ਜਾਨਹਿ। ਸੰਗ ਨ ਕਿਸੇ ਭਲਾਈ ਠਾਨਹਿ॥ ੪੬॥
ਇਕ ਮਨਮੁਖ ਕੋ ਕਰਮ ਇਹ, ਤਜਾਗਹੁ ਉਰ ਤੇ ਸੋਇ।
ਦੂਸਰ ਹਉਮੈਂ ਮਨ ਕਰੈ ਸਭ ਸੋ ਨਿਰਦਯ ਹੋਇ॥ ੪੭॥ (*85)

ਸ਼ੀਹਾਂ, ਗੱਜਣ:- ਸ਼ੀਹਾਂ ਤੇ ਗੱਜਣ, ਦੋਨੋਂ ਚਾਚੇ-ਤਾਏ ਦੇ ਪੁੱਤਰ, ਭਾਵ ਭਰਾ ਸਨ। ਜਦ ਇਹ ਗੁਰੂ ਨਾਨਕ ਸਾਹਿਬ ਨੂੰ ਮਿਲੇ ਤਾਂ ਇਨ੍ਹਾਂ ਨੇ ਪੁੱਛਿਆ ਕਿ ਸਾਡਾ ਜਨਮ-ਮਰਨ ਕੱਟ ਦੇਵੋ ਅਤੇ ਚਾਰ-ਪਦਾਰਥਾਂ ਦੀ ਸਾਨੂੰ ਕਿਵੇਂ ਪ੍ਰਾਪਤੀ ਹੋਵੇਗੀ? ਗੁਰੂ ਜੀ ਨੇ ਕਿਹਾ ਕਿ ਵਾਹਿਗੁਰੂ ਦਾ ਨਾਮ ਜਪਣ ਨਾਲ ਚਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਚਾਰੇ ਪਦਾਰਥ ਪ੍ਰਭੂ ਦੇ ਨਾਮ ਦੇ ਅਧੀਨ ਹਨ, (*86) ਗੁਰੂ ਨਾਨਕ ਸਾਹਿਬ ਦੀ ਸਿੱਖਿਆ, ਭਾਈ ਸੰਤੋਖ ਸਿੰਘ ਇਸ ਤਰਾਂ ਲਿਖਦੇ ਹਨ:

ਸੁਨਕੈ ਸ੍ਰੀ ਗੁਰ ਗਿਰਾ ਅਲਾਈ। ਲੋਚਨ ਕੋਰਨ ਕਰੁਨਾ ਛਾਈ।
'ਸਿਮਰਹੁ ਵਾਹਿਗੁਰੂ ਲਿਵਲਾਈ। ਦੇਇ ਪਦਾਰਥ ਸੋ ਤੁਮ ਤਾਂਈ'॥ ੫੮॥ (*87)

ਇੱਕ ਦਿਨ ਸ਼ੀਹੋਂ ਦੀ ਲੜਕੀ ਦਾ ਵਿਆਹ ਸੀ। ਉਸ ਦਿਨ ਉਸ ਦੇ ਘਰ ਬਹੁਤ ਸਿੱਖ ਆਏ ਤੇ ਜੋ ਵਿਆਹ ਲਈ ਰਾਸ਼ਨ-ਪਾਣੀ ਸੀ, ਸਾਰਾ ਉਨ੍ਹਾਂ ਸਿੱਖਾਂ ਨੂੰ ਛਕਾ ਦਿੱਤਾ। ਸ਼ੀਹੋਂ ਦੀ ਘਰ ਵਾਲੀ ਸੋਚਣ ਲੱਗੀ ਕਿ ਹੁਣ ਜੰਞ ਨੂੰ ਕੀ ਖੁਆਵਾਂਗੇ? ਤਾਂ ਸ਼ੀਹੋਂ ਨੇ ਕਿਹਾ ਕਿ ਸਾਡੀ ਪੈਜ (ਲਾਜ) ਗੁਰੂ ਜੀ ਆਪ ਹੀ ਰੱਖਣਗੇ। ਅਗਲੇ ਦਿਨ ਜੰਞ ਆਈ ਤੇ ਜਦ ਉਸ ਨੇ ਅਰਦਾਸ ਕਰਕੇ ਕੋਠੜੀ ਦਾ ਜਿੰਦਰਾ ਖੋਲਿਆ ਤਾਂ ਦੇਖਿਆ ਕਿ ਖਾਣ-ਪੀਣ ਦਾ ਬਹੁਤ ਸਮਾਨ ਹਾਜ਼ਰ ਸੀ। ਸਾਰੀ ਬਰਾਤ ਤੇ ਸੰਗਤ ਲੰਗਰ ਛਕ ਕੇ ਅਨੰਦਤ ਹੋਈ। ਇਹ ਸਾਖੀ ਭਾਈ ਸੰਤੋਖ ਸਿੰਘ ਨੇ ਵੀ ਇੰਨ-ਬਿੰਨ ਇਸੇ ਤਰਾਂ ਦਿੱਤੀ ਹੈ (*88) ਤੇ ਵਾਰਤਾ ਦਾ ਅੰਤ ਇਵੇਂ ਕਰਦੇ ਹਨ:

'ਰਾਖੀ ਸਿੱਖਨ ਪੈਜ ਅਗਾਰੀ। ਚਰਨ ਕਮਲ ਹਮ ਸ਼ਰਨ ਤੁਮਾਰੀ'।
ਅਸ ਕਹਿ ਤਿਸ ਕੋਠੇ ਕੋ ਤਾਰਾ। ਖੋਲ ਬਿਲੋਕ ਅਹਾਰ ਅਪਾਰਾ॥ ੮੧॥ (*89)

ਫਿਰਨਾ ਖਹਿਰਾ ਤੇ ਜੋਧ:- ਇਹ ਦੋਨੋਂ ਗੁਰੂ ਨਾਨਕ ਜੀ ਦੇ ਸਿੱਖ ਬਣ ਗਏ ਸਨ। ਉਨ੍ਹਾਂ ਨੇ ਅਰਦਾਸ ਕੀਤੀ, ਸਾਨੂੰ ਅਜਿਹਾ ਉਪਦੇਸ਼ ਕਰੋ ਜਿਸ ਨਾਲ ਸਿੱਖੀ ਪ੍ਰਾਪਤ ਹੋਵੇ ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਮਨ ਨੂੰ ਨੀਵਾਂ ਕਰਨ ਨਾਲ ਸਿੱਖੀ ਪ੍ਰਾਪਤ ਹੁੰਦੀ ਹੈ। ਤੁਸੀਂ ਸਿੱਖਾਂ ਦੀ ਸੇਵਾ ਕਰਨੀ, ਪਿਛਲੀ ਰਾਤ ਨੂੰ ਉੱਠ ਕੇ ਇਸ਼ਨਾਨ ਕਰਨਾ, ਪ੍ਰਭੂ ਦੇ ਨਾਮ ਦਾ ਅਭਿਆਸ ਕਰਨਾ ਅਤੇ ਮਨ ਨੀਵਾਂ ਰੱਖਣਾ ਅਤੇ ਸਾਧ-ਸੰਗਤ ਵਿੱਚ ਜਾ ਕੇ ਪਰੀਤ ਕਰਕੇ ਗੁਰੂ ਦਾ ਸ਼ਬਦ ਸੁਣਨਾ ਤੇ ਫਿਰ ਦੋਨਾਂ ਨੇ ਆਪਸ ਵਿੱਚ ਬਾਣੀ 'ਤੇ ਭਰੋਸਾ ਕਾਇਮ ਕਰਨਾ। ਉਨ੍ਹਾਂ ਦੋਨਾਂ ਨੇ ਇਸ ਤਰਾਂ ਹੀ ਕੀਤਾ ਤੇ ਉਨ੍ਹਾਂ ਦਾ ਉਧਾਰ ਹੋ ਗਿਆ ਸੀ। (*90) ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੀ ਸਿੱਖਿਆ ਇਸ ਤਰਾਂ ਅੰਕਿਤ ਕੀਤੀ ਹੈ:

ਪ੍ਰਭੂ ਭਾਖਜੋ 'ਮਨ ਨੀਵੇਂ ਜੋਇ। ਤਿਨ ਕੋ ਸਿੱਖੀ ਪ੍ਰਾਪਤਿ ਹੋਇ॥ ੮੮॥
ਸੇਵਾ ਜੋ ਤੁਮ ਪਾਸ ਤੇ ਸਿੱਖਨ ਕੀ ਹੁਇ ਆਇ।
ਤੌ ਕਰੀਏ ਹਿਤ ਕਰ ਰਿਦੇ ਪਗ ਪਖਾਰ, ਮੁਖ ਪਾਇ॥ ੮੯॥
ਪਿਛਲੀ ਨਿਸਾ ਕਰਹੁ ਇਸ਼ਨਾਨਾ। ਸਦਾ ਸ਼ਬਦ ਅੱਭਜਾਸ ਪ੍ਰਮਾਨਾ।
ਮਨ ਨੀਵੇਂ ਸਤਿਸੰਗਤਿ ਜਾਇ। ਗੁਰ ਕੋ ਸ਼ਬਦ ਸੁਨਹੁ ਹਿਤ ਲਾਇ॥ ੯੦॥ (*91)

SikhBookClub.Com

ਚ. 'ਸ੍ਰੀ ਗੁਰ ਨਾਨਕ ਪ੍ਰਕਾਸ਼' ਦਾ ਇਤਿਹਾਸਕ ਮੁਲਾਂਕਨ

ਇਹ ਗੱਲ ਸਭ ਮੰਨਦੇ ਹਨ ਕਿ ਵਿਗਿਆਨਕ ਇਤਿਹਾਸ ਦਾ ਮੌਜੂਦਾ ਲਿਖਣ ਦਾ ਢੰਗ ਇਹ ਹੈ ਕਿ ਯਥਾਰਥ ਜਾਂ ਅਸਲ ਗੱਲ ਨੂੰ ਲੱਭਿਆ ਜਾਏ। ਇਹ ਢੰਗ ਇਤਿਹਾਸਕਾਰ 'ਰੈਂਕੇ' (1830 ਈ:) ਤੋਂ ਅਰੰਭ ਹੋਇਆ ਅਤੇ ਉਨੀਵੀਂ ਸਦੀ ਦੇ ਅਖੀਰ ਵਿਚ ਵਿਕਸਤ ਹੋਇਆ।(*92) ਇਸ ਤੋਂ ਪਹਿਲਾਂ ਸਾਰੇ ਮੁਲਕਾਂ ਵਿੱਚ ਵੱਖਰੇ-ਵੱਖਰੇ ਢੰਗ ਨਾਲ ਇਤਿਹਾਸ ਲਿਖਿਆ ਜਾਂਦਾ ਸੀ। ਸਿੱਖ ਇਤਿਹਾਸ ਕੁਝ ਸਮਾਂ ਗੋਸ਼ਟਾਂ, ਸਾਖੀਆਂ ਅਤੇ ਵਾਰਤਾਵਾਂ (*93) ਦੇ ਰੂਪ ਵਿੱਚ ਅਤੇ ਮੁਸਲਮਾਨਾਂ ਦੇ ਪ੍ਰਭਾਵ ਥੱਲੇ ਰੋਜ਼ਨਾਮਚਿਆਂ ਵਾਂਗ ਤਰੀਖਾਂ ਲਿਖ ਕੇ ਘਟਨਾਵਾਂ ਲਿਖਣ ਦਾ ਢੰਗ ਵਰਤਿਆ ਜਾਂਦਾ ਸੀ, ਜਿਵੇਂ ਗੁਰੂ ਸਾਹਿਬਾਨਾਂ ਦੇ ਜੋਤੀ-ਜੋਤ ਸਮਾਉਣ ਦੇ ਚਰਿੱਤਰ ਆਦਿ। ਭਾਈ ਸੰਤੋਖ ਸਿੰਘ ਤੋਂ ਪਹਿਲਾਂ ਸਿੱਖ ਇਤਿਹਾਸ ਦੇ ਕਈ ਗ੍ਰੰਥ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਮਹਿਮਾ ਪ੍ਰਕਾਸ਼ ਕਵਿਤਾ ਵਿੱਚੇ ਲਿਖੇ ਗਏ ਸਨ। ਸੋ, ਭਾਈ ਸੰਤੋਖ ਸਿੰਘ ਨੇ ਵੀ 'ਸ੍ਰੀ ਗੁਰ ਨਾਨਕ ਪ੍ਰਕਾਸ਼' ਕਵਿਤਾ ਵਿੱਚ ਲਿਖਿਆ। ਭਾਈ ਸੰਤੋਖ ਸਿੰਘ ਦੇ ਸਮੇਂ ਵਿੱਚ ਬ੍ਰਿਜ-ਭਾਸ਼ਾ ਦਾ ਜ਼ੋਰ ਸੀ, ਇਸ ਲਈ ਉਸ ਨੇ ਇਸ ਭਾਸ਼ਾ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ 'ਤੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ ਬਾਕੀ ਸਿੱਖ-ਗੁਰੂਆਂ ਦੇ ਜੀਵਨ 'ਤੇ ਮਹਾਂਕਾਵਿ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਲਿਖਿਆ। ਭਾਈ ਸੰਤੋਖ ਸਿੰਘ ਨਾ ਕੇਵਲ ਮਹਾਂਕਵੀ ਸਨ, ਸਗੋਂ ਚੰਗੇ ਇਤਿਹਾਸਕਾਰ ਵੀ ਸਨ। ਜਿੱਥੇ ਉਨ੍ਹਾਂ ਕਵੀਆਂ ਵਾਲੀ ਕਲਪਨਾ ਦਾ ਪ੍ਰਯੋਗ ਕੀਤਾ ਹੈ, ਉਥੇ ਇਤਿਹਾਸਕ-ਕਲਪਨਾ ਨੂੰ ਵੀ ਸੁਘੜ ਢੰਗ ਨਾਲ ਵਰਤਿਆ ਹੈ। ਇਤਿਹਾਸਕ-ਕਲਪਨਾ ਆਪਣੇ ਸਰੋਤਾਂ ਵਿੱਚ ਸੀਮਤ ਹੁੰਦੀ ਹੈ, ਉਸ ਤੋਂ ਬਾਹਰ ਨਹੀਂ ਜਾ ਸਕਦੀ। ਕਾਲਨ ਵੁੱਡ, ਇਤਿਹਾਸਕ-ਕਲਪਨਾ ਦੀ ਵਿਆਖਿਆ ਇਸ ਤਰਾਂ ਕਰਦਾ ਹੈ ਕਿ ਰੋਮ ਦਾ ਬਾਦਸ਼ਾਹ 'ਸੀਜ਼ਰ' ਇੱਕ ਦਿਨ ਰੋਮ ਵਿੱਚ ਸੀ ਤੇ ਕੁਝ ਦਿਨਾਂ ਬਾਅਦ ਉਹ ਫਰਾਂਸ ਦੇ ਇੱਕ ਇਲਾਕੇ 'ਗਾਲ' ਵਿੱਚ ਚਲਾ ਗਿਆ। 'ਗਾਲ' ਵਿੱਚ ਉਹ ਕਿਹੜੇ ਰਸਤੇ ਰਾਹੀਂ ਪੁੱਜਾ, ਕਿਹੜੇ ਦਿਨ ਪੁੱਜਾ, ਉਸ ਦੇ ਸਰੋਤ, ਇਸ ਸਬੰਧੀ ਕੋਈ ਸੰਕੇਤ ਨਹੀਂ ਦਿੰਦੇ। ਇੱਥੇ ਜੇ ਕੋਈ ਇਤਿਹਾਸਕਾਰ ਉਸ ਸਮੇਂ ਦੇ 'ਰੋਮ' ਤੋਂ 'ਗਾਲ' ਦਾ ਰਾਹ ਲੱਭ ਕੇ ਬਿਆਨ ਕਰ ਦੇਵੇ ਤਾਂ ਇਹ ਇਤਿਹਾਸਕ-ਕਲਪਨਾ ਹੋਵੇਗੀ। ਇਸ ਵਿੱਚ ਸ਼ਰਤ ਇਹ ਹੈ ਕਿ ਨਾਵਲਕਾਰ ਵਾਂਗ ਇਸ ਨੂੰ ਰੰਗੀਨ ਨਾ ਬਣਾਇਆ ਜਾਵੇ, ਜਿਵੇਂ ਕਿ ਉਹ ਰਸਤੇ ਵਿੱਚ ਕਿਸ ਨੂੰ ਮਿਲਿਆ ਸੀ, ਕਿਸ ਨਾਲ ਵਾਰਤਾਲਾਪ ਕੀਤੀ ਸੀ, ਆਦਿ ਕਲਪਤ ਗੱਲਾਂ ਨਾ ਪਾਈਆਂ ਜਾਣ। ਨਾਵਲਕਾਰ ਇਸ ਵਾਰਤਾ ਨੂੰ ਸੁਆਦਲਾ ਬਣਾਉਣ ਲਈ ਕਈ ਗੱਲਾਂ ਪਾ ਸਕਦਾ ਹੈ ਪਰ ਇਤਿਹਾਸਕਾਰ ਨਹੀਂ। ਇਤਿਹਾਸਕਾਰ ਆਪਣੇ ਸਰੋਤਾਂ (Sources) ਤੋਂ ਬਾਹਰ ਨਹੀਂ ਜਾ ਸਕਦਾ। ਹਾਂ, ਜੇਕਰ ਸਰੋਤਾਂ (ਸੋਮਿਆਂ) ਵਿੱਚ ਕੋਈ ਸੰਕੇਤ ਹੋਵੇ ਤਾਂ ਉਸ ਅਨੁਸਾਰ ਉਹ ਆਪਣੀ ਕਲਪਨਾ ਦਾ ਵਿਸਥਾਰ ਕਰ ਸਕਦਾ ਹੈ।(*94)

ਭਾਈ ਸੰਤੋਖ ਸਿੰਘ ਇੱਕ ਮਹਾਨ ਕਵੀ ਸਨ ਤੇ ਸ਼ਕਤੀਸ਼ਾਲੀ ਕਲਪਨਾ ਦੇ ਮਾਲਕ ਸਨ। ਉਨ੍ਹਾਂ ਦੀ ਸ਼ਕਤੀਸ਼ਾਲੀ ਕਲਪਨਾ ਨੇ ਹੀ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਗੁਰੂ ਨਾਨਕ ਸਾਹਿਬ ਨੂੰ, ਪਾਠਕਾਂ ਦੇ ਇੰਨੇ ਨੇੜੇ ਲੈ ਆਂਦਾ ਹੈ ਕਿ ਇਉਂ ਅਨੁਭਵ ਹੁੰਦਾ ਹੈ ਕਿ ਅਸੀਂ ਗੁਰੂ ਸਾਹਿਬ ਦੇ ਨੇੜੇ ਢੁੱਕ ਕੇ, ਗੱਲਾਂ ਕਰ ਰਹੇ ਹਾਂ ਜਾਂ ਸੁਣ ਰਹੇ ਹਾਂ। 'ਸ੍ਰੀ ਗੁਰ ਨਾਨਕ ਪ੍ਰਕਾਸ਼'

SikhBookClub.Com

ਵਿੱਚ ਭਾਈ ਸੰਤੋਖ ਸਿੰਘ ਨੇ, ਕਈ ਤਰਾਂ ਦੀ ਕਲਪਨਾ ਦਾ ਪ੍ਰਯੋਗ ਕੀਤਾ ਹੈ ਜਿਵੇਂ ਕਿ ਨਾਵਲ-ਕਾਰ ਦੀ ਕਲਪਨਾ, ਜਿਸ ਨਾਲ ਅਸਧਾਰਨ ਗੱਲਾਂ ਦੱਸ ਕੇ ਪਾਠਕਾਂ ਨੂੰ ਅਕਰਸ਼ਤ ਕੀਤਾ ਜਾਏ ਜਾਂ ਕਾਵਿ-ਉਡਾਰੀਆਂ ਨਾਲ ਪ੍ਰਭਾਵਿਤ ਕੀਤਾ ਜਾਏ। ਇੱਥੇ ਸਾਡਾ ਮਨੋਰਥ ਕੇਵਲ ਭਾਈ ਸੰਤੋਖ ਸਿੰਘ ਦੀ ਇਤਿਹਾਸਕ-ਕਲਪਨਾ ਦਾ ਅਧਿਐਨ ਕਰਨਾ ਹੈ।

ਕਵੀ ਸੰਤੋਖ ਸਿੰਘ ਜੀ ਦੀ ਇਤਿਹਾਸਕ-ਕਲਪਨਾ: ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਕਿ ਇਤਿਹਾਸ ਵਿੱਚ ਵੀ ਇੱਕ ਸ਼ਕਤੀਸ਼ਾਲੀ-ਕਲਪਨਾ ਦੀ ਲੋੜ ਹੁੰਦੀ ਹੈ, ਜਿਸ ਨਾਲ ਇਤਿਹਾਸ-ਰਚਨਾ ਦੀ ਬਣਤਰ ਬਣਦੀ ਹੈ। ਇਸ ਕਲਾ ਵਿੱਚ ਵੀ ਭਾਈ ਸੰਤੋਖ ਸਿੰਘ ਬਹੁਤ ਨਿਪੁੰਨ ਸਨ। ਉਨ੍ਹਾਂ ਨੇ ਇਤਿਹਾਸ ਦੇ ਕਈ ਨਵੇਂ ਪੱਖ, ਇਤਿਹਾਸਕ-ਕਲਪਨਾ ਦੁਆਰਾ ਸਾਡੇ ਸਾਹਮਣੇ ਲਿਆਂਦੇ ਹਨ, ਜਿਵੇਂ ਕਿ ਪੂਰਬਾਰਧ ਭਾਗ ਪਹਿਲਾ ਵਿੱਚ ਗੁਰੂ ਨਾਨਕ ਜੀ ਦੀ ਬਾਲ ਅਵਸਥਾ ਦਾ ਵਰਣਨ ਹੈ।(*95)

ਕਿਸੇ ਵੀ ਜਨਮਸਾਖੀ ਵਿੱਚ ਸ੍ਰੀ ਗੁਰੂ ਨਾਨਕ ਜੀ ਦੀ ਬਾਲ ਅਵਸਥਾ ਦਾ ਕਥਨ ਨਹੀਂ ਮਿਲਦਾ। ਪਰ ਭਾਈ ਸੰਤੋਖ ਸਿੰਘ ਨੇ ਗੁਰੂ ਜੀ ਨੂੰ ਧਰਤੀ 'ਤੇ ਰਿੜ੍ਹਦਾ ਤੇ ਹੌਲੀ-ਹੌਲੀ ਤੁਰਦਾ ਵੀ ਦਿਖਾਇਆ ਹੈ।ਉਨ੍ਹਾਂ ਦੇ ਮਾਤਾ-ਪਿਤਾ ਉਸ ਨੂੰ ਵੇਖ-ਵੇਖ ਖੁਸ਼ ਹੁੰਦੇ ਦਰਸਾਏ ਹਨ। ਮਾਂ ਉਸ ਨੂੰ ਕੁੱਛੜ ਚੁੱਕ ਕੇ ਖੁਸ਼ ਹੁੰਦੀ ਹੈ, ਚੁੰਮਦੀ ਹੈ, ਲਾਡ-ਪਿਆਰ ਕਰਦੀ ਹੈ। ਇਸੇ ਤਰਾਂ ਪਿਤਾ ਖੁਸ਼ ਹੁੰਦਾ ਹੈ, ਚੁੱਕ ਕੇ ਪਿਆਰ ਕਰਦਾ ਹੈ।ਬਾਲ-ਨਾਨਕ ਜੀ ਦੇ ਘੁੰਗਰੂਆਂ ਵਾਲੀ ਤੜਾਗੀ ਪਾ ਕੇ, ਕਵੀ ਨੇ ਉਸ ਸਮੇਂ ਦਾ ਵਾਤਾਵਰਨ ਇਤਿਹਾਸਕ ਬਣਾ ਦਿੱਤਾ ਹੈ।

ਪੰਜਾਬ ਵਿੱਚ ਛੋਟੇ ਬੱਚਿਆਂ ਨੂੰ ਲੱਕ 'ਤੇ ਤੜਾਗੀ ਬੰਨ੍ਹੀ ਜਾਂਦੀ ਸੀ ਤੇ ਕਈ ਵਾਰ ਘੁੰਗਰੂਆਂ ਵਾਲੀ ਤੜਾਗੀ ਬੰਨ੍ਹਦੇ ਸਨ। ਇਹ ਇੱਕ ਪੁਰਾਣਾ ਰਿਵਾਜ ਸੀ। ਛੋਟੇ ਬੱਚੇ ਵਾਸਤੇ ਮਾਂ-ਪਿਓ ਦਾ ਪਿਆਰ ਕੁਦਰਤੀ ਹੈ। ਕੁਦਰਤੀ-ਅਸੂਲਾਂ ਨੂੰ ਇਤਿਹਾਸਕ-ਪ੍ਰਮਾਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਕੁਦਰਤੀ-ਅਸੂਲ ਪੁਰਾਣੇ ਸਮਿਆਂ ਵਿੱਚ ਵੀ ਸਨ ਤੇ ਅੱਜਕੱਲ੍ਹ ਵੀ ਉਸੇ ਤਰਾਂ ਹੀ ਚੱਲਦੇ ਪਏ ਹਨ। ਭਾਈ ਸੰਤੋਖ ਸਿੰਘ ਨੇ ਬਾਲ-ਨਾਨਕ ਦੇ ਬਾਰੇ ਲਿਖ ਕੇ, ਇਤਿਹਾਸ ਵਿੱਚ ਵਾਧਾ ਕੀਤਾ ਹੈ।ਇਹ ਭਾਈ ਸੰਤੋਖ ਸਿੰਘ ਜੀ ਦੀ ਇਤਿਹਾਸਕ-ਕਲਪਨਾ ਹੈ ਕਿ ਹਰ ਵਿਅਕਤੀ ਜੰਮਦਾ ਹੀ ਬੁੱਢਾ ਨਹੀਂ ਹੋ ਸਕਦਾ, ਉਸ ਦਾ ਸਰੀਰ ਹੌਲੀ-ਹੌਲੀ ਵਿਕਾਸ (ਵਾਧਾ) ਕਰਦਾ ਹੈ। ਛੋਟੇ ਬਾਲ ਨੂੰ ਤੜਾਗੀ ਪਾਉਣ ਤੇ ਘੁੰਗਰੂ ਪਾਉਣ ਦਾ ਇੱਕ ਸਮੇਂ ਦਾ ਰਿਵਾਜ ਸੀ। ਸੋ, ਇੱਥੇ ਕਾਲ ਤੇ ਸਥਾਨ ਦੀ ਸੀਮਾ ਦੇ ਅੰਦਰੋਂ-ਅੰਦਰ ਕਲਪਨਾ ਕੰਮ ਕਰ ਰਹੀ ਹੈ, ਜੋ ਇਸ ਲਈ ਇਤਿਹਾਸ-ਚਿਤਰਨ ਵਿੱਚ ਸਹਾਈ ਹੋਈ ਹੈ।

ਇਸ ਅਧਿਆਇ ਵਿੱਚ ਬਾਲ-ਨਾਨਕ ਹੌਲੀ-ਹੌਲੀ ਤੁਰਨਾ ਸਿੱਖਦਾ ਹੈ ਤੇ ਘਰ ਦੇ ਭਾਂਡੇ, ਵਸਤੂਆਂ ਆਦਿ ਬਾਹਰ, ਮੰਗਤਿਆਂ ਨੂੰ ਫੜਾ ਆਉਂਦਾ ਹੈ। ਇਸ ਤਰਾਂ ਕਰਨ ਉੱਤੇ ਬਾਲ-ਨਾਨਕ ਦੀ ਮਾਤਾ, 'ਤ੍ਰਿਪਤਾ' ਬਹੁਤ ਨਰਾਜ਼ ਹੁੰਦੀ ਹੈ। ਪਰ ਬਾਲ-ਨਾਨਕ ਦਾ ਚੀਜ਼ਾਂ ਵੰਡਣ ਦਾ ਕਰੱਤਵ ਵੱਡੇ ਹੋ ਕੇ ਉਸ ਦੀ ਵੰਡ-ਛਕਣ ਦੀ ਧਾਰਨਾ ਦਾ ਲਖਾਇਕ ਜਾਪਣ ਲੱਗ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਕਿਵੇਂ ਇੱਕ ਤਿਲ ਨੂੰ ਵੀ ਵੰਡ ਕੇ ਦਿਖਾ ਦਿੱਤਾ ਸੀ (ਵਿਸਥਾਰ ਲਈ ਵੇਖੋ, ਪ੍ਰਸਤਾਵਨਾ, ਪੂਰਬਾਰਧ, ਭਾਗ ਪਹਿਲਾ, ਪੰਨਾ 197)।

ਭਾਈ ਸੰਤੋਖ ਸਿੰਘ ਵਾਰਤਾਲਾਪ ਲਿਖਣ ਵਿੱਚ ਬਹੁਤ ਨਿਪੁੰਨ ਕਵੀ ਹਨ। ਉਨ੍ਹਾਂ ਨੇ ਜੀਵਨ ਦੇ ਉਤਰਾਅ-ਚੜ੍ਹਾਅ ਨੂੰ ਬਹੁਤ ਨੇੜਿਓਂ ਪਰਖਿਆ ਹੈ ਤੇ ਵਿਸ਼ੇਸ਼ ਕਰ ਔਰਤਾਂ ਦੇ

SikhBookClub.Com

ਸੁਭਾਅ ਅਤੇ ਉਨ੍ਹਾਂ ਦੇ ਗੱਲਬਾਤ ਦੇ ਢੰਗ ਦਾ ਡੂੰਘਾ ਅਧਿਐਨ ਕੀਤਾ ਹੈ। ਇਸਤਰੀ-ਮਨੋਵਿਗਿਆਨ ਦੇ ਉਹ ਬਹੁਤ ਚੰਗੇ ਜਾਣੂ ਸਨ। ਜਿਵੇਂ ਕਿ ਪੂਰਬਾਰਧ, ਭਾਗ ਪਹਿਲਾ ਵਿੱਚ ਚੰਦੋਰਾਣੀ ਅਤੇ ਬੇਬੇ ਨਾਨਕੀ ਦੇ ਵਾਰਤਾਲਾਪ ਤੋਂ ਪਤਾ ਲੱਗਦਾ ਹੈ।(ਵਿਸਥਾਰ ਲਈ ਵੇਖੋ, ਪ੍ਰਸਤਾਵਨਾ, ਪੂਰਬਾਰਧ, ਪੋਥੀ ਪਹਿਲੀ, ਪੰਨਾ 38 ਤੋਂ 41) ਭਾਈ ਸੰਤੋਖ ਸਿੰਘ ਜੀ ਅਨੁਸਾਰ, ਚੰਦੋਰਾਣੀ ਆਪਣੀ ਧੀ ਸੁਲੱਖਣੀ ਨੂੰ ਇਸ ਤਰਾਂ ਸਿੱਖਿਆ ਦਿੰਦੀ ਹੈ:

ਤੂੰ ਨੈਹਰ ਘਰ ਹੁਤੀ ਦੁਲਾਰੀ। ਨਹਿੰ ਜਾਨਹਿ ਕਛੁ ਸੇਵ ਪ੍ਰਕਾਰੀ।
ਅਬ ਮਨ ਸਮਝ ਸੇਵ ਪਤਿ ਕੀਜੈ। ਭਲੇ ਰਿਝਾਇ ਸਰਬ ਸੁਖ ਲੀਜੈ ॥ ੬੬॥
ਪਤਿ ਕੀ ਸੇਵ ਕਰਤਿ ਤਿਯ ਜੇਤੀ। ਸੁਖੀ ਰਹਿਤ ਦ੍ਵੈ ਲੋਕਨ ਤੇਤੀ' ।
ਅਸ ਪ੍ਰਕਾਰ ਕੀ ਸੀਖ ਸਿਖਾਨੀ। ਕਿਤਕ ਦਿਵਸ ਰਹਿ ਚੰਦੋਰਾਨੀ ॥ ੬੭॥(*96)

ਮਨੁੱਖੀ ਸੁਭਾਅ ਅਤੇ ਰੁਚੀਆਂ ਕੁਦਰਤੀ ਹਨ ਤੇ ਕਦੇ ਵੀ ਬਦਲਦੀਆਂ ਨਹੀਂ। ਉਪਰੋਕਤ ਸਤਰਾਂ ਵਿੱਚ ਚੰਦੋਰਾਣੀ, ਆਪਣੀ ਸਪੁੱਤਰੀ ਨੂੰ ਪਤੀ ਦੀ ਸੇਵਾ ਕਰਨ ਦਾ ਸੁਝਾਅ ਦਿੰਦੀ ਹੈ।

ਕਈ ਲੇਖਕਾਂ ਦੀ ਧਾਰਨਾ ਹੈ ਕਿ ਭਾਈ ਸੰਤੋਖ ਸਿੰਘ ਜੀ ਦੇ ਸਾਹਮਣੇ ਕੋਈ ਇਤਿਹਾਸਕ-ਸਮੱਗਰੀ (ਪੁਰਾਤਨ ਪੁਸਤਕਾਂ ਆਦਿ) ਨਹੀਂ ਸੀ। ਉਨ੍ਹਾਂ ਨੇ ਗੁਰ-ਇਤਿਹਾਸ ਆਪਣੀ ਕਲਪਨਾ ਦੁਆਰਾ ਉਸਾਰਿਆ ਹੈ।" ਇਹ ਧਾਰਨਾ ਠੀਕ ਨਹੀਂ ਹੈ। ਉਨ੍ਹਾਂ ਨੇ ਇਤਿਹਾਸਕ-ਕਲਪਨਾ ਦਾ ਪ੍ਰਯੋਗ ਜ਼ਰੂਰ ਕੀਤਾ ਹੈ, ਪਰ ਕਈ ਥਾਂਵਾਂ 'ਤੇ ਉਨ੍ਹਾਂ ਦੇ ਸਾਹਮਣੇ ਪੁਰਾਤਨ-ਲਿਖਤਾਂ ਦੇ ਹੋਣ ਦੇ ਪਰਤੱਖ ਸਬੂਤ ਮਿਲਦੇ ਹਨ। ਮਿਸਾਲ ਵਜੋਂ, ਜਿਹੜੇ ਨਾਂ ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਨਿਕਟਵਰਤੀ-ਸਿੱਖਾਂ ਦੇ ਲਿਖੇ ਹਨ, ਉਹ ਸਾਰੇ ਦੇ ਸਾਰੇ ਭਾਈ ਗੁਰਦਾਸ ਜੀ ਦੀ ਵਾਰ 11ਵੀਂ ਵਿੱਚੋਂ ਲਏ ਗਏ ਹਨ।(*97) ਜਿਵੇਂ ਕਿ ਮੂਲਾ-ਕੀੜ, ਪ੍ਰਿਥਾ, ਖੇਡਾ, ਪ੍ਰਿਥੀਮਲ, ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸ਼ੀ ਆਦਿ। (ਹੋਰ ਵਿਸਥਾਰ ਲਈ ਵੇਖੋ, ਉਤਰਾਰਧ, ਭਾਗ ਦੂਜਾ, ਅਧਿਆਇ 43-44 ਅਤੇ ਉਤਰਾਰਧ ਭਾਗ ਦੂਜਾ ਦੀ ਪ੍ਰਸਤਾਵਨਾ ਵਿੱਚ, "ਗੁਰੂ ਨਾਨਕ ਜੀ ਦੇ ਸਿੱਖਾਂ ਦਾ ਵਰਣਨ")।

ਇਨ੍ਹਾਂ ਦਾ ਵਿਸਥਾਰ ਜਿਵੇਂ ਦਾ 'ਸਿੱਖਾਂ ਦੀ ਭਗਤਮਾਲਾ' ਵਿੱਚ ਹੈ, ਬਿਲਕੁਲ ਉਹੋ ਜਿਹਾ ਹੀ ਭਾਈ ਸੰਤੋਖ ਸਿੰਘ ਨੇ ਉਤਰਾਰਧ ਅਧਿਆਇ 43-44 ਵਿੱਚ ਵਰਣਨ ਕੀਤਾ ਹੈ, ਜਿਵੇਂ ਕਿ ਇਸ ਬਾਰੇ ਪ੍ਰਸਤਾਵਨਾ ਵਿੱਚ ਵੀ ਵਿਸਥਾਰ-ਸਹਿਤ ਉਲੇਖ ਕੀਤਾ ਗਿਆ ਹੈ।

ਇਸ ਤੋਂ ਸਪਸ਼ਟ ਹੈ ਕਿ ਭਾਈ ਸੰਤੋਖ ਸਿੰਘ ਜੀ ਦੇ ਸਾਹਮਣੇ ਕੁਝ ਪੁਰਾਤਨ-ਲਿਖਤਾਂ ਜ਼ਰੂਰ ਮੌਜੂਦ ਸਨ, ਜਿਨ੍ਹਾਂ ਦੇ ਅਧਾਰ 'ਤੇ ਉਨ੍ਹਾਂ ਨੇ, 'ਸ੍ਰੀ ਗੁਰ ਨਾਨਕ ਪ੍ਰਕਾਸ਼' ਰਚਿਆ ਹੈ। ਪੁਰਾਣੇ ਸਮੇਂ ਵਿੱਚ ਟੂਕਾਂ ਅਤੇ ਹਵਾਲੇ ਆਦਿ ਦੇਣ ਦਾ ਰਿਵਾਜ ਨਹੀਂ ਸੀ।

ਜਪੁ ਜੀ ਸਾਹਿਬ ਦੇ ਸੰਪਾਦਨ ਦਾ ਵਿਸਥਾਰ ਕੇਵਲ ਜਨਮਸਾਖੀ ਮਿਹਰਬਾਨ, ਹਿੱਸਾ ਦੂਜਾ ਵਿੱਚ ਅੰਕਿਤ ਹੈ। ਬਿਲਕੁਲ ਉਹੋ ਹੀ ਵਿਸਥਾਰ ਭਾਈ ਸੰਤੋਖ ਸਿੰਘ ਜੀ ਨੇ, ਜਪੁਜੀ ਸਾਹਿਬ ਦੀ ਸੰਪਾਦਨਾ ਬਾਰੇ ਅਧਿਆਇ 52, ਉਤਰਾਰਧ ਵਿੱਚ ਦਿੱਤਾ ਹੈ। ਇਹ ਸਮਾਨਤਾ ਕਦੇ ਵੀ ਸਬੱਬੀਂ ਨਹੀਂ ਹੋ ਸਕਦੀ। ਭਾਈ ਸੰਤੋਖ ਸਿੰਘ ਜੀ ਦੇ ਸਾਹਮਣੇ 'ਪੋਥੀ ਹਰਿ ਜੀ' ਭਾਵ 'ਜਨਮਸਾਖੀ ਗੁਰੂ ਨਾਨਕ ਕਿਰਤ ਮਿਹਰਬਾਨ, ਪੋਥੀ ਦੂਜੀ' ਜ਼ਰੂਰ ਹੋਵੇਗੀ।

ਏਸੇ ਤਰਾਂ ਪੰਜਾ ਸਾਹਿਬ ਦੀ ਸਾਖੀ ਕਿਸੇ ਜਨਮਸਾਖੀ ਵਿੱਚ ਨਹੀਂ ਮਿਲਦੀ ਪਰ ਭਾਈ ਸੰਤੋਖ ਸਿੰਘ ਨੇ ਇਸ ਨੂੰ ਵਿਸਥਾਰ-ਸਹਿਤ ਵਰਣਨ ਕੀਤਾ ਹੈ। ਜਾਪਦਾ ਹੈ ਕਿ ਉਸ ਦੇ ਸਾਹਮਣੇ

SikhBookClub.Com

ਜ਼ਰੂਰ ਕੋਈ ਪੁਰਾਤਨ-ਲਿਖਤ ਹੋਵੇਗੀ, ਜਿਸ ਤੋਂ ਉਸ ਨੇ ਪੰਜਾ-ਸਾਹਿਬ ਦੀ ਸਾਖੀ ਲਈ ਹੋਵੇਗੀ। 'ਸਿੰਧ' ਦਰਿਆ ਤੋਂ 20 ਕੋਹ ਦੀ ਸਥਿਤੀ ਦੱਸਣਾ, ਵਲੀ-ਕੰਧਾਰੀ ਅਤੇ ਹਸਨ-ਅਬਦਾਲ ਦਾ ਕਥਨ, ਇਸ ਸਾਖੀ ਦੀ ਪੁਰਾਤਨਤਾ ਨੂੰ ਪੱਕਾ ਕਰਦਾ ਹੈ।

ਭਾਈ ਸੰਤੋਖ ਸਿੰਘ ਜੀ ਕਾਵਿ-ਸ਼ਾਸਤਰ ਵਿੱਚ ਬਹੁਤ ਨਿਪੁੰਨ ਸਨ। ਹਰ ਕਿਸਮ ਦੇ ਕਬਿੱਤ, ਦੋਹਰੇ ਆਦਿ ਲਿਖ ਸਕਦੇ ਸਨ। ਉਹ ਪੁਰਾਣਕ ਅਤੇ ਮਿਥਿਹਾਸਕ-ਗਿਆਨ ਵਿੱਚ ਵੀ ਭਰਪੂਰ ਸਨ। ਉਨ੍ਹਾਂ ਨੇ ਅਲੰਕਾਰ ਤੇ ਰੂਪਕ, ਹਿੰਦੂ-ਮਿਥਿਹਾਸ ਵਿੱਚੋਂ ਦਿੱਤੇ ਹਨ। ਕਈ ਅਧਿਆਇ ਤਾਂ ਨਿਰੋਲ ਮਿਥਿਹਾਸਕ ਹਨ। (ਵਿਸਥਾਰ ਲਈ ਵੇਖੋ, ਪੂਰਬਾਰਧ, ਪੋਥੀ ਦੂਜੀ ਅਤੇ ਉਤਰਾਰਧ, ਪੋਥੀ ਪਹਿਲੀ ਦੀਆਂ ਅੰਤਕਾਵਾਂ)। ਗੁਰਬਾਣੀ-ਅਧਿਐਨ ਵਿੱਚ ਵੀ ਭਾਈ ਸੰਤੋਖ ਸਿੰਘ ਬਹੁਤ ਨਿਪੁੰਨ ਸਨ। ਕਈ ਥਾਂਵਾਂ 'ਤੇ ਉਨ੍ਹਾਂ ਨੇ ਗੁਰਬਾਣੀ ਦੇ ਭਾਵਪੂਰਤ ਅਰਥ ਦੱਸੇ ਹਨ ਅਤੇ ਗੁਰਬਾਣੀ ਦੇ ਸ਼ਬਦਾਂ ਨੂੰ ਇਤਿਹਾਸਕ-ਪਰਿਪੇਖ ਵਿੱਚ ਪੇਸ਼ ਕੀਤਾ ਹੈ।

ਜਨਮਸਾਖੀਆਂ ਰਚਨ ਵਾਲਿਆਂ ਵਾਂਗ ਭਾਈ ਸੰਤੋਖ ਸਿੰਘ ਨੇ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦਾ ਆਧਾਰ ਬਣਾਇਆ ਹੈ। ਅਤੇ ਕਈ ਅਧਿਆਵਾਂ ਵਿੱਚ ਵਰਣਨ ਕਰਦਿਆਂ, ਥਾਂ-ਥਾਂ 'ਤੇ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਦੇ ਹਵਾਲੇ ਦਿੱਤੇ ਹਨ। ਕਈ ਥਾਂਵਾਂ 'ਤੇ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਦਾ ਇੱਕ ਇੱਕ ਅੰਕ ਲੈ ਕੇ ਵਾਰੋ-ਵਾਰੀ ਵਿਆਖਿਆ ਕੀਤੀ ਹੈ ਤੇ ਉਸ ਅਧਾਰ 'ਤੇ ਇਤਿਹਾਸ ਦੀ ਉਸਾਰੀ ਕੀਤੀ ਹੈ। ਮਿਸਾਲ ਵਜੋਂ ਵੇਖੋ, ਉਤਰਾਰਧ, ਭਾਗ ਪਹਿਲਾ, ਅਧਿਆਇ 5, ਅੰਕ 35-47)। ਭਾਈ ਬਾਲੇ ਦੀ ਜਨਮਸਾਖੀ ਤੋਂ ਸਿਵਾਏ ਬਾਕੀ ਸਭ ਜਨਮਸਾਖੀਆਂ ਦਾ ਗੁਰੂ ਨਾਨਕ ਸਾਹਿਬ ਦੇ ਜੀਵਨ-ਚਿਤਰਨ ਦਾ ਮੂਲ ਅਧਾਰ, ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਵਿੱਚ ਭਾਵੇਂ ਭਾਈ ਸੰਤੋਖ ਸਿੰਘ ਦੀ ਲਿਖਤ ਦਾ ਫਰਕ ਹੈ, ਭਾਵ ਉਹ ਪਹਿਲੀ ਵਾਰ, ਭਾਈ ਗੁਰਦਾਸ ਜੀ ਦੇ ਸੰਕੇਤਾਂ ਉੱਤੇ ਨਹੀਂ ਚੱਲਿਆ, ਪਰ ਵੱਖ-ਵੱਖ ਥਾਂਵਾਂ 'ਤੇ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਨੂੰ ਭਾਈ ਗੁਰਦਾਸ ਅਨੁਸਾਰ ਹੀ ਆਪਣੀ ਲਿਖਤ ਦਾ ਰੂਪ ਘੜਿਆ ਹੈ। ਜਿਵੇਂ ਬਗਦਾਦ ਸ਼ਹਿਰ ਵਿੱਚ ਪੀਰ ਦਸਤਗੀਰ ਨਾਲ ਹੋਈ ਗੱਲਬਾਤ ਤੋਂ ਸਪਸ਼ਟ ਹੈ। ਮੱਕੇ ਦੀ ਵਾਰਤਾ ਵੀ ਭਾਈ ਗੁਰਦਾਸ ਦੀ ਲਿਖਤ ਨਾਲ ਮੇਲ ਖਾਂਦੀ ਹੈ।(*98) ਪੂਰਬਾਰਧ, ਭਾਗ ਦੂਜਾ 'ਚ, ਸੰਤੋਖ ਸਿੰਘ ਅਨੁਸਾਰ ਗੁਰੂ ਨਾਨਕ ਜੀ ਕਹਿੰਦੇ ਹਨ:-

ਜਿਤ ਦਿਸ਼ ਨਹੀਂ ਖੁਦਾਇ ਘਰ, ਤੈਂ ਜਾਨਜੋ ਮਨ ਮਾਂਹਿ।
ਕਰਹੁ ਮੁਲਾਨੇ ਤਿਤ ਦਿਸ਼ਾ ਬਰਜਤਿ ਤੁਝ ਕੋ ਨਾਂਹਿ'॥੧੯॥
ਸੁਨਿ ਕਰਿ ਊਚੇ ਬਚਨ ਕੋ ਬੂਝਨ ਲਗੇ ਇਮਾਨ।
'ਹਿੰਦੂ ਵਡਾ ਕਿ ਤੁਰਕ ਹੈ ਕਰਿਜੇ ਆਪ ਬਖਾਨ॥੩੫॥
ਭਲੇ ਅਮਲ ਕੀਏ ਬਿਨਾ ਜਾਂਹਿ ਨਰਕ ਕੋ ਦੋਇ।
ਦੇਹਿ ਰਹੈ ਈਹਾਂ ਪਰੀ ਜਬ ਲੇਖਾ ਤਹਿਂ ਹੋਇ॥੩੮॥ (*99)

ਭਾਈ ਗੁਰਦਾਸ ਜੀ, ਵਾਰ ਪਹਿਲੀ ਵਿੱਚ ਲਿਖਦੇ ਹਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਣੀ?
ਬਾਬਾ ਆਖੇ ਹਾਜੀਆ ਸੁਭ ਅਮਲਾ ਬਾਝਹੁ ਦੋਨੋ ਰੋਣੀ॥ (*100)

SikhBookClub.Com

ਭਾਈ ਸੰਤੋਖ ਸਿੰਘ ਕਵੀ ਹੋਣ ਦੇ ਨਾਲ-ਨਾਲ ਗੁਰਬਾਣੀ ਦੇ ਵੀ ਸੁੱਘੜ-ਗਿਆਤਾ ਸਨ। ਉਹ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ, ਆਪਣੀ ਕਵਿਤਾ ਨਾਲ ਮੇਲ ਕਰਾ ਕੇ ਕਈ ਥਾਂਈਂ ਅਸਲ ਗੱਲ ਨੂੰ ਸਪਸ਼ਟ ਕਰਦੇ ਹਨ। ਭਾਈ ਸੰਤੋਖ ਸਿੰਘ ਦਾ ਸਵੱਯਾ, ਭਾਈ ਗੁਰਦਾਸ ਜੀ ਦੀ 24ਵੀਂ ਵਾਰ ਨਾਲ ਬਹੁਤ ਜ਼ਿਆਦਾ ਮੇਲ ਖਾਂਦਾ ਹੈ। ਫ਼ਰਕ ਸਿਰਫ ਇੰਨਾ ਹੈ ਕਿ ਭਾਈ ਗੁਰਦਾਸ ਜੀ ਨੇ ਪੰਜਾਬੀ-ਭਾਸ਼ਾ ਵਿੱਚ ਲਿਖਿਆ ਹੈ ਤੇ ਭਾਈ ਸੰਤੋਖ ਸਿੰਘ ਨੇ ਬ੍ਰਿਜ-ਭਾਸ਼ਾ ਵਿੱਚ। ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਸਚਾ ਪਾਤਿਸਾਹੁ ਖੇਪਰਵਾਹੁ ਅਥਾਹੁ ਸਹਾਬਾ.....।ਜਾਹਰ ਪੀਰੁ ਜਗਤੁ ਗੁਰ ਬਾਬਾ॥੩॥ (*101)

ਭਾਈ ਸੰਤੋਖ ਸਿੰਘ ਜੀ ਉਤਰਾਰਧ, ਅਧਿਆਇ ਪਹਿਲਾ ਵਿੱਚ ਲਿਖਦੇ ਹਨ:

ਸੇਤੁ ਰਚਜੋ ਜਗ ਸਾਗਰ ਕੋ ਸਭ ਖੰਡ ਪਖੰਡਨ ਸ਼ੋਰ ਸ਼ਰਾਬਾ।
ਕੀਰਤਿ ਗਾਇ ਸੁਨੈ ਪ੍ਰਭੁ ਕੀ ਤਨਿਹੰ ਤਜਿਜੇ ਲਖ ਰੰਗ ਸ਼ਹਾਬਾ।
ਰੰਕ ਧਨੀ ਦੁਖਿ ਪਾਰ ਪਰੈ ਅਵਲੋਕਤ ਹੈ ਨਿਜ ਰੂਪ ਅਜਾਬਾ।
ਦੇਵਨ ਦੇਵ ਸਦਾ ਪਦ ਸੇਵਹੁ ਜ਼ਾਹਰ ਪੀਰ ਗੁਰੂ ਜਗ ਬਾਬਾ॥੨॥ (*102)

ਗੁਰੂ ਅਰਜਨ ਸਾਹਿਬ ਲਿਖਦੇ ਹਨ:

ਨਾਮ ਕੇ ਧਾਰੇ ਖੰਡ ਬ੍ਰਹਮੰਡ ॥... ਨਾਮ ਕੇ ਧਾਰੇ ਸਗਲ ਆਕਾਰ ॥ (*103)

ਭਾਈ ਸੰਤੋਖ ਸਿੰਘ ਲਿਖਦੇ ਹਨ:

ਨਾਮਹਿ ਤੇ ਸਭਿ ਕੁਛ ਬਨਯੋ ਖੰਡ ਬ੍ਰਹਮੰਡ ਸਰੀਰ।
ਸੋ ਕਿਉਂ ਨਾਮ ਬਿਸਾਰਿਓ? ਨਿਤ ਸਮਾਰਿ ਮਤਿ ਧੀਰ ॥ ੫੪ ॥ (*104)

ਭ·ਈ ਗੁਰਦਾਸ ਜੀ ਲਿਖਦੇ ਹਨ:

ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਡਾਈ। (*105)

ਭਾਈ ਸੰਤੋਖ ਸਿੰਘ ਲਿਖਦੇ ਹਨ:

ਭੋਜਨ ਤਜਜੋ, ਨ ਅਚੈਂ ਕਦਾਈਂ। ਏਕ ਅਰਕ ਫੁਲ ਖਾਇਂ ਮੰਗਾਈ।...॥੬੪॥ (*106)

ਭਾਈ ਗੁਰਦਾਸ ਜੀ ਲਿਖਦੇ ਹਨ:

ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ। (*107)

ਭਾਈ ਸੰਤੋਖ ਸਿੰਘ ਲਿਖਦੇ ਹਨ:

ਜਿਸ ਧਰਨੀ ਮਹਿਂ ਹੋਇ ਨਿਵਾਨਾ।ਤਹਿਂ ਜਲ ਜਾਵਹਿ ਟਿਕਹਿ ਮਹਾਨਾ।...॥੨੮॥ (*108)

ਗੁਰੂ ਅਮਰਦਾਸ ਜੀ ਫਰਮਾਉਂਦੇ ਹਨ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ (*109)

ਭਾਈ ਸੰਤੋਖ ਸਿੰਘ ਲਿਖਦੇ ਹਨ:

...ਜੁਵਾ ਆਵਣੀ ਨਿਸਾ ਪ੍ਰਘੋਰਾ। ਪੰਚ ਚੋਰ ਕਰਹੀ ਬਡ ਜੋਰਾ॥੪੧॥ (*110)

ਇਸ ਪ੍ਰਕਾਰ ਦੀਆਂ ਹੋਰ ਅਨੇਕਾਂ ਹੀ ਉਦਾਹ੍ਰਨਾਂ ਦਿੱਤੀਆਂ ਜਾ ਸਕਦੀਆਂ ਹਨ। ਭਾਈ ਸੰਤੋਖ ਸਿੰਘ, ਜਿੱਥੇ ਗੁਰਬਾਣੀ ਦੇ ਵੱਡੇ ਅਨੁਭਵੀ ਸਨ। ਉੱਥੇ ਸਾਮੀ ਧਰਮਾਂ ਤੋਂ ਵੀ ਜਾਣੂੰ ਸਨ। ਉਨ੍ਹਾਂ ਈਸਾ, ਮਨਸੂਰ, ਸ਼ਮਸ ਤਬਰੇਜ਼ ਅਤੇ ਹੋਰ ਕਈ ਸੂਫ਼ੀ ਸੰਤਾਂ ਦੇ ਹਵਾਲੇ ਦਿੱਤੇ ਹਨ। ਵਿਸਥਾਰ ਲਈ ਵੇਖੋ, ਹਥਲੀ-ਪੁਸਤਕ ਦਾ ਲੇਖ, ਸੂਫੀ ਸੰਤਾਂ ਦੇ ਹਵਾਲੇ ।

SikhBookClub.Com

ਛ. 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ 'ਗੁਰੂ ਨਾਨਕ ਸਾਹਿਬ' ਦੀ ਅੰਕਿਤ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ।

ਸ੍ਰੀ ਮੁਖਵਾਕ (ਮਹਲਾ ੧)

ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ॥ ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥
ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥ ਜੇ ਬਹਿ ਰਹਾਂ ਤਾ ਆਖੀਐ ਬੈਠਾ ਸਥਰ ਘਤ॥
ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ॥ ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥
ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ॥ ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥੧॥ (*111)

ਮਾਰੂ ਮਹਲਾ ੧॥

ਮਿਠਾ ਮਰਮ ਸਲੂਣਾ ਸੰਜਮ ਖਟਾ ਖਰਾ ਧਿਆਨ॥
ਐਸਾ ਭੋਜਨ ਜੋ ਜਨ ਅਚਵੈ ਸੋ ਮਾਣਸ ਪਰਧਾਨ॥੧॥
ਰਾਇ ਜੀ ਭੋਜਨ ਐਸਾ ਕਰੀਐ॥ ਔਰ ਸਕਲ ਪਰਹਰੀਐ॥੧॥ ਰਹਾਉ॥
ਮੇਵਾ ਮਗਨ ਲਗਾ ਸਚੁ ਸੇਤੀ ਜਿਸ ਖਾਧੇ ਤ੍ਰਿਪਤਾਵੈ॥
ਸਤਿਗੁਰੁ ਬਿਰਖ ਫਲਿਆ ਸਣਿ ਡਾਲੀ ਸੋ ਫਲ ਚੁਗ ਚੁਗ ਖਾਵੈ॥੨॥
ਅੰਮ੍ਰਿਤ ਫਲ ਰਸ ਨਾਮ ਧਨੀ ਕਾ ਸੋ ਪੀਵੈ ਜਿਸੁ ਦੇਵੈ॥
ਸਫਲ ਦਰਸ ਅਕਾਲ ਮੂਰਤਿ ਹੈ ਜਾਂਕੇ ਰਿਦੇ ਸਮੇਵੈ॥੩॥
ਕਹੁ ਨਾਨਕ ਸੋ ਖਰਾ ਸੁਆਦੀ ਏਕੰਕਾਰ ਰਸੁ ਲੀਆ॥
ਅਵਰ ਸੁਆਦ ਸਭ ਫੀਕੇ ਲਾਗੇ ਜਬ ਸਚੁ ਨਾਮ ਮੁਖ ਦੀਆ॥੪॥ (*112)

ਮਾਰੂ ਮਹਲਾ ੧॥

ਰਸ ਕਸ ਸੁਆਦ ਅਨੇਕ ਹੈ ਬਿਖ ਫਲ ਮੀਠੇ ਚਾਖ॥
ਕਿਰਪਾ ਕਰੇ ਜਿਸ ਆਪਣੀ ਤਾਕਉ ਰਾਖੇ ਆਪ॥੧॥ (*113)

ਇਹ ਬਿਖ ਭਰੀਆਂ ਗੰਦਲਾ ਧਰੀਆਂ ਖੰਡ ਲਿਵਾੜ॥
ਸੁੰਦਰ ਰੂਪ ਅਪਾਰ ਹੈ ਦੇਤੀ ਜਨਮ ਵਿਗਾੜ॥੨॥ (*114)

ਕਾਇਆ ਕਪੜ ਕੂੜ ਹੈ ਇਨਕੋ ਦੇਖਿ ਨ ਭੂਲ॥
ਸੁਇਨਾ ਰੁਪਾ ਮਾਲ ਧਨ ਏਈ ਨਰਕ ਕੇ ਮੂਲ॥੩॥ (*115)

ਸੁਨਿ ਰਾਜਾ ਸ਼ਿਵਨਾਭ ਤੂੰ ਸੁਭ ਮਤਿ ਤੇਰੀ ਰਾਸ॥
ਨਾਨਕ ਪੜਦਾ ਦੂਰਿ ਕਰਿ ਹੋਵੈਂ ਦਾਸਨ ਦਾਸ॥੪॥ (*116)

SikhBookClub.Com

ਸਲੋਕ

ਕਲਰ ਕੀ ਵਣਜਾਰੀਆਂ ਝੂੰਗੇ ਮੁਸਕ ਮੰਗੇਨ॥
ਅਮਲਾਂ ਬਾਝਹੁ ਨਾਨਕਾ ਕਿਉ ਕਰ ਕੰਤ ਮਿਲੇਨ॥੧॥ (*117)

ਬਿਲਾਵਲੁ ਮਹਲਾ ੧॥

ਲਾਲੋ ਲਾਲ ਉਪਾਇਆ ਲਾਲੋ ਲਾਲ ਦਿਸੰਨਿ॥
ਜਿਨਾਂ ਲਾਲੀ ਨੇੜ੍ਹ ਮਹਿ ਦੂਜਾ ਨਾ ਜਾਣੰਨਿ॥੧॥
ਸੁਣਿ ਸਾਲਿਸ ਤੂੰ ਜਵਾਹਰੀ ਅਪਣਾ ਲਾਲ ਪਛਾਣੁ॥
ਕੂੜੇ ਲਾਲ ਨ ਗੰਢ ਬੰਨ ਲੀਜੈ ਭਲੇ ਸਿਵਾਣ॥੧॥ ਰਹਾਉ॥
ਕੰਕਰ ਪੱਥਰ ਮੇਲਿ ਕੈ ਨਾਉਂ ਸਦਾਇਓ ਸ਼ਾਹੁ॥
ਬਿਨ ਸਤਿਗੁਰ ਪੂਰੇ ਅੰਧੁ ਹੈ ਮੂਲ ਨ ਬੂਝੈ ਰਾਹੁ॥੨॥
ਮੇਰਾ ਮੇਰਾ ਕਰ ਸੰਜਿਓ ਰਾਤੀ ਅਤੈ ਡੇਹੁ॥
ਕਾਈ ਸਾਖ ਨ ਉਪਜੀਆ ਕਲਰ ਵੁਠਾ ਮੇਹੁ॥੩॥
ਸੁਣਿ ਸਾਲਸ ਇਹੁ ਬੇਨਤੀ ਜਿ ਕਰਮ ਪ੍ਰਾਪਤਿ ਹੋਇ॥
ਨਾਨਕ ਏਕ ਅਰਾਧੀਐ ਦੂਖ ਨ ਲਾਗੈ ਕੋਇ॥੪॥ (*118)

ਮਾਰੂ ਮਹਲਾ ੧

ਪ੍ਰੀਤਿ ਪਕਵਾਨ ਸੋ ਭੋਜਨ ਕਹੀਅਹਿ ਲੁਚੀ ਲੋਚਾ ਪੂਰੀ॥
ਮਿਠਿਆਈ ਮੁਖ ਹਰਿ ਹਰਿ ਬੋਲੇ ਤਾਂ ਮਨ ਰਹੈ ਹਜੂਰੀ॥੧॥
ਸੁਣਿ ਸਾਲਸ ਤੂੰ ਭਾਈ ਮੇਰੇ॥
ਸਮਝ ਪਰੀ ਤਾਂ ਹੋਇ ਨਿਬੇਰੇ॥੧॥ ਰਹਾਉ॥
ਮੇਵਾ ਮਿਲਣ ਤੁਮਾਰਾ ਕਹੀਐ ਸਤਿ ਕੇ ਬਾਗੇ ਜੋੜੇ॥
ਖਾਵਣ ਖਾਇ ਅਘਾਵੈ ਸੋਈ ਜਉ ਬਿਖਤੇ ਮਨੂਆ ਮੋੜੇ॥੨॥ (*119)

ਊਤਮ ਜਨਮ ਸੁ ਸਾਕਤ ਕਹੀਐ ਨੀਚ ਨਰਾਇਣੁ ਪਾਇਆ॥
ਲੋਭ ਲਹਿਰ ਤੇ ਛੂਟੇ ਤੇਈ ਜਿਨ ਸਾਧ ਸੰਗੁ ਗੁਣ ਗਾਇਆ॥੩॥
ਸੁਣ ਸਾਲਸ ਇਹੁ ਗੋਲਾ ਤੇਰਾ ਆਪ ਨਰਾਇਣੁ ਮਾਨਾ।
ਨਾਨਕ ਭਗਤਾ ਸੰਗੁ ਮਿਲਾਇਆ ਊਚੇ ਪਦੁ ਠਹਿਰਾਨਾ॥੪॥ (*120)

ਬਿਲਾਵਲ ਮਹਲਾ ੧॥

ਏਕ ਭੰਡਾਰਾ ਨਾਮ ਕਾ ਜਿਨ ਸਭ ਕਿਛੁ ਦੀਆ॥ ਭੂਖ ਨੰਗ ਸਭ ਛੀਨ ਕੈ ਅਪਨਾ ਕਰ ਲੀਆ॥੧॥
ਐਸਾ ਨਾਮੁ ਨ ਛੋਡੀਐ ਸਦ ਸੰਗੁ ਹਮਾਰੇ॥ ਲੇਖਾ ਕੋਇ ਨ ਪੂਛਈ ਮਨ ਮੀਤ ਪਿਆਰੇ॥੧॥ ਰਹਾਉ॥
ਭੋਜਨ ਊਤਮ ਹਮ ਕੀਆ ਸੰਤਨ ਪਰਸਾਦਿ ॥ਜਲ ਸੀਤਲ ਸਤ ਕਾ ਪੀਆ ਹਿਰਦੇ ਮਹਿ ਸਾਂਤਿ॥੨॥
ਬਸਤਰ ਬ੍ਰਹਮ ਪਛਾਣਿਆ ਕਾਂਇਆ ਕੇ ਸੰਗ। ਲਖ ਚਉਰਾਸੀ ਏਕ ਹੈ ਹੂਏ ਨਿਰਭੰਗ॥੩॥
ਨਾਨਕ ਕਹੇ ਰਾਜਿੰਦ੍ਰ ਸੁਣ ਸਭ ਝੂਠ ਪਸਾਰਾ॥ ਦ੍ਰਿਸਟਮਾਨ ਸਭ ਬਿਨਸੁ ਜਾਇ ਰਹਿ ਏਕੰਕਾਰਾ॥੪॥ (*121)

SikhBookClub.Com

ਆਸਾ ਮਹਲਾ ੧

ਗਿਆਨ ਧਿਆਨ ਕੀ ਲਾਹਣ ਮਾਂਡੀ ਕਰਣੀ ਕੀ ਕਸ ਪਾਈ॥ ਭਾਉ ਭਾਠੀ ਮੈ ਪ੍ਰੇਮ ਸਮਾਣਾ ਬ੍ਰਹਮ ਕੀ ਅਗਨਿ ਜਲਾਈ॥੧॥
ਸਿਧੋ ਹਮ ਮਦ ਕੇ ਮਾਤੇ ਨਾਹੀ ॥ ਜੋ ਮਤਵਾਲੇ ਮਦ ਕੇ ਮਾਤੇ ਕਿਨ ਮਤਵਾਲਿਓ ਮਾਹੀ॥੧॥ ਰਹਾਉ॥
ਸੁਰਤਿ ਨਲੀ ਭਾਉ ਬਾਸਨ ਕੀਨਾ ਅੰਤਰ ਧਾਰ ਚੁਆਈ ॥ ਦਇਆ ਸੁਰਾਹੀ ਸਹਜ ਪਿਆਲਾ ਗੁਰਮਤਿ ਪੀਵੋ ਭਾਈ॥੨॥
ਗੁਰੁਮਤਿ ਨਾਮ ਫਿਰੈ ਮਤਿਵਾਲਾ ਏਕ ਰੰਗ ਮਹਿ ਖੇਲੈ ॥ ਜਹ ਦੇਖਾ ਤਹ ਏਕ ਸਰੂਪੀ ਮਾਰਗ ਪਾਇਆ ਚੇਲੈ॥੩॥
ਨਿਬਹੀ ਖੇਪ ਹਮਾਰੀ ਸਿਧੋ ਆਠ ਪਹਿਰ ਲਿਵ ਲਾਗੀ ॥ ਨਾਨਕ ਦਾਸ ਤਹਾਂ ਮਤਵਾਲਾ ਜਹ ਏਕੰਕਾਰ ਬਿਰਾਗੀ॥੪॥
(*122)

ਸਿੱਧਨ ਵਾਚ

ਧਨ ਜੋਬਨ ਕੀ ਕਰੇ ਨ ਆਸਾ॥ ਪਰ ਤ੍ਰਿਯ ਅੰਗ ਨ ਲਾਵੈ ਪਾਸਾ॥
ਨਾਦ ਬਿੰਦ ਘਟ ਭੀਤਰ ਧਰੈ॥ ਤਿਸ ਕੀ ਸੇਵਾ ਪਰਬਤ ਕਰੈ॥
ਬੋਲੇ ਪਰਬਤ ਸਤ ਸਰੂਪ॥ ਪਰਮ ਤਤ ਮਹਿ ਰੇਖ ਨ ਰੂਪ ॥੧॥ (*123)

ਨਾਨਕ ਬੋਲੈ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥੨॥ (*124)

ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ।
ਨਾਨਕ ਸਿਫਤੀ ਰੱਜਿਆ ਆਉ ਬਹੋ ਸੁਲਤਾਨ'। (*125)

ਤਿਲੰਗ ਮਹਲਾ ੧॥ (ਨਸੀਹਤ ਨਾਮਾ)

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ॥ ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਇ॥
ਦਾਇਮ ਵ ਦੌਲਤ ਕਸੇ ਬੇਸੁਮਾਰ ॥ ਨ ਰਹੇਂਗੇ ਕਰੋੜੀ ਨ ਰਹੇਂਗੇ ਹਜਾਰ॥
ਦਮੜਾ ਤਿਸੀ ਕਾ ਜੁ ਖਰਚੇ ਅਰ ਖਾਇ॥ ਦੇਵੈ ਦਿਲਾਵੈ ਰਜਾਵੈ ਖ਼ੁਦਾਇ॥
ਹੋਤਾ ਨ ਰਾਖੈ ਇਕੇਲਾ ਨ ਖਾਇ॥ ਤਹਿਕੀਕ ਦਿਲ ਦਾਨੀ ਵਹੀ ਭਿਸਤ ਜਾਇ॥
ਕੀਚੈ ਤਵਜਿਆ ਨ ਕੀਚੈ ਗੁਮਾਨ॥ ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ॥
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ॥ ਹੋਵੈਂਗੇ ਗਰਕ ਕੁਛ ਲਾਗੈ ਨ ਬਾਰ॥
ਦੁਨੀਆਂ ਕਾ ਦਿਵਾਨਾ ਕਹੈ ਮੁਲਖ ਮੇਰਾ॥ ਆਈ ਮੌਤ ਸਿਰ ਪਰ ਨ ਮੇਰਾ ਨ ਤੇਰਾ।
ਕੇਤੀ ਗਈ ਦੇਖ ਵਾਜੇ ਵਜਾਇ॥ ਵਹੀ ਏਕ ਰਹਿਸੀ ਜੁ ਸਾਚਾ ਖੁਦਾਇ॥
ਆਇਆ ਇਕੇਲਾ ਇਕੇਲਾ ਚਲਾਇਆ॥ ਚਲਤੇ ਵਖਤਿ ਕੋਈ ਕਾਮ ਨ ਆਇਆ॥
ਲੇਖਾ ਮੰਗੀਜੈ ਕਿਆ ਦੀਜੈ ਜਵਾਬ॥ ਤੋਬਾ ਪੁਕਾਰੈ ਤੋ ਪਾਵੈ ਅਜ਼ਾਬ॥
ਦੁਨੀਆਂ ਪਰ ਕੀਆ ਜ਼ੋਰ ਦਮੜਾ ਕਮਾਇਆ॥ ਖਾਇਆ ਹੰਢਾਇਆ ਅਜਾਂਈ ਗਵਾਇਆ॥
ਆਖਰ ਪੱਛੋਤਾਣਾ ਕਰੈ ਹਾਇ ਹਾਇ॥ ਦਰਗਹਿ ਗਇਆ ਸੋਊ ਪਾਵੈ ਸਜਾਇ॥
ਲਾਨਤ ਹੈ ਤੈਂਕੂੰ ਅਰ ਤੈਂਡੀ ਕਮਾਈ॥ ਦਗੇਬਾਜ਼ੀ ਕਰ ਕਰ ਦੁਨੀ ਲੂਟ ਖਾਈ॥
ਪੀਏ ਪਿਆਲੇ ਔ ਖਾਏ ਕਬਾਬ॥ ਦੇਖੋ ਰੇ ਲੋਕੋ ਜੁ ਹੋਤੇ ਖਰਾਬ॥
ਜਿਸਕਾ ਤੂੰ ਬੰਦਾ ਤਿਸੀ ਕਾ ਸਵਾਰਿਆ॥ ਦੁਨੀਆਂ ਕੇ ਲਾਲਚ ਤੈਂ ਸਾਹਿਬ ਵਿਸਾਰਿਆ॥
ਨ ਕੀਤੀ ਇਬਾਦਤ ਨ ਰਾਖਿਓ ਈਮਾਨ॥ ਨ ਕੀਤੀ ਹਕੂਮਤ ਪੁਕਾਰੇ ਜਹਾਨ॥

SikhBookClub.Com

ਅੰਦਰ ਮਹਿਲਾਂ ਕੇ ਬੈਠੋਂ ਤੂੰ ਜਾਇ॥ ਹਰਮਾਂ ਸਿਉਂ ਖੇਲੈਂ ਖੁਸ਼ਬੋਈ ਹਵਾਇ॥
ਨ ਪੂਛੈ ਨ ਬੂਝੈ ਜੁ ਬਾਹਰ ਕਿਆ ਹੋਇ॥ ਹਰਾਮੀ ਗ਼ਰੀਬਾਂ ਨੂੰ ਮਾਰੇ ਵਿਗੋਇ॥
ਬਸਤੀ ਉਜਾੜੇਂ ਫਿਰ ਨ ਬਸਾਵੈਂ॥ ਕੂਕਹਿਂ ਪੁਕਾਰਹਿਂ ਦਾਦ ਨ ਪਾਵੈਂ॥
ਲਖੋੜੀ ਕਰੋੜੀ ਕੀਏ ਬੇਸ਼ੁਮਾਰ॥ ਨ ਰਹੈਂਗੇ ਕਰੋੜੀ ਨ ਰਹੇਂਗੇ ਹਜ਼ਾਰ॥
ਹਾਕਮ ਕਹਾਵੈਂ ਹਕੂਮਤ ਨ ਹੋਇ॥ ਦੁਨੀਆਂ ਕਾ ਦਿਵਾਨਾਂ ਫਿਰੈ ਮਸਤ ਲੋਇ॥
ਲੂਟੇ ਮੁਲਕ ਬਹੁਤ ਪਹਿਰੇ ਅਰ ਖਾਇ॥ ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ॥
ਗਰਬ ਸਿਉ ਨ ਦੇਖ ਦੁਨੀਆਂ ਕੇ ਦਿਵਾਨੇ। ਹਮੇਸ਼ਾ ਨ ਰਹੇਗੀ ਤੂੰ ਐਸੀ ਨ ਜਾਨੇ॥
ਉਠਾਵੇ ਸਫਾ ਉਸਕੋ ਲਾਗੈ ਨ ਬਾਰ॥ ਕਿਸਕੀ ਦੁਨੀਆਂ ਕਿਸ ਕੇ ਘਰ ਬਾਰ॥
ਚੰਦ ਰੋਜ਼ ਚਲਨਾ ਕਿਛ ਪਕੜੋ ਕਰਾਰ॥ ਨ ਕੀਚੈ ਹਿਰਸ ਬਹੁਤ ਦੁਨੀਆਂ ਕੇ ਯਾਰ॥
ਸ਼ਰਮਿੰਦਾ ਨ ਹੋਇ ਕੁਛ ਨੇਕੀ ਕਮਾਇ॥ ਲਾਨਤ ਕਾ ਜਾਮਾ ਪਹਿਰ ਕੇ ਨ ਜਾਇ॥
ਗ਼ਫਲਤ ਕਰਹੁਗੇ ਤੋ ਖਾਵੋਗੇ ਮਾਰ॥ ਬੇਟੀ ਵ ਬੇਟਾ ਕੋ ਲਹੇਗੋ ਨ ਸਾਰ॥
ਤੋਬਾ ਕਰਹੁ ਬਹੁਰ ਕੀਚੈ ਨ ਜੋਰ॥ ਦੋਜਕ ਕੀ ਆਤਸ਼ ਜਲਾਵੇਗੀ ਗੋਰ॥
ਮਸਾਇਕ ਪੈਗ਼ੰਬਰ ਕੇਤੇ ਸ਼ਾਹ ਖਾਨ॥ ਨ ਦੀਸੈਂ ਜਿਮੀ ਪਰ ਤਿਨੋਂ ਕੇ ਨੀਸ਼ਾਨ॥
ਚਲਤੇ ਕਬੂਤਰ ਜਿਨਾਵਰ ਕੀ ਛਾਉਂ॥ ਕੇਤੇ ਖਾਕ ਹੂਏ ਕੋ ਪੂਛੇ ਨ ਨਾਉਂ॥
ਚਾਲੀ ਗੰਜ ਜੋੜੇ ਨ ਰਖਿਓ ਈਮਾਨ॥ ਦੇਖੋ ਰੇ ਕਾਰੂੰ ਜੁ ਹੋਤੇ ਪਰੇਸ਼ਾਨ॥
ਨਦਾਨੀ ਨ ਦੁਨੀਆਂ ਵ ਫ਼ਾਨੀ ਮੁਕਾਮ॥ ਤੂੰ ਖੁਦ ਚਸ਼ਮ ਬੀਨੀ ਇਹ ਚਲਣਾ ਜਹਾਨ।
ਤੋਬਾ ਨ ਕੀਤੀ ਕਰੇਂਦਿਆਂ ਗੁਨਾਹ॥
ਕਰੇ ਅਰਜ਼ ਬੰਦਗੀ ਬਾਬਾ ਨਾਨਕ ਐਸੇ ਆਲਮ ਸਿਉ ਤੇਰੀ ਪਨਾਹ॥੧॥ (*126)

ਸਲੋਕੁ

ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ॥
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ॥੨॥ (*127)

ਸਲੋਕ

ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ॥
ਗਰਬੀ ਕੰਤ ਨ ਪਾਈਐ ਭਾਵੈਂ ਖਰੀ ਸੁਆਲਿਉ ਹੋਇ॥੯॥ (*128)

ਤਿਲੰਗ ਮਹਲਾ ੧॥

ਹਾਜ਼ਰਾ ਕਉ ਮਿਹਰ ਹੈ॥ ਬਿਹਾਜਰਾਂ ਕਉ ਬਿਮਿਹਰ ਹੈ॥ ਈਮਾਨ ਦੋਸਤ ਹੈ॥ ਬੇਈਮਾਂਨ ਕਾਫ਼ਰ ਹੈ॥
ਤਕੱਬਰ ਕਹਰ ਹੈ॥ ਗੁੱਸਾ ਹਰਾਮ ਹੈ॥ ਨਫ਼ਸ ਸ਼ੈਤਾਨ ਹੈ॥ ਗੁਮਾਨ ਲਾਨਤੀ ਹੈ॥
ਪਸਗ਼ੀਬਤ ਕਾ ਮੂੰਹ ਕਾਲਾ ਹੈ॥ ਦਿਆਨਤ ਦਾਰ ਸੁਰਖਰੋਇ ਹੈ॥
ਬੇਦਿਆਨਤ ਸਿਆਹ ਰੋਇ ਹੈ॥ ਅਕਿਰਤਘਣ ਜ਼ਰਦਰੂਇ ਹੈ॥
ਬਦਨੀਅਤ ਨਾਪਾਕ ਹੈ॥ ਮੋਮ ਦਿਲ ਪਾਕ ਹੈ॥ ਬੇਹਿਰਸ ਅਉਲੀਆ ਹੈ॥ ਹਿਰਸਮੰਦ ਫਾਜਰਨ ਹੈ॥
ਦਰੋਗ਼ ਦੋਜ਼ਕ ਹੈ॥ ਸੱਚੁ ਭਿਸਤੁ ਹੈ॥ ਬਦ ਜੁਬਾਨ ਫਿੱਕਾ ਹੈ॥ ਦਰਦਵੰਦ ਦਰਵੇਸ਼ ਹੈ॥

SikhBookClub.Com

ਬੇਦਰਦ ਕਸਾਈ ਹੈ॥ ਰੋਜ਼ੀਬਖਸ ਰਹੀਮ ਹੈ॥ ਇਲਮ ਹਲੀਮੀ ਹੈ॥ ਤਵੱਜਾ ਬੁਲੰਦੀ ਹੈ॥ ਖੈਰਵੰਦ ਸਤੀ ਹੈ॥ ਬੇਸ਼ੈਰ ਬਖੀਲ ਹੈ॥ ਜ਼ੋਰ ਜ਼ੁਲਮ ਹੈ॥ ਬੇਜ਼ੋਰ ਪਾਕ ਹੈ॥ ਮੁਸਾਫਾ ਸਿਫਤ ਹੈ॥ ਹਿਕਮਤ ਕਤੇਬ ਹੈ॥ ਦੁਆਇ ਦੌਲਤ ਹੈ॥ ਬਦਦੁਆਇ ਕਹਿਰ ਹੈ॥ ਇਨਸਾਫ ਸਾਫ ਹੈ॥ ਚੋਰੀ ਲਾਲਚ ਹੈ॥ ਯਾਰੀ ਪਲੀਤੀ ਹੈ॥ ਸਿਫਤ ਉਜ਼ੂ ਹੈ। ਬਾਂਗ ਬਲੇਲਿ ਹੈ॥ ਕਰਾਮਾਤ ਕੁਦਰਤਿ ਹੈ॥ ਫਕੀਰੀ ਸਬੂਰੀ ਹੈ॥ ਨਾਸਬੂਰੀ ਮਕਰ ਹੈ॥ ਰਾਹੁ ਪੀਰਾਂ ਹੈ॥ ਬੇਰਾਹੁ ਬੇਪੀਰਾਂ ਹੈ॥ ਤੇਗ ਮਰਦਾਂ ਹੈ॥ ਦੇਗ ਖਰਾਇਤ ਹੈ॥ ਅਦਲ ਬਾਦਸ਼ਾਹ ਹੈ॥ ਏਤੇ ਟੋਲਿ ਜਿ ਜਾਣ ਜਣਾਵੈ॥ ਤਉ ਨਾਨਕ ਦਾਨਸ਼ਵੰਦ ਕਹਾਵੈ॥੧॥ (*129)

SikhBookClub.Com

ਫੁੱਟਨੋਟ:

(*1) ਉਤਰਾਰਧ ਭਾਗ ਦੂਜਾ, ਅਧਿਆਇ 29;
(*2) ਉਕਤ ।
(*3) ਉਤਰਾਰਧ ਭਾਗ ਦੂਜਾ, ਅਧਿਆਇ 29, ਅੰਕ 86,87,90;
(*4) ਉਕਤ ।
(*5) ਉਤਰਾਰਧ ਭਾਗ ਦੂਜਾ, ਅਧਿਆਇ 30; ਪੁਰਾਤਨ ਜਨਮਸਾਖੀ ਅਨੁਸਾਰ ਕਰਤਾਰਪੁਰ ਦੂਜੀ ਉਦਾਸੀ ਪਿੱਛੋਂ ਵਸਾਇਆ ਲਿਖਿਆ ਹੈ, ਜੋ ਠੀਕ ਨਹੀਂ ।
(*6) ਮੁਗਲ ਪ੍ਰਸ਼ਾਸਨ ਵਿੱਚ ਅਤੇ ਅਫ਼ਗਾਨਾਂ ਦੇ ਰਾਜ ਵਿੱਚ ਆਮਿਲ, ਮਾਲੀਆ ਉਗਰਾਹੁਣ ਵਾਲਾ ਇੱਕ ਵੱਡਾ ਅਫਸਰ ਹੁੰਦਾ ਸੀ। ਇਸ ਦੇ ਜ਼ਿੰਮੇ ਕੁਝ ਇਲਾਕਾ ਹੁੰਦਾ ਸੀ, ਜਿਸ ਦਾ ਮਾਮਲਾ ਲੈ ਕੇ ਉਸ ਨੇ ਸਰਕਾਰ ਨੂੰ ਦੇਣਾ ਹੁੰਦਾ ਸੀ। (ਮਹਾਨਕੋਸ਼)

ਇਸ਼ਤਿਆਕ ਹੁਸੈਨ ਕੁਰੈਸ਼ੀ ਆਪਣੀ ਪੁਸਤਕ 'ਦੀ ਐਡਮਨਿਸਟਰੇਸ਼ਨ ਆਫ ਦੀ ਸੁਲਤਾਨੇਤ ਆਫ ਦਿੱਲੀ', ਲਾਹੌਰ, 1942, ਪੰਨਾ 196 ਵਿੱਚ ਸਪਸ਼ਟ ਕਰਦਾ ਹੈ ਕਿ 'ਮੁਤਾਸਿਰਿਫ' ਅਤੇ 'ਆਮਿਲ' ਇੱਕੋ ਹੀ ਪਦਵੀ ਸੀ। ਇਸ ਨੂੰ ਅਫਗਾਨਾਂ ਵੇਲੇ 'ਮੁਤਾਸਿਰਿਫ' ਕਹਿੰਦੇ ਸਨ ਤੇ ਮੁਗਲਾਂ ਦੇ ਸਮੇਂ 'ਆਮਿਲ'।

(*7) ਉਤਰਾਰਧ ਭਾਗ ਦੂਜਾ, ਅਧਿਆਇ 30;
(*8) ਉਕਤ ।
(*9) *ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਨਾਭਾ, ਵੇਖੋ 'ਬਾਬਾ ਬੁੱਢਾ ਜੀ' ।
(*10) ਉਕਤ ।
(*11) *ਸਿੱਖਾਂ ਦੀ ਭਗਤਮਾਲਾ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1950, ਪੰਨਾ 52-53 ।
(*12) *ਏ ਗਲਾਸਰੀ ਆਫ ਦਾ ਟਰਾਈਬਜ ਐਂਡ ਕਾਸਟਸ ਆਫ ਦਾ ਪੰਜਾਬ ਐਂਡ ਨਾਰਥ-ਵੈਸਟ ਫਰੰਟੀਅਰ ਪ੍ਰੋਵੀਐਂਸ*, ਐਚ. ਏ. ਰੋਜ਼, ਜਿਲਦ ਤੀਜੀ, ਪੰਨਾ 320;
(*13) *ਪੁਰਾਤਨ ਜਨਮਸਾਖੀ*, ਨੰਬਰ 39;
(*14) *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 1950, ਸਫਾ 52-53, ਭਾਈ ਸੰਤੋਖ ਸਿੰਘ ਨੇ ਇਹ ਵਾਰਤਾ ਨਹੀਂ ਦਿੱਤੀ ਹੈ।
(*15) *ਸ੍ਰੀ ਗੁਰ ਨਾਨਕ ਪ੍ਰਕਾਸ਼* ਉਤਰਾਰਧ ਭਾਗ ਦੂਜਾ, ਅਧਿਆਇ 46;
(*16) ਜਨਮਸਾਖੀ ਭਾਈ ਬਾਲੇ ਦਾ ਪਾਠ ਪ੍ਰਮਾਣੀਕਰਨ ਤੇ ਅਲੋਚਨਾਤਮਕ ਸੰਪਾਦਨ, ਭਾਸ਼ਾ ਵਿਭਾਗ, ਪੰਨਾ 403-4;
(*17) ਵੇਖੋ 'ਅਜਿੱਤੇ ਰੰਧਾਵੇ ਦੀ ਗੋਸ਼ਟ', (ਪੰਜਾਬੀ ਹੱਥ-ਲਿਖਤ) ਸਿੱਖ ਹਿਸਟਰੀ ਰੀਸਰਚ ਡਿਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ, ਐਸ. ਐਚ. ਆਰ. ਨੰਬਰ 1445
(*18) *ਸਿੱਖਾਂ ਦੀ ਭਗਤਮਾਲਾ*, ਪੰਨਾ 45;
(*19) '*ਸ੍ਰੀ ਗੁਰ ਨਾਨਕ ਪ੍ਰਕਾਸ਼*' ਉਤਰਾਰਧ, ਭਾਗ ਦੂਜਾ,ਅਧਿਆਇ 29;

SikhBookClub.Com

(*20) *ਐਨਸਾਈਕਲੋਪੀਡੀਆ ਆਫ ਇਸਲਾਮ*, ਬਗਦਾਦ।

(*21) *ਐਨਸਾਈਕਲੋਪੀਡੀਆ ਆਫ ਇਸਲਾਮ*, ਜਿਲਦ-ਦੂਜੀ, ਪੰਨਾ 568;

(*22) *ਈਰਾਕ ਸਟੀਫਨ ਐਂਡ ਹੈਮਜ਼*, ਲੰਡਨ, 1958, ਪੰਨਾ 69;

(*23) *ਐਨਸਾਈਕਲੋਪੀਡੀਆ ਬ੍ਰਿਟੈਨਿਕਾ* ।

(*24) ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।

(ਭਾਈ ਗੁਰਦਾਸ ਜੀ, ਵਾਰ ਪਹਿਲੀ ਪਉੜੀ 35)

(*25) ਜਿਵੇਂ ਹਰਦੁਆਰ ਵਿੱਚ ਪੱਛਮ ਵੱਲ ਪਾਣੀ ਦੇ ਕੇ, ਮੱਕੇ ਵਿੱਚ ਕਾਅਬੇ ਵੱਲ ਪੈਰ ਕਰਕੇ, ਗੁਰੂ ਨਾਨਕ ਜੀ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ, ਉਵੇਂ ਹੀ ਬਗਦਾਦ ਵਿੱਚ ਉਨ੍ਹਾਂ ਨੇ ਇਸ ਸ਼ਬਦ ਰਾਹੀਂ ਲੋਕਾਂ ਨੂੰ ਆਪਣੇ ਵੱਲ ਖਿੱਚਿਆ।

(ਵੇਖੋ, ਗੁ. ਗ੍ਰੰ. ਸਾਹਿਬ, ਪੰਨਾ 5)

(*26) *ਇਨਸਾਈਕਲੋਪੀਡੀਆ ਆਫ ਰੀਲੀਜ਼ਨ ਐਂਡ ਐਥਿਕਸ*, ਜਿਲਦ ਪਹਿਲੀ, ਪੰਨਾ 10-12 ਅਤੇ ਸਫੀਨਾਤੁਲ ਔਲੀਆ, ਦਾਰਾ ਸ਼ਿਕੋਹ, ਕਰਾਚੀ 1962, ਪੰਨਾ 84;

(*27) *ਗਲਾਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਆਫ ਦੀ ਪੰਜਾਬ ਐਂਡ ਨਾਰਥ ਵੈਸਟਰਨ ਫਰੰਟੀਅਰ ਪ੍ਰੋਵੀਸੰਸ*, ਐਚ. ਏ. ਰੋਜ਼, ਜਿਲਦ ਪਹਿਲੀ, ਪੰਨਾ 538-39;

(*28) ਪੀਰ ਦਸਤਗੀਰ ਦੇ ਗੁਰੂ ਨਾਨਕ ਸਾਹਿਬ ਨੂੰ ਮਿਲਣ ਦਾ ਕਥਨ ਭਾਈ ਗੁਰਦਾਸ ਜੀ ਨੇ ਕੀਤਾ ਹੈ।

(*29) ਜਨਮਸਾਖੀ ਭਾਈ ਮਨੀ ਸਿੰਘ ਵਿੱਚ ਦਿੱਤੀ ਸਾਖੀ ਦੇ ਅਧਾਰ 'ਤੇ ਇਹ ਵਾਰਤਾ ਦਿੱਤੀ ਹੈ।

(*30) ਭਾਈ ਗੁਰਦਾਸ ਜੀ ਨੇ ਲਿਖਿਆ ਹੈ:-

ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ ਇਕੁ ਫ਼ਕੀਰੁ ਵਡਾ ਮਸਤਾਨਾ।

(ਵਾਰ ਪਹਿਲੀ, ਪਉੜੀ 35)

(*31)ਇਹ ਸਾਰੀ ਵਾਰਤਾ ਭਾਈ ਮਨੀ ਸਿੰਘ ਦੀ ਜਨਮਸਾਖੀ ਦੇ ਅਧਾਰ 'ਤੇ ਦਿੱਤੀ ਹੈ। ਭਾਈ ਗੁਰਦਾਸ ਜੀ ਨੇ ਇਸ ਘਟਨਾ ਨੂੰ ਇਸ ਤਰਾਂ ਅੰਕਤ ਕੀਤਾ ਹੈ:-

ਪੁਛੇ ਪੀਰ ਤਕਰਾਰ ਕਰਿ ਏਹੁ ਫ਼ਕੀਰੁ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖਿ ਓੜਕਿ ਭਾਲੀ ਖਬਰਿ ਸੁਣਾਈ।

(ਵਾਰ ਪਹਿਲੀ, ਪਉੜੀ 36)

(*32) *ਸਨੌ ਬਰਡਜ਼*, ਅਨੰਦਾਚਾਰਯਾ, ਪੰਨਾ 182

(*33) ਸੇਵਾ ਰਾਮ ਸਿੰਘ ਨੇ ਲਿਖਿਆ ਹੈ ਕਿ ਬਹਿਲੋਲ ਫ਼ਕੀਰ, ਬਹਿਲੋਲ ਦਾਨਾ ਦਾ ਗੱਦੀਨਸ਼ੀਨ ਸੀ ਤੇ ਬਹਿਲੋਲ ਦਾਨਾ ਬਗਦਾਦ ਦਾ ਇੱਕ ਪ੍ਰਸਿੱਧ ਫ਼ਕੀਰ ਹੋਇਆ ਹੈ। ਡਿਵਾਇਨ ਮਾਸਟਰ, ਸੇਵਾ ਰਾਮ ਸਿੰਘ, ਲਾਹੌਰ, 1930, ਪੰਨਾ 156;

SikhBookClub.Com

(*34) *A Short History of Sikhs*, Teja Singh & Ganda Singh, 1950, ਪੰਨਾ 12;
(*35) ਵੇਖੋ, ਭਾਈ ਵੀਰ ਸਿੰਘ ਦਾ ਨੋਟ ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ 34, ਪੰਨਾ
(*36) *ਨਾਨਕ ਪ੍ਰਕਾਸ਼* ਉਤਰਾਰਧ, ਅਧਿਆਇ 34, ਫੁੱਟਨੋਟ, ਸਫਾ 1051,52,55,54
(*37) *ਇਰਾਕ, ਦੀ ਲੈਂਡ ਐਂਡ ਦੀ ਪੀਪਲ*, ਦੀਵਾਨ ਬਦਰੀ ਨਾਥ ਅਫਰੋ ਏਸ਼ੀਅਨ ਪਬਲੀਕੇਸ਼ਨ ਪੰਨਾ, 61
(*38) ਕਲਚਰਲ ਅਟੈਚੀ ਇਰਾਕ, ਐਬੈਸੀ ਨਵੀ ਦਿੱਲੀ ਨੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਦੱਸਿਆ ਕਿ ਅਲਸਾਬੀਆ ਲੋਕ ਮੁਸਲਮਾਨ ਨਹੀਂ ਹਨ ਤੇ ਨਾ ਹੀ ਇਰਾਕ ਦੀ ਵਸੋਂ ਉਨ੍ਹਾਂ ਨੂੰ ਮੁਸਲਮਾਨ ਸਮਝਦੀ ਹੈ। ਉਸ ਦੇ ਕਥਨ ਅਨੁਸਾਰ ਇਹ ਲੋਕ ਦਾੜ੍ਹੀਆਂ ਰੱਖਦੇ ਹਨ ਅਤੇ ਪਾਣੀ ਨੂੰ ਪਵਿੱਤਰ ਸਮਝਦੇ ਹਨ। ਡਾ: ਗੰਡਾ ਸਿੰਘ, ਜੋ ਕਈ ਸਾਲ ਇਰਾਕ ਵਿੱਚ ਰਹੇ ਹਨ, ਦੱਸਦੇ ਹਨ ਕਿ ਇਹ ਲੋਕ ਆਪਣੇ-ਆਪ ਨੂੰ ਗੁਰੂ ਨਾਨਕ ਦੇ ਨਾਮ-ਲੇਵਾ ਦੱਸਦੇ ਹਨ। ਵੇਖੋ ਗੰਡਾ ਸਿੰਘ ਦਾ ਲੇਖ "ਅਰਬ ਤੇ ਈਰਾਨ ਵਿੱਚ ਗੁਰੂ ਧਰਮਾਵਲੰਬੀ, ਸੁਬੀ ਤੇ ਆਬਦ; ਅਕਾਲੀ ਤੇ ਪਰਦੇਸੀ" ਨਵੰਬਰ 25, 1931;
(*39) *ਓਰੀਐਂਟਲ ਬਾਇਓਗ੍ਰਾਫਿਕਲ ਡਿਕਸ਼ਨਰੀ*, ਥਾਮਸ ਵਿਲੀਅਮ ਬੀਲ, ਲੁਧਿਆਣਾ, 1972, ਸਫਾ 5;
(*40) ਉਕਤ, ਸਫਾ 97, *ਮੁਲਤਾਨ ਡਿਸਟ੍ਰਿਕਟ ਗਜ਼ਟੀਅਰ* 1923-24, ਸਫਾ 278;
(*41) *ਜਨਮਸਾਖੀ ਪਰੰਪਰਾ*, ਕਿਰਪਾਲ ਸਿੰਘ, ਪਟਿਆਲਾ, 1990, ਪੰਨਾ 122-23;
(*42) *ਪੁਰਾਤਨ ਜਨਮਸਾਖੀ*, ਸੰਪਾਦਕ ਭਾਈ ਵੀਰ ਸਿੰਘ, ਨਵੀਂ ਦਿੱਲੀ, 1999, ਸਾਖੀ ਨੰ: 55);
(*43) *ਮੁਲਤਾਨ ਡਿਸਟ੍ਰਿਕਟ ਗਜ਼ਟੀਅਰ*, 1923-24, ਪੰਨਾ 280;
(*44) *ਓਰੀਐਂਟਲ ਬਾਇਓਗ੍ਰਾਫਿਕਲ ਡਿਕਸ਼ਨਰੀ*, ਪੰਨਾ 129, 'ਦੀ ਲਾਈਫ ਐਂਡ ਟਾਈਮਜ਼ ਫਰੀਦੁੱਦੀਨ ਗੰਜ ਸ਼ੱਕਰ, ਖਲੀਕ ਅਹਿਮਦ ਨਿਜਾਮੀ, ਦਿੱਲੀ 1973' ਨੇ ਫਰੀਦ ਜੀ ਦੇ ਪਿਤਾ ਦਾ ਨਾਂ 'ਜਮਾਲਉਲਦੀਨ' ਲਿਖਿਆ ਹੈ; ਵੇਖੋ ਸਫਾ 11, ਓਰੀਐਂਟਲ ਬਾਇਓਗ੍ਰਾਫੀਕਲ ਡਿਕਸ਼ਨਰੀ ਦੇ ਕਰਤਾ 'ਥਾਮਸ ਵਿਲੀਅਮ ਬੀਲ' ਨੇ ਫਰੀਦ ਜੀ ਦੇ ਪਿਤਾ ਦਾ ਨਾਂ 'ਜਲਾਲਓਦੀਨ' ਲਿਖਿਆ ਹੈ। ਵੇਖੋ ਪੰਨਾ 129, ਜ਼ਿਆਦਾ ਠੀਕ 'ਜਮਾਲਉਦੀਨ' ਹੀ ਜਾਪਦਾ ਹੈ।
(*45) *ਓਰੀਐਂਟਲ ਬਾਇਓਗ੍ਰਾਫਿਕਲ ਡਿਕਸ਼ਨਰੀ*, ਪੰਨਾ 129;
(*46) *ਪੁਰਾਤਨ ਜਨਮਸਾਖੀ*, ਸਾਖੀ ਨੰ: 28 ਅਤੇ 32;
(*47) *ਓਰੀਐਂਟਲ ਬਾਇਓਗ੍ਰਾਫਿਕਲ ਡਿਕਸ਼ਨਰੀ*, ਪੰਨਾ 302;
(*48) ਉਕਤ, ਪੰਨਾ 371;
(*49) *ਜਨਮਸਾਖੀ ਪਰੰਪਰਾ*, ਪੰਨਾ 121-22;
(*50) *ਮੁਲਤਾਨ ਡਿਸਟ੍ਰਿਕਟ ਗਜ਼ਟੀਅਰ*, 1923-24, ਲਾਹੌਰ, ਪੰਨਾ 288;
(*51) *ਓਰੀਐਂਟਲ ਬਾਇਓਗ੍ਰਾਫਿਕਲ ਡਿਕਸ਼ਨਰੀ*, ਪੰਨਾ 243;
(*52) *ਡਿਸਟ੍ਰਿਕਟ ਗਜ਼ਟੀਅਰ*, ਲਾਹੌਰ, 1930, ਪੰਨਾ 319-20;
(*53) *ਬਜ਼ੁਰਗਾਨਾ-ਇ-ਪਾਨੀਪਤ*, ਮੌਲਾਨਾ ਸਯਦ ਮੁਹੰਮਦ, ਦਿੱਲੀ, 1963, ਪੰਨਾ 135;
(*54) *ਓਰੀਐਂਟਲ ਬਾਇਓਗ੍ਰਾਫਿਕਲ ਡਿਕਸ਼ਨਰੀ*, ਪੰਨਾ 171;
(*55) *ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਨਾਭਾ, ਵੇਖੋ 'ਈਸਾ';

SikhBookClub.Com

(*56) ਉਕਤ, ਪੰਨਾ 1008;

(*57) *ਇਨਸਾਈਕਲੋਪੀਡੀਆ ਬ੍ਰਿਟੈਨਕਾ* (1966 ਵਿੱਚ ਛਪੀ), ਈਥੋਪੀਆ ਪਰਸ਼ੀਅਨ ਅੰਗਰੇਜ਼ੀ ਡਿਕਸ਼ਨਰੀ, ਸਟੈਨਗਾਸ, ਵੇਖੋ 'ਹਬਸ਼'।

(*58) *ਫ਼ਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, 1996, ਵੇਖੋ ਕਾਰੂੰ, ਪੰਨਾ 523;

(*59) ਭਾਈ ਵੀਰ ਸਿੰਘ ਜੀ ਦਾ ਨੋਟ, ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ, ਅਧਿਆਇ 16, ਪੰਨਾ 918;

(*60) *ਫ਼ਾਰਸੀ-ਪੰਜਾਬੀ ਕੋਸ਼,* ਪੰਨਾ 742;

(*61) ਉਕਤ, ਪੰਨਾ 15;

(*62) ਪੰਨਾ 55;

(*63) ਮਾਹਾਰਾਜਾ ਰਣਜੀਤ ਸਿੰਘ ਜੀ ਨੇ 150 ਘੁਮਾਉਂ ਜ਼ਮੀਨ ਗੁਰਦੁਆਰੇ ਦੇ ਲੰਗਰ ਅਤੇ 50 ਰੁਪਏ ਸਲਾਨਾ ਗੁਰਦੁਆਰੇ ਵਾਸਤੇ ਲਵਾਏ। ਵੇਖੋ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਨਾ 33;

(*64) ਅੱਜ ਕੱਲ੍ਹ ਅੱਚਲ ਵਟਾਲੇ ਦਾ ਮੇਲਾ ਨੌਵੀਂ ਤੇ ਦਸਮੀ ਸੁਦੀ ਕੱਤਕ ਨੂੰ ਲੱਗਦਾ ਹੈ। ਸ਼ਿਵਰਾਤਰੀ ਦਾ ਮੇਲਾ ਕਦੋਂ ਲੱਗਣਾ ਬੰਦ ਹੋਇਆ ਤੇ ਅੱਚਲ ਵਟਾਲੇ ਦਾ ਮੇਲਾ ਨੌਵੀਂ ਦਸਮੀ ਕੱਤਕ ਤੋਂ ਕਦੋਂ ਲੱਗਣਾ ਅਰੰਭ ਹੋਇਆ? ਇਸ ਦਾ ਪਤਾ ਨਹੀਂ ਲੱਗਦਾ।ਭਾਈ ਸਾਹਿਬ ਡਾ. ਵੀਰ ਸਿੰਘ ਜੀ ਦੇ ਅਨੁਸਾਰ ਅਕਬਰ ਬਾਦਸ਼ਾਹ ਵੀ ਸ਼ਿਵਰਾਤਰੀ ਦੇ ਮੇਲੇ 'ਤੇ ਅੱਚਲ ਗਿਆ ਸੀ। ਜਿਸ ਤੋਂ ਪਤਾ ਲੱਗਦਾ ਹੈ ਕਿ ਅਕਬਰ ਦੇ ਸਮੇਂ ਤਕ ਸ਼ਿਵਰਾਤਰੀ ਵਾਲੇ ਦਿਨ ਹੀ ਇਹ ਮੇਲਾ ਲੱਗਦਾ ਸੀ ।

(*65) ਭਾਈ ਮਨੀ ਸਿੰਘ ਦੀ ਜਨਮਸਾਖੀ ਵਿੱਚ ਇਨ੍ਹਾਂ ਨੂੰ ਰਾਸਧਾਰੀਏ ਲਿਖਿਆ ਹੈ। ਜਨਮਸਾਖੀ ਮਿਹਰਬਾਨ ਹਿੱਸਾ ਦੂਜਾ ਨੇ ਪਦੇ ਗਾਉਣ ਵਾਲੇ ਅੰਕਿਤ ਕੀਤਾ ਹੈ, ਜੋ ਠੀਕ ਜਾਪਦਾ ਹੈ। ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਭਗਤੀਏ ਲਿਖਿਆ ਹੈ।

(*66) ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 39;

(*67) *ਰਿਲੀਜਸ ਸੈਕਟਸ ਆਫ ਦੀ ਹਿੰਦੂਜ਼,* ਐਚ. ਐਚ. ਵਿਲਸਨ, ਕਲੱਕਤਾ 1958, ਪੰਨਾ 115 ਅਤੇ 119;

(*68) *ਵਾਰ ਪਹਿਲੀ, ਭਾਈ ਗੁਰਦਾਸ ਜੀ,* ਪਉੜੀ 40;

(*69) *ਭਾਈ ਗੁਰਦਾਸ, ਵਾਰ ਪਹਿਲੀ,* ਪਉੜੀ 43;

(*70) *ਭਾਈ ਗੁਰਦਾਸ, ਵਾਰ ਪਹਿਲੀ,* ਪਉੜੀ 44;

(*71) *ਜਨਮਸਾਖੀ ਪਰੰਪਰਾ,* ਡਾ: ਕਿਰਪਾਲ ਸਿੰਘ, ਦੂਜੀ ਐਡੀਸ਼ਨ, 1990, ਪਟਿਆਲਾ, ਸਫਾ 184-185;

(*72) *ਸ੍ਰੀ ਗੁਰ ਨਾਨਕ ਪ੍ਰਕਾਸ਼,* ਉਤਰਾਰਧ ਭਾਗ ਦੂਜਾ, ਅਧਿਆਇ 52;

(*73) *ਭਾਈ ਗੁਰਦਾਸ ਜੀ, ਵਾਰ* 11ਵੀਂ, ਪਉੜੀ 13-14;

(*74) *ਸਿੱਖਾਂ ਦੀ ਭਗਤਮਾਲਾ,* ਖਾਲਸਾ ਸਮਾਚਾਰ, ਅੰਮ੍ਰਿਤਸਰ, 1950, ਭੂਮਿਕਾ, ਪੰਨਾ 'ਅ';

(*75) ਉਕਤ, ਪੰਨਾ 25-26;

(*76) *ਸਿੱਖਾਂ ਦੀ ਭਗਤਮਾਲਾ,* ਪੰਨਾ 27;

SikhBookClub.Com

(*77) *ਸ੍ਰੀ ਗੁਰ ਨਾਨਕ ਪ੍ਰਕਾਸ਼'* ਉਤਰਾਰਧ ਭਾਗ ਦੂਜਾ, ਅਧਿਆਇ 42;
(*78) *ਸਿੱਖਾਂ ਦੀ ਭਗਤਮਾਲਾ*,ਪੰਨਾ 31-33;
(*79) *ਉਤਰਾਰਧ*, ਭਾਗ ਦੂਜਾ, ਅਧਿਆਇ 42;
(*80) *ਸਿੱਖਾਂ ਦੀ ਭਗਤਮਾਲਾ*, ਪੰਨਾ 38-39;
(*81) *ਉਤਰਾਰਧ*, ਭਾਗ ਦੂਜਾ, ਅਧਿਆਇ 43;
(*82) *ਸਿੱਖਾਂ ਦੀ ਭਗਤਮਾਲਾ*, ਪੰਨਾ 39-40;
(*83) *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ ਭਾਗ ਦੂਜਾ, ਅਧਿਆਇ 43;
(*84) *ਸਿੱਖਾਂ ਦੀ ਭਗਤਮਾਲਾ*, ਪੰਨਾ 41-42;
(*85) *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 43;
(*86) *ਸਿੱਖਾਂ ਦੀ ਭਗਤਮਾਲਾ*, ਪੰਨਾ 43-44;
(*87) *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 43;
(*88) *ਸਿੱਖਾਂ ਦੀ ਭਗਤਮਾਲਾ*, ਪੰਨਾ 43-44;
(*89) '*ਸ੍ਰੀ ਗੁਰ ਨਾਨਕ ਪ੍ਰਕਾਸ਼*', ਉਤਰਾਰਧ ਭਾਗ ਦੂਜਾ, ਅਧਿਆਇ 43;
(*90) *ਸਿੱਖਾਂ ਦੀ ਭਗਤਮਾਲਾ*, ਪੰਨਾ 52;
(*91) '*ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ ਭਾਗ ਦੂਜਾ, ਅਧਿਆਇ 43;
(*92) *ਡੀਬੇਟਸ ਵਿਦ ਹਿਸਟੋਰੀਅਜ਼*, ਦੀ ਫਾਨਟਾਨਾ ਔਕਨਲ ਪੇਪਰ, 1955, ਪੰਨਾ 9, ਫੌਜਾ ਸਿੰਘ ਦੀ ਪੁਸਤਕ, ਹਿਸਟੋਰੀਅਨਜ਼ ਐਂਡ ਹਿਸਟੋਰੀਓਗਰਾਫੀ, ਦਿੱਲੀ, 1978, ਪੰਨਾ 200;
(*93) *ਜਨਮਸਾਖੀ ਗੁਰੂ ਨਾਨਕ, ਮਿਹਰਬਾਨ*, ਸੰਪਾਦਕ ਕਿਰਪਾਲ ਸਿੰਘ, ਅੰਮ੍ਰਿਤਸਰ, 1962; ਪੁਰਾਤਨ ਜਨਮਸਾਖੀ, ਸੰਪਾਦਕ ਭਾਈ ਵੀਰ ਸਿੰਘ, ਨਵੀਂ ਦਿੱਲੀ, 1999;
(*94) *ਦੀ ਆਈਡੀਆ ਆਫ ਹਿਸਟਰੀ*, ਆਰ. ਜੀ. ਕਾਲਨਵੁੱਡ, ਆਕਸਫੋਰਡ, 1951, ਪੰਨਾ 240-42;
(*95) '*ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ ਭਾਗ ਪਹਿਲਾ, ਅਧਿਆਇ ਪੰਜਵਾਂ;
(*96) *ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ ਭਾਗ ਪਹਿਲਾ, ਅਧਿਆਇ 25;
(*97) ਪਿਰਥੀਮਲੁ ਸਹਗਲੁ ਭੱਲਾ, ਰਾਮਾ ਡਿਡੀ, ਭਗਤਿ ਅਬਿਆਸੀ.....।
ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।
(ਵਾਰ 11ਵੀਂ, ਪਉੜੀ 13ਵੀਂ)
(*98) ਵੇਖੋ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 32;
(*99) *ਪੂਰਬਾਰਧ ਭਾਗ ਪਹਿਲਾ*, ਅਧਿਆਇ 58 ਅਤੇ ਭਾਈ ਗੁਰਦਾਸ ਜੀ ਦੀ ਵਾਰ 11, ਪਉੜੀ 32;
(*100) ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 33;
(*101) ਭਾਈ ਗੁਰਦਾਸ, ਵਾਰ ਚੌਵੀ, ਪਉੜੀ 3;
(*102) '*ਸ੍ਰੀ ਗੁਰ ਨਾਨਕ ਪ੍ਰਕਾਸ਼*', ਉਤਰਾਰਧ, ਅਧਿਆਇ ਪਹਿਲਾ ।
(*103) *ਸ੍ਰੀ ਗੁਰੂ ਗ੍ਰੰਥ ਸਾਹਿਬ*, ਸਫਾ 284;

SikhBookClub.Com

(*104) *ਸ਼੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ, ਅਧਿਆਇ ਪਹਿਲਾ ।
(*105) ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ਚੌਵੀ ।
(*106) *ਸ਼੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ ਭਾਗ ਦੂਜਾ, ਅਧਿਆਇ 49;
(*107) ਭਾਈ ਗੁਰਦਾਸ ਜੀ, ਵਾਰ 28, ਪਉੜੀ 13;
(*108) *ਸ਼੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ ਭਾਗ ਦੂਜਾ, ਅਧਿਆਇ 52;
(*109) ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600;
(*110) *ਸ਼੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ ਭਾਗ ਦੂਜਾ, ਅਧਿਆਇ 53;
(*111) ਇਹ ਸ਼ਬਦ ਭਾਈ ਬੰਨੋ ਜੀ ਦੀ ਬੀੜ ਦਾ ਹੈ, ਵੇਖੋ ਪੂਰਬਾਰਧ, ਅਧਿਆਇ 38, ਅੰਕ 42 ਤੋਂ ਅੱਗੇ ।
(*112) ਵੇਖੋ ਪੂਰਬਾਰਧ ਅਧਿਆਇ 41, ਅੰਕ 70 ਤੋਂ ਅੱਗੇ ।
(*113) ਵੇਖੋ ਪੂਰਬਾਰਧ ਅਧਿਆਇ 47, ਅੰਕ 21 ਤੋਂ ਅੱਗੇ ।
(*114) ਵੇਖੋ ਪੂਰਬਾਰਧ ਅਧਿਆਇ 47, ਅੰਕ 25 ਤੋਂ ਅੱਗੇ ।
(*115) ਵੇਖੋ ਪੂਰਬਾਰਧ ਅਧਿਆਇ 47, ਅੰਕ 29 ਤੋਂ ਅੱਗੇ ।
(*116) ਵੇਖੋ ਪੂਰਬਾਰਧ ਅਧਿਆਇ 47, ਅੰਕ 34 ਤੋਂ ਅੱਗੇ ।
(*117) ਵੇਖੋ ਪੂਰਬਾਰਧ ਅਧਿਆਇ 49, ਅੰਕ 28 ਤੋਂ ਅੱਗੇ ।
(*118) ਵੇਖੋ ਪੂਰਬਾਰਧ ਅਧਿਆਇ 51, ਅੰਕ 60 ਤੋਂ ਅੱਗੇ ।
(*119) ਵੇਖੋ ਪੂਰਬਾਰਧ ਅਧਿਆਇ 51, ਅੰਕ 72 ਤੋਂ ਅੱਗੇ ।
(*120) ਵੇਖੋ ਪੂਰਬਾਰਧ ਅਧਿਆਇ 51, ਅੰਕ 75 ਤੋਂ ਅੱਗੇ ।
(*121) ਵੇਖੋ ਪੂਰਬਾਰਧ ਅਧਿਆਇ 54, ਅੰਕ 28 ਤੋਂ ਅੱਗੇ ।
(*122) ਵੇਖੋ ਪੂਰਬਾਰਧ ਅਧਿਆਇ 63, ਅੰਕ 12 ਤੋਂ ਅੱਗੇ ।
(*123) ਵੇਖੋ ਪੂਰਬਾਰਧ ਅਧਿਆਇ 63, ਅੰਕ 13 ਤੋਂ ਅੱਗੇ ।
(*124) ਵੇਖੋ ਪੂਰਬਾਰਧ ਅਧਿਆਇ 63, ਅੰਕ 14 ਤੋਂ ਅੱਗੇ ।
(*125) ਵੇਖੋ ਉਤਰਾਰਧ ਅਧਿਆਇ 15, ਅੰਕ 10 ਤੋਂ ਅੱਗੇ ।
(*126) ਵੇਖੋ ਉਤਰਾਰਧ ਅਧਿਆਇ 16, ਅੰਕ 51 ਤੋਂ ਅੱਗੇ ।
(*127) ਵੇਖੋ ਉਤਰਾਰਧ ਅਧਿਆਇ 33, ਅੰਕ 15 ਤੋਂ ਅੱਗੇ ।
(*128) ਵੇਖੋ ਉਤਰਾਰਧ ਅਧਿਆਇ 33, ਅੰਕ 51 ਤੋਂ ਅੱਗੇ ।
(*129) ਵੇਖੋ ਉਤਰਾਰਧ ਅਧਿਆਇ 37 , ਅੰਕ 29 ਤੋਂ ਅੱਗੇ ।

SikhBookClub.Com

ਅਧਜਾਯ ਉਣੱਤੀਵਾਂ

(ਚਰਨ ਕਮਲ ਮੰਗਲ, ਸਾਹੁਰੇ ਨੱਗਰ ਫੇਰਾ, ਅਜਿੱਤਾ ਉਧਾਰ)

ਦੋਹਰਾ

ਸਰਬ ਬਿਖੈ[1] ਸਿੰਮਲ ਬ੍ਰਿੱਖ ਸੁਕ[2] ਮਨ ਤਜ ਅੱਗਜਾਨ॥
ਸਤਿਗੁਰ ਚਰਨ ਰਸਾਲ[3] ਕੋ ਸੇਵ ਸਦਾ ਸੁਖ ਮਾਨ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਬੈਠੇ ਹੁਤੇ ਪ੍ਰਭੂ ਗੁਨ ਖਾਨੀ।ਮਰਦਾਨਾ ਤਬ ਬੋਲਜੋ ਬਾਨੀ।
'ਆਪ ਪੁਰਾ ਪੁਰ[(*1)] ਮਹਿੰ ਜਬ ਆਏ।ਸੰਤ ਸੰਗ ਬੈਠੇ ਇਹ ਥਾਏਂ॥੨॥

ਹਿਤ ਅਹਾਰ ਕੇ ਜਾਚਨ ਗਵਨੇ।ਫਿਰੇ ਪਠਾਨਨ ਕੇ ਤਬ ਭਵਨੇ[4]।
ਦੇਖ ਛੁਧਾਤੁਰ ਕਿਨਹੁੰ ਨ ਦੀਨੋ।ਬਹੁਰੋ ਮਿਲਜੋ ਦੁਖਦ ਮਤਿ ਹੀਨੋ॥੩॥

ਭਈ ਅਵੱਗਜਾ ਥੋਰਨ[5] ਪਾਸੂ।ਮਿਲਜੋ ਸਰਬ ਪੁਰ ਕੋ ਦੁਖ ਰਾਸੂ।
ਅਸਮੰਜਸ[6] ਮੈਂ ਲਖ ਮਨ ਮਾਂਹੀ।ਬੂਝਨ ਕੀਨ ਆਪਕੇ ਪਾਹੀ'॥੪॥

ਦੋਹਰਾ

'ਸੁਨ ਮਰਦਾਨੇ! ਨਗਰ ਜਿਸ ਸੰਤ ਅਤਿਥਿ ਚਲ ਜਾਹਿ।
ਸੇਵਾ ਹੋਇ ਨ ਤਾਂਹਿ ਕੀ ਸਬਹਨ ਪਾਪ ਲਗਾਹਿ॥੫॥

ਚੌਪਈ

ਜਾਨਹੁ ਗ੍ਰਸਤ ਧਰਮ ਸੁਭ ਏਹੂ।ਆਇ ਅਤਿਥਿ[7] ਕੀ ਸੇਵ ਕਰੇਹੂ।
ਜਥਾਸ਼ਕਤਿ[8] ਤਿਹ ਆਦਰ ਕਰਹੀ।ਦੇ ਅਹਾਰ ਮ੍ਰਿਦੁ ਬਚਨ ਉਚਰਹੀ॥੬॥

ਧਰਮਹੀਨ ਇਹ ਖ਼ਾਨ ਦੁਸ਼ਟਮਤਿ[9] ।ਪ੍ਰਭੁਤਾ ਮਦ ਮਹਿੰ ਭਏ ਅੰਧ ਅਤਿ[10]।
ਕਹਰ[11] ਉਚਿਤ ਥੇ ਕਹਿਰ ਪਰਜੋ ਸਿਰ।ਸਦਾ ਖ਼ੁਦਾਇ ਬਿਸਾਰ ਰਹੇ ਉਰ'॥੭॥

SikhBookClub.Com

ਅਧਿਆਇ ਉਣੱਤੀਵਾਂ

(ਸਹੁਰੇ ਨਗਰ ਫੇਰਾ । ਅਜਿੱਤਾ-ਉਧਾਰ)

ਦੋਹਰਾ

ਸਾਰੇ ਵਿਸ਼ੇ[1] ਸਿੰਮਲ ਦੇ ਬਿਰਛ (ਵਾਂਗੂੰ ਨਿਕੰਮੇ) ਹਨ। ਹੇ ਤੋਤੇ[2] ਰੂਪੀ ਭੁੱਲੇ ਹੋਏ ਮਨ! ਇਨ੍ਹਾਂ ਨੂੰ ਤਿਆਗ ਅਤੇ ਗੁਰੂ ਜੀ ਦੇ ਚਰਨ-ਕਮਲਾਂ ਨੂੰ, ਜੋ ਕਿ ਅੰਬ[3] (ਬਿਰਛ ਦੇ ਤੁੱਲ ਹਨ), ਇਨ੍ਹਾਂ ਨੂੰ ਸੇਵ (ਅਤੇ ਇਉਂ) ਸਦੀਵੀ-ਸੁੱਖ ਮਾਣ ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਣਾਂ ਦੀ ਖਾਣ (ਗੁਰੂ ਜੀ) ਬੈਠੇ ਹੋਏ ਸਨ। ਉਸ ਵੇਲੇ ਮਰਦਾਨੇ ਨੇ ਕਿਹਾ, "ਤੁਸੀਂ ਜਿਸ ਵੇਲੇ ਪਹਿਲਾਂ (ਇਸ) ਸ਼ਹਿਰ (ਏਮਨਾਬਾਦ) ਵਿਚ ਆਏ ਸੀ ਤਾਂ ਇਸ ਥਾਂ 'ਤੇ ਸੰਤਾਂ ਦੇ ਨਾਲ ਮਿਲ ਬੈਠੇ ਸੀ। ॥੨॥

ਭੋਜਨ ਦੀ ਮੰਗ ਲਈ ਗਏ ਸੀ ਤਾਂ ਉਸ ਵੇਲੇ ਪਠਾਣਾਂ ਦੇ ਘਰੀਂ[4] ਘੁੰਮੇ ਸੀ। ਭੁੱਖਿਆਂ ਨੂੰ ਦੇਖਦੇ ਹੋਏ ਵੀ ਕਿਸੇ ਨੇ ਭੋਜਨ ਨਹੀਂ ਸੀ ਦਿੱਤਾ। ਤਦੇ ਫੇਰ ਉਨ੍ਹਾਂ ਮਤ-ਹੀਣਾਂ ਨੂੰ ਦੁੱਖ ਮਿਲਿਆ ॥੩॥

ਅਨਾਦਰ ਤਾਂ (ਕੇਵਲ) ਥੋੜ੍ਹਿਆਂ[5] ਪਾਸੋਂ ਹੀ ਹੋਇਆ ਸੀ ਪਰੰਤੂ ਇਸ ਦੇ ਕਾਰਨ ਸਾਰੇ ਨਗਰ ਨੂੰ ਹੀ ਦੁੱਖਾਂ ਦੀ ਪੂੰਜੀ (ਦੰਡ) ਮਿਲੀ ਸੀ। ਮੇਰਾ ਮਨ (ਇਸ ਨੂੰ) ਅਯੋਗ[6] ਮੰਨਦਾ ਹੈ, ਇਸੇ ਲਈ (ਗੁਰੂ ਜੀ) ਮੈਂ ਆਪ ਕੋਲੋਂ ਪੁੱਛਿਆ ਹੈ।" ॥੪॥

ਦੋਹਰਾ

(ਗੁਰੂ ਜੀ ਨੇ ਬਚਨ ਕੀਤਾ) "ਮਰਦਾਨਿਆ, ਸੁਣ! ਜਿਸ ਨਗਰ ਵਿਚ ਸੰਤ-ਲੋੜਵੰਦ ਚੱਲ ਕੇ ਆ ਜਾਵੇ, ਜੇਕਰ ਉਸ ਦੀ ਸੇਵਾ ਨਾ ਹੋਵੇ ਤਾਂ ਸਾਰਿਆਂ ਨੂੰ ਹੀ ਪਾਪ ਲੱਗਦਾ ਹੈ। ॥੫॥

ਚੌਪਈ

ਇਹੋ ਹੀ ਸ਼ੁਭ ਗ੍ਰਿਹਸਤ-ਧਰਮ ਹੈ ਕਿ ਦਰ 'ਤੇ ਆਏ ਪ੍ਰਾਹੁਣੇ[7] ਦੀ ਸੇਵਾ ਕੀਤੀ ਜਾਵੇ। ਸਮੱਰਥਾ[8] ਅਨੁਸਾਰ ਉਸ ਦਾ ਸਨਮਾਨ ਕਰੇ। ਭੋਜਨ ਛਕਾਏ (ਤੇ ਉਸ ਨਾਲ) ਮਿੱਠੇ ਬਚਨ ਬੋਲੇ। ॥੬॥

ਇਹ ਪਠਾਣ ਅਧਰਮੀ ਅਤੇ ਖੋਟੀ-ਬੁੱਧੀ[9] ਵਾਲੇ ਸਨ। ਉਹ ਵਡਿਆਈ ਦੇ ਨਸ਼ੇ ਵਿੱਚ ਬਹੁਤ ਜ਼ਿਆਦਾ ਅੰਨ੍ਹੇ[10] ਹੋ ਚੁੱਕੇ ਸਨ। ਉਨ੍ਹਾਂ 'ਤੇ ਦੁੱਖ[11] ਆਉਣਾ ਜ਼ਰੂਰੀ ਹੋਣ ਕਰਕੇ ਸੰਕਟ (ਦੰਡ) ਆਣ ਪਿਆ। ਉਨ੍ਹਾਂ ਨੇ ਬਿਲਕੁੱਲ ਹੀ ਅੱਲਾਹ ਨੂੰ, ਹਿਰਦੇ ਵਿੱਚੋਂ ਭੁਲਾਇਆ ਹੋਇਆ ਸੀ।" ॥੭॥

SikhBookClub.Com

ਮਰਦਾਨੇ ਕੇ ਮਨ ਸੰਦੇਹੂ[1] । ਕੁਛਕ ਰਹਜੋ ਪਰ ਬੋਲ ਨ ਕੇਹੂ।
ਸ੍ਰੀ ਨਾਨਕ ਤਿਹ ਉਰਕੀ ਜਾਨੀ । ਬਿਨ ਸੰਸੈ ਕਰਬੇ ਬਿਧਿ ਠਾਨੀ॥੮॥

ਕਿਤਕ ਸਮਾਂ ਜਬ ਬੈਠਿ ਬਿਤਾਵਾ।ਮਰਦਾਨੇ ਤਬ ਆਲਸ ਆਵਾ।
ਸੋਇ ਰਹਜੋ ਤਬ ਪਿਖ ਜਗਸਾਈਂ।ਮਧੁਰ ਬੂੰਦ ਇਕ ਉਦਰ[2] ਪਵਾਈ॥੯॥

ਤਿਹ ਸੁਗੰਧ ਕਰ ਕੀਟੀ[3] ਆਈ।ਭਈ ਬਹੁਤ ਇਕਠੀ ਤਿਹ ਠਾਈਂ।
ਇਕ ਪਪੀਲਕਾ[4] ਕਾਟਜੋ ਜਬ ਹੀ।ਜਾਗ ਮਲੀ ਮਰਦਾਨੇ ਸਬ ਹੀ॥੧੦॥

ਮਰੀ ਸਰਬ ਪੁਨਿ ਲਗਜੋ ਨਿਹਾਰਨ।ਤਬ ਸ੍ਰੀਗੁਰ ਕਿਯ ਬਚਨ ਉਚਾਰਨ।
'ਕਾਟਿਜੋ ਏਕ ਬਹੁਤ ਤੈਂ ਮਾਰੀ।ਮਰਦਾਨੇ ਉਰ ਲੇਹੁ ਬਿਚਾਰੀ[(*2)]'॥੧੧॥

ਦੋਹਰਾ

ਸਮਝਜੋ ਤਬ ਹਿਰਦੇ ਬਿਖੈ ਜੋਰ ਹਾਥ ਹ੍ਵੈ ਦੀਨ।
'ਮਨ ਕੀ ਬੂਝਹੁ ਸਰਬ ਗਤਿ ਕ੍ਰਿਪਾਨਿਧਾਨ ਪ੍ਰਬੀਨ[5]'॥੧੨॥

ਚੌਪਈ

ਇਸ ਬਿਧਿ ਬੈਸੇ ਕਰਤ ਬਿਲਾਸੂ।ਸੱਤਿਸੰਧ ਜਗ ਭਗਤਿ ਪ੍ਰਕਾਸੂ।
ਲਾਲੋ ਦ੍ਵਿਜ ਪੁਰ ਮਹਿਂ ਤਬ ਆਏ।ਨਿਜ ਪਰਵਾਰ ਨਿਕੇਤ ਬਸਾਏ[6] ॥੧੩॥

ਸਰਬ ਬ੍ਰਿਤਾਂਤ ਦੇਖ ਪੁਰ ਕੇਰਾ।ਮਹਾਂ ਭਿਆਨ[7] ਲਗਹਿ ਚਹੁਫੇਰਾ।
ਪੁਨਿ ਦੋਨੋ ਪ੍ਰਭੁ ਢਿਗ ਚਲਿ ਆਏ।ਪਦ ਪੰਕਜ ਪਰ ਪਰ ਲਪਟਾਏ॥੧੪॥

ਭਾਨੁ ਸਮਾਨ ਸਰੂਪ ਨਿਹਾਰਾ।ਅੰਬਕ[8] ਅੰਬੁਜ[9] ਬਿਕਸੇ ਚਾਰਾ।
ਅਨਿਕ ਭਾਂਤਿ ਕੀ ਉਸਤਤਿ ਠਾਨੀ।ਪਰਮ ਪ੍ਰਸੀਦਤ[10] ਭੇ ਗੁਨਖਾਨੀ॥੧੫॥

SikhBookClub.Com

ਮਰਦਾਨੇ ਦੇ ਮਨ ਵਿੱਚ ਕੁਝ ਕੁ ਸ਼ੰਕਾ[1] ਰਹਿ ਗਿਆ, ਪਰ ਉਹ (ਕੁਝ) ਬੋਲਿਆ ਨਾ। ਗੁਰੂ ਨਾਨਕ ਦੇਵ ਜੀ ਨੇ ਉਸ ਦੇ ਮਨ ਦੀ (ਗੱਲ) ਜਾਣ ਲਈ, ਸੋ ਉਨ੍ਹਾਂ, ਸ਼ੰਕਾ ਮਿਟਾਉਣ ਲਈ ਇੱਕ ਤਰਕੀਬ ਵਰਤਣ ਦੀ ਠਾਨ ਲਈ। ॥੮॥

ਜਿਸ ਵੇਲੇ ਬੈਠਿਆਂ ਕਾਫ਼ੀ ਸਮਾਂ ਬੀਤ ਗਿਆ, ਉਸ ਵੇਲੇ ਮਰਦਾਨੇ ਨੂੰ ਸੁਸਤੀ ਆ ਗਈ ਤੇ (ਉਹ) ਸੌਂ ਗਿਆ। ਉਸ ਵੇਲੇ ਜਗਤ ਦੇ ਮਾਲਕ ਗੁਰੂ ਜੀ ਨੇ ਸੁੱਤਾ ਹੋਇਆ ਵੇਖ ਕੇ, ਮਿੱਠੇ ਦੀ ਇੱਕ ਬੂੰਦ ਉਸ ਦੇ ਪੇਟ[2] 'ਤੇ ਸੁਟਵਾ ਦਿੱਤੀ। ॥੯॥

ਉਸ ਮਿੱਠੇ ਦੀ ਖ਼ੁਸ਼ਬੂ ਕਰਕੇ ਕੀੜੀਆਂ[3] ਆ ਗਈਆਂ ਤੇ ਉਸ ਥਾਂ 'ਤੇ ਬਹੁਤ ਸਾਰੀਆਂ (ਕੀੜੀਆਂ) ਇਕੱਠੀਆਂ ਹੋ ਗਈਆਂ। ਜਿਉਂ ਹੀ ਇੱਕ ਕੀੜੀ[4] ਨੇ ਮਰਦਾਨੇ ਨੂੰ ਕੱਟਿਆ ਤਾਂ ਉਸ ਨੇ ਜਾਗ ਕੇ ਸਾਰੀਆਂ (ਕੀੜੀਆਂ) ਨੂੰ ਹੀ ਮਸਲ ਸੁੱਟਿਆ। ॥੧੦॥

ਸਾਰੀਆਂ (ਕੀੜੀਆਂ ਜਦ) ਮਰ ਗਈਆਂ (ਤਾਂ) ਉਹ ਦੇਖਣ ਲੱਗਿਆ। ਉਦੋਂ ਗੁਰੂ ਜੀ ਨੇ ਬਚਨ ਕੀਤਾ, "ਇੱਕ ਕੀੜੀ ਨੇ (ਤਾਂ ਤੈਨੂੰ) ਕੱਟਿਆ ਸੀ ਪਰ ਤੂੰ ਤੇ ਬਹੁਤ ਸਾਰੀਆਂ ਮਾਰ ਦਿੱਤੀਆਂ ਹਨ। ਮਰਦਾਨਿਆ! ਹਿਰਦੇ ਵਿੱਚ ਵਿਚਾਰ ਕਰ" ॥੧੧॥

ਦੋਹਰਾ

ਉਸ ਵੇਲੇ ਮਰਦਾਨਾ ਮਨੋ-ਮਨ (ਅੰਦਰੋਂ) ਸਮਝ ਗਿਆ ਤਾਂ ਉਸਨੇ ਨਿਮਰ ਹੋ ਕੇ, ਹੱਥ ਜੋੜੇ ਤੇ (ਬੋਲਿਆ), ਹੇ ਮਹਾਰਾਜ! ਕਿਰਪਾ ਦੇ ਭੰਡਾਰ! ਪਰਪੱਕ[5] ਗੁਰੂ ਜੀ! ਆਪ ਸਭ ਦੇ ਅੰਦਰ ਦੀਆਂ ਜਾਣ ਲੈਂਦੇ ਹੋ" ॥੧੨॥

ਚੌਪਈ

ਸਤ ਦੇ ਮੇਲ ਵਾਲੇ ਤੇ (ਕੌਲ ਦੇ ਪੂਰੇ) ਜਗਤ ਵਿੱਚ ਭਗਤੀ ਦਾ ਪ੍ਰਕਾਸ਼ ਕਰਨ ਵਾਲੇ ਗੁਰੂ ਜੀ, ਇਸ ਪ੍ਰਕਾਰ ਅਨੰਦ-ਮਗਨ ਬੈਠੇ ਬਚਨ-ਬਿਲਾਸ ਕਰ ਰਹੇ ਸਨ। ਤਦ ਭਾਈ ਲਾਲੋ ਅਤੇ ਬ੍ਰਾਹਮਣ ਉਸ ਨਗਰ ਵਿੱਚ ਆ ਗਏ। ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਘਰਾਂ 'ਚ ਵਸਾ[6] ਦਿੱਤਾ ॥੧੩॥

ਨਗਰ ਦੀ ਸਾਰੀ ਹਾਲਤ ਦੇਖ ਕੇ, ਉਨ੍ਹਾਂ ਨੂੰ ਚੌਗਿਰਦਾ ਬਹੁਤ ਹੀ ਭਿਆਨਕ[7] ਲੱਗ ਰਿਹਾ ਸੀ। ਤਾਂ ਫੇਰ ਉਹ ਦੋਨੋਂ, ਗੁਰੂ ਜੀ ਕੋਲ ਚੱਲ ਕੇ ਆ ਗਏ। ਚਰਨ-ਕਮਲਾਂ 'ਤੇ ਪੈਕੇ ਲਿਪਟ ਗਏ (ਮੱਥਾ ਟੇਕਿਆ)। ॥੧੪॥

ਉਨ੍ਹਾਂ ਨੇ ਗੁਰੂ ਜੀ ਦਾ ਸੂਰਜ ਜਿਹਾ, ਸੁੰਦਰ ਰੂਪ ਦੇਖਿਆ, (ਜਿਨ੍ਹਾਂ ਦੇ) ਨੇਤਰ[8] ਖਿੜੇ-ਕੰਵਲ[9] ਜਿਹੇ ਸੁੰਦਰ ਸਨ। ਉਨ੍ਹਾਂ ਨੇ ਅਨੇਕ ਪ੍ਰਕਾਰ ਦੀ ਉਸਤਤ ਕੀਤੀ। ਗੁਣਾਂ ਦੀ ਖਾਣ ਗੁਰੂ ਜੀ ਅਤਿਅੰਤ ਪਰਸੰਨ[10] ਹੋਏ। ॥੧੫॥

SikhBookClub.Com

ਦੋਨੋਂ ਨਗਰ ਬਿਖੈ ਪੁਨਿ ਜਾਈ।ਅਨਿਕ ਪ੍ਰਕਾਰਨ ਮਹਿਮਾ ਗਾਈ।
ਹਿੰਦੂ ਤੁਰਕ ਹੁਤੇ ਸਭ ਜੇਈ । ਆਨ ਚਰਨ ਲਪਟਾਨੇ ਤੇਈ॥੧੬॥

ਭੀਰ ਭਈ ਬਹੁ ਦਿਸ ਜਗਤੇਸ਼ਾ।ਸਤਿਨਾਮ ਦੀਨੋ ਉਪਦੇਸ਼ਾ।
ਸੰਤ ਅਤਿਥਿ ਕੀ ਸੇਵਾ ਕਰਨੀ ।ਤਿਹਂ ਕੀ ਮਹਿਮਾ ਬਹੁ ਬਿਧ ਬਰਨੀ[1] ॥੧੭॥

ਦ੍ਵੈ[2] ਦਿਨ ਪੁਨਿ ਪ੍ਰਭੂ ਤਹਾਂ ਬਿਤਾਏ।ਗਮਨੇ ਅਪਰ ਥਾਨ ਮਨ ਭਾਏ।
ਸੰਤਨ ਚੀਰ ਸਰੀਰਹਿ ਸਾਜਹਿਂ।ਸੁਭਗ ਸਿਤਾਸਿਤ[3] ਸ਼ਮਸੁ[4] ਬਿਰਾਜਹਿ॥੧੮॥

ਤੀਨ ਲੋਕ ਕੋ ਕਰਤਾ ਜੋਊ।ਬੇਖ ਫਕੀਰੀ ਬਿਚਰਤ ਸੋਊ।
ਮੰਦ ਮੰਦ ਮਗ ਬਿਖੈ ਸੁਹਾਏ।ਸਸੁਰੇ ਨਗਰ ਨਿਕਟਿ ਚਲਿ ਆਏ॥੧੯॥

ਵਹਿਰ ਅਜਿੱਤੇ ਕੂਪ[5] ਸੁਹਾਯਾ।ਹੁਤੀ ਸਘਨ[6] ਸੁੰਦਰ ਤਿਹ ਛਾਯਾ।
ਦੇਖ ਥਾਨਿ ਰਮਨੀਕ ਗੁਸਾਈ ।ਬੈਠ ਗਏ ਹਮਸੋਂ ਬਿਗਸਾਈ॥੨੦॥

'ਸੈਲ[7] ਬਿਸਾਲ ਕੀਨ ਸਬ ਦੇਸਾ।ਹੁਤੀ ਨਿਦੇਸ ਐਸ ਜਗਤੇਸ਼ਾ।
ਕਿਤਕ ਕਾਲ ਅਬ ਬੈਸ ਬਿਤਾਵਉਂ।ਮਗਨ ਅਨੰਦ ਪ੍ਰਭੂ ਗੁਨ ਗਾਵਉਂ'॥੨੧॥

ਮਾਨੁਖ ਏਕ ਬਿਲੋਕਤ ਦੌਰਾ।ਸੁਧਿ ਕੀਨੀ ਮੂਲਾ ਜਿਸ ਠੌਰਾ।
'ਵਹਿਰ ਜਮਾਤਾ[8] ਆਯੋ ਤੇਰੋ।ਨਿਕਸੇ ਜਿਹ ਭਾ ਕਾਲ ਘਨੇਰੋ'॥੨੨॥

ਸੁਧਿ ਸੁਨਿ ਕੈ ਤੂਰਨ ਉਠ ਧਾਯੋ।ਸੰਗ ਅਜਿੱਤੇ ਕੋ ਲੇ ਆਯੋ।
ਕਬ ਕੋ ਰਹਯੋ ਕ੍ਰੋਧ ਉਰ ਪੂਰੀ।ਬੇਖ ਫਕੀਰੀ ਦੇਖਿਓ ਦੂਰੀ॥੨੩॥

ਅਧਿਕ ਕ੍ਰੋਧ ਹਿਰਦੇ ਮਹਿਂ ਹੋਵਾ।ਗਯੋ ਸਮੀਪ ਠਾਂਢ ਹ੍ਵੈ ਜੋਵਾ।
ਬਹੁ ਕਠੋਰ ਮੁਖ ਬਚਨ ਅਲਾਵਾ।'ਛਾਤੀ ਦਾਹ[9] ਕਰਨ ਪੁਨਿ ਆਵਾ॥੨੪॥

SikhBookClub.Com

ਫੇਰ ਦੋਵੇਂ ਜਣੇ (ਲਾਲੋ ਅਤੇ ਬ੍ਰਾਹਮਣ) ਨਗਰ ਵਿੱਚ ਚਲੇ ਗਏ। ਉਨ੍ਹਾਂ, ਜਾ ਕੇ ਗੁਰੂ ਜੀ ਦੀ ਅਨੇਕ ਤਰਾਂ ਦੀ ਪਰਸੰਸਾ ਕੀਤੀ। ਜੋ ਵੀ (ਉਥੇ) ਹਿੰਦੂ ਅਤੇ ਮੁਸਲਮਾਨ ਸਨ, ਉਹ ਸਾਰੇ ਆਣ ਕੇ (ਗੁਰੂ ਜੀ ਦੇ) ਚਰਨ-ਕਮਲਾਂ ਨੂੰ ਲਿਪਟ ਗਏ। ॥੧੬॥

ਜਗਤ ਦੇ ਮਾਲਕ (ਗੁਰੂ ਜੀ) ਦੇ ਚਾਰੇ-ਪਾਸੇ ਭੀੜ ਇਕੱਠੀ ਹੋ ਗਈ। ਗੁਰੂ ਜੀ ਨੇ ਉਨ੍ਹਾਂ ਨੂੰ ਸਤਿਨਾਮ ਦੇ ਸਿਮਰਨ ਦਾ ਉਪਦੇਸ਼ ਦਿੱਤਾ। ਸੰਤ-ਅਤਿਥੀਆਂ ਦੀ ਸੇਵਾ ਕਰਨ ਵਾਸਤੇ ਕਿਹਾ। ਇਨ੍ਹਾਂ ਕੰਮਾਂ ਦੀ ਵਡਿਆਈ ਬਹੁਤ ਪਰਕਾਰ ਨਾਲ ਦੱਸੀ[1]। ॥੧੭॥

ਗੁਰੂ ਜੀ ਨੇ ਉਸ ਥਾਂ ਦੋ[2] ਦਿਨ ਫੇਰ (ਹੋਰ) ਬਿਤਾਏ। ਫੇਰ ਉਹ ਮਨਭਾਉਂਦੇ, ਹੋਰ ਸਥਾਨ 'ਤੇ ਚਲੇ ਗਏ। ਸੰਤਾਂ ਵਾਲੇ ਬਸਤਰਾਂ ਨਾਲ ਗੁਰੂ ਜੀ ਸਰੀਰ ਨੂੰ ਸਜਾਉਂਦੇ ਸਨ। ਸੁੰਦਰ ਚਿੱਟਾ ਤੇ ਕਾਲਾ[3] ਦਾਹੜਾ[4] ਸ਼ੋਭਨੀਕ ਹੋ ਰਿਹਾ ਸੀ। ॥੧੮॥

ਜੋ ਤਿੰਨਾਂ-ਲੋਕਾਂ ਦੇ ਰਚਨਹਾਰ ਹਨ, ਉਹ ਫ਼ਕੀਰਾਂ ਵਾਲੇ ਪਹਿਰਾਵੇ ਵਿੱਚ ਫਿਰ ਰਹੇ ਸਨ। ਹੌਲੀ-ਹੌਲੀ ਰਸਤੇ 'ਤੇ ਚੱਲਦੇ ਸੋਹਣੇ ਲੱਗ ਰਹੇ ਸਨ। ਤੁਰਦੇ-ਤੁਰਦੇ ਉਹ ਸਹੁਰਿਆਂ ਦੇ ਨਗਰ ਕੋਲ ਪਹੁੰਚ ਗਏ। ॥੧੯॥

(ਪਿੰਡੋਂ) ਬਾਹਰ ਅਜਿੱਤੇ ਦਾ ਖੂਹ[5] ਸੁਭਾਇਮਾਨ ਸੀ। ਉੱਥੇ ਸੁੰਦਰ ਤੇ ਸੰਘਣੀ[6] ਛਾਂ ਸੀ। ਜਗਤ ਸੁਆਮੀ (ਗੁਰੂ ਜੀ) ਸੁੰਦਰ ਜਿਹੀ ਥਾਂ ਵੇਖ ਕੇ, ਪਰਸੰਨਤਾ ਸਹਿਤ ਸਾਡੇ ਨਾਲ ਬੈਠ ਗਏ। ॥੨੦॥

(ਗੁਰੂ ਜੀ ਨੇ ਕਿਹਾ), "ਆਪਾਂ ਸਾਰੇ ਦੇਸ਼ਾਂ ਦੀ ਬਹੁਤ ਸੈਰ[7] ਕਰ ਲਈ ਹੈ। ਜਗਤ ਦੇ ਮਾਲਕ (ਪਰਮੇਸ਼ਰ) ਦਾ ਅਜਿਹਾ ਹੀ ਹੁਕਮ ਸੀ। ਹੁਣ ਕੁਝ ਕੁ ਸਮਾਂ ਬੈਠ ਕੇ ਅਨੰਦ (ਵਿੱਚ) ਮਗਨ ਹੋ ਕੇ ਕਰਤਾਰ ਦੇ ਗੁਣ ਗਾਈਏ।" ॥੨੧॥

ਇੱਕ ਆਦਮੀ (ਗੁਰੂ ਜੀ ਨੂੰ) ਵੇਖ ਕੇ ਦੌੜਿਆ। ਉਸ ਨੇ ਮੂਲੇ ਨੂੰ, ਉਸ ਦੇ ਟਿਕਾਣੇ 'ਤੇ ਜਾ ਖ਼ਬਰ ਦੇ ਦਿੱਤੀ, "(ਪਿੰਡੋਂ) ਬਾਹਰ ਤੇਰਾ ਜਵਾਈ[8] ਆਇਆ ਹੋਇਆ ਹੈ, ਜਿਸ ਨੂੰ (ਘਰੋਂ) ਨਿਕਲਿਆਂ ਬਹੁਤ ਸਮਾਂ ਹੋ ਗਿਆ" ॥੨੨॥

ਖ਼ਬਰ ਸੁਣ ਕੇ ਮੂਲਾ ਤੁਰੰਤ ਉੱਠ ਭੱਜਾ । ਉਹ ਆਪਣੇ ਨਾਲ ਅਜਿੱਤੇ ਨੂੰ ਵੀ ਲੈ ਆਇਆ। ਕਦੋਂ ਦਾ (ਕਾਫ਼ੀ ਸਮੇਂ ਤੋਂ) ਉਸ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਸੀ। ਦੂਰੋਂ ਹੀ ਫ਼ਕੀਰੀ ਦਾ ਵੇਸ (ਪਹਿਨਿਆ) ਵੇਖਿਆ। ॥੨੩॥

ਤਾਂ ਉਸ ਦੇ ਹਿਰਦੇ ਵਿੱਚ ਬਹੁਤ ਗੁੱਸਾ ਪੈਦਾ ਹੋਇਆ। ਕੋਲ ਜਾ ਕੇ, ਖੜ੍ਹਾ ਹੋ ਕੇ ਦੇਖਿਆ ਅਤੇ ਉਸਨੇ ਮੂੰਹੋਂ ਬਹੁਤ ਕਠੋਰ ਸ਼ਬਦ ਬੋਲੇ, "ਤੂੰ (ਹੁਣ) ਮੇਰਾ ਸੀਨਾ ਸਾੜਨ[9] ਲਈ ਆਇਆ ਹੈਂ ॥੨੪॥

SikhBookClub.Com

ਪਿਖਹਿਂ ਸਹੋਦਰ[1] ਜਬ ਇਸ ਚਾਲਾ।ਪੀੜਾ ਬਜ਼ਾਪਹਿ ਮੁਝਹਿ ਬਿਸਾਲਾ।
ਨਿਜ ਇਸਤ੍ਰੀ ਤਜ ਕਰ ਸੁਤ ਦੋਊ।ਨਹੀਂ ਆਇ ਸੁਧ ਲੀਨੀ ਕੋਊ॥੨੫॥

ਦੋਹਰਾ

ਸਿਰੀ ਚੰਦ ਜੈਰਾਮ ਘਰ ਕੀਨੇ ਅਨੰਦ ਬਿਲਾਸ।
ਜਬ ਕੋ ਤਿਨ ਪਰਲੋਕ ਭਾ ਆਯੋ ਮੋਰ ਅਵਾਸ॥੨੬॥

ਚੌਪਈ

ਸਬ ਕੀ ਮੈਂ ਪ੍ਰਿਤਪਾਰਨ[2] ਕੀਨੀ।ਨਹੀਂ ਆਇ ਇਨ ਕਬ ਸੁਧ ਲੀਨੀ।
ਹੋਨੋ ਹੁਤੋ ਫਕੀਰ ਜਿ ਐਸੇ।ਨਿਜ ਪਰਵਾਰ ਸਹੇਰਜੋ[3] ਕੈਸੇ'॥੨੭॥

ਸ੍ਰੀ ਨਾਨਕ ਸੁਨਤੇ ਸਬ ਰਹੇ।ਕੋਊ ਵਾਕ ਨ ਮੁਖ ਤੇ ਕਹੇ।
ਤਬਹਿ ਅਜਿੱਤੇ ਨੇ ਸਮਝਾਯੋ।'ਕਹਨਿ ਕਠੋਰ ਨ ਤੁਮ ਬਨ ਆਯੋ'॥੨੮॥

ਇਸ ਬਿਧਿ ਕਹਿ ਨਿਜ ਸਦਨ ਸਿਧਾਯੋ। ਬਹੁ ਉੱਤਮ ਭੋਜਨ ਬਨਵਾਯੋ।
ਚਾਰੁ ਚੀਰ ਲੇਕਰ ਨਿਜ ਹਾਥਾ।ਗਮਨਜੋ ਬਹੁਰ ਨਿਕਟਿ ਜਗਨਾਥਾ॥੨੯॥

ਰਿਸ ਸੋਂ ਜਰਤ ਜਾਸ ਕੀ ਛਾਤੀ।ਬ੍ਰਿਕਤ[4] ਰੀਤ ਹਿਰਦੇ ਨ ਸੁਹਾਤੀ।
ਭੋਜਨ ਧਰ ਕੈ ਗਿਰਾ ਅਲਾਈ।'ਖਾਵਹੁ ਤੂੰ ਨਿਤ ਕੋ ਦੁਖਦਾਈ॥੩੦॥

ਦੋਹਰਾ

ਬੇਖ ਫ਼ਕੀਰੀ ਤਜਹੁ ਅਬ ਪਹਿਰਹੁ[5] ਬਸਨ ਜਿ ਚਾਰੁ।
ਹਮਰੇ ਸੋਦਰ ਬੰਧੁ ਜੇ ਤਿਨ ਮਹਿਂ ਨਹਿਂ ਕਰਿ ਖ੍ਵਾਰ[6]'॥੩੧॥

ਚੌਪਈ

ਪਹਿਰਹਿਂ ਚੀਰ[7] ਨ ਭੋਜਨ ਖਾਂਹੀ । ਸ੍ਰੀ ਪ੍ਰਭੁ ਮੁਖ ਤੇ ਬੋਲਤ ਨਾਂਹੀ।
ਸਿਰੀ ਚੰਦ ਤਬ ਲਖਮੀਦਾਸਾ।ਬੰਦਨ ਕੀਨ ਆਨ ਪਿਤ ਪਾਸਾ॥੩੨॥

SikhBookClub.Com

ਜਿਸ ਵੇਲੇ ਮੇਰੇ ਭਰਾ[1] ਤੇਰੀ ਇਸ ਹਾਲਤ ਨੂੰ ਵੇਖਣਗੇ ਤਾਂ ਮੈਨੂੰ ਬਹੁਤ ਦੁੱਖ ਹੋਵੇਗਾ। ਤੂੰ ਆਪਣੀ ਇਸਤਰੀ ਅਤੇ ਦੋਵਾਂ ਪੁੱਤਰਾਂ ਨੂੰ ਛੱਡ ਕੇ, ਮੁੜ ਆਣ ਕੇ ਉਨ੍ਹਾਂ ਦੀ ਕੋਈ ਖ਼ਬਰ ਹੀ ਨਹੀਂ ਲਈ। ॥੨੫॥

ਦੋਹਰਾ

ਸਿਰੀ ਚੰਦ (ਤੇਰੇ ਪੁੱਤਰ) ਨੇ ਜੈ ਰਾਮ ਦੇ ਘਰ ਖ਼ੁਸ਼ੀਆਂ ਆਨੰਦ ਮਾਣਿਆ ਸੀ। ਜਦ ਦੇ ਉਹ (ਭਾਈ ਜੈ ਰਾਮ ਜੀ ਅਤੇ ਬੀਬੀ ਨਾਨਕੀ ਜੀ) ਸੁਰਗਵਾਸ ਹੋਏ ਤਾਂ ਉਹ (ਵੀ) ਮੇਰੇ ਘਰ ਆ ਗਿਆ ਸੀ। ॥੨੬॥

ਚੌਪਈ

ਸਾਰਿਆਂ ਦੀ, ਮੈਂ ਹੀ ਪਾਲਣਾ[2] ਕੀਤੀ। ਇਹਨੇ (ਪਰ ਤੂੰ) ਆ ਕੇ, ਇਨ੍ਹਾਂ ਦੀ ਕਦੇ ਵੀ ਖ਼ਬਰ ਨਹੀਂ ਲਈ। ਜੇਕਰ ਤੂੰ ਇਸੇ ਪ੍ਰਕਾਰ ਫ਼ਕੀਰ ਬਣਨਾ ਸੀ ਤਾਂ ਤੂੰ ਆਪਣਾ ਪਰਿਵਾਰ ਕਿਸ ਲਈ ਸਹੇੜਿਆ[3] ਸੀ?" ॥੨੭॥

ਗੁਰੂ ਨਾਨਕ ਦੇਵ ਜੀ ਸਭ ਕੁਝ ਸੁਣਦੇ ਰਹੇ। ਕੋਈ ਵਾਕ (ਸ਼ਬਦ) ਵੀ ਮੂੰਹ ਤੋਂ ਨਾ ਆਖਿਆ। ਉਸ ਵੇਲੇ ਅਜਿੱਤੇ ਨੇ ਸਮਝਾਇਆ, "ਤੁਹਾਨੂੰ ਕਠੋਰ (ਸ਼ਬਦ) ਕਹਿਣੇ ਨਹੀਂ ਬਣਦੇ!" ॥੨੮॥

ਇਉਂ ਆਖ ਕੇ ਮੂਲਾ ਆਪਣੇ ਘਰ ਨੂੰ ਚਲਾ ਗਿਆ (ਅਤੇ ਉਹਨੇ) ਬਹੁਤ ਵਧੀਆ ਭੋਜਨ ਤਿਆਰ ਕਰਵਾਇਆ। ਸੁੰਦਰ ਬਸਤਰ ਆਪਣੇ ਹੱਥ ਵਿੱਚ ਲੈ ਕੇ ਫੇਰ ਜਗਤ ਦੇ ਸਵਾਮੀ ਗੁਰੂ ਜੀ ਦੇ ਕੋਲ ਆ ਗਿਆ। ॥੨੯॥

ਜਿਸ (ਮੂਲੇ) ਦਾ ਸੀਨਾ ਗੁੱਸੇ ਨਾਲ ਸੜ ਰਿਹਾ ਸੀ (ਉਸ ਦੇ ਚਿਤ ਨੂੰ) ਤਿਆਗ[4] ਦੀ (ਸਾਧੂਆਂ ਵਾਲੀ) ਰੀਤੀ ਚੰਗੀ ਨਹੀਂ ਸੀ ਲੱਗਦੀ। ਭੋਜਨ ਰੱਖ ਕੇ (ਉਹ) ਬੋਲਿਆ, "ਨਿੱਤ-ਨਿੱਤ ਦੁੱਖ ਦੇਣ ਵਾਲਿਆ! ਤੂੰ ਖਾ ਲੈ। ॥੩੦॥

ਦੋਹਰਾ

ਹੁਣ ਫ਼ਕੀਰੀ ਦਾ ਵੇਸ ਤਿਆਗ ਦੇਹ ਤੇ ਸੁੰਦਰ ਬਸਤਰ (ਜੋ ਮੈਂ ਲਿਆਂਦੇ ਹਨ), ਪਹਿਨ[5] ਲੈ। ਜੋ ਸਾਡੇ ਭਰਾ ਅਤੇ ਸਬੰਧੀ ਹਨ, ਉਨ੍ਹਾਂ ਵਿੱਚ ਸਾਨੂੰ ਖ਼ੁਆਰ[6] ਨਾ ਕਰ।" ॥੩੧॥

ਚੌਪਈ

ਉਹ (ਗੁਰੂ ਜੀ) ਨਾ ਹੀ (ਲਿਆਂਦੇ ਹੋਏ) ਬਸਤਰ[7] ਪਹਿਨ ਰਹੇ ਸਨ ਤੇ (ਨਾ ਹੀ) ਭੋਜਨ ਖਾਂਦੇ ਸਨ। ਗੁਰੂ ਜੀ ਮੂੰਹੋਂ ਵੀ ਕੁਝ ਨਹੀਂ ਸਨ ਬੋਲ ਰਹੇ। ਤਦੋਂ ਸਿਰੀ ਚੰਦ (ਅਤੇ) ਲਖਮੀ ਦਾਸ ਨੇ, ਪਿਤਾ ਕੋਲ ਆ ਕੇ ਨਮਸਕਾਰ ਕੀਤੀ। ॥੩੨॥

SikhBookClub.Com

ਬੈਠਜੋ ਪਹਿਰ ਬਿਤੀਤਜੋ ਜਬਹੀ।ਪਹਿਰਜੋ ਖਾਯੋ ਨਹਿੰ ਕਿਛ ਤਬਹੀ।
ਬਸ ਨ ਬਸਾਵਹਿ ਰਿਸਜੋ[1] ਬਿਸਾਲਾ।ਉਠ ਆਯੋ ਮੂਲਾ ਤਿਹ ਕਾਲਾ॥੩੩॥

ਸ੍ਰੀ ਪ੍ਰਭੂ ਰਹੇ ਬਿਰਾਜਤ ਤਾਂਹੀ।ਜਿਨ ਕੇ ਦੇਖਤ ਦੋਖ ਨਸਾਹੀਂ।
ਜੇ ਮਹਿਮਾ ਜਾਨਹਿੰ ਗੁਰ ਕੇਰੀ[2]।ਸੇ ਆਵਹਿੰ ਤਿਹਿ ਦਰਸ਼ਨ ਹੇਰੀ॥੩੪॥

ਬੰਦਨ ਕਰਹਿੰ ਜਨਮ ਫਲ ਪਾਵਹਿੰ।ਰਹਹਿੰ ਨਿਕਟ ਪੁਨ ਸਦਨ ਸਿਧਾਵਹਿੰ।
ਕੋ ਆਵੈ ਕੋ ਕਰਹਿ ਪਿਯਾਨਾਂ[3]।ਭੀਰ ਭੂਰ ਹੋਈ ਤਿਹ ਥਾਨਾਂ॥੩੫॥

ਲੇ ਉਪਦੇਸ਼ ਸਿੱਖ ਕੋ ਹੋਵਹਿ।ਸਿਮਰਹਿ ਨਾਮ ਸਕਲ ਅਘ[4] ਖੋਵਹਿ।
ਇਕ ਤੇ ਦੂਸਰ ਮਹਿਮਾ ਸੁਨਕੈ। ਆਇ ਪਰਹਿ ਚਰਨਨ ਗੁਰ ਗੁਨਕੈ॥੩੬॥

ਕਿਤਕ ਕਾਮਨਾ[5] ਧਰ ਕਰ ਸੇਵਹਿੰ।ਜੋ ਇੱਛੈਂ ਬਿਨ ਸੰਸੈ ਲੇਵਹਿੰ।
ਨਿਰਮਲ ਮਨ ਕਰਨੇ ਕੇ ਹੇਤਾ।ਰਹਹਿੰ ਕਿਤਕ ਢਿਗ ਪ੍ਰੀਤ ਸਮੇਤਾ॥੩੭॥

ਸਤਿਸੰਗਤ ਹੋਵਨ ਬਹੁ ਲਾਗੀ।ਕਰਹਿੰ ਕੀਰਤਨ ਸਰਧਾ ਜਾਗੀ।
ਦਰਸ਼ਨ ਕੇਰ ਪ੍ਰਤਾਪ ਬਿਸਾਲਾ।ਕਿਉਂ ਨ ਚਲਹਿ ਨੀਕੀ ਨਰ ਚਾਲਾ॥੩੮॥

ਦੋਹਰਾ

ਹੁਤੋ ਨਗਰ ਕੋ ਚੌਧਰੀ ਨਾਮ ਅਜਿੱਤਾ[(*3)] ਜਾਹਿੰ।
ਮਹਿਮਾ ਪ੍ਰਭੂ ਅਵਿਲੋਕ ਕੈ ਸਮਝਜੋ ਨਿਜ ਮਨ ਮਾਹਿੰ ॥੩੯॥

ਚੌਪਈ

ਜਹਿੰ ਸੋਹਤ[6] ਬੇਦੀ ਕੁਲਦੀਪਾ।ਗਮਨਜੋ ਤਿਨ ਕੇ ਤਬਹਿ ਸਮੀਪਾ।
ਹ੍ਵੈ ਕਰ ਦੀਨ ਪ੍ਰੇਮ ਉਰ ਭਰ ਕੈ । ਰਹਜੋ ਚਰਨ ਕਵਲਨ ਸਿਰ ਧਰਕੈ॥੪੦॥

ਬਹੁਰ ਨ ਊਪਰ ਸੀਸ ਉਠਾਵਾ।ਸ੍ਰੀ ਨਾਨਕ ਜੀ ਕਛੁ ਨ ਅਲਾਵਾ।
ਬੈਠ ਰਹੇ ਤੂਸ਼ਨ[7] ਕੋ ਧਾਰੀ।ਜੋ ਨਿਜ ਸੇਵਕ ਮੋਖ ਉਦਾਰੀ॥੪੧॥

SikhBookClub.Com

ਜਿਸ ਵੇਲੇ ਬੈਠਿਆਂ ਨੂੰ ਪਹਿਰ-ਕੁ ਸਮਾਂ ਬਤੀਤ ਹੋ ਗਿਆ। ਉਸ ਵੇਲੇ ਤੀਕ ਵੀ, ਨਾ ਹੀ ਉਨ੍ਹਾਂ ਨੇ ਬਸਤਰ ਪਹਿਨੇ ਅਤੇ ਨਾ ਹੀ ਕੁਝ ਖਾਧਾ। ਜਦ (ਮੂਲੇ ਦਾ) ਵੱਸ ਨਾ ਚੱਲਿਆ (ਤਾਂ ਉਹ) ਬੜਾ ਕਰੋਧਵਾਨ[1] ਹੋਇਆ ਤੇ ਉਸ ਵੇਲੇ ਮੂਲਾ ਉੱਠ ਕੇ ਆ ਗਿਆ। ॥੩੩॥

ਗੁਰੂ ਜੀ ਓਵੇਂ ਹੀ ਬੈਠੇ ਰਹੇ, ਜਿਨ੍ਹਾਂ ਦੇ ਦਰਸ਼ਨਾਂ ਨਾਲ ਦੁੱਖਾਂ-ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ । ਜੋ ਜੋ ਲੋਕ ਗੁਰੂ ਜੀ ਦੀ[2] ਮਹਿਮਾ ਜਾਣੀ ਜਾਂਦੇ ਸਨ, ਉਹ ਆਪ ਦੇ ਦਰਸ਼ਨਾਂ ਲਈ ਆਈ ਜਾਂਦੇ ॥੩੪॥

(ਉਹ) ਨਮਸਕਾਰ ਕਰਕੇ, ਜੀਵਨ ਦਾ ਫਲ (ਮੁਕਤੀ) ਪ੍ਰਾਪਤ ਕਰਦੇ।. ਕੁਝ ਸਮਾਂ ਉਹ ਗੁਰੂ ਜੀ ਦੇ ਕੋਲ ਰਹਿੰਦੇ ਅਤੇ ਫੇਰ ਘਰੋ-ਘਰੀਂ ਮੁੜ[3] ਜਾਂਦੇ। ਕੋਈ ਆਉਂਦਾ ਅਤੇ ਕੋਈ ਚੱਲਦਾ ਬਣਦਾ। ਉਸ ਥਾਂ 'ਤੇ ਲੋਕਾਂ ਦੀ ਬਹੁਤ ਭੀੜ ਹੋ ਗਈ। ॥੩੫॥

ਕਈ ਤਾਂ ਉਪਦੇਸ਼ ਲੈ ਕੇ ਸਿੱਖ ਬਣ ਜਾਂਦੇ। ਪ੍ਰਭੂ ਨਾਮ ਦਾ ਸਿਮਰਨ ਕਰਕੇ, ਸਾਰੇ ਪਾਪ[4] ਨਾਸ਼ ਕਰ ਲੈਂਦੇ। ਇੱਕ-ਦੂਜੇ ਤੋਂ (ਗੁਰੂ ਜੀ ਦੀ) ਮਹਿਮਾ ਸੁਣ-ਸੁਣ ਕੇ ਤੇ ਉਨ੍ਹਾਂ ਦੇ ਗੁਣਾਂ ਨੂੰ ਜਾਣ ਕੇ ਉਨ੍ਹਾਂ ਦੇ ਚਰਨ-ਕਮਲਾਂ ਵਿਚ ਆ ਢਹਿੰਦੇ। ॥੩੬॥

ਕਈ ਤਾਂ ਮਨੋ-ਕਾਮਨਾਵਾਂ[5] ਲੈ ਕੇ ਆਪ ਦੀ ਸੇਵਾ ਕਰਦੇ ਤੇ ਜੋ ਵੀ ਇੱਛਾ ਕਰਦੇ, ਉਹ ਬਿਨਾਂ ਸ਼ੰਕੇ ਤੋਂ ਪ੍ਰਾਪਤ ਕਰ ਲੈਂਦੇ। ਕਈ ਮਨ ਨੂੰ ਨਿਰਮਲ ਕਰਨ ਲਈ, ਬੜੇ ਪ੍ਰੇਮ ਸਹਿਤ (ਗੁਰੂ ਜੀ ਦੇ) ਕੋਲ ਰਹਿ ਪੈਂਦੇ ॥੩੭॥

ਬਹੁਤ ਸਤਿਸੰਗਤ ਹੋਣ ਲੱਗ ਪਈ। ਕੀਰਤਨ ਕਰਨ ਨਾਲ ਲੋਕਾਂ ਵਿੱਚ ਸ਼ਰਧਾ ਜਾਗ ਪਈ। (ਗੁਰੂ ਜੀ ਦੇ) ਦਰਸ਼ਨਾਂ ਦੀ ਬਹੁਤ ਵਡਿਆਈ ਸੀ, (ਅਜਿਹੀ ਹਾਲਤ ਵਿੱਚ) ਆਦਮੀ ਚੰਗੇ ਮਾਰਗ 'ਤੇ ਕਿਉਂ ਨਾ ਚੱਲਣ? ॥੩੮॥

ਦੋਹਰਾ

ਉਸ ਨਗਰ ਦਾ ਚੌਧਰੀ, ਜੋ ਅਜਿੱਤਾ ਨਾਮ ਦਾ ਸੀ, ਗੁਰੂ ਜੀ ਦੀ ਵਡਿਆਈ ਵੇਖ ਕੇ, ਆਪਣੇ ਮਨ ਅੰਦਰ ਸਮਝ ਗਿਆ। ॥੩੯॥

ਚੌਪਈ

ਜਿਸ ਥਾਂ 'ਤੇ ਬੇਦੀ-ਵੰਸ ਦੇ ਦੀਪਕ (ਗੁਰੂ ਜੀ) ਸੁਭਾਇਮਾਨ[6] ਸਨ, ਉਹ ਉਸੇ ਵੇਲੇ ਉਨ੍ਹਾਂ ਦੇ ਕੋਲ ਪੁੱਜ ਗਿਆ। ਹਿਰਦੇ ਵਿੱਚ ਪ੍ਰੇਮ ਰੱਖਦੇ ਹੋਏ, ਉਹਨੇ ਨਿਮਰਤਾ ਨਾਲ (ਗੁਰੂ ਜੀ ਦੇ) ਚਰਨ-ਕਮਲਾਂ ਵਿੱਚ ਸੀਸ (ਮੱਥਾ) ਧਰ ਦਿੱਤਾ। ॥੪੦॥

ਫੇਰ ਮੁੜ ਕੇ (ਉਸ ਨੇ) ਸੀਸ ਉੱਤੇ ਹੀ ਨਾ ਚੁੱਕਿਆ। ਸ਼੍ਰੀ ਗੁਰੂ ਨਾਨਕ ਦੇਵ ਜੀ ਕੁਝ ਵੀ ਨਾ ਬੋਲੇ। ਆਪਣੇ ਸਿੱਖਾਂ ਨੂੰ ਉਦਾਰਤਾ ਨਾਲ ਮੁਕਤੀ ਦਿਵਾਉਣ ਵਾਲੇ ਗੁਰੂ ਜੀ ਚੁੱਪ[7] ਸਾਧ ਕੇ ਬੈਠੇ ਰਹੇ ॥੪੧॥

SikhBookClub.Com

ਨਹੀਂ ਅਜਿੱਤੇ ਸੀਸ ਉਚਾਯੋ[1]। ਇਸ ਪ੍ਰਕਾਰ ਇਕ ਜਾਮ ਬਿਤਾਯੋ।
ਕ੍ਰਿਪਾ ਦ੍ਰਿਸ਼ਟਿ ਕੋ ਦੇਖ ਗੁਸਾਂਈ। ਮ੍ਰਿਦੁਲ ਮਧੁਰ ਮੁਖ ਗਿਰਾ[2] ਅਲਾਈ॥੪੨॥

'ਅਬ ਉਠਿਯੇ ਕਰਤਾਰ ਪਿਆਰੇ। ਅਪਨ ਮਨੋਰਥ ਕਰਹੁ ਉਚਾਰੇ'।
ਨਿਜ ਹਾਥਨ ਸੋਂ ਤਬ ਜਗਨਾਥਾ। ਬੈਠਾਰਜੋ[3] ਉਠਾਇ ਤਿਹ ਮਾਥਾ॥੪੩॥

ਹਾਥ ਜੋਰ ਕੈ ਬਿਨਤੀ ਭਾਖੀ। 'ਰਾਵਰ[4] ਹੋ ਸਭ ਘਟ ਕੇ ਸਾਖੀ।
ਤੁਮ ਸਭ ਜਾਨਹੁ ਅੰਤਰਜਾਮੀ । ਕਯੋਂ ਬਨਹੈ ਮਮ ਕਹਨੋਂ ਸ੍ਵਾਮੀ॥੪੪॥

ਜੋ ਨਹਿਂ ਜਾਨਹਿਂ ਤਾਂਹਿ ਅਗਾਰੀ। ਕਰੈ ਆਪਨੀ ਬ੍ਰਿਥਾ ਉਚਾਰੀ।
ਸਰਬੱਗਨ[5] ਢਿਗ ਤੁਸ਼ਨ ਨੀਕੀ। ਕਰਹਿਂ ਭਲੇਰੀ[6] ਭਾਵਤ ਜੀਕੀ'॥੪੫॥

ਸੁਨਤ ਪ੍ਰਸੀਦੇ ਰਿਦੇ ਗੁਸਾਂਈ । ਕਰਨ ਕ੍ਰਿਤਾਰਥ ਗਿਰਾ ਅਲਾਈ।
'ਬੰਦਨ ਕਰ ਕਰਤਾਰ ਅਗਾਰੀ । ਪੂਜਹਿ[7] ਮਨਕਾਮਨਾ ਤੁਮਾਰੀ'॥੪੬॥

ਸੁਨ ਕੈ ਬਹੁਰ ਚਰਨ ਲਪਟਾਯੋ । ਤਤ ਛਿਨ ਗਜ਼ਾਨ ਰਿਦੈ ਹੁਇ ਆਯੋ।
ਸ਼ਕਤਿ ਬਿਸਾਲ ਭਈ ਸਭ ਭਾਂਤੀ। ਪਾਈ ਏਕ ਬਾਰ ਜਨੁ ਥਾਤੀ[8] ॥੪੭॥

ਸੇਵਾ ਕਰਨ ਲਗਜੋ ਯੁਤਿ[9] ਪ੍ਰੀਤੀ। ਬੇਮੁਖਿਤਾ ਸਗਰੀ ਉਰ ਬੀਤੀ।
ਕਿਤਕ ਦਿਵਸ ਇਸ ਭਾਂਤਿ ਬਿਤਾਏ। ਸਿੱਖੀ ਮਗ ਮਹਿਂ ਬਹੁ ਨਰ ਪਾਏ॥੪੮॥

ਇਕ ਦਿਨ ਸਾਸੁ ਸਸੁਰ ਗੁਰ ਕੇਰੇ। ਆਏ ਨਿਕਟਿ ਕ੍ਰੋਧ ਕੇ ਪ੍ਰੇਰੇ।
ਸੰਗ ਸੁਲਖਣੀ ਚਲ ਕਰ ਆਈ। ਪਾਸ ਬੈਠ ਕਰ ਸਾਸੁ ਅਲਾਈ॥੪੯॥

'ਸੁਨਤੋ ਵੇ ਤੂੰ ਰਹਜੋ ਕੁਰਾਹੀ। ਸਦਾ ਹਮਾਰੀ ਛਾਤੀ ਦਾਹੀ।
ਪੁੱਤ੍ਰਨਿ, ਬਨਿਤਾ, ਤਜਿ ਪਰਵਾਰਾ। ਫਿਰਜੋ ਪ੍ਰਦੇਸਨ ਦ੍ਵਾਰਨ ਦ੍ਵਾਰਾ[10] ॥੫੦॥

SikhBookClub.Com

ਅਜਿੱਤੇ (ਚੌਧਰੀ) ਨੇ ਆਪਣਾ ਸਿਰ ਹੀ ਉੱਤੇ ਨਾ ਚੁੱਕਿਆ[1]। ਇਸੇ ਤਰਾਂ ਇੱਕ ਪਹਿਰ ਸਮਾਂ ਬਿਤਾ ਦਿੱਤਾ। ਜਗਤ ਦੇ ਮਾਲਕ (ਗੁਰੂ ਜੀ) ਨੇ ਮਿਹਰ ਦੀ ਨਜ਼ਰ ਨਾਲ ਤੱਕ ਕੇ, ਮੁੱਖੋਂ ਮਿੱਠੇ ਅਤੇ ਕੋਮਲ ਬਚਨ[2] ਕੀਤੇ। ॥੪੨॥

"ਹੇ ਪਰਮੇਸ਼ਰ ਦੇ ਪਿਆਰੇ! ਹੁਣ ਉੱਠ ਕੇ ਆਪਣਾ ਪ੍ਰਯੋਜਨ ਦੱਸੋ।" ਤਦ ਜਗਤ-ਮਾਲਕ (ਗੁਰੂ ਜੀ) ਨੇ ਆਪਣੇ ਕਰ-ਕਮਲਾਂ ਨਾਲ ਉਸ ਦਾ ਮੱਥਾ ਚੁੱਕ ਕੇ, ਉਸ ਨੂੰ ਬਿਠਾਇਆ[3]। ॥੪੩॥

(ਅਜਿੱਤੇ ਨੇ) ਹੱਥ ਜੋੜ ਕੇ ਬੇਨਤੀ ਕੀਤੀ, "(ਮਹਾਰਾਜ!) ਆਪ[4] ਜੀ ਘਟ-ਘਟ ਦੇ ਜਾਣਨਹਾਰ ਹੋ। ਤੁਸੀਂ ਅੰਦਰ ਦੀਆਂ ਜਾਣਦੇ ਹੋ, ਹੇ ਸਵਾਮੀ ਜੀ! ਮੇਰਾ ਕਹਿਣਾ ਕਿਵੇਂ ਯੋਗ ਹੋ ਸਕਦਾ ਹੈ? ॥੪੪॥

ਜੋ ਨਾ ਜਾਣਦਾ ਹੋਵੇ, ਉਸ ਨੂੰ ਤਾਂ ਕੋਈ ਆਪਣੀ ਵੇਦਨਾ ਦੱਸੇ ਵੀ। ਅੰਤਰਜਾਮੀਆਂ[5] ਅੱਗੇ ਤਾਂ ਚੁੱਪ ਹੀ ਚੰਗੀ ਹੁੰਦੀ ਹੈ (ਕਿਉਂਕਿ) ਉਹ (ਅੰਤਰਜਾਮੀ) ਤਾਂ ਚੰਗੀ[6] ਅਤੇ ਮਨਭਾਉਂਦੀ ਹੀ ਕਰਦੇ ਹੁੰਦੇ ਹਨ। ॥੪੫॥

ਇਹ ਸੁਣਦਿਆਂ ਹੀ, ਗੁਰੂ ਜੀ ਹਿਰਦੇ ਤੋਂ ਪਰਸੰਨ ਹੋ ਗਏ। ਉਹ ਕਿਰਪਾ ਕਰਨ ਹਿਤ ਬੋਲੇ, "ਕਰਤਾਰ ਅੱਗੇ ਬੰਦਨਾ ਕਰੋ ਤਾਂ ਜੁ ਤੁਹਾਡੇ ਮਨ ਦੀ ਇੱਛਾ ਪੂਰੀ[7] ਹੋ ਜਾਵੇ।" ॥੪੬॥

ਇਹ ਬਚਨ ਸੁਣ ਕੇ ਫੇਰ ਅਜਿੱਤਾ ਚਰਨਾਂ ਨਾਲ ਲਿਪਟ ਗਿਆ। ਉਹਨੂੰ ਤੁਰੰਤ ਹੀ ਹਿਰਦੇ ਵਿੱਚ ਗਿਆਨ ਦੀ ਪ੍ਰਾਪਤੀ ਹੋ ਗਈ (ਅਤੇ) ਹਰ ਪ੍ਰਕਾਰ ਦੀ ਭਾਰੀ ਸ਼ਕਤੀ ਪ੍ਰਾਪਤ ਹੋ ਗਈ, ਮਾਨੋ ਸੇਵਕ ਨੇ ਇੱਕੋ ਵਾਰ ਹੀ ਸਾਰੀ ਪੂੰਜੀ ਦੀ ਥੈਲੀ[8] ਪ੍ਰਾਪਤ ਕਰ ਲਈ (ਹੋਵੇ)! ॥੪੭॥

ਉਹ ਪ੍ਰੇਮ ਸਹਿਤ[9] ਸੇਵਾ ਕਰਨ ਲੱਗ ਪਿਆ। ਹਿਰਦੇ ਵਿੱਚੋਂ ਸਾਰੀ ਹੀ ਮਨਮੁੱਖਤਾ ਖ਼ਤਮ ਹੋ ਗਈ। ਕਿਤਨੇ ਹੀ ਦਿਨ ਇਸ ਤਰਾਂ ਗੁਜ਼ਾਰੇ ਅਤੇ ਗੁਰੂ ਜੀ ਨੇ ਬਹੁਤ ਲੋਕ ਗੁਰਸਿੱਖੀ ਦੇ ਮਾਰਗ ਵਿੱਚ ਪਾਏ। ॥੪੮॥

ਇੱਕ ਦਿਨ ਗੁਰੂ ਜੀ ਦੀ ਸੱਸ ਤੇ ਸਹੁਰਾ ਕਰੋਧ ਦੇ ਭਰੇ ਹੋਏ, ਆਪ ਦੇ ਕੋਲ ਆਏ। ਉਨ੍ਹਾਂ ਨਾਲ ਮਾਤਾ ਸੁਲੱਖਣੀ ਵੀ ਚੱਲ ਕੇ ਆਈ। ਕੋਲ ਬੈਠ ਕੇ ਸੱਸ ਬੋਲੀ। ॥੪੯॥

"ਵੇ ਤੂੰ ਸੁਣਦਾ ਏਂ! (ਸਾਰੀ ਉਮਰ) ਕੁਰਾਹੇ ਹੀ ਚੱਲਦਾ ਰਿਹਾ ਹੈਂ ਤੇ ਹਮੇਸ਼ਾ ਹੀ ਸਾਡਾ ਸੀਨਾ ਸਾੜਿਆ ਹੈ। (ਤੂੰ) ਪੁੱਤਰ, ਪਤਨੀ ਤੇ ਪਰਿਵਾਰ ਨੂੰ ਤਿਆਗ ਕੇ ਪਰਦੇਸਾਂ ਵਿੱਚ, ਦਰ-ਬ-ਦਰ[10] ਘੁੰਮਦਾ (ਭਟਕਦਾ) ਫਿਰਦਾ ਰਿਹਾ ਹੈਂ। ॥੫੦॥

SikhBookClub.Com

ਕੋ ਕਾਰਜ ਤੈਂ ਹਾਸਲ ਕੀਨਾ?ਅਪਨੋ ਦਰਬ[1] ਲੁਟਾਇ ਸੁ ਦੀਨਾ।
ਜਗ ਕੀ ਲਾਜ ਤਜੀ ਇਕ ਬਾਰੀ।ਹਮਕੋ ਸਬ ਮਹਿਂ ਕੀਨ ਖ਼ੁਆਰੀ॥੫੧॥

ਨਰ ਕਹਿਂ — ਅਮੁਕੇ[2] ਕੋ ਜੁ ਜਮਾਤਾ।ਭਯੋ ਫਕੀਰ ਤਜੇ ਤਿਯ ਤਾਤਾ—'।
ਸ੍ਰੀ ਨਾਨਕ ਤੁਸ਼ਨ ਹ੍ਵੈ ਬੈਸੇ।ਸਨਮੁਖ ਬਚਨ ਭਨਜੋ ਨਹਿਂ ਕੈਸੇ॥੫੨॥

ਸੁਨੀ ਅਜਿੱਤੇ ਜਬ ਅਸ ਗਾਥਾ। — ਮੂਲਾ ਲਰਤ ਗੁਰੂ ਕੇ ਸਾਥਾ —।
ਦੌਰਜੋ ਘਰ ਤੇ ਤੂਰਨ ਆਵਾ।ਤਿਨ ਸੋਂ ਅਸ ਬਿਧਿ ਬਚਨ ਅਲਾਵਾ॥੫੩॥

'ਊਚੇ ਕਹਿ ਕਿਉਂ ਸੀਸ ਖਪਾਵਤ[3]। ਕਿਉਂ ਤੁਮ ਦੁਖੀ ਹੋਇ ਪਛੁਤਾਵਤ।
ਮਹਾਂ ਪੁਰਖ ਉਰ ਮਤੋ ਉਚੇਰਾ।ਭੇਦ ਨ ਜਾਨ ਸਕਹੁ ਇਨ ਕੇਰਾ॥੫੪॥

ਬਿਨਾ ਹੇਤੁ ਤੇ ਆਨ ਅਕਾਵਤ[4]।ਇਹ ਨਹਿਂ ਤੁਮਕੋ ਕਛੂ ਦੁਖਾਵਤ।
ਨਹੀਂ ਬਿਗਾਰਤ ਕਾਰਜ ਰਾਈ।ਕਛੂ ਨ ਜਾਚਤ ਤੁਮ ਢਿਗ ਜਾਈ॥੫੫॥

ਕਹਹੁ ਕਠੋਰ ਗਿਰਾ ਦੁਖਦਾਈ।ਨਾਹਕ[5] ਰੋਸੁ ਕਰਹੁ ਅਕੁਲਾਈ[6]।
ਭਯੋ ਫ਼ਕੀਰ ਬ੍ਰਿਕਤ ਮਨ ਮਾਂਹੀ।ਅਬ ਤੁਮ ਕਾਰਜ ਕੋ ਰਹਜੋ ਨਾਂਹੀ।੫੬।

ਕਰ ਸੰਤੋਖ ਸਦਨ ਨਿਜ ਬੈਸਹੁ।ਮੁਖ ਤੇ ਬਚਨ ਕਹੌ ਨਹਿਂ ਕੈਸਹੁ'।
ਬੋਲਿਓ ਮੂਲਾ 'ਤੁਮ ਹੋ ਸਜਾਨੇ।ਸੁਨਹੁ ਚੌਧਰੀ! ਸਬ ਬਿਧਿ ਜਾਨੇ॥੫੭॥

ਪ੍ਰਿਥਮੈ ਇਸ ਢਿਗ[7] ਦਰਬ ਘਨੇਰਾ।ਦਯੋ ਲੁਟਾਇ ਸਰਬ ਬਿਨ ਦੇਰਾ।
ਇਤਨੀ ਗੁਨੀ ਨ ਨਿਜ ਮਨ ਮਾਂਹੀ।— ਸੁਤ ਬਨਿਤਾ ਕਿਹ ਥਲ ਤੇ ਖਾਹੀਂ —॥੫੮॥

ਸਬ ਬਿਵਹਾਰ[8] ਦਰਬ ਤੇ ਹੋਈ।ਸੋ ਇਨ ਦੀਨ ਅਕਾਰਥ ਖੋਈ।
ਬਹੁਰੋ ਤਜੀ ਜਗਤ ਕੀ ਲਾਜਾ।ਬੇਖ ਫਕੀਰੀ ਤਨ ਮੈਂ ਸਾਜਾ[9] ॥੫੯॥

SikhBookClub.Com

ਤੂੰ ਕਿਹੜਾ ਚੰਗਾ ਕੰਮ ਹਾਸਲ ਕੀਤਾ ਹੈ? ਜੋ ਆਪਣੀ ਧਨ-ਦੌਲਤ[1] ਸੀ, ਉਹ ਵੀ ਤੂੰ ਗਰੀਬਾਂ ਨੂੰ ਲੁਟਾ ਦਿੱਤੀ। ਤੂੰ ਲੋਕ-ਲੱਜਾ ਇੱਕੋ-ਵਾਰੀ ਹੀ ਲਾਹ ਛੱਡੀ ਹੈ। ਸਾਨੂੰ, ਸਾਰਿਆਂ ਵਿੱਚ ਖੱਜਲ-ਖੁਆਰ ਕੀਤਾ ਹੈ। ॥੫੧॥

ਲੋਕੀਂ ਕਹਿੰਦੇ ਹਨ -ਜਿਹੜਾ ਫਲਾਣੇ[2] ਦਾ ਜਵਾਈ ਹੈ, ਉਹ ਪਤਨੀ ਤੇ ਪੁੱਤਰਾਂ ਨੂੰ ਛੱਡ ਕੇ ਸਾਧੂ ਹੋ ਗਿਆ ਹੈ-" ਗੁਰੂ ਨਾਨਕ ਜੀ ਚੁੱਪ-ਚਾਪ ਬੈਠੇ ਰਹੇ (ਆਪਣੀ ਸੱਸ ਦੇ) ਸਾਹਮਣੇ) ਕਿਸੇ ਤਰਾਂ ਦਾ ਕੋਈ ਵੀ ਸ਼ਬਦ ਨਾ ਬੋਲੇ। ॥੫੨॥

ਜਿਸ ਵੇਲੇ ਅਜਿੱਤੇ ਨੇ ਇਸ ਤਰਾਂ ਦੀ ਗੱਲ ਸੁਣੀ ਕਿ -ਮੂਲਾ ਗੁਰੂ ਜੀ ਨਾਲ ਲੜਦਾ ਹੈ-। ਤਾਂ ਉਹ ਤੁਰੰਤ ਹੀ ਘਰ ਤੋਂ ਦੌੜਿਆ ਆਇਆ ਅਤੇ ਉਨ੍ਹਾਂ ਨੂੰ, ਇਸ ਤਰਾਂ ਦੇ ਬਚਨ ਆਖੇ। ॥੫੩॥

"ਉੱਚੀ ਬੋਲ ਕੇ (ਕਿਉਂ) ਸਿਰ ਖਪਾਉਂਦੇ[3] ਹੋ? ਤੁਸੀਂ ਦੁਖੀ ਹੋ-ਹੋ ਕੇ ਕਿਉਂ ਪਛਤਾ ਰਹੇ ਹੋ? ਇਹ (ਨਾਨਕ ਜੀ) ਮਹਾਂਪੁਰਖ ਹਨ ਤੇ ਗਿਆਨ ਅਤੇ ਹਿਰਦੇ ਪੱਖੋਂ ਉੱਚੀ ਅਵਸਥਾ ਵਾਲੇ ਹਨ। ਇਨ੍ਹਾਂ ਦੇ ਭੇਤ (ਵਡਿਆਈ) ਤੁਸੀਂ ਨਹੀਂ ਜਾਣ ਸਕਦੇ। ॥੫੪॥

ਬਿਨਾਂ ਕਾਰਨ ਦੇ ਹੀ, ਆ ਕੇ (ਇਨ੍ਹਾਂ ਨੂੰ) ਦੁਖੀ[4] ਕਰਦੇ ਹੋ। ਇਹ ਤੁਹਾਨੂੰ ਕੋਈ ਦੁੱਖ ਨਹੀਂ ਦਿੰਦੇ। ਤੁਹਾਡਾ ਕੋਈ ਰਾਈ ਜਿੰਨਾ ਕੰਮ ਵੀ ਨਹੀਂ ਵਿਗਾੜਦੇ। ਤੁਹਾਡੇ ਕੋਲ ਜਾ ਕੇ ਕੁਝ ਮੰਗਦੇ ਵੀ ਨਹੀਂ। ॥੫੫॥

ਤੁਸੀਂ ਦਿਲ ਨੂੰ ਦੁਖਾਉਣ ਵਾਲੇ, ਕਰੜੇ-ਸ਼ਬਦ ਆਖਦੇ ਹੋ। ਐਂਵੇਂ[5] ਵਿਆਕੁਲ[6] ਹੋ ਕੇ ਗੁੱਸਾ ਕਰਦੇ ਹੋ। ਇਹ, ਮਨ ਤੋਂ ਤਿਆਗੀ ਹੋਣ ਕਰਕੇ ਫ਼ਕੀਰ ਬਣ ਗਏ ਹਨ। ਹੁਣ ਤੱਕ, ਤੁਹਾਡਾ ਕੋਈ ਕੰਮ ਤਾਂ ਨਹੀਂ ਅਟਕਿਆ। ॥੫੬॥

ਸਬਰ ਕਰਕੇ ਆਪਣੇ ਘਰ ਬੈਠੋ। ਕਿਸੇ ਤਰਾਂ ਦੇ ਬਚਨ ਆਪਣੇ ਮੂੰਹੋਂ ਨਾ ਆਖੋ!" ਮੂਲਾ ਬੋਲਿਆ, "ਚੌਧਰੀ ਜੀ, ਸੁਣੋ! ਤੁਸੀਂ ਸਮਝਦਾਰ ਹੋ, ਸਭ ਤਰਾਂ ਨਾਲ (ਸਭ ਕੁਝ) ਜਾਣਦੇ ਹੋ। ॥੫੭॥

ਪਹਿਲਾਂ ਤਾਂ ਇਸ ਕੋਲ[7] ਬਹੁਤ ਧਨ-ਦੌਲਤ ਸੀ। (ਜੋ) ਇਸ ਨੇ ਛੇਤੀ-ਛੇਤੀ, ਸਾਰਾ ਹੀ ਗਰੀਬਾਂ ਨੂੰ ਲੁੱਟਾ ਦਿੱਤਾ। ਇਹਨੇ ਆਪਣੇ ਮਨ ਵਿੱਚ ਇੰਨਾ ਨਹੀਂ ਸੋਚਿਆ ਕਿ -ਪਤਨੀ ਤੇ ਪੁੱਤਰ ਕਿੱਥੋਂ ਖਾਣਗੇ?-॥੫੮॥

ਸਾਰੇ ਕਾਰ-ਵਿਹਾਰ[8] ਧਨ-ਦੌਲਤ ਨਾਲ ਹੀ ਤਾਂ ਹੁੰਦੇ ਹਨ, ਉਹੀ ਇਸ ਨੇ ਬੇਅਰਥ ਗੁਆ ਦਿੱਤੀ ਤੇ ਫੇਰ ਲੋਕ-ਲੱਜਾ ਤਿਆਗ ਦਿੱਤੀ ਹੈ ਅਤੇ ਫ਼ਕੀਰੀ ਦਾ ਵੇਸ ਧਾਰਨ[9] ਕਰ ਲਿਆ ਹੈ। ॥੫੯॥

SikhBookClub.Com

ਪਰਦੇਸਨ[1] ਗਮਨਜੋ ਬਹੁ ਕਾਲਾ। ਅਬ ਆਯੋ ਨਿਜ ਤਜਤ ਨ ਚਾਲਾ।
ਬੈਠ ਸਮੀਪ ਦਹਤਿ[2] ਨਿਤ ਛਾਤੀ। ਇਸ ਕੀ ਚਿੰਤ ਹਮਹਿਂ ਦਿਨ ਰਾਤੀ॥੬੦॥

ਜੇ ਸਰੀਕ ਸਬ ਹਸੀ[3] ਉਚਾਰੈਂ। ਇਹ ਨਹਿਂ ਕਿਹ ਕੀ ਸ਼ੰਕ ਬਿਚਾਰੈ'।
ਬਹੁਰ ਅਜਿੱਤਾ ਬੋਲਜੋ ਬਾਨੀ। 'ਸੁਨੋ ਚਚਾ[4] ਤੁਮ ਕਹਤਿ ਸਿਆਨੀ॥੬੧॥

ਜੋ ਪਰੰਤੁ ਹੋਵੈ ਸੰਸਾਰੀ। ਤਿਸਕੋ ਚਹਤਿ ਸੁ ਅਸ ਬਿਵਹਾਰੀ।
ਇਨ ਕੋ ਸੁਪਨੇ ਮੋਹ ਨ ਆਵੈ। ਰਹਤ ਆਪ ਤਸ ਜਸ ਮਨ ਭਾਵੈ॥੬੨॥

ਇਨ ਕੇ ਆਗੈ ਤੁਸ਼ਨ ਠਾਨਹੁ। ਇਸ ਬਿਧਿ ਅਪਨਾ ਭਲਾ[5] ਪਛਾਨਹੁ'।
ਮੂਲਾ ਕਹੈ 'ਨ ਹੌਂ ਅਬ ਕਹੌਂ।— ਨਿਜ ਪਰਵਾਰ ਸਮ੍ਹਾਰੈ — ਚਹੌਂ॥੬੩॥

ਸਬ ਕੋ ਖਰਚ ਪਰਜੋ ਗਰ[6] ਮੇਰੇ। ਇਨ ਸੁਧ ਲਈ ਨ ਕਬ ਮੁਰ ਹੇਰੇ।
ਸੂਧਾ[7] ਹੋਇ ਨ ਇਹ ਮਮ ਭਾਖੇ। ਨਿਤ ਟੇਢੇ ਮਾਰਗ ਪਗ ਰਾਖੇ'॥੬੪॥

ਦੋਹਰਾ

'ਸੁਨ ਮਹਤਾ[8]! ਸ੍ਰੀ ਚੰਦ ਪੁਨਿ ਦੂਜੋ ਲਖਮੀ ਦਾਸ।
ਤਰੁਨ ਬੈਸ ਤਿਨ ਕੀ ਭਈ ਖਾਟਹਿਂ ਅਬ ਧਨ ਰਾਸ॥੬੫॥

ਚੌਪਈ

ਤਿਨ ਕੀ ਮਾਤ ਸੁਸਾ ਸਮ ਹੇਰੀ। ਹੌਂ ਕਰਹੌਂ ਤਿਹ ਸੇਵ ਘਨੇਰੀ[9]।
ਪਠਹੁ ਸਦਨ ਮਮ ਬਿਲਮ ਨ ਲਾਵਹੁ। ਕਛੁ ਨਹਿਂ ਰਿਦੇ ਸੰਦੇਹ[10] ਉਠਾਵਹੁ'॥੬੬॥

ਮੂਲਾ ਕਹੈ 'ਨ ਇਉਂ ਬਨਿ ਆਵੈ। ਹਮਰੀ ਨਿੰਦਾ ਜਗਤ ਅਲਾਵੈ।
— ਅਪਨੀ ਤਨੁਯਾ[11] ਹੇਤੁ ਅਹਾਰਾ। ਪਰ ਘਰ ਪਠੀ — ਕਹੈ ਸੰਸਾਰਾ'॥੬੭॥

ਕਹੈ ਅਜਿੱਤਾ 'ਜੇ ਅਸ ਜਾਨਹੁ। ਨਿਜ ਮੁਖ ਤੇ ਤੁਸ਼ਨ ਇਮ ਠਾਨਹੁ।
ਕਿਆ ਇਨ ਆਗੈ ਜਾਇ ਬਖਾਨਜੋ। ਜਿਨ ਕੋ ਭੇਦ ਸੁ ਜਾਇ ਨ ਜਾਨਜੋ॥੬੮॥

SikhBookClub.Com

ਬਹੁਤ ਸਮਾਂ ਪਰਦੇਸਾਂ[1] ਵਿੱਚ ਘੁੰਮਦਾ ਫਿਰਦਾ ਹੋਇਆ, ਹੁਣ ਆਇਆ ਹੈ, ਪਰ ਅਜੇ ਵੀ ਆਪਣੇ ਚਾਲੇ ਨਹੀਂ ਛੱਡਦਾ। (ਸਾਡੇ) ਕੋਲ ਬੈਠ ਕੇ ਰੋਜ਼ ਸਾਡਾ ਸੀਨਾ ਸਾੜਦਾ[2] ਹੈ। ਸਾਨੂੰ ਤਾਂ ਦਿਨੇ-ਰਾਤ ਇਸੇ ਦੀ ਹੀ ਚਿੰਤਾ ਲੱਗੀ ਰਹਿੰਦੀ ਹੈ। ॥੬੦॥

ਜਿੰਨੇ ਸ਼ਰੀਕ ਹਨ, ਉਹ ਸਾਡਾ ਮਜ਼ਾਕ[3] ਉਡਾਉਂਦੇ ਹਨ ਪਰ ਇਸ ਨੂੰ ਕਿਸੇ ਪ੍ਰਕਾਰ ਦਾ ਡਰ ਵਿਚਾਰ ਹੀ ਨਹੀਂ।" ਅਜਿੱਤਾ ਮੁੜ ਬੋਲਿਆ, "ਚਾਚਾ[4] ਜੀ, ਸੁਣੋ! ਤੁਸੀਂ ਸਿਆਣੀ ਗੱਲ ਆਖਦੇ ਹੋ। ॥੬੧॥

ਜਿਹੜਾ ਗ੍ਰਿਹਸਤੀ ਹੋਵੇ, ਉਸ ਨਾਲ ਤਾਂ ਇਸ ਤਰਾਂ ਦਾ ਵਰਤਾਉ ਕਰਨਾ ਚਾਹੀਦਾ ਹੈ ਪਰ ਇਨ੍ਹਾਂ (ਗੁਰੂ ਜੀ) ਨੂੰ ਤਾਂ ਸੁਪਨੇ ਵਿਚ ਵੀ ਮੋਹ ਨਹੀਂ ਆਉਂਦਾ। ਇਹ ਤਾਂ ਉਸੇ ਤਰਾਂ ਹੀ ਰਹਿੰਦੇ ਹਨ, ਜਿਵੇਂ ਇਨ੍ਹਾਂ ਦੇ ਮਨ ਨੂੰ ਭਾਉਂਦਾ ਹੈ। ॥੬੨॥

ਇਨ੍ਹਾਂ ਦੇ ਅੱਗੇ ਤਾਂ ਚੁੱਪ ਹੀ ਵੱਟੀ ਰੱਖੋ। ਇਸੇ ਢੰਗ ਵਿੱਚ ਹੀ ਆਪਣੀ ਭਲਾਈ[5] ਜਾਣੋ।" ਮੂਲੇ ਨੇ ਆਖਿਆ, "ਮੈਂ ਹੁਣ ਨਹੀਂ ਬੋਲਾਂਗਾ, ਮੈਂ ਤਾਂ ਚਾਹੁੰਦਾ ਹਾਂ -ਇਹ ਆਪਣੇ ਪਰਿਵਾਰ ਦੀ ਸੰਭਾਲ ਕਰੇ-। ॥੬੩॥

ਸਾਰਿਆਂ ਦਾ ਖ਼ਰਚਾ ਮੇਰੇ ਗਲ[6] ਪਿਆ ਹੋਇਆ ਹੈ। ਮੇਰੇ ਦੇਖਦਿਆਂ, ਇਸ ਨੇ ਤਾਂ ਨਾ ਕਦੇ (ਆਪਣੇ ਪਰਿਵਾਰ ਦੀ) ਖ਼ਬਰ ਲਈ ਹੈ ਤੇ ਨਾ ਹੀ (ਪਰਵਾਰ ਨੂੰ ਮੁੜ ਕੇ) ਵੇਖਿਆ ਹੈ। ਮੇਰੇ ਆਖਿਆਂ ਤਾਂ ਇਹ ਸਿੱਧਾ[7] ਨਹੀਂ ਹੁੰਦਾ। ਰੋਜ਼ਾਨਾ ਟੇਢੇ ਰਾਹੇ ਹੀ ਪੈਰ ਧਰਦਾ ਹੈ।" ॥੬੪॥

ਦੋਹਰਾ

(ਅਜਿੱਤਾ ਬੋਲਿਆ), "ਮਹਿਤਾ (ਮੂਲ ਚੰਦ[8]) ਜੀ, ਸੁਣੋ! ਸ੍ਰੀ ਚੰਦ ਅਤੇ ਦੂਜਾ ਲਖਮੀ ਦਾਸ (ਹੁਣ) ਗੱਭਰੂ ਹੋ ਗਏ ਹਨ। ਹੁਣ ਧਨ-ਦੌਲਤ ਕਮਾਉਣ ਲੱਗ ਪਏ ਹਨ। ॥੬੫॥

ਚੌਪਈ

ਇਨ੍ਹਾਂ ਬੱਚਿਆਂ ਦੀ ਮਾਤਾ ਨੂੰ ਮੈਂ ਭੈਣ ਸਮਾਨ ਵੇਖਦਾ ਹਾਂ। ਮੈਂ ਉਸ ਦੀ ਬਹੁਤ[9] ਸੇਵਾ ਕਰਾਂਗਾ। (ਉਸ ਨੂੰ) ਮੇਰੇ ਘਰ ਭੇਜ ਦੇਵੋ, (ਬਿਲਕੁਲ) ਦੇਰ ਨਾ ਲਾਉ। ਹਿਰਦੇ ਵਿੱਚ ਕੋਈ ਸ਼ੰਕਾ[10] ਨਾ ਰੱਖੋ।" ॥੬੬॥

ਮੂਲੇ ਨੇ ਕਿਹਾ, "ਇਸ ਤਰਾਂ ਤਾਂ ਗੱਲ (ਠੀਕ) ਨਹੀਂ ਬਣਦੀ। ਸਾਰਾ ਸੰਸਾਰ ਸਾਡੀ ਨਿੰਦਾ ਕਰੇਗਾ ਕਿ -ਆਪਣੀ ਧੀ[11], ਰੋਟੀ ਕਾਰਨ ਪਰਾਏ ਘਰ ਘੱਲੀ ਹੋਈ ਹੈ-।" ॥੬੭॥

ਅਜਿੱਤੇ ਨੇ ਕਿਹਾ, "ਜੇਕਰ ਇਸ ਤਰਾਂ ਸਮਝਦੇ ਹੋ (ਤਾਂ) ਆਪਣੇ ਮੂੰਹਾਂ 'ਤੇ ਇਸ ਪ੍ਰਕਾਰ ਚੁੱਪ ਵੱਟ ਲਵੋ। ਇਨ੍ਹਾਂ (ਗੁਰੂ ਜੀ) ਦੇ ਅੱਗੇ ਕੀ ਬੋਲਦੇ ਹੋ, ਜਿਨ੍ਹਾਂ ਦਾ ਭੇਤ ਹੀ ਜਾਣਿਆ ਨਹੀਂ ਜਾ ਸਕਦਾ। ॥੬੮॥

SikhBookClub.Com

ਦੁਖ ਸੁਖ ਮਹਿੰ ਸਮਤਾ[1] ਇਨ ਕੇਰੀ। ਸਾਧੁ ਰੂਪ ਹੈ ਬ੍ਰਿਕਤਿ ਘਨੇਰੀ'।
ਮੂਲਾ ਭਨਤ 'ਕਹੈਂ ਜਿਹ ਸਾਧੂ। ਇਹ ਸਮ ਕੋ ਨ ਕਰੈ ਅਪਰਾਧੂ॥੬੯॥

ਦੋਹਰਾ

ਇਸ ਜੈਸਾ ਖੋਟਾ ਨ ਕੋ ਨਿਤ ਛਾਤੀ ਕਿਯ ਦਾਹ।
ਕੌਨ ਸੁ ਲੱਛਨ ਸਾਧ ਕੋ ਨਾਮ ਪਰਜੋ ਜਗ ਮਾਂਹਿ'॥੭੦॥

ਚੌਪਈ

ਚੰਦੋਰਾਨੀ ਕਰਕੀ[2] ਫੇਰ। 'ਤਪਾ ਰਖਾਯੋ ਆਖਜ ਟੇਰ।
ਕੀਨੋ ਵਹਿਰ ਫਕੀਰੀ ਬੇਸਾ। ਤਿਯ ਸੁਤਿ ਤਜਿ ਕੈ ਫਿਰਜੋ ਬਿਦੇਸਾ॥੭੧॥

ਕਰ ਅਨਾਥ ਤਿਨ ਗਯੋ ਪਲਾਈ[3]। ਤਨਕ[4] ਨ ਮਨ ਮਹਿੰ ਕਰੁਨਾ ਆਈ।
ਹੌਂ ਪਰਮੇਸੁਰ ਕੋ ਭੈ ਕਰਕੈ। ਇਸ ਕੋ ਕਹਿਤ ਨ ਕਛੂ ਬਿਚਰ ਕੈ॥੭੨॥

ਨਾਤੁਰ ਮੈਂ ਅਬ ਕਰੋਂ ਖੁਆਰੂ। ਪ੍ਰਗਟਾਵੋਂ ਇਹ ਸ੍ਵਾਂਗ ਕੁਚਾਰੂ[5]'।
ਸੁਨ ਸ੍ਰੀ ਗੁਰ ਤੁਸ਼ਨਿ ਹ੍ਵੈ ਰਹੇ। ਤਨਕ ਬਦਨ ਤੇ ਬਚਨ ਨ ਕਹੇ॥੭੩॥

ਦੋਹਰਾ

ਬੋਲੀ ਬਹੁਰ ਸੁਲਖਣੀ 'ਤੁਮ ਸੰਗ ਬੋਲਨਿ ਕਾਜ।
ਏਕ ਬਾਰ ਜਗ ਲਾਜ ਤਜ ਕਿਉਂ ਕਰ ਭਯੋ ਨਿਲਾਜ[6]॥੭੪॥ (*4)

ਚੌਪਈ

ਕਿਉਂ ਤੁਮ ਫਿਰੇ ਮੋਹਿ ਸੰਗ ਲਾਵਨ[7]। ਜੇ ਤਨ ਭਗਵੋ[8] ਭੇਖ ਬਨਾਵਨ।
ਮੁਝ ਕੋ ਕਰ ਅਨਾਥ ਇਕ ਬਾਰੀ। ਆਇ ਨ ਕਬਹੂੰ ਸੁਰਤਿ ਸੰਭਾਰੀ'॥੭੫॥

ਕਹਿਤ ਅਜਿੱਤਾ 'ਭਗਨੀ! ਸੁਨੀਏ। ਭਲਾ ਆਪਨਾ ਤੁਸ਼ਨ ਗੁਨੀਏ।
ਅਸਨ ਬਸਨ[9] ਕੀ ਜੇ ਹ੍ਵੈ ਚਾਹੀ। ਸੇਵਾ ਕਰੋਂ, ਕਹੋ ਮੁਝ ਪਾਹੀ॥੭੬॥

SikhBookClub.Com

ਇਹ ਤਾਂ ਦੁੱਖ-ਸੁੱਖ ਵਿਚ ਇੱਕ ਸਮਾਨ[1] ਹਨ। ਇਹ ਸਾਧੂ ਸਰੂਪ ਅਤੇ ਬਹੁਤ ਤਿਆਗੀ ਹਨ। ਮੂਲਾ ਬੋਲਿਆ, "ਜਿਸ ਨੂੰ ਸਾਧੂ ਕਹਿੰਦੇ ਹੋ, ਇਸ ਦੇ ਬਰਾਬਰ ਦਾ ਤਾਂ ਕੋਈ ਅਪਰਾਧ (ਕਸੂਰ) ਹੀ ਨਹੀਂ ਕਰਦਾ। ॥੬੯॥

ਦੋਹਰਾ

ਇਸ ਜਿਹਾ ਤਾਂ ਕੋਈ ਖੋਟਾ ਨਹੀਂ, ਜੋ ਹਮੇਸ਼ਾ ਸਾਡਾ ਸੀਨਾ ਸਾੜਦਾ ਹੈ। ਇਸ ਵਿੱਚ ਕਿਹੜਾ ਲੱਛਣ ਸਾਧ ਵਾਲਾ ਹੈ, ਜਿਸ ਕਰਕੇ ਇਹਨੂੰ ਸਾਧ ਆਖੀਏ। ॥੭੦॥

ਚੌਪਈ

ਫੇਰ ਚੰਦੋਰਾਣੀ ਕੜਕ[2] ਕੇ ਬੋਲੀ, "ਲੋਕਾਂ ਨੂੰ ਕਹਿ ਕੇ ਆਪਣਾ ਨਾਂ ਤਾਂ 'ਤਪਾ' ਰਖਾ ਲਿਆ ਹੈ, ਬਾਹਰੋਂ ਫ਼ਕੀਰ ਦਾ ਵੇਸ ਬਣਾਇਆ ਹੋਇਆ ਹੈ ਅਤੇ ਪਤਨੀ ਤੇ ਪੁੱਤਰਾਂ ਨੂੰ ਛੱਡ ਕੇ ਵਿਦੇਸ਼ਾਂ ਵਿਚ ਘੁੰਮਦਾ-ਫਿਰਦਾ ਰਿਹਾ ਹੈ। ॥੭੧॥

ਉਨ੍ਹਾਂ ਨੂੰ ਅਨਾਥ ਕਰਕੇ (ਆਪ) ਨੱਠ[3] ਗਿਆ। (ਇਸ ਦੇ) ਮਨ ਵਿੱਚ ਥੋੜ੍ਹੀ[4] ਜਿੰਨੀ ਵੀ ਦਇਆ ਨਹੀਂ ਆਈ। ਮੈਂ ਕਰਤਾਰ ਤੋਂ ਡਰ ਕੇ, ਇਸ ਨੂੰ ਜਾਣ-ਬੁੱਝ ਕੇ ਹੀ ਕੁਝ ਨਹੀਂ ਕਹਿੰਦੀ। ॥੭੨॥

ਨਹੀਂ ਤਾਂ, ਮੈਂ ਹੁਣ ਤਕ (ਇਹਨੂੰ) ਖ਼ੁਆਰ ਕਰ ਦਿੰਦੀ ਤੇ ਇਹਦਾ, ਖੋਟੀ-ਚਾਲ[5] ਵਾਲਾ ਸਵਾਂਗ ਲੋਕਾਂ ਵਿਚ ਪਰਗਟ ਕਰ ਦਿੰਦੀ।" (ਇਹ) ਸੁਣ ਕੇ ਗੁਰੂ ਜੀ ਚੁੱਪ ਹੀ ਰਹੇ।ਮੁਖ ਵਿੱਚੋਂ ਥੋੜ੍ਹਾ ਜਿੰਨਾ ਵੀ ਬਚਨ ਨਾ ਬੋਲੇ। ॥੭੩॥

ਦੋਹਰਾ

ਫੇਰ ਸੁਲੱਖਣੀ ਬੋਲੀ, "ਤੁਹਾਡੇ ਨਾਲ ਗੱਲ ਕਰਨੀ (ਮੇਰਾ) ਕੰਮ ਹੈ। ਲੋਕ ਲਾਜ ਇੱਕੋ ਵਾਰ ਹੀ ਛੱਡ ਕੇ (ਫੇਰ) ਤੁਸੀਂ ਕਿਵੇਂ ਨਿਰਲੱਜ[6] ਹੋ ਗਏ ਹੋ ॥੭੪॥

ਚੌਪਈ

ਜੇਕਰ ਸਰੀਰ 'ਤੇ ਭਗਵਾਂ[8] ਵੇਸ ਹੀ ਪਾਉਣਾ ਸੀ ਤਾਂ ਤੁਸੀਂ ਮੇਰੇ ਨਾਲ ਲਾਵਾਂ[7] ਹੀ ਕਿਸ ਵਾਸਤੇ ਲਈਆਂ ਸਨ? ਮੈਨੂੰ ਇੱਕੇ ਵਾਰੀ (ਉੱਕਾ) ਹੀ ਅਨਾਥ ਬਣਾ ਦਿੱਤਾ ਤੇ ਮੁੜ ਕੇ ਕਦੇ ਆਣ ਕੇ ਖਬਰ ਹੀ ਨਹੀਂ ਲਈ। ॥੭੫॥

ਅਜਿੱਤੇ ਨੇ ਕਿਹਾ, "ਭੈਣ, ਸੁਣ! ਚੁੱਪ ਵਿੱਚ ਹੀ ਆਪਣਾ ਭਲਾ ਜਾਣ। ਜੇਕਰ ਤੈਨੂੰ ਰੋਟੀ-ਕੱਪੜੇ[9] ਦੀ ਇੱਛਾ ਹੈ ਤਾਂ ਮੈਨੂੰ ਦੱਸ, ਮੈਂ ਤੇਰੀ ਸੇਵਾ ਕਰਾਂਗਾ। ॥੭੬॥

SikhBookClub.Com

ਦੋਹਰਾ

ਮਾਤ ਪਿਤਾ ਤੇਰੇ ਕਹੈਂ ਕਹਨ[1] ਉਚਿਤ ਤੁਝ ਨਾਂਹਿ।
ਮੁਖ ਤੇ ਭਨਤ ਕੁਬੋਲ ਕੋ ਹ੍ਵੈ ਬਿਰੋਧ[2] ਤੁਮ ਮਾਂਹਿ।੭੭।

ਚੌਪਈ

ਹੈ ਇਨਕੇ ਸੰਗ ਤੁਮਰੋ ਕਾਜਾ। ਇਨਹੀ ਸੋਂ ਸਭ ਬਿਧਿ ਸੁਖਸਾਜਾ'।
ਕਹੈ ਸੁਲਖਨੀ 'ਸੁਨ ਮਮ ਭਾਈ! ਹੌਂ ਕਿਹ ਕੇ ਅਵਲੰਬ[3] ਰਹਾਈਂ॥੭੮॥

ਮਾਤ ਪਿਤਾ ਦੇਵਤ ਹੈਂ ਗਾਰੀ[4]। ਅਪਨ ਗਰੇ ਤੇ ਚਹਿਤ ਉਤਾਰੀ[5]।
ਬੋਲ ਕੁਬੋਲ ਦੇਤ ਹੈਂ ਤਾਂਨੇ[6]। — ਤੂੰ ਭੀ ਕਰਹੁ ਫ਼ਕੀਰੀ ਬਾਨੇ॥੭੯॥

ਜਾਇ ਬੈਠ ਨਿਜ ਪਤਿ ਕੇ ਪਾਸੂ। ਸਾਧੂ ਭੇਖ ਕਰਹੁ ਜਸ ਤਾਸੂ।
ਪਰੀ ਗਰੇ[7] ਤੂੰ ਸਦਾ ਹਮਾਰੇ —। ਸੋ ਸਭ ਸਾਚੀ ਕਰਤ ਉਚਾਰੇ॥੮੦॥

ਦੋਹਰਾ

ਮੁਰ ਨਿਣਾਨ[8] ਜੋ ਨਾਨਕੀ ਜਬ ਜੀਵਤ ਸੁਖਦਾਇ।
ਸਿਰੀ ਚੰਦ ਤਿਹ ਸਦਨ ਮਹਿਂ ਸਭ ਕੁਛ ਪਹਰਤਿ ਖਾਇ॥੮੧॥

ਚੌਪਈ

ਮਨ ਭਾਵਤ ਜੋ ਕਰਤ ਬਿਲਾਸੂ। ਨਹਿ ਚਿੰਤਾ ਕਾਹੂ ਕੀ ਤਾਸੂ।
ਜਬ ਕਾ ਭਾ ਤਿਨ ਕੋ ਪਰਲੋਕੂ । ਹਮ ਕੋ ਭਯੋ ਸਬੈ ਬਿਧ ਸ਼ੋਕੂ[9] ॥੮੨॥

ਦਸ ਦਿਸ ਤੇ ਮੁਝ ਬਨਜੋ ਕੁਫੇਰਾ[10]। ਕਿਸ ਪ੍ਰਕਾਰ ਹ੍ਵੈ ਜੀਵਨ ਮੇਰਾ?'।
ਅਸ ਕਹਿ ਆਂਖਨ ਆਂਸੂ ਗੇਰਤ। ਊਚ ਸ੍ਵਾਸ ਲੈ ਧਰਨੀ ਹੇਰਤ॥੮੩॥

ਸ੍ਰੀ ਨਾਨਕ ਪਿਖ ਸੁਨ ਕੈ ਬਾਨੀ। ਰਿਦੈ ਬਿਖੈ ਕਰੁਨਾ ਬਹੁ ਠਾਨੀ।
ਕਹਤ ਭਏ 'ਸੁਣ ਚੋਣੀ[(*5)]! ਕਾਨਾ[11]। ਦੁਖ ਪੁਨ ਭੂਖ ਜਿ ਕਰਹੁ ਪ੍ਰਵਾਨਾ॥੮੪॥

ਰਹਹੁ ਨਿਕਟਿ ਹਠ ਕਰਹੁ ਘਨੇਰਾ। ਜੋ ਹਮ ਹਾਲ ਸੁ ਹੋਵਹਿ ਤੇਰਾ'।
ਭਨੈ ਸੁਲਖਨੀ 'ਸੁਨਿ ਬਚ ਮੋਰੇ। ਨਹਿਂ ਭੂਖਨ[12] ਜਾਚੋਂ ਢਿਗ ਤੋਰੇ॥੮੫॥

SikhBookClub.Com

ਦੋਹਰਾ

(ਭੈਣ!) ਤੇਰੇ ਮਾਤਾ-ਪਿਤਾ ਬੋਲਣ, ਤੇਰਾ ਬੋਲਣਾ[1] ਉਚਿੱਤ ਨਹੀਂ, ਤੇਰੇ ਮੂੰਹੋਂ ਕੋਈ ਮੰਦਾ-ਬੋਲ ਬੋਲਿਆ ਗਿਆ ਤਾਂ ਇਹ ਬੋਲਣਾ ਤੇਰੇ ਵਿਰੁੱਧ[2] ਹੀ ਹੋਵੇਗਾ। ॥੭੭॥

ਚੌਪਈ

ਤੇਰਾ ਵਿਆਹ ਇਨ੍ਹਾਂ ਨਾਲ ਹੋਇਆ ਹੈ, ਸੋ ਤੂੰ ਇਨ੍ਹਾਂ ਕੋਲੋਂ ਹੀ ਸਾਰੇ ਢੰਗ ਦੇ ਸੁੱਖਾਂ ਦੇ ਲਾਭ ਲੈਣੇ ਹਨ।" ਸੁਲੱਖਣੀ ਕਹਿਣ ਲੱਗੀ, "ਮੇਰੇ ਵੀਰ! ਸੁਣ, ਮੈਂ ਕਿਸ ਦੇ ਆਸਰੇ[3] (ਇੱਥੇ) ਰਹਾਂ? ॥੭੮॥

ਮਾਤਾ-ਪਿਤਾ (ਮੈਨੂੰ) ਗਾਲ਼ਾਂ[4] ਕੱਢਦੇ ਹਨ। ਉਹ ਮੈਨੂੰ ਆਪਣੇ ਗਲੋਂ ਲਾਹੁਣਾ[5] ਚਾਹੁੰਦੇ ਹਨ। ਕੌੜੇ ਬਚਨ ਬੋਲ-ਬੋਲ ਕੇ ਮੈਨੂੰ ਮਿਹਣੇ[6] ਮਾਰਦੇ ਹਨ ਕਿ -(ਸੁਲੱਖਣੀ) ਤੂੰ ਵੀ ਫ਼ਕੀਰੀ ਵੇਸ ਪਾ ਲੈ। ॥੭੯॥

ਅਤੇ ਆਪਣੇ ਪਤੀ ਦੇ ਕੋਲ ਜਾ ਕੇ ਬਹਿ ਜਾ, (ਦੋਵੇਂ ਹੀ) ਮਿਲ ਕੇ ਫ਼ਕੀਰੀ-ਬਾਣੇ ਦੀ ਸੋਭਾ ਵਧਾਓ। ਤੂੰ ਹਮੇਸ਼ਾ ਲਈ ਸਾਡੇ ਗਲ਼[7] ਪੈ ਗਈ ਹੈਂ-। ਉਹ(ਵੀ ਤਾਂ) ਸੱਚ ਹੀ ਆਖਦੇ ਹਨ ॥੮੦॥

ਦੋਹਰਾ

ਜਿਸ ਵੇਲੇ ਤਕ ਸੁੱਖ ਦੇਣ ਵਾਲੀ, ਮੇਰੀ ਨਨਾਣ[8] (ਬੇਬੇ) ਨਾਨਕੀ ਜਿਉਂਦੀ ਰਹੀ (ਤਾਂ) ਸਿਰੀ ਚੰਦ ਉਸੇ ਘਰ ਵਿਚ ਸਭ ਕੁਝ ਖਾਂਦਾ-ਪਹਿਨਦਾ ਰਿਹਾ। ॥੮੧॥

ਚੌਪਈ

ਮਨਭਾਉਂਦਾ ਅਨੰਦ ਮਾਣਦਾ ਰਿਹਾ। ਉਸ ਨੂੰ ਕਿਸੇ ਵੀ ਗੱਲ ਦੀ ਚਿੰਤਾ ਨਹੀਂ ਸੀ। ਜਦੋਂ ਤੋਂ ਉਹ (ਦੋਵੇਂ) ਪਰਲੋਕ-ਸਿਧਾਰ ਗਏ ਹਨ, ਅਸਾਨੂੰ ਹਰ ਤਰਾਂ ਨਾਲ ਬਿਪਤਾ[9] ਪੈ ਗਈ ਹੈ। ॥੮੨॥

ਮੈਨੂੰ ਤਾਂ ਦਸਾਂ-ਦਿਸ਼ਾਵਾਂ ਤੋਂ, ਸਭ ਪਾਸਿਓਂ ਘਾਟਾ ਹੀ ਘਾਟਾ[10] ਬਣਿਆ ਹੋਇਆ ਹੈ। ਮੈਂ ਕਿਸ ਤਰਾਂ ਜ਼ਿੰਦਗੀ ਕੱਟਾਂ?" ਇਉਂ ਆਖ ਕੇ ਉਹ ਅੱਖਾਂ ਤੋਂ ਹੰਝੂ ਵਹਾਉਂਦੀ ਹੋਈ, ਲੰਬੇ ਸਾਹ ਲੈ ਕੇ (ਹਟਕੋਰੇ ਭਰ-ਭਰ ਕੇ) ਹੇਠਾਂ ਧਰਤੀ ਵੱਲ ਝਾਕਣ ਲੱਗ ਪਈ। ॥੮੩॥

ਗੁਰੂ ਨਾਨਕ ਦੇਵ ਜੀ ਨੇ ਇਹ ਗੱਲਾਂ ਸੁਣ-ਸੁਣ ਕੇ, ਅਤੇ ਦੇਖ ਕੇ ਹਿਰਦੇ ਅੰਦਰ ਬਹੁਤ ਦਇਆ ਧਾਰਨ ਕੀਤੀ ਤੇ ਆਖਣ ਲੱਗੇ, "ਹੇ ਚੋਣੀ[(*5)] (ਸੁਲੱਖਣੀ)! ਕੰਨ[11] ਲਾ ਕੇ ਸੁਣ, ਜੇਕਰ ਤੁਸੀਂ ਦੁੱਖ ਅਤੇ ਭੁੱਖ ਵਿਚ (ਰਹਿਣਾ) ਪ੍ਰਵਾਨ ਕਰਦੇ ਹੋ ॥੮੪॥

ਤਾਂ ਸਾਡੇ ਕੋਲ ਰਹਿਣ ਲੱਗ ਪਵੋ ਪਰ ਤੁਹਾਨੂੰ ਬਹੁਤ ਹੱਠ ਕਰਨਾ ਪਵੇਗਾ। ਜੋ ਅਸਾਡਾ ਹਾਲ ਹੈ, ਉਹੋ (ਹੀ) ਤੇਰਾ ਵੀ ਹੋਵੇਗਾ।" ਸੁਲੱਖਣੀ ਬੋਲੀ, "ਮੇਰੀ ਗੱਲ ਸੁਣੋ, ਮੈਨੂੰ ਗਹਿਣਿਆਂ[12] ਦੀ ਲੋੜ ਨਹੀਂ, (ਕੇਵਲ) ਤੁਹਾਡੇ ਸੰਗ ਦੀ ਹੀ ਲੋੜ ਹੈ। ॥੮੫॥

SikhBookClub.Com

ਰਿਦੇ ਬਿਖੈ ਚਾਹੋਂ ਨਿਤ ਐਸੇ।ਤੁਮ ਜਿਉਂ ਹਾਲ ਹੋਇ ਮਮ ਤੈਸੇ।
ਦੁਖ ਭੁਖ ਸਹਿ ਕੈ ਅਪਨ ਸਰੀਰਾ।ਰਹੋਂ ਸਦੀਵ ਤੁਮਾਰੇ ਤੀਰਾ[1]'॥੮੬॥

ਪ੍ਰਭੁ ਬੋਲੇ 'ਜੇ ਅਸ ਮਨ ਤੇਰੇ।ਆਨਹੁ ਸੁਤ[2] ਅਬ ਕਰਹੁ ਨ ਦੇਰੇ।
ਸਬ ਕਰਤਾਰ ਕਰਹਿਗੋ ਨੀਕੀ।ਜੇ ਸਰਧਾ ਐਸੀ ਦਿਢ ਜੀਕੀ'॥੮੭॥

ਸੁਨੇ ਸੁਲਖਨੀ ਅਸ ਬਚ[3] ਜਬ ਹੀ।ਤੂਰਨ ਗਈ ਸਦਨ ਕੋ ਤਬਹੀ।
ਦੋਨੋ ਸੁਤ ਲੇਕਰ ਨਿਜ ਸੰਗਾ।ਹਰਖਤ ਆਈ ਕਰਤ ਉਮੰਗਾ॥੮੮॥

ਮੂਲ ਚੰਦ ਪੁਨਿ ਚੰਦੋਰਾਣੀ।ਘਰ ਗਮਨੀ ਮਨ ਬਹੁ ਮੁਰਝਾਣੀ[4]।
ਬਹੁਰੋ ਬੋਲ ਨ ਕੋਊ ਆਵਤ।ਹ੍ਵੈ ਤੂਸ਼ਨ ਹਿਰਦੇ ਪਛੁਤਾਵਤ॥੮੯॥

ਦੋਹਰਾ

ਸਿਰੀਚੰਦ ਕੋ ਸੰਗ ਲੇ ਦੂਸਰ ਲਖਮੀ ਦਾਸ।
ਆਇ ਸੁਲਖਣੀ ਬੈਠਗੀ ਪਾਇ ਹਰਖ ਸੁਖਰਾਸ[5] ॥੯੦॥

ਚੌਪਈ

ਜਹਿਂ ਬੈਠੇ ਅਘ ਓਘ ਨਿਕੰਦਨ[6]।ਦੋ੍ ਸੁਤ ਕੀਨ ਚਰਨ ਪੁਰ ਬੰਦਨ।
ਰਹਿਨ ਲਗੇ ਨਿਜ ਪਿਤ ਕੇ ਪਾਸੂ।ਚਿੰਤਾ ਸਗਰੀ ਕੀਨ ਬਿਨਾਸੂ॥੯੧॥

ਸਰਬ ਪ੍ਰਕਾਰਨ ਸੇਵਾ ਜੋਊ।ਕਰਹਿ ਅਜਿੱਤਾ ਹਿਤ ਧਰ ਸੋਊ।
ਅਤਿ ਅਜ਼ਮਤ[7] ਮਹਿਂ ਪੂਰਨ ਹੋਯੋ।ਜਨਮ ਮਰਨ ਕੋ ਸੰਸਾ ਖੋਯੋ॥੯੨॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਉਣੱਤੀਸਮੋ ਧਯਾਇ ॥੨੯॥

SikhBookClub.Com

ਹਿਰਦੇ ਵਿੱਚ ਹਮੇਸ਼ਾ ਤੋਂ ਹੀ ਇਸੇ ਤਰਾਂ ਚਾਹੁੰਦੀ ਹਾਂ। ਮੇਰਾ ਹਾਲ ਭਾਵੇਂ ਤੁਹਾਡੇ ਜਿਹਾ ਹੋ ਜਾਵੇ। ਆਪਣੇ ਸਰੀਰ ਉੱਤੇ ਦੁਖ-ਭੁੱਖ ਸਹਿ ਕੇ ਵੀ, ਹਮੇਸ਼ਾ ਤੁਹਾਡੇ ਕੋਲ[1] ਰਹਿਣਾ ਚਾਹੁੰਦੀ ਹਾਂ।" ॥੮੬॥

ਗੁਰੂ ਜੀ ਬੋਲੇ, "ਜੇਕਰ ਤੇਰੇ ਮਨ ਵਿੱਚ ਅਜਿਹੇ ਵਿਚਾਰ ਹਨ ਤਾਂ ਦੇਰ ਨਾ ਲਾਓ ਤੇ ਪੁੱਤਰਾਂ[2] ਨੂੰ ਲੈ ਆਓ । ਕਰਤਾਰ ਸਭ ਭਲੀ ਕਰੇਗਾ, ਜੇਕਰ ਤੇਰੇ ਮਨ ਦੀ ਏਨੀ ਪੱਕੀ ਸ਼ਰਧਾ ਹੈ।" ॥੮੭॥

ਜਦੋਂ ਸੁਲੱਖਣੀ ਨੇ ਅਜਿਹੇ ਬਚਨ[3] ਸੁਣੇ ਤਾਂ ਉਹ ਤੁਰੰਤ ਹੀ ਘਰ ਨੂੰ ਗਈ ਤੇ ਦੋਨਾਂ ਪੁੱਤਰਾਂ ਨੂੰ ਬੜੇ ਉਤਸ਼ਾਹ ਨਾਲ ਖ਼ੁਸ਼ ਹੋ ਕੇ, ਆਪਣੇ ਨਾਲ ਲੈ ਕੇ ਆ ਗਈ। ॥੮੮॥

ਮੂਲ ਚੰਦ ਅਤੇ ਚੰਦੋਰਾਣੀ ਬਹੁਤ ਮੁਰਝਾਏ[4] ਹੋਏ ਮਨ ਨਾਲ ਘਰ ਨੂੰ ਚਲੇ ਗਏ। ਉਨ੍ਹਾਂ ਨੂੰ ਕੋਈ ਵੀ ਸ਼ਬਦ ਨਾ ਅਹੁੜੇ। ਉਹ ਚੁੱਪ ਹੋ ਕੇ ਰਹਿ ਗਏ ਤੇ ਮਨੋ-ਮਨ ਪਛਤਾਉਣ ਲੱਗੇ। ॥੮੯॥

ਦੋਹਰਾ

ਸਿਰੀ ਚੰਦ ਅਤੇ ਲਖਮੀ ਦਾਸ ਨੂੰ ਨਾਲ ਲੈ ਕੇ, ਸੁਲੱਖਣੀ, ਸੁੱਖਾਂ ਦੀ ਪੂੰਜੀ[5] (ਗੁਰੂ ਜੀ) ਦੇ ਕੋਲ ਪਰਸੰਨ ਚਿਤ ਹੋ ਕੇ ਬੈਠ ਗਈ। ॥੯੦॥

ਚੌਪਈ

ਜਿੱਥੇ ਸਾਰੇ ਪਾਪਾਂ ਦੇ ਕੱਟਣ [6] ਵਾਲੇ ਗੁਰੂ ਜੀ ਬੈਠੇ ਸਨ ਉਥੇ ਆਣ ਕੇ ਦੋਵਾਂ ਪੁੱਤਰਾਂ ਨੇ (ਗੁਰੂ ਜੀ ਦੇ) ਚਰਨਾਂ 'ਤੇ ਮੱਥਾ ਟੇਕਿਆ ਅਤੇ ਆਪਣੇ ਪਿਤਾ ਜੀ ਦੇ ਕੋਲ ਰਹਿਣ ਲੱਗ ਪਏ। (ਉਨ੍ਹਾਂ ਨੇ) ਸਾਰੀ ਚਿੰਤਾ ਮਿਟਾ ਦਿੱਤੀ। ॥੯੧॥

ਜੋ ਹਰ ਪ੍ਰਕਾਰ ਦੀ ਸੇਵਾ ਸੀ, ਉਹ ਅਜਿੱਤਾ ਹੀ ਪ੍ਰੇਮ ਸਹਿਤ ਕਰਦਾ ਰਿਹਾ। (ਅਜਿੱਤਾ) ਵਡੱਪਣ[7] ਵਿੱਚ ਬਹੁਤ ਪੂਰਨ ਹੋਇਆ (ਤੇ ਉਹਨੇ) ਆਵਾਗਵਣ ਦੇ ਚੱਕਰ ਦਾ ਸੰਸਾ ਮਿਟਾ ਲਿਆ। ॥੯੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਮੂਲੇ ਦਾ ਪਰਸੰਗ" ਨਾਮੀ ਉਣੱਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਜੀ ਅਤੇ ਮਰਦਾਨਾ, ਏਮਨਾਬਾਦ ਵਿੱਚ, ਪਠਾਣਾਂ ਉੱਤੇ ਹੋਏ ਕਤਲੇਆਮ ਬਾਰੇ ਚਰਚਾ ਕਰ ਰਹੇ ਸਨ ਕਿ ਇਨ੍ਹਾਂ ਲੋਕਾਂ ਦੇ ਕੀਤੇ ਕਰਮਾਂ ਦਾ ਹੀ ਇਨ੍ਹਾਂ ਨੂੰ ਫਲ ਮਿਲਿਆ ਹੈ। ਫੇਰ ਮਰਦਾਨੇ ਦਾ ਕੋਈ ਸ਼ੰਕਾ ਦੂਰ ਕਰਨ ਲਈ ਗੁਰੂ ਜੀ ਨੇ, ਉਸ ਦੇ ਸੌਂ ਜਾਣ ਉੱਤੇ, ਮਿੱਠੇ ਦੀ ਇੱਕ ਬੂੰਦ ਉਸ ਦੇ ਪੇਟ 'ਤੇ ਸੁਟਵਾ ਦਿੱਤੀ, ਜਿਸ ਕਰਕੇ ਬਹੁਤ ਕੀੜੀਆਂ ਆ ਗਈਆਂ ਤੇ ਮਰਦਾਨੇ ਨੂੰ ਉਹ ਕੱਟਣ ਲੱਗੀਆਂ। ਮਰਦਾਨੇ ਨੇ, ਜਾਗ ਖੁੱਲ੍ਹਣ 'ਤੇ ਉਨ੍ਹਾਂ ਕੀੜੀਆਂ ਨੂੰ ਮਸਲ ਦਿੱਤਾ। ਗੁਰੂ ਜੀ ਨੇ ਇਸ ਘਟਨਾ ਰਾਹੀਂ ਮਰਦਾਨੇ ਨੂੰ ਸਮਝਾਇਆ ਸੀ ਕਿ ਏਮਨਾਬਾਦ ਵਿੱਚ ਗਲਤੀ ਤਾਂ ਕੁਝ ਕੁ ਬੰਦਿਆਂ ਤੋਂ ਹੋਈ ਸੀ, ਪਰ ਮੁਗਲਾਂ ਦੇ ਹਮਲੇ ਦੀ ਲਪੇਟ ਵਿੱਚ ਸਭ ਆ ਗਏ ਸਨ। ਫੇਰ ਭਾਈ ਲਾਲੋ ਅਤੇ ਬ੍ਰਾਹਮਣ, ਉਸ ਨਗਰ ਵਿੱਚ ਆ ਕੇ ਵਸ ਗਏ ਸਨ ।

ਗੁਰੂ ਜੀ ਦੇ ਚਾਰੇ-ਪਾਸੇ ਫੇਰ ਲੋਕਾਂ ਦੀ ਭੀੜ ਇਕੱਠੀ ਹੋ ਗਈ। ਗੁਰੂ ਜੀ ਨੇ ਉਨ੍ਹਾਂ ਨੂੰ ਸਤਿਨਾਮ ਦੇ ਸਿਮਰਨ ਦਾ ਉਪਦੇਸ਼ ਦਿੱਤਾ। ਸੰਤ-ਅਤਿਥੀਆਂ ਦੀ ਸੇਵਾ ਕਰਨ ਵਾਸਤੇ ਸਿੱਖਿਆ ਦਿੱਤੀ । ਅੰਤ ਨੂੰ ਤੁਰਦੇ-ਤੁਰਦੇ ਉਹ ਆਪਣੇ ਸਹੁਰਿਆਂ ਦੇ ਨਗਰ ਕੋਲ ਪਹੁੰਚ ਗਏ ਅਤੇ ਪਿੰਡੋਂ ਬਾਹਰ ਅਜਿੱਤੇ ਦੇ ਖੂਹ 'ਤੇ ਸੰਘਣੀ ਛਾਂ ਹੇਠ ਬੈਠ ਗਏ। ਗੁਰੂ ਜੀ ਦੇ ਆਉਣ ਬਾਰੇ ਉਨ੍ਹਾਂ ਦੇ ਸਹੁਰੇ, ਮੂਲੇ ਤਕ ਵੀ ਖਬਰ ਪੁੱਜ ਗਈ। ਮੂਲਾ ਆ ਕੇ ਗੁਰੂ ਜੀ ਨੂੰ ਘਰ-ਬਾਰ ਛੱਡਣ ਪਿੱਛੇ ਬਹੁਤ ਗੁੱਸੇ ਹੋਇਆ ਅਤੇ ਸੁਲੱਖਣੀ ਅਤੇ ਬੱਚਿਆਂ ਦੇ ਪਾਲਣ-ਪੋਸਣ ਦੇ ਦੁੱਖ ਦੱਸਣ ਲੱਗ ਪਿਆ। ਪਰ ਬਾਕੀ ਲੋਕ ਸ਼ਰਧਾ ਸਹਿਤ ਗੁਰੂ ਜੀ ਦੇ ਦਰਸ਼ਨ ਕਰਨ ਆ ਰਹੇ ਸਨ। ਉਸ ਨਗਰ ਦਾ ਚੌਧਰੀ, ਅਜਿੱਤਾ ਗੁਰੂ ਜੀ ਦੀ ਵਡਿਆਈ ਵੇਖ ਕੇ, ਆਪਣੇ ਮਨ ਅੰਦਰ ਸਮਝ ਗਿਆ। ਉਸ ਨੇ ਗੁਰੂ ਸਾਹਿਬ ਦੇ ਸਹੁਰੇ, ਮੂਲੇ ਅਤੇ ਬਾਕੀ ਪਰਿਵਾਰ ਨੂੰ, ਗੁਰੂ ਜੀ ਦੀ ਵਡਿਆਈ ਬਾਰੇ ਸਮਝਾਇਆ। ਮਾਤਾ ਸੁਲੱਖਣੀ ਹਰ ਸਥਿਤੀ ਵਿੱਚ ਗੁਰੂ ਜੀ ਨਾਲ ਰਹਿਣ ਲਈ ਤਿਆਰ ਹੋ ਗਏ ਅਤੇ ਬੱਚਿਆਂ ਸਮੇਤ ਗੁਰੂ ਜੀ ਕੋਲ ਆ ਗਏ।

SikhBookClub.Com

ਫੁੱਟਨੋਟ

(*1) 'ਨਾਨਕ ਪ੍ਰਕਾਸ਼' ਅਨੁਸਾਰ ਸਤਿਗੁਰੂ ਜੀ 'ਏਮਨਾਬਾਦ' ਨਗਰ ਵਿੱਚ ਦੋ ਵਾਰੀ ਗਏ ਸਨ। ਪਹਿਲੀ ਵੇਰੀ ਤਾਂ ਆਪ ਉਦਾਸੀਆਂ (ਯਾਤਰਾਵਾਂ) ਅਰੰਭ ਕਰਨ ਸਮੇਂ, ਸੁਲਤਾਨਪੁਰੋਂ ਗਏ ਤੇ ਦੂਜੀ ਵੇਰੀ ਉਹ 'ਬਾਬਰ' ਦੇ ਹੱਲੇ ਸਮੇਂ ਗਏ ਸਨ, ਜਿਵੇਂ ਕਿ 'ਬਾਬਰਵਾਣੀ' ਤੋਂ ਪਤਾ ਚੱਲਦਾ ਹੈ।

(*2) ਇਸ ਬਚਨ-ਬਿਲਾਸ ਰਾਹੀਂ ਸਤਿਗੁਰੂ ਜੀ ਨੇ, ਮਰਦਾਨੇ ਨੂੰ, ਮਨੁੱਖ ਦੀ ਇੱਕ ਭੁੱਲ ਸਪਸ਼ਟ ਕੀਤੀ ਹੈ ਜੋ ਬੇ-ਖ਼ਿਆਲੀ ਵਿੱਚ ਹਰ ਕੋਈ ਕਰ ਸਕਦਾ ਹੈ। ਆਪਣੇ ਮਨ ਨੂੰ, ਹਰ ਕੋਈ, ਸਦਾ ਹੀ, ਨਿਆਉਂ ਬਿਰਤੀ ਵਿੱਚ ਨਹੀਂ ਰੱਖਦਾ।

(*3) ਪੁਰਾਣੇ ਸਮਿਆਂ ਵਿੱਚ ਇੱਕ ਜਾਤ ਜਾਂ ਗੋਤ ਦੇ ਲੋਕ ਇਕੱਠੇ ਰਹਿੰਦੇ ਸਨ ਕਿਉਂਕਿ ਕਬੀਲੇ ਜਾਂ ਜਾਤਾਂ ਇੱਕ-ਦੂਜੇ ਨਾਲ ਲੜਦੀਆਂ ਸਨ ਤੇ ਕਿਸੇ ਦਾ ਆਪਣੀ ਜਾਤ ਜਾਂ ਗੋਤ ਤੋਂ ਦੂਰ ਰਹਿਣਾ ਸੁਰੱਖਿਅਤ ਨਹੀਂ ਸੀ ਸਮਝਿਆ ਜਾਂਦਾ। ਬਾਅਦ ਵਿੱਚ ਇੱਕ ਜਾਤ ਦੇ ਪਿੰਡਾਂ ਦੇ ਸਮੂਹ ਨੂੰ ਤਪਿਆਂ ਵਿੱਚ ਵੰਡਿਆ ਗਿਆ।'ਰੰਧਾਵੇ' ਜੱਟਾਂ ਦੇ ਤਪੇ ਮੌਜੂਦਾ ਬਟਾਲਾ ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਵਿੱਚ ਹਨ।ਗੁਰੂ ਨਾਨਕ ਸਾਹਿਬ ਦੇ ਸਹੁਰਿਆਂ ਦਾ ਪਿੰਡ 'ਪੱਖੋਕੇ ਰੰਧਾਵੇ' ਵੀ ਇਸੇ ਇਲਾਕੇ ਦਾ ਪਿੰਡ ਹੈ ਤੇ ਗੁਰੂ ਨਾਨਕ ਸਾਹਿਬ ਦਾ ਸਹੁਰਾ 'ਮੂਲਾ ਚੋਣਾ' ਉੱਥੋਂ ਦਾ ਪਟਵਾਰੀ ਸੀ। 'ਅਜਿੱਤਾ ਰੰਧਾਵਾ' ਪੱਖੋਕੇ ਰੰਧਾਵੇ ਪਿੰਡ ਦਾ ਚੌਧਰੀ ਤੇ ਵਸਨੀਕ ਸੀ। ਜਦੋਂ ਗੁਰੂ ਨਾਨਕ ਜੀ 'ਪੱਖੋਕੇ ਰੰਧਾਵੇ' ਗਏ ਤਾਂ 'ਹਿੱਤੇ ਰੰਧਾਵੇ' ਦਾ ਪੁੱਤਰ 'ਅਜਿੱਤਾ ਰੰਧਾਵਾ' ਉਨ੍ਹਾਂ ਨੂੰ ਮਿਲਿਆ ਤੇ ਗੁਰੂ ਜੀ ਦੇ ਉਪਦੇਸ਼ ਨੇ ਉਸਦਾ ਉਧਾਰ ਕੀਤਾ। ਸਿੱਖਾਂ ਦੀ ਭਗਤ-ਮਾਲਾ ਵਿੱਚ ਅਜਿੱਤੇ ਰੰਧਾਵੇ ਦੇ ਉਧਾਰ ਲਈ ਕਈ ਜੋਗ-ਜੁਗਤੀਆਂ ਤੇ ਵਿਸਥਾਰ ਦੱਸਿਆ ਗਿਆ ਹੈ, ਜਿਵੇਂ ਕਿ ਦਸ ਪ੍ਰਕਾਰ ਦੇ ਦੇ ਯਮ ਅਤੇ ਅੱਠ-ਪ੍ਰਕਾਰ ਦੇ ਕਾਮ ਜਿੱਤਣਾ। ਇਹ ਗੁਰਮਤ ਦੇ ਅਨੁਕੂਲ ਨਹੀਂ ਜਾਪਦੇ। (ਵਿਸਥਾਰ ਲਈ 'ਸਿੱਖਾਂ ਦੀ ਭਗਤਮਾਲਾ', ਸੰਪਾਦਕ ਭਾਈ ਵੀਰ ਸਿੰਘ, ਖਾਲਸਾ ਸਮਾਚਾਰ 1950)

(*4) ਮਾਤਾ ਸੁਲੱਖਣੀ ਜੀ ਨੇ ਅਜਿਹੇ ਖਰ੍ਹਵੇ ਤੇ ਅਪਮਾਨਜਨਕ ਸ਼ਬਦ, ਸਮਾਜਕ-ਰੀਤੀ ਅਤੇ ਸੰਸਾਰਕ ਮੋਹ-ਮਾਇਆ ਦੇ ਪ੍ਰਭਾਵ ਹੇਠ ਆ ਕੇ ਬੋਲੇ ਕਿਉਂਕਿ ਉਨ੍ਹਾਂ ਨੂੰ ਸਤਿਗੁਰੂ ਜੀ ਦੀ ਆਤਮਕ-ਉੱਚਤਾ ਦਾ ਕੋਈ ਅਨੁਮਾਨ ਨਹੀਂ ਸੀ।

(*5) ਸਤਿਗੁਰੂ ਜੀ ਦਾ, ਪਤਨੀ ਸੁਲੱਖਣੀ ਨੂੰ 'ਚੋਣੀ' ਆਖ ਕੇ ਸੰਬੋਧਿਤ ਹੋਣਾ, ਪੁਰਾਤਨ-ਪੰਜਾਬੀ ਸੱਭਿਆਚਾਰ ਦੇ ਬਿਲਕੁਲ ਅਨੁਕੂਲ ਹੈ। 'ਚੋਣਾ' ਭਾਈ ਮੂਲੇ ਦਾ ਪਰਿਵਾਰਕ-ਗੋਤ ਸੀ। ਲੋਕੀਂ ਅਜੇ ਤਕ ਵੀ, ਪਰਿਵਾਰਕ-ਪੱਧਰ 'ਤੇ ਗੱਲਬਾਤ ਕਰਦੇ ਹੋਏ, ਇਸ ਤਰਾਂ (ਗੋਤ ਦਾ ਨਾਂ ਲੈ ਕੇ) ਸੰਬੋਧਿਤ ਹੁੰਦੇ ਆਮ ਵੇਖੇ ਜਾਂਦੇ ਹਨ।

SikhBookClub.Com

ਅਧਜਾਯ ਤੀਹਵਾਂ

(ਚਰਨ ਕਮਲ ਮੰਗਲ। ਕਰਤਾਰ ਪੁਰ ਬਸਨਾ, ਬ੍ਰਹਮਨ ਦੀ ਰਸੋਈ ਦੀ ਸੁਚ)

ਦੋਹਰਾ

ਬਿਸ਼ਜਨ ਤੇ ਬੈਰਾਗਿ ਹ੍ਵੈ ਕਰ ਗੁਰਪਗ ਅਨੁਰਾਗ[1]।
ਲਿਵ ਲਗਾਇ ਜਾਗਤ ਰਹਹੁ ਸਿਮਰ ਨਾਮ ਵਡਭਾਗ॥੧॥

ਸ੍ਰੀ ਬਾਲਾ ਸੰਧੁਰੁ ਵਾਚ

ਚੌਪਈ

ਕਿਤਕ ਦਿਵਸ ਜਬ ਰਹਤਿ ਬਿਤਾਏ।ਦਿਨ ਪ੍ਰਤਿ ਮਹਿਮਾ ਹੁਇ ਅਧਿਕਾਏ।
ਅਵਿਲੋਕਤ[2] ਸਮਝਜੋ ਤਬ ਮੂਲਾ।— ਭਾ ਸ੍ਰੀ ਨਾਨਕ ਜਸ ਅਨਕੂਲਾ —॥੨॥

ਆਯੋ ਅਪਰ ਤਜੀ ਸਭ ਗਿਨਤੀ।ਹਾਥ ਜੋਰ ਕੈ ਕੀਨੀ ਬਿਨਤੀ।
'ਤੁਮ ਤੋ ਮਹਾਂ ਪੁਰਖ ਹੋ ਪੂਰੇ।ਹਮ ਨਹਿਂ ਚਲਿਤ ਲਖੇ ਜੋ ਰੂਰੇ[3] ॥੩॥

ਨਿਸ ਦਿਨ ਨਿੰਦਤ ਰਹੇ ਬਿਸਾਲਾ।ਪਚੀ ਭਏ ਨਿਤ ਜਗਤ ਜਂਜਾਲਾ।
ਅਵਗੁਣ ਕਰੇ ਬਖ਼ਸ਼ੀਏ ਮੋਹੀ। ਅਹੈ ਹਮਾਰੀ ਲੱਜਜਾ ਤੋਹੀ'॥੪॥

ਦੀਨ ਭਏ ਕੋ ਦੇਖ ਦਯਾਲਾ। ਕਹੇ ਬਚਨ ਕਰ ਕ੍ਰਿਪਾ ਬਿਸਾਲਾ[4]।
'ਸਿਮਰਹੁ ਸਤਿਨਾਮ ਗਤਿਦਾਈ[5]।ਸਤਿਸੰਗਤ ਮਹਿਂ ਮਿਲ ਸੁਖ ਪਾਈ॥੫॥

ਕਰ ਬੰਦਨ ਕਰਤਾਰ ਅਗਾਰੀ।ਪਾਵਹੁ ਗੇ ਅਪਵਰਗ[6] ਸੁਖਾਰੀ'।
ਇਸ ਬਿਧ ਸੁਨਕੈ ਸੀਸ ਨਿਵਾਯੋ।ਮੋਹ ਪਟਲ[7] ਤਤਛਿਨ ਬਿਲਗਾਯੋ[8] ॥੬॥

ਸਿਮਰਨ ਮਹਿਂ ਲਿਵ ਲਗੀ ਸੁਹੇਲੀ।ਤਜੀ ਪਹਿਲ ਕੀ ਦ੍ਵੈਤ ਦੁਹੇਲੀ[9]।
ਆਨ ਸਦਨ ਨਿਜ ਤਿਯ[10] ਸਮਝਾਈ।ਪਾਛਲ ਬਾਤਨ ਤੇ ਪਛੁਤਾਈ॥੭॥

SikhBookClub.Com

ਅਧਿਆਇ ਤੀਹਵਾਂ

(ਕਰਤਾਰਪੁਰ ਵਸਣਾ । ਬ੍ਰਾਹਮਣ ਦੀ ਰਸੋਈ ਦੀ ਸੁੱਚ)

ਦੋਹਰਾ

(ਹੇ ਮਨ!) ਵਿਸ਼ੇ-ਵਿਕਾਰਾਂ ਤੋਂ ਵੈਰਾਗੀ ਹੋ ਕੇ, ਗੁਰੂ ਜੀ ਦੇ ਚਰਨ-ਕਮਲਾਂ ਨਾਲ ਪ੍ਰੇਮ[1] ਕਰ ਤੇ ਵਾਹਿਗੁਰੂ ਦਾ ਨਾਮ ਸਿਮਰ। (ਸਿਮਰਨ ਵਿੱਚ) ਪਰੀਤ ਲਾਉਣ ਰਾਹੀਂ (ਅੰਤਰਮੁਖ) ਜਾਗਦਾ ਰਹੁ ਤਾਂ ਤੂੰ ਵਡਭਾਗੀ ਹੈਂ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਜਦ ਕਿੰਨੇ ਹੀ ਦਿਨ ਇੱਥੇ ਰਹਿੰਦਿਆਂ ਬੀਤ ਗਏ, ਦਿਨ ਪ੍ਰਤੀਦਿਨ (ਗੁਰੂ ਜੀ ਦੀ) ਵਡਿਆਈ ਵਧਦੀ ਗਈ। ਇਹ ਵੇਖ[2] ਕੇ ਮੂਲਾ ਸਮਝ ਗਿਆ ਕਿ (ਉਹ) -ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦੇ ਅਨੁਕੂਲ ਹੀ ਹੋ ਜਾਵੇ-। ॥੨॥

ਹੋਰ ਸਭ ਗਿਣਤੀਆਂ-ਮਿਣਤੀਆਂ ਤਿਆਗ ਕੇ, ਉਹ ਗੁਰੂ ਜੀ ਦੇ ਕੋਲ ਆ ਗਿਆ। ਹੱਥ ਜੋੜ ਕੇ ਬੇਨਤੀ ਕੀਤੀ, "(ਹਜ਼ੂਰ!) ਤੁਸੀਂ ਤਾਂ ਪੂਰਨ ਮਹਾਂਪੁਰਖ ਹੋ। ਸਾਡਾ ਕੋਈ ਅਜਿਹਾ ਚਰਿੱਤਰ ਨਹੀਂ, ਤਾਂ ਜੋ ਸਾਨੂੰ ਕੋਈ ਸੁੰਦਰ[3] (ਨੇਕ) ਜਾਣੇ। ॥੩॥

ਅਸੀਂ ਦਿਨੇ-ਰਾਤ (ਤੁਹਾਨੂੰ) ਬਹੁਤ ਨਿੰਦਦੇ ਰਹੇ ਹਾਂ। ਹਮੇਸ਼ਾ ਜਗਤ ਦੇ ਜੰਜਾਲਾਂ ਵਿੱਚ ਖਚਿਤ ਹੋਏ ਰਹੇ ਹਾਂ । ਗੁਨਾਹ ਕੀਤੇ ਹਨ, ਮੈਨੂੰ ਬਖ਼ਸ਼ ਦਿਉ। ਤੁਹਾਨੂੰ ਹੀ (ਤੁਹਾਡੇ ਹੱਥ ਹੀ) ਸਾਡੀ ਲਾਜ ਹੈ" ॥੪॥

ਉਸ ਨੂੰ ਨਿਰਮਾਣ ਹੋਇਆ ਵੇਖ ਕੇ, ਦਿਆਲੂ (ਗੁਰੂ ਜੀ) ਨੇ, ਬਹੁਤ[4] ਕਿਰਪਾਲਤਾ ਸਹਿਤ ਬਚਨ ਕੀਤੇ, "ਮੁਕਤੀਦਾਇਕ[5], ਸਤਿਨਾਮ ਦਾ ਸਿਮਰਨ ਕਰੋ। ਸਤਿਸੰਗਤ ਨਾਲ ਮਿਲ ਕੇ ਸੁੱਖਾਂ ਦੀ ਪ੍ਰਾਪਤੀ ਕਰੋ। ॥੫॥

ਪਰਮੇਸ਼ਰ ਕੋਲ ਬੇਨਤੀ ਕਰੋ, (ਜਿਸ ਕਾਰਨ) ਅਸਾਨੀ ਨਾਲ ਮੁਕਤੀ[6] ਪ੍ਰਾਪਤ ਕਰ ਲਵੋਗੇ।" ਇਹ ਸੁਣ ਕੇ (ਮੂਲੇ ਨੇ ਆਪਣਾ) ਸਿਰ ਨਿਵਾਇਆ। (ਉਸ ਦਾ) ਮੋਹ ਦਾ ਪਰਦਾ[7] ਤੁਰੰਤ ਹੀ ਹਟ[8] (ਪਾਟ) ਗਿਆ। ॥੬॥

ਨਾਮ ਦੇ ਸਿਮਰਨ ਵਿੱਚ ਸੋਖਿਆਂ ਹੀ ਸੁਰਤੀ ਜੁੜ ਗਈ। ਪਹਿਲਾਂ ਵਾਲੀ, ਦੁਖਦਾਈ[9] ਦੂਈ (ਦਵੈਤ)ਵਾਲੀ ਭਾਵਨਾ ਦਾ ਤਿਆਗ ਕਰ ਦਿੱਤਾ।ਘਰ ਆ ਕੇ ਆਪਣੀ ਪਤਨੀ[10] ਨੂੰ ਸਮਝਾਇਆ। ਉਹ ਵੀ ਪਿਛਲੀਆਂ ਗੱਲਾਂ 'ਤੇ ਪਛਤਾਈ। ॥੭॥

SikhBookClub.Com

ਕਿਤਕ ਕਾਲ ਕੀਨੋ ਸਤਸੰਗਾ। ਹਰਿ ਕੇ ਚਰਨਨ ਪ੍ਰੇਮ ਉਮੰਗਾ[1]।
ਭਏ ਬਿਬੇਕੀ[2] ਥੋਰਨ ਦਿਨ ਮੈਂ। ਸੱਤਿ ਅਸੱਤਿ ਲਖਜੋ ਸਭ ਮਨ ਮੈਂ॥੮॥

ਆਰਬਲਾ ਪੂਰਨ ਪੁਨ ਹੋਈ। ਸੁਖ ਸੋਂ ਤਨ ਤਜ ਗੇ ਤਬ ਦੋਈ।
ਗਵਨੇ ਪ੍ਰਭੁ ਕੇ ਭਵਨ ਸੁਹਾਵਨ। ਪਹੁੰਚੇ ਜਹਾਂ ਭਗਤ ਮਨ ਪਾਵਨ॥੯॥

ਸ੍ਰੀ ਨਾਨਕ ਤਿਨ ਕੀ ਗਤਿ ਕਰਕੈ। ਰਹੇ ਤਹਾਂ ਸਿਖ ਪ੍ਰੇਮ ਬਿਚਰਕੈ।
ਕਿਤਕ ਦਿਨਨ ਪੁਨ ਕੀਨ ਤਿਯਾਰੀ। ਸਭ ਕੋ ਦਈ ਧੀਰ ਕਹਿ ਭਾਰੀ॥੧੦॥

ਰਾਵੀ ਤਟ ਪਰ ਕੀਨ ਪਯਾਨਾ। ਪਾਛੇ ਗਮਨਤ ਮੈਂ ਮਰਦਾਨਾ।
ਸੁੰਦਰ ਤੀਰ[3] ਦੇਖ ਇਕ ਥਾਈਂ। ਬੈਠ ਗਏ ਤਹਿਂ ਸ੍ਰੀ ਜਗਸਾਂਈ॥੧੧॥

ਹੋਇ ਰਹੇ ਤਬ ਪੌਨ ਅਹਾਰੀ[(*1)] । ਜਿਉਂ ਤਪੀਸ਼ ਤਪ ਤਾਪਹਿ ਭਾਰੀ।
ਸੁਨ ਸੁਨ ਲੋਕ ਤਹਾਂ ਚਲ ਆਏ। ਹਿਤ ਕਰ ਪਦ ਪੰਕਜ[4] ਲਪਟਾਏ॥੧੨॥

ਲੇ ਉਪਦੇਸ਼ ਸਿੱਖ ਬਹੁ ਹੋਵਹਿਂ। ਸੇਵਹਿਂ ਸਗਰੇ ਦੋਖਨ ਖੋਵਹਿਂ।
ਇਕ ਤੇ ਜਸ ਦੂਸਰ ਸੁਨ ਕਾਨਾਂ। ਆਵਹਿ ਦਰਸ਼ਨ ਹਿਤ ਤਿਹਂ ਥਾਨਾ॥੧੩॥

ਗ੍ਰਾਮ ਨਗਰ ਤਹਿਂ ਨਿਕਟ ਜੁ ਅਹਿਹੀਂ। ਮਿਲਹਿਂ ਪਰਸਪਰ ਉਸਤਤਿ ਕਹਿਹੀਂ।
'ਪੂਰਨ ਪੁਰਖ ਬਡਾ ਇਹ ਸਾਧੂ। ਜਿਸ ਦਰਸ਼ਨ ਨਾਸਹਿਂ ਅਪਰਾਧੂ॥੧੪॥

ਕਲਾਵਾਨ ਗੁਨਵਾਨ ਮਹਾਨਾ। ਹੋਵਤ ਸਾਚ ਜੁ ਕਰਹਿ ਬਖਾਨਾ।
ਨਿਤ ਸਾਹਿਬ ਮੈਂ ਜਿਸ ਕੀ ਪ੍ਰੀਤਾ। ਸ਼ਾਂਤਿ ਰੂਪ ਨਹਿਂ ਡੋਲੈ ਚੀਤਾ॥੧੫॥

ਇਹ ਦਰਵੇਸ਼ ਖੁਦਾਇ ਪਯਾਰਾ। ਕਿਧੋਂ[5] ਖ਼ੁਦਾਇ ਆਪ ਤਨ ਧਾਰਾ'।
ਬਹੁ ਨਰ ਆਨ ਬੂਝਨਾ ਕਰਹੀਂ। ਤੁਰਨ ਸਭ ਕੋ ਪ੍ਰਸ਼ਨ ਉਚਰਹੀਂ॥੧੬॥

SikhBookClub.Com

ਕਿੰਨਾ ਸਮਾਂ ਉਹ ਦੋਵੇਂ ਕਰਤਾਰ ਦੇ ਚਰਨਾਂ ਵਿੱਚ ਪ੍ਰੇਮ ਅਤੇ ਰੀਝ[1] ਸਹਿਤ ਸਤਿਸੰਗ ਕਰਦੇ ਰਹੇ। ਥੋੜ੍ਹੇ ਜਿਹੇ ਦਿਨਾਂ ਵਿੱਚ ਹੀ ਉਹ ਧਰਮ ਦੇ ਨਿਯਮਾਂ ਦੀ ਦ੍ਰਿੜ੍ਹ-ਧਾਰਨਾ[2] (ਅਸਲੀਅਤ ਨੂੰ ਜਾਣਨ ਵਾਲੇ) ਬਣ ਗਏ। ਉਨ੍ਹਾਂ ਨੂੰ ਆਪਣੇ ਮਨਾਂ ਵਿੱਚ, ਸੱਚ-ਝੂਠ ਦੀ ਸਾਰੀ ਪਛਾਣ ਹੋ ਗਈ ॥੮॥

(ਉਨ੍ਹਾਂ ਦੀ) ਫੇਰ ਉਮਰ ਪੂਰੀ ਹੋ ਗਈ। ਦੋਵਾਂ ਨੇ ਸੁੱਖਾਂ ਸਹਿਤ ਸਰੀਰ ਤਿਆਗ ਦਿੱਤੇ ਅਤੇ (ਦੋਵੇਂ) ਜਣੇ ਸੁਹਾਵਣੇ-ਬੈਕੁੰਠ ਨੂੰ ਚਲੇ ਗਏ, ਜੋ ਪਵਿੱਤਰ ਮਨਾਂ ਵਾਲੇ ਭਗਤਾਂ ਦੀ ਮਨਭਾਉਂਦੀ ਥਾਂ ਹੈ। ॥੯॥

ਗੁਰੂ ਨਾਨਕ ਦੇਵ ਜੀ, ਉਨ੍ਹਾਂ ਦੀ ਮੁਕਤੀ ਕਰਕੇ (ਉੱਥੋਂ ਦੇ) ਸਿੱਖਾਂ ਦੇ ਪ੍ਰੇਮ ਨੂੰ ਵਿਚਾਰ ਕੇ, ਉਸ ਥਾਂ 'ਤੇ ਰਹੇ। ਬਹੁਤ ਦਿਨਾਂ ਮਗਰੋਂ ਉਨ੍ਹਾਂ ਜਾਣ ਦੀ ਤਿਆਰੀ ਕਰ ਲਈ। ਸਾਰਿਆਂ ਨੂੰ ਬਹੁਤ ਧੀਰਜ ਵਿੱਚ ਰਹਿਣ ਲਈ, ਤਾਕੀਦ ਕੀਤੀ ॥੧੦॥

ਗੁਰੂ ਜੀ ਫਿਰ ਰਾਵੀ ਦੇ ਕੰਢੇ ਤੇ ਚੱਲ ਪਏ। ਪਿੱਛੇ-ਪਿੱਛੇ ਮੈਂ (ਬਾਲਾ) ਅਤੇ ਮਰਦਾਨਾ ਜਾ ਰਹੇ ਸਾਂ। ਇੱਕ ਥਾਂ 'ਤੇ ਸੋਹਣਾ ਜਿਹਾ ਕੰਢਾ[3] (ਥਾਂ) ਵੇਖ ਕੇ, ਜਗਤ ਦੇ ਮਾਲਕ (ਗੁਰੂ ਜੀ) ਉੱਥੇ ਬੈਠ ਗਏ। ॥੧੧॥

ਉਸ ਵੇਲੇ ਗੁਰੂ ਜੀ ਪੌਣ-ਆਹਾਰੀ ਬਣੇ ਹੋਏ ਸਨ। ਜਿਸ ਤਰਾਂ ਕੋਈ ਘੋਰ-ਤਪੀਆ ਬਹੁਤ ਡਾਹਢੀ ਤਪੱਸਿਆ ਕਰਦਾ ਹੈ। ਸੁਣ-ਸੁਣ ਕੇ ਲੋਕੀਂ ਉੱਥੇ ਚੱਲ ਕੇ ਆ ਗਏ ਅਤੇ ਪ੍ਰੇਮ ਸਹਿਤ ਗੁਰੂ ਜੀ ਦੇ ਚਰਨ-ਕਮਲਾਂ[4] ਨਾਲ ਲਿਪਟ ਗਏ। ॥੧੨॥

ਉਪਦੇਸ਼ ਲੈ ਲੈ ਕੇ, ਬਹੁਤੇ ਸਿੱਖ ਬਣਦੇ ਗਏ। ਸਿਮਰਨ ਕਰ-ਕਰ ਕੇ ਸਮੂਹ ਕਲੇਸ਼ਾਂ ਤੋਂ ਛੁਟਕਾਰਾ ਪਾ ਲੈਂਦੇ। ਇੱਕ-ਦੂਜੇ ਤੋਂ ਗੁਰੂ ਜੀ ਦੀ ਸੋਭਾ, ਕੰਨੀਂ ਸੁਣ-ਸੁਣ ਕੇ ਉੱਥੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ। ॥੧੩॥

ਜੋ ਪਿੰਡ ਤੇ ਨਗਰ ਨੇੜੇ-ਤੇੜੇ ਸਨ ਉਥੋਂ ਦੇ ਲੋਕ ਆਪਸ ਵਿੱਚ ਮਿਲ ਕੇ ਵਡਿਆਈ ਕਰਦੇ, "ਇਹ ਸਾਧੂ ਵੱਡਾ ਮਹਾਂਪੁਰਖ ਹੈ, ਜਿਸ ਦੇ ਦਰਸ਼ਨ ਕਰਨ ਨਾਲ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ॥੧੪॥

ਵੱਡਾ ਸ਼ਕਤੀਮਾਨ ਅਤੇ ਮਹਾਨ ਗੁਣਾਂ ਵਾਲਾ ਹੈ। ਉਹ ਜੋ ਕਹਿ ਦੇਵੇ, ਉਹੋ ਹੀ ਸੱਚ ਹੋ ਜਾਂਦਾ ਹੈ। ਇਸ ਦੀ ਪਰੀਤ ਹਮੇਸ਼ਾ ਹੀ ਪਰਮਾਤਮਾ ਵਿੱਚ ਲੱਗੀ ਰਹਿੰਦੀ ਹੈ। ਇਹ ਸ਼ਾਂਤ-ਸਰੂਪ ਹੈ ਤੇ ਇਸ ਦਾ ਮਨ ਕਦੇ ਵੀ ਡੋਲਦਾ ਨਹੀਂ। ॥੧੫॥

ਇਹ ਫ਼ਕੀਰ ਖ਼ੁਦਾ ਦਾ ਪਿਆਰਾ ਹੈ । ਜਾਂ[5] ਮਾਨੋਂ ਖ਼ੁਦਾ ਨੇ ਆਪ ਹੀ (ਇਸ ਦੇ ਰੂਪ ਵਿੱਚ) ਸਰੀਰ ਧਾਰਨ ਕੀਤਾ ਹੋਇਆ ਹੈ।" ਬਹੁਤ ਲੋਕੀਂ ਆ-ਆ ਕੇ (ਗੁਰੂ ਜੀ ਕੋਲੋਂ) ਪੁੱਛਾਂ (ਪ੍ਰਸ਼ਨ) ਕਰਦੇ ਹਨ । ਗੁਰੂ ਜੀ ਤੁਰੰਤ ਹੀ ਸਾਰਿਆਂ ਦੇ ਪ੍ਰਸ਼ਨਾਂ ਦੇ ਉੱਤਰ ਉਚਾਰਦੇ ॥੧੬॥

SikhBookClub.Com

ਸੰਨਜ਼ਾਸੀ, ਬ੍ਰਹਮਚਾਰੀ, ਗ੍ਰਹਸਤੀ। ਤਪੀ, ਬੈਰਾਗੀ, ਬਾਨ ਜਿ ਪ੍ਰਸਤੀ।
ਜੋਗੀ, ਬਹੁਰ ਬੈਸ਼ਨੋ ਜੋਊ। ਹਿੰਦੂ, ਮੁਸਲਮਾਨ ਸਭ ਕੋਊ॥੧੭॥

ਆਇ ਜਿ ਸੰਸੈ ਕੋਊ ਕਰਹੀ। ਤਤਛਿਨ ਉੱਤਰ ਪ੍ਰਭੂ ਉਚਰਹੀ ।
ਸੁਨਿ ਸੁਨਿ, ਸਰਧਾ ਉਰ[1] ਮਹਿੰ ਧਰਹੀ । ਸਬਦ ਲਿਖਹਿਂ ਪੁਨ ਬਹੁਰ ਬਿਚਰਹੀ ॥੧੮॥

ਦੋਹਰਾ

ਪੁਰ ਲਹੌਰ ਕੇ ਮਨੁਜ ਬਹੁ ਹੋਏ ਸੇਵਕ ਆਇ।
ਨਾਮ ਦਾਨ ਇਸ਼ਨਾਨ ਦਿਢ ਸਿਖਹਿਂ ਕੀਰਤਨ ਗਾਇ॥੧੯॥

ਚੌਪਈ

ਇਕ ਕਰੋੜੀਆ[(*2)] ਖੱਤ੍ਰੀ ਪੁਰ ਮੈਂ। ਉਸਤਤਿ ਸੁਨਤਿ ਰਿਸਤ[2] ਅਤਿ ਉਰ ਮੈਂ।
ਕਰਕੈ ਡਰ ਕੋ ਤਾਂਹਿ ਅਗਾਰੀ। ਗੁਰ ਕੋ ਸੁਜਸੁ ਨ ਕਰਤ ਉਚਾਰੀ॥੨੦॥

ਰਘੁਬਰਸੁਤਪੁਰਿ[(*3)] ਕੀ ਰਜੁਧਾਨੀ। ਬਹੁਲੋਕਨ ਮੇਂ ਥਾ ਪਰਧਾਨੀ।
ਕਰਤ ਹਕੂਮਤ ਸਠ[3] ਤਿਨ ਬੀਚੂ। ਜਗਤੇਸ਼ੁਰ ਉਪ[4] ਉਰ ਨ ਸਹੀਚੂ[5] ॥੨੧॥

ਇਕ ਦਿਨ ਜੋਗੀ ਜਾਚਤ[6] ਫਿਰਤੇ। ਗੁਰੂ ਸਬਦ ਕੋ ਗਾਵਨ ਕਰਤੇ।
ਹਾਥ ਬਿਖੈ ਕਿੰਗੁਰੀ ਕੋ ਲੀਨੇ। ਰੀਝ ਬਜਾਵਹਿਂ ਪ੍ਰੇਮਹਿਂ ਭੀਨੇ[7] ॥੨੨॥

ਫਿਰਤ ਫਿਰਤ ਪਹੁੰਚੇ ਤਿਹਂ ਥਾਨੀ। ਬੈਠਜੋ ਜਹਾਂ ਮੰਦਮਤਿ[8] ਮਾਨੀ[9] ।
ਸਬਦ ਸੁਨਤ ਮਤਸਰ[10] ਬਹੁ ਧਾਰੀ। ਜਨੁ[11] ਬਿਖੁ ਦੇਤ ਹੋਤ ਦੁਖ ਭਾਰੀ॥੨੩॥

ਪ੍ਰਭੁਤਾ ਮਦ[12] ਅੰਧਾ ਅੱਗਜ਼ਾਨੀ। ਸੰਤਨ ਤੇ ਬੇਮੁਖ ਸੁਖ ਹਾਨੀ[13]।
ਛਾਤੀ ਜਰਤ[14] ਮਹਾਂ ਦੁਖ ਪਾਵਤ। ਤਬ ਜੋਗੀ ਇਹ ਤੁਕ ਥੇ ਗਾਵਤ॥੨੪॥

SikhBookClub.Com

ਸੰਨਿਆਸੀ, ਬ੍ਰਹਮਚਾਰੀ, ਗ੍ਰਿਹਸਤੀ, ਤਪੱਸਵੀ, ਵੈਰਾਗੀ, ਬਾਨਪ੍ਰਸਤੀ, ਜੋਗੀ ਅਤੇ ਜੋ ਵੈਸ਼ਨੋ (ਆਦਿ) ਲੋਕ ਸਨ, ਸਾਰੇ ਹਿੰਦੂ (ਅਤੇ) ਮੁਸਲਮਾਨ, (ਹਰ) ਕੋਈ (ਇੱਥੇ ਆਉਂਦੇ) ॥੧੭॥

ਜੋ ਵੀ ਕੋਈ ਆਣ ਕੇ ਸ਼ੰਕੇ (ਪੇਸ਼) ਕਰਦਾ, ਤੁਰੰਤ ਹੀ ਪ੍ਰਭੂ ਜੀ (ਗੁਰੂ ਜੀ) ਉਨ੍ਹਾਂ ਦੇ ਉੱਤਰ ਦੇ ਦਿੰਦੇ, (ਉਹ ਲੋਕ ਉੱਤਰ) ਸੁਣ ਕੇ ਆਪਣੇ ਮਨਾਂ[1] ਵਿੱਚ ਸ਼ਰਧਾ ਧਾਰਨ ਕਰ ਲੈਂਦੇ। ਉਹ (ਗੁਰ) ਸ਼ਬਦ (ਬਾਣੀ) ਲਿਖ ਲੈਂਦੇ ਸਨ ਤੇ ਫੇਰ ਵਿਚਾਰਦੇ ਸਨ। ॥੧੮॥

ਦੋਹਰਾ

ਲਾਹੌਰ ਸ਼ਹਿਰ ਦੇ ਬਹੁਤ ਜਣੇ ਸਿੱਖ-ਸੇਵਕ ਗੁਰੂ ਜੀ ਕੋਲ ਆਏ। ਉਹ ਨਾਮ, ਦਾਨ (ਅਤੇ) ਇਸ਼ਨਾਨ ਨੂੰ ਦ੍ਰਿੜ੍ਹ ਕਰਨਾ ਸਿੱਖਦੇ ਸਨ (ਅਤੇ) ਕੀਰਤਨ ਕਰਿਆ ਕਰਦੇ ਸਨ। ॥੧੯।

ਚੌਪਈ

ਉਸ ਨਗਰ ਵਿੱਚ ਇੱਕ ਕਰੋੜੀਆ ਖੱਤਰੀ ਰਹਿੰਦਾ ਸੀ। ਉਹ (ਗੁਰੂ ਜੀ ਦੀ) ਵਡਿਆਈ ਸੁਣ-ਸੁਣ ਕੇ ਹਿਰਦੇ ਵਿੱਚ ਬਹੁਤ ਜ਼ਿਆਦਾ ਕਰੋਧ[2] ਕਰਦਾ। ਡਰਦਾ ਮਾਰਿਆ, ਕੋਈ ਵੀ ਉਸ ਦੇ ਸਾਹਮਣੇ ਗੁਰੂ ਜੀ ਦੀ ਉਪਮਾ (ਸੋਭਾ) ਨਾ ਕਰਦਾ। ॥੨੦॥

ਰਘੁਬਰ (ਰਾਮਚੰਦਰ) ਦੇ (ਪਹਿਲੇ) ਪੁੱਤਰ (ਲਉ) ਦੀ ਰਾਜਧਾਨੀ (ਭਾਵ ਲਾਹੌਰ) ਦੇ ਬਹੁਤੇ ਲੋਕਾਂ ਵਿੱਚ ਉਹ (ਕਰੋੜੀਆ) ਪਰਧਾਨ (ਮੋਹਰੀ) ਸੀ। ਇਹ ਮੂਰਖ[3] (ਕਰੋੜੀਆ) ਉਨ੍ਹਾਂ 'ਤੇ ਹਕੂਮਤ ਕਰਦਾ ਸੀ। ਉਹ, ਜਗਤ ਦੇ ਈਸ਼ਵਰ ਗੁਰੂ ਜੀ ਦੀ ਉਪਮਾ[4] ਹਿਰਦੇ ਵਿੱਚ ਨਹੀਂ ਸੀ ਸਹਾਰਦਾ[5]। ॥੨੧॥

ਇੱਕ ਦਿਨ ਜੋਗੀ ਮੰਗਦੇ[6] ਫਿਰਦੇ ਸਨ (ਤੇ ਉਹ) ਗੁਰੂ ਜੀ ਦੇ ਸ਼ਬਦ ਨੂੰ ਗਾ ਰਹੇ ਸਨ। ਉਨ੍ਹਾਂ ਨੇ ਹੱਥ ਵਿੱਚ ਕਿੰਗ ਲਈ ਹੋਈ ਸੀ। ਉਹ ਪ੍ਰੇਮ ਵਿੱਚ ਲੀਨ[7] ਹੋਏ, ਰੀਝ ਨਾਲ ਕਿੰਗਰੀ ਵਜਾ ਰਹੇ ਸਨ। ॥੨੨॥

ਘੁੰਮਦੇ-ਘੁੰਮਾਉਂਦੇ ਉਹ ਉਸ ਥਾਂ ਪਹੁੰਚ ਗਏ, ਜਿੱਥੇ ਮੂਰਖਮੱਤ[8], ਵਾਲਾ ਹੰਕਾਰੀ[9] ਬੈਠਾ ਸੀ । ਉਹ ਉਥੇ ਬੈਠ ਗਏ । ਸ਼ਬਦ ਸੁਣ ਕੇ (ਉਸ ਕਰੋੜੀਏ ਨੂੰ) ਬਹੁਤ ਈਰਖਾ[10] ਆ ਗਈ, ਜਿਵੇਂ[11] ਕਿਸੇ ਮਨੁੱਖ ਨੂੰ ਵਿਹੁ ਦੇਣ ਨਾਲ ਬਹੁਤ ਭਾਰੀ ਕਸ਼ਟ ਹੋ ਜਾਂਦਾ ਹੈ। ॥੨੩॥

(ਉਹ) ਅੰਨ੍ਹਾ ਅਤੇ ਮੂਰਖ, ਵਡਿਆਈ ਦੇ ਨਸ਼ੇ[12](ਹੰਕਾਰ) ਵਿੱਚ ਵਿਚਾਰਹੀਣ ਹੋ ਗਿਆ ਸੀ। ਸੰਤਾਂ ਤੋਂ ਬੇਮੁੱਖ ਹੋਏ ਨੂੰ, ਸੁੱਖਾਂ ਦਾ ਘਾਟਾ[13] ਹੀ ਘਾਟਾ ਹੁੰਦਾ ਹੈ। (ਸੋ ਉਸ ਦੇ) ਸੀਨੇ ਵਿੱਚ ਜਲਨ[14] ਪੈਦਾ ਹੋਣ ਕਰਕੇ, ਉਹ ਬਹੁਤ ਦੁਖੀ ਹੋ ਗਿਆ ਸੀ। ਉਸ ਵੇਲੇ ਜੋਗੀ ਇਹ ਤੁਕ ਗਾਉਂਦੇ ਸਨ। ॥੨੪॥

SikhBookClub.Com

ਸ੍ਰੀ ਮੁਖਵਾਕ ਮ: ੧॥

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥

(ਗੁ. ਗ੍ਰੰ. ਸਾਹਿਬ, ਪੰਨਾ ੯੫੩)

ਦੋਹਰਾ

ਸੁਨਕੇ ਰਿਸ[1] ਭਰ ਕਹਤ ਭਾ 'ਹਿੰਦੂ ਕਿਏ ਖੁਆਰ।
ਤੁਰਕਨ ਕੇਰ ਈਮਾਨ ਗਾ[2], ਉਸਤਤਿ ਕਰਤ ਉਚਾਰ॥੨੫॥

ਚੌਪਈ

ਕੋ ਨਾਨਕ? ਮੈਂ ਪਿਖਜੋ ਨ ਜਾਨਾ। ਜਿਸ ਜਸ ਕਹਿਂ ਹਿੰਦੂ ਤੁਰਕਾਨਾ।
ਜਹਿਂ ਤਹਿਂ ਕੀਰਤਿ ਹੋਤ ਘਨੇਰੀ। ਸਮਝ ਬਿਖੈ[3] ਕੁਛ ਆਇ ਨ ਮੇਰੀ॥੨੬॥

ਕੋ[4] ਐਸਾ ਕਲਿ ਕਾਲ ਮਝਾਰੀ। ਸਰਬ ਭਏ ਜਿਨ ਕੇ ਅਨੁਸਾਰੀ[5]।
ਮੈ ਕੀਨੀ ਇਹ ਰੀਤ ਪਰੇਖੀ[6]। ਭੇ ਸੇਵਕ ਸਭ ਦੇਖਾ ਦੇਖੀ॥੨੭॥

ਚਲੇ ਕੁਚਾਲ[7] ਚਾਲ ਨਿਜ ਤਜਾਗੀ। ਇਹ ਬਿਧਿ[8] ਮੋਹਿ ਭਲੀ ਨਹਿਂ ਲਾਗੀ।
ਔਰਨ ਕੋ ਕਜਾ ਦੋਸ਼ ਅਲਾਵੋਂ। ਜਿਨਹਿ ਚਲਾਏ ਤਿਨ ਗਹਿ ਲਜਾਵੋਂ॥੨੮॥

ਕਰਕੈ ਕੈਦ ਸੀਖ ਸੁਭ ਦੇਊਂ। ਤਿਹਂ ਮਨ ਮਤੋ ਸਰਬ ਬਰਜੇਊ[9]'।
ਅਸ ਕਹਿ ਅਪਨੀ ਸਭਾ ਮਝਾਰੀ। ਨਿਜ ਸੇਵਕ ਤਬ ਲੀਨ ਹਕਾਰੀ[10]॥੨੯॥

ਕਹਜੋ 'ਤੁਰੰਗਨ ਪਰ,ਅਬ ਜਾਈ। ਪਾਇ ਜ਼ੀਨ[11],ਆਨਹੁ ਇਹ ਥਾਂਈਂ'।
ਸੁਨਤ ਦਾਸ ਲਜਾਯੋ ਤਤਕਾਲਾ। ਲਗਜੋ ਚੜ੍ਹਨ ਜਿਸ ਦਰਪ[12] ਬਿਸਾਲਾ॥੩੦॥

SikhBookClub.Com

ਸ੍ਰੀ ਮੁਖ ਵਾਕ ਪਾਤਸ਼ਾਹੀ ਪਹਿਲੀ ।

ਗੁਰੂ ਜੀ ਫ਼ਰਮਾਉਂਦੇ ਹਨ, ਹੇ ਇਨਸਾਨ! ਤੂੰ ਸੱਚਾ ਉਪਦੇਸ਼ ਸਰਵਣ ਕਰ । ਵਹੀ-ਖਾਤਾ ਕੱਢ, ਜਦ ਇਨਸਾਫ਼ ਕਰਨ ਬੈਠਾ, ਵਾਹਿਗੁਰੂ ਤੇਰੇ ਕੋਲੋਂ ਤੇਰਾ ਹਿਸਾਬ-ਕਿਤਾਬ ਪੁੱਛੇਗਾ। ਸਾਹਿਬ ਦੇ ਬਾਗ਼ੀ, ਜਿਨ੍ਹਾਂ ਦੇ ਜ਼ਿੰਮੇ ਬਕਾਇਆ ਹੈ, ਬੁਲਾਏ ਜਾਣਗੇ । ਮੌਤ ਦਾ ਦੂਤ ਅਜ਼ਰਾਈਲ ਉਨ੍ਹਾਂ ਨੂੰ ਸਜ਼ਾ ਦੇਣ ਲਈ ਮੁਕੱਰਰ ਕੀਤਾ ਜਾਵੇਗਾ । ਤੰਗ ਗਲੀ ਅੰਦਰ ਫਸੇ ਹੋਇਆਂ ਨੂੰ, ਕੋਈ ਰਸਤਾ, ਬਚਾਅ (ਆਉਣ ਤੇ ਜਾਣ ਦਾ) ਨਹੀਂ ਦਿੱਸਣਾ । ਹੇ ਨਾਨਕ! ਝੂਠ ਦਾ ਖ਼ਾਤਮਾ ਹੋ ਜਾਵੇਗਾ ਤੇ ਅੰਤ ਵਿੱਚ ਸੱਚ ਹੀ ਪਰਬਲ ਹੋਵੇਗਾ । **(ਗੁ. ਗ੍ਰੰ. ਸਾਹਿਬ, ਪੰਨਾ 953)**

ਦੋਹਰਾ

(ਇਹ ਸ਼ਬਦ) ਸੁਣ ਕੇ ਗੁੱਸੇ[1] ਨਾਲ ਭਰਿਆ ਹੋਇਆ (ਉਹ) ਕਹਿਣ ਲੱਗਾ, "ਹਿੰਦੂਆਂ ਨੂੰ ਖ਼ੁਆਰ ਕੀਤਾ ਗਿਆ ਹੈ। ਮੁਸਲਮਾਨਾਂ ਦਾ ਵੀ ਈਮਾਨ ਖ਼ਤਮ[2] ਹੋ ਗਿਆ। ਅਚਰਜ ਦੇਖੋ ਇਹ ਉਸ ਦੀ ਉਸਤਤ ਦਾ ਉਚਾਰਨ ਕਰਦੇ ਹਨ। ॥੨੫॥

ਚੌਪਈ

ਕੌਣ ਨਾਨਕ ਹੈ? ਮੈਂ ਤਾਂ ਕਦੇ ਵੇਖਿਆ-ਜਾਣਿਆ ਨਹੀਂ, ਜਿਸ ਦੀ ਮਹਿਮਾ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਕਰਦੇ ਹਨ। ਜਿੱਥੇ-ਕਿੱਥੇ ਉਸ ਦੀ ਬਹੁਤ ਵਡਿਆਈ ਹੁੰਦੀ ਹੈ। ਮੇਰੀ ਤਾਂ ਸਮਝ ਵਿੱਚ[3] ਕੁਝ ਨਹੀਂ ਆਉਂਦਾ। ॥੨੬॥

ਕਲਜੁਗ ਵਿਚ ਅਜਿਹਾ ਕੌਣ[4] ਹੈ ਜਿਸ ਦੇ ਪਿੱਛੇ[5] ਸਾਰੇ ਲੋਕ ਹੀ ਚੱਲਣ ਲੱਗ ਪਏ ਹਨ। ਮੈਂ ਕਰੋੜੀਏ ਨੇ ਇੱਥੇ ਪਰਖਣ[6] ਵਾਲੇ (ਸਾਰੇ) ਢੰਗ (ਲਾਗੂ) ਕੀਤੇ ਹਨ। ਸਾਰੇ ਹੀ ਲੋਕ ਦੇਖਾ-ਦੇਖੀ ਉਸ ਦੇ ਸੇਵਕ ਬਣ ਗਏ ਹਨ। ॥੨੭॥

ਲੋਕ ਆਪਣੀ ਰੀਤ ਤਿਆਗ ਕੇ ਗ਼ਲਤ-ਰਾਹ[7] 'ਤੇ ਚੱਲ ਪਏ ਹਨ। ਇਹ ਢੰਗ[8] ਮੈਨੂੰ ਚੰਗਾ ਨਹੀਂ ਲੱਗਿਆ। ਹੋਰਨਾਂ ਨੂੰ ਮੈਂ ਕੀ ਦੋਸ਼ ਦੇਵਾਂ? ਜਿਸ ਨੇ ਇਹ ਲੋਕ, ਕੁਚਾਲੇ ਚਲਾਏ ਹਨ, ਉਸੇ ਨੂੰ ਹੀ ਫੜ ਕੇ ਲੈ ਆਵਾਂ। ॥੨੮॥

(ਉਸ ਨੂੰ) ਕੈਦ ਕਰਕੇ, ਚੰਗੀ ਨਸੀਹਤ ਦੇਵਾਂ। ਉਸ ਦੀ ਫੈਲਾਈ ਹੋਈ ਸਾਰੀ ਮਨਮੱਤ ਰੋਕ[9] ਦੇਵਾਂ।" ਇਸ ਤਰਾਂ ਆਖ ਕੇ ਉਸ ਨੇ ਆਪਣੀ ਸਭਾ ਵਿੱਚ ਆਪਣੇ ਸੇਵਕ ਨੂੰ, ਉਸੇ ਵੇਲੇ ਸੱਦ[10] ਲਿਆ। ॥੨੯॥

ਉਹਨੂੰ ਆਖਿਆ, "ਹੁਣੇ ਜਾਹ ਤੇ ਘੋੜਿਆਂ ਉੱਤੇ ਕਾਠੀਆਂ[11] ਪਾ ਕੇ ਇਸੇ ਥਾਂ 'ਤੇ ਲੈ ਆਉ।" ਇਹ ਸੁਣ ਕੇ ਨੌਕਰ ਤੁਰੰਤ ਹੀ ਘੋੜੇ ਲੈ ਆਇਆ। (ਉਹ) ਜਿਸ ਨੂੰ ਕਿ ਬਹੁਤ ਹੰਕਾਰ[12] ਸੀ, ਘੋੜੀ 'ਤੇ ਚੜ੍ਹਨ ਲੱਗਿਆ। ॥੩੦॥

SikhBookClub.Com

ਦਿਯੋ ਰਕਾਬ ਬਿਖੈ ਪਗ ਜਬਹੀ। ਸਬਲ[1] ਤੁਰੰਗਨ ਫਰਕੀ ਤਬਹੀ।
ਨਹੀਂ ਸਮ੍ਹਾਰਜੋ ਤਿਹ ਛਿਨ ਖੱਤਰੀ। ਗਿਰਜੋ ਧਰਨਿ ਪਰ ਪਗਿਯਾ ਉਤਰੀ॥ ੩੧॥

ਲਖਯੋ ਕੁਸੌਂਨ[2] ਰਿਦੇ ਮਹਿਂ ਤਾਹੂ। ਬਹੁਰ ਨ ਚਢਜੋ ਰਹਜੋ ਘਰ ਮਾਂਹੂ।
ਨਿਕਟਿ ਜਿ ਨਰ ਸਮਝਾਵਨ ਕੀਨੋ। 'ਮਹਾਂ ਪੁਰਖੁ ਸ੍ਰੀ ਨਾਨਕ ਚੀਨੋ[3] ॥ ੩੨॥

ਕਰਜੋ ਨਿਰਾਦਰ' ਸੁਨਤ ਨ ਕਾਈ। ਕਹੈ 'ਕਿ ਗਹੋਂ ਭੋਰ ਕੋ ਜਾਈ'।
ਰਜਨੀ[4] ਕਰ ਬਿਤੀਤ ਸੋ ਮੂਢਾ। ਅਗਲੇ ਦਿਨ ਮਹਿਂ ਭਯੋ ਅਰੂਢਾ[5] ॥ ੩੩॥

ਗਮਨੇ ਬ੍ਰਿੰਦ[6] ਸੰਗ ਨਰ ਤਾਂਹੀ। ਆਵਤ ਭਏ ਸਰਬ ਮਗ ਮਾਂਹੀ।
ਸ੍ਰੀ ਪ੍ਰਭੁ ਰਹੇ ਕਿਤਕ ਜਬ ਦੂਰੀ। ਭਯੋ ਅੰਧ ਨਹਿਂ ਪਿਖਤ ਹਦੂਰੀ[7] ॥ ੩੪॥

ਗਰਬ ਹਾਂਨ ਭਾ, ਪੀੜਾ ਬਜਾਪੀ। ਬੋਲ ਨ ਸਕਹਿ ਨਿੰਦ ਕਰ ਪਾਪੀ।
ਤਬ ਸਮਝਜੋ ਮਨ ਮੂਰਖ ਮਾਨੀ[8]। — ਦੀਰਘ ਕਲਾਵਾਨ ਗੁਨਖਾਂਨੀ॥ ੩੫॥

ਲੋਕ ਬਹੋਰ[9] ਰਹੇ ਮੁਝ ਤਾਂਈ । ਮਾਨੀ ਮੈਂ ਨ ਕਰੀ ਦੁਸ਼ਟਾਈ।
ਬਹੁ ਨਰ ਕੋ ਜਿਹਂ[10] ਕਹਜੋ ਨ ਭਾਵਤ। ਮਮ ਸਮਾਨ ਦੁਖਿ ਹ੍ਵੈ ਪਛੁਤਾਵਤ। ੩੬।

ਗੁਨਤ ਬਿਸੂਰਤ[11] ਗਮਨਤ ਜਬਹੀ। ਨਿਰਖੀ ਨਰਨ ਨੈਨ ਗਤਿ[12] ਤਬ ਹੀ।
ਭਯੋ ਦੀਨ ਬੋਲਜੋ ਪਛੁਤਾਈ। 'ਅਬ ਤਿਨਕੀ ਮੈਂ ਮਹਿਮਾ ਪਾਈ॥ ੩੭॥

ਜਸ[13] ਤੁਮ ਕਹਤਿ ਹੁਤੇ ਤਸ ਦੇਖਾ। ਭਯੋ ਅੰਧ ਮੈਂ ਕੀਨ ਪਰੇਖਾ।
ਮਹਾਂ ਪੁਰਖ ਸੋਂ ਮਤਸਰ[14] ਧਾਰੀ। ਤਿਹ ਕੋ ਫਲ ਪ੍ਰਾਪਤਿ ਦੁਖ ਭਾਰੀ॥ ੩੮॥

SikhBookClub.Com

ਜਿਉਂ ਹੀ ਉਹਨੇ ਰਕਾਬ ਵਿੱਚ ਪੈਰ ਪਾਇਆ। ਨਰੋਈ[1]-ਘੋੜੀ ਉਸੇ ਵੇਲੇ ਫੜਕ (ਝੁਭਕ)ਗਈ। ਉਸ ਸਮੇਂ ਖੱਤਰੀ (ਕਰੋੜੀਆ) ਸੰਭਲ ਨਾ ਸਕਿਆ ਤੇ ਉਹ ਧਰਤੀ 'ਤੇ ਡਿੱਗ ਪਿਆ, ਉਸ ਦੀ ਪੱਗ ਲੱਥ ਗਈ। ॥੩੧॥

ਹਿਰਦੇ ਵਿੱਚ ਭੈੜਾ-ਸ਼ਗਨ[2] ਜਾਣ ਕੇ ਉਹ ਫੇਰ (ਘੋੜੀ 'ਤੇ) ਨਾ ਚੜ੍ਹਿਆ ਤੇ ਘਰੇ ਹੀ ਰਿਹਾ। ਜੋ ਲੋਕ ਨੇੜੇ ਸਨ, ਉਨ੍ਹਾਂ ਨੇ ਉਸ ਨੂੰ ਸਮਝਾਇਆ ਅਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਹਾਂਪੁਰਖ ਜਾਣੋ[3] ॥੩੨॥

ਤੂੰ ਉਨ੍ਹਾਂ ਦਾ ਨਿਰਾਦਰ ਕਰ ਦਿੱਤਾ ਹੈ।" ਪਰ ਉਸ ਨੇ ਕੋਈ ਵੀ ਨਾ ਸੁਣੀ (ਸਗੋਂ) ਬੋਲਿਆ, "ਕੱਲ੍ਹ ਸਵੇਰ ਨੂੰ ਜਾ ਕੇ ਫੜ ਲਵਾਂਗਾ।" ਉਸ ਮੂਰਖ ਨੇ ਰਾਤ[4] ਗੁਜ਼ਾਰੀ ਤੇ ਅਗਲੇ ਦਿਨ ਉਹ (ਫੇਰ) ਚੜ੍ਹ[5] ਪਿਆ। ॥੩੩॥

ਲੋਕਾਂ ਦੀ ਟੋਲੀ[6] ਵੀ ਨਾਲ ਚੱਲ ਪਈ। ਸਾਰੇ, ਰਸਤੇ 'ਤੇ (ਚੱਲੇ) ਆ ਰਹੇ ਸਨ । ਜਦੋਂ ਗੁਰੂ ਜੀ ਕੁਝ-ਕੁ ਦੂਰ ਰਹਿ ਗਏ ਤਾਂ ਉਹ ਕਰੋੜੀਆ ਅੰਨ੍ਹਾ ਹੋ ਗਿਆ ਤੇ ਉਹਨੂੰ ਹਜ਼ੂਰ (ਗੁਰੂ ਜੀ)[7] ਦੇ ਸਨਮੁੱਖ ਕੁਝ ਦਿਖਾਈ ਨਾ ਦਿੱਤਾ। ॥੩੪॥

ਅਜਿਹੀ ਪੀੜਾ ਆਣ ਪਈ ਕਿ ਉਸ ਦਾ ਸਾਰਾ ਹੰਕਾਰ ਨਸ਼ਟ ਹੋ ਗਿਆ। ਨਿੰਦਾ ਕਰਨ ਵਾਲਾ ਪਾਪੀ ਹੁਣ ਬੋਲ ਵੀ ਨਹੀਂ ਸੀ ਸਕਦਾ। ਮੂਰਖ ਹੰਕਾਰੀ[8] ਤਦ ਆਪਣੇ ਮਨ ਵਿੱਚ ਸਮਝ ਗਿਆ (ਕਿ) -ਗੁਣਾਂ ਦੀ ਖਾਣ ਗੁਰੂ ਜੀ ਕੋਈ ਵੱਡੇ ਸ਼ਕਤੀਵਾਨ ਹਨ। ॥੩੫॥

ਮੈਨੂੰ ਲੋਕ ਮੋੜ (ਵਰਜ)[9] ਵੀ ਰਹੇ, ਪਰ ਮੈਂ ਹੀ ਕਿਸੇ ਦੀ ਨਾ ਮੰਨੀ, (ਸਗੋਂ) ਬਦੀ ਕੀਤੀ ਹੈ। ਜਿਸ[10] ਬੰਦੇ ਨੂੰ, ਬਹੁਤੇ ਲੋਕਾਂ ਦਾ ਆਖਿਆ ਚੰਗਾ ਨਹੀਂ ਲੱਗਦਾ, ਉਹ ਅੰਤ ਨੂੰ ਮੇਰੇ ਵਾਂਗ ਦੁਖੀ ਹੋ ਕੇ ਪਛਤਾਉਂਦਾ ਹੀ ਹੈ-। ॥੩੬॥

ਜਦ ਉਹ ਇਸ ਤਰਾਂ ਸੋਚਦਾ ਤੇ ਝੁਰਦਾ[11] ਜਾ ਰਿਹਾ ਸੀ ਤਾਂ ਲੋਕਾਂ ਦੀਆਂ ਨਜ਼ਰਾਂ ਨੇ ਉਸ ਦੀ ਹਾਲਤ[12] ਓਦੋਂ ਹੀ ਪਛਾਣ ਲਈ ਸੀ। (ਤਾਂ ਉਹ) ਨਿਮਾਣਾ ਜਿਹਾ ਹੋ ਕੇ, ਪਛਤਾਉਂਦਾ ਹੋਇਆ ਬੋਲਿਆ, "ਮੈਂ ਹੁਣ ਉਨ੍ਹਾਂ ਦੀ ਵਡਿਆਈ ਜਾਣ ਲਈ ਹੈ। ॥੩੭॥

ਜਿਸ[13] ਤਰਾਂ ਤੁਸੀਂ ਉਨ੍ਹਾਂ ਬਾਰੇ ਕਿਹਾ ਸੀ, ਉਹੋ-ਜਿਹੇ ਹੀ ਮੈਂ ਵੇਖ ਲਏ ਹਨ। ਮੈਂ (ਹੁਣ) ਅੰਨ੍ਹਾ ਹੋ ਕੇ, ਪਰਖ ਕਰ ਲਈ ਹੈ। ਮੈਂ ਮਹਾਂਪੁਰਖਾਂ ਨਾਲ ਈਰਖਾ[14] ਕੀਤੀ । ਉਸ ਦੇ ਫਲ ਵਜੋਂ ਬਹੁਤ ਦੁੱਖ ਪ੍ਰਾਪਤ ਕਰ ਲਿਆ ਹੈ। ॥੩੮॥

SikhBookClub.Com

ਚਲ ਸਮੀਪ ਅਬ ਮੁਝ ਬਖ਼ਸ਼ਾਵਹੁ। ਕਹੇ ਕੁਬੋਲ ਸੁ ਛਿਮਾ ਕਰਾਵਹੁ।
ਮੈਂ ਅਬ ਦਾਸ, ਪਰੋਂ ਤਿਨ ਪਾਈ। ਹੋਵੋਂ ਸਿੱਖ,ਰਖੈਂ ਸ਼ਰਣਾਈ' ॥ ੩੯ ॥

ਸੁਨ ਕੈ ਨਰਨ ਸਰਬ ਸਮਝਾਯੋ। 'ਅਬ ਤੋ ਪਤਾ ਆਪ ਨੈ ਪਾਯੋ।
ਉਤਰ ਤੁਰੰਗਨ ਤੇ ਇਹ ਥਾਂਈਂ। ਬੰਦਨ ਕਰਹੁ ਧਰਨਿ[1] ਸਿਰ ਲਾਈ ॥ ੪੦ ॥

ਧਰ ਸਰਧਾ ਤੁਮ ਚਲਹੁ ਅਗਾਰੀ। ਪਰਹੁ ਜਾਇਕੈ ਚਰਨ ਮਝਾਰੀ[2]।
ਬਖਸ਼ਹਿਂਗੇ ਤੁਝ ਦੀਨ ਦਯਾਲਾ। ਭਗਤਿ ਵਛਲ ਜਿਨਿ ਬਿਰਦ[3] ਬਿਸਾਲਾ' ॥ ੪੧ ॥

ਤਿਨ ਕੀ ਭਨੀ[4] ਮਾਨ ਹਰਿ ਮਾਨਾ । ਉਤਰਜੋ, ਮਾਰਗ ਚਰਨ ਚਲਾਨਾ।
ਨਮੋ ਕਰਹਿ ਪਗ ਪਗ, ਹ੍ਵੈ ਦੀਨਾ। ਅਨਿਕ ਭਾਂਤਿ ਜਸੁ ਬਰਨਨ ਕੀਨਾ ॥ ੪੨ ॥

ਕਿਤਕ ਦੂਰ ਤੇ ਉਚ ਪੁਕਾਰਾ। 'ਛਿਮਹੁ ਛਿਮਹੁ ਮੈਂ ਦਾਸ ਤੁਮਾਰਾ।
ਮਸ਼ਕ[5] ਗਰਬ ਖਗਪਤਿ[6] ਸੋਂ ਧਰਈ। ਰੰਚ[7] ਮੇਰੁ[8] ਕੀ ਸਮਤਾ ਕਰਈ ॥ ੪੩ ॥

ਅਪਨੋ ਤੇਜ ਦਿਖਾਇ ਟਨਾਨੋ[9]। ਰਵਿ[10] ਕੀ ਪ੍ਰਭੁਤਾ ਕਰਹਿ ਪਛਾਨੋਂ।
ਤਿਉਂ ਮਤਿਮੰਦ ਲਾਲਸਾ ਮੇਰੀ। ਮੁਖ ਤੇ ਨਿੰਦਾ ਕੀਨ ਘਨੇਰੀ ॥ ੪੪ ॥

ਅਪਰਾਧੀ ਮੈਂ ਪ੍ਰਭੂ! ਤੁਮਾਰਾ। ਬਖਸ਼ ਲੇਹੁ ਅਬ ਦੀਨ ਦਯਾਰਾ'!'।
ਰਿਦੇ ਬਿਸੂਰਤ[11] ਅਸ ਮੁਖ ਬੋਲਹਿ। ਡਗਮਗ ਪਗ ਮਗ ਚਲਤਜੋ ਡੋਲਹਿ ॥ ੪੫ ॥

ਇਕ ਨਰ ਗਹਿ ਕਰ ਤਿਹ ਕੋ ਹਾਥਾ। ਲੇ ਡਾਰਜੋ ਪਗ ਪਰ ਜਗਨਾਥਾ।
'ਸ਼ਰਨ ਸ਼ਰਨ ਮੈਂ'ਗਿਰਾ ਉਚਾਰੀ। ਪਰਜੋ ਰਹਜੋ ਸਮ [12] ਦੰਡ ਅਗਾਰੀ ॥ ੪੬ ॥

SikhBookClub.Com

ਹੁਣ (ਉਨ੍ਹਾਂ ਦੇ) ਕੋਲ ਚੱਲ ਕੇ ਮੈਨੂੰ ਬਖ਼ਸ਼ਵਾ ਦਿਉ । ਜਿਹੜੇ ਮੰਦੇ ਬੋਲ ਮੈਂ ਆਖੇ ਸਨ, ਮੈਨੂੰ ਮੁਆਫ਼ੀ ਦਿਵਾ ਦਿਉ । ਮੈਂ ਹੁਣ ਉਨ੍ਹਾਂ ਦਾ ਦਾਸ ਹਾਂ, ਤੇ ਉਨ੍ਹਾਂ ਦੇ ਚਰਨ-ਕਮਲਾਂ ਵਿੱਚ ਢਹਿ ਪਵਾਂਗਾ । ਉਨ੍ਹਾਂ ਦਾ ਸਿੱਖ ਬਣ ਜਾਵਾਂਗਾ, ਉਹ ਮੈਨੂੰ ਆਪਣੀ ਸ਼ਰਨ ਵਿੱਚ ਰੱਖ ਲੈਣ।" ॥੩੯॥

ਇਹ ਸੁਣ ਕੇ ਸਾਰੇ ਲੋਕਾਂ ਨੇ ਸਮਝਾਇਆ, "ਹੁਣ ਤਾਂ ਤਸੱਲੀ ਕਰ ਦੇਣ ਵਾਲਾ ਪਰਤਾਵਾ ਤੂੰ ਆਪ ਹੀ ਪਾ ਲਿਆ ਹੈ। ਘੋੜੀ ਤੋਂ ਇਸੇ ਥਾਂ 'ਤੇ ਉਤਰ ਕੇ, ਹੁਣ ਧਰਤੀ[1] 'ਤੇ ਸਿਰ ਰੱਖ ਕੇ ਉਨ੍ਹਾਂ ਨੂੰ ਨਮਸਕਾਰ ਕਰ! ॥੪੦॥

ਸ਼ਰਧਾ ਧਾਰ ਕੇ ਤੂੰ ਉਨ੍ਹਾਂ ਦੇ ਹਜ਼ੂਰ (ਸਾਹਮਣੇ) ਚੱਲ ਅਤੇ ਜਾ ਕੇ ਉਨ੍ਹਾਂ ਦੇ ਚਰਨਾਂ ਵਿੱਚ[2] ਲੇਟ ਜਾ। ਉਹ, ਦੀਨਾਂ ਉੱਪਰ ਦਇਆ ਕਰਨ ਵਾਲੇ, ਜਿਨ੍ਹਾਂ ਦੀ ਕਿ ਮਹਾਨ ਮਰਯਾਦਾ[3] ਹੈ ਭਗਤਾਂ ਦੀ ਰੱਖਿਆ ਕਰਨੀ, ਉਹ ਦਿਆਲੂ ਗੁਰੂ ਜੀ ਤੈਨੂੰ ਵੀ ਅਵੱਸ਼ ਬਖ਼ਸ਼ ਦੇਣਗੇ।" ॥੪੧॥

ਉਨ੍ਹਾਂ ਲੋਕਾਂ ਦਾ ਆਖਾ[4] ਮੰਨਦੇ ਹੋਏ, (ਆਪਣੇ) ਹੰਕਾਰ ਨੂੰ ਮਾਰ ਕੇ ਉਹ ਘੋੜੀ ਤੋਂ ਉਤਰ ਕੇ, ਪੈਦਲ ਤੁਰ ਪਿਆ ਤੇ ਅਨਾਥ ਬਣ ਕੇ, ਪੈਰ-ਪੈਰ 'ਤੇ ਨਮਸਕਾਰ ਕਰਦਾ ਰਿਹਾ ਅਤੇ ਅਨੇਕ ਤਰਾਂ ਨਾਲ ਗੁਰੂ ਜੀ ਦੀ ਮਹਿਮਾ ਉਚਾਰਨ ਲੱਗਾ। ॥੪੨॥

ਉਹ ਕਿੰਨੀ ਦੂਰ ਤੋਂ ਹੀ, ਉੱਚੀ ਬੋਲਿਆ, "(ਮਹਾਰਾਜ!) ਖਿਮਾ ਕਰੋ, ਖਿਮਾ ਕਰੋ! ਮੈਂ ਆਪ ਦਾ ਸੇਵਕ ਹਾਂ। ਮੱਛਰ[5], ਅਹੰਕਾਰ ਕਰ ਕੇ ਗਰੁੜ[6] ਜਿਹਾ (ਬਣਨ ਦਾ ਦਾਈਆ ਬੰਨ੍ਹਦਾ ਹੈ), ਜਿਵੇਂ ਕਿਣਕਾ[7] ਸੁਮੇਰ[8] ਪਰਬਤ ਦੀ ਬਰਾਬਰੀ ਕਰਦਾ ਹੋਵੇ। ॥੪੩॥

ਟਟਹਿਣਾ[9] ਆਪਣੀ ਰੌਸ਼ਨੀ ਵਿਖਾ ਕੇ ਜਿਵੇਂ ਸੂਰਜ[10] (ਦੀ ਰੌਸ਼ਨੀ ਦੀ) ਵਡਿਆਈ ਦੀ ਪਛਾਣ ਕਰਦਾ ਹੈ, ਤਿਵੇਂ ਹੀ ਮੈਂ, ਮੰਦ-ਬੁੱਧੀ ਵਾਲੇ ਦੀ ਇੱਛਾ ਸੀ। ਮੈਂ ਆਪਣੇ ਮੂੰਹੋਂ ਆਪ ਦੀ ਬਹੁਤ ਨਿੰਦਾ ਕੀਤੀ ਹੈ। ॥੪੪॥

ਹੇ ਪ੍ਰਭੂ! ਗੁਰੂ ਜੀਓ! ਮੈਂ ਤੁਹਾਡਾ ਦੋਸ਼ੀ ਹਾਂ। ਹੇ ਗ਼ਰੀਬਾਂ ਉੱਪਰ ਦਇਆ ਕਰਨ ਵਾਲਿਓ, ਹੁਣ ਤੁਸੀਂ ਮੈਨੂੰ ਬਖ਼ਸ਼ ਲਵੋ।" ਹਿਰਦੇ ਵਿੱਚ ਝੁਰਦਾ[11] ਹੋਇਆ ਇਸ ਪ੍ਰਕਾਰ ਮੁੱਖੋਂ ਬੋਲਦਾ ਸੀ। ਲੜਖੜਾਉਂਦੇ ਕਦਮਾਂ ਨਾਲ ਰਾਹ 'ਤੇ ਚਲਦਿਆਂ ਉਹ ਡੋਲਦਾ ਸੀ। ॥੪੫॥

ਇੱਕ ਆਦਮੀ ਨੇ ਉਸ ਦਾ ਹੱਥ ਫੜ ਕੇ, ਉਹਨੂੰ ਲਿਆ ਕੇ ਜਗਤ ਦੇ ਮਾਲਕ ਗੁਰੂ ਜੀ ਦੇ ਚਰਨਾਂ 'ਤੇ ਲਿਟਾ ਦਿੱਤਾ। "ਮੈਂ ਤੁਹਾਡੀ ਸ਼ਰਨ ਵਿੱਚ ਹਾਂ, ਸ਼ਰਨ ਵਿੱਚ ਹਾਂ!" ਉਹ ਕਹੀ ਜਾ ਰਿਹਾ ਸੀ। ਉਹ (ਗੁਰੂ ਜੀ ਦੇ ਅੱਗੇ) ਡੰਡੌਤ[12] ਕਰਦਾ ਹੋਇਆ ਲੰਮਾ ਪਿਆ ਰਿਹਾ ॥੪੬॥

SikhBookClub.Com

ਕਰ ਬਿਨਤੀ ਬਹੁਤੋ ਘਿਘਆਯੋ।ਬਹੁਰ ਨ ਊਪਰ ਸੀਸ ਉਠਾਯੋ।
ਕ੍ਰਿਪਾਨਿਧਾਨ ਤਾਸ ਗਤਿ ਦੇਖੀ।ਕਰੁਨਾ ਉਪਜੀ ਰਿਦੇ ਬਿਸੇਖੀ[1] ॥੪੭॥

ਕਹਯੋ 'ਉਠਹੁ ਖੋਲਹੁ ਨਿਜ ਲੋਚਨ।ਮਨ ਸੋਚਨ ਸਭ ਕਰਹੁ ਬਿਮੋਚਨ'॥
ਕ੍ਰਿਪਾ ਯੁਕਤਿ ਬਾਨੀ ਕੋ ਸੁਨ ਕੈ।ਉਠ ਬੈਠਜੋ ਬਖ਼ਸਜੋ ਨਿਜ ਗੁਨ[2] ਕੈ॥੪੮॥

ਨੀਕੇ[3] ਲਗਜੋ ਬਿਲੋਕਨ ਤੈਸੇ।ਹੁਤੀ ਅਗਾਰੀ ਦ੍ਰਿਸ਼ਟਿ ਸੁ ਜੈਸੇ।
ਹਾਥ ਬੰਦ ਦ੍ਵੈ ਹ੍ਵੈ ਕਰ ਠਾਢੋ[4]।ਬੋਲਜੋ ਰਿਦੇ ਪ੍ਰੇਮ ਬਹੁ ਬਾਢੋ॥੪੯॥

'ਕ੍ਰਿਪਾ ਧਾਰਿ ਢਿਗ ਅਪਨੇ ਪਾਇਨ[5]। ਪ੍ਰਭੂ ਜੀ ਲੀਜੈ ਮੋਰ ਉਪਾਇਨ[6]।
ਜਹਿਂ ਬੈਠੇ ਇਹੁ ਸੁੰਦਰ ਅਵਨੀ[7]।ਲੇ ਧ੍ਰਮਸਾਲਾ ਕੀਜੈ ਰਵਨੀ[8] ॥੫੦॥

ਅਪਨੋ ਗ੍ਰਾਮ ਬਸਾਇ ਨਿਰਾਰਾ[9]।ਸਿਖ ਸੰਤਨ ਕੋ ਦੇਹੁ ਅਹਾਰਾ।
ਅਪਨ ਨਾਮ ਪਰ ਨਾਮ ਧਰੀਜੈ।ਭੇਟ ਲੇਹੁ ਕਿਰਤਾਰਥ[10] ਕੀਜੈ'॥੫੧॥

ਗੁਰ ਕਹਿ 'ਜੇ ਤਵ ਅਸ ਮਨ ਮਾਂਹੀ।ਕਰਹੁ ਸੇਵ ਬਰਜਤ ਕੋ ਨਾਂਹੀ।
ਸਤਿਸੰਗਤਿ ਕੋ ਹ੍ਵੈ ਬਿਸਰਾਮਾ।ਮਿਲ ਕਰ ਸਿਮਰਹਿਂਗੇ ਹਰਿਨਾਮਾ'॥੫੨॥

ਤਬ ਖੱਤ੍ਰੀ ਨਿਜ ਮਨੁਜ ਪਠਾਏ।ਘਰ ਕੇ ਕਰਨਹਾਰ[11] ਬੁਲਵਾਏ।
ਤਿਹ ਠਾਂ ਤੂਰਨ ਕੀਨ ਤਯਾਰੀ।ਆਨ ਬਸਾਏ ਬਹੁ ਨਰ ਨਾਰੀ॥੫੩॥

ਸ੍ਰੀ ਕਰਤਾਰਪੁਰਾ ਧਰ ਨਾਮੂ।ਧਰਮਸਾਲ ਇਕਿ ਰਚਿ ਅਭਿਰਾਮੂ[12]।
ਕਰ ਬਿਨਤੀ ਸਤਿਗੁਰੂ ਅਗਾਰੀ।ਲੇਕਰ ਗਮਨਜੋ ਤਾਂਹਿ ਮਝਾਰੀ॥੫੪॥

ਬਹੁ ਸੁੰਦਰ ਪਰਯੰਕ[13] ਡਸਾਯੋ।ਊਪਰ ਰੁਚਿਰ[14] ਬਛੌਨਾ ਛਾਯੋ।
ਤਹਾਂ ਬੈਠਾਇ ਭਾਉ ਕਰ ਭਾਰੀ।ਦੀਪ ਜਗਾਇ ਆਰਤੀ ਉਤਾਰੀ॥੫੫॥

SikhBookClub.Com

ਬੇਨਤੀ ਕਰਕੇ ਬਹੁਤ ਘਿਗਿਆਇਆ (ਤਰਲੇ ਕੱਢੇ)। ਫੇਰ ਉਹਨੇ (ਆਪਣਾ) ਸਿਰ ਉੱਪਰ ਹੀ ਨਾ ਚੁੱਕਿਆ। ਜਦ ਕਿਰਪਾ ਦੇ ਭੰਡਾਰ (ਗੁਰੂ ਜੀ ਨੇ) ਉਸ ਦੀ (ਇਹ) ਹਾਲਤ ਵੇਖੀ ਤਾਂ ਉਨ੍ਹਾਂ ਦੇ ਹਿਰਦੇ ਵਿੱਚ ਬਹੁਤ[1] ਦਇਆ ਉਤਪੰਨ ਹੋ ਗਈ। ॥੪੭॥

(ਗੁਰੂ ਜੀ ਨੇ) ਕਿਹਾ, "ਉੱਠੋ ਤੇ ਆਪਣੀਆਂ ਅੱਖੀਆਂ ਖੋਲ੍ਹੋ। ਹਿਰਦੇ ਦੀਆਂ ਸਾਰੀਆਂ ਸੋਚਾਂ (ਚਿੰਤਾਵਾਂ) ਦੂਰ ਕਰ ਦਿਉ।" ਦਇਆ-ਭਰਪੂਰ ਬਚਨ ਸੁਣ ਕੇ ਤੇ ਆਪਣੇ-ਆਪ ਨੂੰ ਬਖ਼ਸ਼ਿਆ ਹੋਇਆ ਜਾਣ[2] ਕੇ, ਉਹ ਉੱਠ ਬੈਠਾ। ॥੪੮॥

ਉਹ ਉਹੋ ਜਿਹਾ ਹੀ ਠੀਕ-ਠਾਕ[3] ਦੇਖਣ ਲੱਗਾ, ਜਿਹੋ-ਜਿਹਾ (ਉਸ ਨੂੰ) ਪਹਿਲਾਂ ਨਜ਼ਰ ਆਉਂਦਾ ਸੀ। ਖੜ੍ਹੇ[4] ਹੋ ਕੇ, ਦੋਵੇਂ ਹੱਥ ਜੋੜ ਕੇ, ਹਿਰਦੇ ਵਿੱਚ ਬਹੁਤ ਪ੍ਰੇਮ ਧਾਰ ਕੇ (ਕਰੋੜੀਆ) ਬੋਲਿਆ। ॥੪੯॥

"ਹੇ ਗੁਰੂ ਜੀਓ! ਕਿਰਪਾ ਕਰ ਕੇ ਮੇਰੀਆਂ ਭੇਟਾਵਾਂ[6] ਆਪਣੇ ਚਰਨਾਂ[5] ਵਿੱਚ ਪਰਵਾਨ ਕਰ ਲਵੋ। ਜਿਸ ਥਾਂ 'ਤੇ (ਆਪ) ਬਿਰਾਜਮਾਨ ਹੋ, ਇਸ ਸੁੰਦਰ ਧਰਤੀ[7] 'ਤੇ (ਇੱਕ) ਰਮਣੀਕ[8] ਜਿਹੀ ਧਰਮਸਾਲਾ ਬਣਵਾ ਲਵੋ। ॥੫੦॥

ਆਪਣਾ ਵਿਸ਼ੇਸ਼ ਵੱਖਰਾ[9] ਪਿੰਡ ਵਸਾਉ। ਉਥੇ ਸਿੱਖ ਸੰਤਾਂ ਲਈ ਲੰਗਰ ਲਾਉ। ਆਪਣੇ ਨਾਂ ਉੱਤੇ ਇਸ ਪਿੰਡ ਦਾ ਨਾਮ ਰੱਖੋ । ਇਹ ਭੇਟਾਵਾਂ ਲੈ ਕੇ ਮੇਰਾ ਮਨੋਰਥ[10] ਸਫਲ ਕਰ ਦਿਉ।" ॥੫੧॥

ਗੁਰੂ ਜੀ ਨੇ ਫ਼ਰਮਾਇਆ, "ਜੇ ਤੇਰੇ ਮਨ ਦੀ ਇਹੀ ਇੱਛਾ ਹੈ ਤਾਂ ਸੇਵਾ ਕਰ, ਕੋਈ ਮਨਾਹੀ ਨਹੀਂ। ਸਤਿਸੰਗਤ ਸਥਿਤ (ਸਥਾਪਤ) ਹੋ ਜਾਵੇਗੀ, ਤਾਂ ਫਿਰ ਮਿਲ ਕੇ ਕਰਤਾਰ ਦੇ ਨਾਮ ਦਾ ਸਿਮਰਨ ਕਰਿਆ ਕਰਾਂਗੇ।" ॥੫੨॥

ਉਸੇ ਵੇਲੇ ਖੱਤਰੀ (ਕਰੋੜੀਏ) ਨੇ ਆਪਣੇ ਆਦਮੀ ਭੇਜ ਕੇ ਘਰ ਬਣਾਉਣ[11] ਵਾਲਿਆਂ (ਰਾਜ-ਮਿਸਤਰੀ ਆਦਿ) ਨੂੰ ਬੁਲਵਾ ਲਿਆ। ਉਸ ਸਥਾਨ ਉੱਤੇ ਤੁਰੰਤ ਧਰਮਸਾਲਾ ਤਿਆਰ ਕਰਵਾ ਦਿੱਤੀ ਅਤੇ ਬਹੁਤ ਮਨੁੱਖ-ਇਸਤਰੀਆਂ ਲਿਆ ਕੇ ਉੱਥੇ ਵਸਾ ਦਿੱਤੇ। ॥੫੩॥

ਉਸ ਪਿੰਡ ਦਾ ਨਾਂ, "ਸ੍ਰੀ ਕਰਤਾਰਪੁਰ" ਰੱਖ ਕੇ ਇੱਕ ਸੁੰਦਰ[12] ਧਰਮਸਾਲਾ ਬਣਵਾ ਦਿੱਤੀ ਗਈ । ਫੇਰ ਗੁਰੂ ਜੀ ਅੱਗੇ ਬੇਨਤੀ ਕਰ ਕੇ, ਉਨ੍ਹਾਂ ਨੂੰ ਉਸ ਦੇ ਅੰਦਰ ਲੈ ਕੇ ਗਿਆ। ॥੫੪॥

ਬਹੁਤ ਸੋਹਣਾ ਪਲੰਘ[13] ਡਹਾ ਕੇ ਉਸ ਦੇ ਉੱਪਰ ਸੁੰਦਰ[14] ਬਿਸਤਰਾ ਵਿਛਾਇਆ। ਉਸ ਉੱਤੇ ਬਹੁਤ ਪ੍ਰੇਮ ਨਾਲ ਗੁਰੂ ਜੀ ਨੂੰ ਬਿਠਾਇਆ ਅਤੇ ਦੀਵੇ ਜਗਾ ਕੇ ਆਰਤੀ ਉਤਾਰੀ ਗਈ। ॥੫੫॥

SikhBookClub.Com

'ਜੈ ਜੈ ਗੁਰ! ਭਗਤਨ ਸੁਖਕਾਰੀ। ਅਸੁਰ ਸੰਘਾਰਨ[1],ਬੇਦ ਉਬਾਰੀ।
ਰਾਵਨ ਮਰਦਨ ਕੰਸ ਕੁ ਛੇਦਨ[2]। ਤੂੰ ਨਰਸਿੰਘ, ਬਾਲੀ ਉਰ ਭੇਦਨ[3] ॥੫੬॥

ਮੈ ਖਲ[4] ਬਹੁਤ ਖ਼ਤਾ ਤੁਮ ਕੀਨੀ। ਤ੍ਰਾਹਿ [5]ਤ੍ਰਾਹਿ ਬਖਸ਼ਹੁ ਵਰ ਦੀਨੀ।
ਅਘ ਤਮ[6] ਹਰਨ ਭਾਨੁ[7],ਗੁਰ!ਜਨ ਲਖ। ਨਾਮ ਸਲਲ[8] ਤਿਨ ਕਹਿ ਕਰ ਮਨ ਝਖ[9]' ॥੫੭॥

ਜਗ ਗੁਰ ਬਚਨ ਸੁਨੇ ਜਬ ਐਸੇ। ਗਏ ਕਪਾਟ ਖੂਲ ਦਰ ਜੈਸੇ।
ਭਗਤਿ ਦਾਨ ਕਹਿ ਦੇ ਗੁਰ ਦੀਨੀ। ਲੈ ਵਰ ਉਮਗ[10] ਸੇਵ ਬਹੁ ਕੀਨੀ॥੫੮॥

ਇਸ ਪ੍ਰਕਾਰ ਕੀ ਸੇਵਾ ਕਰਕੈ। ਰਹਜੋ ਕਿਤਕ ਦਿਨ ਪ੍ਰੇਮ ਸੁ ਧਰਕੈ।
ਲੇ ਰਜਾਇ ਪੁਨ ਗਯੋ ਲਹੌਰਾ। ਪਰਸਜੋ ਜਸੁ ਬਿਸਾਲ ਚਹੂੰ ਓਰਾ॥੫੯॥

ਜਹਿਂ ਜਹਿਂ ਸੁਨਹਿਂ ਸਿੱਖ ਸਭ ਆਵਹਿਂ। ਰਹਹਿਂ ਨਿਕਟ ਸੇਵਹਿਂ ਸੁਖ ਪਾਵਹਿਂ।
ਬਹੁਰ ਸੁਲਖਣੀ ਸਭ ਸੁਖ ਸਾਂਨੀ[11]। ਆਇਸ[12] ਪਤਿ ਕੀ ਪਾਇ ਸਯਾਨੀ॥੬੦॥

ਦੋਨੋ ਸੁਤ ਲੇਕਰ ਨਿਜ ਸਾਥਾ। ਆਈ ਚਲ ਸਮੀਪ ਜਗਨਾਥਾ।
ਸੁੰਦਰ ਸਦਨ ਤਹਾਂ ਬਨਵਾਏ। ਰਹਨ ਲਗੇ ਸੁਖ ਭੇ ਮਨ ਭਾਏ॥੬੧॥

ਬਨੀ ਬਹੁਤ ਨੀਕੀ ਧ੍ਰਮਸਾਲਾ। ਬੈਠਹਿਂ ਤਿਹ ਕੇ ਬੀਚ ਕ੍ਰਿਪਾਲਾ।
ਨਿਸ ਬਾਸੁਰ[13] ਹ੍ਵੈ ਕਿਰਤਨ ਭਾਰੀ। ਪਢਹਿਂ ਸ਼ਬਦ ਪੁਨ ਕਰਹਿਂ ਬਿਚਾਰੀ॥੬੨॥

ਬੋਵਹਿਂ ਬਹੁਤ ਅੰਨ ਕ੍ਰਿਸ਼ਿ-ਕਾਰੀ[14]। ਪਾਕੇ ਤੇ ਜਬ ਹੋਇ ਤਯਾਰੀ।
ਆਨਹਿਂ ਸਤਿਗੁਰ ਕੇਰ ਅਗਾਰੀ। ਦੇਗ ਚਲਾਵਹਿਂ ਤਿਹਠਾਂ ਭਾਰੀ॥੬੩॥

SikhBookClub.Com

"ਹੇ ਭਗਤਾਂ ਨੂੰ ਸੁੱਖ ਦੇਣਹਾਰੇ ਗੁਰੂ ਜੀਓ! (ਤੁਹਾਡੀ) ਜੈ ਜੈ ਕਾਰ ਹੋਵੇ। ਰਾਕਸ਼ਾਂ ਦਾ ਨਾਸ਼[1] ਕਰ ਕੇ ਵੇਦਾਂ (ਗਿਆਨ-ਸਰੋਤ) ਨੂੰ ਬਚਾਉਣ ਵਾਲੇ, ਰਾਵਣ ਨੂੰ ਮਾਰਨ ਵਾਲੇ (ਭਾਵ ਰਾਮ ਹੋ) ਤੇ ਕੰਸ ਦਾ ਵਿਨਾਸ਼[2] ਕਰਨ ਵਾਲੇ (ਭਾਵ 'ਕ੍ਰਿਸ਼ਨ' ਜੀ ਹੋ), ਤੁਸੀਂ ਹੀ ਨਰ-ਸਿੰਘ ਅਤੇ ਬਾਲੀ ਦੀ ਛਾਤੀ ਵਿੰਨ੍ਹਣ[3] ਵਾਲੇ (ਭਾਵ 'ਰਾਮ' ਜੀ ਹੋ) । ਹਰ ਰੂਪ ਵਿੱਚ ਤੁਸੀਂ ਹੀ ਹੋ ॥੫੬॥

(ਕਰੋੜੀਆ ਬੋਲਿਆ) ਮੈਂ ਮੂਰਖ[4] ਨੇ ਤੁਹਾਡੇ ਨਾਲ ਬਹੁਤ ਅਪਰਾਧ ਕੀਤੇ ਹਨ। ਹੁਣ ਮੇਰੀ ਰੱਖਿਆ[5] ਕਰੋ ਅਤੇ ਵਰ ਦੇ ਕੇ ਮੈਨੂੰ ਬਖ਼ਸ਼ ਦਿਉ। ਹੇ ਗੁਰੂ ਜੀਓ! ਭਗਤਾਂ ਨੇ ਆਪ ਨੂੰ ਪਾਪਾਂ ਰੂਪੀ ਹਨ੍ਹੇਰਾ[6] ਦੂਰ ਕਰਨ ਵਾਲਾ ਸੂਰਜ[7] ਜਾਣਿਆ ਹੈ।ਉਨ੍ਹਾਂ ਨੇ ਨਾਮ ਰੂਪੀ ਜਲ[8] ਵਿੱਚ ਮਨ ਨੂੰ ਮੱਛ[9] ਬਣਾਇਆ ਹੈ" ॥੫੭॥

ਜਿਸ ਵੇਲੇ ਜਗਤ-ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਜਿਵੇਂ ਦਰਵਾਜ਼ਾ ਖੁੱਲ੍ਹਦਾ ਹੈ,ਇਉਂ ਉਸਦਾ (ਕਰੋੜੀਏ ਦਾ) ਕਪਾਟ ਖੁੱਲ੍ਹ ਗਿਆ। ਭਗਤੀ-ਦਾਨ ਆਖ ਕੇ, ਗੁਰੂ ਜੀ ਨੇ ਵਰ ਦੇ ਦਿੱਤਾ। ਵਰ ਲੈ ਕੇ ਕਰੋੜੀਆ ਖ਼ੁਸ਼[10] ਹੋ ਗਿਆ ਤਾਂ ਉਸ ਨੇ ਗੁਰੂ ਜੀ ਦੀ) ਬਹੁਤ ਸੇਵਾ ਕੀਤੀ। ॥੫੮॥

ਇਸ ਤਰਾਂ ਦੀ ਸੇਵਾ ਕਰਕੇ (ਉਹ) ਬੜੇ ਪ੍ਰੇਮ ਸਹਿਤ, ਕਿੰਨੇ ਹੀ ਦਿਨ ਉੱਥੇ ਰਿਹਾ। ਫੇਰ ਆਗਿਆ ਲੈ ਕੇ ਉਹ ਲਾਹੌਰ ਨੂੰ ਚਲਾ ਗਿਆ। ਇਉਂ (ਗੁਰੂ ਜੀ ਦੀ) ਸੋਭਾ, ਚੌਹੀਂ-ਪਾਸੀਂ, ਬਹੁਤ ਫੈਲ ਗਈ। ॥੫੯॥

ਜਿੱਥੇ-ਜਿੱਥੇ ਵੀ ਸਿੱਖ ਸੁਣਦੇ, ਉਹ ਸਾਰੇ ਆ ਜਾਂਦੇ। ਉਹ ਆਉਂਦੇ ਤੇ ਕੋਲ ਰਹਿ ਕੇ (ਗੁਰੂ ਜੀ ਦੀ) ਸੇਵਾ ਕਰਕੇ ਸੁੱਖ ਪ੍ਰਾਪਤ ਕਰਦੇ। ਫੇਰ ਸੁਘੜ ਸੁਲੱਖਣੀ ਨੇ ਪਤੀ (ਗੁਰੂ ਜੀ) ਦੀ ਸੁੱਖਾਂ ਨਾਲ ਮਿਲੀ[11] (ਰਲੀ) ਹੋਈ ਆਗਿਆ[12] ਪ੍ਰਾਪਤ ਕਰਕੇ। ॥੬੦॥

ਦੋਹਾਂ ਪੁੱਤਰਾਂ ਨੂੰ ਆਪਣੇ ਨਾਲ ਲੈ ਕੇ, ਜਗਤ ਦੇ ਮਾਲਕ (ਗੁਰੂ ਜੀ) ਦੇ ਕੋਲ ਚੱਲ ਕੇ ਆਈ। (ਗੁਰੂ ਜੀ ਨੇ) ਉਸ ਥਾਂ 'ਤੇ ਸੁੰਦਰ ਘਰ ਬਣਵਾਇਆ ਤੇ ਉਹ ਉਥੇ ਮਨਭਾਉਂਦੇ ਸੁੱਖਾਂ ਸਹਿਤ ਰਹਿਣ ਲੱਗੇ ॥੬੧॥

ਬਹੁਤ ਸੁੰਦਰ ਧਰਮਸਾਲਾ ਬਣ ਗਈ, ਜਿਸ ਵਿੱਚ ਕਿਰਪਾਲੂ (ਗੁਰੂ ਜੀ) ਬੈਠਦੇ ਸਨ। ਦਿਨੇ[13]-ਰਾਤ ਬਹੁਤ ਕੀਰਤਨ ਹੁੰਦਾ। ਸ਼ਬਦ ਪੜ੍ਹ ਕੇ ਉਸ ਉੱਤੇ ਵਿਚਾਰ ਹੁੰਦੀ। ॥੬੨॥

ਖੇਤੀ ਕਰਨ ਵਾਲੇ ਜ਼ਿਮੀਂਦਾਰ[14] ਬਹੁਤ ਅਨਾਜ ਬੀਜਣ (ਉਪਜਾਉਣ) ਲੱਗ ਪਏ। ਜਦ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਤਾਂ ਉਹ ਅਨਾਜ ਗੁਰੂ ਜੀ ਦੇ ਅੱਗੇ ਲਿਆ ਕੇ ਉੱਥੇ ਬਹੁਤ ਭਾਰੀ ਲੰਗਰ ਚਲਾਉਂਦੇ। ॥੬੩॥

SikhBookClub.Com

ਭੂਖਾ ਰਹਿਨ ਨ ਪਾਵੈ ਕੋਈ। ਸਰਬ ਕਾਲ ਮਹਿਂ ਭੋਜਨ ਹੋਈ।
ਇਕਠੇ ਭਏ ਲੋਗ ਬਹੁ ਆਈ। ਦਰਸ਼ਨ ਕਰਹਿਂ ਜਨਮ ਫਲ ਪਾਈ॥ ੬੪॥

ਹੁਤੋ ਕਰਮ ਕਾਂਡੀ ਇਕ ਦਿਜਬਰ[1]। ਸਤਗੁਰ ਢਿਗ ਆਯੋ ਤਬ ਚਲਕਰ।
ਆਨ ਅਸ਼ੀਰਬਾਦ ਕੋ ਕੀਨੋ[2]। ਭੂਖ ਬਿਖੈ ਸੋ ਹੁਤੋ ਅਧੀਨੋ ॥ ੬੫॥

ਤਿਹ ਛਿਨ ਦੇਖ ਰਸੋਈ ਤਜਾਰੀ। ਦਿਜ ਸੋਂ ਸ੍ਰੀ ਗੁਰ ਗਿਰਾ ਉਚਾਰੀ।
'ਛੁਧਾ[4] ਅਹੈ ਜੇ ਉਦਰ ਮਝਾਰਾ। ਅਚੋ[5] ਅਹਾਰ ਬਨਜੋ ਅਬ ਤਜਾਰਾ'॥ ੬੬॥

ਦਿਜ ਬੋਲਜੋ 'ਹੌਂ ਖਾਤ ਨ ਐਸੇ। ਬਿਨ ਸੰਜਮ[6] ਭਾ ਭੋਜਨ ਜੈਸੇ।
ਕਰਮ ਕਾਂਡ ਕੇ ਮੈਂ ਅਨੁਸਾਰਾ। ਅਤਿ ਸੁਚ ਸੋਂ ਨਿਤ ਕਰੋਂ ਅਹਾਰਾ॥ ੬੭॥

ਧਰਨੀ ਕਉ ਖੁਨ ਕੈ ਇਕ ਹਾਥਾ। ਚੌਂਕਾ ਦੇਵਉਂ ਗੋਬਰ ਸਾਥਾ।
ਆਨੋਂ ਅਪਨੇ ਕਰ ਸੋਂ ਬਾਰੀ[7]। ਸਭ ਸਮਧਾ ਸੋ ਲੇਉਂ ਪਖਾਰੀ[8]॥ ੬੮॥

ਸਰਬ ਅੰਨ ਚੁਨ ਕਰੋਂ ਸਵਾਰੀ। ਨਿਜ ਕਰ ਸੰਗ ਅਹਾਰ ਤਯਾਰੀ।
ਉਚਿਤ ਅਚਨ ਕੇ ਹੋਵਹਿ ਤਬਹੀ। ਕਹੀ ਜਿ ਬਿਧਿ ਬਨ ਆਵਹਿ ਸਬਹੀ॥ ੬੯॥

ਤੁਮਰੀ ਕਰੀ ਨ ਹਮਰੇ ਕਾਜੂ'। ਸੁਨ ਕਰ ਭਨਜੋ[9] ਗਰੀਬ ਨਿਵਾਜੂ।
'ਸ਼ੁਸ਼ਕ ਅੰਨ ਅਬ ਹੇ ਦਿਜ! ਲੀਜੈ। ਨਿਜ ਕਰ ਸੋਂ ਕਰ ਅਚਵਨ ਕੀਜੈ'॥ ੭੦॥

ਲੀਨੋ ਸੀਧਾ[10] ਤਬ ਦਿਜਬਰ ਸੋ। ਖੋਦਨ ਲਗਾ ਧਰਨਿ ਨਿਜ ਕਰ ਸੋਂ।
ਨਿਕਸੇ ਅਸਤਿ[11] ਛੋਰ ਤਿਨ ਥਾਂਈ । ਖੋਦਨ ਲਗਜੋ ਅਪਰ ਥਲ ਜਾਈ॥ ੭੧॥

ਨਿਕਸੇ ਅਸਤਿ, ਸੁ ਜਾਨ ਅਪਾਵਨ[12]। ਤਿਹ ਤਜ ਗਯੋ ਔਰ ਹੀ ਥਾਵਨ'।
ਜਹਾਂ ਖੁਨਹਿ ਤਹਿਂ ਅਸਤੀ ਨਿਕਸੈਂ। ਹੇਰ ਹੇਰ ਨਰ ਤਿਹ ਕੋ ਬਿਕਸੈਂ[13] ॥ ੭੨॥

SikhBookClub.Com

ਕੋਈ ਬੰਦਾ ਵੀ ਭੁੱਖਾ ਨਾ ਰਹਿੰਦਾ, ਹਰ ਸਮੇਂ ਲੰਗਰ ਵਰਤਦਾ। ਬਹੁਤ ਸਾਰੇ ਲੋਕ ਇਕੱਠੇ ਹੋ ਕੇ ਆਉਂਦੇ ਅਤੇ (ਗੁਰੂ ਜੀ ਦੇ) ਦਰਸ਼ਨ ਕਰਕੇ, ਜੀਵਨ ਦਾ ਫਲ (ਮੁਕਤੀ) ਪ੍ਰਾਪਤ ਕਰਦੇ। ॥੬੪॥

ਇੱਕ ਕਰਮਕਾਂਡੀ ਬ੍ਰਾਹਮਣ[1] ਹੁੰਦਾ ਸੀ। ਉਹ ਗੁਰੂ ਜੀ ਕੋਲ ਚੱਲ ਕੇ ਆਇਆ। ਉਹਨੇ ਆ ਕੇ ਅਸ਼ੀਰਵਾਦ ਦਿੱਤੀ[2]। ਉਹ ਭੁੱਖ ਦੇ ਕਾਰਨ ਬਹੁਤ ਨਿਮਰ[3] ਹੋਇਆ ਸੀ ॥੬੫॥

ਉਸ ਵੇਲੇ ਭੋਜਨ ਦੀ ਤਿਆਰੀ ਵੇਖ ਕੇ ਉਸ ਬ੍ਰਾਹਮਣ ਨੂੰ ਗੁਰੂ ਜੀ ਨੇ ਕਿਹਾ, "ਜੇਕਰ ਪੇਟ ਵਿੱਚ ਭੁੱਖ[4] ਹੈ ਤਾਂ ਹੁਣ ਭੋਜਨ ਤਿਆਰ ਹੈ, ਖਾ[5] ਲਵੋ।" ॥੬੬॥

ਬ੍ਰਾਹਮਣ ਬੋਲਿਆ, "ਮੈਂ ਇਉਂ ਨਹੀਂ ਖਾਂਦਾ, ਜਿਸ ਪ੍ਰਕਾਰ ਦਾ ਇਹ ਬੇ-ਮਰਯਾਦਾ[6] ਤੋਂ (ਤਿਆਰ) ਕੀਤਾ ਹੋਇਆ ਭੋਜਨ ਹੈ। ਮੈਂ ਕਰਮਕਾਂਡ ਦੇ ਮੰਨਣ-ਵਾਲਾ ਹਾਂ, (ਮੈਂ) ਤਾਂ ਹਮੇਸ਼ਾ ਬਹੁਤ ਜ਼ਿਆਦਾ ਸੁੱਚ ਸਹਿਤ ਭੋਜਨ ਕਰਦਾ ਹਾਂ। ॥੬੭॥

ਧਰਤੀ ਨੂੰ ਇੱਕ-ਹੱਥ ਡੂੰਘਾ ਪੁੱਟ ਕੇ (ਫੇਰ) ਗੋਹੇ ਨਾਲ (ਉਸ ਦੀ) ਲਿਪਾਈ ਕਰਦਾ (ਚੌਂਕਾ ਪੂਰਦਾ) ਹਾਂ। ਫੇਰ ਆਪਣੇ ਹੱਥੀਂ ਪਾਣੀ[7] ਲਿਆਉਂਦਾ ਹਾਂ। ਸਾਰੇ ਬਾਲਣ ਨੂੰ ਵੀ ਧੋ[8] ਲੈਂਦਾ ਹਾਂ। ॥੬੮॥

ਪਹਿਲਾਂ ਸਾਰਾ ਅਨਾਜ ਚੁਗ-ਚੁਗ ਕੇ ਸੁਆਰ ਲੈਂਦਾ ਹਾਂ। ਫੇਰ ਆਪਣੇ ਹੱਥੀਂ ਭੋਜਨ ਤਿਆਰ ਕਰਦਾ ਹਾਂ। ਤਾਂ ਹੀ ਉਹ ਖਾਣ ਦੇ ਯੋਗ ਤਿਆਰ ਹੁੰਦਾ ਹੈ । ਜੇਕਰ ਕਿਸੇ ਵਿਧੀ ਅਨੁਸਾਰ ਕਾਰਜ ਕੀਤਾ ਜਾਵੇ, ਉਹ ਸਾਰਾ ਹੀ ਸੰਪੂਰਨ ਹੋ ਜਾਂਦਾ ਹੈ। ॥੬੯॥

ਤੁਹਾਡਾ ਬਣਾਇਆ (ਭੋਜਨ) ਸਾਡੇ ਕਿਸੇ ਕੰਮ ਨਹੀਂ।" ਇਹ ਸੁਣ ਕੇ ਗਰੀਬਾਂ ਨੂੰ ਨਿਵਾਜਣ ਵਾਲੇ (ਗੁਰੂ ਜੀ) ਬੋਲੇ[9], "ਹੇ ਬ੍ਰਾਹਮਣ! ਹੁਣ ਸੁੱਕਾ ਅਨਾਜ ਲੈ ਲਵੋ ਤੇ ਆਪਣੇ ਹੱਥਾਂ ਨਾਲ ਖਾਣਾ ਤਿਆਰ ਕਰਕੇ ਖਾ ਲਵੋ।" ॥੭੦॥

ਤਾਂ ਬ੍ਰਾਹਮਣ ਨੇ ਉਹ ਰਸਦ[10] (ਸੁੱਕਾ ਸੀਧਾ) ਲੈ ਲਈ ਤੇ ਆਪਣੇ ਹੱਥਾਂ ਨਾਲ ਧਰਤੀ ਪੁੱਟਣ ਲੱਗ ਪਿਆ। (ਜਿਉਂ ਹੀ) ਉੱਥੇ ਹੱਡੀਆਂ[11] ਨਿਕਲ ਆਈਆਂ ਤਾਂ ਉਸ ਥਾਂ ਨੂੰ ਛੱਡ ਕੇ, ਹੋਰ ਥਾਂ 'ਤੇ ਜਾ ਕੇ ਪੁੱਟਣ ਲੱਗ ਪਿਆ। ॥੭੧॥

ਹੱਡੀਆਂ ਨਿਕਲਣ 'ਤੇ ਉਹ ਥਾਂ ਵੀ ਅਪਵਿੱਤਰ[12] ਜਾਣ ਕੇ ਛੱਡ ਦਿੱਤੀ। ਹੋਰ ਹੀ ਥਾਂ 'ਤੇ ਚਲਾ ਗਿਆ। ਜਿਸ ਥਾਂ ਨੂੰ ਵੀ ਪੁੱਟੇ, ਉਥੇ ਹੀ ਹੱਡੀਆਂ ਨਿਕਲਣ। ਉਹਨੂੰ ਵੇਖ-ਵੇਖ ਕੇ ਸਾਰੇ ਹੀ ਲੋਕ ਹੱਸਣ[13] ਲੱਗ ਪਏ। ॥੭੨॥

SikhBookClub.Com

ਸਰਬ ਦਿਵਸ ਸੋ ਖੋਦਤ ਰਹਜੋ। ਏਕ ਛੁਧਾ ਦੂਜੋ ਸ਼੍ਰਮ[1] ਲਹਜੋ।
ਭਯੋ ਬਿਕਲ[2] ਆਯੋ ਪ੍ਰਭੁ ਪਾਸਾ। ਬੰਦ ਹਾਥ ਕੀਨੀ ਅਰਦਾਸਾ ॥੭੩॥

'ਜਹਾਂ ਅਹਾਰ ਤੁਮਾਰੋ ਹੋਇ। ਦੀਜੈ ਮੋਹਿ ਖਾਇ ਹੌਂ ਸੋਇ।
ਰਾਵਰ[3] ਮਹਾਂਪੁਰਖ ਗੁਨਖਾਨੀ। ਮੈਂ ਤੁਮਰੀ ਆਇਸ[4] ਨਹਿਂ ਮਾਂਨੀ ॥੭੪॥

ਯਾਂ ਤੇ ਖੇਦ ਭਯੋ ਤਨ ਭਾਰੀ। ਅਬ ਮੈਂ ਹੌਂ ਤੁਮਰੇ ਅਨੁਸਾਰੀ'।
ਸੁਨ ਕੈ ਬੋਲੇ ਬਚਨ ਕ੍ਰਿਪਾਲਾ। 'ਦਿਜ ਜੂ! ਬੀਤ ਗਯੋ ਸੋ ਕਾਲਾ ॥੭੫॥

ਅਬ ਮੁਖ ਵਾਹਿਗੁਰੂ ਕਹਿ ਲੀਜੈ। ਅਵਨੀ[5] ਕੋ ਪਾਵਨ[6] ਇਉਂ ਕੀਜੈ।
ਸਾਜ ਰਸੋਈ ਭੋਜਨ ਕਰੀਏ। ਸਭਹੀ ਰਿਦੇ ਭਰਮ ਪਰਹਰੀਏ[7]' ॥੭੬॥

ਤਬਹੀ ਦਿਜ ਨੈ ਆਇਸੁ ਮਾਨੀ। ਕੀਨ ਰਸੋਈ ਕ੍ਰਮ ਕਰ ਹਾਨੀ[8]।
ਕਰ ਭੋਜਨ ਕੋ ਜਬ ਢਿਗ ਆਯੋ। ਸ੍ਰੀ ਗੁਰ ਤਬ ਇਕ ਸ਼ਬਦ ਅਲਾਯੋ ॥੭੭॥

ਬਸੰਤ ਮਹਲਾ ੧॥

ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥੧॥
ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥੧॥ਰਹਾਉ॥
ਦਸ ਅਠ ਲੀਖੇ ਹੋਵਹਿ ਪਾਸਿ॥ ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾਂ ਕੀ ਦਾਤਿ॥ ਵਰਤ ਨੇਮ ਕਰੇ ਦਿਨ ਰਾਤਿ॥੨॥
ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥
ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥
ਹੁਕਮੁ ਕਰਹਿ ਮੂਰਖ ਗਾਵਾਰ॥ ਨਾਨਕ ਸਾਚੇ ਕੇ ਸਿਫਤਿ ਭੰਡਾਰ॥੪॥੩॥

(ਗੁ. ਗ੍ਰੰ. ਸਾਹਿਬ, ਪੰਨਾ ੧੧੯੯)

SikhBookClub.Com

ਉਹ ਸਾਰਾ ਦਿਨ ਹੀ ਧਰਤੀ ਪੁੱਟਦਾ ਰਿਹਾ। ਇੱਕ ਤਾਂ ਭੁੱਖਾ ਸੀ, ਦੂਜੇ ਥਕਾਵਟ[1] ਹੋ ਗਈ। ਅੰਤ ਉਹ ਬੇਚੈਨ[2] ਹੋ ਕੇ ਗੁਰੂ ਜੀ ਕੋਲ ਆਇਆ (ਤੇ) ਹੱਥ ਜੋੜ ਕੇ ਬੇਨਤੀ ਕੀਤੀ। ॥੨੩॥

"ਜਿੱਥੇ ਤੁਹਾਡਾ ਭੋਜਨ ਬਣਦਾ ਹੈ, ਮੈਨੂੰ ਵੀ ਉਹੋ ਹੀ ਦੇ ਦਿਉ, ਮੈਂ ਉਹੀ ਖਾ ਲਵਾਂ । ਆਪ[3] ਤਾਂ ਮਹਾਂਪੁਰਖ, ਗੁਣਾਂ ਦੀ ਖਾਣ ਹੋ। (ਗੁਰੂ ਜੀ!) ਮੈਂ ਤੁਹਾਡਾ ਹੁਕਮ[4] ਨਹੀਂ ਮੰਨਿਆ। ॥੨੪॥

ਇਸੇ ਕਰਕੇ ਮੇਰੇ ਸਰੀਰ ਨੂੰ ਬਹੁਤ ਕਸ਼ਟ ਹੋਇਆ ਹੈ। ਹੁਣ ਮੈਂ ਤੁਹਾਡੇ ਅਨੁਸਾਰ ਹੀ ਹਾਂ।" ਇਹ ਸੁਣ ਕੇ ਕਿਰਪਾਲੂ (ਗੁਰੂ ਜੀ) ਬੋਲੇ, "ਹੇ ਪੰਡਤ ਜੀ! ਉਹ (ਭੋਜਨ ਵਾਲਾ) ਸਮਾਂ (ਹੁਣ) ਲੰਘ ਗਿਆ ਹੈ। ॥੨੫॥

ਹੁਣ ਤਾਂ ਮੂੰਹੋਂ ਵਾਹਿਗੁਰੂ ਆਖ ਲੈ ਅਤੇ ਧਰਤੀ[5] ਨੂੰ ਇਸ ਤਰਾਂ ਪਵਿੱਤਰ[6] ਕਰ ਲੈ ਤੇ ਰਸੋਈ ਤਿਆਰ ਕਰਕੇ ਭੋਜਨ ਛਕ ਲੈ। ਹਿਰਦੇ ਵਿੱਚੋਂ ਸਾਰੇ ਭਰਮ (ਭੁਲੇਖੇ) ਦੂਰ[7] ਕਰ ਦੇਹ। ॥੨੬॥

ਤਾਂ ਬ੍ਰਾਹਮਣ ਨੇ ਗੁਰੂ ਜੀ ਦਾ ਹੁਕਮ ਮੰਨ ਲਿਆ। ਭਰਮ ਦਾ ਤਿਆਗ[8] ਕਰਕੇ, ਰਸੋਈ ਤਿਆਰ ਕਰ ਲਈ। ਜਦ ਉਹ ਭੋਜਨ ਕਰਕੇ (ਗੁਰੂ ਜੀ) ਕੋਲ ਆਇਆ ਤਾਂ ਗੁਰੂ ਜੀ ਨੇ ਉਸ ਵੇਲੇ ਇੱਕ ਸ਼ਬਦ ਉਚਾਰਿਆ। ॥੨੭॥

ਪਾਤਸ਼ਾਹੀ ਪਹਿਲੀ, ਰਾਗ ਬਸੰਤ ॥

ਸੋਨੇ ਦਾ ਚੌਂਕਾ ਹੈ ਅਤੇ ਭਾਂਡੇ ਵੀ ਸੋਨੇ ਦੇ ਹੀ ਹਨ। ਵਲਗਣ ਦੀਆਂ ਚਾਂਦੀ ਦੀਆਂ ਲਹਿਰਾਂ ਦੂਰ ਤਾਈਂ ਫੈਲੀਆਂ ਹੋਈਆਂ ਹਨ। ਗੰਗਾ ਦਾ ਪਾਣੀ ਹੈ ਅਤੇ ਯਜਨਾ ਰੁੱਖ ਦੀ ਲੱਕੜ ਦੀ ਅੱਗ ਹੈ। (ਯੱਗ ਦੀ ਅਗਨੀ ਹੋਵੇ)। ਦੁੱਧ ਵਿੱਚ ਉਬਲੇ ਹੋਏ ਵਧੀਆ ਚਾਵਲਾਂ ਦੀ ਖੁਰਾਕ ਹੈ॥੧॥ ਠਹਿਰਾਉ॥ ਹੇ ਮੇਰੀ ਜਿੰਦੇ! ਜਦੋਂ ਤਕ ਤੂੰ ਸੱਚੇ ਨਾਮ ਵਿੱਚ ਨਹੀਂ ਰੰਗੀ ਜਾਂਦੀ, ਉਦੋਂ ਤਾਈਂ ਇਹ ਕੁਝ ਕਿਸੇ ਲੇਖੇ ਨਹੀਂ। ॥੧॥ਠਹਿਰਾਉ॥ ਭਾਵੇਂ ਆਦਮੀ ਕੋਲ ਅਠਾਰਾਂ ਪੁਰਾਣ ਆਪਣੇ ਹੱਥ ਨਾਲ ਲਿਖੇ ਪਏ ਹੋਣ, ਭਾਵੇਂ ਉਹ ਚਾਰੇ-ਵੇਦ ਮੂੰਹ-ਜ਼ਬਾਨੀ ਪੜ੍ਹਦਾ ਹੋਵੇ, ਭਾਵੇਂ ਉਹ ਤਿਉਹਾਰਾਂ ਉੱਤੇ ਤੀਰਥ-ਇਸ਼ਨਾਨ ਕਰਦਾ ਹੋਵੇ ਅਤੇ ਜਾਤੀਆਂ (ਖੱਤਰੀ, ਬ੍ਰਾਹਮਣ ਆਦਿ) ਅਨੁਸਾਰ ਪੁੰਨ-ਦਾਨ ਕਰਦਾ ਹੋਵੇ। ਭਾਵੇਂ ਉਹ ਉਪਹਾਸ (ਵਰਤ) ਰੱਖਦਾ ਹੋਵੇ ਅਤੇ ਦਿਨ ਤੇ ਰਾਤ ਧਾਰਮਿਕ-ਸੰਸਕਾਰ ਕਰਦਾ ਹੋਵੇ। ॥੨॥ ਭਾਵੇਂ ਉਹ ਕਾਜ਼ੀ, ਮੁੱਲਾਂ ਜਾਂ ਸ਼ੇਖ਼ ਹੋਵੇ, ਭਾਵੇਂ ਉਹ ਯੋਗੀ ਹੋਵੇ, ਰਮਤਾ ਰਿਸ਼ੀ ਜਾਂ ਗੇਰੂ-ਰੰਗੇ ਬਸਤਰਾਂ ਵਾਲਾ ਸਾਧੂ ਅਤੇ ਭਾਵੇਂ ਕੋਈ ਜਣਾ ਗ੍ਰਿਹਸਤੀ ਅਤੇ ਧਾਰਮਿਕ ਕਰਮਕਾਂਡ ਕਰਨ ਵਾਲਾ ਹੋਵੇ। ਪਰੰਤੂ ਪ੍ਰਭੂ ਨੂੰ ਜਾਣਨ ਤੋਂ ਬਗ਼ੈਰ, ਯਮ ਸਾਰਿਆਂ ਨੂੰ ਬੰਨ੍ਹ ਕੇ ਲੈ ਜਾਂਦਾ ਹੈ। ॥੩॥ ਜਿੰਨੇ ਵੀ ਜੀਵ ਹਨ, ਉਨ੍ਹਾਂ ਸਾਰਿਆਂ ਦੇ ਸਿਰਾਂ ਉੱਤੇ ਉਨ੍ਹਾਂ ਦੇ ਕਾਰ-ਵਿਹਾਰ ਲਿਖੇ ਹੋਏ ਹਨ। ਉਨ੍ਹਾਂ ਦੇ ਅਮਲਾਂ ਦੇ ਅਨੁਸਾਰ ਹੀ ਉਨ੍ਹਾਂ ਦਾ ਫ਼ੈਸਲਾ ਹੋਵੇਗਾ। ਬੇਵਕੂਫ਼ ਤੇ ਬੇਸਮਝ ਬੰਦੇ ਫ਼ਰਮਾਨ ਜਾਰੀ ਕਰਦੇ ਹਨ। ਨਾਨਕ, ਸਤਿਪੁਰਖ, ਸਿਫ਼ਤ-ਸ਼ਲਾਘਾ ਦੇ ਖ਼ਜ਼ਾਨਿਆਂ ਦਾ ਮਾਲਕ ਹੈ ॥੪॥੩॥

(ਗੁ. ਗ੍ਰੰ. ਸਾਹਿਬ, ਪੰਨਾ 1169)

SikhBookClub.Com

ਦੋਹਰਾ

ਸੁਨ ਕਰ ਦਿਜਬਰ ਬੰਦ ਕਰ[1] ਧਰਜੋ ਚਰਨ ਪੁਰ ਸੀਸ।
ਭਯੋ ਸਿੱਖ ਸਤਿਗੁਰੂ ਕੋ ਨਾਮ ਜਪਤ ਜਗਦੀਸ਼[2] ॥੨੮॥

ਚੌਪਈ

ਭਾਉ ਭਗਤਿ ਕੀ ਉਰ ਲਿਵ ਲਾਗੀ। ਸੱਤਿਨਾਮ ਸਿਮਰਨ ਰਤਿ[3] ਜਾਗੀ।
ਗੁਰ ਕਰੁਨਾ ਕੋ ਪਾਇ ਬਿਸਾਲਾ। ਭਰਮ ਸਰਬ ਨਾਸਜੋ ਤਤਕਾਲਾ॥੨੯॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰ੍ਧੇ 'ਕਰਤਾਰ ਪੁਰ ਬਸਾਵਨ, ਦਿਜ ਪ੍ਰਸੰਗ' ਬਰਨਨੰ ਨਾਮ ਤੀਸਮੋ ਧਜਾਇ ॥੩੦॥

SikhBookClub.Com

ਦੋਹਰਾ

ਇਹ ਸੁਣ ਕੇ ਬ੍ਰਾਹਮਣ ਨੇ ਹੱਥ[1] ਬੰਨ੍ਹ ਕੇ ਗੁਰੂ ਜੀ ਦੇ ਚਰਨ-ਕਮਲਾਂ 'ਤੇ ਸਿਰ ਧਰ ਦਿੱਤਾ। ਉਹ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਪਰਮੇਸ਼ਰ[2] ਦੇ ਨਾਮ ਦਾ ਸਿਮਰਨ ਕਰਨ ਲੱਗ ਪਿਆ। ॥੨੮॥

ਚੌਪਈ

ਉਸ ਦੇ ਹਿਰਦੇ ਵਿੱਚ ਭਗਤੀ-ਭਾਵਨਾ ਦੀ ਲਿਵ ਲੱਗ ਗਈ ਅਤੇ ਸਤਿਨਾਮ ਦਾ ਸਿਮਰਨ ਕਰਨ ਲਈ ਪ੍ਰੇਮ[3] ਜਾਗ ਪਿਆ। ਗੁਰੂ ਜੀ ਦੀ ਅਪਾਰ (ਮਹਾਨ) ਕਿਰਪਾ ਪ੍ਰਾਪਤ ਹੋਈ ਜਾਣ ਕਰਕੇ ਉਸ ਦੇ ਸਾਰੇ ਭਰਮ, ਤੁਰੰਤ ਹੀ ਨਾਸ਼ ਹੋ ਗਏ। ॥੨੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਕਰਤਾਰਪੁਰ ਵਸਾਉਣਾ" ਨਾਮੀ ਤੀਹਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਸਹੁਰੇ-ਪਿੰਡ ('ਪੱਖੋਕੇ') ਰਹਿੰਦਿਆਂ, ਗੁਰੂ ਜੀ ਨੇ ਸਤਿਸੰਗ ਦਾ ਉਹ ਪਰਵਾਹ ਚਲਾਇਆ ਕਿ ਲੋਕਾਂ ਵਿੱਚ ਮਾਨਤਾ ਬਹੁਤ ਵਧ ਗਈ। ਸਿੱਟੇ ਵਜੋਂ ਮੂਲਾ ਤੇ ਚੰਦੋਰਾਣੀ ਵੀ ਪ੍ਰਭਾਵਤ ਹੋਣੋਂ ਨਾ ਰਹਿ ਸਕੇ। ਸੋ, ਉਹ ਵੀ ਦੋਵੇਂ ਆਪ ਦੇ ਸ਼ਰਧਾਲੂ ਬਣ ਗਏ।

ਫੇਰ ਰਾਵੀ ਤੋਂ ਪਾਰ ਜਾ ਕੇ ਕੀਤੇ ਪਰਚਾਰ ਨਾਲ, ਲਾਹੌਰ ਦੇ ਲੋਕ ਆਕਰਸ਼ਤ ਹੋ ਗਏ। ਇਉਂ ਵਧਦੀ ਹੋਈ ਮਾਨਤਾ ਵੇਖ-ਵੇਖ ਕੇ ਉੱਥੋਂ ਦਾ ਵਾਸੀ, 'ਕਰੋੜੀਆ' ਸ਼ਾਹੂਕਾਰ ਆਪ ਨਾਲ ਖੁਣਸ ਖਾਣ ਲੱਗ ਪਿਆ। ਕਿਸੇ ਜੋਗੀ ਤੋਂ ਆਪ ਦਾ ਸ਼ਬਦ ਸੁਣ ਕੇ ਉਹ ਬਹੁਤ ਹੀ ਔਖਾ ਹੋਇਆ। ਉਨ੍ਹਾਂ ਦੀ ਮਾਨਤਾ ਨੂੰ ਠੱਲ੍ਹ ਪਾਉਣ ਲਈ, ਉਹ ਸਤਿਗੁਰੂ ਜੀ ਨੂੰ ਫੜ ਕੇ ਬੰਨ੍ਹਣ ਲਈ ਵਧਿਆ, ਪਰ ਗੁਰੂ ਜੀ ਦੇ ਕੋਲ ਜਾਣ 'ਤੇ ਹੀ ਉਹ ਅੱਖਾਂ ਤੋਂ ਅੰਨ੍ਹਾ ਹੋ ਗਿਆ। ਬਾਅਦ ਵਿਚ ਆਪਣੀ ਭੁੱਲ ਬਖ਼ਸ਼ਵਾਉਣ ਤੇ ਉਸ ਨੂੰ ਫਿਰ ਦਿਸਣ ਲੱਗ ਪਿਆ । ਗੁਰੂ ਜੀ ਦੇ ਮੁਆਫ਼ੀ ਦੇ ਦੇਣ 'ਤੇ ਕਰੋੜੀਏ ਨੇ ਧਰਮਸ਼ਾਲਾ ਬਣਵਾ ਦਿੱਤੀ ਅਤੇ ਇੱਕ ਨਗਰ ਵਸਾ ਕੇ, ਉਸ ਦਾ ਨਾਂ 'ਕਰਤਾਰਪੁਰ' ਰੱਖ ਦਿੱਤਾ। ਦੋਨਾਂ ਪੁੱਤਰਾਂ ਨੂੰ ਲੈ ਕੇ ਸੁਲੱਖਣੀ ਜੀ ਵੀ ਉੱਥੇ ਹੀ ਆ ਗਏ।

ਇੱਕ ਦਿਨ ਇੱਕ ਸੋਧੀ-ਬ੍ਰਾਹਮਣ ਸਤਿਗੁਰੂ ਜੀ ਦੇ ਕੋਲ ਆ ਗਿਆ। ਉਸ ਵੇਲੇ ਭੋਜਨ ਦੀ ਤਿਆਰੀ ਵੇਖ ਕੇ ਗੁਰੂ ਜੀ ਨੇ ਉਸ ਨੂੰ ਭੋਜਨ ਛਕਣ ਲਈ ਕਿਹਾ । ਬ੍ਰਾਹਮਣ ਨੇ ਕਿਹਾ ਕਿ ਇਹ ਉਸ ਦੀ ਸੁੱਚ ਮਰਯਾਦਾ ਨਾਲ ਤਿਆਰ ਕੀਤਾ ਭੋਜਨ ਨਹੀਂ । ਗੁਰੂ ਜੀ ਨੇ ਉਸ ਨੂੰ ਸੁੱਕੀ ਰਸਦ ਦੇ ਕੇ ਕਿਹਾ ਕਿ ਆਪਣੀ ਸੁੱਚ ਮਰਯਾਦਾ ਨਾਲ ਭੋਜਨ ਤਿਆਰ ਕਰ ਲਵੇ । ਸੀਧਾ ਲੈ ਕੇ ਜਦ ਉਹ ਚੌਂਕੇ-ਚੁੱਲ੍ਹੇ ਲਈ ਧਰਤੀ ਪੁੱਟਣ ਲੱਗਾ ਤਾਂ ਹੇਠੋਂ ਹੱਡੀਆਂ ਨਿਕਲ ਆਈਆਂ। ਦੋ-ਤਿੰਨ ਥਾਂ ਛੱਡ-ਛੱਡ ਕੇ ਪੁੱਟਦਾ ਗਿਆ ਤਾਂ ਵੀ ਹਰ ਥਾਂ ਤੋਂ ਹੀ ਹੱਡੀਆਂ ਨਿਕਲਦੀਆਂ ਰਹੀਆਂ। ਉਹ ਭੁੱਖ ਅਤੇ ਹੱਡੀਆਂ ਤੋਂ ਦੁਖੀ ਹੋ ਗਿਆ, ਹਾਰ ਕੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਆਪਣੇ ਵਾਲਾ ਭੋਜਨ ਹੀ ਦੇ ਦੇਵੋ ਕਿਉਂਕਿ ਮੈਂ ਬਹੁਤ ਭੁੱਖਾ ਹਾਂ । ਗੁਰੂ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਭੋਜਨ ਵਾਲਾ ਸਮਾਂ ਨਿਕਲ ਚੁੱਕਾ ਹੈ । ਤਾਂ ਗੁਰੂ ਜੀ ਨੇ ਆਖਿਆ ਕਿ ਹੁਣ 'ਵਾਹਿਗੁਰੂ' ਆਖ ਕੇ ਪੁਟਾਈ ਅਰੰਭ ਕਰੀਂ। ਜਦ ਉਸ ਨੇ ਇਵੇਂ ਕੀਤਾ ਤਾਂ ਹੱਡੀਆਂ ਨਾ ਨਿਕਲੀਆਂ। ਤਦ ਜਾ ਕੇ ਉਸ ਨੇ ਭੋਜਨ ਤਿਆਰ ਕਰ ਕੇ ਢਿੱਡ ਭਰਿਆ ਤੇ ਗੁਰੂ ਜੀ ਦਾ ਧੰਨਵਾਦ ਕੀਤਾ । ਅੰਤ ਵਿਚ ਉਹ ਗੁਰੂ ਜੀ ਦਾ ਸਿੱਖ ਬਣ ਗਿਆ ।

SikhBookClub.Com

ਫੁੱਟਨੋਟ

(*1) 'ਪੌਣ-ਅਹਾਰੀ' ਤੋਂ ਭਾਵ ਹੈ, ਹਵਾ ਦਾ ਆਹਾਰ (ਭੋਜਨ) ਕਰਨ ਵਾਲਾ। ਪੁਰਾਣੇ ਸਮਿਆਂ ਵਿੱਚ ਤਪੱਸਵੀ ਲੋਕ, ਹੱਠ ਕਰਕੇ ਆਪਣੀ ਭੁੱਖ-ਤੇਹ 'ਤੇ ਕਾਬੂ ਪਾ ਕੇ, ਦ੍ਰਿੜ੍ਹਤਾ ਸਹਿਤ ਸਵੈ-ਵਿਸ਼ਵਾਸ ਵਧਾ ਲੈਂਦੇ ਸਨ ਤੇ ਕੁਝ ਖਾਧੇ-ਪੀਤੇ ਬਿਨਾਂ, ਹਵਾ ਉੱਤੇ ਹੀ ਗੁਜ਼ਾਰਾ ਕਰਨ ਦੇ ਸਮਰੱਥ ਹੋ ਜਾਂਦੇ ਸਨ।

(*2) 'ਕਰੋੜੀਆ'-ਖੱਤਰੀ ਲਾਹੌਰ ਦਾ ਕੋਈ ਰਾਜਾ ਨਹੀਂ ਸੀ । 'ਮਹਾਨ ਕੋਸ਼' ਦੇ ਹਵਾਲੇ ਅਨੁਸਾਰ, ਉਹ ਸ਼ਹਿਨਸ਼ਾਹ 'ਅਕਬਰ' ਦੇ ਥਾਪੇ ਹੋਏ ਇਲਾਕਾਈ ਪਰਬੰਧਕਾਂ ਵਿੱਚੋਂ ਇੱਕ ਸੀ । ਅਸਲ ਵਿੱਚ ਉਸ ਦਾ ਨਾਉਂ ਦੁਨੀਚੰਦ ਸੀ ਤੇ 'ਕਰੋੜੀਆ' ਉਸ ਦੀ ਉਪਾਧੀ ਸੀ। ਉਹ ਗੁਰੂ ਨਾਨਕ ਜੀ ਦਾ ਸਿੱਖ ਬਣ ਕੇ, ਭਰਮ-ਪਾਖੰਡ ਨੂੰ ਤਿਆਗ ਕੇ, ਪਰਉਪਕਾਰੀ ਬਣ ਗਿਆ ਸੀ । 'ਕਰਤਾਰਪੁਰ' ਨਗਰ ਵਸਾਉਣ ਲਈ ਇਸੇ ਨੇ ਹੀ ਧਨ ਖ਼ਰਚਿਆ ਸੀ।

(*3) ਸ਼ਹਿਰ ਲਾਹੌਰ, ਰਾਮਚੰਦਰ ਜੀ ਦੇ ਪੁੱਤਰ 'ਲਵ' ਅਥਵਾ 'ਲਉ' ਦਾ ਵਸਾਇਆ ਹੋਇਆ ਹੈ। ਇਹ ਰਾਵੀ ਦਰਿਆ ਦੇ ਕੰਢੇ ਉੱਤੇ ਸਥਿਤ ਹੈ। ਦੇਸ਼ ਦੀ ਵੰਡ, 1947 ਤੋਂ ਪਹਿਲਾਂ ਇਹ ਸਾਂਝੇ ਪੰਜਾਬ ਦੀ ਰਾਜਧਾਨੀ ਸੀ। ਹੁਣ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਹੈ।
(ਮਹਾਨ ਕੋਸ਼, ਪੰਨਾ 1054)

SikhBookClub.Com

ਅਧਜਾਯ ਇਕੱਤੀਵਾਂ

(ਬੇਨਤੀ, ਸਿੱਖੀ ਰਹੁਰੀਤ ਦਾ ਅਰੰਭ । ਸ਼ਹ ਸੁਹਾਗਨ, ਮੂਲਾ, ਉੱਚ ਦਾ ਪੀਰ)

ਦੋਹਰਾ

ਕਰਮਹੀਣ[1] ਕੂੜਿਆਰ ਮੈਂ ਲੋਭੀ ਕਾਮੀ ਬ੍ਯਾਮ[2]।
ਲਾਜ ਰਖਹੁ ਨਿਜ ਬਿਰਦ ਕੀ ਜਗਤ ਕਹੇ ਸਿਖ ਨਾਮ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸੁਨ ਸ੍ਰੀ ਅੰਗਦ! ਸੁਜਸ ਸੁਹਾਵਨ। ਆਗੈ ਕਥਾ ਭਈ ਜਿਮ ਪਾਵਨ।
ਕਰੀ ਕੀਰਤਨ ਕੀ ਸ਼ੁਭ ਰੀਤਾ। ਸਵਾਜਾਮ[3] ਨਿਸ ਤੇ ਹ੍ਵੈ ਨੀਤਾ[4] ॥੨॥

ਸੇਵਕ ਸਿੱਖ ਅਨਿਕ ਚਲਿ ਆਵਹਿੰ। ਦਰਸ਼ਨ ਕਰ ਅਭਿਮਤ[5] ਫਲ ਪਾਵਹਿੰ।
ਕਿਤਕ ਰਹਹਿੰ ਸੇਵਾ ਉਰ ਧਾਰਹਿੰ। ਕਿਤਕ ਬਚਨ ਸੁਨ ਸਦਨ ਸਿਧਾਰਹਿੰ॥੩॥

ਦੇਗ[6] ਚਲਹਿ ਸਭ ਕਾਲ ਬਿਸਾਲਾ। ਐਸੀ ਬਾਂਧੀ ਰੀਤ ਕ੍ਰਿਪਾਲਾ।
ਪੁਨ ਪਸਚਮ ਦਿਸ਼ ਜਾਵਨ ਹੇਤੂ। ਭੇ ਤਿਯਾਰ ਬੇਦੀ ਕੁਲਕੇਤੂ॥੪॥

ਧਰਮਸਾਲ ਜੋ ਅਧਿਕ ਸੁਹਾਵਨ[7]। ਤਿਸ ਮਹਿੰ ਕਿਯ ਸਤਿਸੰਗ ਟਿਕਾਵਨ।
ਇਕ ਮੋਕੋ ਦੂਸਰ ਮਰਦਾਨਾ। ਸੰਗ ਲਏ ਕੀਨੋ ਪ੍ਰਸਥਾਨਾ॥੫॥

ਪ੍ਰੇਮ ਕਿਯੋ ਮਿਲਿ ਸੰਗਤਿ ਸਬਹੀ। ਸਤਿਗੁਰ ਦਈ ਧੀਰ ਕਹ ਤਬਹੀ।
'ਕਿਤਕ ਦਿਵਸ ਮਹਿੰ ਮਿਲਹਿੰ ਬਹੋਰੀ। ਕਰਹੁ ਕੀਰਤਨ ਸਭ ਇਸ ਠੌਰੀ'॥੬॥

ਮੰਦ ਮੰਦ ਗਮਨੇ ਜਗਸਾਈਂ। ਮੈਂ ਮਰਦਾਨਾ ਪਾਛੇ ਜਾਈਂ।
ਪੁਰ ਸਲਕੋਟ[(*1)] ਨਾਮ ਜਿਸ ਕੇਰਾ। ਜਾਇ ਵਹਿਰ ਤਹਿੰ ਕੀਨੋ ਡੇਰਾ।੭।

ਕਿਤਕ ਕਾਲ ਜਬ ਬੈਸ ਬਿਤਾਯੋ। ਮਰਦਾਨੇ ਸੋਂ ਬਚਨ ਅਲਾਯੋ।
'ਹੇਮ ਟਕਾ ਪੁਰ ਮਹਿੰ ਲੇ ਜਾਵਹੁ। ਸਾਚ ਝੂਠ ਮੁਲ ਤਹਿੰ ਤੇ ਲਜਾਵਹੁ'॥੮॥

SikhBookClub.Com

ਅਧਿਆਇ ਇਕੱਤੀਵਾਂ

(ਸਿੱਖੀ-ਰਹੁਰੀਤ ਦਾ ਅਰੰਭ । ਸ਼ਹੁ-ਸੁਹਾਗਣ । ਮੂਲਾ । ਉੱਚ ਦਾ ਪੀਰ)

ਦੋਹਰਾ

ਮੈਂ ਬਦਨਸੀਬ, ਕਰਮਾਂ ਦਾ ਹੀਣਾ[1], ਕੂੜਿਆਰ, ਲੋਭੀ, ਕਾਮੀ ਤੇ ਹਰ ਤਰਾਂ ਨਾਲ ਮੰਦਾ[2] ਹਾਂ। (ਹੇ ਗੁਰੂ ਜੀਓ!) ਆਪਣੇ ਬਿਰਦ ਦੀ ਲਾਜ ਰੱਖ ਲਵੋ (ਤਾਂ ਜੋ) ਜਗਤ, ਮੇਰਾ ਨਾਮ 'ਸਿੱਖ' ਕਰਕੇ ਲਵੇ ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਸੁੰਦਰ ਤੇ ਸ੍ਰੇਸ਼ਟ ਜਸ ਵਾਲੇ ਗੁਰੂ ਅੰਗਦ ਦੇਵ ਜੀਓ! ਜਿਸ ਤਰਾਂ ਅੱਗੇ ਪਾਵਨ ਕਥਾ ਹੋਈ, (ਸੁਣੋ)। ਉਨ੍ਹਾਂ ਨੇ ਕੀਰਤਨ ਦੀ ਸੁੰਦਰ ਰੀਤ ਚਲਾਈ। ਸਵਾ-ਪਹਿਰ[3] ਰਾਤ ਰਹਿੰਦੀ ਹਮੇਸ਼ਾ[4] ਗੁਰੂ ਜੀ ਉੱਠ ਪੈਂਦੇ ਸਨ। ॥੨॥

ਬਹੁਤ ਸਿੱਖ ਸੇਵਕ ਚੱਲ ਕੇ ਆਉਂਦੇ। (ਗੁਰੂ ਜੀ ਦੇ) ਦਰਸ਼ਨ ਕਰਕੇ ਮਨਚਾਹੇ[5] ਫਲ ਪਾਉਂਦੇ। ਬਹੁਤ (ਸਿੱਖ) ਹਿਰਦੇ ਵਿੱਚ ਸੇਵਾ ਕਰਨ ਬਾਰੇ ਧਾਰ ਕੇ ਰਹਿੰਦੇ। ਕਿਤਨੇ ਸਿੱਖ ਬਚਨ ਸੁਣਕੇ ਘਰਾਂ ਨੂੰ ਪਰਤ ਕੇ ਚਲੇ ਜਾਂਦੇ ॥੩॥

ਹਰ ਸਮੇਂ ਵਿਸ਼ਾਲ ਲੰਗਰ[6] ਚੱਲਦਾ ਰਹਿੰਦਾ। ਅਜਿਹੀ ਰੀਤ ਕਿਰਪਾ ਵਾਲੇ ਗੁਰੂ ਜੀ ਨੇ ਬਣਾ ਦਿੱਤੀ ਸੀ। ਫੇਰ ਪੱਛਮ ਦਿਸ਼ਾ ਵੱਲ ਜਾਣ ਲਈ ਬੇਦੀ ਵੰਸ਼ ਦੇ ਨਿਸ਼ਾਨ (ਗੁਰੂ ਜੀ) ਤਿਆਰ ਹੋ ਗਏ। ॥੪॥

ਧਰਮਸਾਲਾ ਜਿਹੜੀ ਕਿ ਬਹੁਤ ਸੁੰਦਰ[7] ਸੀ, ਉਸ ਵਿੱਚ ਸਤਿਸੰਗ ਕਰਦੇ। ਫਿਰ ਇੱਕ ਮੈਨੂੰ (ਬਾਲਾ), ਦੂਸਰਾ ਮਰਦਾਨਾ, ਸਾਨੂੰ (ਦੋਵਾਂ ਨੂੰ) ਨਾਲ ਲੈ ਕੇ ਅੱਗੇ ਜਾਣ ਲਈ ਚੱਲ ਪਏ। ॥੫॥

ਸਾਰੀ ਸੰਗਤ ਨਾਲ ਮਿਲ ਕੇ ਗੁਰੂ ਜੀ ਨੇ ਸਨੇਹ ਦਿਖਾਇਆ। ਗੁਰੂ ਜੀ ਨੇ (ਸਾਰਿਆਂ ਨੂੰ) ਧੀਰਜ ਦਿੱਤਾ ਅਤੇ ਕਿਹਾ, "ਫੇਰ ਕੁਝ ਦਿਨਾਂ ਵਿੱਚ ਮਿਲਾਂਗੇ। ਸਾਰੇ ਇਸ ਸਥਾਨ 'ਤੇ (ਸਾਧ-ਸੰਗਤ ਵਿੱਚ ਮਿਲ ਕੇ) ਕੀਰਤਨ ਕਰਿਆ ਕਰਨਾ।" ॥੬॥

ਜਗਤ ਦੇ ਮਾਲਕ (ਗੁਰੂ ਜੀ) ਹੌਲੀ-ਹੌਲੀ ਚੱਲ ਪਏ। ਮੈਂ (ਬਾਲਾ) ਤੇ ਮਰਦਾਨਾ ਪਿੱਛੇ ਚਲੇ ਜਾਂਦੇ ਸਾਂ । ਜਿਸ ਸ਼ਹਿਰ ਦਾ ਨਾਂ ਸਿਆਲਕੋਟ ਸੀ, ਉੱਥੇ ਜਾ ਕੇ,ਬਾਹਰ ਡੇਰਾ ਲਾ ਲਿਆ। ॥੭॥

ਜਿਸ ਵੇਲੇ ਕਾਫੀ ਸਮਾਂ ਉੱਥੇ ਬੈਠ ਕੇ ਬਿਤਾਇਆ ਤਾਂ ਉਨ੍ਹਾਂ ਨੇ ਮਰਦਾਨੇ ਨੂੰ ਕਿਹਾ, "ਸੋਨੇ ਦਾ ਟਕਾ ਲੈਕੇ ਨਗਰ ਵਿੱਚ ਜਾਉ । ਸੱਚ ਤੇ ਝੂਠ ਉੱਥੋਂ ਖਰੀਦ ਕੇ ਲਿਆਉ।" ॥੮॥

SikhBookClub.Com

ਆਇਸੁ ਮਾਨ ਲੀਨ ਮਰਦਾਨੇ।ਗਮਨਜੋ ਪੁਰ ਬਜਾਰ ਜਿਹ ਥਾਨੇ।
ਬੂਝਨ ਲਗਾ ਹਾਟ[1] ਪਰ ਸੋਈ।'ਤੁਮ ਢਿਗ ਸਾਚ ਝੂਠ ਜੇ ਹੋਈ॥੯॥

ਏਕ ਟਕਾ ਕੰਚਨ[2] ਕੋ ਲੀਜੈ।ਤਿਸ ਕੋ ਸਾਚ ਝੂਠ ਮੁਝ ਦੀਜੈ'।
ਸਭ ਬਜਾਰ ਬੂਝਜੋ ਫਿਰ ਸੋਊ।ਸੁਨ ਬਿਸਮਹਿਂ ਨਹਿਂ ਮਾਨਹਿਂ ਕੋਊ॥੧੦॥

ਇਕ ਬਨੀਯਾ ਪੁਨਿ ਬੂਝਜੋ ਜਬ ਹੀ । ਤਿਸਨੈ ਟਕਾ ਲੀਨ ਕਰ ਤਬਹੀ।
ਕਾਗਦ ਪਰ ਲਿਖ ਦੀਨੋ ਤਾਂਹੀ।'ਜੀਵਣ ਝੂਠ,ਮਰਨ ਸਚੁ ਆਹੀ'॥੧੧॥

ਲੇ ਮਰਦਾਨਾ ਮੁਰਜੋ ਬਹੋਰੀ।ਆਯੋ ਹੁਤੇ ਪ੍ਰਭੂ ਜਿਹ ਠੌਰੀ।
ਕਹਨ ਲਗਜੋ 'ਮੈਂ ਫਿਰਜੋ ਘਨੇਰਾ।ਕਿਸ ਕੇ ਪਾਸ ਨ ਸੌਦਾ ਹੇਰਾ॥੧੨॥

ਸੁਨ ਇਕ ਬਨੀਏ ਮੁਝ ਕੋ ਦੀਨੋ।ਇਹ ਕਾਗਜ਼ ਪਢ ਕੈ ਲਿਹੁ ਚੀਨੋ'।
ਪਿਖ ਬੋਲੇ ਬੇਦੀ ਕੁਲ ਟੀਕਾ।'ਨਿਸਚੈ ਆਂਨਜੋ ਸੌਦਾ ਨੀਕਾ॥੧੩॥

ਜੋ ਪਰੰਤੁ ਹੈ ਬੇਚਨ ਹਾਰੋ[3]।ਤਿਹ ਕੋ ਹਮਰੇ ਨਿਕਟਿ ਹਕਾਰੋ'।
ਗਮਨਜੋ ਤਹਾਂ ਬਹੁਰ ਮਰਦਾਨਾ।ਜਾਇ ਬਨਕ[4] ਸੋਂ ਬਚਨ ਬਖਾਨਾ॥੧੪॥

'ਸੌਦਾ ਤੁਮ ਨੈ ਦੀਨੋ ਜਾਹੂ।ਪਰਖਜੋ ਖਰਾ ਸਰਾਹਜੋ ਤਾਹੂ।
ਵਹਿਰ ਨਗਰ ਬੈਠਜੋ ਇਕ ਥਾਵਾ।ਤੁਝਕੋ ਅਪੁਨੇ ਨਿਕਟ ਬੁਲਾਵਾ॥੧੫॥

ਏਕ ਬਾਰ ਚਲਕੈ ਮਿਲ ਲੀਜੈ।ਪੁਨਿ ਨਿਜ ਹਾਟ ਆਵਨੋਂ ਕੀਜੈ'।
ਸੁਨਕੈ ਸ਼ੋਨ ਚਲਜੋ ਤਿਹ ਥਾਂਈ।ਜਹਾਂ ਬਿਰਾਜਹਿਂ ਸ੍ਰੀ ਜਗਸਾਈਂ॥੧੬॥

ਦੇਖ ਫਕੀਰ ਬੇਖ ਦੁਖਕੰਦਨ।ਕਰੀ ਚਰਨ ਕਮਲਨ ਪਰ ਬੰਦਨ।
ਭਾਉ ਧਰੇ ਗਾ ਬੈਠ ਸਮੀਪਾ।ਪਿਖ ਬੋਲੇ ਬੇਦੀ ਕੁਲਦੀਪਾ॥੧੭॥

'ਕਹਹੁ ਸ਼ਾਹੁ! ਕੋ ਨਾਮ ਤੁਮਾਰਾ?।ਕਿਹ ਉਪਦੇਸ਼ ਰਿਦੇ ਮਹਿਂ ਧਾਰਾ?।
ਜੀਵਣ ਝੂਠ ਮਰਣ ਸਚੁ ਜਾਤਾ।ਕਿਯੋਂ ਬਨਾਇ ਲਿਖੀ ਇਹ ਬਾਤਾ'॥੧੮॥

SikhBookClub.Com

ਮਰਦਾਨੇ ਨੇ ਆਗਿਆ ਮੰਨ ਕੇ (ਸੋਨੇ ਦਾ ਟਕਾ) ਲੈ ਲਿਆ। ਜਿੱਥੇ ਨਗਰ ਦਾ ਬਜ਼ਾਰ ਸੀ,ਉਥੇ ਜਾ ਪਹੁੰਚਿਆ। ਉਹ ਇੱਕ ਦੁਕਾਨ[1] 'ਤੇ ਜਾ ਕੇ ਪੁੱਛਣ ਲੱਗਾ, "ਤੁਹਾਡੇ ਕੋਲ ਜੇਕਰ ਸੱਚ ਤੇ ਝੂਠ ਹੋਵੇ। ॥੯॥

(ਤਾਂ) ਇੱਕ ਸੋਨੇ[2] ਦਾ ਟਕਾ ਲੈ ਲਵੋ (ਅਤੇ) ਉਸ ਦਾ ਸੱਚ ਤੇ ਝੂਠ ਮੈਨੂੰ ਦੇ ਦਿਉ।" ਸਾਰੇ ਬਜ਼ਾਰ ਵਿੱਚ ਉਹ ਘੁੰਮ ਕੇ ਪੁੱਛਦਾ ਰਿਹਾ। ਉਸ ਨੂੰ ਸੁਣ ਕੇ (ਸਾਰੇ) ਹੈਰਾਨ ਹੋਈ ਜਾਣ, ਪਰ ਕੋਈ (ਦੇਣ ਲਈ) ਨਾ ਮੰਨਿਆ। ॥੧੦॥

ਇੱਕ ਬਾਣੀਏ ਤੋਂ ਫੇਰ ਜਦੋਂ (ਮਰਦਾਨੇ ਨੇ) ਪੁੱਛਿਆ। ਉਸ ਨੇ ਉਸੇ ਵੇਲੇ ਟਕਾ ਲੈ ਕੇ ਕਾਗਜ਼ 'ਤੇ ਉੱਥੇ ਹੀ ਲਿਖ ਦਿੱਤਾ, "ਜੀਉਣਾ ਝੂਠ, ਮਰਨਾ ਸੱਚ ਹੈ।" ॥੧੧॥

ਮਰਦਾਨਾ (ਉਸ ਕਾਗਜ਼ ਨੂੰ) ਲੈ ਕੇ ਫੇਰ ਮੁੜਿਆ। ਜਿਸ ਥਾਂ ਗੁਰੂ ਜੀ ਸਨ, ਉੱਥੇ ਆ ਗਿਆ। ਕਹਿਣ ਲੱਗਾ, "ਮੈਂ ਬਹੁਤ ਘੁੰਮਿਆ। ਕਿਸੇ ਦੇ ਕੋਲ ਇਹ ਸੌਦਾ ਨਹੀਂ ਦੇਖਿਆ। ॥੧੨॥

ਇੱਕ ਬਾਣੀਏ ਨੇ ਸੁਣ ਕੇ ਮੈਨੂੰ (ਕਾਗਜ਼) ਦੇ ਦਿੱਤਾ ਹੈ । ਇਹ ਕਾਗਜ਼ ਪੜ੍ਹ ਕੇ ਦੇਖ-ਜਾਣ ਲਵੋ।" ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਵੇਖ ਕੇ ਬੋਲੇ, "ਯਕੀਨਨ (ਤੂੰ) ਚੰਗਾ ਸੌਦਾ ਲਿਆਂਦਾ ਹੈ ॥੧੩॥

ਪਰ ਜਿਹੜਾ ਸੌਦਾ ਵੇਚਣ ਵਾਲਾ[3] ਹੈ, ਉਸ ਨੂੰ ਸਾਡੇ ਕੋਲ (ਬੁਲਾ ਕੇ) ਲਿਆਵੋ।" ਉਸ ਥਾਂ ਮਰਦਾਨਾ ਫੇਰ ਗਿਆ। ਜਾ ਕੇ ਉਸੇ ਬਾਣੀਏ[4] ਨੂੰ ਆਖਿਆ। ॥੧੪॥

"ਤੁਸਾਂ ਜਿਨ੍ਹਾਂ ਨੂੰ ਸੌਦਾ ਦਿੱਤਾ ਹੈ, ਉਨ੍ਹਾਂ (ਸੌਦੇ ਨੂੰ) ਪਰਖ ਕੇ ਸੱਚਾ ਸਲਾਹਿਆ। ਉਹ ਨਗਰ ਦੇ ਬਾਹਰ ਇੱਕ ਅਸਥਾਨ ਉੱਤੇ ਬੈਠੇ ਹੋਏ ਹਨ। ਉਨ੍ਹਾਂ ਨੇ ਤੁਸਾਂ ਨੂੰ ਆਪਣੇ ਕੋਲ ਬੁਲਾਇਆ ਹੈ। ॥੧੫॥

ਇੱਕ ਵਾਰ ਚੱਲ ਕੇ ਮਿਲ ਲਵੋ। ਫੇਰ ਆਪਣੀ ਦੁਕਾਨ 'ਤੇ ਵਾਪਸ ਆਉਣਾ।" ਕੰਨਾਂ ਨਾਲ ਸੁਣ ਕੇ ਉਸ ਸਥਾਨ 'ਤੇ ਬਾਣੀਆ ਚੱਲ ਪਿਆ, ਜਿਥੇ ਜਗਤ ਦੇ ਮਾਲਿਕ (ਗੁਰੂ ਜੀ) ਬਿਰਾਜੇ ਹੋਏ ਸਨ। ॥੧੬॥

ਉਸ ਨੇ ਦੁੱਖਾਂ ਦੇ ਨਾਸ਼ਕਰਤਾ ਗੁਰੂ ਜੀ ਦਾ ਫ਼ਕੀਰੀ ਭੇਸ ਵੇਖ ਕੇ ਉਨ੍ਹਾਂ ਦੇ ਚਰਨ-ਕਮਲਾਂ 'ਤੇ ਬੰਦਨਾ ਕੀਤੀ। ਹਿਰਦੇ ਵਿੱਚ ਪ੍ਰੇਮ ਧਾਰਨ ਕਰਕੇ ਗੁਰੂ ਜੀ ਕੋਲ ਬੈਠ ਗਿਆ। ਵੇਖ ਕੇ ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਬੋਲੇ। ॥੧੭॥

"ਸ਼ਾਹ ਜੀ! ਤੁਹਾਡਾ ਨਾਮ ਕੀ ਹੈ? ਕਿਸ ਦਾ ਉਪਦੇਸ਼ ਹਿਰਦੇ ਵਿੱਚ ਧਾਰਨ ਕੀਤਾ ਹੈ? ਜੀਉਣਾ ਝੂਠ, ਮਰਨਾ ਸੱਚ ਜਾਣਿਆ ਹੈ, ਕਿ ਜਾਂ (ਐਵੇਂ) ਬਣਾ ਕੇ ਇਹ ਗੱਲਾਂ ਲਿਖ ਦਿੱਤੀਆਂ ਹਨ।" ॥੧੮॥

SikhBookClub.Com

ਬੋਲਜੋ ਬਨੀਯੋ ਦ੍ਵੈ ਕਰ ਬੰਦੇ। 'ਕਹੋਂ ਸਾਚ ਸੁਨਿ ਸੰਤ ਮੁਕੰਦੇ!।
ਮੇਰੋ ਨਾਮ ਭਨੈ ਜਗ ਮੂਲਾ। ਗਜਾਨ ਜੁ ਅਸ ਰਾਵਰ ਅਨਕੂਲਾ॥੧੯॥

ਜਿਸ ਕੋ ਚਾਹਹੁ ਤਿਸੈ ਜਨਾਵਹੁ । ਸਾਚੁ ਝੂਠ ਸਭ ਰਿਦੈ ਦ੍ਰਿੜਾਵਹੁ।
ਦਰਬ ਲੋਭ ਹਿਰਦੇ ਮੁਝ ਭਾਰੀ। ਕਾਗਦ ਪੁਰ ਲਿਖ ਦੀਨ ਸਵਾਰੀ[1] ॥੨੦॥

ਰਿਦੈ ਸਦਾ ਚਾਹਤ ਹੌਂ ਐਸੇ। ਕਾਗਦ ਪਰ ਲਿਖ ਭੇਜੀ ਜੈਸੇ।
ਦਿੜ ਅੱਭਜਾਸ ਨ ਮਨ ਮੈਂ ਹੋਊ। ਜਬ ਲੌ ਮਿਲੇ ਸੰਤ ਨਹਿਂ ਕੋਊ'॥੨੧॥

ਸੁਨ ਕੈ ਸ੍ਰੀ ਗੁਰ ਤਿਹ ਸੋਂ ਭਾਖਾ। 'ਉਰ ਮਹਿਂ ਲਖਹੁ ਜਿ ਅਸ ਅਭਿਲਾਖਾ।
ਤੌ ਤੁਮ ਰਹਹੁ ਹਮਾਰੇ ਸਾਥਾ। ਇੱਛਾ ਪੂਰਹਿਂ ਸ੍ਰੀ ਜਗਨਾਥਾ[2]'॥੨੨॥

ਬਚਨ ਮਾਨਕੈ ਤਬਹੀ ਮੂਲਾ। ਚਲਜੋ ਸੰਗ ਲਖ ਗੁਰ ਅਨਕੂਲਾ[3]।
ਗਮਨੇ ਆਨ ਥਾਨ ਜਗਸਾਂਈ। ਸਿੱਛਜਾ[4] ਦੇਨ ਜਿ ਨਰ ਦੁਖ ਪਾਈ॥੨੩॥

ਏਕ ਨਗਰ ਮਹਿਂ ਬੈਸੇ ਜਾਈ। ਜਹਾਂ ਘਨੇਰੇ ਤੁਰਕ(*2) ਰਹਾਈਂ।
ਚੰਦਰਾਤ[5] ਥੀ ਤਿਸ ਦਿਨ ਮਾਂਹੀ। ਬਹੁ ਨਰ ਕੋ ਭਾ ਮੇਲ[6] ਤਹਾਂ ਹੀ॥੨੪॥

ਭੀਰ ਬਿਸਾਲ ਭਈ ਇਕ ਥਾਈਂ। ਲੇਯ ਸ਼ੀਰਨੀ[7] ਮਨੁਜ ਚਢਾਂਈ।
ਇਕ ਫਕੀਰ ਦੰਭੀ ਤਹਿਂ ਰਹਹੀ। ਸਭ ਲੋਕਨ ਸੋਂ ਇਸ ਬਿਧਿ ਕਹਿਹੀ॥੨੫॥

ਦੋਹਰਾ

'ਦੂਜ ਚਾਂਦ ਕੀ ਰਾਤ ਕੋ ਸ਼ਹੁ[8] ਆਵੈ ਮੁਝ ਪਾਸ'।
ਤਿਹ ਦਰ[9] ਦੁੰਦਭਿ[10] ਨੌਬਤਾਂ[11] ਬਾਜਤ ਹੋਤ ਹੁਲਾਸ॥੨੬॥

ਚੌਪਈ

ਰੁਚਿਰ ਪੁਸ਼ਪ ਕੀ ਸੇਜ ਬਿਛਾਵੈ। ਨਿਜ ਅਵਾਸ ਬਹੁ ਦੀਪ ਜਗਾਵੈ।
ਸ਼ਹੁ ਸੋਹਾਗਣਿ(*3) ਨਾਮ ਧਰਾਯੋ। ਸਭ ਲੋਕਨ ਮਹਿਂ ਮਾਨ ਬਧਾਯੋ॥੨੭॥

SikhBookClub.Com

ਬਾਣੀਆ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਸੰਤ ਜੀ! ਹੇ ਮੁਕਤੀਦਾਤੇ ਗੁਰੂ ਜੀ! (ਮੈਂ) ਸੱਚ ਆਖ ਰਿਹਾ ਹਾਂ। ਜੱਗ ਮੇਰਾ ਨਾਮ ਮੂਲਾ ਕਹਿੰਦਾ ਹੈ।ਇਸ ਤਰਾਂ ਦਾ ਜੋ ਮੈਨੂੰ ਗਿਆਨ ਹੈ, ਇਹ ਆਪ ਜੀ ਦੇ ਅਨੁਸਾਰ ਹੀ ਹੈ ॥੧੯॥

ਜਿਸ ਨੂੰ ਆਪ ਚਾਹੋ, ਉਸ ਨੂੰ ਜਾਣੂ (ਮਹਿਸੂਸ) ਕਰਵਾ ਦਿੰਦੇ ਹੋ। ਸੱਚ, ਝੂਠ ਬਾਰੇ ਸਾਰ ਕੁਝ ਹਿਰਦੇ ਵਿੱਚ ਦ੍ਰਿੜ੍ਹ ਕਰਵਾ ਦਿੰਦੇ ਹੋ। ਮੇਰੇ ਹਿਰਦੇ ਵਿੱਚ ਧਨ-ਦੌਲਤ ਦਾ ਬਹੁਤ (ਜ਼ਿਆਦਾ) ਲਾਲਚ ਹੈ, ਪਰ ਮੈਂ ਕਾਗਜ਼ 'ਤੇ (ਜੋ) ਸਹੀ[1] ਹੈ, ਲਿਖ ਦਿੱਤਾ ਸੀ। ॥੨੦॥

ਮੈਂ ਹਿਰਦੇ ਵਿੱਚ ਹਮੇਸ਼ਾ ਇਸੇ ਤਰਾਂ ਹੀ ਚਾਹੁੰਦਾ ਹਾਂ ਜਿਵੇਂ ਕਾਗਜ਼ 'ਤੇ (ਸਵੇਰੇ) ਲਿਖ ਕੇ ਭੇਜਿਆ ਸੀ । ਜਿਸ ਵੇਲੇ ਤਕ ਕੋਈ ਸੰਤ ਨਾਲ ਮੇਲ ਨਹੀਂ ਹੁੰਦਾ । ਮੇਰੇ ਮਨ ਵਿੱਚ ਪੱਕੀ ਤਰਾਂ ਨਾਲ ਦ੍ਰਿੜ੍ਹ ਅਭਿਆਸ ਨਹੀਂ ਹੋਣਾ।" ॥੨੧॥

ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਹਿਰਦੇ ਵਿੱਚ ਜੇਕਰ ਇਸੇ ਤਰਾਂ ਦੀ ਚਾਹ ਹੈ ਤਾਂ ਤੂੰ ਸਾਡੇ ਨਾਲ ਰਹੁ, ਪਰਮੇਸ਼ਰ[2] ਤੇਰੀ ਇੱਛਾ ਪੂਰੀ ਕਰੇਗਾ।" ॥੨੨॥

ਉਸ ਵੇਲੇ ਹੀ "ਮੂਲਾ" ਗੁਰੂ ਜੀ ਦੇ ਬਚਨ ਮੰਨ ਕੇ, ਗੁਰੂ ਜੀ ਦੇ ਅਨੁਸਾਰੀ[3] ਹੋ ਕੇ ਚੱਲ ਪਿਆ। ਜੋ ਮਨੁੱਖ ਦੁੱਖ ਪਾ ਰਹੇ ਸਨ, ਉਨ੍ਹਾਂ ਨੂੰ ਉਪਦੇਸ਼[4] ਦੇਣ ਲਈ ਜਗਤ ਦੇ ਮਾਲਕ (ਗੁਰੂ ਜੀ) ਹੋਰ ਸਥਾਨ 'ਤੇ ਜਾਣ ਲਈ ਚੱਲ ਪਏ। ॥੨੩॥

ਇੱਕ ਨਗਰ ਵਿੱਚ ਜਾ ਕੇ (ਗੁਰੂ ਜੀ) ਬੈਠ ਗਏ; ਜਿਥੇ ਬਹੁਤ ਮੁਸਲਮਾਨ (ਤੁਰਕ) ਰਹਿੰਦੇ ਸਨ । ਉਸ ਦਿਨ ਚੰਦਰਮਾ ਦੀ ਰਾਤ[5] ਸੀ। ਉਸ ਥਾਂ ਬਹੁਤ ਲੋਕਾਂ ਦਾ ਮੇਲਾ[6] ਲੱਗਿਆ ਹੋਇਆ ਸੀ। ॥੨੪॥

ਇੱਕ ਸਥਾਨ 'ਤੇ ਬਹੁਤ ਭੀੜ ਹੋਈ ਪਈ ਸੀ, ਜਿਥੇ ਲੋਕ ਮਿਠਾਈ[7] ਚੜ੍ਹਾ ਰਹੇ ਸਨ। ਉਥੇ ਇੱਕ ਪਾਖੰਡੀ ਫ਼ਕੀਰ ਰਹਿੰਦਾ ਸੀ। ਸਾਰੇ ਲੋਕਾਂ ਨੂੰ ਉਹ ਇੰਜ ਕਹਿੰਦਾ ਸੀ। ॥੨੫॥

ਦੋਹਰਾ

"ਮੇਰੇ ਕੋਲ ਚੰਦਰਮਾ ਦੇ ਪੱਖ ਦੀ ਦੂਜੀ ਰਾਤ ਨੂੰ ਪ੍ਰਭੂ[8] ਆਉਂਦਾ ਹੈ।" ਉਸ ਦੇ ਦਰਵਾਜ਼ੇ[9] 'ਤੇ ਧੌਂਸੇ[10] ਤੇ ਨਗਾਰੇ[11] ਵਜਦੇ ਸਨ ਤੇ ਖੁਸ਼ੀਆਂ ਹੋ ਰਹੀਆਂ ਸਨ ॥੨੬॥

ਚੌਪਈ

ਉਹ ਸੁੰਦਰ ਫੁੱਲਾਂ ਦੀ ਸੇਜ ਵਿਛਾਉਂਦਾ ਸੀ। ਆਪਣੇ ਘਰ ਬਹੁਤ ਦੀਵੇ ਜਗਾਉਂਦਾ ਸੀ। ਉਸ ਨੇ ਆਪਣਾ ਨਾਮ 'ਸਹੁ ਸੋਹਾਗਣਿ' ਰਖਵਾਇਆ ਹੋਇਆ ਸੀ। ਸਾਰੇ ਲੋਕਾਂ ਵਿੱਚ ਆਪਣਾ ਮਾਣ ਵਧਾਇਆ ਹੋਇਆ ਸੀ। ॥੨੭॥

SikhBookClub.Com

ਮਨੁਜ ਸ਼ੀਰਨੀ ਤਿਸ ਦਿਨ ਲਜਾਵੈਂ।ਹੋਇ ਦੀਨ ਮਨ ਸੀਸ ਨਿਵਾਵੈਂ।
ਅੰਤਰ ਜਾਨ ਦੇਯ ਨਹਿਂ ਕਿਸ ਕੋ।ਦਰ ਪਰ ਬੰਦਨ ਕਰਹੀਂ ਤਿਸਕੋ॥੨੮॥

ਬਡੇ ਨਿਸ਼ਾਨ[1] ਗਡੇ ਦਰ ਨੇਰੇ।ਜਹਿਂ ਕਹਿਂ ਹੋਤ ਉਛਾਹ[2] ਬਧੇਰੇ।
ਅੰਗਨਾ ਕੇ ਸਿੰਗਾਰ ਕਰ ਸਾਰੇ।ਬੈਠਹਿ ਦੁਰ ਕੈ ਤੂਸ਼ਨ ਧਾਰੇ॥੨੯॥

ਦੋਹਰਾ

ਪੁੰਜ ਮਨੁਜ ਹੋਏ ਤਹਾਂ,ਬਾਜੇ ਬਜਹਿਂ ਅਪਾਰ[3]।
ਡੇਰਾ ਕੀਨਾ ਪ੍ਰਭੂ ਤਬ ਇਕ ਤਿਯ ਬ੍ਰਿੱਧ ਅਗਾਰ[4]॥੩੦॥

ਚੌਪਈ

ਅੰਤਰਜਾਮੀ ਸਭ ਬਿਧਿ ਜਾਨੀ।ਤਿਹਂ ਤਿਯ ਸੋਂ ਬੋਲੇ ਅਸ ਬਾਨੀ।
'ਪੁਰ ਕੇ ਬਿਖੈ ਹੋਤ ਕਸ ਸ਼ੋਰਾ[5] । ਬ੍ਰਿੰਦ ਮਨੁਜ ਹੋਏ ਇਕ ਠੌਰਾ'॥੩੧॥

ਕਹੈ ਤੀਯ 'ਇਕ ਰਹੈ ਫਕੀਰ।ਤਿਹ ਦਰ ਮਾਨਵ ਕੀ ਬਹੁ ਭੀਰ।
ਆਜ ਅਨੰਦ ਅਧਿਕ ਤਿਹ ਧਾਮੂ।ਸ਼ਹੁ ਸੋਹਾਗਣਿ ਜਿਸ ਕੋ ਨਾਮੂ'॥੩੨॥

ਸ੍ਰੀ ਨਾਨਕ ਸੁਨ ਕੈ ਮੁਸ਼ਕਾਨੇ।ਕਹੈਂ 'ਚਲਹੁ ਦੇਖਹਿਂ ਮਰਦਾਨੇ'।
ਹਮ ਕੋ ਸੰਗਿ ਲੀਨ ਜਗਸਾਈਂ।ਪਹੁੰਚਤ ਭਏ ਜਾਇ ਤਿਹਂ ਥਾਈਂ॥੩੩॥

ਦੋਹਰਾ

ਦਰ ਆਗੈ ਹ੍ਵੈ ਠਾਢ ਤਬ ਦੇਖੀ ਭੀਰ ਅਪਾਰ।
ਅੰਤਰ ਪ੍ਰਵਿਸ਼ੈ ਕੋ ਨਹੀਂ,ਕਰੈਂ ਤਹਾਂ ਨਮਸਕਾਰ॥੩੪॥

ਚੌਪਈ

ਅੰਤਰ ਜਾਨ ਲਗੇ ਸ੍ਰੀ ਪ੍ਰਭੂ ਜਬ।ਜੇ ਦਰਵਾਨ ਕਹੇ ਬਚ ਤਿਨ ਤਬ।
'ਅੰਤਰ ਹੁਕਮ ਜਾਨ ਕੌ ਨਾਂਹੀ।ਦਰ ਪੁਰ ਜ਼ਾਰਤ[6] ਕਰ ਮੁਰ ਜਾਹੀਂ'॥੩੫॥

SikhBookClub.Com

ਲੋਕ ਉਸ ਦਿਨ ਮਿਠਾਈ ਲਿਆਉਂਦੇ ਸਨ। ਮਨ ਵਿੱਚ ਨਿਮਰਤਾ ਰੱਖ ਕੇ ਸਿਰ ਨਿਵਾਉਂਦੇ ਸਨ। ਕਿਸੇ ਨੂੰ ਅੰਦਰ ਜਾਣ ਨਹੀਂ ਸੀ ਦਿੱਤਾ ਜਾਂਦਾ। ਉਸ ਨੂੰ ਦਰਵਾਜ਼ੇ 'ਤੇ (ਹੀ ਸਾਰੇ) ਨਮਸਕਾਰ ਕਰਦੇ ਸਨ। ॥੨੮॥

ਦਰਵਾਜ਼ੇ ਕੋਲ ਵੱਡੇ ਵੱਡੇ ਝੰਡੇ[1] ਗੱਡੇ ਹੋਏ ਸਨ। ਜਿਥੇ-ਕਿਥੇ ਅਧਿਕ ਉਤਸ਼ਾਹ[2] ਵਿਖਾਈ ਦਿੰਦਾ ਸੀ । ਉਹ ਇਸਤਰੀ ਦੇ ਸਾਰੇ ਸ਼ਿੰਗਾਰ ਕਰਕੇ ਮੋਨ ਧਾਰ ਕੇ ਲੁਕ ਕੇ ਬੈਠ ਜਾਂਦਾ ਸੀ। ॥੨੯॥

ਦੋਹਰਾ

ਬਹੁਤੇ ਲੋਕ ਉਸ ਥਾਂ 'ਤੇ (ਇੱਕਠੇ) ਹੋ ਗਏ ਸਨ, ਅਣਗਿਣਤ[3] ਵਾਜੇ ਵੱਜ ਰਹੇ ਸਨ। ਉਦੋਂ ਗੁਰੂ ਜੀ ਨੇ ਇੱਕ ਬਿਰਧ ਇਸਤਰੀ ਦੇ ਘਰ ਪਹਿਲਾਂ[4] ਹੀ ਟਿਕਾਣਾ ਕੀਤਾ ਹੋਇਆ ਸੀ। ॥੩੦॥

ਚੌਪਈ

ਅੰਦਰ ਦੀ ਜਾਣਨ ਵਾਲੇ ਗੁਰੂ ਜੀ ਸਾਰੇ ਕਰਮ ਬਾਰੇ ਜਾਣਦੇ ਸਨ। ਉਸ ਇਸਤਰੀ ਨੂੰ ਇਸ ਤਰਾਂ ਕਹਿਣ ਲੱਗੇ, "ਨਗਰ ਵਿੱਚ ਕਿਵੇਂ ਦਾ ਰੌਲਾ[5] ਪਿਆ ਹੋਇਆ ਹੈ? ਇੱਕ ਥਾਂ 'ਤੇ ਲੋਕਾਂ ਦਾ ਬਹੁਤ ਇਕੱਠ ਹੋਇਆ ਪਿਆ ਹੈ।" ॥੩੧॥

ਬਿਰਧ ਇਸਤਰੀ ਨੇ ਕਿਹਾ, "ਇਕ ਫ਼ਕੀਰ ਰਹਿੰਦਾ ਹੈ, ਜਿਸ ਦੇ ਦਰਵਾਜ਼ੇ 'ਤੇ (ਅੱਜ ਦੇ ਦਿਨ) ਲੋਕਾਂ ਦੀ ਬਹੁਤ ਭੀੜ ਹੁੰਦੀ ਹੈ। ਜਿਸ ਦਾ ਨਾਮ 'ਸਹੁ ਸੋਹਾਗਣਿ' ਹੈ, ਉਸ ਦੇ ਘਰ ਅੱਜ ਬਹੁਤ ਖੁਸ਼ੀਆਂ ਹਨ।" ॥੩੨॥

ਗੁਰੂ ਨਾਨਕ ਦੇਵ ਜੀ ਸੁਣ ਕੇ ਮੁਸਕਰਾਉਣ ਲੱਗੇ ਤੇ ਕਿਹਾ, "ਮਰਦਾਨੇ! ਚਲੋ ਦੇਖੀਏ।" ਜਗਤ ਦੇ ਮਾਲਕ ਗੁਰੂ ਜੀ ਨੇ ਸਾਨੂੰ (ਬਾਲਾ, ਮਰਦਾਨਾ ਤੇ ਮੂਲਾ) ਨਾਲ ਲੈ ਲਿਆ। ਉਸ ਸਥਾਨ 'ਤੇ ਜਾ ਪਹੁੰਚ ਗਏ। ॥੩੩॥

ਦੋਹਰਾ

ਉਸ ਦੇ ਦਰਵਾਜ਼ੇ ਅੱਗੇ ਖੜ੍ਹੇ ਹੋਏ ਤਾਂ ਬਹੁਤ ਜ਼ਿਆਦਾ ਭੀੜ ਦੇਖੀ। ਅੰਦਰ ਕੋਈ ਵੀ ਦਾਖਲ ਨਹੀਂ ਸੀ ਹੋ ਰਿਹਾ। ਉਸ ਥਾਂ 'ਤੇ ਹੀ (ਲੋਕ) ਨਮਸਕਾਰ ਕਰ ਰਹੇ ਸਨ। ॥੩੪॥

ਚੌਪਈ

ਜਿਸ ਵੇਲੇ ਗੁਰੂ ਜੀ ਅੰਦਰ ਜਾਣ ਲੱਗੇ। ਉਸ ਵੇਲੇ ਜੋ ਦਰਬਾਨ ਸਨ, ਉਨ੍ਹਾਂ ਨੇ (ਗੁਰੂ ਜੀ ਨੂੰ) ਕਿਹਾ, "ਅੰਦਰ ਜਾਣ ਦਾ ਹੁਕਮ ਨਹੀਂ ਹੈ। ਦਰਵਾਜ਼ੇ 'ਤੇ ਹੀ ਯਾਤਰਾ[6] (ਦਰਸ਼ਨ) ਕਰਕੇ (ਲੋਕ) ਮੁੜ ਜਾਂਦੇ ਹਨ।" ॥੩੫॥

SikhBookClub.Com

ਗੁਰੂ ਕਹੈਂ 'ਤਿਹ ਕੋ ਸੁਧਿ ਦੀਜੈ। ਦਰ ਠਾਂਢੇ ਦਰਵੇਸ਼ ਲਖੀਜੈ।
ਤੁਮ ਦਰਸ਼ਨ ਕੀ ਹੈ ਚਿਤ ਚਾਹੀ। ਆਇਸੁ ਹੋਇ ਤ ਆਵਹਿਂ ਪਾਹੀ'॥ ੩੬॥

ਠਾਢੇ ਹੋਇ ਦੂਰ ਦਰਵਾਨਾਂ। ਜਾਇ ਤਾਂਹਿ ਸੋ ਬਚਨ ਬਖਾਨਾ।
'ਦਰ ਦਰਵੇਸ਼ ਤੁਮਾਰੇ ਆਏ। ਮਿਲਨ ਚਾਹਿ ਰਾਵਰ ਅਧਿਕਾਏ॥ ੩੭॥

ਜੌ ਅਬ ਆਇਸੁ ਹੋਇ ਤੁਮਾਰੀ। ਕਰ ਹੈਂ ਜਾਰਤ ਆਇ ਅਗਾਰੀ'।
ਉੱਤਰ ਦੀਨ ਪਖੰਡੀ ਗਾਢੇ। 'ਬਰਜਹੁ[1] ਦਰ ਪਰ ਰਾਖਹੁ ਠਾਢੇ॥ ੩੮॥

ਆਜ ਹੋਤ ਮੁਝ ਸ਼ਹੁ ਕੋ ਦਰਸ਼ਨ। ਨਹਿਂ ਅਵਲੋਕੌਂ ਕਿਸ, ਇਕ ਤਿਸ ਬਿਨੁ'।
ਸੁਨ ਦਰਵਾਨ ਸੁ ਆਇ ਬਖਾਨੀ। ਬਿਗਸੇ ਪ੍ਰਭੁ ਤਬ ਦੰਭਨ[2] ਹਾਨੀ॥ ੩੯॥

'ਕਛੂ ਨ ਇਹਾਂ ਚਲਹੁ ਮਰਦਾਨਾ!। ਕੂਰ[3] ਅਡੰਬਰ[4] ਸਬ ਪਹਿਚਾਨਾ।
ਹੋਇ ਨਸ਼ਟ ਇਨ ਕਪਟ ਜੁ ਕੀਨੋ'। ਕਹਿ ਇਉਂ ਗਮਨੇ ਪਾਛਾ[5] ਦੀਨੋ॥ ੪੦॥

ਤਿਹਂ ਛਿਨ ਮੇਲੇ ਬੀਚ ਬਿਸਾਲਾ। ਪਰੀ ਲਰਾਈ ਮਹਾਂ ਕਰਾਲਾ[6]।
ਚਹੁ ਦਿਸ ਮਹਿਂ ਚਮਕਹਿਂ ਸ਼ਮਸ਼ੇਰਾ[7]। ਧਰ ਪਰ ਸ਼੍ਰੋਣਤ ਗਿਰੇ ਘਨੇਰਾ। ੪੧।

ਕਟੇ ਕਿਤਕ ਹ੍ਵੈ ਮਿਰਤਕ ਪਰਹੀਂ। ਕੇਤਿਕ ਘਾਇਲ ਘੂਮਤ ਫਿਰਹੀਂ।
ਬਹੁਰੋ ਲੂਟਿ ਪਰੀ ਤਿਹ ਥਾਈਂ। ਬਲੀ ਖਸੋਟਹਿਂ ਵਸਤੁ ਪਰਾਈ॥ ੪੨॥

ਜਹਿਂ ਦੰਭੀ ਕੋ ਸਦਨ ਸੁਹਾਵਨ। ਨਰ ਪਹੁੰਚੇ ਤਹਿਂ ਵਸਤੁ ਲਿਆਵਨ।
ਸਰਬ ਸਮਾਜ ਹੁਤੋ ਤਿਸ ਕੇਰਾ। ਲੂਟ ਲੀਨ ਤਬਹੀ ਬਿਨ ਦੇਰਾ॥ ੪੩॥

ਧਕਤ ਧਸੇ ਨਰ ਪੌਰ[8] ਅੰਦਾਰੀ[9]। ਮੰਚ[10] ਪਰ ਬਾਲਾ ਏਕ ਸੁੰਦਾਰੀ[11]।
ਸਠ[12] ਤਿਹ ਸਾਥ ਕੇਲ[13] ਕਰ ਐਸੇ। ਬਹੁ ਕਾਮੀ ਨਰ ਕਰਤ ਸੁ ਜੈਸੇ॥ ੪੪॥

ਨਰ ਦੇਖਤ ਤਹਿਂ ਕੁਪਿਤ[14] ਬਿਸ਼ੇਖਾ। 'ਮਾਰੋ ਮਾਰ ਪਾਜ[15] ਇਸ ਭੇਖਾ'।
ਲਸ਼ਟਕ[16] ਮਾਰ ਗਲੰਥ[17] ਨਿਕਾਰਾ। 'ਲੂਟ ਲੇਹੁ'ਕਹਿ 'ਜਿਤਕ ਪਸਾਰਾ'॥ ੪੫॥

SikhBookClub.Com

ਗੁਰੂ ਜੀ ਨੇ ਕਿਹਾ, "ਉਸ ਨੂੰ ਖਬਰ ਦੇ ਦਿਉ ਕਿ ਤੇਰੇ ਦਰਵਾਜ਼ੇ 'ਤੇ ਫ਼ਕੀਰ ਖੜ੍ਹਾ ਹੈ, ਜਿਸ ਨੂੰ ਤੁਹਾਡੇ ਦਰਸ਼ਨਾਂ ਦੀ ਚਿੱਤ ਵਿੱਚ ਚਾਹ ਹੈ। ਹੁਕਮ ਹੋਵੇ ਤਾਂ ਤੁਹਾਡੇ ਕੋਲ ਆ ਜਾਵੇ।" ॥੩੬॥

ਦਰਬਾਨ ਦੂਰ ਜਾ ਕੇ ਖੜ੍ਹੇ ਹੋ ਗਏ। ਉਸ ਨੂੰ ਜਾ ਕੇ ਆਖਿਆ, "ਤੁਹਾਡੇ ਦਰਵਾਜ਼ੇ 'ਤੇ ਫ਼ਕੀਰ ਆਇਆ, (ਜਿਸ ਨੂੰ) ਆਪ ਦੇ ਦਰਸ਼ਨ ਕਰਨ ਦੀ ਬਹੁਤ ਚਾਹ ਹੈ। ॥੩੭॥

ਹੁਣ ਜੇਕਰ ਆਪ ਦਾ ਹੁਕਮ ਹੋਵੇ, ਦਰਸ਼ਨ ਕਰਨ ਲਈ ਅੱਗੇ ਆ ਜਾਵੇ।" ਤਕੜੇ ਦੰਭੀ ਨੇ ਉੱਤਰ ਦਿੱਤਾ, "ਦਰਵਾਜ਼ੇ 'ਤੇ ਰੋਕ[1] ਦਿਉ। (ਉਸ ਨੂੰ) ਖੜ੍ਹਾ ਰਹਿਣ ਦਿਉ। ॥੩੮॥

ਅੱਜ ਮੈਨੂੰ ਪ੍ਰਭੂ ਦੇ ਦਰਸ਼ਨ ਹੋਣੇ ਹਨ। (ਇਸ ਲਈ) ਇੱਕ ਸਹੁ ਤੋਂ ਬਿਨਾਂ (ਅੱਜ) ਕਿਸੇ ਨੂੰ ਨਹੀਂ ਮਿਲਣਾ।" ਦਰਬਾਨ ਨੇ ਸੁਣ ਕੇ ਆ ਕੇ ਦੱਸ ਦਿੱਤਾਂ ਤਾਂ ਗੁਰੂ ਜੀ ਮੁਸਕਰਾਏ ਜੋ ਪਾਖੰਡੀ[2] ਲਈ ਨੁਕਸਾਨ ਦਾ (ਸੰਕੇਤ) ਸੀ। ॥੩੯॥

(ਗੁਰੂ ਜੀ ਬੋਲੇ), "ਮਰਦਾਨੇ! ਇੱਥੇ ਕੁਝ ਨਹੀਂ ਹੈ, ਚੱਲੋ ਚੱਲੀਏ। ਇਸ ਸਾਰੇ ਝੂਠੇ[3] ਪਾਖੰਡ[4] ਜਾਲ ਨੂੰ ਜਾਣ ਲਿਆ ਹੈ । ਇਸ ਨੇ ਜੋ ਛਲ-ਕਪਟ ਦਾ ਤਾਣਾ ਬੁਣਿਆ, ਉਸ ਸਦਕਾ ਇਹ ਨਸ਼ਟ ਹੋ ਜਾਵੇਗਾ।" ਇੰਜ ਆਖ ਕੇ (ਗੁਰੂ ਜੀ) ਜਾਣ ਲਈ ਪਿੱਛੇ[5] ਮੁੜ ਪਏ ॥੪੦॥

ਉਸੇ ਪਲ ਵਿਸ਼ਾਲ ਮੇਲੇ ਵਿੱਚ ਬਹੁਤ ਭਿਆਨਕ[6] ਲੜਾਈ ਸ਼ੁਰੂ ਹੋ ਗਈ। ਚਾਰੇ ਪਾਸੇ ਤਲਵਾਰਾਂ[7] ਚਮਕਣ ਲੱਗੀਆਂ। ਧਰਤੀ ਉੱਤੇ ਬਹੁਤ ਖੂਨ ਡਿੱਗਣ ਲੱਗ ਪਿਆ। ॥੪੧॥

ਕਿੰਨੇ ਕੱਟ-ਵੱਢ ਵਿੱਚ ਮਾਰੇ ਗਏ। ਕਿੰਨੇ ਜ਼ਖਮੀ ਹੋਏ ਘੁੰਮਦੇ ਫਿਰ ਰਹੇ ਸਨ। ਫਿਰ ਉਸ ਥਾਂ ਲੁੱਟ-ਖਸੁੱਟ ਸ਼ੁਰੂ ਹੋ ਗਈ। ਤਾਕਤਵਰ ਦੂਜਿਆਂ ਦੀਆਂ ਵਸਤਾਂ ਖੋਹਣ ਲੱਗੇ। ॥੪੨॥

ਜਿਸ ਥਾਂ 'ਤੇ ਉਸ ਪਾਖੰਡੀ ਦਾ ਸੋਹਣਾ ਘਰ ਸੀ। ਲੋਕ ਉਥੇ ਸਮਾਨ ਲੁੱਟਣ ਲਈ ਪਹੁੰਚ ਗਏ। ਸਾਰੇ (ਲੋਕਾਂ ਦੇ) ਇਕੱਠ ਨੇ ਬਿਨਾਂ ਦੇਰੀ ਦੇ (ਸਾਰਾ ਸਮਾਨ) ਲੁੱਟ ਲਿਆ। ॥੪੩॥

ਧੱਕੇ ਮਾਰ ਕੇ ਲੋਕ ਦਰਵਾਜ਼ੇ[8] ਅੰਦਰ[9] ਜਾ ਦਾਖਲ ਹੋਏ। ਸੇਜ [10] 'ਤੇ ਇੱਕ ਨਵਜੋਬਨ ਸੁੰਦਰ[11] ਇਸਤਰੀ ਸੀ। ਜਿਵੇਂ ਬਹੁਤ ਕਾਮੀ ਪੁਰਸ਼ (ਖੇਡ) ਕਰਦਾ ਹੈ, ਲੁੱਚਾ[12] ਉਸ ਦੇ ਨਾਲ ਇਸ ਪ੍ਰਕਾਰ ਅਨੰਦ-ਭੋਗ[13] ਮਾਣ ਰਿਹਾ ਸੀ। ॥੪੪॥

ਉਥੇ ਲੋਕ (ਦੇਖ ਕੇ) ਬਹੁਤ ਕਰੋਧਵਾਨ[14] ਹੋਏ ਦੇਖਣ ਲੱਗੇ। "(ਸ਼ਹੁ ਸੁਹਾਗਣਿ) ਦਾ ਪੋਲ (ਪਸਾਰਾ)[15] ਝੂਠਾ ਭੇਖ ਹੈ, ਇਸ ਨੂੰ ਮਾਰੋ।" ਸੋਟੀ[16] ਮਾਰਕੇ ਗਲੇ[17] ਤੋਂ (ਫੜ ਕੇ ਬਾਹਰ) ਕੱਢਿਆ। ਆਖਿਆ, "ਲੁੱਟ ਲਓ, ਜੋ ਪਸਾਰਾ ਨਜ਼ਰੀਂ ਆ ਰਿਹਾ ਹੈ" ॥੪੫॥

SikhBookClub.Com

ਦੋਹਰਾ

ਜੜ੍ਹ ਚੇਤਨ ਜਗ ਈਸ[1] ਕੀ ਕਰੀ ਅਵਗਜਾ[2] ਜਾਂਹਿ।
ਹਾਲ ਬੁਰਾ ਤਿਹਂ ਹੋਤ ਭਾ ਅਚਰਜ ਮਾਨੋ ਨਾਹਿਂ॥੪੬॥

ਚੌਪਈ

ਝੰਡੇ ਕੋ ਨਿਸ਼ਾਨ ਲੈ ਗਯੋ। ਕੋਊ ਚਰ੍ਹਾਵਾ[3] ਲੂਟਤ ਭਯੋ।
ਤਿਹਕੋ ਕਿਨਹੂੰ ਲੀਨ ਪ੍ਰਯੰਕਾ[4]।ਨਰ ਭਾਜੇ ਮਨ ਮਾਨ ਅਤੰਕਾ[5] ॥੪੭॥

ਭੂਖਨ ਬਸਤ੍ਰਾਦਿਕ ਥੋ ਜੋਊ।ਤਿਹ ਛਿਨ ਸਰਬ ਖਸੋਟੇ[6] ਸੋਊ।
ਕਹਨ ਲਗੇ 'ਇਹੁ ਹੁਤੋ ਪਖੰਡੀ। ਨਾਉ ਸੁਹਾਗਣ ਹੈ ਇਹੁ ਰੰਡੀ॥੪੮॥

ਕਰਜੋ ਕੂਰ ਕੋ ਸਰਬ ਸਮਾਜਾ।ਉਘਰ ਗਯੋ ਅਬ ਜਾਂਕੋ ਪਾਜਾ[7]।
ਕਰਹਿਂ ਨਿਰਾਦਰ ਸਬ ਨਰ ਤਿਹਂ ਕੋ। ਬੰਦਨ ਕਰ ਪ੍ਰੀਤ ਕਰ ਜਿਹ ਕੋ॥੪੯॥

ਮੰਦਮਤੀ[8] ਤਬ ਮਨ ਮਹਿਂ ਜਾਨੇ।— ਵਹਿਰ ਹੁਤੇ ਕੋਊ ਸੰਤ ਮਹਾਨੇ।
ਕੀਨ ਨਿਰਾਦਰ ਮੈਂ ਤਿਨ ਕੇਰਾ।ਆਦਰ ਸਰਬ ਗਯੋ ਤਬ ਮੇਰਾ —॥੫੦॥

ਲੱਜਤ ਹੋਯੋ ਫਿਰਤ ਨਗਰ ਮੈਂ।ਕੋ ਨਹਿਂ ਜਾਵਨ ਦੇ ਨਿਜ ਘਰ ਮੈਂ।
ਏਕ ਨਿਸਾ ਬਸ ਕਰ ਤਿਹਂ ਥਾਈ।ਅੱਗ੍ਰਜ ਕੀਨੋ ਗਮਨ ਗੁਸਾਂਈ॥੫੧॥

ਮੂਲਾ ਮਰਦਾਨਾ ਮੈਂ ਸੰਗਾ।ਪੀਛੇ ਪ੍ਰਸਥਾਨੇ ਸੁ ਉਮੰਗਾ।
ਉੱਚ ਜਹਾਂ ਸੱਯਦ ਬਹੁ ਬਾਸੀ।ਤਹਿਂ ਪਹੁੰਚੇ ਸਤਿਗੁਰ ਅਬਿਨਾਸੀ॥੫੨॥

ਵਹਿਰ ਨਗਰ ਤੇ ਆਸ਼੍ਰਮ[9] ਲਾਈ।ਬੈਠ ਗਏ ਪੁਨਿ ਨਿਸਿ ਹ੍ਵੈ ਆਈ।
ਬਡੀ ਭੋਰ ਤੇ ਕਰ ਇਸ਼ਨਾਨਾ।ਭਨੈ ਗਿਰਾ ਊਚੀ ਧੁਨਿ ਕਾਨਾ[10] ॥੫੩॥

ਤਬ ਇਕ ਸਿੰਧੀ ਤਿਹ ਥਲ ਆਯੋ।ਸੁਨਨ ਹੇਤੁ ਠਹਰਜੋ ਹਿਤ ਲਾਯੋ।
ਬਚਨ ਸੁਨਤ ਸਮਝਤ ਭਲ ਰੀਤੀ।ਰਹਜੋ ਠਾਂਢਿ ਹ੍ਵੈ ਉਰ ਧਰ ਪ੍ਰੀਤੀ॥੫੪॥

SikhBookClub.Com

ਦੋਹਰਾ

ਜੜ ਚੇਤਨ ਰੂਪ ਜਗਤ ਦੇ ਮਾਲਕ[1] (ਗੁਰੂ ਜੀ) ਦਾ ਜਿਸ ਤਰਾਂ ਜਿਸ ਨੇ ਨਿਰਾਦਰ[2] ਕੀਤਾ ਸੀ । ਉਸ ਦਾ ਹਾਲ ਬੁਰਾ ਹੀ ਹੋਣਾ ਸੀ, (ਇਹ) ਹੈਰਾਨਗੀ ਵਾਲੀ ਗੱਲ ਨਾ ਸਮਝੋ। ॥੪੬॥

ਚੌਪਈ

(ਲੋਕ) ਉਸ ਦੇ ਝੰਡੇ ਦਾ ਚਿੰਨ੍ਹ ਵੀ ਲੈ ਗਏ। ਕੋਈ ਚੜ੍ਹਾਵਾ[3] ਲੁੱਟਣ ਵਿੱਚ ਲੱਗਿਆ ਹੋਇਆ ਸੀ । ਕਿਸੇ ਨੇ ਉਸ ਦਾ ਪਲੰਘ[4] ਚੁੱਕ ਲਿਆ । ਫਕੀਰ ਦੇ ਆਪਣੇ ਆਦਮੀ ਵੀ ਇੱਜ਼ਤ ਅਤੇ ਡਰ[5] ਕਾਰਨ ਭੱਜ ਗਏ। ॥੪੭॥

(ਉਸ ਦੇ) ਗਹਿਣੇ ਸੁੰਦਰ ਬਸਤਰ ਆਦਿ ਜਿਹੜੇ ਸਨ, ਉਹ ਪਲਾਂ ਵਿੱਚ ਹੀ ਸਾਰੇ ਖੋਹ[6] ਲਏ। ਆਖਣ ਲੱਗੇ, "ਇਹ ਪਾਖੰਡੀ ਸੀ, ਨਾਮ (ਤਾਂ ਭਾਵੇਂ) ਸੁਹਾਗਣ ਰੱਖਿਆ ਹੋਇਆ ਹੈ, (ਪਰ ਅਸਲ ਵਿੱਚ) ਇਹ ਰੰਡੀ ਹੈ ॥੪੮॥

ਸਾਰੇ ਲੋਕਾਂ ਵਿੱਚ ਜਿਸ ਨੇ ਝੂਠ ਦਾ ਪਸਾਰਾ ਫੈਲਾਇਆ । ਇਸ ਦਾ ਖੋਟ ਹੁਣ ਉਘੜ[7] ਕੇ ਸਭ ਦੇ ਸਾਹਮਣੇ ਆ ਗਿਆ।" ਜਿਸ ਨੂੰ (ਪਹਿਲਾਂ) ਪ੍ਰੇਮ ਨਾਲ ਨਮਸਕਾਰ ਕਰਦੇ ਸਨ, ਉਸ ਦਾ ਸਾਰੇ ਲੋਕ (ਹੁਣ) ਨਿਰਾਦਰ ਕਰਨ ਲੱਗ ਪਏ ਸਨ। ॥੪੯॥

ਘੱਟ-ਅਕਲ[8] ਵਾਲੇ ਨੇ ਉਸ ਵੇਲੇ ਹਿਰਦੇ ਵਿੱਚ ਜਾਣਿਆ- ਬਾਹਰ (ਜੋ) ਮਿਲਣ ਲਈ ਮਹਾਨ ਸੰਤ ਆਏ ਸਨ, ਮੈਂ ਉਨ੍ਹਾਂ ਦਾ ਅਪਮਾਨ ਕੀਤਾ। ਇਸ ਲਈ ਮੇਰੀ ਸਾਰੀ ਬਣੀ ਹੋਈ ਇੱਜ਼ਤ ਚਲੀ ਗਈ-। ॥੫੦॥

ਉਹ ਨਗਰ ਵਿੱਚ ਸ਼ਰਮਿੰਦਾ ਹੋਇਆ (ਘੁੰਮਦਾ) ਫਿਰਦਾ ਰਹਿੰਦਾ । ਕੋਈ ਆਪਣੇ ਘਰ ਵਿੱਚ (ਉਸ ਨੂੰ) ਜਾਣ ਨਹੀਂ ਸੀ ਦਿੰਦਾ। ਇੱਕ ਰਾਤ ਉਸ ਥਾਂ 'ਤੇ ਗੁਜ਼ਾਰ ਕੇ ਜਗਤ ਦੇ ਮਾਲਕ (ਗੁਰੂ ਜੀ) ਅਗਾਂਹ ਚਲੇ ਗਏ। ॥੫੧॥

ਮੈਂ (ਬਾਲਾ), ਮੂਲਾ ਤੇ ਮਰਦਾਨਾ ਉਤਸ਼ਾਹ ਸਹਿਤ (ਗੁਰੂ ਜੀ ਦੇ) ਪਿੱਛੇ ਚੱਲ ਪਏ। ਉੱਚ ਦੇ ਇਲਾਕੇ ਵਿੱਚ,ਜਿੱਥੇ ਸਯੱਦ ਵੱਸਦੇ ਸੀ, ਉਥੇ ਵਿਨਾਸ਼-ਰਹਿਤ(ਗੁਰੂ ਜੀ) ਪਹੁੰਚ ਗਏ। ॥੫੨॥

ਨਗਰ ਤੋਂ ਬਾਹਰ (ਗੁਰੂ ਜੀ ਨੇ) ਡੇਰਾ[9] ਕੀਤਾ। (ਗੁਰੂ ਜੀ) ਬੈਠ ਗਏ, ਫੇਰ ਰਾਤ ਹੋ ਗਈ। ਸਵੇਰੇ-ਸਵੇਰੇ ਇਸ਼ਨਾਨ ਕਰਕੇ ਉੱਚੀ ਧੁਨ ਵਿੱਚ ਸੰਤੋਖੀ[10] ਗੁਰੂ ਜੀ ਬਾਣੀ ਪੜ੍ਹਨ ਲੱਗੇ। ॥੫੩॥

ਉਸ ਵੇਲੇ ਇੱਕ ਸਿੰਧੀ ਉਸ ਸਥਾਨ 'ਤੇ ਆ ਗਿਆ ਤੇ ਪ੍ਰੇਮ ਨਾਲ (ਬਾਣੀ) ਸੁਣਨ ਲਈ ਠਹਿਰ ਗਿਆ। ਸ਼ਬਦ ਸੁਣ ਕੇ ਸ੍ਰੇਸ਼ਟ ਢੰਗ ਨਾਲ ਸਮਝਦਾ ਰਿਹਾ। ਹਿਰਦੇ ਵਿੱਚ ਪ੍ਰੇਮ ਧਾਰ ਕੇ (ਉਸ ਥਾਂ) ਖੜ੍ਹਾ ਰਿਹਾ। ॥੫੪॥

SikhBookClub.Com

'ਗੁਰਮੁਖਿ ਨਾਦੰ ਗੁਰਮੁਖਿ ਵੇਦੰ'। ਜਬ ਇਹੁ ਉਚਰਜੋ ਪ੍ਰਭੂ ਅਭੇਦੰ[1]।
ਅਰਥ ਨ ਸਮਝ ਸਕਜੋ ਕਛੂ ਤਾਂਹੀ। ਰਹਜੋ ਬਿਚਾਰ ਬਹੁਤ ਮਨ ਮਾਂਹੀ॥੫੫॥

ਸੁਨ ਸਬ ਬਾਨੀ ਗਯੋ ਬਹੋਰੀ। ਤਾਂਕੋ ਪੀਰ ਹੁਤੋ ਜਿਸ ਠੌਰੀ।
ਤਿਸ ਪਦ ਕੋ ਕਰ ਕੰਠ ਬਿਚਾਰਤ। ਸੰਸੈ ਬਿਧੈ ਹੋਤ ਅਤਿ ਆਰਤ[2] ॥੫੬॥

ਬੂਝਤ ਪੀਰ 'ਬਿਲਮ[3] ਕਿਉਂ ਲਾਈ?। ਕੌਨ ਮਿਲਜੋ ਕਹਿਂ ਬੈਸਾ ਜਾਈ'।
ਸਿੰਧੀ ਭਾਖੈ ਤਿਹ ਕੇ ਤੀਰ। 'ਦੇਖਜੋ ਹਿੰਦੂ ਏਕ ਫਕੀਰ॥੫੭॥

ਤਿਹ ਕੀ ਸੁਨਤ ਰਹਜੋਂ ਮੈਂ ਬਾਨੀ। ਮੁਕਤਿ ਦੇਨਹਾਰੀ ਗੁਨ ਖਾਂਨੀ।
ਇਕ ਪਦ ਕੋ ਨ ਮਾਇਨਾ ਆਯੋ। ਭਲੇ ਬਿਚਾਰਜੋ ਭੇਦ ਨ ਪਾਯੋ'॥੫੮॥

ਅਸ ਕਹਿ ਪੁਨ ਤੁਕ ਦੀਨ ਬਤਾਈ। ਸੁਨਤ ਪੀਰ ਨੈ ਗਿਰਾ ਅਲਾਈ।
'ਬਿਨਹਿ ਕਰਹੁ ਇਕ ਬਾਰ ਲਿਆਵਹੁ। ਤਿਹ ਕੋ ਦਰਸ਼ਨ ਮੋਹਿ ਕਰਾਵਹੁ'॥੫੯॥

ਸੁਨ ਕੈ ਸਿੰਧੀ ਗਯੋ ਬਹੋਰੀ। ਨਮੋ ਕਰੀ ਪ੍ਰਭੂ ਕੋ ਕਰ ਜੋਰੀ।
ਠਾਢੋ ਭਯੋ ਦੀਨ ਮਨ ਹੋਯੋ। ਇਸ ਪ੍ਰਕਾਰ ਕੋ ਬਚਨ ਬੁਗੋਯੋ[4] ॥੬੦॥

'ਮੈਂਡਾ ਪੀਰ ਸਦੇਂਦਾ ਤੋਕੋ। ਬਾਤ ਬੁਝੇਂਦਾ ਭੇਜਾ ਮੋਕੋ।
ਵਤ ਘਿੰਨਣ[5] ਮੈਂ ਆਯੋ ਧਾਈ। ਜੁਲ[6] ਦਰਵੇਸ਼! ਪੀਰ ਜਿਹਂ ਥਾਈਂ'॥੬੧॥

ਸੁਨਕੈ ਗਮਨ ਕੀਨ ਤਿਨ ਸਾਥਾ। ਪਹੁੰਚੇ ਤਹਾਂ ਜਾਇ ਜਗਨਾਥਾ।
ਲਈ ਦਸਤਬੋਸੀ[7] ਉਠ ਪੀਰ। 'ਲੇਹੁ ਸਲਾਮਾਲੇਕ ਫਕੀਰ!'॥੬੨॥

ਸਾਦਰ ਸੋ ਮਿਲਕੈ ਦਿਸ ਦੁਓ[8]। ਬੈਠੇ ਬਹੁਰ ਰਿਦੈ ਹਿਤ ਹੁਓ[9]।
ਨਿਜ ਸੰਸਾ ਖੋਵਨ ਕੇ ਕਾਰਨ। ਕਰੇ ਪੀਰ ਨੇ ਬਚਨ ਉਚਾਰਨ॥੬੩॥

ਸਾਚ ਚਵੋ ਤੁਮ ਬਰਾਖੁਦਾਈ[10]। ਦਰਗਹਿ[11] ਮਹਿਂ ਕਸ ਹਾਲ ਬਿਹਾਈ[12]।
ਜਗਤ ਪ੍ਰਵਾਹਿ[13] ਜਹਾਂ ਸਭ ਜਾਵਹਿਂ। ਨਹੀ ਸਥਿਰ ਕੋ, ਹੋਨ ਨ ਪਾਵਹਿ'॥੬੪॥

SikhBookClub.Com

ਜਿਸ ਵੇਲੇ ਭੇਦ ਤੋਂ ਰਹਿਤ[1] ਗੁਰੂ ਜੀ ਨੇ ਇਹ ਤੁਕ, 'ਗੁਰਮਖਿ ਨਾਦੰ, ਗੁਰਮੁਖਿ ਵੇਦੰ' ਉਚਾਰਨ ਕੀਤੀ । ਉਦੋਂ ਸਿੰਧੀ ਕੁਝ ਅਰਥ ਜਾਣ ਨਹੀਂ ਸਕਿਆ। ਚਿੱਤ ਵਿੱਚ ਬਹੁਤ ਵਿਚਾਰ ਕਰਦਾ ਰਿਹਾ। ॥੫੫॥

ਉਹ ਸਾਰੀ ਬਾਣੀ ਸੁਣ ਕੇ ਉੱਥੇ ਗਿਆ, ਜਿਸ ਥਾਂ ਉਸ ਦਾ ਪੀਰ ਸੀ। ਉਹ ਉਸ ਪਦ ਨੂੰ ਯਾਦ ਕਰਕੇ (ਉਸ ਦੇ ਅਰਥਾਂ ਬਾਰੇ) ਵਿਚਾਰਨ ਲੱਗਾ ਤੇ ਸ਼ੰਕੇ ਕਾਰਨ ਬਹੁਤ ਦੁਖੀ[2] ਹੋਇਆ। ॥੫੬॥

ਪੀਰ ਨੇ ਪੁੱਛਿਆ, "ਦੇਰੀ[3] ਕਿਉਂ ਲਗਾਈ? ਤੈਨੂੰ ਕੌਣ ਮਿਲਿਆ ਸੀ? (ਤੂੰ) ਕਿਥੇ ਜਾ ਕੇ ਬੈਠਾ ਰਿਹਾ?" ਸਿੰਧੀ ਬੋਲਿਆ, "ਉਸ ਨਦੀ ਦੇ ਕਿਨਾਰੇ ਇੱਕ ਹਿੰਦੂ ਫ਼ਕੀਰ ਦੇਖਿਆ। ॥੫੭॥

ਮੈਂ ਗੁਣਾਂ ਦੀ ਖਾਨ ਦੀ ਮੁਕਤੀ ਦੇਣ ਵਾਲੀ ਉਸਦੀ ਬਾਣੀ ਸੁਣਦਾ ਰਿਹਾ। ਇੱਕ ਤੁਕ ਦਾ ਅਰਥ ਸਮਝ ਨਹੀਂ ਆਇਆ। ਚੰਗੀ ਤਰਾਂ ਸੋਚਿਆ ਵੀ ਪਰ (ਇਸ ਦੀ) ਰਮਜ਼ ਸਮਝ ਨਹੀਂ ਆਈ।" ॥੫੮॥

ਇਸ ਤਰਾਂ ਆਖ ਕੇ ਫੇਰ ਤੁਕ ਦੱਸ ਦਿੱਤੀ। ਪੀਰ ਨੇ ਸੁਣ ਕੇ ਆਖਿਆ, "ਉਨ੍ਹਾਂ ਨੂੰ ਬੇਨਤੀ ਕਰਕੇ ਇੱਕ ਵਾਰ ਲੈ ਕੇ ਆਵੋ। ਉਨ੍ਹਾਂ ਦੇ ਮੈਨੂੰ ਦਰਸ਼ਨ ਕਰਵਾਉ।" ॥੫੯॥

ਸਿੰਧੀ ਸੁਣ ਕੇ ਫੇਰ ਗਿਆ। ਗੁਰੂ ਜੀ ਨੂੰ ਹੱਥ ਜੋੜ ਕੇ ਨਮਸਕਾਰ ਕੀਤੀ। ਮਨ ਵਿੱਚ ਗਰੀਬੀ ਲਿਆ ਕੇ ਖੜ੍ਹਾ ਹੋ ਗਿਆ। ਇਸ ਢੰਗ ਨਾਲ ਕਥਨ ਕਰਕੇ ਬੇਨਤੀ[4] ਕੀਤੀ। ॥੬੦॥

"ਤੁਹਾਨੂੰ ਮੇਰੇ ਪੀਰ ਨੇ ਬੁਲਾਇਆ ਹੈ। (ਕੋਈ) ਗੱਲ ਜਾਣਨਾ ਚਾਹੁੰਦਾ ਹੈ, ਇਸ ਲਈ ਮੈਨੂੰ ਭੇਜਿਆ। ਮੈਂ ਆਪ ਨੂੰ ਮੁੜ ਲੈ[5] ਜਾਣ ਲਈ ਦੌੜ ਕੇ ਆਇਆ ਹਾਂ। ਹੇ ਦਰਵੇਸ਼! ਜਿਸ ਸਥਾਨ 'ਤੇ ਪੀਰ ਹੈ, (ਉੱਥੇ) ਚੱਲੋ[6]।" ॥੬੧॥

ਸੁਣ ਕੇ ਉਸ ਦੇ ਨਾਲ ਜਾਣ ਲਈ ਜਗਤ ਦੇ ਮਾਲਕ ਗੁਰੂ ਜੀ ਉਸ ਥਾਂ ਪਹੁੰਚ ਗਏ। ਪੀਰ ਨੇ ਉੱਠ ਕੇ (ਗੁਰੂ ਜੀ ਦਾ) ਹੱਥ ਚੁੰਮਿਆ[7] (ਤੇ ਕਿਹਾ), "ਹੇ ਫ਼ਕੀਰ ਜੀ! ਆਪ ਮੇਰੀ ਨਮਸਕਾਰ ਅੰਗੀਕਾਰ ਕਰੋ।" ॥੬੨॥

ਸਨਮਾਨ ਨਾਲ ਦੋਵੇਂ[8] ਪਾਸਿਓਂ ਮਿਲੇ। ਫੇਰ ਬੈਠ ਗਏ, ਹਿਰਦੇ ਵਿੱਚ ਪਿਆਰ ਉਮੜਿਆ[9]। ਆਪਣੀ ਸ਼ੰਕਾ ਮਿਟਾਉਣ ਲਈ ਪੀਰ ਜੀ ਨੇ ਬਚਨ ਉਚਾਰਨ ਕੀਤੇ। ॥੬੩॥

"ਤੁਸੀਂ ਖ਼ੁਦਾ ਦੇ ਵਾਸਤੇ[10] ਸੱਚੋ-ਸੱਚ ਦੱਸੋ ਕਿ ਪਰਲੋਕ[11] ਵਿੱਚ ਜੀਵਾਂ ਨਾਲ ਕਿਵੇਂ ਬੀਤਦੀ[12] ਹੈ? ਜਿਧਰ ਨੂੰ ਸਾਰੇ ਜਗਤ ਦਾ ਵਹਾਉ[13] ਤੁਰਿਆ ਜਾਂਦਾ ਹੈ। (ਕੋਈ ਪੱਕੀ ਤਰਾਂ) ਸਥਿਰ ਨਹੀਂ ਹੋ ਸਕਦਾ?" ॥੬੪॥

SikhBookClub.Com

ਸਤਿਗੁਰ ਭਨਜੋ 'ਪੀਰ ਸੁਨ ਲੀਜੈ। ਨਿਸਚੈ ਯਹੀ ਰਿਦੈ ਦ੍ਰਿੜ ਕੀਜੈ।
ਤਨ ਮਨ ਸੰਗ ਰਹਤਿ ਜੋ ਸਾਚੇ। ਜਗਤ ਗਰਤ[1] ਤੇ ਸੋਊ ਬਾਚੇ[2] ॥੬੫॥

ਸਾਚੇ ਸੰਗਿ ਰਤੇ ਚਿਤ ਜਾਂਹੀ। ਬਿਸ਼ਯਨ ਬਿਖੈ ਲਿਪਾਇ ਜਿ ਨਾਂਹੀ।
ਸੋਭਾ ਕੇ ਸਮੇਤ ਸੋ ਜਾਈਂ। ਦਰਗਹਿ ਮਹਿਂ ਬਹੁ ਆਦਰ ਪਾਈਂ॥੬੬॥

ਤਨ ਮਹਿਂ ਪਹਿਰ ਬੇਖ ਧਰ ਕੂੜੇ। ਮਨ ਕੇ ਮੂੜ ਮੰਦ ਮਤ ਮੂੜੇ।
ਕਾਮ,ਕ੍ਰੋਧੁ,ਲਬੁ,ਮੋਹੁ,ਹੰਕਾਰਾ। ਪੰਚ ਦੁਸ਼ਟ ਕੇ ਨਿਤ ਅਨੁਸਾਰਾ॥੬੭॥

ਤਿਨ ਕੋ ਦਰਗਹਿ ਥਾਉਂ ਨ ਕਾਈ। ਆਵਾਗੌਨ ਬਿਖੈ ਭਰਮਾਈ ।
ਲਖ ਚਉਰਾਸੀਹ ਜੋਨ ਮਝਾਰੀ। ਆਇ ਜਾਇ ਦੁਖ ਪਾਵਹਿਂ ਭਾਰੀ'॥੬੮॥

ਤਬ ਸਿੰਧੀ ਬੋਲਜੋ ਯੁਤ ਪ੍ਰੀਤੀ। 'ਤੁਮ ਪਰਚੇ ਮਿਲਕੈ ਭਲ ਰੀਤੀ।
ਮਖਸਦ[3] ਮੋਰ ਨ ਹਾਸਲ ਹੋਯਾ। ਆਇ ਪ੍ਰਿਥਮ ਜੋ ਬਚਨ ਬਗੋਯਾ'॥੬੯॥

ਸੁਨਤ ਪੀਰ ਨੈ ਗਿਰਾ ਬਖਾਨੀ। 'ਤੁਮ ਜਾਨੇ ਮੈਂ ਸਬ ਗੁਨ ਖਾਨੀ।
ਸਿੰਧੀ ਏਕ ਮਾਇਨੈ ਹੇਤੂ। ਬਾਰ ਬਾਰ ਪੁਛ ਪ੍ਰੀਤ ਸਮੇਤੂ॥੭੦॥

ਸੋ ਬਤਾਇ ਇਸ ਨਾਸਹੁ ਸੰਸਾ। ਰਾਵਰ ਕੀ ਇਨ ਕੀਨ ਪ੍ਰਸ਼ੰਸ਼ਾ।
ਜਾਂ ਤੇ ਦਰਸ਼ਨ ਭਯੋ ਤੁਮਾਰਾ। ਸਫਲ ਜਨਮ ਹੋਯੋ ਸੁਖ ਭਾਰਾ'॥੭੧॥

ਮ੍ਰਿਦੁਲ ਮਧੁਰ ਮੁਖ ਗਿਰਾ ਉਚਾਰੀ। 'ਸੁਨ ਜਲਾਲ[(*4)]! ਇਕ ਰੀਤ ਸੁਖਾਰੀ।
ਜਾਂਹਿ ਕੁਲਫ[4] ਕੀ ਜੋ ਹੈ ਕੁੰਜੀ। ਤਿਸ ਬਿਨੁ ਖੋਲ ਸਕਹਿ ਨਹਿਂ ਦੂਜੀ॥੭੨॥

ਤੁਮ ਤੇ ਸੁਨਹਿ ਮਾਇਨਾ ਜਬਹੀ। ਖਾਤਰਜਮਾ[5] ਹੋਇ ਉਰ ਤਬਹੀ।
ਜੇ ਤੁਮ ਕਹਉ ਨ ਹਮ ਤੇ ਆਵਹਿ। ਕਰਹੁ ਰੀਤਿ ਅਸ ਜੈਸ ਬਤਾਵਹਿਂ:- ॥੭੩॥

SikhBookClub.Com

ਗੁਰੂ ਜੀ ਨੇ ਕਿਹਾ, "ਪੀਰ ਜੀ! ਸੁਣੋ ਲਵੋ। ਹਿਰਦੇ ਵਿੱਚ ਇਹੋ ਯਕੀਨ ਪੱਕਾ ਧਾਰਨ ਕਰ ਲਵੋ। ਤਨ-ਮਨ ਕਰਕੇ ਜੋ ਸੱਚੇ (ਵਾਹਿਗੁਰੂ ਦੇ) ਨਾਲ ਰਹਿੰਦੇ ਹਨ, ਦੁਨੀਆ ਰੂਪੀ ਟੋਏ[1] ਜੰਜਾਲ ਤੋਂ ਉਹੋ ਹੀ ਬਚ[2] ਸਕਦੇ ਹਨ। ॥੬੫॥

ਜਿਨ੍ਹਾਂ ਦਾ ਹਿਰਦਾ ਸੱਚੇ (ਪ੍ਰਭੂ) ਦੇ ਪ੍ਰੇਮ ਵਿੱਚ ਭਿੱਜ ਜਾਂਦਾ ਹੈ ਅਤੇ ਵਿਸ਼ੇ-ਵਿਕਾਰਾਂ ਵਿੱਚ ਵੀ (ਆਪਣੇ-ਆਪ ਨੂੰ) ਲਿਪਟਾਉਂਦੇ ਨਹੀਂ, ਉਹ ਆਪਣੇ ਨਾਲ ਕੀਰਤੀ ਲੈ ਕੇ ਜਾਂਦੇ ਹਨ ਅਤੇ ਉਨ੍ਹਾਂ ਦਾ ਪਰਲੋਕ ਵਿੱਚ ਬਹੁਤ ਸਨਮਾਨ ਹੁੰਦਾ ਹੈ। ॥੬੬॥

ਪਰ ਦਿਲੋਂ ਨਾਦਾਨ, ਖੋਟੀ ਬੁੱਧੀ ਵਾਲੇ ਮੂਰਖ ਅਗਿਆਨੀ ਹੁੰਦੇ ਹਨ, ਜਿਹੜੇ ਆਪਣੇ ਸਰੀਰਾਂ 'ਤੇ ਝੂਠੇ (ਵਿਖਾਵੇ ਦਾ) ਲਿਬਾਸ ਧਾਰਨ ਕਰਕੇ ਰੱਖਦੇ ਹਨ। ਉਹ ਹਮੇਸ਼ਾ ਕਾਮ, ਕਰੋਧ, ਲੋਭ, ਮੋਹ, ਹੰਕਾਰ, ਪੰਜੋ ਜ਼ਾਲਮਾਂ ਮੁਤਾਬਕ ਚੱਲਣ ਵਾਲੇ ਹੁੰਦੇ ਹਨ। ॥੬੭॥

ਉਨ੍ਹਾਂ ਲਈ ਪਰਲੋਕ ਵਿੱਚ ਕੋਈ ਥਾਂ ਨਹੀਂ।ਉਹ ਜਨਮ-ਮਰਨ ਦੇ ਚੱਕਰਾਂ ਵਿੱਚ ਫਸੇ ਰਹਿੰਦੇ ਹਨ। ਚੌਰਾਸੀ ਲੱਖ ਜੂਨਾਂ ਵਿੱਚ ਪੈ ਕੇ ਜਨਮ-ਮਰਨ ਕਾਰਨ ਬਹੁਤ ਦੁੱਖ-ਕਲੇਸ਼ ਭੋਗਦੇ ਹਨ।" ॥੬੮॥

ਉਸ ਵੇਲੇ ਸਿੰਧੀ ਪ੍ਰੇਮ ਸਹਿਤ ਬੋਲਿਆ, "ਤੁਸੀਂ ਸ੍ਰੇਸ਼ਟ ਰੀਤੀ ਅਪਣਾ ਕੇ ਜਾਣਕਾਰੀ ਪ੍ਰਾਪਤ ਕਰ ਲਈ ਹੈ। ਆਉਣ 'ਤੇ ਪਹਿਲਾਂ ਜੋ ਵਾਕ ਕਿਹਾ ਸੀ, (ਉਸ ਕਾਰਨ) ਮੇਰਾ ਮਨੋਰਥ[3] ਪੂਰਾ ਨਹੀਂ ਹੋਇਆ।" ॥੬੯॥

ਪੀਰ ਨੇ ਸੁਣ ਕੇ ਆਖਿਆ, "ਮੈਂ ਤੁਹਾਨੂੰ ਸਾਰਿਆਂ ਗੁਣਾਂ ਦੀ ਖਾਣ ਜਾਣਿਆ ਹੈ। ਸਿੰਧੀ ਇੱਕ ਤੁਕ ਦੇ ਅਰਥਾਂ ਲਈ ਮੁੜ-ਮੁੜ ਕੇ ਪ੍ਰੇਮ ਸਹਿਤ ਪੁੱਛ ਕਰ ਰਿਹਾ ਹੈ। ॥੭੦॥

ਉਸ ਦੇ ਅਰਥ ਦੱਸ ਦਿਉ ਤਾਂ ਜੁ ਸਿੰਧੀ ਦੀ ਸ਼ੰਕਾ ਮੁੱਕ ਜਾਵੇ। ਉਸ ਨੇ ਤੁਹਾਡੀ ਬਹੁਤ ਉਪਮਾ ਕੀਤੀ ਸੀ ਕਿ ਜਦੋਂ ਦੇ ਤੁਹਾਡੇ ਦਰਸ਼ਨ ਹੋ ਗਏ ਹਨ, ਮੇਰਾ ਜਨਮ ਸਫਲਾ ਹੋ ਕੇ ਬਹੁਤ ਸੁੱਖਾਂ ਵਾਲਾ ਹੋ ਗਿਆ।" ॥੭੧॥

ਗੁਰੂ ਜੀ ਨੇ ਮੁੱਖ ਤੋਂ ਮਿੱਠੇ ਕੋਮਲ ਬਚਨ ਆਖੇ, "ਹੇ ਜਲਾਲ! ਇੱਕ ਅਸਾਨ ਢੰਗ ਸੁਣੋ।ਜਿਸ ਜੰਦਰੇ[4] ਦੀ ਜੋ ਕੁੰਜੀ ਹੈ,ਉਸ ਤੋਂ ਬਿਨਾਂ ਦੂਜੀ ਕੁੰਜੀ ਉਸ ਨੂੰ ਨਹੀਂ ਖੋਲ ਸਕਦੀ। ॥੭੨॥

ਜਿਸ ਵੇਲੇ ਤੇਰੇ ਕੋਲੋਂ ਉਸ ਤੁਕ ਦੇ ਅਰਥ ਸੁਣੇਗਾ, ਉਸ ਵੇਲੇ (ਸਿੰਧੀ ਦੀ) ਹਿਰਦੇ ਵਿੱਚ ਤਸੱਲੀ[5] ਹੋ ਜਾਵੇਗੀ। ਜੋ ਤੂੰ ਕਹਿੰਦਾ ਹੈਂ, ਉਸ ਦੇ ਮੈਨੂੰ ਅਰਥ ਨਹੀਂ ਆਉਂਦੇ। ਹੁਣ ਜਿਸ ਤਰਾਂ ਅਸੀਂ ਦੱਸਦੇ ਹਾਂ, ਉਸ ਢੰਗ ਅਨੁਸਾਰ ਕਰੋ-। ॥੭੩॥

SikhBookClub.Com

ਚਲ ਕੈ ਮੱਕੈ ਪਹੁੰਚਹੁ ਜਬਹੀ। ਤੁਮਰੀ ਨਿਸ਼ਾ[1] ਹੋਇ ਹੈ ਤਬਹੀ।
ਲਖਨ ਮਾਇਨੇ[2] ਜੇ ਚਿਤ ਚਾਹੀ। ਗਮਨਹੁ ਅਬ ਬਿਲੰਬ ਕਰ ਨਾਂਹੀ' ॥੭੪॥

ਸੁਨ ਜਲਾਲ ਬੋਲਜੋ ਧਰ ਭਾਊ। 'ਆਪ ਰਹੋ ਤਬ ਲੌ ਇਸ ਥਾਂਊ।
ਤਬ ਮੈਂ ਜਾਇ ਮਾਯਨਾ ਪੂਰਨ। ਸੁਨਕਰ ਬਹੁਰ ਆਇ ਹੌਂ ਤੂਰਨ' ॥੭੫॥

ਗੁਰੂ ਕਹੈਂ 'ਹਮ ਇਹ ਥਲ ਬੈਸੇ। ਆਵਹੁ ਬੂਝ, ਨ ਬਿਲਮਹੁ ਕੈਸੇ'।
ਤਬ ਜਲਾਲ ਨੈ ਆਇਸੁ ਮਾਨੀ। ਨਿਜ ਮੁਰੀਦ ਬੁਲਵਾਇ ਬਖਾਨੀ ॥੭੬॥

'ਇਨ ਦਰਵੇਸ਼ਨ ਸੋਂ ਧਰ ਭਾਊ। ਸੇਵ ਕਰੋ ਜਬ ਲੌ ਨਹਿਂ ਆਊਂ'।
ਚਰਨਬੰਦ ਕੈ ਗਯੋ ਬਹੋਰੀ। ਪ੍ਰਭੁ ਜੀ ਰਹੇ ਆਪੁ ਤਿਸੁ ਠੌਰੀ ॥੭੭॥

ਕਿਤਕ ਦਿਵਸ ਜਬ ਰਹਤ ਬਿਤਾਏ। ਮੂਲੇ ਸੋਂ ਗੁਰ ਬਚਨ ਅਲਾਏ।
'ਕਰੈ ਬਿਰੋਧ[3] ਜੁ ਤਵ ਸੰਗ ਇਕ ਨਰ। ਆਜ ਗਯੋ ਸੋ ਚਲ ਤੁਮਰੇ ਘਰ ॥੭੮॥

ਕਰਤ ਈਰਖਾ ਕੂਰ ਬਖਾਨਾ।— ਇਕ ਨਰ ਤੇ ਮੈਂ ਸੁਨਈ ਕਾਨਾ।
ਮੂਲਾ ਗਯੋ ਜੁ ਸੰਗ ਫਕੀਰੰ। ਜਾਤ ਅਚਾਨਕ ਤਜਜੋ ਸਰੀਰੰ —॥੭੯॥

ਇਵ ਸੁਨਕੈ ਤਵ ਤ੍ਰਿਯ ਤਿਹ ਠੌਰਾ। ਜਰਨ[4] ਹੇਤ ਕਰ ਲੀਨ ਸਿਧਉਰਾ[5]।
ਸਭ ਸਮਾਜ ਕੋ ਕੀਨ ਤਯਾਰੀ। ਸਤੀ ਹੋਨ ਲਾਗੀ ਹਿਤਕਾਰੀ[6] ॥੮੦॥

ਅਬ ਸਮੀਪ ਜੇ ਪਹੁੰਚਹਿਂ ਜਾਈ। ਬਚਹਿ ਤੀਯ,ਤਵ ਸਦਨ ਬਸਾਈ।
ਨਾਤੁਰ ਜੇ ਬਿਰਾਗ ਦ੍ਰਿਢ ਧਾਰਾ। ਤਜਹੁ ਮੋਹ ਕੋ ਕਰਹੁ ਸੰਗਾਰਾ' ॥੮੧॥

ਸੁਨ ਤਿਹਂ ਭਯੋ ਛੋਭ[7] ਮਨ ਮਾਂਹੀ। ਬਹਜੋ ਮੋਹ ਮਹਿਂ ਧੀਰਜ ਨਾਹੀਂ।
ਕਹਨ ਲਗਜੋ 'ਮਮ ਦੂਰ ਅਵਾਸਾ। ਕਿਸ ਪ੍ਰਕਾਰ ਪਹੁੰਚੋਂ ਤਿਸ ਪਾਸਾ ॥੮੨॥

SikhBookClub.Com

ਚੱਲ ਕੇ ਜਿਸ ਵੇਲੇ ਮੱਕੇ ਪਹੁੰਚੋਗੇ, ਉਸ ਵੇਲੇ (ਹੀ) ਤੁਹਾਡੀ ਤਸੱਲੀ[1] ਹੋ ਜਾਵੇਗੀ। ਜੇਕਰ ਚਿੱਤ ਵਿੱਚ ਅਰਥ[2] ਜਾਣਨਾ ਚਾਹੁੰਦੇ ਹੋ ਤਾਂ ਹੁਣੇ ਮੱਕੇ ਚਲੇ ਜਾਵੋ, ਦੇਰੀ ਨਾ ਲਗਾਉ।" ॥੭੪॥

ਸੁਣ ਕੇ ਜਲਾਲ (ਹਿਰਦੇ ਵਿੱਚ) ਪ੍ਰੇਮ ਰੱਖ ਕੇ ਬੋਲਿਆ, "ਉਸ ਵੇਲੇ ਤੱਕ ਆਪ ਜੀ ਇਸ ਥਾਂ 'ਤੇ ਹੀ ਟਿਕੇ ਰਹਿਣਾ। ਉਦੋਂ ਤਕ ਮੈਂ ਜਾ ਕੇ (ਤੁਕ ਦੇ) ਪੂਰੇ ਅਰਥ ਪੁੱਛ ਕੇ ਤੇ ਸੁਣ ਕੇ ਤੁਰੰਤ ਮੁੜ ਆਵਾਂਗਾ।" ॥੭੫॥

ਗੁਰੂ ਜੀ ਨੇ ਕਿਹਾ, "ਅਸੀਂ ਇਸ ਸਥਾਨ 'ਤੇ ਹੀ ਬੈਠੇ ਹੋਏ ਹਾਂ। ਪੁੱਛ ਕੇ ਆ ਜਾਣਾ, ਕਿਸੀ ਵੀ ਤਰਾਂ ਦੇਰ ਨਾ ਲਗਾਉਣਾ।" ਤਦ ਜਲਾਲ ਨੇ ਹੁਕਮ ਮੰਨ ਲਿਆ। ਆਪਣੇ ਚੇਲਿਆਂ ਨੂੰ ਬੁਲਵਾ ਕੇ ਆਖਿਆ। ॥੭੬॥

"ਜਿਸ ਵੇਲੇ ਤੀਕ (ਮੈਂ) ਵਾਪਸ ਨਹੀਂ ਆ ਜਾਂਦਾ, ਇਨ੍ਹਾਂ ਦਰਵੇਸ਼ਾਂ ਦੀ ਪ੍ਰੇਮ ਸਹਿਤ ਸੇਵਾ ਕਰਨਾ।" ਉਹ ਫੇਰ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਕੇ ਚਲਾ ਗਿਆ। ਗੁਰੂ ਜੀ ਆਪ ਉਸ ਥਾਂ 'ਤੇ ਟਿਕੇ ਰਹੇ। ॥੭੭॥

ਜਦ ਕੁਝ ਦਿਨ ਰਹਿੰਦਿਆਂ ਗੁਰੂ ਜੀ ਨੇ ਉਸ ਥਾਂ 'ਤੇ ਗੁਜ਼ਾਰ ਦਿੱਤੇ ਤਾਂ ਮੂਲੇ ਨੂੰ ਗੁਰੂ ਜੀ ਨੇ ਕਿਹਾ, "ਤੇਰੇ ਨਾਲ ਜਿਹੜਾ ਇੱਕ ਮਨੁੱਖ ਵੈਰ-ਵਿਰੋਧ[3] ਰੱਖਦਾ ਸੀ, ਉਹ ਅੱਜ ਚੱਲ ਕੇ ਤੁਹਾਡੇ ਘਰ ਗਿਆ ਹੈ। ॥੭੮॥

ਉਸ ਨੇ ਈਰਖਾ ਕਰਦੇ ਹੋਏ ਝੂਠ ਆਖ ਦਿੱਤਾ -ਇੱਕ ਆਦਮੀ ਤੋਂ ਮੈਂ ਕੰਨਾਂ ਰਾਹੀਂ ਸੁਣਿਆ। ਮੂਲਾ ਜੋ ਫ਼ਕੀਰਾਂ ਦੇ ਨਾਲ ਗਿਆ ਸੀ, ਜਾਂਦੇ ਹੋਇਆਂ ਅਚਾਨਕ (ਉਸ ਨੇ) ਆਪਣਾ ਸਰੀਰ ਤਿਆਗ ਦਿੱਤਾ-। ॥੭੯॥

ਤੇ ਇਹ ਸੁਣ ਕੇ ਤੇਰੀ ਇਸਤਰੀ ਨੇ ਉਸ ਸਥਾਨ 'ਤੇ ਸੜਨ[4] ਵਾਸਤੇ ਹੱਥ ਉੱਤੇ ਨਾਰੀਅਲ[5] ਧਰ ਲਿਆ ਹੈ। ਸਾਰੀ ਬਿਰਾਦਰੀ ਨੇ ਤਿਆਰੀ ਕਰ ਲਈ ਹੈ। ਤੇਰੇ ਪ੍ਰੇਮ ਦੀ ਖਾਤਰ[6] ਉਹ ਸਤੀ ਹੋਣ ਲੱਗੀ ਹੈ। ॥੮੦॥

ਹੁਣ ਜੇਕਰ ਤੂੰ ਆਪਣੀ ਇਸਤਰੀ ਕੋਲ ਪਹੁੰਚ ਜਾਵੇਂ ਤਾਂ ਤੇਰੀ ਇਸਤਰੀ ਬਚ ਜਾਵੇਗੀ ਅਤੇ ਤੇਰਾ ਘਰ ਵਸਦਾ ਰਹੇਗਾ। ਨਹੀਂ ਤਾਂ ਜੇਕਰ ਪੱਕੀ ਤਰਾਂ ਵੈਰਾਗ ਧਾਰਨ ਕਰ ਲਿਆ ਹੈ ਤਾਂ ਫੇਰ ਮੋਹ ਦਾ ਤਿਆਗ ਕਰੋ ਅਤੇ ਸਾਡਾ ਸੰਗ ਕਰੋ।" ॥੮੧॥

ਇਹ ਸੁਣ ਕੇ (ਮੂਲੇ ਦੇ) ਮਨ ਵਿੱਚ ਮੋਹ-ਪਿਆਰ ਦੀ ਚੋਭ[7] ਹੋਈ ਤੇ ਉਹ ਧੀਰਜ ਨਹੀਂ ਰੱਖ ਸਕਿਆ, ਮੋਹ ਵਿੱਚ ਵਹਿ ਤੁਰਿਆ। ਆਖਣ ਲੱਗਾ, "ਮੇਰਾ ਘਰ (ਬਹੁਤ) ਦੂਰ ਹੈ। ਉਸ ਕੋਲ ਕਿਸ ਤਰਾਂ ਪਹੁੰਚਿਆ ਜਾਵੇਗਾ? ॥੮੨॥

SikhBookClub.Com

ਬਹੁਤ ਦਿਵਸ ਕੋ ਪੰਥ ਮਝਾਰਾ। ਸੋ ਜਾਮਿਕ[1] ਮੈਂ ਜਰ ਹੈ ਛਾਰਾ[2]।
ਕੈਸੇ ਉਬਰੈ ਅਬ ਮਮ ਨਾਰੀ। ਸ਼ਰਮ[3] ਰਖਹੁ ਮੈਂ ਸ਼ਰਨਿ ਤੁਮਾਰੀ॥੮੩॥

ਤੁਮ ਜੇ ਕਰਹੁ ਪੁਚਾਵਨ ਮੋਹੀ। ਤ੍ਰਿਯ ਤਨ ਤਬਹਿ ਬਚਾਵਨ ਹੋਹੀ।
ਆਪ ਸਮਰੱਥ ਸਰਬ ਪਰਕਾਰਾ। ਤੁਮ ਬਿਨ ਮੋਰ ਨ ਅਨਤ[4] ਅਧਾਰਾ'॥੮੪॥

ਮੁਸ਼ਕਾਨੇ ਸੁਨ ਕੈ ਗੁਨ ਖਾਨੀ। ਕਹਜੋ 'ਕਿ ਜੇ ਤੈਂ ਅਸ ਮਨ ਆਨੀ।
ਦੋਨਹੁ[5] — ਅਪੁਨੇ ਮੂੰਦਹੁ — ਲੋਚਨ। ਜਾਇ ਮਿਲਹੁ ਕਰ ਸੋਚ ਬਿਮੋਚਨ[6]'॥੮੫॥

ਆਇਸੁ ਮਾਨ ਕੀਨ ਜਬ ਐਸੋ। ਖੋਲ ਬਿਲੋਕਜੋ ਨਿਜ ਘਰ ਬੈਸੋ।
ਜਰਤ ਆਪਨੀ ਤੀਯ ਉਬਾਰੀ[7]। ਲਗਜੋ ਕਰਨ ਪੂਰਬ ਸਮ[8] ਕਾਰੀ[9]॥੮੬॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਮੂਲੇ ਕੋ, ਜਲਾਲ ਕੋ,ਪ੍ਰਸੰਗ' ਬਰਨਨੰ ਨਾਮ ਇਕਤੀਸਮੋ ਧਜਾਇ ॥੩੧॥

SikhBookClub.Com

ਘਰ ਪਹੁੰਚਣ ਲਈ ਰਾਹ ਬਹੁਤ ਦਿਨਾਂ ਦਾ ਹੈ। ਉਹ ਤਾਂ ਇੱਕ-ਪਹਿਰ[1] ਭਰ ਵਿੱਚ ਸੜ ਕੇ ਸੁਆਹ[2] ਹੋ ਜਾਵੇਗੀ। ਹੁਣ ਕਿਸ ਤਰਾਂ ਮੇਰੀ ਇਸਤਰੀ ਦਾ ਬਚਾਉ ਹੋ ਸਕਦਾ ਹੈ। ਮੈਂ ਤੁਹਾਡੀ ਓਟ ਵਿੱਚ ਹਾਂ, ਮੇਰੀ ਪੈਜ[3] ਰੱਖ ਲਵੋ। ॥੮੩॥

ਜੇਕਰ ਤੁਸੀਂ ਮੈਨੂੰ ਮੇਰੀ ਇਸਤਰੀ ਕੋਲ ਪਹੁੰਚਾ ਦਿਉ ਤਾਂ ਹੀ ਮੇਰੀ ਇਸਤਰੀ ਦਾ ਸਰੀਰ ਜਲਣ ਤੋਂ ਬਚਾਇਆ ਜਾ ਸਕਦਾ ਹੈ। ਤੁਸੀਂ ਹਰ ਤਰਾਂ ਨਾਲ ਸਮੱਰਥ ਹੋ। ਤੁਹਾਡੇ ਬਿਨਾਂ ਮੇਰਾ ਹੋਰ[4] ਕੋਈ ਆਸਰਾ ਨਹੀਂ।" ॥੮੪॥

ਗੁਣਾਂ ਦੀ ਖਾਣ (ਗੁਰੂ ਜੀ) ਸੁਣ ਕੇ ਮੁਸਕਰਾਏ (ਅਤੇ) ਕਿਹਾ, " ਜੇ ਤੂੰ ਇਸ ਪ੍ਰਕਾਰ ਮਨ ਵਿੱਚ ਠਾਨ ਹੀ ਲਿਆ (ਤਾਂ) ਦੋਵੇਂ[5] ਨੇਤਰ -ਆਪਣੇ ਮੀਚ ਲਵੋ-। ਸਭ ਸੋਚਾਂ ਤਿਆਗ[6] ਕੇ ਆਪਣੀ ਇਸਤਰੀ ਨੂੰ ਜਾ ਮਿਲੋ।" ॥੮੫॥

ਜਿਸ ਵੇਲੇ ਉਸ ਨੇ ਆਗਿਆ ਮੰਨ ਕੇ ਇਸ ਪ੍ਰਕਾਰ ਕੀਤਾ ਤੇ ਅੱਖਾਂ ਖੋਲ੍ਹੀਆਂ ਤਾਂ ਉਸ ਨੇ ਆਪਣੇ ਆਪ ਨੂੰ ਘਰ ਵਿੱਚ ਬੈਠਾ ਵੇਖਿਆ। ਆਪਣੀ ਇਸਤਰੀ ਜਲਣ ਤੋਂ ਬਚਾ[7] ਲਈ ਤੇ ਪਹਿਲਾਂ ਵਾਂਗ[8] ਹੀ ਕੰਮ ਕਾਰ[9] ਕਰਨ ਲੱਗ ਪਿਆ। ॥੮੬॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਮੂਲੇ ਦਾ ਅਤੇ ਜਲਾਲ ਦਾ ਪ੍ਰਸੰਗ" ਨਾਮੀ ਇਕੱਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਜੀ ਨੇ ਸਿਆਲਕੋਟ ਪਹੁੰਚ ਕੇ, ਮਰਦਾਨੇ ਨੂੰ ਇੱਕ ਸੋਨੇ ਦਾ ਟਕਾ ਦੇ ਕੇ ਸੱਚ ਅਤੇ ਝੂਠ ਖਰੀਦ ਕੇ ਲਿਆਉਣ ਲਈ ਕਿਹਾ। ਬਜ਼ਾਰ ਵਿੱਚੋਂ ਇੱਕ ਮੂਲਾ ਨਾਂ ਦਾ ਬਾਣੀਆਂ ਹੀ ਇਸ ਮਨੋਰਥ ਲਈ ਖਰਾ ਉਤਰਿਆ ਜਿਸ ਨੇ ਕਾਗਜ਼ ਤੇ ਲਿਖ ਕੇ ਦਿੱਤਾ "ਜਿਉਣਾ ਝੂਠ ਤੇ ਮਰਨਾ ਸੱਚ" । ਗੁਰੂ ਜੀ ਨੇ ਮੂਲੇ ਬਾਣੀਏ ਨੂੰ ਆਪਣੇ ਨਾਲ ਸਫਰ ਉੱਤੇ ਲਿਜਾਣ ਲਈ ਤਿਆਰ ਕਰ ਲਿਆ। ਗੁਰੂ ਜੀ ਇੱਕ ਨਗਰ, ਜਿੱਥੇ ਕਿ ਬਹੁਤ ਮੁਸਲਮਾਨ ਰਹਿੰਦੇ ਸਨ, ਪਹੁੰਚ ਗਏ। ਚੰਦਰਮਾ ਦੀ ਦੂਜੀ ਰਾਤ ਨੂੰ ਗੁਰੂ ਨਾਨਕ ਜੀ, ਇੱਕ ਸਹੁ-ਸੁਹਾਗਣ ਨਾਂ ਦੇ ਪਾਖੰਡੀ ਫ਼ਕੀਰ ਦੇ ਘਰ ਦੇ ਬਾਹਰ ਬਹੁਤ ਭੀੜ ਦੇਖ ਕੇ ਉੱਥੇ ਪਹੁੰਚ ਗਏ, ਪਰ ਪਾਖੰਡੀ-ਪੀਰ ਨੇ ਗੁਰੂ ਜੀ ਨੂੰ ਬਾਹਰ ਦਰਵਾਜ਼ੇ 'ਤੇ ਰੋਕਣ ਤੇ ਖੜ੍ਹਾ ਕਰਨ ਲਈ ਆਪਣੇ ਦਰਬਾਨਾਂ ਨੂੰ ਕਿਹਾ। ਗੁਰੂ ਜੀ ਵਾਪਸ ਚਲੇ ਗਏ। ਫਿਰ 'ਸਹੁ-ਸੁਹਾਗਣ' ਦੇ ਵਿਸ਼ਾਲ ਮੇਲੇ ਵਿੱਚ ਭਿਆਨਕ ਲੜਾਈ ਹੋ ਗਈ, ਕਤਲ ਹੋ ਗਏ ਅਤੇ ਲੁੱਟ-ਖਸੁੱਟ ਸ਼ੁਰੂ ਹੋ ਗਈ। ਉਹ ਲੁਟੇਰੇ ਪਖੰਡੀ ਸਹੁ-ਸੁਹਾਗਣ ਦੇ ਬੰਦ ਕਮਰੇ ਦੇ ਦਰਵਾਜ਼ੇ ਨੂੰ ਧੱਕਾ ਮਾਰ ਕੇ ਜਬਰਦਸਤੀ ਅੰਦਰ ਵੜ ਗਏ, ਜਿੱਥੇ ਸਹੁ-ਸੁਹਾਗਣ, ਇੱਕ ਨੌਜਵਾਨ ਔਰਤ ਨਾਲ ਰੰਗਰਲੀਆਂ ਮਨਾ ਰਿਹਾ ਸੀ। ਲੋਕਾਂ ਨੇ ਉਸ ਨੂੰ ਫੜ ਕੇ ਕੁੱਟਿਆ ਅਤੇ ਉਸ ਦਾ ਸਭ ਕੁਝ ਲੁੱਟ ਲਿਆ । ਉਸ ਦੀ ਇੱਜ਼ਤ ਮਿੱਟੀ ਵਿੱਚ ਰੁਲ ਗਈ ਅਤੇ ਬਦਨਾਮੀ ਹੋਣ ਕਾਰਨ ਉਸ ਨੂੰ ਕੋਈ ਬੁਲਾਉਂਦਾ ਨਹੀਂ ਸੀ।

ਗੁਰੂ ਜੀ ਬਾਲੇ, ਮਰਦਾਨੇ ਤੇ ਮੂਲੇ ਨਾਲ ਇੱਕ ਉੱਚ ਦੇ ਇਲਾਕੇ ਵਿਚ ਪਹੁੰਚੇ ਜਿਥੇ ਸੱਯਦ ਵਸਦੇ ਸਨ। ਗੁਰੂ ਸਾਹਿਬ ਨੇ ਨਗਰ ਤੋਂ ਬਾਹਰ ਡੇਰਾ ਕੀਤਾ। ਇੱਕ ਸਿੰਧੀ ਨੇ 'ਜਪੁ ਜੀ ਸਾਹਿਬ' ਦੀ ਇੱਕ ਤੁਕ 'ਗੁਰਮੁਖਿ ਨਾਦੰ, ਗੁਰਮੁਖਿ ਵੇਦ' ਗੁਰੂ ਨਾਨਕ ਸਾਹਿਬ ਕੋਲੋਂ ਸੁਣ ਕੇ ਉਸ ਦੇ ਅਰਥ ਜਾਣਨ ਲਈ ਆਪਣੇ ਪੀਰ ਜਲਾਲ ਕੋਲੋਂ ਪੁੱਛ ਕੀਤੀ, ਜਿਸ ਨੇ ਸਿੰਧੀ ਨੂੰ ਭੇਜ ਕੇ, ਗੁਰੂ ਜੀ ਨੂੰ ਆਪਣੇ ਕੋਲ ਬੁਲਵਾਇਆ।ਗੁਰੂ ਜੀ ਨੇ ਉਨ੍ਹਾਂ ਨੂੰ ਸ਼ੰਕਾ ਨਵਿਰਤ ਕਰਨ ਲਈ ਮੱਕੇ ਜਾਣ ਲਈ ਕਿਹਾ। ਜਲਾਲ ਆਪਣੇ ਚੇਲਿਆਂ ਦੀ ਦੇਖ-ਰੇਖ ਵਿੱਚ ਗੁਰੂ ਜੀ ਨੂੰ ਛੱਡ ਕੇ ਮੱਕੇ ਚਲਾ ਗਿਆ।

ਫਿਰ ਗੁਰੂ ਜੀ ਨੇ ਮੂਲੇ ਨੂੰ ਦੱਸਿਆ ਕਿ ਕਿਸੇ ਆਦਮੀ ਨੇ ਵੈਰ ਕਾਰਨ ਉਸ ਦੀ ਪਤਨੀ ਕੋਲ ਨੂੰ ਝੂਠ ਮਾਰ ਦਿੱਤਾ ਕਿ ਮੂਲੇ ਨੇ ਸਰੀਰ ਤਿਆਗ ਦਿੱਤਾ ਹੈ, ਜਿਸ ਕਾਰਨ ਉਹ ਸਤੀ ਹੋਣ ਲਈ ਤਿਆਰ ਹੋਈ ਪਈ ਹੈ । ਤਦ ਮੂਲੇ ਨੇ ਕਿਹਾ, ਗੁਰੂ ਜੀ ਮੈਂ ਜਲਦੀ ਤੋਂ ਜਲਦੀ ਕਿਵੇਂ ਜਾ ਕੇ ਆਪਣੀ ਪਤਨੀ ਨੂੰ ਬਚਾ ਸਕਦਾ ਹਾਂ । ਗੁਰੂ ਜੀ ਨੇ ਮੂਲੇ ਦੇ ਤਰਲਿਆਂ ਕਾਰਨ ਉਸ ਦੀ ਪਤਨੀ ਨੂੰ ਬਚਾਉਣ ਲਈ ਅੱਖਾ ਬੰਦ ਕਰਵਾ ਕੇ ਪਲ ਵਿੱਚ ਮੂਲੇ ਨੂੰ ਉਸ ਦੇ ਘਰ ਪਹੁੰਚਾ ਦਿੱਤਾ, ਜਿਸ ਕਰਕੇ ਉਸਦੀ ਪਤਨੀ ਸਤੀ ਹੋਣ ਤੋਂ ਬਚ ਗਈ। ਮੂਲਾ ਪਹਿਲਾਂ ਵਾਂਗ ਹੀ ਕੰਮ-ਕਾਰ ਕਰਨ ਲੱਗ ਪਿਆ।

SikhBookClub.Com

ਫੁੱਟਨੋਟ

(*1) ਸਿਆਲਕੋਟ (ਹੁਣ ਪਾਕਿਸਤਾਨ ਵਿੱਚ) ਪੱਛਮੀ ਪੰਜਾਬ ਦਾ ਇੱਕ ਪ੍ਰਸਿੱਧ ਨਗਰ ਹੈ। ਸਿਆਲਕੋਟ ਵਿੱਚ ਪਵਿੱਤਰ ਅਸਥਾਨ ਗੁਰਦੁਆਰਾ ਬਾਉਲੀ ਸਾਹਿਬ ਹੈ, ਜੋ ਮੂਲੇ ਦੇ ਘਰ ਵਾਲੀ ਥਾਂ 'ਤੇ ਬਣੀ ਹੋਈ ਹੈ।

(*2) ਤੁਰਕ ਜਾਂ ਟਰਕ ਤੁਰਕਸਤਾਨ ਦੇ ਵਸਨੀਕ ਨੂੰ ਕਹਿੰਦੇ ਹਨ। ਮੁਗਲ ਅਤੇ ਲੋਧੀਆਂ ਤੋਂ ਪਹਿਲਾਂ ਦੇ ਮੁਸਲਮਾਨ-ਹੁਕਮਰਾਨਾਂ ਨੂੰ ਤੁਰਕ-ਹੁਕਮਰਾਨ ਕਹਿੰਦੇ ਸਨ, ਕਿਉਂਕਿ ਉਨ੍ਹਾਂ ਦਾ ਸਬੰਧ ਟਰਕ ਕਬੀਲਿਆਂ ਨਾਲ ਸੀ। ਸਾਰੇ ਭਾਰਤ ਵਿੱਚ ਤੁਰਕ ਤੋਂ ਭਾਵ, ਮੁਸਲਮਾਨ ਤੋਂ ਹੀ ਲਿਆ ਜਾਂਦਾ ਹੈ। ਇਸ ਲਈ ਅਸੀਂ ਇੱਥੇ ਵੀ ਤੁਰਕ ਦਾ ਅਰਥ ਮੁਸਲਮਾਨ ਹੀ ਕੀਤਾ ਹੈ।

(*3) ਸਹੁ ਸੁਹਾਗਣ, ਇੱਕ ਪਾਖੰਡੀ ਫ਼ਕੀਰ ਸੀ, ਜੋ ਰਾਤ ਨੂੰ ਇਸਤਰੀ ਦਾ ਰੂਪ ਧਾਰ ਕੇ ਆਖਦਾ ਸੀ ਕਿ ਮੇਰੇ ਕੋਲ ਪਤੀ ਦੇ ਰੂਪ ਵਿੱਚ ਪਰਮਾਤਮਾ ਸੇਜ ਉੱਤੇ ਆਉਂਦਾ ਹੈ। ਸਤਿਗੁਰੂ ਨਾਨਕ ਜੀ ਦੇ ਉਪਦੇਸ਼ ਨਾਲ ਇਹ ਪਾਖੰਡ ਤਿਆਗ ਕੇ ਸੱਚਾ ਸਾਧੂ ਬਣਿਆ।

(*4) ਜਲਾਲ ਉੱਚ ਦੇ ਫ਼ਕੀਰਾਂ ਵਿੱਚੋਂ ਸੀ। ਆਇਨ-ਇ-ਅਕਬਰੀ ਅਨੁਸਾਰ ਉੱਚ, ਮੁਲਤਾਨ ਸੂਬੇ ਦਾ ਇੱਕ ਪ੍ਰਸਿੱਧ ਨਗਰ ਸੀ। ਇੱਥੇ ਪ੍ਰਸਿੱਧ ਸੂਫੀ ਫਕੀਰ ਜਲਾਲਉਦੀਨ ਬੁਖਾਰੀ ਨੇ ਤੇਰਵੀਂ ਸਦੀ ਵਿੱਚ ਆ ਕੇ ਡੇਰਾ ਲਾਇਆ ਸੀ। ਜਲਾਲਉਦੀਨ ਬੁਖਾਰੀ ਦਾ ਪੋਤਰਾ (ਸਯਦ ਮਹਿਮੂਦ ਦਾ ਪੁੱਤਰ) ਵੀ ਕਰਨੀ ਵਾਲਾ ਹੋਇਆ ਹੈ। ਗੁਰੂ ਨਾਨਕ ਸਾਹਿਬ ਦੇ ਸਮਕਾਲੀ ਮਖਦੂਮ ਹਾਜੀ ਅਬਦੁਲਾ ਸਾਹਿਬ ਬੁਖਾਰੀ ਸਨ । ਇਨ੍ਹਾਂ ਦਾ ਦਿਹਾਂਤ 1525-26 ਈ: ਵਿੱਚ ਹੋਇਆ ਸੀ। ਹੋ ਸਕਦਾ ਹੈ ਕਿ ਉਨ੍ਹਾਂ ਦੀ ਹੀ ਪੀੜ੍ਹੀ ਵਿੱਚੋਂ ਜਲਾਲ ਹੋਵੇ। ਆਪਣੇ ਮੁਰਸ਼ਦ ਦੇ ਨਾਂ 'ਤੇ ਆਪਣਾ ਨਾਮ ਰੱਖਣ ਦਾ ਰਿਵਾਜ ਆਮ ਪ੍ਰਚਲਤ ਹੀ ਸੀ। ਵਧੇਰੇ ਵਿਸਥਾਰ ਲਈ ਵੇਖੋ, 'ਜਨਮਸਾਖੀ ਪਰੰਪਰਾ' ਡਾ. ਕਿਰਪਾਲ ਸਿੰਘ, 1991, ਪੰਨਾ 121-122

ਨੋਟ: ਜਲਾਲ ਦਾ ਅਗਲਾ ਪਰਸੰਗ ਅਧਿਆਇ 32 ਵਿੱਚ ਵੇਖ ਸਕਦੇ ਹੋ। ਮੂਲੇ ਖੱਤਰੀ ਅਤੇ ਸਹੁ ਸੁਹਾਗਣ ਦੇ ਅਗਲੇ ਪਰਸੰਗ ਲਈ ਅਧਿਆਇ 38 ਵੇਖ ਸਕਦੇ ਹੋ।

SikhBookClub.Com

ਅਧਜਾਯ ਬੱਤੀਹਵਾਂ

(ਗੁਰਸ਼ਰਨ ਮੰਗਲ, ਜਲਾਲ ਨੂੰ ਸੁਮੱਤਿ, ਗੁਰਮੁਖ ਦੇ ਅਰਥ)

ਦੋਹਰਾ

ਕੂਰ ਆਸਰੇ ਅਪਰ ਤਜ ਗਹੁ ਸਤਿਗੁਰ ਕੀ ਸ਼ਰਨ[1]।
ਮਲ ਉਤਾਰ ਬਹੁ ਬਿਸ਼ਜ ਕੀ ਹਰਹੁ[2] ਜਨਮ ਪੁਨਿ ਮਰਨ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਅਬ ਜਲਾਲ ਕੋ ਸੁਨਹੁ ਬ੍ਰਿਤੰਤੇ(*1)। ਸ੍ਰੀ ਅੰਗਦ ਜੀ! ਗੁਨ [3]ਗਨਵੰਤੇ।
ਸ੍ਰੀ ਗੁਰ ਕੋ ਬਸਾਇ[4] ਨਿਜ ਥਾਈਂ। ਤੂਰਨ ਮਾਰਗ ਆਯੋ ਧਾਈ॥੨॥

ਦੋਹਰਾ

ਗਯੋ ਤਹਾਂ ਬਿਨ ਬਿਲਮ ਤੇ ਜਹਿਂ ਸਾਗਰ ਕੋ ਤੀਰ[5]।
ਇਕ ਜਹਾਜ ਆਯੋ ਤਬਹਿ ਚਢ ਬੈਠਜੋ ਪਿਖ ਪੀਰ॥੩॥

ਚੌਪਈ

ਚਲਜੋ ਜਹਾਜ ਸੁ ਉਦਧਿ[6] ਮਝਾਰੇ। ਲਗਜੋ ਜਾਇ ਗਿਰ ਏਕ ਕਿਨਾਰੇ।
ਉਤਰਜੋ ਤਬ ਜਹਾਜ ਤੇ ਗਯੋ। ਗਿਰ ਦੇਖਨ ਕੇ ਹਿਤ ਹੁਲਸਯੋ॥੪॥

ਅਤਿ ਸੁੰਦਰ ਮੰਦਰ ਬਹੁ ਦੇਖੇ। ਜਿਨ ਮਹਿਂ ਸਿਹਜਾ[7] ਰੁਚਿਰ ਬਿਸੇਖੇ।
ਮਾਨਵ ਕੋ ਨਹਿਂ ਦੇਖਜੋ ਤਹਿਂਵਾ। ਚਿਤ ਮਹਿਂ ਅਤਿ ਚੱਕ੍ਰਿਤ ਹ੍ਵੈ ਰਹਿਵਾ॥੫॥

ਕਰੈ ਬਿਚਾਰ ਪਿਖੋਂ ਪਰਦੋਖੂ[8]। ਨਿਸ ਰਹਿ ਅੰਨ ਉਦਰ ਨਿਜ ਪੋਖੂ[9]।
ਸਿੰਧ ਕਿਨਾਰ ਆਇ ਸੋ ਬੈਸਾ। ਕੌਤਕ ਤਹਾਂ ਬਿਲੋਕਜੋ ਐਸਾ॥੬॥

ਦੋਹਰਾ

ਇਕ ਜਹਾਜ ਬੂਡਨ[10] ਲਗਾ ਰੌਰ ਪਰਜੋ ਤਿਸੁ ਮਾਂਹਿ।
ਪੀਰ ਤੀਰ ਬੈਸਜੋ ਸੁਨਜੋ ਬਹੁਤ ਲੋਕ ਬਿਲਲਾਹਿਂ॥੭॥

SikhBookClub.Com

ਅਧਿਆਇ ਬੱਤੀਵਾਂ

(ਜਲਾਲ ਨੂੰ ਸੁਮੱਤ ਬਖਸ਼ਣੀ ਤੇ ਗੁਰਮੁਖ ਦੇ ਅਰਥ)

ਦੋਹਰਾ

ਹੋਰ (ਸਾਰੇ) ਝੂਠੇ ਸਹਾਰੇ ਛੱਡ ਕੇ ਸਤਿਗੁਰ ਦੀ ਓਟ[1] ਲਉ। ਵਿਸ਼ੇ-ਵਿਕਾਰਾਂ ਦੀ ਬਹੁਤੀ ਮੈਲ (ਜੋ ਗਲੇ ਪਾਈ ਹੈ, ਉਸ ਨੂੰ) ਦੂਰ ਕਰੋ (ਇਉਂ ਆਪਣਾ) ਜਨਮ-ਮਰਨ ਦੇ ਜੰਜਾਲ ਤੋਂ ਛੁਟਕਾਰਾ[2] ਪਾ ਲਵੋ, (ਭਾਵ ਇਉਂ ਮੁਕਤੀ ਨੂੰ ਪ੍ਰਾਪਤ ਹੋ ਜਾਵੋ)। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਣਾਂ ਦੇ [3]ਭੰਡਾਰ! ਹੇ ਗੁਰੂ ਅੰਗਦ ਦੇਵ ਜੀਓ! ਹੁਣ ਜਲਾਲ ਦਾ (ਅਗਲਾ) ਹਾਲ ਸੁਣੋ। ਆਪਣੇ ਨਿਵਾਸ 'ਤੇ ਗੁਰੂ ਜੀ ਨੂੰ ਠਹਿਰਾ[4] ਦਿੱਤਾ। ਆਪਣੇ ਰਾਹ 'ਤੇ ਛੇਤੀ-ਛੇਤੀ ਜਾਣ ਲਈ (ਜਲਾਲ) ਆ ਗਿਆ। ॥੨॥

ਉਹ ਬਿਨਾਂ ਦੇਰੀ ਦੇ ਉਸ ਥਾਂ ਪਹੁੰਚ ਗਿਆ, ਜਿਥੇ ਸਮੁੰਦਰ ਦਾ ਕਿਨਾਰਾ[5] ਸੀ। ਉਸੇ ਵੇਲੇ ਇੱਕ ਜਹਾਜ਼ ਆ ਗਿਆ ਜਿਸ ਨੂੰ ਵੇਖ ਕੇ ਪੀਰ ਉਸ 'ਤੇ ਸਵਾਰ ਹੋ ਗਿਆ। ॥੩॥

ਚੌਪਈ

ਉਹ ਜਹਾਜ਼ ਸਮੁੰਦਰ[6] ਵਿੱਚ ਚੱਲ ਪਿਆ। ਪਹਾੜ ਦੇ ਇੱਕ ਕਿਨਾਰੇ 'ਤੇ ਜਾ ਲੱਗਿਆ। ਉਹ (ਜਲਾਲ) ਜਹਾਜ਼ ਵਿੱਚੋਂ ਉਤਰਿਆ ਅਤੇ ਪਹਾੜ ਨੂੰ ਵੇਖਣ ਲਈ ਉਤਸ਼ਾਹਤ ਹੋ ਕੇ ਗਿਆ। ॥੪॥

ਉਸ ਨੇ ਬਹੁਤ ਸੁੰਦਰ ਮਹੱਲ ਵੇਖੇ, ਜਿਨ੍ਹਾਂ ਵਿੱਚ ਵਿਸ਼ੇਸ਼ ਸੁੰਦਰ ਸੇਜਾਂ[7] ਵਿਛੀਆਂ ਹੋਈਆਂ ਸਨ। ਉਸ ਥਾਂ 'ਤੇ ਕੋਈ ਮਨੁੱਖ ਵਿਖਾਈ ਨਹੀਂ ਸੀ ਦੇ ਰਿਹਾ। ਹਿਰਦੇ ਵਿੱਚ ਬਹੁਤ ਹੈਰਾਨਗੀ ਹੋਈ। ॥੫॥

ਮਨ ਵਿੱਚ ਵਿਚਾਰ ਕੀਤਾ, ਸ਼ਾਮ[8] ਨੂੰ ਦੇਖਾਂਗਾ ਅਤੇ ਰਾਤ ਰਹਿ ਕੇ ਆਪਣੇ ਪਾਲਣ-ਪੋਸਣ[9] ਲਈ ਪੇਟ ਭਰਾਂਗਾ। ਉਹ ਸਮੁੰਦਰ ਦੇ ਕਿਨਾਰੇ ਆ ਕੇ ਬੈਠ ਗਿਆ। ਉਸ ਥਾਂ ਉਸ ਨੇ ਅਜਿਹਾ ਅਚਰਜ ਕੌਤਕ ਵੇਖਿਆ। ॥੬॥

ਦੋਹਰਾ

ਇੱਕ ਜਹਾਜ਼ ਡੁੱਬਣ[10] ਲੱਗਿਆ ਹੈ ਤੇ ਉਸ ਵਿੱਚ ਬਹੁਤ ਸ਼ੋਰ ਪੈ ਗਿਆ। ਸਮੁੰਦਰ ਦੇ ਕਿਨਾਰੇ 'ਤੇ ਬੈਠੇ ਪੀਰ ਨੇ ਸੁਣਿਆ ਕਿ ਜਹਾਜ਼ ਵਿੱਚ ਬਹੁਤ ਲੋਕ ਵਿਰਲਾਪ ਕਰ ਰਹੇ ਹਨ। ॥੭॥

SikhBookClub.Com

ਚੌਪਈ

ਤਬਹਿ ਜਲਾਲ ਖੁਦਾਇ ਅਗਾਰੀ।ਹਾਥ ਬੰਦਕੈ ਬਿਨੈ ਉਚਾਰੀ।
'ਦੇਸ਼ ਬਿਦੇਸ਼ ਲੋਕ ਇਸ ਮਾਂਹੀ।ਸੁਤ ਬਨਿਤਾ ਤਜ ਬਨਜ[1] ਕਰਾਹੀਂ॥੮॥

ਯਾ ਖੁਦਾਇ! ਕਿਉਂ ਇਨਹਿਂ ਡੁਬਾਵੈਂ।ਸਨਬੰਧੀ ਸੰਗ ਸਭ ਮਰ ਜਾਵੈਂ'।
ਐਸੇ ਜਬੈ ਪੀਰ ਨੈ ਕਹਜੋ ।ਡੂਬਨ ਤੇ ਜਹਾਜ ਬਚ ਰਹਜੋ॥੯॥

ਦਿਵਸ ਬਿਤੀਤੇ ਪੀਰ ਬਿਚਾਰੀ।— ਚਲੌਂ ਅਬਹਿ ਜਹਿਂ ਸਿਹਜਾ ਚਾਰੀ[2]।
ਸੋਵਨ ਹਾਰ ਸੁ ਕਿਤ ਤੇ ਆਵਹਿਂ।ਸ਼ੁਭ ਸਿਹਜਾ ਪਰ ਰੈਨ ਬਿਤਾਵਹਿਂ —॥੧੦॥

ਦੋਹਰਾ

ਗਯੋ ਪੀਰ ਦੇਖੈ ਕਹਾ, ਅੱਗ੍ਰਜ ਬੈਠੇ ਸੋਇ।
ਏਕ ਸੰਤ ਕੇ ਨਿਕਟਿ ਤਬ ਬੈਠਜੋ ਦੀਨ ਸੁ ਹੋਇ॥੧੧॥

ਚੌਪਈ

ਕੁਦਰਤ ਕੋ ਅਹਾਰ ਤਿਨ ਆਯੋ।ਮਧੁਰ ਸਾਦੁ[3] ਮਧੁ ਸਮ ਮਨ ਭਾਯੋ।
ਬਿਨ ਭੋਜਨ ਇਹ ਬੈਸੋ ਜਹਾਂ।ਤਹਿਂ ਜੁ ਸੰਤ ਤਿਹ ਐਸੋ ਕਹਾ॥੧੨॥

'ਤੁਮਕੋ ਭੋਜਨ ਕਿਉਂ ਨਹਿਂ ਆਯੋ?'।ਇਉਂ ਕਹਿ ਢਿਗ ਸੁ ਮਹੰਤ ਸਿਧਾਯੋ।
ਕਹਜੋ ਜਾਇ ਤਿਨ 'ਹਮਰੇ ਤੀਰ ।ਬੈਠਜੋ ਆਇ ਸੁ ਏਕ ਫਕੀਰ॥੧੩॥

ਤਿਹ ਅਹਾਰ ਨਹਿਂ ਆਯੋ ਸੁਆਮੀ।ਤਿਸ ਬਿਨ ਹਮ ਕੋ ਖਾਵਨ ਖਾਮੀ[4]।
ਨਿਜ ਆਇਸੁ ਕੋ ਅਬ ਫੁਰਮਾਵਉ।ਖਾਨ ਹੇਤੁ ਤਿਹਂ ਅਸਨ ਪੁਚਾਵਉ'॥੧੪॥

ਦੋਹਰਾ

ਸੁਨ ਮਹੰਤ ਬੋਲਜੋ ਤਬੈ 'ਜੀਵ ਚਰਾਚਰ[5] ਝਾਰ[6]।
ਸਭ ਕੋ ਪਤਿ ਕਰਤਾਰ ਹੈ ਦੇਤ ਸਗਲ ਆਹਾਰ॥੧੫॥

ਚੌਪਈ

ਸਦਾ ਅਭੂਲ ਜਾਨਿਯੇ ਸੋਊ।ਇਸ ਕੇ ਬਿਖੈ ਅਵੱਗਜਾ[7] ਕੋਊ।
ਕਿਉਂ ਚਿੰਤਾ ਤੂੰ ਮਨ ਮਹਿਂ ਠਾਨੇ।ਦੇਨਹਾਰ ਤੋ ਨਹਿਂ ਅਨਜਾਨੇ॥੧੬॥

SikhBookClub.Com

ਚੌਪਈ

ਉਸ ਵੇਲੇ ਪੀਰ ਜਲਾਲ ਨੇ ਹੱਥ ਜੋੜ ਕੇ ਖ਼ੁਦਾ ਅੱਗੇ ਦੁਆ ਕੀਤੀ, "(ਹੇ ਖ਼ੁਦਾ!) ਇਸ ਵਿੱਚ ਦੇਸ਼ਾਂ-ਵਿਦੇਸ਼ਾਂ ਦੇ ਲੋਕ ਹਨ, (ਆਪਣੇ) ਪੁੱਤਰਾਂ, ਇਸਤਰੀਆਂ ਨੂੰ ਛੱਡ ਕੇ ਵਪਾਰ[1] ਕਰਨ ਲਈ ਆਏ ਹਨ। ॥੮॥

ਐ ਖ਼ੁਦਾ! ਇਨ੍ਹਾਂ (ਲੋਕਾਂ) ਨੂੰ ਕਿਉਂ ਡੋਬ ਰਿਹਾ ਹੈ? ਰਿਸ਼ਤੇਦਾਰਾਂ ਸਮੇਤ ਸਾਰੇ ਮਰ ਜਾਣਗੇ।" ਪੀਰ (ਜਲਾਲ) ਨੇ ਜਦੋਂ ਇਸ ਪ੍ਰਕਾਰ ਕਿਹਾ (ਤਾਂ) ਜਹਾਜ਼ ਡੁੱਬਣ ਤੋਂ ਬਚ ਗਿਆ। ॥੯॥

ਦਿਨ ਬੀਤ ਜਾਣ 'ਤੇ ਪੀਰ ਨੇ ਵਿਚਾਰ ਕੀਤਾ। -ਜਿਸ ਥਾਂ 'ਤੇ ਸੁੰਦਰ[2] ਸੇਜਾਂ ਹਨ, ਚਲੋ ਹੁਣ ਉੱਥੇ ਚੱਲਿਆ ਜਾਵੇ। ਇਨ੍ਹਾਂ ਸੇਜਾਂ 'ਤੇ ਸੌਣ ਵਾਲੇ ਕਿੱਥੋਂ ਆਉਂਦੇ ਹਨ? ਜੋ ਸ੍ਰੇਸ਼ਟ ਸੇਜਾ 'ਤੇ ਰਾਤ ਬਿਤਾਉਂਦੇ ਹਨ-। ॥੧੦॥

ਦੋਹਰਾ

ਪੀਰ ਉੱਥੇ ਪਹੁੰਚਿਆ, ਉਹ ਕੀ ਦੇਖੇ ਕਿ ਉਹੋ (ਸੰਤ) ਪਹਿਲਾਂ ਹੀ (ਸੇਜ 'ਤੇ) ਬੈਠੇ ਹੋਏ ਹਨ! ਉਹ ਇੱਕ ਸੰਤ ਦੇ ਕੋਲ ਨਿਮਰਤਾ ਸਹਿਤ ਬੈਠ ਗਿਆ। ॥੧੧॥

ਚੌਪਈ

ਕੁਦਰਤ ਦੀ ਕਿਰਪਾ ਨਾਲ ਉਨ੍ਹਾਂ ਕੋਲ ਭੋਜਨ ਆ ਗਿਆ । ਜੋ ਮਨਭਾਉਂਦਾ ਮਿੱਠਾ, ਸੁਆਦੀ[3] (ਅਤੇ) ਸ਼ਹਿਦ ਸਮਾਨ ਸੀ । ਪੀਰ ਜਲਾਲ, ਜੋ ਬਿਨਾਂ ਭੋਜਨ ਛਕਣ ਤੋਂ ਬੈਠਾ ਸੀ, ਤਾਂ ਉਸ ਕੋਲ ਬੈਠੇ ਸੰਤ ਨੇ ਇਸ ਤਰਾਂ ਕਿਹਾ। ॥੧੨॥

"(ਪੀਰ ਜੀ!) ਤੁਹਾਡੇ ਲਈ ਭੋਜਨ ਕਿਉਂ ਨਹੀਂ ਆਇਆ?" ਇਸ ਤਰਾਂ ਆਖ, ਉਹ ਮਹੰਤ ਕੋਲ ਗਿਆ ਤੇ ਜਾ ਕੇ ਆਖਿਆ, "ਇੱਕ ਫ਼ਕੀਰ ਸਾਡੇ ਕੋਲ ਆਇਆ ਬੈਠਾ ਹੈ। ॥੧੩॥

ਹੇ ਸੁਆਮੀ ਜੀ! ਉਸ ਦਾ ਭੋਜਨ ਨਹੀਂ ਆਇਆ। ਉਸ ਬਿਨਾਂ ਸਾਨੂੰ ਭੋਜਨ ਖਾਣਾ ਚੰਗਾ[4] ਨਹੀਂ ਲੱਗਦਾ । (ਇਸ ਬਾਰੇ) ਹੁਣ ਆਪ ਹੁਕਮ ਦਿਉ ਤੇ ਉਸ ਨੂੰ ਖਾਣ ਲਈ ਭੋਜਨ ਪਹੁੰਚਾਉ।" ॥੧੪॥

ਦੋਹਰਾ

ਉਸ ਵੇਲੇ ਮਹੰਤ ਸੁਣ ਕੇ ਬੋਲਿਆ, "ਚੇਤਨ ਅਤੇ ਜੜ[5] (ਵਾਲੇ ਜੋ) ਸਾਰੇ[6] ਜੀਵ (ਹਨ), ਵਾਹਿਗੁਰੂ ਸਾਰਿਆਂ (ਦਾ) ਮਾਲਕ ਹੈ। ਸਭ ਨੂੰ (ਉਹੀ) ਭੋਜਨ ਦਿੰਦਾ ਹੈ। ॥੧੫॥

ਚੌਪਈ

ਉਸ ਨੂੰ ਹਮੇਸ਼ਾ ਅਚੂਕ (ਜੋ ਭੁੱਲੇ ਨਾ) ਜਾਣ ਲਵੋ। ਇਸ ਨੇ ਕੋਈ ਭੁੱਲ[7] ਕੀਤੀ ਹੋਵੇਗੀ । ਤੂੰ ਮਨ ਵਿੱਚ ਫਿਕਰ ਕਿਉਂ ਕਰਦਾ ਹੈਂ? ਰੋਜ਼ੀ ਦੇਣ ਵਾਲਾ ਅਣਜਾਣ ਨਹੀਂ ਹੈ। ॥੧੬॥

SikhBookClub.Com

ਤੁਮ ਢਿਗ ਆਯੋ, ਖੱਯੋ[1] ਜਾਇ। ਤਿਹ ਪਹਿ ਆਵਹਿ ਅਸਨ ਸੁ ਖਾਇ'।
ਸੁਨ ਮਹੰਤ ਤੇ ਚਲ ਪੁਨਿ ਆਯੋ। ਬੈਠਜੋ ਨਿਜ ਭੋਜਨ ਕੋ ਖਾਯੋ॥੧੭॥

ਦੋਹਰਾ

ਨਿਸ ਜਲਾਲ ਭੂਖਾ ਰਹਜੋ ਮਨ ਮਹਿੰ ਕਰਤ ਬਿਚਾਰ।
— ਆਵਤ ਏ ਦੇਖੇ ਨਹੀਂ ਜਾਵਤ ਲੇਉਂ ਨਿਹਾਰ॥੧੮॥

ਚੌਪਈ

ਕਿਹ ਮਗ[2] ਜਾਵਹਿੰ? — ਕਰਤ ਬਿਚਾਰੇ। ਜਾਗਜੋ ਜਾਮਨਿ[3] ਨੈਨ ਪਸਾਰੇ[4]।
ਹੋਵਨ ਲਗੀ ਜਬਹਿ ਪੁਨ ਭੋਰ। ਕੀਨੋ ਆਨ ਗੁੜਾਕਾ[5] ਜੋਰ॥੧੯॥

ਗਏ ਸੰਤ ਸੁਧਿ ਭਈ ਨ ਕੋਊ। ਪਾਛੇ ਤੇ ਬਿਸਮਾਦਿਓ ਸੋਊ।
ਦਿਵਸ ਚਢੇ ਸਾਗਰ ਕੇ ਤੀਰ। ਬੈਠਜੋ ਪਿਖੈ ਤਮਾਸ਼ੋ ਪੀਰ॥੨੦॥

ਹੋਵਤ ਬਰਖਾ ਸਾਗਰ ਮਾਂਹੀ। ਅਨਤ[6] ਥਾਨ ਦੇਖੈ ਤਬ ਨਾਂਹੀ।
ਸੱਯਦ ਗੁਨ ਕੈ ਗਿਰਾ ਉਚਾਰੀ। 'ਜਹਾਂ ਨ ਚਹਿਯਤ[7] ਬਰਖਤ ਬਾਰੀ[8]॥੨੧॥

ਜਾਚਤ ਹੈਂ ਨਰ ਜਹਿਂ ਯੁਤ ਪ੍ਰੀਤੀ। ਤਹਾਂ ਨ ਬਰਖਤ,ਕਜਾ ਇਹ ਰੀਤੀ'।
ਅਸ ਕਹਤਜੋ ਬਰਖਾ ਹਟ ਗਈ। ਮਨ ਮਹਿੰ ਗੁਨਹਿ — ਭਈ ਜਿਉਂ ਠਈ[9] —॥੨੨॥

ਸੰਝ ਭਈ ਤਬ ਰਿਦੇ ਬਿਚਾਰੇ। — ਆਵਤ ਸੰਤਨ ਲੇਉਂ ਨਿਹਾਰੇ।
ਜਾਤੇ ਤੋ ਦੇਖੇ ਨਹਿੰ ਭੋਰਾ —। ਸਮੋਂ ਜਾਨ ਗਮਨਜੋ ਤਿਹ ਠੌਰਾ॥੨੩॥

ਜਬਹਿ ਜਾਇਕੇ ਮੰਦਰ ਦੇਖੇ। ਆਗੇ ਆਏ ਸੰਤ ਬਿਸੇਖੇ।
ਤੇਜ[10] ਤਿਨਹਿੰ ਕੋ ਸਹਿ ਨ ਸਕਾਈ। ਬੈਠ ਗਯੋ ਪਿਖ ਪੂਰਬ ਥਾਂਈ ॥੨੪॥

ਤਿਨ ਕੋ ਉਤਰਜੋ ਤਬਹਿ ਅਹਾਰੇ। ਇਹ ਭੂਖੋ ਬਹੁ, ਬਦਨ ਨਿਹਾਰੇ।
ਜਿਹ ਢਿਗ ਬੈਠਜੋ ਹੈ ਛੁਧਿਵੰਤਾ[11]। ਤਿਸਕੋ ਪਿਖ ਬਜਾਪੀ ਤਿਹਂ ਚਿੰਤਾ॥੨੫॥

SikhBookClub.Com

ਤੁਹਾਡੇ ਕੋਲ (ਭੋਜਨ) ਆਇਆ ਹੈ, (ਤੁਸੀਂ) ਛਕ[1] ਲਵੋ। (ਜਦੋਂ) ਉਸ ਕੋਲ ਭੋਜਨ ਆ ਜਾਵੇਗਾ (ਤਾਂ) ਉਹ ਛਕ ਲਵੇਗਾ।" ਮਹੰਤ ਕੋਲੋਂ ਸੁਣ ਕੇ (ਸੰਤ) ਵਾਪਸ ਮੁੜ ਆਇਆ। ਬੈਠ ਕੇ ਆਪਣਾ ਭੋਜਨ ਛਕ ਲਿਆ। ॥੧੭॥

ਦੋਹਰਾ

ਰਾਤ ਭਰ ਜਲਾਲ ਭੁੱਖਾ ਰਿਹਾ। ਮਨ ਵਿੱਚ ਵਿਚਾਰ ਕਰਨ ਲੱਗਿਆ -ਆਉਂਦਿਆਂ ਇਹ ਸੰਤ ਵੇਖੇ ਨਹੀਂ, ਹੁਣ ਇਨ੍ਹਾਂ ਸੰਤਾਂ ਨੂੰ ਜਾਂਦੇ ਹੋਏ ਦੇਖਾਂਗਾ। ॥੧੮॥

ਚੌਪਈ

ਕਿਹੜੇ ਰਸਤੇ[2] ਜਾਣਗੇ?-ਇਉਂ ਵਿਚਾਰ ਕਰਨ ਲੱਗਿਆ । ਰਾਤ[3] ਭਰ ਅੱਖਾਂ ਖੋਲ੍ਹ ਕੇ ਜਾਗਦਾ[4] ਰਿਹਾ। ਜਿਸ ਵੇਲੇ ਫੇਰ ਸਵੇਰ ਹੋਣ ਲੱਗੀ, ਤਾਂ ਨੀਂਦ[5] ਨੇ ਆ ਕੇ ਜ਼ੋਰ ਪਾਇਆ। ॥੧੯॥

ਸੰਤ ਚਲੇ ਗਏ, ਕੋਈ ਸੋਝੀ ਨਹੀਂ ਹੋਈ। ਉਹ ਪਿੱਛੇ ਤੋਂ ਹੈਰਾਨ ਹੋਇਆ। ਦਿਨ ਚੜ੍ਹਨ 'ਤੇ ਪੀਰ, ਸਮੁੰਦਰ ਦੇ ਕਿਨਾਰੇ ਬੈਠ ਕੇ ਤਮਾਸ਼ਾ ਵੇਖਣ ਲੱਗਾ। ॥੨੦॥

ਸਮੁੰਦਰ ਵਿੱਚ ਵਰਖਾ ਹੋ ਰਹੀ ਸੀ। ਉਸ ਵੇਲੇ ਹੋਰ[6] ਥਾਂਵਾਂ ਦੇਖੀਆਂ ਤਾਂ (ਵਰਖਾ) ਨਹੀਂ ਸੀ ਹੋ ਰਹੀ। ਸਯੱਦ (ਪੀਰ) ਨੇ ਵਿਚਾਰ ਕੇ ਆਖਿਆ, "ਜਿਥੇ ਵਰਖਾ ਦੀ ਲੋੜ[7] ਨਹੀਂ, ਉਥੇ ਤਾਂ ਜਲ[8] ਵਸਦਾ ਹੈ। ॥੨੧॥

ਜਿਥੇ ਲੋਕ ਪ੍ਰੀਤ ਸਹਿਤ ਮੰਗ ਕਰਦੇ ਹਨ, ਉਥੇ (ਮੀਂਹ) ਵਰਸਦਾ ਨਹੀਂ, ਇਹ (ਤੇਰਾ) ਕੀ ਕਰਮ ਹੈ?" ਇਸ ਪ੍ਰਕਾਰ ਆਖਣ ਨਾਲ ਮੀਂਹ ਪੈਣਾ ਬੰਦ ਹੋ ਗਿਆ। ਮਨ ਵਿੱਚ -ਜਿਵੇਂ ਸੋਚੀ[9] ਸੀ, ਤਿਵੇਂ ਹੋ ਗਈ-। ॥੨੨॥

ਸ਼ਾਮ ਹੋਈ ਉਸ ਵੇਲੇ ਹਿਰਦੇ ਵਿੱਚ ਵਿਚਾਰਿਆ -ਆਉਂਦੇ ਸੰਤਾਂ ਨੂੰ ਵੇਖ (ਹੀ) ਲਵਾਂਗਾ। ਜਾਂਦੇ ਹੋਇਆਂ (ਸੰਤਾਂ) ਦਾ ਤਾਂ ਸਵੇਰੇ ਪਤਾ ਹੀ ਨਹੀਂ ਲੱਗਿਆ-। ਉਸ ਸਥਾਨ 'ਤੇ ਸਮੇਂ ਸਿਰ ਜਾਣ ਲਈ ਚੱਲ ਪਿਆ। ॥੨੩॥

ਜਿਸ ਵੇਲੇ ਜਾ ਕੇ ਮਹਲ ਵੇਖੇ। ਸੰਤ ਪਹਿਲਾਂ ਹੀ ਆਏ ਹੋਏ ਦੇਖੇ। ਉਨ੍ਹਾਂ ਦਾ ਪ੍ਰਕਾਸ਼[10] ਨਾ ਸਹਿ ਸਕਣ ਵਾਲਾ ਸੀ। ਪਹਿਲਾ ਸਥਾਨ ਦੇਖ ਕੇ ਜਲਾਲ ਬੈਠ ਗਿਆ। ॥੨੪॥

ਉਸ ਵੇਲੇ ਉਨ੍ਹਾਂ ਸੰਤਾਂ ਲਈ ਉੱਪਰੋਂ ਭੋਜਨ ਉਤਰਿਆ। ਇੱਕ ਸੰਤ ਨੇ ਜਲਾਲ ਦਾ ਮੂੰਹ ਵੇਖਿਆ ਕਿ ਇਹ ਤਾਂ ਬਹੁਤ ਭੁੱਖਾ ਹੈ। ਜਿਸ ਕੋਲ ਬੈਠਾ ਹਾਂ, ਇਹ ਭੁੱਖ[11] ਨਾਲ ਵਿਆਕੁਲ ਹੈ । ਵੇਖ ਕੇ ਉਸ ਦੀ ਚਿੰਤਾ ਵਧ ਗਈ ॥੨੫॥

SikhBookClub.Com

'ਅਹੈ ਕਾਲ[1] ਕੋ ਭੂਖਾ ਏਹੀ।ਅਸਨ ਨ ਆਯੋ, ਭੀ ਗਤਿ ਕੇਹੀ[2]'।
ਨਿਜ ਮਹੰਤ ਢਿਗ ਚਲ ਕਰ ਗਯੋ।ਸਰਬ ਬ੍ਰਿਤਾਂਤ ਸੁਨਾਵਤ ਭਯੋ ॥੨੬॥

ਰਿਖੀਕੇਸ਼[3] ਤਬ ਬਚਨ ਉਚਾਰੇ।'ਮੋ ਢਿਗ ਤਾਂਕੋ ਆਨ ਹਕਾਰੇ'।
ਸੰਤ ਜਲਾਲ ਪਾਸ ਚਲ ਆਯੋ।ਨਿਜ ਮਹੰਤ ਆਗੇ ਪਹੁੰਚਾਯੋ॥੨੭॥

ਢਿਗ ਬਿਠਾਇ ਕੈ ਗਿਰਾ ਅਲਾਈ।'ਕਿਤ ਤੇ ਆਯੋ ਕਿਤ ਤੂੰ ਜਾਈ?।
ਕੋ ਅਪਰਾਧ[4] ਕੀਨ ਤੈਂ ਭਾਰਾ?।ਬੀਤੇ ਦੈ ਦਿਨ ਬਿਨਾ ਅਹਾਰਾ'॥੨੮॥

ਦੋਹਰਾ

ਸੁਨ ਜਲਾਲ ਬੋਲਯੋ ਤਬੈ 'ਦੂਰ ਦੇਸ਼ ਤੇ ਆਇ।
ਕਛੂ ਖਤਾ ਨਹਿੰ ਮੈਂ ਕਰੀ,ਕਰਤ ਜਿ, ਦੇਤ ਬਤਾਇ'॥੨੯॥

ਚੌਪਈ

ਕਹਯੋ ਮਹੰਤ 'ਸੁ ਬਡ ਕਰਤਾਰਾ।ਤਾਂਕੋ ਦੋਸ਼ ਨ ਬਨਹਿੰ ਉਚਾਰਾ।
ਭਾ ਅਪਰਾਧ ਤੋਹਿ ਮੈਂ ਕੋਈ।ਭੋਜਨ ਬਿਨ ਬੀਤੇ ਦਿਨ ਦੋਈ॥੩੦॥

ਆਗੇ ਭੂਖਾ ਰਹਯੋ ਕਿ ਨਾਂਹੀ?ਪਾਛਲ[5] ਬਿਤੀ ਬੈਸ ਕੇ ਮਾਂਹੀ?'।
ਸੁਨ ਜਲਾਲ ਬੋਲਯੋ 'ਹੌਂ ਕੈਸੇ।ਭੂਖਾ ਰਹਯੋ ਨ ਮੈਂ ਕਬ ਐਸੇ॥੩੧॥

ਕਾਲ ਤੀਰ ਸਾਗਰ ਕੇ ਬੈਸਾ।ਕੌਤਕ ਤਹਾਂ ਬਿਲੋਕਯੋ ਐਸਾ।
ਇਕ ਜਹਾਜ ਬੂਡਨ ਲਗ ਭਾਰਾ।ਨਰਨ ਕਰੀ ਬਹੁ ਬੀਚ ਪੁਕਾਰਾ॥੩੨॥

ਦੋਹਰਾ

ਮੈਂ ਬਿਲੋਕ ਕੈ ਅਸ ਕਹੀ — ਕਜਾ ਤੁਮ ਕਰਤ ਖ਼ੁਦਾਇ!।
ਸਨਬੰਧੀ ਯੁਤ ਸਬ ਮਰਹਿੰ ਲੇਵਹੁ ਇਨਹਿੰ ਬਚਾਇ —॥੩੩॥

ਚੌਪਈ

ਤਬ ਨਹਿ ਡੂਬਯੋ ਕਲ ਅਸ ਭਈ।ਆਜ ਬਿਲੋਕੀ ਬਿਧ ਮੈਂ ਨਈ।
ਸਿੰਧ ਬਿਖੈ ਬਰਖਾ ਬਹੁ ਹੋਈ।ਛਿਤ[6] ਪਰ ਪਰੈ ਬਾਰ ਨਹਿੰ ਕੋਈ॥੩੪॥

SikhBookClub.Com

"ਇਹ ਤਾਂ ਕੱਲ੍ਹ[1] ਦਾ ਭੁੱਖਾ ਹੈ। ਜੇ (ਉੱਪਰੋਂ) ਭੋਜਨ ਨਾ ਆਇਆ ਤਾਂ ਇਸ ਦੀ ਹਾਲਤ ਕਿਹੋ-ਜਿਹੀ[2] ਹੋਵੇਗੀ?" ਤਦ ਸੰਤ ਖ਼ੁਦ ਮਹੰਤ ਕੋਲ ਚੱਲ ਕੇ ਗਿਆ। ਸਾਰਾ ਹਾਲ ਸੁਣਾ ਦਿੱਤਾ। ॥੨੬॥

ਰਿਖੀਆਂ ਦੇ [3]ਸੁਆਮੀ ਮਹੰਤ ਨੇ ਉਸ ਵੇਲੇ ਆਖਿਆ, "ਉਸ ਨੂੰ ਮੇਰੇ ਕੋਲ ਬੁਲਾ ਕੇ ਲਿਆਓ।" ਸੰਤ ਜਲਾਲ ਕੋਲ ਚੱਲ ਕੇ ਆਇਆ ਅਤੇ ਉਸ ਨੂੰ ਮਹੰਤ ਕੋਲ ਭਿਜਵਾ ਦਿੱਤਾ। ॥੨੭॥

(ਮਹੰਤ ਨੇ) ਕੋਲ ਬਿਠਾ ਕੇ ਬਚਨ ਕੀਤਾ, "ਕਿੱਥੋਂ ਤੂੰ ਆਇਆ ਹੈ ਤੇ ਕਿੱਥੇ ਜਾਣਾ ਹੈ? (ਤੂੰ) ਕਿਹੜਾ ਵੱਡਾ ਪਾਪ[4] ਕੀਤਾ ਹੈ? ਤੇਰੇ ਦੋ ਦਿਨ ਭੋਜਨ ਕੀਤੇ ਬਿਨਾਂ ਬੀਤ ਗਏ।"॥੨੮॥

ਦੋਹਰਾ

ਉਸ ਵੇਲੇ ਸੁਣ ਕੇ ਜਲਾਲ ਬੋਲਿਆ, "ਦੂਰ ਦੇਸ਼ ਤੋਂ ਆਇਆ ਹਾਂ। ਮੈਂ ਕੋਈ ਗੁਨਾਹ ਨਹੀਂ ਕੀਤਾ । ਜੇਕਰ ਪਾਪ ਕੀਤਾ ਹੁੰਦਾ ਤਾਂ ਦੱਸ ਦਿੰਦਾ।" ॥੨੯॥

ਚੌਪਈ

ਮਹੰਤ ਨੇ ਕਿਹਾ, "ਪਰਮੇਸ਼ਰ ਬਹੁਤ ਮਹਾਨ ਹੈ। ਉਸ ਨੂੰ ਦੋਸ਼ ਦੇਣਾ ਠੀਕ ਨਹੀਂ ਕਿਹਾ ਜਾ ਸਕਦਾ। ਤੇਰੇ ਵਲੋਂ ਹੀ ਕੋਈ ਅਪਰਾਧ ਹੋਇਆ ਹੈ, (ਜਿਸ ਕਾਰਨ) ਤੈਨੂੰ ਦੋ ਦਿਨ ਭੁੱਖੇ ਰਹਿ ਕੇ ਗੁਜ਼ਾਰਨੇ ਪਏ ਹਨ ॥੩੦॥

ਪਿਛਲੀ ਬੀਤੀ ਉਮਰ ਵਿੱਚ ਕੀ ਤੂੰ ਪਹਿਲਾਂ[5] ਕਦੇ ਭੁੱਖਾ ਰਿਹਾ ਹੈ ਜਾਂ ਨਹੀਂ?" ਸੁਣ ਕੇ ਜਲਾਲ ਬੋਲਿਆ, "ਮੈਂ ਪਹਿਲਾਂ ਕਦੇ ਵੀ ਕਿਸੇ ਪ੍ਰਕਾਰ ਨਾਲ ਭੁੱਖਾ ਨਹੀਂ ਰਿਹਾ। ॥੩੧॥

ਕੱਲ੍ਹ ਸਮੁੰਦਰ ਦੇ ਕਿਨਾਰੇ ਬੈਠਾ ਹੋਇਆ ਸਾਂ। ਉਸ ਥਾਂ ਅਜਿਹਾ ਕੌਤਕ ਦੇਖਿਆ। ਇੱਕ ਵੱਡਾ ਜਹਾਜ਼ ਸਮੁੰਦਰ ਵਿੱਚ ਡੁੱਬਣ ਲੱਗਿਆ ਸੀ। ਉਸ ਵਿੱਚ ਬੈਠੇ ਲੋਕਾਂ ਨੇ ਚੀਖ-ਪੁਕਾਰ ਕੀਤੀ। ॥੩੨॥

ਦੋਹਰਾ

ਮੈਂ ਦੇਖ ਕੇ ਇਸ ਪ੍ਰਕਾਰ ਕਿਹਾ, -ਐ ਖ਼ੁਦਾ! ਤੁਸੀਂ ਕੀ ਕਰ ਰਹੇ ਹੋ? ਸਬੰਧੀਆਂ ਸਮੇਤ ਸਾਰੇ ਮਰ ਜਾਣਗੇ, ਇਨ੍ਹਾਂ ਨੂੰ ਬਚਾ ਲਵੋ-। ॥੩੩॥

ਚੌਪਈ

ਤਦ ਉਹ ਜਹਾਜ਼ ਡੁੱਬਿਆ ਨਹੀਂ। ਇਸ ਤਰਾਂ ਕੱਲ੍ਹ ਹੋਇਆ ਸੀ। ਅੱਜ ਮੈਂ ਨਵੀਂ ਗਤਿ (ਲੀਲਾ) ਵੇਖੀ । ਸਮੁੰਦਰ ਵਿੱਚ ਬਹੁਤ ਵਰਖਾ ਹੋ ਰਹੀ ਸੀ। ਧਰਤੀ[6] 'ਤੇ ਕੋਈ ਮੀਂਹ ਦੀ ਬੂੰਦ ਵੀ ਨਹੀਂ ਸੀ ਪੈ ਰਹੀ। ॥੩੪॥

SikhBookClub.Com

ਤਿਹਾਂ ਬਿਲੋਕ ਕੈ ਮੈਂ ਅਸ ਭਾਖਾ।— ਤਹਾਂ ਨ ਬਰਖੈ ਜਹਿਂ ਅਭਿਲਾਖਾ[1]।
ਬਿਨਾਂ ਚਾਹਿ ਸਾਗਰ ਕੇ ਮਾਂਹੀ।ਬਰਖੈ ਬਾਦ ਚਾਹਿ ਕਛੁ ਨਾਂਹੀ॥੩੫॥

ਕਿਆ ਖ਼ੁਦਾਇ! ਇਹ ਰੀਤਿ[2] ਸੁ ਕਈ —। ਅਸ ਕਹਤਯੋ ਬਰਖਾ ਹਟ ਗਈ।
ਅਸਮੰਜਸ[3] ਮੈਂ ਦ੍ਵੈ ਬਿਧਿ ਜਾਨੀ।ਸੋ ਨਿਰਵਾਰ[4] ਦੀਨ ਕਹਿ ਬਾਨੀ'॥੩੬॥

ਸੁਨਿ ਮਹੰਤ ਬੋਲਜੋ ਤਿਹ ਕਾਲਾ।'ਤੂੰ ਤੋ ਬੇਮੁਖ[(*2)] ਅਹੈਂ ਬਿਸਾਲਾ।
ਇਹਾਂ ਨ ਥਾਨ ਰਹਨ ਕੋ ਤੇਰਾ।ਅਬ ਚਲ ਜਾਹੁ ਨਿਕਲ ਬਿਨ ਦੇਰਾ॥੩੭॥

ਦੁਰਮਤਿ[5] ਬਿਖੈ ਤੋਹਿ ਮਨ ਭੀਨਾ।ਅਪਨੋ ਜਨਮ ਅਕਾਰਥ[6] ਕੀਨਾ'।
ਕੰਪ ਉਠਜੋ ਸੁਨ ਤਬਹਿ ਜਲਾਲ । ਬੋਲਜੋ ਹਾਥ ਬੰਦ ਤਿਹ ਕਾਲ॥੩੮॥

'ਕੌਨ ਅਵੱਗਜਾ ਮੋ ਤੇ ਹੋਈ?।ਦੇਉ ਬਤਾਇ ਸੰਤ ਜੀ! ਸੋਈ'।
ਤਬ ਮਹੰਤ ਅਸ ਵਾਕ ਉਚਰਈ।'ਪਰਮੇਸੁਰ ਨਿਜ ਭਾਣਾ ਕਰਈ॥੩੯॥

ਦੋਹਰਾ

ਤੈਂ ਜੁ ਹਟਾਯੋ ਤਾਂਹਿ ਕੋ ਪੁਨ ਮਨ ਮਹਿਂ ਹਰਖਾਇ।
— ਕਹਜੋ ਹਮਾਰੋ ਅਬ ਚਲੈ — ਰਿਦੈ ਰਹਜੋ ਗਰਬਾਇ॥੪੦॥

ਚੌਪਈ

ਤਿਹਾਂ ਕੋ ਕਰਜੋ ਮਿਟਾਵਨ ਲਾਗਾ।ਭਾ ਸ਼ਰੀਕ ਤੂੰ ਤਾਂਹਿ ਕੁਭਾਗਾ!।
ਕੇਤਿਕ ਜੀਵਨ ਪਾਪ ਜਿ ਕੀਨੇ।ਤਿਨ ਕੋ ਦੁਖ ਤੈਂ ਦੇਨ ਨ ਦੀਨੇ॥੪੧॥

ਕਿਤਕ ਸਿੰਧੁ[7] ਮਹਿਂ ਜੀਵ ਜਿ ਜੀਵਤ । ਸੋ ਸਾਗਰ ਜਲ ਖਾਰ[8] ਨ ਪੀਵਤ।
ਤਿਨ ਕੇ ਹੇਤ[9] ਪਰਤ ਜੋ ਬਾਰਾ।ਸੋ ਕਹਿ ਤੈਂ ਦੀਨੋ ਨਿਰਵਾਰਾ॥੪੨॥

ਤਿਨ ਕੇ ਪਾਪਨ ਦੁਖ ਫਲ ਜੋਊ।ਪੁਨ ਜੇ ਤਿਖਤ[10] ਜੀਵ ਹ੍ਵੈਂ ਸੋਊ।
ਸਭ ਕੋ ਭਾਰ ਪਰਜੋ ਗਰ ਤੇਰੇ । ਭੋਗਹੁ ਗੇ ਦੁਖ ਨਰਕ ਘਨੇਰੇ॥੪੩॥

ਪਰਮੇਸ਼ੁਰ ਕੋ ਲਖਜੋ ਅਯਾਨਾ[11]।ਆਪਨ ਜਾਨਜੋ ਪਰਮ ਸਿਯਾਨਾਂ।
ਬੇਮੁਖ ਅਬ ਤੁਰਨ ਉਠ ਜੱਯੈ।ਇਹਾਂ ਰਹਨ ਤਵ ਥਾਨ ਨ ਹੱਯੈ'॥੪੪॥

ਉਸ ਨੂੰ ਵੇਖ ਕੇ ਮੈਂ ਇਸ ਤਰਾਂ ਆਖਿਆ- ਜਿਥੇ ਵਰਖਾ ਦੀ ਲੋੜ[1] ਹੈ, ਉੱਥੇ ਪੈਂਦੀ ਨਹੀਂ।ਸਮੁੰਦਰ 'ਚ ਬਿਨਾਂ ਜ਼ਰੂਰਤ ਦੇ ਵਰ੍ਹ ਰਿਹਾ ਹੈ, ਜਿਥੇ ਕਿ ਲੋੜ ਹੀ ਨਹੀਂ। ॥੩੫॥

ਐ ਖ਼ੁਦਾ! ਇਹ ਤੇਰੇ ਕੀ ਰੰਗ[2] ਹਨ-? ਇਸ ਤਰਾਂ ਮੇਰੇ ਆਖਦਿਆਂ ਵਰਖਾ ਬੰਦ ਹੋ ਗਈ। ਮੈਂ ਦੋ ਅਯੋਗ[3] ਵਿਧੀਆਂ (ਜਹਾਜ਼ ਦਾ ਡੁੱਬਣਾ ਤੇ ਵਰਖਾ ਦਾ ਸਮੁੰਦਰ ਵਿੱਚ ਹੋਣਾ) ਜਾਣੀਆਂ। ਜੋ ਮੂੰਹ ਤੋਂ ਬਚਨ ਆਖ ਕੇ ਹਟਾ[4] ਦਿੱਤੀਆਂ।" ॥੩੬॥

ਉਸੇ ਸਮੇਂ ਮਹੰਤ ਸੁਣ ਕੇ ਬੋਲਿਆ, "ਤੂੰ ਤਾਂ ਵੱਡਾ ਬੇਮੁੱਖ (ਮਨਮੁੱਖ) ਹੈ। ਤੇਰੇ ਰਹਿਣ ਲਈ ਇੱਥੇ (ਕੋਈ) ਥਾਂ ਨਹੀਂ। ਇਥੋਂ ਛੇਤੀ ਨਾਲ ਬਿਨਾਂ ਦੇਰੀ ਤੋਂ ਨਿਕਲ ਜਾ। ॥੩੭॥

ਤੇਰਾ ਮਨ ਮੂੜ-ਮਤ[5] ਵਿੱਚ ਖੱਚਿਤ ਹੈ। (ਤੂੰ) ਆਪਣਾ ਜੀਵਨ ਅਜਾਈਂ[6] ਗੁਆ ਲਿਆ।" ਉਸ ਵੇਲੇ ਇਹ ਸੁਣ ਕੇ ਜਲਾਲ ਕੰਬ ਉੱਠਿਆ। ਉਸ ਸਮੇਂ ਹੱਥ ਬੰਨ੍ਹ ਕੇ ਬੋਲਿਆ। ॥੩੮॥

"ਮੇਰੇ ਕੋਲੋਂ ਕੀ ਹੁਕਮ ਅਦੂਲੀ ਹੋ ਗਈ ਹੈ? ਹੇ ਸੰਤ ਜੀ! ਮੈਨੂੰ ਜਾਣੂ ਕਰਵਾ ਦਿਉ।" ਉਦੋਂ ਮਹੰਤ ਨੇ ਇੰਜ ਵਾਕ ਉਚਰੇ, "ਪ੍ਰਭੂ ਆਪਣੇ ਭਾਣੇ ਵਿੱਚ ਹੀ (ਸਭ ਕੁਝ) ਕਰਦਾ ਹੈ। ॥੩੯॥

ਦੋਹਰਾ

ਤੂੰ ਜੋ ਉਸ ਦੇ (ਭਾਣੇ ਨੂੰ) ਰੋਕਿਆ ਹੈ, ਫੇਰ ਮਨ ਵਿੱਚ ਉਲਟੇ ਭਾਵ ਲਿਆ ਕੇ ਖੁਸ਼ ਹੋਇਆ ਹੈਂ। ਚਿੱਤ ਵਿੱਚ (ਇਹ ਸੋਚ ਕੇ) ਹੰਕਾਰ ਕੀਤਾ ਹੈ ਕਿ-ਹੁਣ ਮੇਰਾ ਕਹਿਣਾ ਹੀ ਚੱਲਿਆ ਹੈ- ॥੪੦॥

ਚੌਪਈ

ਤੂੰ ਰੱਬ ਦਾ ਕੀਤਾ ਮਿਟਾਉਣ ਲੱਗ ਪਿਆ। ਹੇ ਮੰਦਭਾਗੇ! ਤੂੰ ਤਾਂ ਉਸ ਰੱਬ ਦਾ ਸ਼ਰੀਕ (ਬਰਾਬਰੀ) ਕਰਨ ਵਾਲਾ ਬਣ ਗਿਆ ਹੈਂ। ਜਿਨ੍ਹਾਂ ਨੇ ਜੀਵਨ ਵਿੱਚ ਕਿੰਨੇ ਪਾਪ ਕੀਤੇ ਹੋਏ ਸਨ, ਉਨ੍ਹਾਂ ਨੂੰ ਜੋ ਕਸ਼ਟ ਮਿਲਣੇ ਸਨ, ਉਹ ਤੂੰ ਦੇਣ ਨਹੀਂ ਦਿੱਤੇ। ॥੪੧॥

ਸਮੁੰਦਰ[7] ਵਿੱਚ ਕਿੰਨੇ ਹੀ ਜੋ ਜਾਨਵਰ ਜੀਉਂਦੇ ਹਨ, ਉਹ ਸਮੁੰਦਰ ਦਾ ਖਾਰਾ[8] ਜਲ ਨਹੀਂ ਪੀਂਦੇ। ਉਨ੍ਹਾਂ ਦੀ ਖਾਤਰ[9] ਜਿਹੜੀ ਵਰਖਾ ਪੈ ਰਹੀ ਸੀ, ਉਹ ਤੂੰ ਆਖ ਕੇ ਰੁਕਵਾ ਦਿੱਤੀ। ॥੪੨॥

ਫੇਰ ਉਨ੍ਹਾਂ ਜੀਵਾਂ ਦੇ ਤ੍ਰਿਹਾਏ[10] ਰਹਿਣ ਕਾਰਨ, ਇਨ੍ਹਾਂ ਦੇ ਦੁੱਖਾਂ ਦਾ ਫਲ ਰੂਪੀ ਪਾਪਾਂ ਦਾ ਭਾਰ ਤੇਰੇ ਗਲ ਪੈ ਗਿਆ । ਤੈਨੂੰ ਨਰਕਾਂ ਵਿੱਚ ਬਹੁਤ ਦੁੱਖ ਭੋਗਣੇ ਪੈਣਗੇ। ॥੪੩॥

ਤੂੰ ਪਰਮੇਸ਼ਰ ਨੂੰ ਅੰਞਾਣਾ[11] ਸਮਝ ਕੇ ਖ਼ੁਦ ਨੂੰ ਬਹੁਤ ਅਕਲਮੰਦ ਜਣਾਇਆ ਹੈ। ਹੇ ਮਨਮੁੱਖ! ਹੁਣ ਤੁਰੰਤ ਉਠ ਕੇ ਚਲਾ ਜਾ। ਇੱਥੇ ਤੇਰੇ ਰਹਿਣ ਲਈ ਕੋਈ ਥਾਂ ਨਹੀਂ ਹੈ।" ॥੪੪॥

SikhBookClub.Com

ਸੁਨਜੋ ਜਲਾਲ ਸਮਝ ਤਬ ਆਈ। ਬੋਲਜੋ ਬਹੁਰ ਰਿਦੇ ਪਛੁਤਾਈ।
'ਜੇ ਭਾਣਾ ਮਾਨਹਿਂ ਸੇ ਕੈਸੇ?। ਉੱਤਰ ਮੋਹਿ ਬਤਾਵਹੁ ਐਸੇ' ॥੪੫॥

ਕਹੈ ਮਹੰਤ 'ਜਿ ਭਾਣਾ ਮਾਨਹਿਂ । ਸੇ ਗੁਰਮੁਖ ਹੈਂ ਮਨੁਜ ਸੁਜਾਨੈ[1]।
ਜੋ ਭਾਣਾ ਮੇਟਹਿਂ ਕਰਤਾਰਾ। ਸੋ ਬੇਮੁਖ ਦੁਖ ਪਾਵਹਿਂ ਭਾਰਾ' ॥੪੬॥

ਦੋਹਰਾ

ਤਬ ਜਲਾਲ ਬੋਲਜੋ ਬਚਨ 'ਭਲੋ ਮਾਇਨਾ ਪਾਇ ।
ਮੱਕੇ ਜਾਵਨ ਤੇ ਬਚਜੋ ਨਿਸ਼ਾ ਭਈ ਮਨ ਆਇ ॥੪੭॥

ਚੌਪਈ

ਇਕ ਦਰਵੇਸ਼ ਮਿਲਜੋ ਮੁਝ ਆਈ। ਗੁਰਮੁਖ ਕੀ ਤਿਨ ਗਿਰਾ ਅਲਾਈ।
ਲੇਨ ਮਾਯਨਾ ਮੈਂ ਚਲਿ ਆਯੋ। ਸੋ ਤੁਮ ਤੇ ਨੀਕੀ ਬਿਧਿ ਪਾਯੋ' ॥੪੮॥

ਕਹੈ ਮਹੰਤ 'ਸੋ ਜੁ ਦਰਵੇਸ਼ਾ। ਪੂਰਨ ਪੁਰਖੁ ਲਖਹੁ ਜਗਤੇਸ਼ਾ।
ਹੈ ਸਰਬੱਗ ਲਖਹੁ ਗੁਨਖਾਂਨੀ। ਜਾਇ ਸ਼ਰਨ ਗਹੀਏ[2] ਮਨ ਬਾਨੀ' ॥੪੯॥

ਸੁਨਜੋ ਜਲਾਲ ਭੇਦ ਭਲ[3] ਪਾਇ। ਸ੍ਰੀ ਨਾਨਕ ਕੋ ਲਖਜੋ ਖ਼ੁਦਾਇ।
ਤਬ ਅਹਾਰ ਉਤਰਜੋ ਲਿਯ ਖਾਈ। ਸੁਖ ਸੋਂ ਸਗਰੀ ਰੈਨ ਬਿਤਾਈ ॥੫੦॥

ਦੋਹਰਾ

ਭੋਰ ਭਈ ਇੱਛਾ ਕਰੀ — ਜਾਉਂ ਸਿੰਧੁ ਕੇ ਪਾਰ —।
ਆਯੋ ਤਬਹਿ ਜਹਾਜ ਢਿਗ ਚਢਜੋ ਚਲਨ ਹਿਤ ਧਾਰ ॥੫੧॥

ਚੌਪਈ

ਸਿੰਧੁ ਉਰਾਰ ਆਇ ਕਰ ਤੂਰਨ। ਪਹੁੰਚਜੋ ਜਹਿਂ ਸ੍ਰੀ ਨਾਨਕ ਪੂਰਨ।
ਪਦ ਪੰਕਜ ਲਪਟਜੋ ਹ੍ਵੈ ਦੀਨਾ। 'ਤੁਮ ਖ਼ੁਦਾਇ ਹੋ ਸਰਬ ਪ੍ਰਬੀਨਾ' ॥੫੨॥

ਕਰ ਉਸਤਤਿ ਬਹੁ ਬੈਠਜੋ ਪਾਸੂ। ਬੋਲੇ ਬਚਨ ਸਕਲ ਸੁਖਰਾਸੂ।
'ਜੋ ਕਛੁ ਅਰਥ ਸੁਨਜੋ ਤੈਂ ਜਾਈ। ਸੋ ਜਲਾਲ ਤੁਮ ਦੇਹੁ ਬਤਾਈ' ॥੫੩॥

SikhBookClub.Com

ਉਸ ਵੇਲੇ ਜਲਾਲ ਨੂੰ ਸੁਣ ਕੇ ਸਮਝ ਆ ਗਈ ਤੇ ਹਿਰਦੇ ਵਿੱਚ ਪਛਤਾਵਾ ਕਰਦਾ ਹੋਇਆ ਬੋਲਿਆ, "ਜੇਕਰ ਭਾਣਾ ਮੰਨਿਆ ਜਾਵੇ, ਉਹ ਕਿਹੋ-ਜਿਹਾ ਹੋਵੇ? ਮੈਨੂੰ ਇਸ ਬਾਰੇ ਦੱਸੋ।" ॥੪੫॥

ਮਹੰਤ ਨੇ ਕਿਹਾ, "ਜੋ ਮਨੁੱਖ ਵਾਹਿਗੁਰੂ ਦਾ ਭਾਣਾ ਮੰਨਦੇ ਹਨ, ਉਹ ਦਾਨੇ[1] ਪੁਰਸ਼ ਗੁਰਮੁਖ ਹੁੰਦੇ ਹਨ। ਜੋ ਪ੍ਰਭੂ ਦੇ ਭਾਣੇ ਦੇ ਅਨੁਸਾਰੀ ਨਹੀਂ ਚੱਲਦੇ, ਉਹ ਮਨਮੁੱਖ ਹਨ, ਜੋ ਬਹੁਤ ਦੁੱਖ ਪਾਉਂਦੇ ਹਨ।" ॥੪੬॥

ਦੋਹਰਾ

ਉਸ ਵੇਲੇ ਜਲਾਲ ਨੇ ਆਖਿਆ, "ਮੈਂ ਸ੍ਰੇਸ਼ਟ ਅਰਥ ਜਾਣ ਲਿਆ ਹੈ, ਹੁਣ ਮੈਨੂੰ ਮੱਕੇ ਜਾਣ ਦੀ ਲੋੜ ਨਹੀਂ ਰਹੀ। ਮਨ ਵਿੱਚ ਤਸੱਲੀ ਹੋ ਗਈ ਹੈ। ॥੪੭॥

ਚੌਪਈ

ਇੱਕ ਦਰਵੇਸ਼ ਮੈਨੂੰ ਆ ਕੇ ਮਿਲਿਆ ਸੀ । ਗੁਰਮੁਖ ਬਾਰੇ ਸ਼ਬਦ ਉਚਾਰਿਆ (ਜਿਸ ਦਾ) ਅਤੇ ਮੈਂ ਉਸ ਦਾ ਅਰਥ ਜਾਣਨ ਲਈ ਚੱਲ ਆਇਆ ਸਾਂ ਉਸ ਬਾਰੇ ਮੈਂ ਤੁਹਾਡੇ ਕੋਲੋਂ ਸੋਹਣੇ ਢੰਗ ਰਾਹੀਂ ਜਾਣ ਲਿਆ ਹੈ।" ॥੪੮॥

ਮਹੰਤ ਨੇ ਕਿਹਾ, "ਜਿਹੜੇ ਉਹ ਦਰਵੇਸ਼ ਹਨ, ਉਨ੍ਹਾਂ (ਗੁਰੂ ਨਾਨਕ ਦੇਵ ਜੀ) ਨੂੰ ਖ਼ੁਦਾ ਦਾ ਰੂਪ ਜਾਣੋ (ਅਤੇ) ਉਹ ਗੁਣਾਂ ਦੀ ਖਾਣ, ਸਭ ਕੁਝ ਜਾਣਨ ਵਾਲੇ ਹਨ, (ਉਨ੍ਹਾਂ ਦਾ) ਆਸਰਾ ਲੈ ਕੇ ਬਚਨ ਮੰਨ[2] ਲਈਂ।" ॥੪੯॥

ਜਲਾਲ ਨੇ ਸੁਣ ਕੇ ਸ੍ਰੇਸ਼ਟ[3] ਭੇਦ ਪਾ ਲਿਆ। ਗੁਰੂ ਨਾਨਕ ਜੀ ਨੂੰ ਖ਼ੁਦਾ ਰੂਪ ਜਾਣ ਲਿਆ। ਉਦੋਂ ਉੱਪਰ ਤੋਂ ਭੋਜਨ ਉਤਰਿਆ ਉਸ ਨੇ ਖਾ ਲਿਆ ਤੇ ਸਾਰੀ ਰਾਤ ਸੁੱਖ ਨਾਲ ਗੁਜ਼ਾਰੀ। ॥੫੦॥

ਦੋਹਰਾ

ਸਵੇਰ ਹੋਈ, ਉਸਨੇ ਇੱਛਾ ਕੀਤੀ -ਸਮੁੰਦਰ ਪਾਰ ਚਲਾ ਜਾਵਾਂ-। ਉਸੇ ਵੇਲੇ ਜਹਾਜ਼ ਆ ਗਿਆ। ਜਾਣ ਲਈ ਜਹਾਜ਼ ਵਿੱਚ ਚੜ੍ਹ ਗਿਆ ॥੫੧॥

ਚੌਪਈ

ਸਮੁੰਦਰ ਪਾਰ ਕਰਕੇ ਤੁਰੰਤ ਵਾਪਸ ਆ ਗਿਆ। ਜਿਥੇ ਪੂਰੇ ਗੁਰੂ ਨਾਨਕ ਜੀ ਸਨ, ਕੋਲ ਪਹੁੰਚ ਗਿਆ। ਗੁਰੂ ਜੀ ਦੇ ਚਰਨ-ਕਮਲਾਂ ਨੂੰ ਮਨ ਵਿੱਚ ਗਰੀਬੀ ਲਿਆ ਕੇ ਲਿਪਟ ਗਿਆ, "ਤੁਸੀਂ ਖ਼ੁਦਾ ਰੂਪ ਸਭ ਤਰਾਂ ਸਮਰੱਥ ਹੋ" ॥੫੨॥

ਗੁਰੂ ਜੀ ਦੀ ਬਹੁਤ ਉਸਤਤ ਕਰਕੇ ਕੋਲ ਬੈਠ ਗਿਆ। ਸੰਪੂਰਨ ਸੁੱਖਾਂ ਦੀ ਰਾਸ (ਗੁਰੂ ਜੀ) ਨੇ ਬਚਨ ਆਖੇ, "ਤੂੰ ਜੋ ਕੁਝ ਅਰਥ ਜਾ ਕੇ ਸੁਣੇ ਹਨ, ਜਲਾਲ! ਉਹ ਸੁਣਾ ਦਿਉ।" ॥੫੩॥

SikhBookClub.Com

ਤਬ ਹੀ ਪੀਰ ਜੋਰ ਕਰ ਕਹਹੀ। 'ਤੁਮ ਕਉ ਸਭ ਕਿਛੁ ਰੌਸ਼ਨ[1] ਅਹਿਹੀ।
ਨਹਿਂ ਜਾਨਹੁ ਤੌ ਬੂਝਹੁ ਮੋਕੋ। ਸਭ ਘਟਿ ਘਟਿ ਕੀ ਸੁਧ ਹੈ ਤੋਕੋ' ॥੫੪॥

ਦੋਹਰਾ

ਸ੍ਰੀ ਗੁਰ ਉਚਰਯੋ 'ਕਹੋ ਅਬ ਜਿਸ ਬਿਧਿ ਭਯੋ ਬ੍ਰਿਤਾਂਤ'।
ਤਬ ਜਲਾਲ ਬਚ ਮਾਨਕੈ ਭਨੀ ਸਰਬ ਨਿਜ ਬਾਤ॥੫੫॥

ਚੌਪਈ

'ਭਾਣਾ ਮਾਨਹਿਂ ਗੁਰਮੁਖ ਸੋਈ। ਆਇਸੁ ਮੇਟਹਿ ਬੇਮੁਖ ਹੋਈ।
ਪ੍ਰਿਥਮੇ ਇਸ ਬਿਧਿ ਥੋ ਅੱਗਜਾਤਾ[2]। ਤੁਮ ਮਿਲਨੇ ਤੇ ਭਾ ਸੱਗਜਾਤਾ[3]' ॥੫੬॥

ਇਸ ਪ੍ਰਕਾਰ ਤਿਹਂ ਦੇ ਉਪਦੇਸ਼ਾ। ਚਲਨੇ ਤਯਾਰ ਭਏ ਜਗਤੇਸ਼ਾ।
ਕਰਕੈ ਬੰਦਨ ਬਿਨੈ ਬਖਾਂਨੀ। 'ਸੇਵਕ ਭਯੋ ਕਰਮ ਮਨ ਬਾਂਨੀ' ॥੫੭॥

ਸ੍ਰੀ ਗੁਰ ਤਿਹ ਕੋ ਧੀਰਜ ਦੀਨਾ। ਬਹੁਰੋ ਆਪ ਪਯਾਨਾ[4] ਕੀਨਾ।
(*3)ਕੇਵਲ ਕਾਰਜ ਨਰਨ ਉਧਾਰਨ। ਭਗਤਿ,ਗਯਾਨ ਕੀ ਸੁਮਤਿ ਸਿਖਾਰਨ[5] ॥੫੮॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਬੱਤੀਸਮੋ ਧਯਾਇ ॥੩੨॥

SikhBookClub.Com

ਉਸ ਵੇਲੇ ਪੀਰ ਨੇ ਹੱਥ ਜੋੜ ਕੇ ਕਿਹਾ, "ਤੁਸਾਂ ਨੂੰ ਸਭ ਕੁਝ ਇਹ ਗੱਲ ਪਰਗਟ[1] ਹੈ। ਨਾ ਜਾਣਦੇ ਹੋਵੋ ਤਾਂ ਮੇਰੇ ਕੋਲੋਂ ਪੁੱਛੋ। ਤੁਸਾਂ ਨੂੰ ਹਰੇਕ ਦਿਲ ਅਤੇ ਸਰੀਰ ਬਾਰੇ ਖਬਰ ਹੈ।" ॥੫੪॥

ਦੋਹਰਾ

ਗੁਰੂ ਜੀ ਨੇ ਕਿਹਾ, "ਹੁਣ ਜਿਸ ਪ੍ਰਕਾਰ ਨਾਲ ਬਿਰਤਾਂਤ ਹੋਇਆ, ਵਰਣਨ ਕਰੋ। ਉਸ ਵੇਲੇ ਜਲਾਲ ਨੇ ਬਚਨ ਮੰਨ ਕੇ ਆਪਣੀ ਸਾਰੀ ਗੱਲਬਾਤ ਸੁਣਾਈ। ॥੫੫॥

ਚੌਪਈ

"ਪ੍ਰਭੂ ਦਾ ਭਾਣਾ ਮੰਨਣ ਵਾਲਾ ਉਹੋ ਗੁਰਮੁਖ ਹੈ। ਉਸ ਦੇ ਹੁਕਮਾਂ ਨੂੰ ਮਿਟਾਵੇ (ਉਹੋ) ਮਨਮੁਖ ਹੁੰਦਾ ਹੈ। ਪਹਿਲਾਂ ਇਸ ਰੀਤੀ ਤੋਂ ਅਣਜਾਣ[2] ਸਾਂ। ਤੁਹਾਡੇ ਨਾਲ ਮੇਲ ਹੋਣ 'ਤੇ (ਹੁਣ) ਗਿਆਨਵਾਨ[3] ਬਣ ਗਿਆ ਹਾਂ" ॥੫੬॥

ਇਸ ਪ੍ਰਕਾਰ ਉਸ ਨੂੰ ਸਿੱਖਿਆ ਦੇ ਕੇ ਜਗਤ ਦੇ ਮਾਲਕ ਗੁਰੂ ਜੀ ਉਥੋਂ ਚੱਲਣ ਲਈ ਤਿਆਰ ਹੋ ਗਏ। ਜਲਾਲ ਨੇ ਨਮਸਕਾਰ ਕਰਕੇ ਬੇਨਤੀ ਕੀਤੀ, "ਮਨ, ਬਾਣੀ, ਕਰਮ (ਭਾਵ ਸਰੀਰ) ਕਰਕੇ ਆਪ ਦਾ ਸੇਵਕ ਹੋਇਆ ਹਾਂ।" ॥੫੭॥

ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ। ਫੇਰ ਆਪ ਜੀ ਨੇ ਕੇਵਲ ਲੋਕਾਂ ਦਾ ਉਧਾਰ ਕਰਨ ਲਈ ਭਗਤੀ ਤੇ ਗਿਆਨ ਦੀ ਉੱਤਮ ਬੁੱਧ ਸਿਖਾਉਣ[5] ਲਈ ਅੱਗੇ ਚਾਲੇ ਪਾ ਦਿੱਤੇ ॥੫੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਜਲਾਲ ਦਾ ਪ੍ਰਸੰਗ" ਨਾਮੀ ਬੱਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਪੀਰ ਜਲਾਲ, ਗੁਰੂ ਜੀ ਨੂੰ ਆਪਣੇ ਟਿਕਾਣੇ ਉੱਤੇ ਠਹਿਰਾ ਕੇ, ਆਪ ਮੱਕੇ ਨੂੰ ਚੱਲ ਪਿਆ। ਜਹਾਜ਼ ਇੱਕ ਕਿਨਾਰੇ ਤੇ ਜਾ ਲੱਗਿਆ ਤਾਂ ਜਲਾਲ ਜਹਾਜ਼ ਵਿੱਚੋਂ ਉਤਰ ਕੇ ਪਹਾੜ ਨੂੰ ਵੇਖਣ ਲਈ ਉਤਸ਼ਾਹਤ ਹੋ ਗਿਆ ਅਤੇ ਉੱਥੇ ਉਸ ਨੇ ਮਹਿਲਾਂ ਵਿੱਚ ਸੇਜਾਂ ਵਿਛੀਆਂ ਹੋਈਆਂ ਦੇਖੀਆਂ ਪਰ ਉੱਥੇ ਕੋਈ ਬੰਦਾ ਨਹੀਂ ਸੀ। ਸਮੁੰਦਰ ਦੇ ਕਿਨਾਰੇ ਆ ਕੇ ਉਸ ਥਾਂ ਇੱਕ ਅਚਰਜ ਵੇਖਿਆ ਕਿ ਇੱਕ ਜਹਾਜ਼ ਡੁੱਬਣ ਕਰਕੇ ਲੋਕਾਂ ਵਿਚ ਸ਼ੋਰ ਪਿਆ ਹੋਇਆ ਸੀ। ਪੀਰ ਨੇ ਹੱਥ ਜੋੜ ਕੇ ਖੁਦਾ ਅੱਗੇ ਦੁਆ ਕੀਤੀ ਕਿ ਇਹ ਲੋਕ ਜੋ ਦੇਸ਼-ਵਿਦੇਸ਼ ਤੋਂ ਆਪਣੇ ਪੁੱਤਰਾਂ, ਇਸਤਰੀਆਂ ਨੂੰ ਛੱਡ ਕੇ ਵਪਾਰ ਕਰਨ ਲਈ ਆਏ ਹੋਏ ਸਨ, ਇਨ੍ਹਾਂ ਨੂੰ ਕਿਉਂ ਸਮੁੰਦਰ ਵਿੱਚ ਡੁਬੋਇਆ ਜਾ ਰਿਹਾ ਹੈ? ਇਵੇਂ ਪੀਰ ਜਲਾਲ ਦੇ ਕਹਿਣ ਨਾਲ ਜਹਾਜ਼ ਡੁੱਬਣ ਤੋਂ ਬਚ ਗਿਆ। ਮਹਿਲਾਂ ਵਿੱਚ ਆ ਕੇ ਪੀਰ ਨੇ ਸੰਤ ਬੈਠੇ ਦੇਖੇ ਅਤੇ ਉਹ ਇਕ ਸੰਤ ਕੋਲ ਬੈਠ ਗਿਆ। ਸਭ ਨੂੰ ਕੁਦਰਤ ਕੋਲੋਂ ਭੋਜਨ ਮਿਲਿਆ ਪਰ ਪੀਰ ਨੂੰ ਖਾਣ ਲਈ ਕੁਝ ਨਾ ਮਿਲਿਆ, ਤਾਂ ਇਕ ਸੰਤ ਨੇ ਮਹੰਤ ਨੂੰ ਜਾ ਕੇ ਆਖਿਆ ਕਿ ਉਸ ਪੀਰ ਲਈ ਖਾਣ ਵਾਸਤੇ ਭੋਜਨ ਪਹੁੰਚਾ ਦਿਉ। ਮਹੰਤ ਬੋਲਿਆ ਕਿ ਜੋ ਸਾਰੇ ਜੀਵ ਹਨ, ਵਾਹਿਗੁਰੂ ਸਾਰਿਆਂ ਦਾ ਮਾਲਕ ਹੈ। ਇਸ ਨੇ ਕੋਈ ਪਾਪ ਕੀਤਾ ਹੋਵੇਗਾ, ਇਸ ਲਈ ਹੀ ਭੋਜਨ ਉਪਰ ਤੋਂ ਉਤਰ ਕੇ ਨਹੀਂ ਆਇਆ। ਦਿਨ ਚੜ੍ਹਨ 'ਤੇ ਪੀਰ ਸਮੁੰਦਰ ਦੇ ਕਿਨਾਰੇ ਬੈਠ ਕੇ ਫਿਰ ਤਮਾਸ਼ਾ ਵੇਖਣ ਲੱਗ ਪਿਆ। ਸਮੁੰਦਰ ਵਿੱਚ ਵਰਖਾ ਹੋ ਰਹੀ ਸੀ। ਉਸ ਵੇਲੇ ਹੋਰ ਥਾਂਵਾਂ 'ਤੇ ਵਰਖਾ ਨਹੀਂ ਸੀ ਹੋ ਰਹੀ। ਸੱਯਦ ਨੇ ਆਖਿਆ ਕਿ ਜਿਥੇ ਵਰਖਾ ਦੀ ਲੋੜ ਨਹੀਂ, ਉਥੇ ਤਾਂ ਜਲ ਵਸ ਰਿਹਾ ਹੈ। ਜਿਥੇ ਲੋਕਾਂ ਦੀ ਪਾਣੀ ਲਈ ਮੰਗ ਹੈ, ਉਥੇ ਮੀਂਹ ਨਹੀਂ ਵਰਸਦਾ? ਇਸ ਪ੍ਰਕਾਰ ਆਖਣ ਨਾਲ ਮੀਂਹ ਬੰਦ ਹੋ ਗਿਆ। ਵਾਪਸ ਆਉਣ 'ਤੇ ਉਸ ਕੋਲ ਫਿਰ ਭੋਜਨ ਨਾ ਆਇਆ ਤਾਂ ਪੀਰ ਜਲਾਲ ਨੂੰ ਮਹੰਤ ਨੇ ਆਪਣੇ ਕੋਲ ਬੁਲਾਇਆ ਅਤੇ ਪੁੱਛਿਆ ਕਿ ਉਸਨੇ ਕਿਹੜਾ ਵੱਡਾ ਪਾਪ ਕੀਤਾ? ਜਿਸ ਕਾਰਨ ਉਸਨੂੰ ਦੋ ਦਿਨ ਭੋਜਨ ਕੀਤਿਆਂ ਬਿਨਾਂ ਲੰਘਾਉਣੇ ਪਏ। ਜਲਾਲ ਨੇ ਸਫਰ ਦੌਰਾਨ ਵਾਪਰੀਆਂ ਦੋ ਘਟਨਾਵਾਂ ਬਾਰੇ ਮਹੰਤ ਨੂੰ ਦੱਸ ਦਿੱਤਾ ਤਾਂ ਮਹੰਤ ਨੇ ਕਿਹਾ ਉਹ ਰੱਬ ਦਾ ਕੀਤਾ ਮਿਟਾਉਣ ਲੱਗ ਪਿਆ ਹੈ, ਉਹ ਤਾਂ ਉਸ ਰੱਬ ਦੀ ਬਰਾਬਰੀ ਕਰਨ ਵਾਲਾ ਬਣ ਬੈਠਾ। ਜੀਵਾਂ ਨੇ ਜੋ ਪਾਪ ਕੀਤੇ ਸਨ ਤੇ ਕਸ਼ਟ ਮਿਲਣੇ ਸਨ, ਉਹ ਉਸਨੇ ਦੇਣ ਨਹੀਂ ਦਿੱਤੇ। ਸਮੁੰਦਰ ਵਿੱਚ ਕਿੰਨੇ ਹੀ ਜਾਨਵਰ ਖਾਰਾ ਜਲ ਨਹੀਂ ਪੀ ਸਕਦੇ। ਜਿਹੜੀ ਵਰਖਾ ਉਨ੍ਹਾਂ ਲਈ ਪੈ ਰਹੀ ਸੀ, ਉਸ ਨੇ ਰੁਕਵਾ ਦਿੱਤੀ। ਜੋ ਮਨੁੱਖ ਵਾਹਿਗੁਰੂ ਦਾ ਭਾਣਾ ਮੰਨਦੇ ਹਨ, ਉਹ ਗੁਰਮੁਖ ਹਨ। ਜੋ ਪ੍ਰਭੂ ਦੇ ਭਾਣੇ ਦੇ ਅਨੁਸਾਰੀ ਨਹੀਂ ਚਲਦੇ, ਉਹ ਮਨਮੁਖ ਹਨ। ਉਸ ਵੇਲੇ ਜਲਾਲ ਨੇ ਆਖਿਆ ਕਿ ਉਸ ਨੇ ਉਸ ਦਰਵੇਸ਼ ਦੇ ਕਹੇ ਹੋਏ ਗੁਰਮੁਖ ਬਾਰੇ ਸ੍ਰੇਸ਼ਟ ਅਰਥ ਜਾਣ ਲਏ ਹਨ, ਹੁਣ ਉਸਨੂੰ ਮੱਕੇ ਜਾਣ ਦੀ ਲੋੜ ਨਹੀਂ ਰਹੀ । ਮਹੰਤ ਨੇ ਉਸ ਨੂੰ ਦੱਸਿਆ ਕਿ ਉਹ ਜੋ ਦਰਵੇਸ਼ ਉਸ ਦੇ ਟਿਕਾਣੇ ਉੱਤੇ ਠਹਿਰੇ ਹੋਏ ਸਨ, ਉਨ੍ਹਾਂ ਨੂੰ ਖ਼ੁਦਾ ਦਾ ਰੂਪ ਜਾਣੋ ਅਤੇ ਉਹ ਗੁਣਾਂ ਦੀ ਖਾਣ, ਸਭ ਕੁਝ ਜਾਣਨ ਵਾਲੇ ਸਨ। ਇਹ ਸੁਣ ਕੇ ਜਲਾਲ ਵਾਪਸ ਆ ਗਿਆ ਤੇ ਗੁਰੂ ਨਾਨਕ ਜੀ ਨੂੰ ਖ਼ੁਦਾ ਦਾ ਰੂਪ ਜਾਣ ਲਿਆ।

SikhBookClub.Com

ਫੁੱਟਨੋਟ

(*1) ਇਹ ਸਾਖੀ ਪੁਰਾਤਨ ਜਨਮਸਾਖੀ ਵਿੱਚ ਹੈ ਤੇ ਗੁਰਮੁਖਾਂ ਵਾਲੀ ਸਾਖੀ ਦਾ ਸਿਰਲੇਖ ਭਾਈ ਵੀਰ ਸਿੰਘ ਜੀ ਨੇ ਸੰਪਾਦਨ ਕਰਨ ਲੱਗਿਆਂ ਦਿੱਤਾ ਸੀ। ਇਹ ਸਾਖੀ ਮਿਹਰਬਾਨ ਵਾਲੀ ਜਨਮਸਾਖੀ ਵਿੱਚ ਨਹੀਂ ਹੈ। ਇਸ ਜਨਮਸਾਖੀ ਵਿੱਚ ਸ੍ਰੀ ਗੁਰ ਨਾਨਕ ਸਾਹ ਕੀ (ਸੰਤ ਦਾਸ ਛਿੱਬਰ) ਦੇ ਅਧਿਆਇ 34 ਵਿੱਚ ਪੀਰ ਦਸਤਗੀਰ ਦੇ ਕੁਝ ਅੰਸ਼ ਮਿਲਾ ਦਿੱਤੇ ਲੱਗਦੇ ਹਨ:

"ਬਡੋ ਕੁਫਰ ਓਹੁ ਬਕਤੋ ਜਾਇ। ਲਾਖ ਤਬਕ ਉਹ ਕਹੇ ਸੁਨਾਇ॥

(*2) ਬੇਮੁਖ ਤੋਂ ਭਾਵ ਹੈ ਮਨਮੱਤ ਧਾਰਨ ਕਰਨ ਵਾਲਾ ਮਨੁੱਖ, ਜਿਸ ਨੇ ਕਿ ਆਪਣੇ ਮਨ ਨੂੰ ਹੀ ਮੁੱਖ ਜਾਣਿਆ ਹੈ। ਭਾਈ ਗੁਰਦਾਸ ਜੀ ਮਨਮੁਖ ਨੂੰ ਕੁਮਾਰਗੀ ਤੇ ਵਿਕਾਰੀ ਦੱਸਦੇ ਹਨ:

ਗੁਰਮੁਖਿ ਸੁਖ ਫਲੁ ਪਿਰਮ ਰਸੁ ਮਨਮੁਖ ਬਦਰਾਹੀ ਬਦਰਾਹਾ॥
ਮਨਮੁਖ ਟੋਟਾ ਗੁਰਮੁਖ ਲਾਹਾ ॥੪॥

(ਵਾਰ ਸਤਾਰਵੀਂ ਪਉੜੀ ਚੌਥੀ)

ਗੁਰਬਾਣੀ ਅਨੁਸਾਰ ਵੀ ਮਨਮੁੱਖ ਦਾ ਜੀਵਨ ਦੁੱਖਾਂ ਨਾਲ ਘਿਰਿਆ ਰਹਿੰਦਾ ਹੈ:

ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥

(ਗੁ. ਗ੍ਰੰ. ਸਾਹਿਬ, ਪੰਨਾ 1197)

(*3) ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਦਾ ਮਨੋਰਥ **"ਚੜ੍ਹਿਆ ਸੋਧਣਿ ਧਰਤਿ ਲੁਕਾਈ"** ਲਿਖਿਆ ਹੈ।

(ਵਾਰ ਪਹਿਲੀ, ਪਉੜੀ ਚੌਵੀਵੀਂ)

SikhBookClub.Com

ਅਧਜਾਯ ਤੇਤੀਹਵਾਂ

(ਨਾਮ ਦੀ ਸ਼ਕਤਿ। ਸ਼ੇਖ ਇਬ੍ਰਾਹੀਮ ਫਰੀਦ ਸਾਨੀ ਨਾਲ ਗੋਸ਼ਟ)

ਦੋਹਰਾ

ਸਿਮਰ ਨਾਮ ਸਭ ਕਾਮ ਹੈਂ ਪੁਨ ਨ ਜਾਇ ਜਮ ਧਾਮ[1]।
ਅਪਨ ਸਰੂਪ ਅਨੂਪ ਕੋ ਜਾਨ ਲੇਤ ਅਭਿਰਾਮ[2] ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨੀਏ ਇਤਿਹਾਸਾ।ਆਗੇ ਗਮਨ ਕੀਨ ਸੁਖਰਾਸਾ।
ਸ਼ੇਖ ਫਰੀਦ ਪਟਣ[(*1)] ਹੈ ਜਹਿਂਵਾ।ਸ਼ੇਖ ਬ੍ਰਹਮ ਤਬ ਬਸਈ ਤਹਿਂਵਾ॥੨॥

ਤਿਹ ਕੇ ਮਿਲਨ ਹੇਤਿ ਗਤਿਦਾਈ।ਦੋਇ ਕੋਸ ਪਰ ਬੈਠੇ ਜਾਈ।
ਸ਼ੇਖਬ੍ਰਹਮ[(*2)] ਕਾ ਇਕ ਮੁਰੀਦ[(*3)] ਤਹਿਂ।ਆਯੋ ਈਂਧਨ[3] ਚੁਨਨ,ਗੁਰੂ ਜਹਿਂ॥੩॥

ਸੋ ਦਰਵੇਸ਼ ਖੁਦਾਇ ਪਿਆਰਾ।ਰਿਦੇ ਬੰਦਗੀ ਕੇਰ ਅਧਾਰਾ।
ਇਕ ਸਲੋਕ ਤਬ ਪ੍ਰਭੂ ਬਖਾਨਾ।ਊਚੀ ਧੁਨਿ ਸੋਂ ਕੀਨੋ ਗਾਨਾ॥੪॥

ਮ: ੧॥
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥ ***(ਗੁ. ਗ੍ਰੰ. ਸਾਹਿਬ, ਪੰਨਾ ੧੨੯੧)***

ਚੌਪਈ

ਸੁਨਤ ਮੁਰੀਦ ਗੁਰੂ ਢਿਗ ਆਯੋ।ਕਰ ਸਲਾਮ ਅਸ ਬਚਨ ਅਲਾਯੋ।
'ਏਹ ਬੈਤ[4] ਵਤ[5] ਮੋਹਿ ਸੁਨਾਇ।ਤੁਮ ਦਰਵੇਸ਼ ਭਿ ਲਖਜੋ ਖੁਦਾਇ'॥੫॥

ਸ੍ਰੀ ਨਾਨਕ ਤਬ ਬੈਨ ਅਲਾਏ।ਤਿਹ ਸਲੋਕ ਕੇ ਅਰਥ ਸੁਨਾਏ।
'ਆਪੇ ਪੱਟੀ ਕਲਮ ਸੁ ਆਪੇ।ਲਿਖਣਹਾਰ ਸੋ ਦੁਤੀ[6] ਨ ਜਾਪੇ॥੬॥

SikhBookClub.Com

ਅਧਿਆਇ ਤੇਤੀਵਾਂ
(ਸ਼ੇਖ ਇਬਰਾਹੀਮ ਫਰੀਦ ਸਾਨੀ ਨਾਲ ਗੋਸ਼ਟ)

ਦੋਹਰਾ

(ਵਾਹਿਗੁਰੂ ਦੇ) ਨਾਮ ਦਾ ਸਿਮਰਨ ਕਰੋ (ਤਾਂ ਜੋ ਤੇਰੇ ਸਾਰੇ ਕੰਮ (ਪੂਰੇ) ਹੋ ਜਾਣ (ਤੇ) ਫੇਰ (ਤੈਨੂੰ) ਨਰਕ[1] (ਵੀ) ਨਾ ਜਾਣਾ ਪਵੇ। ਆਪਣੇ ਸੁੰਦਰ[2] ਸਰੂਪ ਨੂੰ ਜਿਸ ਦੀ ਉਪਮਾ ਨਹੀਂ ਹੋ ਸਕਦੀ, ਨੂੰ (ਵੀ) ਪਛਾਣ ਲਵੇ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਗੁਰੂ ਅੰਗਦ ਦੇਵ ਜੀਓ! (ਅਗਾਂਹ ਦਾ) ਇਤਿਹਾਸ ਸੁਣੋ। ਸੁੱਖਾਂ ਦੀ ਪੂੰਜੀ (ਗੁਰੂ ਜੀ) ਅੱਗੇ ਸਫਰ 'ਤੇ ਚੱਲ ਪਏ। ਜਿੱਥੇ ਸ਼ੇਖ ਫਰੀਦ ਦਾ ਨਗਰ ਪਾਕਪਟਨ ਹੈ, ਉਸ ਵੇਲੇ ਉਸ ਥਾਂ 'ਤੇ ਸ਼ੇਖ ਬ੍ਰਹਮ ਨਿਵਾਸ ਰੱਖਦੇ ਸਨ। ॥੨॥

ਉਸ ਨੂੰ ਮਿਲਣ ਲਈ ਮੁਕਤੀਦਾਤੇ(ਗੁਰੂ ਜੀ) ਦੋ ਕੋਹ 'ਤੇ ਜਾ ਕੇ ਬੈਠ ਗਏ। ਜਿੱਥੇ ਗੁਰੂ ਜੀ ਬੈਠੇ ਸਨ, ਉਥੇ ਸ਼ੇਖ ਬ੍ਰਹਮ ਦਾ ਇੱਕ ਸੇਵਕ ਬਾਲਣ[3] ਇਕੱਠਾ ਕਰਨ ਆਇਆ ॥੩॥

ਉਹ ਫ਼ਕੀਰ ਖ਼ੁਦਾ ਦਾ ਪਿਆਰਾ ਸੀ ਜਿਸ ਨੇ ਹਿਰਦੇ ਵਿੱਚ ਬੰਦਗੀ ਦਾ ਆਸਰਾ ਸੀ। ਉਸ ਵੇਲੇ ਗੁਰੂ ਜੀ ਨੇ ਇੱਕ ਸਲੋਕ ਉਚਾਰਨ ਕੀਤਾ, ਜੋ ਉੱਚੀ ਆਵਾਜ਼ ਵਿੱਚ ਗਾਇਆ। ॥੪॥

ਪਾਤਸ਼ਾਹੀ ਪਹਿਲੀ ॥

ਤੂੰ ਖ਼ੁਦ ਤਖਤੀ ਹੈਂ, ਹੇ ਮਾਲਕ! ਖ਼ੁਦ ਹੀ ਲੇਖਣੀ (ਲਿਖਣਕਾਰ) ਅਤੇ ਉਸ ਉੱਤੇ ਲਿਖਤ ਵੀ ਤੂੰ ਹੀ ਹੈਂ। ਤੂੰ ਇੱਕੋ ਕਰਤਾਰ ਦਾ ਹੀ ਵਰਣਨ ਕਰ, ਹੇ ਨਾਨਕ! ਦੂਸਰਾ ਕੋਈ ਹੋਵੇ ਹੀ ਕਿਉਂ?

(ਗੁ. ਗ੍ਰੰ. ਸਾਹਿਬ, ਪੰਨਾ 1291)

ਚੌਪਈ

(ਸ਼ੇਖ ਬ੍ਰਹਮ ਦਾ) ਉਹ ਚੇਲਾ ਸੁਣ ਕੇ ਗੁਰੂ ਜੀ ਕੋਲ ਆਇਆ। ਉਸ ਨੇ ਸਲਾਮ ਕਰਕੇ ਇਸ ਤਰਾਂ ਕਥਨ ਕੀਤਾ, "ਇਹ ਸਲੋਕ[4] (ਬੈਂਤ) ਮੈਨੂੰ ਮੁੜ[5] ਸੁਣਾਉ। ਆਪ ਦਰਵੇਸ਼ ਹੋ, ਮੈਂ ਤੁਸਾਂ ਨੂੰ ਖ਼ੁਦਾ ਰੂਪ ਜਾਣਿਆ ਹੈ।" ॥੫॥

ਉਸ ਵੇਲੇ ਗੁਰੂ ਨਾਨਕ ਜੀ ਨੇ ਸਲੋਕ ਉਚਾਰਨ ਕੀਤਾ ਤੇ ਉਸ ਦੇ ਅਰਥ ਵੀ ਸੁਣਾਏ। "ਉਹ ਪ੍ਰਭੂ ਆਪ ਹੀ ਪੱਟੀ ਅਤੇ ਆਪ ਹੀ ਕਲਮ ਹੈ। ਲਿਖਣ ਵਾਲਾ ਵੀ ਕੋਈ ਦੂਜਾ[6] ਨਹੀਂ ਜਾਪਦਾ। ॥੬॥

SikhBookClub.Com

ਸਭ ਮਹਿਂ ਰਵਿਓ ਏਕ ਖ਼ੁਦਾਇ।ਛੁਛੀ[1] ਕਹੂੰ ਨ ਤਿਸ ਬਿਨ ਥਾਇ।
ਦੂਜਾ ਦੇਖਜੋ ਸੁਨਜੋ ਨ ਕੋਈ।ਜਪਹਿ ਜਿ ਏਕ ਤਰਹਿ ਭਵ ਸੋਈ'॥੭॥

ਦੋਹਰਾ

ਸੁਨਤ ਸ਼ੇਖ ਹਰਖਾਇ ਉਰ ਗਯੋ ਨਿਕਟਿ ਨਿਜ ਪੀਰ।
ਕਹਯੋ ਜਾਇ ਮੈਂ ਦੇਖਿਓ ਆਜ ਖ਼ੁਦਾਇ ਸਰੀਰ॥੮॥

ਚੌਪਈ

ਹਿੰਦੂ ਜਨਮ ਸ੍ਰੀ ਨਾਨਕ ਵੇਦੀ । ਦੇਤ ਅਲਹ[2] ਸੁਧ ਦ੍ਵੈਤਹਿਂ ਛੇਦੀ[3]'।
ਸੁਨਤ ਪੀਰ ਨੈ ਬਚਨ ਉਚਾਰੇ।'ਹਿੰਦੂ, ਬਹੁਰ ਖ਼ੁਦਾਇ ਕਿਆ ਰੇ!'।੯।

ਫੇਰ ਮੁਰੀਦ ਜੋਰ ਕਰ ਕਹਈ ।'ਸੋ ਖ਼ੁਦਾਇ ਕੀ ਸੂਰਤ ਅਹਈ।
ਕਹੋਂ ਕੂਰ ਨਹਿਂ, ਸਾਚ ਪਛਾਨੋ । ਦੇਖਹੁਗੇ ਤੁਮ ਤਬ ਹੀ ਮਾਨੋਂ॥੧੦॥

ਬਿਨ ਦੇਖੇ ਨਹਿਂ ਆਇ ਪ੍ਰਤੀਤੀ[4] । ਮਿਲਨੇ ਤੇ ਬਿਸਾਲ ਹ੍ਵੈ ਪ੍ਰੀਤੀ'।
ਸੁਨ ਪੁਨਿ ਬਾਨੀ ਪੀਰ ਅਲਾਈ।'ਮੈਂਡਾ ਬੈਂਤ ਲਿਜਾਇ ਸੁਨਾਈ॥੧੧॥

ਦੋਹਰਾ

ਘਿੰਨਹੁ[5], ਵਤ [6] ਗਲਾਈਏ ਜੋ ਮੈਂ ਤੋਕੋਂ ਬੱਦ[7]:—
ਇਕ ਸਾਹਿਬ[8] ਦੋਂ ਹੱਦ[9] ਹੈਂ, ਕੋ ਸੇਵੀਂ[10] ਕੋ ਰੱਦ[11]?'॥੧੨॥

ਚੌਪਈ

ਸੁਨ ਮੁਰੀਦ ਤਬ, ਸ੍ਰੀ ਗੁਰ ਪਾਸਾ । ਜੁਲ ਕਰ ਆਇ ਕਰੀ ਅਰਦਾਸਾ।
'ਜਬ ਹੀ ਪਢਜੋ ਬੈਂਤ ਮੈਂ ਤੈਂਡਾ । ਬੈਤ ਕਹਜੋ ਤਬ ਪੀਰ ਇਕ ਮੈਂਡਾ॥੧੩॥

ਤਿਹ ਕੋ ਉੱਤਰ ਦੀਜਹੁ ਮੋਕੋ । ਸੁਨਹੁ, ਸੁਨਾਵਤ ਹੌਂ ਮੈਂ ਤੋ ਕੋ:—
ਸਾਹਿਬ ਏਕੋ ਦੋ ਕਿਯ ਹੱਦ।ਕਿਹ ਕੋ ਸੇਵੀ ਕਿਹ ਕੋ ਰੱਦ —॥੧੪॥

ਜੋ ਤੁਮਰੇ ਮਤ ਮਾਂਹੀ ਸਾਚੋ।ਕ੍ਰਿਪਾ ਧਾਰ ਮੁਝ ਸੰਗ ਉਬਾਚੋ[12]'।
ਇਸ ਪ੍ਰਕਾਰ ਕੇ ਸੁਨ ਕਰ ਬੈਨਾ । ਕਹਜੋ ਸਲੋਕ ਸਰਬ ਸੁਖਦੈਨਾ ॥੧੫॥

SikhBookClub.Com

ਸਾਰਿਆਂ ਵਿੱਚ ਇੱਕੋ ਖ਼ੁਦਾ ਹੀ ਵਸ ਰਿਹਾ ਹੈ। ਉਸ ਪ੍ਰਭੂ ਬਿਨਾਂ ਕੋਈ ਥਾਂ ਖਾਲੀ[1] ਨਹੀਂ ਹੈ। ਹੋਰ ਦੂਸਰਾ ਕੋਈ ਵੇਖਿਆ ਸੁਣਿਆ ਨਹੀਂ। ਜਿਹੜਾ ਉਸ ਇੱਕ ਵਾਹਿਗੁਰੂ ਦਾ ਨਾਮ ਜਪਦਾ ਹੈ, ਉਹੀ ਸੰਸਾਰ (ਭਵਸਾਗਰ) ਵਿੱਚੋਂ ਤਰ ਜਾਂਦਾ ਹੈ।" ॥੭॥

ਦੋਹਰਾ

ਮੁਰੀਦ (ਅਰਥ) ਸੁਣ ਕੇ ਹਿਰਦੇ ਵਿੱਚ ਖੁਸ਼ ਹੋਇਆ ਅਤੇ ਆਪਣੇ ਪੀਰ ਕੋਲ ਚਲਾ ਗਿਆ। ਉਸ ਨੇ ਜਾ ਕੇ ਦੱਸਿਆ, "ਅੱਜ ਮੈਂ ਖ਼ੁਦਾ ਨੂੰ (ਮਨੁੱਖ) ਸਰੀਰ ਰੂਪ ਵਿੱਚ ਦੇਖਿਆ ਹੈ। ॥੮॥

ਚੌਪਈ

(ਉਹ) ਹਿੰਦੂ ਧਰਮ ਵਿੱਚ ਬੇਦੀ ਕੁਲ ਦੇ ਨਾਨਕ ਜੀ ਹਨ। ਉਹ ਦੁਬਿਧਾ ਨੂੰ ਨਾਸ਼[3] ਕਰਨ ਵਾਲੇ ਉਸ ਅੱਲਾ[2] ਦੀ ਖਬਰ ਦਿੰਦੇ ਹਨ।" ਪੀਰ ਨੇ ਸੁਣ ਕੇ ਆਖਿਆ, "ਓਏ! ਫਿਰ ਹਿੰਦੂ ਖ਼ੁਦਾ ਦਾ ਰੂਪ ਕਿਵੇਂ ਹੋ ਸਕਦਾ ਹੈ?" ॥੯॥

ਸੇਵਕ ਨੇ ਹੱਥ ਜੋੜ ਕੇ ਫੇਰ ਕਿਹਾ, "ਉਹ ਖ਼ੁਦਾ ਦੀ (ਹੀ) ਸੂਰਤ ਹਨ। ਮੈਂ ਝੂਠ ਨਹੀਂ ਬੋਲਦਾ, ਸੱਚ ਜਾਣੋ। ਤੁਸੀਂ ਦੇਖ ਲਵੋਗੇ ਤਾਂ ਉਦੋਂ ਹੀ ਮੰਨ ਲਵੋਗੇ। ॥੧੦॥

ਬਿਨਾਂ ਦੇਖਿਆਂ ਯਕੀਨ[4] ਨਹੀਂ ਆਉਂਦਾ। ਮਿਲਾਪ ਹੋਣ 'ਤੇ ਬਹੁਤੀ ਪ੍ਰੀਤੀ ਹੋਵੇਗੀ।" ਸੁਣ ਕੇ ਫੇਰ ਪੀਰ ਨੇ ਬਚਨ ਕੀਤੇ, "ਮੇਰਾ ਸਲੋਕ ਲਿਜਾ ਕੇ ਉਨ੍ਹਾਂ ਨੂੰ ਸੁਣਾ ਦੇਵੀਂ। ॥੧੧॥

ਦੋਹਰਾ

ਲੈ[5] ਜਾ (ਤੇ) ਉਸ ਨੂੰ ਮੁੜ[6] ਸੁਣਾ, ਜੋ ਮੈਂ ਤੈਨੂੰ ਕਹਿੰਦਾ[7] ਹਾਂ, -ਮਾਲਕ[8] (ਖ਼ੁਦਾ) ਇੱਕ ਹੈ ਤੇ ਦੋ (ਹਿੰਦੂ-ਮੁਸਲਮਾਨ)ਵੰਡਾਂ[9] ਹਨ। ਤਾਂ ਫਿਰ ਕਿਸ ਨੂੰ ਮੰਨਿਆ[10] ਜਾਵੇ ਤੇ ਕਿਸ ਨੂੰ ਨਾ[11] ਮੰਨੀਏ?" ॥੧੨॥

ਚੌਪਈ

ਉਸ ਵੇਲੇ ਮੁਰੀਦ ਸੁਣ ਕੇ ਗੁਰੂ ਜੀ ਕੋਲ ਪਹੁੰਚ ਗਿਆ। (ਉਸ ਨੇ) ਆ ਕੇ (ਗੁਰੂ ਜੀ ਕੋਲ) ਬੇਨਤੀ ਕੀਤੀ, "ਜਿਸ ਵੇਲੇ ਮੈਂ ਤੁਹਾਡਾ ਸਲੋਕ ਪੜ੍ਹਿਆ, ਤਾਂ ਉਦੋਂ ਪੀਰ ਨੇ ਆਪਣਾ ਇੱਕ ਸਲੋਕ ਮੈਨੂੰ ਸੁਣਾਇਆ। ॥੧੩॥

ਤੁਸੀਂ ਉਸ ਦੇ ਸਲੋਕ ਦਾ ਜਵਾਬ ਮੈਨੂੰ ਦੇਵੋ। ਸੁਣੋ ਮੈਂ ਤੁਸਾਂ ਨੂੰ ਉਹ ਬੈਂਤ (ਸਲੋਕ) ਸੁਣਾਉਂਦਾ ਹਾਂ। -ਖ਼ੁਦਾ ਇੱਕੋ (ਇੱਕ ਹੈ)। ਦੋ ਵੰਡਾਂ ਕੀਤੀਆਂ (ਹਿੰਦੂ ਤੇ ਮੁਸਲਮਾਨ)। ਇਨ੍ਹਾਂ ਦੋਹਾਂ ਵਿੱਚੋਂ ਕਿਸ ਨੂੰ ਮੰਨੀਏ ਤੇ ਕਿਸ ਨੂੰ ਛੱਡ ਦੇਈਏ-? ॥੧੪॥

ਤੁਹਾਡੇ ਮੱਤ ਅਨੁਸਾਰ ਜਿਹੜਾ ਸੱਚ ਹੈ, ਕਿਰਪਾ ਕਰਕੇ ਮੈਨੂੰ ਦੱਸੋ[12]।" ਇਸ ਪ੍ਰਕਾਰ ਉਸ ਦਾ ਸਲੋਕ ਸੁਣ ਕੇ, ਸਾਰੇ ਸੁੱਖਾਂ ਦੇ ਦਾਤੇ ਗੁਰੂ ਜੀ ਨੇ ਸ਼ਲੋਕ ਉਚਾਰਿਆ। ॥੧੫॥

SikhBookClub.Com

ਸਲੋਕੁ॥[*4]

ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ॥
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ॥੨॥ ***(ਗੁ. ਗ੍ਰੰ. ਸਾਹਿਬ ਵਿਚ ਨਹੀਂ ਹੈ)***

ਦੋਹਰਾ

'ਸੁਨਹੁ! ਤੁਮਾਰੋ ਪੀਰ ਜੋ ਅਬ ਲਗ ਦੂਜੋ ਚੀਨ[1]।
ਨਹੀਂ ਖ਼ੁਦਾਇ ਪਛਾਨ ਤਿਂਹ ਮਾਰਗ ਮਿਲਨ[2] ਨ ਲੀਨ।੧੬।

ਚੌਪਈ

ਸੇਵਹੁ[3] ਏਕ ਹਦ ਦ੍ਵੈ ਖੋਇ। ਸਭ ਕੋ ਕਰਨਹਾਰ[4] ਹੈ ਜੋਇ।
ਏਕ ਖ਼ੁਦਾਇ ਰਵਜੋ ਸਬ ਮਾਂਹੀ । ਇਉਂ ਜਾਨੇ ਬਿਨ ਮਿਲਨ ਦੁਰਾਂਹੀ[5] ॥੧੭॥

ਮੁੱਸਲਮਾਨ ਨ ਹਿੰਦੂ ਕੋਊ । ਕਰਨਹਾਰ ਸਬ ਕੋ ਇਕ ਹੋਊ[6]।
ਪੱਖਪਬਾਦ[7] ਮੈਂ ਉਰਝੇ[8] ਜੋਈ।ਹੱਦਾਂ ਦੋਇ ਜਾਨਹੈਂ ਸੋਈ'।੧੮।

ਐਸੇ ਬਚਨ ਸੁਨੇ ਗੁਰ ਤੀਰ । ਗਮਨਜੋ ਤਬ ਸਮੀਪ ਨਿਜ ਪੀਰ।
ਸਰਬ ਜਵਾਬ ਸੁਨਾਯੋ ਜਬਹੀ।ਬੋਲਜੋ ਪੀਰ ਤਾਂਹਿ ਸੋਂ ਤਬ ਹੀ॥੧੯॥

ਦੋਹਰਾ

'ਤਾਤ! ਬਾਤ ਕੋ ਮਰਮ[9] ਜੋ ਤੈਂ ਜਾਨਜੋ ਕੈ ਨਾਂਹਿ।
ਅਜਮਤ ਇਸ ਮਹਿਂ ਅਧਿਕ ਹੈ ਸੁਨਹੁ ਸਮਝ ਮਨ ਮਾਂਹਿ॥੨੦॥

ਚੌਪਈ

— ਦ੍ਵੈਤ ਖੋਇ ਜਿਨਿ ਏਕ ਪਛਾਨਾ । ਮਿਲਹਿਂ ਖ਼ੁਦਾਇ ਸਿ ਮਨੁਜ ਸੁਜਾਨਾ —।
ਮੋਕੂੰ ਘਿੰਨਉ ਵੰਞ[10] ਉਥਾਂਊ[11]।ਤਿਹ ਦਿਦਾਰ[12] ਕਰ ਉਰ ਸੁਖ ਪਾਊਂ'॥੨੧॥

ਕਰ ਮੁਰੀਦ ਆਗੈ ਤਿਹ ਕਾਲਾ । ਚਢਜੋ ਪੀਰ ਸਿਵਕਾ[13] ਪਰ ਚਾਲਾ।
ਸ੍ਰੀ ਗੁਰ ਨਦਰ[14] ਪਰੇ ਤਿਹ ਜਬਹੀ । ਉਤਰ ਚਲਜੋ ਪੈਰਨ[15] ਸੋਂ ਤਬਹੀ॥੨੨॥

ਆਇ 'ਸਲਾਮਾਲੇਕਮ' ਕਰਕੈ। ਬੈਠਜੋ ਨਿਕਟਿ ਭਾਉ ਉਰ ਧਰਕੈ।
ਬੂਝਨ ਲਾਗਜੋ 'ਦੇਹੁ ਬਤਾਈ।ਆਗੈ ਕੈਸੋ ਹਾਲ ਬਿਹਾਈ?'॥੨੩॥

SikhBookClub.Com

ਸਲੋਕ

ਦੂਸਰੇ ਨੂੰ ਕਿਉਂ ਸਿਮਰੀਏ? (ਜੋ) ਜਨਮ ਤੇ ਮਰਨ ਦੇ ਚੱਕਰ ਵਿੱਚ ਪਿਆ ਹੋਵੇ। ਹੇ ਨਾਨਕ! ਕੇਵਲ ਇੱਕੋ (ਪ੍ਰਭੂ) ਦੇ (ਨਾਮ ਦਾ) ਸਿਮਰਨ ਕਰੋ । (ਜੋ ਸਾਰੇ) ਜਲ ਅਤੇ ਥਲ ਵਿੱਚ ਸਮਾਇਆ ਹੋਇਆ ਹੈ। (ਇਹ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ)

ਦੋਹਰਾ

(ਗੁਰੂ ਜੀ ਨੇ ਕਿਹਾ), "ਸੁਣੋ! ਜੋ ਤੁਹਾਡਾ ਪੀਰ ਹੈ, ਉਸ ਨੇ ਹੁਣ ਤੱਕ, ਦੂਜੇ ਨੂੰ ਹੀ ਜਾਣਿਆ[1] ਹੈ।(ਉਸ ਨੇ) ਖ਼ੁਦਾ ਦੀ ਪਛਾਣ ਨਹੀਂ ਕੀਤੀ।(ਰੱਬ ਨੂੰ) ਮਿਲਣ[2] ਦਾ ਉਸ ਨੇ ਰਾਹ ਨਹੀਂ ਲਿਆ। ॥੧੬॥

ਚੌਪਈ

ਦੋਨੋਂ ਹੱਦਾਂ ਦਾ ਨਾਸ਼ ਕਰਕੇ ਸਿਰਫ ਉਸ ਇੱਕੋ (ਪ੍ਰਭੂ) ਦਾ ਹੀ ਸਿਮਰਨ[3] ਕਰੋ, ਜਿਹੜਾ ਸਾਰਿਆਂ ਦਾ ਕਰਤਾ[4] ਹੈ, ਇੱਕ ਖ਼ੁਦਾ ਹੀ ਸਾਰਿਆਂ ਵਿੱਚ ਰਮਿਆ ਹੋਇਆ ਹੈ। ਇਉਂ ਜਾਣੇ ਬਿਨਾਂ ਉਸ ਪ੍ਰਭੂ ਨੂੰ ਮਿਲਣਾ ਕਠਨ[5] ਹੈ। ॥੧੭॥

(ਨਾ ਕੋਈ) ਮੁਸਲਮਾਨ ਹੈ, ਨਾ ਕੋਈ ਹਿੰਦੂ। ਸਭ ਨੂੰ ਪੈਦਾ ਕਰਨ ਵਾਲਾ ਉਹੋ[6] ਪਰਮੇਸ਼ਰ ਹੈ। ਜੋ ਪੱਖਪਾਤ[7] ਵਿੱਚ ਉਲਝਿਆ[8] ਹੋਇਆ ਹੈ, ਉਹੋ ਹੀ ਦੋ ਵੰਡਾਂ(ਹੱਦਾਂ) ਜਾਣਦਾ ਹੈ।" ॥੧੮॥

ਉਸ ਨੇ ਇਸ ਤਰਾਂ ਦੇ ਬਚਨ ਗੁਰੂ ਜੀ ਕੋਲੋਂ ਸੁਣੇ ਤਾਂ ਫੇਰ ਉਹ ਆਪਣੇ ਪੀਰ ਕੋਲ ਚਲਾ ਗਿਆ। ਜਿਸ ਵੇਲੇ ਉਸ ਨੂੰ ਸਾਰਾ ਜਵਾਬ ਸੁਣਾਇਆ ਤਾਂ ਪੀਰ ਨੇ ਉਸ ਨੂੰ ਕਿਹਾ। ॥੧੯॥

ਦੋਹਰਾ

"ਹੇ (ਪਿਆਰੇ) ਪੁੱਤਰ! ਉਨ੍ਹਾਂ ਦੀ ਗੱਲ ਦਾ ਜੋ ਅਸਲ ਭੇਦ[9] ਹੈ, ਤੂੰ ਉਸ ਨੂੰ ਜਾਣ ਗਿਆਂ ਹੈਂ ਕਿ ਨਹੀਂ? ਇਸ ਵਿੱਚ ਬਹੁਤ ਵੱਡੀ ਵਡਿਆਈ ਹੈ, ਤੂੰ ਸੁਣ ਕੇ ਮਨ ਵਿੱਚ ਸਮਝ ਲੈ। ॥੨੦॥

ਚੌਪਈ

-(ਜਿਸ ਨੇ) ਦਵੈਤ-ਭਾਵਨਾ ਦਾ ਨਾਸ਼ ਕਰਕੇ ਇੱਕ ਪ੍ਰਭੂ ਦੀ ਪਛਾਣ ਕਰ ਲਈ ਹੈ, ਉਸ ਦਾਨੇ ਪੁਰਸ਼ ਨੂੰ ਖ਼ੁਦਾ ਦੀ ਪ੍ਰਾਪਤੀ ਹੋ ਜਾਂਦੀ ਹੈ -। ਮੈਨੂੰ ਉੱਥੇ[11] ਲੈ ਕੇ ਚੱਲ[10], ਮੈਂ ਉਨ੍ਹਾਂ ਦੇ ਕੋਲ ਪਹੁੰਚ ਕੇ, ਦਰਸ਼ਨ[12] ਕਰਕੇ ਹਿਰਦੇ ਵਿੱਚ ਸੁੱਖ ਪਾਵਾਂ।" ॥੨੧॥

ਪੀਰ, ਮੁਰੀਦ ਨੂੰ ਅੱਗੇ ਭੇਜ ਕੇ ਆਪ ਪਾਲਕੀ[13] ਵਿੱਚ ਚੜ੍ਹ ਕੇ ਚੱਲ ਪਿਆ। ਜਦੋਂ ਉਸ ਨੂੰ ਗੁਰੂ ਜੀ ਨਜ਼ਰ[14] ਆਏ, ਉਦੋਂ ਹੀ ਉਹ ਪਾਲਕੀ 'ਚੋਂ ਉਤਰ ਕੇ ਪੈਦਲ[15] ਚੱਲ ਪਿਆ। ॥੨੨॥

ਉਥੇ ਆ ਕੇ 'ਸਲਾਮਾਲੇਕਮ' (ਨਮਸਕਾਰ) ਕਰਕੇ ਉਹ ਹਿਰਦੇ ਵਿੱਚ ਪ੍ਰੇਮ ਰੱਖ ਕੇ ਗੁਰੂ ਜੀ ਦੇ ਕੋਲ ਬੈਠ ਗਿਆ। (ਪੀਰ) ਪੁੱਛਣ ਲੱਗਾ, "ਇਹ ਦੱਸ ਦੇਵੋ ਕਿ ਪਰਲੋਕ ਵਿੱਚ (ਜੀਵ ਨਾਲ) ਕਿਵੇਂ ਬੀਤਦੀ ਹੈ?" ॥੨੩॥

SikhBookClub.Com

ਦੋਹਰਾ

ਗੁਰੂ ਭਨੈਂ 'ਦਰਗਾਹ ਮਹਿਂ ਸਾਚੇ ਪਾਵਹਿਂ ਮਾਨ।
ਕੂੜੀ ਕੂੜੈ ਬੇਖ ਕੀ ਤਿਨਕੋ ਤਹਿਂ ਨਹਿਂ ਥਾਨ॥੨੪॥

ਚੌਪਈ

ਜਨਮਤ[1] ਮਰਤ ਪਵਹਿਂ ਚਉਰਾਸੀ।ਸਦਾ ਰਹਤਿ ਤਿਨ ਗਰ ਜਮ ਫਾਸੀ'।
ਸਨਮੁਖ ਬੈਠੇ ਸ੍ਰੀ ਗੁਨਖਾਨੀ।ਪੀਰ ਰਿਦੇ ਕੀ ਸਬ ਬਿਧਿ ਜਾਂਨੀ ॥੨੫॥

ਕਾਬੇ ਦਿਸ਼ਾ ਹੁਤੋ ਤਿਹ ਬਦਨਾਂ । ਪ੍ਰਾਚੀ[2] ਦਿਸ਼ ਮੁਖ ਸ੍ਰੀ ਸੁਖ ਸਦਨਾ ।
ਸੁਭ ਉਪਦੇਸ਼ ਦੇਨ ਤਿਹ ਤਾਂਈ । ਬਚਨ ਬਖਾਨੇ ਪੁਨ ਜਗ ਸਾਂਈ ॥੨੬॥

'ਜਾਨਜੋ ਕਾਬੇ ਬੀਚ ਖੁਦਾਇ । ਤੁਮ ਜਾਨਤ ਹੋ ਔਰ ਨ ਜਾਇ[3]।
ਇਸ ਪ੍ਰਕਾਰ ਤੁਮ ਖੋਜਤ ਤਾਂਹੀ।ਜਿਉਂ ਕੋ ਵਸਤੁ ਹੋਇ ਜਲ ਮਾਂਹੀ॥੨੭॥

ਇਉਂ ਨਹਿਂ ਪਾਇ ਸਕਹੁ ਗੇ ਕਬਹੀ।ਕੋਟ ਜਨਮ ਧਰ ਖੋਜਹੁ ਜਬ ਹੀ'।
ਪੀਰ ਕਹੈ 'ਸੁਨ ਨਾਨਕ ਤਪਾ!।ਤੁਰਕ ਦੀਨ[4] ਕੋ ਕਾਬਾ ਥਪਾ[5] ॥੨੮॥

ਤਾਂਹੀ ਮੈਂ ਸਰਧਾ ਧਰ ਭੂਰੀ।ਮੈਂ ਖੁਦਾਇ ਕੋ ਪਾਉਂ ਹਦੂਰੀ[6]'।
ਗੁਰੂ ਭਨੈ, 'ਜੇ ਅਸ ਮਨ ਜਾਨੋ।ਸੋ ਖੁਦਾਇ ਤੇ ਭੂਲਵਨ[7] ਮਾਨੋ॥੨੯॥

ਕਰ ਕੇ ਬੀਚ ਨ ਆਵਹਿ ਐਸੇ। ਹੋਇ ਬਿਅਰਥ,ਮਥਨ[8] ਜਲ ਜੈਸੇ'।
ਕਹੈ ਪੀਰ 'ਸੁਨ ਨਾਨਕ, ਤੈਂਡਾ। ਬੈਤ ਸੁਨਜੋ,ਹਰਖਜੋ ਮਨ ਮੈਂਡਾ॥੩੦॥

ਦੋਹਰਾ

ਉਰ ਬਿਚਾਰ ਮੈਂ ਤਬ ਕਰਜੋ — ਜਿਨ ਅਸ ਬੈਤ ਬਨਾਇ।
ਤਿਨ ਕੋ ਦਰਸ਼ਨ ਕੀਜਿਯੇ — ਆਯੋ ਤੁਰਤ ਇਥਾਇ॥੩੧॥

SikhBookClub.Com

ਦੋਹਰਾ

ਗੁਰੂ ਜੀ ਨੇ ਕਿਹਾ, "(ਪੀਰ ਜੀ!) ਪ੍ਰਭੂ ਦੇ ਦਰਬਾਰ ਵਿੱਚ ਸੱਚੇ ਪੁਰਸ਼ ਹੀ ਆਦਰ ਪਾਉਂਦੇ ਹਨ। ਪਾਖੰਡੀ ਝੂਠ ਬੋਲਣ ਵਾਲੇ ਭੇਖੀਆਂ ਵਾਸਤੇ ਉਥੇ ਕੋਈ ਟਿਕਾਣਾ ਨਹੀਂ ਹੈ। ॥੨੪॥

ਚੌਪਈ

ਭੇਖੀ ਹਮੇਸ਼ਾ ਚੌਰਾਸੀ ਦੇ ਗੇੜ ਵਿੱਚ ਪੈ ਕੇ ਜਨਮਦੇ[1]-ਮਰਦੇ ਰਹਿੰਦੇ ਹਨ। ਉਨ੍ਹਾਂ ਦੇ ਗਲ ਵਿੱਚ ਹਮੇਸ਼ਾ ਜਮ ਦਾ ਫੰਦਾ ਪਿਆ ਰਹਿੰਦਾ ਹੈ।" ਸਾਹਮਣੇ ਗੁਣਾਂ ਦੀ ਖਾਣ ਗੁਰੂ ਜੀ ਬੈਠੇ ਸਨ, ਜਿਨ੍ਹਾਂ ਨੇ ਪੀਰ ਦੇ ਹਿਰਦੇ ਦੀ ਸਾਰੀ ਦਸ਼ਾ ਜਾਣ ਲਈ ਸੀ। ॥੨੫॥

ਕਾਬੇ ਵੱਲ ਉਸ ਪੀਰ ਦਾ ਮੂੰਹ ਸੀ। ਪੂਰਬ[2] ਵਲ ਸੁੱਖਾਂ ਦੇ ਘਰ ਗੁਰੂ ਜੀ ਦਾ ਮੂੰਹ ਸੀ। ਉਸ ਨੂੰ ਸ੍ਰੇਸ਼ਟ ਸਿੱਖਿਆ ਦੇਣ ਲਈ ਜਗਤ ਦੇ ਮਾਲਕ ਗੁਰੂ ਜੀ ਨੇ ਫੇਰ ਬਚਨ ਕੀਤਾ। ॥੨੬॥

"(ਤੁਸੀਂ) ਕਾਬੇ ਵਿੱਚ ਹੀ ਖ਼ੁਦਾ (ਦੀ ਮੌਜੂਦਗੀ) ਸਮਝਦੇ ਹੋ। ਤੁਸੀ ਮੰਨਦੇ ਹੋ ਕਿ ਖ਼ੁਦਾ ਹੋਰ ਥਾਂ[3] ਨਹੀਂ। ਜਿਸ ਤਰਾਂ ਕੋਈ ਵਸਤੂ ਪਾਣੀ ਵਿੱਚ ਮੌਜੂਦ ਹੋਵੇ, ਇਸੇ ਪ੍ਰਕਾਰ ਤੁਸੀਂ ਖ਼ੁਦਾ ਦੀ ਉੱਥੋਂ ਭਾਲ ਕਰਦੇ ਹੋ। ॥੨੭॥

ਇਉਂ ਕਰੋੜਾਂ ਜਨਮ ਧਾਰ ਕੇ ਵੀ ਭਾਲ ਕਰਦੇ ਰਹੋ ਪਰ ਇਸ ਤਰਾਂ ਤੁਸੀਂ ਖ਼ੁਦਾ ਨੂੰ ਕਦੇ ਨਹੀਂ ਪ੍ਰਾਪਤ ਕਰ ਸਕੋਗੇ।" ਪੀਰ ਨੇ ਕਿਹਾ, "ਹੇ ਨਾਨਕ ਤਪਾ ਜੀ! ਸੁਣੋ, ਇਸਲਾਮ ਧਰਮ[4] ਦਾ ਕਾਬਾ ਥਾਪਿਆ[5] ਹੋਇਆ ਹੈ। ॥੨੮॥

ਉਸ ਵਿੱਚ ਮੈਂ ਬਹੁਤ ਜ਼ਿਆਦਾ ਸ਼ਰਧਾ ਰੱਖ ਕੇ ਖ਼ੁਦਾ ਨੂੰ ਆਪਣੇ ਸਨਮੁੱਖ[6] ਪਾਉਂਦਾ ਹਾਂ।" ਗੁਰੂ ਜੀ ਨੇ ਕਿਹਾ, "ਜੇਕਰ ਇਸ ਪ੍ਰਕਾਰ ਮਨ ਵਿੱਚ ਸਮਝ ਲਿਆ ਤਾਂ ਮਾਨੋ ਉਨ੍ਹਾਂ ਨੂੰ ਖ਼ੁਦਾ ਬਾਰੇ ਭੁਲੇਖਾ[7] ਹੈ। ॥੨੯॥

ਜਿਵੇਂ ਪਾਣੀ ਦਾ ਰਿੜਕਣਾ[8] ਬੇਕਾਰ ਹੁੰਦਾ ਹੈ। ਇਸ ਤਰਾਂ ਹੱਥਾਂ ਦੇ ਵਿਚਕਾਰ ਖ਼ੁਦਾ ਨਹੀਂ ਆਉਂਦਾ।" ਪੀਰ ਨੇ ਕਿਹਾ, "ਨਾਨਕ ਜੀ ਸੁਣੋ! ਤੁਹਾਡਾ ਸਲੋਕ ਸੁਣਿਆਂ ਮੇਰਾ ਮਨ ਬਹੁਤ ਪਰਸੰਨ ਹੋਇਆ। ॥੩੦॥

ਦੋਹਰਾ

ਉਸ ਵੇਲੇ ਮੈਂ ਹਿਰਦੇ ਵਿੱਚ ਵਿਚਾਰ ਕੀਤਾ -ਇਸ ਤਰਾਂ ਦਾ ਸਲੋਕ ਜਿਸ ਨੇ ਰਚਿਆ ਹੈ, ਉਨ੍ਹਾਂ ਦੇ ਦਰਸ਼ਨ ਕਰੀਏ-। ਮੈਂ ਇਸ ਸਥਾਨ 'ਤੇ ਤੁਰੰਤ ਚੱਲ ਕੇ ਆ ਗਿਆ ਹਾਂ। ॥੩੧॥

SikhBookClub.Com

ਚੌਪਈ

ਦੋ ਹੱਦਨ ਮਹਿਂ ਏਕ ਬਤਾਯੋ। ਤਾਂਕੋ ਸੇਵਨ ਹੈ ਫੁਰਮਾਯੋ।
ਤੁਮ ਤੇ ਨਿਸ਼ਾ ਹਮਾਰੀ ਹੋਵਹਿ। ਸਭ ਸੰਦੇਹ ਰਿਦੇ ਤੇ ਖੋਵਹਿਂ॥ ੩੨॥

ਜਿਉਂ ਜਿਉਂ ਬਚਨ ਸੁਨੌਂ ਨਿਜ ਕਾਨੇ। ਤਿਉਂ ਤਿਉਂ ਸ਼ਾਂਤਿ[1] ਹੋਤ ਭ੍ਰਮ ਹਾਨੇ।
ਸੇਤੁ[2] ਉਦਧਿ ਭਵ ਬਚਨ ਤੁਮਾਰੇ। ਜਿਸ ਤੇ ਦ੍ਵੈਤਹਿ[3] ਮਿਟਤ ਹਮਾਰੇ॥ ੩੩॥

ਬਾਨ ਸ਼ਮਾਂਨ ਅਗਜਾਨ ਨਸ਼ਾਨਾ। ਨੀਕੇ[4] ਹਨਹਿਂ ਕਰਤ ਸਭ ਹਾਨਾ।
ਬੂਝਹੁਂ ਇਕ ਸੁਆਲ ਸੋ ਕਹੀਏ। ਮੇਰੋ ਭਰਮ ਸਰਬ ਅਬ ਦਹੀਏ[5] ॥ ੩੪॥

ਸਲੋਕ॥
ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥

(ਗੁ. ਗ੍ਰੰ. ਸਾਹਿਬ, ਪੰਨਾ ੧੩੮੩)

ਦੋਹਰਾ

ਇਕ ਖੁਦਾਇ ਜੋ ਤੁਮ ਕਹਜੋ ਕੈਸੇ ਪਾਵਉ ਸੋਇ।
ਪਟ[6] ਉਤਾਰ ਬਨ ਜਾਇ ਹੌਂ ਮੋਹ ਕੁਟੰਬ ਕੋ ਖੋਇ॥ ੩੫॥

ਚੌਪਈ

ਖਿੰਥਾ[7] ਕਮਰੀ ਕੀ ਗਰ ਪਾਵੌਂ। ਸੁਤ ਬਨਿਤਾ[8] ਕੋ ਮੁਖ ਨ ਦਿਖਾਵੌਂ।
ਜਿਸ ਬਿਧਿ ਪਜਾਰੇ ਕੋ ਹੁਇ ਮੇਲਾ। ਸੋਈ ਕਹਉ ਅਨਤ ਕਉ ਪੇਲਾ[9]॥ ੩੬॥

ਕਿਸ ਬਿਧਿ ਕਰੌਂ ਸੇਵ ਮੈਂ ਤਾਂਕੀ । ਜਿਸ ਤੇ ਛੂਟਹਿ ਜਮਕੀ ਬਾਕੀ[10]'।
ਬਚਨ ਪੀਰ ਕੇ ਸੁਨ ਸੁਖਸਦਨੰ । ਕਹਜੋ ਸਲੋਕ ਆਪ ਸ੍ਰੀ ਬਦਨੰ॥ ੩੭॥

ਸਲੋਕ ਮ: ੧॥
ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ ੧॥ (ਗੁ. ਗ੍ਰੰ. ਸਾਹਿਬ, ਪੰਨਾ ੫੯੪)

SikhBookClub.Com

ਚੌਪਈ

ਤੁਸੀਂ ਦੋਹਾਂ ਹੱਦਾਂ ਵਿੱਚ ਇੱਕੋ (ਪਰਮਾਤਮਾ) ਬਾਰੇ ਹੀ ਦੱਸਿਆ ਹੈ ਅਤੇ ਉਸ ਦਾ ਸਿਮਰਨ ਕਰਨ ਬਾਰੇ ਫ਼ਰਮਾਇਆ ਹੈ। ਤੁਹਾਡੇ ਕੋਲੋਂ ਹੀ ਸਾਡੀ ਤਸੱਲੀ ਹੋਵੇਗੀ। ਹਿਰਦੇ ਵਿੱਚੋਂ ਸਾਰੇ ਸ਼ੰਕੇ ਮਿਟ ਜਾਣਗੇ। ॥੩੨॥

ਜਿਵੇਂ-ਜਿਵੇਂ ਆਪਦੇ ਬਚਨ ਕੰਨਾਂ ਨਾਲ ਸੁਣ ਰਿਹਾ ਹਾਂ, ਤਿਵੇਂ-ਤਿਵੇਂ ਭਰਮਾਂ ਦਾ ਤਿਆਗ ਕਰਕੇ ਮਨ ਠਹਿਰਾਉ[1] ਦੀ ਸਥਿਤੀ ਵਿੱਚ ਆਉਂਦਾ ਜਾਂਦਾ ਹੈ। ਸੰਸਾਰ ਰੂਪੀ ਸਮੁੰਦਰ 'ਤੇ (ਤਰਨ ਲਈ) ਪੁਲ[2] ਸਮਾਨ ਆਪ ਜੀ ਦੇ ਬਚਨ ਹਨ, ਜਿਸ ਨਾਲ ਮੇਰੀ ਦਵੈਤ-ਭਾਵਨਾ[3] ਦੂਰ ਹੋ ਰਹੀ ਹੈ। ॥੩੩॥

ਆਪ ਦੇ ਬਚਨ ਤੀਰ ਸਮਾਨ ਹਨ। ਅਗਿਆਨ ਨਿਸ਼ਾਨਾ ਹੈ। ਚੰਗੀ[4] ਤਰਾਂ ਮਾਰਕੇ ਸਭ ਨਾਸ਼ ਕਰ ਦਿੰਦੇ ਹੋ। ਮੈਂ ਆਪ ਜੀ ਕੋਲੋਂ ਇੱਕ ਸੁਆਲ ਪੁੱਛਦਾ ਹਾਂ, ਉਤਰ ਦੇਵੋ ਅਤੇ ਮੇਰੇ ਸਾਰੇ ਭਰਮਾਂ ਦਾ ਨਾਸ਼[5] ਕਰੋ। ॥੩੪॥

ਸਲੋਕ

ਫ਼ਰੀਦ ਆਪਣੀਆਂ ਸਾਰੀਆਂ ਪੁਸ਼ਾਕਾਂ ਨੂੰ ਪਾੜ ਕੇ ਅਤੇ ਲੀਰਾਂ-ਲੀਰਾਂ ਕਰਕੇ ਮੈਂ (ਗਲ ਵਿੱਚ) ਕੇਵਲ ਕੰਬਲੀ ਪਹਿਨ ਲਵਾਂ। ਜਿਹੜੇ ਪਹਿਰਾਵੇ (ਭੇਸ) ਨਾਲ ਮੇਰਾ ਪਤੀ (ਪਰਮੇਸ਼ਰ) ਮਿਲਦਾ ਹੈ, ਕੇਵਲ ਉਹ ਹੀ ਭੇਸ ਧਾਰਨ ਕਰ ਲਵਾਂ ॥੧੦੩॥

(ਗੁ. ਗ੍ਰੰ. ਸਾਹਿਬ, ਪੰਨਾ 1383)

ਦੋਹਰਾ

ਤੁਸੀਂ ਇੱਕ ਖ਼ੁਦਾ ਜਿਹੜਾ ਆਖਦੇ ਹੋ, ਉਹ ਕਿਵੇਂ ਪਾਇਆ ਜਾਵੇ? ਪਰਿਵਾਰ ਦਾ ਮੋਹ ਤਿਆਗ ਕੇ, ਬਸਤਰ[6] ਉਤਾਰ ਕੇ ਮੈਂ ਜੰਗਲ (ਵਿੱਚ) ਚਲਾ ਜਾਵਾਂ। ॥੩੫॥

ਚੌਪਈ

(ਮੈਂ) ਕੰਬਲੀ ਦੀ ਗੋਦੜੀ[7] ਗਲ ਵਿੱਚ ਪਾ ਲਵਾਂ। ਪੁੱਤਰ, ਇਸਤਰੀ[8] ਤੋਂ ਦੂਰ ਰਹਾਂ। ਦੱਸੋ! ਜਿਸ ਢੰਗ ਨਾਲ ਪ੍ਰਭੂ ਦਾ ਮਿਲਾਪ ਹੋ ਜਾਵੇ। ਉਹੋ ਆਖੋ ਤਾਂ ਜੁ ਹੋਰ ਛੱਡ[9] ਦੇਵਾਂ। ॥੩੬॥

ਕਿਹੜੇ ਢੰਗ ਨਾਲ ਉਸ ਪਿਆਰੇ ਦੀ ਮੈਂ ਸੇਵਾ ਕਰਾਂ? ਜਿਸ ਨਾਲ ਆਵਾਗਮਨ ਦੇ ਗੇੜ[10] ਤੋਂ ਛੁਟਕਾਰਾ ਹੋ ਜਾਵੇ।" ਪੀਰ ਦੇ ਬਚਨ ਸੁਣ ਕੇ ਸੁੱਖਾਂ ਦੇ ਘਰ ਗੁਰੂ ਜੀ ਨੇ ਆਪਣੇ ਮੁੱਖ ਤੋਂ ਸਲੋਕ ਉਚਾਰਨ ਕੀਤਾ। ॥੩੭॥

ਸਲੋਕ ਪਾਤਸ਼ਾਹੀ ਪਹਿਲੀ

ਜੀਵ ਰੂਪ ਇਸਤਰੀ ਘਰ ਵਿੱਚ ਹੈ ਅਤੇ ਪਤੀ ਪਰਦੇਸ਼ ਵਿੱਚ ਹੈ (ਹਰੀ ਦੂਰ ਹੈ)। ਨਿੱਤ ਯਾਦ ਕਰਦੀ ਹੋਈ ਝੁਰਦੀ ਹੈ (ਪਛਤਾਂਦੀ ਹੈ), ਪਰ ਮਿਲਾਪ ਵਿੱਚ ਕੋਈ ਦੇਰ ਨਹੀਂ ਲੱਗਦੀ, ਜੇ ਇਰਾਦਾ ਸਹੀ ਹੋਵੇ।

(ਗੁ. ਗ੍ਰੰ. ਸਾਹਿਬ, ਪੰਨਾ 594)

SikhBookClub.Com

ਦੋਹਰਾ

'ਕਿਹ ਕਾਰਨ ਪਟ ਛੋਡ ਹੀ ਕਾਹੇ ਤਜਹੁ ਅਵਾਸ।
ਮਿਲਹਿ ਆਨ ਘਰ ਕੇ ਬਿਖੈ ਹੋਇ ਸਿਦਕ[1] ਜੇ ਰਾਸ[2] ॥੩੮॥

ਚੌਪਈ

ਸੁਨਹੁ ਸ਼ੇਖ ਅਉਰਤ ਘਰ ਹੋਇ ।ਗਯੋ ਬਿਦੇਸ ਕੰਤ[3] ਹੈ ਜੋਇ।
ਭੈ ਨਿਤ ਕਰਤ ਕੰਤ ਚਿਤ ਚਾਹੀ।ਰਾਖਹਿ ਸਿਦਕ ਜਿ ਡੋਲਹਿ ਨਾਹੀਂ ॥੩੯॥

ਆਨ ਮਿਲਹਿ ਤਿਹ ਕੰਤ ਅਵਾਸਾ[4] । ਪ੍ਰੀਤਿ ਕਰਤ ਨਿਤ[5] ਰਹਿਹੇ ਪਾਸਾ।
ਜੇ ਅਉਰਤ ਹੋਵੈ ਬਦਰਾਹ[6]।ਗ਼ਾਫਲ[7] ਭਈ ਅਵਰ[8] ਚਿਤ ਚਾਹਿ॥੪੦॥

ਤਿਹ ਕੋ ਕੰਤ ਭੁਲਾਵਹਿ ਮਨ ਤੇ।ਦੁਖੀ ਦੁਹਾਗਣ[9] ਫਿਰਹਿ ਜੁ ਅਨਤੇ'।
ਸੁਨ ਅਸ ਬਚਨ ਸ਼ੇਖ ਸੁਖ ਪਾਇ।ਬੂਝੀ ਬਹੁਰੋ ਸ਼ਬਰ ਖ਼ੁਦਾਇ॥੪੧॥

ਸਲੋਕ॥

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥੫੪॥ (ਗੁ. ਗ੍ਰੰ. ਸਾਹਿਬ, ਪੰਨਾ ੧੩੮੦)

ਚੌਪਈ

'ਤਰੁਨ ਬੈਸ ਨਹਿ ਚੇਤਨ[10] ਕੀਨੋ।ਬ੍ਰਿੱਧ ਭਯੋ ਇੰਦ੍ਰੀ ਬਲ ਖੀਨੋ[11]'।
ਗੋਰ[12] ਬਿਖੈ ਹੈ ਚਲਨ ਤਿਆਰੀ।ਅਬ ਸਾਹਿਬ ਸੋਂ ਮਿਲਨਾ ਭਾਰੀ[13]॥੪੨॥

ਪੂਰਬ ਖਿਜਮਤਿ[14] ਕੰਤ ਨ ਹੋਈ।ਕਿਉਂ ਅਬ ਨਾਰਿ ਮਿਲੈ ਹੈ ਸੋਈ'।
ਸ਼ੇਖ ਬਚਨ ਸੁਨ ਗ਼ਜ਼ਾਨ ਉਦਾਰਾ।ਤਿਹ ਸੋਂ ਬਹੁਰ ਸਲੋਕ ਉਚਾਰਾ॥੪੩॥

ਸਲੋਕ ਮ: ੧॥

ਮਹਲ ਕੁਚਜੀ ਮਝਵਡੀ ਕਾਲੀ ਮਨਹੁ ਕਸੁਧ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥੧॥

(ਗੁ. ਗ੍ਰੰ. ਸਾਹਿਬ, ਪੰਨਾ ੧੦੮੮)

SikhBookClub.Com

ਦੋਹਰਾ

"ਕਿਸ ਕਾਰਨ ਬਸਤਰ ਪਾਉਣੇ ਛੱਡਣੇ ਹਨ? ਘਰ ਦਾ ਤਿਆਗ ਕਿਉਂ ਕਰਨਾ ਹੈ? ਜੇਕਰ (ਤੁਹਾਡੇ ਕੋਲ) ਵਿਸ਼ਵਾਸ[1] (ਸ਼ਰਧਾ) ਦੀ ਪੂੰਜੀ[2] ਹੈ ਤਾਂ ਪਿਆਰਾ ਆਪਣੇ-ਆਪ ਘਰ ਵਿੱਚ ਹੀ ਆ ਕੇ ਮਿਲੇਗਾ। ॥੩੮॥

ਚੌਪਈ

ਸ਼ੇਖ ਸੁਣੋ! ਘਰ ਵਿੱਚ ਇਸਤਰੀ ਹੋਵੇ, ਜਿਸ ਦਾ ਪਤੀ[3] ਵਿਦੇਸ਼ ਗਿਆ ਹੋਵੇ। ਉਹ ਹਮੇਸ਼ਾ ਪਤੀ ਨੂੰ ਮਨ ਵਿੱਚ ਵਸਾ ਕੇ ਉਸ ਦਾ ਡਰ-ਭਾਉ ਰੱਖਦੀ ਹੋਵੇ (ਅਤੇ) ਸਿਦਕ ਰੱਖਦੀ ਹੋਈ ਜੇਕਰ ਡੋਲਦੀ ਨਹੀਂ। ॥੩੯॥

ਉਸ ਦਾ ਪਤੀ ਉਸ ਇਸਤਰੀ ਨੂੰ ਘਰ[4] ਵਿੱਚ ਹੀ ਆਣ ਮਿਲਦਾ ਹੈ। ਪਿਆਰ ਕਰਦਾ ਹੋਇਆ ਹਮੇਸ਼ਾ[5] (ਆਪਣੀ ਪਤਨੀ) ਕੋਲ ਰਹਿੰਦਾ ਹੈ। ਜੇਕਰ ਇਸਤਰੀ ਮਾੜੇ-ਰਸਤੇ[6] ਤੁਰਨ ਵਾਲੀ ਹੋਵੇ ਅਤੇ ਬੇਖਬਰ[7] ਹੋਈ ਹੋਰਾਂ [8] ਦੀ ਮਨ ਵਿੱਚ ਇੱਛਾ ਰੱਖੇ। ॥੪੦॥

ਤਾਂ ਉਸ ਦਾ ਪਤੀ ਮਨ ਵਿੱਚੋਂ ਉਸ ਨੂੰ ਵਿਸਾਰ ਦਿੰਦਾ ਹੈ। (ਉਹ) ਖੋਟੇ-ਭਾਗਾਂ[9] ਵਾਲੀ ਦੁਖੀ ਹੋਈ ਹੋਰਨੀਂ ਥਾਂਈਂ (ਭੱਜੀ) ਫਿਰਦੀ ਹੈ।" ਅਜਿਹੇ ਬਚਨ ਸੁਣ ਕੇ ਸੇਖ ਨੇ ਸੁੱਖ ਪ੍ਰਾਪਤ ਕੀਤਾ ਤੇ ਫੇਰ ਖ਼ੁਦਾ ਬਾਰੇ ਹਾਲ ਪੁੱਛਿਆ। ॥੪੧॥

ਸਲੋਕ

ਫਰੀਦ ਜਦ ਇਸਤਰੀ ਜੁਆਨ ਹੁੰਦੀ ਹੈ, ਆਪਣੇ ਪਤੀ ਨੂੰ ਨਹੀਂ ਮਾਣਦੀ। ਜਦ ਉਹ ਬਿਰਧ ਹੋ ਕੇ ਮਰ ਜਾਂਦੀ ਹੈ, (ਮਰ ਕੇ) ਇਸਤਰੀ ਕਬਰ ਵਿੱਚ ਪੈ ਕੇ ਪੁਕਾਰ ਕਰਦੀ ਹੈ ਕਿ ਹੇ ਪਤੀ! ਮੇਰਾ ਤੇਰੇ ਨਾਲ ਮਿਲਾਪ ਨਹੀਂ ਹੋ ਸਕਿਆ। ***(ਗੁ. ਗ੍ਰੰ. ਸਾਹਿਬ, ਪੰਨਾ 1380)***

"ਜਵਾਨੀ ਦੀ ਉਮਰ ਵਿੱਚ ਜਿਨ੍ਹਾਂ ਨੇ ਮਾਲਕ ਪ੍ਰਭੂ ਨੂੰ ਯਾਦ[10] ਨਹੀਂ ਕੀਤਾ। ਬੁੱਢੇ ਹੋਣ 'ਤੇ ਇੰਦਰੀਆਂ ਦੀ ਤਾਕਤ ਨਸ਼ਟ[11] ਹੋ ਗਈ। ਹੁਣ ਕਬਰ[12] ਵਿੱਚ ਜਾਣ ਦੀ ਤਿਆਰੀ ਹੈ। ਹੁਣ ਉਸ ਪ੍ਰਭੂ ਨਾਲ ਮਿਲਾਪ ਹੋਣਾ ਬਹੁਤ-ਕਠਨ[13] ਹੈ। ॥੪੨॥

ਜਿਸ ਨੇ ਪਹਿਲਾਂ ਜੁਆਨੀ ਵਿੱਚ ਪਤੀ ਦੀ ਸੇਵਾ[14] ਨਹੀਂ ਕੀਤੀ। ਹੁਣ ਉਸ ਇਸਤਰੀ ਨੂੰ ਪਤੀ ਕਿਵੇਂ ਮਿਲੇਗਾ?" ਸ਼ੇਖ ਦੇ ਬਚਨ ਸੁਣਕੇ ਗਿਆਨ ਦੇ ਦਾਨੀ (ਗੁਰੂ ਜੀ) ਨੇ ਉਸ ਲਈ ਫੇਰ ਸਲੋਕ ਉਚਾਰਨ ਕੀਤਾ। ॥੪੩॥

ਸਲੋਕ ਪਾਤਸ਼ਾਹੀ ਪਹਿਲੀ ॥

ਦੇਹ ਅਭਿਮਾਨ ਵਾਲੀ, ਮਨ ਕਰਕੇ ਕਾਲੀ, ਬੁਰੇ ਅਚਾਰ ਵਾਲੀ ਇਸਤਰੀ ਕੁਚੱਜੀ (ਅਪਵਿੱਤਰ) ਹੁੰਦੀ ਹੈ। ਜੇਕਰ ਉਸ ਵਿੱਚ ਨੇਕੀਆਂ ਹੋਣ, ਕੇਵਲ ਤਦ ਹੀ ਉਹ ਆਪਣੇ ਪਤੀ ਨੂੰ ਮਾਣ ਸਕਦੀ ਹੈ ਪਰੰਤੂ ਹੇ ਨਾਨਕ! ਪਤਨੀ ਤਾਂ ਐਬਾਂ ਨਾਲ ਭਰੀ ਹੋਈ ਹੈ। ***(ਗੁ. ਗ੍ਰੰ. ਸਾਹਿਬ, ਪੰਨਾ 1088)***

SikhBookClub.Com

ਦੋਹਰਾ

'ਮਹਲ[1] ਕੁਚੱਜੀ[2], ਬਿਸ਼ੈ ਰਤਿ, ਕਾਲੀ, ਕਲਿਮਲ ਸੰਗ।
ਦ੍ਵੈਤ ਰਿਦੈ ਬਦਬੋਇ[3] ਅਤਿ ਕਿਉਂ ਮਾਣੈ ਪਿਰੁ[4] ਰੰਗ[5] ॥੪੪॥

ਚੌਪਈ

ਕੰਤ ਸੁਘੜ ਉਸ਼ਨਾਕ[6] ਮਨੋਗ[7]।ਜਾਨਤ ਧਨ[8] ਨਹਿੰ ਰਾਵਣ[9] ਜੋਗ।
ਤਜ ਤਿਹ ਨਾਰ,ਸੁਚੱਜੀ ਜੋਊ।ਸਤਿ ਸਿੰਗਾਰ ਜਿਹਂ,ਰਵਿ[10] ਹੈ ਸੋਊ॥੪੫॥

ਕਾਮ, ਕ੍ਰੋਧ, ਲੋਭ ਅਹੰ, ਕੂਰ। ਮਲ[11] ਕੁਚਾਲਕੀ ਕੀਨ ਜਿ ਦੂਰ।
ਤਿਹ ਸੋਂ ਰਾਵਹਿ ਕਰ ਹੀ ਪਜ਼ਾਰਾ।ਬਿਨ ਸਿੰਗਾਰ ਧਨ ਸਦਾ ਖੁਆਰਾ॥੪੬॥

ਕੰਤ ਬਿਖੈ ਲਖ ਦੋਸ਼ ਨ ਕੋਊ।ਕਰਤ ਅਵੱਗਜ਼ਾ ਧਨ ਹਿਤ ਖੋਊ।
ਤਿਹ ਕੋ ਤਜ਼ਾਗ ਬਿਖੈ ਸੰਗ ਰਾਚੀ[12]'। ਸੁਨਤ ਸ਼ੇਖ ਪੁਨ ਗਿਰਾ ਉਬਾਚੀ॥੪੭॥

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ (ਗੁ. ਗ੍ਰੰ. ਸਾਹਿਬ, ਪੰਨਾ ੧੩੮੪)

ਚੌਪਈ

'ਸੁਣਹੁ ਸ਼ੇਖ ਨਿਵਣਾ ਸਭ ਆਗੇ।ਅੱਖਰ[13] ਇਹ,ਸ਼ੁਭ ਮਾਰਗ ਲਾਗੇ।
ਪਰਮੇਸ਼ੁਰ ਦੁਖ ਸੁਖ ਜੋ ਦੇਵੈ।ਇਹ ਗੁਣ ਲਖਹੁ ਦੁਊ ਸਮ ਖੇਵੈ॥੪੮॥

ਰਸਨਾ ਸਿਫਤ ਬਿਖੈ ਕਰਤਾਰਾ।ਮਣੀਆਂ ਮੰਤ[14] ਜਾਨੀਏ ਚਾਰਾ।
ਇਸ ਬਿਧਿ ਕਰੈ,ਹੋਇ ਵਸ ਕੰਤਾ।ਬਹੁਰੋ ਨਦਰ ਧਰੈ ਭਗਵੰਤਾ[15]'॥੪੯॥

ਕਹੈ ਸ਼ੇਖ 'ਕਰਕੈ ਸੁ ਨਿਬੇਰਾ।ਬਹੁਰ ਰਲਾਯੋ ਸਗਰੋ ਝੇਰਾ[16]।
ਸੇਵਾ ਤੇ ਹੈ ਨਦਰਿ ਅਭੇਵਾ?। ਕਿਧੌਂ ਨਦਰ ਤੇ ਹੋਵੈ ਸੇਵਾ?॥੫੦॥

SikhBookClub.Com

ਦੋਹਰਾ

ਜੋ ਇਸਤਰੀ[1] ਬੁਰੇ-ਆਚਾਰ[2] ਵਾਲੀ, ਵਿਸ਼ਿਆਂ ਵਿੱਚ ਪਰੀਤ ਰੱਖਣ ਵਾਲੀ ਮਨੋਂ ਕਾਲੀ ਤੇ ਪਾਪਾਂ ਨਾਲ ਭਰੀ ਹੋਈ ਹੁੰਦੀ ਹੈ। ਹਿਰਦੇ ਵਿੱਚ ਦੁਬਿਧਾ ਅਤੇ ਬਹੁਤ ਮੰਦੀ-ਵਾਸ਼ਨਾ[3] ਹੋਣ ਕਰਕੇ ਉਹ ਕਿਵੇਂ ਪਤੀ[4] ਨਾਲ ਅਨੰਦ[5] ਮਾਣ ਸਕਦੀ ਹੈ? ॥੪੪॥

ਚੌਪਈ

ਸੁੰਦਰ[7], ਬਾਂਕਾ[6], ਸਿਆਣਾ ਪਤੀ ਜਿਸ ਇਸਤਰੀ[8] ਨੂੰ ਅਨੰਦ ਮਾਣਨ[9] (ਭੋਗਣ ਦੇ) ਯੋਗ ਨਹੀਂ ਸਮਝਦਾ, ਉਹ ਉਸ ਇਸਤਰੀ ਨੂੰ ਤਿਆਗ ਦਿੰਦਾ ਹੈ। ਨੇਕ ਚਲਨ ਵਾਲੀ ਇਸਤਰੀ, ਜਿਸ ਦੇ ਸੱਚ ਆਦਿ ਹੀ ਸ਼ਿੰਗਾਰ ਹਨ, ਉਸੇ ਨੂੰ ਭੋਗਦਾ[10] ਹੈ। ॥੪੫॥

ਜਿਸ ਇਸਤਰੀ ਨੇ ਜੇ ਕਾਮ, ਗੁੱਸਾ, ਲਾਲਚ, ਹੰਕਾਰ, ਝੂਠ, ਬੁਰੇ ਆਚਾਰ ਆਦਿ ਗੰਦਗੀ[11] ਦਾ ਤਿਆਗ ਕੀਤਾ ਹੈ, ਉਸ ਨਾਲ ਹੀ ਕੇਵਲ ਪਿਆਰਾ ਪਤੀ ਭੋਗਣਾ ਕਰੇਗਾ। ਪ੍ਰੇਮ ਰੂਪੀ ਗਹਿਣੇ ਦੇ ਸ਼ਿੰਗਾਰ ਤੋਂ ਬਿਨਾਂ ਇਸਤਰੀ ਦੀ ਹਮੇਸ਼ਾ ਬੇਕਦਰੀ ਹੁੰਦੀ ਹੈ। ॥੪੬॥

ਪਤੀ ਪਰਮੇਸ਼ਰ ਵਿੱਚ ਕੋਈ ਵੀ ਦੋਸ਼ ਨਾ ਦੇਖ ਕੇ ਉਸ ਨੂੰ ਛੱਡ ਕੇ ਜੋ ਇਸਤਰੀ ਵਿਸ਼ੇ-ਵਿਕਾਰਾਂ ਵਿੱਚ ਲਿਪਟੀ[12] ਹੋਈ ਹੈ, (ਜਾਣੋ) ਉਹ ਇਸਤਰੀ, ਪਿਆਰ ਨੂੰ ਗੁਆ ਕੇ ਹੁਕਮ-ਅਦੂਲੀ ਕਰ ਰਹੀ ਹੈ।" ਸ਼ੇਖ ਸੁਣ ਕੇ ਫੇਰ ਕਲਾਮ ਬੋਲਿਆ। ॥੪੭॥

ਕਿਹੜਾ ਹੈ ਉਹ ਸ਼ਬਦ, ਕਿਹੜੀ ਉਹ ਨੇਕੀ ਅਤੇ ਕਿਹੜਾ ਉਹ ਜਵਾਹਰ ਵਰਗਾ ਜਾਦੂ-ਟੂਣਾ ਹੈ। ਉਹ ਕਿਹੜੀ ਪੁਸ਼ਾਕ ਹੈ ਜਿਸ ਨੂੰ ਮੈਂ ਪਹਿਨਾਂ, ਜਿਸ ਦੁਆਰਾ ਮੇਰਾ ਪਤੀ ਮੇਰੇ ਵੱਸ ਵਿੱਚ ਆ ਜਾਵੇ? ਨਿਮਰਤਾ ਹੈ ਉਹ ਸ਼ਬਦ, ਖਿਮਾ ਹੈ ਉਹ ਨੇਕੀ ਅਤੇ ਸ਼ਬਦਾਨ ਦੀ ਮਿਠਾਸ ਉਹ ਰਤਨ-ਜਵਾਹਰ ਵਰਗਾ ਜਾਦੂ-ਟੂਣਾ। ਤੂੰ ਇਹ ਤਿੰਨੇ ਪੁਸ਼ਾਕਾਂ ਪਹਿਨ ਹੇ ਮੇਰੀ ਭੈਣ। ਕੇਵਲ ਤਦ ਹੀ ਤੇਰਾ ਪਤੀ ਤੇਰੇ ਵੱਸ ਹੋ ਜਾਵੇਗਾ। (ਗੁ. ਗ੍ਰੰ. ਸਾਹਿਬ, ਪੰਨਾ 1384)

ਚੌਪਈ

(ਤਦ ਗੁਰੂ ਜੀ ਨੇ ਫ਼ਰਮਾਇਆ) "ਹੇ ਸ਼ੇਖ ਸੁਣੋ! ਸਭ ਅੱਗੇ ਨੀਵੇਂ ਹੋਣਾ ਇਸ ਉਪਦੇਸ਼[13] ਕਾਰਨ ਜੀਵ ਚੰਗੇ ਮਾਰਗ ਤੇ ਲੱਗਦਾ ਹੈ। ਪ੍ਰਮੇਸ਼ਰ ਜੋ ਦੁੱਖ-ਸੁਖ ਦਿੰਦਾ ਹੈ, ਇਸ ਨੂੰ ਗੁਣ ਜਾਣਦਾ ਹੋਇਆ, ਸੁੱਖ ਤੇ ਦੁੱਖ ਦੋਨਾਂ ਨੂੰ ਇੱਕੋ ਸਮਾਨ ਜਾਣਕੇ ਸਹਾਰੇ ॥੪੮॥

ਰਸਨਾ (ਜੀਭ) ਨੂੰ ਪ੍ਰਭੂ ਦੀ ਸਿਫਤ ਵਿੱਚ ਲਗਾਉਣ ਨੂੰ ਹੀ ਹੀਰੇ-ਮਣੀਆਂ ਜਿਹਾ ਸ਼ਰੋਮਣੀ-ਮੰਤਰ[14] ਜਾਣੇ। ਇਸ ਪ੍ਰਕਾਰ ਅਪਣਾਵੇ (ਤਾਂ) ਪਤੀ (ਵਾਹਿਗੁਰੂ) ਵੱਸ ਆ ਜਾਂਦਾ ਹੈ। ਫੇਰ ਪ੍ਰਭੂ[15] (ਆਪਣੀ) ਕਿਰਪਾ-ਦ੍ਰਿਸ਼ਟੀ (ਉਸ ਜੀਵ) 'ਤੇ ਕਰਦਾ ਹੈ।" ॥੪੯॥

ਸ਼ੇਖ ਨੇ ਕਿਹਾ, "ਇਸ ਗੱਲ ਦਾ ਫੈਸਲਾ ਕਰਕੇ ਫੇਰ ਝਗੜਾ[16] ਪੁਆ ਦਿੱਤਾ। ਸੇਵਾ ਕਰਨ ਨਾਲ ਹੀ (ਕੀ) ਪ੍ਰਭੂ ਦੀ ਨਜ਼ਰ ਭੇਦ-ਰਹਿਤ ਹੁੰਦੀ ਹੈ? ਜਾਂ ਮਿਹਰ ਨਾਲ ਉਸ ਦੀ ਸੇਵਾ ਹੁੰਦੀ ਹੈ? ॥੫੦॥

SikhBookClub.Com

ਇਹ ਨਿਰਨੈ ਕਰ ਮੋਹਿ ਬਤਾਵਹੁ । ਹਿਰਦੇ ਤੇ ਸਭ ਭਰਮ ਮਿਟਾਵਹੁ'।
ਸ਼ੇਖ ਬਚਨ ਕੋ ਸੁਨ ਜਗਨਾਥਾ।ਕਹਜੋ ਸਲੋਕ ਬਹੁਰ ਤਿਨ ਸਾਥਾ॥੫੧॥

ਸਲੋਕ॥
ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ॥
ਗਰਬੀ ਕੰਤ ਨ ਪਾਈਐ ਭਾਵੈ ਖਰੀ ਸੁਆਲਿਉ ਹੋਇ॥ ੯॥
(ਸਲੋਕ ਗੁ. ਗ੍ਰੰ. ਸਾਹਿਬ ਵਿਚ ਨਹੀਂ ਹੈ)

ਚੌਪਈ
'ਸੁਨਹੁ ਸ਼ੇਖ ਨਿਸਚੈ ਮਨ ਜਾਨਹੁ।ਸੇਵਾ ਮੂਲ[1] ਸਬਨ ਕੀ ਮਾਨਹੁ।
ਘਾਲਹਿ ਘਾਲ[2] ਹਾਨ ਕਰ ਗਰਬਾ।ਤਨ ਮਨ ਕਰਹਿ ਨਿਵੇਦਨ[3] ਸਰਬਾ॥੫੨॥

ਤਬਹੀ ਨਦਰਿ ਪ੍ਰਮੇਸ਼ੁਰ ਹੋਇ ।ਮਹਲ ਹਦੂਰ ਬੁਲਾਈਐ ਸੋਇ।
ਗਰਬ ਕਰਹਿ ਜੋ, ਸੇਵਹਿ ਨਾਹੀ । ਸੁੰਦਰ ਬਹੁ ਸਰੂਪ[4] ਤਨ ਆਹੀ॥੫੩॥

ਤਿਹ ਸਮੀਪ ਕੰਤ ਨਹੀਂ ਆਵਹਿ।ਗਰਬ[5] ਯੁਕਤ ਨਹਿਂ ਤਿਹਂ ਕੋ ਭਾਵਹਿ।
ਛੁਟੜਿ ਮਹਲਾ ਹੈ ਸੁ ਦੁਹਾਗਣਿ[6]। ਨਿਰਹੰਕਾਰ[7] ਸਦੀਵ ਸੁਹਾਗਣਿ॥੫੪॥

ਦੋਹਰਾ
ਸੇਵਾ ਤੇ ਸਾਹਿਬ ਬਸੀ[8], ਦੇਖਹਿ ਕਰੁਨਾ ਡੀਠ[9]।
ਸੁਖ ਸੁਹਾਗ ਮਾਣਹਿ ਸਦਾ ਮਿਲਤ ਆਪਨੇ ਈਠ[10]'॥੫੫॥

ਚੌਪਈ
ਸੁਨੇ ਬਚਨ ਸ੍ਰੀ ਗੁਰ ਕੇ ਜਬਹੀ।ਕਰ ਦੈ ਪਦ ਪਰ ਲਾਏ ਤਬਹੀ।
ਪੁਨ ਸਿਰ ਮਸਤਕ ਮੁਖ ਪਰ ਫੇਰੇ।ਧੰਨ ਭਾਗ ਅਪਨੇ ਬਡ ਹੇਰੇ॥੫੬॥

ਮਿਲਜੋ ਖ਼ੁਦਾਇ ਨ ਸੰਸਾ ਕੋਈ । ਬੋਲਜੋ 'ਬਹੁਤ ਖ਼ਤਾ ਮੁਰ[11] ਹੋਈ।
ਬਖ਼ਸ਼ਹੁ ਅਬ ਕਰੁਨਾਕਰ ਸੋਊ।ਤੁਮ ਤੇ ਊਪਰ ਅਪਰ ਨ ਕੋਊ'॥੫੭॥

SikhBookClub.Com

ਇਸ ਗੱਲ ਦਾ ਨਿਬੇੜਾ ਕਰਕੇ ਮੈਨੂੰ ਦੱਸੋ। ਮੇਰੇ ਹਿਰਦੇ ਦੇ ਸਾਰੇ ਭਰਮ ਮਿਟਾ ਦਿਉ।" ਸ਼ੇਖ ਦੀ ਗੱਲ ਸੁਣ ਕੇ ਜਗਤ ਦੇ ਮਾਲਕ (ਗੁਰੂ ਜੀ) ਨੇ ਫੇਰ ਉਨ੍ਹਾਂ ਲਈ ਸਲੋਕ ਉਚਾਰਨ ਕੀਤਾ ॥੫੧॥

ਜੋ (ਇਸਤਰੀ ਪਿਆਰ ਨਾਲ) ਪਤੀ ਦੀ ਸੇਵਾ ਕਰਦੀ ਹੈ ਪਤੀ ਉਸੇ ਇਸਤਰੀ ਦਾ ਹੋ ਜਾਂਦਾ ਹੈ। ਹੰਕਾਰ (ਮਨ ਵਿੱਚ ਰੱਖਣ) ਨਾਲ ਪਤੀ ਨੂੰ (ਇਸਤਰੀ) ਨਹੀਂ ਪਾ ਸਕਦੀ, ਭਾਵੇਂ ਇਸਤਰੀ ਕਿੰਨੀ ਸੁੰਦਰ ਤੇ ਚੰਗੀ ਹੋਵੇ।

(ਇਹ ਸ਼ਬਦ ਗੁ. ਗ੍ਰੰ. ਸਾਹਿਬ ਵਿੱਚ ਨਹੀਂ ਹੈ)

ਚੌਪਈ

"ਹੇ ਸ਼ੇਖ! ਸੁਣੋ, ਹਿਰਦੇ ਵਿੱਚ ਭਰੋਸਾ ਕਾਇਮ ਰੱਖੋ। ਸੇਵਾ ਨੂੰ ਹੀ ਸਾਰੇ (ਸਾਧਨਾਂ) ਦਾ ਮੁੱਢ[1] ਮੰਨ ਲਵੋ। ਸੇਵਾ-ਟਹਿਲ[2] ਕਮਾ ਕੇ ਅਹੰਕਾਰ ਦਾ ਨਾਸ਼ ਹੁੰਦਾ ਹੈ ਅਤੇ (ਆਪਣਾ) ਤਨ, ਮਨ ਪੂਰੀ ਤਰਾਂ (ਪ੍ਰਭੂ ਨੂੰ) ਸੌਂਪ[3] ਦੇਵੇ। ॥੫੨॥

ਉਸ ਵੇਲੇ ਹੀ ਕਿਰਪਾ-ਦ੍ਰਿਸ਼ਟੀ ਵਾਹਿਗੁਰੂ ਦੀ ਹੁੰਦੀ ਹੈ। ਉਹੋ ਇਸਤਰੀ (ਰੂਪੀ ਜੀਵ) ਨੂੰ (ਪ੍ਰਭੂ) ਆਪਣੇ ਕੋਲ ਬੁਲਾਉਂਦਾ ਹੈ। ਜਿਹੜਾ (ਇਸਤਰੀ ਰੂਪੀ ਜੀਵ) ਹੰਕਾਰ ਕਰਦਾ ਹੈ ਅਤੇ ਸਿਮਰਨ ਨਹੀਂ ਕਰਦਾ, ਭਾਵੇਂ ਉਸ ਦਾ ਤਨ ਤੇ ਰੂਪ[4] ਬਹੁਤ ਸੁੰਦਰ ਹੋਵੇ। ॥੫੩॥

ਉਸ (ਇਸਤਰੀ ਰੂਪੀ ਜੀਵ) ਕੋਲ ਪਤੀ (ਰੂਪੀ ਪਰਮੇਸ਼ਰ) ਨਹੀਂ ਆਉਂਦਾ। ਹੰਕਾਰ[5]ਵਾਲੀ (ਇਸਤਰੀ ਰੂਪੀ ਜੀਵ) ਉਸ (ਰੱਬ) ਨੂੰ ਵੀ ਨਹੀਂ ਭਾਉਂਦਾ। ਛੁੱਟੜ ਇਸਤਰੀ (ਬਹੁਤ ਜ਼ਿਆਦਾ) ਖੋਟੇ-**ਭਾਗਾਂ**[6] ਵਾਲੀ ਹੈ। ਹੰਕਾਰ-ਰਹਿਤ[7] (ਇਸਤਰੀ) ਹਮੇਸ਼ਾ ਸੁਹਾਗ ਵਾਲੀ ਹੈ। ॥੫੪॥

ਦੋਹਰਾ

ਸਿਮਰਨ ਕਰਨ ਨਾਲ ਪ੍ਰਭੂ ਵੱਸ[8] ਹੁੰਦਾ ਹੈ (ਜੋ) ਦਇਆ ਦੀ ਦ੍ਰਿਸ਼ਟੀ (ਨਾਲ) ਦੇਖਦਾ[9] ਹੈ। ਆਪਣੇ ਪਿਆਰੇ-ਪਤੀ[10] ਨੂੰ ਮਿਲ ਕੇ ਆਪਣੇ ਸੁਹਾਗ (ਪਤੀ) ਦਾ ਸੁੱਖ ਮਾਣਦੀ ਹੈ।" ॥੫੫॥

ਚੌਪਈ

ਸ਼ੇਖ ਨੇ, ਗੁਰੂ ਜੀ ਦੇ ਜਿਸ ਵੇਲੇ ਬਚਨ ਸੁਣੇ, ਉਸੇ ਵੇਲੇ ਉਸ ਨੇ ਆਪਣੇ ਦੋਵੇਂ ਹੱਥ (ਗੁਰੂ ਜੀ ਦੇ) ਚਰਨ ਕਮਲਾਂ ਨੂੰ ਛੂਹੇ। ਫੇਰ ਉਹੋ (ਹੱਥ) ਆਪਣੇ ਮੂੰਹ, ਸਿਰ ਤੇ ਮੱਥੇ 'ਤੇ ਲਗਾਏ। ਆਪਣੇ ਵੱਡੇ ਧੰਨ ਭਾਗ ਸਮਝੇ ॥੫੬॥

(ਕਿ) ਮੈਨੂੰ ਖੁਦਾ ਰੂਪੀ ਮਿਲ ਗਿਆ, ਇਸ ਵਿੱਚ ਕੋਈ ਸ਼ੱਕ ਨਹੀਂ। (ਸ਼ੇਖ) ਬੋਲਿਆ, "ਮੇਰੇ[11] ਕੋਲੋਂ ਵੱਡੀ ਭੁੱਲ ਹੋਈ ਹੈ। ਹੁਣ ਮਿਹਰ ਕਰਕੇ ਮੈਨੂੰ ਬਖ਼ਸ਼ ਦਿਉ, ਤੁਹਾਡੇ ਤੋਂ ਉਪਰ ਹੋਰ ਕੋਈ ਨਹੀਂ ਹੈ।" ॥੫੭॥

SikhBookClub.Com

ਸਨਮੁਖ ਉਚਰੇ ਬਚਨ ਘਨੇਰੇ। 'ਅਬ ਮੁਝ ਜਾਨਹੁ ਸਮ ਨਿਜ ਚੇਰੇ[1]'।
ਸ਼ੇਖ ਨਿਕਟਿ ਤੇ ਸੁਨ ਕਰ ਬਾਨੀ । ਇਕ ਸਲੋਕ ਉਚਰਜੋ ਗੁਨ ਖਾਂਨੀ॥੫੮॥

ਸਲੋਕ ਮ: ੧॥
ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥
ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ॥
ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ॥
ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥੧॥ (ਗੁ. ਗ੍ਰੰ. ਸਾਹਿਬ, ਪੰਨਾ ੧੨੮੮)

ਦੋਹਰਾ
'ਰੂਪ ਕਾਮ[2],ਲਬ[3] ਮਾਲ ਕੀ ਰਤਿ[4],ਜਿਉਂ ਨੀਂਦ[5] ਪਲੰਘ।
ਤਿਉਂ ਭਗਤਨ ਕੀ ਹੈ ਸਦਾ ਹਰਿ ਚਰਚਾ ਕੇ ਸੰਗਿ॥੫੯॥

ਚੌਪਈ
ਤੁਮਰੇ ਬਚਨ ਮੋਹਿ ਮਨ ਭਾਵਹਿੰ[6]।ਚਾਹਿ ਸੁ ਬੂਝਹੁ ਬਹੁਰ ਬਤਾਵਹਿੰ'।
ਸੁਨ ਇਉ ਸ਼ੇਖ ਬਹੁਰ ਹਰਿ ਗਾਥਾ । ਕਰਤ ਭਯੋ ਸ੍ਰੀ ਨਾਨਕ ਸਾਥਾ॥੬੦॥

ਅਹੈਂ ਸਲੋਕੁ ਗ੍ਰੰਥ ਜੀ ਮਾਂਹੀ।ਕਥਾ ਬਢਨ[7] ਤੇ ਬਰਨੇ ਨਾਂਹੀ।
ਆਸਾ ਵਾਰੁ ਕਛੁਕ ਤਹਿੰ ਕੀਨੀ। ਅਤਿ ਉੱਤਮ ਪਦਵੀ[8] ਤਿਹ ਦੀਨੀ॥੬੧॥

ਭਯੋ ਮੁਰੀਦ ਸ਼ੇਖ ਤਬ ਗੁਰ ਕੋ। ਬੰਦੇ ਚਰਨ ਪ੍ਰੇਮ ਕਰ ਉਰ ਕੋ।
ਕਿਤਕ ਦਿਵਸ ਤਿਨ ਰਾਖਜੋ ਡੇਰਾ । ਨਿਤਪ੍ਰਤਿ ਕਰਹੀ ਭਾਉ ਘਨੇਰਾ॥੬੨॥

ਬਹੁਰੋ ਬਿਦਾ ਹੋਇ ਬਰਿਆਈ।ਕੀਨ ਪਯਾਨੋ[9] ਸ੍ਰੀ ਜਗ ਸਾਈਂ।
ਅਬ ਜੋ ਹੋਵਹਿ ਕਥਾ ਅਗਾਰੀ।ਭਾਖੋਂ ਅਗਲੇ ਧਯਾਉ[10] ਮਝਾਰੀ॥੬੩॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਸ਼ੇਖ ਬ੍ਰਹਮ ਕੋ ਪ੍ਰਸੰਗ' ਬਰਨਨੰ ਨਾਮ ਤੇਤੀਸਮੋ ਧਯਾਇ ॥੩੩॥

SikhBookClub.Com

ਉਨ੍ਹਾਂ ਸਾਹਮਣੇ ਬਹੁਤ ਵਾਕ ਉਚਾਰੇ ਅਤੇ ਕਿਹਾ, "ਹੁਣ ਮੈਨੂੰ ਆਪਣੇ ਸੇਵਕ[1] ਸਮਾਨ ਜਾਣੋ।" ਸ਼ੇਖ ਕੋਲੋਂ ਵਾਕ ਸੁਣ ਕੇ ਗੁਣਾਂ ਦੀ ਖਾਣ (ਗੁਰੂ ਜੀ) ਨੇ ਇੱਕ ਸਲੋਕ ਉਚਾਰਨ ਕੀਤਾ ॥੫੮॥

ਸਲੋਕ ਪਾਤਸ਼ਾਹੀ ਪਹਿਲੀ

ਕਾਮ ਦਾ ਰੂਪ (ਸੁੰਦਰਤਾ) ਨਾਲ ਤੇ ਭੁੱਖ ਦਾ ਸੁਆਦ ਨਾਲ ਸਬੰਧ ਹੈ। ਲਾਲਚੀ (ਆਦਮੀ) ਧਨ ਨਾਲ ਘੁਲ-ਮਿਲ ਕੇ ਇੱਕ ਰੂਪ ਹੋਇਆ ਹੁੰਦਾ ਹੈ। ਸੌਣ ਵਾਲੇ ਨੂੰ ਤੰਗ (ਸੌੜੀ) ਥਾਂ ਹੀ ਪਲੰਘ ਹੈ। ਕਰੋਧ ਭੌਂਕਦਾ ਹੈ, ਕਰੋਧ ਦੀ ਬਕਵਾਸ ਨਾਲ ਦੋਸਤੀ ਹੈ। ਉਹ ਖੁਆਰ ਹੁੰਦਾ ਹੈ ਤੇ ਅੰਨ੍ਹਾ (ਅਗਿਆਨੀ) ਹੋ ਕੇ ਫੋਕੜੀ ਪਿੱਟਦਾ ਹੈ (ਬਕਵਾਸ ਕਰਦਾ ਹੈ)। ਹੇ ਨਾਨਕ! ਚੁੱਪ ਰਹਿਣਾ ਭਲਾ ਹੈ। ਨਾਮ ਦੇ ਬਗੈਰ ਸਾਰਾ ਕੁਝ ਜੋ ਮੁੰਹੋਂ ਬੋਲਦਾ ਹੈ, ਨਿਰਾਪੁਰਾ ਗੰਦ ਹੀ ਹੈ। ***(ਗੁ. ਗ੍ਰੰ. ਸਾਹਿਬ, ਪੰਨਾ 1288)***

ਦੋਹਰਾ

"ਕਾਮੀ[2] (ਕਾਮ ਦੇ ਅਸਰ ਵਾਲਾ) ਦੀ ਸੁੰਦਰਤਾ ਨਾਲ ਭੁੱਖੇ ਦੀ ਸੁਆਦ ਨਾਲ, ਲੋਭੀ[3] ਦੀ ਧਨ ਨਾਲ ਪ੍ਰੀਤੀ[4] ਹੁੰਦੀ ਹੈ, ਜਿਵੇਂ ਉਨੀਂਦਰੇ[5] ਦਾ ਪਲੰਘ ਨਾਲ ਲਗਾਉ ਹੈ, ਤਿਵੇਂ ਭਗਤਾਂ ਨੂੰ ਹਮੇਸ਼ਾ ਹਰੀ ਬਾਰੇ ਵਰਣਨ ਨਾਲ ਪ੍ਰੇਮ ਹੁੰਦਾ ਹੈ। ॥੫੯॥

ਚੌਪਈ

ਤੁਹਾਡੇ ਬਚਨ ਮੇਰੇ ਮਨ ਨੂੰ ਭਾਏ[6] ਹਨ। ਜੋ (ਹਰੀ ਦੀ ਚਰਚਾ ਬਾਰੇ) ਪੁੱਛਣਾ ਚਾਹੁੰਦੇ ਹੋ, ਫੇਰ ਦੱਸ ਦੇਵਾਂਗਾ।" ਇਉਂ ਸੁਣ ਕੇ ਸ਼ੇਖ, ਮੁੜ ਪ੍ਰਭੂ ਬਾਰੇ ਗੁਰੂ ਨਾਨਕ ਜੀ ਨਾਲ ਕਥਨ ਕਰਦਾ ਰਿਹਾ। ॥੬੦॥

ਸ਼ੇਖ ਫਰੀਦ ਜੀ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਕਥਾ ਵਧਣ[7] ਦੇ ਡਰ ਕਾਰਨ ਵਰਣਨ ਨਹੀਂ ਕੀਤਾ। ਆਸਾ ਦੀ ਵਾਰ ਦੀ ਕੁਝ ਰਚਨਾ ਉਥੇ ਕੀਤੀ। ਉਸ ਪੀਰ ਨੂੰ ਗੁਰੂ ਜੀ ਨੇ ਸ੍ਰੇਸ਼ਟ ਸਨਮਾਨ[8] ਬਖਸ਼ਿਆ। ॥੬੧॥

ਉਸ ਵੇਲੇ ਸ਼ੇਖ ਗੁਰੂ ਜੀ ਦਾ ਸੇਵਕ ਬਣ ਗਿਆ। ਹਿਰਦੇ ਵਿੱਚ ਪ੍ਰੇਮ ਰੱਖ ਕੇ ਗੁਰੂ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਕਿੰਨੇ ਦਿਨ ਗੁਰੂ ਜੀ ਨੇ ਉਥੇ ਨਿਵਾਸ ਕੀਤਾ ਅਤੇ ਹਮੇਸ਼ਾ ਬਹੁਤ ਪ੍ਰੇਮ ਵਿਖਾਉਂਦੇ ਰਹੇ। ॥੬੨॥

ਮੁੜ ਜ਼ੋਰੋ-ਜ਼ੋਰੀ ਗੁਰੂ ਜੀ ਵਿਦਾ ਹੋ ਗਏ ਅਤੇ ਜਗਤ ਦੇ ਮਾਲਕ (ਗੁਰੂ ਜੀ) ਨੇ ਅੱਗੇ ਜਾਣ ਲਈ ਚਾਲੇ[9] ਪਾ ਦਿੱਤੇ। ਹੁਣ ਜੋ ਅਗਾਂਹ ਕਥਾ ਹੋਵੇਗੀ, ਉਸ ਨੂੰ ਅਗਲੇ ਅਧਿਆਇ[10] ਵਿੱਚ ਕਥਨ ਕਰਾਂਗਾ। ॥੬੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸੇਖ ਬ੍ਰਹਮ ਦਾ ਪ੍ਰਸੰਗ" ਨਾਮੀ ਤੇਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਜੀ ਪਾਕਪਟਨ ਪਹੁੰਚੇ ਜਿੱਥੇ ਸ਼ੇਖ ਬ੍ਰਹਮ, ਬਾਬਾ ਫਰੀਦ ਦੀ ਗੱਦੀ ਦੇ ਜਾਨ-ਨਸ਼ੀਨ ਸਨ। ਉਸ ਸ਼ੇਖ ਦੇ ਇੱਕ ਮੁਰੀਦ ਨੇ ਗੁਰੂ ਜੀ ਤੋਂ ਇੱਕ ਸਲੋਕ ਸੁਣ ਕੇ ਪਰਸੰਨਤਾ ਜ਼ਾਹਿਰ ਕੀਤੀ ਅਤੇ ਜਾ ਕੇ ਆਪਣੇ ਪੀਰ ਨੂੰ ਵੀ ਗੁਰੂ ਜੀ ਬਾਰੇ ਦੱਸਿਆ। ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਖੁਦਾ ਤਾਂ ਇੱਕ ਹੀ ਹੈ ਤੇ ਉਹੋ ਸਭ ਦਾ ਕਰਤਾ ਹੈ। ਪੱਖਪਾਤ ਵਿੱਚ ਉਲਝਿਆ ਮਨੁੱਖ ਹੀ ਜਾਤਾਂ ਦੀਆਂ ਦੋ ਵੰਡਾਂ ਜਾਣਦਾ ਹੈ। ਪੀਰ ਨੇ ਕਿਹਾ ਕਿ ਤੁਸੀਂ ਇੱਕ ਖ਼ੁਦਾ ਜਿਹੜਾ ਆਖਦੇ ਹੋ, ਉਹ ਕਿਵੇਂ ਪਾਇਆ ਜਾਵੇ? ਕੀ ਉਹ ਬਸਤਰ ਉਤਾਰ ਕੇ, ਪਰਿਵਾਰ ਦਾ ਮੋਹ ਤਿਆਗ ਕੇ, ਜੰਗਲ ਵਿੱਚ ਚਲਾ ਜਾਵੇ? ਕੀ ਉਹ ਕੰਬਲੀ ਦੀ ਗੋਦੜੀ ਗਲ ਵਿੱਚ ਪਾ ਲਵੇ, ਘਰ-ਪਰਿਵਾਰ ਤੋਂ ਦੂਰ ਰਹੇ? ਜਿਸ ਢੰਗ ਨਾਲ ਪ੍ਰਭੂ ਦਾ ਮਿਲਾਪ ਹੋ ਜਾਵੇ। ਉਹੋ ਆਖੋ ਤਾਂ ਜੁ ਹੋਰ ਨੂੰ ਉਹ ਛੱਡ ਦੇਵੇ। ਪਰ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਪਰਮਾਤਮਾ ਪਾਉਣ ਵਾਸਤੇ ਘਰ-ਗ੍ਰਿਹਸਤੀ ਛੱਡਣ ਦੀ ਲੋੜ ਨਹੀਂ। ਚੰਗੇ ਅਚਾਰ ਵਾਲੀ ਜੀਵ ਇਸਤਰੀ (ਆਤਮਾ) ਆਪਣੇ ਪਤੀ (ਪਰਮਾਤਮਾ) ਦੀ ਸੇਵਾ ਵਿੱਚ ਹੀ ਖੁਸ਼ ਰਹਿੰਦੀ ਹੈ ਅਤੇ ਪਤੀ ਰੂਪੀ ਪਰਮਾਤਮਾ ਵੀ ਉਸ ਨੂੰ ਹੀ ਭੋਗਦਾ ਹੈ।

ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਅਨੰਦਿਤ ਹੋ ਕੇ, ਸ਼ੇਖ, ਗੁਰੂ ਜੀ ਦਾ ਸੇਵਕ ਬਣ ਗਿਆ। ਉਸ ਨੇ ਹਿਰਦੇ ਵਿੱਚ ਪਰੇਮ ਰੱਖ ਕੇ ਗੁਰੂ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਕਿੰਨੇ ਦਿਨ ਗੁਰੂ ਜੀ ਨੇ ਉਸ ਕੋਲ ਨਿਵਾਸ ਰੱਖਿਆ। ਫਿਰ ਗੁਰੂ ਜੀ ਅੱਗੇ ਜਾਣ ਲਈ ਵਿਦਾ ਹੋ ਗਏ।

SikhBookClub.Com

ਫੁੱਟਨੋਟ

(*1) ਪਾਕਪਟਨ ਪਾਕਿਸਤਾਨ ਦੇ ਜ਼ਿਲ੍ਹੇ ਮਿੰਟਗੁਮਰੀ ਵਿੱਚ ਇੱਕ ਪ੍ਰਸਿੱਧ ਨਗਰ ਹੈ। ਇੱਥੇ ਬਾਬਾ ਫ਼ਰੀਦ ਜੀ ਰਹਿੰਦੇ ਸਨ। ਇਸ ਨਗਰ ਦਾ ਪੁਰਾਣਾ ਨਾਂ ਅਜੋਧਨ ਸੀ। ਸ਼ਹਿਰ ਤੋਂ ਪੱਛਮ ਵੱਲ ਚਾਰ ਕੁ ਮੀਲ 'ਤੇ ਗੁਰਦੁਆਰਾ 'ਨਾਨਕਸਰ' ਹੈ।

(*2) ਸ਼ੇਖ਼ ਫ਼ਰੀਦ ਦੇ ਚੇਲੇ ਇਬਰਾਹੀਮ ਹੋਏ ਹਨ, ਜਿਨ੍ਹਾਂ ਨੂੰ ਕਿ ਜਨਮ-ਸਾਖੀਆਂ ਵਿੱਚ ਸ਼ੇਖ਼ ਬ੍ਰਹਮ ਲਿਖਿਆ ਹੈ। ਇਨ੍ਹਾਂ ਦੀ ਮੁਲਾਕਾਤ ਗੁਰੂ ਨਾਨਕ ਸਾਹਿਬ ਨਾਲ ਦੋ ਵਾਰ ਹੋਈ ਸੀ। ਇਹ ਫ਼ਰੀਦ ਸਾਨੀ, ਬਲ ਰਾਜਾ, ਸਾਲਿਸ ਫ਼ਰੀਦ ਆਦਿ ਨਾਵਾਂ ਨਾਲ ਵੀ ਜਾਣੇ ਜਾਂਦੇ ਹਨ। ਪਰ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਮਹਿਮਾ ਪ੍ਰਕਾਸ਼ ਵਿੱਚ ਇਨ੍ਹਾਂ ਦਾ ਨਾਂ ਸ਼ੇਖ ਬ੍ਰਹਮ ਅਤੇ ਤਵਾਰੀਖ ਗੁਰੂ ਖਾਲਸਾ ਵਿੱਚ ਸ਼ੇਖ਼ ਇਬਰਾਹੀਮ ਹੀ ਵਰਤਿਆ ਹੈ। ਸ਼ੇਖ਼ ਬ੍ਰਹਮ ਜੀ ਦਾ ਦੇਹਾਂਤ ਸੰਮਤ 1610 ਵਿੱਚ ਹੋਇਆ, ਸੋ ਇਹ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਬਾ ਫ਼ਰੀਦ ਜੀ ਦੀ ਬਾਣੀ, ਗੁਰੂ ਨਾਨਕ ਸਾਹਿਬ ਨੂੰ, ਸ਼ੇਖ਼ ਬ੍ਰਹਮ ਰਾਹੀਂ ਹੀ ਪ੍ਰਾਪਤ ਹੋਈ ਸੀ। ਵਿਸਥਾਰ ਲਈ ਵੇਖੋ, ਪ੍ਰਸਤਾਵਨਾ।

(*3) ਪੁਰਾਤਨ ਜਨਮਸਾਖੀ ਵਿੱਚ ਇਸ ਦਾ ਨਾਮ 'ਕਮਾਲ' ਦਿੱਤਾ ਹੈ।

(*4) ਯੂਨਿਟ ਨੰਬਰ 15 ਨਾਲ ਦਿੱਤਾ ਸਲੋਕ ਤਾਂ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ ਪਰ ਇਸ ਨਾਲ ਮਿਲਦਾ-ਜੁਲਦਾ ਹੀ ਇੱਕ ਹੋਰ ਸਲੋਕ ਗੂਜਰੀ ਦੀ ਵਾਰ ਵਿੱਚ, ਗੁਰੂ ਅਮਰਦਾਸ ਜੀ ਦਾ ਹੈ:-

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰ ਜਾਇ॥

(ਗੁ. ਗ੍ਰੰ. ਸਾਹਿਬ, ਪੰਨਾ 509)

SikhBookClub.Com

ਅਧਜਾਯ ਚੌਤੀਵਾਂ

(ਗੁਰਮੁਖ ਤੋਂ ਸੁਣਕੇ ਨਾਮ ਜਪਨ ਦਾ ਫਲ। ਬਗ਼ਦਾਦ, ਦਸਤਗੀਰ ਪੀਰ-ਉਧਾਰ)

ਦੋਹਰਾ

ਸਰਬ ਰਸਨ[1] ਤੇ ਰਸ ਭਲਾ ਸਾਦ[2] ਲੇਇ ਜੋ ਕੋਇ॥
ਸ੍ਰੀ ਗੁਰਮੁਖ ਤੇ ਨਾਮ ਸੁਨਿ ਜਪਹਿ ਸਦਾ ਸੁਖ ਹੋਇ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨ ਕਥਾ ਰਸਾਲਾ[3]। ਜਿਸ ਮਹਿੰ ਮਾਰਗ ਮੁਕਤ ਬਿਸਾਲਾ।
ਦੀਨ ਬੰਧੁ ਕੀਨੋ ਪ੍ਰਸਥਾਨਾ। ਜਹਾਂ ਦੇਸ਼ ਬਗ਼ੁਦਾਦ[*1] ਮਹਾਨਾ॥੨॥

ਦਸਤਗੀਰ[*2] ਤਹਿੰ ਪੀਰ ਰਹੇਹੀ । ਸਭ ਨਰ ਤਿਹ ਕੀ ਸੇਵ ਕਰੇਹੀਂ।
ਆਇਸੁ ਬਿਖੈ ਰਹਤ ਦਿਨ ਰਾਤੀ। ਤਿਸ ਮਹਿੰ ਅਜ਼ਮਤ ਬਡ ਬੱਖਜਾਤੀ॥੩॥

ਜਸ ਉਪਦੇਸ਼ ਦੇਤ ਤਿਸ ਦੇਸ਼ਾ । ਤਸ ਕਰਹੀ ਸਭ ਸਹਿਤ ਨਰੇਸ਼ਾ[4]।
ਜਾਂਕੇ ਬਹੁਤ ਮੁਰੀਦ ਅਗਾਰੀ। ਸੇਵਹਿੰ ਸਦ ਆਇਸੁ ਅਨੁਸਾਰੀ॥੪॥

ਤਿਹ ਕੋ ਮਾਨ ਹਰਨ[5] ਗੁਨ ਖਾਨੀ । ਪ੍ਰਾਪਤਿ ਭਏ ਜਹਾਂ ਰਜਧਾਨੀ।
ਪੁਰ ਤੇ ਵਹਿਰ ਰੁਚਿਰ ਜਲ ਹੇਰਾ । ਬੈਠ ਗਏ ਤਹਿੰ ਕਰਿਕੈ ਡੇਰਾ॥੫॥

ਜਬ ਇਕ ਰਜਨੀ[6] ਸਕਲ ਬਿਤਾਈ। ਜਾਗੇ ਪ੍ਰਭੂ ਭੋਰ ਹ੍ਵੈ ਆਈ।
ਕਰ ਇਸ਼ਨਾਨ ਪਢੀ ਮੁਖ ਬਾਨੀ । ਸ੍ਰੀ ਕਰਤਾਰ ਸਿਫਤ ਮਹਿੰ ਸਾਂਨੀ[7] ॥੬॥

'ਲਖ ਪਾਤਾਲ ਲੱਖ ਆਕਾਸ'। ਇਹ ਜਬ ਸਬਦ ਪਢੋ ਸੁਖਰਾਸ।
ਏਕ ਮੁਰੀਦ ਪੀਰ ਕੋ ਆਯੰ। ਹਿਤ ਮੱਜਨ[8] ਕੇ ਜਲ ਜਿਹ ਥਾਯੰ॥੭॥

ਸੁਨਜੋ ਸ਼ੋਨ ਮਹਿੰ ਇਹ ਪਦ[*3] ਤਾਂਹੀ । ਬਿਸਮ ਰਹਜੋ ਅਪਨੇ ਮਨ ਮਾਂਹੀ।
— ਇਹੁ ਕਯਾ ਕੁਫਰ ਬਕਤ[9] ਹੈ ਕੋਈ । ਕਹਜੋ ਕੁਰਾਨ ਕਿਤਾਬ ਨ ਸੋਈ —॥੮॥

SikhBookClub.Com

ਅਧਿਆਇ ਚੌਂਤੀਵਾਂ

(ਨਾਮ ਜਪਣ ਦਾ ਫਲ । ਬਗਦਾਦ ਦਾ ਪਰਸੰਗ, ਦਸਤਗੀਰ ਪੀਰ ਦਾ ਉਧਾਰ)

ਦੋਹਰਾ

ਜੇ ਕੋਈ ਸੁਆਦ[2] ਲੈਣ (ਦਾ ਇੱਛੁਕ ਹੋਵੇ ਤਾਂ) ਸਾਰਿਆਂ ਰਸਾਂ[1] ਤੋਂ ਸ੍ਰੇਸ਼ਟ ਰਸ (ਸੁਆਦ ਇਹ ਹੈ) ਗੁਰਮੁਖ ਤੋਂ (ਵਾਹਿਗੁਰੂ ਦਾ) ਨਾਮ ਸੁਣ ਕੇ ਹਮੇਸ਼ਾ ਸਿਮਰਨ ਕਰੇ (ਤਾਂ ਸੁਆਦ ਦੇ ਨਾਲ) ਸੁੱਖ ਦੀ (ਵੀ) ਪ੍ਰਾਪਤੀ ਹੁੰਦੀ ਹੈ ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਰੂ ਅੰਗਦ ਦੇਵ ਜੀ! (ਅਗਾਂਹ ਦੀ) ਸੁੰਦਰ[3] ਕਥਾ ਸੁਣੋ। ਜਿਸ ਵਿੱਚ ਮਹਾਨ ਮੁਕਤੀ ਦਾ ਮਾਰਗ ਹੈ। ਜਿਥੇ ਮਹਾਨ ਦੇਸ਼ ਬਗਦਾਦ ਹੈ, ਦੀਨਾਂ ਦੇ ਸਹਾਇਕ ਗੁਰੂ ਜੀ ਉੱਥੇ ਜਾ ਪਹੁੰਚੇ। ॥੨॥

ਉਥੇ ਦਸਤਗੀਰ ਪੀਰ ਰਹਿੰਦਾ ਸੀ। ਸਾਰੇ ਲੋਕ ਉਸ (ਦੀ) ਸੇਵਾ ਕਰਦੇ ਸਨ। ਦਿਨ-ਰਾਤ ਉਸ ਦੇ ਹੁਕਮ ਵਿੱਚ ਰਹਿੰਦੇ। ਉਸ ਵਿੱਚ ਵੱਡੀ ਕਰਾਮਾਤ ਜਾਣੀ ਜਾਂਦੀ ਸੀ। ॥੩॥

ਉਸ ਦੇਸ਼ ਵਿੱਚ ਜਿਹੋ-ਜਿਹੀ ਉਹ ਪੀਰ ਆਗਿਆ ਕਰਦਾ, ਬਾਦਸ਼ਾਹ[4] ਸਮੇਤ ਸਾਰੇ ਲੋਕ, ਉਸੇ ਤਰਾਂ (ਪਾਲਣਾ) ਕਰਦੇ ਸਨ। ਜਿਸ ਦੇ ਅੱਗੇ ਬਹੁਤ (ਜ਼ਿਆਦਾ) ਸੇਵਕ ਸਨ । ਜੋ ਉਸ ਦੇ ਹਮੇਸ਼ਾ ਹੁਕਮ ਅਨੁਸਾਰੀ ਹੋ ਕੇ ਸੇਵਾ ਕਰਦੇ। ॥੪॥

ਉਸ ਪੀਰ ਦਾ ਹੰਕਾਰ ਮਿਟਾਉਣ[5] ਲਈ ਗੁਣਾਂ ਦੀ ਖਾਣ ਗੁਰੂ ਜੀ ਰਾਜਧਾਨੀ ਵਿਖੇ ਪਹੁੰਚ ਗਏ। ਨਗਰ ਤੋਂ ਬਾਹਰ ਸੁੰਦਰ (ਮਿੱਠਾ) ਜਲ ਵੇਖਿਆ ਤੇ ਉਥੇ ਡੇਰਾ ਲਗਾ ਕੇ ਬੈਠ ਗਏ। ॥੫॥

ਜਦ ਉੱਥੇ ਇੱਕ ਸਾਰੀ ਰਾਤ[6] ਗੁਜ਼ਾਰ ਦਿੱਤੀ ਤਾਂ ਸਵੇਰ ਹੋਣ 'ਤੇ ਗੁਰੂ ਜੀ ਜਾਗ ਪਏ। ਇਸ਼ਨਾਨ ਕਰਕੇ ਉਨ੍ਹਾਂ ਵਾਹਿਗੁਰੂ ਦੀ ਮਹਿਮਾ ਨਾਲ ਮਿਲੀ[7] ਹੋਈ ਬਾਣੀ ਮੁੱਖ ਤੋਂ ਪੜ੍ਹੀ। ॥੬॥

ਜਿਸ ਵੇਲੇ ਸੁੱਖਾਂ ਦੀ ਪੂੰਜੀ (ਗੁਰੂ ਜੀ) ਨੇ ਇਹ ਸ਼ਬਦ 'ਲੱਖ ਪਾਤਾਲ ਲੱਖ ਅਕਾਸ਼' ਵਾਲਾ ਪੜ੍ਹਿਆ ਤਾਂ ਜਲ ਵਾਲੇ ਸਥਾਨ 'ਤੇ ਪੀਰ (ਦਸਤਗੀਰ) ਦਾ ਇੱਕ ਸੇਵਕ ਇਸ਼ਨਾਨ[8] ਕਰਨ ਲਈ ਆਇਆ ਹੋਇਆ ਸੀ। ॥੭॥

ਸੇਵਕ ਨੇ ਆਪਣੇ ਕੰਨਾਂ ਨਾਲ ਉਥੇ ਇਹ (ਬਾਣੀ ਦੀ) ਤੁਕ ਸੁਣੀ । ਆਪਣੇ ਹਿਰਦੇ ਵਿੱਚ ਬਹੁਤ ਹੈਰਾਨ ਹੋਇਆ -ਇਹ ਕੋਈ ਕੀ ਝੂਠ (ਕੁਫ਼ਰ) ਬੋਲਦਾ[9] ਹੈ! ਕੁਰਾਨ ਸ਼ਰੀਫ਼ ਵਿੱਚ ਇਹੋ-ਜਿਹਾ ਤਾਂ ਵਰਣਨ ਨਹੀਂ ਕੀਤਾ ਹੋਇਆ-। ॥੮॥

SikhBookClub.Com

ਤਰਕ[1] ਕਰਤ ਅਸ ਗਯੋ ਸਮੀਪਾ। ਜਹਿਂ ਬੈਠੇ ਬੇਦੀ ਕੁਲ ਦੀਪਾ।
ਤਿਹ ਛਿਨ ਗਾਨ ਲਗਯੋ ਮਰਦਾਨਾ। ਵਾਇ[2] ਰਬਾਬ, ਸਿਫਤ ਭਗਵਾਨਾ॥ ੯॥

ਖਰੋ ਹੋਇ ਸੁਨ ਕੈ ਚਿਰ ਤਾਈਂ । ਗਮਨਯੋ ਬਹੁਰ ਪੀਰ ਨਿਜ ਥਾਂਈ ।
ਅਵਸਰ ਪਾਇ ਸੁ ਬੂਝਨ ਕੀਨਾ। 'ਹਜ਼ਰਤ! ਸੁਨਹੁ ਕੁਫਰ ਇਕ ਪੀਨਾ[3] ॥੧੦॥

ਹਿੰਦੂ ਫਕੀਰ ਵਹਿਰ ਹੈ ਬੈਸਾ । ਬਕਯੋ ਬਕਾਉ ਕੁਫਰ ਤਿਨ ਐਸਾ ।
ਚੌਦਾਂ ਤਬਕ[4] ਕੁਰਾਨ ਬਤਾਏ। ਏਤੇ ਹੀ ਤੁਮ ਆਪ ਸੁਨਾਏ॥੧੧॥

ਤਿਸਨੈ ਲੱਖ ਅਕਾਸ਼ ਪਤਾਲੇ[(*4)] । ਬਹੁਰ ਨ ਓਰਕ[5] ਥਕ ਰਹਿ ਭਾਲੇ।
ਸੁਨਕੈ ਅਚਰਜ ਮੁਝ ਮਨ ਆਵਾ । ਸਹਜੋ ਨ ਜਾਇ ਜੁ ਤਾਂਹਿ ਸੁਨਾਵਾ॥੧੨॥

ਲਿਖਯੋ ਖਿਲਾਫ ਕੁਰਾਨ ਦਰ੍ਮਜ਼ਾਨ[6]। ਕੂਰੋ ਕਿਧੋਂ ਫਕੀਰ ਅਜਾਨ।
ਇਕ ਤੋ ਇਹ ਤਿਨ ਕਹਯੋ ਅਚੰਭਾ। ਦੂਸਰ ਕੀਨ ਰਾਗ ਪ੍ਰਾਰੰਭਾ॥੧੩॥

ਤੁਮਨੇ ਸਗਰੇ ਦੇਸ਼ ਮਝਾਰੀ । ਕਰਨ ਸਰੋਦ[7] ਕੀਨ ਹਟਕਾਰੀ।
ਜੇ ਸਮੀਪ ਹੁਇ ਆਇਸੁ ਭੰਗਾ । ਅਹੈਂ ਦੂਰ ਸੋ ਕਰੈਂ ਨਿਸੰਗਾ॥੧੪॥

ਦਿਨ ਪ੍ਰਤਿ ਤੇਜ ਹੋਇ ਲਘੁ ਜਾਈ। ਜੇ ਨ ਤਦਾਰਕ[8] ਦਿਹੁੰ ਤਿਸ ਤਾਂਈ ।
ਇਸ ਫਕੀਰ ਨੇ ਕੁਫਰ ਉਚਾਰਾ। ਲਾਇਕ ਹੈ ਸਜਾਇ ਇਹੁ ਭਾਰਾ॥੧੫॥

ਜੌ ਇਸ ਕੋ ਬਰਜਹੁ[9] ਨਹਿਂ ਅਬਹੀ। ਮੁਸਲਮਾਨ ਕਾਫਰ ਹ੍ਵੈਂ ਸਬਹੀ'।
ਦਸਤਗੀਰ ਸੁਨ ਕੈ ਅਸ ਝੇਰਾ[10]। ਮਨ ਮੈਂ ਕੀਨੋ ਕ੍ਰੋਧ ਘਨੇਰਾ॥੧੬॥

ਆਇਸੁ ਸਗਰੇ ਨਗਰ ਪਠਾਈ। 'ਸੰਗਸਾਰ[11] ਤਿਸ ਕਰੀਏ ਜਾਈ ।
ਸਭ ਚਲ ਜਾਹੁ ਨ ਲਾਵਹੁ ਦੇਰਾ। ਹੁਕਮ ਭੰਗ ਕੀਨੋ ਤਿਨ ਮੇਰਾ॥੧੭॥

SikhBookClub.Com

ਇਉਂ ਉਹ ਚਰਚਾ[1] ਕਰਨ ਕੋਲ ਚਲਾ ਗਿਆ ਜਿਥੇ ਬੇਦੀ ਕੁਲ ਦੇ ਦੀਪਕ ਗੁਰੂ ਜੀ ਬੈਠੇ ਸਨ। ਉਸੇ ਪਲ ਮਰਦਾਨਾ ਰਬਾਬ ਵਜਾ[2] ਕੇ ਪ੍ਰਭੂ ਦੀ ਉਪਮਾ ਗਾਉਣ ਲੱਗ ਪਿਆ। ॥੯॥

ਉਹ ਸੇਵਕ ਉਥ ਖੜ੍ਹਾ ਰਿਹਾ ਤੇ ਕਾਫੀ ਸਮੇਂ ਤੱਕ ਸੁਣ ਕੇ ਫੇਰ ਆਪਣੇ ਟਿਕਾਣੇ 'ਤੇ ਪੀਰ ਕੋਲ ਪਹੁੰਚ ਗਿਆ।ਮੌਕਾ ਪਾ ਕੇ ਉਹ ਪੁੱਛਣ ਲੱਗਾ, "ਹੇ ਹਜ਼ਰਤ! ਇੱਕ ਭਾਰੀ[3] ਕੁਫਰ (ਝੂਠ) ਸੁਣੋ। ॥੧੦॥

ਬਾਹਰ ਇੱਕ ਹਿੰਦੂ ਫ਼ਕੀਰ ਬੈਠਾ ਹੈ। ਉਸ ਨੇ ਅਜਿਹਾ ਕੁਫਰ ਭਰਿਆ ਬੋਲ ਆਖਿਆ ਹੈ। ਕੁਰਾਨ ਸ਼ਰੀਫ਼ ਵਿੱਚ ਚੌਦਾਂ-ਲੋਕ[4] ਖੰਡ ਦੱਸੇ ਗਏ ਹਨ। ਇੰਨੇ ਹੀ, ਤੁਸੀਂ ਖ਼ੁਦ ਸਾਨੂੰ ਸੁਣਾਏ ਹਨ। ॥੧੧॥

ਉਸ (ਗੁਰੂ ਜੀ) ਨੇ ਦੱਸਿਆ ਹੈ ਕਿ ਲੱਖਾਂ ਅਕਾਸ਼, ਲੱਖਾਂ ਪਤਾਲ ਹਨ ਅਤੇ ਉਨ੍ਹਾਂ ਦਾ ਅੱਗੇ ਵੀ ਕੋਈ ਅੰਤ[5] ਨਹੀਂ ਹੈ, ਜਿਨ੍ਹਾਂ ਦੀ ਲੋਕ ਖੋਜ ਕਰਦੇ ਹਾਰ ਗਏ।ਇਹ ਸੁਣ ਕੇ ਮੇਰੇ ਹਿਰਦੇ ਵਿੱਚ ਹੈਰਾਨੀ ਹੋਈ। ਜੋ ਉਸ ਨੇ ਕਿਹਾ, ਉਹ ਮੇਰੇ ਤੋਂ ਸਹਿਣ ਨਹੀਂ ਹੋ ਸਕਿਆ। ॥੧੨॥

ਕੁਰਾਨ ਦੇ ਵਿੱਚ[6] ਜੋ ਲਿਖਿਆ ਹੈ, (ਇਹ) ਉਸ ਦੇ ਉਲਟ ਹੈ।ਇਹ ਫ਼ਕੀਰ ਜਾਂ ਤਾਂ ਬੇਸਮਝ ਹੈ ਜਾਂ ਝੂਠ ਬੋਲਦਾ ਹੈ। ਇੱਕ ਤਾਂ ਉਸ ਨੇ ਹੈਰਾਨਗੀ ਵਾਲੀ ਇਹ ਗੱਲ ਆਖੀ। ਦੂਜੇ (ਉਸ ਨੇ) ਰਾਗ ਗਾਉਣਾ ਅਰੰਭ ਕੀਤਾ ਹੈ। ॥੧੩॥

ਤੁਸਾਂ ਨੇ ਸਾਰੇ ਦੇਸ਼ ਵਿੱਚ ਰਾਗ ਗਾਉਣ[7] 'ਤੇ ਪਾਬੰਦੀ ਲਗਾਈ ਹੋਈ ਹੈ। ਜੇਕਰ ਤੁਹਾਡੇ ਕੋਲ ਹੀ ਤੁਹਾਡੇ ਹੁਕਮਾਂ ਦੀ ਉਲੰਘਣਾ ਹੋਵੇਗੀ ਤਾਂ ਫੇਰ ਦੂਰ ਦੇਸ਼ ਵਿੱਚ ਸਭ, ਬਿਨਾਂ ਭੈਅ ਦੇ ਮਨਮਰਜ਼ੀ ਕਰਨਗੇ। ॥੧੪॥

ਜੇਕਰ ਉਨ੍ਹਾਂ ਨੂੰ ਸਜ਼ਾ[8] ਨਹੀਂ ਦੇਵੋਗੇ ਤਾਂ ਆਪ ਦੀ ਦਿਨ ਪ੍ਰਤੀਦਿਨ ਸ਼ਕਤੀ ਘਟ ਜਾਵੇਗੀ। ਇਸ ਫ਼ਕੀਰ ਨੇ ਕੁਫਰ ਬੋਲਿਆ ਹੈ, (ਇਸ ਲਈ) ਇਹ ਵੱਡੀ ਸਜ਼ਾ ਦੇ ਲਾਇਕ ਹੈ। ॥੧੫॥

ਜੇਕਰ ਹੁਣੇ ਹੀ ਉਸ ਨੂੰ ਨਾ ਰੋਕੋਗੇ[9] ਤਾਂ ਮੁਸਲਮਾਨ ਸਾਰੇ ਹੀ ਕਾਫਰ ਹੋਏ ਜਾਣੋ।" ਦਸਤਗੀਰ ਨੇ ਇਹ ਝਗੜਾ[10] ਸੁਣ ਕੇ ਮਨ ਵਿੱਚ ਬਹੁਤ ਕਰੋਧ ਕੀਤਾ। ॥੧੬॥

ਸਾਰੇ ਨਗਰ (ਵਾਸੀਆਂ) ਨੂੰ ਹੁਕਮ ਭੇਜਿਆ ਗਿਆ, "ਜਾ ਕੇ ਉਸ ਨੂੰ ਵੱਟੇ ਮਾਰ-ਮਾਰ[11] ਕੇ ਜਾਨੋਂ ਮਾਰ ਦਿਓ । ਉਸ ਨੇ ਮੇਰੇ ਹੁਕਮ ਦੀ ਉਲੰਘਣਾ ਕੀਤੀ ਹੈ, ਤੁਰੰਤ ਸਾਰੇ ਚਲੇ ਜਾਉ, ਦੇਰੀ ਨਹੀਂ ਹੋਣੀ ਚਾਹੀਦੀ। ॥੧੭॥

SikhBookClub.Com

ਹ੍ਵੈ ਹਦੂਰ ਜਿਨਿ ਕੀਨ ਢਿਠਾਈ[1]।ਦੂਰ ਭਏ ਤੇ ਕਸ ਡਰ ਪਾਈ।
ਇਹ ਬਗ਼ਦਾਦ ਜੁ ਥਾਨ ਮਹਾਨਾ।ਤੁਰਕਾਨੋ ਕੋ ਬਡੋ ਟਿਕਾਨਾ॥੧੮॥

ਜੇਕਰ ਇਹਾਂ ਅਵੱਗਜ਼ਾ ਹੋਈ।ਪੁਨ ਮਿਰਯਾਦ ਰਖੈ ਨਹਿਂ ਕੋਈ'।
ਦਸਤਗੀਰ ਕੀ ਆਇਸੁ ਪਾਏ।ਬਾਲਕ ਬ੍ਰਿਢੇ ਤਰੁਨੇ[2] ਧਾਏ॥੧੯॥

ਇਕ ਇਕ ਪਾਹਨ[3] ਸਭ ਕਰ ਲੀਨਾ । ਚਲਨ ਲਗੇ ਬਡ ਰੌਰਾ ਕੀਨਾ।
ਸ੍ਰੀ ਨਾਨਕ ਸੁਨਕੈ ਤਿਹ ਕਾਲਾ।ਊਚੀ ਦੀਨੀ ਬਾਂਗ ਬਿਸਾਲਾ॥੨੦॥

'ਨਿਰੰਕਾਰ ਸਤ ਸ੍ਰੀ ਅਕਾਲਾ।ਗੁਰਬਰ ਏਕੰਕਾਰ ਕ੍ਰਿਪਾਲਾ'।
ਸੁਨਕਰ ਬਾਂਗ ਸਰਬ ਨਰ ਨਾਰੀ।ਸੁੰਨਮੁੰਨ[4] ਹੋਏ ਇਕ ਵਾਰੀ॥੨੧॥

ਜਬਹਿਂ ਬਿਲੋਕੀ ਅਜ਼ਮਤ ਪੀਨਾ[5] । ਆਪਹਿਂ ਪੀਰ ਪਯਾਨੋ ਕੀਨਾ।
ਮਾਨਵ ਬ੍ਰਿੰਦ ਲਿਏ ਨਿਜ ਸੰਗਾ।ਜੀਤਨ ਆਯੋ ਰਿਦੈ ਉਮੰਗਾ॥੨੨॥

ਨਿਜ ਅਜ਼ਮਤ ਜੜਤਾ ਸਭ ਕੇਰੀ । ਦਸਤਗੀਰ ਹਰਦੀ ਬਿਨ ਦੇਰੀ।
ਗਰਬ ਚਲਾ ਜਹਿਂ ਸੁਮਤਿ ਨਿਕੇਤੂ।ਭਾਨੁ ਤੇਜ ਹਰਿ ਚਹਿ ਖੱਦਜੋਤੂ[6] ॥੨੩॥

ਸਭ ਇਕ ਬਾਰ ਅਏ ਚਉਫੇਰੇ।ਹਿਤ ਮਾਰਨ ਕਿਯ ਭੁਜਾ[7] ਉਚੇਰੇ।
ਇਕ ਇਕ ਪਾਹਨ ਸਭ ਕਰ ਮਾਂਹੀ।ਅਨ ਗਨ ਮਾਨਵ ਗਿਨਤੀ ਨਾਂਹੀ॥੨੪॥

ਜਬ ਮਨ ਬਿਖੈ ਚਹਤ ਸਭ ਮਾਰਾ।ਤਿਹ ਛਿਨ ਸ੍ਰੀ ਪ੍ਰਭੁ ਕੀਨ ਹੁੰਕਾਰਾ।
ਠਾਢੀ ਰਹੀ ਉਚੇਰੀ ਬਾਹੈਂ। ਉਤਰਹਿਂ ਤਰ[8] ਨ,ਉਤਾਰਜੋ ਚਾਹੈਂ॥੨੫॥

ਕਾਸ਼ਟ[9] ਕੇ ਸਮਾਨ ਸੋ ਗਾਢੀ।ਬਿਸਮ ਰਹੇ ਸਬ,ਪੀਰਾ ਬਾਢੀ।
ਦਸਤਗੀਰ ਅਪਨੀ ਤਿਹ ਕਾਲਾ।ਕਰਾਮਾਤ ਕਰ ਰਹਿਓ ਬਿਸਾਲਾ॥੨੬॥

SikhBookClub.Com

ਜਿਸ ਨੇ ਕਿ ਸਾਹਮਣੇ ਆ ਕੇ ਢੀਠਤਾ[1] ਦਿਖਾਈ ਹੈ (ਫੇਰ) ਦੂਰ ਹੋਣ 'ਤੇ ਕਿਵੇਂ ਡਰ ਪੈਦਾ ਕਰਾਂਗੇ? ਇਹ ਬਗਦਾਦ ਜੋ ਮਹਾਨ ਸਥਾਨ ਹੈ, ਮੁਸਲਮਾਨਾਂ ਦਾ ਵੱਡਾ ਨਿਵਾਸ (ਟਿਕਾਣਾ) ਹੈ। ॥੧੮॥

ਜੇਕਰ ਇੱਥੇ ਹੁਕਮ ਅਦੂਲੀ ਹੋ ਗਈ, ਤਾਂ ਫੇਰ ਕੋਈ ਮਰਯਾਦਾ ਨਹੀਂ ਰੱਖੇਗਾ।" (ਪੀਰ) ਦਸਤਗੀਰ ਦਾ ਹੁਕਮ ਪਾ ਕੇ ਬੱਚੇ, ਬੁੱਢੇ, ਜਵਾਨ[2] (ਤੁਰੰਤ) ਚੱਲ ਪਏ। ॥੧੯॥

ਇੱਕ-ਇੱਕ ਪੱਥਰ[3] ਸਭ ਨੇ ਹੱਥ ਵਿੱਚ ਲੈ ਲਿਆ। ਚੱਲਦੇ ਹੋਇਆਂ ਬਹੁਤ ਰੌਲਾ ਪਾਇਆ। ਗੁਰੂ ਨਾਨਕ ਜੀ ਨੇ ਉਸ ਸਮੇਂ ਰੌਲਾ ਸੁਣ ਕੇ ਉੱਚੀ ਅਵਾਜ਼ ਵਿੱਚ ਲੰਬੀ ਬਾਂਗ ਦਿੱਤੀ। ॥੨੦॥

"ਨਿਰੰਕਾਰ ਸਤਿ ਸ੍ਰੀ ਅਕਾਲਾ, ਗੁਰਬਰ ਏਕੰਕਾਰ ਕਿਰਪਾਲਾ", (ਇਹ) ਹੇਕ ਵਾਲੀ ਅਵਾਜ਼ ਸੁਣ ਕੇ ਸਭ ਆਦਮੀ-ਔਰਤਾਂ ਇੱਕ ਵਾਰ ਸੁੰਨਮੁੰਨ ਚੁਪ ਚਾਂ[4] ਹੋ ਗਏ ॥੨੧॥

ਜਿਸ ਵੇਲੇ ਪੀਰ ਨੇ ਇਹ ਭਾਰੀ[5] ਕਰਾਮਾਤ ਜਾਣ ਲਈ ਤਾਂ ਪੀਰ ਆਪ ਗੁਰੂ ਜੀ ਵੱਲ ਚੱਲ ਪਿਆ। ਆਪਣੇ ਨਾਲ ਬਹੁਤ ਲੋਕਾਂ ਦੇ ਇੱਕਠ ਨੂੰ ਲੈ ਕੇ ਅਤੇ ਦਿਲ ਵਿੱਚ ਬਹੁਤ ਉਤਸ਼ਾਹ ਨਾਲ ਜਿੱਤਣ ਲਈ ਆਇਆ। ॥੨੨॥

ਪੀਰ ਦਸਤਗੀਰ ਨੇ ਬਿਨਾਂ ਦੇਰੀ ਤੋਂ ਆਪਣੀ ਕਰਾਮਾਤ ਨਾਲ ਸਾਰਿਆਂ (ਲੋਕਾਂ) ਦੀ ਬੇਹੋਸ਼ੀ ਦੂਰ ਕਰ ਦਿੱਤੀ। ਜਿਵੇਂ ਸੂਰਜ ਦੀ ਰੋਸ਼ਨੀ (ਨੂੰ) ਟਟਹਿਣਾ[6] ਮਿਟਾਉਣਾ ਚਾਹੁੰਦਾ ਹੋਵੇ, ਇਵੇਂ ਹੰਕਾਰ ਵਿੱਚ ਭਰਿਆ ਪੀਰ, ਜਿੱਥੇ ਉੱਤਮ ਬੁੱਧੀ ਦੇ ਘਰ (ਗੁਰੂ ਜੀ) ਬੈਠੇ ਸਨ, ਉਨ੍ਹਾਂ ਵੱਲ ਚੱਲ ਪਿਆ। ॥੨੩॥

ਸਾਰੇ (ਲੋਕ) ਇੱਕੋ ਵਾਰ, ਚਾਰੇ ਪਾਸਿਆਂ ਤੋਂ ਆ ਗਏ ਤੇ ਗੁਰੂ ਜੀ ਨੂੰ ਮਾਰਨ ਵਾਸਤੇ ਆਪਣੀਆਂ ਬਾਹਾਂ[7] ਉੱਚੀਆਂ ਕੀਤੀਆਂ। ਇੱਕ-ਇੱਕ ਪੱਥਰ ਸਭ ਦੇ ਹੱਥਾਂ ਵਿੱਚ ਸੀ। ਬੇਸ਼ੁਮਾਰ ਲੋਕ ਸਨ, ਜਿਨ੍ਹਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ। ॥੨੪॥

ਜਿਸ ਵੇਲੇ ਸਾਰਿਆਂ ਦੇ ਮਨਾਂ ਵਿੱਚ (ਪੱਥਰ) ਮਾਰਨ ਦੀ ਇੱਛਾ ਹੋਈ ਤਾਂ ਉਸੇ ਪਲ ਗੁਰੂ ਜੀ ਨੇ ਹੁੰਕਾਰਾ (ਹੰਘੂਰਾ) ਮਾਰਿਆ। ਸਭ ਦੀਆਂ ਬਾਹਾਂ ਉੱਪਰ ਕੀਤੀਆਂ ਖੜ੍ਹੀਆਂ ਹੀ ਰਹਿ ਗਈਆਂ। (ਬਾਹਾਂ) ਹੇਠਾਂ[8] ਨਹੀਂ ਸੀ ਉਤਰਦੀਆਂ, (ਜੋ) ਉਤਾਰਨੀਆਂ ਚਾਹੁੰਦੇ ਸਨ। ॥੨੫॥

ਬਾਹਾਂ ਲਕੜੀ[9] ਵਾਂਗ ਗੱਡੀਆਂ ਗਈਆਂ। ਸਾਰੇ ਹੈਰਾਨ ਹੋ ਰਹੇ ਸਨ, ਬਹੁਤ ਤਕਲੀਫ ਵੱਧ ਗਈ। ਪੀਰ ਦਸਤਗੀਰ ਉਸ ਵੇਲੇ ਵੱਡੀ ਕਰਾਮਾਤ ਕਰਨ ਵਿੱਚ ਲੱਗਿਆ ਰਿਹਾ। ॥੨੬॥

SikhBookClub.Com

ਕਛੂ ਨ ਲਗੀ ਰਹਜੋ ਪਚਿਹਾਰੀ[1]।ਮਨ ਜਾਨੇ ਅਪਨੇ ਤੇ ਭਾਰੀ।
ਜਿਉ ਉਡ[2] ਅਲਪ ਸੁ ਕਰੈ ਮਜੇਜਾ[3]।ਸਵਿਤਾ ਕੋ — ਦਬਾਇ ਦਿਉਂ — ਤੇਜਾ॥੨੭॥

ਤਨਕ ਬਘੂਰਾ[4] ਉਰ ਗਰਬਾਯੋ।ਸਬਲ[5] ਅੰਧੇਰੀ ਸਨਮੁਖ ਜਾਯੋ।
ਤਿਉਂ ਕਰਿ ਗੁਨਹਿਂ —ਨ ਜੀਤਜੋ ਜਾਈ।ਅਬ ਬੋਲਨ ਮਹਿਂ ਦੇਉਂ ਹਰਾਈ —॥੨੮॥

ਅਸ ਬਿਚਾਰ ਕੇ ਗਯੋ ਸਮੀਪਾ । ਬੈਠਜੋ ਜਹਿਂ ਬੇਦੀ ਕੁਲਦੀਪਾ।
ਕਹਤ ਭਯੋ 'ਤੂੰ ਕੁਫਰ ਅਲਾਵਾ । ਕੋ ਹੈਂ ਤੂੰ ਕਿਹ ਤੇ ਚਲ ਆਵਾ ॥੨੯॥

ਕਰਾਮਾਤ ਕਰ ਬਡੀ ਦਿਖਾਈ।ਲਖ ਪਤਾਲ ਨਭ ਖ਼ਬਰ ਸੁਨਾਈ।
ਪੁਨ ਸਰੋਦ ਮਨ ਚੰਚਲ ਕਰਈ।ਸੋ ਗਾਵਨ ਕੇ ਕਿਉਂ ਅਨੁਸਰਈ[6]?॥੩੦॥

ਬੇਮਿਰਜਾਦ[7] ਦੁਊ ਤੈ ਕੀਨਾ।ਯਾਂਤੇ ਹਮ ਦਰਵੇਸ਼ ਨ ਚੀਨਾ।
ਇਨ ਕੇ ਉੱਤਰ ਆਪ ਉਚਾਰਹੁ।ਨਤੁਰ ਦੇਸ਼ ਤੇ ਵਹਿਰ ਸਿਧਾਰਹੁ'॥੩੧॥

ਗੰਜਨ[8] ਗਰਬ ਗੁਰੂ ਗੁਨਖਾਨੀ।ਦਸਤਗੀਰ ਸੰਗ ਭਾਖੀ ਬਾਨੀ।
'ਜਿਹ ਸਰੋਦ ਕੀ ਨਿੰਦ ਉਚਾਰੀ।ਤਿਹ ਕੀ ਰੀਤ ਸੁਨੋ ਸੁਖਕਾਰੀ॥੩੨॥

ਸ੍ਰੀ ਕਰਤਾਰ ਸਿਫਤ ਮਹਿਂ ਗਾਵੈਂ।ਬਸ ਜੈਹੈ ਮਨ ਬਹੁਰ ਕਮਾਵੈਂ।
ਸੁਨਹਿਂ ਰਾਗ ਰਸ ਲੇਵਨ ਕਾਰਨ।ਹ੍ਵੈ ਤਿਸ ਮਹਿਂ ਹਰਿ ਨਾਮ ਉਚਾਰਨ॥੩੩॥

ਹਿਰਦੇ ਹੁਲਸਾਵਹਿਂ ਜੱਗਜਾਸੀ । ਰਚਹਿਂ ਸੰਗ ਸ੍ਰੀ ਪ੍ਰਭੁ ਅਬਿਨਾਸ਼ੀ।
ਕਲਿ ਮਹਿਂ ਹੋਤ ਉਪਾਇ ਨ ਔਰੈ । ਕੀਰਤਿ ਕਰ ਇਉਂ ਤਰਹਿਂ ਕਰੋਰੈ[9]॥੩੪॥

ਯਾਂਤੇ ਰਾਗ ਰੀਤਿ ਹਮ ਕੀਨੀ।ਰਸ ਹਿਤ,ਸਿਫਤ ਜਾਇ ਮਤਿ ਭੀਨੀ।
ਕਹਿਓ ਜੁ ਤੁਮ — ਚੰਚਲ ਮਤਿ ਕਰਹੀ । ਬਿਸ਼ੈ ਬਿਖੈ ਮਨ ਕੋ ਸੰਚਰਹੀ[10] —॥੩੫॥

SikhBookClub.Com

ਥੱਕ ਕੇ (ਪੀਰ) ਹਾਰ[1] ਗਿਆ, ਉਸ ਤੋਂ ਕੁਝ ਨਹੀਂ ਹੋ ਸਕਿਆ। ਮਨ ਵਿੱਚ ਜਾਣ ਲਿਆ, (ਗੁਰੂ ਜੀ) ਉਸ ਤੋਂ ਜ਼ਿਆਦਾ ਤਾਕਤ ਵਾਲੇ ਹਨ। ਜਿਵੇਂ ਤੁੱਛ ਤਾਰਾ[2] ਹੰਕਾਰ[3] ਕਰੇ (ਕਿ) ਸੂਰਜ ਦੇ ਤੇਜ ਨੂੰ -ਦਬਾ ਦੇਵਾਂਗਾ-। ॥੨੭॥

ਛੋਟਾ ਜਿਹਾ ਵਾਵਰੋਲਾ[4] ਹਿਰਦੇ ਵਿੱਚ ਹੰਕਾਰ ਕਰਕੇ ਤਾਕਤਵਰ[5] ਹਨ੍ਹੇਰੀ ਦੇ ਸਾਹਮਣੇ ਜਾਵੇ। ਉਸੇ ਤਰਾਂ (ਪੀਰ ਨੇ) ਸੋਚਿਆ -(ਗੁਰੂ ਜੀ ਨੂੰ) ਗੁਣਾਂ ਨਾਲ ਨਹੀਂ ਜਿੱਤਿਆ ਜਾਣਾ। ਹੁਣ ਚਰਚਾ ਕਰਕੇ ਹਰਾ ਦੇਵਾਂਗਾ-। ॥੨੮॥

ਇਉਂ ਵਿਚਾਰ ਕਰਕੇ ਜਿਥੇ ਬੇਦੀ ਕੁਲ ਦੇ ਦੀਪ (ਗੁਰੂ ਜੀ) ਬੈਠੇ ਸਨ, ਉਨ੍ਹਾਂ ਕੋਲ ਚਲਾ ਗਿਆ ਤੇ (ਪੀਰ) ਕਹਿਣ ਲੱਗਾ, "ਤੂੰ ਬਹੁਤ ਝੂਠ ਬੋਲ ਰਿਹਾ ਹੈਂ। ਤੂੰ ਕੌਣ ਹੈ? ਕਿੱਥੋਂ ਚੱਲ ਕੇ ਆਇਆ ਹੈ? ॥੨੯॥

(ਤੂੰ) ਵੱਡੀ ਕਰਾਮਾਤ ਕਰਕੇ ਦਿਖਾਈ ਹੈ। (ਤੂੰ) ਲੱਖ ਪਾਤਾਲਾਂ ਤੇ ਅਕਾਸ਼ਾਂ (ਬਾਰੇ) ਖ਼ਬਰ ਕਹੀ ਹੈ। ਫੇਰ ਰਾਗ ਗਾਉਣ ਨਾਲ ਮਨ ਚੰਚਲ ਕਰ ਰਿਹਾ ਹੈਂ । ਉਸ ਗਾਉਣੇ ਦੇ ਤੂੰ ਕਿਸ ਤਰਾਂ ਹੱਕ [6] ਵਿੱਚ ਹੈਂ? ॥੩੦॥

(ਇਹ ਦੋਵੇਂ) ਕੰਮ ਤੂੰ ਬਿਨਾਂ ਮਰਯਾਦਾ[7] ਦੇ ਕੀਤੇ ਹਨ। ਇਸ ਲਈ ਅਸੀਂ ਅਜਿਹਾ ਕੋਈ ਦਰਵੇਸ਼ ਨਹੀਂ ਵੇਖਿਆ। ਇਨ੍ਹਾਂ (ਗੱਲਾਂ) ਦਾ ਤੁਸੀਂ ਆਪ ਜਵਾਬ ਦੇਵੋ, ਨਹੀਂ ਤਾਂ (ਸਾਡੇ) ਦੇਸ਼ ਨੂੰ ਛੱਡ ਕੇ ਬਾਹਰ ਚਲੇ ਜਾਉ।" ॥੩੧॥

ਗੁਣਾਂ ਦੀ ਖਾਣ, ਹੰਕਾਰ ਨਾਸ਼-ਕਰਨ[8] ਵਾਲੇ ਗੁਰੂ ਜੀ ਨੇ (ਪੀਰ) ਦਸਤਗੀਰ ਨਾਲ ਕਥਨ ਕੀਤਾ, "ਜਿਸ ਰਾਗ ਦੀ(ਤੁਸੀਂ)ਨਿੰਦਾ ਕੀਤੀ ਹੈ, ਉਸ ਦੀ ਅਨੰਦ ਦੇਣ ਵਾਲੀ ਰੀਤੀ ਸੁਣੋ ॥੩੨॥

ਪ੍ਰਭੂ ਦੀ ਵਡਿਆਈ ਵਿੱਚ ਅਸੀਂ ਰਾਗ ਗਾਉਂਦੇ ਹਾਂ। ਜੈਸੇ ਮਨ ਵਿੱਚ ਵਸ ਜਾਂਦਾ ਹੈ ਤਾਂ ਫਿਰ ਉਸ ਨੂੰ ਕਮਾਉਂਦੇ ਹਾਂ। ਅਨੰਦ ਮਾਣਨ ਲਈ ਰਾਗ ਸੁਣਦੇ ਹਾਂ, ਜਿਸ ਵਿੱਚ ਪ੍ਰਭੂ ਦੇ ਨਾਮ ਦਾ ਉਚਾਰਨ ਹੁੰਦਾ ਹੈ। ॥੩੩॥

ਜਿਸ ਨੂੰ ਗਿਆਨ ਪ੍ਰਾਪਤੀ ਦੀ ਇੱਛਾ ਹੁੰਦੀ ਹੈ, ਉਹ (ਉਸ ਰਾਗ ਨਾਲ) ਹਿਰਦੇ ਵਿੱਚ ਅਨੰਦਿਤ ਹੋ ਕੇ ਵਿਨਾਸ਼ ਰਹਿਤ ਵਾਹਿਗੁਰੂ ਵਿੱਚ ਲੀਨ ਹੋ ਜਾਂਦਾ ਹੈ। ਕਲਜੁਗ ਵਿੱਚ ਪ੍ਰਭੂ ਦੇ ਮਿਲਾਪ ਦਾ ਹੋਰ ਕੋਈ ਸਾਧਨ ਨਹੀਂ। ਇਉਂ ਕੀਰਤਨ ਕਰਕੇ ਹੀ, ਕਰੋੜਾਂ[9] (ਲੋਕ) ਤਰੇ ਹਨ। ॥੩੪॥

ਇਸ ਲਈ ਅਸੀਂ ਰਾਗ ਦੀ ਰੀਤੀ ਧਾਰਨ ਕੀਤੀ ਹੈ । ਉਸ ਦਾ ਰਸ ਲੈਣ ਹਿੱਤ (ਪ੍ਰਭੂ ਦੀ) ਸਿਫਤ ਵਿੱਚ ਬੁੱਧੀ ਭਿੱਜ ਜਾਂਦੀ ਹੈ। ਜੋ ਤੁਸੀਂ ਕਹਿੰਦੇ ਹੋ -ਰਾਗ ਨਾਲ ਬੁੱਧੀ ਚੰਚਲ (ਕਾਮਾਤੁਰ) ਹੋ ਜਾਂਦੀ ਹੈ, ਅਤੇ (ਰਾਗ) ਵਿਸ਼ੇ-ਵਿਕਾਰਾਂ ਵਿੱਚ ਮਨ ਨੂੰ ਲਗਾਉਂਦਾ[10] ਹੈ-। ॥੩੫॥

SikhBookClub.Com

ਸੋ ਤੋ ਕਾਮ ਚੇਸ਼੍ਟਾ[1] ਮਾਂਹੀ । ਕਰਹਿਂ ਸਿਰੋਦ ਸਿ ਨਰਕ ਸਿਧਾਹੀਂ।
ਅਬ ਦੂਸਰ ਉੱਤਰ ਸੁਨ ਕਾਨੇ।ਚੌਦਹਿਂ ਤਬਕ ਕੁਰਾਨ ਬਖਾਨੇ॥੩੬॥

ਤਿਸ ਕੋ ਕਰਨਹਾਰ ਹੈ ਜੋਊ।ਤਾਂਕੋ ਚੌਦਹਿਂ ਕੀ ਸੁਧ ਹੋਊ।
ਲਾਖਨ ਕੀ ਸੁਧ ਜਿਨ ਕਉ ਹੋਈ।ਤੇਤੀ ਭਨੈ, ਨ ਝੂਠ ਬਗੋਈ॥੩੭॥

ਲਾਖਨ ਪਰੈ,ਨ ਓਰਕ ਕੋਈ । ਬੇਸ਼ੁਮਾਰ[2] ਸਾਹਿਬ ਹੈ ਸੋਈ'।
ਦਸਤਗੀਰ ਸੁਨ ਸਾਚ ਨ ਮਾਨੀ । ਹੇਤ ਬਿਲੋਕਨ ਬੋਲਜੋ ਬਾਨੀ॥੩੮॥

'ਕਹੇ ਪ੍ਰਤੀਤ ਨ ਆਵਹਿ ਮੋਕਉ।ਦਿਹੁ ਦਿਖਾਇ ਜੇ ਹੈ ਸੁਧ[3] ਤੋਕਉ।
ਸੁਤ ਮੇਰੇ ਕੋ ਸੰਗ ਲਿਜਾਵਹੁ।ਜਿਤੀ ਪਹੁੰਚ ਹੈ ਤਿਤੇ[(*5)] ਦਿਖਾਵਹੁ'॥੩੯॥

ਸੁਨ ਕੈ ਤਿਹ ਛਿਨ ਸ੍ਰੀ ਜਗਨਾਥਾ । ਤਿਹ ਕੋ ਗਹਜੋ[4] ਹਾਥ ਮਹਿਂ ਹਾਥਾ।
ਕਹਜੋ ਕਿ 'ਲੋਚਨ ਮੂੰਦਹੁ ਦੋਈ।ਚਹਉ ਜੁ ਦੇਖ ਲੇਉ ਅਬ ਸੋਈ'॥੪੦॥

ਮੂੰਦ੍ਰਿਤ[5] ਨੈਨ ਕਿਯ ਤਿਨ ਜਬਹੀ।ਅਪਰ ਅਕਾਸ਼ ਦਿਖਾਯੋ ਤਬਹੀ।
ਕਿਤਕ ਦਿਵਸ ਤਿਹ ਬੀਚ ਬਿਹਾਰੇ।ਬਹੁਰ ਔਰ ਨਭ[6] ਮਾਂਹਿ ਪਧਾਰੇ॥੪੧॥

ਤਿਹ ਕੋ ਦੇਖ ਕਿਤਕ ਦਿਨ ਮਾਂਹੀ । ਆਨ[7] ਅਕਾਸ਼ ਪਿਖਾ ਪੁਨ ਜਾਹੀ।
ਇਸ ਬਿਧ ਸੋ ਬਹੁ ਬਰਖ ਬਿਤਾਏ।ਲਾਖ ਅਕਾਸ਼ ਤਾਂਹਿ ਦਿਖਰਾਏ॥੪੨॥

ਬਹੁਰੋ ਗਏ ਪਤਾਲਨ[8] ਮਾਂਹੀ।ਪ੍ਰਿਥਮੇ ਏਕ ਦਿਖਾਵਾ ਤਾਂਹੀ।
ਕਿਤਕ ਦਿਨਨ ਲੌਂ ਫਿਰ ਕਰ ਸਾਰੇ।ਬਹੁਰੋ ਦੁਤਿਯ ਪਤਾਲ ਪਧਾਰੇ॥੪੩॥

ਸੋ ਨੀਕੀ ਬਿਧਿ ਦੀਨ ਦਿਖਾਈ।ਪੁਨ ਤੀਜੇ ਮਹਿਂ ਗੇ ਜਗ ਸਾਂਈ ।
ਇਸ ਬਿਧਿ ਸੋਂ ਜੇ ਲਾਖ[9] ਪਤਾਲਾ।ਸਰਬ ਦਿਖਾਏ ਤਾਂਹਿ ਕ੍ਰਿਪਾਲਾ॥੪੪॥

ਬਹੁਤ ਬਰਖ ਲਗ ਕਾਲ ਬਿਤਾਯੋ । ਬਿਚਰਤ[10] ਪੀਰ ਤਾਤ ਅਕੁਲਾਯੋ।
ਹਾਥ ਬੰਦ ਕੈ ਗੁਰੂ ਅਗਾਰੀ।ਹੁਇ ਅਧੀਨ ਬਹੁ ਬਿਨੈ ਉਚਾਰੀ॥੪੫॥

SikhBookClub.Com

ਉਹ (ਜਿਹੜੇ) ਕਾਮ ਦੀ ਇੱਛਾ[1] ਪੂਰਤੀ ਲਈ ਰਾਗ ਗਾਉਂਦੇ ਹਨ, ਉਹ ਨਰਕਾਂ ਨੂੰ ਜਾਂਦੇ ਹਨ। ਹੁਣ ਦੂਸਰਾ ਉਤਰ ਕੰਨਾਂ ਰਾਹੀਂ ਸੁਣੋ। ਕੁਰਾਨ ਨੇ ਚੌਦਾਂ ਤਬਕਾਂ (ਪਤਾਲਾਂ, ਅਕਾਸ਼ਾਂ) ਕਹੀਆਂ ਹਨ। ॥੩੬॥

ਉਸ ਕੁਰਾਨ ਦਾ ਜੋ ਕਰਤਾ ਹੈ, ਉਸ ਨੂੰ ਚੌਦਾਂ ਤਬਕਾਂ ਦੀ ਖਬਰ ਹੋਵੇਗੀ। ਜਿਨ੍ਹਾਂ ਨੂੰ ਲੱਖਾਂ (ਅਕਾਸ਼ ਤੇ ਪਤਾਲਾਂ) ਦੀ ਖਬਰ ਹੋਵੇਗੀ। ਉਨ੍ਹਾਂ ਉਤਨੇ ਹੀ ਆਖੇ ਹਨ, ਕੋਈ ਝੂਠ ਨਹੀਂ ਕਿਹਾ ॥੩੭॥

ਇਹ ਲੱਖਾਂ ਤੋਂ ਵੀ ਪਰੇ ਹਨ, ਉਨ੍ਹਾਂ ਦਾ ਕੋਈ ਅੰਤ ਨਹੀਂ। ਉਹ ਪ੍ਰਭੂ ਬੇਅੰਤ[2] ਹੈ।" (ਪੀਰ) ਦਸਤਗੀਰ ਨੇ ਸੁਣ ਕੇ ਸੱਚ ਨਹੀਂ ਮੰਨਿਆ। ਦੇਖਣ ਲਈ (ਪੀਰ ਨੇ) ਆਖਿਆ। ॥੩੮॥

"(ਤੁਹਾਡੇ) ਕਹਿਣੇ ('ਤੇ) ਮੈਨੂੰ ਭਰੋਸਾ ਨਹੀਂ ਹੋ ਰਿਹਾ। ਜੇਕਰ ਤੁਹਾਨੂੰ ਸੋਝੀ[3] ਹੈ (ਤਾਂ) ਦਿਖਾ ਦਿਉ। ਮੇਰੇ ਪੁੱਤਰ ਨੂੰ ਨਾਲ ਲੈ ਜਾਵੋ। ਜਿੰਨੇ ਤੁਹਾਡੀ ਪਹੁੰਚ ਵਿੱਚ ਹਨ, ਉਤਨੇ ਹੀ ਦਿਖਾ ਦਿਉ।"॥੩੯॥

ਉਸੇ ਪਲ ਜਗਤ ਦੇ ਮਾਲਕ (ਗੁਰੂ ਜੀ) ਨੇ ਸੁਣ ਕੇ ਉਸ (ਪੀਰ ਦੇ ਪੁੱਤਰ) ਦਾ ਹੱਥ (ਆਪਣੇ) ਹੱਥ (ਵਿੱਚ) ਪਕੜ[4] ਲਿਆ ਅਤੇ ਕਿਹਾ, "ਦੋਵੇਂ ਅੱਖਾਂ ਮੀਟ ਲੈ। ਹੁਣ ਜੋ (ਲੋਕ ਦੇਖਣਾ) ਚਾਹੇਂ, ਉਹੀ ਦੇਖ ਲਵੀਂ।" ॥੪੦॥

ਜਿਉਂ ਹੀ ਉਸ ਨੇ ਅੱਖਾਂ ਬੰਦ[5] ਕਰ ਲਈਆਂ, ਉਸ ਵੇਲੇ ਉਸ ਨੂੰ ਹੋਰ ਦੂਸਰਾ ਅਕਾਸ਼ ਦਿਖਾ ਦਿੱਤਾ। ਕਿੰਨੇ ਹੀ ਦਿਨ ਉਸ ਵਿਚ ਵਿਚਰੇ। ਫੇਰ ਹੋਰ ਅਕਾਸ਼ਾਂ[6] ਵਿੱਚ ਜਾ ਪਹੁੰਚੇ। ॥੪੧॥

ਜਦੋਂ ਉਸ ਨੂੰ ਦੇਖਦਿਆਂ ਬਹੁਤ ਦਿਨ ਹੋ ਗਏ ਤਾਂ ਹੋਰ ਤੇ ਹੋਰ[7] ਅਕਾਸ਼ ਫੇਰ ਜਾ ਕੇ ਦੇਖੇ। ਇਸ ਢੰਗ ਨਾਲ ਬਹੁਤ ਸਾਲ ਗੁਜ਼ਾਰੇ। ਉਸ ਨੂੰ ਲੱਖਾਂ ਅਕਾਸ਼ ਦਿਖਾ ਦਿੱਤੇ। ॥੪੨॥

ਫੇਰ ਪਾਤਾਲਾਂ[8] ਵਿੱਚ ਗਏ। ਪਹਿਲਾਂ ਉਥੇ ਇੱਕ ਪਤਾਲ ਦਿਖਾਇਆ। ਕਾਫੀ ਦਿਨ ਸਭ ਥਾਂਵਾਂ 'ਤੇ ਘੁੰਮ-ਫਿਰ ਕੇ ਮੁੜ ਦੂਜੇ ਪਤਾਲ ਵਿੱਚ ਜਾ ਪਹੁੰਚੇ ॥੪੩॥

ਉਨ੍ਹਾਂ ਸੁੰਦਰ ਢੰਗ ਨਾਲ (ਦੂਜਾ-ਪਤਾਲ) ਦਿਖਾ ਦਿੱਤਾ। ਫੇਰ ਤੀਜੇ (ਪਾਤਾਲ) ਵਿੱਚ ਜਗਤ ਦੇ ਮਾਲਕ (ਗੁਰੂ ਜੀ) ਗਏ। ਇਸ ਪ੍ਰਕਾਰ ਨਾਲ ਜੋ ਲੱਖਾਂ[9] ਪਤਾਲ ਸਨ, (ਉਹ) ਸਾਰੇ ਕਿਰਪਾ ਵਾਲੇ (ਗੁਰੂ ਜੀ) ਨੇ ਉਸ ਨੂੰ ਦਿਖਾ ਦਿੱਤੇ ॥੪੪॥

ਬਹੁਤ ਸਾਲਾਂ ਤਕ ਸਮਾਂ ਬਿਤਾਇਆ। ਘੁੰਮਦਾ-ਫਿਰਦਾ[10] ਹੋਇਆ ਪੀਰ ਦਾ ਪੁੱਤਰ (ਬਹੁਤ) ਵਿਆਕੁਲ ਹੋ ਗਿਆ। ਗੁਰੂ ਜੀ ਅੱਗੇ ਹੱਥ ਜੋੜ ਕੇ ਬਹੁਤ ਅਧੀਨਗੀ ਨਾਲ ਬੇਨਤੀ ਕੀਤੀ ॥੪੫॥

SikhBookClub.Com

'ਅੰਤ ਨ ਆਵਤ ਗੈਨ[1] ਪਤਾਲਾ । ਬਿਚਰਤ ਬੀਤ ਗਯੋ ਚਿਰ ਕਾਲਾ।
ਚਲਉ ਆਪਨੇ ਅਬ ਅਸਥਾਨਾ।ਤੁਮ ਖੁਦਾਇ, ਹੌਂ ਲਖਹੁਂ ਨ ਆਨਾ[2]' ॥੪੬॥

ਸੁਨ ਕੈ ਸ੍ਰੀ ਗੁਰ ਗਿਰਾ ਉਚਾਰੀ।'ਜਿ ਕਿਛੁ ਚਾਹੁ ਹ੍ਵੈ ਰਿਦੈ ਮਝਾਰੀ।
ਦੇਖਹੁ ਔਰ ਅਕਾਸ਼ ਪਤਾਲਾ।ਅੰਤ ਨਹੀ ਕਛੁ, ਰਹੇ ਬਿਸਾਲਾ॥੪੭॥

ਜੇਕਰ ਅਕੁਲਾਵਾ[3] ਚਿਤ ਤੋਰਾ । ਚਲਜੋ ਚਹਤਿ ਹੈ ਅਪਨੇ ਠੌਰਾ।
ਤਵ ਪਿਤ ਨਿਸਚਾ ਆਵਹਿ ਜੈਸੇ।ਕਾਰਜ ਕਰਹੁ ਆਪ ਅਬ ਤੈਸੇ॥੪੮॥

ਸੰਗਤ ਮਹਿਂ ਪੰਚਾਮ੍ਰਿਤ[4] ਹੋਈ।ਤਹਿਂ ਤੇ ਲੇਕਰ ਚਲੀਏ ਸੋਈ'।
ਅਸ ਕਹਿ ਗਏ ਜਹਾਂ ਸਤਿ ਸੰਗਤਿ।ਬੈਠੀ ਸੰਤਨ ਕੀ ਸੁਭ ਪੰਗਤਿ॥੪੯॥

ਸ੍ਰੀ ਗੁਰ ਕੋ ਅਵਿਲੋਕਾ ਜਬਹੀ । ਉਰ ਭਰ ਹਰਖ ਉਠੇ ਸਭ ਤਬਹੀ।
ਪਦਪੰਕਜ ਪਰ ਬੰਦਨ ਧਾਰੀ।ਬੈਠਾਰੇ ਪੁਨ ਸਭਾ ਮਝਾਰੀ॥੫੦॥

ਦੀਪ[5] ਬਾਰ ਆਰਤੀ ਉਤਾਰੀ।ਪੂਜਨ ਕੀਨ ਪ੍ਰਸ਼ੰਸ ਉਚਾਰੀ।
ਕਰ ਪੰਚਾਮ੍ਰਿਤ ਕੋ ਭਲ ਰੀਤੀ । ਕਿਯ ਅਰਦਾਸ ਖਰੇ ਯੁਤ ਪ੍ਰੀਤੀ॥੫੧॥

ਬਹੁਰੋ ਬਾਂਟ ਦੀਨ ਸਭ ਤਾਂਈ । ਲੀਨ ਪੀਰ ਸੁਤ ਹਰਖ ਬਢਾਈ।
ਇਸ ਬਿਧਿ ਬਹੁ ਸੰਗਤਿ ਕੇ ਮਾਂਹੀ ।ਫਿਰੇ ਪ੍ਰਭੂ ਦਿਖਰਾਈ ਤਾਂਹੀਂ ॥੫੨॥

ਜਬ ਕਚਕੌਲ[6] ਪੂਰ ਤਿਹ ਲੀਨਾ । ਸ੍ਰੀ ਗੁਰ ਬਹੁਰ ਪਯਾਨੋ ਕੀਨਾ।
ਤਬ ਬਗ਼ਦਾਦ ਦੇਸ਼ ਮਹਿਂ ਆਏ।ਹੁਤੋ ਪੀਰ ਬੈਠਜੋ ਜਿਹ ਥਾਂਏ ॥੫੩॥

ਬੂਝਨ ਕੀਨ ਪੀਰ ਸੁਤ ਤਾਂਈ । 'ਲਖ ਪਤਾਲ ਨਭ ਦੇਖੇ ਜਾਈ?।
ਕੈ ਫਕੀਰ ਨੈ ਝੂਠ ਅਲਾਏ । ਹਟ ਕੈ ਤੁਰਨ ਤੁਮ ਚਲਿ ਆਏ'॥੫੪॥

ਬਿਸਮਜੋ ਦਸਤਗੀਰ ਸੁਤ ਸੁਨ ਕੈ।ਅਤਸੈ ਅਚਰਜ ਕੋ ਮਨ ਗੁਨ ਕੈ।
ਕਹਨ ਲਗਜੋ 'ਹੇ ਪਿਤਾ! ਸੁਨੀਜੈ।ਇਹੁ ਦਰਵੇਸ਼ ਖੁਦਾਇ ਲਖੀਜੈ॥੫੫॥

SikhBookClub.Com

"ਅਕਾਸ਼ਾਂ[1] ਤੇ ਪਤਾਲਾਂ ਦਾ ਤਾਂ ਕੋਈ ਅੰਤ ਨਹੀਂ ਆ ਰਿਹਾ। (ਸਾਨੂੰ) ਘੁੰਮਦਿਆਂ ਬਹੁਤ ਸਮਾਂ ਗੁਜ਼ਰ ਗਿਆ ਹੈ। ਹੁਣ (ਕਿਰਪਾ ਕਰਕੇ) ਆਪਣੇ ਸਥਾਨ 'ਤੇ ਵਾਪਸ ਚੱਲੋ। ਤੁਸੀਂ ਖ਼ੁਦਾ (ਰੂਪ) ਹੋ। ਮੈਂ ਹੋਰ[2] (ਕੋਈ ਤੁਹਾਡੇ ਵਰਗਾ) ਦੇਖਿਆ ਨਹੀਂ।" ॥੪੬॥

ਸੁਣ ਕੇ ਗੁਰੂ ਜੀ ਨੇ ਕਿਹਾ, "ਜੇਕਰ ਹਿਰਦੇ ਅੰਦਰ ਇੱਛਾ ਹੋਵੇ, ਤਾਂ ਹੋਰ ਅਕਾਸ਼, ਪਤਾਲ ਦੇਖ ਲਵੋ। ਜਿਨ੍ਹਾਂ ਦਾ ਕੋਈ ਅੰਤ ਨਹੀਂ, ਬੇਸ਼ੁਮਾਰ ਹਨ। ॥੪੭॥

ਜੇਕਰ ਤੇਰਾ ਦਿਲ ਵਿਆਕੁਲ[3] ਹੋ ਗਿਆ ਹੈ ਅਤੇ ਆਪਣੇ ਸਥਾਨ 'ਤੇ ਜਾਣ ਦੀ ਇੱਛਾ ਹੈ। ਜਿਸ ਤਰਾਂ ਤੇਰੇ ਪਿਤਾ ਨੂੰ ਭਰੋਸਾ ਹੋ ਜਾਵੇ, ਹੁਣ ਤੂੰ ਉਸੇ ਤਰਾਂ ਦਾ ਕੰਮ ਕਰ। ॥੪੮॥

ਸੰਗਤ ਵਿੱਚ ਕੜਾਹ-ਪਰਸ਼ਾਦ[4] ਤਿਆਰ ਹੋਇਆ ਹੈ, ਉੱਥੋਂ ਉਹ ਲੈ ਕੇ ਚੱਲੀਏ।" ਇਸ ਤਰਾਂ ਆਖ ਕੇ ਜਿਥੇ ਸਤਿਸੰਗਤ ਸੀ, ਉਥੇ ਗਏ। ਸੰਤਾਂ ਦੀ ਸੁੰਦਰ ਪੰਗਤ ਬੈਠੀ ਹੋਈ ਸੀ। ॥੪੯॥

ਜਿਸ ਵੇਲੇ (ਸੰਗਤ ਨੇ) ਗੁਰੂ ਜੀ ਨੂੰ ਦੇਖਿਆ, ਉਸ ਵੇਲੇ ਸਾਰਿਆਂ ਦੇ ਹਿਰਦੇ ਖ਼ੁਸ਼ੀ ਨਾਲ ਭਰ ਗਏ। (ਗੁਰੂ ਜੀ ਦੇ) ਚਰਨ-ਕਮਲਾਂ 'ਤੇ ਆ ਕੇ ਮੱਥਾ ਟੇਕਿਆ। ਫੇਰ ਗੁਰੂ ਜੀ ਨੂੰ ਮੰਡਲੀ ਵਿਚਕਾਰ ਬਿਠਾ ਲਿਆ। ॥੫੦॥

ਦੀਵੇ[5] ਬਾਲ ਕੇ (ਗੁਰੂ ਜੀ ਦੀ) ਆਰਤੀ ਉਤਾਰੀ। (ਗੁਰੂ ਜੀ ਦੀ) ਪੂਜਾ ਕਰਕੇ ਉਸਤਤ ਉਚਾਰਨ ਕੀਤੀ। ਕੜਾਹ-ਪਰਸ਼ਾਦ ਸ੍ਰੇਸ਼ਟ ਢੰਗ ਨਾਲ ਤਿਆਰ ਕੀਤਾ। ਖੜ੍ਹੇ ਹੋ ਕੇ ਪ੍ਰੇਮ ਸਹਿਤ ਅਰਦਾਸ ਕੀਤੀ। ॥੫੧॥

ਫੇਰ ਸਾਰਿਆਂ ਵਿੱਚ (ਕੜਾਹ-ਪਰਸ਼ਾਦ) ਵਰਤਾ ਦਿੱਤਾ। ਪੀਰ ਦਾ ਪੁੱਤਰ ਪਰਸ਼ਾਦ ਲੈ ਕੇ ਬਹੁਤ ਖੁਸ਼ ਹੋਇਆ। ਇਸ ਪ੍ਰਕਾਰ ਵੱਡੀ ਸੰਗਤ ਗੁਰੂ ਜੀ ਫਿਰੇ ਤੇ ਉਸ ਨੂੰ ਘੁੰਮ ਕੇ ਦਿਖਾਈ ॥੫੨॥

ਜਿਸ ਵੇਲੇ ਉਸ ਨੇ ਠੂਠਾ[6] ਪੂਰਾ ਭਰ ਲਿਆ ਤਾਂ ਗੁਰੂ ਜੀ ਨੇ ਫੇਰ ਚਾਲੇ ਪਾ ਦਿੱਤੇ। ਉਹ ਬਗਦਾਦ ਦੇਸ਼ ਵਿੱਚ ਆ ਗਏ, ਜਿਸ ਥਾਂ 'ਤੇ ਪੀਰ ਬੈਠਿਆ ਹੋਇਆ ਸੀ। ॥੫੩॥

ਪੀਰ ਨੇ ਪੁੱਤਰ ਕੋਲੋਂ ਪੁੱਛਿਆ, "(ਕੀ) ਲੱਖਾਂ ਪਤਾਲ ਤੇ ਅਕਾਸ਼ ਜਾ ਕੇ ਦੇਖ ਲਏ ਹਨ? ਜਾਂ ਕੀ ਫ਼ਕੀਰ ਨੇ ਝੂਠ ਬੋਲਿਆ ਸੀ? ਤੁਸੀਂ ਝੱਟ-ਪੱਟ (ਹੀ) ਵਾਪਸ ਆ ਗਏ ਹੋ।" ॥੫੪॥

ਦਸਤਗੀਰ ਦਾ ਪੁੱਤਰ ਸੁਣ ਕੇ ਹੈਰਾਨ ਹੋ ਗਿਆ। ਬਹੁਤ ਜ਼ਿਆਦਾ ਵਾਪਰੇ ਅਚੰਭੇ ਨੂੰ ਮਨ ਵਿੱਚ ਬਹੁਤ ਗਿਣਤੀ-ਮਿਣਤੀ ਕਰਦਾ ਹੋਇਆ ਕਹਿਣ ਲੱਗਾ, "ਹੇ ਪਿਤਾ ਜੀ! ਸੁਣ ਲਵੋ, ਇਸ ਦਰਵੇਸ਼ ਨੂੰ ਖ਼ੁਦਾ ਦਾ ਰੂਪ ਜਾਣੋ। ॥੫੫॥

SikhBookClub.Com

ਤੁਮ ਤੋ ਕਹਜੋ ਕਿ ਤੂਰਨ ਆਏ।ਕਿਤੇ ਸਹਸ ਹਮ ਬਰਖ[1] ਬਿਤਾਏ।
ਲੱਖ ਪਤਾਲ ਅਕਾਸ਼ ਦਿਖਾਏ। ਬਹੁਰੋ ਓਰਕ ਹਾਥ ਨ ਆਏ॥ ੫੬॥

ਗਯੋ ਹਾਰ ਅਵਿਲੋਕਜੋ ਜਬਹੀ । ਕਹਿ ਕਰਿ ਮੈਂ ਹਟ[2] ਆਵਾ ਤਬਹੀ।
ਜਹਿਂ ਕਹਿਂ ਸੰਗਤਿ ਇਨਕੀ ਦੇਖੀ।ਪਦ ਪੂਜਹਿਂ ਕਰਿ ਪ੍ਰੀਤ ਵਿਸੇਖੀ'॥ ੫੭॥

ਦਸਤਗੀਰ ਸੁਨ ਅਦਭੁਤ ਬਾਂਨੀ । ਬਿਸਮ ਰਹਜੋ — ਕਛੂ ਜਾਤ ਨ ਜਾਨੀ।
ਇਹ ਠਾਂ ਘਟਕਾ[3] ਬੀਤੀ ਦੋਊ । ਬੈਠੇ ਰਹੇ ਉਠੇ ਨਹਿਂ ਕੋਊ॥ ੫੮॥

ਬਰਖ ਅਗਿਨ ਇਹ ਕਹਿਤ ਬਿਤਾਏ।ਲਾਖ ਪਤਾਲ ਅਕਾਸ਼ ਦਿਖਾਏ —।
ਸਬ ਬਿਧਿ ਲਖ ਕੈ ਬਾਤ ਅਸੰਭਾ[4] । ਮਾਨ ਰਹਜੋ ਮਨ ਪੀਰ ਅਚੰਭਾ॥ ੫੯॥

ਰਿਦੈ ਬਿਚਾਰ ਕੀਨ ਚਿਰ ਤਾਂਈ । —ਸਭ ਪੀਰਨ ਮਹਿਂ ਮੋਰ ਬਡਾਈ।
ਅਜ਼ਮਤ ਮਾਂਹੀ ਮੋਹਿ ਸਮਾਨਾ।ਜਗਤ ਬਿਖੇ ਕੋ ਪਿਖੋਂ ਨ ਆਨਾ॥ ੬੦॥

ਸਬਹੀ ਆਨ ਮਾਨਹੀ[5] ਮੋਰੀ । ਦੇਸ ਨਿਵਾਏ ਪਗ਼ ਕਰ ਜੋਰੀ।
ਮਮ ਅਜ਼ਮਤ ਲੇਸ ਨ ਇਸ ਆਗੈ।ਮੇਰੁ[6] ਨਿਕਟਿ ਜਿਉ ਰੰਚਕ ਲਾਗੈ ॥ ੬੧॥

ਇਹੁ ਤੋ ਮਾਨੁਖ ਤਨੁ ਨਹਿਂ ਹੋਈ । ਅਹੈ ਖ਼ੁਦਾਇ ਧਰਜੋ ਤਨ ਸੋਈ।
ਇਸਕੀ ਸਰਬਰ[7] ਹੋਇ ਨ ਕੋਊ।ਬੰਦਨ ਬਨੈ ਬੰਦ ਕਰ ਦੋਊ —॥ ੬੨॥

ਅਸ ਬਿਚਾਰ ਕੈ ਪਾਇਨ ਪਰਜੋ । ਉਰ ਕੋ ਸਕਲ ਗਰਬ ਪਰਹਰਜੋ ।
ਸਬ ਮੁਰੀਦ ਕੋ ਗਿਰਾ ਅਲਾਈ। 'ਪਗ਼[8] ਲਗ ਲੇਹੁ ਖ਼ਤਾ ਬਖ਼ਸ਼ਾਈ॥ ੬੩॥

ਇਸ ਕੋ ਮਾਨੁਖ ਤਨ ਨਹਿਂ ਜਾਨੋ । ਅਲਹਿ ਖ਼ੁਦਾਇ ਸਰੂਪ ਪਛਾਨੋ'।
ਲੋਗਨ ਸੁਨ ਨਿਯੋਗ[9] ਨਿਜ ਪੀਰਾ । ਨਿਸਚੈ ਜਾਨਜੋ ਗੁਨੀ ਗਹੀਰਾ॥ ੬੪॥

ਪਾਇਨਿ ਆਇ ਉਤਾਇਲ ਪਰੇ। ਨਾਨਾ ਬਿਧਨ ਉਪਾਇਨ[10] ਧਰੇ।
ਉਤਰੀ ਅਧੋ[11] ਭੁਜਾ ਸਭਹੀ ਕੀ।ਭਈ ਅਗਾਰੀ ਬਿਧਿ ਜਿਉਂ ਨੀਕੀ॥ ੬੫॥

SikhBookClub.Com

ਤੁਸੀਂ ਕਹਿੰਦੇ ਹੋ, ਅਸੀਂ ਜਲਦੀ ਹੀ ਵਾਪਸ ਆ ਗਏ ਹਾਂ (ਪਰ) ਅਸੀਂ ਤਾਂ ਕਈ ਹਜ਼ਾਰ ਸਾਲ[1] ਬਿਤਾ ਦਿੱਤੇ। ਲੱਖਾਂ ਪਤਾਲ (ਤੇ ਲੱਖਾਂ ਹੀ) ਅਕਾਸ਼ ਦਿਖਾਏ ਹਨ। ਫੇਰ ਵੀ ਅਜੇ ਅੰਤ ਨਹੀਂ ਆ ਰਿਹਾ ਸੀ। ॥੫੬॥

ਜਦ ਦੇਖੇ ਤਾਂ ਦੇਖ-ਦੇਖਕੇ ਥੱਕ (ਹਾਰ) ਗਿਆ, ਤਦ ਹੀ ਮੈਂ ਬੇਨਤੀ ਕਰਕੇ ਵਾਪਸ[2] ਆਇਆ ਹਾਂ। ਜਿੱਥੇ ਕਿਥੇ ਇਨ੍ਹਾਂ ਦੀ ਸੰਗਤ ਵੇਖੀ ਹੈ, ਜੋ ਇਨ੍ਹਾਂ ਦੇ ਚਰਨ-ਕਮਲਾਂ ਦੀ ਬਹੁਤ ਪ੍ਰੇਮ ਨਾਲ ਪੂਜਾ ਕਰਦੀ ਹੈ।" ॥੫੭॥

ਦਸਤਗੀਰ ਅਨੋਖੀ ਵਾਰਤਾ ਸੁਣ ਕੇ ਹੈਰਾਨ ਹੋਇਆ, (ਵਿਚਾਰਨ ਲੱਗਾ) -ਸਮਝ ਨਹੀਂ ਸੀ ਪੈ ਰਹੀ, ਇਸ ਥਾਂ ਦੋ ਘੜੀਆਂ[3] ਬੀਤੀਆਂ ਹਨ। ਬੈਠੇ ਹੀ ਰਹੇ ਹਾਂ, ਕੋਈ ਨਹੀਂ ਉੱਠਿਆ ॥੫੮॥

ਇਹ ਕਹਿੰਦਾ ਹੈ ਕਿ ਅਣਗਿਣਤ ਸਾਲ ਬਿਤਾ ਕੇ ਆਏ ਹਾਂ। ਲੱਖਾਂ ਪਤਾਲ, (ਲੱਖਾਂ) ਅਕਾਸ਼, ਦਿਖਾਏ ਹਨ-। ਸਾਰੀ ਗੱਲ ਅਸੰਭਵ[4] ਜਾਣ ਕੇ ਪੀਰ ਮਨ ਵਿੱਚ ਅਚੰਭਾ ਮੰਨ ਰਿਹਾ ਸੀ। ॥੫੯॥

ਹਿਰਦੇ ਵਿੱਚ ਕਾਫੀ ਦੇਰ ਵਿਚਾਰ ਕਰਦਾ ਰਿਹਾ - ਸਾਰੇ ਪੀਰਾਂ ਵਿੱਚ ਮੇਰੀ (ਬਹੁਤ) ਵਡਿਆਈ ਹੈ। ਕਰਾਮਾਤ ਵਿੱਚ ਮੇਰੇ ਬਰਾਬਰ ਸੰਸਾਰ ਵਿੱਚ ਕੋਈ ਦੂਸਰਾ ਨਹੀਂ ਹੈ। ॥੬੦॥

ਸਾਰੇ ਹੀ ਮੇਰੀ ਈਨ ਮੰਨਦੇ[5] ਹਨ, (ਸਾਰੇ) ਦੇਸ਼ ਜ਼ੋਰ ਨਾਲ ਕਦਮਾਂ ਵਿੱਚ ਝੁਕਾਏ ਹਨ। ਜਿਵੇਂ ਸੁਮੇਰ ਪਰਬਤ[6] ਅੱਗੇ ਰੇਤ ਦਾ ਕਿਣਕਾ ਲੱਗ ਰਿਹਾ ਹੋਵੇ, (ਇਵੇਂ) ਮੇਰੀ ਕਰਾਮਾਤ ਇਸ ਦੇ ਸਾਹਮਣੇ ਰੱਤੀ-ਭਰ ਵੀ ਨਹੀਂ ਹੈ। ॥੬੧॥

ਇਹ ਕੋਈ ਮਨੁੱਖੀ-ਸਰੀਰ ਨਹੀਂ ਹੋ ਸਕਦਾ। ਖ਼ੁਦਾ ਨੇ ਆਪ ਹੀ ਇਹ ਰੂਪ ਧਾਰਨ ਕੀਤਾ ਹੈ। ਇਸ ਦੇ ਬਰਾਬਰ[7] ਕੋਈ (ਹੋਰ) ਨਹੀਂ ਹੋ ਸਕਦਾ। ਮੈਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਨੀ ਬਣਦੀ ਹੈ-। ॥੬੨॥

ਇਉਂ ਵਿਚਾਰ ਕੇ ਉਹ (ਗੁਰੂ ਜੀ ਦੇ) ਚਰਨ-ਕਮਲਾਂ 'ਤੇ ਪੈ (ਲਿਪਟ) ਗਿਆ। ਹਿਰਦੇ ਵਿੱਚੋਂ ਸਾਰਾ ਹੰਕਾਰ ਨਸ਼ਟ ਹੋ ਗਿਆ। ਸਾਰੇ ਮੁਰੀਦਾਂ ਨੂੰ ਆਖਿਆ, "ਇਨ੍ਹਾਂ ਦੇ ਚਰਨੀਂ[8] ਲੱਗ ਕੇ ਆਪਣੀ ਭੁੱਲ ਬਖ਼ਸ਼ਾਓ। ॥੬੩॥

ਇਨ੍ਹਾਂ ਨੂੰ ਮਨੁੱਖੀ ਜਾਮਾ ਨਾ ਸਮਝੋ। ਇਨ੍ਹਾਂ ਨੂੰ ਖੁਦਾ ਦਾ ਸਰੂਪ ਹੀ ਪਹਿਚਾਣੋ।" ਆਪਣੇ ਪੀਰ ਦੀ ਆਗਿਆ[9] ਸੁਣ ਕੇ ਲੋਕਾਂ ਨੇ ਗੁਰੂ ਜੀ ਨੂੰ ਸੱਚਮੁੱਚ ਗੁਣਾਂ ਦੇ ਸਮੁੰਦਰ ਜਾਣਿਆ। ॥੬੪॥

ਮੁਰੀਦ ਅਤੇ ਹੋਰ ਲੋਕ, ਝੱਟ (ਗੁਰੂ ਜੀ ਦੇ) ਚਰਨੀਂ ਪੈ ਗਏ। ਕਈ ਤਰਾਂ ਦੀਆਂ ਭੇਟਾਵਾਂ[10] ਰੱਖੀਆਂ। ਸਭ ਦੀ ਬਾਂਹਾਂ ਉੱਪਰ ਤੋਂ ਹੇਠਾਂ[11] ਆ ਗਈਆਂ ਤੇ ਪਹਿਲਾਂ ਵਾਂਗ ਠੀਕ ਹੋ ਗਈਆਂ ॥੬੫॥

SikhBookClub.Com

ਤਿਹ ਛਿਨ ਸਰਧਾ ਬਧੀ ਮਹਾਨਾ । ਪੂਜਨ ਲਗਜੋ ਸਰਬ ਤੁਰਕਾਨਾ[1]।
ਪ੍ਰਭੂ ਸਭ ਕੋ ਦੀਨੋ ਉਪਦੇਸ਼ਾ।'ਸੱਤਿਨਾਮ ਸਿਮਰਹੁ ਜਗਤੇਸ਼ਾ ॥੬੬॥ (*6)

ਪੱਖ ਬਾਦ[2] ਕੋ ਭੂਲ ਨ ਕਰੀਏ । ਇਕ ਖ਼ੁਦਾਇ ਸਭ ਬਿਧੈ ਨਿਹਰੀਏ।
ਕਰਹੁ ਜਿ ਦਿਢ ਅਸ ਬਿਧਿ ਅੱਭਜਾਸਾ । ਪ੍ਰਾਪਤਿ ਹੋਇ ਮੁਕਤ ਸੁਖ ਰਾਸਾ'॥੬੭॥

ਕਿਤਕ ਦਿਵਸ ਗੁਰ ਤਹਾਂ ਗੁਜ਼ਾਰੇ। ਦੇ ਉਪਦੇਸ਼ ਅਧਿਕ ਨਰ ਤਾਰੇ।
ਬਹੁਰ ਗਵਨ ਕੀ ਕੀਨ ਤਯਾਰੀ । ਨਮਸ਼ਕਾਰ ਤਿਹ ਚਰਨ ਹਮਾਰੀ॥੬੮॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਬਗਦਾਦ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਧਯਾਇ ॥੩੪॥

SikhBookClub.Com

ਉਸੇ ਪਲ ਹੀ ਗੁਰੂ ਜੀ ਦੀ ਬਹੁਤ ਸ਼ਰਧਾ ਵਧੀ। ਸਭ ਮੁਸਲਮਾਨ[1] -ਭਾਈਚਾਰਾ (ਗੁਰੂ ਜੀ ਨੂੰ) ਪੂਜਣ ਲੱਗ ਪਿਆ। ਗੁਰੂ ਜੀ ਨੇ ਸਭ ਨੂੰ ਉਪਦੇਸ਼ ਦਿੱਤਾ, "ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ॥੬੬॥

ਕਦੇ ਭੁੱਲ ਕੇ ਵੀ ਪੱਖਬਾਜ਼ੀ[2] ਨਹੀਂ ਕਰਨੀ। ਸਾਰਿਆਂ ਵਿੱਚ ਇੱਕੋ ਖ਼ੁਦਾ (ਦਾ ਰੂਪ) ਦੇਖੋ। ਜੋ ਇਸ ਪ੍ਰਕਾਰ ਵਿਧੀ ਨਾਲ ਦ੍ਰਿੜ੍ਹ ਅਭਿਆਸ ਕਰੇਗਾ, ਉਸ ਨੂੰ ਸੁੱਖਾਂ ਦੀ ਪੂੰਜੀ, ਭਾਵ ਮੁਕਤੀ ਪ੍ਰਾਪਤ ਹੋ ਜਾਵੇਗੀ।" ॥੬੭॥

ਗੁਰੂ ਜੀ ਨੇ ਉਸ ਥਾਂ ਕੁਝ ਦਿਨ ਗੁਜ਼ਾਰੇ। ਆਪਣੀ ਸਿੱਖਿਆ ਦੇ ਕੈ ਬਹੁਤ ਲੋਕਾਂ ਦਾ ਉਧਾਰ ਕੀਤਾ। ਫੇਰ ਚੱਲਣ ਦੀ ਤਿਆਰੀ ਕੀਤੀ। ਉਨ੍ਹਾਂ ਦੇ ਚਰਨ-ਕਮਲਾਂ ਨੂੰ ਸਾਡੀ ਨਮਸਕਾਰ ਹੈ। ॥੬੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਬਗਦਾਦ ਦਾ ਪਰਸੰਗ" ਨਾਮੀ ਚੌਂਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਪੀਰ ਦਸਤਗੀਰ ਦਾ ਹੰਕਾਰ ਤੋੜਨ ਲਈ ਗੁਰੂ ਜੀ ਬਗਦਾਦ ਪਹੁੰਚ ਗਏ। ਉੱਥੇ ਰਾਤ ਗੁਜ਼ਾਰ ਕੇ, ਸਵੇਰੇ ਗੁਰੂ ਜੀ ਜਾਗ ਪਏ ਤੇ ਇਸ਼ਨਾਨ ਕਰਕੇ ਵਾਹਿਗੁਰੂ ਦੀ ਮਹਿਮਾ ਵਾਲੀ ਬਾਣੀ ਪੜ੍ਹਨ ਲੱਗੇ। ਜਿਸ ਵੇਲੇ ਗੁਰੂ ਜੀ ਨੇ ਬਾਣੀ ਦੀ ਇਹ ਤੁਕ, 'ਪਾਤਾਲਾ ਪਾਤਾਲ ਲੱਖ ਆਗਾਸਾ ਆਗਾਸ' ਉਚਾਰਨ ਕੀਤੀ ਤਾਂ ਜਲ ਵਾਲੇ ਸਥਾਨ 'ਤੇ ਪੀਰ ਦਸਤਗੀਰ ਦਾ ਇੱਕ ਸੇਵਕ ਇਸ਼ਨਾਨ ਕਰਨ ਲਈ ਆਇਆ ਹੋਇਆ ਸੀ । ਉਹ ਇਹ ਤੁਕ ਸੁਣ ਕੇ, ਬਹੁਤ ਹੈਰਾਨ ਹੋਇਆ ਕਿ ਇਹ ਕੁਫਰ ਕੀ ਆਖ ਰਿਹਾ ਹੈ? ਉਸ ਨੇ ਸਾਰੀ ਗੱਲ ਪੀਰ ਨੂੰ ਜਾ ਕੇ ਦੱਸੀ ਅਤੇ ਕਿਹਾ ਕਿ ਉਨ੍ਹਾਂ ਨੇ ਸਾਰੇ ਦੇਸ਼ ਵਿੱਚ ਰਾਗ ਗਾਉਣ-ਵਜਾਉਣ 'ਤੇ ਪਾਬੰਦੀ ਲਗਾਈ ਹੋਈ ਹੈ । ਜੇਕਰ ਇਥੇ ਉਨ੍ਹਾਂ ਕੋਲ ਹੀ ਉਨ੍ਹਾਂ ਦੇ ਹੁਕਮਾਂ ਦੀ ਉਲੰਘਣਾ ਹੋਵੇਗੀ ਤਾਂ ਫੇਰ ਦੂਰ ਦੇਸ਼ ਦੇ ਲੋਕ ਬਿਨਾਂ ਭੈਅ ਆਪਣੀ ਮਨਮਰਜ਼ੀ ਕਰਨਗੇ। ਇਸ ਲਈ ਉਸ ਫ਼ਕੀਰ ਨੂੰ ਵੱਡੀ ਸਜ਼ਾ ਦੇਣੀ ਬਣਦੀ ਹੈ । ਦਸਤਗੀਰ ਨੇ ਸਾਰਿਆਂ ਨੂੰ ਬਹੁਤ ਕਰੋਧ ਨਾਲ ਕਿਹਾ ਕਿ ਵੱਟੇ ਮਾਰ-ਮਾਰਕੇ ਉਸਨੂੰ ਜਾਨ ਤੋਂ ਮਾਰ ਦਿਉ। ਜਿਸ ਵੇਲੇ ਸਭ ਇਸਤਰੀਆਂ-ਪੁਰਸ਼ ਗੁਰੂ ਜੀ ਨੂੰ ਮਾਰਨ ਲਈ ਕੋਲ ਪਹੁੰਚੇ ਤਾਂ ਉਸ ਸਮੇਂ ਗੁਰੂ ਨਾਨਕ ਜੀ ਨੇ ਇਹ ਰੌਲਾ ਸੁਣ ਕੇ ਲੰਬੀ ਬਾਂਗ ਵਿੱਚ ਕਿਹਾ, "ਨਿਰੰਕਾਰ ਸਤਿ ਸ੍ਰੀ ਅਕਾਲਾ, ਗੁਰਬਰ ਏਕੰਕਾਰ ਕ੍ਰਿਪਾਲਾ", ਇਹ ਹੋਕ ਸੁਣ ਕੇ, ਸਭ ਆਦਮੀ-ਔਰਤਾਂ ਇੱਕ ਵਾਰ ਚੁੱਪ ਤੇ ਅਹਿਲ ਹੋ ਗਏ। ਫੇਰ ਪੀਰ ਬੜੇ ਲੋਕਾਂ ਦੇ ਇਕੱਠ ਨਾਲ ਆਪ ਚੱਲ ਕੇ ਆਇਆ ਤੇ ਸੁੰਨਮੁਨ ਹੋਏ ਲੋਕਾਂ ਨੂੰ ਠੀਕ ਕੀਤਾ। ਸਾਰਿਆਂ ਨੇ ਫਿਰ ਪੱਥਰ ਮਾਰਨ ਵਾਸਤੇ ਆਪਣੀਆਂ ਬਾਹਾਂ ਉੱਚੀਆਂ ਕੀਤੀਆਂ। ਉਸੇ ਪਲ ਗੁਰੂ ਜੀ ਨੇ ਹੁੰਕਾਰਾ ਮਾਰਿਆ। ਸਭ ਦੀਆਂ ਬਾਹਾਂ ਉੱਪਰ ਕੀਤੀਆਂ ਹੀ ਖੜ੍ਹੀਆਂ ਰਹਿ ਗਈਆਂ। ਫਿਰ ਪੀਰ ਗੁਰੂ ਜੀ ਦੇ ਕੋਲ ਚਰਚਾ ਕਰਨ ਲਈ ਆ ਕੇ ਕਹਿਣ ਲੱਗਾ ਕਿ ਉਸ ਨੇ ਲੱਖ ਪਤਾਲ ਤੇ ਲੱਖ ਅਕਾਸ਼ਾਂ ਬਾਰੇ ਕਿਹਾ ਹੈ, ਜੋ ਕਿ ਗਲਤ ਹੈ। ਰਾਗ ਗਾਉਣ ਨਾਲ ਮਨ ਚੰਚਲ ਹੁੰਦਾ ਹੈ। ਗੁਰੂ ਜੀ ਨੇ ਕਿਹਾ ਕਿ ਰਾਗ, ਪ੍ਰਭੂ ਦੀ ਵਡਿਆਈ ਵਿੱਚ ਗਾਇਆ ਜਾਂਦਾ ਹੈ। ਕਲਜੁਗ ਵਿੱਚ ਕੀਰਤਨ ਕਰਕੇ ਹੀ ਕਰੋੜਾਂ ਤਰੇ ਹਨ। ਪੀਰ ਨੇ ਕਿਹਾ ਕਿ ਤੁਹਾਡੇ 'ਤੇ ਮੈਨੂੰ ਭਰੋਸਾ ਨਹੀਂ ਹੋ ਰਿਹਾ, ਤੁਸੀਂ ਮੇਰੇ ਪੁੱਤਰ ਨੂੰ ਨਾਲ ਲੈ ਕੇ ਲੱਖ ਪਤਾਲ ਤੇ ਲੱਖ ਅਕਾਸ਼ ਦਿਖਾ ਦੇਵੋ।ਗੁਰੂ ਜੀ ਦੇ ਕਹਿਣ 'ਤੇ ਪੀਰ ਦੇ ਪੁੱਤਰ ਨੇ ਅੱਖਾਂ ਮੀਚ ਕੇ ਕਿੰਨੇ ਹੀ ਅਕਾਸ਼ ਅਤੇ ਪਤਾਲ ਵੇਖੇ ਅਤੇ ਆ ਕੇ ਦਸਤਗੀਰ ਨੂੰ ਸਭ ਕੁਝ ਦੱਸਦਿਆਂ ਕਿਹਾ ਕਿ ਇਸ ਦਰਵੇਸ਼ (ਗੁਰੂ ਨਾਨਕ ਜੀ) ਨੂੰ ਖ਼ੁਦਾ ਜਾਣੋ, ਜਿਨ੍ਹਾਂ ਨੇ ਉਸ ਨੂੰ ਲੱਖ ਅਕਾਸ਼ ਤੇ ਪਤਾਲ ਵਿਖਾ ਦਿੱਤੇ ਹਨ।

ਸੁਣ ਕੇ ਪੀਰ ਦਸਤਗੀਰ ਦਾ ਹੰਕਾਰ ਟੁੱਟ ਗਿਆ ਅਤੇ ਉਸ ਸਮੇਤ ਹੋਰ ਲੋਕ ਗੁਰੂ ਜੀ ਦੇ ਚਰਨੀਂ ਪੈ ਗਏ। ਅਨੇਕਾਂ ਕਿਸਮ ਦੀਆਂ ਭੇਟਾਵਾਂ ਰੱਖੀਆਂ। ਗੁਰੂ ਜੀ ਨੇ ਸਭ ਨੂੰ ਉਪਦੇਸ਼ ਦਿੱਤਾ ਕਿ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਸਾਰਿਆਂ ਵਿੱਚ ਇੱਕੋ ਖ਼ੁਦਾ ਦੇਖੋ।

ਫੁੱਟਨੋਟ

(*1) ਮੌਜੂਦਾ ਇਰਾਕ ਵਿੱਚ, ਬਗਦਾਦ ਸ਼ਹਿਰ ਦਜਲਾ ਦਰਿਆ ਦੇ ਕੰਢੇ ਉੱਤੇ ਅਬਾਦ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਇਹ ਇਰਾਨੀਆਂ ਦੇ ਅਧੀਨ ਸੀ। 1507-8 ਈ: ਵਿੱਚ ਸਫ਼ਵੀ ਸ਼ਾਹ ਇਸਮਾਈਲ ਨੇ ਇਸ ਨੂੰ ਜਿੱਤਿਆ ਅਤੇ 1524 ਤਕ ਬਗਦਾਦ ਉਸ ਦੇ ਅਧੀਨ ਰਿਹਾ। ਇਹ ਸ਼ੀਆ ਮੱਤ ਦਾ ਸੀ ਅਤੇ ਇਸ ਨੇ ਬਹੁਤ ਸਾਰੇ ਸੁੰਨੀ ਮੱਤ ਦੇ ਇਮਾਮਾਂ ਨੂੰ ਮਰਵਾ ਦਿੱਤਾ ਸੀ ਅਤੇ ਉਨ੍ਹਾਂ ਦੀਆਂ ਮਸਜਿਦਾਂ ਨੂੰ ਢਾਹ ਦਿੱਤਾ ਸੀ। ਬਗਦਾਦ ਦੇ ਇਤਿਹਾਸ ਵਿੱਚ ਇਹ ਬਹੁਤ ਭਾਰੀ ਸੰਕਟ ਦਾ ਸਮਾਂ ਸੀ। ਵਿਸਥਾਰ ਲਈ ਵੇਖੋ, ਡਾ. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਪੰਨਾ 129-30 ਅਤੇ ਹੱਥਲੀ ਪੁਸਤਕ ਦੀ ਪ੍ਰਸਤਾਵਨਾ ਵਿਚ ਦਿੱਤਾ ਨੋਟ । ਭਾਈ ਗੁਰਦਾਸ ਜੀ ਨੇ ਪੈਂਤੀਵੀਂ ਪਉੜੀ, ਵਾਰ ਪਹਿਲੀ ਵਿੱਚ ਗੁਰੂ ਨਾਨਕ ਜੀ ਦੇ ਬਗਦਾਦ ਜਾਣ ਦਾ ਜ਼ਿਕਰ ਕੀਤਾ ਹੈ:

SikhBookClub.Com

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥

ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ॥

ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ॥

ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ॥

(*2) ਬਗਦਾਦ ਦਾ ਇੱਕ ਪ੍ਰਧਾਨ ਪੀਰ ਅਬਦੁਲ ਕਾਦਿਰ, ਜੋ ਫ਼ਾਰਸ ਦੇ ਗੀਲਾਨ ਇਲਾਕੇ ਵਿੱਚ ਸੰਨ 1078 ਵਿੱਚ ਜਨਮਿਆ ਅਤੇ ਬਹੁਤ ਕਰਨੀ-ਵਾਲਾ ਫ਼ਕੀਰ ਹੋਇਆ। 22 ਫਰਵਰੀ 1166 ਈਸਵੀ ਨੂੰ ਇਸ ਦਾ ਦਿਹਾਂਤ ਬਗਦਾਦ ਵਿੱਚ ਹੋਇਆ ਤੇ ਇੱਥੇ ਇਸ ਦਾ ਮਕਬਰਾ ਵੀ ਬਣਿਆ ਹੋਇਆ ਹੈ। ਇਸ ਪੀਰ ਦਾ ਪ੍ਰਸਿੱਧ ਨਾਮ 'ਦਸਤਗੀਰ' ਸੀ। ਇਸ ਦੀ ਸੰਪਰਦਾਇ ਦੇ ਦਰਵੇਸ਼ 'ਕਾਦਰੀ' ਕਹਾਉਂਦੇ ਹਨ। ਜਿਵੇਂ ਫ਼ਰੀਦ ਜੀ ਦੀ ਗੱਦੀ ਦੇ ਗੱਦੀ ਨਸ਼ੀਨ ਫ਼ਰੀਦ ਹੀ ਅਖਵਾਉਂਦੇ ਹਨ, ਇੰਜ ਦਸਤਗੀਰ ਦੇ ਜਾਨਸ਼ੀਨ 'ਦਸਤਗੀਰ' ਪਦਵੀ ਵਾਲੇ ਸਨ। ਹੋਰ ਵਿਸਥਾਰ ਲਈ ਵੇਖੋ, ਪ੍ਰਸਤਾਵਨਾ।

ਪੀਰ ਦਸਤਗੀਰ ਬਾਰੇ ਭਾਈ ਗੁਰਦਾਸ ਜੀ ਨੇ ਵੀ ਆਪਣੀ ਪਹਿਲੀ ਵਾਰ ਵਿੱਚ ਵੇਰਵਾ ਦਿੱਤਾ ਹੈ:

ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਆਨਾ?

ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ॥

(ਵਾਰ ਪਹਿਲੀ, ਪਉੜੀ ਪੈਂਤੀਵੀਂ)

(*3) ਭਾਈ ਵੀਰ ਸਿੰਘ ਜੀ ਨੇ ਇਹ ਨੋਟ ਦਿੱਤਾ ਹੈ। ਇਸ ਗੱਲ 'ਤੇ ਅਸਚਰਜ ਨਹੀਂ ਕਰਨਾ ਚਾਹੀਦਾ ਕਿ ਪੰਜਾਬੀ ਦੀਆਂ ਇਹ ਤੁਕਾਂ ਬਗਦਾਦ ਦੇ ਆਦਮੀ ਨੇ ਕਿਵੇਂ ਸਮਝ ਲਈਆਂ? ਹਿੰਦ ਵਿੱਚ ਬਗਦਾਦੀ ਫ਼ਕੀਰਾਂ ਦੇ ਚੇਲੇ ਅਨੇਕਾਂ ਵਸਦੇ ਸਨ ਅਤੇ ਹੁਣ ਵੀ ਵਸਦੇ ਹਨ ਤੇ ਉਹ ਜ਼ਿਆਰਤ ਨੂੰ ਜਾਂਦੇ ਸਨ। ਇਸ ਲਈ ਪੀਰ ਦਾ ਹਿੰਦੀ ਜਾਣਨਾ ਮੁਸ਼ਕਲ ਨਹੀਂ ਸੀ ਜਾਂ ਫੇਰ ਕਿਸੇ ਹਿੰਦੀ ਜਾਣਨ ਵਾਲੇ ਮੁਰੀਦ ਨੇ ਸੁਣ-ਸਮਝ ਕੇ ਪੀਰ ਨੂੰ ਜਾ ਕੇ ਦੱਸਿਆ ਹੋਵੇਗਾ।

(*4) ਭਾਈ ਗੁਰਦਾਸ ਜੀ ਨੇ ਵਾਰ ਪਹਿਲੀ, ਪਉੜੀ ਛੱਤੀ ਵਿੱਚ ਇਸ ਘਟਨਾ ਬਾਰੇ ਵਰਣਨ ਕੀਤਾ ਹੈ:

ਪਾਤਾਲਾ ਆਕਾਸ ਲਖਿ ਓੜਕਿ ਭਾਲੀ ਖਬਰਿ ਸੁਣਾਈ।

ਫੇਰਿ ਦੁਰਾਇਨ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ॥

(*5) ਪੀਰ ਦਸਤਗੀਰ ਨੇ ਗੁਰੂ ਨਾਨਕ ਜੀ ਵਲੋਂ 'ਜਪੁਜੀ' ਵਿੱਚ ਲੱਖਾਂ ਅਕਾਸ਼ ਅਤੇ ਪਤਾਲ ਦੀ ਮੌਜੂਦਗੀ ਹੋਣ ਬਾਰੇ ਸ਼ੰਕਾ ਜ਼ਾਹਿਰ ਕੀਤੀ ਸੀ ਅਤੇ ਆਪਣੇ ਪੁੱਤਰ ਦੀ ਅੱਖੀਂ ਗੁਰੂ ਨਾਨਕ ਜੀ ਨੂੰ ਇਹ ਸਭ ਕੁਝ ਦਿਖਾਉਣ ਲਈ ਕਿਹਾ ਸੀ। ਭਾਈ ਗੁਰਦਾਸ ਜੀ ਵਾਰ ਪਹਿਲੀ, ਪਉੜੀ ਛੱਤੀ ਵਿੱਚ ਇਸ ਬਾਰੇ ਇਵੇਂ ਲਿਖਦੇ ਹਨ:

ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।

ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ॥

ਭਰਿ ਕਚਕੋਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ॥

ਮੌਜੂਦਾ ਸਮੇਂ ਵਿਚ ਸਾਇੰਸ ਨੇ ਇਹ ਤਾਂ ਸਾਬਤ ਕਰ ਦਿੱਤਾ ਹੈ ਕਿ ਧਰਤੀ ਅਤੇ ਅਕਾਸ਼ ਇਕ ਨਹੀਂ ਅਨੇਕ ਹਨ । ਗੁਰੂ ਸਾਹਿਬ ਨੇ ਇਹ ਗੱਲ ਅੱਜ ਤੋਂ 500 ਸਾਲ ਪਹਿਲਾਂ ਕਹੀ ਸੀ । ਗੁਰੂ ਸਾਹਿਬ ਨੇ ਕਿਸ ਮਨੋਵਿਗਿਆਨਕ ਢੰਗ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਇਹ ਗੱਲ ਦ੍ਰਿੜ ਕਰਵਾਈ ਵਧੇਰੇ ਖੋਜ ਦੀ ਮੰਗ ਕਰਦੀ ਹੈ ।

(*6) ਵਿਸਥਾਰ ਲਈ ਵੇਖੋ ਪ੍ਰਸਤਾਵਨਾ ਵਿਚ "ਗੁਰੂ ਨਾਨਕ ਦੀ ਬਗਦਾਦ ਫੇਰੀ" ।

SikhBookClub.Com

ਅਧਜਾਯ ਪੈਂਤੀਵਾਂ

(ਗੁਰ ਜਸ ਪ੍ਰਤਾਪ। ਮਰਦਾਨੇ ਦਾ ਅੰਤ, ਅਚਲ ਵਟਾਲੇ ਸਿਧਗੋਸ਼ਟ, ਸੱਜਣ ਠੱਗ ਤੇ ਸ਼ਹਜ਼ਾਦੇ ਨੂੰ ਮੰਜੀ ਦੀ ਬਖਸ਼ੀਸ਼)

ਦੋਹਰਾ

ਸ੍ਰੀ ਗੁਰ ਜਸ ਕਮਲਨ[1] ਬਨੀ ਮਨ ਕਰ ਭੌਰ ਲੁਭਾਇ।
ਨਿਸ ਦਿਨ ਬਿਚਰਹੁ ਤਾਸ ਮਹਿਂ ਗਤਿ[2] ਸੁਗੰਧ ਸੁਭ ਪਾਇ॥੧॥

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ

ਸ੍ਰੀ ਅੰਗਦ ਸੁਨ ਕਥਾ ਮਹਾਨਾਂ । ਸ੍ਰੀ ਗੁਰ ਸੋਂ ਬੋਲਜੋ ਮਰਦਾਨਾ।
'ਅਬ ਤੋ ਕੀਨੀ ਸੈਲ ਘਨੇਰੀ।ਫਿਰੇ ਜਹਾਂ ਤਹਿਂ ਛਿਤ[3] ਬਹੁ ਹੇਰੀ॥੨॥

ਗਮਨ ਕਰਹੁ ਅਬ ਅਪਨਿ ਨਿਕੇਤਾ[4]'। ਸੁਨ ਬੋਲੇ ਬੇਦੀ ਕੁਲਕੇਤਾ।
'ਮਰਦਾਨੇ! ਘਰ ਯਾਦ ਤੁਮਾਰੇ।ਰਹਿਤਿ ਸਦਾ, ਨਹਿਂ ਕਰਹੁ ਬਿਸਾਰੇ॥੩॥

ਜਾਵਨ ਕੀ ਅਤਿ ਚਾਹ ਜਿ ਹੋਹੀ।ਦੇਹਿਂ ਪੁਚਾਇ ਬਿਲਮ[5] ਬਿਨੁ ਤੋਹੀ।
ਜਾਇ ਮਿਲਹੁ ਅਪਨੇ ਪਰਵਾਰਾ।ਬਨਿਤਾ ਸੁਤ ਸੋਂ ਕਰਹੁ ਪਯਾਰਾ'॥੪॥

ਕਹਿ ਮਰਦਾਨਾ, 'ਸਹਿਜ ਸੁਭਾਇਕ।ਮੈਂ ਬੂਝੇ,ਸੁਨੀਏ ਸੁਖਦਾਇਕ!
ਪ੍ਰਥਮੇ ਜਾਉਂ ਨ ਸਦਨ ਮਝਾਰੇ।ਆਪ ਚਲਹੁ ਤੌ ਜਾਇਂ ਸੰਗਾਰੇ'॥੫॥

ਸ੍ਰੀ ਗੁਰ ਬੋਲੇ ਸਹਿਜ ਸੁਭਾਇ।'ਤੂੰ ਹਮ ਤੇ ਪਹਿਲੇ ਹੀ ਜਾਇਂ।
ਇਸਥਿਰ ਆਲਜ[6] ਲੇਹ ਸਂਭਾਰੂ[7] ।ਭਵ ਬੰਦਨ ਤੇ ਹੈ ਛੁਟਕਾਰੂ॥੬॥

ਜਗ ਮਹਿਂ ਹੋਵਹਿ ਫੇਰ ਨ ਫੇਰਾ।ਜਨਮ ਮਰਨ ਦੁਖ ਮਿਟਗਾ[8] ਤੇਰਾ'।
ਜਾਨਜੋ —ਸਾਚ ਬਚਨ ਪ੍ਰਭੁ ਹੋਹੰ—। ਬੋਲਜੋ ਮਰਦਾਨਾ ਹਨ ਮੋਹੰ ॥੭॥

SikhBookClub.Com

ਅਧਿਆਇ ਪੈਂਤੀਵਾਂ

(ਗੁਰ ਜੀ ਦਾ ਜਸ ਪ੍ਰਤਾਪ । ਮਰਦਾਨੇ ਦਾ ਅੰਤ । ਅਚਲ ਵਟਾਲੇ । ਸੱਜਣ ਠੱਗ । ਸ਼ਹਿਜ਼ਾਦਾ)

ਦੋਹਰਾ

ਸ੍ਰੀ ਗੁਰੂ ਜੀ ਦਾ ਜਸ ਕਮਲਾਂ[1] (ਕਮਲ-ਫੁੱਲਾਂ) ਦੀ ਵਾੜੀ ਹੈ। ਮਨ ਨੂੰ ਭੌਰੇ ਵਾਂਗ ਲੁਭਾਇਮਾਨ ਕਰਕੇ, ਦਿਨ-ਰਾਤ ਉਸ (ਵਾੜੀ) ਵਿੱਚ ਵਿਚਰੋ ਤਾਂ ਹੀ ਮੁਕਤੀ[2] ਰੂਪੀ ਸੋਹਣੀ ਸੁਗੰਧੀ ਪ੍ਰਾਪਤ ਹੋ ਸਕਦੀ ਹੈ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਰੂ ਅੰਗਦ ਦੇਵ ਜੀਓ! (ਅੱਗੇ ਹੋਰ) ਮਹਾਨ ਕਥਾ ਸੁਣੋ। ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਨੂੰ ਆਖਿਆ, "ਹੁਣ ਤਾਂ ਬਹੁਤ ਸੈਰ ਕਰ ਲਈ ਹੈ। ਜਿੱਥੇ ਜਿੱਥੇ ਫਿਰਦੇ ਰਹੇ ਹਾਂ, ਉੱਥੋਂ ਦੀ ਬਹੁਤ ਕਿਸਮ ਦੀ ਧਰਤੀ[3] ਵੇਖ ਲਈ ਹੈ। ॥੨॥

ਹੁਣ ਆਪਣੇ ਘਰ[4] ਨੂੰ ਚੱਲੋ।" (ਇਹ) ਸੁਣ ਕੇ ਬੇਦੀ ਕੁਲ ਦੇ ਨਿਸ਼ਾਨ ਗੁਰੂ ਜੀ ਬੋਲੇ, "ਹੇ ਮਰਦਾਨੇ! ਤੈਨੂੰ ਸਦਾ ਹੀ ਘਰ ਯਾਦ ਰਹਿੰਦਾ ਹੈ। ਤੂੰ ਇਸ ਨੂੰ ਕਦੇ ਭੁਲਾਉਂਦਾ ਨਹੀਂ। ॥੩॥

ਜੇਕਰ ਘਰ ਜਾਣ ਦੀ ਬਹੁਤ ਇੱਛਾ ਹੈ ਅਤੇ ਜੇਕਰ ਤੂੰ ਆਪਣੀ ਪਤਨੀ ਤੇ ਪੁੱਤਰ ਨੂੰ ਬਹੁਤਾ ਹੀ ਸਨੇਹ ਕਰਦਾ ਹੈਂ ਤਾਂ ਤੈਨੂੰ ਬਿਨਾਂ ਦੇਰੀ[5] ਤੋਂ ਪਹੁੰਚਾ ਦਿੰਦੇ ਹਾਂ । ਆਪਣੇ ਪਰਿਵਾਰ ਨੂੰ ਮਿਲ ਲਵੀਂ" ॥੪॥

ਮਰਦਾਨਾ ਬੋਲਿਆ, "ਹੇ ਸੁੱਖਾਂ ਦੇ ਦਾਤੇ! ਸੁਣੋ, ਮੈਂ ਤਾਂ ਸਹਿਜ-ਸੁਭਾਅ ਹੀ ਪੁੱਛਿਆ ਸੀ। ਜੇਕਰ ਤੁਸੀਂ ਜਾਓਗੇ ਤਾਂ ਤੁਹਾਡੇ ਨਾਲ ਹੀ ਜਾਵਾਂਗਾ, ਤੁਹਾਡੇ ਤੋਂ ਪਹਿਲਾਂ ਮੈਂ ਘਰ ਨਹੀਂ ਜਾਵਾਂਗਾ।" ॥੫॥

ਗੁਰੂ ਜੀ ਸਹਿਜ-ਸੁਭਾਅ ਹੀ ਬੋਲੇ, "ਤੂੰ ਸਾਡੇ ਨਾਲੋਂ ਪਹਿਲਾਂ ਹੀ ਜਾਏਂਗਾ। ਪਰਲੋਕ (ਸਥਾਈ-ਘਰ[6]) ਨੂੰ ਪਹਿਲਾਂ ਹੀ ਜਾ ਸੰਭਾਲੇਂਗਾ[7] ਅਤੇ ਸੰਸਾਰਕ-ਬੰਧਨਾਂ ਤੋਂ ਮੁਕਤ ਹੋ ਜਾਵੇਂਗਾ। ॥੬॥

ਤੇਰਾ ਜਨਮ-ਮਰਨ ਸੰਸਾਰ ਵਿੱਚੋਂ ਕੱਟਿਆ[8] ਜਾਵੇਗਾ।ਤੂੰ ਮੁੜ ਚੌਰਾਸੀ ਦੇ ਚੱਕਰ ਵਿੱਚ ਨਹੀਂ ਪਵੇਂਗਾ। ਮਰਦਾਨੇ ਜਾਣਿਆ -ਗੁਰੂ ਜੀ ਦੇ ਬਚਨ ਸੱਚ ਹੀ ਹੁੰਦੇ ਹਨ-। (ਤਦ) ਮਰਦਾਨਾ ਮੋਹ-ਰਹਿਤ ਹੋ ਕੇ ਬੋਲਿਆ। ॥੭॥

SikhBookClub.Com

'ਜਿਹ ਤਨ ਛੂਟੈ ਕੌਨ ਥਲ[1] ਹੋਹੀ। ਰਹੀ ਆਰਬਲ[2] ਕਿਤਨਿਕ ਮੋਹੀ?
ਰਾਵਰ ਕੇ ਹਿਰਦੇ ਸਬ ਗਜਾਤਾ । ਇਹੁ ਬਿਤਾਇ ਦੀਜੈ, ਸੁਖਦਾਤਾ!'॥੮॥

'ਭਲੋ ਸਥਲ ਜਾਨਹੁ, ਮਰਦਾਨਾ! ਜਹਾਂ ਹੋਇਗੋ ਤੋਰ ਚਲਾਨਾ[3]।
ਪੰਚ ਦਿਵਸ ਲੌ ਆਯੁਰ[4] ਤੇਰੀ। ਤੀਨ ਘਟੀ ਦਿਨ ਰਹਿ ਤਿਹ ਬੇਰੀ[5] ॥੯॥

ਪੰਚ ਭੂਤਕ[6] ਤਨ ਕੋ ਤਬ ਛੋਰ । ਪਹੁੰਚੋ ਜਾਇ ਅਚਲ ਜਿਹ ਠੌਰ'।
ਬੂਝਨ ਲਗਾ ਬਹੁਰ ਮਰਦਾਨਾ। 'ਹੋਵਹਿ ਜਬ ਹੀ ਮੋਰ ਚਲਾਨਾ॥੧੦॥

ਆਪ ਨਿਕਟ ਤੁਮ ਹੋਹੁ ਕਿ ਨਾਹੀਂ? । ਇਹ ਜਾਨਨ ਕੀ ਮਮ ਚਿਤ ਚਾਹੀ[7]!"
ਸੁਨ ਬੋਲੇ ਬੇਦੀ ਕੁਲ ਦੀਪਾ। 'ਹਮ ਤਬ ਤੇਰੇ ਰਹੈਂ ਸਮੀਪਾ॥੧੧॥

ਕਰ ਕੈ ਸਬ ਪ੍ਰਕਾਰ ਬਿਧਿ ਆਛੇ। ਅਪਰ ਥਾਨ ਗਮਨੈਂ ਤਬ ਪਾਛੇ'।
ਸਬ ਬਿਧਿ ਸੋਂ ਕਹਕੈ ਜਗਸਾਈਂ। ਬਿਦਾ ਪੀਰ ਤੇ ਹ੍ਵੈ ਬਰਿਆਈ[8] ॥੧੨॥

ਮੰਦ ਮੰਦ ਮਗ ਮੈਂ ਪ੍ਰਸਥਾਨੇ। ਚਾਰ ਦਿਵਸ ਬੀਤੇ ਜਬ ਜਾਨੇ।
ਸੁਪਨਾ ਇਕ ਬਿਲੋਕ ਮਰਦਾਨਾ। ਗਤਿਦਾਨੀ ਸੋਂ ਬਚਨ ਬਖਾਨਾ॥੧੩॥

'ਮੋਕਉ ਪ੍ਰਗਟ ਸੁਪਨ ਹੈ ਆਯੋ। ਜਾਰਹਿਂ[9] ਪੁਨ ਜੋ ਧਰਨਿ ਦਬਾਯੋ।
ਆਗੇ ਜਾਰਨ ਤੇ ਇਹ ਥਾਈਂ। ਮੁਝ ਦਿਹੁ ਦਾਹੁ ਅਗਨ ਜਗਸਾਈਂ॥੧੪॥

ਧਰਨਿ[10] ਬਿਖੈਂ ਦਫ਼ਨਾਵਹੁ ਨਾਹੀਂ । ਰਹਿਤ ਨਪਾਕ ਲਖਜੋ ਮਨ ਮਾਂਹੀ'।
ਗੁਰੂ ਭਨਜੋ 'ਹਮਰੇ ਸਿਰ ਭਾਰੰ। ਨਹਿਂ ਦਫਨੈਂ ਦੇਵਹਿਂ ਤੁਹਿ ਜਾਰੰ॥੧੫॥

ਤੇਰੋ ਕਹਜੋ ਕਰੈਂ ਬਿਧ ਨੀਕੀ। ਭਈ ਭਾਵਨੀ ਜਿਉਂ ਤੁਝ ਜੀ[11] ਕੀ ।
ਅਬ ਚਲ ਖੁਰਮੇ ਨਗਰ ਮਝਾਰਾ। ਤਹਿਂ ਤਵ ਖਾਨੋ ਰਹਜੋ ਅਹਾਰਾ॥੧੬॥

SikhBookClub.Com

"ਉਹ ਕਿਹੜੀ ਥਾਂ[1] ਹੋਵੇਗੀ, ਜਿੱਥੇ ਮੇਰਾ ਸਰੀਰ ਛੁੱਟੇਗਾ? ਮੇਰੀ ਉਮਰ[2] ਕਿੰਨੀ ਕੁ ਬਾਕੀ ਰਹਿੰਦੀ ਹੈ? ਆਪ ਜੀ, ਅੰਦਰੋਂ ਸਭ (ਕੁਝ) ਜਾਣਨ ਵਾਲੇ ਹੋ। ਹੇ ਸੁੱਖਾਂ ਦੇ ਦਾਨੀ! ਮੈਨੂੰ ਇਸ ਬਾਰੇ ਦੱਸ ਦਿਉ।" ॥੮॥

(ਗੁਰੂ ਜੀ ਬੋਲੇ) "ਹੇ ਮਰਦਾਨਾ! ਉਹ ਸੋਭਾਮਈ ਥਾਂ ਹੀ ਜਾਣੋਂ, ਜਿੱਥੇ ਤੂੰ ਦੇਹ ਦਾ ਤਿਆਗ[3] ਕਰੇਂਗਾ। ਤੇਰੀ ਪੰਜ ਦਿਨਾਂ ਦੀ ਉਮਰ[4] ਹੋਰ ਰਹਿੰਦੀ ਹੈ। ਉਸ ਵੇਲੇ[5] ਤਿੰਨ-ਘੜੀ ਦਿਨ ਰਹਿੰਦਾ ਹੋਵੇਗਾ ॥੯॥

ਉਸ ਵੇਲੇ ਪੰਜ-ਭੂਤਕ[6] ਸਰੀਰ ਨੂੰ ਤਿਆਗ ਕੇ (ਤੂੰ) ਉਥੇ ਪਹੁੰਚ ਜਾਏਂਗਾ, ਜੋ ਸਥਿਰ-ਸਥਾਨ (ਇਸਥਿਤ-ਥਾਂ) ਹੈ।" ਮਰਦਾਨਾ ਫੇਰ ਪੁੱਛਣ ਲੱਗਾ, "ਜਦੋਂ ਮੇਰਾ ਅਕਾਲ ਚਲਾਣਾ ਹੋਵੇਗਾ ॥੧੦॥

ਕੀ ਉਦੋਂ ਤੁਸੀਂ ਮੇਰੇ ਕੋਲ ਹੋਵੋਗੇ ਕਿ ਨਹੀਂ? ਇਹ ਜਾਣਨ ਦੀ ਇੱਛਾ[7] ਮੇਰੇ ਮਨ ਵਿੱਚ ਹੈ!" ਇਹ ਸੁਣ ਕੇ ਬੇਦੀ-ਕੁਲ ਦੇ ਦੀਪਕ (ਗੁਰੂ ਜੀ) ਬੋਲੇ, "ਉਸ ਵੇਲੇ ਅਸੀਂ ਤੇਰੇ ਕੋਲ ਹੀ ਹੋਵਾਂਗੇ। ॥੧੧॥

ਮੈਂ ਹਰ ਪ੍ਰਕਾਰ ਦੀ ਕਿਰਿਆ, ਚੰਗੀ ਤਰਾਂ ਮੁਕੰਮਲ ਕਰਕੇ ਹੀ, ਉਸ ਤੋਂ ਬਾਅਦ ਵਿੱਚ ਕਿਸੇ ਹੋਰ ਥਾਂ ਜਾਵਾਂਗਾ।" ਚੰਗੀ ਤਰਾਂ ਸਭ ਸਮਝਾ ਕੇ, ਜਗਤ ਦੇ ਮਾਲਕ (ਗੁਰੂ ਜੀ) ਨੇ ਮਰਦਾਨੇ ਦਾ ਧਿਆਨ ਅੰਤ ਵੇਲੇ (ਮੌਤ ਸਮੇਂ) ਦੀ ਪੀੜ ਵੱਲੋਂ ਬਦੋ-ਬਦੀ[8] (ਹਟਾ ਦਿੱਤਾ)। ॥੧੨॥

(ਅਤੇ) ਹੌਲੀ-ਹੌਲੀ ਸਾਰੇ ਜਣੇ (ਅਗਲੇ) ਰਾਹ 'ਤੇ ਚੱਲ ਪਏ। ਜਦੋਂ ਬਗਦਾਦ ਤੋਂ (ਤੁਰਿਆਂ ਨੂੰ ਚਾਰ-ਦਿਨ ਗੁਜ਼ਰ ਗਏ ਤਾਂ ਮਰਦਾਨੇ ਨੇ ਇੱਕ ਸੁਪਨਾ ਵੇਖਿਆ ਤੇ ਉਸ ਨੇ ਮੁਕਤੀਦਾਤੇ (ਗੁਰੂ ਜੀ) ਨੂੰ ਆਖਿਆ। ॥੧੩॥

ਮੈਨੂੰ ਇੱਕ ਪਰਤੱਖ ਸੁਪਨਾ ਆਇਆ ਹੈ ਕਿ ਜਿਨ੍ਹਾਂ (ਮਿਰਤਕਾਂ) ਨੂੰ ਪਹਿਲਾਂ ਧਰਤੀ ਵਿੱਚ ਦਫ਼ਨਾਇਆ ਗਿਆ ਸੀ, ਉਨ੍ਹਾਂ ਨੂੰ ਇਸ ਥਾਂ 'ਤੇ (ਮਗਰੋਂ) ਫੇਰ ਸਾੜਿਆ[9] ਵੀ ਜਾਂਦਾ ਹੈ। (ਸੋ) ਹੇ ਜਗਤ ਦੇ ਮਾਲਕ (ਗੁਰੂ ਜੀਓ)! ਮੈਨੂੰ ਤਾਂ (ਪਹਿਲਾਂ ਹੀ) ਅੱਗ ਵਿੱਚ ਸਾੜ ਦੇਣਾ ॥੧੪॥

ਮੈਨੂੰ ਧਰਤੀ[10] ਵਿੱਚ ਦਫ਼ਨਾਉਣਾ ਨਾ ਕਿਉਂਕਿ ਮੈਂ ਸੋਚਿਆ ਹੈ ਕਿ ਇਉਂ ਜੀਵ ਅਪਵਿੱਤਰ ਹੀ ਰਹਿੰਦਾ ਹੈ।" ਗੁਰੂ ਜੀ ਨੇ ਫ਼ਰਮਾਇਆ, "ਇਹ ਸਾਡੇ ਸਿਰ ਭਾਰ (ਜ਼ਿੰਮਾ) ਰਿਹਾ। ਅਸੀਂ ਤੈਨੂੰ ਧਰਤੀ ਵਿੱਚ ਦਫ਼ਨਾਵਾਂਗੇ ਨਹੀਂ ਸਗੋਂ ਸਾੜ ਦੇਵਾਂਗੇ। ॥੧੫॥

ਅਸੀਂ ਤੇਰੇ ਆਖੇ ਹੋਏ ਨੂੰ ਚੰਗੇ ਢੰਗ ਨਾਲ ਕਰਾਂਗੇ, ਜਿਵੇਂ ਤੇਰੇ ਮਨ[11] ਦੀ ਇੱਛਾ ਹੈ। ਹੁਣ ਖੁਰਮੇ ਸ਼ਹਿਰ ਨੂੰ ਚੱਲੀਏ, ਉੱਥੇ ਅਜੇ ਤੇਰਾ ਅੰਨ-ਜਲ ਬਾਕੀ ਰਹਿੰਦਾ ਹੈ। ॥੧੬॥

SikhBookClub.Com

ਤਜਹੁ ਸਰੀਰ ਜਹਾਂ ਮਰਦਾਨੇ।ਸੰਤਤਿ[1] ਤੋਰ ਰਹੈ ਤਿਹ ਥਾਨੇ'।
ਅਸ ਕਹਿ ਖੁਰਮੇਪੁਰ ਮੈਂ ਗਏ।ਸੁੰਦਰ ਰਚਨਾਂ ਦੇਖਤ ਭਏ॥੧੭॥

ਬੀਚ ਬਜਾਰ ਗਏ ਜਗ ਸਾਂਈ । ਮਰਦਾਨੇ ਸੋਂ ਗਿਰਾ ਅਲਾਈ।
'ਤੇਰੋ ਬਾਕੀ ਰਹਜੋ ਅਹਾਰਾ । ਖਾਵਨ ਕਰਹੁ ਅੰਤ ਕੀ ਬਾਰਾ[2]'॥੧੮॥

ਮਾਨ ਬਚਨ ਤਿਨ ਲੇ ਕਰ ਖਾਯੋ । ਤ੍ਰੈ ਘਟਿਕਾ[3] ਦਿਨ ਸਮਾਂ ਸੁ ਆਯੋ।
ਪੁਰ ਤੇ ਵਹਿਰ ਰੁਚਿਰ ਥਲ ਪਿਖਕੈ । ਬੈਠੇ ਜਾਇ ਤਹਾਂ ਜਨ ਲਖਕੈ॥੧੯॥

ਗੁਰ ਬੂਝਜੋ 'ਕਜਾ ਸੁਧ ਮਰਦਾਨਾ?'।'ਭੀ ਤਜੋਂਗੀ' ਤਿਨ ਬਚਨ ਬਖਾਨਾ।
'ਕਛੂ ਨ ਬਿਲੰਬ ਰਹੀ ਅਬ ਮੋਰੀ'।ਅਸ ਕਹਿ ਪੁਨ ਦੋਊ ਕਰ ਜੋਰੀ[4] ॥੨੦॥

ਗੁਰ ਕੋ ਪਦ ਪੰਕਜ ਸਿਰ ਧਰ ਕੈ । ਭਯੋ ਅਮੋਹ[5] ਸਥਿਤ ਮਨ ਕਰਕੈ।
ਬੂਝਨ ਲਗੇ 'ਚਲਨ ਸੁਧ ਤੋਹੀ।ਕਿਸ ਪ੍ਰਕਾਰ ਹਿਰਦੇ ਮਹਿਂ ਹੋਹੀ?'॥੨੧॥

ਦੋਹਰਾ

'ਸੁਧ ਮੋਕੋਂ ਤੁਮ ਸੰਗ ਤੇ ਪ੍ਰਾਪਤਿ ਸੁਨਹੁ ਕ੍ਰਿਪਾਲ!
ਨਾਭੀ[6] ਮਹਿਂ ਜੋ ਪੌਨ ਕੀ ਗੰਠ[7] ਖੁਲੀ ਇਹ ਕਾਲ॥੨੨॥

ਚੌਪਈ

ਨੌ ਅਬ ਸ੍ਵਾਸ[8] ਆਵਨੇ ਰਹੇ । ਗਿਨ ਦੇਖਹੁ ਮੈਂ ਕੂਰ ਨ ਕਹੇ'।
ਸ੍ਰੀ ਅੰਗਦ ਸੁਨ! ਤਬਹਿ ਕ੍ਰਿਪਾਲਾ । ਮੁਝ ਸੋਂ ਕਹਜੋ ਕਿ 'ਗਿਨੀਏ ਬਾਲਾ!'॥੨੩॥

ਲਾਗਜੋ ਗਿਨਨੇ ਮੈਂ ਜਬ ਤਾਂਕੇ।ਨੌ ਸ੍ਵਾਸ ਆਏ ਤਬ ਜਾਂਕੇ।
ਬਹੁਰੋ ਮੈਂ ਤਨ ਸੋਂ ਕਰ[9] ਲਾਯੋ।ਤਿਹ ਕੇ ਪਾਛੇ ਸ੍ਵਾਸ ਨ ਆਯੋ॥੨੪॥

'ਭਾ ਪੂਰਾ' ਪ੍ਰਭੁ ਸੰਗ ਬਖਾਨਾ।'ਰਾਵਰ ਬਿਖੈ ਲੀਨ[10] ਮੈਂ ਜਾਨਾ।
ਸੁਗਮ[11] ਮ੍ਰਿੱਤ ਉੱਤਮ ਗਤਿ ਪਾਯੰ।ਜਜੋਂ ਹੁਇ ਜੋਗੀ ਜੋਗ ਕਮਾਯੰ॥੨੫॥

SikhBookClub.Com

ਮਰਦਾਨਿਆ! ਜਿਸ ਥਾਂ 'ਤੇ ਜਾ ਕੇ ਤੂੰ (ਆਪਣਾ) ਸਰੀਰ ਤਿਆਗੇਂਗਾ, ਤੇਰੀ ਸੰਤਾਨ[1] ਉੱਥੇ ਹੀ ਸਥਿਤ ਹੋਵੇਗੀ।" ਇਉਂ ਆਖ ਕੇ ਉਹ ਖੁਰਮੇ ਸ਼ਹਿਰ ਵਿੱਚ ਪੁੱਜ ਗਏ ਤੇ ਉਥੋਂ ਦੀ ਸੋਹਣੀ ਰੌਣਕ ਵੇਖਣ ਲੱਗ ਪਏ। ॥੧੭॥

ਜਗਤ ਦੇ ਮਾਲਕ ਬਜ਼ਾਰ ਵਿੱਚ ਗਏ ਤੇ ਮਰਦਾਨੇ ਨੂੰ ਆਖਿਆ, "ਤੇਰਾ ਅੰਨ-ਪਾਣੀ ਬਾਕੀ ਰਹਿੰਦਾ ਹੈ, ਸੋ ਆਖ਼ਰੀ ਵਾਰ[2] ਦਾ ਭੋਜਨ ਕਰ ਲੈ!" ॥੧੮॥

ਬਚਨ ਮੰਨ ਕੇ, ਉਸ ਨੇ (ਭੋਜਨ) ਲੈ ਕੇ ਖਾ ਲਿਆ। ਤਿੰਨ-ਘੜੀਆਂ[3] ਦਿਨ ਵਾਲਾ (ਉਸ ਦਾ ਅੰਤਲਾ) ਸਮਾਂ ਆਣ ਪੁੱਜਾ। ਨਗਰ ਤੋਂ ਬਾਹਰ ਸੋਹਣੀ ਥਾਂ ਵੇਖ ਕੇ, ਮਰਦਾਨੇ ਨੂੰ ਆਪਣਾ ਭਗਤ ਜਾਣ ਕੇ, ਗੁਰੂ ਜੀ ਉੱਥੇ ਬੈਠ ਗਏ। ॥੧੯॥

ਗੁਰੂ ਜੀ ਨੇ ਪੁੱਛਿਆ, "ਮਰਦਾਨਿਆ! ਤੇਰਾ ਕੀ ਹਾਲ ਹੈ?" (ਬੱਸ ਜਾਣ ਦੀ) ਤਿਆਰੀ ਹੈ", ਉਸਨੇ ਕਿਹਾ, "ਬੱਸ ਹੁਣ ਮੇਰੀ ਕੋਈ ਦੇਰੀ ਨਹੀਂ।" (ਮਰਦਾਨੇ ਨੇ) ਇਉਂ ਆਖ ਕੇ ਫੇਰ ਦੋਵੇਂ ਹੱਥ ਜੋੜ[4] ਲਏ। ॥੨੦॥

ਗੁਰੂ ਜੀ ਦੇ ਚਰਨ-ਕਮਲਾਂ ਉੱਤੇ ਸਿਰ ਰੱਖ ਕੇ ਉਹ ਮਨ ਨੂੰ ਕਾਬੂ ਕਰ ਕੇ, ਮੋਹ-ਰਹਿਤ[5] ਹੋ ਗਿਆ। (ਗੁਰੂ ਜੀ) ਪੁੱਛਣ ਲੱਗੇ, "ਕੀ ਤੈਨੂੰ ਜਾਣ ਦੀ ਸੋਝੀ ਹੈ? ਤੇਰੇ ਮਨ ਅੰਦਰ ਕਿਹੋ-ਜਿਹਾ ਅਨੁਭਵ ਹੋ ਰਿਹਾ ਹੈ?" ॥੨੧॥

ਦੋਹਰਾ

(ਮਰਦਾਨੇ ਕਿਹਾ), "ਹੇ ਕਿਰਪਾਲੂ ਜੀਓ! ਸੁਣੋ, ਇਹ ਸੋਝੀ ਮੈਨੂੰ ਆਪ ਜੀ ਦੇ ਸੰਗ ਕਰਕੇ ਪ੍ਰਾਪਤ ਹੋਈ ਹੈ। ਧੁੰਨੀ[6] ਵਿੱਚ ਜੋ ਹਵਾ ਦੀ ਗੰਢ[7] ਹੈ, ਉਹ ਇਸ ਸਮੇਂ ਖੁੱਲ੍ਹ ਗਈ ਹੈ। ॥੨੨॥

ਚੌਪਈ

ਹੁਣ ਨੌਂ ਸੁਆਸ[8] ਆਉਣੇ ਬਾਕੀ ਰਹਿੰਦੇ ਹਨ। ਭਾਵੇਂ ਤੁਸੀਂ ਗਿਣ ਕੇ ਵੇਖ ਵੀ ਲਵੋ, ਮੈਂ ਝੂਠ ਨਹੀਂ ਕਹਿ ਰਿਹਾ।" ਗੁਰੂ ਅੰਗਦ ਦੇਵ ਜੀਓ! ਸੁਣੋ!! ਤਾਂ ਫੇਰ ਕਿਰਪਾਲੂ (ਗੁਰੂ ਨਾਨਕ ਜੀ) ਨੇ ਸੁਣ ਕੇ ਮੈਨੂੰ ਆਖਿਆ, "(ਭਾਈ) ਬਾਲਿਆ! ਤੂੰ ਗਿਣ!!" ॥੨੩॥

ਜਿਸ ਵੇਲੇ ਮੈਂ ਉਸ ਦੇ (ਸੁਆਸ) ਗਿਣਨ ਲੱਗਿਆ ਤਾਂ ਵੇਖਿਆ ਕਿ ਉਸ ਨੂੰ ਨੌਂ ਹੀ ਸਾਹ ਆਏ। ਫੇਰ ਮੈਂ ਉਸ ਦੇ ਸਰੀਰ ਨੂੰ ਹੱਥ[9] ਲਾਇਆ। ਪਰ ਉਸ ਪਿੱਛੋਂ ਉਸ ਨੂੰ ਕੋਈ ਸਾਹ ਨਾ ਆਇਆ। ॥੨੪॥

"ਪੂਰਾ ਹੋ ਗਿਆ ਜੀ।" (ਮੈਂ) ਗੁਰੂ ਜੀ ਨੂੰ ਦੱਸ ਦਿੱਤਾ। (ਤੇ ਨਾਲੇ ਇਹ ਵੀ ਦੱਸਿਆ), "ਮੈਂ ਜਾਣ ਲਿਆ ਹੈ ਕਿ ਇਹ ਆਪ ਜੀ ਵਿੱਚ ਹੀ ਸਮਾ[10] ਗਿਆ ਹੈ। ਇਸ ਦੀ ਬੜੀ ਸੌਖੀ[11] ਮੌਤ ਹੋ ਗਈ ਹੈ। ਇਸ ਨੇ ਸ੍ਰੇਸ਼ਟ ਮੁਕਤੀ ਪਾ ਲਈ ਹੈ ਜਿਵੇਂ ਕਿ ਕਿਸੇ ਜੋਗੀ ਨੇ ਜੋਗ ਦੀ ਸਾਧਨਾ ਕਰਕੇ ਪ੍ਰਾਪਤ ਕੀਤੀ ਹੋਵੇ। ॥੨੫॥

SikhBookClub.Com

ਹੋਇ ਆਪ ਕੀ ਕਰੁਨਾ ਜਾਂਹੀ।ਪ੍ਰਾਪਤਿ ਮ੍ਰਿੱਤੁ ਸੁ ਅਸ ਨਰ ਤਾਂਹੀ।
ਜਿਉਂ ਗਜ[1] ਫੂਲ ਮਾਲ ਕੋ ਡਾਰਹਿ।ਤਿਉਂ ਕਛੁ ਖੇਦ[2] ਨ ਮਨ ਮਹਿੰ ਧਾਰਹਿ' ॥੨੬॥

ਸ੍ਰੀ ਗੁਰ ਕਹਯੋ 'ਸੁਨਹੁ ਅਬ ਬਾਲਾ! ਇਹ ਕੋ ਜਾਰ ਦੇਹੁ ਤਤਕਾਲਾ'।
ਨਿਜ ਪਰ ਤੇ ਪਟ[3] ਇਕ ਗੁਰ ਦੀਨੋ।ਤਬ ਮੈਂ ਏਕ ਆਪਨੋ ਲੀਨੋ॥੨੭॥

ਦੋਨੋ ਨੀਕੀ ਬਿਧ ਸੋਂ ਪਾਇ।ਬਹੁ ਕਾਸ਼ਟ[4] ਕੀਨੋ ਇਕ ਥਾਇ ।
ਤਾਂ ਪਰ ਧਰ ਕੈ ਪਾਵਕ[5] ਜਾਰੀ।ਤਤਛਿਨ ਦੇਹ ਭਸਮ ਕਰ ਡਾਰੀ॥੨੮॥

ਏਕ ਨਿਸਾ ਖ਼ੁਰਮੇ[(*1)] ਪੁਰ ਮਾਂਹੀਂ । ਰਹੇਂ ਪ੍ਰਭੂ,ਜਿਹ ਪਿਖ ਦੁਖ ਜਾਂਹੀ ।
ਭਏ ਤਯਾਰ ਚਲਨੇ ਕੋ ਜਬ ਹੀ ।ਗੋਰਖ ਦਈ ਦਿਖਾਈ ਤਬ ਹੀ॥੨੯॥

ਦੋਹਰਾ

ਕਛੁਕ ਸਿੱਧ ਜਿਹ ਸੰਗ ਹੈਂ ਕਹੀ 'ਅਦੇਸ ਅਦੇਸ'।
'ਏਕੰਕਾਰ ਅਦੇਸ ਹੈ'ਬੋਲੇ ਸ੍ਰੀ ਜਗਤੇਸ਼॥੩੦॥

ਚੌਪਈ

ਸਿਧ ਸਭ ਬੈਠੇ ਬਚਨ ਅਲਾਏ।'ਕੈਸੇ ਦੁਰਮਤਿ ਤਯਾਗੀ ਜਾਏ?।
ਕਿਹ ਬਿਧ ਦੁਨੀਆਂ ਦੁੱਤਰ[6] ਤਰੈ?।ਕਿਉਂ ਕਰ ਜੀਵਤ ਜਗ ਮਹਿੰ ਮਰੈ?॥੩੧॥

ਕੈਸੇ ਸਚ ਸੋਂ ਹੋਇ ਪਛਾਨੇ?।ਕਿਸ ਪ੍ਰਕਾਰ ਮਗ[7] ਲੇਵਹਿ ਜਾਨੇ?।
ਹੋਤ ਰਿਖੀਕ[8] ਬਸੀ ਕਿਹ ਭਾਂਤੀ?।ਕਿਹ ਤੇ ਮਨ ਮਾਨਹਿ ਹ੍ਵੈ ਸ਼ਾਂਤੀ?॥੩੨॥

ਕੈਸੇ ਰੂਪ ਕਿਤੋ ਬਿਸਤਾਰੂ[9]? । ਕਰਬੇ ਜੋਗ ਸੁ ਕੌਨ ਅਚਾਰੂ।
ਕਿਹ ਤੇ ਆਵਹਿ ਕਿਸ ਮਹਿੰ ਜਾਈ?।ਕਹਾਂ ਸਮਾਵਹਿ[10], ਦੇਹ ਬਤਾਈ?'॥੩੩॥

SikhBookClub.Com

ਜਿਥੇ ਕਿਤੇ ਵੀ ਆਪ ਜੀ ਦੀ ਕਿਰਪਾ ਹੋਵੇ, ਉਸ ਮਨੁੱਖ ਨੂੰ ਅਜਿਹੀ ਹੀ ਸੁਖੈਨ ਮੌਤ ਪ੍ਰਾਪਤ ਹੁੰਦੀ ਹੈ । ਜਿਵੇਂ ਹਾਥੀ[1] ਫੁੱਲਾਂ ਦੀ ਮਾਲਾ ਨੂੰ (ਪਰ੍ਹਾਂ) ਸੁੱਟ ਦਿੰਦਾ ਹੈ, ਤਿਵੇਂ ਹੀ (ਉਹ ਮਨੁੱਖ) (ਸਰੀਰ ਤਿਆਗਦਿਆਂ) ਮਨ ਵਿੱਚ ਦੁੱਖ[2] ਨਹੀਂ ਧਾਰਨ ਕਰਦਾ" ॥੨੬॥

ਗੁਰੂ ਜੀ ਨੇ ਫ਼ਰਮਾਇਆ, "ਹੇ ਬਾਲਾ! ਸੁਣੋ, ਹੁਣ ਛੇਤੀ ਇਸ ਨੂੰ (ਅੱਗ ਦੀ ਮਦਦ ਨਾਲ) ਸਾੜ ਦਿਉ।" ਗੁਰੂ ਜੀ ਨੇ ਆਪਣੇ ਉੱਪਰੋਂ (ਉਤਾਰ ਕੇ) ਇੱਕ ਬਸਤਰ[3] ਦਿੱਤਾ ਅਤੇ ਫੇਰ ਮੈਂ ਆਪਣੀ ਇੱਕ ਚਾਦਰ ਲੈ ਲਈ। ॥੨੭॥

ਦੋਵੇਂ (ਬਸਤਰ) ਬੜੇ ਸੋਹਣੇ ਢੰਗ ਨਾਲ ਉਪਰ ਪਾ ਦਿੱਤੇ। ਬਹੁਤ ਸਾਰੀਆਂ ਲੱਕੜਾਂ[4] ਇੱਕ ਥਾਂ 'ਤੇ ਇਕੱਠੀਆਂ ਕੀਤੀਆਂ ਤੇ (ਉਸ ਦੀ ਦੇਹ ਉਪਰ ਰੱਖ ਕੇ) ਅੱਗ[5] ਜਲਾਈ। ਤੁਰੰਤ ਅੱਗ ਨੇ ਉਸ ਦੀ ਦੇਹ ਜਲਾ ਕੇ ਸੁਆਹ ਕਰ ਦਿੱਤੀ। ॥੨੮॥

ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖ ਨਾਸ਼ ਹੋ ਜਾਂਦੇ ਹਨ,ਖੁਰਮ ਸ਼ਹਿਰ ਵਿੱਚ ਇੱਕ ਰਾਤ ਠਹਿਰੇ । ਜਦੋਂ ਗੁਰੂ ਜੀ ਨੇ ਜਾਣ ਦੀ ਤਿਆਰੀ ਕੀਤੀ, ਤਦ ਹੀ ਉਨ੍ਹਾਂ ਨੂੰ ਗੋਰਖ ਦਿਖਾਈ ਦਿੱਤਾ। ॥੨੯॥

ਦੋਹਰਾ

ਕੁਝ ਕੁ ਸਿੱਧ (ਚੇਲੇ) ਜੋ ਉਸ ਦੇ ਨਾਲ ਸਨ, ਉਨ੍ਹਾਂ ਨੇ "ਆਦੇਸ਼! ਆਦੇਸ਼ (ਪਰਨਾਮ)!" ਆਖਿਆ। "(ਉਸ) ਇੱਕ ਕਰਤਾਰ ਨੂੰ ਨਮਸਕਾਰ ਹੈ।" ਜਗਤ ਦੇ ਮਾਲਕ ਗੁਰੂ ਜੀ ਨੇ ਫ਼ਰਮਾਇਆ। ॥੩੦॥

ਚੌਪਈ

ਸਾਰੇ ਬੈਠੇ ਸਿੱਧਾਂ ਨੇ ਬਚਨ ਕੀਤੇ (ਕਈ ਸਾਰੇ ਪ੍ਰਸ਼ਨ ਕੀਤੇ), "ਭੈੜੀ ਮੱਤ ਕਿਵੇਂ ਛੱਡੀ ਜਾਵੇ? ਇਸ ਕਠਨ (ਤਰਨ ਵਾਲੀ)[6] ਦੁਨੀਆਂ ਨੂੰ ਕਿਵੇਂ ਤਰਿਆ ਜਾਵੇ? ਜਗਤ ਵਿੱਚ ਜਿਉਂਦਿਆਂ ਹੀ ਕਿਵੇਂ ਮਰਿਆ ਜਾਵੇ? ॥੩੧॥

ਸੱਚ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ? ਸੱਚ ਦੇ ਰਾਹ[7] ਨੂੰ ਕਿਵੇਂ ਜਾਣਿਆ ਜਾ ਸਕਦਾ ਹੈ? ਇੰਦਰੀਆਂ[8] ਕਿਵੇਂ ਵੱਸ ਕੀਤੀਆਂ ਜਾਣ? ਮਨ ਸ਼ਾਂਤ ਕਿਵੇਂ ਹੋਵੇ? ॥੩੨॥

ਉਸ ਦਾ ਰੂਪ ਕੀ ਹੈ ਤੇ ਉਸ ਦਾ ਵਿਸਥਾਰ[9] ਕਿੰਨਾ-ਕੁ ਹੈ? (ਇਸ ਦੇ ਵਿਸਥਾਰ) ਕਰਨ ਵਾਲਾ ਕਿਹੜਾ ਕੰਮ ਹੈ? ਕਿਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ? ਅਤੇ ਕਿੱਥੇ ਜਾ ਸਮਾਉਂਦਾ[10] ਹੈ? ਇਹ ਸਾਨੂੰ ਦੱਸ ਦਿਉ। ॥੩੩॥

SikhBookClub.Com

ਸੁਨ ਕਰ ਸਿੱਧਨ ਕੀ ਅਸ ਬਾਨੀ । ਉੱਤਰ ਕਹਜੋ ਤੁਰਤ ਗੁਨਖਾਂਨੀ।
'ਗੁਰਮਤ ਲੇ ਦੁਰਮਤ ਤਬ ਦੀਨੀ । ਦੁਸਤਰ[1] ਤਰੇ ਨਾਮ ਮਤ ਭੀਨੀ॥ ੩੪॥

ਗੁਰ ਕਾ ਸਬਦ ਰਿਦੇ ਮਹਿਂ ਧਰਿਯਾ।ਜੀਵਤ ਮ੍ਰਿੱਤਕ ਬਹੁਰ ਨ ਮਰਿਯਾ।
ਗੁਰਮੁਖ ਲੇਵਹਿ ਸਾਚ ਪਛਾਨੇ।ਗੁਰਮੁਖ ਖੋਜਤ ਮਗ ਕੋ ਜਾਨੇ॥ ੩੫॥

ਮਨ ਮਾਰੇ ਇੰਦ੍ਰੀ ਬਸ[2] ਹੋਈ । ਮਨ ਤੇ ਮਨ ਮਾਨਤ ਹੈ ਸੋਈ।
ਕਥਨੇ ਤੇ ਅਕੱਥ ਤਿਹ ਰੂਪਾ।ਨਿਰੰਕਾਰ ਜਿਹ ਚਰਿਤ ਅਨੂਪਾ॥ ੩੬॥

ਦੋਹਰਾ
ਨਿਸ ਦਿਨ ਜਪ ਨਿਰੰਕਾਰ ਕੋ ਇਸ ਤੇ ਪਰੇ[3] ਨ ਕਾਰ।
ਹੁਕਮੇ ਆਵਹਿ ਜਾਵਈ ਹੁਕਮ ਸਮਾਇ ਬਿਚਾਰ'॥ ੩੭॥

ਚੌਪਈ
ਸੁਨ ਗੋਰਖ ਪੁਨ ਬਚਨ ਉਚਾਰੇ।'ਮੇਲੇ ਅੱਚਲ[(*2)] ਚਲਹੁ ਸੰਗਾਰੇ'।
ਬੂਝਜੋ ਗੁਰੂ 'ਕਿਤਕ ਸੋ ਦੂਰੰ।ਕਬਕੋ ਮੇਲਾ ਹੋਵਹਿ ਪੂਰੰ?'॥ ੩੮॥

'ਖਸ਼ਟ ਸਹਸ[4] ਹੈ ਪੰਥ ਦੁਹੇਲਾ[5]।ਕਲ ਕੋ ਮੇਲਾ ਹੋਇ ਸਕੇਲਾ[6]'।
'ਸੁਨ ਗੋਰਖ ਤੁਮ ਅਜਮਤਵਾਨਾ । ਉਡ ਕਰ ਜਾਹਿਂ ਬੇਗ ਤਹਿਂ ਥਾਨਾ॥ ੩੯॥

ਹਮ ਤੋ ਮੰਦ ਮੰਦ ਤਹਿਂ ਆਵੈਂ । ਜਾਇ ਕਾਲ[7] ਸੋ ਉਡ ਕੈ ਜਾਵੈ।
ਹਮਰੋ ਤੁਮਰੋ ਸੰਗ ਨਾ ਹੋਈ । ਸ਼ਕਤ ਅਸ਼ਕਤ ਮੇਲ ਨਹਿਂ ਕੋਈ'॥ ੪੦॥

ਦੋਹਰਾ
'ਤੁਮ ਜਬ ਗਏ ਸੁਮੇਰ ਪਰ ਕੌਂਸ[8] ਉਡਾਈ ਜ਼ੋਰ।
ਸ਼ਕਤਿ ਦਿਖਾਈ ਸਭਨ ਕੋ, ਕਹਾਂ ਗਯੋ ਬਲ ਤੋਰ?॥ ੪੧॥

SikhBookClub.Com

ਸਿੱਧਾਂ ਦੇ ਅਜਿਹੇ ਕਥਨ (ਗੱਲਬਾਤ) ਸੁਣ ਕੇ, ਗੁਣਾਂ ਦੀ ਖਾਣ (ਗੁਰੂ ਜੀ) ਨੇ ਤੁਰੰਤ ਉੱਤਰ ਦਿੱਤਾ, "ਗੁਰਮਤਿ ਪ੍ਰਾਪਤੀ 'ਤੇ ਹੀ ਦੁਰਮਤ (ਭੈੜੀ-ਮੱਤ) ਤਿਆਗੀ ਜਾਂਦੀ ਹੈ। 'ਨਾਮ' ਵਿੱਚ ਬੁੱਧੀ ਨੂੰ ਪਸੀਜ ਕੇ, ਕਠਿਨ[1] ਸਥਿਤੀ ਤੋਂ ਵੀ ਤਰਿਆ ਜਾ ਸਕਦਾ ਹੈ। ॥੩੪॥

ਗੁਰੂ ਦੀ ਸਿੱਖਿਆ (ਸ਼ਬਦ) ਹਿਰਦੇ ਵਿੱਚ ਵਸਾ ਕੇ ਜੀਵਤ-ਦਸ਼ਾ ਵਿੱਚ ਹੀ ਮੋਇਆ ਹੋਇਆ (ਆਪਣੇ-ਆਪ ਨੂੰ) ਜਾਣ ਕੇ, ਫੇਰ ਅਮਰ ਹੋ ਜਾਈਦਾ ਹੈ। ਗੁਰਮੁਖ ਸੱਚ ਨੂੰ ਪਛਾਣ ਲੈਂਦਾ ਹੈ ਤੇ ਜੋ ਗੁਰਮੁਖ ਹੈ, ਉਹ ਖੋਜ-ਭਾਲ ਕਰ ਕੇ (ਸੱਚ ਦਾ) ਰਾਹ ਲੱਭ ਲੈਂਦਾ ਹੈ। ॥੩੫॥

ਮਨ ਨੂੰ ਮਾਰਨ ਨਾਲ ਇੰਦਰੀਆਂ ਵੱਸ[2] ਹੋ ਜਾਂਦੀਆਂ ਹਨ ਅਤੇ ਇਉਂ ਅੰਤਹਕਰਣ (ਦੇ ਪ੍ਰਭਾਵ ਕਾਰਨ) ਮਨ ਉਹੋ ਕਬੂਲ ਕਰ ਲੈਂਦਾ ਹੈ। ਉਸ ਦੇ ਰੂਪ ਦਾ ਵਿਸਥਾਰ ਬਿਆਨ ਨਹੀਂ ਕੀਤਾ ਜਾ ਸਕਦਾ। ਨਿਰੰਕਾਰ, ਕਰਨੀ-ਕਥਨੀ ਤੋਂ ਬਾਹਰ ਹੈ। ॥੩੬॥

ਦੋਹਰਾ

ਦਿਨੇ-ਰਾਤ ਪਰਮੇਸ਼ਰ ਦਾ ਸਿਮਰਨ ਕਰਨ ਤੋਂ ਉੱਪਰ[3] ਹੋਰ ਕੋਈ (ਵੱਡਾ) ਕਰਨ ਯੋਗ ਕੰਮ ਨਹੀਂ ਹੈ। (ਪ੍ਰਭੂ ਦੇ) ਹੁਕਮ ਅੰਦਰ ਰਹਿ ਕੇ ਤੇ ਹੁਕਮ ਅਨੁਸਾਰ ਵਿਚਾਰ ਕਰ ਕੇ (ਉਸ ਹੁਕਮ ਨੂੰ ਕਮਾ ਕੇ) ਪ੍ਰਭੂ ਵਿੱਚ ਸਮਾਇਆ ਜਾ ਸਕੀਦਾ ਹੈ। ॥੩੭॥

ਚੌਪਈ

ਸੁਣ ਕੇ ਗੋਰਖ ਨੇ (ਗੁਰੂ ਜੀ ਨੂੰ) ਫੇਰ ਆਖਿਆ, "ਸਾਡੇ ਨਾਲ 'ਅੱਚਲ' ਦੇ ਮੇਲੇ 'ਤੇ ਚੱਲੋ।" ਗੁਰੂ ਜੀ ਨੇ ਪੁੱਛਿਆ, "ਉਹ (ਅਚੱਲ) ਕਿੰਨੀ ਕੁ ਦੂਰ ਹੈ? (ਤੇ) ਮੇਲਾ ਕਦੋਂ ਪੂਰਾ (ਸੰਪੂਰਨ) ਹੋਵੇਗਾ? ॥੩੮॥

"ਛੇ-ਸੌ[4] (ਕੋਹ) ਦਾ ਕਠਨ[5] ਰਸਤਾ ਹੈ। ਕੱਲ੍ਹ ਨੂੰ ਇਸ ਮੇਲੇ ਦਾ ਇਕੱਠ[6] ਹੋਣਾ ਹੈ।" ਤਾਂ ਗੁਰੂ ਜੀ ਬੋਲੇ, "ਸੁਣ ਗੋਰਖਨਾਥ! ਤੂੰ ਸ਼ਕਤੀਆਂ ਵਾਲਾ ਹੈਂ, ਛੇਤੀ ਉੱਡ ਕੇ ਉੱਥੇ ਪਹੁੰਚ ਜਾਵੇਂਗਾ। ॥੩੯॥

ਪਰ ਅਸੀਂ ਤਾਂ ਉੱਥੇ ਹੌਲੀ-ਹੌਲੀ ਪਹੁੰਚਾਂਗੇ।ਜੋ ਕੱਲ੍ਹ[7] ਜਾਣਾ ਚਾਹੇ, ਉਹ ਤਾਂ ਉੱਡ ਕੇ ਹੀ ਜਾਵੇਗਾ। (ਸੋ) ਤੇਰਾ ਸਾਡਾ ਸਾਥ ਨਹੀਂ ਹੋ ਸਕਦਾ। ਸ਼ਕਤੀਵਾਨ ਅਤੇ ਨਾ-ਸ਼ਕਤੀ ਵਾਲੇ ਦਾ ਆਪਸ ਵਿੱਚ ਕੋਈ ਮੇਲ ਨਹੀਂ ਹੁੰਦਾ ॥੪੦॥

ਦੋਹਰਾ

(ਗੋਰਖ ਮੁੜ ਬੋਲਿਆ), ਜਦੋਂ ਤੁਸੀਂ ਸੁਮੇਰ ਪਰਬਤ 'ਤੇ ਗਏ ਸੀ ਤਾਂ ਤੁਸੀਂ ਕਿਹੜੀ ਸ਼ਕਤੀ ਦੇ ਜ਼ੋਰ ਨਾਲ ਖੜਾਉ[8] ਉਡਾਈ ਸੀ? ਉਦੋਂ ਤੁਸੀਂ ਸਾਰਿਆਂ ਲੋਕਾਂ ਨੂੰ ਸ਼ਕਤੀ ਦਿਖਾਈ ਸੀ, ਹੁਣ ਤੁਹਾਡੀ ਸ਼ਕਤੀ ਕਿੱਥੇ ਚਲੀ ਗਈ? ॥੪੧॥

SikhBookClub.Com

ਚੌਪਈ

ਹਰੀ ਗਈ ਕਿਉਂ ਸ਼ਕਤਿ ਤੁਮਾਰੀ? । ਕਰਕੇ ਬਾਦ[1] ਕਾਹਿ ਢਿਗ ਹਾਰੀ?'।
ਸ੍ਰੀ ਗਰੁ ਕਹੈਂ 'ਨ ਮੋਹਿ ਉਡਾਈ । ਸ੍ਰੀ ਪਰਮੇਸ਼ੁਰ ਤਬਹਿ ਚਲਾਈ॥੪੨॥

ਨਰ ਮਹਿਂ ਸ਼ਕਤਿ ਨ ਕੈਸੇ ਹੋਈ । ਏਕ ਨਿਰੰਜਨ ਸਭ ਕੋ ਜੋਈ।
ਸੋਈ ਹਮ ਕੋ ਜਬੈ ਉਡਾਵੈ।ਚਲੀਏ ਤੁਮ ਪੀਛੇ ਹਮ ਆਵੈਂ' ॥੪੩॥

ਸੁਨ ਸਿੱਧਨ ਸਭ ਲੀਨ ਉਡਾਰੀ । ਗਮਨੇ ਤੂਰਨ ਇੱਛਾਚਾਰੀ।
ਕਿਤਕ ਕਾਲ ਪੀਛੇ ਜਗਸਾਈਂ । ਪਹੁੰਚੇ ਪੁਰਾ ਜਾਇ ਤਿਸ ਥਾਂਈ ॥੪੪॥

ਊਚੇ ਥਲ ਇਕ ਅਚਲ ਮਝਾਰੀ । ਤਿਹ ਪਰ ਬੈਠ ਸੁਹਾਵਤ ਭਾਰੀ ।
ਪੀਛੇ ਸਿੱਧ ਤਹਾਂ ਸਬ ਆਏ । ਦੇਖ 'ਅਦੇਸ ਅਦੇਸ'ਅਲਾਏ॥੪੫॥

ਦੋਹਰਾ

ਕਹਯੋ ਕਿ 'ਇਸ਼ਟੀ[2] ਤੂੰ ਬਡਾ ਟਾਮਨ[3] ਕਰਤ ਬਨਾਇ।
ਹੁਤੋ ਪਛੇਰੇ ਸਬਨ ਤੇ ਪੂਰਬ ਪਹੁੰਚੇ ਧਾਇ'॥੪੬॥

ਚੌਪਈ

'ਇਸ਼ਟ ਹਮਾਰਾ ਏਕੁੰਕਾਰਾ । ਗੁਰ ਕੇ ਸਬਦ ਕਰਜੋ ਨਿਸਤਾਰਾ।
ਸ਼ੰਭੁ ਨਾਥ ਹੈ ਦੁਰਮਤਿ ਭੀਨਾ।ਬਿਨ ਕਰਤਾਰ ਆਨ[4] ਮਤਿ ਲੀਨਾ'।੪੭।

ਸਭ ਸਿੱਧਨ ਨਿਜ ਆਸਨ ਲਾਏ । ਲੋਕਨ ਤੇ ਬਹੁ ਪੂਜ ਕਰਾਏ।
ਸ੍ਰੀ ਗੁਰ ਕੀ ਮਨਤਾ ਬਹੁ ਹੋਈ । ਸਿੱਧ ਬਿਲੋਕ ਗਏ ਜਰ[5] ਸੋਈ॥੪੮॥

ਮੇਲਾ ਬਿਛੁਰ ਗਯੋ ਜਿਸ ਬੇਰੇ । ਸਿੱਧ ਗਏ ਸਭ ਅਪਨੇ ਡੇਰੇ।
ਮੁਝ ਬੂਝਜੋ ਗੁਰ ਚਲਣੇ ਹਿਤ ਕੋ।ਲੇਨੋ ਸੰਗ ਮਰਦਾਨੇ ਸੁਤ ਕੋ॥੪੯॥

'ਚਲਹੁ ਅਬੈ ਤਲਵੰਡੀ ਮਾਂਹੀ । ਖੁਰਮੇ ਨਗਰ ਪੁਚਾਵਹਿਂ ਤਾਂਹੀ।
ਦੈ ਸਿਰਪਾਉ[6] ਬਿਠਾਇਂ ਭਲੇਰੇ[7] । ਇਸ ਬਿਧ ਕਰਨ ਭਾਰ[8] ਸਿਰ ਮੇਰੇ'॥੫੦॥

SikhBookClub.Com

ਚੌਪਈ

"ਤੁਹਾਡੀ ਸ਼ਕਤੀ ਖ਼ਤਮ ਕਿਉਂ ਹੋ ਗਈ? ਚਰਚਾ (ਸੰਵਾਦ)[1] ਕਰਕੇ ਢੇਰੀ ਕਿਉਂ ਢਾਹ ਦਿੱਤੀ ਹੈ?" ਸਤਿਗੁਰੂ ਜੀ ਬੋਲੇ, "(ਉਹ ਖੜਾਂਵ) ਮੈਂ ਨਹੀਂ ਸੀ ਉਡਾਈ, ਓਦੋਂ ਪਰਮੇਸ਼ਰ ਨੇ ਉਡਾਈ ਸੀ। ॥੪੨॥

ਮਨੁੱਖ ਵਿੱਚ ਕਿਸੇ ਤਰਾਂ ਸ਼ਕਤੀ ਨਹੀਂ ਹੁੰਦੀ । ਜੋ ਪਰਮੇਸ਼ਰ ਸਾਰਿਆਂ ਦਾ (ਸਾਂਝਾ) ਹੈ, ਜਦੋਂ ਉਹ ਸਾਨੂੰ ਉਡਾਵੇਗਾ (ਆ ਜਾਵਾਂਗੇ) । ਤੁਸੀਂ ਚੱਲੋ, ਅਸੀਂ ਤੁਹਾਡੇ ਮਗਰ ਆਉਂਦੇ ਹਾਂ।" ॥੪੩॥

(ਇਹ) ਸੁਣ ਕੇ ਸਾਰੇ ਸਿੱਧਾਂ ਨੇ ਉਡਾਰੀ ਭਰੀ। ਉਹ ਇੱਛਾਧਾਰੀ (ਰਿੱਧੀਆਂ-ਸਿੱਧੀਆਂ ਦੇ ਮਾਲਕ) ਹੋਣ ਕਰਕੇ ਤੁਰੰਤ ਚਲੇ ਗਏ। ਕੁਝ ਸਮੇਂ ਮਗਰੋਂ ਜਗਤ ਦੇ ਮਾਲਕ (ਗੁਰੂ ਜੀ) ਉਸੇ ਥਾਂ ਤੇ (ਉਨ੍ਹਾਂ ਤੋਂ ਪਹਿਲਾਂ) ਜਾ ਪੁੱਜੇ। ॥੪੪॥

ਅੱਚਲ ਵਿੱਚ (ਪਹੁੰਚ ਕੇ) ਇੱਕ ਉੱਚੇ ਸਥਾਨ 'ਤੇ ਬੈਠੇ (ਗੁਰੂ ਜੀ) ਬਹੁਤ ਸੁਭਾਇਮਾਨ ਹੋ ਰਹੇ ਸਨ। ਇਸ ਮਗਰੋਂ, ਸਿੱਧ ਉੱਥੇ ਪੁੱਜੇ ਤੇ ਵੇਖ ਕੇ 'ਆਦੇਸ਼, ਆਦੇਸ਼' (ਪਰਨਾਮ-ਪਰਨਾਮ) ਉਚਾਰਿਆ। ॥੪੫॥

ਦੋਹਰਾ

(ਸਿੱਧ ਬੋਲੇ), "ਚੇਟਕੀ[2] (ਸਿੱਧੀਆਂ ਵਾਲੇ)! ਤੁਸੀਂ ਬੜੇ ਸੁਚੱਜੇ ਢੰਗ ਨਾਲ ਜਾਦੂ-ਟੂਣੇ[3] ਬਣਾ ਕੇ ਕਰਦਾ ਹੈਂ। ਸਾਰਿਆਂ ਤੋਂ ਤੂੰ ਪਿੱਛੇ ਸੀ ਤੇ ਭੱਜ ਕੇ ਪਹਿਲਾਂ (ਹੀ) ਆਣ ਪੁੱਜਾ। ॥੪੬॥

ਚੌਪਈ

(ਗੁਰੂ ਜੀ ਬੋਲੇ), ਸਾਡਾ ਇਸ਼ਟ ਤਾਂ ਇੱਕ ਬ੍ਰਹਮ (ਕਰਤਾਰ) ਹੈ। ਗੁਰੂ ਦੀ ਸਿੱਖਿਆ (ਸ਼ਬਦ) ਨੇ ਮੇਰਾ ਉੱਧਾਰ ਕੀਤਾ ਹੈ। ਸ਼ੰਭੂਨਾਥ (ਤੁਹਾਡਾ ਇਸ਼ਟ, ਭਾਵ ਸ਼ਿਵ ਜੀ) ਉਲਟੀ-ਮੱਤ ਵਿੱਚ ਭਿੱਜਿਆ (ਖਚਿਤ) ਹੋਇਆ ਹੈ। (ਉਸ ਨੇ) ਪਰਮੇਸ਼ਰ ਨੂੰ ਛੱਡ ਕੇ, ਹੋਰ[4] ਹੀ ਧਾਰਨਾ ਫੜੀ ਹੋਈ ਹੈ।"॥੪੭॥

ਸਾਰੇ ਸਿੱਧਾਂ ਨੇ ਆਸਣ ਲਾਏ ਹੋਏ ਸਨ ਤੇ ਲੋਕਾਂ ਤੋਂ ਆਪਣੀ ਪੂਜਾ ਕਰਵਾਉਂਦੇ ਸਨ। ਗੁਰੂ ਜੀ ਦੀ ਬੜੀ ਪੂਜਾ (ਮਾਨਤਾ) ਹੋਈ ਤਾਂ (ਇਹ) ਵੇਖਕੇ ਸਿੱਧ ਸੜ-ਬਲ[5] ਗਏ। ॥੪੮॥

ਜਿਸ ਵੇਲੇ ਮੇਲਾ ਖ਼ਤਮ ਹੋ ਗਿਆ। ਸਿੱਧ ਆਪਣੇ ਡੇਰੇ ਚਲੇ ਗਏ। ਗੁਰੂ ਜੀ ਨੇ, ਮਰਦਾਨੇ ਦੇ ਪੁੱਤਰ ਨੂੰ ਨਾਲ ਲੈਣ ਲਈ, ਮੈਨੂੰ (ਭਾਈ ਬਾਲਾ) ਚੱਲਣ ਲਈ ਪੁੱਛਿਆ। ॥੪੯॥

(ਸਤਿਗੁਰੂ ਜੀ ਬੋਲੇ), "ਚੱਲੋ ਹੁਣ ਤਲਵੰਡੀ ਚੱਲੀਏ। ਉਸ (ਮਰਦਾਨੇ ਦੇ ਪੁੱਤਰ ਨੂੰ) ਖੁਰਮੇ ਨਗਰ ਵਿੱਚ ਪਹੁੰਚਾ ਦੇਈਏ। ਉਸ ਨੂੰ ਸਿਰੋਪਾ[6] ਦੇ ਕੇ, ਸੋਭਾ[7] ਸਹਿਤ ਬਿਠਾਈਏ। ਇਸ ਤਰਾਂ ਦਾ ਕਾਰਜ ਕਰਨ ਦੀ ਮੇਰੇ ਸਿਰ ਜ਼ਿਮੇਵਾਰੀ[8] ਹੈ।" ॥੫੦॥

SikhBookClub.Com

ਅਸ ਕਹਿ ਕੀਨ ਪਯਾਨੋ ਤੂਰਨ।ਪਹੁੰਚੇ ਤਲਵੰਡੀ ਗੁਰ ਪੂਰਨ।
ਏਕ ਕੂਪ ਊਪਰ ਤਹਿਂ ਜਾਈ।ਬੈਠ ਗਏ ਪੁਨ ਗਿਰਾ ਅਲਾਈ॥੫੧॥

'ਹਿਤੂ ਮਾਤ ਪਿਤ ਰਾਇ[1] ਪਛਾਨੋ । ਭਾ ਪਰਲੋਕ ਸਭਨ ਕੋ ਜਾਨੋ।
ਚਾਚਾ ਲਾਲੂ ਜੀਵਤ ਅਬਹੀ । ਸੋ ਹਮ ਕੋ ਦੇਖਹਿਗੋ ਜਬਹੀ॥੫੨॥

ਬਹੁ ਹਿਤ ਕਰੈ ਨ ਜਾਵਨ ਦੇਹੀ।ਗਰ ਲਗਾਇ ਕੈ ਰੁਦਨ[2] ਕਰੇਹੀ।
ਤਿਮਰ ਭਏ ਜਾਵਹੁ ਪੁਰ ਮਾਂਹੀ । ਤੂਸ਼ਨ ਧਾਰ ਆਨੀਏ ਤਾਂਹੀਂ ॥੫੩॥

ਹਮ ਨਹਿਂ ਨਗਰ ਮਝਾਰ ਪਧਾਰਹਿਂ । ਲੇਇ ਵਹਿਰ ਤੇ ਤਹਾਂ ਸਿਧਾਰੈਂ'।
ਆਇਸੁ[3] ਪਾਇ ਤਬਹਿ ਮੈਂ ਗਯੋ । ਕੋਇ ਨ ਪੁਰ ਮਹਿਂ ਜਾਨਤ ਭਯੋ॥੫੪॥

ਦਰ[4] ਠਾਢੇ ਹ੍ਵੈ ਸਹਜ ਬੁਲਾਯੋ । ਸੁਨ ਸ਼ਹਿਜ਼ਾਦਾ ਬਾਹਰ ਆਯੋ।
ਮੋਕੋ ਦੇਖਤ ਹਰਖਯੋ ਤਬਹੀ । ਲਖਯੋ ਕਿ — ਮਮ ਪਿਤ ਆਵਹਿ ਅਬਹੀ —॥੫੫॥

ਹਿਤ ਕਰ ਉਰ ਮਹਿਂ ਪਗ ਲਪਟਾਵਾ।ਦੇ ਅਸੀਸ ਮੈਂ ਬਚਨ ਅਲਾਵਾ।
'ਸ੍ਰੀ ਗੁਰ ਵਹਿਰ ਹਕਾਰਤ ਤੋਹੀ । ਲੇਨੇ ਹੇਤ ਪਠਾਯੋ[5] ਮੋਹੀ'॥੫੬॥

ਦੋਹਰਾ

'ਮਮ ਪਿਤ ਕੋ ਛੋਡਯੋ ਕਹਾਂ ਕਿਯੋਂ ਨਹਿਂ ਆਯੋ ਧਾਮ[6]।
ਪ੍ਰਭੁ ਕਿਉਂ ਬੈਠੇ ਵਹਿਰ ਤਹਿਂ ਤਜ ਤਲਵੰਡੀ ਗ੍ਰਾਮ?'॥੫੭॥

ਚੌਪਈ

'ਗੁਰ ਢਿਗ ਚਲਹੁ ਅਵਾਰ[7] ਨ ਲਾਵਉ । ਸਬਹੀ ਉੱਤਰ ਤਿਨ ਤੇ ਪਾਵਉ'।
ਸ਼ਹਜ਼ਾਦੇ ਕੇ ਭਾਗ ਬਡੇਰੇ । ਚਲਯੋ ਸੰਗ ਨਹਿਂ ਲਾਈ ਦੇਰੇ॥੫੮॥

ਜਾਇ ਜਬਹਿ ਦਰਸ਼ਨ ਕੋ ਕੀਨੋ।ਚਰਨਾਂਬੁਜ[8] ਮਹਿਂ ਸਿਰ ਧਰ ਦੀਨੋ।
ਸ੍ਰੀ ਗੁਰ ਤਿਹ ਸੋਂ ਗਿਰਾ ਅਲਾਈ।'ਤੋਹਿ ਤਾਤ ਕੀ ਬੈਸ ਬਿਹਾਈ॥੫੯॥

ਭਯੋ ਕਾਲਬਸਿ[9] ਤਿਹਕੋ ਜਾਨ । ਜਹਿਂ ਖੁਰਮਾਪੁਰ ਅਹੈ ਮਹਾਨ।
ਤਹਿਂ ਲੈ ਚਲਨੋ ਅਬ ਤੁਝ ਤਾਂਈ । ਸੰਗ ਲੇਨ ਕੋ ਲੀਨ ਬੁਲਾਈ॥੬੦॥

SikhBookClub.Com

ਇਉਂ ਆਖ ਕੇ (ਉਹ) ਤੁਰੰਤ ਰਵਾਨਾ ਹੋ ਗਏ। ਪੂਰੇ-ਸਤਿਗੁਰੂ ਜੀ ਤਲਵੰਡੀ ਅੱਪੜ ਗਏ। ਇੱਕ ਖੂਹ ਉੱਤੇ ਜਾ ਕੇ ਬੈਠ ਗਏ ਅਤੇ ਫੇਰ ਬੋਲੇ। ॥੫੧॥

"(ਸਾਡੇ) ਸਨੇਹੀ, ਮਾਤਾ-ਪਿਤਾ ਅਤੇ ਰਾਏ ਬੁਲਾਰ[1], ਸਾਰੇ ਪਰਲੋਕ ਸਿਧਾਰ ਚੁੱਕੇ ਹਨ। ਹੁਣ ਕੇਵਲ ਚਾਚਾ ਲਾਲੂ ਹੀ ਜਿਉਂਦਾ ਹੈ। ਜਿਸ ਵੇਲੇ ਉਹ ਸਾਨੂੰ ਦੇਖ ਲਵੇਗਾ। ॥੫੨॥

ਉਹ ਬਹੁਤ ਪ੍ਰੇਮ ਕਰੇਗਾ ਅਤੇ ਜਾਣ ਨਹੀਂ ਦੇਵੇਗਾ। ਉਹ ਤਾਂ ਸਾਨੂੰ ਗਲ਼ ਲਾ ਕੇ ਰੋਵੇਗਾ[2]। (ਸੋ) ਨਗਰ ਵਿਖੇ, ਹਨ੍ਹੇਰੇ-ਪਏ ਤੋਂ ਜਾਵੀਂ ਤੇ ਚੁੱਪ-ਕੀਤੇ ਉਸ (ਮਰਦਾਨੇ ਦੇ ਪੁੱਤਰ) ਨੂੰ ਲੈ ਆਵੀਂ। ॥੫੩॥

ਅਸਾਂ ਨਗਰ ਵਿੱਚ ਨਹੀਂ ਜਾਣਾ। ਉਸ ਨੂੰ ਬਾਹਰੋਂ ਹੀ ਲੈ ਕੇ ਉੱਥੇ (ਖੁਰਮ ਨਗਰ) ਚਲੇ ਜਾਵਾਂਗੇ।" ਆਗਿਆ[3] ਮਿਲਦਿਆਂ ਹੀ, ਉਸੇ ਵੇਲੇ ਮੈਂ (ਬਾਲਾ) ਗਿਆ। ਨਗਰ ਵਿੱਚ ਮੈਨੂੰ ਕਿਸੇ ਨੇ ਨਹੀਂ ਪਛਾਣਿਆ। ॥੫੪॥

ਦਰਵਾਜ਼ੇ[4] 'ਤੇ ਖਲੋ ਕੇ (ਉਸ ਨੂੰ) ਹੌਲੀ ਦੇ ਕੇ ਬੁਲਾਇਆ।(ਇਹ) ਸੁਣ ਕੇ 'ਸ਼ਹਿਜ਼ਾਦਾ' (ਮਰਦਾਨੇ ਦਾ ਪੁੱਤਰ) ਬਾਹਰ ਆਇਆ। ਮੈਨੂੰ ਵੇਖਦਿਆਂ ਹੀ ਉਹ ਪਰਸੰਨ ਹੋ ਗਿਆ। ਉਸ ਨੇ ਸਮਝਿਆ ਕਿ ਹੁਣ ਮੇਰਾ ਪਿਤਾ ਵੀ ਆ ਜਾਏਗਾ। ॥੫੫॥

ਹਿਰਦੇ ਵਿੱਚ ਬਹੁਤ ਪ੍ਰੇਮ ਕਰਕੇ ਉਹ ਚਰਨਾਂ ਨੂੰ ਲਿਪਟ ਗਿਆ। ਮੈਂ ਉਸ ਨੂੰ ਅਸੀਸ ਦੇ ਕੇ ਆਖਿਆ, "ਸ੍ਰੀ ਗੁਰੂ ਜੀ ਤੈਨੂੰ ਬਾਹਰ ਸੱਦਦੇ ਹਨ। (ਤੈਨੂੰ) ਲਿਆਉਣ ਲਈ ਮੈਨੂੰ ਭੇਜਿਆ[5] ਹੈ।" ॥੫੬॥

ਦੋਹਰਾ

(ਉਸ ਕਿਹਾ), ਮੇਰੇ ਪਿਤਾ ਨੂੰ ਕਿੱਥੇ ਛੱਡ ਆਏ ਹੋ, ਉਹ ਘਰ[6] ਕਿਉਂ ਨਹੀਂ ਆਏ? ਸਤਿਗੁਰੂ ਜੀ ਤਲਵੰਡੀ ਨੂੰ ਛੱਡ ਕੇ, ਬਾਹਰ ਕਿਉਂ ਬੈਠ ਗਏ ਹਨ?" ॥੫੭॥

ਚੌਪਈ

(ਮੈਂ, ਭਾਵ ਬਾਲੇ ਨੇ ਫਿਰ ਆਖਿਆ) "ਗੁਰੂ ਜੀ ਕੋਲ ਚੱਲ, ਦੇਰ[7] ਨਾ ਲਾ। ਸਾਦੀ ਜਾਣਕਾਰੀ ਉਨ੍ਹਾਂ ਤੋਂ ਹੀ ਲਵੀਂ।" 'ਸਹਿਜ਼ਾਦਾ' ਵੱਡੇ ਭਾਗਾਂ ਵਾਲਾ ਸੀ, ਉਸ ਨੇ ਦੇਰੀ ਨਹੀਂ ਕੀਤੀ ਤੇ ਨਾਲ ਹੋ ਤੁਰਿਆ ॥੫੮॥

ਜਿਉਂ ਹੀ ਉਸ ਨੇ ਜਾ ਕੇ ਦਰਸ਼ਨ ਕੀਤੇ ਤਾਂ ਉਸ ਨੇ (ਗੁਰੂ ਜੀ ਦੇ) ਚਰਨ-ਕਮਲਾਂ[8] 'ਤੇ ਸੀਸ ਧਰ ਦਿੱਤਾ। ਸਤਿਗੁਰੂ ਜੀ ਨੇ ਉਸ ਨੂੰ ਆਖਿਆ, "ਤੇਰਾ ਪਿਤਾ ਪੂਰਾ ਹੋ ਗਿਆ। ॥੫੯॥

ਉਸ ਨੂੰ ਕਾਲ-ਵੱਸ[9] ਹੋ ਗਿਆ ਜਾਣ ਲਵੋ । ਜਿਥੇ ਵੱਡਾ ਨਗਰ, 'ਖੁਰਮ' ਹੈ, ਹੁਣ ਤੈਨੂੰ ਉਥੇ ਲੈ ਕੇ ਜਾਣਾ ਹੈ। ਤੈਨੂੰ ਨਾਲ ਲਿਜਾਣ ਲਈ ਹੀ ਸੱਦਿਆ ਹੈ ॥੬੦॥

SikhBookClub.Com

ਦੋਹਰਾ

ਦੇਨੋ ਹਮਕੋ ਉਚਿਤ ਹੈ ਤੋਕੋ ਅਬ ਸਿਰਪਾਉ।
ਲੇਨੋ ਤੈਂ ਕਿਸ ਰੀਤ ਕੋ ਤੈਸੋ ਬਚਨ ਬਤਾਉ[1]'॥੬੧॥

ਚੌਪਈ

ਸੁਨ ਸ਼ਹਿਜਾਦੇ ਰਿਦੇ ਬਿਚਾਰੀ । ਸ੍ਰੀ ਪ੍ਰਭੂ ਸੋਂ ਪੁਨ ਗਿਰਾ ਉਚਾਰੀ।
'ਪਿਤ ਮੇਰੇ ਕੋ ਦੀਨੋ ਜੈਸੇ । ਕ੍ਰਿਪਾ ਧਾਰ ਦੀਜੈ ਮੁਝ ਤੈਸੇ'॥੬੨॥

'ਤੇਰੇ ਪਿਤਾ ਜਾਚ ਕੈ ਲੀਨੋ । ਅਗਨ ਦਾਹ ਤਿਹ ਕੋ ਹਮ ਦੀਨੋ।
ਤੂੰ ਅਬ ਚਲ ਰਹਿਯੇ ਤਿਹ ਥਾਨਾਂ।ਮਰਦਾਨੇ ਕੇ ਹੋਇ ਸਮਾਨਾ[2] ॥੬੩॥

ਹੋਵਹਿ ਤਹਾਂ ਮਹਾਂਨ ਪ੍ਰਕਾਸ਼ਾ । ਬਸਹੁ ਸਦਾ ਕਰ ਅਪਨ ਅਵਾਸਾ[3]।
ਪੁਨਿ ਜਜੋਂ ਮਨ ਹ੍ਵੈ ਕਰੀਅਹੁ ਤੈਸੇ।ਹਮਰੇ ਰਿਦੇ ਬਿਖੈ ਹੈ ਐਸੇ'॥੬੪॥

ਹਾਥ ਜੋਰ ਤਿਨ ਬਿਨੈ ਉਚਾਰੀ।'ਮੈਂ ਰਾਵਰ ਕੇ ਨਿਤ ਅਨੁਸਾਰੀ।
ਜੈਸੋ ਪਿਤਾ ਤੁਮਾਰੋ ਦਾਸੂ।ਤੈਸੇ ਮੁਝ ਜਾਨਹੁ ਸੁਖਰਾਸੂ !'॥੬੫॥

ਤਬ ਪ੍ਰਭੂ ਚਲੇ ਸੰਗ ਲੇ ਤਾਂਹੀ । ਪਹੁੰਚੇ ਨਗਰ ਤੁਲੰਭੇ(*3) ਮਾਹੀ ।
ਰਹੈ ਤਹਾਂ ਇਕ ਸੱਜਣ ਬੰਚਕ[4]।ਬੇਖ ਬੈਸਨੋ ਦਯਾ ਨ ਰੰਚਕ॥੬੬॥

ਬਹੁ ਮੋਲੇ ਤਨੁ ਚੀਰ ਹੰਢਾਈ । ਪੁਰ ਢਿਗ ਬੈਠ ਗਏ ਜਗ ਸਾਈਂ।
ਸ਼ਹਜ਼ਾਦਾ ਲੇ ਆਇਸ ਪੁਰ ਮੈਂ । ਗਮਨਜੋ ਲਾਗੀ ਛੁਧਾ ਉਦਰ ਮੈਂ॥੬੭॥

ਜਾਇ ਤਹਾਂ ਧ੍ਰਮਸਾਲਾ ਦੇਖੀ । ਸੱਜਣ ਜਿਸ ਮਹਿਂ ਅਘੀ[5] ਵਿਸ਼ੇਖੀ।
ਨੀਕੀ ਬਿਧਿ ਸੋਂ ਕੀਨ ਦੁਆਇ । ਸ਼ਹਿਜ਼ਾਦਾ ਬੈਠਜੋ ਢਿਗ ਜਾਇ॥੬੮॥

ਸਾਦਰ[6] ਸੋਂ ਸੱਜਣ ਬਚ ਕਹਈ । 'ਆਵਹੁ ਭਾਈ ਕਹਿਂ ਤੈਂ ਰਹਿਈ?।
ਕੋ ਹੈ ਤੇਰੋ ਬਰਨ[7] ਬਤਾਵਹੁ? ਕਿਤਤੇ ਆਯੋ ਕਿਤਕੋ ਜਾਵਹੁ?'॥੬੯॥

SikhBookClub.Com

ਦੋਹਰਾ

ਹੁਣ ਸਾਡੇ ਵੱਲੋਂ, ਤੈਨੂੰ ਸਿਰੋਪਾ ਦੇਣਾ ਉਚਿੱਤ ਹੈ। ਤੂੰ ਕਿਸ ਢੰਗ ਨਾਲ ਲੈਣਾ ਚਾਹੁੰਦਾ ਹੈਂ? ਉਸੀ ਪ੍ਰਕਾਰ ਦੱਸ[1] ਦੇਵੋ" ॥੬੧॥

ਚੌਪਈ

(ਇਹ) ਸੁਣ ਕੇ 'ਸ਼ਹਿਜਾਦੇ' ਨੇ ਮਨ ਵਿੱਚ ਵਿਚਾਰਿਆ ਤੇ ਫੇਰ ਗੁਰੂ ਜੀ ਨੂੰ ਆਖਿਆ, "ਜਿਸ ਤਰਾਂ ਤੁਸੀਂ ਮੇਰੇ ਪਿਤਾ ਨੂੰ ਸਿਰੋਪਾ ਦਿੱਤਾ ਸੀ, ਕਿਰਪਾ ਕਰਕੇ ਮੈਨੂੰ ਵੀ ਉਸੇ ਢੰਗ ਨਾਲ ਹੀ ਨਿਵਾਜੋ। ॥੬੨॥

"ਤੇਰੇ ਪਿਤਾ ਨੇ ਤਾਂ ਮੰਗ ਕੇ ਲਿਆ ਸੀ ਤੇ ਉਸ ਨੂੰ ਅਸੀਂ ਅਗਨੀ ਵਿੱਚ ਸਾੜ ਦਿੱਤਾ ਹੈ। ਹੁਣ ਤੂੰ, ਮਰਦਾਨੇ ਦੇ ਸਮਾਨ[2] ਹੀ, (ਸਾਡੇ ਨਾਲ) ਚੱਲ ਕੇ, ਉਸ ਥਾਂ 'ਤੇ ਨਿਵਾਸ ਕਰ। ॥੬੩॥

ਉਥੇ ਆਪਣਾ ਘਰ[3] ਬਣਾ ਕੇ ਵੱਸੋ ਤਾਂ ਜੁ ਉੱਥੇ ਵੀ ਗਿਆਨ ਦਾ ਪਰਕਾਸ਼ ਹੋਵੇ। ਮੇਰਾ ਵਿਚਾਰ ਤਾਂ ਇਸ ਤਰਾਂ ਦਾ ਹੈ, ਪਰ ਬਾਕੀ ਜਿਵੇਂ ਤੇਰੀ ਮਰਜ਼ੀ ਹੋਵੇ, ਉਸ ਤਰਾਂ ਕਰੋ" ॥੬੪॥

ਉਸ ਨੇ ਹੱਥ ਜੋੜ ਜੇ ਬੇਨਤੀ ਕੀਤੀ, (ਹਜ਼ੂਰ!) ਮੈਂ ਸਦਾ ਹੀ ਆਪ ਦਾ ਆਗਿਆਕਾਰ ਹਾਂ। ਜਿਸ ਤਰਾਂ ਮੇਰਾ ਪਿਤਾ, ਆਪ ਜੀ ਦਾ ਸੇਵਕ ਸੀ, ਹੇ ਸੁੱਖਾਂ ਦੀ ਪੂੰਜੀ! (ਗੁਰੂ ਜੀਓ) ਤੁਸੀਂ ਮੈਨੂੰ ਵੀ ਓਵੇਂ ਹੀ ਜਾਣੋ।" ॥੬੫॥

ਤਾਂ ਫਿਰ ਗੁਰੂ ਜੀ, ਉਸ ਨੂੰ ਨਾਲ ਲੈ ਕੇ ਚੱਲ ਪਏ ਅਤੇ 'ਤੁਲੰਭੇ' ਨਗਰ ਵਿੱਚ ਪੁੱਜ ਗਏ। ਉੱਥੇ ਇੱਕ 'ਸੱਜਣ' (ਨਾਮੀ) ਠੱਗ[4] ਰਹਿੰਦਾ ਸੀ। ਉਸਨੇ ਭੇਖ ਤਾਂ ਵੈਸ਼ਨੋ ਸਾਧੂਆਂ (ਵਿਸ਼ਨੂੰ ਦੇ ਭਗਤਾਂ) ਵਰਗਾ ਕੀਤਾ ਹੋਇਆ ਸੀ, ਪਰ ਉਸ ਦੇ ਅੰਦਰ ਦਇਆ ਰਤਾ ਜਿੰਨੀ ਵੀ ਨਹੀਂ ਸੀ। ॥੬੬॥

ਉਹ ਬੜੇ ਵਡਮੁੱਲੇ ਬਸਤਰ ਪਹਿਨਦਾ ਸੀ। ਉਸ ਨਗਰ ਦੇ ਕੋਲ ਜੱਗ ਦੇ ਮਾਲਕ (ਗੁਰੂ ਜੀ) ਜਾ ਕੇ ਬੈਠ ਗਏ। ਸ਼ਹਿਜ਼ਾਦਾ ਪੇਟੋਂ ਭੁੱਖਾ ਹੋਣ ਕਰਕੇ, ਆਗਿਆ ਲੈ ਕੇ ਨਗਰ ਵਿੱਚ ਚਲਾ ਗਿਆ। ॥੬੭॥

ਉੱਥੇ ਜਾ ਕੇ, ਉਸ ਨੇ (ਇੱਕ) ਧਰਮਸ਼ਾਲਾ (ਪੂਜਾ ਸਥਾਨ) ਵੇਖੀ। ਜਿਸ ਵਿੱਚ ਇੱਕ ਬਹੁਤ ਪਾਪੀ[5], 'ਸੱਜਣ' (ਰਹਿੰਦਾ) ਸੀ। ਚੰਗੇ ਢੰਗ ਨਾਲ ਨਮਸਕਾਰ ਕਰਕੇ 'ਸ਼ਹਿਜ਼ਾਦਾ' (ਮਰਦਾਨੇ ਦਾ ਬੇਟਾ) ਉਸ ਦੇ ਕੋਲ ਜਾ ਬੈਠਿਆ। ॥੬੮॥

ਸਤਿਕਾਰ[6] ਨਾਲ ਸੱਜਣ ਬੋਲਿਆ, "ਆ ਭਾਈ! ਤੂੰ ਕਿਥੋਂ ਦਾ ਵਸਨੀਕ ਏਂ? ਤੂੰ ਕਿਹੜੀ ਜਾਤ[7] ਦਾ ਹੈਂ? (ਤੂੰ) ਕਿਥੋਂ ਆਇਆ ਹੈਂ ਤੇ ਕਿਥੇ ਜਾਣਾ ਹੈ, ਇਹ ਦੱਸੋ?" ॥੬੯॥

SikhBookClub.Com

'ਜਾਤ ਮਿਰਾਸੀ ਜਾਨਹੁ ਮੇਰੀ। ਸਦਨ ਹਮਾਰੇ ਦੂਰ ਘਨੇਰੀ।
ਜਾਉਂ ਅਗਾਰੀ ਕਾਰਜ ਕੋਈ। ਤੁਮ ਢਿਗ ਆਯੋ ਛੁਧਾ ਜਿ ਹੋਈ'॥ ੭੦॥

ਸੱਜਣ ਕਹੈ 'ਅਹਾਰ ਘਨੇਰਾ। ਕੋ ਜਜਮਾਨ ਵਡਾਹੂ[1] ਤੇਰਾ।
ਜਾਂਕੋ ਅਹੈਂ ਮਿਰਾਸੀ ਐਸੋ। ਮੁਝ ਤੇ ਵਡਾ ਕਿ ਲਘੁ?ਕਹੁ ਤੈਸੋ'॥ ੭੧॥

ਸ਼ਹਜ਼ਾਦੇ ਸੁਨ ਬਚਨ ਬਖਾਨਾ। 'ਹਮ ਤੁਮ ਤੇ ਮਮ ਪ੍ਰਭੂ ਮਹਾਨਾ[2]।
ਜੋ ਜਾਚਹਿਂ ਪੂਰਹਿ ਤਿਹ ਕਾਮਾ। ਛੱਤ੍ਰੀ ਕੁਲ ਸ੍ਰੀ ਨਾਨਕ ਨਾਮਾ'॥ ੭੨॥

ਸੱਜਣ ਅਪਨੇ ਨਰ ਸੋਂ ਕਹਹੀ । 'ਬਡ ਪ੍ਰਭੂ ਕੋ ਸੁ ਮਿਰਾਸੀ ਅਹਿਹੀ।
ਸੇਵਾ ਕੀਜੈ ਅਧਿਕ ਬਨਾਈ। ਜਿਸ ਪ੍ਰਕਾਰ ਇਹ ਉਰ ਹਰਖਾਈ'॥ ੭੩॥

ਤਿਹ ਛਿਨ ਇਕ ਨਰ ਅਯੋ ਬੁਲਾਵਨ। 'ਚਲਹੁ ਮਿਰਾਸੀ ਭੋਜਨ ਖਾਵਨ'।
ਅੰਤਰਿ[3] ਸਦਨ ਤਾਂਹਿ ਲੇ ਗਏ । ਤ੍ਰੈ ਮਾਨਵ ਤਹਿਂ ਇਕ ਠਾਂ ਭਏ॥ ੭੪॥

ਦੋਹਰਾ

ਗਹਿ[4] ਸ਼ਹਿਜ਼ਾਦੇ ਕੋ ਤਬੈ ਮੁਸ਼ਕੈਂ ਲਈ ਚਢਾਇ।
ਬਹੁ ਮੋਲੇ ਤਨ ਚੀਰ ਜੇ ਸਭ ਖਸੋਟ[5] ਦੁਖਦਾਇ[(*4)] ॥ ੭੫॥

ਚੌਪਈ

ਬਹੁਰੋ ਦੇਇ ਸ਼ਾਸਨਾ[6] ਕਹਿਹੀਂ । 'ਤੁਮ ਢਿਗ ਔਰ ਵਸਤੁ ਜੋ ਅਹਿਹੀ।
ਸੋ ਅਬ ਦੀਜੈ ਸਰਬ ਬਤਾਇ। ਨਾਤੁਰ[7] ਤੁਝ ਮਾਰਹਿਂ ਇਹ ਥਾਇ'॥ ੭੬॥

ਪੀੜ ਭਈ ਸ਼ਹਜ਼ਾਦੇ ਜਬਹੀ । ਸ੍ਰੀ ਨਾਨਕ ਚਿਤ ਕੀਨੇ ਤਬਹੀ।
'ਭਲੇ ਤਪਾ ਜੀ ਮੋਕਉ ਭੇਜਾ । ਹੋਤ ਬਡੋ ਦੁਖ ਫਟਤ ਕਰੇਜਾ[8]॥ ੭੭॥

ਭੂਲਜੋ ਰਿਦੇ ਬੈਸ਼ਨੋ ਦੇਖਾ। ਨਹਿਂ ਜਾਨਤਿ ਹੈਂ ਅਘੀ ਬਿਸ਼ੇਖਾ'।
ਸ਼ਹਜ਼ਾਦੇ ਕੀ ਸਭ ਬਿਧਿ ਜਾਨੀ। ਤੂਰਨ[9] ਗਮਨ ਕੀਨ ਗੁਨਖਾਨੀ॥ ੭੮॥

SikhBookClub.Com

"ਮੇਰੀ ਜਾਤ ਮਰਾਸੀ ਹੈ ਤੇ ਮੇਰਾ ਘਰ ਬਹੁਤ ਦੂਰ ਹੈ। ਅੱਗੇ ਕਿਸੇ ਕੰਮ ਚੱਲਿਆ ਹਾਂ। ਮੈਂ ਤੁਸਾਂ ਕੋਲ ਭੁੱਖਾ ਹੋਣ ਕਰਕੇ ਆਇਆ ਹਾਂ।" ॥੭੦॥

ਸੱਜਣ ਬੋਲਿਆ, "ਭੋਜਨ ਬਥੇਰਾ ਹੈ। ਤੇਰਾ ਵਡੇਰਾ[1] ਜਾਂ ਜਜਮਾਨ ਕੌਣ ਹੈ, ਜਿਸ ਦਾ ਤੂੰ ਅਜਿਹਾ (ਭਾਵ ਪ੍ਰਭਾਵਸ਼ਾਲੀ) ਮਰਾਸੀ ਹੈਂ? ਕੀ (ਉਹ) ਮੈਥੋਂ ਵੱਡਾ ਹੈ ਜਾਂ ਛੋਟਾ? ਇੱਹ ਦੱਸ।"॥੭੧॥

(ਇਹ ਗੱਲ) ਸੁਣ ਕੇ ਸ਼ਹਿਜ਼ਾਦੇ ਨੇ ਕਿਹਾ ਕਿ ਤੇਰੇ-ਮੇਰੇ ਨਾਲੋਂ ਮੇਰਾ ਮਾਲਕ ਬਹੁਤ ਵਡੇਰਾ[2] ਹੈ। ਉਸ ਤੋਂ ਜੋ ਮੰਗੀਏ, ਉਹੀ ਇੱਛਾ ਪੂਰੀ ਹੋ ਜਾਂਦੀ ਹੈ। ਉਹ ਖੱਤਰੀ-ਕੁਲ ਦੇ ਹਨ, ਜਿਨ੍ਹਾਂ ਦਾ ਨਾਂ 'ਨਾਨਕ' ਹੈ। ॥੭੨॥

ਸੱਜਣ ਨੇ ਆਪਣੇ ਬੰਦੇ ਨੂੰ ਕਿਹਾ, "ਇਹ ਵੱਡੇ ਮਾਲਕ ਦਾ ਮਰਾਸੀ ਹੈ। ਇਸ ਦੀ ਚੰਗੀ ਤਰਾਂ, ਬਣਾ ਕੇ ਸੇਵਾ ਕਰੋ, ਜਿਸ ਨਾਲ ਇਸ ਦੇ ਹਿਰਦੇ ਨੂੰ ਖ਼ੁਸ਼ੀ ਮਿਲ ਜਾਵੇ।" ॥੭੩॥

ਉਸੇ ਪਲ ਇੱਕ ਆਦਮੀ (ਉਸ ਨੂੰ) ਬੁਲਾਉਣ ਲਈ ਆਇਆ। "ਮਰਾਸੀਆ! ਭੋਜਨ ਕਰਨ ਲਈ ਚੱਲ।" (ਉਹ) ਉਸ ਨੂੰ ਘਰ ਦੇ ਅੰਦਰ[3] ਲੈ ਗਏ। ਉੱਥੇ ਤਿੰਨ ਬੰਦੇ ਇਕੱਠੇ ਹੋ ਗਏ ਸਨ। ॥੭੪॥

ਦੋਹਰਾ

ਫੇਰ (ਉਨ੍ਹਾਂ) ਸ਼ਹਿਜ਼ਾਦੇ ਨੂੰ ਫੜ[4] ਕੇ, ਉਸ ਦੀਆਂ ਮੁਸ਼ਕਾਂ ਬੰਨ੍ਹ ਦਿੱਤੀਆਂ। ਜੋ ਵਡਮੁੱਲੇ ਬਸਤਰ (ਉਸ ਨੇ) ਪਹਿਨੇ ਸਨ, (ਉਹ) ਸਾਰੇ ਦੁਖ ਦੇ-ਦੇ ਕੇ (ਕੁੱਟ-ਮਾਰ ਕੇ) ਖੋਹ[5] ਲਏ। ॥੭੫॥

ਚੌਪਈ

ਅਤੇ ਫੇਰ (ਉਸਨੂੰ) ਤਾੜਨਾ[6] ਕਰਕੇ ਆਖਣ ਲੱਗੇ, "ਤੇਰੇ ਕੋਲ ਹੋਰ ਵੀ ਜਿਹੜੀ ਚੀਜ਼ ਹੈ, ਉਹ ਸਭ ਹੁਣ ਦੱਸ ਦੇਹ, ਨਹੀਂ[7] ਤਾਂ ਤੈਨੂੰ ਇੱਥੇ ਹੀ (ਹੁਣੇ ਹੀ) ਮਾਰ ਦਿਆਂਗੇ।" ॥੭੬॥

ਜਦੋਂ ਸ਼ਹਿਜ਼ਾਦੇ ਨੂੰ ਬਹੁਤ ਕਸ਼ਟ ਹੋਇਆ ਤਾਂ ਉਸ ਨੇ, ਉਸ ਵੇਲੇ ਆਪਣੇ ਮਨ ਵਿੱਚ ਗੁਰੂ ਨਾਨਕ ਜੀ ਨੂੰ ਚੇਤੇ ਕੀਤਾ, "ਤਪਾ ਜੀ ਨੇ ਚੰਗਾ ਮੈਨੂੰ ਭੇਜਿਆ ਹੈ, ਮੇਰਾ ਤਾਂ ਬਹੁਤ ਦੁੱਖ ਦੇ ਕਾਰਨ ਕਲੇਜਾ[8] ਫਟ ਰਿਹਾ ਹੈ। ॥੭੭॥

ਮੇਰਾ ਮਨ ਤਾਂ ਭੁੱਲ ਕੇ (ਇਸ ਨੂੰ) ਭਗਤ ਸਮਝ ਬੈਠਾ, ਮੈਨੂੰ ਨਹੀਂ ਸੀ ਪਤਾ ਕਿ ਇਹ ਤਾਂ ਵੱਡਾ ਪਾਪੀ ਹੈ।" ਉਧਰ ਗੁਰੂ ਜੀ ਨੇ ਸ਼ਹਿਜ਼ਾਦੇ ਦੀ ਸਾਰੀ (ਦਸ਼ਾ) ਜਾਣ ਲਈ । ਗੁਣਾਂ ਦੀ ਖਾਣ (ਗੁਰੂ ਜੀ) ਤੁਰੰਤ[9] ਉਸ ਪਾਸੇ ਵੱਲ ਰਵਾਨਾ ਹੋ ਪਏ। ॥੭੮॥

SikhBookClub.Com

ਬੈਸਜੋ ਜਹਾਂ ਬੈਸ਼ਨੋ[1] ਬਨ ਕੈ। ਦ੍ਵਾਦਸ[2] ਤਿਲਕ ਲਗਾਏ ਗਨ ਕੈ।
ਜਾਇ ਨਿਕਟ ਬੇਦੀ ਕੁਲਰਾਈ। 'ਸ੍ਰੀ ਕਰਤਾਰ ਕਰਤਾਰ' ਅਲਾਈ॥ ੭੯॥

'ਸੱਜਣ ! ਹਮਰੋ ਏਕ ਮਿਰਾਸੀ। ਸੋ ਚਲ ਆਯੋ ਤੁਮਰੇ ਪਾਸੀ।
ਹਟ ਕੈ ਪੁਨ ਹਮ ਪਾਸ ਨ ਗਯੋ । ਕੋ ਜਾਨੈ ਤਿਹ ਕੋ ਕਜਾ ਭਯੋ?'॥ ੮੦॥

ਸੱਜਣ ਕਹੈ 'ਨ ਆਯੋ ਕੋਈ । ਜੇ ਆਵਤ ਹਮ ਢਿਗ ਹ੍ਵੈ ਸੋਈ'।
ਸ੍ਰੀ ਗੁਰ ਕਹਿਂ 'ਘਰ ਆਯੋ ਤੋਹੀ। ਕੂਰ[3] ਨ ਕਹਉ ਇਹਾਂ ਸੋ ਹੋਈ'॥ ੮੧॥

ਸੁਨ ਸੱਜਣ ਪੁਨ ਬਚਨ ਬਖਾਨਾ । 'ਤੁਮ ਪਿਖਿਯਤ ਹੋ ਸੰਤ ਮਹਾਨਾ।
ਝੂਠ ਨ ਤੁਮ ਸੋਂ ਕਰੋਂ ਉਚਾਰੀ। ਨਹਿਂ ਪ੍ਰਤੀਤ ਤੋ ਲੇਹੁ ਨਿਹਾਰੀ[4]'॥ ੮੨॥

ਗੁਰ ਮੁਝ ਸੋ ਕਹਿਂ 'ਜਾਵਹੁ ਬਾਲਾ! ਕਰਹੁ ਬੈਸ਼ਨੋ ਕੋ ਮੁਖ[5] ਕਾਲਾ।
ਅੰਤਰ ਤੇ ਸ਼ਹਜਾਦਾ ਲਜਾਇ । ਕਾਲਖ ਯਾਕੇ ਬਦਨ ਲਗਾਇ'॥ ੮੩॥

ਸੁਨਤ ਸ਼੍ਰੌਨ ਮਹਿਂ ਤੂਰਨ ਗਯੋ। ਬੰਧਨ ਯੁਕਤ ਬਿਲੋਕਤ ਭਯੋ।
ਮੁਕਤ[6] ਕਰਜੋ ਸੋ ਲੀਨ ਉਠਾਈ । ਸ਼ਹਜ਼ਾਦੇ ਤਬ ਗਿਰਾ ਅਲਾਈ॥ ੮੪॥

'ਭਲੇ ਥਾਨ ਭੇਜਜੋ ਮੁਝ ਨਾਥਾ! ਚੀਰ ਉਤਾਰੇ ਬੰਧੇ ਹਾਥਾ।
ਇਨ ਤੇ ਪਟ[7] ਅਬ ਦੇਹੁ ਦਿਵਾਏ । ਬਡੇ ਦੁਸ਼ਟ ਪਾਪੀ ਦੁਖਦਾਏ'॥ ੮੫॥

ਮਨੁਜ ਕਹੈਂ 'ਇਹੁ ਐਸੇ ਆਯੋ। ਨਹਿਂ ਦੁਕੂਲ[8] ਕੋਊ ਪਟ ਲਜਾਯੋ'।
ਤਬ ਮੈਂ ਨਗਨ ਲੀਨ ਨਿਜ ਸਾਥਾ। ਆਯੋ ਜਹਿਂ ਠਾਢੇ ਜਗਨਾਥਾ॥ ੮੬॥

ਦੋਹਰਾ

ਗੁਰ ਬੂਝਜੋ 'ਕਿਉਂ ਨਗਨ ਭਾ ਕਿਨਹਿ ਉਤਾਰੇ ਚੀਰ?'।
ਸੁਨ ਕੈ ਸ਼ਹਜ਼ਾਦਾ ਕਹਿਤ 'ਸੁਨਹੁ ਹਰਨ[9] ਪਰਪੀਰ ॥ ੮੭॥

SikhBookClub.Com

ਜਿੱਥੇ ਵੈਸ਼ਨੋ[1] ਭਗਤ ਬਣ ਕੇ ਅਤੇ ਗਿਣ ਕੇ, ਬਾਰਾਂ[2] ਤਿਲਕ ਲਾ ਕੇ (ਸੱਜਣ) ਬੈਠਾ ਹੋਇਆ ਸੀ । ਬੇਦੀ ਕੁਲ ਦੇ ਰਾਜਾ (ਗੁਰੂ ਜੀ) ਨੇ ਉਸ ਦੇ ਕੋਲ ਜਾ ਕੇ "ਸ੍ਰੀ ਕਰਤਾਰ, ਕਰਤਾਰ" ਉਚਾਰਨ ਕੀਤਾ। ॥੭੯॥

(ਬੋਲੇ), "ਸੱਜਣ! ਸਾਡਾ ਇੱਕ ਮਰਾਸੀ ਤੇਰੇ ਕੋਲ ਆਇਆ ਸੀ । ਪਰ ਉਹ ਮੁੜ ਕੇ ਸਾਡੇ ਕੋਲ ਨਹੀਂ ਗਿਆ। ਪਤਾ ਨਹੀਂ ਉਸ ਨੂੰ ਕੀ ਹੋਇਆ ਹੈ?" ॥੮੦॥

ਸੱਜਣ ਬੋਲਿਆ, "ਇਥੇ ਤਾਂ ਕੋਈ ਨਹੀਂ ਆਇਆ। ਜੇਕਰ ਆਇਆ ਹੁੰਦਾ ਤਾਂ ਉਹ ਸਾਡੇ ਕੋਲ ਹੀ ਹੁੰਦਾ।" ਸ੍ਰੀ ਗੁਰੂ ਜੀ ਨੇ ਆਖਿਆ, "ਉਹ ਤੇਰੇ ਹੀ ਘਰ ਆਇਆ ਹੈ। ਝੂਠ[3] ਨਾ ਬੋਲ, ਉਹ ਇੱਥੇ ਹੀ ਹੋਣਾ ਹੈ।" ॥੮੧॥

(ਇਹ) ਸੁਣ ਕੇ ਸੱਜਣ ਫੇਰ ਬੋਲਿਆ, "ਤੁਸੀਂ ਮਹਾਨ ਸੰਤ ਦਿਸਦੇ ਹੋ, ਮੈਂ ਤੁਹਾਡੇ ਨਾਲ ਝੂਠ ਨਹੀਂ ਬੋਲਦਾ, ਜੇਕਰ ਯਕੀਨ ਨਹੀਂ ਤਾਂ ਤੁਸੀਂ ਆਪ ਵੇਖ[4] ਲਵੋ।" ॥੮੨॥

ਗੁਰੂ ਜੀ ਨੇ ਮੈਨੂੰ ਆਖਿਆ, "ਬਾਲਾ! ਤੂੰ ਜਾਹ (ਤੇ) ਵੈਸ਼ਨੋ ਭਗਤ (ਧਰਮੀ) ਦਾ ਮੂੰਹ[5] ਕਾਲਾ ਕਰ! ਅੰਦਰੋਂ ਸ਼ਹਿਜ਼ਾਦਾ ਲਿਆ ਕੇ, ਇਸ ਦੇ ਸਰੀਰ 'ਤੇ ਕਾਲਖ ਮਲੋ!!" ॥੮੩॥

ਆਗਿਆ ਸੁਣਦਿਆਂ ਹੀ ਮੈਂ (ਬਾਲਾ) ਤੁਰੰਤ ਅੰਦਰ ਗਿਆ ਅਤੇ ਉਸ ਨੂੰ ਬੰਨ੍ਹਿਆ ਹੋਇਆ ਵੇਖਿਆ। ਉਸ ਨੂੰ ਛੁਡਾ[6] ਲਿਆ ਤੇ ਉਸ ਨੂੰ ਖੜ੍ਹਾ ਕਰਕੇ ਲੈ ਆਂਦਾ, ਉਸ ਵੇਲੇ ਸ਼ਹਿਜ਼ਾਦਾ ਬੋਲਿਆ। ॥੮੪॥

"ਹੇ ਮਾਲਕ! ਤੁਸਾਂ ਮੈਨੂੰ ਚੰਗੀ ਥਾਂ ਭੇਜਿਆ ਸੀ, ਇਨ੍ਹਾਂ ਨੇ ਤਾਂ ਮੇਰੇ ਬਸਤਰ ਉਤਾਰ ਲਏ ਤੇ ਹੱਥ ਬੰਨ੍ਹ ਦਿੱਤੇ ਸਨ। ਹੁਣ ਇਨ੍ਹਾਂ ਕੋਲੋਂ ਮੇਰੇ ਕੱਪੜੇ[7] ਦਿਵਾ ਦਿਉ। ਇਹ ਤਾਂ ਬੜੇ ਪਾਪੀ, ਦੁਸ਼ਟ ਅਤੇ ਦੁੱਖ ਦੇਣ ਵਾਲੇ ਹਨ।" ॥੮੫॥

(ਸੱਜਣ ਦੇ) ਆਦਮੀ ਆਖਣ ਲੱਗੇ, "ਇਹ ਤਾਂ ਇਸੇ ਤਰਾਂ (ਭਾਵ ਬਸਤਰਹੀਣ) ਹੀ ਆਇਆ ਸੀ, ਕੋਈ ਬਸਤਰ (ਜਾਂ) ਦੁਪੱਟਾ[8] ਨਹੀਂ ਸੀ ਲੈ ਕੇ ਆਇਆ।" ਤਾਂ ਫਿਰ ਮੈਂ ਸਹਿਜ਼ਾਦੇ ਨੰਗੇ ਨੂੰ ਹੀ ਨਾਲ ਲਿਆ ਤੇ ਉੱਚੇ ਲਿਆਂਦਾ, ਜਿਥੇ ਜਗਤ ਦੇ ਸੁਆਮੀ (ਸ੍ਰੀ ਗੁਰੂ ਜੀ) ਖਲੋਤੇ ਸਨ। ॥੮੬॥

ਦੋਹਰਾ

ਗੁਰੂ ਜੀ ਨੇ ਪੁੱਛਿਆ, "ਤੂੰ ਨੰਗਾ ਕਿਉਂ ਹੋਇਆ ਹੈਂ? ਤੇਰੇ ਬਸਤਰ ਕਿਸ ਨੇ ਉਤਾਰੇ ਹਨ?" ਇਹ ਸੁਣ ਕੇ ਸ਼ਹਿਜ਼ਾਦੇ ਨੇ ਕਿਹਾ, "ਪਰਾਈ ਪੀੜਾ ਦਾ ਨਾਸ਼[9] ਕਰਨ ਵਾਲਿਓ! (ਗੁਰੂ ਜੀਓ!) ਸੁਣੋ। ॥੮੭॥

SikhBookClub.Com

ਚੌਪਈ

ਇਹਤੋ ਭਲੋ ਬੈਸ਼ਨੋ ਬੈਸਾ।ਬੰਚਕ ਅਘੀ ਨ ਕੋ ਇਸ ਜੈਸਾ।
ਮੋਕੋ ਅੰਤਰ ਲੇਕਰ ਧਾਮਾ । ਮੁਸ਼ਕੈ[1] ਬਾਂਧ ਲੀਨ ਸੰਗ ਦਾਮਾ[2] ॥੮੮॥

ਚੀਰ ਉਤਾਰ ਸ਼ਾਸਨਾ ਦੀਨੀ।ਐਸੋ ਤੀਬ੍ਰ[3] ਪਾਪਮਤਿ ਭੀਨੀ'।
ਜਿਉਂ ਜਿਉਂ ਕਹਿਤ ਬਚਨ ਢਿਗ ਸੋਇ।ਤਿਉਂ ਤਿਉਂ ਸੱਜਣ ਲੱਜਤ ਹੋਇ॥੮੯॥

ਨੀਚ ਗ੍ਰੀਵ ਜਿਹ ਬੋਲ ਨ ਆਵੈ।ਕੈਸੋ ਦੁਰੈ[4] ਨ ਮਿਸ[5] ਕੋ ਪਾਵੈ।
ਲੱਜਤ ਹੋਯੋ ਦੇਖ ਮਹਾਨਾ । ਤਿਹਛਿਨ ਸ੍ਰੀ ਗੁਰ ਸਬਦ ਬਖਾਨਾ॥੯੦॥

ਸੂਹੀ ਮਹਲਾ ੧ ਘਰ ੬

ੴ ਸਤਿਗੁਰ ਪ੍ਰਸਾਦਿ॥

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥ ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ ॥ ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥੬॥੧॥੩॥

(ਗੁ. ਗ੍ਰੰ. ਸਾਹਿਬ, ਪੰਨਾ ੭੨੯)

ਚੌਪਈ

'ਦੁਰਮਤਿ! ਤੂੰ ਕਲਿਮਲਿ ਕੀ ਖਾਨਿ । ਬਨਜੋ ਬੈਸ਼ਨੋ ਬੇਖ ਮਹਾਨਿ ।
ਬਾਹਰ ਸੁਧਾ ਬੀਚ ਬਿਖ[6] ਪੂਰੀ।ਗਹਿ ਕੈ ਜਮ ਦੇਵਹਿਂ ਦੁਖ ਭੂਰੀ॥੯੧॥

SikhBookClub.Com

ਚੌਪਈ

ਇਹ ਚੰਗਾ ਵੈਸ਼ਨੋ (ਭਗਤ ਬਣਿਆ) ਬੈਠਾ ਹੈ, ਇਨ੍ਹਾਂ ਜਿਹਾ ਤਾਂ ਕੋਈ ਵੀ ਠੱਗ ਤੇ ਪਾਪੀ ਨਹੀਂ ਹੈ। ਮੈਨੂੰ ਘਰ ਦੇ ਅੰਦਰ ਲਿਜਾ ਕੇ, ਰੱਸੀਆਂ[2] ਨਾਲ ਮੇਰੀਆਂ ਮੁਸ਼ਕਾਂ[1] ਬੰਨ੍ਹ ਦਿੱਤੀਆਂ। ॥੮੮॥

ਮੇਰੇ ਬਸਤਰ ਲਾਹ ਕੇ ਮੈਨੂੰ ਦੁੱਖ ਦਿੱਤੇ । ਇਨ੍ਹਾਂ ਦੀ ਬੁੱਧੀ ਬਹੁਤ[3] ਜ਼ਿਆਦਾ ਪਾਪਾਂ ਵਿੱਚ ਭਿੱਜੀ ਹੋਈ ਹੈ।" ਜਿਉਂ-ਜਿਉਂ ਉਹ (ਸ਼ਹਿਜ਼ਾਦਾ) ਗੱਲਾਂ ਦੱਸਦਾ ਜਾਂਦਾ ਸੀ, ਤਿਉਂ-ਤਿਉਂ ਸੱਜਣ ਸ਼ਰਮਿੰਦਾ ਹੋ ਰਿਹਾ ਸੀ। ॥੮੯॥

ਗਰਦਨ ਨੀਵੀਂ ਕਰਕੇ, ਮੂੰਹੋਂ ਕੋਈ ਬੋਲ ਨਹੀਂ ਸੀ ਨਿਕਲ ਰਿਹਾ, ਉਹ ਕਿਵੇਂ ਲੁਕੇ[4]? ਕੋਈ ਬਹਾਨਾ[5] ਨਹੀਂ ਸੀ ਲੱਭਦਾ। ਇਸ ਤਰਾਂ ਮਹਾਨ (ਗੁਰੂ ਜੀ) ਨੂੰ ਵੇਖ ਕੇ (ਸੱਜਣ) ਸ਼ਰਮਿੰਦਾ ਹੋ ਗਿਆ। ਉਸ ਵੇਲੇ ਸ੍ਰੀ ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ। ॥੯੦॥

ਪਾਤਸ਼ਾਹੀ ਪਹਿਲੀ, ਰਾਗ ਸੂਹੀ ॥

ਕਾਂਸੀ ਚਿੱਟੀ ਤੇ ਚਮਕੀਲੀ ਹੈ ਪਰੰਤੂ ਜੇ (ਮੈਂ) ਰਗੜਾਂ ਤਾਂ (ਇਹ) ਕਾਲੀ ਸਿਆਹੀ ਦਿੰਦੀ ਹੈ (ਭਾਵ ਇਸ ਦੇ ਅੰਦਰੋਂ ਨਿਕਲਦੀ ਹੈ) ਧੋਣ ਨਾਲ ਵੀ ਇਸ ਦੀ ਅਸ਼ੁੱਧਤਾ ਦੂਰ ਨਹੀਂ ਹੁੰਦੀ, ਭਾਵੇਂ ਇਹ ਸੌ ਕੜੇ ਵਾਰੀ ਵੀ ਕਿਉਂ ਨਾ ਧੋਤੀ ਜਾਵੇ ॥੧॥ ਮਿੱਤਰ (ਅਸਲੋਂ) ਉਹੀ ਹਨ ਜੋ ਕਿ ਜਦੋਂ ਮੈਂ ਜਾਵਾਂ, ਮੇਰੇ ਨਾਲ ਜਾਣ ਅਤੇ ਜਿੱਥੇ ਹਿਸਾਬ-ਕਿਤਾਬ ਪੁੱਛਿਆ ਜਾਂਦਾ ਹੈ, ਉਥੇ ਖਲੋਤੇ ਦਿਸ ਆਉਂਦੇ ਹਨ ॥੧॥ ॥ਠਹਿਰਾਉ॥ ਆਸੇ-ਪਾਸੇ ਤੋਂ ਚਿਤਰੇ ਹੋਏ ਪਰ ਅੰਦਰੋਂ ਖ਼ਾਲੀ ਮਕਾਨ, ਮੰਦਰ ਤੇ ਅਟਾਰੀਆਂ ਢਹੇ ਹੋਏ ਅਤੇ ਨਿਕੰਮੇ ਖੰਡਰਾਂ ਦੀ ਤਰਾਂ ਹਨ ॥੨॥ ਚਿੱਟੇ ਖੰਭਾਂ ਵਾਲੇ ਬਗਲੇ ਤੀਰਥਾਂ 'ਤੇ ਵਸਦੇ (ਰਹਿੰਦੇ) ਹਨ। (ਪਰ) ਉਹ ਪਵਿੱਤਰ ਨਹੀਂ ਆਖੇ ਜਾ ਸਕਦੇ ਕਿਉਂਕਿ (ਉਹ ਤਾਂ) ਜੀਵਾਂ ਨੂੰ ਪਾੜ-ਪਾੜ ਕੇ ਖਾ ਜਾਂਦੇ ਹਨ ॥੩॥ ਮੇਰਾ ਸਰੀਰ ਸਿੰਮਲ ਦੇ ਬਿਰਛ ਵਰਗਾ ਹੈ। (ਸਿੰਮਲ ਵਾਂਗ) ਮੈਨੂੰ ਵੇਖ ਕੇ ਵੀ (ਬਾਹਰੀ ਦਿੱਖ 'ਤੇ) ਲੋਕ ਭੁੱਲ ਜਾਂਦੇ ਹਨ। ਉਸ (ਸਿੰਮਲ) ਦੇ ਫਲ ਕਿਸੇ ਕੰਮ ਨਹੀਂ ਆਉਂਦੇ, ਇਸੇ ਤਰਾਂ ਦੇ ਗੁਣ ਮੇਰੇ ਸਰੀਰ (ਜੀਵਨ) ਵਿੱਚ ਹਨ ॥੪॥ (ਮੇਰੀ ਦਸ਼ਾ ਇਉਂ ਹੈ ਜਿਵੇਂ) ਅੰਨ੍ਹੇ ਬੰਦੇ ਨੇ ਭਾਰ ਚੁੱਕਿਆ ਹੋਇਆ ਹੈ ਅਤੇ ਰਸਤਾ ਪਹਾੜੀ ਅਤੇ ਲੰਮੇਰਾ ਹੈ। ਅੱਖਾਂ ਨਾਲ (ਰਸਤਾ) ਟੋਲਦਾ ਹਾਂ, ਪਰ ਮੈਨੂੰ ਰਾਹ ਲੱਭਦਾ ਨਹੀਂ। ਮੈਂ (ਇਸ) ਪਹਾੜ ਤੋਂ ਚੜ੍ਹ ਕੇ ਕਿਵੇਂ ਲੰਘਾਂ?॥੫॥ 'ਨਾਮ' ਤੋਂ ਬਗ਼ੈਰ ਹੋਰ ਸੇਵਾ, ਨੇਕੀਆਂ ਅਤੇ ਚਤੁਰਾਈਆਂ ਕਿਹੜੇ ਕੰਮ ਹਨ? (ਸੋ) ਹੇ ਨਾਨਕ! ਤੂੰ ਸੁਆਮੀ ਦੇ ਨਾਮ ਦਾ ਸਿਮਰਨ ਕਰ, ਜਿਸ ਨਾਲ ਤੂੰ ਆਪਣੀਆਂ ਬੇੜੀਆਂ (ਬੰਧਨਾਂ) ਤੋਂ ਮੁਕਤੀ (ਛੁਟਕਾਰਾ) ਪਾ ਲਵੇਂਗਾ ॥੬॥੧॥੩॥

(ਗੁ. ਗ੍ਰੰ. ਸਾਹਿਬ, ਪੰਨਾ 729)

ਚੌਪਈ

ਹੇ ਦੁਰਮਤੀਏ (ਸੱਜਣ ਠੱਗ)! ਤੂੰ ਪਾਪਾਂ ਦੀ ਖਾਣ ਹੈਂ, ਪਰ ਤੂੰ ਉੱਪਰੋਂ ਵੈਸ਼ਨੋ-ਭਗਤ ਦਾ ਭੇਖ ਬਣਾਇਆ ਹੋਇਆ ਹੈ ਮਾਨੋਂ ਬਾਹਰੋਂ ਤੂੰ ਅੰਮ੍ਰਿਤ (ਦਿੱਸਦਾ) ਹੈਂ, ਪਰ ਅੰਦਰ ਪੂਰੀ ਜ਼ਹਿਰ[6] ਭਰੀ ਹੋਈ ਹੈ । ਤੈਨੂੰ ਜਮ ਪਕੜ ਕੇ ਭਾਰੀ ਕਸ਼ਟ ਦੇਣਗੇ। ॥੯੧॥

SikhBookClub.Com

ਜਬ ਜੰਜੀਰ ਤੋਹਿ ਗਰ ਪਾਵਹਿਂ ਹੋਇ ਸ਼ਾਸਨਾ ਕੌਨ ਛੁਟਾਵਹਿ[1]।
ਦੁਸ਼ਟ ਕਰਤ ਧਨ ਜੋ ਇਕ ਥਾਇਂ।ਕਾਜ ਨ ਆਵਹਿ ਜਬ ਬਿਲਲਾਇ ॥੯੨॥

ਸੁਤ ਬਨਿਤਾ ਸਨਬੰਧੀ[2] ਜੋਇ ।ਕੋਇ ਨ ਤੋਹਿ ਸਹਾਈ[3] ਹੋਇ।
ਪਾਵਹਿਂ ਪੀਰ ਪਰਜੋ ਚਿਰ ਕਾਲਾ।ਫਲ ਪਾਪਨ[4] ਕੋ ਹੋਇ ਬਿਸਾਲਾ'॥੯੩॥

ਦਰਸ਼ਨ ਕਰ ਸੁਨ ਬਚਨ ਭਯਾਨੇ । ਮਨ ਸੱਜਣ ਭੈ ਭਯੋ ਮਹਾਨੇ।
ਹ੍ਵੈ ਅਧੀਨ ਪਾਇਨ[5] ਲਪਟਾਯੋ । ਹਾਥ ਜੋਰ ਕਰ ਬਚਨ ਅਲਾਯੋ॥੯੪॥

'ਕਲਿਮਲਿ[6] ਕੀਨੇ ਮੈਂ ਅਤਿ ਭਾਰੀ।ਅਬ ਰਾਖਹੁ ਹੌਂ ਸ਼ਰਨ ਤੁਮਾਰੀ।
ਸੰਤ ਬਿਰਦ ਸਦਹੀ ਉਪਕਾਰੀ । ਰਾਵਰ ਮਿਲਤ ਭਈ ਸੁਧ[7] ਸਾਰੀ'॥੯੫॥

ਗੁਰ ਕਹਿਂ 'ਪਾਪ ਕਰਨ ਤਜ ਦੇਈ।ਤੌ ਕਰੁਨਾ ਕਰਤਾਰ ਕਰੇਈ।
ਸੱਤਿਨਾਮ ਸਿਮਰਹੁ ਲਿਵਲਾਈ।ਭਲੋ ਜੀਅ ਕੋ ਹੁਇ ਸੁਖ ਪਾਈ'॥੯੬॥

ਦੋਹਰਾ

'ਕਬ ਨ ਅਗਾਰੀ[8] ਹੌਂ ਕਰੌਂ ਪਿਛਲੇ ਬਖ਼ਸ਼ਹੁ ਪਾਪ।
ਉਪਦੇਸ਼ਹੁ ਸਿਖ ਕੀਜੀਏ ਦੇਹੁ ਨਾਮ ਕੋ ਜਾਪ॥੯੭॥

ਚੌਪਈ

ਮੋਰ[9] ਕਰਮ ਕਰ ਇਤ ਤੁਮ ਆਏ'। ਕਹਿ ਇਉਂ ਰਹਿਓ ਚਰਨ ਲਪਟਾਏ।
ਕ੍ਰਿਪਾਧਾਰਿ ਗੁਰ ਬਚਨ ਉਚਾਰਾ।'ਏਹੁ ਮਿਰਾਸੀ ਗੁਰੂ ਤੁਮਾਰਾ॥੯੮॥

ਇਸਕੇ ਮਾਨੇ ਭਲਾ ਜਨੀਜੈ। ਕਰਨੇ ਪਾਪ ਸਰਬ[10] ਤਜ ਦੀਜੈ'।
ਸ਼ਹਜ਼ਾਦੇ ਕੋ ਬੰਦਨ ਕਰੀ। ਸੱਜਣ ਭਾ ਨਿਹਾਲ ਤਿਹ ਘਰੀ[11] ॥੯੯॥

SikhBookClub.Com

ਜਦ ਜਮ ਤੇਰੇ ਗਲ ਵਿੱਚ ਜ਼ੰਜੀਰ ਪਾਉਣਗੇ ਤੇ ਤੈਨੂੰ ਕਸ਼ਟ ਹੋਵੇਗਾ, ਫੇਰ ਤੈਨੂੰ ਕੌਣ ਛੁਡਾਏਗਾ[1]? ਜੋ ਜ਼ੁਲਮ ਕਰ-ਕਰ ਕੇ ਤੂੰ ਧਨ ਇਕੱਠਾ ਕੀਤਾ ਹੈ, ਉਹ ਜਦੋਂ ਵਰਤ ਨਹੀਂ ਸਕੇਂਗਾ ਤਾਂ ਵਿਰਲਾਪ ਕਰੇਂਗਾ। ॥੯੨॥

ਜੋ ਤੇਰੀ ਪਤਨੀ, ਧੀਆਂ-ਪੁੱਤਰ ਅਤੇ ਰਿਸ਼ਤੇਦਾਰ[2] ਹਨ, ਕੋਈ ਵੀ ਤੇਰਾ ਸਾਥ[3] ਨਹੀਂ ਦੇਵੇਗਾ। ਦੁੱਖਾਂ ਵਿੱਚ ਪੈ ਕੇ ਬੜੇ ਲੰਮੇ ਸਮੇਂ ਤੱਕ ਨਰਕ ਦੀ ਪੀੜ ਸਹਾਰੇਂਗਾ ਪਾਪਾਂ[4] ਦਾ ਫਲ ਬਹੁਤ ਵੱਡਾ ਹੁੰਦਾ ਹੈ।" ॥੯੩॥

ਗੁਰੂ ਜੀ ਦੇ ਦਰਸ਼ਨ ਕਰ ਕੇ ਅਤੇ ਡਰ ਵਾਲੀਆਂ ਗੱਲਾਂ ਸੁਣ ਕੇ ਸੱਜਣ ਦਾ ਮਨ ਬਹੁਤ ਭੈਅ-ਭੀਤ ਹੋ ਗਿਆ। (ਉਹ) ਅਧੀਨਗੀ ਸਹਿਤ (ਗੁਰੂ ਜੀ ਦੇ) ਚਰਨਾਂ[5] ਨੂੰ ਲਿਪਟ ਗਿਆ ਤੇ ਹੱਥ ਜੋੜ ਕੇ ਆਖਣ ਲੱਗਾ। ॥੯੪॥

"(ਹਜ਼ੂਰ!) ਮੈਂ ਬਹੁਤ ਭਾਰੇ ਪਾਪ[6] ਕੀਤੇ ਹਨ, ਹੁਣ ਮੈਂ ਤੁਹਾਡੀ ਸ਼ਰਨ ਵਿੱਚ ਹਾਂ, ਮੈਨੂੰ ਬਚਾ ਲਵੋ। ਸੰਤਾਂ ਦੀ ਮਰਯਾਦਾ ਹਮੇਸ਼ਾ ਹੀ ਉਪਕਾਰ ਕਰਨ ਵਾਲੀ ਹੁੰਦੀ ਹੈ। ਆਪ ਜੀ ਨੂੰ ਮਿਲ ਕੇ ਹੁਣ ਮੈਨੂੰ ਸਾਰੀ ਸੋਝੀ[7] ਹੋ ਗਈ ਹੈ।" ॥੯੫॥

ਗੁਰੂ ਜੀ ਨੇ ਫ਼ਰਮਾਇਆ, "(ਤੂੰ) ਪਾਪ ਕਮਾਉਣੇ ਛੱਡ ਦੇਹ, ਤਾਂ ਹੀ ਪਰਮੇਸ਼ਰ ਦੀ ਮਿਹਰ ਹੋਵੇਗੀ। ਇੱਕ-ਮਨ ਹੋ ਕੇ 'ਸਤਿਨਾਮ' ਦਾ ਸਿਮਰਨ ਕਰ, ਇਸ ਨਾਲ ਜੀਵ ਦਾ ਭਲਾ ਹੋ ਕੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।" ॥੯੬॥

ਦੋਹਰਾ

"ਮੇਰੇ ਪਿਛਲੇ ਪਾਪ ਬਖ਼ਸ਼ ਲਵੋ, ਅੱਗੇ[8] ਤੋਂ ਮੈਂ ਕੋਈ ਪਾਪ ਨਹੀਂ ਕਰਾਂਗਾ। ਮੈਨੂੰ ਉਪਦੇਸ਼ ਦੇ ਕੇ, ਆਪਣਾ ਸਿੱਖ ਬਣਾ ਲਵੋ ਤੇ ਨਾਮ-ਸਿਮਰਨ ਦੀ ਦਾਤ ਬਖ਼ਸ਼ੋ। ॥੯੭॥

ਚੌਪਈ

ਮੇਰੇ[9] 'ਤੇ ਕਿਰਪਾ ਕਰਕੇ ਤੁਸੀਂ ਇਥੇ ਆਏ ਹੋ।" ਉਹ ਇਉਂ ਆਖ ਕੇ ਚਰਨਾਂ ਨਾਲ ਲਿਪਟਿਆ ਰਿਹਾ। ਕਿਰਪਾਲੂ ਹੋ ਕੇ, ਸਤਿਗੁਰੂ ਜੀ ਨੇ ਬਚਨ ਕੀਤਾ, "ਇਹ ਮਰਾਸੀ ਤੁਹਾਡਾ ਗੁਰੂ ਹੈ। ॥੯੮॥

ਇਸ ਨੂੰ ਮੰਨਣ (ਸਤਿਕਾਰ ਕਰਨ) ਵਿੱਚ ਤੁਸੀਂ ਆਪਣਾ ਭਲਾ ਜਾਣੋ। ਸਾਰੇ[10] ਪਾਪ ਕਰਨੇ ਤਿਆਗ ਦਿਉ।" ਉਸ ਨੇ ਸ਼ਹਿਜ਼ਾਦੇ ਨੂੰ ਨਮਸਕਾਰ ਕੀਤੀ (ਤਾਂ) ਸੱਜਣ ਉਸੇ (ਘੜੀ) ਸਮੇਂ[11] ਨਿਹਾਲ ਹੋ ਗਿਆ। ॥੯੯॥

SikhBookClub.Com

ਗੁਰਕਹਿਂ ਸਦਨ[1] ਪਾਪ ਧਨ ਜੋਊ। ਅਬ ਲੁਟਾਇ ਦੀਜੈ ਸਭ ਸੋਊ'।
ਮਾਨਜੋ ਬਚਨ ਨਿਕਟਿ ਜੋ ਦਰਬਾ। ਰੰਕ[2] ਬੁਲਾਇ ਲੁਟਾਯੋ ਸਰਬਾ॥੧੦੦॥

ਬਖਸ਼ਜੋ ਇਸ ਪ੍ਰਕਾਰ ਤਿਸ ਤਾਂਈ । ਆਗੈ ਕੀਨੋ ਗਮਨ ਗੁਸਾਂਈ ।
ਖੁਰਮੇਪੁਰ ਮਹਿਂ ਪਹੁੰਚੇ ਜਾਈ । ਸ਼ਹਜ਼ਾਦੇ ਸੋਂ ਗਿਰਾ ਅਲਾਈ॥੧੦੧॥

'ਨਗਰੁ ਮਹਾਨ ਰੁਚਿਰੁ ਇਸਥਾਨਾਂ । ਕੀਨੋ ਦਾਹੁ[3] ਇਹਾਂ ਮਰਦਾਨਾ'।
ਸੁਨ ਕੈ ਸ਼੍ਰੋਨ ਦੇਖ ਥਲ ਤਾਂਈਂ । ਬੰਦਨ ਕੀਨੀ ਸੀਸ ਝੁਕਾਈ॥੧੦੨॥

ਗੁਰ ਕਹਿਂ 'ਬਚਨ ਹਮਾਰਾ ਮਾਨਹੁ। ਇਹ ਥਲ ਰਹਹੁ ਕੁਟੰਬ[4] ਨਿਜ ਆਨਹੁ।
ਮਰਦਾਨੇ ਕੇ ਸਮ ਤੂ ਹੋਇ । ਪੂਜਹਿ ਪਗ ਸਗਰੋ ਪੁਰ ਜੋਇ'॥੧੦੩॥

ਦੋਹਰਾ

ਸ਼ਹਜ਼ਾਦੇ ਕਰ ਬੰਦ ਕੈ ਪੁਨਿ ਬੂਝੇ ਜਗਤੇਸ਼।
'ਹਮਰਾ ਕੋ ਅਵਿਲੰਬ[5] ਹ੍ਵੈ ਤੁਮ ਗਮਨਹੁ ਪਰਦੇਸ਼'॥੧੦੪॥

ਚੌਪਈ

ਸ੍ਰੀ ਗੁਰ ਭਨਜੋ 'ਨਿਕੇਤ[6] ਤੁਮਾਰੇ।ਸਰਬ ਪਦਾਰਥ ਹੋਹਿਂ ਸੁਖਾਰੇ।
ਬੰਸ[7] ਬ੍ਰਿਧ ਹੋਵਹਿਗੋ ਤੁਮਰਾ।ਮਾਨਹੁ ਸਾਚ ਬਚਨ ਇਉਂ ਹਮਰਾ॥੧੦੫॥

ਚਿੰਤ ਕਰਉ ਜਬਹੀ ਮਨ ਮਾਹੀਂ । ਆਵੈਂ ਨਿਕਟਿ ਦੇਰ ਕੁਛ ਨਾਹੀਂ ।
ਇਸ ਬਿਧਿ ਕਰਹੁ ਸੱਤਜ ਪਰਤੀਤਾ । ਡੋਲਹੁ ਨਹੀ ਰਾਖ ਥਿਰ ਚੀਤਾ[8]'॥੧੦੬॥

ਸ਼ਹਿਜ਼ਾਦੇ ਤਬ ਜੋਰੇ ਹਾਥਾ । ਕਹੈ 'ਪ੍ਰਤੀਤ ਮੁਝੈ ਪ੍ਰਭੁ ਨਾਥਾ'।
ਤਬ ਸ੍ਰੀ ਗੁਰ ਮੰਜੀ[9] ਤਿਹਂ ਦੀਨੀ । ਆਪ ਚਲਨ ਕੀ ਮਨਸ਼ਾ ਕੀਨੀ॥੧੦੭॥

ਸ਼ਹਿਜ਼ਾਦਾ ਨਿਜ ਸਦਨ ਸਿਧਾਰਾ।ਲੇਨੇ ਹੇਤ ਸਰਬ ਪਰਵਾਰਾ।
ਤਬ ਕੋ ਬਸਜੋ ਜਾਇ ਤਿਹ ਥਾਨਾ।ਬਧੀ ਮੰਨਤਾ ਬੰਸ਼ ਮਹਾਨਾ॥੧੦੮॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਮਰਦਾਨਾ ਮਰਨ, ਸ਼ਹਜ਼ਾਦੇ ਕੋ ਪ੍ਰਸੰਗ' ਬਰਨਨੰ ਨਾਮ ਪੈਂਤੀਸਮੋ ਧਯਾਇ ॥੩੫॥

SikhBookClub.Com

ਗੁਰੂ ਜੀ ਨੇ ਫ਼ਰਮਾਇਆ, "ਜੋ ਤੇਰੇ ਘਰ[1] ਵਿੱਚ ਪਾਪ ਨਾਲ ਕਮਾਇਆ ਧਨ ਹੈ, ਹੁਣ ਉਹ ਸਾਰਾ ਧਨ ਲੁਟਾ ਦੇਹ।" ਉਸਨੇ ਗੁਰੂ ਜੀ ਦਾ ਬਚਨ ਮੰਨ ਕੇ, ਜੋ ਉਸ ਕੋਲ ਧਨ ਸੀ, ਗ਼ਰੀਬਾਂ[2] ਨੂੰ ਬੁਲਾ ਕੇ, ਸਾਰਾ ਲੁਟਾ ਦਿੱਤਾ। ॥੧੦੦॥

ਗੁਰੂ ਜੀ ਨੇ ਉਸ 'ਤੇ ਇਸ ਪ੍ਰਕਾਰ ਬਖ਼ਸ਼ਸ਼ ਕੀਤੀ ਅਤੇ ਸ੍ਰਿਸ਼ਟੀ ਦੇ ਮਾਲਕ ਗੁਰੂ ਜੀ ਫਿਰ ਅਗਾਂਹ ਰਵਾਨਾ ਹੋ ਗਏ। ਜਾ ਕੇ 'ਖੁਰਮ' ਨਗਰ ਵਿੱਚ ਪੁੱਜ ਗਏ ਅਤੇ ਸ਼ਹਿਜ਼ਾਦੇ ਨੂੰ ਬਚਨ ਕੀਤਾ। ॥੧੦੧॥

"ਇਹ ਇਕ ਮਹਾਨ ਨਗਰ ਹੈ ਅਤੇ ਇਥੇ ਸਥਾਨ ਸੁੰਦਰ ਤੇ ਮਰਦਾਨੇ ਦਾ ਸਸਕਾਰ[3] ਕੀਤਾ ਹੈ" । ਕੰਨੀਂ ਸੁਣ ਕੇ ਅਤੇ ਸਥਾਨ ਵੇਖ ਕੇ ਸ਼ਹਿਜ਼ਾਦੇ ਨੇ ਨਮਸਕਾਰ ਕੀਤੀ ਅਤੇ ਸਿਰ ਝੁਕਾਇਆ। ॥੧੦੨॥

ਗੁਰੂ ਜੀ ਨੇ ਆਖਿਆ, "ਸਹਿਜ਼ਾਦੇ ਮੇਰੀ ਗੱਲ ਮੰਨੋ ਆਪਣਾ ਪਰਿਵਾਰ[4] ਲਿਆ ਕੇ ਇਥੇ ਵਸਣਾ ਕਰੋ । ਤੂੰ ਵੀ ਮਰਦਾਨੇ ਦੇ ਸਮਾਨ ਮਹਾਨ ਹੋਵੇਂਗਾ। ਇਹ ਸਾਰਾ ਨਗਰ ਜੋ ਹੈ, ਇਹ ਤੇਰੇ ਪੈਰ ਪੂਜੇਗਾ।" ॥੧੦੩॥

ਦੋਹਰਾ

ਸ਼ਹਿਜ਼ਾਦੇ ਨੇ ਹੱਥ ਬੰਨ੍ਹ ਕੇ ਫੇਰ ਜਗਤ ਦੇ ਪਤੀ (ਗੁਰੂ ਜੀ ਨੂੰ) ਪੁੱਛਿਆ, ਤੁਸੀਂ ਤਾਂ ਦੂਰ ਪਰਦੇਸ਼ ਚਲੇ ਜਾਉਗੇ, ਸਾਡਾ ਆਸਰਾ[5] ਕੌਣ ਹੋਵੇਗਾ?" ॥੧੦੪॥

ਚੌਪਈ

ਗੁਰੂ ਜੀ ਬੋਲੇ, "ਤੇਰੇ ਘਰ[6] ਵਿੱਚ ਸਾਰੇ ਪਦਾਰਥ ਸੁਖਾਲੇ ਹੀ ਪ੍ਰਾਪਤ ਹੋਣਗੇ। ਤੇਰਾ ਵੰਸ਼[7] ਵਧੇਗਾ, ਸਾਡੀ ਇਸ ਗੱਲ ਨੂੰ ਸੱਚ ਜਾਣ ਕੇ ਮੰਨ ਲਵੋ ॥੧੦੫॥

ਜਦੋਂ ਵੀ ਤੂੰ ਮਨ ਤੋਂ ਚਿੰਤਤ ਹੋਵੇਂਗਾ, ਮੈਂ ਤੇਰੇ ਕੋਲ, ਬਿਨਾਂ ਦੇਰੀ ਦੇ ਪਹੁੰਚ ਜਾਵਾਂਗਾ। ਇਸ ਗੱਲ ਨੂੰ ਸੱਚ ਜਾਣ ਕੇ ਮੰਨ ਕੇ ਯਕੀਨ ਰੱਖੋ। ਚਿੰਤਾ ਨਾ ਕਰ, ਮਨ[8] ਨੂੰ ਡੁਲਾਈਂ ਨਾ।" ॥੧੦੬॥

ਉਸ ਵੇਲੇ ਸ਼ਹਿਜ਼ਾਦੇ ਨੇ ਹੱਥ ਜੋੜੇ ਤੇ ਬੋਲਿਆ, "ਹੇ ਮਾਲਕ! ਮੈਨੂੰ ਤੁਹਾਡੇ 'ਤੇ ਭਰੋਸਾ ਹੈ।" ਫੇਰ ਸ੍ਰੀ ਗੁਰੂ ਜੀ ਨੇ ਉਸ ਨੂੰ 'ਗੱਦੀ'[9] ਬਖਸ਼ ਦਿੱਤੀ ਤੇ ਆਪ ਉਥੋਂ ਜਾਣ ਦੀ ਇੱਛਾ ਕੀਤੀ ॥੧੦੭॥

ਸਾਰੇ ਪਰਿਵਾਰ ਨੂੰ ਲਿਆਉਣ ਲਈ ਸ਼ਹਿਜ਼ਾਦਾ ਆਪਣੇ ਘਰ ਚਲਾ ਗਿਆ, ਓਦੋਂ ਤੋਂ (ਉਹ) ਉਸ ਸਥਾਨ 'ਤੇ ਜਾ ਵਸਿਆ। ਉਸ ਦੀ ਬਹੁਤ ਮਾਨਤਾ ਹੋਈ ਤੇ ਵਿਸਾਲ ਵੰਸ਼ ਵਧਿਆ ॥੧੦੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਮਰਦਾਨੇ ਦਾ ਦੇਹਾਂਤ ਅਤੇ ਸ਼ਹਿਜ਼ਾਦੇ ਦਾ ਪ੍ਰਸੰਗ" ਨਾਮੀ ਪੈਂਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਮਰਦਾਨੇ ਦੇ, ਆਪਣੇ ਘਰ ਨੂੰ ਯਾਦ ਕਰਨ 'ਤੇ ਗੁਰੂ ਜੀ ਨੇ ਤਸੱਲੀ ਦਿੱਤੀ ਕਿ ਚਿੰਤਾ ਨਾ ਕਰ, ਤੈਨੂੰ ਛੇਤੀ ਘਰ ਪੁਚਾ ਦਿਆਂਗੇ। ਹੱਸਦਿਆਂ, ਗੁਰੂ ਜੀ ਨੇ ਮਰਦਾਨੇ ਦੇ, ਛੇਤੀ ਹੀ ਪਰਲੋਕ ਗਮਨ ਕਰਨ ਦਾ ਸੰਕੇਤ ਦਿੱਤਾ । ਮਰਦਾਨੇ ਨੇ, ਮ੍ਰਿਤੂ ਮਗਰੋਂ ਆਪਣੇ ਦਾਹ-ਸੰਸਕਾਰ ਦੀ ਫ਼ਰਮਾਇਸ਼ ਪਾਈ ਕਿਉਂਕਿ ਦਫ਼ਨਾਉਣ ਨਾਲ ਤਾਂ ਅਪਵਿੱਤਰਤਾ ਰਹਿੰਦੀ ਹੈ। ਸਤਿਗੁਰੂ ਜੀ ਨੇ ਉਸ ਦੀ ਮ੍ਰਿਤੂ ਹੋ ਜਾਣ 'ਤੇ, ਮਰਦਾਨੇ ਦਾ ਸਰੀਰ ਭਲੀ ਪ੍ਰਕਾਰ ਅਗਨ-ਭੇਟ ਕਰ ਦਿੱਤਾ।

'ਖੁਰਮ' ਸ਼ਹਿਰ ਤੋਂ ਤੁਰਨ ਲੱਗਿਆਂ ਨੂੰ, ਚੇਲਿਆਂ ਸਣੇ ਫਿਰਦਾ ਗੋਰਖ ਨਾਥ ਨਾਮ ਦਾ ਸਿੱਧ ਮਿਲ ਪਿਆ। ਉੱਥੇ ਸਿੱਧਾਂ ਨਾਲ ਚਰਚਾ ਸ਼ੁਰੂ ਹੋ ਗਈ। ਤਦੇ ਗੋਰਖ ਨੇ ਗੁਰੂ ਜੀ ਨੂੰ 'ਅੱਚਲ' ਦੇ ਮੇਲੇ 'ਤੇ ਬਟਾਲੇ ਜਾਣ ਦਾ ਸੁਝਾਅ ਤੇ ਸੱਦਾ ਦਿੱਤਾ। ਅੱਚਲ ਬਟਾਲੇ ਪੁੱਜ ਕੇ, ਮੇਲੇ ਮਗਰੋਂ ਮਰਦਾਨੇ ਦੇ ਪੁੱਤਰ ਨੂੰ ਲੈਣ ਲਈ ਆਪ, ਤਲਵੰਡੀ ਜਾ ਅੱਪੜੇ। ਉੱਥੋਂ ਮਰਦਾਨੇ ਦੇ ਪੁੱਤਰ, 'ਸ਼ਹਿਜ਼ਾਦੇ' ਨੂੰ, ਘਰੋਂ ਸੱਦ ਕੇ ਦੱਸਿਆ ਕਿ ਉਸ ਦਾ ਪਿਤਾ 'ਖੁਰਮ' ਸ਼ਹਿਰ ਵਿੱਚ ਸੁਰਗਵਾਸ ਹੋ ਗਿਆ ਸੀ। ਹੁਣ ਉਹ ਉਨ੍ਹਾਂ ਦੇ ਨਾਲ ਚੱਲੇ ਤੇ 'ਖੁਰਮ' ਸ਼ਹਿਰ ਵਿੱਚ ਜਾ ਨਿਵਾਸ ਕਰੇ।

ਜਦ ਉਹ 'ਤੁਲੰਭੇ' ਨਗਰ ਪੁੱਜੇ ਤਾਂ ਸ਼ਹਿਜ਼ਾਦਾ ਭੁੱਖ ਕਾਰਨ ਭੋਜਨ ਭਾਲਦਾ ਸੱਜਣ-ਠੱਗ ਦੇ ਕਾਬੂ ਆ ਗਿਆ। ਉਸ ਦੇ ਬੰਦਿਆਂ ਨੇ ਭੋਜਨ ਦੇ ਬਹਾਨੇ ਸ਼ਹਿਜ਼ਾਦੇ ਨੂੰ ਅੰਦਰ ਲਿਜਾ ਕੇ ਕੱਪੜੇ ਲਾਹ ਲਏ ਤੇ ਮੁਸ਼ਕਾਂ ਬੰਨ੍ਹ ਦਿੱਤੀਆਂ। ਕਸ਼ਟ ਵਿੱਚ ਪਏ ਹੋਏ ਨੇ ਜਿਉਂ ਹੀ ਗੁਰੂ ਜੀ ਨੂੰ ਯਾਦ ਕੀਤਾ ਤਾਂ ਆਪ ਜੀ ਸੱਜਣ ਕੋਲ ਪੁੱਜ ਗਏ। ਉਨ੍ਹਾਂ ਸ਼ਹਿਜ਼ਾਦੇ ਨੂੰ ਛੁਡਵਾਇਆ ਤੇ ਸੱਜਣ ਨੂੰ ਬਦੀਆਂ ਕਰਨੋਂ ਰੋਕਿਆ। ਉਹਨੂੰ ਚੇਤੇ ਕਰਵਾਇਆ ਕਿ ਤੇਰੇ ਕੀਤੇ ਪਾਪਾਂ ਦਾ ਲੇਖਾ ਦੇਣ ਲਈ ਅੰਤ ਵਿੱਚ ਤੈਨੂੰ ਸਜ਼ਾਵਾਂ ਭੁਗਤਣੀਆਂ ਪੈਣਗੀਆਂ। ਉਸ ਤੋਂ ਤੋਬਾ ਕਰਵਾ ਕੇ, ਪਿਛਲੇ ਕੁਕਰਮ ਮੁਆਫ਼ ਕਰ ਦਿੱਤੇ ।

ਫੇਰ ਖੁਰਮ ਨਗਰ ਵਿੱਚ ਪੁੱਜ ਕੇ ਸਹਿਜ਼ਾਦੇ ਦੇ ਪਿਤਾ ਮਰਦਾਨਾ ਜੀ ਦਾ ਸਸਕਾਰ ਦਾ ਸਥਾਨ ਵਿਖਾਇਆ ਤੇ, ਉਸ ਨੂੰ ਸਾਰਾ ਪਰਵਾਰ ਲਿਆ ਕੇ, ਉੱਥੇ ਵਸੇਬਾ ਕਰ ਲੈਣ ਦਾ ਸੁਝਾਅ ਦਿੱਤਾ। ਗੁਰੂ ਜੀ ਨੇ, ਉਸ ਦੇ ਯਾਦ ਕਰਨ 'ਤੇ, ਹਰ ਔਖ-ਸੌਖ ਵਿੱਚ ਅੱਪੜਨ ਦਾ ਬਚਨ ਦਿੱਤਾ ।

SikhBookClub.Com

ਫੁੱਟਨੋਟ

(*1) 'ਖੁਰਮ' ਨਗਰ ਅਸਲ ਵਿੱਚ 'ਅਫ਼ਗਾਨਿਸਤਾਨ' ਦੇਸ਼ ਦੇ 'ਕੁੱਰਮ' ਸ਼ਹਿਰ ਨੂੰ ਹੀ ਆਖਿਆ ਗਿਆ ਹੈ। ਕੁੱਰਮ ਸ਼ਹਿਰ 'ਕੁੱਰਮ' ਦਰਿਆ ਦੇ ਕੰਢੇ 'ਤੇ ਵਸਿਆ ਹੋਇਆ ਹੈ। ਭਾਈ ਮਰਦਾਨੇ ਦਾ ਦਿਹਾਂਤ ਇਸੇ ਨਗਰ ਵਿੱਚ ਸੰਮਤ 1591 ਦੇ ਮੱਘਰ ਮਹੀਨੇ ਵਿੱਚ ਹੋਇਆ ਲਿਖਿਆ ਹੈ।

(*2) 'ਅੱਚਲ' ਮਹਾਂਦੇਵ ਦਾ ਮੰਦਰ ਹੈ ਜੋ ਗੁਰਦਾਸਪੁਰ (ਪੰਜਾਬ) ਜ਼ਿਲ੍ਹੇ ਵਿੱਚ ਵਟਾਲੇ (ਬਟਾਲੇ) ਸ਼ਹਿਰ ਤੋਂ ਦੋ ਕੋਹ ਦੱਖਣ ਵੱਲ ਸਥਿਤ ਹੈ। ਇਸੇ ਮੰਦਰ ਕਾਰਨ ਹੀ ਪਿੰਡ ਦਾ ਨਾਂ ਵੀ 'ਅੱਚਲ' ਪੈ ਗਿਆ ਅਤੇ 'ਬਟਾਲੇ' ਸ਼ਹਿਰ ਦੇ ਬਹੁਤ ਨੇੜੇ ਹੋਣ ਕਰਕੇ ਉਸਦੇ ਨਾਂ ਦੇ ਨਾਲ ਹੀ ਜੁੜ ਗਿਆ ਤੇ 'ਅੱਚਲ ਬਟਾਲਾ' ਅਖਵਾਉਣ ਲੱਗ ਪਿਆ। ਇਸੇ ਮੰਦਰ ਵਿੱਚ ਸ਼ਿਵਰਾਤਰੀ ਨੂੰ ਮੇਲਾ ਭਰਦਾ ਸੀ, ਜਿਸ 'ਤੇ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸ਼ਟ ਕੀਤੀ ਸੀ।

(*3) 'ਤੁਲੰਭਾ' ਪਾਕਿਸਤਾਨ ਦੇ ਮੁਲਤਾਨ ਜ਼ਿਲ੍ਹੇ ਦੇ ਥਾਣਾ ਕਬੀਰਵਾਲਾ ਦਾ ਉਹ ਸਥਾਨ ਹੈ ਜਿਸ ਦਾ ਅੱਜ-ਕੱਲ੍ਹ ਦਾ ਨਾਂ 'ਮਖ਼ਦੂਮਪੁਰਾ' ਹੈ। ਇਸ ਪਿੰਡ ਤੋਂ ਪੌਣਾ ਮੀਲ ਦੱਖਣ-ਪੂਰਬ ਵੱਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਦੇ ਸਮੇਂ ਇਸੇ ਪਿੰਡ ਦਾ ਨਾਂ 'ਤੁਲੰਭਾ' ਅਥਵਾ 'ਤੁਲੰਬਾ' ਸੀ। 'ਸੱਜਣ' ਠੱਗ ਇਸੇ ਪਿੰਡ ਦਾ ਵਸਨੀਕ ਸੀ।

(ਮਹਾਨ ਕੋਸ਼, ਪੰਨਾ 939)

(*4) ਪੁਰਾਤਨ ਜਨਮਸਾਖੀ ਅਨੁਸਾਰ ਸੱਜਣ ਠੱਗ ਵਾਲੀ ਸਾਖੀ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਸਮੇਂ ਵਾਪਰੀ । ਭਾਵ ਗੁਰੂ ਨਾਨਕ ਸਾਹਿਬ ਦਾ ਤੁਲੰਭਾ (ਮੌਜੂਦਾ ਮਖਦੂਮਪੁਰ, ਜ਼ਿਲ੍ਹਾ ਮੁਲਤਾਨ) ਜਾ ਕੇ 'ਸੱਜਣ ਠੱਗ ਨਿਸਤਾਰਾ' ਕਰਨ ਦੀ ਸਾਖੀ ਉਦਾਸੀਆਂ ਦੇ ਆਰੰਭ ਵਿਚ ਹੋਈ । 'ਸਹਿਜ਼ਾਦੇ ਅਤੇ ਸੱਜਣ' ਵਾਲੀ ਇਹ ਸਾਖੀ ਕਿਸੇ ਹੋਰ ਜਨਮਸਾਖੀ ਵਿਚ ਨਹੀਂ ਮਿਲਦੀ ।

SikhBookClub.Com

ਅਧਜਾਯ ਛੱਤੀਵਾਂ

(ਗੁਰਪਗ ਸਿਮਰਨ, ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਨਿਸਤਾਰਾ)

ਦੋਹਰਾ

ਸ੍ਰੀ ਗੁਰ ਪਗ ਕੋ ਸਿਮਰ ਉਰ ਰੋਜ ਖੋਜ ਨਿਜ ਰੂਪ।
ਪਾਇ ਸਹਜ ਸੁਖ ਕੋ ਤਬੈ ਉਧਰ ਅੰਧੇਰੇ ਕੂਪ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨ ਕਥਾ ਰਸਾਲਾ[1]।ਗਏ ਕੰਧਾਰ ਮਝਾਰ ਕ੍ਰਿਪਾਲਾ।
ਯਾਰਵਲੀ[(*1)] ਇਕ ਮੁਗ਼ਲ ਰਹੰਤਾ।ਤਿਹ ਸੋਂ ਕੀਨ ਮਿਲਨ ਭਗਵੰਤਾ॥੨॥

ਬੂਝਨ ਹਿਤ ਤਿਹ[2] ਬਚਨ ਉਚਾਰਾ।'ਗੁਫ਼ਤੋ[3] ਅਪਨੋ ਨਾਮ ਚਿ[4] ਦਾਰਾ?'।
'ਮਾ[5] ਨਾਮ ਨਾਨਕ ਨਿਰੰਕਾਰੀ।' ਕਹੈ 'ਮਾਯਨਾ ਕਰੋ ਉਚਾਰੀ'॥੩॥

'ਬੰਦਾ ਹੌਂ ਖੁਦਾਇ ਕਾ ਜਾਨਹੁੰ' । ਪੁਨਿ ਬੂਝਤ 'ਨਿਜ ਪੀਰ ਬਖਾਨਹੁੰ'।
'ਯਕ ਖ਼ੁਦਾਇ ਹੈ ਦਿਗਰ[6] ਨ ਕੋਈ।ਜਗਤ ਮੁਰੀਦ[7] ਪੀਰ ਬਡ ਸੋਈ'॥੪॥

ਬਚਨ ਸੁਨਤ ਭਾ ਦੇਖਿ ਨਿਹਾਲਾ । ਧਰਜੋ ਚਰਨ ਪੁਰ ਸਿਰ ਤਤਕਾਲਾ।
'ਤੁਮ ਖੁਦਾਇ ਹੋ ਧਰਜੋ ਸਰੀਰਾ।ਭੰਜਹੁ ਜਨਮੁ ਮਰਨ ਕੀ ਪੀਰਾ॥੫॥

ਮੈਂ ਜਾਨੋਂ ਨਿਜ ਪੀਰ ਬਿਸਾਲਾ[8]।ਤੁਮਰੋ ਭਾ ਮੁਰੀਦ ਇਹ ਕਾਲਾ'।
ਬੂਝਜੋ ਗੁਰੂ 'ਨਾਮ ਕੋ[9] ਤੇਰਾ? । ਕਿਉਂ ਮੁਰੀਦ ਹੋਵਤ ਹੈ ਮੇਰਾ'॥੬॥

'ਯਾਰਵਲੀ ਜਾਨਹੁ ਮਮ ਨਾਮੂ।ਬਨਉਂ ਮੁਰੀਦ ਮੁਕਤਿ ਕੇ ਕਾਮੂ[10]'।
ਤਿਹ ਕੀ ਸਰਧਾ ਦੇਖਿ ਬਿਸਾਲਾ।ਉਪਦੇਸ਼ਜੋ ਕਰ ਦੀਨ ਨਿਹਾਲਾ॥੭॥

ਏਕ ਨਿਸਾ[11] ਬਸਕੈ ਤਿਹ ਸਦਨਾ । ਚਲਨ ਤਜਾਰ ਭੇ ਪੰਕਜ ਬਦਨਾ[12]।
ਯਾਰਵਲੀ ਬੰਦੈ ਸਿਰ ਨਜਾਇ । ਭਈ ਮਸਤ[13] ਮਤ ਨਾਮ ਖੁਦਾਇ॥੮॥

SikhBookClub.Com

ਅਧਿਆਇ ਛੱਤੀਵਾਂ

(ਗੁਰ-ਚਰਨਾਂ ਦਾ ਸਿਮਰਨ, ਕੰਧਾਰ, ਯਾਰਵਲੀ, ਖੱਤਰੀ, ਸ਼ਾਹ ਸ਼ਰਫ਼, ਮਾਨਚੰਦ ਨਿਸਤਾਰਾ)

ਦੋਹਰਾ

ਸ੍ਰੀ ਗੁਰੂ ਜੀ ਦੇ ਚਰਨਾਂ ਨੂੰ ਹਿਰਦੇ (ਵਿੱਚ) ਸਦਾ ਸਿਮਰ (ਤੇ) ਨਿੱਜ ਸਰੂਪ ਦੀ ਖੋਜ ਕਰ। ਤਦ (ਸੰਸਾਰ ਰੂਪੀ) ਅੰਨ੍ਹੇ-ਖੂਹ ਤੋਂ (ਤੇਰਾ) ਉਧਾਰ (ਹੋਵੇਗਾ) ਤੇ (ਤੂੰ) ਸਹਿਜ-ਸੁੱਖ ਪਾ ਲਵੇਂਗਾ ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਰੂ ਅੰਗਦ ਦੇਵ ਜੀਓ! ਅੱਗੇ ਹੋਰ ਮਨੋਹਰ[1] ਕਥਾ ਸੁਣੋ। ਜਦ ਕਿਰਪਾਲੂ (ਗੁਰੂ ਜੀ) ਕੰਧਾਰ ਪਹੁੰਚੇ, ਉਥੇ 'ਯਾਰਵਲੀ' ਨਾਂ ਦਾ ਇੱਕ ਮੁਗ਼ਲ ਰਹਿੰਦਾ ਸੀ । ਗੁਰੂ ਜੀ ਨੇ ਉਸ ਨਾਲ ਮੁਲਾਕਾਤ ਕੀਤੀ। ॥੨॥

ਪੁੱਛਣ ਲਈ, ਉਸ[2] ਨੇ ਆਖਿਆ, "ਕਹੋ[3] ਤੁਹਾਡਾ ਕੀ[4] ਨਾਂ ਹੈ?" (ਗੁਰੂ ਜੀ ਬੋਲੇ), "ਮੇਰਾ[5] ਨਾਂ ਨਾਨਕ ਨਿਰੰਕਾਰੀ ਹੈ। (ਉਹ) ਬੋਲਿਆ, "ਇਸ ਦੇ ਅਰਥ ਕਰਕੇ ਦੱਸੋ।" ॥੩॥

(ਗੁਰੂ ਜੀ ਬੋਲੇ), "(ਇਸ ਦਾ ਅਰਥ ਹੈ ਕਿ) ਮੈਨੂੰ ਖ਼ੁਦਾ ਦਾ ਬੰਦਾ ਜਾਣੋ।" ਉਹ ਫੇਰ ਪੁੱਛਣ ਲੱਗਾ, "ਦੱਸੋ, ਤੁਹਾਡਾ ਪੀਰ (ਗੁਰੂ) ਕੌਣ ਹੈ?" ਗੁਰੂ ਜੀ ਨੇ ਫ਼ਰਮਾਇਆ, "ਇੱਕੋ ਖ਼ੁਦਾ ਹੈ, ਹੋਰ[6] ਦੂਜਾ ਕੋਈ ਨਹੀਂ। ਸਾਰਾ ਸੰਸਾਰ ਉਸੇ ਵੱਡੇ ਪੀਰ ਦਾ ਹੀ ਚੇਲਾ[7] ਹੈ।" ॥੪॥

(ਗੁਰੂ ਜੀ ਦੇ) ਦਰਸ਼ਨ ਕਰਕੇ ਤੇ ਬਚਨ ਸੁਣ ਕੇ ਉਹ ਨਿਹਾਲ ਹੋ ਗਿਆ। (ਉਹਨੇ) ਤੁਰੰਤ (ਗੁਰੂ ਜੀ ਦੇ) ਚਰਨਾਂ ਉੱਤੇ ਸਿਰ ਧਰ ਦਿੱਤਾ ਤੇ ਬੋਲਿਆ, "ਤੁਸੀਂ ਤਾਂ ਖ਼ੁਦਾ ਹੋ, ਸਰੀਰਕ-ਜਾਮਾ ਧਾਰ ਆਏ ਹੋ। ਮੇਰੇ ਜਨਮ-ਮਰਨ ਦੀ ਪੀੜਾ ਮੇਟ ਦਿਉ। ॥੫॥

ਮੈਂ ਸਮਝਦਾ ਸਾਂ ਕਿ ਮੇਰਾ ਪੀਰ ਬਹੁਤ ਮਹਾਨ[8] ਹੈ ਪਰ ਇਸ ਵੇਲੇ ਮੈਂ ਆਪ ਦਾ ਮੁਰੀਦ ਹੋ ਗਿਆ ਹਾਂ" । ਗੁਰੂ ਜੀ ਨੇ ਪੁੱਛਿਆ, "ਤੇਰਾ ਨਾਂ ਕੀ[9] ਹੈ?ਮੇਰਾ ਮੁਰੀਦ ਕਿਉਂ ਬਣਦਾ ਹੈਂ?" ॥੬॥

ਜਾਣੋ ਕਿ ਮੇਰਾ ਨਾਂ 'ਯਾਰਵਲੀ' ਹੈ (ਤੇ) ਮੈਂ ਮੁਕਤੀ ਵਾਸਤੇ[10] ਤੁਹਾਡਾ ਮੁਰੀਦ ਬਣ ਰਿਹਾ ਹਾਂ । ਉਸ ਦੀ ਅਥਾਹ ਸ਼ਰਧਾ ਨੂੰ ਵੇਖ ਕੇ, ਉਪਦੇਸ਼ ਦਿੱਤਾ ਤੇ (ਉਸ ਨੂੰ) ਨਿਹਾਲ ਕਰ ਦਿੱਤਾ ॥੭॥

ਉਸ ਦੇ ਗ੍ਰਿਹ ਵਿਖੇ ਇੱਕ ਰਾਤ[11] ਠਹਿਰ ਕੇ, ਕੰਵਲ-ਮੁੱਖ[12] (ਗੁਰੂ ਜੀ) ਚੱਲਣ ਲਈ ਤਿਆਰ ਹੋ ਪਏ। ਯਾਰਵਲੀ ਨੇ ਸਿਰ ਨਿਵਾ ਕੇ ਬੰਦਨਾ ਕੀਤੀ। (ਉਸ ਦੀ) ਬੁੱਧੀ ਖ਼ੁਦਾ ਦੇ ਨਾਂ 'ਤੇ ਸਰੂਰ[13] ਵਿੱਚ ਆ ਗਈ। ॥੮॥

SikhBookClub.Com

ਤਿਹ ਕੋ ਧੀਰਜ ਦੇ ਪੁਨ ਗਏ।ਇਕ ਖੱਤ੍ਰੀ ਕੋ ਦੇਖਤ ਭਏ।
ਜਮੀ ਬਰਫ਼ ਬਹੁ ਤਿਸ ਨੈ ਫੋਰੀ।ਲਾਗਜੋ ਮੱਜਨ[2] ਕਰਨੇ ਭੋਰੀ[1]॥੯॥

ਕਰਨ ਕ੍ਰਿਤਾਰਥ ਤਾਹਿੰ ਸਮੀਪਾ[3] । ਬੂਝਤ ਭੇ ਬੇਦੀ ਕੁਲਦੀਪਾ।
'ਕੌ ਹੈ ਬਰਨ, ਨਾਮ ਕੋ ਤੇਰਾ?। ਨ੍ਹਾਨ ਚਹਤਿ ਹੈ ਸੀਤ ਘਨੇਰਾ'॥੧੦॥

ਕਰ ਸ਼ਨਾਨ ਜਬ ਬਾਹਰ ਆਵਾ । ਦਰਸ਼ਨ ਦੇਖਤ ਭਰਮ ਨਸਾਵਾ।
ਬਿਮਲ[4] ਰਿਦਾ ਹ੍ਵੈ ਬੰਦਨ ਕੀਨੀ।ਸੰਤ ਰੂਪ ਲਖ ਮਹਿਮਾ ਚੀਨੀ[5] ॥੧੧॥

ਹਾਥ ਬੰਦ ਕੈ ਬਿਨੈ ਬਖਾਨੀ ।'ਸੰਤ ਮਿਲਨ ਮਮ[6] ਚਾਹਿ ਮਹਾਨੀ।
ਅਬ ਰਾਵਰ[7] ਪਰ ਭਈ ਪ੍ਰਤੀਤੀ।ਦਰਸ ਦੇਖ ਭਾ ਮਨ ਯੁਤ ਪ੍ਰੀਤੀ॥੧੨॥

ਪੂਰਬ ਕਰਮਨ ਕੇ ਫਲ ਪਾਏ।ਪੂਰਨ ਸੰਤ ਮਿਲੇ ਤੁਮ ਆਏ'।
ਤਿਹ ਕੀ ਪ੍ਰੀਤ ਦੇਖ ਗੁਨਖਾਨੀ । ਉਪਦੇਸ਼ੀ ਉਰ ਭਗਤਿ ਮਹਾਨੀ॥੧੩॥

ਸਗਰੀ ਘਾਲ ਸੰਪੂਰਨ ਕੀਨੀ।ਪ੍ਰਭੁ ਸਿਮਰਨ ਭੀ ਪ੍ਰੀਤ ਨਵੀਨੀ।
ਕਰ ਬਿਨਤੀ ਲੇ ਸਦਨ ਸਿਧਾਰਾ।ਅਧਿਕ ਭਾਉ ਕਰ ਭੋਜਨ ਖੁਆਰਾ[8]॥੧੪॥

ਤੀਨ ਦਿਵਸ ਰਾਖੇ ਹਿਤ ਸੰਗਾ।ਯਾਰਵਲੀ ਕੋ ਸੁਨਹੁ ਪ੍ਰਸੰਗਾ।
ਸ਼ੇਖ ਸ਼ਰਫ਼[(*2)] ਇਕ ਤਿਹ ਕੋ ਮੀਤਾ । ਪਰਚਤ ਹੁਤੇ ਕਰਤ ਹਿਤ ਚੀਤਾ[9] ॥੧੫॥

ਦੋਹਰਾ

ਜਬ ਸ੍ਰੀ ਗੁਰ ਮਿਲ ਕੈ ਗਏ ਪੀਛੇ ਆਯੋ ਸੋਇ॥
ਹੋਯੋ ਮਗਨ ਬਿਲੋਕ[10] ਕੈ ਬੂਝਜੋ ਬਚਨ ਬਿਗੋਇ[11] ॥੧੬॥

SikhBookClub.Com

ਉਸ ਨੂੰ ਧੀਰਜ ਦੇ ਕੇ, ਫੇਰ (ਗੁਰੂ ਜੀ) ਚਲੇ ਗਏ ਤਾਂ ਉਨ੍ਹਾਂ ਨੇ ਇੱਕ ਖੱਤਰੀ ਵੇਖਿਆ,ਜੋ ਸਵੇਰੇ-ਸਵੇਰੇ[1] ਬਹੁਤ ਸਾਰੀ ਜੰਮੀ ਹੋਈ ਬਰਫ਼ ਤੋੜ ਕੇ, ਉਸ ਵਿੱਚ ਇਸ਼ਨਾਨ[2] ਕਰਨ ਲੱਗਿਆ ਸੀ ॥੯॥

ਉਸ 'ਤੇ ਕਿਰਤਾਰਥ (ਕਿਰਪਾ) ਕਰਨ ਲਈ ਉਸ ਕੋਲ[3] ਗਏ ਤੇ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਪੁੱਛਣ ਲੱਗੇ, "ਤੇਰਾ ਨਾਂ ਕੀ ਹੈ? (ਤੇ) ਤੇਰੀ ਜਾਤ ਕੀ ਹੈ? ਬਹੁਤ ਠੰਢੇ ਜਲ ਨਾਲ ਇਸ਼ਨਾਨ ਕਰਨਾ ਚਾਹੁੰਦਾ ਹੈਂ।" ॥੧੦॥

ਜਿਸ ਵੇਲੇ ਉਹ ਇਸ਼ਨਾਨ ਕਰ ਕੇ ਬਾਹਰ ਆਇਆ (ਤਾਂ) ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦੇ ਭਰਮ ਦਾ ਨਾਸ਼ ਹੋ ਗਿਆ। ਉੱਜਲ[4] ਹੋਏ ਮਨ ਨਾਲ, ਨਮਸਕਾਰ ਕੀਤੀ। ਗੁਰੂ ਜੀ ਦਾ ਸੰਤ ਸਰੂਪ ਵੇਖ ਕੇ, (ਉਨ੍ਹਾਂ ਦੀ) ਵਡਿਆਈ ਜਾਣੀ[5]। ॥੧੧॥

ਹੱਥ ਬੰਨ੍ਹ ਕੇ ਬੇਨਤੀ ਕਰਨ ਲੱਗਾ, "ਕਿਸੇ ਸੰਤ-ਪੁਰਸ਼ ਨੂੰ ਮਿਲਣ ਦੀ ਮੇਰੀ[6] ਅਥਾਹ ਇੱਛਾ ਸੀ। ਹੁਣ ਆਪ[7] ਜੀ 'ਤੇ ਯਕੀਨ ਹੋ ਗਿਆ ਹੈ ਤੇ ਦਰਸ਼ਨ ਕਰਕੇ ਮਨ ਪ੍ਰੀਤ ਨਾਲ ਭਰਪੂਰ ਹੋ ਗਿਆ ਹੈ। ॥੧੨॥

(ਮੈਨੂੰ) ਕੋਈ ਪੂਰਬਲੇ-ਕਰਮਾਂ ਦਾ ਫਲ ਪ੍ਰਾਪਤ ਹੋਇਆ ਹੈ, ਜਿਸ ਕਰਕੇ ਤੁਸੀਂ ਪੂਰਨ ਸੰਤ (ਆਪ ਹੀ) ਆਣ ਮਿਲੇ ਹੋ।" ਉਸ ਦੀ ਪ੍ਰੀਤ ਵੇਖ ਕੇ, ਗੁਣਾਂ ਦੀ ਖਾਣ (ਗੁਰੂ ਜੀ) ਨੇ ਹਿਰਦੇ (ਵਾਲੀ) ਪ੍ਰਭੂ ਦੀ ਮਹਾਨ ਭਗਤੀ ਦਾ ਉਪਦੇਸ਼ ਦਿੱਤਾ। ॥੧੩॥

(ਉਸ ਦੀ) ਸਾਰੀ ਘਾਲ-ਕਮਾਈ ਸੰਪੂਰਨ ਕਰ ਦਿੱਤੀ । ਪ੍ਰਭੂ ਦੇ ਸਿਮਰਨ ਲਈ ਨਵੀਂ ਪ੍ਰੀਤ (ਉਤਪੰਨ) ਹੋ ਆਈ ਸੀ। (ਫੇਰ ਉਹ) ਬੇਨਤੀ ਕਰਕੇ ਗੁਰੂ ਜੀ ਨੂੰ ਘਰ ਲੈ ਕੇ ਆ ਗਿਆ ਅਤੇ ਬਹੁਤ ਪ੍ਰੇਮ ਸਹਿਤ ਭੋਜਨ ਛਕਾਇਆ[8]। ॥੧੪॥

ਉਨ੍ਹਾਂ ਨੂੰ, ਬਹੁਤ ਪ੍ਰੇਮ ਸਹਿਤ, ਤਿੰਨ ਦਿਨ ਆਪਣੇ ਕੋਲ ਰੱਖਿਆ। (ਹੁਣ) ਯਾਰਵਲੀ ਦਾ (ਅਗਲਾ) ਪਰਸੰਗ ਸੁਣੋ। ਸ਼ੇਖ਼ ਸ਼ਰਫ਼ ਉਸ ਦਾ ਇੱਕ ਮਿੱਤਰ ਸੀ। ਜੋ ਬੜੇ ਦਿਲੀ[9]-ਪ੍ਰੇਮ ਸਹਿਤ ਉਸ ਨਾਲ ਪਰਚਿਆ (ਰੁੱਝਿਆ) ਰਹਿੰਦਾ ਸੀ। ॥੧੫॥

ਦੋਹਰਾ

ਜਦੋਂ ਗੁਰੂ ਜੀ ਯਾਰਵਲੀ ਨੂੰ ਮਿਲ ਕੇ ਚਲੇ ਗਏ ਤਾਂ, ਮਗਰੋਂ ਉਹ (ਸ਼ੇਖ਼ ਸ਼ਰਫ਼) ਉਸ ਯਾਰਵਲੀ ਦੇ ਕੋਲ ਆ ਗਿਆ। ਯਾਰਵਲੀ ਨੂੰ ਧਿਆਨ-ਮਗਨ ਹੋਇਆ ਵੇਖ[10] ਕੇ ਉਹਨੂੰ ਪੁੱਛਣ[11] ਲੱਗਾ। ॥੧੬॥

SikhBookClub.Com

ਚੌਪਈ

'ਕੌਨ ਹਾਲ ਤੁਮ ਭਏ ਦਿਵਾਨੇ[1]?।ਜਗ ਬਿਵਹਾਰ ਸਰਬ ਬਿਸਰਾਨੇ।
ਕਾਲ[2] ਔਰ ਬਿਧਿ ਔਰੈ ਆਜਾ।ਕੋ ਤੁਹਿ ਮਿਲਜੋ? ਭਜੋ ਅਸ ਕਾਜਾ'॥੧੭॥

ਯਾਰਵਲੀ ਤਿਹ ਸੰਗ ਬਿਗੋਵਾ[3] ।'ਯਕ ਕੋ ਮੈਂ ਮੁਰੀਦ ਲਖ ਹੋਵਾ।
ਅਹੈ ਫਕੀਰ ਪੀਰ ਜੋ ਮੇਰੋ । ਹਾਲ ਭਯੋ ਅਸ[4] ਦਰਸਨ ਹੇਰੋ[5] ॥੧੮॥

ਕਰੁਨਾ ਦ੍ਰਿਸ਼ਟ ਧਾਰਿ ਕੈ ਮੋ ਪਰ । ਦੀਨੋ ਗਜ਼ਾਨ ਮੋਹ ਮਨ ਕੋ ਹਰ'।
ਬੂਝੈ ਸ਼ੇਖ 'ਸੁ ਕੁਜਾ[6] ਸਿਧਾਯੋ । ਦਿਖਰਾਵਹੁ, ਅਸ ਜਾਹਿਂ ਬਨਾਯੋ'॥੧੯॥

ਯਾਰਵਲੀ ਕਹਿ 'ਭਾਉ ਧਰੀਜੈ । ਮਿਲਹਿਂ ਆਇ ਸੋ ਆਪ,ਲਖੀਜੈ[7]'।
ਸੁਨਤ ਬਚਨ ਦੇ ਧਰਨਾ ਬੈਸਾ । ਕਹੈ 'ਉਠਉਂ ਪਿਖਕੈ[8] ਉਹ ਕੈਸਾ'॥੨੦॥

ਆਗੈ ਮਿਲਕੈ ਜਾਵਤ ਧਾਮੂ । ਬੈਠ ਰਹਜੋ ਤਹਿਂ ਦੇਖਨ ਕਾਮੂ।
ਜਬ ਹੀ ਦਿਵਸ ਬਿਤੀਤੇ ਚਾਰ । ਆਏ ਸ੍ਰੀ ਗੁਰ ਕਰੁਨਾਧਾਰ॥੨੧॥

ਦੇਖਜੋ ਯਾਰਵਲੀ ਤਬ ਗੁਰ ਕੋ। ਤੁਰਨ ਉਠਜੋ ਪ੍ਰੇਮ ਕਰ ਉਰਕੋ।
ਕਿਯ ਬੰਦਨ ਜੁਗ[9] ਪਦ ਅਰਬਿੰਦਾ।ਬੈਸਾਰੇ[11] ਪੁਨ ਆਨੰਦਕੰਦਾ[10] ॥੨੨॥

ਸੇਖ ਸ਼ਰਫ਼ ਪੁਨ ਬਾਨੀ ਭਾਖੀ ।'ਖਫਨੀ ਕਰਦ ਚਿਕਾਰ ਜੁ ਰਾਖੀ[12]?'।
ਗੁਰੂ ਮਾਯਨਾ ਤਾਹਿਂ ਬਤਾਇ । 'ਖਫਨੀ ਹੁਇ ਗਰ ਖਉਫ[13] ਖ਼ੁਦਾਇ॥੨੩॥

ਜੀਵਤ ਮ੍ਰਿਤਕ[14] ਜਗਤ ਹ੍ਵੈ ਰਹੀਏ । ਹੱਕ[15] ਪਛਾਨ ਸਰਬ ਸੁਖ ਲਹੀਏ ।
ਜਲ ਕੇ ਬਿਖੈ ਡੂਬ ਜੋ ਤਰਹੀ । ਬਹੁਰ ਨ ਡੂਬਨ ਕੋ ਡਰ ਕਰਹੀ ॥੨੪॥

SikhBookClub.Com

ਚੌਪਈ

ਤੂੰ ਕਿਸ ਕਾਰਨ ਮਸਤਾਨਾ[1] ਹੋ ਗਿਆ ਹੈਂ? ਸੰਸਾਰ ਦੇ ਸਾਰੇ ਕਾਰ-ਵਿਹਾਰ ਹੀ ਭੁਲਾ ਬੈਠਾ ਹੈਂ, ਕੱਲ੍ਹ[2] (ਤੇਰਾ) ਹੋਰ ਰੰਗ-ਢੰਗ ਸੀ ਤੇ ਅੱਜ ਹੋਰ ਹੈ। ਤੈਨੂੰ ਅਜਿਹਾ ਕੌਣ ਮਿਲ ਗਿਆ ਹੈ (ਜਿਸ ਕਾਰਨ) ਤੇਰੀ ਦਸ਼ਾ ਇਸ ਤਰਾਂ ਦੀ ਹੋ ਗਈ ਹੈ?" ॥੧੭॥

ਯਾਰਵਲੀ ਉਸ ਨੂੰ ਬੋਲਿਆ[3], "ਮੈਂ ਇੱਕ ਮੁਰਸ਼ਦ ਨੂੰ ਵੇਖ ਕੇ (ਉਸ ਦਾ) ਮੁਰੀਦ ਹੋ ਗਿਆ ਹਾਂ।ਜੋ ਫ਼ਕੀਰ ਮੇਰਾ ਪੀਰ (ਮੁਰਸ਼ਦ) ਹੈ, ਉਸ ਦੇ ਦਰਸ਼ਨ ਵੇਖ[5] ਕੇ, ਮੇਰਾ ਹਾਲ ਅਜਿਹਾ[4] ਹੋ ਗਿਆ ਹੈ। ॥੧੮॥

ਉਸ ਨੇ ਮੇਰੇ 'ਤੇ ਕਿਰਪਾ-ਦ੍ਰਿਸ਼ਟੀ ਕਰਕੇ, ਮੇਰੇ ਮਨ ਦਾ ਮੋਹ ਨਸ਼ਟ ਕਰ ਕੇ, ਮੈਨੂੰ ਗਿਆਨ ਬਖ਼ਸ਼ਸ਼ ਦਿੱਤਾ।" ਸ਼ੇਖ਼ ਸ਼ਰਫ਼ ਪੁੱਛਣ ਲੱਗਾ, "ਉਹ ਕਿੱਧਰ[6] ਵੱਲ ਚਲਾ ਗਿਆ ਹੈ? ਜਿਸ ਨੇ ਅਜਿਹਾ ਕੀਤਾ ਹੈ ਜਿੱਥੇ ਵੀ ਉਹ ਗਿਆ ਹੈ, (ਮੈਨੂੰ ਵੀ) ਦਿਖਾਵੇ" ॥੧੯॥

ਯਾਰਵਲੀ ਆਖਣ ਲੱਗਾ, "(ਮਨ ਵਿੱਚ) ਪ੍ਰੇਮ ਧਾਰਨ ਕਰ ਜਾਣ[7] ਲੈ ਕਿ ਉਹ ਆਪ ਹੀ ਆ ਕੇ ਮਿਲੇਗਾ (ਅਤੇ ਦਰਸ਼ਨ ਦੇਵੇਗਾ)।" ਇਹ ਗੱਲ ਸੁਣ ਕੇ (ਸ਼ਰਫ਼) ਧਰਨਾ ਮਾਰ ਕੇ ਬਹਿ ਗਿਆ, "ਮੈਂ ਤਾਂ ਉਸ ਨੂੰ ਵੇਖ[8] ਕੇ ਹੀ ਉੱਠਾਂਗਾ ਕਿ ਉਹ ਕਿਹੋ-ਜਿਹਾ ਹੈ।" ॥੨੦॥

ਪਹਿਲਾਂ ਤਾਂ ਉਹ ਸ਼ਰਫ਼ ਇਸ ਯਾਰਵਲੀ ਨੂੰ ਮਿਲ ਕੇ ਘਰ ਚਲਾ ਜਾਂਦਾ ਸੀ, ਅੱਜ ਉਹ ਇਹ ਪਰਯੋਜਨ ਦੇਖਣ ਵਾਸਤੇ ਬੈਠ ਹੀ ਗਿਆ। ਜਦੋਂ ਚਾਰ ਦਿਨ ਲੰਘ ਗਏ ਤਾਂ ਗੁਰੂ ਜੀ, ਦਇਆ ਧਾਰਨ ਕਰਕੇ ਪਹੁੰਚ ਗਏ। ॥੨੧॥

ਉਸ ਵੇਲੇ ਯਾਰਵਲੀ ਨੇ, ਗੁਰੂ ਜੀ ਨੂੰ ਵੇਖ ਲਿਆ ਅਤੇ ਮਨ ਵਿੱਚ ਪ੍ਰੇਮ ਹੋਣ ਕਾਰਨ ਤੁਰੰਤ ਉੱਠਿਆ ਤੇ ਦੋਨਾਂ[9] ਚਰਨ-ਕਮਲਾਂ 'ਤੇ ਮੱਥਾ ਟੇਕਿਆ। ਫੇਰ ਅਨੰਦ ਦੇ ਮੂਲ[10] ਗੁਰੂ ਜੀ ਨੂੰ ਬਿਠਾਇਆ[11]। ॥੨੨॥

ਫੇਰ ਸ਼ੇਖ਼ ਸ਼ਰਫ਼ ਨੇ ਪੁੱਛਿਆ, "ਇਹ ਜੋ ਖ਼ਫ਼ਨੀ (ਚੋਲ਼ਾ) ਧਾਰਨ[12] ਕੀਤੀ ਹੋਈ ਹੈ, ਇਹ ਕਿਸ ਕੰਮ ਲਈ ਹੈ?" ਗੁਰੂ ਜੀ ਨੇ ਉਸ ਦੇ ਅਰਥ ਦੱਸੇ, "ਜੇਕਰ ਗਲ਼ ਵਿੱਚ ਖ਼ਫ਼ਨੀ (ਪਾਈ) ਹੋਵੇ ਤਾਂ ਰੱਬ ਦਾ ਡਰ[13] (ਮਨ ਵਿੱਚ) ਬਣਿਆ ਰਹਿੰਦਾ ਹੈ। ॥੨੩॥

ਸੰਸਾਰ ਵਿੱਚ ਜਿਉਂਦੇ ਹੀ ਮੁਰਦਾ[14] ਬਣ ਕੇ ਰਹਿਣਾ ਚਾਹੀਏ। ਰੱਬ[15] ਨੂੰ ਪਛਾਣ ਕੇ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਪਾਣੀ ਵਿੱਚ (ਇੱਕ ਵਾਰ) ਡੁੱਬ ਕੇ ਜੋ ਤਰਦਾ ਹੈ, ਉਹ ਫੇਰ ਡੁੱਬਣ ਤੋਂ ਨਹੀਂ ਡਰਦਾ। ॥੨੪॥

SikhBookClub.Com

ਨਦੀ ਸਰਬ ਅਰ ਸਾਗਰ ਮਾਂਹੀ । ਤਰਤ ਸਰਬ[1] ਪਰ ਕਬ ਨ ਡੁਬਾਹੀਂ ।
ਤੈਸੇ ਮ੍ਰਿਤਕ ਭਏ ਜੋ ਜੀਵਤ । ਪੁਨ ਤਿਨ ਨਹਿਂ ਮ੍ਰਿਤਕੋ ਦੁਖ ਥੀਵਤ[2] ॥੨੫॥

ਆਪਾ ਕਬ ਨ ਜਨਾਵਹੁ ਕਾਕੋ[3] । ਹੋਇ ਰਹੋ ਸਭ ਕੀ ਪਗ ਖ਼ਾਕੋ[4]'।
ਬੂਝੈ ਸ਼ਰਫ 'ਗੋਦੜੀ ਕੌਨ?।ਕਹੋ ਕਰਮ ਬੈਰਾਗੀ ਜੌਨ?'॥੨੬॥

ਦੋਹਰਾ

ਗੁਰੂ ਭਨਜੋ 'ਅਸ[5] ਗੋਦੜੀ,ਸੂਈ ਸਬੂਰੀ[6] ਲੇਹੁ।
ਬੁਜਰਕ[7] ਸੰਗਤ ਤੰਤ[8] ਲੇ ਸੀਵਨ ਮਨਨ ਕਰੇਹੁ॥੨੭॥

ਚੌਪਈ

ਮਾਨ ਖੋਇ ਗਰ ਪਾਵਹੁ ਤਾਂਹੀ।ਜਮ ਸਰਦੀ[9] ਡਰ ਹੋਵਤ ਨਾਂਹੀ।
ਹੋਇ ਬਿਐਬ[10] ਬਿਰਾਗੀ ਸੋਇ।ਮਾਯਾ ਮੋਹ ਲਗੈ ਨਹਿਂ ਕੋਇ॥੨੮॥

ਏਕ ਖ਼ੁਦਾਇ ਸਬਨ ਮਹਿਂ ਜਾਨਹਿ।ਰਿਦੈ ਬਿਕਾਰ ਨ ਕਬਹੂੰ ਆਨਹਿ।
ਬੰਧਨ ਤਜ ਅਬੰਧ[11] ਜੋ ਰਹੈ।ਤਿਹ ਕੋ ਸੰਤ ਬਿਰਾਗੀ ਕਹੈਂ'॥੨੯॥

ਸੁਨ ਕੈ ਸ਼ਰਫ ਭਯੋ ਮਨ ਦੀਨ । ਪਗ ਸਿਰ ਧਰ ਨ ਉਠਾਵਨ ਕੀਨ।
ਕਹੈ ਕਿ 'ਭਯੋ ਮੁਰੀਦ ਤੁਮਾਰਾ।ਹੁਇ ਪੀਰਨ ਸਿਰ ਪੀਰ ਉਦਾਰਾ॥੩੦॥

ਤੁਮ ਸਮ ਸਾਹਿਬ ਔਰ ਨ ਪਾਵਹਿ । ਜਗਤ ਸਰਬ ਜੇ ਖੋਜਨ ਜਾਵਹਿ'।
ਗੁਰ ਨਿਜ ਕਰ[12] ਸੋਂ ਸੀਸ ਉਠਾਵਾ । ਕਹਜੋ 'ਰਿਦੇ ਤੇ ਤਜਿਯੇ ਦਾਵਾ[13]॥੩੧॥

ਸੱਤਿਨਾਮ ਸਿਮਰਹੁ ਲਿਵਲਾਇ । ਦੇਖਹਿ ਕਰੁਨਾ ਦ੍ਰਿਸ਼ਟਿ ਖ਼ੁਦਾਇ'।
ਛੁਯੋ ਗੁਰੂ ਕਰ ਸੋਂ ਸਿਰ ਜਬਹੀ । ਜਗੀ ਨਾਮ ਲਿਵ ਮਨ ਮਹਿਂ ਤਬਹੀ॥੩੨॥

ਗੁਰ ਕਹਿਂ 'ਤੁਮ ਅਬ ਸਦਨ ਸਿਧਾਰਹੁ[14]।ਰਿਦੇ ਖ਼ੁਦਾਇ ਸਦੀਵ ਸਮਾਰਹੁ'।
ਸੇਖ ਜੋਰ ਕਰ ਬਚਨ ਉਚਾਰਾ।'ਬਹੁਰ ਦੇਹੁਰੇ ਕਬਹਿ ਦਿਦਾਰਾ?'॥੩੩॥

SikhBookClub.Com

(ਉਹ ਤਾਂ) ਸਾਰੀਆਂ[1] ਨਦੀਆਂ ਅਤੇ ਸਮੁੰਦਰ ਵਿੱਚੋਂ ਤਰ ਕੇ ਜਾਂਦਾ ਹੈ ਪ੍ਰੰਤੂ (ਫੇਰ) ਕਦੇ ਵੀ ਡੁੱਬਦਾ ਨਹੀਂ। ਤਿਵੇਂ ਹੀ, ਜੋ ਜੀਵ ਜੀਉਂਦੇ ਹੀ ਮੁਰਦਾ ਬਣ ਰਹਿੰਦੇ ਹਨ, ਫੇਰ ਉਨ੍ਹਾਂ ਨੂੰ ਮੌਤ ਦਾ ਦੁੱਖ ਨਹੀਂ ਹੁੰਦਾ[2] (ਭਾਵ, ਉਹ ਦੁਬਾਰਾ ਨਹੀਂ ਮਰਦੇ, ਅਮਰ ਹੋ ਜਾਂਦੇ ਹਨ)। ॥੨੫॥

ਆਪਣਾ-ਆਪ ਕਦੇ ਵੀ ਕਿਸੇ[3] ਨੂੰ ਨਾ ਜਤਾਉ (ਭਾਵ ਹਉਮੈਂ ਨਾ ਕਰੋ), ਸਗੋਂ ਸਾਰਿਆਂ ਦੇ ਪੈਰਾਂ ਦੀ ਧੂੜੀ[4] ਬਣ ਕੇ ਰਹੋ।" ਸ਼ਰਫ਼ ਨੇ ਪੁੱਛਿਆ, "ਇਹ ਗੋਦੜੀ ਕੀ ਹੈ? (ਇਹ ਵੀ) ਦੱਸੋ ਕਿ ਬੈਰਾਗੀ ਦੇ ਕੀ ਕਰਮ ਹੁੰਦੇ ਹਨ?" ॥੨੬॥

ਦੋਹਰਾ

ਸਤਿਗੁਰੂ ਜੀ ਨੇ ਫ਼ਰਮਾਇਆ, "ਗੋਦੜੀ ਅਜਿਹੀ[5] ਹੈ ਕਿ ਜੋ ਸੰਤੋਖ[6] ਦੀ ਸੂਈ ਲੈ ਕੇ ਮਹਾਂਪੁਰਖਾਂ[7] ਦੀ ਸੰਗਤ ਦਾ ਧਾਗਾ[8] ਪਾ ਕੇ ਸੀਤੀ ਗਈ ਹੋਵੇ, (ਉਸ ਨਾਲ ਆਪਣੇ ਮਨ ਅੰਦਰ) ਮੰਨਣ ਨੂੰ (ਸਿਉਣ ਦਾ ਕਾਰਜ) ਜਾਣਿਆ ਜਾਵੇ। ॥੨੭॥

ਹੰਕਾਰ ਨੂੰ ਮਾਰ ਕੇ, ਇਸ ਖ਼ਫ਼ਨੀ ਨੂੰ ਗਲ਼ ਵਿੱਚ ਪਾਉ। (ਤਾਂ ਫਿਰ) ਮੌਤ ਰੂਪੀ ਠੰਢ[9] ਨੇੜੇ ਨਹੀਂ ਲੱਗਦੀ। ਜੋ ਮਨੁੱਖ ਮੰਦੇ-ਕਰਮਾਂ ਤੋਂ ਮੁਕਤ[10] ਹੋਵੇਗਾ, ਉਹ ਵੈਰਾਗੀ ਹੁੰਦਾ ਹੈ, (ਉਸ ਨੂੰ) ਮਾਇਆ ਦਾ ਮੋਹ ਵੀ ਨਹੀਂ ਚੰਬੜਦਾ। ॥੨੮॥

(ਉਹ) ਸਾਰਿਆਂ ਵਿੱਚ ਇੱਕੋ ਹੀ ਖ਼ੁਦਾ ਨੂੰ ਵੇਖੇ ਅਤੇ ਕਦੇ ਵੀ ਹਿਰਦੇ ਵਿੱਚ ਵਿਸ਼ੇ-ਵਿਕਾਰਾਂ ਨੂੰ ਨਾ ਆਉਣ ਦੇਵੇ। ਜਗਤ ਦੇ ਜੰਜਾਲ ਤਿਆਗ ਕੇ, ਜੋ ਮਨੁੱਖ ਬੰਧਨ-ਰਹਿਤ (ਭਾਵ ਮਾਇਆ ਦੇ ਬੰਧਨਾਂ ਤੋਂ) ਮੁਕਤ[11] ਹੋ ਜਾਂਦਾ ਹੈ, ਉਸ ਨੂੰ ਸੰਤ ਜਾਂ ਬੈਰਾਗੀ ਆਖਦੇ ਹਨ।" ॥੨੯॥

(ਇਹ) ਸੁਣ ਕੇ ਸ਼ਰਫ਼ ਹਿਰਦੇ ਵਿੱਚ (ਤੋਂ) ਨਿਮਾਣਾ ਹੋ ਗਿਆ, (ਗੁਰੂ ਜੀ ਦੇ) ਚਰਨਾਂ 'ਤੇ ਸੀਸ ਧਰ ਕੇ ਚੁੱਕੇ ਹੀ ਨਾ ਤੇ ਆਖਣ ਲੱਗਾ, "ਮੈਂ ਤਾਂ ਤੁਹਾਡਾ ਮੁਰੀਦ ਹੋ ਗਿਆ ਹਾਂ। ਪੀਰਾਂ ਦੇ ਪੀਰ (ਗੁਰੂ ਜੀਓ!) ਤੁਸੀਂ ਦਿਆਲੂ ਹੋ। ॥੩੦॥

ਤੁਹਾਡੇ ਸਮਾਨ ਮੈਨੂੰ ਕੋਈ ਹੋਰ ਪਾਤਸ਼ਾਹ ਨਹੀਂ ਮਿਲਣਾ (ਚਾਹੇ) ਸਾਰੇ ਜਗਤ ਵਿੱਚ ਖੋਜਣ ਚਲੇ ਜਾਈਏ ।, ਗੁਰੂ ਜੀ ਨੇ ਆਪਣੇ ਹੱਥਾਂ[12] ਨਾਲ ਉਸ ਦਾ ਸਿਰ ਚੁੱਕਿਆ ਤੇ ਆਖਿਆ, "ਆਪਣੇ ਮਨ ਤੋਂ ਅਧਿਕਾਰ[13] ਛੱਡ ਦਿਉ (ਭਾਵ ਮਾਣ ਤਿਆਗ ਦਿਉ)। ॥੩੧॥

ਇੱਕ ਮਨ ਹੋ ਕੇ ਸਤਿਨਾਮ ਦਾ ਸਿਮਰਨ ਕਰੋ। (ਤਾਂ ਹੀ) ਖ਼ੁਦਾ ਦਇਆ-ਦ੍ਰਿਸ਼ਟੀ ਨਾਲ ਤੁਹਾਡੇ ਵੱਲ ਵੇਖੇਗਾ।" ਜਿਸ ਵੇਲੇ ਗੁਰੂ ਜੀ ਨੇ ਹੱਥ ਨਾਲ ਉਸ ਦਾ ਸਿਰ ਛੂਹਿਆ, ਉਸੇ ਵੇਲੇ ਹੀ ਉਸ ਦੇ ਮਨ ਵਿੱਚ ਨਾਮ ਦੀ ਲਿਵ ਜਾਗ ਪਈ। ॥੩੨॥

ਗੁਰੂ ਜੀ ਨੇ ਫ਼ਰਮਾਇਆ, "ਹੁਣ ਤੁਸੀਂ ਘਰ ਨੂੰ ਜਾਓ[14] ਤੇ ਮਨ ਵਿੱਚ ਸਦਾ ਹੀ, ਖ਼ੁਦਾ ਨੂੰ ਸਿਮਰੋ।" ਸ਼ੇਖ਼ ਸ਼ਰਫ਼ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਫੇਰ ਕਦੋਂ ਦਰਸ਼ਨ ਦਿਉਗੇ? ॥੩੩॥

SikhBookClub.Com

'ਰਿਦੇ ਯਾਦ ਰਾਖਹੁ ਯੁਤ[1] ਪ੍ਰੀਤੀ।ਅਬ ਦਿਦਾਰ ਸਮਝਹੁ ਇਸ ਰੀਤੀ।
ਜੋ ਤੇਰੇ ਚਿਤ ਹੈ ਬਹੁ ਚਾਹੀ।ਸ਼ਹਿਜ਼ਾਦਾ ਹੈ ਖੁਰਮੇ ਮਾਂਹੀ॥੩੪॥

ਮਰਦਾਨੇ ਕੋ ਸੁਤ[2] ਯੁਤ ਗਜਾਨਾ । ਤਿਹ ਕੋ ਦਰਸਹੁ ਜਾਇ ਸੁਜਾਨਾ।
ਜੈਸੋ ਦਰਸ ਹਮਾਰੋ ਕੀਨੋ । ਤੈਸੋ ਫਲ ਤਿਹ ਕੋ ਤੁਮ ਚੀਨੋ'॥੩੫॥

ਸੁਨ ਆਇਸੁ[3] ਗੁਰ ਕੀ ਸਿਰ ਧਰ ਕੈ । ਗਮਨਜੋ ਸਦਨ ਭਾਉ ਬਹੁ ਕਰਕੈ ।
ਚਲਨ ਤਯਾਰ ਆਪ ਭੇ ਜਬਹੀ।ਯਾਰਵਲੀ ਬੰਦੇ[4] ਪਦ ਤਬਹੀ ॥੩੬॥

ਦੋਹਰਾ

'ਮੋਕੋ ਮਿਲਹੋ ਆਨ ਕਬ ਕਰੁਨਾਨਿਧਿ ਸੁਖਦਾਇ!
ਕਿਧੋਂ[5] ਚਲਹੁ ਲੇ ਸੰਗ ਨਿਜ ਬ੍ਰਿਹਾ ਨ ਹੈ ਜਿਸੁ ਭਾਇ'॥੩੭॥

ਚੌਪਈ

ਸ੍ਰੀ ਗੁਰ ਕਹਜੋ 'ਮਿਲਨ ਇਹੁ ਜਾਨਾ । ਦਾਵੇ[6] ਕੋ ਕਰ ਦੂਰ ਗੁਮਾਨਾ।
ਰਹਨੋ ਇਹਾਂ ਆਪਨੋ ਜਾਨਹੁ। ਰਿਦੇ ਹਮਾਰੀ ਆਇਸੁ ਮਾਨਹੁ'॥੩੮॥

ਅਸ ਕਹਿ ਗਮਨ ਕੀਨ ਤਿਹ ਕਾਲਾ । ਤਜ, ਕਾਂਧਾਰ, ਗੇ ਗ੍ਰਾਮ ਕ੍ਰਿਪਾਲਾ।
ਏਕ ਪਠਾਨ ਮਿਲਿਓ ਤਹਿ ਆਈ । ਪ੍ਰਭੁ ਕੋ ਦੇਖਤ ਗਿਰਾ ਅਲਾਈ॥੩੯॥

ਦੋਹਰਾ

'ਕਿਹਤੇ ਆਏ,ਕੌਨ ਹੋ, ਕਿਉਂ ਬੈਸੇ ਇਸ ਥਾਨ?।
ਕਿਸ ਸਿਉਂ ਤੁਮਰੋ ਕਾਮ ਹੈ? ਮੁਖ ਤੇ ਸਾਚ ਬਖਾਨ'।੪੦।

ਚੌਪਈ

ਤਿਹ ਸੋਂ ਬਚਨ ਕਹਜੋ ਸੁਖਦਾਇ[7]।'ਹਮ ਹੈਂ ਬੰਦੇ ਲਖਹੁ ਖ਼ੁਦਾਇ।
ਇਕ ਮਾਨਵ ਸੋਂ ਹਮਰੋ ਕਾਜਾ । ਮਿਲੋਂ ਤਾਹਿਂ ਸੋਂ, ਕਹੋਂ ਨ ਪਾਜਾ[8]'॥੪੧॥

ਬੂਝੈ ਖ਼ਾਨ 'ਕੌਨ ਨਰ ਸੋਇ?।ਜਿਹ ਸੋਂ ਮਿਲਨ ਤੁਮਾਰਾ ਹੋਇ'।
ਗੁਰੂ ਭਨੈ 'ਖੱਤ੍ਰੀ ਤਿਹ ਜਾਤਿ।ਅਹੈ[10] ਸੁ ਖਾਨਚੰਦ ਕੋ ਤਾਤ[9] ॥੪੨॥

SikhBookClub.Com

(ਗੁਰੂ ਜੀ ਨੇ ਫ਼ਰਮਾਇਆ, "ਪ੍ਰੇਮ ਸਹਿਤ[1], ਮਨ ਵਿੱਚ ਯਾਦ ਵਸਾਈ ਰੱਖੋ। (ਹੁਣ ਤਾਂ) ਦਰਸ਼ਨ ਇਸ ਪ੍ਰਕਾਰ ਨਾਲ ਸਮਝੋ ਕਿ ਜੇਕਰ ਤੇਰੇ ਮਨ ਵਿੱਚ ਬਹੁਤ ਇੱਛਾ ਹੋਵੇ ਤਾਂ 'ਸ਼ਹਿਜ਼ਾਦਾ' ਖੁਰਮੇ ਨਗਰ ਵਿੱਚ (ਤੁਹਾਡੇ ਕੋਲ) ਹੀ ਹੈ ॥੩੪॥

ਮਰਦਾਨੇ ਦਾ ਪੁੱਤਰ[2] (ਸ਼ਹਿਜ਼ਾਦਾ) ਗਿਆਨਵਾਨ ਹੈ। ਉਸ ਨੂੰ ਦਾਨਾ ਜਾਣ ਕੇ ਦਰਸ਼ਨ ਕਰਨਾ, ਜਿਵੇਂ ਮੇਰੇ ਦਰਸ਼ਨ ਕੀਤੇ ਹਨ, ਉਹੋ ਜਿਹਾ ਹੀ ਉਸ ਦੇ ਦਰਸ਼ਨਾਂ ਦਾ ਫਲ ਸਮਝੋ। ॥੩੫॥

ਗੁਰੂ ਜੀ ਦਾ ਫ਼ਰਮਾਨ[3] ਉਹ, ਸਿਰ-ਮੱਥੇ 'ਤੇ ਧਰ ਕੇ ਬੜੇ ਪ੍ਰੇਮ ਸਹਿਤ ਘਰ ਨੂੰ ਚਲਾ ਗਿਆ। ਜਦੋਂ ਆਪ (ਗੁਰੂ ਜੀ) ਤੁਰਨ ਲਈ ਤਿਆਰ ਹੋਏ ਤਾਂ ਯਾਰਵਲੀ ਨੇ ਆਪ ਦੇ ਚਰਨਾਂ 'ਤੇ ਬੰਦਨਾ[4] ਕੀਤੀ। ॥੩੬॥

ਦੋਹਰਾ

(ਬੋਲਿਆ), "ਹੇ ਦਇਆ ਦੇ ਭੰਡਾਰ ਤੇ ਸੁੱਖਾਂ ਦੇ ਦਾਤਾ! ਮੈਨੂੰ ਕਦੋਂ ਆਣ ਮਿਲੋਗੇ? ਜਾਂ[5] ਫੇਰ ਮੈਨੂੰ ਆਪਣੇ ਨਾਲ ਲੈ ਚੱਲੋ ਤਾਂ ਜੋ, ਇਸ ਪ੍ਰਕਾਰ, ਵਿਛੋੜਾ ਨਾ ਹੋਵੇ।" ॥੩੭॥

ਚੌਪਈ

ਸਤਿਗੁਰੂ ਜੀ ਨੇ ਫ਼ਰਮਾਇਆ "ਮੇਰਾ ਮਿਲਾਪ ਇਸੇ ਵਿੱਚ ਹੈ ਕਿ ਦਾਵੇ (ਅਧਿਕਾਰਾਂ)[6] ਦਾ ਘੁਮੰਡ ਦੂਰ ਕਰ ਕੇ, ਤੂੰ ਇਥੇ ਹੀ ਰਹਿ ਤੇ ਮਨ ਤੋਂ ਮੇਰੀ ਆਗਿਆ ਦਾ ਪਾਲਨ ਕਰ ॥੩੮॥

ਇਉਂ ਆਖ ਕੇ ਉਸ ਵੇਲੇ ਗੁਰੂ ਜੀ ਚਲੇ ਗਏ।ਕੰਧਾਰ ਨੂੰ ਛੱਡ ਕੇ ਕਿਰਪਾਲੂ (ਗੁਰੂ ਜੀ) ਇੱਕ ਪਿੰਡ ਵਿੱਚ ਗਏ। (ਉਥੇ) ਇੱਕ ਪਠਾਣ ਆਣ ਮਿਲਿਆ। ਉਸ ਨੇ ਸਤਿਗੁਰੂ ਜੀ ਨੂੰ ਵੇਖਦਿਆਂ ਹੀ ਪੁੱਛਿਆ। ॥੩੯॥

ਦੋਹਰਾ

"ਤੁਸੀਂ ਕੌਣ ਹੋ ਤੇ ਕਿੱਥੋਂ ਆਏ ਹੋ? ਇਸ ਥਾਂ 'ਤੇ ਕਿਉਂ ਬੈਠੇ ਹੋ? ਤੁਹਾਨੂੰ ਕਿਸ ਨਾਲ ਕੰਮ ਹੈ? ਸੱਚੋ-ਸੱਚ ਦੱਸੋ।" ॥੪੦॥

ਚੌਪਈ

ਸੁੱਖਾਂ ਦੇ ਦਾਤੇ[7] (ਗੁਰੂ ਜੀ) ਨੇ ਉਸ ਨੂੰ ਆਖਿਆ, "ਜਾਣ ਲਵੋ ਕਿ ਅਸੀਂ ਖ਼ੁਦਾ ਦੇ ਬੰਦੇ ਹਾਂ। ਇੱਕ ਮਨੁੱਖ ਨਾਲ ਸਾਡਾ ਕੰਮ ਹੈ, ਉਸੇ ਨੂੰ ਮਿਲਣਾ ਹੈ, (ਅਸੀਂ) ਝੂਠ[8] ਨਹੀਂ ਆਖਦੇ।"॥੪੧॥

ਖ਼ਾਨ ਪੁੱਛਣ ਲੱਗਾ, "ਉਹ ਕਿਹੜਾ ਆਦਮੀ ਹੈ? ਜਿਸ ਨੂੰ ਤੁਸਾਂ ਨੇ ਮਿਲਣਾ ਹੈ?" ਗੁਰੂ ਜੀ ਨੇ ਫ਼ਰਮਾਇਆ, "ਉਸ ਦੀ ਜਾਤ ਖੱਤਰੀ ਹੈ[10] ਤੇ ਉਹ ਮਾਨਚੰਦ ਦਾ ਪੁੱਤਰ[9] ਹੈ। ॥੪੨॥

SikhBookClub.Com

ਮਾਨਚੰਦ ਹੈ ਜਾਂਕੋ ਨਾਮੂ। ਤਿਹ ਕੇ ਸੰਗ ਹਮਾਰੋ ਕਾਮੂ'।
ਖਾਨ ਭਨੇ[1] 'ਹੈ ਗ੍ਰਾਮ ਮਝਾਰਾ[2]। ਮਿਲਹੁ ਜਾਇਕੈ ਤਾਂਹਿ ਅਗਾਰਾ[3] ॥੪੩॥

ਬੈਠੇ ਕਿਉਂ ਹੋ ਬੀਚ ਉਜਾਰਾ । ਸੁਭ ਸੁਭਾਇ ਮੈਂ ਲਖੋਂ ਤੁਮਾਰਾ'।
ਸ੍ਰੀ ਗੁਰ ਕਹੈਂ 'ਨ ਹਮ ਤਹਿਂ ਜਾਇਂ । ਆਨ ਮਿਲੈਗਾ ਸੋ ਇਹ ਥਾਇਂ'॥੪੪॥

ਸੁਨ ਕੈ ਖ਼ਾਨ ਗ੍ਰਾਮ ਮਹਿਂ ਗਯੋ । ਖੱਤ੍ਰੀ ਕੋ ਸੁਧ ਦੇਵਤ ਭਯੋ।
ਬਾਹਰ ਦੈ ਫਕੀਰ ਹੈਂ ਬੈਸੇ । ਮੈਂ ਬੂਝਯੋ ਸੋ ਭਾਖਤ ਐਸੇ॥੪੫॥

—ਮਾਨਚੰਦ ਖੱਤ੍ਰੀ ਜੋ ਰਹਈ । ਤਿਹ ਸੰਗ ਹਮਰੋ ਕਾਰਜ ਅਹਈ[4] —।
ਰਹਯੋ ਬੁਲਾਇ ਸੁ ਆਵਤ ਨਾਹੀਂ । ਤੁਮ ਦੇਖਹੁ ਤਿਨ ਕੋ ਤਹਿਂ ਜਾਹੀ'॥੪੬॥

ਦੋਹਰਾ

ਮਾਨਚੰਦ ਬੋਲਯੋ ਬਹੁਰ 'ਮੇਰੀ ਨਹੀਂ ਪਛਾਨ।
ਕੋ ਫਕੀਰ ਜਾਨੋਂ ਨਹੀਂ ਆਗੇ ਕਬ ਨ ਮਿਲਾਨ'॥੪੭॥

ਚੌਪਈ

ਕਹੈ ਖ਼ਾਨ 'ਦੇਖਹੁ ਤੁਮ ਜਾਈ। ਮਿਲੇ ਸਾਧ ਨਹਿਂ ਦੋਖ[5] ਲਗਾਈ'।
ਇਉਂ ਸੁਨਕੈ ਉਰ ਕੀਨ ਬਿਚਾਰਾ। ਉਭੈ[6] ਸੇਰ ਮੇਵਾ ਕਰ ਧਾਰਾ॥੪੮॥

ਸ੍ਰੀ ਗੁਨ ਖਾਨੀ[7] ਬੈਠੇ ਜਹਿਂਵਾ । ਬਡ ਭਾਗੀ ਚਲ ਆਯੋ ਤਹਿਂਵਾ।
ਦੈ ਕਰ ਜੋਰ ਬੰਦਨਾ ਕਰਕੈ । ਬੈਠਯੋ ਅੱਗ੍ਰਜ[8] ਮੇਵਾ ਧਰਕੈ ॥੪੯॥

ਸ੍ਰੀ ਗੁਰ ਕੋਮਲ ਬਚਨ ਉਚਾਰੇ। 'ਮਾਨ ਚੰਦ! ਸਭ ਕੁਸ਼ਲ ਤੁਮਾਰੇ?'।
ਬੂਝਨ ਲਗਯੋ ਸੁ 'ਕਬ ਕੇ ਜਾਨਹੁ?। ਆਗੇ ਮਿਲੇ ਨ,ਕਸ[9] ਪਹਿਚਾਨਹੁ?॥੫੦॥

ਕੌਨ ਦੇਸ਼ ਕੋ ਬੇਸ[10] ਤੁਮਾਰਾ?। ਕੋ ਕਾਰਜ ਹੈ? ਕਹੁ ਨਿਰਧਾਰਾ'।
ਗੁਰੂ ਕਹੈਂ 'ਬੇਗਮ ਪੁਰ ਦੇਸਾ । ਏਕੰਕਾਰ ਰੂਪ ਤਨ ਬੇਸਾ॥੫੧॥

SikhBookClub.Com

ਜਿਸ ਦਾ ਨਾਮ 'ਮਾਨਚੰਦ' ਹੈ, ਉਸ ਨਾਲ ਸਾਨੂੰ ਕੰਮ ਹੈ।" ਖ਼ਾਨ ਬੋਲਿਆ[1], "(ਉਹ) ਪਿੰਡ ਵਿੱਚ[2] ਹੀ (ਰਹਿੰਦਾ) ਹੈ, ਉਸ ਦੇ ਘਰ[3] ਜਾ ਕੇ ਮਿਲ ਲਵੋ। ॥੪੩॥

ਤੁਸੀਂ ਉਜਾੜ ਵਿੱਚ ਕਿਉਂ ਬੈਠੇ ਹੋ? ਮੈਂ ਤੁਹਾਡਾ ਸੁਭਾਅ ਬਹੁਤ ਸ੍ਰੇਸ਼ਟ ਜਾਣਿਆ ਹੈ।" ਸ੍ਰੀ ਗੁਰੂ ਜੀ ਬੋਲੇ, "ਅਸੀਂ ਉੱਥੇ ਨਹੀਂ ਜਾਣਾ, ਉਹ ਖ਼ੁਦ ਹੀ, ਇੱਥੇ ਆ ਕੇ ਮਿਲੇਗਾ।" ॥੪੪॥

ਇਹ ਸੁਣ ਕੇ ਖ਼ਾਨ ਪਿੰਡ ਵਿੱਚ ਗਿਆ ਤੇ ਖੱਤਰੀ ਨੂੰ ਜਾ ਖ਼ਬਰ ਦਿੱਤੀ, "ਬਾਹਰ ਦੋ ਫ਼ਕੀਰ ਬੈਠੇ ਹਨ। ਮੇਰੇ ਪੁੱਛਣ 'ਤੇ ਉਨ੍ਹਾਂ ਇਉਂ ਦੱਸਿਆ ਹੈ ॥੪੫॥

-ਮਾਨ ਚੰਦ ਖੱਤਰੀ ਜੋ ਇਥੇ ਰਹਿੰਦਾ ਹੈ, ਉਸ ਨਾਲ ਸਾਨੂੰ ਕੰਮ ਹੈ[4]-। ਉਹ (ਉੱਥੇ ਹੀ) ਬੁਲਾ ਰਹੇ ਹਨ। (ਇੱਥੇ) ਨਹੀਂ ਆਉਣਗੇ। ਸੋ ਤੂੰ ਉਥੇ ਜਾ ਕੇ ਉਨ੍ਹਾਂ ਨੂੰ ਵੇਖ (ਮਿਲ) ਲੈ। ॥੪੬॥

ਦੋਹਰਾ

ਫੇਰ ਮਾਨਚੰਦ ਬੋਲਿਆ, "ਮੇਰੀ ਉਨ੍ਹਾਂ ਨਾਲ ਕੋਈ ਜਾਣ-ਪਛਾਣ ਨਹੀਂ ਹੈ। ਮੈਂ ਕਿਸੇ ਫ਼ਕੀਰ ਨੂੰ ਨਹੀਂ ਜਾਣਦਾ।ਮੇਰਾ ਕਦੇ ਕਿਸੇ ਫ਼ਕੀਰ ਨਾਲ ਮੇਲ ਨਹੀਂ ਹੋਇਆ।" ॥੪੭॥

ਚੌਪਈ

ਖ਼ਾਨ ਆਖਣ ਲੱਗਾ, "ਤੂੰ ਉੱਥੇ ਜਾ ਕੇ ਵੇਖ ਲੈ। ਸਾਧੂ ਨੂੰ ਮਿਲਣ ਨਾਲ ਕੋਈ ਪਾਪ[5] ਤਾਂ ਨਹੀਂ ਲੱਗਦਾ।" ਇਹ ਸੁਣ ਕੇ ਉਹਨੇ ਮਨ ਨਾਲ ਵਿਚਾਰਿਆ ਅਤੇ ਦੋ[6] ਸੇਰ ਮੇਵਾ ਹੱਥ ਵਿੱਚ ਲੈ ਲਿਆ। ॥੪੮॥

ਜਿੱਥੇ ਗੁਣਾਂ ਦੀ ਖਾਣ[7] (ਗੁਰੂ ਜੀ) ਬੈਠੇ ਸਨ, (ਉਹ) ਵੱਡੇ ਭਾਗਾਂ ਵਾਲਾ ਉੱਥੇ ਚੱਲ ਕੇ ਆ ਗਿਆ। ਦੋਵੇਂ ਹੱਥ ਜੋੜ ਕੇ ਨਮਸਕਾਰ ਕਰਕੇ, ਮੇਵੇ (ਗੁਰੂ ਜੀ ਦੇ) ਅੱਗੇ[8] ਧਰ ਕੇ, ਬੈਠ ਗਿਆ। ॥੪੯॥

ਗੁਰੂ ਜੀ ਨੇ ਕੋਮਲ ਬਚਨ ਉਚਾਰਨ ਕੀਤੇ, "ਮਾਨਚੰਦ! ਤੁਹਾਡੇ (ਘਰ) ਸਭ ਸੁੱਖ-ਸਾਂਦ ਹੈ ਨਾ?" ਉਹ ਪੁੱਛਣ ਲੱਗਿਆ, "ਤੁਸੀਂ (ਮੈਨੂੰ) ਕਦੋਂ ਤੋਂ ਜਾਣਦੇ ਹੋ? (ਆਪਾਂ) ਅੱਗੇ ਤਾਂ ਕਦੇ ਮਿਲੇ ਨਹੀਂ, (ਤੁਸੀਂ ਮੈਨੂੰ) ਕਿਵੇਂ[9] ਪਛਾਣਦੇ ਹੋ? ॥੫੦॥

ਤੁਸੀਂ ਕਿਹੜੇ ਦੇਸ਼ ਦੇ ਰਹਿਣ ਵਾਲੇ ਹੋ ਤੇ ਤੁਹਾਡਾ ਲਿਬਾਸ[10] ਕਿਹੜਾ ਹੈ? ਨਿਰਨਾ ਕਰਕੇ ਦੱਸੋ ਕਿ (ਮੇਰੇ ਨਾਲ) ਕੀ ਕੰਮ ਹੈ?" ਸਤਿਗੁਰੂ ਜੀ ਨੇ ਫ਼ਰਮਾਇਆ, "ਬੇਗਮਪੁਰ (ਗਿਆਨ-ਅਵਸਥਾ ਵਾਲਾ) ਮੇਰਾ ਦੇਸ਼ ਹੈ, ਏਕੰਕਾਰ ਵਾਲਾ, ਮੇਰੇ ਸਰੀਰ ਦਾ ਵੇਸ ਅਤੇ ਰੂਪ ਹੈ। ॥੫੧॥

SikhBookClub.Com

ਨਾਨਕ ਨਿਰੰਕਾਰੀ ਮਮ ਨਾਇ। ਇਸ ਕੋ ਬਾਲਾ ਸਰਬ[1] ਅਲਾਇਂ'।
ਮਾਨਚੰਦ ਸੁਨ ਬਚਨ ਉਚਾਰੇ। 'ਐਸੀ ਬਾਤ ਨ ਬੀਚ ਸੰਸਾਰੇ॥ ੫੨॥

ਦੋਹਰਾ

ਔਰ ਔਰ ਬਾਤੈਂ ਕਰੋ ਜਾਨੀ ਜਾਇਂ ਨ ਜੋਇ।
ਕੌਨ ਬੇਖ ਨਹਿਂ ਲਖ ਸਕੌਂ ਮੁਝ ਅਚਰਜ ਮਨ ਹੋਇ'॥ ੫੩॥

ਚੌਪਈ

ਗੁਰ ਕਹਿਂ 'ਅਸ[2] ਬਚ ਮਹਿਂ ਸੁਖ ਸਾਰਾ। ਭਲੀ ਬਾਤ ਨਹਿਂ ਲਖਹੁ[3] ਸੰਸਾਰਾ।
ਮਿੱਥਜਾ ਸੋ, ਨਹਿਂ ਆਵਹਿ ਕਾਜਾ। ਨਰ ਲਪਟਾਇ ਰਹੇ ਸਬ ਪਾਜਾ[4] ॥ ੫੪॥

ਉੱਤਮ ਜਾਨਹੁ ਮਨ ਮਹਿਂ ਸੋਇ। ਜਿਨ ਕੇ ਲਖੇ ਸਰਬ ਸੁਖ ਹੋਇ।
ਸੁਨਤਜੋ ਮਾਯਾ ਮੋਹ ਨਸਾਇ। ਹੈ ਪ੍ਰਲੋਕ ਕੇ ਬਿਖੈ ਸਹਾਇ॥ ੫੫॥

ਜੁਊ ਕਮਾਵੈ ਸੋ ਹੈ ਸਜਾਨਾ'। ਅਸ ਕਹਿ ਸ੍ਰੀ ਗੁਰ ਸਬਦ ਬਖਾਨਾ।
ਜਿਹਿ ਕੇ ਸੁਨਤਜੋ ਤਿਹਂ ਸੁਧ ਆਈ। ਲੇ ਉਪਦੇਸ਼ ਪਰਮਗਤਿ ਪਾਈ॥ ੫੬॥

ਤਿਲੰਗ ਮਹਲਾ ੧ ਘਰੁ ੨ ੧ੴ ਸੈਤਿਗੁਰ ਪ੍ਰਸਾਦਿ॥
ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥੧॥
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥੧॥ ਰਹਾਉ॥
ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥ ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥੨॥
ਪਛੋਤਾਵਾ ਨਾ ਮਿਲੈ ਜਬ ਚੁਕੈਗੀ ਸਾਰੀ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥੩॥
ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ॥੪॥
ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥੫॥
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥੭॥
ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥ ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥੮॥
ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥੯॥
ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥੧੦॥੧॥
(ਗੁ. ਗ੍ਰੰ. ਸਾਹਿਬ, ਪੰਨਾ ੭੨੪-੭੫)

SikhBookClub.Com

'ਨਾਨਕ ਨਿਰੰਕਾਰੀ' ਮੇਰਾ ਨਾਂ ਹੈ। ਇਸ ਮੇਰੇ ਸਾਥੀ ਨੂੰ ਸਾਰੇ[1] ਲੋਕ 'ਬਾਲਾ' ਆਖਦੇ ਹਨ।" ਇਹ ਸੁਣ ਕੇ ਮਾਨਚੰਦ ਬੋਲਿਆ, "ਸੰਸਾਰ-ਭਰ ਵਿੱਚ ਅਜਿਹੀ ਕੋਈ ਗੱਲ ਤਾਂ ਨਹੀਂ! ॥੫੨॥

ਦੋਹਰਾ

ਤੁਸੀਂ ਤਾਂ ਹੋਰ-ਹੋਰ ਗੱਲਾਂ ਕਰੀ ਜਾਂਦੇ ਹੋ, ਜੋ ਕਿ ਸਮਝੀਆਂ ਨਹੀਂ ਜਾਂਦੀਆਂ। ਤੁਹਾਡਾ ਵੇਸ ਅਥਵਾ ਪਿਛੋਕੜ ਕੀ ਹੈ? ਮੈਨੂੰ ਸਮਝ ਨਹੀਂ ਪਈ, ਮੈਨੂੰ ਹੈਰਾਨੀ ਹੋ ਰਹੀ ਹੈ।" ॥੫੩॥

ਚੌਪਈ

ਗੁਰੂ ਜੀ ਨੇ ਫ਼ਰਮਾਇਆ, "ਅਜਿਹੇ[2] ਬਚਨਾਂ ਵਿੱਚ ਹੀ ਸਾਰਾ ਸੁੱਖ ਹੈ। ਚੰਗੀ ਗੱਲ ਹੈ ਜੇਕਰ ਸਾਰੇ ਸੰਸਾਰ ਨੂੰ ਨਾ ਜਾਣੋਂ[3]। ਇਹ ਸੰਸਾਰ ਝੂਠਾ ਹੈ। (ਜੋ) ਕਿਸੇ ਕੰਮ ਨਹੀਂ ਆਉਂਦਾ। ਸਾਰੇ ਜੀਵ ਮੁਲੰਮੇ[4] (ਦੰਭ) ਵਿੱਚ ਹੀ ਫਸੇ ਰਹਿੰਦੇ ਹਨ। ॥੫੪॥

ਓਸੇ ਨੂੰ ਮਨ 'ਚ ਉੱਤਮ ਸਮਝੋ, ਜਿਸ ਚੀਜ਼ ਦੇ ਜਾਣਨ ਨਾਲ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਸੁਣ ਕੇ ਮਾਇਆ ਦਾ ਮੋਹ ਨਸ਼ਟ ਹੁੰਦਾ ਹੈ ਤੇ ਜੋ ਪਰਲੋਕ ਵਿੱਚ ਵੀ ਸਹਾਈ ਹੁੰਦੀ ਹੈ। ॥੫੫॥

ਜੋ ਮਨੁੱਖ ਇਸ ਸਿੱਖਿਆ ਨੂੰ ਕਮਾਉਂਦਾ ਹੈ, ਉਹੋ ਹੀ ਬੁੱਧੀਮਾਨ ਹੈ।" ਇਉਂ ਆਖ ਕੇ ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ, ਜਿਸ ਨੂੰ ਸੁਣ ਕੇ ਉਸ (ਮਾਨਚੰਦ) ਦੀ ਸੁਰਤੀ ਦੇ ਕਪਾਟ ਖੁੱਲ੍ਹ ਗਏ, ਸੋ ਉਸ ਨੇ ਉਪਦੇਸ਼ ਲੈ ਕੇ ਪਰਮਗਤ ਨੂੰ ਪ੍ਰਾਪਤ ਕਰ ਲਿਆ। ॥੫੬॥

ਪਾਤਸ਼ਾਹੀ ਪਹਿਲੀ, ਰਾਗ ਤਿਲੰਗ ॥

ਜਿਸ (ਪ੍ਰਭੂ) ਨੇ ਸੰਸਾਰ ਸਾਜਿਆ ਹੈ, ਉਹੋ ਇਸ ਦੀ ਦੇਖਭਾਲ ਕਰਦਾ ਹੈ, ਮੈਂ ਹੋਰ ਕੀ ਆਖਾਂ, ਹੇ ਭਰਾਵਾ? ਜਿਸ ਨੇ ਇਹ ਬਾਗ ਲਾਇਆ ਹੈ, ਉਹ ਖ਼ੁਦ ਹੀ ਸੋਚਦਾ-ਸਮਝਦਾ ਹੈ ਅਤੇ ਖ਼ੁਦ ਹੀ ਕਾਰ ਕਰਦਾ ਹੈ। ਪ੍ਰੀਤਮ ਦੀ ਪ੍ਰੀਤ-ਗਾਥਾ ਦਾ (ਇਹੋ) ਰਹੱਸ ਹੈ ਕਿ ਇਸ ਤੋਂ ਸਦੀਵੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। (ਸੋ ਤੂੰ ਇਸ ਰਾਇਸਾ ਨਾਲ ਮਨ ਜੋੜ) ॥ਰਹਾਉ॥ ਜੋ ਇਸਤਰੀ ਆਪਣੇ ਕੰਤ ਨੂੰ ਪਿਆਰ ਨਾਲ ਨਹੀਂ ਮਾਣਦੀ, ਉਹ ਅਸੀਰ ਨੂੰ ਪਛਤਾਉਂਦੀ ਹੈ। ਜਦ ਰਾਤ ਬੀਤ ਜਾਂਦੀ ਹੈ ਤਾਂ ਉਹ ਆਪਣੇ ਹੱਥ ਮਲਦੀ ਅਤੇ ਸੀਸ ਨੂੰ ਪਛਾੜਦੀ ਹੈ। ॥੨॥ ਜਦੋਂ ਜੀਵਨ-ਖੇਡ ਖਤਮ ਹੋ ਜਾਂਦੀ ਹੈ ਤਾਂ ਪਛਤਾਵਾ ਕਰਨ ਤੋਂ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਕੇਵਲ ਤਦ ਹੀ ਉਸ ਨੂੰ ਆਪਣੇ ਪ੍ਰੀਤਮ ਨੂੰ ਮਾਣਨ ਦਾ ਮੌਕਾ ਮਿਲੇਗਾ, ਜਦ ਮੁੜ ਕੇ ਉਸ ਦੀ ਵਾਰੀ ਆਵੇਗੀ। ॥੩॥ ਸੱਚੀ ਪਤਨੀ ਆਪਣੇ ਪਤੀ ਨੂੰ ਪ੍ਰਾਪਤ ਕਰ ਲੈਂਦੀ ਹੈ (ਤੇ) ਉਹ ਮੇਰੇ ਨਾਲੋਂ ਵੱਧ ਕੇ (ਭਾਗਸ਼ਾਲੀ) ਹੈ। (ਪਰ) ਉਹ ਚੰਗਿਆਈਆਂ ਮੇਰੇ ਵਿੱਚ ਹੈ ਨਹੀਂ, ਮੈਂ ਕਿਸ ਉੱਤੇ ਇਲਜ਼ਾਮ ਲਾਵਾਂ? ॥੪॥ ਜਿਨ੍ਹਾਂ ਸਹੇਲੀਆਂ ਨੇ ਆਪਣੇ ਕੰਤ ਨੂੰ ਮਾਣਿਆ ਹੈ, ਮੈ ਜਾ ਕੇ ਉਨ੍ਹਾਂ ਕੋਲੋਂ ਪੁੱਛਾਂਗੀ। ਮੈਂ ਉਨ੍ਹਾਂ ਦੇ ਪੈਰੀਂ ਪਵਾਂਗੀ ਅਤੇ ਮੈਨੂੰ ਮਾਰਗ ਵਿਖਾਲਣ ਲਈ (ਮੈਂ ਉਨ੍ਹਾਂ ਅੱਗੇ) ਪ੍ਰਾਰਥਨਾ ਕਰਾਂਗੀ। ॥੫॥ ਹੇ ਨਾਨਕ ! ਜੇ ਪਤਨੀ ਆਪਣੇ ਪਤੀ ਦਾ ਫ਼ਰਮਾਨ ਮੰਨੇ (ਤੇ) ਉਸ ਦੇ ਡਰ ਨੂੰ ਚੰਦਨ ਵਜੋਂ ਮਲੇ ਅਤੇ ਚੰਗਿਆਈਆਂ ਦਾ ਟੂਣਾ-ਟਾਮਣ ਕਰੇ, ਤਦ ਉਹ ਆਪਣੇ ਪ੍ਰੀਤਮ ਨੂੰ ਪਾ ਲੈਂਦੀ ਹੈ। ॥੬॥ ਜੋ ਆਪਣੇ ਸੁਆਮੀ ਨੂੰ ਦਿਲ ਦੇ ਰਾਹੀਂ ਮਿਲਦੀ ਹੈ, ਉਹ ਉਸ ਨਾਲ ਮਿਲੀ ਰਹਿੰਦੀ ਹੈ। ਉਹ ਹੀ ਅਸਲੀ ਮਿਲਾਪ ਆਖਿਆ ਜਾ ਸਕਦਾ ਹੈ। ਕਿੰਨੀ ਵੀ ਬਾਹਲੀ ਚਾਹਨਾ ਉਹ ਕਿਉਂ ਨਾ ਕਰੇ, ਨਿਰੀਆਂ ਗੱਲਾਂ ਨਾਲ ਉਸ ਨਾਲ ਮਿਲਾਪ ਨਹੀਂ ਹੁੰਦਾ। ॥੭॥ (ਜਿਵੇਂ) ਧਾਤੂ ਮੁੜ ਕੇ ਧਾਤੂ ਨਾਲ ਮਿਲ ਜਾਂਦੀ ਹੈ (ਤਿਵੇਂ) ਪਿਆਰ, ਪਿਆਰ ਨੂੰ ਖਿੱਚਦਾ ਹੈ। ਜਦ ਗੁਰਾਂ ਦੀ ਕਿਰਪਾ ਰਾਹੀਂ ਬੰਦੇ ਨੂੰ ਸਮਝ ਪ੍ਰਾਪਤ ਹੋ ਜਾਂਦੀ ਹੈ, ਤਦ ਉਹ ਨਿਡਰ-ਸਾਈਂ ਨੂੰ ਪਾ ਲੈਂਦਾ ਹੈ। ॥੮॥ ਪਾਨਾਂ ਦੀਆਂ ਵੇਲਾਂ ਦੀ ਬਗੀਚੀ ਘਰ ਵਿੱਚ ਭਾਵੇਂ ਹੀ ਹੋਵੇ ਪਰੰਤੂ ਖੋਤਾ, ਉਸ ਦੀ ਕਦਰ ਨੂੰ ਨਹੀਂ ਜਾਣਦਾ। ਜੇਕਰ ਕੋਈ ਮਹਿਕ ਦਾ ਮਾਹਿਰ ਹੋਵੇ ਤਾਂ ਉਹ ਫੁੱਲ ਦੀ ਕਦਰ ਪਛਾਣ ਸਕਦਾ ਹੈ। ॥੯॥ ਕੇਵਲ ਉਹੋ ਪ੍ਰਾਣੀ ਜੋ ਨਾਮ ਦੇ ਅੰਮ੍ਰਿਤ ਨੂੰ ਪਾਨ ਕਰਦਾ ਹੈ, ਉਸ ਦੇ ਸੰਦੇਹ ਅਤੇ ਭਟਕਣੀ ਮੁੱਕ ਜਾਂਦੀ ਹੈ। ਉਹ ਸੁਭਾਵਕ ਹੀ ਸੁਆਮੀ ਨਾਲ ਅਭੇਦ ਹੋਇਆ ਰਹਿੰਦਾ ਹੈ ਅਤੇ ਅਮਰਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ॥੧੦॥ (ਗੁ. ਗ੍ਰੰ. ਸਾਹਿਬ, ਪੰਨਾ 724)

SikhBookClub.Com

ਦੋਹਰਾ

ਮਾਨਚੰਦ ਸੁਨ ਸਬਦ ਕੋ ਬੋਲਜੋ ਕਛੂ ਸੁਧ ਪਾਇ।
'ਜਗਤ ਬਿਖੈ ਇਹ ਜੀਵ ਕੋ ਭਲਾ ਹੋਤ ਕਿਹ ਭਾਇ?' ॥੫੭॥

ਚੌਪਈ

ਤਿਹ ਛਿਨ ਸ੍ਰੀ ਗੁਰ ਬੈਨ ਬਖਾਨੇ। 'ਇਸ ਬਿਧਿ ਭਲਾ ਜੀਵ ਨਿਜ ਜਾਨੇ।
ਸ੍ਵਾਸ ਸ੍ਵਾਸ ਯਾਦੰ ਕਰਤਾਰਾ। ਬਿਨਾ ਨਾਮ ਨਹਿੰ ਹੈ ਨਿਸਤਾਰਾ' ॥੫੮॥

ਬੂਝਤ ਮਾਨਚੰਦ ਯੁਤ[1] ਪ੍ਰੀਤੀ। 'ਪ੍ਰਭੂ! ਬਤਾਵਹੁ ਅਬ ਇਸ ਰੀਤੀ ।
ਜਾਂਤੇ ਸਿਮਰਹੁੰ ਨਾਮ ਸਦਾਈ। ਰਿਦੇ ਨ ਬਿਸਰਹਿ ਪ੍ਰਭੂ ਕਦਾਈਂ ॥੫੯॥

ਦੋਹਰਾ

ਗੁਰ ਕਹਿੰ 'ਸੰਸਾ ਨਹਿੰ ਕਰੋ ਛੁਧਾ[2] ਨਗਨ ਕੋ ਕੋਇ।
ਇਕ ਸੰਸਾ ਮਨਿ ਰਾਖਿਯੇ ਬਿਸਰੇ ਨਹਿੰ ਪ੍ਰਭੁ ਸੋਇ' ॥੬੦॥

ਚੌਪਈ

ਇਸ ਪ੍ਰਕਾਰ ਕੀ ਸੁਨ ਕਰ ਬਾਨੀ । ਪਰਜੋ ਚਰਨ ਪਰ ਬਿਨੈ ਬਖਾਨੀ।
ਤਿਹ ਛਿਨ ਇਕ ਡੰਡਾ ਕਰ ਮਾਂਹੀ । ਬਖਸ਼ਜੋ ਜਾਨ ਦਾਸ ਗੁਰ ਤਾਂਹੀ ॥੬੧॥

ਮਾਨਚੰਦ ਲੇ ਸਿਰ ਪਰ ਧਰਜੋ । ਜਨਮ ਮਰਨ ਕੋ ਦੁਖ ਸਭ ਹਰਜੋ ।
ਪ੍ਰੇਮ ਬਿਸਾਲ[3] ਬਨਜੋ ਮਸਤਾਂਨਾ । ਮਹਾਂਪੁਰਖ ਭਾ ਪੂਰਨ ਗਿਆਨਾ ॥੬੨॥

ਸੰਪਟ[4] — ਮਾਨਚੰਦ ਕਹਿ — ਪਾਨਾਂ[5]। ਜਗਤੇਸ਼੍ਵਰ[6]! ਯਹ ਦੰਡ ਮਹਾਨਾ।
ਸੇਮੁਖਿ[7] ਜਿਨ ਕਰਦੀ ਮਮ ਪੂਤਾ[8]। ਸ੍ਵਪਨ[10] ਅਤੰਕਾ[9] ਜਾਗਤਿ ਸੂਤਾ'। ੬੩।

ਦੋਹਰਾ

'ਜੌਨ[11] ਕਸ਼ਟ' ਗੁਰ ਕਹਤ 'ਜਹਿੰ[12], ਮਾਨਚੰਦ ਸੁਨ ਮੀਤ!
ਛੁਵਤ ਪਲਾਵਤ[13] ਖਿਨਕ ਮਹਿੰ,ਮੁਕਤਿ ਰਾਮ ਕਰ ਚੀਤ[14]' ॥੬੪॥

SikhBookClub.Com

ਦੋਹਰਾ

ਇਹ ਸ਼ਬਦ ਸੁਣ ਕੇ ਮਾਨਚੰਦ ਕੁੱਝ ਸੋਝੀ ਪ੍ਰਾਪਤ ਕਰਕੇ ਬੋਲਿਆ, "ਸੰਸਾਰ ਵਿਚ ਇਸ ਜੀਵ ਦਾ, ਭਲਾ ਕਿਵੇਂ ਹੋ ਸਕਦਾ ਹੈ?" ॥੫੭॥

ਚੌਪਈ

ਉਸ ਵੇਲੇ ਸ੍ਰੀ ਗੁਰੂ ਜੀ ਨੇ ਫ਼ਰਮਾਇਆ, "ਜੀਵ ਆਪਣਾ ਭਲਾ ਇਸ ਪ੍ਰਕਾਰ ਜਾਣੇ ਕਿ ਉਹ ਸਵਾਸ-ਸਵਾਸ ਪਰਮੇਸ਼ਰ ਨੂੰ ਯਾਦ ਕਰੇ। ਨਾਮ ਤੋਂ ਬਿਨਾਂ ਇਸ (ਜੀਵ) ਦਾ ਨਿਸਤਾਰਾ ਨਹੀਂ ਹੋ ਸਕਦਾ।" ॥੫੮॥

(ਫੇਰ) ਮਾਨਚੰਦ ਪ੍ਰੇਮ ਸਹਿਤ[1] ਪੁੱਛਣ ਲੱਗਾ, "ਹੇ ਪ੍ਰਭੂ ਜੀ! ਹੁਣ ਉਹ ਰੀਤ (ਢੰਗ, ਤਰੀਕਾ) ਦੱਸੋ, ਜਿਸ ਦੇ ਨਾਲ ਸਦਾ ਹੀ (ਸਵਾਸ-ਸਵਾਸ) ਨਾਮ ਦਾ ਸਿਮਰਨ ਕੀਤਾ ਜਾ ਸਕੇ, ਪਰਮੇਸ਼ਰ ਕਦੇ ਵੀ ਵਿਸਰੇ ਨਾ।" ॥੫੯॥

ਦੋਹਰਾ

ਗੁਰੂ ਜੀ ਨੇ ਫ਼ਰਮਾਇਆ, "ਭੁੱਖ[2]-ਨੰਗ ਦਾ ਕੋਈ ਸੰਸਾ ਨਾ ਕਰੋ । ਕੇਵਲ ਇੱਕੋ ਹੀ ਸੰਸਾ ਮਨ ਵਿੱਚ ਰਹੇ ਕਿ ਉਹ ਪ੍ਰਭੂ ਕਦੇ ਵੀ ਵਿਸਰੇ ਨਾ।" ॥੬੦॥

ਚੌਪਈ

ਇਸ ਤਰਾਂ ਦੀ ਗੱਲ ਸੁਣ ਕੇ (ਉਸ ਨੇ) ਗੁਰੂ ਜੀ ਦੇ ਚਰਨਾਂ 'ਤੇ ਢਹਿ ਕੇ ਬੇਨਤੀ ਕੀਤੀ। ਉਸ ਵੇਲੇ (ਗੁਰੂ ਜੀ ਦੇ) ਹੱਥ ਵਿੱਚ ਇੱਕ ਡੰਡਾ ਸੀ, ਗੁਰਾਂ ਨੇ (ਉਸ ਨੂੰ) ਆਪਣਾ ਸੇਵਕ ਜਾਣ ਕੇ, ਉਹ ਡੰਡਾ ਉਸ ਨੂੰ ਬਖ਼ਸ਼ ਦਿੱਤਾ। ॥੬੧॥

ਮਾਨਚੰਦ ਨੇ ਉਹ ਡੰਡਾ ਫੜ ਕੇ ਆਪਣੇ ਸਿਰ 'ਤੇ ਧਰਿਆ। ਉਸ ਦਾ ਜਨਮ-ਮਰਨ ਦਾ ਕਸ਼ਟ ਕੱਟਿਆ ਗਿਆ। ਅਥਾਹ[3] ਪ੍ਰੇਮ ਕਾਰਨ ਉਹ ਮਸਤਾਨਾ ਹੋ ਗਿਆ। ਸੰਪੂਰਨ ਗਿਆਨ ਦੀ ਪ੍ਰਾਪਤੀ ਕਰਕੇ ਉਹ ਮਹਾਂਪੁਰਸ਼ (ਮਹਾਨ ਵਿਅਕਤੀ) ਬਣ ਗਿਆ। ॥੬੨॥

ਮਾਨਚੰਦ ਨੇ ਹੱਥ[5] ਜੋੜ[4] ਕੇ ਕਿਹਾ, "ਹੇ ਸ੍ਰਿਸ਼ਟੀ ਦੇ [6]ਮਾਲਕ(ਗੁਰੂ ਜੀਓ!) ਇਹ ਸਜ਼ਾ ਸ੍ਰੇਸ਼ਟ ਹੈ, ਜਿਸ ਨੇ ਮੇਰੀ ਬੁੱਧੀ[7] ਪਵਿੱਤਰ[8] ਕਰ ਦਿੱਤੀ ਹੈ। ਜਿਸ ਨੇ ਮੈਨੂੰ ਸੁੱਤੇ ਨੂੰ ਜਗਾ ਕੇ ਮੇਰੇ ਸੁਪਨੇ[10] ਦਾ ਡਰ[9] ਨਾਸ਼ ਕਰ ਦਿੱਤਾ ਹੈ। ॥੬੩॥

ਦੋਹਰਾ

ਗੁਰੂ ਜੀ ਨੇ ਫ਼ਰਮਾਇਆ, "ਪਿਆਰੇ ਮਾਨਚੰਦ, ਸੁਣ! ਜਿਹੜਾ[11] ਵੀ ਕਸ਼ਟ ਹੋਵੇ ਤੇ ਜਿਸ[12] ਕਿਸੇ ਨੂੰ ਵੀ ਇਸ ਡੰਡੇ ਨਾਲ ਛੁਹਿਆ ਜਾਵੇਗਾ, ਉਹ (ਕਸ਼ਟ) ਥੋੜ੍ਹੀ ਦੇਰ ਵਿੱਚ ਹੀ ਦੂਰ[13] ਹੋ ਜਾਵੇਗਾ ਤੇ (ਉਸ ਨੂੰ) ਰਾਮ ਚੇਤੇ[14] ਕਰਾ ਕੇ ਮੁਕਤ ਕਰ ਦੇਵੇਗਾ। ॥੬੪॥

SikhBookClub.Com

ਚੌਪਈ

ਜਨਮ ਮਰਨ ਕੇ ਸਾਧਨ ਜੋਊ। ਸਿੱਧ[1] ਭਏ ਇਕ ਛਿਨ ਮਹਿੰ ਸੋਊ।
ਇਸ ਪ੍ਰਕਾਰ ਤਿਹ[2] ਕਰਜੋ ਨਿਹਾਲਾ। ਆਨ[3] ਥਾਨ ਗਮਨੇ[4] ਪੁਨ ਦਜਾਲਾ॥੬੫॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਸਿੱਖਨ ਕੋ ਉਧਾਰ' ਪ੍ਰਸੰਗ ਬਰਨਨੰ ਨਾਮ ਛੱਤੀਸਮੋ ਧਜਾਇ ॥੩੬॥

SikhBookClub.Com

ਜੋ ਜਨਮ-ਮਰਨ ਦੇ ਸਾਧਨ (ਨਮਿੱਤ ਕਾਰਨ) ਸਨ, ਉਹ ਸਾਰੇ ਪਲਾਂ ਵਿੱਚ ਸਿੱਧ (ਪੂਰਨ)[1] ਹੋ ਗਏ। ਇਸ ਤਰਾਂ ਉਸ[2] ਨੂੰ ਨਿਹਾਲ ਕਰ ਦਿੱਤਾ ਤੇ ਫੇਰ ਕਿਰਪਾਲੂ (ਗੁਰੂ ਜੀ) ਕਿਸੇ ਹੋਰ[3] ਸਥਾਨ ਲਈ ਚਲੇ[4] ਗਏ। ॥੬੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖਾਂ ਦਾ ਉਧਾਰ" ਨਾਮੀ ਛੱਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਕੰਧਾਰ ਦੀ ਫੇਰੀ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਯਾਰਵਲੀ' ਨਾਂ ਦਾ ਇੱਕ ਮੁਗ਼ਲ ਮਿਲਿਆ। ਜਾਣ-ਪਛਾਣ ਹੋਣ 'ਤੇ, ਸਤਿਗੁਰੂ ਜੀ ਦੇ ਮਨੋਹਰ ਬਚਨ ਸੁਣ ਕੇ, ਇਨ੍ਹਾਂ ਦਾ ਮੁਰੀਦ ਬਣ ਗਿਆ ਤੇ ਉਹਨੇ ਆਵਾਗਵਨ-ਪੀੜਾ ਤੋਂ ਮੁਕਤੀ ਲਈ ਬੇਨਤੀ ਕੀਤੀ।

ਫੇਰ ਬਰਫ਼ੀਲੇ ਪਾਣੀ ਨਾਲ ਸਵੇਰੇ-ਸਵੇਰੇ ਇਸ਼ਨਾਨ ਕਰਦਾ ਹੋਇਆ ਇੱਕ ਖੱਤਰੀ ਮਿਲਿਆ। ਗੁਰੂ ਜੀ ਦੇ ਵਿਖਿਆਨ ਸੁਣ ਕੇ ਉਸ ਨੂੰ ਅਨੁਭਵ ਹੋਇਆ ਕਿ ਪੂਰਨ-ਸੰਤ ਦੀ ਪ੍ਰਾਪਤੀ ਦੀ ਉਸਦੀ ਚਿਰੋਕੀ ਇੱਛਿਆ ਪੂਰਨ ਹੋ ਗਈ ਹੈ। ਉਸ ਨੇ ਸ਼ਰਧਾ ਸਹਿਤ ਸਤਿਗੁਰੂ ਜੀ ਨੂੰ ਤਿੰਨ ਦਿਨ ਆਪਣੇ ਘਰ ਰੱਖ ਕੇ ਸੇਵਾ ਕੀਤੀ।

'ਯਾਰਵਲੀ' ਦਾ ਗੂੜ੍ਹਾ ਮਿੱਤਰ 'ਸ਼ੇਖ਼ ਸ਼ਰਫ਼', ਯਾਰਵਲੀ ਦੇ ਬਦਲੇ ਹੋਏ ਤੌਰ ਅਤੇ ਸੋਚਣੀ ਵੇਖ ਕੇ ਇਸ ਦਾ ਕਾਰਨ ਪੁੱਛਣ ਲੱਗਾ। ਯਾਰਵਲੀ ਨੇ ਨਵੇਂ ਮੁਰਸ਼ਦ (ਗੁਰੂ ਜੀ) ਦੀ ਦੱਸ ਪਾਈ । ਸ਼ਰਫ਼ ਵੀ ਸਤਿਗੁਰੂ ਜੀ ਨੂੰ ਮਿਲਣ ਲਈ ਉਤਸੁਕ ਹੋਇਆ।ਯਾਰਵਲੀ ਦੇ ਦੱਸਣ ਅਨੁਸਾਰ 'ਸ਼ੇਖ਼ ਸ਼ਰਫ਼' ਗੁਰੂ ਜੀ ਦੀ ਸਿੱਕ ਵਿੱਚ ਧਰਨਾ ਮਾਰ ਕੇ ਬੈਠ ਗਿਆ। ਧਰਨੇ ਦੇ ਚੌਥੇ ਦਿਨ, ਸ਼ਰਧਾ ਸਹਿਤ, ਗੁਰੂ ਜੀ ਆਣ ਪੁੱਜੇ । 'ਸ਼ੇਖ਼ ਸ਼ਰਫ਼' ਨੇ ਫ਼ਕੀਰੀ ਦੀ ਖ਼ੱਫਣੀ ਦਾ ਮਹੱਤਵ, ਰੱਬੀ ਡਰ ਅਤੇ ਜੀਣ-ਮਰਨ ਨਾਲ ਸੁੱਖ-ਸ਼ਾਂਤੀ ਦੀ ਪ੍ਰਾਪਤੀ ਸਬੰਧੀ ਵਿਚਾਰ-ਚਰਚਾ ਕੀਤੀ । ਸਬਰ-ਸੰਤੋਖ, ਨਿਮਰਤਾ, ਸਿਮਰਨ ਕਰਨ ਦੀ ਲੋੜ ਸਪਸ਼ਟ ਕਰਨ 'ਤੇ ਉਹ ਵੀ ਗੁਰੂ ਜੀ ਦਾ ਮੁਰੀਦ ਬਣ ਗਿਆ।

ਗੁਰੂ ਜੀ ਫੇਰ ਇੱਕ ਖੱਤਰੀ 'ਮਾਨਚੰਦ' ਦੀ ਖੋਜ ਵਿੱਚ, ਕੰਧਾਰ ਛੱਡ ਕੇ ਇੱਕ ਪਿੰਡ ਵਿੱਚ ਗਏ । ਮਾਨਚੰਦ ਗੁਰੂ ਜੀ ਨੂੰ ਅਣਪਛਾਤਾ ਜਾਣ ਕੇ, ਉਨ੍ਹਾਂ ਦੀ ਜਾਣ-ਪਛਾਣ ਅਤੇ ਪਿਛੋਕੜ ਪੁੱਛਣ ਲੱਗ ਪਿਆ। ਗੁਰੂ ਜੀ ਨੇ ਆਪਣੇ ਆਪ ਨੂੰ ਬੇਗਮਪੁਰੇ (ਗਿਆਨ-ਅਵਸਥਾ) ਦਾ ਵਾਸੀ ਅਤੇ ਨਿਰੰਕਾਰ ਦੇ ਵੇਸ ਦਾ ਧਾਰਨੀ ਦੱਸਿਆ। ਸਤਿਗੁਰਾਂ ਨੇ ਮਾਨਚੰਦ ਨੂੰ ਝੂਠੇ ਸੰਸਾਰ ਤੋਂ ਹਟ ਕੇ ਸਦੀਵੀ-ਸੁੱਖ ਦੀ ਪ੍ਰਾਪਤੀ ਲਈ, ਪ੍ਰਭੂ ਨਾਲ ਸੁਰਤੀ ਜੋੜਨ ਤੇ ਉਸ ਦੇ ਸਿਮਰਨ ਨਾਲ ਜੁੜਨਾ ਜ਼ਰੂਰੀ ਦੱਸਿਆ। ਇਸੇ ਵਿਧੀ ਵਿੱਚ ਹੀ ਜੀਵ ਦਾ ਭਲਾ ਦੱਸਿਆ। ਅੰਤ, ਖੱਤਰੀ ਮਾਨਚੰਦ ਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਿਆ ਅਤੇ ਗੁਰੂ ਜੀ ਨੇ ਆਪਣੇ ਹੱਥ ਵਾਲਾ ਡੰਡਾ ਉਸ ਨੂੰ ਬਖ਼ਸ਼ਸ਼ ਕੇ ਫ਼ਰਮਾਇਆ ਕਿ ਇਸ ਡੰਡੇ ਦੀ ਛੁਹ, ਹਰ ਪ੍ਰਕਾਰ ਦੇ ਕਸ਼ਟ ਦੀ ਨਵਿਰਤੀ ਕਰੇਗੀ।

SikhBookClub.Com

ਫੁੱਟਨੋਟ

(*1) ਮਹਾਨਕੋਸ਼ ਦੇ ਹਵਾਲੇ ਅਨੁਸਾਰ 'ਯਾਰਵਲੀ' ਕੰਧਾਰ (ਕਾਬਲ) ਦੇ ਇਲਾਕੇ ਦਾ ਇੱਕ ਪੀਰ (ਫ਼ਕੀਰ) ਸੀ। ਸਤਿਗੁਰੂ ਜੀ ਦੀ, ਉਸ ਨਾਲ ਫ਼ਾਰਸੀ-ਸ਼ਬਦਾਵਲੀ ਮਿਸ਼ਰਤ ਵਾਰਤਾਲਾਪ, ਇਤਿਹਾਸਕਤਾ ਵਧਾਉਂਦੀ ਹੈ ਤੇ ਉਪਰੋਕਤ ਕਥਨ ਦੀ ਪ੍ਰੌੜ੍ਹਤਾ ਕਰਦੀ ਹੈ। 'ਯਾਰਵਲੀ' ਸਤਿਗੁਰੂ ਜੀ ਦਾ ਮੁਰੀਦ ਬਣ ਗਿਆ ਸੀ।

(*2) 'ਸ਼ੇਖ਼ ਸ਼ਰਫ਼' ਵੀ ਉਸੇ ਕੰਧਾਰ (ਕਾਬਲ) ਦੇ ਇਲਾਕੇ ਦਾ ਵਾਸੀ ਅਤੇ ਪੀਰ 'ਯਾਰਵਲੀ' ਦਾ ਮਿੱਤਰ ਸੀ। 'ਮਹਾਨਕੋਸ਼' ਦੇ ਕਰਤਾ ਅਨੁਸਾਰ, ਇੱਕ ਹੋਰ 'ਸ਼ੇਖ਼ ਸ਼ਰਫ਼' ਨਾਲ ਵੀ ਗੁਰੂ ਨਾਨਕ ਦੇਵ ਜੀ ਦੀ ਭੇਟ ਹੋਈ ਸੀ ਜੋ 'ਪਾਨੀਪਤ' ਦਾ ਵਸਨੀਕ ਸੀ। ਉਸ ਦਾ ਅਸਲ ਨਾਂ ਸ਼ੇਖ਼ ਤਾਹਿਰ ਸੀ ਤੇ ਵਾਸਤਵ ਵਿੱਚ ਉਹ 'ਸ਼ੇਖ਼ ਸ਼ਰਫ਼' ਜਿਸਦਾ ਦੇਹਾਂਤ ਅਗਸਤ 1332 ਈ: ਵਿੱਚ ਹੋ ਚੁੱਕਾ ਸੀ, ਉਸ ਦਾ ਗੱਦੀਦਾਰ ਹੋਣ ਕਰਕੇ ਹੀ 'ਸ਼ੇਖ਼ ਸ਼ਰਫ਼' ਅਖਵਾਉਂਦਾ ਸੀ। ਹੋਰ ਵਿਸਥਾਰ ਲਈ ਵੇਖੋ, ਪ੍ਰਸਤਾਵਨਾ।

SikhBookClub.Com

ਅਧਜਾਯ ਸੈਂਤੀਵਾਂ

(ਸ਼ਰਨ ਸੁਖ।ਮੁਲਤਾਨ ਦੇ ਪੀਰਾਂ ਨਾਲ ਗੋਸ਼ਟ।ਸ਼ਮਸ਼ ਤਬ੍ਰੇਜ਼ ਦੀ ਕਥਾ)

ਦੋਹਰਾ

ਮਨ ਤਜ ਬਿਸ਼ਯਨ ਬਾਸਨਾ ਭਰਮਜੋਂ ਜਨਮ ਅਨੇਕ।
ਅਬ ਸਤਿਗੁਰ ਕੀ ਸ਼ਰਨਿ ਗਹੁ ਪਾਵਹਿਂ ਅਨਦ ਬਿਬੇਕ[1] ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨ ਪਰਮ ਪਵਿੱਤ੍ਰਾ! ਜਜੋਂ ਪੁਨ ਹੋਈ ਕਥਾ ਬਚਿੱਤ੍ਰਾ।
ਤਹਿ ਤੇ ਜਬ ਕੀਨੋ ਪ੍ਰਸਥਾਨਾ । ਪਹੁੰਚੇ ਨਗਰ ਜਾਇ ਮੁਲਤਾਨਾ॥੨॥

ਪੀਰ ਬ੍ਰਿੰਦ[2] ਜਹਿਂ ਸ਼ਮਸ ਸਮੇਤਾ । ਮਿਲਨ ਚਹਜੋ ਬੇਦੀ ਕੁਲਕੇਤਾ[3]।
ਦੇਨ ਉਪਦੇਸ਼ ਆਪਨੋ ਨੀਕਾ[4] । ਜਿਸ ਬਿਧ ਹ੍ਵੈ ਉਧਾਰ ਇਸ ਜੀਕਾ॥੩॥

ਸ਼ਮਸ ਤਬਰ੍ਰੇਜ ਰਹਤ ਜਿਹ ਥਾਂਈ । ਤਹਾਂ ਜਾਇ ਬੈਠੇ ਜਗ ਸਾਈਂ।
ਸਬ ਪੀਰਨ ਕੋ ਸੁਧ[5] ਜਬ ਹੋਈ । ਮਿਲ ਕੈ ਮਤੋ ਕਰਤ ਭੇ ਸੋਈ॥੪॥

'ਇਨ ਜੀਤੇ ਸਬ ਥਾਨ ਮਹਾਨਾ । ਕਾਬਾ[6] ਚਰਨਨ ਸੰਗ ਫਿਰਾਨਾ।
ਚਰਚਾ ਅਜ਼ਮਤ[7] ਮਹਿਂ ਇਹ ਭਾਰੀ । ਸਕਜੋ ਨ ਕੋਊ ਅਟਕ ਅਗਾਰੀ॥੫॥

ਸਰਬਰ[8] ਬਾਦ[9] ਨਹੀਂ ਬਨਿ ਆਈ । ਬਿਨਤੀ ਕਰਕੈ ਕਰਹੁ ਬਿਦਾਈ'।
ਅਸ ਬਿਚਾਰ ਕਰ ਦੂਧ ਕਟੋਰਾ । ਭਰ ਕਰ ਲੇ ਆਏ ਗੁਰ ਓਰਾ॥੬॥

ਏਹੁ ਜਨਾਵਨ ਤਿਨ ਨੈ ਕੀਨੋ ।— ਪੀਰੀ[10] ਪੁਰ ਮੁਲਤਾਨ ਸੁ ਚੀਨੋ[11]।
ਨਹੀਂ ਸਮਾਈ ਰਾਵਰ[12] ਕੇਰੀ।ਗਮਨਹੁ ਅਪਰ ਥਾਂਨ ਪੁਰ ਹੇਰੀ[13] —॥੭॥

ਨਿਕਟਿ ਆਨ ਜਬ ਧਰਜੋ ਅਗਾਰੀ । ਸ੍ਰੀ ਨਾਨਕ ਜਾਨੀ ਬਿਧ[14] ਸਾਰੀ।
ਫੂਲ ਚੰਬੇਲੀ ਕੋ ਇਕ ਲੀਨਾ।ਤਿਹ ਪਰ ਕਰ[15] ਤੇ ਛੋਡਨ ਕੀਨਾ॥੮॥

SikhBookClub.Com

ਅਧਿਆਇ ਸੈਂਤੀਵਾਂ

(ਸ਼ਰਨ ਸੁੱਖ । ਮੁਲਤਾਨ ਦੇ ਪੀਰਾਂ ਨਾਲ ਗੋਸ਼ਟ, ਸ਼ਮਸ ਤਬਰੇਜ਼ ਦੀ ਕਥਾ)

ਦੋਹਰਾ

ਹੇ ਮਨ! (ਤੂੰ) ਵਿਸ਼ਿਆਂ ਦੀ ਵਾਸ਼ਨਾ ਤਿਆਗ ਦੇਹ (ਜਿਸ ਦੇ ਕਾਰਨ ਤੂੰ) ਅਨੇਕਾਂ ਜਨਮ ਭਟਕਦਾ ਫਿਰਿਆ ਹੈਂ। ਹੁਣ ਸਤਿਗੁਰ ਦੀ ਸ਼ਰਨ ਫੜ ਲੈ ਤਾਂ ਜੁ ਤੂੰ ਗਿਆਨ[1] ਦਾ ਅਨੰਦ ਪ੍ਰਾਪਤ ਕਰ ਸਕੇਂ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਪਰਮ-ਪਵਿੱਤਰ ਸ੍ਰੀ ਗੁਰੂ ਅੰਗਦ ਦੇਵ ਜੀਓ! ਸੁਣੋ, ਫੇਰ ਜਿਸ ਤਰਾਂ ਇਹ ਮਨੋਹਰ ਕਥਾ ਹੋਈ । ਜਦੋਂ (ਗੁਰੂ ਜੀ) ਉੱਥੋਂ ਰਵਾਨਾ ਹੋਏ ਤਾਂ ਮੁਲਤਾਨ ਨਗਰ ਜਾ ਪੁੱਜੇ। ॥੨॥

ਜਿੱਥੇ ਸ਼ਮਸ ਤਬਰੇਜ਼ ਸਣੇ, ਫ਼ਕੀਰਾਂ ਦੀ ਇੱਕ ਟੋਲੀ[2] ਰਹਿੰਦੀ ਸੀ, ਜਿਸ ਨੂੰ ਬੇਦੀ ਕੁਲ ਦੇ ਨਿਸ਼ਾਨ[3] (ਗੁਰੂ ਜੀ) ਮਿਲਣਾ ਚਾਹੁੰਦੇ ਸਨ। (ਉਸ ਨੂੰ) ਆਪਣਾ ਮਨੋਹਰ[4] ਉਪਦੇਸ਼ ਦੇਣਾ ਚਾਹੁੰਦੇ ਸਨ ਜਿਸ ਨਾਲ ਪ੍ਰਾਣੀ ਦਾ ਉਧਾਰ ਹੋ ਸਕੇ। ॥੩॥

ਜਗਤ ਦੇ ਮਾਲਿਕ (ਗੁਰੂ ਜੀ) ਉੱਥੇ ਜਾ ਬੈਠੇ ਜਿੱਥੇ ਸ਼ਮਸਤਬਰੇਜ਼ ਰਹਿੰਦਾ ਸੀ। ਜਦੋਂ ਸਾਰਿਆਂ ਪੀਰਾਂ ਨੂੰ ਸੂਹ[5] ਮਿਲੀ ਤਾਂ ਉਹ ਸਾਰੇ ਮਿਲ ਕੇ ਮਤਾ ਕਰਨ ਲੱਗੇ। ॥੪॥

(ਬੋਲੇ) "ਇਨ੍ਹਾਂ (ਗੁਰੂ ਜੀ) ਨੇ ਸਾਰੇ ਮਹਾਨ ਸਥਾਨ ਜਿੱਤ ਲਏ ਹਨ। ਕਾਅਬਾ (ਮੱਕਾ)[6] ਵੀ ਚਰਨਾਂ ਨਾਲ ਘੁਮਾ ਦਿੱਤਾ ਹੈ। ਉਨ੍ਹਾਂ ਦੀ ਵਡਿਆਈ[7] ਦੀ ਭਾਰੀ ਚਰਚਾ ਹੈ। (ਇਨ੍ਹਾਂ ਦੇ) ਅੱਗੇ ਕੋਈ ਵੀ ਠਹਿਰ ਨਹੀਂ ਸਕਿਆ। ॥੫॥

ਚਰਚਾ[9] ਵਿੱਚ ਵੀ ਕਿਸੇ ਤੋਂ ਬਰਾਬਰੀ[8] ਨਹੀਂ ਹੋ ਸਕੀ। ਇਸ ਲਈ ਬੇਨਤੀ ਕਰ ਕੇ, ਇਨ੍ਹਾਂ ਨੂੰ ਇਥੋਂ ਵਿਦਾ ਕਰ ਦਿਉ। ਇਹ ਵਿਚਾਰ ਕਰ ਕੇ, ਇੱਕ ਦੁੱਧ ਦਾ ਕਟੋਰਾ ਭਰ ਕੇ, ਗੁਰੂ ਜੀ ਦੇ ਸਨਮੁੱਖ ਲੈ ਆਏ। ॥੬॥

ਉਨ੍ਹਾਂ ਨੇ ਗੁਰੂ ਜੀ ਨੂੰ ਇਹੋ ਜਤਲਾਇਆ -ਸਮਝੋ ਮੁਲਤਾਨ ਪੀਰਾਂ[10] ਨਾਲ ਪਹਿਲੇ ਹੀ ਭਰਪੂਰ (ਭਰਿਆ ਹੋਇਆ) ਹੈ[11]। ਆਪ[12] ਦਾ ਇੱਥੇ ਸਮਾਉਣਾ ਸੰਭਵ ਨਹੀਂ, (ਤੁਸੀਂ) ਕੋਈ ਹੋਰ ਥਾਂ ਵੇਖ[13] ਕੇ ਉੱਥੇ ਜਾਉ॥੭॥

ਜਦੋਂ ਨੇੜੇ ਆ ਕੇ (ਉਨ੍ਹਾਂ ਨੇ ਕਟੋਰਾ) ਸਾਹਮਣੇ ਧਰਿਆ, ਗੁਰੂ ਜੀ ਨੇ ਸਾਰੀ ਜੁਗਤ[14] ਸਮਝ ਲਈ । ਉਨ੍ਹਾਂ ਇੱਕ ਚਮੇਲੀ ਦਾ ਫੁੱਲ ਲਿਆ ਤੇ ਹੱਥ[15] ਨਾਲ ਉਸ ਦੁੱਧ 'ਤੇ ਧਰ ਦਿੱਤਾ ॥੮॥

SikhBookClub.Com

ਤਰਜੋ ਦੂਧ ਪਰ ਭਲੇ ਸਮਾਯੋ। ਇਸ ਪ੍ਰਕਾਰ ਦ੍ਰਿਸ਼ਟਾਂਤ ਦਿਖਾਯੋ।
— ਫੂਲ ਸਮਾਯੋ ਭਰੇ ਕਟੋਰੇ। ਤਿਉਂ ਹਮ ਕੋ ਜਾਨਹੁ ਇਸ ਠੌਰੇ —॥੯॥

ਇਹ ਸਭ ਰੀਤਿ[1] ਲਖੀ ਜਬ ਪੀਰਾ । ਜਾਨਯੋ ਮਨ ਮੈਂ ਗੁਨੀ ਗਹੀਰਾ[2]।
ਪ੍ਰਾਕ[3] ਸ਼ਮਸ ਨੈ ਗਿਰਾ ਉਚਾਰੀ । ਜੱਗਜਾਸੀ[4] ਇੱਛਾ ਉਰ ਧਾਰੀ[(*2)] ॥੧੦॥

ਦੋਹਰਾ

'ਕਠਨ ਕ੍ਰੂਰ[5] ਛਪ ਹੌਂ ਕਰਾ ਸੁਸਕ ਸਰੀਰ ਬਿਸਾਲ।
ਨਾਸ਼ਨ ਮਨ ਕੀ ਬਾਸ਼ਨਾ ਜਤਨ ਕੀਨ ਚਿਰ ਕਾਲ॥੧੧॥

ਚੌਪਈ

ਇਕ ਛਿਨ ਮਨ ਨਹਿਂ ਹੋਵਤ ਇਸਥਰ[6]। ਚੰਚਲ ਅਤਿ ਹੀ ਦੀਪ ਸਿਖਾਸਰ[7]।
ਮਨ ਕੋ ਨਾਸ਼ ਹੋਇ ਜਿਸ ਰੀਤੀ। ਸੋ ਉਪਦੇਸ਼ ਦੇਹੁ ਯੁਤ ਪ੍ਰੀਤੀ'॥੧੨॥

ਸੁਨ ਸ੍ਰੀ ਨਾਨਕ ਬਚਨ ਉਚਾਰੇ। 'ਮਰੈ ਨ ਅਹਿ[8] ਬਰਮੀ ਕੇ ਮਾਰੇ।
ਮੰਤ੍ਰਨ ਸੋਂ ਬਸ ਹੋਵਤ ਸੋਊ। ਔਰ ਉਪਾਊ ਨ ਤਾਂਕੋ ਕੋਊ॥੧੩॥

ਤਪ ਸਾਧੇ ਮਨ ਬਸ ਨਹਿਂ ਆਵਹਿ। ਮਨ ਚੰਚਲ ਦਸਹੂੰ ਦਿਸ ਧਾਵਹਿ।
ਤਿਉਂ ਤਿਉਂ ਚਾਹਤ ਮਾਨ ਬਡਾਈ। ਜਿਉਂ ਜਿਉਂ ਤਪ ਕਰ ਹ੍ਵੈ ਹਿਤ ਲਾਈ॥੧੪॥

ਦੋਹਰਾ

ਸਤਿਗੁਰ ਸ਼ਬਦ ਬਿਚਾਰਨੋ ਮੰਤ੍ਰ ਪਛਾਨਹੁ ਸੋਇ।
ਤਿਹ ਸੋਂ ਇਹ ਬਸ ਹੋਤ ਹੈ ਔਰ ਉਪਾਵ ਨ ਕੋਇ'॥੧੫॥

ਚੌਪਈ

ਬੂਝੈ ਸ਼ੱਮਸ 'ਸਬਦ ਸੁ ਕੌਨ?'। ਸੁਨ ਬੋਲੇ ਗੁਰ ਕਰੁਨਾ ਭੌਨ[9]।
'ਜਗ ਝੂਠੋ, ਐਸੋ ਦਿਢ ਜਾਨਾ । ਮ੍ਰਿਗ ਤ੍ਰਿਸ਼ਨਾ ਕੇ ਨੀਰ ਸਮਾਨਾ॥੧੬॥

SikhBookClub.Com

ਦੁੱਧ 'ਤੇ ਤਰਨ ਕਰਕੇ ਫੁੱਲ ਉਸ ਕਟੋਰੇ ਵਿੱਚ ਭਲੀ-ਪ੍ਰਕਾਰ ਸਮਾ ਗਿਆ। (ਗੁਰੂ ਜੀ ਨੇ) ਇਸ ਪ੍ਰਕਾਰ ਦ੍ਰਿਸ਼ਟਾਂਤ ਦਿਖਾਇਆ (ਕਿ) -ਜਿਵੇਂ ਭਰੇ ਹੋਏ ਕਟੋਰੇ ਉੱਤੇ ਫੁੱਲ ਸਮਾ ਗਿਆ ਹੈ, ਤਿਵੇਂ ਹੀ ਮੈਨੂੰ ਇਸ ਥਾਂ 'ਤੇ (ਸਮਾਇਆ) ਸਮਝੋ-। ॥੯॥

ਜਦੋਂ ਪੀਰਾਂ ਨੇ ਇਹ ਵਿਹਾਰ[1] ਵੇਖਿਆ, ਉਨ੍ਹਾਂ ਨੇ ਮਨ ਵਿੱਚ ਜਾਣ ਲਿਆ ਕਿ ਇਹ ਗੁਣਾਂ ਦੇ ਭੰਡਾਰ[2] ਹਨ । ਪਹਿਲਾਂ[3] ਸ਼ਮਸ-ਤਬਰੇਜ਼ ਮਨ ਵਿੱਚ ਜਾਣਨ ਦੀ [4]ਇੱਛਾ ਧਾਰਨ ਕਰਕੇ ਬੋਲਿਆ ॥੧੦॥

ਦੋਹਰਾ

"ਮੈਂ ਬਹੁਤ ਸਖ਼ਤ ਅਤੇ ਤਿੱਖਾ[5] (ਘੋਰ) ਤਪ ਕੀਤਾ ਹੈ, ਮੇਰਾ ਸਰੀਰ ਸੁੱਕ ਗਿਆ ਹੈ।ਬਹੁਤ ਲੰਮੇ ਸਮੇਂ ਤੋਂ ਮਨ ਦੀਆਂ ਵਾਸ਼ਨਾਵਾਂ ਦਾ ਵਿਨਾਸ਼ ਕਰਨ ਦਾ ਜਤਨ ਕੀਤਾ। ॥੧੧॥

(ਪਰ) ਇੱਕ ਪਲ ਲਈ ਵੀ ਮੇਰਾ ਮਨ ਸਥਿਰ[6] (ਕੇਂਦਰਤ) ਨਹੀਂ ਹੁੰਦਾ। ਇਹ ਦੀਵੇ ਦੀ ਲਾਟ[7] ਵਾਂਗੂੰ ਅਤਿਅੰਤ ਚੰਚਲ ਹੈ। ਮੈਨੂੰ ਪ੍ਰੇਮ ਸਹਿਤ ਉਹ ਉਪਦੇਸ਼ ਦਿਉ, ਜਿਸ ਢੰਗ ਨਾਲ ਮਨ ਮਾਰਿਆ ਜਾ ਸਕੇ।" ॥੧੨॥

ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ, "ਵਰਮੀ (ਸੱਪ ਦੀ ਖੁੱਡ) ਦੇ ਭੰਨਣ ਨਾਲ ਸੱਪ[8] ਕਦੇ ਨਹੀਂ ਮਰਦਾ। ਉਹ ਤਾਂ ਮੰਤਰਾਂ ਨਾਲ ਹੀ ਵੱਸ ਵਿੱਚ ਹੁੰਦਾ ਹੈ। ਉਸ (ਸੱਪ) ਦਾ ਹੋਰ ਕੋਈ ਉਪਾਅ ਨਹੀਂ ਹੈ। ॥੧੩॥

ਤਪੱਸਿਆ ਕਰਨ ਨਾਲ ਮਨ ਵੱਸ ਵਿੱਚ ਨਹੀਂ ਆਉਂਦਾ। ਚੰਚਲ ਮਨ ਤਾਂ ਦਸਾਂ-ਦਿਸ਼ਾਵਾਂ ਵਿੱਚ ਭੱਜਦਾ ਹੈ। ਜਿਉਂ-ਜਿਉਂ ਪ੍ਰੇਮ ਲਾ ਕੇ ਤਪ ਕੀਤਾ ਜਾਂਦਾ ਹੈ, ਤਿਵੇਂ-ਤਿਵੇਂ ਇਹ ਮਨ, ਮਾਨ ਅਤੇ ਵਡਿਆਈ ਦੀ ਇੱਛਾ ਕਰਦਾ ਰਹਿੰਦਾ ਹੈ। ॥੧੪॥

ਦੋਹਰਾ

ਸਤਿਗੁਰੂ ਦੇ ਸ਼ਬਦ ਦੇ ਵਿਚਾਰਨ ਨੂੰ ਹੀ ਮੰਤਰ ਸਮਝੋ। ਉਸ ਨਾਲ (ਹੀ) ਇਹ (ਮਨ) ਵੱਸ ਵਿੱਚ ਹੁੰਦਾ ਹੈ, ਇਸਦਾ ਹੋਰ ਕੋਈ ਉਪਾਅ ਨਹੀਂ।" ॥੧੫॥

ਚੌਪਈ

ਸ਼ਮਸ ਪੁੱਛਣ ਲੱਗਾ, "ਉਹ ਸ਼ਬਦ ਕਿਹੜਾ ਹੈ?" ਇਹ ਸੁਣ ਕੇ, ਦਇਆ ਦੇ ਘਰ[9] (ਗੁਰੂ ਜੀ) ਬੋਲੇ, "ਸੰਸਾਰ ਝੂਠਾ ਹੈ, ਇਹ ਪੱਕਾ ਕਰ ਕੇ ਜਾਣ ਲਵੋ। ਇਹ (ਤਾਂ) ਮਿਰਗ-ਤ੍ਰਿਸ਼ਨਾ ਦੇ ਪਾਣੀ ਦੇ ਸਮਾਨ ਹੈ। ॥੧੬॥

SikhBookClub.Com

ਤਿਹ ਸੋਂ ਕਛੂ ਸੰਕਲਪ[1] ਨ ਕਰੀਏ । ਝੂਠ ਜਾਨ ਮਨ ਤੇ ਪਰਹਰੀਏ[2]।
ਸਸੇ[3] ਸੀਂਗ ਧਨੁ[4] ਲੇ ਕਰ ਮਾਂਹੀ । ਰਿਪੁ[5] ਜੀਤਨ ਇਛ ਕੋ ਨ ਕਰਾਹੀ॥੧੭॥

ਹਰੀ ਲਤਾ[6] ਭੀ ਬੀਚ ਅਕਾਸ਼ਾ।ਤਿਸ ਕੇ ਪੁਸ਼ਪ ਕੌਨ ਕਰ ਆਸਾ।
ਹਰਿ ਚੰਦਉਰੀ[(*3)] ਕੇਰ ਬਜਾਰਾ।ਫੁਰੇ ਨ ਕਿਹ[7] ਕਰਨੋ ਬਿਵਹਾਰਾ॥੧੮॥

ਤਿਉਂ ਅਸੱਤ ਲਖ ਜਗ ਪਰਪੰਚਾ । ਕਿਉਂ ਸੰਕਲਪ ਉਠਾਵਹਿ ਰੰਚਾ[8]'।
ਸਤਿਗੁਰ ਬਚਨ ਰਿਦੇ ਦ੍ਰਿਢ ਧਾਰਾ । ਸ਼ੁਧ ਆਤਮੈ ਜਗਤ ਬਿਸਾਰਾ॥੧੯॥

ਮਨ ਰਿਪੁ ਜੀਤਨ ਕੀ ਇਹ ਰੀਤਾ। ਪਾਵਹਿ ਸੁਖ ਜੁ ਕਰਹਿ ਧਰ ਚੀਤਾ ॥
ਪੀਰ ਬਹਾਵਲਹੱਕ ਇਕ ਅਹਿ ਹੀ। ਸੁਨ ਕੈ ਬਚਨ ਬਹੁਰ[9] ਸੋ ਕਹਹੀ॥੨੦॥

ਦੋਹਰਾ

'ਸ੍ਰੀ ਨਾਨਕ! ਉਪਦੇਸ਼ ਮਹਿੰ ਮਾਯਾ ਕਹਉ ਜਿ ਕ੍ਰੂਰ।
ਪੁਨ ਤਿਸ ਬਿਨ ਬਿਵਹਾਰ ਜੇ ਹੋਤ ਨਹੀਂ ਕੋ ਪੂਰ'॥੨੧॥

ਚੌਪਈ

ਉੱਤਰ ਸ੍ਰੀ ਗੁਰ ਸੁਨਤ ਅਲਾਯਾ । 'ਨਿਸਚੈ ਜਾਨਹੁ ਝੂਠੀ ਮਾਯਾ।
ਤੈਸੇ ਝੂਠੇ ਤਿਹ ਬਿਵਹਾਰਾ।ਲਖਉ ਸੱਤਿ ਜਿਉਂ ਦਾਮ[10] ਬਿਹਾਰਾ॥੨੨॥

ਸੁਪਨ ਬਿਖੈ ਜਿਉ ਸਰਿਤਾ ਬਾਰਾ[11] । ਚਹਿਤ ਨਾਉ ਚਢਿ ਉਤਰਜੋ ਪਾਰਾ।
ਸੁਪਨ ਟਕਾ ਦੇ ਸੋ ਲੰਘ ਜਾਈ।ਇਸੀ ਰੀਤਿ ਤਿਹ ਲੇਉ ਲਖਾਈ॥੨੩॥

ਪਰਮੇਸ਼ੁਰ ਨਿਤ ਸੱਤਿ ਪਛਾਨਹੁ । ਤਾਂਕੋ ਨਾਮ ਸੱਤਿ ਮਨ ਮਾਨਹੁ'।
ਰੁਕਨਦੀਨ ਪੁਨ ਬੈਨ ਅਲਾਏ । 'ਸੰਤਿ ਜੁ ਲੱਛਨ ਦੇਉ ਬਤਾਏ॥੨੪॥

ਕੈਸੋ ਤਿਨ ਅਚਾਰ ਬਿਵਹਾਰਾ? । ਤਿਹ ਮਿਸ[12] ਦੇ ਉਪਦੇਸ਼ ਸੁਖਾਰਾ'।
ਸ੍ਰੀ ਗੁਰ ਭਨਜੋ[13] 'ਸੁਨਹੁ ਦੇ ਕਾਨਾ । ਬੁਜਰਕ[14] ਸੁਹਬਤ ਅੱਬਲ[15] ਜਾਨਾ॥੨੫॥

SikhBookClub.Com

ਇਸ ਤੋਂ ਕੋਈ ਮਨੋਰਥ ਨਾ ਚਿਤਵੋ[1]। ਇਸ ਨੂੰ ਝੂਠ ਜਾਣ ਕੇ ਮਨ ਤੋਂ ਤਿਆਗ[2] ਦਿਉ। ਸਹੇ[3] (ਖ਼ਰਗੋਸ਼) ਦੇ ਸਿੰਗਾਂ ਰੂਪੀ ਧਨੁੱਖ[4] ਨੂੰ ਹੱਥ ਵਿੱਚ ਫੜ ਕੇ ਦੁਸ਼ਮਣ[5] ਨੂੰ ਜਿੱਤਣ ਦੀ ਇੱਛਾ ਕੋਈ ਨਹੀਂ ਕਰ ਸਕਦਾ। ॥੧੭॥

ਜੇਕਰ ਕੋਈ ਹਰੀ ਵੇਲ[6] ਅਕਾਸ਼ ਵਿੱਚ ਉੱਗੀ ਹੋਵੇ, ਉਸ ਦੇ ਫੁੱਲਾਂ ਦੀ (ਪ੍ਰਾਪਤੀ ਦੀ) ਆਸ ਕੌਣ ਕਰ ਸਕਦਾ ਹੈ? 'ਹਰ ਚੰਦਉਰੀ' ਨਗਰੀ ਦੇ ਬਜ਼ਾਰ ਵਿੱਚੋਂ ਵਿਹਾਰ ਕਰਨ (ਵਣਜ-ਵਪਾਰ) ਦੀ (ਗੱਲ) ਕਿਸੇ[7] ਨੂੰ ਵੀ ਫੁਰ ਨਹੀਂ ਸਕਦੀ। ॥੧੮॥

ਇਸੇ ਤਰਾਂ ਹੀ ਸੰਸਾਰ ਰੂਪੀ ਪਰਪੰਚ ਨੂੰ ਝੂਠਾ ਸਮਝੋ। (ਇਸ ਤੋਂ) ਥੋੜ੍ਹੀ[8] ਜਿੰਨੀ ਇੱਛਾ ਵੀ ਕਿਉਂ ਰੱਖੋ?" ਉਸ ਨੇ (ਸਤਿਗੁਰੂ ਜੀ ਦਾ) ਫ਼ਰਮਾਨ ਮਨ ਅੰਦਰ ਪੱਕਾ ਕਰਕੇ ਧਾਰਨ ਕਰ ਲਿਆ ਤੇ ਆਤਮਾ ਨੂੰ ਸ਼ੁੱਧ ਕਰਕੇ ਸੰਸਾਰ ਨੂੰ ਭੁਲਾ ਦਿੱਤਾ। ॥੧੯॥

ਮਨ ਰੂਪੀ ਦੁਸ਼ਮਣ ਨੂੰ ਜਿੱਤਣ ਦਾ ਇਹੋ ਹੀ ਢੰਗ ਹੈ।ਜੋ ਇਸ ਢੰਗ ਉੱਤੇ ਮਨ ਪੱਕਾ ਕਰਕੇ ਅਮਲ ਕਰਦਾ ਹੈ, ਉਸ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇੱਕ 'ਬਹਾਵਲ ਹੱਕ' ਨਾਂ ਦਾ ਪੀਰ ਸੀ, ਸਤਿਗੁਰਾਂ ਦੇ ਬਚਨ ਸੁਣ ਕੇ ਫੇਰ[9] ਉਹ ਆਖਣ ਲੱਗਾ। ॥੨੦॥

ਦੋਹਰਾ

ਹੇ ਗੁਰੂ ਨਾਨਕ ਜੀਓ! ਆਪਣੇ ਉਪਦੇਸ਼ ਵਿੱਚ ਜੋ ਤੁਸੀਂ ਮਾਇਆ ਨੂੰ ਝੂਠਾ ਆਖਦੇ ਹੋ, (ਪਰ) ਫੇਰ ਇਸ ਤੋਂ ਬਗ਼ੈਰ ਤਾਂ ਸੰਸਾਰ ਦਾ ਕੋਈ ਵੀ ਕੰਮ ਪੂਰਾ ਨਹੀਂ ਹੁੰਦਾ।" ॥੨੧॥

ਚੌਪਈ

ਸੁਣ ਕੇ ਗੁਰੂ ਜੀ ਨੇ ਉੱਤਰ ਦਿੱਤਾ, "ਯਕੀਨਨ ਇਸ ਮਾਇਆ ਨੂੰ ਝੂਠਾ ਜਾਣ ਲਵੋ। (ਕਿਉਂਕਿ) ਇਵੇਂ ਹੀ, ਇਸ ਦੇ ਕਾਰ-ਵਿਹਾਰ ਵੀ ਝੂਠੇ ਹਨ। ਪਰ ਤੁਸੀਂ ਇਨ੍ਹਾਂ ਨੂੰ ਇਉਂ ਸੱਚ ਕਰਕੇ ਜਾਣਦੇ ਹੋ, ਜਿਵੇਂ ਰੱਸੀ[10] ਵਿੱਚੋਂ ਸੱਪ ਦਾ ਭਰਮ ਲੱਗਦਾ ਹੈ। ॥੨੨॥

ਜਿਵੇਂ ਸੁਪਨੇ ਅੰਦਰ, ਜਲ[11] ਦੀ ਨਦੀ ਨੂੰ ਪਾਰ ਕਰਨ ਲਈ ਕਿਸ਼ਤੀ 'ਤੇ ਚੜ੍ਹਦੇ ਹੋ। ਸੁਪਨੇ ਵਿੱਚ ਇੱਕ ਟਕਾ ਦੇ ਕੇ ਪਾਰ ਲੰਘ ਜਾਈਦਾ ਹੈ।ਇਸੇ ਤਰਾਂ ਹੀ ਇਹ ਜਾਣ ਲਵੋ। ॥੨੩॥

ਪਰਮੇਸ਼ਰ ਨੂੰ ਸਦੀਵੀ ਅਤੇ ਅਟੱਲ ਮੰਨ ਲਵੋ।ਉਸ ਦੇ ਨਾਮ ਨੂੰ ਵੀ ਆਪਣੇ ਹਿਰਦੇ ਤੋਂ ਸੱਚ ਮੰਨੋ।" ਫੇਰ ਰੁਕਨਦੀਨ ਬੋਲਿਆ, "ਜੋ ਸੰਤ ਦੇ ਲੱਛਣ ਹੁੰਦੇ ਹਨ, ਉਹ ਵੀ ਦੱਸ ਦਿਉ। ॥੨੪॥

ਉਨ੍ਹਾਂ ਸੰਤਾਂ ਦਾ ਆਚਾਰ-ਵਿਹਾਰ ਕੈਸਾ ਹੁੰਦਾ ਹੈ? ਇਸ ਦੇ ਬਹਾਨੇ[12] ਸਾਨੂੰ ਸੌਖਾ ਉਪਦੇਸ਼ ਦੇ ਦਿਉ।" ਸ੍ਰੀ ਗੁਰੂ ਜੀ ਨੇ ਫ਼ਰਮਾਇਆ[13], "ਧਿਆਨ ਨਾਲ ਸੁਣੋ। ਜੋ ਵਿਅਕਤੀ ਸੰਤਾਂ[14] ਦੀ ਸੰਗਤ ਨੂੰ (ਉੱਤਮ ਜਾਣ ਕੇ) ਪਹਿਲ[15] ਦੇਵੇ। ॥੨੫॥

SikhBookClub.Com

ਦੋਹਰਾ

ਪਰਗੁਨ[1] ਸੁਨਤ ਪ੍ਰਸੰਸ ਹੈ, ਪੁਨਿ ਸੇਵਹਿ[2] ਗੁਨਵਾਨ।
ਆਤਮ ਗਜ਼ਾਨ ਬਿਚਾਰਨਾਂ ਨਿਤਪ੍ਰਤਿ,ਸੋ ਬੁਧਿਵਾਨ॥੨੬॥

ਚੌਪਈ

ਮਨ ਦਿਯਾਲ ਨਿਤ ਸੁਮਤਿ ਬਿਚਾਰਹਿ । ਪਰ ਤਿਯ[3] ਦੇਖਨ ਚਖ[4] ਹਟਕਾਰਹਿ।
ਨਰ ਕੁਕਰਮ ਭਵ ਮੈਂ ਜੋ ਰਚੈ । ਤਿਨ ਕੋ ਸੰਗ ਕਰਨ ਤੇ ਬਚੈ ॥੨੭॥

ਨਿਜ ਬਲ ਪਰ ਕੋ ਕਬ ਨ ਜਨਾਈ । ਸੱਤ੍ਰੂ ਮੀਤ ਬਿਖੈ ਸਮਤਾਈ[5]।
ਸ਼ੋਕ ਹਰਖ[6] ਪੁਨਿ ਮਾਨ ਅਮਾਨੂੰ । ਦੁਖ ਸੁਖ ਇਨ ਮਹਿੰ ਰਹਿਤ ਸਮਾਨੂ॥੨੮॥

ਸਿਫ਼ਤ ਪ੍ਰਮੇਸ਼ੁਰ ਨਿਸੁ[7] ਦਿਨ ਗਾਵਹਿ । ਨਾਮ ਸੰਗ ਨਿਜ ਬੈਸ[8] ਬਿਤਾਵਹਿ'।
ਅਸ ਕਹਿ ਸ੍ਰੀ ਗੁਰ ਕ੍ਰਿਪਾ ਨਿਧਾਨਾ । ਹਾਜ਼ਰਨਾਮਾ ਕੀਨ ਬਖਾਨਾ॥੨੯॥

ਤਿਲੰਗ ਮਹਲਾ ੧॥

ਹਾਜ਼ਰਾਂ ਕਉ ਮਿਹਰ ਹੈ॥ ਬਿਹਾਜਰਾਂ ਕਉ ਬਿਮਿਹਰ ਹੈ॥ ਈਮਾਨ ਦੋਸਤ ਹੈ॥ ਬੇਈਮਾਨ ਕਾਫ਼ਰ ਹੈ॥ ਤਕੱਬਰ ਕਹਰ ਹੈ॥ ਗ਼ੁੱਸਾ ਹਰਾਮ ਹੈ॥ ਨਫ਼ਸ ਸ਼ੈਤਾਨ ਹੈ॥ ਗ਼ੁਮਾਨ ਲਾਨਤੀ ਹੈ॥ ਪਸ਼ੇਮਾਬਤ ਕਾ ਮੂੰਹ ਕਾਲਾ ਹੈ॥ ਦਿਆਨਤਦਾਰ ਸੁਰਖਰੋਇ ਹੈ॥ ਬੇਦਿਆਨਤ ਸਿਆਹ ਰੋਇ ਹੈ॥ ਅਕਿਰਤਘਣ ਜ਼ਰਦਰੂਇ ਹੈ॥ ਬਦਨੀਅਤ ਨਾਪਾਕ ਹੈ॥ ਮੋਮ ਦਿਲ ਪਾਕ ਹੈ॥ ਬੇਹਿਰਸ ਅਉਲੀਆ ਹੈ॥ ਹਿਰਸਮੰਦ ਫ਼ਾਜਰਨ ਹੈ॥ ਦਰੋਗ਼ ਦੋਜ਼ਕ ਹੈ॥ ਸੱਚੁ ਭਿਸਤੁ ਹੈ॥ ਬਦ ਜ਼ੁਬਾਨ ਫਿੱਕਾ ਹੈ॥ ਦਰਦਵੰਦ ਦਰਵੇਸ਼ ਹੈ॥ ਬੇਦਰਦ ਕਸਾਈ ਹੈ॥ ਰੋਜੀਬਖ਼ਸ ਰਹੀਮ ਹੈ॥ ਇਲਮ ਹਲੀਮੀ ਹੈ॥ ਤਵੱਜਾ ਬੁਲੰਦੀ ਹੈ॥ ਖੈਰਵੰਦ ਸਤੀ ਹੈ॥ ਬੇਸ਼ੈਰ ਬਖ਼ੀਲ ਹੈ॥ ਜ਼ੋਰ ਜ਼ੁਲਮ ਹੈ॥ ਬੇਜ਼ੋਰ ਪਾਕ ਹੈ॥ ਮੁਸਾਫ਼ਾ ਸਿਫ਼ਤ ਹੈ॥ ਹਿਕਮਤ ਕਤੇਬ ਹੈ॥ ਦੁਆਇ ਦੌਲਤ ਹੈ॥ ਬਦਦੁਆਇ ਕਹਿਰ ਹੈ॥ ਇਨਸਾਫ਼ ਸਾਫ਼ ਹੈ॥ ਚੋਰੀ ਲਾਲਚ ਹੈ॥ ਯਾਰੀ ਪਲੀਤੀ ਹੈ॥ ਸਿਫ਼ਤ ਉਜ਼ੂ ਹੈ। ਬਾਂਗ ਬਲੇਲਿ ਹੈ॥ ਕਰਾਮਾਤ ਕੁਦਰਤਿ ਹੈ॥ ਫ਼ਕੀਰੀ ਸਬ੍ਰੂਰੀ ਹੈ॥ ਨਾਸਬ੍ਰੂਰੀ ਮਕਰ ਹੈ॥ ਰਾਹੁ ਪੀਰਾਂ ਹੈ॥ ਬੇਰਾਹੁ ਬੇਪੀਰਾਂ ਹੈ॥ ਤੇਗ ਮਰਦਾਂ ਹੈ॥ ਦੇਗ ਖਰਾਇਤ ਹੈ॥ ਅਦਲ ਬਾਦਸ਼ਾਹ ਹੈ॥ ਏਤੇ ਟੋਲਿ ਜਿ ਜਾਣ ਜਣਾਵੈ॥ ਤਉ ਨਾਨਕ ਦਾਨਸ਼ਵੰਦ ਕਹਾਵੈ॥੧॥

ਦੋਹਰਾ

ਇਸ ਪ੍ਰਕਾਰ ਸੁਨ ਪੀਰ ਸਭ ਬੰਦੇ ਪਦ ਅਰਬਿੰਦ ।
ਕਰਤ ਪ੍ਰਸੰਸਾ ਅਧਿਕ ਮੁਖ ਭਰ ਕੈ ਰਿਦੈ ਅਨੰਦ ॥੩੦॥

SikhBookClub.Com

ਦੋਹਰਾ

ਦੂਜੇ[1] ਦੇ ਗੁਣਾਂ ਨੂੰ ਸੁਣ ਕੇ ਖੁਸ਼ ਹੋਵੇ ਅਤੇ ਗੁਣਵਾਨ ਵਿਅਕਤੀਆਂ ਦਾ ਆਦਰ[2] (ਸੇਵਾ) ਕਰੇ ਤੇ ਨਿਤਾਪ੍ਰਤੀ ਆਤਮ-ਗਿਆਨ ਨੂੰ ਵਿਚਾਰੇ, ਉਹੋ ਵਿਅਕਤੀ ਹੀ ਬੁੱਧੀਮਾਨ ਹੈ। ॥੨੬॥

ਚੌਪਈ

(ਸੰਤ ਉਹ ਹੈ ਜੋ) ਮਨ ਤੋਂ ਦਇਆਵਾਨ ਹੋ ਕੇ ਤੇ ਸਦਾ ਸ੍ਰੇਸ਼ਟ-ਬੁੱਧੀ ਸਹਿਤ ਵਿਚਾਰ ਕਰੇ, ਪਰਾਈ-ਇਸਤਰੀ[3] ਵੱਲ ਦੇਖਣ ਤੋਂ (ਆਪਣੇ) ਨੇਤਰਾਂ[4] ਨੂੰ ਮੋੜੇ ਅਤੇ ਜੋ ਸੰਸਾਰ ਵਿੱਚ ਖੋਟੇ ਕੰਮਾਂ ਵਿੱਚ ਰਚੇ ਹੋਏ ਜੋ ਵਿਅਕਤੀ ਹਨ, ਉਨ੍ਹਾਂ ਦੀ ਸੰਗਤ ਕਦੇ ਵੀ ਨਾ ਕਰੇ। ॥੨੭॥

(ਜੋ ਵਿਅਕਤੀ) ਦੂਜਿਆਂ ਨੂੰ, ਕਦੇ ਵੀ ਆਪਣੀ ਸ਼ਕਤੀ ਨਾ ਦਿਖਾਵੇ, ਦੁਸ਼ਮਣ ਅਤੇ ਮਿੱਤਰ ਨੂੰ ਇੱਕ ਬਰਾਬਰ ਜਾਣੇ ਅਤੇ ਉਹ, ਖ਼ੁਸ਼ੀ[6]-ਗ਼ਮੀ ਅਤੇ ਮਾਨ-ਅਪਮਾਨ ਤੇ ਦੁੱਖ-ਸੁੱਖ ਵਿੱਚ ਇੱਕੋ[5] ਸਮਾਨ ਹੀ ਰਹਿੰਦਾ ਹੈ ॥੨੮॥

ਜੋ ਮਨੁੱਖ ਦਿਨੇ-ਰਾਤ[7] ਪਰਮੇਸ਼ਰ ਦੀ ਸਿਫ਼ਤ-ਸਾਲਾਹ ਗਾਉਂਦਾ ਹੈ ਤੇ ਆਪਣੀ ਸਾਰੀ ਉਮਰ[8] ਭਰ ਨਾਮ ਦਾ ਸੰਗ ਨਹੀਂ ਤਿਆਗਦਾ।" ਇਉਂ ਆਖ ਕੇ ਦਇਆ ਦੇ ਭੰਡਾਰ. ਸ੍ਰੀ ਗੁਰੂ ਜੀ ਨੇ 'ਹਾਜ਼ਰਨਾਮਾ' ਉਚਾਰਨ ਕੀਤਾ। ॥੨੯॥

ਪਾਤਸ਼ਾਹੀ ਪਹਿਲੀ, ਰਾਗ ਤਿਲੰਗ ॥

ਪਰਮੇਸ਼ਰ ਦੇ ਹਜ਼ੂਰ, ਹਾਜ਼ਰ ਰਹਿਣ ਵਾਲਿਆਂ (ਸਨਮੁੱਖ ਵਿਚਰਨ ਵਾਲੇ) 'ਤੇ ਪਰਮੇਸ਼ਰ ਦੀ ਕਿਰਪਾ ਰਹਿੰਦੀ ਹੈ। ਉਸ ਨੂੰ ਭੁਲਾਉਣ ਵਾਲੇ (ਮਨਮੁੱਖਾਂ) ਉੱਤੇ ਉਸ ਦੀ ਕਰੋਪੀ ਹੁੰਦੀ ਹੈ। ਵਿਸ਼ਵਾਸ (ਮਨੁੱਖ ਦਾ) ਮਿੱਤਰ ਹੈ ਤੇ ਬੇਈਮਾਨੀ ਮਨੁੱਖ-ਵਿਰੋਧੀ ਹੈ। ਹੰਕਾਰ ਰੱਬੀ ਕਰੋਪੀ ਹੈ। ਗੁੱਸਾ ਨਾ-ਹੱਕ ਹੈ। ਵਿਸ਼ੇ-ਵਿਕਾਰ ਸ਼ਰਾਰਤੀ ਹਨ। ਹੰਕਾਰ ਰੱਬੀ ਲਾਹਨਤ ਹੈ। ਨਿੰਦਕ ਦਾ ਮੂੰਹ ਕਾਲਾ ਹੁੰਦਾ ਹੈ। ਈਮਾਨਦਾਰ ਮਨੁੱਖ ਦਾ ਮੁੱਖ ਉੱਜਲ ਹੁੰਦਾ ਹੈ। ਬੇਈਮਾਨ ਦਾ ਮੂੰਹ ਕਾਲਾ ਹੁੰਦਾ ਹੈ। ਕੀਤੀ ਨੂੰ ਭੁਲਾਉਣ ਵਾਲੇ ਦਾ ਮੁੱਖ ਪੀਲਾ ਹੁੰਦਾ ਹੈ। ਮੰਦੀ ਨੀਤ ਵਾਲਾ ਅਪਵਿੱਤਰ ਹੁੰਦਾ ਹੈ। ਦਇਆਵਾਨ-ਦਿਲ ਪਵਿੱਤਰ ਹੁੰਦਾ ਹੈ। ਸਬਰ ਵਾਲਾ (ਲਾਲਚਹੀਣ) ਮਨੁੱਖ ਸੰਤ ਹੈ। ਲਾਲਚੀ ਪਾਪੀ ਹੈ। ਝੂਠ ਨਰਕ ਹੈ। ਸੱਚ ਸਵਰਗ ਹੈ। ਮੰਦਾ ਬੋਲਣ ਵਾਲਾ ਫਿੱਕਾ ਹੁੰਦਾ ਹੈ। ਦਰਦ ਵੰਡਾਉਣ ਵਾਲਾ ਦਰਵੇਸ਼ ਹੈ। ਨਿਰਦਈ ਕਸਾਈ ਸਮਾਨ ਹੈ। ਉਪਜੀਵਕਾ ਦੇਣ ਵਾਲਾ ਤਰਸਵਾਨ ਹੁੰਦਾ। ਵਿੱਦਿਆ ਨਿਮਰਤਾ ਹੈ। ਧਿਆਨ ਉਚਾਈ 'ਤੇ ਲਿਜਾਂਦਾ ਹੈ। ਸ਼ੁਭਚਿੰਤਕ ਅਵਿਨਾਸ਼ੀ ਹੈ। ਮੰਦਾ ਚਿਤਵਨ ਵਾਲਾ ਕਮੀਨਾ ਹੈ। ਜ਼ੋਰ ਤੋਂ ਜ਼ੁਲਮ ਉਪਜਦਾ ਹੈ। ਨਿਰਬਲ ਪਵਿੱਤਰ ਹੁੰਦਾ ਹੈ। ਵੰਡਣ ਦੀ ਕਿਰਿਆ ਪਰਸੰਸਨੀਯ ਹੈ। ਦਾਨਾਈ ਗ੍ਰੰਥ ਹੈ। ਅਸੀਸ ਦੌਲਤ ਦੇ ਸਮਾਨ ਹੈ। ਬਦ-ਅਸੀਸ ਮੁਸੀਬਤ ਹੈ। ਇਨਸਾਫ਼ ਉੱਜਲ ਹੈ। ਚੋਰੀ ਦਾ ਮੂਲ ਲੋਭ ਹੈ। ਯਾਰੀ ਅਪਵਿੱਤਰਤਾ ਹੈ। ਪਰਸੰਸਾ ਪਵਿੱਤਰ ਕਰਨ ਵਾਲਾ ਕਰਮ ਹੈ। ਬਾਂਗ ਐਵੇਂ ਆਵਾਜ਼ ਮਾਤਰ ਹੈ। ਕਰਾਮਾਤ ਸ਼ਕਤੀ ਦੀ ਉਪਜ ਹੈ। ਫ਼ਕੀਰੀ, ਸਬਰ ਦਾ ਦੂਜਾ ਨਾਂ ਹੈ। ਬੇ-ਸਬਰਾਪਣ ਫ਼ਰੇਬ ਨੂੰ ਜਨਮਦਾ ਹੈ ॥੧॥ (ਇਹ ਸ਼ਬਦ ਗੁ. ਗ੍ਰੰ. ਸਾਹਿਬ ਵਿੱਚ ਨਹੀਂ ਹੈ)

ਦੋਹਰਾ

ਇਹ ਸੁਣ ਕੇ ਸਾਰੇ ਪੀਰ (ਗੁਰੂ ਜੀ ਦੇ) ਚਰਨ-ਕੰਵਲਾਂ 'ਤੇ ਢਹਿ ਪਏ। ਹਿਰਦੇ ਤੋਂ ਅਨੰਦਿਤ ਹੋ ਕੇ ਮੁੱਖੋਂ ਬਹੁਤ ਪਰਸੰਸਾ ਕਰਨ ਲੱਗੇ। ॥੩੦॥

SikhBookClub.Com

ਸੋਰਠਾ

ਸ੍ਰੀ ਗੁਰੁ ਗਿਰਾ ਅਲਾਇ 'ਸੁਣ ਹੋ ਪੀਰ ਬਹਾਵਲੀ।
ਲੋਭ ਰਿਦੈ ਡਹਿਕਾਇ[1] ਰਾਹ ਚਲਾਏ ਜਗਤ ਬਹੁ' ॥੩੧॥

ਚੌਪਈ

ਬੰਦਹਿ[2] ਹਾਥ ਪੀਰ ਪੁਨ ਕਹਿਹੀ। 'ਧੰਨ ਧੰਨ ਸ੍ਰੀ ਨਾਨਕ ਅਹਿਹੀ[3]।
ਬੈਨ ਸੁਧਾ[4] ਸਮ ਮ੍ਰਿਤੁ ਦੁਖ ਟਾਰੇ। ਰਾਵਰ ਕੋ ਅਮੋਘ[5] ਦਰਸਾਰੇ ॥੩੨॥

ਧੰਨ ਫਕੀਰੀ ਤੁਮ ਜੁ ਕਮਾਈ। ਹੈ ਜਿਸ ਕੀ ਏਵਡ ਵਡਿਆਈ।
ਸਰਬ ਜਗਤ ਕੀ ਜੋ ਗੁਰਿਆਈ। ਸੋ ਤੁਮਰੀ ਲਾਇਕ ਬਨਿਆਈ ॥੩੩॥

ਕਲੀਕਾਲ ਨਰ ਦੇ ਉਪਦੇਸ਼ਾ। ਕੋਟ ਉਧਾਰੇ ਸ੍ਰੀ ਜਗਤੇਸ਼ਾ।
ਅਹੈ — ਫਕੀਰੀ — ਯਾਂਕੋ ਨਾਮਾ। ਜੋ ਕੀਨੀ ਤੁਮ ਕਰੁਨਾਂਧਾਮਾ! ੩੪॥

ਦੋਹਰਾ

ਕੀਨੋ ਸ਼ੇਖ ਫ਼ਰੀਦ ਜੋ —ਜ਼ੁਹਦ[6] —ਨਾਮ ਹੈ ਤਾਂਹਿ।
—ਸਤ —ਸੋਈ ਸੀਤਾ ਕੀਓ, —ਜਤ —ਲਛਮਨ ਕੋ ਪ੍ਰਾਹਿਂ' ॥੩੫॥

ਚੌਪਈ

ਹੈ ਸੋ —ਭਗਤਿ —ਜੁ ਕਰੀ ਕਬੀਰਾ। ਸੋ —ਹਠ —ਜੋ ਭਾ ਧ੍ਰੂ ਸਰੀਰਾ।
ਸੋ —ਗ੍ਰਹਸਤ —ਜੋ ਆਦਮ[(*4)] ਕੀਆ। —ਜੋਗ —ਸੋਈ ਜੋ ਗੋਰਖ ਲੀਆ ॥੩੬॥

—ਤਿਆਗਨ —ਸੋਇ ਜੁ ਭਰਥਰਿ ਕੀਨੋ। ਸੋ —ਤਪ —ਜਨਕ ਜਾਹਿਂ ਮਨ ਭੀਨੋ।
ਹੈ —ਸੰਗ੍ਰਾਮ —ਜੁ ਦਹਿਸਿਰ ਲਰਿਓ। —ਸੋ —ਬਿਯੋਗ ਜੋ ਰਘੁਪਤਿ ਕਰਿਓ ॥੩੭॥

ਸੋ —ਸੰਨਿਯਾਸ —ਦੱਤ ਉਰਧਾਰਾ'। ਅਸ ਕਹਿ ਬੰਦਤ[7] ਬਾਰੰਬਾਰਾ।
ਬਹੁ ਪ੍ਰਕਾਰ ਕੀ ਉਸਤਤਿ ਕਰਕੈ। ਸੇਵਕ ਭਏ ਹਰਖ ਉਰ ਭਰਕੈ ॥੩੮॥

SikhBookClub.Com

ਸੋਰਠਾ

ਸਤਿਗੁਰੂ ਜੀ ਨੇ ਫ਼ਰਮਾਇਆ, "ਐ ਪੀਰ ਬਹਾਵਲ ਹੱਕ! ਸੁਣ, ਲਾਲਚ ਵਿੱਚ ਭਰਮ[1] ਕੇ (ਲੋਕਾਂ ਨੇ) ਸੰਸਾਰ 'ਤੇ ਬਹੁਤ ਧਰਮ ਚਲਾਏ ਹਨ।" ॥੩੧॥

ਚੌਪਈ

ਫੇਰ ਹੱਥ ਜੋੜ[2] ਕੇ ਪੀਰ ਆਖਿਆ, "ਧੰਨ ਹੋ[3], ਨਾਨਕ ਜੀ (ਤੁਸੀਂ) ਧੰਨ ਹੋ! ਤੁਹਾਡੇ ਅੰਮ੍ਰਿਤ[4] ਮਈ ਬਚਨ ਮੌਤ ਦਾ ਦੁੱਖ ਦੂਰ ਕਰਨ ਵਾਲੇ ਹਨ। ਤੁਹਾਡੇ ਦਰਸ਼ਨ ਸਫ਼ਲ[5] ਹਨ। ॥੩੨॥

ਧੰਨ ਹੈ ਉਹ ਫ਼ਕੀਰੀ ਜੋ ਤੁਸਾਂ ਕਮਾਈ ਹੈ। ਜਿਸ ਸਾਧਨਾ ਨੂੰ ਏਡੀ ਵਡਿਆਈ ਪ੍ਰਾਪਤ ਹੋਈ ਹੈ। (ਇਸੇ ਕਰਕੇ) ਸਾਰੇ ਹੀ ਜਗਤ ਦੀ ਗੁਰਿਆਈ ਆਪ ਜੀ ਨੂੰ ਪ੍ਰਾਪਤ ਹੋਈ ਹੈ। ॥੩੩॥

ਹੇ ਜਗਤ ਦੇ ਮਾਲਕ! ਤੁਸੀਂ ਕਲਜੁਗ ਦੇ ਲੋਕਾਂ ਨੂੰ ਉਪਦੇਸ਼ ਦੇ ਕੇ, ਕਰੋੜਾਂ ਹੀ (ਜੀਵਾਂ) ਦਾ ਉਧਾਰ ਕਰ ਦਿੱਤਾ ਹੈ। (ਅਸਲ ਵਿੱਚ) ਇਸ ਦਾ ਨਾਂ -(ਅਸਲ) ਫ਼ਕੀਰੀ ਹੈ- ਹੇ ਦਇਆ ਦੇ ਘਰ! (ਸਤਿਗੁਰੂ ਜੀਓ) ਜੋ ਫ਼ਕੀਰੀ ਤੁਸਾਂ ਕੀਤੀ ਹੈ। ॥੩੪॥

ਜੋ ਸ਼ੇਖ਼ ਫ਼ਰੀਦ ਨੇ ਕੀਤੀ ਸੀ, ਉਸ ਦਾ ਨਾਂ -(ਅਸਲ) ਤਪੱਸਿਆ[6]- ਹੈ। -ਸਤਿ- ਓਹੀ ਹੈ ਜੋ 'ਸੀਤਾ' ਨੇ ਕੀਤਾ (ਕਮਾਇਆ) ਸੀ, ਪਰ ਜੋ ਲਛਮਣ ਨੇ ਕਮਾਇਆ ਸੀ, ਉਸ ਨੂੰ -ਜਤ- ਕਹੀਦਾ ਹੈ। ॥੩੫॥

ਚੌਪਈ

-ਭਗਤੀ- ਉਹ ਹੈ, ਕੋ ਕਬੀਰ (ਜੀ) ਨੇ ਕੀਤੀ ਸੀ। ਜੋ ਧਰੂ ਨੇ ਸਰੀਰ 'ਤੇ (ਹੰਢਾਇਆ) ਸੀ, ਉਹ -ਹਠ- ਹੈ। ਉਹ -ਗ੍ਰਿਹਸਤ- ਹੈ ਜੋ 'ਆਦਮ' (ਅਦਹਮ ਇਬਰਾਹੀਮ) ਨੇ ਨਿਭਾਇਆ ਸੀ। -ਜੋਗ- ਉਸੇ ਨੂੰ ਆਖਦੇ ਹਨ, ਜੋ ਗੋਰਖ-ਨਾਥ ਨੇ ਲਿਆ ਸੀ। ॥੩੬॥

-ਤਿਆਗ- ਭਰਥਰੀ ਨੇ ਕੀਤਾ ਸੀ।-ਤਪ- ਉਹੋ (ਕਮਾਲ ਦਾ) ਸੀ ਜਿਸ ਵਿੱਚ (ਰਾਜੇ) 'ਜਨਕ' ਦਾ ਮਨ ਭਿਜਿਆ ਸੀ। (ਨਮੂਨੇ ਦਾ) -ਯੁੱਧ- ਉਹੋ ਸੀ ਜੋ 'ਰਾਵਣ' ਨੇ ਲੜਿਆ। -ਵਿਛੋੜਾ- ਉਹੋ ਸੀ, ਜੋ 'ਰਾਮਚੰਦਰ' ਜੀ ਨੇ ਪ੍ਰਾਪਤ ਕੀਤਾ ਸੀ। ॥੩੭॥

-ਸੰਨਿਆਸ- ਅਸਲ ਵਿੱਚ ਉਹੋ ਹੀ ਸੀ ਜੋ ਕਿ 'ਦੱਤ' (ਚੌਵੀ ਅਵਤਾਰਾਂ 'ਚੋਂ ਇੱਕ 'ਦੱਤਾ-ਤ੍ਰੇਅ') ਨੇ ਧਾਰਿਆ ਸੀ।" ਇਉਂ ਆਖ ਕੇ, ਉਸ (ਪੀਰ 'ਬਹਾਵਲਹੱਕ') ਨੇ (ਗੁਰੂ ਜੀ ਨੂੰ) ਮੁੜ-ਮੁੜ ਨਮਸਕਾਰ[7] ਕੀਤੀ । ਬਹੁਤ ਤਰਾਂ ਦੀ ਪਰਸੰਸਾ ਕਰਦੇ ਹੋਏ ਬਹੁਤ ਜ਼ਿਆਦਾ ਪਰਸੰਨਤਾ ਸਹਿਤ, ਗੁਰੂ ਜੀ ਦੇ ਸੇਵਕ ਬਣ ਗਏ। ॥੩੮॥

SikhBookClub.Com

ਦੋਹਰਾ

ਕਰੁਨਾਨਿਧ ਬੋਲੇ ਬਹੁਰ 'ਚੇਤਹੁ[1] ਨਾਮ ਖ਼ੁਦਾਇ।
ਬੁਜਰਕ[2] ਕੀ ਸੰਗਤ ਕਰਹੁ ਲਹਹੁ ਸਰਬ ਸੁਖ ਪਾਇ॥੩੯॥

ਚੌਪਈ

ਸਾਹਿਬ ਭੈ ਰਾਖਹੁ ਮਨ ਮਾਂਹੀਂ । ਬਿਸ਼ਯ ਬਾਸ਼ਨਾ ਮਨ ਹ੍ਵੈ ਨਾਹੀਂ ।
ਸਤਿ ਸੰਗਤ ਨਰ ਕਰ ਹੈਂ ਜਬਹੀ।ਗਤਿ ਸੁਖੈਨ[3] ਹ੍ਵੈ ਪ੍ਰਾਪਤ ਤਬ ਹੀ'॥੪੦॥

ਸੁਨ ਕੈ ਸਰਬ ਪੀਰ ਭੇ ਠਾਂਢੇ[4]।ਬੰਦਨ ਕਰਹਿਂ ਪ੍ਰੇਮ ਬਹੁ ਬਾਢੇ[5]।
ਮਿਲਕੈ ਭੇ ਅਧਿਕਾਇ ਪ੍ਰਸੰਨ।ਕਹੈਂ 'ਗੁਰੂ ਨਾਨਕ! ਤੁਮ ਧੰਨ'॥੪੧॥

ਤਿਨ ਤੇ ਬਿਦਾ ਹੋਇ ਸੁਖਦਾਈ[6] । ਗਮਨੇ ਮੰਦ ਮੰਦ ਪਗ ਜਾਈਂ।
ਸ੍ਰੀ ਅੰਗਦਿ! ਸੁਨੀਏ ਤਹ ਕਾਲਾ । ਮੈਂ ਬੂਝੇ ਤਬ ਦੀਨ ਦਿਯਾਲਾ॥੪੨॥

'ਇਨਕੇ ਬਿਖੈ[7] ਪੀਰ ਕੋ ਨੀਕਾ[8]?'। ਸੁਨ ਬੋਲੇ ਬੇਦੀ ਕੁਲਟੀਕਾ[9]:-
ਸ਼ਮਸ ਤਬ੍ਰੇਜ਼ ਨਾਮ ਹੈ ਜਿਹਕੋ । ਸਭ ਤੇ ਊਚੋ ਪਦ ਹੈ ਤਿਹਕੋ ॥੪੩॥

ਇਸ ਕੋ ਸੁਨੋ ਸਰਬ ਪ੍ਰਸੰਗਾ । ਜਿਸ ਪ੍ਰਕਾਰ ਭਾ[11] ਮਤੋ ਉਤੰਗਾ[10]।
ਰੂਮ ਵਿਲਾਇਤ ਜਹਾਂ ਸੁ ਅਹਿਹੀ । ਪੇਂਜਾ ਤਹਿਂ ਮਨਸੂਰ[(*5)] ਸੁ ਰਹਿ ਹੀ ॥੪੪॥

ਮਿਲਜੋ ਸੰਤ ਕੋ[12] ਤਾਂਹਿ ਮਹਾਨਾ।ਸਗਰੋ ਜੀਵ ਭਾਵ[13] ਕਿਯ ਹਾਨਾ[14]।
ਅਨਲਹਕ ਬੋਲਜੋ ਬੱਖਜਾਤਾ[15] । ਜਿਹ ਉਰ ਤੇ ਭੀ ਦ੍ਵੈਤ ਨਿਪਾਤਾ[16] ॥੪੫॥

ਤਿਹ ਪੁਰ ਰਹਤਿ ਏਕ ਮੁਓਲਾਨਾ । ਤੁਰਕ ਸ਼ਰਾ ਮਤ ਚਲਨ ਮਹਾਨਾ।
ਅਨਲਹਕ ਬੋਲਤ ਤਿਹ ਸੁਨਜੋ । ਰਹਜੋ ਹਟਾਇ ਅਧਿਕ ਡਰ ਭਨਜੋ[17]॥੪੬॥

SikhBookClub.Com

ਦੋਹਰਾ

ਫੇਰ ਦਇਆ ਦੇ ਭੰਡਾਰ (ਸ੍ਰੀ ਗੁਰੂ ਜੀ) ਬੋਲੇ, "ਖ਼ੁਦਾ ਦੇ ਨਾਮ ਦਾ ਸਿਮਰਨ[1] ਕਰੋ। ਸੰਤਾਂ[2] ਦੀ ਸੰਗਤ ਕਰੋ ਅਤੇ ਸਾਰੇ ਸੁੱਖ ਪ੍ਰਾਪਤ ਕਰ ਲਵੋ। ॥੩੯॥

ਚੌਪਈ

ਮਾਲਕ (ਪ੍ਰਭੂ) ਦਾ ਭੈਅ ਚਿੱਤ ਵਿੱਚ ਰੱਖੋ। ਮਨ ਨੂੰ ਵਿਸ਼ੇ-ਵਾਸ਼ਨਾ ਤੋਂ ਮੁਕਤ ਕਰ ਲਵੋ। ਜਦੋਂ ਮਨੁੱਖ ਸੰਤਾਂ ਦੀ ਸੰਗਤ ਕਰਦਾ ਹੈ ਤਾਂ ਉਸ ਨੂੰ ਸਹਿਜੇ[3] ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ।" ॥੪੦॥

ਇਹ ਸੁਣ ਕੇ ਸਾਰੇ ਪੀਰ ਉੱਠ ਖਲੋਤੇ[4] ਅਤੇ ਬਹੁਤ ਜ਼ਿਆਦਾ[5] ਪ੍ਰੇਮ ਸਹਿਤ ਬੰਦਨਾ ਕਰਨ ਲੱਗੇ। ਉਹ (ਗੁਰੂ ਜੀ) ਨੂੰ ਮਿਲ ਕੇ ਬਹੁਤ ਜ਼ਿਆਦਾ ਪਰਸੰਨ ਹੋਏ ਅਤੇ ਆਖਣ ਲੱਗੇ, "ਹੇ ਗੁਰੂ ਨਾਨਕ (ਜੀਓ)! ਤੁਸੀਂ ਧੰਨ ਹੋ।" ॥੪੧॥

ਸੁੱਖਾਂ ਦੇ [6]ਦਾਤੇ ਗੁਰੂ ਜੀ ਉਨ੍ਹਾਂ ਤੋਂ ਵਿਦਾ ਹੋ ਕੇ ਹੌਲੇ-ਹੌਲੇ ਕਦਮੀਂ ਜਾ ਰਹੇ ਸਨ। ਹੇ ਸ੍ਰੀ ਗੁਰੂ ਅੰਗਦ ਦੇਵ ਜੀਓ! ਸੁਣੋ, ਕਿ ਉਸ ਵੇਲੇ ਮੈਂ (ਭਾਈ ਬਾਲਾ ਨੇ) ਗ਼ਰੀਬਾਂ 'ਤੇ ਦਇਆਵਾਨ ਹੋਣ ਵਾਲੇ (ਗੁਰੂ ਜੀ) ਨੂੰ ਪੁੱਛਿਆ। ॥੪੨॥

"ਇਨ੍ਹਾਂ ਵਿੱਚ[7] ਉੱਤਮ[8] ਪੀਰ ਕਿਹੜਾ ਸੀ?" (ਇਹ) ਸੁਣ ਕੇ ਬੇਦੀ ਕੁਲ ਦੇ ਨਿਸ਼ਾਨ[9] (ਗੁਰੂ ਜੀ) ਬੋਲੇ, "ਜਿਸ ਦਾ ਨਾਂ 'ਸ਼ਮਸ ਤਬਰੇਜ਼' ਹੈ। ਉਸ ਦੀ ਪਦਵੀ ਸਭਨਾਂ ਤੋਂ ਉੱਚੀ ਹੈ ॥੪੩॥

ਇਸ ਦਾ ਸਾਰਾ ਪਰਸੰਗ ਸੁਣੋ, (ਉਹ) ਜਿਸ ਪ੍ਰਕਾਰ (ਇਹ) ਉੱਚੀ[10] ਮੱਤ ਵਾਲਾ ਹੋਇਆ[11]। 'ਰੂਮ' (ਰੋਮ) ਦਾ ਮੁਲਕ ਜਿਥੇ ਹੈ ਸੀ, ਉੱਥੇ 'ਮਨਸੂਰ' ਨਾਂ ਦਾ ਇੱਕ 'ਪੇਂਜਾ' (ਰੂੰ ਪਿੰਜਣ ਵਾਲੀ ਜਾਤ ਦਾ) ਰਹਿੰਦਾ ਸੀ ॥੪੪॥

ਉਸ ਨੂੰ ਕੋਈ[12] ਮਹਾਨ ਸੰਤ ਮਿਲਿਆ, ਜਿਸ ਨੇ (ਉਸ ਦੀ) ਸਾਰੀ ਹੋਂਦ-ਭਾਵਨਾ[13] (ਹਉਮੈ) ਨਸ਼ਟ[14] ਕਰ ਦਿੱਤੀ ਤੇ ਮਨਸੂਰ ਨੇ ਪਰਗਟ[15] ਰੂਪ ਵਿੱਚ ਆਪਣੇ ਆਪ ਨੂੰ 'ਅਨਲਹੱਕ' ਕਹਿ ਦਿੱਤਾ ਸੀ, ਜਿਸ ਦੇ (ਮਨਸੂਰ ਦੇ) ਹਿਰਦੇ ਤੋਂ ਦਵੈਤ (ਦੂਈ ਦੀ ਭਾਵਨਾ) ਨਸ਼ਟ[16] ਹੋ ਚੁੱਕੀ ਸੀ ॥੪੫॥

ਉਸੇ ਨਗਰ ਵਿੱਚ ਇੱਕ ਮੌਲਾਨਾ (ਮਸੀਤ ਦਾ ਮੁੱਲਾਂ) ਰਹਿੰਦਾ ਸੀ। ਉਹ ਇਸਲਾਮੀ ਸ਼ਰ੍ਹਾ (ਮੁਸਲਮਾਨੀ ਮਰਯਾਦਾ) ਤੇ ਤੁਰਨ ਵਾਲਾ ਤੇ ਉੱਚੇ ਚਾਲ-ਚਲਨ ਵਾਲਾ ਬੰਦਾ ਸੀ। ਉਸ ਨੇ ਉਸ (ਮਨਸੂਰ) ਨੂੰ 'ਅਨਲਹੱਕ' (ਮੈਂ ਰੱਬ ਹਾਂ) ਬੋਲਦਾ ਸੁਣ ਲਿਆ। (ਮੌਲਾਨਾ) ਬਹੁਤ ਭੈਅ (ਆਖ)[17] ਦੇ ਕੇ, ਉਸ ਨੂੰ ਹਟਾਉਂਦਾ ਰਿਹਾ (ਵਰਜਦਾ ਰਿਹਾ)। ॥੪੬॥

SikhBookClub.Com

ਜਾਂਕੋ ਇਹ[1] ਵਥੁ ਪ੍ਰਾਪਤਿ ਹੋਈ।ਡਰ ਕਿਹ[2] ਕੋ ਨਹਿੰ ਮਾਨਤ ਸੋਈ।
ਕਰਜੋ ਮੁਲਾਨੇ ਬਾਦ[3] ਘਨੇਰਾ । ਨਹਿੰ ਮਾਨਜੋ ਗਹਿ ਲਿਯ ਬਿਨ ਦੇਰਾ॥੪੭॥

ਸੂਰੀ[4] ਪਰ ਸੋ ਦੀਨ ਚਢਾਈ । ਅਨਲਹਕ ਬੋਲਜੋ ਤਿਹ ਥਾਈਂ।
ਸਰਬ ਸਰੀਰ ਭੇਦਗੀ[5] ਸੂਰੀ । ਤਦਪਿ ਨ ਡੁਲਜੋ ਟਿਕੀ ਬ੍ਰਿਤ ਰੂਰੀ[6] ॥੪੮॥

ਸ਼ੋਣਤ[7] ਕੀ ਬੂੰਦੈਂ ਧਰ ਪਰਈਂ । ਅਨਲਹਕ ਕੋ ਸਬਦ ਉਚਰਈਂ।
ਦੇਖ ਮੁਲਾਨੇ ਮਾਨ ਅਚੰਭਾ।ਸੋ ਜਰਾਇ ਦੀ ਲਖੈ ਅਸੰਭਾ[8] ॥੪੯॥

ਜਿਤੀ ਭਸਮ ਹੋਈ ਤਨ ਕੇਰੀ । ਅਨਲਹਕ ਪੁਨਿ ਪੁਨਿ ਸੋ ਟੇਰੀ[9]।
ਕਚ ਸ਼ੀਸ਼ੇ ਮਹਿੰ ਸੋ ਤਿਨ ਪਾਈ । ਕਰਕੈ ਖਾਂਮ[10] ਧਰੇ ਘਰ ਜਾਈ॥੫੦॥

ਕਰਜੋ ਕੈਦ ਐਸੇ ਮਨ ਜਾਨੀ । ਅਨਲਹਕ ਨਹਿੰ ਬੋਲਹਿ ਬਾਨੀ।
ਕਿਤਕ ਕਾਲ ਜਬ ਬਿਤਜੋ ਮਝਾਰੀ[11]।ਤਿਹਕੇ ਤਨੁਯਾ[12] ਹੁਤੀ ਕੁਆਰੀ॥੫੧॥

ਲੇ ਸ਼ੀਸ਼ਾ ਮੁਖ ਖੋਲਨ ਕੀਨਾ । ਸੂੰਘਿਯੋ ਲਖਯੋ ਸੁਗੰਧ ਬਿਹੀਨਾ।
ਕਾਢ ਬੀਚ ਤੇ ਮੁਖ ਮਹਿੰ ਪਾਈ।ਕਛੂ ਨ ਸਾਦ ਤਾਹਿੰ ਕੋ ਆਈ॥੫੨॥

ਰਿਦੇ ਬਿਚਾਰਤ — ਇਹ ਕਜਾ ਹੋਈ? । ਸਾਦ ਸੁਗੰਧਿ ਨ ਜਿਸ ਮਹਿੰ ਕੋਈ।
ਪਿਤ ਨੈ ਆਨ ਧਰੀ ਘਰ ਮਾਂਹੀਂ । ਕਿਸੂ ਕਾਜ ਕੀ ਦੀਸਤ ਨਾਂਹੀਂ —॥੫੩॥

ਤਬ ਤੇ ਹਮਲ[13] ਰਹਜੋ ਤਿਸ ਤਾਈਂ । ਕੇਤਿਕ ਦਿਨ ਭੇ ਚਿਹਨ[14] ਲਖਾਈ।
ਮਾਦਰ ਪਿਦਰ ਪਿਖਤ ਬਿਸਮਾਂਨੇ । ਦੁਖ਼ਤਰ[15] ਕੋ ਕੁਕਰਮਿ ਪਹਿਚਾਨੇ॥੫੪॥

ਚਿਤ ਮਹਿੰ ਚਿੰਤਾ ਬਧੀ ਬਿਸਾਲਾ । ਇਉਂ ਬਿਚਾਰ ਕੀਨੋ ਤਿਹ ਕਾਲਾ।
—ਇਸ ਕੋ ਮਾਰਨ ਹੈ ਸੁਭ ਕਾਜਾ । ਸਭ ਜਗ ਮਹਿੰ ਰਹਿ ਆਵਤ ਲਾਜਾ—॥੫੫॥

SikhBookClub.Com

(ਪਰ) ਜਿਸ ਨੂੰ ਅਕਾਸ਼ੀ[1] (ਭਾਵ ਦੈਵੀ) ਵਸਤ ਪ੍ਰਾਪਤ ਹੋ ਗਈ ਹੋਵੇ, ਉਹ ਕਿਸੇ[2] ਦੇ ਡਰ ਨੂੰ ਨਹੀਂ ਮੰਨਿਆ ਕਰਦਾ। ਮੌਲਾਨੇ ਨੇ ਬਹੁਤ ਝਗੜਾ (ਬਹਿਸ)[3] ਕੀਤਾ। (ਜਦੋਂ) ਉਹ ਮਨਸੂਰ ਨਾ ਮੰਨਿਆ ਤਾਂ ਉਸ ਨੂੰ ਬਿਨਾਂ ਦੇਰੀ ਕੀਤੇ ਫੜ ਲਿਆ ਗਿਆ। ॥੪੭॥

ਉਸ ਨੂੰ ਸੂਲੀ[4] ਉੱਤੇ ਚੜ੍ਹਾ ਦਿੱਤਾ। (ਪਰ) ਉਹ ਉੱਥੇ ਵੀ 'ਅਨਲਹੱਕ' ਦਾ ਨਾਅਰਾ ਲਾਉਂਦਾ ਰਿਹਾ। ਸੂਲੀ ਨੇ ਸਾਰਾ ਸਰੀਰ ਵਿੰਨ੍ਹ[5] ਦਿੱਤਾ (ਪਰ) ਉਸ ਦੀ ਬਿਰਤੀ ਇੰਨੀ ਚੰਗੀ[6] ਤਰਾਂ ਟਿਕੀ (ਅਡੋਲ) ਹੋਈ ਸੀ ਕਿ ਉਹ ਫੇਰ ਵੀ ਨਾ ਡੋਲਿਆ। ॥੪੮॥

(ਉਸ ਦੀ) ਰੱਤ[7] ਦੀਆਂ ਜੋ ਬੂੰਦਾਂ ਧਰਤੀ ਉੱਤੇ ਡਿੱਗੀਆਂ, ਉਨ੍ਹਾਂ ਵਿੱਚੋਂ ਵੀ 'ਅਨਲਹੱਕ' ਦੀ ਅਵਾਜ਼ ਆ ਰਹੀ ਸੀ। ਮੌਲਾਨੇ ਨੇ ਹੈਰਾਨ ਹੋ ਕੇ ਉਸ ਮਨਸੂਰ ਦੀ ਦੇਹ ਨੂੰ ਅਸ਼ੁੱਭ[8] ਜਾਣ ਕੇ ਸਾੜ ਦਿੱਤਾ। ॥੪੯॥

ਉਸ ਮਨਸੂਰ ਦੇ ਸਰੀਰ ਦੀ ਜਿਤਨੀ ਸੁਆਹ ਬਣੀ ਸੀ, ਉਹ ਵੀ ਮੁੜ-ਮੁੜ ਕੇ 'ਅਨਲਹੱਕ' ਆਖਦੀ[9] ਸੀ। ਉਸ ਮੌਲਾਨੇ ਨੇ ਉਹ ਸਾਰੀ ਸੁਆਹ ਕੱਚ ਦੀ ਇੱਕ ਸ਼ੀਸ਼ੀ (ਭਾਂਡੇ) ਵਿੱਚ ਪਾ ਲਈ। ਉਸ ਸ਼ੀਸ਼ੀ ਨੂੰ ਬੰਦ[10] ਕਰਕੇ, ਘਰ ਲਿਜਾ ਕੇ ਰੱਖ ਦਿੱਤਾ। ॥੫੦॥

ਉਸ (ਮੌਲਵੀ-ਮੌਲਾਣੇ) ਨੇ ਸੋਚ ਲਿਆ ਕਿ ਮੈਂ ਉਸ ਨੂੰ ਸ਼ੀਸ਼ੀ ਵਿੱਚ ਕੈਦ ਕਰ ਦਿੱਤਾ ਹੈ ਸੋ ਹੁਣ ਇਹ 'ਅਨਲਹੱਕ' ਦਾ ਸ਼ਬਦ ਨਹੀਂ ਬੋਲ ਸਕੇਗਾ । ਰਾਖ ਨੂੰ ਅੰਦਰ[11] ਪਿਆਂ ਕਾਫ਼ੀ ਸਮਾਂ ਬੀਤ ਗਿਆ। ਉਸ ਦੇ ਘਰ ਇੱਕ ਕੁਆਰੀ ਪੁੱਤਰੀ[12] ਸੀ। ॥੫੧॥

(ਕੁੜੀ ਨੇ) ਸ਼ੀਸ਼ੀ ਚੁੱਕ ਕੇ, ਉਸ ਦਾ ਮੂੰਹ (ਢੱਕਣ) ਖੋਲ੍ਹਿਆ। ਉਸ ਨੂੰ ਸੁੰਘਿਆ ਤਾਂ ਉਹ ਸੁਗੰਧੀ ਹੀਣ ਸੀ। ਉਸਨੇ ਥੋੜ੍ਹੀ ਜਿਹੀ ਰਾਖ ਕੱਢ ਕੇ ਮੂੰਹ ਵਿੱਚ ਪਾ ਲਈ, ਉਸ ਨੂੰ ਕੋਈ ਸੁਆਦ ਵੀ ਨਾ ਲੱਗਾ। ॥੫੨॥

ਸੋਚਣ ਲੱਗੀ ਕਿ -ਇਹ ਹੈ ਕੀ? ਜਿਸ ਦੀ ਨਾ ਕੋਈ ਸੁਗੰਧੀ ਹੈ ਤੇ ਨਾ ਹੀ ਕੋਈ ਸੁਆਦ ਹੈ। (ਪਰ) ਪਿਤਾ ਨੇ ਇਹ ਘਰ ਵਿੱਚ ਲਿਆ ਕੇ ਰੱਖ ਦਿੱਤੀ ਹੈ। ਇਹ ਕਿਸੇ ਕੰਮ ਦੀ (ਵਸਤੂ) ਨਹੀਂ ਦਿੱਸਦੀ-। ॥੫੩॥

ਓਦੋਂ ਤੋਂ ਹੀ, ਉਸ ਕੁੜੀ ਨੂੰ ਗਰਭ[13] ਹੋ ਗਿਆ। ਕੁਝ ਸਮੇਂ ਮਗਰੋਂ (ਗਰਭ) ਦੇ ਲੱਛਣ[14] ਦਿਖਾਈ ਦੇਣ ਲੱਗ ਪਏ। ਮਾਤਾ-ਪਿਤਾ ਵੇਖ ਕੇ ਹੈਰਾਨ ਹੋਣ ਲੱਗੇ। ਪੁੱਤਰੀ[15] ਨੂੰ ਕੁਕਰਮੀ ਸਮਝਣ ਲੱਗ ਪਏ ॥੫੪॥

(ਉਨ੍ਹਾਂ ਦੇ) ਮਨਾਂ ਅੰਦਰ ਬਹੁਤ ਚਿੰਤਾ ਵਧ ਗਈ। ਉਸ ਵੇਲੇ ਉਨ੍ਹਾਂ ਸੋਚਿਆ ਕਿ -ਇਸ ਕੁੜੀ ਨੂੰ ਮਾਰ ਦੇਣਾ ਹੀ ਠੀਕ ਹੈ ਤਾਂ ਹੀ ਸੰਸਾਰ ਅੰਦਰ ਸਾਡੀ ਪਤ ਬਚ ਸਕਦੀ ਹੈ-। ॥੫੫॥

SikhBookClub.Com

ਨਿਸਾ ਬਿਖੈ ਜਬ ਪਰ ਕੈ ਸੋਯੋ।ਇਸ ਪ੍ਰਕਾਰ ਕੋ ਸੁਪਨੋ ਹੋਯੋ।
ਦੁਸ਼ਤਰ[1] ਮਾਰਨ ਜੋ ਮਨ ਠਾਨੀ।ਇਹ ਬਿਧਿ ਤੋਹਿ ਹੋਹਿ ਦੁਖਦਾਨੀ॥੫੬॥

ਨਾਸ ਹੋਇਗੋ ਤੋਰ ਤਦਾਈਂ । ਨਾਹਿਂ ਤ ਤਜ ਦਿਹੁ ਇਸ ਮਤ ਤਾਈਂ —।
ਰਿਦੇ ਮੁਲਾਨੇ ਭੈ ਤਬ ਖਾਈ।ਰਾਖੀ ਦੁਸ਼ਤਰ ਸਦਨ ਦੁਰਾਈ[2] ॥੫੭॥

ਭਯੋ ਮਾਸ ਨੌਂ ਜਨਮਜੋ ਬਾਲਕ । ਲਯੋ ਮੁਲਾਨੇ ਕਰ[3] ਤਤਕਾਲਕ।
ਇਕ ਮਟਕੇ ਕੇ ਭੀਤਰ ਡਾਰਾ।ਮੂੰਦ ਬਹਾਯੋ ਨਦੀ ਮਝਾਰਾ॥੫੮॥

ਗਾਜ਼ਰ[4] ਹੁਤੋ ਤੀਰ[5] ਪਰ ਬਾਰੀ[6]।ਲਿਯ ਨਿਕਾਸ ਤਿਹ ਖੋਲ ਨਿਹਾਰੀ[7]।
ਜਬਹਿ ਬਿਲੋਕਯੋ ਅੰਤਰ ਕੌਦਕ[8]।ਲੀਨ ਉਚਾਇ ਤਾਂਹਿ ਉਰ ਮੋਦਕ[9] ॥੫੯॥

ਖਾਨਹਿ ਆਨ ਪਾਰਨਾ[10] ਕੀਨੋ।ਸ਼ਮਸ ਤਬ੍ਰੇਜ਼ ਨਾਮ ਧਰ ਲੀਨੋ।
ਕਿਤਕ ਬਰਖ ਮਹਿਂ ਭਯੋ ਬਡੇਰੋ।ਜਿਹ ਮਸਤਾਨੋ ਤੌਰ ਘਨੇਰੋ॥੬੦॥

ਤਿਹ ਮੁੱਲਾਂ ਕੀ ਮਕਤਬ[11] ਜੋਈ । ਇਕ ਦਿਨ ਮਹਿਂ ਪਹੁੰਚਯੋ ਚਲ ਸੋਈ।
ਬਾਲਕ ਮਿਲੇ ਬ੍ਰਿੰਦ[12] ਤਿਹ ਥਾਨਾ । ਪਢ ਹੈਂ ਸਬਕ ਕਿਤਾਬ ਕੁਰਾਨਾ॥੬੧॥

ਤਿਹ ਛਿਨ ਤਹਾਂ ਮੁਲਾਨਾ ਨਾਹੀਂ । ਗਯੋ ਹੁਤੋ ਅਪਨੇ ਘਰ ਮਾਂਹੀ।
ਲੈ ਕਿਤਾਬ ਸਬ ਕੀ ਬਰਿਆਈ[13]।ਆਇ ਹੌਜ਼ ਮਹਿ ਦੀਨ ਬਗਾਈ॥੬੨॥

ਤਬ ਹੀ ਭਯੋ ਸ਼ਿਸ਼ਨ ਮਹਿਂ ਰੌਰਾ । ਅਯੋ ਮੁਲਾਨਾ ਘਰ ਤੇ ਦੌਰਾ।
ਗਹਿਨ ਹੇਤ ਪਾਛੇ ਤਿਹ ਧਾਈ । ਗਹਯੋ ਨ ਜਾਤ ਰਹੇ ਪਛੁਤਾਈ॥੬੩॥

ਹੌਜ਼ ਸਮੀਪ ਗਯੋ ਚਲ ਤਬਹੀ । ਲਈ ਨਿਕਾਸ ਕਿਤਾਬੈਂ ਸਬਹੀ।
ਕਰ ਸੋਂ ਝਾਰਤ ਗਰਦ ਉਡਾਈ।ਇਹ ਅਜ਼ਮਤ[14] ਤਿਹ ਦੀਨ ਦਿਖਾਈ॥੬੪॥

ਇਉਂ ਬਿਲੋਕ ਮੁੱਲਾਂ ਬਿਸਮਾਨਾ।ਅਜ਼ਮਤਵਾਨ ਮਹਾਨ ਪਛਾਨਾ।
ਆਬ[15] ਕਿਤਾਬੈਂ ਪਰਸਯੋ ਨਾਂਹੀ।ਬਹੁਰ ਧੂਰ ਝਾਰਨ ਤਿਨ ਮਾਹੀਂ ॥੬੫॥

SikhBookClub.Com

ਰਾਤ ਨੂੰ ਜਦੋਂ ਉਹ ਸੌਂ ਗਏ ਤਾਂ ਉਨ੍ਹਾਂ ਨੂੰ ਇਉਂ ਸੁਪਨਾ ਆਇਆ ਕਿ -ਜੋ ਤੁਸੀਂ ਧੀ[1] ਨੂੰ ਮਾਰ ਦੇਣ ਦੀ ਠਾਣੀ ਹੈ, ਇਸ ਨਾਲ ਤੁਹਾਨੂੰ ਕਸ਼ਟ ਪ੍ਰਾਪਤ ਹੋਵੇਗਾ। ॥੫੬॥

(ਅਤੇ) ਓਦੋਂ ਤੁਹਾਡਾ ਨਾਸ਼ ਹੋ ਜਾਏਗਾ। (ਭਲੀ ਚਾਹੋ ਤਾਂ) ਇਸ ਵਿਚਾਰ ਨੂੰ ਛੱਡ ਦਿਉ-। ਉਦੋਂ ਤੋਂ ਮੁਲਾਣੇ ਦੇ ਮਨ ਨੂੰ ਭੈਅ ਖਾਣ ਲੱਗ ਪਿਆ। ਸੋ, ਉਨ੍ਹਾਂ ਨੇ ਪੁੱਤਰੀ ਘਰ ਦੇ ਅੰਦਰ ਹੀ ਲੁਕੋ[2] ਕੇ ਰੱਖ ਰੱਖੀ। ॥੫੭॥

ਜਦ ਨੌਂ ਮਹੀਨੇ ਹੋ ਗਏ ਤਾਂ ਬੱਚਾ ਜਨਮਿਆ। ਤਾਂ ਮੁਲਾਣੇ ਨੇ ਤੁਰੰਤ ਬਾਲਕ ਨੂੰ ਹੱਥ[3] ਵਿੱਚ ਚੁੱਕਿਆ ਤੇ ਇੱਕ ਮਟਕੇ ਵਿੱਚ ਬੰਦ ਕਰਕੇ ਨਦੀ ਵਿੱਚ ਰੋੜ੍ਹ ਦਿੱਤਾ। ॥੫੮॥

ਉਸ ਜਲ[6] (ਨਦੀ) ਕੰਢੇ[5] 'ਤੇ ਧੋਬੀ[4] ਰਹਿੰਦਾ ਸੀ । ਉਸ ਨੇ (ਮਟਕਾ ਫੜ ਕੇ) ਖੋਲ੍ਹ ਕੇ ਵੇਖਿਆ[7]। ਜਿਉਂ ਹੀ ਉਸ ਦੇ ਅੰਦਰ ਬੱਚਾ[8] ਵੇਖਿਆ ਤਾਂ ਬਹੁਤ ਖ਼ੁਸ਼[9] ਹੋ ਕੇ, ਉਸ ਨੂੰ ਚੁੱਕ ਲਿਆ ॥੫੯॥

ਉਸ ਨੇ ਘਰ ਲਿਆ ਕੇ, ਉਸ ਨੂੰ ਪਾਲ[10] ਲਿਆ। ਉਸ ਦਾ ਨਾਂ 'ਸ਼ਮਸ ਤਬਰੇਜ਼' ਰੱਖ ਲਿਆ। ਕਈ ਵਰ੍ਹਿਆਂ ਮਗਰੋਂ ਉਹ ਵੱਡਾ ਹੋ ਗਿਆ। ਉਸ ਦੇ ਤੌਰ-ਤਰੀਕੇ ਬੜੇ ਮਸਤਾਨੇ ਸਨ। ॥੬੦॥

ਉਸ ਮੁੱਲਾਂ ਦਾ ਜੋ ਮਦਰੱਸਾ[11] (ਸਕੂਲ, ਪਾਠਸ਼ਾਲਾ) ਸੀ, ਇਹ (ਤਬਰੇਜ਼) ਇੱਕ ਦਿਨ ਉੱਥੇ ਜਾ ਪੁੱਜਾ। ਉੱਥੇ ਉਸ ਨੂੰ ਬੱਚਿਆਂ ਦਾ ਟੋਲਾ[12] ਮਿਲਿਆ, ਜੋ ਕੁਰਾਨ ਦੀ ਪੁਸਤਕ ਵਿੱਚੋਂ ਪਾਠ ਪੜ੍ਹ ਰਹੇ ਸਨ। ॥੬੧॥

ਉਸ ਸਮੇਂ ਮੁਲਾਣਾ ਉੱਥੇ ਨਹੀਂ ਸੀ। ਉਹ ਆਪਣੇ ਘਰ ਨੂੰ ਗਿਆ ਹੋਇਆ ਸੀ। (ਸ਼ਮਸ ਤਬਰੇਜ਼ ਨੇ) ਸਾਰਿਆਂ ਦੀਆਂ ਪੁਸਤਕਾਂ ਖੋਹ[13] ਲਈਆਂ ਤੇ ਲਿਆ ਕੇ ਪਾਣੀ ਦੇ ਚੁਬੱਚੇ ਵਿੱਚ ਸੁੱਟ ਦਿੱਤੀਆਂ ॥੬੨॥

ਉਦੋਂ ਹੀ ਬੱਚਿਆਂ ਵਿੱਚ ਰੌਲਾ ਪੈ ਗਿਆ । ਮੁਲਾਣਾ ਰੌਲਾ ਸੁਣ ਕੇ ਘਰ ਤੋਂ ਭੱਜਿਆ ਆਇਆ। ਉਹਨੂੰ ਫੜਨ ਲਈ (ਉਸ ਦੇ) ਪਿੱਛੇ ਭੱਜਿਆ। ਨਾ ਫੜਿਆ ਜਾਂਦਾ ਵੇਖ ਕੇ, ਪਛਤਾਉਂਦੇ ਹੀ ਰਹਿ ਗਏ। ॥੬੩॥

ਤਦੋਂ ਉਹ ਚੁਬੱਚੇ ਦੇ ਕੋਲ ਗਏ ਤੇ ਸਾਰੀਆਂ ਹੀ ਪੁਸਤਕਾਂ ਕੱਢ ਲਈਆਂ। ਹੱਥਾਂ ਨਾਲ ਝਾੜਨ ਨਾਲ ਉਨ੍ਹਾਂ ਦੀ ਗਰਦ ਉਡੀ । ਉਨ੍ਹਾਂ ਨੂੰ ਇਹ ਕਰਾਮਾਤ[14], ਦਿਖਾਈ ਦਿੱਤੀ। ॥੬੪॥

ਇਹ ਵੇਖ ਕੇ ਮੌਲਵੀ ਹੈਰਾਨ ਰਹਿ ਗਿਆ। ਉਸ (ਤਬਰੇਜ਼) ਨੂੰ ਮਹਾਨ ਕਰਾਮਾਤਾਂ ਵਾਲਾ ਜਾਣਿਆ । ਪਾਣੀ[15], ਨੇ ਪੁਸਤਕਾਂ ਨੂੰ ਛੂਹਿਆ ਵੀ ਨਹੀਂ ਸੀ, ਸਗੋਂ ਝਾੜਨ ਨਾਲ ਉਨ੍ਹਾਂ ਵਿੱਚੋਂ (ਤਾਂ) ਧੂੜ ਝੜਦੀ ਸੀ। ॥੬੫॥

SikhBookClub.Com

ਮੁਰਸ਼ਦ ਜਾਨ ਪਰਜੋ ਤਬ ਪਾਈਂ । ਕਹ 'ਖ਼ੁਦਾਇ ਮਗ[1] ਦਿਹੁ ਬਤਲਾਈ'।
ਕਹਜੋ ਸ਼ਮਸ 'ਜਿ ਅਸ ਮਨ ਤੇਰੇ । ਆਇਸੁ[2] ਮੁਰ ਮਾਨਹੁ ਬਿਨ ਦੇਰੇ॥੬੬॥

ਆਨ ਸ਼ਰਾਬ ਪਜਾਉ ਮੁਝ ਤਾਈਂ । ਨਿਜ ਦੁਖ਼ਤਰ ਦੇਵਹੁ ਸੰਗ ਪਾਈ'।
ਸੁਨਤ ਮੁਲਾਨਾ ਡੋਲਜੋ ਨਾਂਹੀ । ਲੇ ਗਮਨਜੋ ਅਪਨੇ ਘਰ ਮਾਂਹੀ॥੬੭॥

ਮੰਚ[3] ਡਸਾਇ ਬਿਠਾਇ ਸਪ੍ਰੀਤੀ।ਆਪਹਿ ਆਨ ਸੁਰਾ[4] ਤਬ ਦੀਤੀ।
ਨਿਜ ਦੁਖ਼ਤਰ ਤਿਹ ਨਿਕਟ ਪਠਾਈ[5]।ਘਰ ਕਪਾਟ ਦੇ ਕੁਲਫ[6] ਲਗਾਈ॥੬੮॥

ਤਬਹਿ ਸ਼ਮਸ ਨਿਜ ਮਾਤ ਸੰਗਾਰੇ।ਆਪਨ ਸਰਬ ਪ੍ਰਸੰਗ ਉਚਾਰੇ।
'ਤੋਰ ਗਰਭ ਤੇ ਜਨਮ ਹਮਾਰਾ।ਅਸਥਨ[8] ਮੈਂ ਨ ਪਿਯੋ ਤਿਸ[7] ਬਾਰਾ॥੬੯॥

ਅਬ ਮੈਂ ਪਿਵੌਂ ਦੇਹੁ, ਹੇ ਮਾਤਾ'! ਜਾਨ ਗਈ ਸੋ ਸਗਰੀ ਬਾਤਾ ।
— ਲੇ ਜੁ ਗਯੋ ਬਾਲਕ ਪਿਤ ਮੇਰਾ।ਸਰਿਤਾ ਬਿਖੈ ਜਾਇ ਤਿਨ ਗੇਰਾ॥੭੦॥

ਸੋ ਕਿਨ ਪਾਰਜੋ ਕੀਨ ਬਡੇਰਾ —। ਅਸ ਕਹਿ ਅਸਥਨ ਛੀਰ[9] ਬਧੇਰਾ।
ਸ਼ਮਸ ਕਹਜੋ 'ਮੈਂ ਜਾਵੋਂ ਅਬ ਹੀ।ਤਵ ਪਿਤ ਬੂਝਨ ਲਾਗਹਿ ਜਬਹੀ॥੭੧॥

ਤਿਹ ਕੋ ਇਸ ਬਿਧ ਦੇਹੁ ਦਿਖਾਏ। — ਗਯੋ ਅਬੈ ਸੋ ਅਮਕੀ[10] ਥਾਏ ।
ਤੂੰ ਬੂਝਜੋ ਕੁਛ ਚਹਿਤ ਜਿ ਤਾਹੂ।ਮਿਲਹੁ ਜਾਇ ਤਿਹ ਥਲ ਕੇ ਮਾਂਹੂ' —॥੭੨॥

ਨਿਕਸ ਗਯੋ ਤਿਹ ਵਹਿਰ ਪਧਾਰਾ । ਕੁਲਫ ਰਹਜੋ ਲਾਗਜੋ ਤਿਸ ਬਾਰਾ[11]।
ਦਿਨ ਚਢ ਆਨ ਮੁਲਾਨੇ ਖੋਲਾ।ਨਿਜ ਦੁਖ਼ਤਰ ਕੋ ਦੇਖਤ ਬੋਲਾ॥੭੩॥

'ਕਹਾਂ ਗਯੋ ਜੁ ਹੁਤੋ ਨਿਸ ਮਾਂਹੀ।ਭਿਰੇ[12] ਕਪਾਟ ਖੁਲੇ ਇਹੁ ਨਾਂਹੀ'।
ਤਿਸ ਨੈ ਸਰਬ ਬਾਤ ਸਮਝਾਈ।'ਜਾਇ ਮਿਲਹੁ ਹੋਵਹਿ ਤਿਸ ਥਾਂਈ[13]'।੭੪।

SikhBookClub.Com

ਉਸ ਨੂੰ ਮੁਰਸ਼ਦ (ਗੁਰੂ) ਮੰਨ ਕੇ, ਉਸ ਦੇ ਚਰਨੀਂ ਢਹਿ ਪਿਆ ਤੇ ਆਖਣ ਲੱਗਾ, "ਮੈਨੂੰ ਵੀ ਖ਼ੁਦਾ ਦਾ ਰਾਹ[1] ਦੱਸ ਦਿਉ।" ਸ਼ਮਸ ਨੇ ਕਿਹਾ, "ਜੇਕਰ ਅਜਿਹੀ ਇੱਛਾ ਤੇਰੇ ਮਨ ਵਿੱਚ ਹੈ ਤਾਂ ਬਿਨਾਂ ਦੇਰੀ ਕੀਤਿਆਂ ਮੇਰੀ ਆਗਿਆ[2] ਮੰਨ। ॥੬੬॥

ਮੈਨੂੰ ਸ਼ਰਾਬ ਲਿਆ ਕੇ ਪਿਆ ਅਤੇ ਆਪਣੀ ਪੁੱਤਰੀ ਲਿਆ ਕੇ ਮੇਰੇ ਨਾਲ ਪਾ (ਲਿਟਾ) ਦੇ। ਇਹ ਸੁਣ ਕੇ ਮੌਲਵੀ ਘਬਰਾਇਆ ਨਹੀਂ ਤੇ ਉਸ ਨੂੰ ਲੈ ਕੇ ਆਪਣੇ ਘਰ ਆ ਗਿਆ। ॥੬੭॥

(ਉਸਨੇ) ਮੰਜਾ[3] ਡਹਾ ਕੇ ਪ੍ਰੇਮ ਸਹਿਤ ਸ਼ਮਸ ਨੂੰ ਬਿਠਾਇਆ ਤੇ ਖ਼ੁਦ ਸ਼ਰਾਬ[4] ਲਿਆ ਕੇ ਦੇ ਦਿੱਤੀ। ਆਪਣੀ ਪੁੱਤਰੀ ਉਸ ਦੇ ਕੋਲ ਭੇਜ[5] ਦਿੱਤੀ। ਫੇਰ ਘਰ ਦੇ ਬੂਹੇ ਨੂੰ ਜੰਦਰਾ[6] ਲਾ ਦਿੱਤਾ ਗਿਆ। ॥੬੮॥

ਫੇਰ ਉਸ ਵੇਲੇ ਸ਼ਮਸ ਤਬਰੇਜ਼ ਨੇ ਆਪਣੀ ਮਾਤਾ ਭਾਵ ਉਸ ਲੜਕੀ ਨੂੰ ਸਾਰੀ ਗੱਲ ਦੱਸ ਦਿੱਤੀ "ਤੇਰੇ ਗਰਭ ਤੋਂ ਮੇਰਾ ਜਨਮ ਹੋਇਆ ਸੀ (ਪਰ) ਓਦੋਂ[7] ਮੈਂ ਤੇਰੀ ਛਾਤੀ[8] ਤੋਂ ਦੁੱਧ ਨਹੀਂ ਸੀ ਪੀਤਾ। ॥੬੯॥

ਹੇ ਮਾਤਾ! ਹੁਣ ਲਿਆ, ਮੈਂ ਪੀ ਲਵਾਂ।" ਉਸ ਨੇ (ਮਾਂ ਨੇ) ਸਾਰੀ ਗੱਲ ਸਮਝ ਲਈ ਕਿ ਮੇਰਾ ਪਿਤਾ ਜਿਸ ਬਾਲਕ ਨੂੰ ਚੁੱਕ ਕੇ ਲੈ ਗਿਆ ਸੀ (ਅਤੇ) ਉਸ ਨੂੰ ਨਦੀ ਵਿੱਚ ਸੁੱਟ ਦਿੱਤਾ ਸੀ। ॥੭੦॥

ਉਹ ਕਿਸੇ ਨੇ ਪਾਲ ਕੇ ਵੱਡਾ ਕਰ ਦਿੱਤਾ ਹੋਣਾ ਹੈ-। ਇੰਨਾ ਕਹਿੰਦਿਆਂ ਉਸ ਦੀ ਛਾਤੀ ਵਿੱਚੋਂ ਦੁੱਧ[9] ਉਤਰ ਆਇਆ। ਸ਼ਮਸ ਨੇ ਕਿਹਾ, "ਹੁਣ ਮੈਂ ਜਾਂਦਾ ਹਾਂ। ਜਦੋਂ ਤੇਰਾ ਪਿਤਾ ਪੁੱਛੇ। ॥੭੧॥

ਉਸ ਨੂੰ ਇਸ ਪ੍ਰਕਾਰ ਦਿਖਾ (ਜਚਾ) ਦੇਵੀਂ -ਉਹ ਹੁਣੇ ਹੀ ਫਲਾਣੀ[10] ਥਾਂ ਗਿਆ ਹੈ। ਜੇਕਰ ਤੂੰ (ਉਸ ਤੋਂ) ਕੁਝ ਪੁੱਛਣਾ ਚਾਹੇਂ ਤਾਂ ਤੂੰ ਆਖੀਂ ਉਸ ਨੂੰ ਉਸ ਥਲ ਵਿੱਚ ਜਾ ਕੇ ਮਿਲ ਲੈ-।" ॥੭੨॥

ਉਹ ਬਾਹਰ ਨਿਕਲ ਕੇ ਉਧਰ ਚਲਾ ਗਿਆ ਤੇ ਜੰਦਰਾ ਉਸ ਬੂਹੇ[11] ਉੱਤੇ ਲੱਗਿਆ ਹੀ ਰਿਹਾ। ਮੁਲਾਣੇ ਨੇ, ਦਿਨ-ਚੜ੍ਹੇ ਆ ਕੇ ਉਹ ਖੋਲ੍ਹਿਆ ਤੇ ਆਪਣੀ ਪੁੱਤਰੀ ਨੂੰ ਵੇਖਦਿਆਂ ਹੀ ਬੋਲਿਆ। ॥੭੩॥

"ਜੋ ਰਾਤ-ਭਰ ਇੱਥੇ ਸੀ, ਉਹ ਕਿੱਥੇ ਗਿਆ? ਬੰਦ[12] ਕੀਤਾ ਹੋਇਆ ਇਹ ਦਰਵਾਜ਼ਾ (ਤਾਂ) ਖੁੱਲ੍ਹਿਆ (ਵੀ) ਨਹੀਂ।" ਉਸ (ਲੜਕੀ) ਨੇ ਸਾਰੀ ਗੱਲ ਸਮਝਾ ਦਿੱਤੀ (ਕਿ), "ਉਸ ਨੂੰ ਫਲਾਣੇ[13] ਥਾਂ ਜਾ ਮਿਲੋ, ਉੱਥੇ ਹੀ ਹੋਵੇਗਾ।" ॥੭੪॥

SikhBookClub.Com

ਸੁਨਕੈ ਤੂਰਨ ਵਹਿਰ ਪਯਾਨਾ[1] । ਮਿਲਜੋ ਜਾਇ ਬੈਸੇ ਤਿਹ ਥਾਨਾ।
ਦੀਨ[2] ਭਯੋ ਪਰਯੋ ਜਬ ਪਾਂਈ । ਸ਼ਮਸ ਦੀਨ ਉਪਦੇਸ਼ ਬਤਾਈ॥੭੫॥

ਮਿਲਨ ਖ਼ੁਦਾਇ ਭੇਦ ਸਮਝਾਯੋ।ਅਪਰ ਥਾਨ ਤਬ ਆਪ ਸਿਧਾਯੋ।
ਬੀਤਜੋ ਜਬ ਪੁਨ ਕੇਤਿਕ ਕਾਲਾ।ਤਹਿਂ ਇਕ ਭੂਪਤ ਹੁਤੋ ਬਿਸਾਲਾ॥੭੬॥

ਕਿਸ[3] ਕਾਰਨ ਤਿਹ ਸੁਤ ਮਰ ਗਯੋ । ਬਹੁਤ ਸ਼ੋਕ ਮੈਂ ਬਿਹਬਲ ਭਯੋ।
ਤਿਨ ਗਹਿ ਲੀਨ ਫ਼ਕੀਰ ਮੁਲਾਨੇ । ਬਹੁਤ ਆਨ ਕਰ ਕੈਦ ਕਰਾਨੇ॥੭੭॥

ਸਭ ਸੋਂ ਇਸ ਬਿਧ ਬਾਕ ਬੁਗੋਵਾ[4]।'ਪੂਰਾ[5] ਪਿਕੰਬਰ ਈਸਾ ਹੋਵਾ।
ਤਿਨ ਕਿਤਾਬ ਮੈਂ ਲਿਖਜੋ ਬਨਾਈ।ਸੋ ਮੈਂ ਤੁਮ ਸੋਂ ਦੇਉਂ ਸੁਨਾਈ॥੭੮॥

ਦੋਹਰਾ

ਮੈਂ ਮੁਰਦਾ ਜ਼ਿੰਦਾ ਕਰੋਂ ਹੁਕਮ ਖ਼ੁਦਾ ਕੇ ਸਾਥ।
ਹੋਇਂ ਅਗਾਰੀ ਜਗਤ ਮਹਿਂ ਐਸੇ ਸੁਨ ਤਿਨ ਗਾਥ॥੭੯॥

ਚੌਪਈ

ਅਪਨੋ ਜਬਹੀ ਹੁਕਮ ਉਚਰਹੀਂ । ਮੁਰਦੇ ਕਉ ਜਿੰਦਾ ਸੋ ਕਰਹੀਂ।
ਇਉਂ ਲਿਖ ਗਯੋ ਪਿਕੰਬਰ ਥਾਰੋ।ਨੀਕੇ[6] ਹਿਰਦੇ ਬਿਖੈ ਬਿਚਾਰੋ॥੮੦॥

ਮੇਰੋ ਸੁਤ ਮਰ ਗਜੋ ਦੁਖ ਪਾਇ । ਤਾਂਕੋ ਅਬ ਤੁਮ ਦੇਹੁ ਜਿਵਾਇ।
ਨਤੁ[7] ਭਾਖੋ ਮਿਲਕੈ ਸਭ ਲੋਗਾ । ਲਿਖਜੋ ਪਿਕੰਬਰ ਇਹੈ ਦਰੋਗਾ'।੮੧।

ਇਸ ਬਿਧ ਭੂਪਤ ਕੀ ਸੁਨ ਬਾਨੀ।ਚਿੰਤਮਾਨ ਭੇ ਕਿਨਹੂੰ ਨ ਮਾਨੀ।
ਬੈਠੇ ਸਭ ਹੀ ਕੈਦ ਮਝਾਰੀ[8]।ਛੂਟਨ ਉਪਾਇ ਨ ਪਾਇ[9] ਬਿਚਾਰੀ॥੮੨॥

ਤਿਹ ਠਾਂ ਆਪ ਸ਼ਮਸ ਚਲ ਗਯੋ । ਕੈਦਿਨ ਕੋ ਬੂਝਤ ਅਸ[10] ਭਯੋ।
'ਬੈਠੇ ਕਿਉਂ ਚਿੰਤਾਤੁਰ ਹੋਈ? । ਬਿਗਰਜੋ ਤੁਮਰੋ ਕਾਰਜ ਕੋਈ?'॥੮੩॥

SikhBookClub.Com

(ਉਹ) ਸੁਣਦਿਆਂ ਹੀ, ਤੁਰੰਤ ਬਾਹਰ ਚਲਾ[1] ਗਿਆ ਤੇ ਉਸ (ਸ਼ਮਸ) ਨੂੰ ਉੱਥੇ ਜਾ ਮਿਲਿਆ, ਜਿਥੇ ਉਹ ਬੈਠਾ ਸੀ। ਉਹ ਬਹੁਤ ਨਿਮਾਣਾ[2] ਹੋ ਕੇ, ਚਰਨੀਂ ਢਹਿ ਪਿਆ। ਸ਼ਮਸ ਨੇ (ਉਹਨੂੰ) ਦੀਨ (ਧਰਮ) ਦਾ ਉਪਦੇਸ਼ ਦਿੱਤਾ। ॥੭੫॥

(ਉਹਨੇ) ਖ਼ੁਦਾ ਨੂੰ ਮਿਲਣ ਦਾ ਭੇਤ (ਢੰਗ) ਦੱਸਿਆ ਅਤੇ ਫੇਰ ਆਪ ਕਿਸੇ ਹੋਰ ਥਾਂ ਚਲਾ ਗਿਆ। ਜਦੋਂ ਕਾਫ਼ੀ ਸਮਾਂ ਬੀਤ ਗਿਆ। ਉੱਥੇ ਇੱਕ ਬਹੁਤ ਵੱਡਾ ਰਾਜਾ ਹੋਇਆ। ॥੭੬॥

ਕਿਸੇ[3] ਕਾਰਨ ਉਸ ਦਾ ਪੁੱਤਰ ਮਰ ਗਿਆ (ਤੇ) ਉਹ ਦੁੱਖ ਦੇ ਕਾਰਨ ਬਹੁਤ ਵਿਆਕੁਲ ਹੋ ਗਿਆ। ਉਸ (ਰਾਜੇ) ਨੇ ਸਾਰੇ ਫ਼ਕੀਰ ਅਤੇ ਮੁਲਾਣੇ ਫੜ ਲਏ ਅਤੇ ਉਹ ਸਾਰੇ ਲਿਆ ਕੇ ਕੈਦ ਵਿੱਚ ਪਾ ਦਿੱਤੇ। ॥੭੭॥

(ਉਸ ਨੇ) ਉਨ੍ਹਾਂ ਸਾਰਿਆਂ ਨੂੰ ਇਹ ਕਿਹਾ[4], "ਪਹਿਲਾਂ[5] ਇੱਕ ਪੈਗ਼ੰਬਰ 'ਈਸਾ' ਹੋਇਆ ਹੈ। ਉਸ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ, ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ। ॥੭੮॥

ਦੋਹਰਾ

-ਖ਼ੁਦਾ ਦੇ ਹੁਕਮ ਨਾਲ, ਮੈਂ ਮੁਰਦੇ ਜ਼ਿੰਦਾ ਕਰਦਾ ਹਾਂ। ਅੱਗੇ-ਅੱਗੇ ਸੰਸਾਰ ਵਿੱਚ ਅਜਿਹੇ (ਲੋਕ ਅਥਵਾ ਸੰਤ) ਹੋਣਗੇ, ਉਨ੍ਹਾਂ ਬਾਰੇ ਗੱਲ ਸੁਣੋ। ॥੭੯॥

ਚੌਪਈ

ਜਦੋਂ ਉਹ ਆਪਣਾ ਹੁਕਮ ਕਰਨਗੇ ਤਾਂ ਮੁਰਦਾ ਜ਼ਿੰਦਾ ਕਰ ਦਿੱਤਾ ਕਰਨਗੇ-। ਤੁਹਾਡਾ ਪੈਗ਼ੰਬਰ (ਈਸਾ) ਇਉਂ ਲਿਖ ਗਿਆ ਹੈ। ਤੁਸੀਂ ਚੰਗੀ[6] ਤਰਾਂ ਆਪਣੇ ਮਨ ਵਿੱਚ ਵਿਚਾਰ ਕਰੋ। ॥੮੦॥

ਮੇਰਾ ਪੁੱਤਰ ਦੁੱਖ ਪਾ ਕੇ ਮਰ ਗਿਆ ਹੈ । ਹੁਣ ਤੁਸੀਂ ਉਸ ਨੂੰ ਜਿਉਂਦਾ ਕਰ ਦਿਓ। ਨਹੀਂ[7] ਤਾਂ ਤੁਸੀਂ ਸਾਰੇ ਜਣੇ ਮਿਲ ਕੇ ਲੋਕਾਂ ਨੂੰ ਦੱਸ ਦਿਉ -ਪੈਗ਼ੰਬਰ ਨੇ ਇਹ ਝੂਠ ਲਿਖਿਆ ਹੈ-।" ॥੮੧॥

ਰਾਜੇ ਦੀ ਅਜਿਹੀ ਗੱਲ ਸੁਣ ਕੇ ਸਾਰੇ ਚਿੰਤਾਵਾਨ ਹੋ ਗਏ ਤੇ ਕਿਸੇ ਨੇ ਵੀ ਉਹਦੀ (ਗੱਲ) ਨਾ ਮੰਨੀ। ਸਾਰੇ (ਮੁਲਾਣੇ ਤੇ ਫ਼ਕੀਰ) ਹੀ ਕੈਦ ਵਿੱਚ[8] ਬੈਠੇ ਵਿਚਾਰਦੇ ਰਹੇ ਪਰ ਛੁਟਕਾਰੇ ਦੀ ਕੋਈ ਤਰਕੀਬ ਨਾ ਲੱਭ[9] ਸਕੇ। ॥੮੨॥

(ਇੱਕ ਦਿਨ) ਉਸ ਥਾਂ 'ਤੇ ਸ਼ਮਸ-ਤਬਰੇਜ਼ ਆਣ ਪੁੱਜਾ ਤੇ ਕੈਦੀਆਂ ਨੂੰ ਇਉਂ[10] ਪੁੱਛਣ ਲੱਗਾ, "ਤੁਸੀਂ ਚਿੰਤਾਵਾਨ ਹੋਏ ਕਿਉਂ ਬੈਠੇ ਹੋ? ਕੀ ਤੁਹਾਡਾ ਕੋਈ ਕੰਮ ਵਿਗੜ ਗਿਆ ਹੈ?" ॥੮੩॥

SikhBookClub.Com

ਸਭ ਨੈ ਸੁਨ ਅਸ ਗਿਰਾ ਉਚਾਰੀ। 'ਨਿਪ੍ਰ ਕਹਿ,-ਮੁਰਦਾ ਦੇਹੁ ਜਿਵਾਰੀ —।
ਗਹਿ ਕੈ ਰਾਖੈ ਕੈਦ ਮਝਾਰੀ[1]।ਐਸੀ ਸ਼ਕਤਿ ਨ ਕਿਸ ਮਹਿਂ ਭਾਰੀ'॥੮੪॥

ਸ਼ਮਸ ਕਹੈ 'ਮੈਂ ਦੇਉਂ ਜਿਵਾਇ । ਤੁਮ ਮੁਝ ਕੋ ਹੋਵਹੁ ਦੁਖਦਾਇ'।
ਕਰ ਜੋਰੇ ਸੁਨ ਕੈ ਯੌਂ ਸਬਹੀ । 'ਤੁਮ ਕੋ ਹਮ ਦੁਖ ਦੇਹਿਂ ਨ ਕਬਹੀ॥੮੫॥

ਇਸੈ ਜਿਵਾਇ ਛੁਟਾਵਹੁ ਸਾਰੇ । ਮਿਲਕੈ ਬੰਦਹਿਂ ਪਾਇ ਤੁਮਾਰੇ'।
ਤਬ ਚਲ ਸ਼ਮਸ ਗਯੋ ਤਿਹ ਥਾਂਈ । ਜਾਇ ਠਾਂਢ[2] ਹੁਇ ਗਿਰਾ ਅਲਾਈ॥੮੬॥

'ਮੇਰੇ ਹੁਕਮ ਸਾਥ ਉਠ ਜੀਵਹੁ।ਬਿਚਰਹੁ ਪੂਰਬ ਜਯੋਂ ਅਬ ਥੀਵਹੁ[3]'।
ਤਿਹ ਛਿਨ ਤਹਾਂ ਜੁ ਮਿਰਤਕ ਪਰਯੋ । ਉਠ ਬੈਠਯੋ, ਨ੍ਰਿਪ ਦੁਖ ਪਰਹਰਯੋ[4] ॥੮੭॥

ਹਿਰਦੇ ਭਾ ਅਨੰਦ ਸਭ ਤਾਈਂ । ਕਰੇ ਕੈਦ ਜੇ ਦੀਨ ਛੁਡਾਈ ।
ਭਏ ਮੁਲਾਨੇ ਸਭ ਇਕ ਥਾਈਂ । ਕਹਿਣ ਲਗੇ 'ਇਨ ਕੀਨ ਖੁਟਾਈ॥੮੮॥

ਸ਼ਰਾ ਬਿਖੈ ਰਖ਼ਨਾ[5] ਇਨ ਗੇਰਾ । ਕਹਯੋ — ਜੀਵ ਭਾ ਹੁਕਮ ਜੁ ਮੇਰਾ —।
ਨਹੀਂ ਖ਼ੁਦਾਇ ਨਾਮ ਕੋ ਲੀਨੋ।ਇਸੀ ਬਾਤ ਇਨ ਕੀਨ ਮਲੀਨੋ[6] ॥੮੯॥

ਨਹੀਂ ਮਜ਼ਬ ਹਮਰੇ ਮੈਂ ਭਾਈ । ਯਾਂ ਤੇ ਚਹੀਅਤ ਦਈ ਸਜਾਈ'।
ਸਭ ਮਿਲ ਸ਼ਮਸ ਲੀਨ ਗਹਿ[7] ਤਬਹੀ । ਕਹਿਤ ਜੁ ਥੇ—ਦੁਖ ਦੇਹਿਂ ਨ ਕਬਹੀ—॥੯੦॥

ਤਬਹ ਸ਼ਮਸ ਨੇ ਗਿਰਾ ਅਲਾਈ । 'ਕਿਆ ਸਜ਼ਾਇ ਤੁਮ ਦਿਹੁ ਮੁਝ ਤਾਈਂ।
ਜੋ ਹੈ ਮਨ ਮੈਂ ਸੋ ਕਰ ਲੀਜੈ । ਹੋ ਝੂਠੇ ਨਿਜ ਰਿਦੇ ਲਖੀਜੈ[8]'॥੯੧॥

ਕਹਿਤ ਮੁਲਾਨੇ 'ਸ਼ਰਾ ਮਝਾਰੀ[1] । ਖਾਲ ਉਤਾਰਨ ਉਚਿਤ ਤੁਮਾਰੀ।
ਅਪਨ ਹੁਕਮ ਸੋ ਮੁਰਦਾ ਜ਼ਿੰਦਾ । ਕਰਯੋ ਤੈਂ ਤਾਂਤੇ ਤੁਝ ਨਿੰਦਾ'॥੯੨॥

SikhBookClub.Com

ਸਾਰਿਆਂ ਨੇ ਸੁਣ ਕੇ ਇਉਂ ਗੱਲ ਕਹੀ, "ਰਾਜਾ ਕਹਿੰਦਾ ਹੈ ਕਿ -ਮੁਰਦਾ ਜਿਵਾ ਦਿਉ-। (ਤੇ) ਸਾਨੂੰ ਫੜ ਕੇ ਕੈਦ ਵਿੱਚ[1] ਰੱਖਿਆ ਹੋਇਆ ਹੈ। ਪਰ ਇੰਨੀ ਭਾਰੀ ਸ਼ਕਤੀ ਕਿਸੇ ਵਿੱਚ ਵੀ ਨਹੀਂ।" ॥੮੪॥

ਸ਼ਮਸ ਬੋਲਿਆ, "ਮੈਂ ਜਿਵਾ ਦਿੰਦਾ ਹਾਂ ਪਰ ਫੇਰ ਤੁਸੀਂ ਹੀ ਮੈਨੂੰ ਦੁਖ ਦਿਉਗੇ।" ਇਹ ਸੁਣ ਕੇ ਸਾਰਿਆਂ ਨੇ ਹੀ ਹੱਥ ਜੋੜੇ (ਤੇ ਬੋਲੇ), "(ਤੂੰ ਜਿਵਾ ਦੇਹ), ਅਸੀਂ ਤੈਨੂੰ ਕਦੇ ਵੀ ਦੁੱਖ ਨਹੀਂ ਦੇਵਾਂਗੇ। ॥੮੫॥

(ਤੂੰ) ਇਸ ਨੂੰ ਜਿਵਾ ਕੇ ਸਾਨੂੰ ਸਾਰਿਆਂ ਨੂੰ ਛੁਡਵਾ ਦੇਹ। ਅਸੀਂ ਮਿਲ ਕੇ, ਤੇਰੇ ਚਰਨਾਂ ਵਿੱਚ ਮੱਥਾ ਟੇਕਾਂਗੇ"। ਤਦੋਂ ਸ਼ਮਸ ਚੱਲ ਕੇ, ਉੱਥੇ ਗਿਆ। (ਕੋਲ) ਜਾ ਕੇ, ਤੇ ਖੜ੍ਹਾ[2] ਹੋ ਕੇ ਇਹ ਗੱਲ ਕਹੀ। ॥੮੬॥

"ਮੇਰੇ ਹੁਕਮ ਨਾਲ ਉੱਠ, ਜਿਉਂਦਾ ਹੋ ਜਾ। ਜਿਵੇਂ ਪਹਿਲਾਂ ਤੁਰਦਾ-ਫਿਰਦਾ ਸੀ, ਓਵੇਂ ਹੀ ਹੋ[3] ਜਾਹ!" ਉਸੇ ਪਲ, ਜੋ ਲੜਕਾ ਮਰਿਆ ਪਿਆ ਸੀ, ਉਹ ਉੱਠ ਬੈਠਾ ਅਤੇ ਰਾਜੇ ਦਾ ਕਲੇਸ਼ ਕੱਟਿਆ[4] ਗਿਆ। ॥੮੭॥

ਸਾਰੇ ਜਣਿਆਂ ਦੇ ਹਿਰਦੇ ਖ਼ੁਸ਼ ਹੋ ਗਏ। ਜੋ ਕੈਦ ਕੀਤੇ ਹੋਏ ਸਨ, ਸਭ ਛੁਡਵਾ ਦਿੱਤੇ ਗਏ। ਸਾਰੇ ਮੁਲਾਣੇ ਇਕੱਠੇ ਹੋ ਗਏ ਤੇ ਆਖਣ ਲੱਗੇ, "ਇਸ ਨੇ ਖੋਟਾ (ਸ਼ਰ੍ਹ ਦੇ ਵਿਰੁੱਧ) ਕੰਮ ਕੀਤਾ ਹੈ। ॥੮੮॥

ਇਸ ਨੇ ਸ਼ਰ੍ਹਾ (ਇਸਲਾਮੀ ਮਰਆਦਾ) ਵਿੱਚ ਵਿਘਨ[5] (ਰੁਕਾਵਟ) ਪਾ ਦਿੱਤਾ ਹੈ (ਕਿਉਂਕਿ) ਇਸ ਨੇ ਆਖਿਆ ਹੈ -ਮੇਰੇ ਹੁਕਮ ਨਾਲ ਜਿਉਂਦਾ ਹੋ ਜਾਹ-।" ਇਸ ਨੇ ਖ਼ੁਦਾ ਦਾ ਨਾਂ ਨਹੀਂ ਲਿਆ। "ਇਹੋ ਗੱਲ ਇਹਨੇ ਘਟੀਆ[6] (ਗੰਦੀ) ਕੀਤੀ ਹੈ। ॥੮੯॥

(ਇਹ ਗੱਲ) ਸਾਡੇ ਮਜ਼ਹਬ ਵਿੱਚ ਚੰਗੀ ਨਹੀਂ ਮੰਨੀ ਜਾਂਦੀ। ਇਸ ਕਰਕੇ ਇਸ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।" ਤਦੋਂ ਉਨ੍ਹਾਂ ਸਾਰਿਆਂ ਨੇ, ਮਿਲ ਕੇ, ਸ਼ਮਸ ਨੂੰ ਫੜ[7] ਲਿਆ, ਜੋ ਆਖਦੇ ਸਨ -ਅਸੀਂ ਤੈਨੂੰ ਕਦੇ ਦੁੱਖ ਨਹੀਂ ਦਿਆਂਗੇ-। ॥੯੦॥

ਉਸ ਸਮੇਂ ਸ਼ਮਸ ਬੋਲਿਆ, "ਤੁਸੀਂ ਮੈਨੂੰ ਕੀ ਸਜ਼ਾ ਦਿਉਗੇ? ਜੋ ਤੁਹਾਡੇ ਮਨ ਵਿੱਚ ਹੈ, ਤੁਸੀਂ ਉਹ ਕਰ ਲਵੋ। ਪਰ ਇਹ ਜਾਣ ਲਵੋ[8] ਕਿ ਤੁਹਾਡੇ ਮਨ ਝੂਠੇ (ਖੋਟੇ) ਹਨ" ॥੯੧॥

ਮੁਲਾਣਿਆਂ ਨੇ ਕਿਹਾ, "ਸ਼ਰ੍ਹਾ ਵਿਚ[1] ਤੇਰੀ ਖੱਲ ਉਤਾਰਨੀ ਉਚਿਤ ਹੈ (ਕਿਉਂਕਿ) ਤੂੰ ਆਪਣੇ ਹੁਕਮ ਨਾਲ ਮੁਰਦਾ ਜਿਉਂਦਾ ਕੀਤਾ ਹੈ, ਇਸ ਕਰਕੇ ਤੂੰ ਨਿੰਦਾਜਨਕ ਕੰਮ ਕੀਤਾ ਹੈ।" ॥੯੨॥

SikhBookClub.Com

ਅਸ ਕਹ ਲੀਨੀ ਖਾਲ ਉਤਾਰੀ । ਦਯੋ ਛੋਰ ਬਹਿ ਸ਼ੋਣਾ[1] ਧਾਰੀ[2]।
ਭਯੋ ਕੁਰੂਪ ਭਯਾਨਕ ਭਾਰੀ । ਪੂੰ[3] ਪਰਗੀ ਸਭ ਅੰਗ ਮਝਾਰੀ[5] ॥੯੩॥

ਭਿਨਕਹਿੰ ਮਾਖੀ ਚਹੁਦਿਸ ਮਾਂਹੀ । ਕੋ ਸਮੀਪ ਆਵਨ ਦੇ ਨਾਂਹੀ।
ਤਾਹਿ[4] ਦੇਸ ਕੋ ਛੋਰ ਸਿਧਾਰਾ । ਆਵਤ ਭਾ ਮੁਲਤਾਨ ਮਝਾਰਾ॥੯੪॥

ਛੁਧਾ[6] ਬਿਖੈ ਆਤੁਰ ਹ੍ਵੈ ਸੋਊ । ਜਾਚਹਿ[7] ਅੰਨ ਦੇਤ ਨਹਿੰ ਕੋਊ।
ਤਬ ਇਕ ਮੀਨ ਮਾਂਗਤੇ ਪਾਈ।ਨਹਿੰ ਭੁਰਜਨ ਦੇਵੈਂ ਕਿਸ ਥਾਂਈ ॥੯੫॥

ਆਇ ਸ਼ਹਿਰ ਬੈਠਜੋ ਇਕ ਥਾਨਾ।ਇਉਂ ਸੂਰਜ ਸੋਂ ਬਚਨ ਬਖਾਨਾ।
'ਸ਼ਮਸ ਨਾਮ ਹੈ ਇਕ ਮਮ ਤੋਰਾ।ਯਾਂਤੇ ਕਾਜ ਕਰਹੁ ਤੁਮ ਮੋਰਾ॥੯੬॥

ਨੀਚੇ ਆਣ ਭੁਰਜੀਏ ਮੀਨਾ । ਪੁਨ ਖਾਵੋਂ ਮੈਂ ਛੁਧਾ ਅਧੀਨਾ'।
ਤਬ ਸਵਿਤਾ[8] ਨੀਚੇ ਕੋ ਆਯਾ । ਤਪਜੋ, ਤੇਜ[9] ਜਿਹ ਅਧਿਕ ਬਧਾਯਾ॥੯੭॥

ਤਪਤ ਲੋਕ ਅਤਿਸੈ[10] ਅਕੁਲਾਏ[11] । ਮਹਮਾ ਲਖੀ ਪਰੇ ਤਬ ਪਾਏ।
ਸਭ ਪ੍ਰਕਾਰ ਕੀ ਸੇਵਾ ਠਾਨੀ।ਸੇਵਕ ਭਏ ਕਰਮ ਮਨ ਬਾਨੀ॥੯੮॥

ਤਬ ਤੇ ਸ਼ਮਸ ਰਹਜੋ ਤਿਹ ਥਾਨਾ । ਸਭ ਤੇ ਅਜ਼ਮਤ ਜਾਹਿੰ ਮਹਾਨਾ।
ਇਸ ਪ੍ਰਕਾਰ ਕੋ ਹੁਤੋ ਪ੍ਰਸੰਗਾ।ਜੋ ਭਾਖਯੋ ਬਾਲੇ! ਤੁਝ ਸੰਗਾ॥੯੯॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਮੁਲਤਾਨ ਸ਼ਮਸ' ਪ੍ਰਸੰਗ ਬਰਨਨੰ ਨਾਮ ਸੈਂਤੀਸਮੋ ਧਯਾਇ ॥੩੭॥

SikhBookClub.Com

ਇਉਂ ਆਖ ਕੇ, ਉਸ ਦੀ ਖੱਲ ਉਤਾਰੀ ਗਈ ਤੇ ਲਹੂ[1] ਦੀਆਂ ਧਾਰਾਂ[2] ਵਗਦੇ ਹੋਏ ਨੂੰ ਛੱਡ ਦਿੱਤਾ, ਉਹ ਬਹੁਤ ਕਰੂਪ ਅਤੇ ਭਿਆਨਕ ਹੋ ਗਿਆ। (ਉਸ ਦੇ) ਸਾਰੇ ਅੰਗਾਂ ਵਿੱਚ ਪੀਕ[3] ਪੈ ਗਈ। ॥੯੩॥

(ਉਸ ਦੇ) ਚੌਹੀਂ-ਪਾਸੀਂ ਮੱਖੀਆਂ ਭਿਣਕਣ ਲੱਗੀਆਂ। ਕੋਈ ਵੀ (ਉਸ ਨੂੰ) ਨੇੜੇ ਨਾ ਲੱਗਣ ਦੇਂਦਾ । ਉਹ ਉਸ[4] ਦੇਸ਼ ਨੂੰ ਛੱਡ ਕੇ ਚਲਾ ਗਿਆ ਤੇ (ਉਥੋਂ) ਚੱਲ ਕੇ ਮੁਲਤਾਨ ਵਿੱਚ ਆ ਗਿਆ। ॥੯੪॥

ਉਹ ਭੁੱਖ[6] ਦੇ ਕਾਰਨ ਆਤੁਰ (ਤੰਗ) ਹੋ ਗਿਆ। ਉਹ ਖਾਣ ਨੂੰ ਅੰਨ ਮੰਗਦਾ[7], ਪਰ ਕੋਈ ਵੀ ਨਾ ਦਿੰਦਾ। ਤਦੋਂ ਮੰਗਦੇ ਹੋਏ ਨੂੰ, ਇੱਕ ਮੱਛੀ ਮਿਲ ਗਈ (ਪਰ) ਉਸ ਨੂੰ ਕੋਈ ਭੁੰਨਣ ਵੀ ਨਾ ਦੇਵੇ। ॥੯੫॥

(ਤਾਂ) ਉਹ ਸ਼ਹਿਰ ਵਿੱਚ ਇੱਕ ਥਾਂ 'ਤੇ ਆਣ ਬੈਠਾ ਅਤੇ ਉਸ ਨੇ ਸੂਰਜ ਨੂੰ ਇੱਕ ਗੱਲ ਆਖੀ, "ਤੇਰਾ ਤੇ ਮੇਰਾ, ਦੋਨਾਂ ਦਾ ਹੀ ਨਾਂ 'ਸੂਰਜ' (ਸ਼ਮਸ) ਹੈ, ਤਾਂ ਤੇ ਤੂੰ ਹੀ ਮੇਰਾ ਕੰਮ ਕਰ ਦੇਹ। ॥੯੬॥

ਹੇਠਾਂ ਆ, ਤੇ ਆਹ ਮੱਛੀ ਭੁੰਨ ਦੇਹ ਤਾਂ ਜੋ ਮੈਂ ਖਾ ਕੇ ਭੁੱਖ ਮਿਟਾ ਸਕਾਂ।" ਤਾਂ ਸੂਰਜ[8] ਹੇਠਾਂ ਆਇਆ ਤੇ ਉਸ ਨੇ ਆਪਣੀ ਗਰਮੀ ਦੀ ਤਪਸ਼[9] ਨੂੰ ਹੋਰ ਵਧਾ ਦਿੱਤਾ। ॥੯੭॥

ਸੇਕ ਨਾਲ ਸੜਦੇ ਹੋਏ ਲੋਕੀਂ ਅਤੀਅੰਤ[10] ਵਿਆਕੁਲ[11] ਹੋਏ ਤੇ ਜਦੋਂ ਇਸ ਫ਼ਕੀਰ, ਸ਼ਮਸ ਦੀ ਵਡਿਆਈ ਦਾ ਪਤਾ ਲੱਗਾ ਤਾਂ ਉਸ ਦੇ ਚਰਨੀਂ ਢਹਿ ਪਏ। (ਫੇਰ) ਹਰ ਪ੍ਰਕਾਰ ਨਾਲ ਉਸ ਦੀ ਸੇਵਾ ਕਰਨ ਦੀ ਧਾਰ ਲਈ ਅਤੇ ਮਨ, ਬਚਨ ਤੇ ਸਰੀਰ (ਮਨ-ਬਚ-ਕਰਮ) ਕਰਕੇ ਉਸ (ਸ਼ਮਸ) ਦੇ ਸੇਵਕ ਬਣ ਗਏ। ॥੯੮॥

ਤਦ ਉਪਰੰਤ ਸ਼ਮਸ-ਤਬਰੇਜ਼ ਓਸੇ ਥਾਂ 'ਤੇ ਹੀ ਰਿਹਾ। ਜਿਸ ਦੀ ਵਡਿਆਈ ਸਭ ਤੋਂ ਉੱਤਮ ਹੈ। ਸੋ (ਉਸ ਦਾ) ਸ਼ਮਸ ਤਬਰੇਜ਼ ਦਾ ਪਰਸੰਗ ਇਸ ਤਰਾਂ ਸੀ, ਹੇ ਬਾਲੇ! ਜੋ (ਮੈਂ) ਤੈਨੂੰ ਦੱਸਿਆ ਹੈ ॥੯੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਮੁਲਤਾਨ ਦਾ ਸ਼ਮਸ ਤਬਰੇਜ਼" ਨਾਮੀ ਸੈਂਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

'ਮਾਨਚੰਦ' ਦੇ ਪਿੰਡੋਂ ਤੁਰ ਕੇ ਗੁਰੂ ਜੀ ਮੁਲਤਾਨ ਅੱਪੜੇ, ਜਿੱਥੇ ਉਹ 'ਸ਼ਮਸ ਤਬਰੇਜ਼' ਨੂੰ ਉਪਦੇਸ਼ ਦੇਣਾ ਚਾਹੁੰਦੇ ਸਨ। ਪਰ, ਤਬਰੇਜ਼ ਦੇ ਸਾਥੀ ਫ਼ਕੀਰ ਆਪ ਦੀ ਸ਼ੋਭਾ ਸੁਣ ਕੇ ਭੈਅ-ਭੀਤ ਸਨ। ਉਨ੍ਹਾਂ ਦੁੱਧ ਦਾ ਭਰਿਆ ਕਟੋਰਾ, ਜੋ ਮੁਲਤਾਨ ਸ਼ਹਿਰ ਦੇ, ਪੀਰਾਂ ਨਾਲ ਭਰਪੂਰ ਹੋਣ ਦਾ ਪ੍ਰਤੀਕ ਸੀ, ਲੈ ਕੇ ਗੁਰੂ ਜੀ ਨੂੰ ਪੇਸ਼ ਕੀਤਾ। ਸੂਝਵਾਨ ਸਤਿਗੁਰੂ ਜੀ ਨੇ ਉਸ ਦੇ ਉੱਤੇ ਇੱਕ ਚਮੇਲੀ ਦਾ ਫੁੱਲ ਧਰ ਕੇ, ਅਨੁਭਵ ਕਰਾਇਆ ਕਿ ਉਨ੍ਹਾਂ ਦੀ ਹੋਂਦ ਬੇਮਲੂਮ ਰਹੇਗੀ। ਪੀਰ-ਫ਼ਕੀਰ ਬੜੇ ਪ੍ਰਭਾਵਤ ਹੋਏ। ਉਨ੍ਹਾਂ ਦਾ ਸਿਰਮੌਰ ਪੀਰ, ਸ਼ਮਸ-ਤਬਰੇਜ਼ ਜਾਣਨਾ ਚਾਹੁੰਦਾ ਸੀ ਕਿ ਘੋਰ-ਕਠਿਨ ਤਪੱਸਿਆ ਕਰਨ 'ਤੇ ਵੀ ਉਸ ਦੇ ਮਨ ਨੂੰ ਸ਼ਾਂਤੀ ਤੇ ਸਥਿਰਤਾ ਕਿਉਂ ਪ੍ਰਾਪਤ ਨਹੀਂ ਹੋਈ? ਗੁਰੂ ਜੀ ਨੇ ਦੱਸਿਆ ਕਿ ਮਨ ਦਾ ਅਭਿਆਸ ਤੇ ਆਤਮਾ ਦੀ ਸ਼ੁੱਧੀ ਹੀ ਆਤਮਕ-ਸ਼ਾਂਤੀ ਦੇ ਸਾਧਨ ਹਨ। ਮਾਇਆ ਦਾ ਤਿਆਗ, ਪਰਮੇਸ਼ਰ ਵਿੱਚ ਅਟੱਲ ਵਿਸ਼ਵਾਸ ਵਧਣਾ ਜ਼ਰੂਰੀ ਹੈ। 'ਬਹਾਵਲਹੱਕ' ਨੂੰ ਉੱਤਰ ਦੇਂਦਿਆਂ ਗੁਰੂ ਜੀ ਨੇ ਦੱਸਿਆ ਕਿ ਮਾਇਆ ਝੂਠੀ ਹੈ, ਕੇਵਲ ਪਰਮੇਸ਼ਰ ਹੀ ਅਟੱਲ ਹੈ।ਫ਼ਕੀਰ ਰੁਕਨਦੀਨ ਨੂੰ ਦੱਸਿਆ ਕਿ 'ਸੰਤ' ਉਹ ਹੁੰਦਾ ਹੈ ਜੋ ਸੰਤਾਂ ਦੀ ਸੰਗਤ ਨੂੰ ਪਹਿਲ ਦੇਵੇ। ਵਿਕਾਰਾਂ ਦਾ ਤਿਆਗ ਕਰੇ, ਦਿਆਲਤਾ ਧਾਰਨ ਕਰੇ। ਆਤਮ-ਗਿਆਨ ਦਾ ਵਿਚਾਰ, ਖੋਟੀ ਸੰਗਤ ਦਾ ਤਿਆਗ, ਸਿਮਰਨ ਵਿਚ ਮਗਨ, ਖ਼ੁਸ਼ੀ-ਗ਼ਮੀ ਨੂੰ ਇੱਕ-ਸਮਾਨ ਜਾਣਨ ਵਾਲਾ ਹੀ ਸੰਤ ਹੈ। ਬਹਾਵਲਹੱਕ ਸਤਿਗੁਰੂ ਜੀ ਦੀ ਫ਼ਕੀਰੀ, ਸਾਧਨਾ, ਪ੍ਰਾਪਤੀ 'ਤੇ ਧੰਨ-ਧੰਨ ਕਰ ਉੱਠਿਆ। ਬਾਲੇ ਨੂੰ ਗੁਰੂ ਜੀ ਨੇ ਦੱਸਿਆ ਕਿ ਇਨ੍ਹਾਂ ਸਾਰੇ ਪੀਰਾਂ-ਫ਼ਕੀਰਾਂ 'ਚੋਂ ਸ਼ਮਸ-ਤਬਰੇਜ਼ ਦਾ ਦਰਜਾ ਸਭ ਤੋਂ ਉੱਤਮ ਹੈ।'ਰੂਮ' ਦੇਸ਼ ਦੇ ਫ਼ਕੀਰ 'ਮਨਸੂਰ' ਨੂੰ ਕੱਟੜਪੰਥੀ ਮੁਲਾਣਿਆਂ ਨੇ 'ਅਨਲਹੱਕ' ਆਖਣ ਪਿੱਛੇ ਸੂਲੀ 'ਤੇ ਟੰਗ ਦਿੱਤਾ ਤੇ ਉਸ ਦੇ ਸਰੀਰ ਦੀ ਦੁਰਗਤੀ ਕਰਨ ਵਜੋਂ ਸਾੜ ਕੇ ਸੁਆਹ, ਸ਼ੀਸ਼ੀ ਵਿੱਚ ਪਾ ਦਿੱਤੀ। ਉਸ ਵਿੱਚੋਂ ਵੀ 'ਅਨਲਹੱਕ' ਦੀ ਆਵਾਜ਼ ਆਈ ਜਾਂਦੀ ਸੀ। ਮੁਲਾਣੇ ਦੇ ਘਰ ਪਈ ਸ਼ੀਸ਼ੀ 'ਚੋਂ ਸੁਆਹ ਚੱਖ ਵੇਖਣ ਕਰਕੇ, ਮੁਲਾਣੇ ਦੀ ਕੁਆਰੀ ਧੀ ਗਰਭਵਤੀ ਹੋ ਗਈ। ਜੋ ਬੱਚਾ ਜੰਮਿਆ ਉਸ ਦਾ ਨਾਂ ਸ਼ਮਸ-ਤਬਰੇਜ਼ ਰੱਖਿਆ ਗਿਆ । ਇਹ, ਮਨਸੂਰ ਦੀ ਆਤਮਾ ਦਾ ਪੁਨਰਜਨਮ ਹੋਣ ਕਰਕੇ, 'ਅਨਲਹੱਕ' ਸ਼ਬਦ ਦਾ ਧਾਰਨੀ ਸੀ।ਕੱਟੜਪੰਥੀ ਮੌਲਾਣੇ ਦੇ ਵਿਰੋਧ ਵੱਜੋਂ ਤਬਰੇਜ਼ ਨੇ 'ਕੁਰਾਨ' ਦੀਆਂ ਪੁਸਤਕਾਂ ਪਾਣੀ ਵਿੱਚ ਸੁੱਟ ਦਿੱਤੀਆਂ ਸਨ ਜੋ ਫੇਰ ਸੁੱਕੀਆਂ ਕੱਢ ਵਿਖਾਈਆਂ। ਮਨਸੂਰ ਨੂੰ ਫਾਹੇ ਲਾਉਣ ਵਾਲੇ ਕਾਜ਼ੀ ਨੇ ਤਬਰੇਜ਼ ਨੂੰ ਮੁਰਸ਼ਦ ਧਾਰਨ ਕਰ ਲਿਆ। ਰਾਜੇ ਦੇ ਪੁੱਤਰ ਨੂੰ ਜੀਵਤ ਕਰਕੇ, ਇਸਲਾਮੀ ਕੱਟੜਪੰਥੀ ਫ਼ਕੀਰਾਂ ਨੂੰ ਮੁਕਤ ਕਰਵਾ ਕੇ ਤਬਰੇਜ਼ ਦੀ ਖੱਲ, ਉਨ੍ਹਾਂ ਹੀ, ਮੁਕਤ ਕਰਵਾਏ ਗਏ ਮੁਲਾਣਿਆਂ ਨੇ ਲੁਹਾ ਦਿੱਤੀ ਸੀ। ਇਉਂ ਧਾਰਮਕ ਕੱਟੜਤਾ ਤੇ ਅਗਿਆਨਤਾ ਦੇ ਹੱਥੋਂ, ਦੋ ਸਮਿਆਂ ਵਿੱਚੋਂ 'ਮਨਸੂਰ' ਅਤੇ 'ਤਬਰੇਜ਼' ਦੇ ਰੂਪ ਵਿੱਚ ਮੌਤ ਅਤੇ ਤਸੀਹੇ ਝੱਲੇ।ਭੁੱਖੇਂ ਆਤੁਰ ਤਬਰੇਜ਼ ਨੇ, ਸੂਰਜ ਨੂੰ ਬੇਨਤੀ ਕੀਤੀ ਤੇ ਸੂਰਜ ਨੇ ਧਰਤੀ ਦੇ ਨੇੜੇ ਹੋ ਕੇ ਉਸ ਨੂੰ ਇਕ ਮੱਛੀ ਭੁੰਨ ਦਿੱਤੀ, ਪਰ ਮੁਲਤਾਨ ਸ਼ਹਿਰ ਸੇਕ ਕਾਰਨ ਮੱਚ ਉੱਠਿਆ। ਸੇਕ ਕਾਰਨ ਵਿਆਕੁਲ ਹੋਏ ਮੁਲਤਾਨ ਦੇ ਲੋਕ ਸ਼ਮਸ-ਤਬਰੇਜ਼ ਦੇ ਚਰਨੀਂ ਢਹਿ ਪਏ।

SikhBookClub.Com

ਫੁੱਟਨੋਟ

(*1) ਦੋ ਸੂਫ਼ੀ-ਫਕੀਰ 'ਸ਼ਮਸ ਤਬਰੇਜ਼' ਹੋਏ ਹਨ। 'ਮਹਾਨਕੋਸ਼' ਅਨੁਸਾਰ ਇੱਕ ਗ਼ਜ਼ਨੀ ਦੇ ਇਲਾਕੇ ਵਿੱਚ 560 ਹਿਜਰੀ (1165 ਈਸਵੀ) ਵਿੱਚ ਹੋਇਆ। ਉਸ ਦਾ ਨਾਂ ਮਖ਼ਦੂਮ ਸ਼ਾਹ ਸ਼ਮਸੁੱਦੀਨ ਸੀ। ਇਹ 'ਮੁਲਤਾਨ' (ਭਾਰਤ) ਵਿਖੇ ਆਇਆ ਸੀ। ਮੁਲਤਾਨ ਦੇ ਹਾਕਮ ਨੇ 'ਅਨਲਹੱਕ' (ਮੈਂ ਖ਼ੁਦਾ ਹਾਂ) ਕਹਿਣ ਪਿੱਛੇ ਉਸ ਦੀ ਖੱਲ ਉਤਰਵਾ ਕੇ, ਖੂਹ ਵਿੱਚ ਸੁਟਵਾ ਦਿੱਤਾ ਸੀ । ਦੂਜੇ ਸਾਧੂ ਦਾ ਜਨਮ 603 ਹਿਜਰੀ (1208 ਈਸਵੀ) ਵਿੱਚ ਹੋਇਆ। ਉਸ ਦਾ ਨਾਂ ਸ਼ਮਸੁੱਦੀਨ ਮੁਹੰਮਦ ਸੀ ਤੇ ਉਹ 'ਤਬਰੇਜ਼' ਦਾ ਵਸਨੀਕ ਸੀ। ਇਸ ਨੇ ਇਹ ਆਖ ਕੇ ਮੁਰਦੇ ਨੂੰ ਜਿਉਂਦਾ ਕਰ ਦਿੱਤਾ ਸੀ ਕਿ 'ਮੇਰੇ ਹੁਕਮ ਨਾਲ ਉੱਠ ਖੜ੍ਹਾ ਹੋ!' ਇਸ ਅਪਰਾਧ ਕਾਰਨ 645 ਹਿਜਰੀ (1250 ਈਸਵੀ) ਵਿੱਚ ਅਲਾਉੱਦੀਨ ਮਹਿਮੂਦ ਨੇ ਇਸ ਦੀ ਖੱਲ ਉਤਰਵਾ ਕੇ ਖੂਹ ਵਿੱਚ ਸਿਟਵਾ ਦਿੱਤਾ ਸੀ। ਇਸ ਬਾਰੇ ਮਸ਼ਹੂਰ ਹੈ ਕਿ ਮੱਛੀ ਜਾਂ ਬੈਲ ਦਾ ਮਾਸ ਭੁੰਨਣ ਲਈ ਸੂਰਜ, ਹੇਠਾਂ ਉਤਰ ਆਇਆ ਸੀ। 'ਮਹਾਨਕੋਸ਼' (ਪੰਨਾ 158) ਅਨੁਸਾਰ, ਭਾਈ ਸੰਤੋਖ ਸਿੰਘ ਨੇ ਇਨ੍ਹਾਂ ਦੋਹਾਂ ਸੰਤਾਂ ਦੀ ਕਥਾ ਰਲਗੱਡ ਕਰ ਦਿੱਤੀ ਹੈ।

(*2) ਇੱਥੇ 'ਸ਼ਮਸ ਤਬਰੇਜ਼' ਦੀ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ, ਵਾਰਤਾਲਾਪ ਹੋਈ ਦਿਖਲਾਈ ਗਈ ਹੈ। ਪ੍ਰੰਤੂ 'ਮਹਾਨਕੋਸ਼' ਅਨੁਸਾਰ ਦੋਵੇਂ 'ਸ਼ਮਸ ਤਬਰੇਜ਼', ਸਤਿਗੁਰੂ ਜੀ ਤੋਂ ਢੇਰ ਸਮਾਂ ਪਹਿਲੋਂ ਹੋ ਚੁੱਕੇ ਸਨ। ਇੱਕ ਦਾ ਜਨਮ ਗ਼ਜ਼ਨੀ ਵਿਖੇ ਤੇ ਦੂਜੇ ਦਾ ਜਨਮ 'ਤਬਰੇਜ਼' ਵਿਖੇ ਹੋਇਆ ਸੀ।

(*3) ਖ਼ਰਗੋਸ਼ ਦੇ ਸਿੰਗ, ਅਕਾਸ਼ ਅੰਦਰ ਉੱਗੀ ਹੋਈ ਵੇਲ ਅਤੇ 'ਹਰ ਚੰਦਉਰੀ ਨਗਰੀ' ਇਹ ਤਿੰਨੇ ਹੀ ਚੀਜ਼ਾਂ ਵਾਸਤਵਿਕ ਹੋਂਦ ਵਿੱਚ ਨਹੀਂ ਹੁੰਦੀਆਂ, ਇਹ ਮਿੱਥੀਆਂ ਹੋਈਆਂ ਹਨ।

(*4) 'ਆਦਮ' ਦੀ ਗੱਲ ਕਰਦਿਆਂ, ਆਮ ਤੌਰ 'ਤੇ 'ਆਦਮ-ਹੱਵਾ' ਦੀ, ਸਵਰਗਾਂ ਤੋਂ ਕੱਢੇ ਜਾਣ ਵਾਲੀ ਘਟਨਾ ਵੱਲ ਧਿਆਨ ਜਾਂਦਾ ਹੈ। ਪਰ ਇੱਥੇ ਖ਼ੁਦਾ ਨੂੰ ਪੁੱਜੇ ਹੋਏ ਵਲੀ 'ਇਬਰਾਹੀਮ ਅਦਹਮ' ਵੱਲ ਸੰਕੇਤ ਹੈ ਜੋ ਕਿ ਪਹਿਲੋਂ ਬਲਖ ਦਾ ਬਾਦਸ਼ਾਹ ਸੀ। ਫੇਰ ਉਹ ਫ਼ਕੀਰ ਬਣ ਗਿਆ ਸੀ। ਜੰਗਲ ਵਿੱਚੋਂ ਲੱਕੜੀਆਂ ਲਿਆ ਕੇ ਵੇਚਦਾ ਤੇ ਆਪਣਾ ਜੀਵਨ-ਨਿਰਬਾਹ ਕਰਦਾ।...

(ਓਰੀਐਂਟਲ ਬਾਇਓਗਰਾਫੀਕਲ ਡਿਕਸ਼ਨਰੀ, ਪੰਨਾ 171)

(*5) 'ਮਹਾਨਕੋਸ਼' ਦੇ ਕਰਤਾ ਅਨੁਸਾਰ ਪਰਸਿੱਧ ਸੂਫ਼ੀ ਫ਼ਕੀਰ 'ਮਨਸੂਰ' ਈਰਾਨ ਦੇਸ਼ ਦੇ ਨਗਰ 'ਬੈਜ਼ੇ' ਵਿੱਚ ਪੈਦਾ ਹੋਇਆ ਸੀ। ਇਸ ਨੂੰ 'ਅਨਲਹੱਕ' ਕਹਿਣ ਪਿੱਛੇ 'ਖ਼ਲੀਫ਼ਾ ਮੁਕਤਦਿਰ' ਦੁਆਰਾ 26 ਮਾਰਚ ਸੰਨ 922 (309 ਹਿਜਰੀ) ਵਿੱਚ ਸੂਲੀ ਚੜ੍ਹਾ ਦਿੱਤਾ ਗਿਆ ਸੀ। ਇੱਥੇ, 'ਨਾਨਕ-ਪ੍ਰਕਾਸ਼' ਦੇ ਪਾਠ ਅਨੁਸਾਰ 'ਮਨਸੂਰ' ਰੂਮ (ਰੋਮ) ਦੇਸ਼ ਦਾ ਜੰਮਪਲ ਸੀ। ਸੂਲੀ ਚੜ੍ਹਾਉਣ ਮਗਰੋਂ, ਉਸ ਦੀ ਰਾਖ ਚੱਖਣ ਦੇ ਕਾਰਨ, ਸੂਲੀ ਚੜ੍ਹਾਉਣ ਵਾਲੇ ਮੌਲਵੀ ਦੀ ਪੁੱਤਰੀ ਦੇ ਗਰਭਵਤੀ ਹੋ ਜਾਣ 'ਤੇ 'ਸ਼ਮਸ ਤਬਰੇਜ਼' ਦਾ ਜਨਮ ਹੋਇਆ ਸੀ, ਜੋ ਕਿ ਖ਼ੁਦ 'ਅਨਲਹੱਕ' ਦਾ ਪੁਜਾਰੀ ਬਣਿਆ। ਇਸ ਕਥਾ ਦੇ ਅਨੁਸਾਰ ਇਉਂ ਜਾਪਦਾ ਹੈ ਜਿਵੇਂ 'ਸ਼ਮਸ-ਤਬਰੇਜ਼' ਦੇ ਰੂਪ ਵਿੱਚ 'ਮਨਸੂਰ' ਦਾ ਹੀ ਪੁਨਰਜਨਮ ਹੋ ਗਿਆ ਹੋਵੇ।

SikhBookClub.Com

ਅਧਜਾਯ ਅਠੱਤੀਵਾਂ

(ਸ਼ਬਦ ਮਹਿਮਾਂ। ਸ਼ਹੁ ਸੁਹਾਗਨ, ਬਾਲ ਗੁੰਦਾਈ, ਮੂਲਾ)

ਦੋਹਰਾ

ਸਤਿਗੁਰ ਸਬਦ ਸਹਾਇ[1] ਲੇ ਨਾਮ ਜਪਨ ਹਥਿਯਾਰ।
ਮਨ ਰਿਪੁ[2] ਜੀਤੈਂ ਮਨੁਜ ਜੇ ਦੈ ਲੋਕਨ ਸੁਖ [3] ਸਾਰ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸੁਨੋ ਕਥਾ ਪੁਨ ਫੇਰੂ ਨੰਦਨ! ਮਾਰਗ ਚਲਤਜੋ ਕਲੁਖ ਨਿਕੰਦਨ।
ਸ਼ਮਸ[4] ਕਹਾਣੀ ਸਰਬ ਸੁਨਾਈ । ਗਮਨਤ ਪਹੁੰਚਤ ਭੇ ਇਕ ਜਾਈ ॥੨॥

ਜਹਿਂ ਫਕੀਰ ਕੋ ਲੁਟ ਗਜੋ ਮੇਲਾ । ਨਿੰਦਾ ਪ੍ਰਗਟੀ ਭਯੋ ਦੁਹੇਲਾ[5]।
ਗਯੋ ਪਖੰਡ ਉਘਰ ਸਭ ਪਾਜਾ[6] । ਲੋਕਨ ਬਿਖੈ ਅਧਿਕ ਸੋ ਲਾਜਾ[7] ॥੩॥

ਤਿਹ ਕੋ ਕਰਨ ਕ੍ਰਿਤਾਰਥ ਫੇਰਾ । ਗਏ ਗੁਰੂ ਸੋ ਦੁਖੀਆ ਹੇਰਾ।
ਤਿਸੀ ਤੀਅ ਕੈ ਕੀਨੋ ਡੇਰਾ । ਜਾਵਤ ਕੀਨੋ ਜਹਾਂ ਬਸੇਰਾ॥੪॥

ਚੰਦਰਾਤ ਪੁਨ ਤਾਂ ਦਿਨ ਸੋਈ।ਮੇਲਾ ਤਾਂ ਕੇ ਭਯੋ ਨ ਕੋਈ।
ਅਸ ਪਿਖ ਉਪਜੀ ਕਰੁਨਾ[8] ਭਾਰੀ।ਬੂਝਨ ਕੀਨ ਬ੍ਰਿਥਾ ਸੋ ਨਾਰੀ॥੫॥

ਦੋਹਰਾ

'ਸ਼ਹੁ ਸੋਹਾਗਣ ਜਹਿਂ ਹੁਤੋ ਮੇਲਾ ਭਯੋ ਨ ਤਾਂਹਿ।
ਰਹਤ ਇਹਾਂ ਕੈਧੋਂ[9] ਨਹੀਂ?ਮਾਨਵ ਮਾਨਹਿਂ[10] ਜਾਹਿਂ'॥੬॥

ਚੌਪਈ

ਤੀਯ ਕਹੈ 'ਤਿਹ ਝੂਠ ਸਮਾਜਾ[11]।ਉਘਰ ਗਯੋ ਜੋ ਕੀਨੋ ਪਾਜਾ।
ਸੇਮਰ[12] ਫਲ ਜਿਮ ਤਾਹਿਂ ਬਨਾਉ।ਪਾਕੇ ਤੇ ਸੋ ਤੂਲ[13] ਉਡਾਉ'॥੭॥

SikhBookClub.Com

ਅਧਿਆਇ ਅਠੱਤੀਵਾਂ

(ਸ਼ਹੁ ਸੁਹਾਗਣ, ਬਾਲ ਗੁੰਦਾਈ ਅਤੇ ਮੂਲਾ ਪ੍ਰਸੰਗ)

ਦੋਹਰਾ

ਜੋ ਮਨੁੱਖ, ਗੁਰੂ ਦੇ ਉਪਦੇਸ਼ ਦੀ ਸਹਾਇਤਾ[1] ਨਾਲ, 'ਨਾਮ-ਸਿਮਰਨ' ਰੂਪੀ ਹਥਿਆਰ ਵਰਤ ਕੇ, ਮਨ ਰੂਪੀ ਵੈਰੀ[2] ਨੂੰ ਜਿੱਤ ਲੈਂਦੇ ਹਨ, ਉਹ ਦੋਵੇਂ ਲੋਕਾਂ (ਲੋਕ ਅਤੇ ਪਰਲੋਕ) ਤੋਂ ਪਰਮਪਦ[3] ਪ੍ਰਾਪਤ ਕਰ ਲੈਂਦੇ ਹਨ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਫੇਰੂ ਜੀ ਦੇ ਸਪੁੱਤਰ (ਗੁਰੂ ਅੰਗਦ ਦੇਵ) ਜੀਓ! ਫੇਰ ਤੁਸੀਂ ਅਗਲੀ ਕਥਾ ਸੁਣੋ। ਪਾਪਾਂ ਦੇ ਨਾਸ਼-ਕਰਤਾ (ਗੁਰੂ ਨਾਨਕ ਜੀ) ਨੇ ਰਾਹ ਵਿੱਚ ਚਲਦਿਆਂ-ਚਲਦਿਆਂ ਸ਼ਮਸ-ਤਬਰੇਜ਼[4] ਦੀ ਸਾਰੀ ਕਹਾਣੀ ਸੁਣਾਈ ਸੀ ਅਤੇ ਚੱਲਦੇ ਹੋਏ ਉਹ ਇੱਕ (ਅਜਿਹੀ) ਥਾਂ ਜਾ ਪੁੱਜੇ ॥੨॥

ਜਿੱਥੇ ਇੱਕ ਫ਼ਕੀਰ ਨੂੰ ਮੇਲੇ ਨੇ ਲੁੱਟ ਲਿਆ ਸੀ। ਉਸ ਦੀ ਬਦਨਾਮੀ ਹੋ ਗਈ (ਜਿਸ ਕਰਕੇ ਉਹ) ਦੁਖੀ[5] ਹੋ ਗਿਆ ਸੀ। (ਉਸ ਦੇ) ਪਖੰਡ ਦਾ ਸਾਰਾ ਭੇਤ[6] ਉਘੜ ਗਿਆ ਸੀ ਤੇ ਲੋਕਾਂ ਵਿੱਚ ਉਹ ਬਹੁਤ ਸ਼ਰਮਿੰਦਾ[7] ਹੋਇਆ ਸੀ। ॥੩॥

ਉਸ ਨੂੰ ਦੁਖੀ ਵੇਖ ਕੇ, ਗੁਰੂ ਜੀ ਮੁੜ ਕੇ ਉਸ 'ਤੇ ਕਿਰਪਾ ਕਰਨ ਲਈ ਗਏ ਅਤੇ ਉਨ੍ਹਾਂ ਨੇ ਉਸੇ ਬੁੱਢੀ ਮਾਈ ਦੇ ਘਰ ਨਿਵਾਸ ਕੀਤਾ, ਜਿਥੇ ਪਹਿਲਾਂ ਵੀ ਆ ਕੇ ਆਪਣਾ ਟਿਕਾਣਾ ਰੱਖਿਆ ਸੀ। ॥੪॥

ਉਸ ਦਿਨ ਫੇਰ ਉਹੋ ਚੰਦ-ਰਾਤ ਸੀ ਪਰ ਸ਼ਹੁ ਸੁਹਾਗਣ ਦਾ ਮੇਲਾ ਨਹੀਂ ਲੱਗਿਆ। ਇਵੇਂ ਦੀ ਹਾਲਤ ਵੇਖ ਕੇ (ਗੁਰੂ ਜੀ ਨੂੰ) ਬਹੁਤ ਜ਼ਿਆਦਾ ਦਇਆ[8] ਆਈ ਅਤੇ ਸ਼ਹੁ ਸੁਹਾਗਣ ਦਾ ਹਾਲ ਜਾਣਨ ਲਈ, ਉਸ ਮਾਈ ਕੋਲ (ਗੁਰੂ ਜੀ ਨੇ) ਪ੍ਰਸ਼ਨ ਕੀਤਾ। ॥੫॥

ਦੋਹਰਾ

"ਜੋ ਸ਼ਹੁ-ਸੁਹਾਗਣ ਦਾ ਮੇਲਾ ਭਰਦਾ ਹੁੰਦਾ ਸੀ, ਉਹ ਕਿਉਂ ਨਹੀਂ ਲੱਗਿਆ? ਸ਼ਹੁ ਸੁਹਾਗਣ ਦੀ ਲੋਕਾਂ ਵਿੱਚ ਬਹੁਤ ਮਾਨਤਾ[10] ਸੀ, ਉਹ (ਕੀ) ਇਥੇ ਰਹਿੰਦਾ ਵੀ ਹੈ [9]ਜਾਂ ਨਹੀਂ?" ॥੬॥

ਚੌਪਈ

ਇਸਤਰੀ ਨੇ ਕਿਹਾ, "ਉਸ ਦਾ ਪਸਾਰਾ[11] ਝੂਠਾ ਸੀ, ਉਸ ਦਾ ਰਚਿਆ ਪਖੰਡ ਪਰਗਟ ਹੋ ਗਿਆ ਸੀ। ਜਿਵੇਂ ਸਿੰਬਲ[12] ਦਾ ਫਲ ਹੁੰਦਾ ਹੈ, ਇਉਂ ਉਸ ਦੀ ਬਣਾਵਟ ਸੀ। ਉਸ (ਸਿੰਬਲ) ਦੇ (ਫਲ) ਪੱਕਣ 'ਤੇ ਉਸ ਦੀ ਜਿਵੇਂ ਰੂੰ[13] ਉੱਡ ਜਾਂਦੀ ਹੈ (ਤਿਵੇਂ ਉਸ ਦਾ ਪੋਲ ਖੁੱਲ੍ਹ ਗਿਆ)" ॥੭॥

SikhBookClub.Com

ਅਸ ਸੁਨਕੈ ਬੇਦੀ ਕੁਲਕੇਤਾ । ਬੈਠੇ ਤਹਿਂ ਤਿਯ ਵਹਿਰ ਨਿਕੇਤਾ।
ਲੂਲਾ ਕਰ ਪਗ ਤੇ ਤਿਹ ਕਾਲਾ । ਆਯੋ ਇਕ ਅਵਿਲੋਕ ਦਯਾਲਾ॥੮॥

ਦਰਸ਼ਨ ਦਰਸੇ ਭੇ ਪਦਪਾਨਾ । ਅਤਿ ਸੁੰਦਰ ਹੋਯੋ ਸਵਿਧਾਨਾ[1]।
ਹਾਥ ਬੰਦ ਸੋ ਖਰਾ ਅਗਾਰੀ[2]।ਹੋਇ ਦੀਨ[3] ਮੁਖ ਗਿਰਾ ਉਚਾਰੀ॥੯॥

'ਰਾਵਰ ਕੇ ਦਰਸ਼ਨ ਤਨ ਮੇਰਾ । ਭਾ ਅਰੋਗ ਦੁਖ[4] ਕਟਯੋ ਘਨੇਰਾ।
ਮੋ ਤੇ ਸੰਗ ਨ ਛੋਡਯੋ ਜਾਈ । ਰਾਖਹੁ ਅਬ ਅਪਨੀ ਸ਼ਰਨਾਈ[5]'॥੧੦॥

ਸੁਨ ਮੁਸ਼ਕਾਂਨੇ ਕ੍ਰਿਪਾ ਨਿਧਾਨਾ।ਤਿਹ ਸੋਂ ਇਸ ਬਿਧਿ ਬਚਨ ਬਖਾਨਾ।
'ਨਗਰ ਬਿਖੈ ਬੂਝੇ ਜੇ ਕੋਊ।— ਕਿਸ ਬਿਧਿ ਤੇਰੇ ਕਰ ਪਗ ਹੋਊ?—॥੧੧॥

ਕਹੀਐ — ਸ਼ਹੁ ਸੋਹਾਗਣ ਦੀਨਾ।ਲੂਲੇ ਤੇ ਕਰ ਪਗ ਸ਼ੁਭ ਕੀਨਾ—।'
ਆਇਸੁ ਮਾਨ ਗੁਰੂ ਕੀ ਸੋਊ।ਗਯੋ ਨਗਰ,ਬੂਝੈ ਜੇ ਕੋਊ॥੧੨॥

'ਲੂਲੇ[6] ਤੈਂ ਕਰ ਪਗ ਕਿਤ ਪਾਏ?'। ਸੋ ਸੁਨ ਤਾਂਕੋ ਦੇਤ ਬਤਾਏ।
'ਸ਼ਹੁ ਸੋਹਾਗਣਿ ਕਰੁਣਾ ਕੀਨੀ । ਦੇਹ ਅਰੋਗ ਤੁਰਤ ਕਰ ਦੀਨੀ'॥੧੩॥

ਸੁਨਕੈ ਲੋਕਨ ਅਚਰਜ ਮਾਨਾ । ਸਗਲੇ ਪੁਰ ਤਿਨ ਕੀਨ ਪਯਾਨਾ।
ਕਹਿਤ ਕਹਿਤ ਤਿਹ ਕੇ ਢਿਗ ਆਯੋ।ਸ਼ਹੁ ਸੋਹਾਗਣਿ ਜੌਨ ਕਹਾਯੋ॥੧੪॥

ਸੁਨ ਕਰ ਬੂਝਤ 'ਕਿਹ ਥਲ[7] ਸੋਊ?।ਜਾਂਹਿ ਤੋਰ ਦੁਖਦੀਨੋ ਖੋਊ[8]'।
ਕਹੈ ਸੁ'ਚਲੋ ਮੋਰ ਤੁਮ ਸੰਗਾ।ਦਰਸਾਵੋਂ ਜਿਹ ਕਿਯ ਦੁਖ ਭੰਗਾ'॥੧੫॥

ਸ਼ਹੁ ਸੋਹਾਗਣ ਅਚਰਜ ਮਾਨਯੋ । ਦਰਸ਼ਨ ਕਰਨੇ ਹੇਤ ਲੁਭਾਨਯੋ[9]।
ਸੰਗ ਚਲਯੋ ਸ੍ਰੀ ਗੁਰ ਢਿਗ ਆਏ।ਦ੍ਵੈ ਲੋਚਨ ਮਹਿਂ ਕਰੁਣਾ ਛਾਏ[10] ॥੧੬॥

SikhBookClub.Com

ਇਹ ਸੁਣ ਕੇ ਬੇਦੀ ਕੁਲ ਦੇ ਨਿਸ਼ਾਨ ਗੁਰੂ ਜੀ ਉਸ ਬਿਰਧ ਔਰਤ ਦੇ ਘਰੋਂ ਬਾਹਰ ਜਾ ਬੈਠੇ। ਉਸੇ ਸਮੇਂ ਦਿਆਲੂ ਗੁਰੂ ਜੀ ਨੂੰ ਵੇਖ ਕੇ ਇੱਕ, ਹੱਥਾਂ ਅਤੇ ਪੈਰਾਂ ਤੋਂ ਲੂਲ੍ਹਾ ਆਦਮੀ ਉਥੇ ਆ ਗਿਆ। ॥੮॥

(ਗੁਰੂ ਜੀ ਦੇ) ਦਰਸ਼ਨ ਕਰਕੇ ਉਸ ਦੇ ਹੱਥ-ਪੈਰ ਠੀਕ ਹੋ ਗਏ। ਉਹ ਬਹੁਤ ਸੁੰਦਰ ਤੇ ਚੁਸਤ[1] ਬਣ ਗਿਆ। ਉਹ ਹੱਥ ਜੋੜ (ਗੁਰੂ ਜੀ ਦੇ) ਸਾਹਮਣੇ[2] ਖੜ੍ਹਾ ਹੋ ਗਿਆ ਅਤੇ ਨਿਮਾਣਾ[3] ਹੋ ਕੇ ਬੋਲਿਆ। ॥੯॥

"ਆਪ ਜੀ ਦੇ ਦਰਸ਼ਨ ਕਰਕੇ ਮੇਰਾ ਸਰੀਰ ਅਰੋਗ ਹੋ ਗਿਆ ਹੈ ਅਤੇ ਆਪ ਨੇ ਮੇਰਾ ਬਹੁਤ ਵੱਡਾ ਨਰਕ[4] ਕੱਟ ਦਿੱਤਾ ਹੈ। ਹੁਣ ਮੈਨੂੰ ਆਪਣੀ ਸ਼ਰਨ[5] ਵਿੱਚ ਰੱਖ ਲਵੋ। ਮੇਰੇ ਕੋਲੋਂ ਤੁਹਾਡਾ ਸਾਥ ਛੱਡਿਆ ਨਹੀਂ ਜਾਵੇਗਾ।" ॥੧੦॥

(ਉਸ ਦੀ ਗੱਲ ਸੁਣ ਕੇ) ਕਿਰਪਾ ਦੇ ਭੰਡਾਰ (ਗੁਰੂ ਜੀ) ਮੁਸਕਰਾਏ। ਉਸ ਨੂੰ ਇਸ ਪ੍ਰਕਾਰ ਆਖਿਆ, "ਜੇਕਰ ਨਗਰ ਵਿੱਚ ਤੈਨੂੰ ਕੋਈ ਪੁੱਛੇ - ਤੇਰੇ ਹੱਥ-ਪੈਰ ਕਿਸ ਤਰ੍ਹਾਂ ਠੀਕ ਹੋਏ ਹਨ ? ॥੧੧॥

ਕਹਿ ਦੇਵੀਂ -ਸ਼ਹੁ ਸੁਹਾਗਣ ਨੇ ਦਿੱਤੇ ਹਨ, ਜਿਸ ਨੇ ਮੇਰੇ ਲੂਲ੍ਹੇ ਲੰਗੜੇ ਦੇ ਹੱਥ-ਪੈਰ ਠੀਕ ਕੀਤੇ ਹਨ-।" ਉਹ ਗੁਰੂ ਜੀ ਦੀ ਆਗਿਆ ਮੰਨ ਕੇ ਨਗਰ ਵਿੱਚ ਗਿਆ। ਜੇਕਰ ਉਸ ਨੂੰ ਕੋਈ ਪੁੱਛੇ ॥੧੨॥

"ਓਏ ਲੰਗੜੇ[6]! ਤੂੰ ਹੱਥ-ਪੈਰ ਕਿਵੇਂ ਪ੍ਰਾਪਤ ਕੀਤੇ ਹਨ?" ਤਾਂ ਉਹ ਸੁਣ ਕੇ ਦੱਸ ਦਿੰਦਾ, "ਸ਼ਹੁ-ਸੁਹਾਗਣ ਨੇ ਮੇਰੇ 'ਤੇ ਕਿਰਪਾ ਕੀਤੀ ਹੈ। ਉਸ ਨੇ ਹੀ ਮੇਰਾ ਸਰੀਰ ਤੁਰੰਤ ਅਰੋਗ ਕਰ ਦਿੱਤਾ ਹੈ।" ॥੧੩॥

ਲੋਕੀਂ ਸੁਣ-ਸੁਣ ਕੇ ਹੈਰਾਨ ਹੁੰਦੇ। ਉਸ ਲੂਲ੍ਹੇ ਨੇ ਸਾਰੇ ਨਗਰ ਵਿੱਚ ਘੁੰਮ-ਫਿਰ ਕੇ ਚੱਕਰ ਲਗਾਇਆ। ਕਹਿੰਦਾ-ਕਹਿੰਦਾ ਉਹ ਉਸੇ ਵਿਅਕਤੀ ਕੋਲ ਪਹੁੰਚ ਗਿਆ ਜੋ (ਆਪਣੇ-ਆਪ ਨੂੰ) ਸ਼ਹੁ ਸੁਹਾਗਣ ਅਖਵਾਉਂਦਾ ਸੀ। ॥੧੪॥

(ਇਉਂ) ਸੁਣ ਕੇ ਉਹ (ਅਸਲੀ ਸ਼ਹੁ ਸੁਹਾਗਣ) ਪੁੱਛਣ ਲੱਗਿਆ, "ਉਹ (ਸ਼ਹੁ ਸੁਹਾਗਣ) ਕਿੱਥੇ[7] ਹੈ? ਜਿਸ ਨੇ ਤੇਰਾ ਦੁੱਖ-ਕਲੇਸ਼ ਮਿਟਾ[8] ਦਿੱਤਾ ਹੈ।" ਤਾਂ ਉਹ (ਲੂਲ੍ਹਾ) ਆਖਣ ਲੱਗਾ, "ਤੁਸੀਂ ਮੇਰੇ ਨਾਲ ਚੱਲੋ, ਮੈਂ ਦਿਖਾਵਾਂ, ਜਿਸ ਨੇ ਮੇਰਾ ਕਸ਼ਟ ਨਿਵਾਰਣ (ਦੂਰ) ਕੀਤਾ ਹੈ।" ॥੧੫॥

ਸ਼ਹੁ ਸੁਹਾਗਣ ਨੂੰ ਹੈਰਾਨਗੀ ਹੋਈ। ਦਰਸ਼ਨ ਕਰਨ ਲਈ ਮਨ ਲਲਚਾਇਆ[9]। (ਲੂਲ੍ਹੇ ਨਾਲ) ਚੱਲ ਕੇ (ਦੋਵੇਂ) ਗੁਰੂ ਜੀ ਕੋਲ ਆਣ ਪੁੱਜੇ। ਉਨ੍ਹਾਂ (ਗੁਰੂ ਜੀ) ਦੇ ਦੋਵੇਂ ਨੇਤਰਾਂ ਤੇ ਕਿਰਪਾ ਦ੍ਰਿਸ਼ਟੀ ਛਾਈ[10] ਹੋਈ ਸੀ ॥੧੬॥

SikhBookClub.Com

ਦੋਹਰਾ

ਸ਼ਹੁ ਸੋਹਾਗਣਿ ਦਰਸ ਕਰ ਜਾਨੇ-ਸੋ ਦਰਵੇਸ਼[1] ।
ਦਰਪਰ ਮੇਰੇ ਜੋ ਮੁਰੇ ਸੋ ਖ਼ੁਦਾਇ ਜਗਤੇਸ਼[2]॥੧੭॥

ਚੌਪਈ

ਮੋਰ ਪਖੰਡ ਤਜਾਵਨ ਆਯੋ —।ਇਸ ਬਿਧਿ ਜਾਨ ਚਰਨ ਲਪਟਾਯੋ।
ਦੀਨ ਭਯੋ ਨ ਉਠਾਵਤ ਸੀਸਾ[3] । ਕਰਤ ਬਿਨੈ 'ਤੁਮ ਹੋ ਜਗਤੀਸ਼ਾ॥੧੮॥

ਅਫਵਲ[4] ਗੁਨਹਿ[5] ਕਰੋ ਅਬ ਮੇਰਾ । ਹੋ ਸਾਹਿਬ[6], ਮੈਂ ਰਾਵਰ ਚੇਰਾ[7]।
ਹੌਂ ਅਧਮੰ[8] ਤੂੰ ਅਧਮ ਉਧਾਰਨ[9] । ਭਾ ਅਵਤਾਰ ਜਗਤ ਕੋ ਤਾਰਨ॥੧੯॥

ਆਪ ਛਪਾਇ ਮੁਝੈ ਬਡਿਆਈ । ਤੁਮ ਦੇਵਤ[10] ਇਹ ਬਿਰਦ[11] ਸਦਾਈ'।
ਗੁਰੂ ਕਹੈਂ 'ਐਸੇ ਅਬ ਜਾਨਹੁ । ਸ਼ਹੁ[12] ਰਵਿਆ ਸਭ ਮਾਂਹਿ ਪਛਾਨਹੁ॥੨੦॥

ਦੋਹਰਾ

ਸਭ ਕੌ ਦਰਸ਼ਨ ਦੀਜੀਏ ਸਭ ਕੌ ਦਰਸ਼ਨ ਲੇਹੁ।
ਸਦਾ ਬੰਦਗੀ ਕੀਜੀਏ ਮਨ ਖ਼ੁਦਾਇ ਮੈਂ ਦੇਹੁ'॥੨੧॥

ਚੌਪਈ

ਮਾਨੇ ਹਿਤ ਸੋਂ ਗੁਰਕੇ ਬੈਨਾ।ਸੋ ਬਖ਼ਸ਼ਾਇ ਗਯੋ ਨਿਜ ਐਨਾ।
ਭਯੋ ਮੁਰੀਦ ਗੁਰੂ ਕਾ ਸੋਈ।ਨਗਰ ਬਿਖੈ ਮਨਤਾ[13] ਪੁਨਿ ਹੋਈ॥੨੨॥

ਲੂਲਾ ਕਹਿਤ ਭਯੋ ਸਭ ਥਾਏਂ।'ਸ਼ਹੁ ਸੋਹਾਗਣ ਤੇ ਪਗ ਪਾਏ'।
ਸਰਬ ਲੋਕ ਤਬ ਨਿਸ਼ਚਾ ਕੀਨੋ।— ਸ਼ਹੁ ਆਵਤ ਇਸ ਢਿਗ — ਮਨ ਚੀਨੋ॥੨੩॥

ਪੁਨ ਝੰਡੇ ਰਾਖੇ ਨਿਜ ਥਾਨਾ।ਨੌਬਤ[14] ਬਾਜਨ ਲਗੇ ਨਿਸ਼ਾਨਾ।
ਲਗਨੇ ਲਗਯੋ ਬਡੋ ਤਹਿਂ ਮੇਲਾ । ਚਹੁਦਿਸ ਤੇ ਤਬ ਹੋਇ ਸਕੇਲਾ[15] ॥੨੪॥

SikhBookClub.Com

ਦੋਹਰਾ

ਸ਼ਹੁ ਸੁਹਾਗਣ ਨੇ (ਗੁਰੂ ਜੀ ਦੇ) ਦਰਸ਼ਨ ਕਰਕੇ ਜਾਣ ਲਿਆ -ਇਹ ਤਾਂ ਉਹੋ ਫ਼ਕੀਰ[1] ਹਨ ਜੋ ਮੇਰੇ ਦਰਵਾਜ਼ੇ ਤੋਂ ਆਣ ਕੇ ਵਾਪਸ ਮੁੜੇ ਸਨ। ਇਹ ਤਾਂ ਜਗਤ ਦੇ ਮਾਲਕ[2] (ਗੁਰੂ ਜੀ) ਖ਼ੁਦਾ ਦਾ ਰੂਪ ਹੀ ਹਨ ॥੧੭॥

ਚੌਪਈ

(ਉਹ ਤਾਂ) ਮੇਰਾ ਪਖੰਡ ਛੁਡਾਉਣ ਲਈ ਆਏ ਸਨ-। ਇਸ ਪ੍ਰਕਾਰ ਜਾਣ ਕੇ ਉਹ (ਗੁਰੂ ਜੀ ਦੇ) ਚਰਨ-ਕਮਲਾਂ ਨੂੰ ਲਿਪਟ ਗਿਆ। ਨਿਮਾਣਾ ਜਿਹਾ ਹੋ ਕੇ (ਆਪਣਾ) ਸਿਰ[3] ਉਪਰ ਹੀ ਨਾ ਚੁੱਕੇ। (ਸਗੋਂ) ਬੇਨਤੀ ਕਰੀ ਜਾਵੇ, "ਤੁਸੀਂ ਜਗਤ ਦੇ ਮਾਲਕ ਹੋਂ ॥੧੮॥

ਹੁਣ ਮੇਰਾ ਗੁਨਾਹ[5] ਮੁਆਫ[4] ਕਰ ਦਿਉ। ਤੁਸੀਂ ਮਾਲਕ[6] ਹੋ, ਮੈਂ ਦਾਸ (ਸੇਵਕ)[7] ਹਾਂ। ਮੈਂ ਨੀਚ[8] ਹਾਂ ਅਤੇ ਤੁਸੀਂ ਨੀਚਾਂ ਦੇ ਤਾਰਨਹਾਰ[9] ਹੋ। (ਤੁਸੀਂ) ਸੰਸਾਰ ਨੂੰ ਤਾਰਨ ਲਈ ਜਨਮ ਧਾਰਨ ਕੀਤਾ ਹੈ। ॥੧੯॥

ਤੁਸੀਂ (ਆਪਣਾ-ਆਪ) ਛੁਪਾ ਕੇ ਮੈਨੂੰ ਵਡਿਆਈ ਦਿਵਾਈ ਹੈ। ਤੁਸੀਂ ਦਾਤੇ[10] ਹੋ ! ਇਹੋ ਤੁਹਾਡੀ ਮਰਯਾਦਾ[11] ਹੈ।" ਗੁਰੂ ਜੀ ਨੇ ਆਖਿਆ, "ਹੁਣ ਇਹ ਜਾਣ ਲਵੋ ਕਿ ਪਰਮਾਤਮਾ[12] ਸਾਰਿਆਂ ਵਿੱਚ ਸਮਾਇਆ ਹੋਇਆ ਹੈ। ॥੨੦॥

ਦੋਹਰਾ

ਸਭਨਾਂ ਨੂੰ ਦਰਸ਼ਨ ਦਿਉ ਅਤੇ ਸਾਰਿਆਂ ਦੇ ਦੀਦਾਰ (ਵੀ) ਕਰੋ। ਮਨ ਨੂੰ ਖ਼ੁਦਾ ਵਿੱਚ ਲੀਨ ਕਰਕੇ ਹਮੇਸ਼ਾ ਉਸ ਪ੍ਰਭੂ ਦੀ ਭਗਤੀ ਕਰੋ।" ॥੨੧॥

ਚੌਪਈ

ਉਸ ਨੇ ਗੁਰੂ ਜੀ ਦੇ ਬਚਨਾਂ ਨੂੰ ਪ੍ਰੇਮ ਸਹਿਤ ਮੰਨ ਲਿਆ ਅਤੇ ਬਖ਼ਸ਼ਿਸ਼ ਪ੍ਰਾਪਤ ਕਰਕੇ ਆਪਣੇ ਟਿਕਾਣੇ (ਤੇ) ਚਲਾ ਗਿਆ। ਉਹ ਗੁਰੂ ਜੀ ਦਾ ਸੇਵਕ ਬਣ ਗਿਆ। ਉਸ ਨਗਰ ਵਿੱਚ ਫੇਰ ਉਸ ਦੀ ਮਾਨਤਾ[13] ਹੋਣ ਲੱਗ ਪਈ। ॥੨੨॥

(ਉਹ) ਲੂਲ੍ਹਾ ਸਭ ਥਾਂਈਂ ਇਹੋ ਕਹਿੰਦਾ ਰਿਹਾ, "ਮੈਂ ਸ਼ਹੁ ਸੁਹਾਗਣ (ਦੀ ਕਿਰਪਾ ਸਦਕਾ) ਪੈਰ ਪ੍ਰਾਪਤ ਕੀਤੇ ਹਨ।" ਸਾਰੇ ਲੋਕਾਂ ਨੂੰ ਉਸ ਵੇਲੇ ਭਰੋਸਾ ਹੋ ਗਿਆ। ਮਨ ਵਿੱਚ ਸੋਚਿਆ -ਇਸ ਕੋਲ ਪਰਮੇਸ਼ਰ (ਭਾਵ ਸ਼ਹੁ) ਆਉਂਦਾ ਹੈ-। ॥੨੩॥

ਉਸ ਨੇ ਆਪਣੇ ਟਿਕਾਣੇ (ਡੇਰੇ) 'ਤੇ ਮੁੜ ਝੰਡੇ ਗੱਡ ਦਿੱਤੇ। ਨਿਸ਼ਾਨੀ ਵਜੋਂ ਨਗਾਰਾ[14] ਫੇਰ ਵੱਜਣ ਲੱਗ ਪਿਆ । ਪਹਿਲਾਂ ਵਾਂਗ ਹੀ ਉੱਥੇ ਫੇਰ ਵੱਡਾ ਮੇਲਾ ਲੱਗਣ ਲੱਗ ਪਿਆ ਅਤੇ ਚਾਰੇ ਦਿਸ਼ਾਵਾਂ ਤੋਂ ਲੋਕ ਇਕੱਤਰ[15] ਹੁੰਦੇ। ॥੨੪॥

SikhBookClub.Com

ਦੋਹਰਾ

ਲੋਕ ਪਰਸਪਰ ਸਭ ਕਹੈਂ 'ਭੂਲੇ ਨਿੰਦ[1] ਉਚਾਰ ।
ਪੂਰਨ ਹੈ ਇਹ ਸੰਤ ਸੁਭ[2] ਸ਼ਹੁ ਆਵੈ ਜਿਸ ਦ੍ਵਾਰ॥੨੫॥

ਚੌਪਈ

ਜਿਹ ਕੇ ਘਰ[3] ਲੂਲੇ ਪਗ ਪਾਏ' । ਇਸ ਬਿਧਿ ਕਹ ਬਹੁ ਭੇਟ ਚਢਾਏ।
ਦੂਰ ਦੂਰ ਤੇ ਨਰ ਤਹਿਂ ਆਇ ।ਮਾਨਹਿਂ ਅੱਗ੍ਯਜ ਤੇ ਅਧਿਕਾਇ ॥੨੬॥

ਸ੍ਰੀ ਗੁਰ ਨਾਮ ਜਪਤ ਭਾ ਸੋਈ । ਯਾਂਤੇ ਪੂਜਾ ਬਹੁ ਜਗ ਹੋਈ।
ਅਪਨੋ ਪੰਥ[4] ਕਿਯੋ ਇਕ ਤਾਂਹੀ । ਬਾਂਧਤ ਜੇ ਘੁੰਗਰੂ ਪਗ ਮਾਂਹੀਂ ॥੨੭॥

ਗਰ ਮਹਿਂ ਮੌਰੀ[5] ਪਾਵਹਿਂ ਸੋਇ । ਬੇਖ ਚਲਜੋ ਜਗ ਪਰਗਟ ਹੋਇ।
ਇਸ ਬਿਧਿ ਕੀਨ ਕ੍ਰਿਤਾਰਥ ਤਾਂਹੀ।ਨਾਮ ਪਤਿਤ ਪਾਵਨ ਹੈ ਜਾਂਹੀ॥੨੮॥

ਦੋਹਰਾ

ਸ੍ਰੀ ਗੁਰ ਨਾਨਕ ਤੇ ਬਿਨਾ ਕਰੈ ਕੌਨ ਅਸਕਾਜ ।
ਤਾਰੇ ਨਰ ਕਲਿਕਾਲਿ ਮੈਂ[6] ਬਡੋ ਗਰੀਬਨਿਵਾਜ॥੨੯॥

ਚੌਪਈ

ਤਹਿਂ ਤੇ ਗਮਨੇ ਗੁਰੂ ਅਗਾਰੀ । ਨਰਨ ਉਧਾਰਨ ਪਰਉਪਕਾਰੀ।
ਜਹਿਂ ਟਿੱਲਾ ਹੈ ਬਾਲ ਗੁੰਦਾਈ[(*1)] । ਜੋਗੀ ਬਹੁਤ ਰਹਤਿ ਤਿਹ ਥਾਈਂ॥੩੦॥

ਦੋਹਰਾ

ਬਾਲ ਗੁੰਦਾਈ ਸਦਨ ਮਹਿਂ ਬਾਜਸਾਲ[7] ਮਹਿਂ ਬਾਜ[8]।
ਏਕ ਖਜ਼ਾਨਾਂ[9] ਚੀਰ ਕੋ ਪਰਉਪਕਾਰ ਕਿ ਕਾਜ॥੩੧॥

ਚੌਪਈ

ਉੱਤਮ ਭੋਜਨ ਸੋ ਬਨਵਾਵਹਿ । ਜੋ ਤਹਿਂ ਜਾਇ ਸਭਨ ਕੋ ਖ੍ਵਾਵਹਿ।
ਸੁੰਦਰ ਮੰਦਰ ਮਹਿਂ ਬਿਸਰਾਮਾ । ਨਗਨ[10] ਦੇਖ ਪਟ ਦੇ ਅਭਿਰਾਮਾ॥੩੨॥

SikhBookClub.Com

ਦੋਹਰਾ

ਉਹ ਆਖਦੇ, "ਇਸ ਦੀ ਨਿੰਦਾ[1] ਕਰਕੇ ਅਸੀਂ ਬਹੁਤ ਭੁੱਲ ਕੀਤੀ ਹੈ। ਇਹ ਤਾਂ ਪਵਿੱਤਰ[2] ਤੇ ਪੂਰਨ ਸੰਤ ਹੈ, ਜਿਸ ਦੇ ਦਰ 'ਤੇ ਪਰਮੇਸ਼ਰ ਆਉਂਦਾ ਹੈ। ॥੨੫॥

ਚੌਪਈ

ਜਿਸ ਦੇ ਘਰੋਂ (ਦਰ[3] ਤੋਂ) ਲੂਲ੍ਹੇ ਨੇ ਪੈਰ ਪ੍ਰਾਪਤ ਕੀਤੇ ਹਨ।" ਇਸ ਪ੍ਰਕਾਰ ਆਖਦੇ ਹੋਏ ਲੋਕੀਂ ਬਹੁਤ ਭੇਟਾਵਾਂ ਚੜ੍ਹਾਉਂਦੇ। ਉੱਥੇ ਦੂਰ-ਦੂਰ ਤੋਂ ਲੋਕ ਆਉਣ ਲੱਗ ਪਏ। ਪਹਿਲਾਂ ਨਾਲੋਂ ਵੀ ਬਹੁਤੀ ਮਾਨਤਾ ਹੋਣ ਲੱਗ ਪਈ। ॥੨੬॥

(ਉਹ) ਗੁਰੂ ਜੀ ਦਾ ਨਾਮ ਜਪਣ ਲੱਗ ਪਿਆ। ਇਸ ਕਰਕੇ ਸੰਸਾਰ ਵਿੱਚ ਉਸ ਦੀ ਬਹੁਤ ਪੂਜਾ ਹੋਣ ਲੱਗ ਪਈ। ਉਸ ਨੇ ਆਪਣਾ ਇੱਕ (ਵੱਖਰਾ) ਧਰਮ[4] ਚਲਾਇਆ, ਜੋ ਆਪਣੀ ਪਛਾਣ ਲਈ ਪੈਰਾਂ ਨੂੰ ਘੁੰਗਰੂ ਬੰਨ੍ਹ ਕੇ ਰੱਖਦੇ ਹਨ। ॥੨੭॥

(ਜੋ) ਗਲ ਵਿੱਚ ਮੌਲੀ[5] (ਦੀ ਅੱਟੀ) ਪਾ ਕੇ ਰੱਖਦੇ ਹਨ। ਇਸ ਲਿਬਾਸ (ਭੇਸ) ਦੇ ਪਹਿਨਣ ਕਰਕੇ ਉਨ੍ਹਾਂ ਦੀ ਜਗਤ ਵਿੱਚ ਬਹੁਤ ਮਾਨਤਾ ਹੋਈ। (ਗੁਰੂ ਜੀ ਨੇ) ਇਸ ਪ੍ਰਕਾਰ ਉਨ੍ਹਾਂ 'ਤੇ ਮਿਹਰ ਦੀ ਨਜ਼ਰ ਕੀਤੀ । (ਇਸ ਲਈ) ਆਪ (ਗੁਰੂ ਜੀ) ਜੀ ਦਾ ਨਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ॥੨੮॥

ਦੋਹਰਾ

ਗੁਰੂ ਨਾਨਕ ਜੀ ਤੋਂ ਬਿਨਾਂ ਪਰਉਪਕਾਰੀ-ਕੰਮ ਕੌਣ ਕਰਨ ਵਾਲਾ ਹੈ? ਦੀਨਾਂ 'ਤੇ ਦਇਆ ਕਰਨ ਵਾਲੇ (ਗੁਰੂ ਜੀ) ਨੇ ਕਲਜੁਗ ਵਿੱਚ[6] ਬਹੁਤ ਜੀਵਾਂ ਦਾ ਉਧਾਰ ਕੀਤਾ। ॥੨੯॥

ਚੌਪਈ

ਪਰਉਪਕਾਰ ਕਰਨ ਵਾਲੇ ਗੁਰੂ ਜੀ ਲੋਕਾਂ ਦਾ ਉਧਾਰ ਕਰਨ ਲਈ ਉਸ ਥਾਂ ਤੋਂ ਅਗਾਂਹ ਚੱਲ ਪਏ। ਜਿੱਥੇ 'ਬਾਲ-ਗੁੰਦਾਈ' ਦਾ ਟਿੱਲਾ ਹੈ, ਉਥੇ ਬਹੁਤ ਜੋਗੀ ਰਹਿੰਦੇ ਸਨ। ॥੩੦॥

ਦੋਹਰਾ

'ਬਾਲ-ਗੁੰਦਾਈ' ਦੇ ਡੇਰੇ ਦੇ ਤਬੇਲੇ[7] ਵਿੱਚ ਬਹੁਤ ਸਾਰੇ ਘੋੜੇ[8] ਸਨ। ਪਰਉਪਕਾਰ ਦੇ ਵਾਸਤੇ ਉੱਥੇ ਕੱਪੜਿਆਂ ਦਾ ਇੱਕ ਭੰਡਾਰ[9] ਸੀ। ॥੩੧॥

ਚੌਪਈ

ਉੱਥੇ ਬਹੁਤ ਸ੍ਰੇਸ਼ਟ ਭੋਜਨ ਬਣਵਾਇਆ ਜਾਂਦਾ ਸੀ, ਜਿਹੜਾ ਵੀ ਯਾਤਰੂ ਉੱਥੇ ਜਾਂਦਾ, ਸਭ ਨੂੰ ਹੀ ਖੁਆਇਆ ਜਾਂਦਾ ਸੀ । ਸੋਹਣੇ ਮੰਦਰ (ਮਹਿਲ) ਵਿੱਚ (ਉਸ) ਨੂੰ ਵਿਸਰਾਮ ਕਰਵਾਇਆ ਜਾਂਦਾ। ਨੰਗਾ[10] ਦੇਖ ਕੇ ਸੁੰਦਰ ਬਸਤਰ ਦਿੱਤੇ ਜਾਂਦੇ। ॥੩੨॥

SikhBookClub.Com

ਪੰਥ ਚਲਤ ਸ਼੍ਰਮ[1] ਜੋ ਹੁਇ ਜਾਵਹਿ । ਭੇਜ ਤੁਰੰਗ[2] ਤਾਂਹਿ ਚਢਵਾਵਹਿ।
ਨਿਤ ਉਪਕਾਰ ਕਰਨ ਅਭਿਲਾਖੀ। ਜਿਉਂ ਅਵਨੀ[3] ਪਰ ਸਫਲਿਓ ਸਾਖੀ[4] ॥੩੩॥

ਤਿਹ ਡੇਰੇ ਕੇ ਜਾਇ ਸਮੀਪਾ । ਬੈਠ ਰਹੇ ਬੇਦੀ ਕੁਲਦੀਪਾ।
ਬਾਲ ਗੁੰਦਾਈ ਜਬ ਸੁਧਿ ਹੋਈ।— ਵਹਿਰ ਅਤੀਤ[5] ਬੈਠ ਰਹੇ ਦੋਈ॥੩੪॥

ਨਹੀਂ ਅਗਾਰੀ ਆਵਤ ਸੋਊ —।ਜੋਗੀ ਤਬਹਿ ਬੁਲਾਏ ਦੋਊ।
ਕਹਯੋ ਤਿਨਹਿਂ ਕੋ 'ਆਨਹੁ ਜਾਈ' । ਪਹੁੰਚੇ ਸੋ ਸ੍ਰੀ ਗੁਰ ਜਿਹ ਥਾਈਂ॥੩੫॥

ਦੋਹਰਾ

'ਚਲਹੁ ਅਤੀਤੋ! ਉਠ ਅਬੈ ਬਾਲਗੁੰਦਾਈ ਥਾਂਨ।
ਬੈਠਨ ਕੋ ਮੰਦਰ ਭਲੇ ਸੁਖ ਸੋਂ ਹ੍ਵੈ ਗੁਜਰਾਂਨ'।੩੬।

ਚੌਪਈ

ਸ੍ਰੀ ਪ੍ਰਭੁ ਕਹਯੋ 'ਨ ਹਮ ਚਲ ਜਾਵਹਿਂ।ਜਹਿਂ ਬੈਠਹਿਂ ਤਹਿਂ ਰੈਨ ਬਿਤਾਵਹਿਂ।
ਚਹੀਏ ਨਿਤ ਅਤੀਤ ਕੋ ਐਸੀ। ਆਇ ਜੁ ਬਨਹਿ ਬਿਤਾਵਹਿ ਤੈਸੀ'॥੩੭॥

ਬਾਲਗੁੰਦਾਈ ਢਿਗ ਪੁਨਿ ਜਾਏ। ਜਾਇ ਬਤਾਯੋ 'ਨਹਿਂ ਸੋ ਆਏ'।
ਇਉਂ ਸੁਨ ਆਪ ਤਹਾਂ ਚਲ ਆਯੋ । ਜਿਹ ਥਲ ਬੈਠਯੋ ਪ੍ਰਭੂ ਸੁਹਾਯੋ॥੩੮॥

ਆਦਰ ਯੁਤ ਮੁਖ ਬਚਨ ਉਚਾਰੇ। 'ਚਲਹੁ ਅਤੀਤਹੁ ਸੰਗ ਹਮਾਰੇ।
ਆਵਤ ਮੇਘ ਘਟਾ ਬਰਖਾਵਹਿ[6]। ਮੰਦਰ ਮਹਿਂ ਸੁਖ ਨਿਸਾ ਬਿਹਾਵਹਿ[7]'॥੩੯॥

ਦੋਹਰਾ

ਸ੍ਰੀ ਗੁਰ ਕਹੈਂ 'ਅਤੀਤ ਹਮ ਜੈਸੇ ਬਨ ਹੈ ਆਇ।
ਦੁਖ ਸੁਖ ਸਮ ਉਰ ਜਾਨਕੈ ਸਮਾਂ ਦੇਤ ਗੁਜਰਾਇ॥੪੦॥

ਚੌਪਈ

ਕਹਿਂ ਕਹਿਂ ਮੰਦਰ ਖੋਜਤ ਫਿਰਹੀਂ । ਦੇਸ਼ ਬਿਦੇਸ਼ ਗਮਨ ਹਮ ਕਰਹੀਂ।
ਜਹਿਂ ਬੈਸਹਿਂ ਤਹਿਂ ਦੇਤ ਬਿਤਾਇ । ਹਮਰੋ ਮਤਾ[8] ਸਦਾ ਇਹ ਭਾਇ[9]'॥੪੧॥

SikhBookClub.Com

ਜੇਕਰ ਰਾਹ ਚੱਲਦਿਆਂ ਕੋਈ (ਰਾਹੀ) ਥੱਕ[1] ਜਾਂਦਾ ਤਾਂ ਘੋੜੇ[2] ਭੇਜ ਕੇ ਉਸ ਨੂੰ (ਉੱਪਰ) ਚੜ੍ਹਵਾ ਕੇ ਲਿਆਂਦਾ ਜਾਂਦਾ। ਉਨ੍ਹਾਂ ਨੂੰ ਹਮੇਸ਼ਾ ਨੇਕੀ ਕਰਨ ਦੀ ਚਾਹ ਬਣੀ ਰਹਿੰਦੀ, ਜਿਵੇਂ ਧਰਤੀ[3] ਉੱਤੇ ਬਿਰਛ[4] ਨੂੰ (ਫਲ ਦੇਣ ਦੀ) ਇੱਛਾ ਬਣੀ ਰਹਿੰਦੀ ਹੈ ॥੩੩॥

ਉਸ ਡੇਰੇ ਦੇ ਕੋਲ ਬੇਦੀ-ਕੁਲ ਦੇ ਨਿਸ਼ਾਨ (ਗੁਰੂ ਜੀ) ਜਾ ਕੇ ਬੈਠ ਗਏ। ਜਦੋਂ ਬਾਲ-ਗੁੰਦਾਈ ਨੂੰ ਇਹ ਖਬਰ ਮਿਲੀ -ਦੋ ਸਾਧੂ[5] ਬਾਹਰ ਬੈਠੇ ਹੋਏ ਹਨ। ॥੩੪॥

ਉਹੀ (ਸਾਧੂ ਆਪਣੇ-ਆਪ) ਅੱਗੇ ਨਹੀਂ ਆਉਂਦੇ-। ਉਸ ਵੇਲੇ ਬਾਲ-ਗੁੰਦਾਈ ਨੇ ਦੋ ਜੋਗੀ ਬੁਲਵਾਏ। ਉਨ੍ਹਾਂ ਨੂੰ ਆਖਿਆ, "ਦੋਨਾਂ ਸਾਧੂਆਂ ਨੂੰ ਲੈ ਕੇ ਆਉ।" (ਉਹ ਜੋਗੀ) ਜਿਥੇ ਗੁਰੂ ਜੀ ਸਨ, ਉੱਥੇ ਜਾ ਪਹੁੰਚੇ। ॥੩੫॥

ਦੋਹਰਾ

(ਜੋਗੀਆਂ ਨੇ ਆਖਿਆ), "ਹੇ ਸੰਤੋ! ਹੁਣੇ ਉੱਠ ਕੇ ਬਾਲ-ਗੁੰਦਾਈ ਦੇ ਡੇਰੇ ਚੱਲੋ। (ਉੱਥੇ) ਬੈਠਣ ਲਈ ਸੁੰਦਰ ਸਥਾਨ ਮਿਲੇਗਾ ਅਤੇ ਸੁੱਖਾਂ ਨਾਲ ਸਮਾਂ ਗੁਜ਼ਰੇਗਾ।" ॥੩੬॥

ਚੌਪਈ

ਗੁਰੂ ਜੀ ਨੇ ਕਿਹਾ, "ਅਸੀਂ ਨਹੀਂ ਜਾਵਾਂਗੇ। ਅਸੀਂ ਇੱਥੇ ਬੈਠੇ ਹੀ ਰਾਤ ਕੱਟਾਂਗੇ। ਸਾਧੂ ਨੂੰ ਇੰਜ ਹੀ ਕਰਨਾ ਚਾਹੀਦਾ ਹੈ, ਜਿਵੇਂ ਵੀ ਹੋਵੇ, ਉਵੇਂ ਹੀ ਬਤੀਤ ਕਰਨਾ ਚਾਹੀਦਾ ਹੈ" ॥੩੭॥

(ਜੋਗੀ) ਫੇਰ ਬਾਲ-ਗੁੰਦਾਈ ਕੋਲ ਵਾਪਸ ਆ ਗਏ ਅਤੇ ਜਾ ਕੇ ਦੱਸਿਆ, "ਉਹ ਫ਼ਕੀਰ ਨਹੀਂ ਆਉਂਦੇ।" ਇਹ ਸੁਣਕੇ ਉਹ ਬਾਲ-ਗੁੰਦਾਈ ਆਪ ਉੱਥੇ ਚੱਲ ਕੇ ਆ ਗਿਆ, ਜਿਸ ਥਾਂ 'ਤੇ ਗੁਰੂ ਜੀ ਸਸ਼ੋਭਿਤ ਸਨ। ॥੩੮॥

ਬਾਲ-ਗੁੰਦਾਈ ਨੇ ਆਦਰ ਨਾਲ ਬੇਨਤੀ ਕੀਤੀ, "ਹੇ ਸੰਤੋ! ਸਾਡੇ ਨਾਲ ਚੱਲੋ। ਬਹੁਤ ਬੱਦਲ ਚੜ੍ਹੇ ਹਨ ਮੀਂਹ ਵਰਸਾਉਣਗੇ[6]। ਡੇਰੇ ਵਿੱਚ ਅਰਾਮ ਨਾਲ ਰਾਤ ਗੁਜ਼ਾਰੋ[7]।" ॥੩੯॥

ਦੋਹਰਾ

ਗੁਰੂ ਜੀ ਨੇ ਆਖਿਆ, "ਅਸੀਂ ਤਿਆਗੀ (ਸਾਧੂ) ਹਾਂ। ਜਿਵੇਂ ਵੀ ਬਣੇ, ਉਸੇ ਤਰਾਂ ਹਿਰਦੇ ਵਿੱਚ ਦੁੱਖ-ਸੁੱਖ ਸਮਾਨ (ਬਰਾਬਰ) ਜਾਣ ਕੇ ਸਮਾਂ ਗੁਜ਼ਾਰ ਲੈਂਦੇ ਹਾਂ। ॥੪੦॥

ਚੌਪਈ

ਕਿੱਥੇ-ਕਿੱਥੇ ਨਿਵਾਸ ਸਥਾਨ ਲੱਭਦੇ ਫਿਰੀਏ, (ਸਾਡਾ ਕੰਮ ਤਾਂ) ਦੇਸ਼-ਵਿਦੇਸ਼ ਵਿੱਚ ਘੁੰਮਣਾ-ਫਿਰਨਾ ਹੈ । ਜਿੱਥੇ ਵੀ ਬੈਠ ਗਏ, ਉੱਥੇ (ਸਮਾਂ) ਗੁਜ਼ਾਰ ਲਈਦਾ ਹੈ। ਇਸ ਤਰਾਂ ਦਾ ਵਿਚਾਰ[8] ਸਾਨੂੰ ਸਦਾ ਚੰਗਾ[9] ਲੱਗਦਾ ਹੈ।" ॥੪੧॥

SikhBookClub.Com

ਬਾਲਗੁੰਦਾਈ ਬਚਨ ਅਲਾਯਾ। 'ਪੁਰਖ ਅਲੇਖ ਕਰਹਿ ਜੋ ਦਾਯਾ[1]।
ਦੇਵਹਿ ਜਬ ਸਮਾਜ ਸੁਖਦਾਇ?। ਨਹੀਂ ਨਿਰਾਦਰ ਤਿਨ ਬਨਿ ਆਇ॥੪੨॥

ਸਰਬ ਨਿਰੰਜਨ[2] ਕੇਰ ਪਦਾਰਥ । ਭਲੀ ਬਾਤ ਕਰਨਾ ਪਰਸ੍ਵਾਰਥ[3]'।
ਇਸ ਪ੍ਰਕਾਰ ਕਹਿ ਬਾਲਗੁੰਦਾਈ । ਲੇਕਰ ਸੰਗ ਚਲਜੋ ਸੁਖਦਾਈ॥੪੩॥

ਦੋਹਰਾ

ਨੀਕੇ ਘਰ ਮਹਿਂ ਜਾਇਕੈ ਕੀਨੋ ਬਚਨ ਬਖਾਨ।
'ਦੇਖਹੁ ਸੁਭ ਇਸਥਾਨ ਇਹ ਭਲੋ ਹੋਇ ਗੁਜ਼ਰਾਨ[4]'॥੪੪॥

ਚੌਪਈ

ਸ੍ਰੀ ਗੁਰ ਕਹਜੋ ਤਾਂਹਿ ਕੇ ਸੰਗਾ ।'ਕਜਾ ਦੇਖਉਂ ਨ੍ਰਿਪਲੀਲਾ[5] ਰੰਗਾ'।
ਬਸਤ੍ਰ ਕੋਸ਼ ਕੋ ਜਬੈ ਦਿਖਾਯੋ।ਭਾਂਤਿ ਭਾਂਤਿ ਕੋ ਰੰਗ ਸੁਹਾਯੋ॥੪੫॥

ਬਹੁਰੋ ਬਚਨ ਭਨਜੋ ਗੁਨਖਾਨੀ । 'ਸਰਬ ਰਾਜ ਲੀਲਾ ਹਮ ਜਾਨੀ'।
ਬਾਜਸਾਲ ਮਹਿਂ ਜਬ ਲੇ ਗਯੋ । ਭਲੇ ਤੁਰੰਗ ਦਿਖਾਵਤ ਭਯੋ॥੪੬॥

ਗੁਰੂ ਕਹੈਂ 'ਸੁਨ ਬਾਲ ਗੁੰਦਾਈ।ਏਹ ਲੀਲਾ ਰਾਜਨ ਬਨਿ ਆਈ।
ਹੈ ਅਤੀਤ ਸਭ ਤਜੈ ਸਮਾਜਾ। ਇਨਹਿਂ ਬਿਲੋਕਨ ਕਜਾ ਹਮ ਕਾਜਾ॥੪੭॥

ਆਤਮ ਗਜਾਨ ਮਾਨ[6] ਬਿਨ ਹੋਨਾ।ਸਿਮਰਨ ਨਾਮ ਸੰਤ ਧਨ ਭੋਨਾ[7]'।
ਹਮ ਤੁਮ ਕੋ ਸੋ ਦੇਖਨ ਚਹੀਏ।ਜਿਹ ਜੋ ਪਾਇ ਪਰਮ ਸੁਖ ਲਹੀਏ॥੪੮॥

ਚਹਿਨ ਪਦਾਰਥ ਕੋ ਜੋ ਹੋਊ । ਇਨਤੇ ਲਖਹੁ ਬਿਰੋਧੀ ਸੋਊ'।
ਸੁਨਕੈ ਅਚਰਜ ਮਨ ਮਹਿਂ ਮਾਨਾ।ਬਾਲਗੁੰਦਾਈ ਬਚਨ ਬਖਾਨਾ॥੪੯॥

ਦੋਹਰਾ

'ਕਹਉ ਅਤੀਤਉ! ਨਾਮ ਨਿਜ,ਕਿਤ ਆਏ ਕਿਤ ਜਾਇ?।
ਊਤਮ ਬੇਖ ਸਰੀਰ ਮਹਿਂ ਹੈ ਸੁਭ ਤੋਰ ਸੁਭਾਇ'॥੫੦॥

SikhBookClub.Com

'ਬਾਲ-ਗੁੰਦਾਈ' ਨੇ ਆਖਿਆ, "ਜੋ ਅਣਗਿਣਤ ਲੋਕ ਦਾਨ[1] ਕਰਦੇ ਹਨ ਅਤੇ ਜਿਸ ਵੇਲੇ ਸੁਭਾਵਕ ਸਮਾਜ ਵਲੋਂ ਕੋਈ ਸੁੱਖ ਪ੍ਰਾਪਤ ਹੋਵੇ। ਉਸ ਦਾ ਨਿਰਾਦਰ ਕਰਨਾ ਯੋਗ ਨਹੀਂ। ॥੪੨॥

ਸਾਰੇ ਹੀ ਪਦਾਰਥ ਪਰਮੇਸ਼ਰ[2] ਦੇ ਦਿੱਤੇ ਹੋਏ ਹਨ, (ਉਨ੍ਹਾਂ ਨਾਲ) ਪਰਉਪਕਾਰ[3] ਕਰਨਾ ਚੰਗੀ ਗੱਲ ਹੈ।" 'ਬਾਲ ਗੁੰਦਾਈ' ਇਸ ਪ੍ਰਕਾਰ ਆਖ ਕੇ ਸੁੱਖਾਂ ਦੇ ਦਾਤੇ (ਗੁਰੂ ਜੀ) ਨੂੰ ਆਪਣੇ ਨਾਲ ਡੇਰੇ ਵਿੱਚ ਲੈ ਕੇ ਚੱਲ ਪਿਆ। ॥੪੩॥

ਦੋਹਰਾ

ਸੁੰਦਰ ਘਰ ਵਿੱਚ ਜਾ ਕੇ ਬਾਲ-ਗੁੰਦਾਈ ਨੇ ਆਖਿਆ, "ਦੇਖੋ, ਇਹ ਪਵਿੱਤਰ ਸਥਾਨ ਹੈ, ਇੱਥੇ ਚੰਗੀ ਤਰਾਂ ਨਾਲ ਨਿਰਬਾਹ[4] ਹੋ ਜਾਵੇਗਾ।" ॥੪੪॥

ਚੌਪਈ

ਗੁਰੂ ਜੀ ਨੇ ਉਸ ਨੂੰ ਆਖਿਆ, "ਕੀ ਵੇਖਾਂ (ਇਹ ਤਾਂ) ਪਾਤਸ਼ਾਹੀ-ਲੀਲ੍ਹਾ[5] ਦੇ ਰੰਗ ਹਨ।" ਜਦੋਂ ਕੱਪੜਿਆਂ ਦਾ ਭੰਡਾਰ ਦਿਖਾਇਆ, ਤਾਂ (ਉਸ ਵਿੱਚ) ਭਾਂਤ-ਭਾਂਤ ਦੇ ਰੰਗ ਸੁਹਾ ਰਹੇ ਸਨ। ॥੪੫॥

ਫੇਰ ਗੁਣਾਂ ਦੀ ਖਾਣ (ਗੁਰੂ ਜੀ) ਨੇ ਆਖਿਆ, "ਇਹ ਸਾਰੀ ਹੀ ਰਾਜ-ਲੀਲ੍ਹਾ ਹੈ, ਅਸੀਂ ਜਾਣ ਲਿਆ ਹੈ।" ਜਦੋਂ ਤਬੇਲੇ ਵਿੱਚ ਲਿਜਾ ਕੇ ਵਧੀਆ ਕਿਸਮ ਦੇ ਘੋੜੇ ਦਿਖਾਏ। ॥੪੬॥

ਤਾਂ ਗੁਰੂ ਜੀ ਕਹਿਣ ਲੱਗੇ, "ਬਾਲ-ਗੁੰਦਾਈ! ਸੁਣੋ, ਇਹ ਕੌਤਕ ਤਾਂ ਬਾਦਸ਼ਾਹਾਂ ਨੂੰ ਸੋਭਦੇ ਹਨ। (ਜਿਨ੍ਹਾਂ ਨੇ) ਤਿਆਗੀ ਹੋ ਕੇ ਸਾਰਾ ਸਮਾਜ ਤਿਆਗ ਦਿੱਤਾ ਹੋਵੇ, ਫੇਰ (ਭਲਾ) ਸਾਡਾ ਇਨ੍ਹਾਂ ਨੂੰ ਵੇਖਣ ਦਾ ਕੀ ਕੰਮ ਹੈ? ॥੪੭॥

ਆਤਮ-ਗਿਆਨ ਦੀ (ਪ੍ਰਾਪਤੀ) ਹੰਕਾਰ[6] ਤੋਂ ਮੁਕਤ ਹੋ ਕੇ ਹੀ ਹੁੰਦੀ ਹੈ। (ਪ੍ਰਭੂ ਦੇ) ਨਾਮ ਦਾ ਸਿਮਰਨ ਹੀ ਸੰਤਾਂ ਦਾ ਘਰ[7] ਅਤੇ ਧਨ-ਪਦਾਰਥ ਹਨ। ਸਾਨੂੰ-ਤੁਹਾਨੂੰ ਤਾਂ ਉਹੋ ਹੀ ਵੇਖਣਾ ਚਾਹੀਦਾ ਹੈ, ਜਿਸ ਨੂੰ ਪਾ ਕੇ ਪਰਮ-ਸੁੱਖ ਦੀ ਪ੍ਰਾਪਤੀ ਹੁੰਦੀ ਹੈ। ॥੪੮॥

ਜਿਹੜਾ (ਜੀਵ) ਪਦਾਰਥਾਂ ਦੀ ਇੱਛਾ ਕਰਦਾ ਹੈ, ਉਸ ਨੂੰ ਇਨ੍ਹਾਂ ਦਾ ਵਿਰੋਧੀ ਸਮਝੋ।" 'ਬਾਲ ਗੁੰਦਾਈ ਨੇ ਇਹ ਸੁਣ ਕੇ ਚਿੱਤ ਵਿੱਚ ਹੈਰਾਨੀ ਮੰਨੀ ਅਤੇ ਆਖਿਆ। ॥੪੯॥

ਦੋਹਰਾ

"ਹੇ ਤਿਆਗੀ ਪੁਰਖੋ! ਆਪਣਾ ਨਾਂ ਦੱਸੋ। ਕਿੱਥੋਂ ਆਏ ਹੋ ਤੇ ਕਿੱਥੇ ਜਾਣਾ ਹੈ? ਤੁਹਾਡੇ ਸਰੀਰ 'ਤੇ ਬਹੁਤ ਸ੍ਰੇਸ਼ਟ ਲਿਬਾਸ ਹੈ ਅਤੇ ਉੱਤਮ ਸੁਭਾਅ ਵਾਲੇ ਹੋ।" ॥੫੦॥

SikhBookClub.Com

ਚੌਪਈ

'ਨਾਨਕ ਨਿਰ੍ਕਾਰੀ ਮਮ ਨਾਇ[1] । ਇਹ ਕੋ ਬਾਲਾ ਲੋਕ ਅਲਾਇਂ'।
ਸੁਨਜੋ ਨਾਮ ਜਬ ਬਾਲਗੁੰਦਾਈ । ਬੰਦਨ ਕੀਨ ਭਾਉ ਅਧਿਕਾਈ॥੫੧॥

'ਅਬ ਜਾਂਨੇ ਸ੍ਰੀ ਨਾਨਕ ਸੋਈ।ਚਰਚਾ ਸਿੱਧਨ ਸੋਂ ਜਿਹ ਹੋਈ।
ਤੁਮ ਤੋ ਕਲਾਵਾਨ[2] ਮਤਿਵਾਨਾ।ਇਕ ਉੱਤਰ ਮੁਝ ਦੇਹੁ ਸੁਜਾਨਾ॥੫੨॥

ਬੈਠੇ ਆਪ ਵਹਿਰ ਜਿਹ ਥਾਈਂ।ਸੁਖ ਸੋਂ ਬਿਤੈ ਕਿ ਦੁਖ ਤਹਿਂ ਪਾਈਂ।
ਅਬ ਸੁਭ ਮੰਦਰ ਮਾਂਹੀ ਆਏ।ਜਹਿਂ ਸਗਰੋ ਸ਼੍ਰਮ ਜਾਇ ਬਿਲਾਏ'॥੫੩॥

ਦੋਹਰਾ

ਗੁਰੂ ਭਨਜੋ 'ਬੈਠੇ ਜਹਾਂ ਹੋਤ ਜਾਤ ਗੁਜਰਾਂਨ ।
ਜੇ ਫਕੀਰ,ਖੋਜੈਂ ਕਹਾਂ ਮੰਦਰ ਨੀਕੇ ਥਾਨ'॥੫੪॥

ਚੌਪਈ

ਪੁਨ ਕਹਿ 'ਮੁਝਕੋ ਕਿਉਂ ਨ ਬਤਾਵਤ? । ਸੁਖ ਗੁਜਰਤ ਕੈ ਕਸ਼ਟ ਬਿਤਾਵਤ?'।
ਗੁਰੂ ਕਹੈਂ 'ਗੁਜਰਤ ਦੁਖ ਸੰਗ । ਆਇ ਹੁਤੀ ਜਬ ਘਟਾ[3] ਉਮੰਗ[4]'॥੫੫॥

ਪੁਨ ਆਪਨ ਕਰ ਮੈਂ ਲੇ ਸਾਕ[5] । ਭਖਰੇ[6] ਕੀ ਰੋਟੀ,ਕਹਿ ਵਾਕ।
'ਇਸ ਪ੍ਰਕਾਰ ਕੋ ਮੋਰ ਅਹਾਰਾ।ਲਖਹੁ ਪਦਾਰਥ ਪਰਉਪਕਾਰਾ॥੫੬॥

ਕਬ ਹੌਂ ਕਰੋਂ ਨ ਅੰਗੀਕਾਰਾ[7] । ਸਬ ਰਾਖੇ ਮੈਂ ਹਿਤ ਉਪਕਾਰਾ।
ਅਨਿਕ ਲੋਕ ਸੁਖ ਪਾਵਹਿਂ ਆਈ । ਮਾਰਗ ਸ਼੍ਰਮ ਕੋ ਦੇਹਿਂ ਬਿਲਾਈ[8]'॥੫੭॥

ਇਸ ਪ੍ਰਕਾਰ ਕੀ ਸੁਨ ਕਰ ਬਾਨੀ । ਅਧਿਕ ਪ੍ਰਸੰਸਾ ਗੁਰੂ ਬਖਾਨੀ।
'ਸਰਬ ਜੋਗੀਯਨ[9] ਕੇਰ ਮਝਾਰੀ । ਉੱਤਮ ਤੁਮ ਚਿਤ ਮਤਿ ਉਪਕਾਰੀ'॥੫੮॥

ਏਕ ਨਿਸਾ ਬਸ ਕਰ ਤਿਹ ਥਾਨਾ । ਭੋਰ ਹੋਤ ਗੁਰ ਕੀਨ ਪਯਾਨਾ।
ਪੁਨ ਸਲਕੋਟ[10] ਬਿਖੈ ਚਲ ਆਏ । ਮੁਝ ਸੋਂ ਐਸੇ ਬਚਨ ਅਲਾਏ॥੫੯॥

SikhBookClub.Com

ਚੌਪਈ

(ਗੁਰੂ ਜੀ ਬੋਲੇ), "ਮੇਰਾ ਨਾਂ[1] ਨਾਨਕ ਨਿਰੰਕਾਰੀ ਹੈ। ਇਸ ਨੂੰ ਲੋਕੀ ਬਾਲਾ ਆਖਦੇ ਹਨ।" ਜਿਸ ਵੇਲੇ ਬਾਲ-ਗੁੰਦਾਈ ਨੇ ਨਾਂ ਸੁਣਿਆ ਤਾਂ ਬਹੁਤ ਸ਼ਰਧਾ ਸਹਿਤ ਨਮਸਕਾਰ ਕੀਤਾ। ॥੫੧॥

(ਅਤੇ ਬੋਲਿਆ) "ਹੁਣ ਜਾਣਿਆ ਕਿ ਇਹ ਉਹੋ ਨਾਨਕ ਜੀ ਹਨ, ਜਿਨ੍ਹਾਂ ਦੀ ਸਿੱਧਾਂ ਨਾਲ ਚਰਚਾ ਹੋਈ ਸੀ। ਤੁਸੀਂ ਤਾਂ ਬੁੱਧੀਵਾਨ ਅਤੇ ਸ਼ਕਤੀਆਂ[2] ਦੇ ਮਾਲਕ ਹੋ। ਹੇ ਉਤਮ ਗਿਆਨ ਵਾਲਿਓ! ਮੇਰੀ ਇੱਕ ਗੱਲ ਦਾ ਜਵਾਬ ਦੇਵੋ। ॥੫੨॥

ਤੁਸੀਂ ਜਿਥੇ ਬਾਹਰ ਬੈਠੇ ਸੀ, ਉੱਥੇ ਸੁੱਖ ਬਤੀਤ ਕੀਤਾ ਸੀ ਜਾਂ ਦੁੱਖ ਪਾ ਰਹੇ ਸੀ। ਹੁਣ (ਸਾਡੇ) ਸੋਹਣੇ ਡੇਰੇ ਵਿੱਚ ਆਏ ਹੋ, ਜਿੱਥੇ ਸਾਰਾ ਥਕੇਵਾਂ ਦੂਰ ਹੋ ਜਾਵੇਗਾ।" ॥੫੩॥

ਦੋਹਰਾ

ਗੁਰੂ ਜੀ ਨੇ ਦੱਸਿਆ, "ਜਿੱਥੇ ਬੈਠ ਜਾਈਦਾ, ਉੱਥੇ ਹੀ ਗੁਜ਼ਾਰਾ ਹੋ ਜਾਂਦਾ ਹੈ। ਜੋ ਦਰਵੇਸ਼ ਹਨ, ਉਥੇ ਕਿੱਥੇ ਰਹਿਣ ਲਈ ਸੋਹਣੇ ਮਹਲ (ਮੰਦਰ) ਦੀ ਭਾਲ ਕਰਦੇ ਹਨ?" ॥੫੪॥

ਚੌਪਈ

(ਬਾਲ ਗੁੰਦਾਈ ਨੇ) ਫੇਰ ਕਿਹਾ, "(ਤੁਸੀਂ) ਮੈਨੂੰ ਕਿਉਂ ਨਹੀਂ ਦੱਸਦੇ? ਕੀ (ਹੁਣ ਤੁਸੀਂ ਸਮਾਂ) ਸੁੱਖਾਂ 'ਚ ਗੁਜ਼ਾਰ ਰਹੇ ਹੋ ਜਾਂ ਦੁੱਖਾਂ ਵਿੱਚ?" ਗੁਰੂ ਜੀ ਨੇ ਕਿਹਾ, "ਜਦੋਂ ਅਨੰਦ[4] ਦੀਆਂ ਲਹਿਰਾਂ ਦੇ ਬੱਦਲ[3] ਚੜ੍ਹੇ ਹੁੰਦੇ ਹਨ, ਤਦੋਂ ਦੁੱਖਾਂ ਵਿੱਚ ਗੁਜ਼ਰਦੀ ਹੈ" ॥੫੫॥

ਫੇਰ ਆਪਣੇ ਹੱਥ ਵਿੱਚ ਸਾਗ[5] ਅਤੇ ਭੱਖੜੇ[6] ਦੀ ਰੋਟੀ ਫੜ ਕੇ (ਬਾਲ-ਗੁੰਦਾਈ) ਆਖਣ ਲੱਗਿਆ, "ਮੇਰਾ ਤਾਂ ਇਸ ਪ੍ਰਕਾਰ ਦਾ ਭੋਜਨ ਹੈ। ਜੋ ਤੁਸੀਂ ਪਦਾਰਥ (ਡੇਰੇ ਵਿੱਚ) ਵੇਖਦੇ ਹੋ, ਇਹ ਤਾਂ ਕੇਵਲ ਪਰਉਪਕਾਰਾਂ ਵਾਸਤੇ (ਹੀ) ਹਨ। ॥੫੬॥

ਮੈਂ ਇਨ੍ਹਾਂ (ਚੰਗੇ ਭੋਜਨਾਂ) ਨੂੰ ਕਦੇ ਵੀ ਨਹੀਂ ਛਕਿਆ[7]। ਇਹ ਸਾਰੇ (ਲੋਕਾਂ ਦੇ) ਉਪਕਾਰ ਵਾਸਤੇ ਹੀ ਰੱਖੇ ਹੋਏ ਹਨ। ਅਨੇਕਾਂ ਲੋਕ (ਇੱਥੇ) ਆ ਕੇ ਸੁੱਖ ਮਾਣਦੇ ਹਨ ਅਤੇ (ਜਿਨ੍ਹਾਂ ਦੇ) ਰਸਤੇ ਦੀ ਥਕਾਵਟ (ਡੇਰੇ ਵਿੱਚ ਠਹਿਰਣ ਕਾਰਨ) ਮਿਟਾ[8]ਦਿੰਦੇ ਹਨ।" ॥੫੭॥

ਇਸ ਤਰਾਂ ਬਾਲ-ਗੁੰਦਾਈ ਦੀ ਗੱਲ ਸੁਣ ਕੇ ਗੁਰੂ ਜੀ ਨੇ ਉਸ ਦੀ ਬੜੀ ਪਰਸੰਸਾ ਕੀਤੀ, "ਤੁਸੀਂ ਸਾਰੇ ਜੋਗੀਆਂ[9] ਤੋਂ ਮਨ ਅਤੇ ਬੁੱਧੀ ਵਿੱਚ ਉਪਕਾਰੀ ਹੋਣ ਕਰਕੇ ਬਹੁਤ ਉੱਤਮ ਹੋ।" ॥੫੮॥

ਉਸ ਡੇਰੇ ਵਿੱਚ ਇੱਕ ਰਾਤ ਵਿਸਰਾਮ ਕਰਕੇ ਗੁਰੂ ਜੀ ਨੇ ਸਵੇਰੇ ਚਾਲੇ ਪਾ ਦਿੱਤੇ। ਫੇਰ ਚੱਲ ਕੇ ਸਿਆਲਕੋਟ[10] ਵਿਖੇ ਪੁੱਜ ਗਏ ਅਤੇ ਮੈਨੂੰ (ਬਾਲੇ ਨੂੰ) ਇੰਜ ਆਖਣ ਲੱਗੇ ॥੫੯॥

SikhBookClub.Com

'ਹੇ ਬਾਲਾ! ਇਸ ਨਗਰ ਮਝਾਰਾ । ਸੰਸਾਰੀ ਇਕ ਮੀਤ[1] ਹਮਾਰਾ।
ਪੂਰਬ ਗਮਨਜੋ ਜੋ ਸੰਗਾਰਾ । ਮੂਲਾ[(*2)] ਨਾਮ ਸੁ ਇਹਾਂ ਅਗਾਰਾ॥੬੦॥

ਤਿਹਸੋਂ ਮਿਲਨ ਚਹੈ ਮਨ ਮੇਰਾ।ਚਲਹੁ ਅਬੈ ਜਿਤ ਦਿਸ ਹੈ ਡੇਰਾ[2]'।
ਅਸ ਕਹਿ ਚਲ ਮੂਲੇ ਕੇ ਪੌਰ[3]।ਆਇ ਖਰੇ ਬੇਦੀ ਸਿਰਮੌਰ[4] ॥੬੧॥

ਘਰਨੀ[5] ਸਨਮੁਖ ਜਬਹਿਂ ਨਿਹਾਰੇ । ਨਿਜ ਪਤਿ ਸੋਂ ਅਸ ਬਚਨ ਉਚਾਰੇ।
'ਪੂਰਬ ਗਮਨਜੋ ਜਾਹਿਂ ਸੰਗਾਰੇ । ਸੋ ਅਬ ਸਾਧੁ ਆਇ ਤਵ ਦ੍ਵਾਰੇ॥੬੨॥

ਘਰ ਮਹਿਂ ਤੂਰਨ ਦੁਰਿਯੇ ਜਾਈ । ਨਾਹਿਂ ਤ ਤੁਝ ਕੋ ਲੇਹਿਂ ਬੁਲਾਈ'।
ਜੱਦਪਿ ਮੂਲਾ ਪ੍ਰਭੁ ਕੋ ਜਾਨਤ । ਮਹਿਮਾ ਨੀਕੀ ਰੀਤ ਪਛਾਨਤ ॥੬੩॥

— ਕਰਾਮਾਤ ਯੁਤ[6] ਅੰਤਰਜਾਮੀ।ਕਰੈਂ ਜੁ ਚਾਹੈਂ ਸਬ ਘਟ ਸ੍ਵਾਮੀ[7] —।
ਤੱਦਪਿ ਤਿਯ ਨੈ ਮਤਿ ਬਿਚਲਾਈ[8]।ਤੂਰਨ ਬਰਜੋ ਸਦਨ ਮਹਿਂ ਜਾਈ॥੬੪॥

ਗੋ ਮੈਂ[9] ਸ਼ੁਸ਼ਕ[10] ਪਰੇ ਜਿਹ ਥਾਈਂ।ਬਡੋ ਤਿਮਰ,ਤਹਿਂ ਦੇਹ ਦੁਰਾਈ'।
ਸ੍ਰੀ ਨਾਨਕ ਜਾਨੀ ਬਿਧਿ ਸਾਈ। 'ਮੂਲੇ,ਮੂਲੇ' ਊਚ ਅਲਾਈ॥੬੫॥

ਸੁਨੀ ਗੁਹਾਰ[11] ਨਾਰ ਨਿਜ ਕਾਂਨਾ । ਪ੍ਰਭੁ ਕੇ ਸਨਮੁਖ ਬਚਨ ਬਖਾਨਾ।
'ਜਿਸਹਿ ਪੁਕਾਰੇ ਸੋ ਨਹਿਂ ਧਾਮੂ।ਕਾਜ ਕਰਨ ਗਮਨਜੋ ਕਿਤ ਗ੍ਰਾਮੂ' ॥੬੬॥

ਦੋਹਰਾ

ਸੁਨ ਕੈ ਸ੍ਰੀ ਗੁਰ ਬਚ ਕਹਜੋ 'ਬੇਮੁਖ ਕਰਮ ਬਿਹੀਨ।
ਹਮ ਆਏ ਤੁਝ ਮਿਲਨ ਕੋ ਛਪਨ[12] ਸਦਨ ਮਹਿਂ ਕੀਨ॥੬੭॥

ਚੌਪਈ

— ਜੀਵਣ ਝੂਠ ਮਰਣ ਸਚੁ ਕਹਈ —। ਮੂਢ ਮਤੀ ਪਰ ਭੇਦ ਨ ਲਹਈ ।
ਕਹੇ ਨਾਰਿ ਕੇ ਦੁਰਜੋ ਅਗਾਰਾ' । ਅਸ ਕਹਿ ਬਹੁਰ ਸਲੋਕ ਉਚਾਰਾ॥੬੮॥

ਸਲੋਕ

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥੨੧॥ (ਗੁ. ਗ੍ਰੰ. ਸਾਹਿਬ, ਪੰਨਾ ੧੪੧੨)

SikhBookClub.Com

"ਹੇ ਬਾਲਾ! ਇਸ ਨਗਰ ਵਿੱਚ ਸਾਡਾ ਇੱਕ ਸੰਸਾਰੀ ਮਿੱਤਰ[1] (ਰਹਿੰਦਾ) ਹੈ। ਜੋ ਸਾਡੇ ਨਾਲ ਪਹਿਲਾਂ ਗਿਆ ਸੀ। 'ਮੂਲਾ' ਉਸ ਦਾ ਨਾਂ ਹੈ ਤੇ ਇੱਥੇ ਹੀ (ਉਸ ਦਾ) ਘਰ ਹੈ। ॥੬੦॥

ਉਸ ਨੂੰ ਮੇਰਾ ਦਿਲ ਮਿਲਣਾ ਚਾਹੁੰਦਾ ਹੈ। ਚੱਲੋ ਚੱਲੀਏ, ਜਿਧਰ ਉਸ ਦਾ ਘਰ[2] ਹੈ।" ਇਉਂ ਆਖ ਕੇ ਬੇਦੀ-ਕੁਲ ਦੇ ਸ਼ਿਰੋਮਣੀ[4] (ਗੁਰੂ ਜੀ), ਮੂਲੇ ਦੇ ਬੂਹੇ[3] 'ਤੇ ਆਣ ਖੜ੍ਹੇ ਹੋਏ। ॥੬੧॥

(ਮੂਲੇ ਦੀ) ਇਸਤਰੀ[5] ਨੇ ਜਦੋਂ ਸਾਹਮਣੇ (ਖੜ੍ਹੇ ਗੁਰੂ ਜੀ) ਵੇਖੇ (ਤਾਂ) ਪਤੀ ਨੂੰ ਕਿਹਾ, "ਜਿਸ ਦੇ ਨਾਲ ਪਹਿਲਾਂ ਤੁਸੀਂ ਗਏ ਸੀ, ਉਹੋ ਸਾਧੂ ਹੁਣ ਫੇਰ ਸਾਡੇ ਬੂਹੇ 'ਤੇ ਆਏ ਹਨ। ॥੬੨॥

ਘਰ ਅੰਦਰ ਛੇਤੀ ਛੁਪ ਜਾਉ, ਨਹੀਂ ਤਾਂ ਫੇਰ ਤੁਹਾਨੂੰ ਬੁਲਾ ਲੈਣਗੇ।" ਭਾਵੇਂ ਮੂਲਾ ਗੁਰੂ ਜੀ ਨੂੰ ਜਾਣਦਾ ਸੀ (ਤੇ) ਉਨ੍ਹਾਂ ਦੀ ਸ੍ਰੇਸ਼ਟ ਮਹਿਮਾ ਦੀ ਰੀਤੀ ਬਾਰੇ ਵੀ ਪਤਾ ਸੀ (ਕਿ) ॥੬੩॥

-ਗੁਰੂ ਜੀ ਕਰਾਮਾਤਾਂ ਸਹਿਤ[6] ਅੰਤਰਜਾਮੀ ਹਨ, ਉਹ ਮਾਲਕ[7] ਜੋ ਚਾਹੁਣ ਉਹੀ ਕਰਨ ਵਾਲੇ ਹਨ-। ਫੇਰ ਵੀ (ਉਸ ਦੀ) ਪਤਨੀ ਨੇ (ਮੂਲੇ ਦੀ) ਮੱਤ ਮਾਰ[8] ਦਿੱਤੀ। (ਉਹ) ਤੁਰੰਤ ਘਰ ਅੰਦਰ ਜਾ ਵੜਿਆ। ॥੬੪॥

ਜਿੱਥੇ ਸੁੱਕੇ[10] ਗੋਹੇ[9] (ਪਾਥੀਆਂ) ਪਏ ਸਨ, (ਉੱਥੇ) ਬਹੁਤ ਹਨ੍ਹੇਰਾ ਸੀ। ਉਨ੍ਹਾਂ ਵਿੱਚ ਜਾ ਕੇ ਆਪਣੇ-ਆਪ ਨੂੰ ਛੁਪਾ ਲਿਆ। ਗੁਰੂ ਜੀ ਨੇ ਉਸ ਦੀ ਸਾਰੀ ਦਸ਼ਾ ਜਾਣ ਲਈ, ਉਨ੍ਹਾਂ ਨੇ ਉੱਚੀ-ਉੱਚੀ 'ਮੂਲੇ-ਮੂਲੇ'! ਆਖ ਕੇ ਅਵਾਜ਼ ਮਾਰੀ। ॥੬੫॥

(ਉਸ ਦੀ) ਪਤਨੀ ਨੇ ਅਵਾਜ਼[11] ਸੁਣੀ ਤਾਂ ਗੁਰੂ ਜੀ ਨੂੰ ਕਹਿਣ ਲੱਗੀ, "ਜਿਸ ਨੂੰ ਤੁਸੀਂ ਬੁਲਾ ਰਹੇ ਹੋ, ਉਹ ਘਰ ਨਹੀਂ ਹੈ। ਕਿਸੇ ਪਿੰਡ ਵਿੱਚ ਕੰਮ ਕਰਨ ਗਿਆ ਹੋਇਆ ਹੈ।" ॥੬੬॥

ਦੋਹਰਾ

ਗੁਰੂ ਜੀ ਨੇ ਸੁਣ ਕੇ ਆਖਿਆ, "ਹੇ ਬੇਮੁੱਖ ਅਤੇ ਕਰਮਾਂ ਦੇ ਮਾਰੇ (ਮੂਲੇ)! ਅਸੀਂ ਤਾਂ ਤੈਨੂੰ ਮਿਲਣ ਲਈ ਆਏ ਹਾਂ, ਪਰ ਤੂੰ ਘਰ ਅੰਦਰ (ਹੀ) ਲੁਕ[12] ਗਿਆ ਹੈਂ। ॥੬੭॥

ਚੌਪਈ

-ਤੂੰ ਤਾਂ ਜਿਉਣਾ ਝੂਠ ਅਤੇ ਮਰਨਾ ਸੱਚ ਹੈ, ਆਖਦਾ ਸੀ-। ਪਰ ਮੂਰਖ ਨੇ ਇਸ ਦੇ (ਅਸਲ) ਭੇਤ ਨੂੰ ਨਹੀਂ ਜਾਣਿਆ। ਆਪਣੀ ਪਤਨੀ ਦੇ ਆਖੇ ਲੱਗ ਕੇ ਘਰ ਅੰਦਰ ਹੀ ਛੁੱਪ ਗਿਆ।" ਇਹ ਆਖ ਕੇ ਫੇਰ (ਗੁਰੂ ਜੀ ਨੇ) ਸਲੋਕ ਉਚਾਰਿਆ। ॥੬੮॥

ਸਲੋਕ

ਮਾਇਆ ਦੇ ਲੋਭ ਕਰਕੇ ਕਾਇਰ ਲੋਕਾਂ ਦੀ ਦੋਸਤੀ ਝੂਠੀ ਹੁੰਦੀ ਹੈ (ਕਿਉਂ ਜੋ) ਇਸ ਦੀ ਬੁਨਿਆਦ (ਹੀ) ਝੂਠੀ ਹੁੰਦੀ ਹੈ। ਹੇ ਮੂਲੇ! ਇਹ (ਕੋਈ) ਪਤਾ ਨਹੀਂ ਕਿ ਪ੍ਰਾਣੀ ਨੂੰ ਮੌਤ ਕਿਸ ਥਾਂ 'ਤੇ ਆ ਜਾਵੇਗੀ? (ਗੁ. ਗ੍ਰੰ. ਸਾਹਿਬ, ਪੰਨਾ 1412)

SikhBookClub.Com

ਚੌਪਈ

ਇਸ ਬਿਧਿ ਕਹਿ ਮਕਰੰਦੀ[1] ਬਦਨਾ । ਚਲੇ ਪੀਠ ਦੇ ਕਰ ਨਿਜ ਸਦਨਾ।
ਤਿਸ ਖਿਨ ਸ਼ਜਾਮ[2] ਨਾਗ ਤਹਿਂ ਨਿਕਸਾ।ਤਿਮਰ ਬਿਖੈ ਮੂਲੇ ਕੋ ਡਸਾ॥੬੯॥

'ਹਾਇ ਹਾਇ'ਕਰ ਬਾਹਰ ਆਯੋ । ਨਿਜ ਨਾਰੀ ਸੋਂ ਬੈਨ ਅਲਾਯੋ।
'ਕਰਮਹੀਨ ਤੈਂ ਮੋ ਕੋ ਮਾਰਜੋ । ਚਢੀ ਸੀਸ ਮਮ ਜੀਵ[3] ਬਿਦਾਰਜੋ॥੭੦॥

ਕਿਤ ਦਿਸ ਗਮਨੇ ਦੇਹੁ ਬਤਾਈ?।ਅਪੁਨੇ ਗੁਨਹਿਂ[4] ਲੇਉਂ ਬਖ਼ਸ਼ਾਈ'।
ਤਿਹ ਖਿਨ ਭਈ ਮੂਰਛਾ ਦੇਹੀ।ਬੋਲਨ ਕੀ ਸੁਧਿ ਰਹੀ ਨ ਕੇਹੀ॥੭੧॥

ਨਗਰ ਬਿਖੈ ਪ੍ਰਗਟਜੋ ਸੁ ਬ੍ਰਿਤੰਤਾ ।'ਮੂਲੇ ਘਰ ਗੇ ਪੂਰਨ ਸੰਤਾ।
ਸੋ ਦੁਰ ਗਯੋ ਨਾਰਿ ਕੇ ਭਾਖੇ । ਤਿਨਕੌ ਮਿਲਜੋ ਨ ਕਰ ਅਭਿਲਾਖੇ[5] ॥੭੨॥

ਕਰੀ ਅਵੱਗਜ਼ਾ ਸਰਪ ਚਬਾਯੋ[6] । ਬੋਲਤ ਨਹੀਂ ਗਿਰਜੋ ਮੁਰਛਾਯੋ[7]'।
ਇਸ ਬਿਧਿ ਸੁਨਕੈ ਪੁਰ ਨਰ ਨਾਰੀ । ਆਵਹਿਂ ਧਾਇ ਨਿਕੇਤ ਮਝਾਰੀ॥੭੩॥

ਸ੍ਰੀ ਗੁਰ ਵਹਿਰ ਨਗਰ ਤੇ ਆਇ । ਬੈਠੇ ਦੇਖ ਰੁਚਿਰ[8] ਇਕ ਥਾਂਇ ।
ਬ੍ਰਿੰਦ ਲੋਕ ਤਿਹ ਸਦਨ ਸਿਧਾਰੇ । ਮਿਲੇ ਪਰਸਪਰ ਬਚਨ ਉਚਾਰੇ॥੭੪॥

'ਸ੍ਰੀ ਨਾਨਕ ਬੈਠੇ ਜਹਿਂ ਜਾਈ । ਤੂਰਨ ਲੇ ਚਲਿਯੈ ਤਿਹ ਥਾਈਂ।
ਮਹਾਂਪੁਰਖ ਪੂਰਨ ਹੈ ਸੋਈ । ਬਖ਼ਸ਼ਹਿਂ ਖ਼ਤਾ ਕਰੀ ਤਿਨ ਜੋਈ'॥੭੫॥

ਅਸ ਕਹਿ ਤਾਂਹਿ ਮੰਚ[9] ਪਰ ਪਾਇ । ਚਤਰ ਲੋਕ ਸਿਰ ਲੀਨ ਉਚਾਇ।
ਗਮਨ ਕੀਨ ਤਿਤ ਦਿਸ ਨਰ ਬ੍ਰਿੰਦਾ । ਜਿਤ ਦਿਸ ਸੁਨੀ ਸ਼ੌਨ ਸੁਖਕੰਦਾ॥੭੬॥

ਨਿੰਦਾ ਮੂਲੇ ਕੀ ਸਭ ਕਰਹੀਂ । ਸ੍ਰੀ ਨਾਨਕ ਕੋ ਸੁਜਸ ਉਚਰਹੀਂ।
ਰੰਕ ਰਾਇ[10] ਜਿਨ ਸੁਧ ਸੁਨ ਪਾਈ । ਮਾਰਗ ਬਿਖੈ ਮਿਲੈਂ ਸਭ ਧਾਈ॥੭੭॥

SikhBookClub.Com

ਚੌਪਈ

ਗੁਰੂ ਜੀ ਆਪਣੇ ਕਮਲ[1]-ਮੁੱਖ ਤੋਂ ਫ਼ਰਮਾ ਕੇ, ਉਥੋਂ ਪਿੱਛੇ ਮੁੜ ਕੇ ਆਪਣੇ ਘਰ ਵਲ ਚਲ ਪਏ। ਉਸੇ ਖਿਨ ਕਾਲਾ[2] ਸੱਪ ਉੱਥੋਂ ਨਿਕਲਿਆ ਤੇ ਹਨ੍ਹੇਰੇ ਵਿੱਚ ਮੂਲੇ ਨੂੰ ਡੱਸ ਗਿਆ ॥੬੯॥

'ਹਾਏ ਹਾਏ' ਕਰਦਾ (ਮੂਲਾ) ਬਾਹਰ ਨਿਕਲ ਆਇਆ ਤੇ ਆਪਣੀ ਪਤਨੀ ਨੂੰ ਆਖਣ ਲੱਗਿਆ, "ਹੇ ਮੰਦੇ ਭਾਗਾਂ ਵਾਲੀਏ! ਤੂੰ ਮੈਨੂੰ ਮਾਰ ਦਿੱਤਾ ਹੈ। ਤੂੰ ਮੇਰੇ ਸਿਰ ਚੜ੍ਹ ਕੇ ਮੇਰੀ ਜਾਨ[3] ਲਈ ਹੈ। ॥੭੦॥

(ਗੁਰੂ ਜੀ) ਕਿਧਰ ਗਏ ਹਨ, ਮੈਨੂੰ ਦੱਸ? ਆਪਣੇ ਪਾਪ[4] ਬਖ਼ਸ਼ਵਾ ਲਵਾਂ।" ਉਸੇ ਪਲ ਉਹ ਬੇਹੋਸ਼ ਹੋ ਗਿਆ। (ਉਸ ਨੂੰ) ਬੋਲਣ ਦੀ ਹੋਸ਼ ਵੀ ਕੋਈ ਨਾ ਰਹੀ। ॥੭੧॥

ਸਾਰੇ ਨਗਰ ਵਿੱਚ ਇਸ ਘਟਨਾ ਬਾਰੇ ਖਬਰ ਫੈਲ ਗਈ, "ਮੂਲੇ ਦੇ ਘਰ ਕੋਈ ਪੂਰਨ ਸੰਤ (ਗੁਰੂ ਜੀ) ਗਏ ਸਨ ਪਰ ਉਹ (ਮੂਲਾ) ਆਪਣੀ ਪਤਨੀ ਦੇ ਕਹਿਣ 'ਤੇ ਛੁੱਪ ਗਿਆ ਅਤੇ ਉਨ੍ਹਾਂ ਨੂੰ ਚਾਹ[5] ਕੇ ਨਹੀਂ ਮਿਲਿਆ। ॥੭੨॥

(ਉਸ ਨੇ ਗੁਰੂ ਜੀ ਦੀ) ਨਿਰਾਦਰੀ ਕੀਤੀ (ਤਾਂ) ਸੱਪ ਨੇ ਡਸ[6] ਲਿਆ। ਬੇਹੋਸ਼[7] ਹੋ ਕੇ ਡਿੱਗ ਪਿਆ ਅਤੇ (ਉਸ ਦੀ) ਅਵਾਜ਼ ਬੰਦ ਹੋ ਗਈ ਹੈ।" ਇਸ ਤਰਾਂ ਸੁਣ ਕੇ ਨਗਰ ਦੇ ਆਦਮੀ ਤੇ ਔਰਤਾਂ ਮੂਲੇ ਦੇ ਘਰ ਨੂੰ ਦੌੜੇ ਆ ਰਹੇ ਸਨ। ॥੭੩॥

ਗੁਰੂ ਜੀ ਨਗਰ ਤੋਂ ਬਾਹਰ ਆ ਕੇ ਇੱਕ ਰਮਣੀਕ[8] ਸਥਾਨ ਵੇਖ ਕੇ ਆ ਬੈਠੇ। ਮੂਲੇ ਦੇ ਘਰ ਲੋਕ ਟੋਲਿਆਂ ਵਿੱਚ ਪਹੁੰਚ ਗਏ। ਆਪਸ ਵਿੱਚ ਮਿਲ ਕੇ ਕਹਿਣ ਲੱਗੇ। ॥੭੪॥

"ਗੁਰੂ ਨਾਨਕ ਦੇਵ ਜੀ, ਜਿਸ ਥਾਂ 'ਤੇ ਬੈਠੇ ਹਨ । ਇਸ ਮੂਲੇ ਨੂੰ ਤੁਰੰਤ ਉੱਥੇ ਲੈ ਚੱਲੋ। ਉਹ ਪੂਰਨ ਮਹਾਂਪੁਰਖ ਪਰਮੇਸ਼ਰ ਰੂਪ ਹਨ, ਜਿਹੜੀ ਇਸ ਨੇ ਭੁੱਲ ਕੀਤੀ ਹੈ, ਉਹ ਬਖ਼ਸ਼ ਦੇਣਗੇ।" ॥੭੫॥

ਇਉਂ ਆਖ ਕੇ ਉਸ ਨੂੰ ਮੰਜੇ[9] 'ਤੇ ਪਾ ਕੇ ਚਾਰ ਬੰਦਿਆਂ ਨੇ ਸਿਰਾਂ ਉੱਤੇ ਚੁੱਕ ਲਿਆ। ਲੋਕਾਂ ਦਾ ਇਕੱਠ (ਹਜ਼ੂਮ) ਉਸ ਪਾਸੇ ਵੱਲ ਤੁਰ ਪਿਆ, ਜਿੱਧਰ ਸੁੱਖਾਂ ਦੇ ਮੂਲ (ਗੁਰੂ ਜੀ) ਬਾਰੇ ਜਾਣਕਾਰੀ ਮਿਲੀ। ॥੭੬॥

ਸਭ ਜਣੇ ਮੂਲੇ ਦੀ ਨਿੰਦਾ ਕਰ ਰਹੇ ਸਨ ਅਤੇ ਗੁਰੂ ਨਾਨਕ ਜੀ ਦੀ ਮਹਿਮਾ ਉੱਚਰ ਰਹੇ ਸਨ। ਅਮੀਰ[10]-ਗਰੀਬ, ਜਿਸ ਨੂੰ ਵੀ ਇਹ ਖਬਰ ਮਿਲੀ, ਸਾਰੇ ਭੱਜ ਕੇ ਰਸਤੇ ਵਿੱਚ ਜਾ-ਜਾ ਮਿਲਦੇ ਰਹੇ। ॥੭੭॥

SikhBookClub.Com

ਮੂਲੇ ਸਹਤ ਭੀਰ ਬਡ ਭਾਰੀ । ਸਭ ਚਲ ਆਏ ਗੁਰੂ ਅਗਾਰੀ।
ਪਦ ਅਰਬਿੰਦ ਬੰਦਨਾ ਕਰਹੀਂ । ਬਿਨਤੀ ਕਰੈਂ ਭਾਉ ਉਰ ਧਰਹੀਂ॥੭੮॥

ਮਚ[1] ਪਰ ਤੇ ਉਤਾਰ ਤਿਹ ਤਾਂਈ । ਗੁਰ ਆਗੇ ਸੋ ਦਿਯ ਪੌਢਾਈ[2]।
ਹਾਥ ਬੰਦ ਠਾਢੇ ਹ੍ਵੈ ਸਬਹੀ । ਬਿਨਤੀ ਕਹੈਂ ਭਾਉ ਉਰ ਧਰਹੀਂ ॥੭੯॥

'ਗੁਨਹਿਵੰਦ[3] ਲਖ ਤੁਮਨੈ ਮਾਰਾ । ਕ੍ਰਿਪਾ ਧਾਰਿ ਅਬ ਦੇਹੁ ਜਿਵਾਰਾ[4]।
ਜਾਨ ਬੂਝ ਇਹ ਭਯੋ ਅਜਾਨਾ[5] । ਪ੍ਰੇਰਜੋ ਤੀਯ ਕੁਮਤਿ[6] ਉਰਝਾਨਾ'॥੮੦॥

ਇਸ ਪ੍ਰਕਾਰ ਸੁਨਕੈ ਜਗਨਾਥਾ । ਬੋਲੈ ਬਚਨ ਸਭਨ ਕੇ ਸਾਥਾ।
'ਰਹਜੋ ਜੀਵਨਾ ਇਸ ਮ੍ਰਿਤੂ[7] ਆਈ । ਨਹਿਂ ਕੈਸੇ ਹੂ ਹੋਤ ਬਚਾਈ॥੮੧॥

ਇਸਕੋ ਮਾਰ ਗਾਢਿ[8] ਬਹੁ ਹੋਈ । ਨਹੀਂ ਉਬਾਰ[9] ਸਕੈ ਅਬ ਕੋਈ।
ਅੰਤ ਸਮੈਂ ਜੋ ਦਰਸ਼ਨ ਪਾਵਾ। ਯਾਕੋ ਫਲ ਇਸ ਹੋਇ ਸਹਾਵਾ[10] ॥੮੨॥

ਦਸਵਾਂ ਜਾਮਾ ਪਹਿਰਹਿਂ ਜਬਹੀ । ਜਨਮ ਮਰਨ ਤੇ ਗਤਿ ਦੈਂ ਤਬਹੀ।
ਤਬ ਲੌ ਜਨਮ ਧਰਹਿਗੋ ਏਹੀ।ਸੂਕਰ[11] ਸ਼ਸ਼ਾ[12] ਮ੍ਰਿੱਗ ਕੋ ਦੇਹੀ'॥੮੩॥

ਅਸ ਕਹ ਤੁਸ਼ਨ ਭੇ ਗੁਨਖਾਂਨੀ । ਬਹੁਰ ਨ ਕੈਸੇ ਬੋਲੇ ਬਾਨੀ।
ਲੇ ਮੂਲੇ ਕੋ ਸਦਨ ਸਿਧਾਰੇ । ਬ੍ਰਿੰਦ ਲੋਕ ਗਮਨੇ ਸੰਗਾਰੇ॥੮੪॥

ਜਬ ਘਰ ਬਿਖੈ ਉਤਾਰਾ ਜਾਏ । ਭਯੋ ਮ੍ਰਿੱਤੁ ਪੁਨ ਸ੍ਵਾਸ ਨ ਆਏ।
ਮਿਲ ਨਾਰੀ ਬਹੁ ਰੋਦਨ ਕੀਨੋ । ਕਾਸ਼ਟ[13] ਮੇਂ ਧਰ ਫੂਕ ਸੁ ਦੀਨੋ॥੮੫॥

ਏਕ ਨਿਸਾ ਬਸ ਕੈ ਤਿਹ ਥਾਈਂ । ਬਹੁਰੋ ਕੀਨੋ ਗਮਨ ਗੁਸਾਈਂ।
'ਚਲਗੇ'[14] ਬਾਤ ਸੁਨੀ ਪੁਰ ਲੋਕਨ । ਦੌਰ ਮਿਲਤ ਭੇ ਸੋਚ ਬਿਮੋਚਨ॥੮੬॥

ਚਰਨ ਕਮਲ ਗਿਰ ਗਹਿ ਗੁਰ ਕਹੀਏ । 'ਹਮਨ ਉਧਾਰਨ ਤੁਮ ਕੋ ਚਹੀਏ'।
'ਧਰਮਸਾਲ ਇਹ ਥਲ ਬਨਵਾਵਹੁ । ਪੰਚਾਮ੍ਰਿਤ ਕਰ ਨੁਤਿ[15] ਫਲ ਪਾਵਹੁ'॥੮੭॥

SikhBookClub.Com

ਮੂਲੇ ਦੇ ਨਾਲ ਬਹੁਤ ਭਾਰੀ ਭੀੜ ਇਕੱਠੀ ਹੋ ਗਈ। ਸਾਰੇ ਹੀ ਚੱਲ ਕੇ ਗੁਰੂ ਜੀ ਦੇ ਸਨਮੁੱਖ ਪਹੁੰਚ ਗਏ। (ਗੁਰੂ ਜੀ ਦੇ) ਚਰਨ-ਕਮਲਾਂ ਵਿੱਚ ਸਭ ਨੇ ਨਮਸਕਾਰ ਕੀਤਾ। ਪ੍ਰੇਮ ਨਾਲ ਬੇਨਤੀ ਕਰਨ ਲੱਗੇ। ॥੭੮॥

ਉਸ ਮੂਲੇ ਨੂੰ ਮੰਜੇ[1] ਤੋਂ ਉਤਾਰ ਕੇ ਗੁਰੂ ਜੀ ਦੇ ਅੱਗੇ ਲਿਟਾ[2] ਦਿੱਤਾ। ਹੱਥ ਜੋੜ ਕੇ ਸਾਰੇ ਜਣੇ ਖੜ੍ਹੇ ਹੋ ਗਏ। ਮਨ ਵਿੱਚ ਸ਼ਰਧਾ ਧਾਰ ਕੇ ਬੇਨਤੀ ਕਰਨ ਲੱਗੇ। ॥੭੯॥

"ਇਸ ਨੂੰ ਕਸੂਰਵਾਰ[3] ਜਾਣ ਕੇ ਤੁਸੀਂ ਮਾਰ ਦਿੱਤਾ ਹੈ। ਹੁਣ ਕਿਰਪਾ-ਦ੍ਰਿਸ਼ਟੀ ਨਾਲ ਇਸ ਨੂੰ ਜਿੰਦਾ[4] ਕਰ ਦਿਉ। ਇਹ ਜਾਣ-ਬੁੱਝ ਕੇ ਹੀ ਬੇਸਮਝ[5] ਬਣ ਗਿਆ ਸੀ। ਆਪਣੀ ਪਤਨੀ ਦੀ ਮੰਦੀ[6] ਸਲਾਹ ਵਿੱਚ ਫਸ ਗਿਆ ਸੀ।" ॥੮੦॥

ਇਸ ਪ੍ਰਕਾਰ ਸੁਣ ਕੇ ਜਗਤ ਦੇ ਮਾਲਕ (ਗੁਰੂ ਜੀ) ਸਾਰਿਆਂ ਨੂੰ ਆਖਣ ਲੱਗੇ, "ਇਸ ਦਾ ਜੀਵਨ ਮੁੱਕ ਚੁੱਕਾ ਸੀ ਅਤੇ ਮੌਤ[7] ਆ ਗਈ ਸੀ। (ਇਸ ਨੂੰ) ਕਿਸੇ ਵੀ ਤਰਾਂ ਬਚਾਇਆ ਨਹੀਂ ਸੀ ਜਾ ਸਕਦਾ। ॥੮੧॥

ਇਸ ਨੂੰ ਉਪਰੋਂ ਹੀ ਕਰੜੀ[8] ਮਾਰ ਪਈ ਹੈ, ਇਸ ਨੂੰ ਹੁਣ ਕੋਈ ਵੀ ਬਚਾ[9] ਨਹੀਂ ਸਕਦਾ। ਇਸ ਨੂੰ ਅੰਤ ਵੇਲੇ ਜੋ ਸਾਡੇ ਦਰਸ਼ਨ ਪ੍ਰਾਪਤ ਹੋਏ ਹਨ, ਇਸ ਦਾ ਫਲ ਇਸ ਨੂੰ ਸਹਾਈ[10] ਹੋਵੇਗਾ ॥੮੨॥

ਜਿਸ ਵੇਲੇ ਅਸੀਂ ਦਸਵੀਂ ਜੋਤ ਵਿੱਚ ਆਵਾਂਗੇ, ਉਦੋਂ ਇਸ ਦੀ ਜਨਮ-ਮਰਨ ਤੋਂ ਮੁਕਤੀ ਕਰਾਂਗੇ। ਉਦੋਂ ਤੀਕ ਇਹ ਸੂਰ[11], ਸਹਿਆ[12] (ਖਰਗੋਸ਼) ਤੇ ਹਿਰਨ ਆਦਿ ਦੀ ਜੂਨ ਪ੍ਰਾਪਤ ਕਰਕੇ ਜਨਮ ਲੈਂਦਾ ਰਹੇਗਾ।" ॥੮੩॥

ਇਹ ਆਖ ਕੇ ਗੁਣਾਂ ਦੀ ਖਾਣ ਗੁਰੂ ਜੀ ਚੁੱਪ ਹੋ ਗਏ। ਫਿਰ ਕੋਈ ਗੱਲ ਨਹੀਂ ਕੀਤੀ। ਲੋਕਾਂ ਦਾ ਇਕੱਠ ਮੂਲੇ ਨੂੰ ਲੈ ਕੇ ਘਰ ਆ ਗਿਆ। ॥੮੪॥

ਜਿਸ ਵੇਲੇ ਉਸ ਨੂੰ ਘਰ ਜਾ ਕੇ ਉਤਾਰਿਆ ਤਾਂ ਉਹ ਮਰ ਚੁੱਕਾ ਸੀ ਤੇ ਫੇਰ ਕੋਈ ਸਾਹ ਨਹੀਂ ਸੀ ਆ ਰਿਹਾ। ਇਸਤਰੀਆਂ ਨੇ ਮਿਲ ਕੇ ਬਹੁਤ ਵਿਰਲਾਪ ਕੀਤਾ। ਅੰਤ ਵਿੱਚ ਲੱਕੜਾਂ[13] 'ਤੇ ਧਰ ਕੇ ਉਸ ਨੂੰ ਫੂਕ ਦਿੱਤਾ ਗਿਆ। ॥੮੫॥

ਇੱਕ ਰਾਤ ਉੱਥੇ ਠਹਿਰ ਕੇ ਫੇਰ ਗੁਰੂ ਜੀ ਅੱਗੇ ਚੱਲ ਪਏ। ਜਦੋਂ ਨਗਰ ਦੇ ਲੋਕਾਂ ਨੇ ਸੁਣਿਆ ਕਿ ਚਿੰਤਾ-ਨਾਸ਼ਕ (ਗੁਰੂ ਜੀ) ਚਲੇ[14] ਗਏ ਹਨ ਤਾਂ ਉਹ ਉਨ੍ਹਾਂ ਨੂੰ ਦੌੜ ਕੇ ਜਾ ਮਿਲੇ। ॥੮੬॥

ਉਨ੍ਹਾਂ ਨੇ ਚਰਨ ਫੜ ਕੇ ਕਿਹਾ, "ਸਾਡਾ ਉਧਾਰ ਹੋਣਾ ਚਾਹੀਦਾ ਹੈ।" (ਗੁਰੂ ਜੀ ਬੋਲੇ), "ਇੱਥੇ ਧਰਮਸਾਲਾ ਬਣਵਾਉ। ਕੜਾਹ-ਪਰਸ਼ਾਦ ਅਤੇ ਕੀਰਤਨ[15] ਕਰੋ ਤਾਂ ਫਲ ਮਿਲੇਗਾ।" ॥੮੭॥

SikhBookClub.Com

ਪਗ ਪਾਹੁਲ ਦੇਕਰ ਵਿਦ ਗਮਨੇ । ਅਬ ਗੁਰਦੁਆਰ ਬਨਾ ਤਿਹ ਭਵਨੇ[1]।
ਹੁਕਮ ਮਾਨ ਦਰਬਾਰ[2] ਬਨਾਯੋ । ਅਬ ਲਗ ਜਾਹਰ[3] ਜਗਤ ਸੁਹਾਯੋ॥੮੮॥

ਪੂਜਨ ਕਰ ਫਲ ਪਾਵਤ ਲੋਕੀ।ਅਬ ਲਗ ਪ੍ਰਗਟ ਬੇਰ(*3) ਪਤਿਲੋਕੀ[4] ।
ਸੁਨ ਕੈ ਸ਼੍ਰੋਤਨ[5] ਪ੍ਰਸ਼ਨ ਸੁ ਕੀਨਾ।'ਮੂਲਾ ਕਿਸ ਬਿਧਿ ਬੰਧਨ ਹੀਨਾ[6] ॥੮੯॥

ਜਿਸ ਪ੍ਰਕਾਰ ਪਾਈ ਗਤਿ ਤਾਂਹੀ । ਸਭ ਪਰਸੰਗ ਕਹਉ ਹਮ ਪਾਹੀ'।
ਕਵਿ ਭਾਖਿਓ:- ਸੁਨੀਐ ਮਤਿਵੰਤੇ[7]! ਮੂਲੇ ਕੋ ਆਗਲ ਬਿਰਤੰਤੇ(*4)॥੯੦॥

ਦੋਹਰਾ

ਪਾਤਿਸ਼ਾਹਿ ਦਸਵੋਂ ਗੁਰੂ ਸਿੱਖਨ ਕੋ ਸੁਖਦਾਇ।
ਦੇਗ ਤੇਗ ਕੇ ਬਡ ਧਨੀ ਮਹਿਮਾ ਕਹੀ ਨ ਜਾਇ॥੯੧॥

ਚੌਪਈ

ਸ੍ਰੀ ਗੋਬਿੰਦ ਸਿੰਘ ਰੁਚਿਰ[8] ਬਿਸਾਲਾ । ਜਬਹੀ ਬੈਠੇ ਤਖ਼ਤ ਕ੍ਰਿਪਾਲਾ।
ਸੰਗਤਿ ਕੋ ਉਧਾਰ ਬਹੁ ਕਰਹੀਂ । ਪ੍ਰਬਲ[9] ਤੇਜ ਦੁਸ਼ਟਨ ਕੋ ਹਰਹੀਂ॥੯੨॥

ਏਕ ਬੈਸ਼ਨੋ ਸੁਨੀ ਪ੍ਰਸ਼ੰਸਾ । 'ਗੁਰੂ ਬਡੋ ਸੋਢਿਨ ਅਵਿਤੰਸ਼ਾ[10]।
ਸ੍ਰੀ ਨਾਨਕ ਸਥਾਨ ਸੋ ਬੈਸਾ । ਕਰਤ ਉਧਾਰ ਦੇਤ ਉਪਦੇਸ਼ਾ॥੯੩॥

ਬਹੁ ਬਿਬੇਕਨਿਧਿ[11] ਸੰਤ ਸਰੂਪਾ' । ਅਸ ਜਬ ਮਹਿਮਾ ਸੁਨੀ ਅਨੂਪਾ।
ਦਰਸ ਹੇਤ ਚਲ ਕਰ ਸੋ ਆਵਾ । ਅਵਿਲੋਕਨ ਅਚਾਰ ਲਲਚਾਵਾ॥੯੪॥

ਗਏ ਅਖੇਰ[12] ਗੁਰੂ ਤਿਹ ਕਾਲਾ । ਸ਼ਸਤ੍ਰ ਸਜਾਇ ਸੁ ਬਾਹੁ ਬਿਸਾਲਾ।
ਬੂਝੈ ਮਨੁਜ ਬੈਸ਼ਨੋ ਜਾਈ ।'ਸ੍ਰੀ ਬਿਬੇਕਨਿਧਿ ਹੈਂ ਕਿਹ ਥਾਈ?॥੯੫॥

ਦਰਸ਼ਨ ਕਰਨ ਮੋਰ ਅਭਿਲਾਖਾ' । ਸੁਨ ਕੈ ਇਕ ਸਿਖ ਤਿਹ ਸੋਂ ਭਾਖਾ।
'ਸ੍ਰੀ ਗੁਰੂ ਅਬ ਤੋਰ ਅਗਾਰੀ।ਗਏ ਸ਼ਿਕਾਰ ਉਜਾਰ[13] ਮਝਾਰੀ'॥੯੬॥

SikhBookClub.Com

(ਗੁਰੂ ਜੀ) ਚਰਨ-ਪਾਹੁਲ ਦੇ ਕੇ ਉੱਥੋਂ ਵਿਦਾ ਹੋ ਕੇ ਚਲੇ ਗਏ। ਹੁਣ ਉਸ ਸਥਾਨ[1] 'ਤੇ ਗੁਰਦੁਆਰਾ ਬਣਿਆ ਹੋਇਆ ਹੈ। ਉਨ੍ਹਾਂ ਨੇ ਹੁਕਮ ਮੰਨ ਕੇ ਗੁਰਦੁਆਰਾ[2] ਬਣਵਾ ਦਿੱਤਾ ਜੋ ਅਜੇ ਤਕ ਵੀ ਜਗਤ ਵਿੱਚ ਪਰਗਟ[3] ਹੋਇਆ ਸੁਹਾ ਰਿਹਾ ਹੈ। ॥੮੮॥

ਲੋਕੀਂ ਸੇਵਾ (ਪੂਜਾ) ਕਰਕੇ ਫਲ ਪਾਉਂਦੇ ਹਨ। ਉੱਥੇ ਲੋਕ-ਪਤੀ[4] (ਗੁਰੂ ਜੀ) ਦੀ ਬੇਰ ਹਾਲੇ ਤੱਕ ਵੀ ਪ੍ਰਸਿੱਧ ਹੈ। ਸਰੋਤਿਆਂ[5] ਨੇ ਸੁਣ ਕੇ ਇਹ ਪ੍ਰਸ਼ਨ ਕੀਤਾ, "ਮੂਲਾ ਕਿਸ ਪ੍ਰਕਾਰ ਸਭ ਬੰਧਨਾਂ ਤੋਂ ਮੁਕਤ[6] ਹੋ ਗਿਆ?" ॥੮੯॥

ਜਿਸ ਤਰਾਂ ਉਸ (ਮੂਲੇ ਨੇ) ਮੁਕਤੀ ਪਾਈ ਸੀ। ਉਹ ਸਾਰਾ ਪਰਸੰਗ ਸਾਨੂੰ ਵਰਣਨ ਕਰੋ।" ਕਵੀ (ਸੰਤੋਖ ਸਿੰਘ) ਨੇ ਆਖਿਆ, "ਹੇ ਬੁੱਧੀਮਾਨੋ[7]! ਮੂਲੇ ਦਾ ਅਗਲਾ ਬਿਰਤਾਂਤ ਸੁਣੋ ॥੯੦॥

ਦੋਹਰਾ

ਸਤਿਗੁਰੂ ਦਸਵੇਂ-ਪਾਤਸ਼ਾਹ ਸਿੱਖਾਂ ਨੂੰ ਸੁੱਖ ਪਰਦਾਨ ਕਰਨ ਵਾਲੇ ਸਨ। ਉਹ ਦੇਗ (ਲੰਗਰ) ਅਤੇ ਤਲਵਾਰ, ਦੋਨਾਂ ਦੇ ਹੀ ਵੱਡੇ ਧਨੀ ਸਨ ਤੇ ਉਨ੍ਹਾਂ ਦੀ ਪਰਸੰਸਾ ਕਰਨੀ ਸੰਭਵ ਨਹੀਂ, ਭਾਵ ਅਕੱਥ ਹੈ। ॥੯੧॥

ਚੌਪਈ

ਗੁਰੂ ਗੋਬਿੰਦ ਸਿੰਘ ਜੀ ਬਹੁਤ ਸੁੰਦਰ[8] ਸਨ। ਜਦੋਂ ਗੁਰਗੱਦੀ 'ਤੇ ਬੈਠੇ ਤਾਂ ਉਨ੍ਹਾਂ ਬੜੀ ਸੰਗਤ ਦਾ ਉਧਾਰ ਕੀਤਾ। ਉਨ੍ਹਾਂ ਨੇ ਸ਼ਕਤੀ-ਬਲ[9] ਸਦਕਾ ਵੈਰੀਆਂ ਨੂੰ ਮਿਟਾਇਆ। ॥੯੨॥

ਇੱਕ ਵੈਸ਼ਨਵ ਨੇ ਗੁਰੂ ਜੀ ਦੀ ਉਸਤਤੀ ਸੁਣੀ ਕਿ ਗੁਰੂ ਜੀ ਸੋਢੀ-ਕੁਲ ਦੇ ਵੱਡੇ ਗਹਿਣੇ[10] (ਸ਼ਿੰਗਾਰ) ਹਨ। ਗੁਰੂ ਨਾਨਕ ਦੇਵ ਜੀ ਦੀ ਥਾਂ 'ਤੇ ਉਨ੍ਹਾਂ ਨੂੰ ਗੁਰਗੱਦੀ ਮਿਲੀ ਹੋਈ ਹੈ। ਲੋਕਾਂ ਨੂੰ ਉਪਦੇਸ਼ ਦੇ ਕੇ ਉਧਾਰ ਕਰਦੇ ਹਨ। ॥੯੩॥

ਉਹ ਗਿਆਨ ਦੇ ਵੱਡੇ ਭੰਡਾਰ[11] ਤੇ ਸੰਤ ਸਰੂਪ ਹਨ।" ਜਿਸ ਵੇਲੇ ਅਜਿਹੀ ਬੇਮਿਸਾਲ ਗੁਰੂ ਜੀ ਦੀ ਵਡਿਆਈ ਸੁਣੀ ਤਾਂ ਉਹ ਦਰਸ਼ਨ ਕਰਨ ਲਈ ਚੱਲ ਕੇ ਆ ਗਿਆ। ਗੁਰੂ ਜੀ ਦਾ ਆਚਾਰ-ਵਿਹਾਰ ਦੇਖਣ ਲਈ ਮਨ ਵਿੱਚ ਲਾਲਸਾ ਹੋਈ। ॥੯੪॥

ਉਸ ਸਮੇਂ ਗੁਰੂ ਜੀ ਸ਼ਿਕਾਰ[12] ਖੇਡਣ ਲਈ ਗਏ ਹੋਏ ਸਨ। ਬਾਹਾਂ 'ਤੇ ਬਹੁਤ ਸ਼ਸਤਰ ਸਜਾਏ ਹੋਏ ਸਨ। ਵੈਸ਼ਨਵ ਜਾ ਕੇ ਸਿੱਖਾਂ ਨੂੰ ਪੁੱਛਣ ਲੱਗਿਆ, "ਗਿਆਨ ਦੇ ਭੰਡਾਰ ਗੁਰੂ ਜੀ ਕਿੱਥੇ ਹਨ? ॥੯੫॥

ਮੇਰੀ, ਉਨ੍ਹਾਂ ਦੇ ਦਰਸ਼ਨ ਕਰਨ ਦੀ ਚਾਹ ਹੈ।" ਇੱਕ ਸਿੱਖ ਨੇ ਸੁਣ ਕੇ ਉਸ ਨੂੰ ਆਖਿਆ, "ਗੁਰੂ ਜੀ ਤੇਰੇ ਅੱਗੇ-ਅੱਗੇ ਹੁਣੇ ਉਜਾੜ[13] ਵਿੱਚ ਸ਼ਿਕਾਰ ਖੇਡਣ ਗਏ ਹਨ।" ॥੯੬॥

SikhBookClub.Com

ਇਉਂ ਸੁਨ ਤਰਕਤ[1] ਭਾ ਮਨ ਮਾਂਹੀ । — ਕਰਨ ਉਧਾਰ ਉਚਿਤ ਇਹ ਨਾਂਹੀਂ ।
ਦਯਾਹੀਨ ਜੋ ਜੀਵਨ[2] ਮਾਰੈਂ । ਸੋ ਕੈਸੇ ਕੈ ਜਗਤ ਉਧਾਰੈਂ? ॥੯੭॥

ਤੱਦਜਪ ਮੈਂ ਆਯੋ ਅਬ ਚਲਕੈ । ਜਾਉਂ ਸਦਨ ਇਕ ਵਾਰੀ ਮਿਲਕੈ —।
ਅਸ ਵਿਚਾਰ ਕਰ ਵਹਿਰ ਪਧਾਰਾ । ਜਿਹ ਮਗ ਗਮਨੇ ਮੋਖ ਉਦਾਰਾ॥੯੮॥

ਕਰਤ ਅਖੇਰਬ੍ਰੱਤ ਤਿਹ ਕਾਲਾ । ਜਾਇ ਬਿਲੋਕੇ ਦੀਨ ਦਿਆਲਾ।
ਨਿਕਸ ਸਸਾ ਇਕ ਚਲਜੋ ਅਗਾਰੀ । ਛੋਡਿਓ ਤਾਂਕੇ ਬਾਜ ਪਿਛਾਰੀ॥੯੯॥

ਚੁੰਚ[3] ਚਪੇਟ ਸਾਥ ਤਿਹ ਗੇਰਾ।ਬਿਗਸੇ ਪ੍ਰਭੂ ਤਮਾਸ਼ੋ ਹੇਰਾ।
ਦੇਖ ਬੈਸ਼ਨੋ ਬਹੁ ਪਛੁਤਾਵਾ। — ਮੈਂ ਕਾਹੇ ਇਨ ਢਿਗ ਚਲਿ ਆਵਾ॥੧੦੦॥

ਤਰਫਤ[4] ਜੀ ਕੋ ਹੇਰ ਬਿਕਾਸ਼ੇ । ਕਹਾਂ ਮੁਕਤਿ ਹੋਵੈ ਇਨ ਪਾਸੇ —।
ਤਿਹ ਮਨ ਕੀ ਲਖ ਕੈ ਜਗਨਾਥਾ। ਸਸੇ ਸੰਗ ਛੁਵਾਯੋ[5] ਨਿਜ ਹਾਥਾ॥੧੦੧॥

ਤਤ ਛਿਨ ਭਯੋ ਸੁ ਦੇਵ[6] ਸਰੂਪਾ । ਭੂਖਨ ਅੰਗਨ ਬੀਚ ਅਨੂਪਾ।
ਬਨੀ ਰੁਚਿਰਤਾ ਕਾਮ ਲਜਾਵਾ । ਉਸਤਤਿ ਕਰਕੇ ਉਰਧ[7] ਸਿਧਾਵਾ॥੧੦੨॥

ਜਬ ਇਹ ਚਰਿਤ ਬੈਸ਼ਨਵ ਦੇਖਾ । ਉਰ ਮਹਿਂ ਸ਼ਰਧਾ ਬਧੀ ਵਿਸ਼ੇਖਾ।
ਪਦ ਅਰਬਿੰਦ ਦੌਰ ਲਪਟਾਵਾ । ਅਧਿਕ ਪ੍ਰੇਮ ਸੋਂ ਹਿਰਦਾ ਛਾਵਾ॥੧੦੩॥

ਡੇਰੇ ਜਾਇ ਬੂਝਨੋ ਕੀਨਾ।'ਕੌਨ ਹੁਤੋ ਜੁ ਕਿਯੋ ਬੰਧਹੀਨਾ[8]?'।
ਤਿਹ ਛਿਨ ਮੂਲੇ ਕੌ ਜੁ ਪ੍ਰਸੰਗਾ।ਗੁਰੂ ਸੁਨਾਇ ਦੀਨ ਤਿਹ ਸੰਗਾ॥੧੦੪॥

ਇਸ ਪ੍ਰਕਾਰ ਸੁਨ ਪਿਖ ਸੁਭ ਰੀਤੀ । ਭਯੋ ਸਿੱਖ ਗੁਰ ਕੌ ਯੁਤ ਪ੍ਰੀਤੀ।
ਇਉਂ ਮੂਲੇ ਨੇ ਸੁਭ ਗਤਿ ਪਾਈ।ਕਵਿ ਬਰਨਨਿ ਕਰਿ ਸਰਬ ਸੁਨਾਈ॥੧੦੫॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਬਾਲ ਗੁੰਦਾਈ, ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਅਠੱਤੀਸਮੋ ਧਯਾਇ ॥੩੮॥

SikhBookClub.Com

ਇਉਂ ਸੁਣ ਕੇ ਉਸ ਦੇ ਮਨ ਵਿੱਚ ਸ਼ੰਕਾ[1] ਪੈਦਾ ਹੋਈ -ਇਹ ਮੁਕਤੀ ਦੇਣ ਦੀ ਸਮੱਰਥਾ ਨਹੀਂ ਰੱਖ ਸਕਦੇ। ਜੋ ਵਿਅਕਤੀ ਨਿਰਦਈ ਹੋ ਕੇ ਜੀਵਾਂ[2] ਨੂੰ ਮਾਰਦਾ ਹੈ, ਉਹ ਸੰਸਾਰ ਦਾ ਉਧਾਰ ਕਿਵੇਂ ਕਰਨ ਵਾਲਾ ਹੋ ਸਕਦਾ ਹੈ? ॥੯੭॥

ਫੇਰ ਵੀ ਮੈਂ ਹੁਣ ਚੱਲ ਕੇ ਆਇਆ ਹੀ ਹਾਂ, ਇੱਕ ਵਾਰ ਮਿਲ ਕੇ ਹੀ ਘਰ ਨੂੰ ਮੁੜਾਂਗਾ-। ਜਿਸ ਰਾਹ ਨੂੰ ਮੁਕਤੀਦਾਤੇ ਗੁਰੂ ਜੀ ਗਏ ਸਨ। ਇਹ ਸੋਚ ਕੇ ਉਹ ਬਾਹਰ ਚਲਾ ਗਿਆ। ॥੯੮॥

ਉਸ ਵੇਲੇ ਗੁਰੂ ਜੀ ਦਾ ਧਿਆਨ ਸ਼ਿਕਾਰ ਖੇਡਣ ਵਿੱਚ ਸੀ। ਉਸ ਵੈਸ਼ਨਵ ਨੇ ਅਨਾਥਾਂ 'ਤੇ ਦਇਆ ਕਰਨ ਵਾਲੇ (ਗੁਰੂ ਜੀ) ਦੇ ਦਰਸ਼ਨ ਕੀਤੇ। ਇੱਕ ਸਹਿਆ (ਖਰਗੋਸ਼) ਅੱਗੇ ਨੂੰ ਨਿਕਲ ਕੇ ਭੱਜ ਗਿਆ। (ਗੁਰੂ ਜੀ ਨੇ) ਉਸ ਦੇ ਪਿੱਛੇ ਬਾਜ਼ ਛੱਡ ਦਿੱਤਾ ॥੯੯॥

ਉਸ ਬਾਜ਼ ਨੇ ਸਹੇ ਨੂੰ ਚੁੰਝ[3] ਮਾਰ-ਮਾਰ ਕੇ ਸੁੱਟ ਲਿਆ। ਗੁਰੂ ਜੀ ਇਹ ਤਮਾਸ਼ਾ ਵੇਖ ਕੇ ਖੁਸ਼ ਹੋ ਗਏ। ਵੈਸ਼ਨਵ ਇਹ ਸਭ ਦੇਖ ਕੇ ਬਹੁਤ ਪਛਤਾਇਆ। ਮਨ ਵਿੱਚ ਸੋਚਿਆ-ਮੈਂ ਇਨ੍ਹਾਂ ਕੋਲ ਕਿਉਂ ਆ ਗਿਆ ਹਾਂ? ॥੧੦੦॥

(ਇਹ ਤਾਂ) ਤੜਫਦੇ[4] ਜਾਨਵਰ ਨੂੰ ਵੇਖ ਕੇ ਖੁਸ਼ ਹੋ ਰਹੇ ਹਨ। ਇਨ੍ਹਾਂ ਕੋਲੋਂ ਮੁਕਤੀ ਕਿੱਥੋਂ ਮਿਲਣੀ ਹੈ-? ਜਗਤ-ਮਾਲਕ ਗੁਰੂ ਜੀ ਨੇ ਉਸ ਦੇ ਮਨ ਦੀ ਜਾਣ ਕੇ ਹੱਥਾਂ ਨਾਲ ਸਹੇ ਨੂੰ ਛੁਹਿਆ[5] ॥੧੦੧॥

ਉਹ ਤੁਰੰਤ ਦੇਵਤੇ[6] ਦੇ ਰੂਪ ਵਿੱਚ ਆ ਗਿਆ। ਉਸ ਦੇ ਅੰਗਾਂ ਵਿੱਚ ਬਹੁਤ ਸੁੰਦਰ ਗਹਿਣੇ ਪਾਏ ਹੋਏ ਸਨ। (ਉਸ ਦਾ ਮੁੱਖ) ਸੁੰਦਰ ਤੇ ਨਸ਼ੇ ਦੇ ਸਰੂਰ ਵਾਲਾ ਸੀ, ਜਿਸ ਨੂੰ ਵੇਖ ਕੇ ਕਾਮਦੇਵ ਵੀ ਸ਼ਰਮਿੰਦਾ ਹੋ ਰਿਹਾ ਸੀ । ਤੇ ਉਹ ਉਸਤਤ ਕਰਦਾ ਹੋਇਆ, ਉੱਪਰ[7] ਨੂੰ ਚਲਾ ਗਿਆ ॥੧੦੨॥

ਜਦ ਵੈਸ਼ਨਵ ਨੇ ਇਹ ਕੌਤਕ ਵੇਖਿਆ ਤਾਂ ਉਸ ਦੇ ਮਨ ਵਿੱਚ ਸ਼ਰਧਾ ਵਧ ਗਈ। ਉਹ ਦੌੜ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਿਆ । ਉਸ ਦਾ ਹਿਰਦਾ ਪ੍ਰੇਮ ਨਾਲ ਭਰ ਗਿਆ। ॥੧੦੩॥

ਡੇਰੇ ਪਹੁੰਚ ਕੇ ਵੈਸ਼ਨਵ ਨੇ ਪੁੱਛਿਆ, "ਉਹ ਕੌਣ ਸੀ? ਜਿਸ ਦੀ ਤੁਸੀਂ ਬੰਦਖਲਾਸੀ[8] (ਮੁਕਤੀ) ਕੀਤੀ ਹੈ?" ਉਸੇ ਪਲ ਗੁਰੂ ਜੀ ਨੇ ਮੂਲੇ ਦਾ ਸਾਰਾ ਬਿਰਤਾਂਤ ਉਸ ਨੂੰ ਸੁਣਾ ਦਿੱਤਾ। ॥੧੦੪॥

ਇਸ ਤਰਾਂ ਗੁਰੂ ਜੀ ਦੀ ਸ੍ਰੇਸ਼ਟ ਰੀਤੀ ਸੁਣ-ਵੇਖ ਕੇ ਉਹ ਬਹੁਤ ਪ੍ਰੇਮ ਸਹਿਤ ਗੁਰੂ ਜੀ ਦਾ ਸਿੱਖ ਬਣ ਗਿਆ। ਇਸ ਤਰਾਂ ਮੂਲੇ ਨੇ ਭਲੀ ਪ੍ਰਕਾਰ ਮੁਕਤੀ ਪ੍ਰਾਪਤ ਕਰ ਲਈ। ਕਵੀ (ਸੰਤੋਖ ਸਿੰਘ) ਨੇ ਸਾਰੀ ਦੀ ਸਾਰੀ ਕਥਾ ਵਰਣਨ ਕਰਕੇ ਸੁਣਾ ਦਿੱਤੀ ਹੈ। ॥੧੦੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸ਼ਹੁ-ਸੁਹਾਗਣ, ਬਾਲ-ਗੁੰਦਾਈ, ਮੂਲੇ ਦਾ ਪ੍ਰਸੰਗ" ਨਾਮੀ ਅਠੱਤੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਨਾਨਕ ਜੀ, ਜਿਸ ਥਾਂ ਇੱਕ ਫ਼ਕੀਰ (ਸ਼ਹੁ ਸੁਹਾਗਣ) ਆਪਣੀ ਬਦਨਾਮੀ ਕਰਕੇ ਦੁਖੀ ਹੋ ਗਿਆ ਸੀ, ਉੱਥੇ ਪੁੱਜ ਗਏ। ਪਹਿਲਾਂ ਗੁਰੂ ਜੀ ਨੇ ਹੀ ਉਸ ਦੇ ਸਾਰੇ ਪਖੰਡ ਦਾ ਭੇਤ ਉਘੇੜ ਦਿੱਤਾ ਸੀ ਤੇ ਉਹ ਲੋਕਾਂ ਵਿੱਚ ਬਹੁਤ ਸ਼ਰਮਿੰਦਾ ਹੋਇਆ ਸੀ। ਹੁਣ ਗੁਰੂ ਜੀ ਦੁਬਾਰਾ ਉਸ 'ਤੇ ਕਿਰਪਾ ਕਰਨ ਲਈ ਗਏ। ਉਸ ਜਗ੍ਹਾ ਹੁਣ ਸ਼ਹੁ ਸੁਹਾਗਣ ਦਾ ਕੋਈ ਮੇਲਾ ਨਹੀਂ ਸੀ ਲੱਗਦਾ। ਇੱਕ ਦਿਨ ਗੁਰੂ ਜੀ ਬਾਹਰ ਬੈਠੇ ਸਨ, ਇੱਕ ਲੂਲ੍ਹਾ ਆਦਮੀ ਉਥੇ ਆ ਗਿਆ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦੇ ਹੱਥ-ਪੈਰ ਠੀਕ ਹੋ ਗਏ। ਉਹ ਨਿਮਾਣਾ ਹੋ ਕੇ ਬੋਲਿਆ ਕਿ ਉਨ੍ਹਾਂ ਦੇ ਦਰਸ਼ਨਾਂ ਸਦਕਾ ਉਸ ਦਾ ਸਰੀਰ ਅਰੋਗ ਹੋ ਗਿਆ ਹੈ ਤਾਂ ਗੁਰੂ ਜੀ ਨੇ ਉਸ ਨੂੰ ਆਖਿਆ ਕਿ ਜੇਕਰ ਨਗਰ ਵਿੱਚ ਉਸ ਨੂੰ ਕੋਈ ਪੁੱਛੇ ਕਿ ਉਸ ਦੇ ਹੱਥ-ਪੈਰ ਕਿਸ ਤਰ੍ਹਾਂ ਠੀਕ ਹੋਏ ਹਨ ਤਾਂ ਉਹ ਕਹਿ ਦੇਵੇ ਕਿ ਸ਼ਹੁ ਸੁਹਾਗਣ ਨੇ ਠੀਕ ਕੀਤੇ ਹਨ। ਜਦੋਂ ਉਹ ਇਵੇਂ ਕਹਿੰਦਾ-ਕਹਿੰਦਾ ਸ਼ਹੁ ਸੁਹਾਗਣ ਕੋਲ ਪੁੱਜਾ। ਸ਼ਹੁ ਸੁਹਾਗਣ ਨੇ ਪੁੱਛਿਆ "ਉਹ ਸ਼ਹੁ ਸੁਹਾਗਣ ਕਿੱਥੇ ਬੈਠਾ ਹੈ ਜਿਸ ਨੇ ਤੇਰਾ ਦੁੱਖ-ਦਰਦ ਦੂਰ ਕਰ ਦਿੱਤਾ ਹੈ?" ਉਹ ਲੂਲ੍ਹਾ ਉਸ ਨੂੰ (ਸ਼ਹੁ-ਸੁਹਾਗਣ ਨੂੰ) ਗੁਰੂ ਜੀ ਕੋਲ ਲੈ ਗਿਆ । ਸ਼ਹੁ ਸੁਹਾਗਣ, ਗੁਰੂ ਜੀ ਦੇ ਚਰਨ-ਕਮਲਾਂ ਨੂੰ ਲਿਪਟ ਗਿਆ ਤੇ ਕਿਹਾ ਕਿ ਉਸ ਦਾ ਗੁਨਾਹ ਮੁਆਫ ਕਰ ਦੇਣ। ਇਸ ਤਰਾਂ ਗੁਰੂ ਜੀ ਨੇ ਆਪਣਾ-ਆਪ ਛੁਪਾ ਕੇ ਉਸ ਨੂੰ ਵਡਿਆਈ ਦਿਵਾਈ ਸੀ। ਗੁਰੂ ਜੀ ਨੇ ਉਸਨੂੰ ਉਪਦੇਸ਼ ਦਿੱਤਾ ਅਤੇ ਉਹ ਗੁਰੂ ਜੀ ਦਾ ਸੇਵਕ ਬਣ ਗਿਆ।

ਉਸ ਤੋਂ ਬਾਅਦ ਪਰਉਪਕਾਰੀ ਗੁਰੂ ਜੀ 'ਬਾਲ-ਗੁੰਦਾਈ' ਦੇ ਡੇਰੇ ਕੋਲ ਜਾ ਕੇ ਬੈਠ ਗਏ। ਬਾਲ ਗੁੰਦਾਈ ਨੇ ਆਦਰ ਨਾਲ ਬੇਨਤੀ ਕੀਤੀ ਕਿ ਬਹੁਤ ਮੀਂਹ ਪੈਣ ਵਾਲਾ ਹੈ, ਡੇਰੇ ਵਿੱਚ ਅਰਾਮ ਨਾਲ ਰਾਤ ਗੁਜ਼ਾਰੋ। ਗੁਰੂ ਜੀ ਨੇ ਆਖਿਆ ਕਿ ਉਹ ਤਿਆਗੀ ਹਨ ਅਤੇ ਹਿਰਦੇ ਵਿੱਚ ਦੁੱਖ-ਸੁੱਖ ਸਮਾਨ ਜਾਣ ਕੇ ਸਮਾਂ ਗੁਜ਼ਾਰ ਲੈਂਦੇ ਹਨ। ਬਹੁਤ ਵਾਰਤਾਲਾਪ ਤੋਂ ਬਾਅਦ 'ਬਾਲ ਗੁੰਦਾਈ' ਗੁਰੂ ਜੀ ਨੂੰ ਆਪਣੇ ਡੇਰੇ ਵਿੱਚ ਲੈ ਆਇਆ। ਉਸ ਨੇ ਗੁਰੂ ਜੀ ਨੂੰ ਸਭ ਐਸ਼ੋ-ਅਰਾਮ ਦਾ ਸਮਾਨ ਦਿਖਾਇਆ, ਪਰ ਗੁਰੂ ਜੀ ਕਹਿਣ ਲੱਗੇ ਕਿ, ਇਹ ਸਭ ਤਾਂ ਬਾਦਸ਼ਾਹਾਂ ਨੂੰ ਸੋਭਦਾ ਹੈ। ਤਿਆਗੀ ਦਾ ਇਨ੍ਹਾਂ ਨੂੰ ਵੇਖਣ ਦਾ ਕੀ ਕੰਮ ਹੈ? ਇਸ ਤਰਾਂ ਗੁਰੂ ਜੀ ਨੇ ਮਾਇਆ ਦਾ ਮੋਹ ਛਡਵਾਉਣ ਬਾਰੇ ਬਾਲ ਗੁੰਦਾਈ ਨੂੰ ਕਈ ਉਪਦੇਸ਼ ਦਿੱਤੇ।

ਫਿਰ ਗੁਰੂ ਜੀ ਆਪਣੇ ਸੇਵਕ ਮੂਲੇ ਦੇ ਘਰ ਪੁੱਜ ਗਏ, ਪਰ ਮੂਲਾ ਆਪਣੀ ਪਤਨੀ ਦੇ ਆਖੇ ਲੱਗ ਕੇ ਤੁਰੰਤ ਘਰ ਅੰਦਰ ਜਾ ਕੇ ਛੁੱਪ ਗਿਆ। ਉਸਨੂੰ ਉਸੇ ਵੇਲੇ ਕਾਲੇ ਨਾਗ ਨੇ ਡੱਸ ਲਿਆ ਤੇ ਉਸ ਦੀ ਮੌਤ ਹੋ ਗਈ। ਉਸ ਨੂੰ ਮੰਜੇ ਉੱਤੇ ਪਾ ਕੇ ਗੁਰੂ ਜੀ ਕੋਲੋਂ ਲਿਜਾਇਆ ਗਿਆ। ਗੁਰੂ ਜੀ ਨੇ ਕਿਹਾ ਇਸ ਦਾ ਜੀਵਨ ਮੁੱਕ ਚੁੱਕਾ ਹੈ ਅਸੀਂ ਦਸਵੇਂ ਜਾਮੇ ਵਿੱਚ ਇਸ ਦੀ ਮੁਕਤੀ ਕਰਾਂਗੇ। ਫਿਰ ਇਕ ਵੈਸ਼ਨਵ ਗੁਰੂ ਗੋਬਿੰਦ ਸਿੰਘ ਜੀ ਬਹੁਤ ਉਸਤਤੀ ਸੁਣ ਕੇ ਦਰਸ਼ਨਾਂ ਲਈ ਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਉਸਦੇ ਮਨ ਦੀ ਜਾਣਦੇ ਹੋਏ ਸਾਰੇ ਭਰਮ ਦੂਰ ਕਰ ਕੇ ਉਸ ਦਾ ਉਧਾਰ ਕੀਤਾ ।

SikhBookClub.Com

ਫੁੱਟਨੋਟ

(*1) ਬਾਲ ਗੁੰਦਾਈ ਇੱਕ ਜੋਗੀ ਦਾ ਨਾਂ ਹੈ ਜੋ ਜੇਹਲਮ ਤੋਂ 12 ਕੋਹ ਪੱਛਮ ਚੱਲ ਇਕ ਪਹਾੜੀ ਟਿੱਲੇ 'ਤੇ ਰਹਿੰਦਾ ਸੀ। ਇਹ ਇੱਕ ਪਰਉਪਕਾਰੀ ਸਾਧੂ ਸੀ। ਗੁਰੂ ਨਾਨਕ ਸਾਹਿਬ ਇਸ ਦੇ ਆਸ਼ਰਮ ਵਿੱਚ ਪਧਾਰੇ ਸਨ। ਇਹ ਗੁਰੂ ਨਾਨਕ ਜੀ ਦਾ ਸ਼ਰਧਾਲੂ ਹੋ ਗਿਆ ਸੀ।

(*2) ਮੂਲਾ, ਸਿਆਲਕੋਟ ਦਾ ਵਸਨੀਕ ਕਰਾੜ ਸੀ। ਇਹ ਗੁਰੂ ਨਾਨਕ ਜੀ ਨਾਲ ਕੁਝ ਸਮਾਂ ਸਫ਼ਰ ਵਿੱਚ ਰਿਹਾ। ਇਕ ਵਾਰ ਇਹ ਆਪਣੀ ਇਸਤਰੀ ਦੇ ਆਖੇ ਲੱਗ ਕੇ ਹਨ੍ਹੇਰੇ ਵਿੱਚ ਜਾ ਲੁੱਕਿਆ, ਜਿੱਥੇ ਇਸ ਦੀ ਸੱਪ ਦੇ ਡਸਣ ਨਾਲ ਮੌਤ ਹੋ ਗਈ ਸੀ। ਗੁਰੂ ਜੀ ਨੇ ਮੂਲੇ 'ਤੇ ਇੱਕ ਸਲੋਕ ਵੀ ਉਚਾਰਨ ਕੀਤਾ, ਜੋ ਗੁਰੂ ਗ੍ਰੰਥ ਸਾਹਿਬ, ਪੰਨਾ 1412 'ਤੇ ਦਰਜ ਹੈ:-

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥

(ਗੁ. ਗ੍ਰੰ. ਸਾਹਿਬ, ਪੰਨਾ 1412)

(*3) ਸਿਆਲਕੋਟ ਵਿੱਚ ਇਕ ਬੇਰੀ ਹੈ, ਜਿਸ ਹੇਠ ਗੁਰੂ ਨਾਨਕ ਜੀ ਬਿਰਾਜੇ ਸਨ। ਮੂਲਾ ਕਰਾੜ ਇੱਥੇ ਹੀ ਗੁਰੂ ਜੀ ਦਾ ਸਿੱਖ ਬਣਿਆ ਸੀ। ਇੱਥੇ ਹੀ ਸੱਪ ਦੇ ਡੱਸਣ ਕਰਕੇ ਮੂਲੇ ਨੂੰ ਮੰਜੀ 'ਤੇ ਪਾ ਕੇ ਗੁਰੂ ਜੀ ਦੇ ਕੋਲ ਲਿਆਏ ਸਨ। ਇੱਥੇ ਸ਼ਾਨਦਾਰ ਗੁਰਦੁਆਰਾ ਕਾਇਮ ਹੈ।

(*4) ਮੂਲੇ ਦੀ ਮੌਤ ਉਪਰੰਤ ਜਦੋਂ ਗੁਰੂ ਜੀ ਕੋਲੋਂ ਹੇਠ ਲਿਖੇ ਮੁਤਾਬਕ ਬਚਨ ਅਖਵਾ ਦਿੱਤੇ ਸਨ ਤਾਂ ਪਰਸੰਗ ਖਤਮ ਹੋ ਗਿਆ ਸੀ:

ਅੰਤ ਸਮੈਂ ਜੋ ਦਰਸ਼ਨ ਪਾਵਾ । ਯਾਕੋ ਫਲ ਇਸ ਹੋਇ ਸੁਹਾਵਾ । (ਅੰਕ 82)

ਦਸਵਾਂ ਜਾਮਾ ਪਹਿਰਹਿਂ ਜਬਹੀ । ਜਨਮ ਮਰਨ ਤੇ ਗਤਿ ਦੈਂ ਤਬਹੀ ॥ (ਅੰਕ 83)

ਪਰ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਸ ਪਰਸੰਗ ਨੂੰ ਆਪਣੇ ਕੋਲੋਂ ਵਧਾ ਕੇ ਗੁਰੂ ਗੋਬਿੰਦ ਜੀ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ ਅਤੇ ਇਹ ਭੁੱਲ ਗਿਆ ਕਿ ਜਨਮ ਸਾਖੀ ਭਾਈ ਬਾਲਾ ਜੀ, ਗੁਰੂ ਅੰਗਦ ਦੇਵ ਜੀ ਨੂੰ ਲਿਖਵਾ ਰਹੇ ਹਨ। ਉਸ ਨੇ ਆਪਣੇ-ਆਪ ਨੂੰ ਭਾਈ ਬਾਲੇ ਦੀ ਥਾਂ ਖੜ੍ਹਾ ਕਰਵਾ ਕੇ ਸਰੋਤਿਆਂ ਦੀ ਮੰਗ ਦੱਸਦੇ ਹੋਏ, ਇਸ ਪਰਸੰਗ ਨੂੰ ਵਧਾਉਣ ਦਾ ਅਧਾਰ ਘੜ ਦਿੱਤਾ ਜੋ ਉਚਿਤ ਤੇ ਮੰਨਣਯੋਗ ਨਹੀਂ ਹੈ। ਭਾਈ ਸੰਤੋਖ ਸਿੰਘ ਇਹ ਭੁੱਲ ਗਏ ਕਿ ਇਹ ਰਚਨਾ ਕਰਨ ਵੇਲੇ, ਉਨ੍ਹਾਂ ਕੋਲ ਸਰੋਤੇ ਨਹੀਂ ਸਨ ਬੈਠੇ, ਉਹ ਤਾਂ ਕੇਵਲ ਲਿਖਾਰੀ ਦੇ ਤੌਰ 'ਤੇ ਲਿਖਤ ਵਿੱਚ ਮਗਨ ਸਨ।

ਨੋਟ: 'ਮੂਲੇ' ਅਤੇ 'ਸ਼ਹੁ ਸੁਹਾਗਣ' ਦੇ ਮੁਕੰਮਲ ਪਰਸੰਗ ਲਈ ਵੇਖੋ, ਅਧਿਆਇ 31, ਜਿਸ ਵਿੱਚ ਇਨ੍ਹਾਂ ਦੋਹਾਂ ਪਰਸੰਗਾਂ ਦਾ ਹਾਲ ਲਿਖਿਆ ਮਿਲਦਾ ਹੈ।

SikhBookClub.Com

ਅਧਜਾਯ ਉਨਤਾਲੀਵਾਂ

(ਪੜ੍ਹਨ, ਸੁਣਨ, ਪ੍ਰੇਮ ਮਹਿਮਾ।ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਪਰ ਸਿੱਧਾਂ ਨਾਲ ਗੋਸ਼ਟ ਆਦਿ।)

ਦੋਹਰਾ

ਪੜਨ ਸੁਨਨ ਕਰ ਛੀਰ[1] ਸਮ ਪ੍ਰੇਮ ਸਮਾਇਨ[2] ਪਾਇ।
ਲਖਨੋ ਸਹਿਜ ਸਰੂਪ ਕੋ ਚਖ ਮਾਖਨ ਸੁਖਦਾਇ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨ ਕਥਾ ਮਹਾਨੀ।ਕੀਨ ਪਯਾਨੋ ਪੁਨ ਗੁਨਖਾਨੀ।
ਸ੍ਰੀ ਕਰਤਾਰਪੁਰੇ ਚਲਿ ਆਏ।ਬੰਦਨ ਕਰਹਿਂ ਸਿੱਖ ਹਰਖਾਏ[3]॥੨॥

ਦੋਨੋ ਸੁਤ ਪਾਇਨ ਪਰ ਪਰੇ।ਦੇਖ ਪਿਤਾ ਸੋ ਆਨਂਦ ਭਰੇ।
ਸਭਨ ਕੀਨ ਉਤਸ਼ਾਹੁ ਬਿਸਾਲਾ।ਪੰਚਾਮ੍ਰਿਤ ਬਹੁ ਕਿਯ ਤਤਕਾਲਾ॥੩॥

ਕਰ ਅਰਦਾਸ ਬਾਂਟ ਸਬ ਤਾਈਂ।ਕਿਰਤਨ ਕੀ ਘਨਘੋਰ ਲਗਾਈ।
ਜਹਿਂ ਜਹਿਂ ਸਿੱਖ ਹੁਤੇ[4] ਸੁਨ ਆਏ।ਦਰਸ਼ਨ ਕਰ ਬਾਂਛਤ[5] ਫਲ ਪਾਏ॥੪॥

ਰਹਿਨ ਲਗੇ ਪੁਨਿ ਪੁਰਕਰਤਾਰਾ।ਸਿਮਰਨ ਨਾਮ ਜਗਤ ਬਿਸਤਾਰਾ।
ਦਿਨ ਪ੍ਰਤਿ ਦੂਨ ਚਊਨ ਬਿਸਾਲਾ।ਪਸਰੀ ਕੀਰਤਿ ਕਰਤ ਉਜਾਲਾ॥੫॥

ਦਸ ਦਿਸ ਜੀਤੀ,ਤੇਜ ਸਵਾਇਆ।ਸੱਤਿਨਾਮ ਕਾ ਚੱਕ੍ ਫਿਰਾਇਆ।
ਪੀਰ ਅਮੀਰ ਜਗਤ ਮਹਿਂ ਜੇਈ।ਪਦ ਅਰਬਿੰਦ ਨਿਵਾਏ ਤੇਈ॥੬॥

ਪੰਡਿਤ ਔਰ ਪਖੰਡੀ ਗਜਾਨੀ । ਬਿੱਦਜਾ ਬੇਤੇ ਜੇ ਅਭਿਮਾਨੀ।
ਕਰਾਮਾਤ ਯੁਤ ਆਪ ਜਣਾਇਆ । ਤਿਨ ਸਭ ਊਪਰ ਪ੍ਰਭੁ ਜਸੁ ਛਾਇਆ॥੭॥

SikhBookClub.Com

ਅਧਿਆਇ ਉਂਤਾਲੀਵਾਂ

(ਪੜ੍ਹਨ, ਸੁਣਨ । ਪ੍ਰੇਮ ਮਹਿਮਾ । ਕਰਤਾਰਪੁਰ ਨਿਵਾਸ । ਸ਼ਿਵਰਾਤਰੀ ਨੂੰ 'ਅੱਚਲ' ਪਰ । ਸਿੱਧਾਂ ਨਾਲ ਗੋਸ਼ਟ ਆਦਿ)

ਦੋਹਰਾ

ਪੜ੍ਹਨ ਤੇ ਸੁਣਨ ਨੂੰ ਦੁੱਧ[1] ਦੇ ਬਰਾਬਰ ਸਮਝ ਲੈ (ਤੇ) (ਉਸ ਵਿੱਚ) ਪ੍ਰੇਮ ਰੂਪੀ ਜਾਗ[2] ਲਗਾ ਦੇ, ਨਾਮ ਦਾ ਰਿੜਕਣਾ ਕਰ ਕੇ ਸਹਿਜ-ਸਰੂਪ ਦੀ ਲੱਖਤਾ (ਪਛਾਣ) ਰੂਪੀ ਸੁਖਦਾਈ ਮੱਖਣ ਨੂੰ ਫੇਰ ਚੱਖ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਸ੍ਰੀ ਗੁਰੂ ਅੰਗਦ ਦੇਵ ਜੀਓ! ਮਹਾਨ ਕਥਾ ਸੁਣੋ। ਫੇਰ ਗੁਣਾਂ ਦੀ ਖਾਣ (ਗੁਰੂ ਨਾਨਕ ਦੇਵ ਜੀ) ਨੇ ਚਾਲੇ ਪਾ ਦਿੱਤੇ ਤੇ ਚੱਲ ਕੇ, ਸ੍ਰੀ ਕਰਤਾਰਪੁਰ ਵਿਖੇ ਪੁੱਜ ਗਏ। ਸਿੱਖ ਪਰਸੰਨ[3] ਹੋ ਕੇ ਬੰਦਨਾ ਕਰਨ ਲੱਗੇ। ॥੨॥

ਗੁਰੂ ਜੀ ਦੇ ਦੋਵੇਂ ਸਪੁੱਤਰ ਆ ਕੇ ਚਰਨ-ਕਮਲਾਂ 'ਤੇ ਪੈ ਗਏ। ਪਿਤਾ ਦੇ ਦਰਸ਼ਨ ਕਰ ਕੇ ਉਹ ਖ਼ੁਸ਼ੀ ਨਾਲ ਭਰਪੂਰ ਹੋ ਗਏ। ਸਭ ਨੇ ਬਹੁਤ ਉਤਸ਼ਾਹ ਕੀਤਾ । ਤੁਰੰਤ ਬਹੁਤ ਸਾਰੀ ਕੜਾਹ-ਪਰਸ਼ਾਦ ਦੀ ਦੇਗ ਤਿਆਰ ਕੀਤੀ ਗਈ। ॥੩॥

ਕੀਰਤਨ ਦੀ ਆਵਾਜ਼ ਨਾਲ ਗੁੰਜਾਰ ਪੈ ਗਈ। ਅਰਦਾਸ ਕਰਕੇ ਸਭਨਾਂ ਵਿੱਚ ਦੇਗ ਵਰਤਾਈ ਗਈ। ਜਿਥੇ-ਜਿੱਥੇ ਸਿੱਖ (ਵਸਦੇ) ਸਨ[4], ਸਾਰੇ, ਸੁਣ ਕੇ ਪਹੁੰਚ ਗਏ। ਗੁਰੂ ਜੀ ਦੇ ਦਰਸ਼ਨ ਕਰਕੇ, ਮਨ-ਚਾਹੇ[5] ਫਲ ਪ੍ਰਾਪਤ ਕੀਤੇ। ॥੪॥

ਫੇਰ ਗੁਰੂ ਜੀ ਕਰਤਾਰਪੁਰ ਵਿਖੇ ਹੀ ਟਿਕ ਗਏ।ਨਾਮ ਦਾ ਸਿਮਰਨ ਸੰਸਾਰ ਅੰਦਰ ਫੈਲਾਉਂਦੇ ਰਹੇ। ਇਹ ਰੋਜ਼-ਰੋਜ਼ ਦੂਣਾ-ਚੌਣਾ ਫੈਲਦਾ ਗਿਆ। ਆਪ ਦਾ ਜਸ ਫੈਲਣ ਨਾਲ ਗਿਆਨ ਦਾ ਚਾਨਣ ਵਧਦਾ ਗਿਆ। ॥੫॥

ਆਪ ਦੇ ਵਧਦੇ ਤੇਜ-ਪ੍ਰਕਾਸ਼ ਨੇ, ਦਸੇ-ਦਿਸ਼ਾਵਾਂ ਜਿੱਤ ਲਈਆਂ ਸਾਰੇ ਪਾਸੇ ਆਪ ਨੇ ਸਤਿਨਾਮ ਦਾ ਚੱਕਰ ਚਲਾ ਦਿੱਤਾ ਸੀ। ਸੰਸਾਰ ਦੇ ਜੋ ਵੀ ਪੀਰ-ਫ਼ਕੀਰ ਅਤੇ ਰਾਜੇ ਤੇ ਸਰਦਾਰ ਸਨ, ਉਹ ਸਾਰੇ, ਆਪ ਦੇ ਚਰਨ-ਕਮਲਾਂ 'ਤੇ ਨਿਵਾ ਦਿੱਤੇ (ਭਾਵ ਨਿਵ ਗਏ)। ॥੬॥

ਵਿਦਵਾਨ, ਗਿਆਨਵਾਨ ਤੇ ਪਾਖੰਡੀ (ਭੇਖੀ) ਅਤੇ ਜੋ ਵੀ ਪੜ੍ਹੇ-ਲਿਖੇ, ਹੰਕਾਰ ਦੇ ਮਾਰੇ ਹੋਏ ਸਨ ਤੇ (ਜਿਨ੍ਹਾਂ ਨੇ) ਕਰਾਮਾਤਾਂ ਦੁਆਰਾ ਆਪਣਾ-ਆਪ ਜਣਾ ਲਿਆ ਸੀ, ਉਨ੍ਹਾਂ ਸਾਰਿਆਂ ਉੱਤੇ ਪ੍ਰਭੂ ਭਾਵ ਗੁਰੂ ਜੀ ਦਾ ਜਸ ਛਾ ਗਿਆ। ॥੭॥

SikhBookClub.Com

ਜੇਊ ਸਿਧ ਗੋਰਖ ਸੰਗਾਰੇ[1] । ਚਰਚਾ ਕਰਤ ਸਰਬ[2] ਤੇ ਹਾਰੇ।
ਕਲਾ ਦਿਖਾਇ ਰਹੇ ਪਚਿਹਾਰੀ[3]।ਚਲੀ ਨ ਕੁਛ ਭੇ ਲੱਜਤ ਭਾਰੀ॥੮॥

ਤਦਪਿ ਹੰਕਾਰ ਨ ਛੋਡਜੋ ਮਨ ਕੋ ।ਜਗ ਮਨਤਾ ਬਡ ਗਰਬ ਸੁ ਜਿਨ ਕੋ।
ਤਿਨ ਪੁਨਿ ਮਾਨ ਭੰਜਨੇ[4] ਹੇਤਾ।ਚਹਤਿ ਰਹਤਿ ਬੇਦੀ ਕੁਲਕੇਤਾ॥੯॥

ਬੇਖ ਫਕੀਰੀ ਤਜਜੋ ਸਰੀਰਾ।ਸੰਸਾਰੀ ਪਹਿਰੇ ਪੁਨਿ ਚੀਰਾ[5]।
ਕ੍ਰਿਖੀ[6] ਕਰਾਵਨ ਲਗੇ ਬਿਸਾਲਾ।ਦੇਗ[7] ਚਲਾਵਹਿਂ ਪਰਮ ਕ੍ਰਿਪਾਲਾ[(*1)] ॥੧੦॥

ਦਰਸ਼ਨ ਕਰਨ ਹੇਤ ਸਿਖ ਆਵਹਿਂ । ਕਿਤਕ ਰਹਹਿਂ,ਘਰਿ ਕਿਤਕ ਸਿਧਾਵਹਿਂ।
ਸਵਾ ਜਾਮ[8] ਨਿਸ ਰਹੇ ਸਦਾਈ । ਹੋਤ ਕੀਰਤਨ ਸਭ ਸੁਖਦਾਈ॥੧੧॥

ਸੱਤਿਨਾਮ ਕੋ ਸਿਮਰਨ ਕਰਨਾ।ਇਹ ਉਪਦੇਸ਼ ਸਰਬ ਪ੍ਰਤਿ ਬਰਨਾ[9]।
'ਨੀਚ ਕਿ ਊਚ ਰਾਇ ਕੈ ਰੰਕਾ।ਸਿਮਰੇ ਤੇ ਜਮ ਜਾਇ ਅਤੰਕਾ'॥੧੨॥

ਸ਼ੁੱਧ ਅਸ਼ੁੱਧ ਜਪੈ ਜੇ ਕੋਈ। ਮਨ ਬਿਕਾਰ ਤੇ ਨਿਰਮਲ ਹੋਈ।
ਪ੍ਰਾਪਤਿ ਗਜਾਨ ਬੰਧ[10] ਸਭ ਖੋਇ।ਇਹ ਸਮ ਨਹਿਂ ਸੁਖੈਨ ਕਲਿ[11] ਕੋਇ'॥੧੩॥

ਸੁਨ ਉਪਦੇਸ਼ ਸਿੱਖ ਵਡਭਾਗੀ। ਭਗਤਿ ਪ੍ਰੇਮ ਰੰਗੇ ਲਿਵਲਾਗੀ।
ਮੁਕਤਿ ਉਚਿਤ[12] ਭੇ ਮਨੁਜ ਅਨੇਕਾ।ਰਹੇ ਅਲੇਪ ਸੁ ਪਾਇ ਬਿਬੇਕਾ[13] ॥੧੪॥

ਦੋਹਰਾ

ਨਿਜ ਪੁਰ ਸੁਨ ਝਟ ਆਤ ਭਾ ਨਾਮ ਅਜਿੱਤਾ ਜਾਸ[14]।
ਜਗਤੇਸ਼ੁਰ ਪਦ ਕਮਲ ਕੋ ਭ੍ਰਮਰ ਕੀਨ ਮਨ ਜਾਸ॥੧੫॥

SikhBookClub.Com

ਗੋਰਖ ਨਾਲ[1] ਜੋ ਵੀ ਸਿੱਧ ਸਨ, ਉਹ ਸਾਰੇ[2] (ਆਪ ਜੀ ਨਾਲ) ਚਰਚਾ ਕਰ ਕਰ ਕੇ ਹਾਰ ਗਏ। ਉਹ ਆਪਣੀ ਸ਼ਕਤੀ ਦਿਖਾ-ਦਿਖਾ ਕੇ ਥੱਕ[3] ਗਏ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਤੇ ਅੰਤ ਬਹੁਤ ਸ਼ਰਮਿੰਦੇ ਹੋਏ। ॥੮॥

ਫੇਰ ਵੀ ਉਨ੍ਹਾਂ ਨੇ ਆਪਣੇ ਮਨ ਦਾ ਹੰਕਾਰ ਨਾ ਛੱਡਿਆ ਕਿਉਂਕਿ ਉਨ੍ਹਾਂ ਨੂੰ ਆਪਣੀ ਸੰਸਾਰਕ-ਮਾਨਤਾ ਉੱਤੇ ਬਹੁਤ ਜ਼ਿਆਦਾ ਘੁਮੰਡ ਸੀ। ਫੇਰ, ਉਨ੍ਹਾਂ ਦਾ ਮਾਨ (ਹੰਕਾਰ) ਤੋੜਨ[4] ਲਈ, ਬੇਦੀ-ਕੁਲ ਦੇ ਨਿਸ਼ਾਨ ਗੁਰੂ ਜੀ ਮੌਕਾ ਚਾਹੁੰਦੇ ਰਹਿੰਦੇ ਸਨ। ॥੯॥

ਗੁਰੂ ਜੀ ਨੇ ਫ਼ਕੀਰੀ ਵਾਲਾ ਪਹਿਰਾਵਾ ਛੱਡ ਕੇ, ਸਰੀਰ 'ਤੇ ਫੇਰ ਸੰਸਾਰੀ-ਬਸਤਰ[5] ਪਹਿਨ ਲਏ ਸਨ। (ਉੱਥੇ ਵੱਡੇ ਪੱਧਰ 'ਤੇ) ਖੇਤੀ[6] ਕਰਾਉਣੀ ਅਰੰਭ ਕਰ ਦਿੱਤੀ ਅਤੇ ਪਰਮ ਕਿਰਪਾਲੂ ਜੀ ਨੇ ਲੰਗਰ[7] ਚਲਾਉਣਾ ਸ਼ੁਰੂ ਕਰ ਦਿੱਤਾ ॥੧੦॥

ਸਿੱਖ (ਆਪ ਦੇ) ਦਰਸ਼ਨ ਕਰਨ ਲਈ ਆਉਂਦੇ ਸਨ, ਕਈ ਉੱਥੇ ਠਹਿਰਦੇ, ਕਈ ਘਰਾਂ ਨੂੰ ਵਾਪਸ ਮੁੜ ਜਾਂਦੇ। ਹਮੇਸ਼ਾ ਹੀ ਸਵਾ-ਪਹਿਰ[8] ਰਾਤ ਰਹਿੰਦੀ ਤੋਂ, ਸਭਨਾਂ ਨੂੰ ਸੁੱਖ-ਸ਼ਾਂਤੀ ਦੇਣ ਵਾਲਾ ਕੀਰਤਨ ਹੁੰਦਾ ਸੀ। ॥੧੧॥

ਸਭਨਾਂ ਨੂੰ ਇਹੋ ਉਪਦੇਸ਼ ਦਿੱਤਾ[9] ਜਾਂਦਾ "ਸਤਿਨਾਮ ਦਾ ਸਿਮਰਨ ਕਰੋ।" "ਭਾਵੇਂ ਕੋਈ ਉੱਚਾ ਹੈ ਜਾਂ ਨੀਵਾਂ ਹੈ ਅਤੇ ਰਾਜਾ ਜਾਂ ਕੰਗਾਲ ਹੈ, (ਸਭਨਾਂ ਦਾ ਹੀ) ਸਿਮਰਨ ਕਰਨ ਨਾਲ, ਮੌਤ ਦਾ ਡਰ ਨਸ਼ਟ ਹੋ ਜਾਂਦਾ ਹੈ।" ॥੧੨॥

ਭਾਵੇਂ ਕੋਈ ਸ਼ੁੱਧ ਮਨ ਨਾਲ ਸਿਮਰਨ ਕਰੇ ਤੇ ਭਾਵੇਂ ਅਸ਼ੁੱਧ ਮਨ ਨਾਲ, ਸਭਨਾਂ ਦਾ ਮਨ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਗਿਆਨ ਪ੍ਰਾਪਤ ਕਰ ਕੇ, ਸਾਰੇ ਬੰਧਨਾਂ[10] ਤੋਂ ਮੁਕਤ ਹੋ ਜਾਈਦਾ ਹੈ। ਕਲਜੁਗ[11] ਵਿੱਚ (ਮੁਕਤੀ ਲਈ) ਇਸ ਦੇ ਸਮਾਨ, ਹੋਰ ਕੋਈ ਵੀ ਸੌਖਾ ਰਾਹ ਨਹੀਂ।" ॥੧੩॥

ਵਡਭਾਗੀ ਸਿੱਖ (ਗੁਰੂ ਜੀ ਦੇ) ਇਸ ਉਪਦੇਸ਼ ਨੂੰ, ਸੁਣ ਕੇ, ਪ੍ਰੇਮਾ-ਭਗਤੀ ਵਿੱਚ ਰੰਗੇ ਗਏ ਅਤੇ ਉਨ੍ਹਾਂ ਦੀ ਲਿਵ ਏਧਰ ਜੁੜ ਗਈ। ਬੇਅੰਤ ਮਨੁੱਖ ਮੁਕਤੀ ਦੇ ਯੋਗ[12] ਹੋ ਗਏ ਕਿਉਂਕਿ ਉਹ ਗਿਆਨ[13] ਪ੍ਰਾਪਤ ਕਰ ਕੇ, ਸੰਸਾਰੀ ਮਾਇਆ ਤੋਂ ਨਿਰਲੇਪ ਹੋ ਗਏ ਸਨ। ॥੧੪॥

ਦੋਹਰਾ

ਆਪਣੇ ਨਗਰ ਵਿੱਚ (ਗੁਰੂ ਜੀ) ਆਏ ਸੁਣ ਕੇ, ਜਿਸ[14] ਦਾ ਨਾਂ 'ਅਜਿੱਤਾ' ਸੀ (ਉਹ ਬੰਦਾ ਵੀ) ਤੁਰੰਤ (ਉੱਥੇ) ਆਣ ਪੁੱਜਾ। ਉਸ ਦਾ ਮਨ, ਜਗਤ ਦੇ ਮਾਲਕ (ਗੁਰੂ ਜੀ) ਦੇ ਚਰਨ-ਕਮਲਾਂ ਦਾ ਭੰਵਰਾ ਬਣ ਚੁੱਕਾ ਸੀ। ॥੧੫॥

SikhBookClub.Com

ਚੌਪਈ

ਕਿਤਕ ਦਿਵਸ ਤਹਿਂ ਰਹਤਿ ਗੁਜਾਰੇ। ਬੰਧ ਅਨੇਕਨ ਕੇ ਨਿਰਵਾਰੇ[1]।
ਬਹੁਰ ਸਮਾਂ ਆਯੋ ਸ਼ਿਵਰਾਤੀ। ਮੇਲਾ ਅਚਲ ਹੋਤ ਭਲਿਭਾਂਤੀ॥੧੬॥

ਸਰਬ ਸਿੱਧ ਤਹਿਂ ਆਸਨ ਲਾਏ। ਬੈਠਹਿਂ ਜਗ, ਪੂਜਹਿਂ ਨਰ ਆਏ।
ਤਿਹ ਦਿਨ ਮਨਤਾ ਹੋਤ ਬਧੇਰੀ। ਭੇਟ ਚਢਾਵਹਿਂ ਆਨ ਘਨੇਰੀ॥੧੭॥

ਸਿੱਧਨ ਮੇਲਾ ਲਖ ਜਗਨਾਥਾ। ਗਮਨ ਕੀਨ ਕਛੁ ਸਿਖ ਲੇ ਸਾਥਾ।
ਤਿਹ ਛਿਨ ਹੋਤ ਅਜਿੱਤਾ ਪਾਸੂ[2]। ਸੋ ਭੀ ਗਯੋ ਸੰਗ ਸੁਖਰਾਸੂ[3] ॥੧੮॥

ਪਹੁੰਚੇ ਤਹਾਂ ਜਾਇ ਕਿਯ ਡੇਰਾ । ਭੀ ਰਜਨੀ[4] ਅਤਿ ਅਧਿਕ ਅੰਧੇਰਾ।
ਤਿਹ ਛਿਨਿ ਬਡੀ ਅੰਧੇਰੀ ਆਈ। ਜਿਹ ਬਹੁ ਕੰਕਰ ਧੂੜ ਉਡਾਈ॥੧੯॥

ਕਰਕਾ[5] ਕੀ ਬਹੁ ਬਰਖਾ ਬਰਖੀ। ਕਰਕੀ ਤੜਤ[6] ਨਰਨ ਧ੍ਰਿਤ[7] ਧਰਖੀ[8]।
ਪੱਤ੍ਰੀ ਪਰ ਪੱਤ੍ਰੀ ਜੇ ਵਾਸਾ। ਭਯੋ ਸਮੈਂ ਤਿਹ ਸਭਕੋ ਨਾਸਾ॥੨੦॥

ਬਹੁਰੋ ਭੋਰ ਜਬੈ ਹੁਇ ਆਈ। ਮੇਲਾ ਬਹੁਤ ਭਯੋ ਇਕਠਾਈ।
ਊਚੋ ਇਕ ਬਿਲੋਕ ਸੁਭ ਥਾਨਾ। ਤਹਾਂ ਬੈਠਗੇ ਕ੍ਰਿਪਾ ਨਿਧਾਨਾ॥੨੧॥

ਗੁਰ ਆਗਮਨ ਸੁਨਹਿਂ ਨਰ ਜੋਈ । ਦੌਰ ਦੌਰ ਦਰਸਹਿ ਸਬ ਕੋਈ।
ਜਿਤੀ ਭੇਟ ਸਿੱਧਨ ਕੀ ਆਨੀ[9]। ਸਰਬ ਸਮਰਪਹਿਂ[10] ਸ੍ਰੀ ਗੁਨਖਾਨੀ॥੨੨॥

ਅਤਿਸ਼ੈ ਭੀਰ ਭਈ ਪ੍ਰਭੁ ਪਾਸੂ। ਫਲ ਕੋ ਬੰਛ[11] ਕਰਹਿਂ ਅਰਦਾਸੂ।
ਖਰੋ ਹੋਨਕੋ ਥਾਇ ਨ ਪਾਵਹਿਂ। ਬਦਨ[12] ਬਿਲੋਕਹਿਂ ਉਰ ਹਰਖਾਵਹਿਂ॥੨੩॥

ਨਰ ਨਾਰੀ ਬਹੁ ਭੇਟ ਚੜ੍ਹਾਇਂ। ਬੰਦਹਿਂ ਦੂਰਹਿ ਤੇ ਸਿਰ ਨਜਾਇ।
ਦਰਸ਼ਨ ਕਰਤ ਨ ਤ੍ਰਿਪਤਹਿਂ ਕੈਸੇ। ਬ੍ਰਿੰਦ[13] ਚਕੋਰ ਚੰਦ੍ਰਮਾ ਜੈਸੇ॥੨੪॥

SikhBookClub.Com

ਚੌਪਈ

ਉਸ ਨੇ ਕਈ ਦਿਨ ਉੱਥੇ ਹੀ ਰਹਿ ਕੇ ਬਤੀਤ ਕੀਤੇ ਅਤੇ ਅਨੇਕਾਂ (ਮਨੁੱਖਾਂ) ਦੇ ਬੰਧਨ ਕਟਵਾਏ[1] (ਭਾਵ ਮੁਕਤੀ ਦਿਵਾਈ)। ਇੰਨੇ ਨੂੰ ਸ਼ਿਵਰਾਤਰੀ ਦਾ ਸਮਾਂ ਆਣ ਪੁੱਜਾ। ਜਿਸ ਸਮੇਂ 'ਤੇ 'ਅੱਚਲ' ਵਿਖੇ ਬੜਾ ਵੱਡਾ ਮੇਲਾ ਲੱਗਦਾ ਸੀ। ॥੧੬॥

ਸਾਰੇ ਸਿੱਧ ਜਦੋਂ ਉੱਥੇ ਆਸਣ ਲਾ ਕੇ, ਬਹਿ ਜਾਂਦੇ ਤਾਂ ਲੋਕੀਂ ਆ-ਆ ਕੇ ਉਨ੍ਹਾਂ ਨੂੰ ਪੂਜਦੇ ਸਨ। ਉਸ ਦਿਨ (ਸ਼ਿਵਰਾਤਰੀ ਨੂੰ) ਉਨ੍ਹਾਂ ਦੀ ਪੂਜਾ ਵਧੇਰੇ ਹੁੰਦੀ ਸੀ ਤੇ (ਲੋਕ) ਆਣ ਕੇ ਵਧੇਰੇ ਭੇਟਾਵਾਂ ਚੜ੍ਹਾਉਂਦੇ ਸਨ। ॥੧੭॥

ਸਿੱਧਾਂ ਦਾ (ਇਹ) ਮੇਲਾ (ਆਇਆ) ਜਾਣ ਕੇ, ਜਗਤ ਦੇ ਮਾਲਕ (ਸ੍ਰੀ ਗੁਰੂ ਨਾਨਕ ਦੇਵ ਜੀ) ਕੁਝ ਸਿੱਖਾਂ ਨੂੰ ਨਾਲ ਲੈ ਕੇ ਚੱਲ ਪਏ। ਉਸ ਵੇਲੇ 'ਅਜਿੱਤਾ' ਵੀ ਕੋਲ[2] ਹੀ ਸੀ, (ਸੋ) ਉਹ ਵੀ ਸੁੱਖਾਂ ਦੀ ਪੂੰਜੀ[3] (ਸਤਿਗੁਰਾਂ) ਦੇ ਨਾਲ ਗਿਆ। ॥੧੮॥

ਉੱਥੇ ਜਾ (ਆਪ ਨੇ) ਡੇਰਾ ਲਾਇਆ। (ਉਸ ਵੇਲੇ) ਰਾਤ[4] ਪੈਣ ਕਰਕੇ ਬਹੁਤ ਹਨ੍ਹੇਰਾ ਹੋ ਗਿਆ ਸੀ। ਉਦੋਂ ਬਹੁਤ ਤੇਜ਼ ਹਨ੍ਹੇਰੀ ਆਈ, ਜਿਸ ਨੇ ਬਹੁਤ ਧੂੜ ਅਤੇ ਕੰਕਰ ਉਡਾਏ। ॥੧੯॥

ਗੜਿਆਂ[5] ਦੀ ਬਹੁਤ ਵਰਖਾ ਹੋਈ। ਬਿਜਲੀ[6] ਬਹੁਤ ਕੜਕੀ, ਜਿਸ ਨਾਲ ਮਨੁੱਖਾਂ ਦੇ ਹੌਂਸਲੇ[7] ਡੋਲ[8] ਗਏ। ਬਿਰਛਾਂ ਉੱਤੇ ਜੋ ਪੰਛੀ ਵਸਦੇ ਸਨ, ਉਹ ਸਭ ਨਸ਼ਟ ਹੋ ਗਏ। ॥੨੦॥

ਤੇ ਫੇਰ ਜਿਸ ਵੇਲੇ ਸਵੇਰ ਹੋਈ, ਬਹੁਤ ਮੇਲਾ ਇਕੱਠਾ ਹੋਇਆ। ਇੱਕ ਉੱਚੀ ਤੇ ਚੰਗੀ ਰਮਣੀਕ ਥਾਂ ਵੇਖ ਕੇ, ਕਿਰਪਾ ਦੇ ਭੰਡਾਰ ਗੁਰੂ ਜੀ ਉੱਥੇ ਬਹਿ ਗਏ। ॥੨੧॥

ਜੋ ਵੀ ਮਨੁੱਖ ਗੁਰੂ ਜੀ ਦੇ ਉਥੇ ਪਹੁੰਚਣ ਦੀ ਖ਼ਬਰ ਸੁਣਦਾ, ਸਾਰੇ ਦੌੜ-ਦੌੜ ਕੇ ਦਰਸ਼ਨ ਕਰਦੇ । (ਲੋਕੀਂ) ਜਿੰਨੀ ਵੀ ਭੇਟਾ ਸਿੱਧਾਂ ਲਈ ਲੈ ਕੇ ਆਉਂਦੇ[9] ਸਨ, ਉਹ ਸਾਰੀ ਦੀ ਸਾਰੀ, ਗੁਣਾਂ ਦੀ ਖਾਣ (ਗੁਰੂ ਜੀ) ਨੂੰ ਹੀ ਅਰਪਨ[10] ਕਰ ਜਾਂਦੇ। ॥੨੨॥

ਪ੍ਰਭੂ ਜੀ (ਗੁਰੂ ਜੀ) ਦੇ ਕੋਲ ਅਤਿਅੰਤ ਭੀੜ ਜੁੜ ਗਈ। (ਲੋਕ) ਫਲ ਦੀ ਇੱਛਾ[11] ਕਰ ਕੇ, ਅਰਦਾਸਾਂ ਕਰਦੇ। ਖੜ੍ਹੇ ਹੋਣ ਲਈ ਵੀ ਉਨ੍ਹਾਂ ਨੂੰ ਥਾਂ ਨਹੀਂ ਸੀ ਮਿਲਦੀ। ਗੁਰੂ ਜੀ ਦਾ ਮੁੱਖ[12] ਵੇਖ ਕੇ ਹੀ ਸਭ ਪਰਸੰਨ ਹੋ ਜਾਂਦੇ ਸਨ। ॥੨੩॥

ਇਸਤਰੀਆਂ ਤੇ ਮਰਦ ਬਹੁਤ ਸਾਰੀਆਂ ਭੇਟਾਵਾਂ ਅਰਪਨ ਕਰਦੇ । ਦੂਰੋਂ ਹੀ ਸੀਸ ਨਿਵਾ-ਨਿਵਾ ਕੇ ਬੰਦਨਾ ਕਰ ਲੈਂਦੇ। ਦਰਸ਼ਨ ਕਰ-ਕਰ ਕੇ ਵੀ ਤ੍ਰਿਪਤੀ ਨਹੀਂ ਸੀ ਹੁੰਦੀ, ਜਿਵੇਂ ਚੰਦਰਮਾ ਨੂੰ ਵੇਖ ਵੇਖ ਕੇ, ਚਕੋਰਾਂ ਦੀ ਡਾਰ[13] ਨੂੰ ਤ੍ਰਿਪਤੀ ਨਹੀਂ ਆਉਂਦੀ। ॥੨੪॥

SikhBookClub.Com

ਪਾਇਨ[1] ਪਾਸ ਉਪਾਇਨ[2] ਭੂਰੀ[3]।ਭਈ ਅਨੇਕ ਬਿਧਨ ਕੀ ਰੂਰੀ[4]।
ਕੋਇ ਨ ਗਮਨਜੋ ਸਿੱਧਨ ਪਾਸੂ।ਬੈਠੇ ਦੇਖਤਿ ਮਿਟਜੋ ਹੁਲਾਸੂ[5] ॥੨੫॥

ਮਨਤਾ ਤੇ ਨਿਰਾਸ ਮਨ ਮਾਂਹੀਂ । ਏਕ ਉਪਾਇਨ ਪਹੁੰਚੀ ਨਾਹੀਂ ।
ਮਨ ਖੁਨਸਾਇ[6] ਸੋਗ ਬਹੁ ਧਾਰਾ।ਹੋਇ ਏਕਠਾਂ ਮਤੋ ਬਿਚਾਰਾ॥੨੬॥

'ਅਬ ਤੋ ਪੂਜਾ ਹਟੀ ਹਮਾਰੀ।ਜੇ ਨ ਕਰਹੁ ਇਸ ਕੋ ਉਪਚਾਰੀ[7] ।
ਲੋਕ ਨ ਮਾਨਹਿੰਗੇ ਕਿਸ ਤੌਰਾ।ਜੇ ਨ ਕਰਹਿਂ ਮਿਲ ਕੈ ਇਸ ਹੌਰਾ॥੨੭॥

ਅਬ ਮੇਲਾ ਹੈ ਪੂਰਨ ਭਾਰੀ।ਇਸੇ ਲਜਾਵਹੁ[8] ਕਿਸੂ ਪ੍ਰਕਾਰੀ।
ਸ਼ਕਤਿ ਦਿਖਾਵਹੁ ਚਰਚਾ ਕਰੀਏ।ਨਰਨ ਹਜੂਰ ਗਰਬ ਪਰਹਰੀਏ[9] ॥੨੮॥

ਇਸ ਪ੍ਰਕਾਰ ਜਬ ਹੀ ਤੁਮ ਕਰਹੋ।ਤੌ ਮਨਤਾ ਇੱਛਾ ਉਰ ਧਰਹੋ[10] ।
ਨਤੁਰ[11] ਨਿਰਾਸ ਹੋਇ ਅਬ ਜਾਵਹੁ।ਆਇ ਨ ਬਹੁਰੋ ਆਸਨ ਲਾਵਹੁ'॥੨੯॥

ਮਤੌ ਸੁਨਤ ਅਸ ਮੰਗਲਨਾਥਾ । ਸੀਖ ਦੇਨ ਬੋਲਜੋ ਸਭ ਸਾਥਾ।
'ਪੂਰਬ ਤੁਮ ਚਰਚਾ ਕਰ ਹਾਰੇ । ਅਨਿਕ ਭਾਂਤਿ ਕੀ ਸ਼ਕਤਿ ਦਿਖਾਰੇ॥੩੦॥

ਜਿਸੁ ਜਿਸੁ ਬਿਖੇ ਹੁਤੋ[12] ਬਲ ਜੇਤਾ । ਨਿਜ ਨਿਜ ਸਭਨ ਲਗਾਯੋ ਤੇਤਾ[13]।
ਹਾਰ ਪਰੇ ਮੁਖ ਬੋਲੇ ਨਾਂਹੀ।ਅਬ ਤੁਮ ਗਰਬਤ ਹੋ ਮਨ ਮਾਂਹੀ॥੩੧॥

ਹਠ ਕੋ ਕਰਹੁ ਲਾਜ ਕੋ ਖੋਈ[14]।ਤੁਮਤੇ ਹੌਰਾ[15] ਹੋਇ ਨ ਸੋਈ।
ਸੋ ਲੱਜਤ ਹੋਵਹਿ ਨਹਿਂ ਕੈਸੇ।ਤੁਮਕੋ ਜੀਤਹਿਗੋ ਬਿਧਿ ਤੈਸੇ[16] ॥੩੨॥

ਤੁਮ ਨਿਜ ਮਨਤਾ ਚਹਉ ਜਿ ਪਾਈ।ਸਰਬ ਗਰਬ ਨਿਜ ਦੇਹੁ ਨਸਾਈ।
ਹੈ ਅਨੁਸਾਰ[17] ਮਿਲਹੁ ਅਬ ਤਾਂਹੀ।ਪਾਵਉ ਜੇ ਕਿਛੁ ਚਹੁ ਮਨ ਮਾਂਹੀ'॥੩੩॥

SikhBookClub.Com

ਗੁਰੂ ਜੀ ਦੇ ਚਰਨਾਂ[1] ਕੋਲ ਬਹੁਤ[3] ਉਪਹਾਰ[2] ਇਕੱਠੇ ਹੋ ਗਏ ਅਤੇ ਅਨੇਕ ਪ੍ਰਕਾਰ ਦੀ ਸੁੰਦਰਤਾ[4] ਬਣ ਗਈ ਪਰ ਸਿੱਧਾਂ ਵਾਲੇ ਪਾਸੇ ਕੋਈ ਵੀ ਨਾ ਗਿਆ। ਉਹ ਬੈਠੇ ਦੇਖਦੇ ਸਨ ਤੇ ਉਨ੍ਹਾਂ ਦਾ ਚਾਉ[5] ਮਿਟਿਆ ਹੋਇਆ (ਨਿਰਾਸਤਾ ਛਾਈ ਹੋਈ) ਸੀ। ॥੨੫॥

ਉਹ ਮਾਨਤਾ ਦੇ ਪੱਖੋਂ ਮਨ ਵਿਚ ਬਹੁਤ ਨਿਰਾਸ਼ ਹੋਏ ਪਏ ਸਨ ਉਨ੍ਹਾਂ ਕੋਲ ਇੱਕ ਉਪਹਾਰ ਵੀ ਨਾ ਪੁੱਜਾ। ਉਨ੍ਹਾਂ ਦੇ ਮਨ ਕਰੋਧੀ[6] ਹੋ ਗਏ ਤੇ ਬਹੁਤ ਸੋਗ ਧਾਰਨ ਕੀਤਾ । (ਉਨ੍ਹਾਂ) ਇਕੱਠੇ ਹੋ ਕੇ ਮਤਾ ਪਕਾਇਆ। ॥੨੬॥

"ਹੁਣ ਤਾਂ ਸਾਡੀ ਪੂਜਾ (ਮਾਨਤਾ) ਖ਼ਤਮ ਹੋ ਗਈ (ਸਮਝੋ), ਜੇਕਰ ਅਸਾਂ ਇਸ ਦਾ ਕੋਈ ਉਪਾਅ[7] (ਜਤਨ) ਨਾ ਕੀਤਾ। ਜੇਕਰ ਮਿਲ ਕੇ, ਇਸ (ਨਾਨਕ) ਨੂੰ ਹੌਲਾ ਨਹੀਂ ਕਰਾਂਗੇ ਤਾਂ ਲੋਕੀਂ ਕਿਸੇ ਪ੍ਰਕਾਰ ਵੀ ਮੰਨਣਗੇ ਨਹੀਂ। ॥੨੭॥

ਹੁਣ ਮੇਲਾ ਪੂਰੀ ਤਰਾਂ ਭਰਿਆ ਹੈ। ਕਿਸੇ ਵੀ ਪਰਕਾਰ ਇਸ (ਗੁਰੂ ਜੀ) ਨੂੰ ਸ਼ਰਮਿੰਦਾ[8] ਕਰੋ। ਇਸ ਨਾਲ ਚਰਚਾ ਕਰੀਏ ਤੇ ਇਸ ਨੂੰ (ਆਪਣੀ) ਸ਼ਕਤੀ ਦਿਖਾਈਏ। ਲੋਕਾਂ ਦੇ ਸਾਹਮਣੇ ਇਸ ਦਾ ਗੁਮਾਨ ਤੋੜੀਏ[9]। ॥੨੮॥

ਜਦੋਂ ਤੁਸੀਂ ਇਉਂ ਕਰੋਗੇ, ਤਦੇ ਹੀ ਆਪਣੀ ਮਾਨਤਾ ਦੀ ਆਸ ਰੱਖ[10] ਸਕੋਗੇ। ਨਹੀਂ[11]ਤਾਂ ਹੁਣ ਨਿਰਾਸ ਹੋ ਕੇ ਇੱਥੋਂ ਚਲੇ ਜਾਵੋ ਅਤੇ ਫੇਰ ਮੁੜ ਆ ਕੇ ਇੱਥੇ ਆਸਣ ਨਾ ਲਾਉਣਾ।" ॥੨੯॥

ਇਹ ਵਿਚਾਰ ਸੁਣ ਕੇ, ਮੰਗਲਨਾਥ ਉਨ੍ਹਾਂ ਸਾਰਿਆਂ ਨੂੰ ਸਲਾਹ ਦੇਣ ਲਈ ਬੋਲਿਆ, "ਪਹਿਲਾਂ ਤਾਂ ਤੁਸੀਂ ਚਰਚਾ ਕਰਕੇ ਹਾਰ ਚੁੱਕੇ ਹੋ। ਅਨੇਕ ਪ੍ਰਕਾਰ ਦੀਆਂ ਸ਼ਕਤੀਆਂ ਵੀ ਦਿਖਾ ਚੁੱਕੇ ਹੋ। ॥੩੦॥

ਜਿਸ-ਜਿਸ ਵਿੱਚ, ਜਿੰਨੀ ਸ਼ਕਤੀ ਸੀ[12], ਹਰ-ਇੱਕ ਨੇ, ਵਾਰੋ-ਵਾਰੀ ਉਤਨਾ[13] ਜ਼ੋਰ ਲਾ ਵੇਖਿਆ ਸੀ, (ਅੰਤ) ਸਾਰੇ ਹਾਰ ਗਏ ਸੀ, ਤੇ ਚੁੱਪ ਹੋ ਗਏ ਸੀ । ਹੁਣ ਤੁਸੀਂ ਫੇਰ ਮਨਾਂ ਅੰਦਰ ਹੰਕਾਰੀ ਬਣੀ ਬੈਠੇ ਹੋ। ॥੩੧॥

(ਤੁਸੀਂ) ਸ਼ਰਮ ਲਾਹ[14] ਕੇ ਜ਼ਿੱਦ ਕਰਦੇ ਹੋ। ਉਨ੍ਹਾਂ (ਗੁਰੂ ਜੀ) ਨੇ ਤੁਹਾਡੇ ਕੋਲੋਂ ਹੌਲੇ[15] ਨਹੀਂ ਹੋਣਾ। ਉਹ ਕਿਸੇ ਪ੍ਰਕਾਰ ਵੀ ਸ਼ਰਮਿੰਦੇ ਨਹੀਂ ਹੋਣਗੇ। ਜਿਵੇਂ-[16]ਕਿਵੇਂ ਉਹ ਤੁਹਾਨੂੰ ਜਿੱਤ ਹੀ ਲੈਣਗੇ। ॥੩੨॥

ਜੇਕਰ ਤੁਸੀਂ ਮਾਨਤਾ ਪ੍ਰਾਪਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਸਾਰੇ ਹੰਕਾਰ ਦਾ ਤਿਆਗ ਕਰ ਦਿਉ। (ਤੇ) ਹੁਣ ਉਨ੍ਹਾਂ ਨੂੰ ਅਧੀਨਗੀ[17] ਨਾਲ ਮਿਲੋ, ਤਾਂ ਹੀ ਤੁਸੀਂ ਮਨਇੱਛਤ, ਕੁਝ ਪ੍ਰਾਪਤ ਕਰ ਸਕੋਗੇ।" ॥੩੩॥

SikhBookClub.Com

ਸੁਨਿਕੈ ਭੰਗਰਨਾਥ ਖਿਝਾਵਾ।ਛੁਛੇ[1] ਘਟ ਜਿਉਂ ਬਚਨ ਅਲਾਵਾ।
'ਪੂਰਬ ਹੀ ਪੱਖੀ ਤਿਸਕੇਰਾ।ਕਰਤੋ ਰਹਜੋ ਵਿਪਰਜੈ[2] ਝੇਰਾ॥੩੪॥

ਅਪਨੋ ਪੰਥ ਛੋਡ ਤੈਂ ਦੀਨਾ । ਤਿਹ ਕੋ ਮਤੋ ਗ੍ਰਹਨ ਕਰ ਲੀਨਾ।
ਕਿਸ ਬਿਧਿ ਤੇਰੋ ਕਹਜੋ ਨ ਮਾਨੈਂ । ਹਮ ਚਰਚਾ ਤਿਹ ਸੰਗ ਬਖਾਨੈਂ॥੩੫॥

ਤੁਝ ਦੇਖਤ[3] ਹਮ ਲੇਵਹਿਂ ਜੀਤੀ।ਤੌ ਨਿਸ਼ਚੈ ਉਰ ਆਇ ਪ੍ਰਤੀਤੀ[4]'।
ਅਸ ਕਹਿ ਕਰ ਗਮਨੇ ਦਿਸ਼ ਤਾਂਹੀ।ਪ੍ਰਭੁ ਢਿਗ ਭੀਰ ਹੁਤੀ ਬਹੁ ਜਾਂਹੀ॥੩੬॥

ਕਰਤ ਭਗਤੀਏ[(*2)] ਭਗਤ ਪ੍ਰਕਾਰਾ । ਰਾਧਾ ਕਿਸ਼ਨ ਬੇਖ[5] ਤਨ ਧਾਰਾ।
ਕੌਤਕ ਹੋਵਤ ਗੁਰੂ ਅਗਾਰੀ । ਪਿਖੈਂ ਤਮਾਸ਼ੋ ਬਹੁ ਨਰ ਨਾਰੀ॥੩੭॥

ਅਧਿਕ ਭੀਰ ਭਰ ਰਹੀ ਚੁਫੇਰੇ । ਖਰੇ ਹੋਨ ਕੋ ਥਾਉਂ ਨ ਹੇਰੇ[6]।
ਲਛਮੀ ਬਰਖ ਰਹੀ ਤਹਿਂ ਭਾਰੀ । ਸਰਬ ਦੇਤ ਕਰ ਚਿੱਤ ਉਦਾਰੀ[7] ॥੩੮॥

ਅਸ ਮਹਿਮਾ ਕੌ ਪਿਖ ਖੁਨਸਾਏ।ਜਰੀ ਨ ਜਾਇ,ਜਰੇ[8] ਪਛੁਤਾਏ।
ਪਾਵਕ ਜਿਸ ਪ੍ਰਕਾਰ ਘ੍ਰਿਤ ਪਰਸੇ।ਸਿੱਧਨ ਰਿਸ[9] ਬ੍ਰਿੱਧੀ ਤਬ ਸਰਸੇ॥੩੯॥

ਨਿਰਤਕ ਨਿਕਟ ਜੁ ਲੋਟਾ ਹੋਈ।ਹੁਤੋ ਦਰਬ ਸੋਂ ਪੂਰਨ ਸੋਈ।
ਭੰਗਰਨਾਥ ਗੁਪਤਿ ਤਬ ਹ੍ਵੈ ਕੈ। ਕਹੂੰ ਦੁਰਾਯੋ[10] ਲੋਟਾ ਲੈ ਕੈ॥੪੦॥

ਨ੍ਰਿਤਕ ਨਿਕਟਿ ਪਿਖਯੋ ਸੋ ਨਾਂਹੀ । ਬਿਸਰੀ ਭਗਤ ਭੁਰਤ ਉਰ ਮਾਂਹੀ।
ਕਹਨ ਲਗੇ 'ਲੋਟਾ ਕਿਨ ਲੀਨਾ?' । ਖੋਜਤ ਭਏ ਰੌਰ[11] ਬਡ ਕੀਨਾ॥੪੧॥

ਸਿੱਧਨ ਮਤਸਰ[12] ਧਰ ਕਿਯ ਖਾਮੀ[13] —। ਸਰਬ ਜਾਨਕਰ ਅੰਤਰਯਾਮੀ।
— ਲੋਟਾ ਦ੍ਵੈ ਸਤ[14] ਕੋਸ ਪੁਚਾਯੋ।ਨਭ[15] ਮੈਂ ਕਰਕੈ ਸ਼ਕਤਿ ਟਿਕਾਯੋ —॥੪੨॥

SikhBookClub.Com

ਇਹ ਸੁਣ ਕੇ (ਜੋਗੀ) ਭੰਗਰਨਾਥ ਖਿਝ ਗਿਆ ਤੇ ਉਹ ਖ਼ਾਲੀ[1]-ਘੜੇ ਵਾਂਗੂੰ ਬੋਲਿਆ, "ਤੂੰ ਤਾਂ ਪਹਿਲੋਂ ਵੀ ਉਸ ਦੇ ਪੱਖ ਦਾ ਸੀ । ਉਲਟਾ[2] ਸਾਡੇ ਨਾਲ ਝਗੜਾ ਕਰਦਾ ਰਿਹਾ ਹੈਂ। ॥੩੪॥

ਤੂੰ (ਤਾਂ) ਆਪਣਾ ਪੰਥ ਛੱਡ ਦਿੱਤਾ ਹੈ ਤੇ ਉਸੇ ਦਾ ਮੱਤ ਧਾਰਨ ਕਰ ਲਿਆ ਹੈ। ਅਸੀਂ ਕਿਸੇ ਤਰਾਂ ਵੀ ਤੇਰੇ ਆਖੇ ਨਹੀਂ ਲੱਗਣਾ ਤੇ ਅਸੀਂ ਉਹਦੇ ਨਾਲ ਚਰਚਾ ਕਰਾਂਗੇ। ॥੩੫॥

ਤੇਰੇ ਦੇਖਦਿਆਂ-ਦੇਖਦਿਆਂ[3] ਹੀ ਅਸਾਂ ਉਹਨੂੰ ਜਿੱਤ ਲੈਣਾ ਹੈ। (ਫੇਰ) ਤੇਰੇ ਮਨ ਵਿੱਚ ਵੀ ਯਕੀਨ[4] ਆ ਜਾਏਗਾ।" ਇਉਂ ਆਖ ਕੇ, ਉਹ ਉਸ ਦਿਸ਼ਾ ਵੱਲ ਚੱਲ ਪਏ ਜਿਥੇ ਕਿ ਗੁਰੂ ਜੀ ਦੇ ਨਿਕਟ ਬਹੁਤ ਭੀੜ ਜੁੜੀ ਹੋਈ ਸੀ। ॥੩੬॥

ਰਾਸਧਾਰੀਏ ਰਾਸ ਪਾ ਰਹੇ ਸਨ। (ਉਨ੍ਹਾਂ ਨੇ) ਸਰੀਰਾਂ 'ਤੇ ਰਾਧਾ ਅਤੇ ਕ੍ਰਿਸ਼ਨ ਦੇ ਵੇਸ[5] ਧਾਰੇ ਹੋਏ ਸਨ। ਗੁਰੂ ਜੀ ਦੇ ਸਨਮੁੱਖ ਇਹ ਖੇਡ (ਨਾਟਕ) ਹੋ ਰਹੀ ਸੀ। ਬਹੁਤ ਮਰਦ-ਇਸਤਰੀਆਂ ਤਮਾਸ਼ਾ ਵੇਖ ਰਹੇ ਸਨ। ॥੩੭॥

ਚੁਫੇਰੇ ਬਹੁਤ ਜ਼ਿਆਦਾ ਭੀੜ ਜੁੜੀ ਹੋਈ ਸੀ। ਖਲੋਣ ਲਈ ਵੀ ਕਿਤੇ ਕੋਈ ਥਾਂ ਨਹੀਂ ਸੀ ਦਿਸਦੀ[6]। ਉੱਥੇ ਲੱਛਮੀ ਦੀ (ਧਨ ਦੀ) ਬਹੁਤ ਜ਼ਿਆਦਾ ਵਰਖਾ ਹੋ ਰਹੀ ਸੀ। ਸਾਰੇ ਲੋਕ ਖੁੱਲ੍ਹ-[7]ਦਿਲੀ ਨਾਲ ਧਨ ਦੇ ਰਹੇ ਸਨ। ॥੩੮॥

ਅਜਿਹੀ ਵਡਿਆਈ ਨੂੰ ਵੇਖ ਕੇ ਜੋਗੀ ਖੁੰਧਕ ਖਾ ਰਹੇ ਸਨ । ਉਨ੍ਹਾਂ ਤੋਂ ਮਹਿਮਾ ਸਹਾਰੀ ਨਹੀਂ ਸੀ ਜਾਂਦੀ । ਉਹ ਸੜ-ਬਲ[8] ਗਏ ਅਤੇ ਪਛਤਾਉਂਦੇ ਸਨ। ਜਿਵੇਂ ਘਿਉ ਪਾਉਣ ਤੋਂ ਅੱਗ ਭੜਕਦੀ ਹੈ, ਤਿਵੇਂ ਹੀ ਸਿੱਧਾਂ ਦਾ ਕਰੋਧ[9] ਹੋਰ ਵੱਧ ਗਿਆ। ॥੩੯॥

ਨੱਚਣ ਵਾਲਿਆਂ ਦੇ ਕੋਲ ਜੋ ਲੋਟਾ ਸੀ, ਉਹ ਧਨ ਨਾਲ ਪੂਰਾ ਭਰਿਆ ਸੀ। ਭੰਗਰਨਾਥ ਨੇ ਅਲੋਪ ਹੋ ਕੇ ਉਹ ਲੋਟਾ ਲੈ ਕੇ ਕਿਤੇ ਛੁਪਾ[10] ਦਿੱਤਾ। ॥੪੦॥

ਨਾਚੇ (ਨਚਾਰ) ਨੇ ਉਹ ਲੋਟਾ ਲੱਭਿਆ ਪਰ ਉਹ ਨਾ ਮਿਲਿਆ। ਉਸ ਨੂੰ ਰਾਸ ਭੁੱਲ ਗਈ ਤੇ ਮਨ ਵਿੱਚ ਝੁਰਨ ਲੱਗਾ। ਆਖਣ ਲੱਗੇ, "ਲੋਟਾ ਕੀਹਨੇ ਲਿਆ ਹੈ?" ਉਹ ਲੱਭਣ ਲੱਗੇ ਤੇ ਬਹੁਤ ਰੌਲਾ[11] ਪਾਇਆ। ॥੪੧॥

-ਸਿੱਧਾਂ ਨੇ ਈਰਖਾਲੂ[12] ਹੋ ਕੇ ਖੋਟਾ[13] ਕੰਮ ਕੀਤਾ ਹੈ- ਅੰਤਰਜਾਮੀ (ਗੁਰੂ ਜੀ), ਸਭ ਕੁਝ ਜਾਣ ਗਏ -ਸਿੱਧਾਂ ਨੇ ਉਹ ਲੋਟਾ, ਸਾਰੀ ਸ਼ਕਤੀ ਇਕੱਠੀ ਕਰਕੇ ਦੋ-ਸੌ[14] ਕੋਹ ਦੂਰ, ਆਕਾਸ਼[15] ਦੇ ਵਿੱਚ ਟਿਕਾ ਦਿੱਤਾ ਹੈ-। ॥੪੨॥

SikhBookClub.Com

ਸ੍ਰੀ ਗੁਰ ਬਿਨਾ ਬਿਲਮ[1] ਤਹਿਂ ਜਾਈ। ਹਾਥ ਉਠਾਇ[2] ਦੀਨ ਤਿਂਹ ਤਾਂਈਂ।
ਪਿਖ ਅਜ਼ਮਤ[4] ਪੁਨਿ ਸਿੱਧਿ ਰਿਸਾਏ[3]। ਚਰਚਾ ਹੇਤ ਨਿਕਟ ਚਲਿ ਆਏ॥੪੩॥

ਭੰਗਰਨਾਥ ਭਨੈ[5] ਅਤਿ ਮਾਨੀ । 'ਰੀਤਿ ਗਜਾਨ ਤੈਂ ਏਕ ਨ ਜਾਨੀ।
ਬਿਮਲ[6] ਦੂਧ ਮਹਿ ਕਾਂਜੀ ਪਾਈ। ਸਗਰੋ ਫਿਟ ਗਜੋ ਦੂਧ ਗਵਾਈ॥੪੪॥

ਬਹੁਰੋ ਮਥਨ[7] ਕਰੈ ਜੋ ਤਾਂਹੀ । ਮਾਖਿਨ ਕਿਤ ਬਿਧ ਪਾਵੈ ਨਾਂਹੀਂ।
ਪੂਰਬ ਹੋਇ ਉਦਾਸੀ ਫਿਰਿਯੋ। ਭੇਖ ਫਕੀਰੀ ਤਨ ਮੈਂ ਕਰਯੋ॥੪੫॥

ਦੇਸ ਬਿਦੇਸਨ ਰਟਨੋ ਕੀਨੋ । ਨਿਜ ਉਪਦੇਸ਼ ਨਰਨ ਕੋ ਦੀਨੋ।
ਬ੍ਰਿਕਤ[8] ਭਯੋ ਤਜ ਸਰਬ ਪ੍ਰਵਾਰਾ । ਕੀਨ ਫਕੀਰੀ ਜਗਤ ਮਝਾਰਾ॥੪੬॥

ਅਬ ਤੈਂ ਪਹਿਰੇ ਚੀਰ[9] ਸੰਸਾਰੀ । ਹ੍ਵੈ ਕਰ ਬੈਠਜੋ ਬਡ ਪਰਵਾਰੀ।
ਤੱਤ ਰੂਪ ਪਹਿਚਾਨਜੋ ਨਾਂਹੀਂ । ਬਹੁਰੋ[10] ਫਸਜੋ ਗ੍ਰਿਹ੍ਸਤ ਕੇ ਮਾਂਹੀਂ ॥੪੭॥

ਜਿਸ ਮਹਿਂ ਪ੍ਰਵਿਸ਼ੇ ਹ੍ਵੈ ਨ ਉਧਾਰਾ । ਅਨਿਕ ਭਾਂਤਿ ਕੇ ਬਧੈਂ ਜਂਜਾਰਾ'।
ਸੁਨ ਕੈ ਸ੍ਰੀ ਗੁਰ ਬਚਨ ਬਖਾਨੇ । 'ਭੰਗਰ! ਤੱਤ ਨ ਲਖਜੋ ਅਜਾਨੇ॥੪੮॥

ਤੇਰੀ ਮਾਤ ਕੁਚੱਜੀ ਆਹੀ[11] । ਭਾਂਡਾ ਧੋਵਨ ਜਾਨਜੋ ਨਾਹੀਂ ।
ਯਾਂਤੇ ਮਾਖਨ ਹਾਥ ਨ ਆਵਾ । ਜਮਜੋ ਨ ਦੂਧ ਨ ਮਾਨ[12] ਗਵਾਵਾ॥੪੯॥

ਛੋਡ ਗ੍ਰਿਹ੍ਸਤ ਕੋ ਭਯੋ ਅਤੀਤਾ[13]। ਬਹੁਰੋ ਰਹੀ ਪ੍ਰੀਤਿ ਚਿਤ ਨੀਤਾ।
ਭੋਜਨ ਹਿਤ ਮੰਗਨ ਤਿਹ ਜਾਈ । ਘਰ ਘਰ ਬਿਚਰਤ ਲਾਜ ਗਵਾਈ॥੫੦॥

ਬਿਨ ਦਿੱਤੇ ਕੁਛ ਹੱਥ ਨ ਆਵੈ। ਤ੍ਰਿਸ਼ਨਾਧੀਨ ਸਦੀਵ ਭ੍ਰਮਾਵੈ'।
ਇਸ ਪ੍ਰਕਾਰ ਕੀ ਸੁਨ ਕਰ ਬਾਨੀ। ਸ਼ੰਭੂਨਾਥ ਭਨੇ ਬਡ ਮਾਨੀ॥੫੧॥

SikhBookClub.Com

ਸ੍ਰੀ ਗੁਰੂ ਜੀ ਨੇ ਤੁਰੰਤ[1] ਉੱਥੇ ਅੱਪੜ ਕੇ (ਲੋਟਾ) ਹੱਥ ਵਿੱਚ ਫੜ[2] ਕੇ, ਉਨ੍ਹਾਂ (ਭਗਤੀਆਂ ਨੂੰ) ਦੇ ਦਿੱਤਾ। ਗੁਰੂ ਜੀ ਦੀ ਕਰਾਮਾਤ[4] (ਕੌਤਕ) ਵੇਖ ਕੇ ਜੋਗੀ ਕਰੋਧਵਾਨ[3] ਹੋ ਗਏ। ਫਿਰ ਉਹ ਚਰਚਾ ਕਰਨ ਲਈ, ਗੁਰੂ ਜੀ ਕੋਲ ਚੱਲ ਕੇ ਆ ਗਏ। ॥੪੩॥

ਅਤੀ ਹੰਕਾਰੀ ਭੰਗਰਨਾਥ ਬੋਲਿਆ[5], "ਤੈਨੂੰ ਗਿਆਨ ਦੇ ਢੰਗ ਦਾ ਉੱਕਾ ਹੀ ਪਤਾ ਨਹੀਂ। ਤੂੰ ਉੱਜਲ[6] ਦੁੱਧ ਵਿੱਚ ਕਾਂਜੀ ਪਾ ਦਿੱਤੀ ਹੈ । ਜਾਣੋ ਸਾਰਾ ਦੁੱਧ ਫਟ ਗਿਆ ਹੈ (ਨਸ਼ਟ ਹੋ ਗਿਆ) ॥੪੪॥

ਜੇਕਰ ਇਸ ਨੂੰ ਰਿੜਕਣੇ[7] ਪਾਇਆ (ਤਾਂ) ਕਿਸੇ ਪ੍ਰਕਾਰ ਵੀ, ਇਸ ਵਿੱਚੋਂ ਮੱਖਣ ਨਹੀਂ ਨਿਕਲਣਾ। ਪਹਿਲਾਂ ਤਾਂ ਤੂੰ ਤਿਆਗੀ (ਉਦਾਸੀ) ਹੋ ਕੇ ਫਿਰਦਾ ਰਿਹਾ ਤੇ ਫ਼ਕੀਰੀ ਧਾਰਨ ਕੀਤੀ ਰੱਖੀ ॥੪੫॥

(ਤੂੰ) ਦੇਸ਼-ਵਿਦੇਸ਼ ਵਿੱਚ ਭਉਂਦਾ ਰਿਹਾ ਹੈਂ ਤੇ ਲੋਕਾਂ ਵਿੱਚ ਆਪਣਾ ਮੱਤ ਪਰਚਾਰਦਾ ਰਿਹਾ ਹੈਂ। ਆਪਣਾ ਪਰਿਵਾਰ ਤਿਆਗ ਕੇ ਤਿਆਗੀ[8] ਹੋਇਆ ਰਿਹਾ ਹੈਂ ਤੇ ਸੰਸਾਰ ਵਿੱਚ ਫ਼ਕੀਰੀ ਕੀਤੀ ਹੈ। ॥੪੬॥

ਹੁਣ ਤੂੰ ਮੁੜ ਕੇ ਸੰਸਾਰੀ-ਬਸਤਰ[9] ਪਹਿਨ ਲਏ ਹਨ ਤੇ ਵੱਡੇ ਪਰਵਾਰ ਵਾਲਾ ਬਣਿਆ ਬੈਠਾ ਹੈਂ। ਤੂੰ ਤੱਤ-ਰੂਪ (ਜੀਵਨ ਦਾ) ਨੂੰ ਤਾਂ ਪਛਾਣਿਆ ਹੀ ਨਹੀਂ ਹੈ ਤੇ ਮੁੜ[10] ਗ੍ਰਿਹਸਤ ਵਿੱਚ ਆਣ ਖੁੱਭਿਆ ਹੈਂ। ॥੪੭॥

ਜਿਸ (ਗ੍ਰਿਹਸਤ) ਵਿੱਚ ਪਰਵੇਸ਼ ਹੋ ਕੇ ਮੁਕਤ ਨਹੀਂ ਹੋਈਦਾ ਅਤੇ ਸਗੋਂ ਬਹੁਤ ਪ੍ਰਕਾਰ ਦੇ ਜੰਜਾਲ ਹੀ ਵਧਦੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਨੇ ਫ਼ਰਮਾਇਆ, "ਹੇ ਭੰਗਰਨਾਥ! ਤੂੰ ਅਗਿਆਨੀ ਹੈਂ ਤੂੰ ਤੱਤ ਨੂੰ ਨਹੀਂ ਪਛਾਣਿਆ। ॥੪੮॥

ਤੇਰੀ ਮਾਂ (ਗੁਰੂ) ਕੁਚੱਜੀ (ਮੂਰਖ) ਸੀ[11], (ਉਸ ਨੇ) ਭਾਂਡਾ ਧੋਣਾ ਸਿੱਖਿਆ ਨਹੀਂ ਸੀ, ਇਸੇ ਲਈ ਮੱਖਣ ਹੱਥ ਨਹੀਂ ਆਉਣਾ। ਹੰਕਾਰ[12] ਨਾ ਤਿਆਗਣ ਕਰਕੇ ਦੁੱਧ ਨਹੀਂ ਜੰਮਿਆ। ॥੪੯॥

ਤੁਸੀਂ ਗ੍ਰਿਹਸਤ ਦਾ ਤਿਆਗ ਕਰ ਕੇ ਤਾਂ ਤਿਆਗੀ[13] ਬਣੇ ਸੀ ਪਰ ਫਿਰ ਵੀ ਤੁਹਾਡੀ ਨੀਯਤ ਅਤੇ ਤੁਹਾਡਾ ਪ੍ਰੇਮ (ਗ੍ਰਿਹਸਤ) ਵਿੱਚ ਹੀ ਰਿਹਾ। ਭੋਜਨ ਮੰਗਣ ਲਈ (ਤੁਸੀਂ) ਉਨ੍ਹਾਂ (ਹੀ ਗ੍ਰਿਹਸਤੀਆਂ ਦੇ ਘਰ ਜਾਂਦੇ ਹੋ! ਘਰ-ਘਰ ਘੁੰਮਦਿਆਂ ਤੁਸੀਂ ਆਪਣੀ ਸ਼ਰਮ ਗੁਆ ਲਈ ਹੈ। ॥੫੦॥

ਬਿਨਾਂ ਕੁਝ ਦਿੱਤਿਆਂ (ਤਿਆਗਿਆਂ) ਕਦੇ ਵੀ ਕੋਈ ਚੀਜ਼ ਪ੍ਰਾਪਤ ਨਹੀਂ ਹੋਇਆ ਕਰਦੀ। ਤ੍ਰਿਸ਼ਨਾ ਅਧੀਨ ਹੋ ਕੇ (ਮਨੁੱਖ) ਹਮੇਸ਼ਾ ਹੀ ਭਟਕਦਾ ਰਹਿੰਦਾ ਹੈ।" ਇਸ ਤਰਾਂ ਗੱਲ ਸੁਣ ਕੇ ਵੱਡਾ ਹੰਕਾਰੀ ਸ਼ੰਭੂਨਾਥ ਬੋਲਿਆ ॥੫੧॥

SikhBookClub.Com

'ਕਜ਼ਾ ਤੈਂ ਜਗ ਕੋ ਸ਼ਕਤਿ ਦਿਖਾਈ। ਹਮੈਂ ਦਿਖਾਇ ਬਿਲਮ[1] ਕਿਉਂ ਲਾਈ।
ਕੈ ਤੁਮ ਦੂਰਹੁ[2] ਖੋਜ ਹਮ ਲਜ਼ਾਵਹਿਂ। ਨਤੁ ਹਮ ਦੂਰਹਿਂ ਹਾਥ ਨਹਿਂ ਆਵਹਿਂ, ॥੫੨॥

ਦੋਹਰਾ

ਗੁਰੂ ਕਹੈ 'ਤੁਮ ਮਹਿਂ ਸ਼ਕਤਿ ਹੋ ਦਿਖਰਾਵਨਹਾਰ।
ਦੂਰਉ ਜਾਹਿਂ ਉਰ ਚਾਹਿ ਜੇ ਨਿਜ ਨਿਜ ਬਲ ਸਭ ਧਾਰ' ॥੫੩॥

ਚੌਪਈ

ਸੁਨ ਕੈ ਸਿੱਧਨ ਮਤੇ ਮਤਾਈ । 'ਪ੍ਰਿਥਕ[3] ਦਸੋ ਦਿਸ਼ ਦੂਰੀਏ[4] ਜਾਈ'।
ਸੰਭੁਨਾਥ ਪ੍ਰਾਚੀ[5] ਦਿਸ ਗਯੋ । ਭੰਗਰ ਪਸਚਮ ਦੂਰਤਾ ਭਯੋ ॥੫੪॥

ਊਰਮ ਧੂਰਮ ਉੱਤਰ ਮਾਂਹੀ । ਦੱਛਨ ਬੀਚ ਮਛੰਦਰ ਜਾਹੀਂ।
ਪਾਵਕ[6] ਕੋਨ ਕਨਕ ਸਿੱਧ ਗਯੋ । ਲੰਗਰ ਬਾਇਵ[7] ਬਿਖੈ ਸਿਧਯੋ ॥੫੫॥

ਨੈਰਤ[8] ਮਾਂਹੀ ਝੰਗਰ ਪਯਾਨਾ । ਗੌਨ ਗੁਆਲ ਪਹੁੰਚਯੋ ਈਸ਼ਾਨਾ[9]।
ਕਿਤਕ[10] ਪਤਾਲ ਦੂਰੇ ਹੈਂ ਜਾਈ । ਕੇਤਿਕ ਬੀਚ ਅਕਾਸ਼ ਉਡਾਈ ॥੫੬॥

ਦੋਹਰਾ

ਗਮਨ ਕੀਨ ਦਸ ਦਿਸ਼ਾ ਮਹਿਂ ਤਿਨ ਕੀ ਗਤਿ ਪ੍ਰਭੁ ਜਾਨ ।
ਤਬ ਸਰੂਪ ਤੇਤੇ[11] ਧਰੇ ਜੇਤੇ ਸਿੱਧ ਦੁਰਾਨ ॥੫੭॥

ਚੌਪਈ

ਮੰਗਲਨਾਥ ਆਦਿ ਸੁਭ ਜੇਤੇ । ਠਾਂਢੇ ਕੌਤਕ ਦੇਖਹਿਂ ਤੇਤੇ।
ਜਹਿਂ ਜਹਿਂ ਛਪਨ ਕੀਨ ਤਿਨ ਧਾਇ । ਮੂਛਨ ਗਹੀ ਸਭਨ ਕੀ ਜਾਇ ॥੫੮॥

ਭੰਗਰ ਲਖਯੋ[12] —ਮੋਹਿ ਪਸ਼ਚਾਤ—। ਸ਼ੰਭੂ ਜਾਨਹਿਂ —ਮੁਝੇ ਗਹਾਤ[13]—।
ਝੰਗਰ ਲੰਗਰ ਇਸਬਿਧ ਜਾਨੀ। —ਮਮ ਢਿਗ ਹੈਂ, ਮਮ ਢਿਗ ਹੈਂ —ਮਾਨੀ[14] ॥੫੯॥

SikhBookClub.Com

ਤੂੰ ਸੰਸਾਰ ਨੂੰ ਕੀ ਸ਼ਕਤੀ (ਕੌਤਕ) ਦਿਖਾ ਦਿੱਤੀ ਹੈ? (ਉਹੋ ਸ਼ਕਤੀ) ਸਾਨੂੰ ਦਿਖਾਉਣ ਵਿੱਚ ਕਿਉਂ ਦੇਰੀ[1] ਲਾਈ ਹੈ? ਜਾਂ ਫਿਰ ਤੁਸੀਂ ਲੁਕੋ[2] (ਤੇ) ਅਸੀਂ (ਤੁਹਾਨੂੰ) ਲੱਭ ਕੇ ਲਿਆਵਾਂਗੇ, ਨਹੀਂ ਤਾਂ ਅਸੀਂ ਲੁੱਕਦੇ ਹਾਂ, ਅਸੀਂ ਤੇਰੇ ਹੱਥ ਨਹੀਂ ਆਵਾਂਗੇ।। ॥੫੨॥

ਦੋਹਰਾ

ਗੁਰੂ ਜੀ ਨੇ ਫ਼ਰਮਾਇਆ, "ਤੁਹਾਡੇ ਵਿੱਚ ਦਿਖਾਵਣਯੋਗ ਸ਼ਕਤੀ ਹੈ , (ਸੋ) ਜਿੱਥੇ ਤੁਹਾਡਾ ਮਨ ਚਾਹੁੰਦਾ ਹੈ, ਤੁਸੀਂ ਆਪੋ-ਆਪਣੀ ਸ਼ਕਤੀ ਨਾਲ ਸਾਰੇ ਲੁਕ ਜਾਉ।" ॥੫੩॥

ਚੌਪਈ

ਇਹ ਸੁਣ ਕੇ ਸਿੱਧਾਂ ਨੇ ਮਤਾ ਪਕਾਇਆ, ਚੱਲੋ, ਸਾਰੇ ਜਣੇ ਵੱਖੋ-ਵੱਖਰੇ[3] (ਹੋ ਕੇ) ਦਸਾਂ-ਦਿਸ਼ਾਵਾਂ ਵਿੱਚ ਜਾ ਲੁਕੀਏ[4]।" 'ਸ਼ੰਭੂਨਾਥ' ਪੂਰਬ[5] ਦਿਸ਼ਾ ਵੱਲ ਚਲਾ ਗਿਆ। 'ਭੰਗਰਨਾਥ' ਪੱਛਮ ਦਿਸ਼ਾ ਵੱਲ ਲੁਕ ਗਿਆ। ॥੫੪॥

'ਊਰਮ-ਧੂਰਮ' ਉੱਤਰ ਦਿਸ਼ਾ ਵਿੱਚ ਤੇ 'ਮਛੰਦਰਨਾਥ' ਦੱਖਣ ਦਿਸ਼ਾ ਵਿੱਚ (ਜਾ ਲੁਕਿਆ)। ਦੱਖਣ-ਪੂਰਬ[6] ਦੀ ਨੁੱਕਰ (ਕੋਨੇ) ਵਿੱਚ 'ਕਨਕ' ਨਾਮੀ ਸਿੱਧ ਚਲਾ ਗਿਆ। ਪੱਛਮ-ਉੱਤਰ[7] ਦਿਸ਼ਾ ਵਿੱਚ 'ਸਿਧਯੋ' (ਲੁਕ ਗਿਆ)। ॥੫੫॥

'ਝੰਗਰ' ਦੱਖਣ-ਪੱਛਮ[8] ਦਿਸ਼ਾ ਨੂੰ (ਚਲਾ ਗਿਆ) ਤੇ ਗੌਨ ਗੁਆਲ ਪੂਰਬ ਉੱਤਰ[9] ਦਿਸ਼ਾ ਵਿੱਚ ਪਹੁੰਚ ਗਿਆ । ਕਈ [10] ਜਣੇ ਪਤਾਲ ਵਿੱਚ ਜਾ ਲੁਕੇ (ਅਤੇ) ਕਈ ਜਣੇ ਅਕਾਸ਼ ਵਿੱਚ ਨੂੰ ਉੱਡ ਗਏ। ॥੫੬॥

ਦੋਹਰਾ

ਉਹ ਦਸਾਂ-ਦਿਸ਼ਾਵਾਂ ਨੂੰ ਚਲੇ ਗਏ, ਜਿਨ੍ਹਾਂ ਬਾਰੇ ਗੁਰੂ ਜੀ ਸਭ ਜਾਣੀ-ਜਾਣ ਸਨ। ਤਦ ਉਨ੍ਹਾਂ (ਗੁਰੂ ਜੀ ਨੇ) ਉਤਨੇ[11] ਹੀ ਰੂਪ ਧਾਰਨ ਕਰ ਲਏ, ਜਿਤਨੇ ਕਿ ਸਿੱਧ ਲੁਕੇ ਹੋਏ ਸਨ। ॥੫੭॥

ਚੌਪਈ

ਮੰਗਲਨਾਥ ਆਦਿਕ ਜਿੰਨੇ ਸ੍ਰੇਸ਼ਟ ਸਿੱਧ ਸਨ, ਉਹ ਸਾਰੇ ਖਲੋਤੇ ਇਹ ਕੌਤਕ ਦੇਖ ਰਹੇ ਸਨ। ਜਿੱਥੇ-ਜਿੱਥੇ ਉਹ ਭੱਜ ਕੇ ਲੁਕੇ ਸਨ, ਉਨ੍ਹਾਂ ਸਭਨਾਂ ਦੀਆਂ (ਗੁਰੂ ਜੀ ਨੇ) ਮੁੱਛਾਂ ਜਾ ਪਕੜੀਆਂ। ॥੫੮॥

ਭੰਗਰ ਨੇ ਸਮਝਿਆ[12] -(ਗੁਰੂ ਜੀ) ਮੇਰੇ ਪਿੱਛੇ (ਆਏ ਹਨ)-। ਸ਼ੰਭੂਨਾਥ ਨੂੰ ਲੱਗਿਆ (ਕੇਵਲ) -ਮੈਨੂੰ ਹੀ ਫੜਦੇ[13] ਹਨ-। ਝੰਗਰ-ਲੰਗਰ ਨੇ ਇਉਂ ਸਮਝਿਆ ਕਿ -ਮਾਨਯੋਗ[14] (ਭਾਵ ਸ੍ਰੀ ਗੁਰੂ ਜੀ) ਕੇਵਲ ਮੇਰੇ ਹੀ ਪਿੱਛੇ ਹਨ, ਮੇਰੇ ਹੀ ਪਿੱਛੇ ਹਨ! ॥੫੯॥

SikhBookClub.Com

ਹੁਤੇ ਸਿੱਧ ਜੇ ਦੁਰਨੇਹਾਰੇ[1]। ਸਭਨੇ ਅਪਨੇ ਨਿਕਟ ਨਿਹਾਰੇ।
ਤਨ ਅਨੇਕ ਧਰ, ਤਿਨ ਕੋ ਤੂਰਨ। ਪਕਰੇ ਜਾਇ ਪ੍ਰਭੂ ਗੁਨ ਪੂਰਨ॥੬੦॥

ਦੋਹਰਾ

ਮੂਛਨ ਤੇ ਗਹਿ ਕਰ ਸਰਬ ਕੀਨੇ ਇਕ ਥਲ[2] ਸੋਇ।
ਨਿਰਬਲ ਹ੍ਵੈ ਤੂਸ਼ਨ ਭਏ ਤਿਸ਼ਟੇ[3] ਲੱਜਤ ਹੋਇ॥੬੧॥

ਚੌਪਈ

ਸ੍ਰੀ ਪ੍ਰਭੂ ਤਿਨ ਸੋਂ ਬਚਨ ਅਲਾਏ । 'ਤੁਮ ਖੋਜਉ ਮੈਂ ਦੁਰਹੋਂ ਜਾਏ।
ਜੇ ਨਹਿਂ ਪਾਵਉ[4] ਇਸ ਬਿਧਿ ਕਰੀਏ । ਲੇਯ ਟਕਾ ਅਰਦਾਸ ਉਚਰੀਏ॥੬੨॥

ਜਬ ਸਿਰ ਲਾਵਉਗੇ ਧਰ ਨਾਲ । ਦੇਉਂ ਦਰਸ ਤੁਮ ਕੋ ਤਤਕਾਲ'।
ਅਸ ਕਹਿ ਪੰਚ ਤੱਤ ਕੇ ਮਾਂਹੀ । ਦੇਹ ਮਿਲਾਇ ਦੀਨ ਛਿਨ ਤਾਂਹੀ॥੬੩॥

ਅੰਸ਼ ਲੀਨ ਹੋਯੋ ਕਰਤਾਰਾ । ਜੇ ਸੇਵਕ ਗਤਿ[5] ਦੇਵਨ ਹਾਰਾ।
ਸਿੱਧ ਲਗੇ ਖੋਜਨ ਸਮੁਦਾਈ[6] । ਦਸਹੂੰ ਦਿਸ ਮਹਿਂ ਗਮਨੇ ਧਾਈ॥੬੪॥

ਬੈਠੇ ਕਿਤਕੋ ਪਾਵਹਿਂ ਨਾਹੀਂ । ਖੋਜਤ ਫਿਰੇ ਕਠਨ ਥਲ ਮਾਹੀਂ ।
ਕਾਨਨ[7] ਸਰਿਤਾ ਸਿੰਧੁ[8] ਪਹਾਰ । ਬੀਚ ਗੁਫਾ ਜਹਿਂ ਬਡੋ ਅੰਧਾਰ॥੬੫॥

ਭਏ ਸ਼੍ਰੰਮਿਤ[9] ਤਿਨ ਕਹੂੰ ਨ ਪਾਯੋ । ਫਿਰਤਜੋ ਸਬ ਕੋ ਮਨ ਅਕੁਲਾਯੋ[10]।
ਇਕ ਥਲ ਹੁਇ ਅਰਦਾਸ ਅਲਾਈ । ਨਮਸ਼ਕਾਰ ਹਿਤ ਗ੍ਰੀਵ[11] ਨਿਵਾਈ॥੬੬॥

ਤਿਹ ਛਿਨ ਪ੍ਰਗਟੇ ਤੁਰਤ ਗੁਸਾਂਈ[12] । ਦੇਖ ਸਿੱਧ ਉਰਗੇ ਬਿਸਮਾਈ।
ਚਲੇ ਨ ਬਲ ਲੱਜਤ ਹੁਇ ਰਹੇ । ਤੂਸ਼ਨ[13] ਭਏ ਨ ਕਛੂ ਬਚ ਕਹੇ॥੬੭॥

ਚਪੇ[14] ਚੋਰ ਜਿਉਂ ਓਜ[15] ਦਿਖਾਵਨ । ਕਰਜੋ ਚਹਤਿ,ਜਿਨ ਕੇ ਉਰ ਭਾਵਨ ।
ਪਗ ਨਹਿਂ ਪਰਹੀਂ ਗਰਬ ਡੁਬਾਏ । ਸਮਤਾ ਹਿਤ ਕੋ ਰਿਦੇ ਰਿਸਾਏ[16] ॥੬੮॥

SikhBookClub.Com

ਜਿਤਨੇ ਵੀ ਸਿੱਧ ਲੁਕੇ[1] ਹੋਏ ਸਨ, ਸਭ ਨੇ ਗੁਰੂ ਜੀ ਨੂੰ ਆਪਣੇ ਨੇੜੇ ਸਨਮੁੱਖ ਹੀ ਵੇਖਿਆ। ਸੰਪੂਰਨ ਗੁਣਾਂ ਵਾਲਿਆਂ (ਗੁਰੂ ਜੀ ਨੇ) ਅਨੇਕਾਂ ਸਰੀਰ ਧਾਰਨ ਕਰ ਕੇ, ਉਨ੍ਹਾਂ ਨੂੰ ਤੁਰੰਤ ਹੀ ਜਾ ਫੜਿਆ। ॥੬੦॥

ਦੋਹਰਾ

ਉਨ੍ਹਾਂ ਸਾਰਿਆਂ ਨੂੰ ਮੁੱਛਾਂ ਤੋਂ ਫੜ ਕੇ, ਇੱਕ ਥਾਂ[2] 'ਤੇ ਇਕੱਠੇ ਕਰ ਲਿਆ। ਉਹ ਨਿਰਬਲ (ਨਿਤਾਣੇ) ਹੋ ਕੇ ਚੁੱਪ ਕਰ ਗਏ ਅਤੇ ਲੱਜਤ (ਸ਼ਰਮਿੰਦੇ) ਹੋ ਕੇ ਬਹਿ[3] ਗਏ। ॥੬੧॥

ਚੌਪਈ

ਗੁਰੂ ਜੀ ਨੇ ਉਨ੍ਹਾਂ ਨੂੰ ਆਖਿਆ, "(ਲਉ ਹੁਣ) ਮੈਂ ਲੁਕਦਾ ਹਾਂ ਤੇ ਤੁਸੀਂ ਲੱਭਣਾ। ਜੇਕਰ ਮੈਂ ਨਾ ਲੱਭਾਂ[4] ਤਾਂ ਤੁਸੀਂ ਇਸ ਤਰਾਂ ਕਰਨਾ ਕਿ ਇੱਕ ਟਕਾ ਲੈ ਕੇ ਅਰਦਾਸ ਕਰਨਾ। ॥੬੨॥

ਜਦੋਂ ਤੁਸੀਂ (ਮੱਥਾ ਟੇਕਣ ਲਈ) ਧਰਤੀ ਨਾਲ ਸਿਰ ਲਾਉਗੇ ਤਾਂ ਮੈਂ ਤੁਰੰਤ ਹੀ ਤੁਹਾਨੂੰ ਦਰਸ਼ਨ ਦੇ ਦਿਆਂਗਾ।" ਇਉਂ ਆਖ ਕੇ ਉਨ੍ਹਾਂ (ਗੁਰੂ ਜੀ ਨੇ) ਓਦੋਂ ਤੁਰੰਤ ਹੀ ਆਪਣਾ-ਸਰੀਰ ਪੰਜਾਂ-ਤੱਤਾਂ ਵਿੱਚ ਮਿਲਾ ਦਿੱਤਾ। ॥੬੩॥

ਕਰਤਾਰ ਦਾ ਅੰਸ਼, ਕਰਤਾਰ ਵਿੱਚ ਲੀਨ ਹੋ ਗਿਆ, ਜੋ ਕਿ ਸੇਵਕਾਂ ਨੂੰ ਮੁਕਤੀ[5] ਦੇਣ ਵਾਲਾ ਹੈ। ਸਿੱਧਾਂ ਦੀ ਟੋਲੀ[6] ਆਪ ਨੂੰ ਲੱਭਣ ਲੱਗੀ। ਉਹ ਭੱਜ ਕੇ ਦਸਾਂ-ਦਿਸ਼ਾਵਾਂ ਵਿੱਚ ਚਲੇ ਗਏ। ॥੬੪॥

ਉਹ ਬਿਖਮ ਥਲਾਂ ਵਿੱਚ ਵੀ ਲੱਭ ਥੱਕੇ ਪਰ ਗੁਰੂ ਜੀ ਕਿਤੇ ਵੀ ਬੈਠੇ ਨਾ ਲੱਭੇ। ਉਨ੍ਹਾਂ ਨੇ ਵਣ[7], ਨਦੀਆਂ, ਸਮੁੰਦਰ[8], ਪਹਾੜ, ਹਨ੍ਹੇਰੀਆਂ ਕੰਦਰਾਂ (ਸਭ ਗਾਹ ਮਾਰੀਆਂ)। ॥੬੫॥

ਉਹ ਥੱਕ[9] ਗਏ ਪਰ ਉਨ੍ਹਾਂ ਨੂੰ ਗੁਰੂ ਜੀ ਕਿਤੇ ਵੀ ਨਾ ਲੱਭੇ। ਫਿਰਦੇ-ਫਿਰਦਿਆਂ ਉਨ੍ਹਾਂ ਦੇ ਮਨ ਵਿਆਕੁਲ[10] ਹੋ ਗਏ। (ਅੰਤ) ਉਨ੍ਹਾਂ ਇੱਕ ਥਾਂ ਇਕੱਠੇ ਹੋ ਕੇ ਅਰਦਾਸ ਕੀਤੀ ਤੇ ਨਮਸਕਾਰ ਕਰਨ ਲਈ ਗਰਦਨ[11] ਨਿਵਾਈ। ॥੬੬॥

ਉਸੇ ਵੇਲੇ, ਮਾਲਕ[12] (ਗੁਰੂ ਜੀ) ਤੁਰੰਤ ਹਾਜ਼ਰ ਹੋ ਗਏ। ਇਹ ਦੇਖ ਕੇ ਸਿੱਧ ਅਚੰਭਤ (ਹੈਰਾਨ) ਹੋ ਗਏ। ਪੇਸ਼ ਨਾ ਗਈ ਵੇਖ ਕੇ, ਉਹ ਸ਼ਰਮਿੰਦੇ ਹੋ ਗਏ ਤੇ ਚੁੱਪ[13] ਕਰ ਕੇ ਰਹਿ ਗਏ, ਕੁਝ ਵੀ ਬੋਲ ਨਾ ਸਕੇ। ॥੬੭॥

ਖਿਝੇ[14] ਹੋਏ ਚੋਰ ਵਾਂਗ ਉਹ ਬਲ[15] ਦਿਖਾਉਣਾ ਚਾਹੁੰਦੇ ਸਨ। ਇਹ ਇਸ ਲਈ ਕਰਨਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਦੇ ਮਨਾਂ ਅੰਦਰ ਪ੍ਰੇਮ ਨਹੀਂ ਸੀ। ਹੰਕਾਰ ਵਿੱਚ ਗ਼ਲਤਾਨ ਹੋਣ ਕਰਕੇ ਚਰਨੀਂ ਵੀ ਨਹੀਂ ਸਨ ਪੈਂਦੇ। (ਇਸ ਲਈ) ਕਰੋਧਵਾਨ[16] ਹੋਏ ਬਰਾਬਰੀ ਕਰਨ 'ਤੇ ਤੁਲੇ ਹੋਏ ਸਨ। ॥੬੮॥

SikhBookClub.Com

ਭੁਜੰਗ ਪ੍ਰਯਾਤ ਛੰਦ

ਸਭੈ ਸਿੱਧ ਜੋ ਈਰਖਾ ਕੋ ਕਰੇ ਹੈਂ । ਨਹੀਂ ਭਾਉ[1] ਕੈਸੋ ਰਿਦੇ ਮੋਂ ਧਰੇਹੈਂ।
ਬੂਝੈ ਨ ਬੁਝਾਈ ਬਰੀ[2] ਹੈ ਅਪਾਰਾ । ਤਬੈ ਰੂਪ ਧਾਰੇ ਅਨੇਕੰ ਪ੍ਰਕਾਰਾ॥੬੯॥

ਭਏ ਸਿੰਘ ਕੋਊ ਬਘੇਲਾ ਬਨੇ ਹੈਂ । ਕਿਤੇ ਬੰਨ੍ਹਿ[3] ਭੱਖੈਂ ਕੁਬੈਨਾ[4] ਭਨੇ ਹੈਂ।
ਕਿਤੇ ਕੰਧ ਆਰੂਢ[5] ਹ੍ਵੈ ਕੈ ਭਗਾਵੈਂ । ਮ੍ਰਿਗਾਨੀ ਲਈ ਕੋ ਅਕਾਸ਼ੈਂ ਉਡਾਵੈਂ॥੭੦॥

ਭਏ ਪੰਨਗੰ[6] ਬੇਖ ਦੇਖੈਂ ਭਯਾਨਾਂ । ਧਰੂਕੈ[7] ਫਰੂਕੈਂ ਕਿ ਸ਼ੂਕੈਂ ਮਹਾਨਾਂ।
ਕਿਨੈ ਤੁੰਡ[8] ਦੇਹੀ ਕਰੀ ਹੈ ਬਿਸ਼ਾਲਾ । ਉਡੈ ਕੋ ਅਕਾਸ਼ੰ ਲਏ ਹਾਥ ਜ੍ਵਾਲਾ॥੭੧॥

ਤੋਟਕ ਛੰਦ

ਕਿਲਕਾਰਤ ਕੇਤਕ ਰੋਖ[9] ਦਹੇ[10] । ਨਭ ਬੀਚ ਕਿਤੇ ਥਿਰ ਹੋਇ ਰਹੇ।
ਬਰਖਾਵਤ ਪਾਵਕ[11] ਕੋ ਧਰਨੀ । ਜਲ ਬੀਚ ਤਰੈ ਜਿਮ ਹ੍ਵੈ ਤਰਨੀ[12] ॥੭੨॥

ਲਘੁ ਰੂਪ ਕਿਤੇ[13] ਦਰਸਾਇ ਨਹੀਂ । ਨਿਜ ਮੰਤ੍ਰਨ ਜੰਤ੍ਰ ਕਰੰਤ ਸਹੀ।
ਬਹੁ ਲੋਕ ਬਿਖੈ ਬਡ ਭੀਰ ਜਹਾਂ । ਸਭ ਕੋ ਡਰਪਾਵਹਿਂ ਦੇਖ ਤਹਾਂ॥੭੩॥

ਦੋਹਰਾ

ਦੇਖ ਸਰੂਪ ਭਯਾਨਕੰ ਡਰਪੇ ਲੋਗ ਬਿਸਾਲ।
ਇਤ ਉਤ ਤਕੈਂ ਪਲਾਇਨੰ[14], ਧੀਰਜ ਦਈ ਕ੍ਰਿਪਾਲ॥੭੪॥

ਗੁਰੂ ਅਜਿੱਤੇ ਸੋਂ ਕਹਜੋ 'ਸਬ ਨਰ ਕੇ ਚਹੁੰਫੇਰ।
ਉਠਕੇ ਕਰਦੇ ਕਾਰ ਤੂੰ -ਵਾਹਿਗੁਰੂ- ਮੁਖ ਟੇਰ[15]'॥੭੫॥

SikhBookClub.Com

ਭੁਜੰਗ ਪ੍ਰਯਾਤ ਛੰਦ

ਸਾਰੇ ਹੀ ਸਿੱਧ ਈਰਖਾ ਕਰ ਰਹੇ ਸਨ। ਉਨ੍ਹਾਂ ਦੇ ਮਨਾਂ ਅੰਦਰ ਪ੍ਰੇਮ[1] ਉੱਕਾ ਹੀ ਨਹੀਂ ਸੀ। (ਉਨ੍ਹਾਂ ਦੀ) ਈਰਖਾ ਦੀ ਅੱਗ ਬਲੀ[2] ਹੋਈ ਪਰਬਲ ਸੀ, ਜੋ ਕਿ ਬੁਝਾਈ ਵੀ ਨਹੀਂ ਬੁਝਦੀ ਸੀ। ਤਾਂ ਫਿਰ ਉਨ੍ਹਾਂ ਨੇ ਅਨੇਕ ਪ੍ਰਕਾਰ ਦੇ ਰੂਪ ਧਾਰਨ ਕਰ ਲਏ। ॥੬੯॥

ਕੋਈ ਸ਼ੇਰ ਬਣ ਗਿਆ ਤੇ ਕੋਈ ਬਾਘ ਬਣ ਗਿਆ। ਕਈ ਜਣੇ ਅਗਨੀ[3] ਭੱਖਦੇ ਹੋਏ ਖੋਟੇ ਬਚਨ (ਕਬੋਲ[4]) ਬੋਲਦੇ ਸਨ। ਕਿੰਨੇ ਜਣੇ ਕੰਧ ਉੱਤੇ ਚੜ੍ਹ[5] ਕੇ ਭਜਾ ਰਹੇ ਸਨ। ਕੋਈ ਹਿਰਨੀ ਨੂੰ ਲੈ ਕੇ ਅਕਾਸ਼ ਵਿੱਚ ਉਡਾ ਰਹੇ ਸਨ। ॥੭੦॥

(ਕਈ) ਸੱਪ[6] ਬਣ ਗਏ (ਤੇ) ਉਨ੍ਹਾਂ ਦਾ ਰੂਪ ਬੜਾ ਭਿਆਨਕ ਦਿਸਦਾ ਸੀ। (ਉਹ) ਬਹੁਤ ਧਰੀਕਦੇ-ਟੱਪਦੇ[7], ਫੁੰਕਾਰੇ ਮਾਰਦੇ ਅਤੇ ਸ਼ੂਕਦੇ ਸਨ। ਕਈਆਂ ਨੇ ਆਪਣੇ ਮੂੰਹਾਂ[8] ਅਤੇ ਸਰੀਰਾਂ ਨੂੰ ਵਿਸ਼ਾਲ ਕਰ ਲਿਆ ਤੇ ਕਈ ਹੱਥਾਂ ਵਿੱਚ ਅਗਨੀ (ਅੰਗਿਆਰ) ਫੜ ਕੇ ਅਸਮਾਨੀਂ ਉੱਡਣ ਲੱਗ ਪਏ। ॥੭੧॥

ਤੋਟਕ ਛੰਦ

ਕਿਤਨੇ ਹੀ ਸਿੱਧ, ਗੁੱਸੇ[9] ਵਿੱਚ ਸੜੇ[10] ਹੋਏ ਕਿਲਕਾਰੀਆਂ ਮਾਰਨ ਲੱਗੇ ਅਤੇ ਕਿਤਨੇ ਹੀ ਅਕਾਸ਼ ਅੰਦਰ ਜਾ ਸਥਿਰ ਹੋ ਗਏ ਅਤੇ ਧਰਤੀ ਉੱਤੇ ਅੱਗ[11] ਵਰਸਾਉਣ ਲੱਗੇ ਤੇ ਕਈ ਬੇੜੀ[12] ਵਾਂਗ, ਪਾਣੀ ਉੱਤੇ ਤਰਨ ਲੱਗ ਪਏ। ॥੭੨॥

ਕਿੰਨਿਆਂ[13] ਨੇ ਇੰਨਾ ਛੋਟਾ ਰੂਪ ਧਾਰ ਲਿਆ ਕਿ (ਉਹ) ਦ੍ਰਿਸ਼ਟਮਾਨ ਹੀ ਨਾ ਰਹੇ। (ਉਹ ਸਾਰੇ) ਆਪੋ-ਆਪਣੇ ਜੰਤਰ-ਮੰਤਰ ਕਰਨ ਵਿੱਚ ਲੱਗੇ ਹੋਏ ਸਨ। ਲੋਕਾਂ ਦੀ ਬਹੁਤ ਭੀੜ ਜੁੜ ਗਈ। ਸਾਰੇ ਹੀ ਲੋਕ ਉਥੇ (ਉਨ੍ਹਾਂ ਦੇ ਭਿਆਨਕ ਰੂਪ) ਵੇਖ-ਵੇਖ ਕੇ ਡਰਨ ਲੱਗ ਪਏ। ॥੭੩॥

ਦੋਹਰਾ

(ਉਨ੍ਹਾਂ ਦੇ) ਭਿਆਨਕ ਰੂਪ ਦੇਖ-ਦੇਖ ਕੇ ਲੋਕ ਬਹੁਤ ਡਰ ਗਏ ਸਨ ਤੇ (ਭੈਅਭੀਤ ਹੋਏ) ਭੱਜਣ[14] ਲਈ ਇੱਧਰ-ਉੱਧਰ ਵੇਖਣ ਲੱਗ ਪਏ ਸਨ ਪਰ ਕਿਰਪਾਲੂ ਗੁਰੂ ਜੀ ਨੇ ਧਰਵਾਸ ਦਿੱਤਾ। ॥੭੪॥

ਗੁਰੂ ਜੀ ਨੇ 'ਅਜਿੱਤੇ' ਨੂੰ ਆਖਿਆ, "ਤੂੰ ਉੱਠ ਅਤੇ ਮੁੱਖੋਂ 'ਵਾਹਿਗੁਰੂ' ਆਖ[15] ਕੇ, ਇਨ੍ਹਾਂ ਸਾਰੇ ਲੋਕਾਂ ਦੁਆਲੇ ਕਾਰ ਕੱਢ ਦੇਹ।" ॥੭੫॥

SikhBookClub.Com

ਦੁਵੱਯਾ ਛੰਦ

ਉਠਜੋ ਅਜਿੱਤਾ ਕੀਨੀ ਕਾਰਾ ਆਪ ਗਯੋ ਸਰ[1] ਮਾਂਹੀ।
ਤਿਹ ਪਰ ਲੇ ਨਿਜ ਚੀਰ ਡਸਾਯੋ[2], ਭੀਜਜੋ ਤਾਰਿਕ[3] ਨਾਹੀ।
ਤਾਹਿਂ ਅਰੂਢ[4] ਹੋਇ ਕੈ ਬੈਠਾ ਕਾਰ ਕਰੈ ਇਮ ਸੋਈ।
ਮਰੇ ਬਿਹੰਗ[5] ਸਰੋਵਰ ਮਹਿਂ ਬਹੁ ਗਹਤਿ[6] ਭਯੋ ਕਰ ਦੋਈ॥ ੭੬॥

ਸ੍ਰੈਯਾ

ਗਹਿ ਹਾਥ, ਜਿਵਾਇ ਉਡਾਵਤ ਜਾਤ, ਪਿਖੈਂ ਬਹੁਤੇ ਨਰ ਤਾਹਿਂ ਤਮਾਸ਼ਾ।
ਇਤ ਸ੍ਰੀ ਗੁਰ ਜੋ ਢਿਗ ਕਾਰ - ਕਰੀ ਸਿੱਧ ਆਇ ਸਕਹਿਂ ਨਹਿਂ ਤਾਹਿੰਕੇ ਪਾਸਾ।
ਬਲ ਬਾਹਰ ਹੀ ਦਿਖਰਾਵਤ ਹੈਂ ਧਰ ਦਾਰੁਨ[7] ਰੂਪ ਫਿਰੈਂ ਚਹੁੰਪਾਸਾ।
ਪਛੁਤਾਇ ਬਿਸੂਰਤ[8] ਹੈਂ ਉਰ ਮੈਂ, ਜਬ ਨਾਹਿਂ ਚਲਜੋ ਬਲ ਕੋ ਬਸ ਮਾਸਾ॥ ੭੭॥

ਦੋਹਰਾ

ਤੱਤ ਤੱਤ[9] ਮੈਂ ਮਿਲ ਰਹੇ ਸ੍ਰੀ ਨਾਨਕ ਤਿਹ ਥਾਂਇ।
ਪਚੁਹਾਰੇ ਕਛੁ ਨਹਿਂ ਲਖੈਂ, ਸ਼ਕਤਿ ਰਹੇ ਸਭ ਲਾਇ॥ ੭੮॥

ਚੌਪਈ

ਤਿਨਕੀ ਦਿਸ਼ ਦੇਖਜੋ ਗੁਰ ਜਬਹੀ । ਸਗਲੀ ਸ਼ਕਤਿ ਕਰਖ[10] ਲਿਯ ਤਬਹੀ।
ਜਿਉਂ ਕੋ[11] ਨਿੰਬੂ ਲੇਹ ਨਿਚੋਰੀ । ਜੈਸੇ ਊਖ[12] ਦੇਇ ਕਰ ਖੋਰੀ[13] ॥ ੭੯॥

ਆਤੁਰ ਹਾਰ ਗਏ ਜਿਸ ਕਾਲਾ। ਬੈਠੇ ਹ੍ਵੈ ਕੇ ਦੀਨ ਬਿਸਾਲਾ ।
ਲੱਜਤ ਭਏ ਨ ਬੋਲਜੋ ਜਾਈ । ਬਾਂਧੇ ਜਿਉਂ ਸ਼ੱਤ੍ਰੂ ਕਿਸ ਰਾਈ॥ ੮੦॥

ਦੋਹਰਾ

ਰੰਚ ਗਰਬ ਉਰ ਨਹਿਂ ਰਹਜੋ ਨ੍ਰਿਪ ਜਿਉਂ ਛੀਨੇ ਦੇਸ ।
ਲੱਜਤ ਹੋਏ ਨਰਨ ਮੈਂ ਸਿੱਧਨ ਸੋਂ ਸਿੱਧੇਸ਼॥ ੮੧॥

SikhBookClub.Com

ਦੁਵੱਯਾ ਛੰਦ

(ਭਾਈ) ਅਜਿੱਤੇ ਨੇ ਉੱਠ ਕੇ ਕਾਰ ਕੱਢ ਦਿੱਤੀ ਅਤੇ ਆਪ ਸਰੋਵਰ[1] ਵਿੱਚ ਕੋਲ ਚਲਾ ਗਿਆ। ਉਸ (ਸਰੋਵਰ) ਦੇ ਉੱਤੇ ਆਪਣਾ ਕੱਪੜਾ ਵਿਛਾ[2] ਦਿੱਤਾ । ਪਰ ਉਸ (ਕੱਪੜੇ) ਦਾ) ਇੱਕ ਧਾਗਾ[3] ਵੀ ਗਿੱਲਾ ਨਾ ਹੋਇਆ। (ਉਹ) ਆਪ ਉਸ (ਕੱਪੜੇ) ਉੱਤੇ ਚੜ੍ਹ[4] ਕੇ ਬਹਿ ਗਿਆ ਅਤੇ ਲੱਗਾ ਇਹ ਕੰਮ ਕਰਨ। ਸਰੋਵਰ ਵਿੱਚ ਜੋ ਬਹੁਤ ਸਾਰੇ ਪੰਛੀ[5] ਮਰੇ ਹੋਏ ਸਨ, (ਉਨ੍ਹਾਂ ਨੂੰ) ਦੋਨਾਂ ਹੱਥਾਂ ਨਾਲ ਫੜ[6] ਲੈਂਦਾ। ॥੭੬॥

ਸਵੱਯਾ

ਹੱਥਾਂ ਨਾਲ ਫੜ ਕੇ, ਉਨ੍ਹਾਂ ਨੂੰ ਜਿਉਂਦੇ ਕਰ-ਕਰ ਕੇ ਉਡਾਉਂਦਾ ਜਾਂਦਾ ਸੀ। ਬਹੁਤ ਸਾਰੇ ਲੋਕ ਇਹ ਤਮਾਸ਼ਾ ਦੇਖ ਰਹੇ ਸਨ। ਇੱਥੇ, ਗੁਰੂ ਜੀ ਦੇ ਲਾਗੇ ਕਾਰ ਜੁ ਕੱਢੀ ਹੋਈ ਸੀ, ਸਿੱਧ ਉਨ੍ਹਾਂ ਦੇ ਕੋਲ ਨਹੀਂ ਸਨ ਆ ਸਕਦੇ। (ਕਾਰ ਤੋਂ) ਬਾਹਰ ਹੀ ਬਾਹਰ (ਉਹ ਆਪਣੀ ਸ਼ਕਤੀ ਦਿਖਾਉਂਦੇ ਰਹੇ ਅਤੇ ਭਿਆਨਕ[7] ਰੂਪ ਧਾਰ ਕੇ, ਚੁਫੇਰੇ ਫਿਰਦੇ ਰਹੇ। ਉਹ ਮਨ ਹੀ ਮਨ ਬਹੁਤ ਪਛਤਾਏ ਅਤੇ ਝੁਰਦੇ[8] ਰਹੇ, ਜਦੋਂ ਉਨ੍ਹਾਂ ਦੀਆਂ ਸ਼ਕਤੀਆਂ ਦਾ, ਮਾਸਾ ਭਰ ਵੀ ਜ਼ੋਰ ਨਾ ਚੱਲਿਆ। ॥੭੭॥

ਦੋਹਰਾ

ਉਦੋਂ ਉੱਥੇ ਗੁਰੂ ਨਾਨਕ ਜੀ ਮੂਲ-ਤੱਤ (ਪ੍ਰਭੂ)[9] ਵਿੱਚ ਮਿਲੇ ਹੋਏ (ਅਭੇਦ) ਸਨ। ਸਿੱਧ ਥੱਕ ਕੇ ਹਫ ਗਏ (ਸ਼ਕਤੀਆਂ ਦਿਖਾ-ਦਿਖਾ ਕੇ), ਪਰ ਗੁਰੂ ਜੀ ਦੀ ਵਡਿਆਈ ਦਾ ਕੋਈ ਥਾਹ ਨਾ ਪਾ ਸਕੇ। ਉਹ ਸਾਰੀ ਸ਼ਕਤੀ ਹੀ ਲਾ ਥੱਕੇ। ॥੭੮॥

ਚੌਪਈ

ਜਦੋਂ ਹੀ ਗੁਰੂ ਜੀ ਨੇ ਉਨ੍ਹਾਂ ਵੱਲ ਵੇਖਿਆ, ਉਦੋਂ ਹੀ ਉਨ੍ਹਾਂ ਦੀ ਸਾਰੀ ਸ਼ਕਤੀ ਖਿੱਚ[10] ਲਈ, ਜਿਸ ਪ੍ਰਕਾਰ ਕੋਈ[11] ਨਿੰਬੂ ਨੂੰ ਨਚੋੜ ਲੈਂਦਾ ਹੈ ਅਤੇ (ਜਾਂ) ਜਿਵੇਂ (ਵੇਲਣਾ) ਕਮਾਦ[12] (ਇੱਖ) ਨੂੰ ਫੋਗ (ਖੋਰ)[13] ਬਣਾ ਦਿੰਦਾ ਹੈ। ॥੭੯॥

ਜਦੋਂ ਉਹ (ਸਿੱਧ) ਵਿਆਕੁਲ ਹੋ ਕੇ ਹਾਰ ਗਏ। (ਤਾਂ) ਬਹੁਤ ਨਿਮਾਣੇ ਹੋ ਕੇ ਬਹਿ ਗਏ। (ਉਹ ਇੰਨੇ) ਸ਼ਰਮਿੰਦੇ ਹੋ ਗਏ ਕਿ (ਉਨ੍ਹਾਂ ਤੋਂ) ਬੋਲਿਆ ਵੀ ਨਹੀਂ ਸੀ ਜਾਂਦਾ, ਜਿਵੇਂ ਕਿਸੇ ਰਾਜੇ ਨੇ ਦੁਸ਼ਮਣ ਬੰਨ੍ਹ ਲਏ ਹੁੰਦੇ ਹਨ। ॥੮੦॥

ਦੋਹਰਾ

(ਹੁਣ) ਉਨ੍ਹਾਂ ਦੇ ਮਨਾਂ ਅੰਦਰ ਰਤੀ-ਭਰ ਵੀ ਹੰਕਾਰ ਨਾ ਰਿਹਾ (ਤੇ ਇਉਂ ਹੋ ਗਏ) ਜਿਵੇਂ ਦੇਸ਼ ਗੁਆ ਬੈਠੇ ਰਾਜੇ ਦਾ ਹਾਲ ਹੁੰਦਾ ਹੈ। (ਸਾਰੇ) ਸਿੱਧ, ਸਣੇ ਆਪਣੇ ਈਸ਼ਵਰ (ਗੋਰਖ) ਦੇ, ਲੋਕਾਂ ਵਿੱਚ ਸ਼ਰਮਿੰਦੇ ਹੋ ਗਏ। ॥੮੧॥

SikhBookClub.Com

ਚੌਪਈ

ਮੰਗਲ ਪ੍ਰਾਨਨਾਥ ਤੇ ਆਦਿ । ਸਭਕੇ ਰਿਦੇ ਭਯੋ ਅਹਿਲਾਦ[1]।
'ਕਹਜੋ ਹਮਾਰੋ ਮਾਨਜੋ ਨਾਂਹੀਂ । ਅਤਿ ਲੱਜਤ[2] ਹੋਏ ਮਨ* ਮਾਂਹੀਂ' ॥੮੨॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਸਿੱਧਨ ਚਰਚਾ' ਬਰਨਨੰ ਨਾਮ ਉਨਤਾਲੀਸਮੋ ਧਯਾਇ ॥੩੯॥

*ਪਾਠਾਂਤਰ 'ਨਰ' ।

SikhBookClub.Com

ਚੌਪਈ

ਮੰਗਲ (ਨਾਥ) ਤੇ ਪ੍ਰਾਣਨਾਥ ਆਦਿਕ, ਸਭਨਾਂ ਦੇ ਮਨ ਪਰਸੰਨ[1] ਹੋ ਗਏ ਅਤੇ (ਉਹ) ਬੋਲੇ, "(ਇਨ੍ਹਾਂ ਨੇ) ਸਾਡਾ ਆਖਿਆ ਨਹੀਂ ਸੀ ਮੰਨਿਆ, ਤਾਂ ਹੀ ਮਨਾਂ ਵਿੱਚ ਅਤੀ (ਏਨੇ) ਸ਼ਰਮਿੰਦੇ[2] ਹੋਏ ਹਨ।" ॥੮੨॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਧ ਚਰਚਾ" ਨਾਮੀ ਉਨਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਕਰਤਾਰਪੁਰ ਅੱਪੜ ਕੇ ਗੁਰੂ ਨਾਨਕ ਦੇਵ ਜੀ ਨੇ ਫ਼ਕੀਰੀ-ਬਸਤਰ ਤਿਆਗ ਕੇ ਸੰਸਾਰੀ ਕੱਪੜੇ ਫੇਰ ਪਹਿਨਣੇ ਅਰੰਭ ਕਰ ਦਿੱਤੇ। ਨੇਮ ਸਹਿਤ ਗੁਰ-ਦਰਬਾਰ ਲੱਗਣ ਲੱਗਾ, ਨਿੱਤਨੇਮ, ਸਿਮਰਨ, ਕੀਰਤਨ, ਸੇਵਾ, ਸਮਾਨਤਾ ਦੇ ਅਭਿਆਸ ਦੇ ਨਾਲੋ-ਨਾਲ ਲੰਗਰ ਦੀ ਪ੍ਰਥਾ ਵੀ ਤੁਰ ਪਈ। ਗੁਰੂ ਜੀ ਨੇ ਵੱਡੇ ਪੱਧਰ 'ਤੇ ਖੇਤੀ-ਵਾਹੀ ਅਰੰਭ ਕਰ ਦਿੱਤੀ।

ਅੱਚਲ ਬਟਾਲੇ ਸ਼ਿਵਰਾਤਰੀ ਦਾ ਮੇਲਾ ਲੱਗਦਾ ਸੀ। ਸਤਿਗੁਰੂ ਜੀ ਨੇ ਉੱਥੇ ਪੁੱਜ ਕੇ, ਸਿੱਧਾਂ ਦਾ ਹੰਕਾਰ ਤੋੜਨ ਦੀ ਸੋਚੀ। ਸਿੱਧ ਸਾਧਾਰਨ-ਜਨਤਾ ਨੂੰ ਕਰਾਮਾਤਾਂ ਦਿਖਾ ਕੇ ਮਾਨਤਾ ਕਰਾਉਂਦੇ ਤੇ ਚੜ੍ਹਾਵਾ ਬਟੋਰਦੇ ਸਨ। ਇਉਂ ਸਿੱਧ ਬੜੇ ਹੰਕਾਰੀ ਤੇ ਈਰਖਾਲੂ ਹੋ ਗਏ ਸਨ।

ਸਤਿਗੁਰੂ ਜੀ ਨੇ ਉੱਚੀ ਜਿਹੀ ਥਾਂ 'ਤੇ ਆਣ ਡੇਰਾ ਕੀਤਾ। ਉਨ੍ਹਾਂ ਦੀ ਮਹਿਮਾ ਕਾਰਨ ਲੋਕ ਗੁਰੂ ਜੀ ਵੱਲ ਉਲਟ ਪਏ। ਸਿੱਧ ਵੇਖ-ਵੇਖ ਝੁਰਨ ਲੱਗੇ ਤੇ ਨਿਰਾਸ਼ ਹੋ ਕੇ ਮਤਾ ਪਕਾਇਆ ਸਤਿਗੁਰੂ ਜੀ ਨੂੰ ਨੀਚਾ ਦਿਖਾਉਣ ਤੇ ਲੋਕਾਂ ਦੇ ਮਨ ਜਿੱਤਣ ਦਾ।

ਰਾਸਧਾਰੀਆਂ ਦਾ, ਧਨ ਦਾ ਭਰਿਆ ਹੋਇਆ ਲੋਟਾ, ਭੰਗਰਨਾਥ ਨੇ ਲੁਕੋ ਦਿੱਤਾ ਤੇ 200 ਕੋਹ ਦੂਰ ਪਹੁੰਚਾ ਦਿੱਤਾ। ਲੋਟਾ ਨਾ ਲੱਭਣ 'ਤੇ ਉਨ੍ਹਾਂ ਨੂੰ ਰਾਸ ਭੁੱਲ ਗਈ ਪਰ ਸਤਿਗੁਰੂ ਜੀ ਨੇ ਲੋਟਾ ਲੱਭ ਦਿੱਤਾ। ਅੰਤ ਕਰੋਧਵਾਨ ਹੋ ਕੇ ਜੋਗੀ ਚੁੰਝ-ਚਰਚਾ ਲਈ ਨਿੱਤਰ ਪਏ। ਘੁਮੰਡੀ ਭੰਗਰਨਾਥ ਗੁਰੂ ਜੀ ਨੂੰ ਕਹਿਣ ਲੱਗਾ ਤੂੰ ਗਿਆਨਹੀਣ ਹੈਂ। ਤੂੰ ਇੱਥੇ ਆ ਕੇ ਦੁੱਧ ਵਿੱਚ ਕਾਂਜੀ ਪਾ ਦਿੱਤੀ ਹੈ। ਤੂੰ ਦਰਵੇਸ਼ੀ ਕਰਨ ਮਗਰੋਂ, ਫੇਰ ਗ੍ਰਿਹਸਤ ਰਾਹ ਕਿਉਂ ਆਣ ਫੜਿਆ ਹੈ? ਸਤਿਗੁਰਾਂ ਕਿਹਾ ਕਿ ਤੁਹਾਡੇ ਅਪਵਿੱਤਰ ਮਨਾਂ ਅੰਦਰ ਗਿਆਨ ਦਾ ਪਰਵੇਸ਼ ਹੋਣਾ ਹੀ ਨਹੀਂ ਸੀ, ਕਿਉਂਕਿ ਹੰਕਾਰ ਤੇ ਗਿਆਨ ਕਦੇ ਇੱਕ ਥਾਂ ਨਹੀਂ ਸਮਾਉਂਦੇ। ਤਿਆਗੀ ਹੋ ਕੇ ਵੀ ਤੁਸੀਂ ਗ੍ਰਿਹਸਤੀਆਂ ਦੇ ਬੂਹਿਆਂ 'ਤੇ ਮੰਗਣ ਕਿਉਂ ਜਾਂਦੇ ਹੋ?

ਹੰਕਾਰੀ ਸ਼ੰਭੂਨਾਥ ਨੇ ਗੁਰੂ ਜੀ ਨੂੰ ਕਿਹਾ ਕਿ ਅਸੀਂ ਲੁਕਦੇ ਹਾਂ ਤੇ ਤੁਸੀਂ ਸਾਨੂੰ ਲੱਭ ਦਿਖਾਉ। ਸਿੱਧ ਵੱਖ-ਵੱਖ ਦਿਸ਼ਾਵਾਂ ਵਿੱਚ ਜਾ ਲੁਕੇ। ਗੁਰੂ ਜੀ ਨੇ ਅਨੇਕਾਂ ਰੂਪ ਧਾਰਨ ਕਰ ਕੇ ਹਰ ਇੱਕ ਸਿੱਧ ਨੂੰ ਮੁੱਛਾਂ ਤੋਂ ਫੜ ਲਿਆਂਦਾ। ਫੇਰ ਗੁਰੂ ਜੀ ਲੁਕੇ, ਪਰ ਸਿੱਧ ਲੱਭ ਨਾ ਸਕੇ। ਹਾਰ ਕੇ ਗੁਰੂ ਜੀ ਦੇ ਦੱਸੇ ਅਨੁਸਾਰ ਉਨ੍ਹਾਂ ਟਕਾ ਧਰ ਕੇ ਅਰਦਾਸ ਕੀਤੀ ਤਾਂ ਸਤਿਗੁਰੂ ਆਣ ਪਰਗਟ ਹੋਏ। ਪਰ ਹੰਕਾਰੀ ਸਿੱਧ ਦਰਸ਼ਕ ਜਨਤਾ ਨੂੰ ਭੈਭੀਤ ਕਰਨ ਲਈ ਚੀਕਾਂ-ਕਿਲਕਾਰੀਆਂ ਮਾਰ ਕੇ ਭਿਆਨਕ ਰੂਪ ਧਾਰਨ ਕਰ ਲਏ। ਅਕਾਸ਼ 'ਤੇ ਉਡਣ ਲੱਗੇ ਤੇ ਅੰਗਿਆਰ ਵਰ੍ਹਾਉਣ ਲੱਗੇ। ਲੋਕੀਂ ਡਰ ਗਏ ਤਾਂ ਗੁਰੂ ਜੀ ਨੇ, 'ਅਜਿੱਤੇ' ਨੂੰ ਆਖਿਆ ਕਿ 'ਵਾਹਿਗੁਰੂ' ਆਖ ਕੇ ਕਾਰ ਕੱਢ ਦੇਹ। ਉਸ ਕਾਰ ਤੋਂ ਅੰਦਰ, ਉਹ ਸਿੱਧ ਅੱਪੜ ਨਾ ਸਕੇ। ਸੋ, ਫੇਰ ਵੱਸ ਨਾ ਚੱਲਣ 'ਤੇ ਝੁਰੇ ਅਤੇ ਪਛੁਤਾਏ ਤਾਂ ਫੇਰ ਮੰਗਲਨਾਥ ਤੇ ਪ੍ਰਾਣਨਾਥ ਨੇ ਉਨ੍ਹਾਂ ਨੂੰ ਗਲਤੀ ਦਾ ਅਹਿਸਾਸ ਕਰਾਇਆ।

SikhBookClub.Com

ਫੁੱਟਨੋਟ

(*1) ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਸੱਚ' ਨਾਲ ਪਿਆਰ ਸੀ। ਸੱਚ ਦੇ ਪਰਚਾਰ ਤੇ ਪਾਸਾਰ ਲਈ ਉਹ ਕਿਸੇ ਬਣਾਵਟ ਨਾਲ ਬੱਝ ਕੇ ਨਹੀਂ ਰਹੇ। ਜੇਕਰ ਇਸ ਸੱਚ ਦੇ ਪਰਚਾਰ ਲਈ, ਉਨ੍ਹਾਂ ਨੇ ਉਦਾਸੀ-ਪਹਿਰਾਵਾ (ਭਗਵਾਂ-ਵੇਸ) ਪਹਿਨੀ ਰੱਖਿਆ ਤਾਂ ਇਹ ਮੁਹਿੰਮ ਖ਼ਤਮ ਕਰਕੇ, ਅੰਤਮ-ਦਿਨਾਂ ਵਿੱਚ, ਸੰਸਾਰੀ-ਪਹਿਰਾਵਾ ਮੁੜ ਅਪਣਾ ਲਿਆ ਸੀ। ਭਾਈ ਗੁਰਦਾਸ ਜੀ ਵੀ ਇਸੇ ਗੱਲ ਦੀ ਸਾਖ ਭਰਦੇ ਹਨ:

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।

(ਵਾਰ ਪਹਿਲੀ, ਪਉੜੀ 38)

ਇਸ ਤਰਾਂ ਕਰਕੇ ਆਪ ਨੇ ਜਗਤ ਨੂੰ 'ਗ੍ਰਿਹਸਤ ਵਿੱਚ ਉਦਾਸ' ਰਹਿਣ ਦਾ ਸਬਕ ਵੀ ਦਿੱਤਾ। ਸਪਸ਼ਟ ਹੈ ਕਿ ਪਹਿਲਾਂ ਆਪ ਨੇ 'ਗ੍ਰਿਹਸਤ-ਉਦਾਸ' ਵਾਲਾ ਰੂਪ ਧਾਰਨ ਕੀਤਾ, ਮਗਰੋਂ ਕਿਰਤ ਕਰ ਕੇ ਖਾਣਾ ਸਿਖਾਇਆ।

(*2) 'ਭਗਤੀਏ' ਤੋਂ ਭਾਵ ਹੈ ਰਾਸਧਾਰੀਏ। 'ਮਹਾਨ ਕੋਸ਼' ਅਨੁਸਾਰ 'ਭਗਤੀਆ' ਹੁੰਦਾ ਹੈ 'ਮੰਦਰਾਂ ਵਿੱਚ ਗਾਉਣ ਦੀ ਸੇਵਾ ਕਰਨ ਵਾਲਾ।' ਉਹ ਨ੍ਰਿਤਕਾਰੀ ਕਰ ਕੇ ਵੀ ਭਜਨ ਗਾਉਂਦੇ ਹਨ। ਆਮ ਕਰਕੇ ਕ੍ਰਿਸ਼ਨ ਜੀ ਦੇ ਖੇਲ੍ਹ ਦਾ ਨਾਟਕ ਕਰਨ ਨੂੰ ਉਹ ਭਗਤੀ ਦਾ ਹਿੱਸਾ ਮੰਨਦੇ ਹਨ। ਇਸੇ ਲਈ ਉਹ 'ਭਗਤੀਏ' ਅਖਵਾਉਂਦੇ ਹਨ।

SikhBookClub.Com

ਅਧਜਾਯ ਚਾਲੀਵਾਂ

(ਨਾਮ ਮਹਾਤਮ ।ਸਿੱਧ ਗੋਸ਼ਟ। ਇਕ (ਤਖਾਣ ਦਾ) ਸੰਤ ਬਾਲਕਾ। ਮਾਲੋਸ਼ੇਖ)

ਦੋਹਰਾ

ਰੇ ਮਨ ਤਜ ਆਲਸ ਸਰਬ ਗਹੁ ਉੱਦਮ ਹਰਿਨਾਮ।
ਲੋਕ ਪ੍ਰਲੋਕ ਸਹਾਇ ਹੈ ਪੂਰਹਿਂ ਸਗਰੇ ਕਾਮ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸੁਨੀਏ ਸ੍ਰੀ ਤੇਹਣ ਕੁਲਦੀਪਾ! । ਸਿਧ ਬੈਠੇ ਸਬ ਗੁਰੂ ਸਮੀਪਾ।
ਜਹਾਂ ਅਜਿੱਤਾ ਕਲਾ ਦਿਖਾਵਤ । ਮ੍ਰਿਤਕ ਬਿਹੰਗਨ[1] ਕੋ ਜੀਵਾਵਤ॥੨॥

ਬ੍ਰਿੰਦ[2] ਲੋਕ ਤਹਿਂ ਪਿਖੈਂ ਤਮਾਸ਼ਾ।ਤਾਂਕੀ ਦਿਸ ਦੇਖਜੋ ਸੁਖਰਾਸਾ।
ਬੂਝਨ ਹਿਤ ਪ੍ਰਭੁ ਬਚਨ ਉਚਾਰੇ।'ਕੋ ਹੈ ਇਹ ਜੋ ਮ੍ਰਿਤਕ ਜਿਵਾਰੇ[3]?॥੩॥

ਨੌਕਾ ਸਮਸਰ ਚੀਰ[4] ਡਸਾਯੋ । ਤਿਹ ਪਰ ਬੈਠ ਨ ਨੀਰ ਛੁਵਾਯੋ।
ਕਰਾਮਾਤ ਕਰਕੈ ਦਿਖਰਾਵੈ । ਲੋਕਨ ਮਹਿਂ ਨਿਜ ਮਾਨ ਬਧਾਵੈ'॥੪॥

ਸਿੱਧ ਕਹਜੋ 'ਇਹੁ ਚੇਲਾ ਤੇਰਾ।ਅਬਕੇ ਸਮੈਂ ਨ ਕੋ ਅਨ[5] ਹੇਰਾ।
ਕਰਾਮਾਤ[(*1)] ਇਕ ਸਦਨ ਤੁਮਾਰੇ।ਜਿਉਂ ਚਾਹਤਿ ਤਿਉਂ ਦੇਹੁ ਦਿਖਾਰੇ'॥੫॥

ਦੋਹਰਾ

ਪਠਜੋ ਮਨੁੱਜ ਬੁਲਵਾਇਓ ਦੇਖਜੋ ਤਿਹ ਕੀ ਓਰ।
ਕਰਖ[6] ਲਈ ਸਬ ਸ਼ਕਤਿ ਜੋ ਰਹ ਗਜੋ ਪਾਛੈ ਖੋਰ[7]॥੬॥

ਚੌਪਈ

ਭਯੋ ਦੀਨ ਮਨ ਬੈਠਜੋ ਸੋਇ । ਮਨ ਮੁਰਝਾਨੋ ਸ਼ਕਤਹਿਂ ਖੋਇ।
ਜਿਉਂ ਬਨੀਏ ਕੀ ਪੂੰਜੀ ਜਾਏ।ਹੋਇ ਕ੍ਰਿਪਨ[8] ਬਹੁ ਪੁਨ ਪਛੁਤਾਏ॥੭॥

SikhBookClub.Com

ਅਧਿਆਇ ਚਾਲੀਵਾਂ

(ਸਿੱਧ ਗੋਸ਼ਟ । ਸੰਤ ਬਾਲਕ ਤੇ ਮਾਲੋ ਸ਼ੇਖ)

ਦੋਹਰਾ

ਹੇ ਮਨ! ਸਾਰੇ ਆਲਸਾਂ ਨੂੰ ਤਿਆਗ ਕੇ ਵਾਹਿਗੁਰੂ ਦੇ ਨਾਮ (ਸਿਮਰਨ) ਦਾ ਉੱਦਮ ਧਾਰਨ ਕਰੋ, (ਇਹੋ) ਲੋਕ ਅਤੇ ਪਰਲੋਕ ਵਿਚ ਸਹਾਈ ਹੋਵੇਗਾ, (ਦੋਹਾਂ ਲੋਕਾਂ ਵਿਚ) ਤੇਰੇ ਕੰਮ ਪੂਰਨ ਕਰੇਗਾ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਤ੍ਰੇਹਣ ਕੁਲ ਦੇ ਦੀਪਕ (ਗੁਰੂ ਅੰਗਦ ਦੇਵ ਜੀਓ) ਸੁਣੋ! ਸਾਰੇ ਸਿੱਧ ਗੁਰੂ ਜੀ ਕੋਲ ਬੈਠੇ ਹੋਏ ਸਨ। ਜਿਥੇ 'ਅਜਿੱਤਾ' ਆਪਣੀ ਕਲਾ ਦਿਖਾ ਰਿਹਾ ਸੀ। (ਤੇ) ਮਰੇ ਹੋਏ ਪੰਛੀਆਂ[1] ਨੂੰ ਉਹ ਜਿਉਂਦਾ ਕਰ ਰਿਹਾ ਸੀ। ॥੨॥

ਬਹੁਤ[2] ਲੋਕ ਉਥੇ ਤਮਾਸ਼ਾ ਦੇਖ ਰਹੇ ਸਨ ਤਾਂ ਸੁੱਖਾਂ ਦੀ ਰਾਸ (ਗੁਰੂ ਜੀ) ਨੇ ਉਨ੍ਹਾਂ ਵੱਲ ਵੇਖਿਆ। (ਉਸ ਦਾ ਬਾਰੇ) ਜਾਣਨ ਲਈ ਗੁਰੂ ਜੀ ਨੇ ਆਖਿਆ, "ਇਹ ਕੌਣ ਹੈ ਜੋ ਮਰਿਆਂ ਹੋਇਆਂ (ਪੰਛੀਆਂ) ਨੂੰ ਜ਼ਿੰਦਾ[3] ਕਰ ਰਿਹਾ ਹੈ? ॥੩॥

(ਉਹ) ਪਾਣੀ ਉੱਪਰ ਬੇੜੀ ਵਾਂਗ ਕੱਪੜਾ[4] ਵਿਛਾ ਕੇ ਉੱਪਰ ਬੈਠਾ ਹੋਇਆ ਹੈ। (ਉਸ ਨੂੰ) ਪਾਣੀ ਛੂਹ ਹੀ ਨਹੀਂ ਰਿਹਾ। (ਇਸ ਤਰਾਂ) ਲੋਕਾਂ ਵਿਚ ਕਰਾਮਾਤ ਕਰਕੇ ਵਿਖਾਈ ਜਾਂਦਾ ਹੈ ਤੇ ਆਪਣਾ ਮਾਣ ਵਧਾ ਰਿਹਾ ਹੈ।" ॥੪॥

ਸਿੱਧਾਂ ਨੇ ਕਿਹਾ, " ਇਹ ਤੁਹਾਡਾ ਹੀ ਚੇਲਾ ਹੈ। ਹੁਣ ਦੇ ਸਮੇਂ ਵਿਚ (ਇਹੋ-ਜਿਹਾ) ਹੋਰ[5] ਕੋਈ ਨਹੀਂ ਦੇਖਿਆ। ਕਰਾਮਾਤ ਤੁਹਾਡੇ ਘਰ ਵਿਚ ਹੀ ਹੈ, ਜਿਵੇਂ ਤੁਸੀਂ ਚਾਹੁੰਦੇ ਹੋ, ਉਸੇ ਤਰਾਂ ਦੀ ਕਰਾਮਾਤ ਕਰਕੇ ਦਿਖਾ ਦਿੰਦੇ ਹੋ।" ॥੫॥

ਦੋਹਰਾ

(ਤਾਂ ਗੁਰੂ ਜੀ ਨੇ) ਇਕ ਬੰਦੇ ਨੂੰ ਭੇਜ ਕੇ ਉਸ(ਅਜਿੱਤੇ)ਨੂੰ ਕੋਲ ਸੱਦਿਆ ਅਤੇ ਉਸ ਵੱਲ ਵੇਖ ਕੇ ਉਸ ਦੀ ਸਾਰੀ ਸ਼ਕਤੀ ਖਿੱਚ[6] ਲਈ ਤੇ ਉਹ ਬੱਸ, ਪਿੱਛੇ ਖਾਲੀ ਖੋਲ[7] ਹੀ ਰਹਿ ਗਿਆ ਸੀ। ॥੬॥

ਚੌਪਈ

(ਅਜਿੱਤਾ) ਸ਼ਕਤੀਹੀਣ ਹੋ ਕੇ, ਮੁਰਝਾਏ ਮਨ ਨਾਲ ਉਨ੍ਹਾਂ (ਗੁਰੂ ਜੀ) ਕੋਲ ਨਿਮਾਣਾ ਹੋ ਕੇ ਬੈਠ ਗਿਆ ਸੀ। ਜਿਵੇਂ (ਕਿਸੇ) ਬਾਣੀਏਂ ਦਾ ਧਨ ਜਾਂਦਾ ਰਹੇ ਤੇ ਫਿਰ ਕੋਈ ਕੰਗਾਲ[8] ਹੋਇਆ ਬਹੁਤ ਪਛਤਾ ਰਿਹਾ ਹੋਵੇ। ॥੭॥

SikhBookClub.Com

ਕਿਤਕ ਕਾਲ ਪੁਨ ਸ੍ਰੀ ਗੁਨਖਾਨੀ । ਬੈਠ ਰਹੇ, ਕੋ ਕਹਤ ਨ ਬਾਨੀ।
ਦਰਸ਼ਹਿਂ ਨਰ ਨਾਰੀ ਚਹੁਫੇਰੇ । ਇਕ ਤਿਖਾਨ[1] ਆਯੋ ਤਿਸ ਬੇਰੇ॥੮॥

ਦ੍ਵਾਦਸ਼ ਬਰਖਨ ਕੋ ਸੁਤ ਸਾਥਾ । ਬੰਦੇ ਚਰਨ ਕਮਲ ਜਗਨਾਥਾ।
ਬਿਨੈ ਯੁਕਤ ਪੁਨ ਬਚਨ ਉਚਾਰੇ । 'ਏਕ ਤਾਤ[2] ਭਾ ਸਦਨ ਹਮਾਰੇ॥੯॥

ਸਤਿਸੰਗਤਿ ਪਰਤਾਪ ਉਚੇਰਾ । ਜਿਯਤ ਰਹਜੋ ਯਾਂਤੇ ਸੁਤ ਮੇਰਾ।
ਅਬ ਰਾਵਰ ਕੇ ਚਰਨ ਚਢਾਵਾ । ਤੁਮਨੈ ਦੀਨੋ ਬਹੁਰ ਜਿਵਾਵਾ'[3]॥੧੦॥

ਗੁਰ ਕਹਿਂ 'ਹਮਨਿ ਜਿਵਾਯੋ ਕੈਸੇ?'। ਕਹਿ ਬਾਢੀ 'ਸੁਨੀਏ ਪ੍ਰਭੁ ਜੈਸੇ।
ਹਮ ਗ੍ਰਿਹ ਤਾਤ ਹੋਤ ਮਰ ਜਾਵੈ । ਸਿੱਧ ਪੀਰ ਬਹੁਤੇਰ ਮਨਾਵੈਂ॥੧੧॥

ਰਾਵਰ ਕੀਰਤਿ ਸੁਨ,ਸੁਖ[4] ਮਨ ਮੈਂ । ਸੁਮਨ[5] ਜੀਅ ਸੌਂਪਯੋ(*2) ਪ੍ਰਭੁ ਗੁਨ ਮੈਂ।
ਜੀਵਤ ਰਹਜੋ, ਲਏ ਅਬ ਗੁਰ ਜੀ । ਕਾਲ ਅੰਤਕਾ ਇਸ ਤੁਮ ਮਰਜੀ'॥੧੨॥

ਤਿਹਕੇ ਬਚਨ ਸੁਨੇ ਜਗਸਾਈਂ । ਕਰਵਾਏ ਕਾਸ਼ਟ[6] ਇਕ ਥਾਈਂ।
ਪਾਵਕ ਫੂਕੀ ਬਚਨ ਉਚਾਰਾ । 'ਬਾਰਿਕ[7] ਜਾਵਹੁ-ਅਗਨ ਮਝਾਰਾ'॥੧੩॥

ਸੋਰਠਾ

ਤਿਹ ਬਾਰਿਕ ਕੋ ਨਾਇਂ 'ਸੰਗਤੀਆ'(*3) ਪਿਤ ਨੈ ਧਰਜੋ।
ਨਰ ਨਾਰੀ ਬਿਸਮਾਇਂ — ਲਖੀ ਨ ਗੁਰ ਗਤਿ[8] ਜਾਵਈ॥੧੪॥

ਦੋਹਰਾ

ਇਕ ਤਖਾਨ ਕੋ ਤਾਤ ਹੈ, ਆਨ ਚਢਾਯੋ ਸੋਇ।
ਪਾਵਕ ਮਹਿਂ ਤਿਹ ਪਾਵਈਂ ਅਤਿ ਅਚਰਜ ਇਹ ਹੋਇ —॥੧੫॥

SikhBookClub.Com

ਗੁਣਾਂ ਦੀ ਖਾਣ (ਗੁਰੂ ਜੀ) ਕਿੰਨਾ ਹੀ ਚਿਰ ਚੁੱਪ-ਚਾਪ ਬੈਠੇ ਰਹੇ ਤੇ ਉਨ੍ਹਾਂ ਨੇ ਮੁੱਖੋਂ ਕੋਈ ਗੱਲ ਨਹੀਂ ਸੀ ਕੀਤੀ। ਚੌਹਾਂ ਪਾਸਿਆਂ ਤੋਂ ਔਰਤਾਂ-ਮਰਦ (ਗੁਰੂ ਜੀ ਦੇ) ਦਰਸ਼ਨ ਕਰ ਰਹੇ ਸਨ ਤਾਂ ਉਸ ਵਕਤ ਉਥੇ ਇਕ ਤਰਖਾਣ[1] ਆਣ ਪਹੁੰਚਿਆ। ॥੮॥

ਉਸ ਦੇ ਨਾਲ ਉਸ ਦਾ ਬਾਰਾਂ ਸਾਲ ਦਾ ਪੁੱਤਰ ਸੀ ਤੇ ਉਸ ਨੇ ਜਗਤ ਦੇ ਮਾਲਕ (ਗੁਰੂ ਜੀ) ਦੇ ਚਰਨ-ਕਮਲਾਂ ਵਿਚ ਨਮਸਕਾਰ ਕਰਕੇ ਬੇਨਤੀ ਸਾਹਿਤ ਬਚਨ ਕੀਤਾ, "ਸਾਡੇ ਘਰ ਵਿਚ (ਇਹ) ਇੱਕ ਪੁੱਤਰ[2] ਹੈ। ॥੯॥

(ਜੋ) ਸਤਿ-ਸੰਗਤ ਦੇ ਉੱਚੇ ਪਰਤਾਪ ਸਦਕਾ ਇਹ ਮੇਰਾ ਪੁੱਤਰ ਜਿਉਂਦਾ ਰਿਹਾ। ਹੁਣ ਮੈਂ (ਇਸ ਨੂੰ) ਆਪ ਜੀ ਦੇ ਚਰਨਾਂ ਵਿਚ ਭੇਟ ਕਰਦਾ ਹਾਂ, ਤੁਸੀਂ ਹੀ ਇਹ ਦਿੱਤਾ ਹੈ ਤੇ ਬਾਅਦ ਵਿੱਚ ਜਿਉਂਦਾ[3] ਵੀ ਰੱਖਿਆ ਹੈ। ॥੧੦॥

ਗੁਰੂ ਜੀ ਨੇ ਕਿਹਾ, "ਅਸਾਂ ਨੇ ਕਿਸ ਤਰਾਂ ਜਿਵਾਇਆ ਹੈ?" ਬਾਢੀ ਨੇ ਕਿਹਾ, "ਗੁਰੂ ਜੀਓ ਸੁਣੋ ਜਿਸ ਤਰਾਂ ਹੋਇਆ। ਸਾਡੇ ਘਰ ਪੁੱਤਰ ਪੈਦਾ ਹੁੰਦਾ ਤੇ ਮਰ ਜਾਂਦਾ ਸੀ। ਅਸੀਂ ਬਹੁਤ ਸਿੱਧਾਂ ਤੇ ਪੀਰਾਂ ਦੀ ਮੰਨਤਾ (ਪੂਜਾ) ਕੀਤੀ। ॥੧੧॥

ਆਪ ਜੀ ਦੀ ਮਹਿਮਾ ਸੁਣ ਕੇ ਅਸੀਂ ਵੀ ਆਪ ਦੀ ਸੁੱਖਣਾ[4] ਸੁੱਖੀ ਸੀ, ਮਨ ਵਿਚ ਇਹ ਵਿਚਾਰ ਕਰਕੇ ਕਿ ਇਹ 'ਪੁੱਤਰ[5] ਜਿਉਂਦਾ ਰਹੇ' ਤੇ ਮੈਂ ਆਪ ਜੀ ਨੂੰ ਸੌਂਪਿਆ ਸੀ। ਸੋ ਆਪ ਦੇ ਪਰਤਾਪ ਸਦਕਾ ਬੱਚਾ ਜਿਉਂਦਾ ਰਿਹਾ ਹੈ, (ਸੁੱਖਣਾ ਅਨੁਸਾਰ) ਗੁਰੂ ਜੀਓ, ਤੁਸੀਂ ਇਸ ਨੂੰ ਲੈ ਲਵੋ। ਹੁਣ ਇਸ ਦੇ ਅੰਤ ਦਾ ਸਮਾਂ ਆਪ ਜੀ ਦੀ ਰਜ਼ਾ ਦੇ ਹੀ ਉੱਪਰ ਹੈ ॥੧੨॥

ਜਗਤ ਦੇ ਮਾਲਕ (ਗੁਰੂ ਜੀ) ਨੇ ਉਸ ਦੇ ਬਚਨ ਸੁਣੇ ਤੇ ਲੱਕੜਾਂ[6] ਇਕ ਜਗ੍ਹਾ ਇਕੱਠੀਆਂ ਕਰਵਾਈਆਂ ਤੇ (ਉਨ੍ਹਾਂ ਨੂੰ) ਅੱਗ ਲਗਵਾ ਕੇ ਬਚਨ ਕੀਤਾ, "ਹੇ ਬਾਲਕ[7]! ਜਾ ਕੇ ਅੱਗ ਵਿੱਚ ਬੈਠ ਜਾਵੋ।" ॥੧੩॥

ਸੋਰਠਾ

ਪਿਤਾ ਨੇ ਉਸ ਬਾਲਕ ਦਾ ਨਾਮ 'ਸੰਗਤੀਆ' ਰੱਖਿਆ ਹੋਇਆ ਸੀ। ਇਹ ਵੇਖ ਕੇ ਔਰਤਾਂ-ਮਰਦ ਸਾਰੇ ਹੀ ਹੈਰਾਨ ਹੋਏ ਤੇ ਸੋਚਣ ਲੱਗੇ -ਗੁਰੂ ਜੀ ਦੀ ਲੀਲ੍ਹਾ[8] ਦੀ ਸਮਝ ਨਹੀਂ ਆ ਰਹੀ। ॥੧੪॥

ਦੋਹਰਾ

(ਵੇਖੋ) ਤਰਖਾਣ ਦੇ (ਘਰ) ਇੱਕੋ ਹੀ ਪੁੱਤਰ ਸੀ, ਉਹ ਵੀ ਉਸ ਨੇ (ਗੁਰੂ ਜੀ ਦੀ) ਭੇਟ ਕਰ ਦਿੱਤਾ। ਕਿੰਨੀ ਹੈਰਾਨੀ ਵਾਲੀ ਗੱਲ ਹੈ, ਗੁਰੂ ਜੀ ਉਸ ਨੂੰ ਅਗਨੀ ਦੇ ਵਿਚ ਪਾ ਰਹੇ ਹਨ-। ॥੧੫॥

SikhBookClub.Com

ਚੌਪਈ

ਸਿਸ ਕੋ ਆਇਸੁ[1] ਦੀਨੀ ਜਬਹੀ । ਸਿੱਧ ਨਾਰਿ ਨਰ ਦੇਖੈਂ ਸਬ ਹੀ।
ਰਿਦੈ ਨ ਡੋਲਜੋ ਰਾਖੀ ਧੀਰ।ਪਾਵਕ[2] ਕੀ ਕੁਛ ਗਨੀ ਨ ਪੀਰ॥੧੬॥

ਦ੍ਵਾਦਸ਼ ਬਰਖਨ ਬੈਸ ਕੁਮਾਰਾ । ਮਾਰ ਛਾਰ ਗਾ ਅਗਨਿ ਮਝਾਰਾ।
ਬੈਠ ਨ ਨਿਕਸਜੋ ਧਰ ਉਰ ਧੀਰਾ । ਪਾਵਕ ਤੇਜ ਨ ਛੁਹਜੋ ਸਰੀਰਾ॥੧੭॥

ਸਵਾ ਜਾਮ ਬੈਠਜੋ ਜਬ ਰਹਜੋ । ਸਬਨ ਦੇਖ ਅਚਰਜ ਉਰ ਲਹਜੋ।
ਪਰਮ ਪ੍ਰਸੀਦ[3] ਭਏ ਗੁਨਖਾਨੀ।ਕਰਨ ਕ੍ਰਿਤਾਰਥ ਉਚਰੀ ਬਾਨੀ॥੧੮॥

ਦੋਹਰਾ

'ਜਨਮ ਮਰਨ ਤੇ ਰਹਿਤ ਭਾ ਟੂਟ ਗਏ ਜਮ ਜਾਲ।
ਨਿਕਸਹੁ ਆਵਹੁ ਵਹਿਰ ਕੋ ਅਬ ਤੇ ਸਦਾ ਨਿਹਾਲ'॥੧੯॥

ਚੌਪਈ

ਸੁਨਤਜੋ ਸਿਸ ਕੇ ਖੁਲੇ ਕਪਾਟਾ[4] । ਦ੍ਵੈਤ ਭਰਮ ਕੇ ਸਾਂਕੁਰ[5] ਕਾਟਾ।
ਦਿੱਬ ਦ੍ਰਿਸ਼ਟ[6] ਹੋਈ ਤ੍ਰੈਲੋਕੰ । ਜਨਮ ਮਰਨ ਕੇ ਚੂਕੇ ਸ਼ੋਕੰ॥੨੦॥

ਸ੍ਰੀ ਗੁਰ ਕਹੈਂ 'ਜਾਚ ਜੋ ਚਾਹੀ । ਦੇਵੋਂ ਸੋ ਅਸ ਬਿਲਮੰ ਨਾਹੀਂ ।
ਹਾਥ ਬੰਦ ਬੋਲਜੋ ਸਿਸੁ ਤਬਹੀ । 'ਤੁਮਰੇ ਨਿਕਟਿ ਸਿੱਧਿ ਜੇ ਸਬਹੀ ॥੨੧॥

ਦੋਹਰਾ

ਇਨਕੋ ਇਨਕੀ ਸ਼ਕਤਿ ਜੋ ਦੀਜੈ ਕ੍ਰਿਪਾ ਅਵਾਸ!
ਔਰ ਅਜਿੱਤਾ ਦੀਨ ਹ੍ਵੈਂ ਛੂਛੇ ਭਏ ਉਦਾਸ॥੨੨॥

ਚੌਪਈ

ਚਿੰਤਾਤੁਰ ਹ੍ਵੈ ਕੈ ਸਬ ਬੈਸੇ । ਕਿਰਪਨ ਖੋਇ ਦਰਬ[7] ਕੋ ਜੈਸੇ'।
ਸ੍ਰੀ ਗੁਰ ਕਹਜੋ 'ਸ਼ਕਤਿ ਦਿਖਰਾਵਤ । ਦੰਭ[8] ਕਰੈ ਨਿਜ ਮਾਨ ਬਧਾਵਤ ॥੨੩॥

SikhBookClub.Com

ਚੌਪਈ

(ਗੁਰੂ ਜੀ ਨੇ) ਜਿਸ ਵੇਲੇ ਬਾਲਕ ਨੂੰ ਆਗਿਆ[1] ਦਿੱਤੀ। ਸਿੱਧ, ਔਰਤਾਂ ਤੇ ਮਰਦ ਸਾਰੇ ਹੀ ਵੇਖ ਰਹੇ ਸਨ। ਲੜਕੇ ਨੇ (ਬਹੁਤ) ਧੀਰਜ ਰੱਖਦੇ ਹੋਏ, (ਆਪਣਾ) ਹਿਰਦਾ ਨਹੀਂ ਡੁਲਾਇਆ ਤੇ ਉਸ ਨੇ ਅੱਗ[2] ਦੀ ਕੋਈ ਤਕਲੀਫ਼ ਨਾ ਵਿਚਾਰੀ। ॥੧੬॥

ਤੇ ਉਹ ਬਾਰਾਂ ਸਾਲ ਦਾ ਬੱਚਾ ਛਾਲ ਮਾਰ ਕੇ ਅੱਗ ਵਿਚ ਚਲਾ ਗਿਆ । ਉਹ ਮਨ ਵਿੱਚ ਧੀਰਜ ਧਰ ਕੇ ਅੱਗ ਵਿੱਚ ਬੈਠ ਗਿਆ, ਬਾਹਰ ਨਾ ਨਿਕਲਿਆ। ਅੱਗ ਦੇ ਸੇਕ ਨੇ ਉਸ ਨੂੰ ਛੁਹਿਆ ਵੀ ਨਾ ॥੧੭॥

ਜਦੋਂ ਉਹ ਸਵਾ-ਪਹਿਰ ਤੱਕ (ਅਡੋਲ ਹੋ ਕੇ ਅੱਗ ਵਿਚ) ਬੈਠਾ ਰਿਹਾ ਤਾਂ ਸਾਰਿਆਂ ਦੇ ਹਿਰਦੇ ਉਸ ਨੂੰ ਵੇਖ ਕੇ ਹੈਰਾਨ ਰਹਿ ਗਏ। ਗੁਣਾਂ ਦੀ ਖਾਣ (ਗੁਰੂ ਜੀ) ਬਹੁਤ ਹੀ ਖੁਸ਼[3] ਹੋਏ ਤੇ ਉਨ੍ਹਾਂ ਨੇ ਮਨੋਰਥ ਸਫਲ ਕਰਨ ਵਾਲੇ ਸ਼ਬਦ ਉਚਾਰਨ ਕੀਤੇ। ॥੧੮॥

ਦੋਹਰਾ

"ਤੂੰ ਜਨਮ-ਮਰਨ ਤੋਂ ਮੁਕਤ ਹੋ ਗਿਆ ਹੈਂ। ਤੇਰੇ ਜਮਾਂ ਦੇ ਜਾਲ ਟੁੱਟ ਗਏ ਹਨ। ਤੇਰਾ ਸਦਾ ਲਈ ਕਲਿਆਣ ਹੋ ਗਿਆ। ਹੁਣ ਤੂੰ ਬਾਹਰ ਨਿਕਲ ਆ!" ॥੧੯॥

ਚੌਪਈ

(ਗੁਰੂ ਜੀ ਦੇ ਬਚਨ) ਸੁਣਦਿਆਂ ਸਾਰ ਹੀ (ਲੜਕੇ ਦੇ) ਕਪਾਟ[4] ਖੁੱਲ੍ਹ ਗਏ। ਭਰਮ-ਭੁਲੇਖਿਆਂ, ਦਵੈਤ-ਭਾਵਨਾ ਦੇ ਸੰਗਲ[5] ਕੱਟੇ ਗਏ। ਉਸ ਦੇ ਜਨਮ-ਮਰਨ ਦੇ ਸਾਰੇ ਸ਼ੰਕੇ ਖਤਮ ਹੋ ਗਏ ਸਨ ਤੇ ਉਸ ਨੂੰ ਤਿੰਨਾਂ-ਲੋਕਾਂ ਦੀ ਸੋਝੀ[6] ਆ ਗਈ। ॥੨੦॥

(ਤੇ ਫਿਰ) ਗੁਰੂ ਜੀ ਨੇ ਕਿਹਾ), "ਜੋ ਇੱਛਾ ਹੈ, ਮੰਗ ਲੈ, ਬਿਨਾਂ ਦੇਰੀ ਦੇ ਉਹੋ ਹੀ ਦੇਵਾਂਗੇ।" ਤਾਂ ਉਸ ਵੇਲੇ ਉਹ ਲੜਕਾ ਹੱਥ ਜੋੜ ਕੇ ਕਹਿਣ ਲੱਗਾ, "ਤੁਹਾਡੇ ਕੋਲ ਜੋ ਸਾਰੇ ਸਿੱਧ ਬੈਠੇ ਹਨ ॥੨੧॥

ਦੋਹਰਾ

ਹੇ ਕਿਰਪਾ ਦੇ ਘਰ (ਗੁਰੂ ਜੀਓ)! ਇਨ੍ਹਾਂ ਨੂੰ (ਅਤੇ) ਅਜਿੱਤੇ ਨੂੰ, ਇਨ੍ਹਾਂ ਦੀ ਸ਼ਕਤੀ (ਵਾਪਸ) ਦੇ ਦਿਉ। ਇਹ ਸਾਰੇ, ਹਾਰ ਜਾਣ ਕਰਕੇ ਦੀਨ ਹੋ ਗਏ ਹਨ ਤੇ ਉਦਾਸ ਹਨ। ॥੨੨॥

ਚੌਪਈ

(ਉਹ) ਸਾਰੇ ਚਿੰਤਾ ਵਿਚ ਇਸ ਤਰਾਂ ਬੈਠੇ ਹੋਏ ਹਨ, ਜਿਵੇਂ ਕਿਸੇ ਕੰਜੂਸ ਦਾ ਧਨ[7] ਖੋਹ ਲਿਆ ਗਿਆ ਹੋਵੇ।" ਤਾਂ ਗੁਰੂ ਜੀ ਨੇ ਕਿਹਾ, "ਇਹ (ਸ਼ਕਤੀਆਂ ਦਿਖਾ ਕੇ) ਆਪਣਾ ਮਾਣ ਵਧਾਉਣ ਖ਼ਾਤਰ ਹੀ ਇਹ ਪਾਖੰਡ[8] ਕਰੀ ਜਾਂਦੇ ਸਨ। ॥੨੩॥

SikhBookClub.Com

ਦੇਨੀ ਉਚਿਤ ਅਬੈ ਨਹਿੰ ਇਨਕੋ। ਮਾਨ ਬਿਖੈ ਮਨ ਬੂਡਜੋ[1] ਜਿਨਕੋ।
ਤੇਰੋ ਕਹਜੋ ਨ ਮੋਰਹਿੰ ਕੈਸੇ। ਹੁਤੇ ਅਗਾਰੀ, ਹ੍ਵੈ ਅਬ ਤੈਸੇ'॥੨੪॥

ਸਿੱਧਨ ਯੁਤ ਅਚਰਜ ਨਰ ਨਾਰੀ। 'ਇਹ ਬਾਰਿਕ ਬਹੁ ਪਰਉਪਕਾਰੀ।
ਬੈਸ ਅਲਪ[2] ਮਹਿਮਾ ਅਧਿਕਾਇ। ਸਿੱਧਿ ਸਰਬ ਲੀਨੇ ਬਖਸ਼ਾਇ'॥੨੫॥

ਦੋਹਰਾ

ਭਈ ਸਭਨ ਮਹਿੰ ਸ਼ਕਤਿ ਪੁਨਿ ਰਹੇ ਰਿਦੇ ਹਰਖਾਇ।
'ਧੰਨ ਧੰਨ ਸ੍ਰੀ ਗੁਰ ਤੁਹੀ ਮਹਿਮਾ ਕਹੀ ਨ ਜਾਇ॥੨੬॥

ਚੌਪਈ

ਸਿੱਖੀ ਧੰਨ, ਧੰਨ ਸਿਖ ਤੇਰੇ । ਪਰਉਪਕਾਰ ਕਰਹਿੰ ਦੁਖ ਹੇਰੇ'।
ਅਸ ਕਹਿ ਸਿੱਧਨ ਗਰਬ[3] ਗਵਾਯੋ । ਬਹੁਰ ਨ ਸ੍ਰੀ ਗੁਰ ਨਿਕਟਿ ਜਨਾਯੋ॥੨੭॥

ਭਈ ਸ਼ਾਂਤਿ ਦੁਰਮਤ ਸਭ ਨਾਸੀ । ਕਹੈਂ 'ਪੁਰਖੁ ਤੁਮ ਹੋ ਅਵਿਨਾਸ਼ੀ'[4]।
ਉਸਤਤਿ ਕਰਕੈ ਅਨਿਕ ਪ੍ਰਕਾਰਾ । ਪੁਨ ਬੂਝਨ ਹਿਤ ਬਚਨ ਉਚਾਰਾ॥੨੮॥

'ਕੇਤਿਕ ਸ਼ਕਤਿ ਤੁਮਾਰੇ ਮਾਂਹੀ? । ਕਹਉ ਤਪਾ ਜੀ ਹਮਰੇ ਪਾਹੀ।
ਅਪਰ ਨ ਤੁਮਰੇ ਸਮਸਰ ਦੇਖਾ । ਸਭ ਤੇ ਤੁਮਹੋ ਪੁਰਖੁ ਬਿਸ਼ੇਖਾ'[5]॥੨੯॥

ਦੋਹਰਾ

ਗੁਰੂ ਭਨਜੋ 'ਸਤਿਨਾਮ ਕੀ ਬਡਿਆਈ ਬਡ[6] ਜਾਨ ।
ਏਕੁੰਕਾਰ ਅਕਾਰ ਪ੍ਰਭੁ ਪੂਰਨ ਕ੍ਰਿਪਾਨਿਧਾਨ॥੩੦॥

ਚੌਪਈ

ਜੇਵਡ ਸਾਹਿਬ ਤੇਵਡ[7] ਦਾਤਿ । ਕਬਹੂੰ ਪਾਰ[8] ਨ ਪਾਇਓ ਜਾਤ।
ਕਰੁਣਾਮੈ ਨਿਤ ਜੋਤ ਸਰੂਪੰ । ਸਭ ਬਿਧਿ ਸ੍ਰੀ ਕਰਤਾਰ ਅਨੂਪੰ॥੩੧॥

SikhBookClub.Com

ਇਨ੍ਹਾਂ ਨੂੰ ਸ਼ਕਤੀ ਵਾਪਸ ਦੇਣੀ ਇਸ ਵਕਤ ਉੱਚਿਤ ਤਾਂ ਹੈ ਨਹੀਂ, ਜਿਨ੍ਹਾਂ ਦੇ ਮਨ ਹੰਕਾਰ ਵਿਚ ਡੁੱਬੇ[1] ਹੋਏ ਹਨ। (ਪਰ) ਤੇਰਾ ਆਖਿਆ ਕਿਵੇਂ ਮੋੜਿਆ ਵੀ ਨਹੀਂ ਜਾ ਸਕਦਾ। ਸੋ ਜਿਸ ਤਰਾਂ ਦੇ ਇਹ ਪਹਿਲਾਂ ਸਨ, ਉਸੇ ਤਰਾਂ ਦੇ ਹੁਣ, ਅੱਗੇ ਲਈ ਹੋ ਜਾਣਗੇ।" ॥੨੪॥

ਸਿੱਧਾਂ ਦੇ ਨਾਲ ਜੋ ਹੋਰ ਔਰਤਾਂ-ਮਰਦ ਸਨ, ਹੈਰਾਨ ਹੋਏ ਕਹਿਣ ਲੱਗੇ, "ਇਹ ਬਾਲਕ ਤਾਂ ਬਹੁਤ ਹੀ ਪਰਉਪਕਾਰੀ ਹੈ। ਥੋੜ੍ਹੀ[2] ਜਿੰਨੀ ਉਮਰ ਵਿਚ ਹੀ ਇਸ ਨੇ ਬਹੁਤ ਮਹਿਮਾ ਖੱਟ ਲਈ ਹੈ, ਜਿਸਨੇ (ਗੁਰੂ ਜੀ ਪਾਸੋਂ) ਸਾਰੇ ਸਿੱਧਾਂ ਨੂੰ ਬਖ਼ਸ਼ਵਾ ਲਿਆ ਹੈ।" ॥੨੫॥

ਦੋਹਰਾ

ਸਾਰਿਆਂ ਵਿਚ ਫਿਰ ਦੁਬਾਰਾ ਸ਼ਕਤੀ ਆ ਗਈ ਤੇ ਉਹ ਮਨੋਂ ਖੁਸ਼ ਹੋ ਕੇ ਕਹਿਣ ਲੱਗੇ, "ਤੁਸੀਂ ਧੰਨ ਹੋ ਗੁਰੂ ਜੀ! ਤੁਹਾਡੀ ਮਹਿਮਾ ਕਹੀ ਨਹੀਂ ਜਾ ਸਕਦੀ। ॥੨੬॥

ਚੌਪਈ

ਤੁਹਾਡੀ ਸਿੱਖੀ ਧੰਨ ਹੈ ਤੇ ਤੁਹਾਡੇ ਸਿੱਖ ਧਨ ਹਨ ਜੋ ਦੁਖੀ ਨੂੰ ਵੇਖ ਕੇ, ਪਰਉਪਕਾਰ ਕਰਦੇ ਹਨ। ਸਿੱਧਾਂ ਨੇ ਇਸ ਤਰਾਂ ਕਹਿੰਦੇ ਹੋਏ ਆਪਣੇ ਹੰਕਾਰ[3] ਨੂੰ ਮਾਰ ਲਿਆ ਸੀ ਤੇ ਫਿਰ ਦੁਬਾਰਾ ਆਪਣੇ-ਆਪ ਦੀ ਗੁਰੂ ਜੀ ਨਾਲ ਬਰਾਬਰੀ ਨਹੀਂ ਸੀ ਕੀਤੀ। ॥੨੭॥

ਉਨ੍ਹਾਂ ਦੀ ਮੂਰਖਤਾ ਦੂਰ ਹੋ ਗਈ ਤੇ ਸ਼ਾਂਤੀ ਹੋ ਗਈ ਸੀ। ਉਹ ਕਹਿਣ ਲੱਗੇ, "ਤੁਸੀਂ ਤਾਂ ਕੋਈ ਅਵਿਨਾਸ਼ੀ (ਨਾ ਨਾਸ਼ ਹੋਣ ਵਾਲੇ)[4] ਪੁਰਖ ਹੋ।" ਤਰਾਂ-ਤਰਾਂ ਨਾਲ ਉਨ੍ਹਾਂ ਦੀ ਉਸਤਤ ਕਰਨ ਬਾਅਦ ਫੇਰ ਉਨ੍ਹਾਂ (ਗੁਰੂ ਜੀ) ਪਾਸੋਂ ਜਾਣਨ ਲਈ ਪੁੱਛਿਆ। ॥੨੮॥

"ਹੇ ਤਪਾ ਜੀ! ਇਹ ਦੱਸੋ, ਤੁਹਾਡੇ ਵਿਚ ਕਿੰਨੀ ਕੁ ਸ਼ਕਤੀ ਹੈ? ਅਸੀਂ ਤੁਹਾਡੇ ਵਰਗਾ ਹੋਰ ਕੋਈ ਨਹੀਂ ਦੇਖਿਆ। ਤੁਸੀਂ ਤਾਂ ਸਾਰਿਆਂ ਨਾਲੋਂ ਹੀ ਮਹਾਨ[5]-ਪੁਰਸ਼ ਹੋ।" ॥੨੯॥

ਦੋਹਰਾ

ਗੁਰੂ ਜੀ ਨੇ ਕਿਹਾ, "ਵਾਹਿਗੁਰੂ-ਨਾਮ ਦੀ ਵਡਿਆਈ ਨੂੰ ਵੱਡਾ[6] ਜਾਣੋ। (ਸਭ ਤੋਂ ਵੱਡਾ) ਉਹ ਇੱਕ-ਓਅੰਕਾਰ ਪ੍ਰਭੂ ਦਾ ਰੂਪ ਅਤੇ ਕਿਰਪਾ ਦਾ ਭੰਡਾਰ ਹੈ। ॥੩੦॥

ਚੌਪਈ

ਜਿੰਨਾ ਵੱਡਾ ਉਹ ਮਾਲਕ ਹੈ, ਉਤਨੀਆਂ-ਵੱਡੀਆਂ[7] ਹੀ ਉਸ ਦੀਆਂ ਦਾਤਾਂ ਹਨ। ਉਸ ਦਾ ਅੰਤ[8] ਕਦੇ ਵੀ ਨਹੀਂ ਪਾਇਆ ਜਾਂਦਾ। ਉਹ ਸਦਾ ਹੀ ਜੋਤ-ਸਰੂਪ ਹੈ ਤੇ ਹਮੇਸ਼ਾ ਹੀ ਕਿਰਪਾ ਕਰਨ ਵਾਲਾ ਹੈ। ਉਹ ਪਰਮੇਸ਼ਰ ਹਰ ਤਰਾਂ ਨਾਲ ਹੀ ਸ੍ਰੇਸ਼ਟ ਹੈ। ॥੩੧॥

SikhBookClub.Com

ਕ੍ਰਿਪਾ ਦ੍ਰਿਸਟਿ ਦੇਖਤ ਹੈ ਜਾਂਕੋ । ਦਾਨ ਨਾਮ ਕੋ ਦੇਵਤ ਤਾਂਕੋ।
ਮਾਨ ਅਮਾਨ[1] ਸੁਤੇ ਛੂਟ ਜਾਹੀਂ । ਸੁਖ ਕੇ ਸਹਿਤ ਪਰਮਪਦ ਪਾਹੀਂ॥੩੨॥

ਸਤਿਗੁਰ ਕੀ ਵੱਡੀ ਵਡਿਆਈ । ਭੇਦ ਪਾਰ ਨਹਿੰ ਪਾਯੋ ਜਾਈ'।
ਇਸ ਬਿਧਿ ਕਹਿ ਕਰ ਕ੍ਰਿਪਾ ਨਿਧਾਨਾ । ਤਿਨਸੋਂ ਏਕ ਸਲੋਕ ਬਖਾਨਾ॥੩੩॥

ਸਲੋਕ ਮ: ੧ ॥

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥੧॥

(ਗੁ. ਗ੍ਰੰ. ਸਾਹਿਬ, ਪੰਨਾ ੧੪੭)

ਦੋਹਰਾ

ਇਹ ਸਲੋਕ ਸੁਨਿ ਕੈ ਸਬੈ ਸਿੱਧਨ ਸਤਿ[2] ਕਰ ਮਾਨ।
ਗੋਰਖਾਦਿ[3] ਤੇ ਦੀਨ ਹ੍ਵੈ ਬੰਦੇ ਜੋਰਤ ਪਾਨ॥੩੪॥

ਚੌਪਈ

ਅਪਰ ਸਿੱਧ ਸਭ ਬਿਨੈ ਅਲਾਵੈਂ । ਭੰਗਰਨਾਥ ਨਾ ਸੀਸ ਨਿਵਾਵੈ।
ਇਸ ਬਿਧਿ ਬਚਨ ਕਹਤਿ ਭਾ ਤਬਹੀ । 'ਪਸਚਮ[4] ਸੁਰਸਰਿ[5] ਬਹੀ[6] ਨ ਕਬਹੀ॥੩੫॥

ਅਸਤ[7] ਨ ਪ੍ਰਾਚੀ ਸਵਿਤਾ ਭਯੋ । ਧਾਰ ਪੰਖ ਨਹਿੰ ਮੇਰ[8] ਉਡੱਯੋ।
ਹਮ ਹੈਂ ਸਿੱਧ ਜਿ ਗ੍ਰਿਹਸਤ ਅਗਾਰੀ । ਨਮੋ ਕਰੈਂ ਅਸਮੰਜਸ[9] ਭਾਰੀ'॥੩੬॥

SikhBookClub.Com

ਜਿਸ ਉੱਪਰ ਵੀ ਉਹ ਕਿਰਪਾ-ਦ੍ਰਿਸ਼ਟੀ ਨਾਲ ਦੇਖਦਾ ਹੈ, ਉਸੇ ਨੂੰ ਹੀ ਨਾਮ-ਦਾਨ ਦੀ ਬਖ਼ਸ਼ਿਸ਼ ਕਰਦਾ ਹੈ। ਉਸ ਦੇ ਆਦਰ ਤੇ ਨਿਰਾਦਰ[1] ਸਾਰੇ ਆਪਣੇ-ਆਪ ਹੀ ਛੁੱਟ ਜਾਂਦੇ ਹਨ ਤੇ (ਉਹ ਪੁਰਸ਼) ਫਿਰ ਸੁੱਖ ਸ਼ਾਂਤੀ ਨਾਲ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ॥੩੨॥

ਸਤਿਗੁਰੂ (ਅਕਾਲ ਪੁਰਖ) ਦੀ ਵਡਿਆਈ ਬਹੁਤ ਵੱਡੀ ਹੈ। ਉਸ ਦਾ ਭੇਤ ਅਤੇ ਅੰਤ ਨਹੀਂ ਪਾਇਆ ਜਾ ਸਕਦਾ।" ਇਸ ਢੰਗ ਨਾਲ ਕਿਰਪਾ-ਨਿਧਾਨ (ਗੁਰੂ ਜੀ ਨੇ) ਉਨ੍ਹਾਂ ਨਾਲ ਬਚਨ ਕਰਦੇ ਹੋਏ ਇੱਕ ਸਲੋਕ ਉਚਾਰਨ ਕੀਤਾ ਸੀ। ॥੩੩॥

ਪਾਤਸ਼ਾਹੀ ਪਹਿਲੀ ॥

ਜੇਕਰ ਮੈਂ ਅੱਗ ਦੀ ਪੁਸ਼ਾਕ ਪਾ ਲਵਾਂ, ਬਰਫ ਅੰਦਰ ਘਰ ਬੰਨ੍ਹ ਲਵਾਂ ਅਤੇ ਲੋਹੇ ਨੂੰ ਆਪਣਾ ਭੋਜਨ ਬਣਾ ਲਵਾਂ। ਸਾਰੀਆਂ ਤਕਲੀਫਾਂ ਨੂੰ ਜੇਕਰ ਮੈਂ ਪਾਣੀ ਦੀ ਤਰਾਂ ਪੀ ਜਾਵਾਂ ਅਤੇ ਜ਼ਮੀਨ ਨੂੰ ਹਿੱਕ ਕੇ ਆਪਣੇ ਮੂਹਰੇ ਲਾ ਲਵਾਂ। ਅਸਮਾਨ ਨੂੰ ਤੱਕੜੀ ਦੇ ਪੱਲੜੇ ਵਿਚ ਧਰ ਕੇ, ਜੇਕਰ ਮੈਂ ਇਸ ਨੂੰ ਪਿਛਲੇ ਪੱਲੜੇ ਵਿਚ ਰੱਖੇ ਹੋਏ ਚਾਰ-ਮਾਸੇ ਦੇ ਵੱਟੇ ਨਾਲ ਜੋਖ ਲਵਾਂ। ਜੇਕਰ ਮੈਂ ਇੰਨਾ ਵੱਡਾ ਹੋ ਜਾਵਾਂ ਕਿ ਕਿਤੇ ਵੀ ਨਾ ਸਮਾ ਸਕਾਂ ਤੇ ਜੇਕਰ ਮੈਂ ਸਾਰਿਆਂ ਨੂੰ ਨਕੇਲ ਪਾ, ਨੱਕ ਤੋਂ ਫੜ ਕੇ ਤੋਰੀ ਫਿਰਾਂ। ਜੇਕਰ ਮੇਰੇ ਚਿੱਤ ਅੰਦਰ ਇੰਨਾ ਬਲ ਹੋਵੇ ਕਿ ਇਹੋ ਜਿਹੀਆਂ ਗੱਲਾਂ ਮੈਂ ਕਰਾਂ ਅਤੇ ਆਪਣੇ ਕਹਿਣ ਦੁਆਰਾ ਹੋਰਨਾਂ ਤੋਂ ਵੀ ਕਰਾਵਾਂ। ਪਰ ਇਹ ਸਾਰਾ ਕੁਝ ਬੇਫ਼ਾਇਦਾ ਹੈ। ਜਿੱਡਾ ਵੱਡਾ ਸੁਆਮੀ ਹੈ, ਉਨੀਆਂ ਵੱਡੀਆਂ ਹੀ ਉਸ ਦੀਆਂ ਬਖਸ਼ਸ਼ਾਂ। ਉਹ ਆਪਣੀ ਰਜ਼ਾ ਅਨੁਸਾਰ ਦਾਤਾਂ ਦਿੰਦਾ ਹੈ, ਨਾਨਕ ਜਿਸ ਉੱਤੇ ਸਾਈਂ ਆਪਣੀ ਮਿਹਰ ਦੀ ਨਜ਼ਰ ਧਾਰਦਾ ਹੈ। ਉਸੇ ਨੂੰ ਸੱਚੇ ਨਾਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ ॥੧॥

(ਗੁ. ਗ੍ਰੰ. ਸਾਹਿਬ, ਪੰਨਾ 147)

ਦੋਹਰਾ

ਇਹ ਸਲੋਕ ਸੁਣ ਕੇ ਸਾਰੇ ਸਿੱਧਾਂ ਨੇ ਗੁਰੂ ਜੀ ਦੇ ਬੋਲਾਂ ਨੂੰ ਸੱਚ[2] ਕਰਕੇ ਮੰਨ ਲਿਆ। ਗੋਰਖਨਾਥ[3] ਅਤੇ ਹੋਰ ਸਾਰਿਆਂ ਨੇ, ਨਿਮਰਤਾ ਸਹਿਤ ਹੱਥ ਜੋੜ ਕੇ (ਗੁਰੂ ਜੀ ਨੂੰ) ਨਮਸਕਾਰਾਂ ਕੀਤੀਆਂ ॥੩੪॥

ਚੌਪਈ

ਹੋਰ ਸਾਰੇ ਹੀ ਸਿੱਧਾਂ ਨੇ ਗੁਰੂ ਜੀ ਨੂੰ ਬੇਨਤੀਆਂ ਕੀਤੀਆਂ ਪਰ ਜੋ ਭੰਗਰਨਾਥ ਸਿੱਧ ਸੀ, ਉਹਨੇ ਸੀਸ ਨਹੀਂ ਸੀ ਨਿਵਾਇਆ ਤੇ ਉਹ ਉਸ ਵਕਤ ਇਸ ਤਰਾਂ ਕਹਿਣ ਲੱਗਿਆ, "ਗੰਗਾ[5] ਕਦੀ ਵੀ ਪੱਛਮ[4] ਵੱਲ ਨਹੀਂ ਵਗੀ[6]। ॥੩੫॥

ਤੇ ਨਾ ਹੀ ਸੂਰਜ ਕਦੇ ਪੂਰਬ ਦਿਸ਼ਾ ਵੱਲ ਡੁੱਬਿਆ[7] ਹੈ। ਖੰਭ ਲਾ ਕੇ ਸੁਮੇਰ[8] ਪਰਬਤ ਨਹੀਂ ਉੱਡਿਆ। ਅਸੀਂ ਸਿੱਧ ਲੋਕ ਹਾਂ, ਗ੍ਰਿਹਸਤੀ ਅੱਗੇ ਨਮਸਕਾਰ ਕਰੀਏ, ਸਾਡੇ ਵਾਸਤੇ ਬਹੁਤ ਹੀ ਅਯੋਗ[9] ਗੱਲ ਹੈ।" ॥੩੬॥

SikhBookClub.Com

ਉਡਜੋ ਅਕਾਸ਼ ਬਿਖੈ ਕਹਿ ਐਸੇ । ਜਾਤ ਬਿਹੰਗ ਯੁਤਿ ਬਲ ਕੇ ਜੈਸੇ।
ਸ੍ਰੀ ਨਾਨਕ ਲਖ ਗਰਬ ਸਮੇਤਾ । ਕੌਂਸ ਉਡਾਈ ਖੋਵਨ[1] ਹੇਤਾ॥੩੭॥

ਲਗੀ ਜਾਇ ਕੈ ਸੀਸ ਮਝਾਰੀ । ਉਡਜੋ ਬਹੁਰ ਪੀਰਾ[2] ਭੀ ਭਾਰੀ।
ਤਿਹ ਤੇ ਊਚੀ ਗਈ ਖਰਾਇੰ[3] । ਸਿਰ ਮੈਂ ਲਾਗੀ ਰਹਜੋ ਬਚਾਇ॥੩੮॥

ਜਬ ਥਿਰ ਹੋਵੈ ਪੁਨਿ ਸਿਰ ਲਾਗੈ । ਹਟੈ ਨ ਕਸ ਜਿ ਅਪਰ ਦਿਸਿ ਭਾਗੈ।
ਸ੍ਰੀ ਨਾਨਕ ਕੀ ਦਿਸ਼ਿ ਜਬ ਆਵੈ । ਸਿਰ ਤੇ ਕੌਂਸ ਲਗਨ ਹਟ ਜਾਵੈ॥੩੯॥

ਜਾਨਜੋ ਰਿਦੈ ਨ ਹਟਜੋ ਖਰਾਊ[4] । ਕਰ ਬਹੁ ਰਹਜੋ ਨ ਚਲਤ ਉਪਾਊ[5]।
ਪੀਰ ਪਾਇ ਹਿਰਦੇ ਪਛੁਤਾਂਨਾ । ਮਿਟਜੋ ਗਰਬ ਬਹੁ ਭਯੋ ਲਜਾਨਾ॥੪੦॥

ਦੋਹਰਾ

ਹੋਇ ਦੀਨ ਆਵਤ ਭਯੋ ਜਹਿਂ ਬੇਦੀ ਕੁਲ ਦੀਪ।
ਚਰਨ ਕਮਲ ਬੰਦਨ ਕਰੀ ਬੈਠਜੋ ਹੋਇ ਸਮੀਪ॥੪੧॥

ਚੌਪਈ

ਗੋਰਖ ਦੇਖ ਬਚਨ ਕੋ ਕਹੈ । 'ਇਉਂ ਕਰਵਾਏ ਬਿਨਾਂ ਨਾ ਰਹੈ।
ਕਲੀਕਾਲ[6] ਮੈਂ ਸ੍ਰੀ ਕਰਤਾਰਾ । ਨਾਮ ਜਪਾਵਨ ਹਿਤ ਤਨ ਧਾਰਾ॥੪੨॥

ਇਸਕੀ ਸਮਤਾ[7] ਹੋਇ ਨ ਕੈਸੇ । ਬੰਦਨ ਕਰਹੁ ਭਲਾ ਹੁਇ ਜੈਸੇ।
ਨੀਕੇ ਬਚਨ ਸੁਨੋ ਪੁਨ ਕਹੋ । ਤੱਤ ਗਜ਼ਾਨ ਕੋ ਉਰ ਮਹਿਂ ਲਹੋ'॥੪੩॥

ਪੁਨਿ ਗੋਰਖ ਗੁਰ ਸੰਗ ਉਚਾਰਾ । 'ਕਲੀ ਕਾਲ ਮਹਿਂ ਕਜ਼ਾ ਵਰਤਾਰਾ?'।
ਬੈਠੇ ਸਬਹੀ ਸਿੱਧ ਸਮੀਪਾ । ਤਬ ਬੋਲੇ ਬੇਦੀ ਕੁਲ ਦੀਪਾ॥੪੪॥

SikhBookClub.Com

ਤੇ ਉਹ ਇਹ ਕਹਿ ਕੇ, ਅਕਾਸ਼ ਵਿੱਚ, ਇਸ ਤਰਾਂ ਉੱਡ ਕੇ ਚਲਾ ਗਿਆ ਸੀ, ਜਿਵੇਂ ਜ਼ੋਰ ਦੇ ਨਾਲ ਪੰਛੀ ਉੱਡ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਹੰਕਾਰੀ ਜਾਣ ਕੇ, (ਉਸ ਦਾ) ਹੰਕਾਰ ਦੂਰ[1] ਕਰਨ ਲਈ, ਉਸ ਦੇ (ਪਿੱਛੇ-ਪਿੱਛੇ) ਖੜਾਂਵ ਉਡਾ ਦਿੱਤੀ। ॥੩੭॥

ਤੇ ਉਹ (ਖੜਾਂਵ) ਭੰਗਰਨਾਥ ਦੇ ਸਿਰ ਵਿਚ ਜਾ ਵੱਜੀ ਤਾਂ ਉਹ ਪੀੜ[2] ਹੋਣ ਕਰਕੇ ਹੋਰ ਉੱਪਰ ਉੱਠਿਆ ਤਾਂ ਖੜਾਂਵ[3] ਉਸ ਤੋਂ ਹੋਰ ਉੱਚੀ ਹੋ ਕੇ (ਉਸ ਦੇ) ਸਿਰ ਵਿਚ ਵੱਜਦੀ ਰਹੀ, (ਭਾਵੇਂ ਉਹ) ਬਚਾ ਕਰੀ ਜਾਂਦਾ ਸੀ। ॥੩੮॥

ਤੇ ਜਦੋਂ ਵੀ ਉਹ ਰੁਕੇ, ਖੜਾਂਵ[4] ਫੇਰ ਸਿਰ ਵਿਚ ਵੱਜੇ । ਉਹ ਜੇਕਰ ਹੋਰ ਦਿਸ਼ਾ ਵੱਲ ਵੀ ਭੱਜੇ, ਤਾਂ ਖੜਾਂਵ ਕਿਸੇ ਤਰਾਂ ਵੀ ਨਾ ਹਟੇ।। ਜਿਸ ਵੇਲੇ (ਭੰਗਰਨਾਥ) ਗੁਰੂ ਨਾਨਕ ਜੀ ਵੱਲ ਨੂੰ ਆਵੇ ਤਾਂ ਉਸ ਵੇਲੇ ਖੜਾਂਵ ਵੱਜਣੋਂ ਰੁਕ ਜਾਇਆ ਕਰੇ । ॥੩੯॥

ਉਸ ਨੇ ਸਮਝ ਲਿਆ ਕਿ ਇਸ ਖੜਾਂਵ ਨੇ ਵੱਜਣੋਂ ਨਹੀਂ ਹਟਣਾ। ਉਹ ਬਹੁਤ ਢੰਗ-ਤਰੀਕੇ ਵਰਤਦਾ ਰਿਹਾ ਪਰ ਉਸ ਦਾ ਕੋਈ ਵੀ ਉਪਾਅ[5] ਨਾ ਚੱਲਿਆ ਤਾਂ ਦੁਖੀ ਹੋ ਕੇ, ਪਛਤਾਵਾ ਕਰਨ ਲੱਗਾ। ਉਸ ਦਾ ਸਾਰਾ ਹੰਕਾਰ ਟੁੱਟ ਗਿਆ ਤੇ ਉਹ ਬਹੁਤ ਹੀ ਸ਼ਰਮਿੰਦਾ ਹੋ ਗਿਆ । ॥੪੦॥

ਦੋਹਰਾ

(ਅੰਤ) ਉਹ ਨਿਮਾਣਾ (ਦੀਨ) ਹੋ ਕੇ ਉਥੇ ਆ ਗਿਆ, ਜਿੱਥੇ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਬੈਠੇ ਸਨ। ਤੇ ਉਸ ਨੇ ਗੁਰੂ ਜੀ ਦੇ ਚਰਨ-ਕਮਲਾਂ ਵਿਚ ਨਮਸਕਾਰ ਕੀਤੀ ਤੇ ਕੋਲ ਹੋ ਕੇ ਬੈਠ ਗਿਆ। ॥੪੧॥

ਚੌਪਈ

ਗੋਰਖ ਦੇਖ ਕੇ ਕਹਿਣ ਲੱਗਾ, "ਤੂੰ ਵੀ ਇਸ ਤਰਾਂ ਕਰਵਾਏ ਬਿਨਾਂ ਨਹੀਂ ਸੀ ਰਹਿਣਾ। ਕਲਜੁਗ[6] ਵਿਚ ਪ੍ਰਭੂ ਨੇ ਆਪ ਰੂਪ ਧਾਰ ਕੇ, ਨਾਮ ਜਪਾਉਣ ਲਈ ਇਹ ਜਨਮ ਧਾਰਨ ਕੀਤਾ ਹੈ। ॥੪੨॥

ਇਨ੍ਹਾਂ ਦੀ ਬਰਾਬਰੀ[7] ਕਿਸੇ ਤਰਾਂ ਵੀ ਨਹੀਂ ਹੋ ਸਕਦੀ। ਇਨ੍ਹਾਂ ਅੱਗੇ ਨਮਸਕਾਰ ਕਰੋ, ਜਿਸ ਨਾਲ ਤੁਹਾਡਾ ਭਲਾ ਹੋਵੇ। ਪਹਿਲਾਂ ਦੇ ਇਨ੍ਹਾਂ ਦੇ ਸੁੰਦਰ ਬਚਨਾਂ ਨੂੰ ਸੁਣੋ, ਫੇਰ ਕੋਈ ਗੱਲ ਕਰੋ। ਤੱਤ-ਗਿਆਨ ਨੂੰ ਆਪਣੇ ਚਿੱਤ ਵਿਚ ਗ੍ਰਹਿਣ ਕਰੋ।" ॥੪੩॥

ਫਿਰ ਗੋਰਖਨਾਥ ਨੇ ਗੁਰੂ ਜੀ ਨੂੰ ਪੁੱਛਿਆ, " ਕਲਜੁਗ ਵਿਚ ਕਿਸ ਤਰਾਂ ਦਾ ਵਰਤਾਰਾ (ਕਾਰ-ਵਿਹਾਰ) ਚੱਲ ਰਿਹਾ ਹੈ? ਕੋਲ ਸਾਰੇ ਸਿੱਧ ਬੈਠੇ ਹੋਏ ਸਨ ਤਾਂ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਨੇ ਇਉਂ ਫ਼ਰਮਾਇਆ। ॥੪੪॥

SikhBookClub.Com

ਸਲੋਕ ਮ: ੧ ॥
ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥੧॥

(ਗੁ. ਗ੍ਰੰ. ਸਾਹਿਬ, ਪੰਨਾ ੪੬੮)

ਸਲੋਕ ਮ:੧ ॥
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥

(ਗੁ. ਗ੍ਰੰ. ਸਾਹਿਬ, ਪੰਨਾ ੧੪੫)

ਸਲੋਕ ਮ:੧ ॥
ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ॥
ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ॥
ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ॥
ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ॥
ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ॥
ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ॥
ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ॥
ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ॥੧॥

(ਗੁ. ਗ੍ਰੰ. ਸਾਹਿਬ, ਪੰਨਾ ੯੫੧)

ਚੌਪਈ

ਪੁਨ ਸ੍ਰੀ ਗੁਰ ਸਿੱਧਿ ਗੋਸ਼ਟਿ ਕਰੀ । ਸਿੱਧਿਨ ਕੀ ਦੁਬਿਧਾ[1] ਸਭ ਹਰੀ।
ਪਦ ਪੰਕਜ[2] ਪਰ ਬੰਦਨ ਕਰਹੀਂ । ਉਸਤਤਿ ਉਚਰ ਹਰਖ ਉਰ ਧਰਹੀਂ॥੪੫॥

SikhBookClub.Com

ਪਾਤਸ਼ਾਹੀ ਪਹਿਲੀ ॥
ਸੱਚਾਈ ਦਾ ਕਾਲ ਪੈ ਗਿਆ ਹੈ, ਝੂਠ ਪ੍ਰਚਲਿਤ ਹੋ ਰਿਹਾ ਹੈ ਅਤੇ ਕਾਲੇ-ਜੁਗ ਦੀ ਸਿਆਹੀ ਨੇ ਬੰਦਿਆਂ ਨੂੰ ਝੂਤਨੇ ਬਣਾ ਛੱਡਿਆ ਹੈ। ਜਿਨ੍ਹਾਂ ਨੇ ਨਾਮ ਦਾ ਬੀਜ ਬੀਜਿਆ ਹੈ, ਉਹ ਇੱਜ਼ਤ, ਆਬਰੂ ਨਾਲ ਗਏ ਹਨ। ਹੁਣ ਟੁੱਟਿਆ ਹੋਇਆ ਬੀਜ ਕਿਸ ਤਰਾਂ ਨਾਲ ਪੁੰਗਰ ਸਕਦਾ ਹੈ? ਜੇਕਰ ਬੀਜ ਮੁਕੰਮਲ ਹੋਵੇ ਅਤੇ ਮੁਨਾਸਬ ਮੌਸਮ ਹੋਵੇ, ਤਦ ਵੀ ਜੰਮ ਪੈਂਦਾ ਹੈ। ਨਾਨਕ ਪਾਣ (ਪਾਹ) ਦੇ ਬਗੈਰ ਨਵਾਂ ਨਕੋਰ ਕੱਪੜਾ ਰੰਗਿਆ ਨਹੀਂ ਜਾ ਸਕਦਾ। ਜੇਕਰ ਦੇਹ ਨੂੰ ਲੱਜਿਆ ਦੀ ਲਾਗ ਲਾ ਦਿੱਤੀ ਜਾਵੇ, ਤਾਂ ਇਹ ਪ੍ਰਭੂ ਦੇ ਡਰ ਅੰਦਰ ਪਾਪਾਂ ਤੋਂ ਧੋ ਕੇ ਉੱਜਲ ਹੋ ਜਾਂਦੀ ਹੈ। ਨਾਨਕ ਜੇਕਰ ਇਨਸਾਨ ਵਾਹਿਗੁਰੂ ਦੇ ਸਿਮਰਨ ਨਾਲ ਰੰਗਿਆ ਜਾਵੇ ਤਾਂ ਉਸ ਦੀ ਸੋਭਾ ਭੋਰਾ-ਭਰ ਵੀ ਝੂਠੀ ਨਹੀਂ ਹੁੰਦੀ ॥੧॥ (ਗੁ. ਗ੍ਰੰ. ਸਾਹਿਬ, ਪੰਨਾ 468)

ਪਾਤਸ਼ਾਹੀ ਪਹਿਲੀ ॥
ਕਲਜੁਗ ਛੁਰੀ ਹੈ, ਬਾਦਸ਼ਾਹ ਬੁੱਚੜ ਹਨ, ਸਚਾਈ ਪਰ (ਖੰਭ) ਲਾ ਕੇ ਉੱਡ ਗਈ ਹੈ। ਝੂਠ ਦੀ ਇਸ ਮੱਸਿਆ ਦੀ ਰਾਤ ਅੰਦਰ ਸੱਚ ਦਾ ਚੰਦ ਕਿਤੇ ਉਦੈ ਹੋਇਆ ਨਹੀਂ ਦਿੱਸਦਾ। ਆਪਣੀ ਖੋਜ-ਭਾਲ ਅੰਦਰ ਮੈਂ ਪਰੇਸ਼ਾਨ ਹੋ ਗਿਆ ਹਾਂ। ਹਨ੍ਹੇਰੇ ਵਿੱਚ ਮੈਨੂੰ ਕੋਈ ਰਸਤਾ ਨਹੀਂ ਲੱਭਦਾ। ਹੰਕਾਰ ਕਰਕੇ ਪ੍ਰਾਣੀ ਤਕਲੀਫ ਅੰਦਰ ਵਿਰਲਾਪ ਕਰਦਾ ਹੈ। ਗੁਰੂ ਨਾਨਕ ਜੀ ਫਰਮਾਉਂਦੇ ਹਨ, ਕਿਸ ਤਰੀਕੇ ਦੁਆਰਾ ਜੀਵ ਮੁਕਤ ਹੋ ਸਕਦਾ ਹੈ? ॥੧॥ (ਗੁ. ਗ੍ਰੰ. ਸਾਹਿਬ, ਪੰਨਾ 145)

ਪਾਤਸ਼ਾਹੀ ਪਹਿਲੀ ॥
ਦਾਨੀ ਪੁਰਸ਼ ਗੁਨਾਹ ਕਰਕੇ, ਇਕੱਤਰ ਕੀਤੀ ਹੋਈ ਦੌਲਤ ਦਾਨ ਵਿੱਚ ਦਿੰਦੇ ਹਨ। ਉਨ੍ਹਾਂ ਦਾ ਗੁਰੂ ਉਨ੍ਹਾਂ ਦੇ ਗ੍ਰਹਿ ਵਿੱਚ ਸਿੱਖਿਆ ਦੇਣ ਨੂੰ ਜਾਂਦਾ ਹੈ। ਜਨਾਨੀ, ਆਦਮੀ ਨੂੰ ਉਸ ਦੇ ਪੈਸੇ ਤੇ ਟੁੱਕਰ ਦੀ ਖਾਤਰ ਪਿਆਰ ਕਰਦੀ ਹੈ, ਨਹੀਂ ਤਾਂ ਉਹ ਪਰਵਾਹ ਨਹੀਂ ਕਰਦੀ ਕਿ ਉਹ (ਆਦਮੀ) ਕਿੱਥੋਂ ਆਉਂਦਾ ਹੈ ਤੇ ਕਿਧਰ ਜਾਂਦਾ ਹੈ? ਕੋਈ ਜਣਾ ਵੀ ਸ਼ਾਸਤਰਾਂ ਤੇ ਵੇਦਾਂ ਨੂੰ ਨਹੀਂ ਮੰਨਦਾ। ਹਰ ਕੋਈ ਕੇਵਲ ਆਪਣੇ-ਆਪ ਨੂੰ ਹੀ ਪੂਜਦਾ ਹੈ। ਜੱਜ ਬਣ ਕੇ ਉਹ ਇਨਸਾਫ ਕਰਨ ਨੂੰ ਬੈਠਦਾ ਹੈ। ਉਹ ਮਾਲਾ ਫੇਰਦਾ ਹੈ ਅਤੇ ਅੱਲਾ-ਅੱਲਾ ਆਖਦਾ ਹੈ। ਰਿਸ਼ਵਤ ਲੈ ਕੇ ਉਹ ਬੇਇਨਸਾਫੀ ਕਰਦਾ ਹੈ।ਜੇਕਰ ਕੋਈ ਜਣਾ ਪੁੱਛੇ,ਤਦ ਉਹ ਕੋਈ ਨਾ ਕੋਈ ਹਵਾਲਾ ਪੜ੍ਹ ਸੁਣਾਉਂਦਾ ਹੈ।ਮੁਸਲਮਾਨੀ ਕਲਮਾ ਹਿੰਦੂਆਂ ਦੇ ਕੰਨਾਂ ਅਤੇ ਦਿਲਾਂ ਵਿੱਚ ਰਮ ਰਿਹਾ ਹੈ। ਉਹ ਲੋਕਾਂ ਨੂੰ ਲੁੱਟਦੇ ਹਨ ਅਤੇ ਚੁਗਲੀ ਕਰਦੇ ਹਨ। ਪਵਿੱਤਰ ਕਰਨ ਲਈ ਉਹ ਆਪਣੇ ਚੌਂਕੇ ਨੂੰ ਲਿਪਦੇ ਹਨ, ਇਹੋ ਜਿਹਾ ਹੈ ਹਿੰਦੂ। ਕੋਈ ਜਣਾ ਇਸ ਨੂੰ ਦੇਖਭਾਲ ਲਵੇ। ਜਟਾਧਾਰੀ ਅਤੇ ਦੇਹ 'ਤੇ ਸੁਆਹ ਮਲੀ ਹੋਈ ਵਾਲਾ ਜੋਗੀ ਇੱਕ ਗ੍ਰਿਹਸਤੀ ਵਰਗਾ ਹੈ। ਬੱਚੇ ਉਸ ਦੇ ਅੱਗੇ ਅਤੇ ਪਿੱਛੇ ਰੋਂਦੇ ਹਨ। ਉਸ ਨੂੰ ਜੋਗ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਉਹ ਰਾਹੋਂ ਉੱਕ ਗਿਆ ਹੈ। ਕਿਸ ਵਾਸਤੇ ਉਸ ਨੇ ਆਪਣੇ ਸਿਰ ਵਿੱਚ ਸੁਆਹ ਪਾਈ ਹੈ? ਨਾਨਕ! ਕਲਜੁਗ ਦੀ ਇਹ ਨਿਸ਼ਾਨੀ ਹੈ ਕਿ ਹਰ ਕੋਈ ਆਖਦਾ ਹੈ ਕਿ ਉਹ ਖ਼ੁਦ ਹੀ ਸਾਰਾ ਕੁਝ ਜਾਣਦਾ ਹੈ। (ਗੁ. ਗ੍ਰੰ. ਸਾਹਿਬ, ਪੰਨਾ 951)

ਚੌਪਈ

ਤੇ ਫੇਰ ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟ ਕਰਕੇ, ਸਿੱਧਾਂ ਦੀ ਸਾਰੀ ਦਵੈਤ-ਭਾਵਨਾ (ਦੁਬਿਧਾ)[1] ਦੂਰ ਕਰ ਦਿੱਤੀ। ਸਿੱਧ ਪਰਸੰਨ ਹੋਏ ਤੇ ਉਨ੍ਹਾਂ (ਗੁਰੂ ਜੀ ਦੀ) ਉਸਤਤ ਵਿਚ ਬਚਨ ਬੋਲਦੇ ਹੋਏ (ਗੁਰੂ ਜੀ ਦੇ) ਚਰਨ-ਕਮਲਾਂ[2] ਵਿਚ ਨਮਸਕਾਰਾਂ ਕੀਤੀਆਂ। ॥੪੫॥

SikhBookClub.Com

ਲਖਜੋ —ਕਲੀ ਮਹਿਂ ਭਾ ਅਵਤਾਰਾ । ਧਰਨ[1] ਕੀਨ ਤਨ ਸ੍ਰੀ ਕਰਤਾਰਾ।
ਨਾਮ ਜਪਾਇ ਪੁਮਾਨ[2] ਉਧਾਰੈਂ । ਜਹਿਂ ਤਹਿਂ ਕੀਰਤਿ ਧਰਮ ਬਿਥਾਰੈ[3] ॥੪੬॥

ਹੋਤ ਸਮਾਨ ਨ ਯਾਂਕੇ ਕੋਊ । ਗਤਿਦਾਯਕ ਸ਼ਰਧਾ ਧਰ ਜੋਊ।
ਬਿਨੁ ਪ੍ਰਭੁ ਹਮੈਂ ਨ ਜੀਤ ਸਕਾਈ —। ਯਾਂਤੇ ਸਤਿ ਜਾਨਜੋ ਜਗਰਾਈ॥੪੭॥

ਦੋਹਰਾ

ਇਸਿ ਬਿਧ ਧਰੀ ਪ੍ਰਤੀਤ ਉਰ ਕਰ ਬੰਦਨ ਜਗਤੇਸ਼।
ਬਿਦਾ ਸਿੱਧਿ ਹੋਏ ਸਰਬ ਕਹਿ 'ਆਦੇਸ਼ ਆਦੇਸ਼'॥੪੮॥

ਚੌਪਈ

ਸਬ ਚਰਚਾ ਜੇ ਬਰਨਨ[4] ਕਰਹੌਂ । ਗ੍ਰੰਥ ਬਢਨ ਤੇ ਉਰ ਮਹਿਂ ਡਰਹੌਂ।
ਬਹੁਰ ਨ ਪਾਰ ਸੁ ਪਾਯੋ ਜਾਈ । ਸ੍ਰੀ ਗੁਰੂ ਜੇਤਿਕ ਚਰਚਾ ਗਾਈ॥੪੯॥

ਮੇਲਾ[(*4)] ਬਿਛੁਰਨ ਲਗਜੋ ਬਹੋਰੀ । ਗਮਨੇ ਮਾਨਵ ਨਿਜ ਨਿਜ ਠੌਰੀ।
ਬਾਢੀ ਬਾਲਕ ਪਗ ਲਪਟਾਯੋ ।ਆਰਣਸੁਤ ਕਰ[5] ਪ੍ਰਭੁ ਸਿਰ ਲਾਯੋ।
'ਮਿਲਿ ਜੋ ਤੁਮ ਗਤਿ ਪਾਵਹਿ ਕਹਿਮੁਖ।ਸੱਤਿਨਾਮ ਤੁਮ ਕਹੁ ਸਭ ਮੈ ਲਖ ॥੫੦॥

ਦੋਹਰਾ

ਬਸਹੁ ਤਾਤ ਨਿਜ ਤਾਤਨੀ ਪਾਸ ਜਾਇ ਤੁਮ ਤਾਤ ।
ਬਹੁ ਨਰ ਕੋ ਭਵ ਤਾਰ ਹੋ ਪੁਨਿ ਗਤਿ ਹ੍ਵੈ ਬੱਖਜਾਤ'[6]॥੫੧॥

ਚੌਪਈ

ਮਾਨ ਬਚਨ ਜਗਤੇਸ਼੍ਵਰ ਜੀ ਕੋ । ਗਦ ਗਦ ਹ੍ਵੈ ਤੁਰ ਪਾ ਨਿਜ ਘਰ ਕੋ।
ਕੇਤਿਕ ਸੇਵਕ ਸੰਗ ਸਿਧਾਰੇ । ਜਗ ਗੁਰ ਪ੍ਰਵਿਸੇ ਪੁਰ ਕਰਤਾਰੇ[7]॥੫੨॥

SikhBookClub.Com

(ਉਨ੍ਹਾਂ) ਸੋਚਿਆ, -ਨਾਨਕ ਜੀ ਕਲਜੁਗ ਵਿੱਚ ਅਵਤਾਰ ਹਨ। (ਇਹ ਤਾਂ) ਪ੍ਰਭੂ ਨੇ ਧਰਤੀ ਉੱਤੇ ਮਨੁੱਖੀ ਜਾਮਾ ਧਾਰਨ[1] ਕੀਤਾ ਹੈ।ਇਹ ਨਾਮ ਦਾ ਸਿਮਰਨ (ਕਲਜੁਗ ਵਿਚ) ਕਰਵਾ ਕੇ ਪੁਰਸ਼ਾਂ[2] ਨੂੰ ਤਾਰਨਗੇ ਅਤੇ ਥਾਂ-ਥਾਂ ਧਰਮ ਦੀ ਕੀਰਤੀ ਦਾ ਫੈਲਾਉ[3] ਕਰਨਗੇ। ॥੪੬॥

ਮੁਕਤੀ ਦਿਵਾਉਣ ਵਾਲੇ (ਨਾਨਕ ਨੇ) ਪ੍ਰਭੂ ਪ੍ਰਤੀ ਇੰਨੀ ਸ਼ਰਧਾ ਧਾਰਨ ਕੀਤੀ ਹੋਈ ਹੈ। ਇਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਹੈ। ਸਾਨੂੰ ਪ੍ਰਭੂ ਤੋਂ ਬਗੈਰ ਹੋਰ ਕੋਈ ਵੀ ਜਿੱਤ ਨਹੀਂ ਸੀ ਸਕਦਾ-। ਇਸ ਲਈ ਅਸੀਂ ਜਗਤ-ਸੁਆਮੀ (ਗੁਰੂ ਜੀ) ਨੂੰ ਸਹੀ ਹੀ ਪਛਾਣਿਆ ਹੈ।" ॥੪੭॥

ਦੋਹਰਾ

ਇਸ ਤਰਾਂ (ਗੁਰੂ ਜੀ ਪ੍ਰਤੀ) ਆਪਣੇ ਅੰਦਰ ਸੱਚਾ ਵਿਸ਼ਵਾਸ ਧਾਰ ਕੇ ਜਗਤ ਦੇ ਮਾਲਕ (ਗੁਰੂ ਜੀ) ਨੂੰ ਨਮਸਕਾਰਾਂ ਕਰਦੇ ਹੋਏ, ਸਾਰੇ ਸਿੱਧ-ਲੋਕ "ਆਦੇਸ਼-ਆਦੇਸ਼" ਆਖਦੇ ਹੋਏ ਵਿਦਾ ਹੋ ਗਏ। ॥੪੮॥

ਚੌਪਈ

(ਕਵੀ ਸੰਤੋਖ ਸਿੰਘ ਆਖਦੇ ਹਨ) ਜੇਕਰ ਮੈਂ ਸਾਰੀ ਹੋਈ ਚਰਚਾ ਵਰਣਨ[4] ਕਰਾਂ (ਤਾਂ) ਮੈਂ ਗ੍ਰੰਥ ਦੇ ਵੱਡਾ ਹੋਣ ਕਰਕੇ ਡਰਦਾ ਹਾਂ। ਮੈਂ ਜਿਤਨੀ ਕੁ ਗੁਰੂ ਜੀ ਦੀ ਚਰਚਾ ਗਾਇਨ ਕੀਤੀ, ਇਸ ਤੋਂ ਅੱਗੇ ਹੋਰ ਅੰਤ ਪਾ ਸਕਾਂ, ਇਹ ਮੇਰੇ ਵੱਸ ਵਿਚ ਨਹੀਂ ਹੈ। ॥੪੯॥

ਤੇ ਫੇਰ (ਅੱਚਲ-ਵਟਾਲੇ ਦਾ) ਮੇਲਾ ਵਿੱਛੜਨ ਲੱਗਿਆ। ਸਾਰੇ ਲੋਕ ਆਪੋ-ਆਪਣੀਆਂ ਥਾਂਵਾਂ ਨੂੰ ਚਲੇ ਗਏ। ਤਾਂ ਬਾਢੀ ਤਰਖਾਣ ਦੇ ਪੁੱਤਰ ਨੇ ਗੁਰੂ ਜੀ ਦੇ ਚਰਨ ਪਕੜ ਲਏ, ਗੁਰੂ ਜੀ ਨੇ ਆਪਣੇ ਕਰ-ਕਮਲਾਂ[5] ਨੂੰ ਉਸ ਦੇ ਸਿਰ ਤੇ ਰੱਖ ਕੇ (ਲਾ ਕੇ) ਕਿਹਾ, "ਜੋ ਤੈਨੂੰ ਮਿਲੇਗਾ, ਤੇਰੇ ਮੁੱਖੋਂ ਕਹਿਣ ਨਾਲ ਹੀ ਉਹ ਮੁਕਤੀ ਪਾਵੇਗਾ। ਤੂੰ ਹਰ ਪ੍ਰਾਣੀ ਵਿਚ ਪਰਮਾਤਮਾ ਵਸਿਆ ਜਾਣ ਕੇ, ਸਤਿਨਾਮ ਦਾ ਸਿਮਰਨ ਕਰ। ॥੫੦॥

ਦੋਹਰਾ

ਹੇ ਪੁੱਤਰ! ਆਪਣੇ ਮਾਤਾ-ਪਿਤਾ ਕੋਲ ਜਾ ਕੇ ਰਹੋ। ਇਸ ਸੰਸਾਰ 'ਤੇ ਬਹੁਤ ਲੋਕਾਂ ਦਾ ਉਧਾਰ ਕਰੋਗੇ, ਫਿਰ ਪਰਗਟ[6] ਹੋ ਕੇ ਮੁਕਤੀ ਪ੍ਰਾਪਤ ਕਰੋਗੇ।" ॥੫੧॥

ਚੌਪਈ

ਉਹ (ਬਾਲਕ) ਜਗਤ ਦੇ ਈਸ਼ਵਰ (ਗੁਰੂ ਜੀ) ਦੇ ਬਚਨ ਮੰਨ ਕੇ ਗਦ-ਗਦ ਹੋ ਕੇ ਆਪਣੇ ਘਰ ਵੱਲ ਚੱਲ ਪਿਆ। ਜਗਤ ਗੁਰੂ ਜੀ ਵਾਪਸ ਕਰਤਾਰਪੁਰ[7] ਆ ਗਏ ਸਨ ਤੇ ਕਿੰਨੇ ਹੀ ਸੇਵਕ ਉਨ੍ਹਾਂ ਦੇ ਨਾਲ ਗਏ। ॥੫੨॥

SikhBookClub.Com

ਕਿਤਕ ਕਾਲ ਪ੍ਰਭੁ ਦੀਨ ਦਯਾਲਾ । ਰਹੇ ਤਹਾਂ,ਬੈਠਹਿਂ ਧ੍ਰਮਸਾਲਾ।
ਹੋਤ ਕੀਰਤਨ ਨਿਸ ਦਿਨ ਪਾਸੂ । ਦਰਸਹਿਂ[1] ਸੰਗਤਿ ਕਰ ਅਰਦਾਸੂ ॥੫੩॥

ਧਾਰ ਕਾਮਨਾ ਜੋ ਉਰ ਆਵਹਿਂ । ਦਰਸ਼ਨ ਕਰਤਜੋਂ ਸੇ ਸਬ ਪਾਵਹਿਂ।
ਗ੍ਰਾਮ ਨਗਰ ਸਗਰੇ ਪੁਰ ਮਾਂਹੀ । ਲੇ ਸ੍ਰੀ ਨਾਨਕ ਨਾਮ ਸਰਾਹੀਂ[2] ॥੫੪॥

ਸੁਨ ਕਰ ਮਾਲੋ(*5) ਸ਼ੇਖ ਪ੍ਰਸ਼ੰਸਾ । ਗਯੋ ਨਿਕਟਿ ਬੇਦਿਨ[3] ਅਵਿਤੰਸ਼ਾ।
ਕਰ ਸਲਾਮ ਬੈਸਜੋ ਤਵ ਪਾਸੂ । ਬੂਝਨ ਲਾਗਜੋ ਮਤਸਰ ਜਾਸੂ ॥੫੫॥

'ਹਿੰਦੂ ਬਡੇ ਕਿ ਤੁਰਕ ਬਤਾਵਉ । ਉੱਤਮ ਕਿਹ ਕੋ ਮਤੋ[4]?ਸੁਨਾਵਹੁ।
ਸੁਭ ਗਤਿ ਕੈਸੇ ਪ੍ਰਾਪਤਿ ਹੋਇ? । ਤੁਮਰੀ ਉਸਤਤਿ ਕਹਿ ਸਬ ਕੋਇ' ॥੫੬॥

ਸੁਨਕੈ ਸ੍ਰੀ ਗੁਰ ਬਚਨ ਬਖਾਨੇ । 'ਇਸ ਬਿਧਿ ਬੂਝਹਿਂ ਜੇ ਅਨਜਾਨੇ।
ਉਰ ਮਹਿਂ ਭਰਮ ਸੁਮਤਿ[5] ਨਹਿਂ ਪਾਈ । ਦ੍ਵੈ ਪਖ ਹਿੰਦੂ ਤੁਰਕ ਦ੍ਰਿੜਾਈਂ ॥੫੭॥

ਤੱਤੁ ਵਸਤੁ ਕੋ ਜਾਨਹਿਂ ਨਾਹੀਂ । ਝਗਰੇ ਬਾਂਧੇ ਦਾਵੇ[6] ਮਾਂਹੀ।
ਇਨ ਕੋ ਗਤਿ ਨਹਿਂ ਪ੍ਰਾਪਤਿ ਹੋਇ । ਜਮ ਕੋ ਡੰਡ ਸਹੈਂ ਨਿਤ ਸੋਇ' ॥੫੮॥

ਸੁਨਤ ਗਯੋ ਜਰ[7] ਮਾਲੋ ਸ਼ੇਖਾ । ਬੋਲਜੋ ਜਿਹਕੋ ਅਨਖ[8] ਵਿਸੇਖਾ ।
'ਹਿੰਦੂ ਤੁਰਕ ਨਹੀਂ ਜੇ ਕੋਈ । ਕਿਉਂ ਖੁਦਾਇ ਸਿਰਜੇ ਇਹ ਦੋਈ? ॥੫੯॥

ਇਕ ਖੁਦਾਇ,ਇਕ ਸਿਮਰਹਿਂ ਰਾਮ । ਪ੍ਰਿਥਕ[9] ਰਹਤਿ ਨਿਜ ਨਿਜ ਦ੍ਵੈ ਧਾਮ ।
ਪਸ਼ਚਮ ਮੁਖ ਇਕ ਪ੍ਰਾਚੀ[10] ਕਰਹੀਂ । ਨਿਜ ਮਤ ਦੋਊ ਭਲੋ ਉਚਰਹੀਂ' ॥੬੦॥

SikhBookClub.Com

ਤੇ ਫੇਰ ਕਿੰਨਾ ਹੀ ਚਿਰ, ਗ਼ਰੀਬਾਂ ਉੱਪਰ ਦਾਇਆ ਕਰਨ ਵਾਲੇ (ਗੁਰੂ ਜੀ) ਉਥੇ ਧਰਮਸ਼ਾਲਾ ਵਿੱਚ ਬੈਠਦੇ ਰਹੇ। ਦਿਨ-ਰਾਤ ਕੀਰਤਨ ਹੁੰਦਾ ਰਹਿੰਦਾ। ਸੰਗਤਾਂ ਅਰਦਾਸ ਕਰਕੇ ਦਰਸ਼ਨ[1] ਕਰਦੀਆਂ । ॥੫੩॥

ਜੋ ਵੀ ਕੋਈ ਆਪਣੇ ਮਨ ਵਿਚ ਕੋਈ ਕਾਮਨਾ ਧਾਰ ਕੇ ਅਉਂਦਾ ਤਾਂ (ਗੁਰੂ ਜੀ ਦੇ) ਦਰਸ਼ਨ ਕਰਨ ਸਾਰ ਹੀ ਉਸ ਦੀਆਂ ਇੱਛਾਵਾਂ ਪੂਰਨ ਹੋ ਜਾਂਦੀਆਂ। ਸਾਰੇ ਪਿੰਡਾਂ ਸ਼ਹਿਰਾਂ ਵਿਚ ਸਭ ਥਾਂਈਂ ਗੁਰੂ ਨਾਨਕ ਜੀ ਦਾ ਨਾਮ ਲੈ ਕੇ (ਲੋਕ) ਸਿਫ਼ਤਾਂ[2] ਕਰਦੇ ਸਨ। ॥੫੪॥

ਗੁਰੂ ਜੀ ਦੀ ਇਸ ਤਰਾਂ ਦੀ ਪਰਸੰਸਾ ਹੁੰਦੀ ਸੁਣ ਕੇ 'ਮਾਲੋ ਸ਼ੇਖ' (ਇਕ ਦਿਨ) ਬੇਦੀ[3] ਕੁਲ ਦੇ ਸ਼ਿੰਗਾਰ (ਗੁਰੂ ਜੀ) ਕੋਲ ਗਿਆ ਤੇ ਸਲਾਮ ਕਰਕੇ ਗੁਰੂ ਜੀ ਪਾਸ ਬੈਠ ਗਿਆ। ਉਸ ਦੇ ਮਨ ਅੰਦਰ ਈਰਖਾ ਸੀ, ਸੋ ਪੁੱਛਣ ਲੱਗਿਆ। ॥੫੫॥

"ਇਹ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਤੁਰਕ? ਅਤੇ ਦੱਸੋ ਕਿ (ਇਨ੍ਹਾਂ ਵਿਚੋਂ) ਕਿਸ ਦਾ ਮਤ[4] ਉੱਤਮ ਹੈ? ਅਤੇ ਇਹ ਵੀ ਦੱਸੋ ਕਿ ਸ੍ਰੇਸ਼ਟ ਮੁਕਤੀ ਕਿਸ ਤਥਾਂ ਪ੍ਰਾਪਤ ਹੁੰਦੀ ਹੈ? ਸਾਰੇ ਹੀ ਤੁਹਾਡੀ ਵਡਿਆਈ ਕਰਦੇ ਹਨ। ॥੫੬॥

(ਮਾਲੋ ਸ਼ੇਖ) ਦੀ ਗੱਲ ਸੁਣ ਕੇ ਗੁਰੂ ਜੀ ਨੇ ਆਖਿਆ, "ਜੋ ਅਣਜਾਣ ਲੋਕ ਹਨ, ਉਹ ਹੀ ਇਸ ਤਰਾਂ ਇਕ-ਦੂਜੇ ਬਾਰੇ (ਕੌਣ ਚੰਗਾ, ਕੌਣ ਮਾੜਾ) ਜਾਣਨਾ ਲੋੜਦੇ ਹਨ। ਉਨ੍ਹਾਂ ਦੇ ਮਨਾਂ ਵਿੱਚ ਭੁਲੇਖਾ ਹੁੰਦਾ ਹੈ, ਉਨ੍ਹਾਂ ਨੇ ਚੰਗੀ ਮੱਤ[5] ਨਹੀਂ ਪ੍ਰਾਪਤ ਕੀਤੀ। ਬੱਸ ਉਨ੍ਹਾਂ ਨੇ ਹਿੰਦੂ ਅਤੇ ਤੁਰਕਾਂ ਦੇ ਦੋ ਪੱਖ ਹੀ ਮਨ ਵਿੱਚ ਦ੍ਰਿੜ੍ਹ ਕੀਤੇ ਹੁੰਦੇ ਹਨ। ॥੫੭॥

ਉਨ੍ਹਾਂ ਨੂੰ ਅਸਲ ਤੱਤ-ਨਿਚੋੜ ਦਾ ਗਿਆਨ ਨਹੀਂ ਹੁੰਦਾ, ਐਂਵੇਂ ਦਾਅਵੇ[6] ਕਰ-ਕਰ ਝਗੜਦੇ ਹਨ। ਅਜਿਹੇ (ਲੋਕਾਂ ਨੂੰ) ਮੁਕਤੀ ਨਹੀਂ ਮਿਲ ਸਕਦੀ। ਇਹੋ ਜਿਹੇ ਲੋਕ ਹਮੇਸ਼ਾ ਜਮਾਂ ਦੀ ਮਾਰ ਸਹਿੰਦੇ ਹਨ। ॥੫੮॥

(ਗੁਰੂ ਜੀ ਦੇ ਬਚਨ) ਸੁਣ ਕੇ 'ਮਾਲੋ ਸ਼ੇਖ' ਸੜ[7] ਗਿਆ ਜੋ ਕਿ ਬਹੁਤ ਗੁੱਸੇ[8] ਵਿੱਚ ਸੀ, ਉਹ ਕਹਿਣ ਲੱਗਾ, "ਜੇਕਰ ਹਿੰਦੂ ਅਤੇ ਤੁਰਕ (ਵੱਖ ਵੱਖ) ਨਹੀਂ ਹਨ ਤਾਂ ਇਹ ਦੋਨੋਂ, ਰੱਬ ਨੇ ਕਿਉਂ ਬਣਾਏ ਹਨ? ॥੫੯॥

ਇੱਕ ਖ਼ੁਦਾ ਨੂੰ ਸਿਮਰਦਾ ਹੈ, ਇੱਕ ਰਾਮ ਨੂੰ । ਦੋਨੋਂ ਹੀ ਆਪਣੇ ਵੱਖਰੇ-ਵੱਖਰੇ[9] ਸਥਾਨਾਂ ਉੱਤੇ ਰਹਿ ਕੇ, ਇਨ੍ਹਾਂ ਦੀ ਪੂਜਾ ਕਰਦੇ ਹਨ, ਇੱਕ ਪੱਛਮ ਵੱਲ ਮੂੰਹ ਕਰਕੇ ਅਤੇ ਦੂਜਾ ਪੂਰਬ[10] ਵੱਲ (ਮੂੰਹ ਕਰਕੇ)। ਦੋਵੇਂ ਹੀ ਆਪੋ-ਆਪਣੇ ਮੱਤ (ਧਰਮ) ਨੂੰ ਉੱਤਮ ਦੱਸਦੇ ਹਨ।" ॥੬੦॥

SikhBookClub.Com

ਸ੍ਰੀ ਨਾਨਕ ਪੁਨਿ ਬੈਨ ਬਖਾਨੇ । 'ਉੱਤਮ ਭਗਤਿ ਕਬੀਰ(*6) ਮਹਾਨੇ।
ਸਬ ਤੇ ਮਹਿਮਾਂ ਤਿਨਿ ਅਧਿਕਾਈ । ਰਾਮ ਕਬੀਰ ਭੇਦ ਨਹਿੰ ਰਾਈ[1] ॥੬੧॥

ਤਿਸਨੈ ਦੋਨੋ ਕੋ ਸਮਝਾਵਾ । ਭਲੀ ਭਾਂਤਿ ਸੋ ਭਰਮ ਮਿਟਾਵਾ।
ਜਗ ਮੈਂ ਜਨਮ ਤੁਰਕ ਘਰ ਭਯੋ । ਸੁਨ ਤੂੰ ਜਿਉਂ ਤਿਨਿ ਬਰਨਨ ਕਿਯੋ॥੬੨॥

ਦੋਹਰਾ

— ਇਕ ਮਾਟੀ[2] ਇਕ ਨੈ ਕਰੇ ਏਕ ਜੋਤਿ ਸਭ ਮਾਂਹਿ।
ਇਕ ਸੋ ਬਨਜੋ ਬਨਾਉ ਤਹਿੰ ਭਰਮਹੁ ਉਰ ਮਹਿੰ ਨਾਹਿੰ॥੬੩॥

ਏਕੰਕਾਰ ਖੁਦਾਇ ਸੋ ਰਾਮ ਰਹੀਮ ਨ ਦੋਇ।
ਭੂਲੇ ਬਾਂਧੇ ਪਾਖ[3] ਜੋ ਜਨਮ ਮਰਨ ਮਹਿੰ ਸੋਇ॥੬੪॥

ਚੌਪਈ

ਦੇਹ ਕੂਰ,ਕੂਰੇ ਇਹੁ ਦਾਵੇ । ਹਿੰਦੂ ਤੁਰਕ ਮਨੈ ਜਿ ਮਨਾਵੇ।
ਘਟ[4] ਫੂਟੇ ਕਿਆ ਨਾਮ ਕਹੋਗੇ । ਤਨ ਦਾਵੇ ਬਿਨੁ ਜਬੈ ਰਹੋਗੇ॥੬੫॥

ਅਲਹਿ[5] ਅਕਾਲ[6] ਏਕ ਸ੍ਰੀ ਨਾਮੂ । ਦਾਵੇ ਕਰਹਿੰ ਪਖੰਡਨ ਧਾਮੂ।
ਜਗਤ ਝੂਠ ਮਹਿੰ ਝੂਠੇ ਦਾਵੇ । ਦ੍ਰਿਸ਼ਟਿ ਮਾਨ ਸਬ ਹੀ ਬਿਨਸਾਵੇ —॥੬੬॥

ਅਸ ਬਿਚਾਰ ਮਾਲੋ! ਉਰ ਕਰੀਏ । ਚਹਿੰ ਜਿ ਭਲਾ,ਭ੍ਰਮ ਕੋ ਪਰਹਰੀਏ'।
ਕੁਮਤਿ ਬਿਦਾਰਨ[7] ਦਿਯ ਉਪਦੇਸ਼ਾ । ਕ੍ਰਿਪਾ ਦ੍ਰਿਸ਼ਟਿ ਦੇਖੀ ਜਗਤੇਸ਼ਾ॥੬੭॥

ਦੋਹਰਾ

ਦੰਭ ਕਦਨ[8] ਕੇ ਬਚਨ ਤੇ ਅਨਦ ਸਦਨ ਸੁਨਿ ਬੈਨ ।
ਪਦ ਪੰਕਜ ਪਰ ਪਰ ਰਹਯੋ ਹਰਖਤ ਉਰਭੀ ਚੈਨ ॥੬੮॥

SikhBookClub.Com

ਗੁਰੂ ਜੀ ਨੇ ਮੁੜ ਬਚਨ ਕੀਤੇ, " ਕਬੀਰ ਮਹਾਨ ਸ੍ਰੇਸ਼ਟ ਭਗਤ ਹੋਇਆ ਹੈ। ਉਸ ਦੀ ਮਹਿਮਾ ਸਭ ਤੋਂ ਵੱਧ ਹੈ। (ਤੁਸੀਂ ਇਹ ਜਾਣ ਲਵੋ) ਰਾਮ ਅਤੇ ਕਬੀਰ ਵਿਚ ਰਤੀ[1] ਭਰ ਵੀ ਫ਼ਰਕ ਨਹੀਂ ਸੀ। ॥੬੧॥

ਉਸ ਨੇ ਦੋਨਾਂ (ਹਿੰਦੂਆਂ ਅਤੇ ਮੁਸਲਮਾਨਾਂ) ਨੂੰ ਸਮਝਾਇਆ ਸੀ। ਚੰਗੀ ਤਰਾਂ (ਉਨ੍ਹਾਂ ਦਾ ਸਾਰਾ) ਭੇਦ-ਭਰਮ ਦੂਰ ਕੀਤਾ ਸੀ। ਕਬੀਰ ਦਾ ਜਨਮ ਵੀ ਮੁਸਲਮਾਨਾਂ ਦੇ ਘਰ ਹੋਇਆ ਸੀ, ਤੂੰ (ਹੇ ਮਾਲੋਸ਼ੇਖ਼) ਸੁਣ! ਜਿਸ ਤਰਾਂ ਉਸ ਨੇ ਵਰਣਨ ਕੀਤਾ ਹੈ। ॥੬੨॥

ਦੋਹਰਾ

-(ਸਾਰੇ ਸਰੀਰ) ਇੱਕੋ ਮਿੱਟੀ[2] ਦੇ (ਬਣੇ ਹੋਏ) ਹਨ। ਸਾਰਿਆਂ ਵਿਚ (ਪਰਮਾਤਮਾ ਦੀ) ਇੱਕੋ ਹੀ ਜੋਤ ਜਗ ਰਹੀ ਹੈ। ਜੇਕਰ ਸਾਰੀ ਦੀ ਸਾਰੀ ਦੁਨਿਆਵੀ ਰਚਨਾ ਇਕੋ ਪਰਮਾਤਮਾ ਦੁਆਰਾ ਹੀ ਕੀਤੀ ਹੋਈ ਹੈ ਤਾਂ ਮਨ ਵਿਚ ਕਿਸੇ ਦੂਸਰੇ ਪ੍ਰਤੀ ਭਰਮ ਨਾ ਰੱਖੋ। ॥੬੩॥

ਖ਼ੁਦਾ ਇੱਕੋ ਹੀ ਹੈ। ਕੋਈ ਰਾਮ-ਰਹੀਮ ਦੋ ਨਹੀਂ ਹਨ। ਐਂਵੇਂ ਲੋਕ ਭਰਮਾਂ-ਭੁਲੇਖਿਆਂ ਵਿਚ ਬੰਨ੍ਹੇ ਹੋਏ ਜਨਮ-ਮਰਨ ਦੇ ਇਨ੍ਹਾਂ ਦੋ ਪੱਖਾਂ[3] ਵਿਚ ਪਏ ਹਨ। ॥੬੪॥

ਚੌਪਈ

ਇਹ ਦੇਹੀ ਝੂਠੀ (ਨਾਸ਼ਮਾਨ) ਹੈ। ਇਹ ਸਾਰੇ ਦਾਅਵੇ ਵੀ ਝੂਠੇ ਹੀ ਹਨ, ਜੋ ਹਿੰਦੂ ਜਾਂ ਤੁਰਕ ਨੂੰ (ਵੱਖੋ-ਵੱਖ) ਮੰਨਦਾ ਹੈ। ਜਦ ਇਹ (ਸਰੀਰ ਰੂਪੀ) ਘੜਾ[4] ਫੁੱਟ ਜਾਵੇਗਾ ਤਾਂ ਇਸ ਨੂੰ ਕੀ ਨਾਮ ਦਿੱਤਾ ਜਾਵੇਗਾ ਤੇ ਜਦ ਸਰੀਰ ਦੇ ਦਾਅਵੇ ਤੋਂ ਬਿਨਾਂ ਹੋ ਜਾਵੋਗੇ। ॥੬੫॥

ਅੱਲਾ[5] ਅਤੇ ਵਾਹਿਗੁਰੂ[6] ਇੱਕੋ ਹੀ ਪ੍ਰਭੂ ਦੇ ਨਾਂ ਹਨ। ਇਹ ਦਾਅਵੇ ਪਾਖੰਡੀ-ਮੂਰਖ ਲੋਕ ਹੀ ਕਰਦੇ ਹੁੰਦੇ ਹਨ। ਇਸ ਝੂਠੇ ਸੰਸਾਰ ਵਿਚ ਸਾਰੇ ਦਾਅਵੇ ਵੀ ਝੂਠੇ ਹੀ ਹਨ। ਜੋ ਦਿਖਾਈ ਦੇ ਰਿਹਾ ਹੈ, ਸਭ ਨੇ ਹੀ ਨਾਸ਼ ਹੋ ਜਾਣਾ-। ॥੬੬॥

ਹੇ ਮਾਲੋ! ਇਸ ਤਰਾਂ ਦਾ (ਤੂੰ ਵੀ) ਮਨ ਵਿਚ ਵਿਚਾਰ ਕਰ। ਜੇਕਰ ਤੂੰ ਭਲੇ ਦੀ ਗੱਲ ਚਾਹੁੰਦਾ ਹੈਂ ਤਾਂ ਇਸ ਮਨ ਦੇ ਭਰਮ ਨੂੰ ਦੂਰ ਕਰ।" ਇਸ ਤਰਾਂ ਜਗਤ-ਸੁਆਮੀ (ਗੁਰੂ ਜੀ) ਨੇ 'ਮਾਲੋ ਸ਼ੇਖ਼' ਦੀ ਖੋਟੀ ਮੱਤ ਨੂੰ ਦੂਰ[7] ਕਰਨ ਹਿਤ ਉਪਦੇਸ਼ ਦਿੱਤਾ ਸੀ। ਉਸ ਉੱਪਰ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ। ॥੬੭॥

ਦੋਹਰਾ

ਦੰਭ ਕੱਟਣਹਾਰੇ[8] ਅਤੇ ਅਨੰਦ ਦੇ ਘਰ, (ਸੁੰਦਰ) ਬਚਨ ਸੁਣ ਕੇ ਮਾਲੋ ਸ਼ੇਖ਼ (ਗੁਰੂ ਜੀ ਦੇ) ਚਰਨ-ਕਮਲਾਂ ਉੱਤੇ ਢਹਿ ਪਿਆ ਤੇ ਉਸ ਦੇ ਹਿਰਦੇ ਨੂੰ ਖੁਸ਼ੀ ਤੇ ਚੈਨ ਮਿਲ ਗਿਆ ਸੀ ॥੬੮॥

SikhBookClub.Com

ਚੌਪਈ

ਹੋਇ ਦੀਨ ਮਨ ਬਿਨੈ ਬਖਾਨੀ । 'ਅਬ ਜਾਨੇ ਤੁਮ ਸ੍ਰੀ ਗੁਨਖਾਨੀ।
ਭਯੋ ਮੁਰੀਦੰ ·ਰਾਵਰ ਕੇਰਾ । ਬਚਨ ਸੁਨਤ ਭ੍ਰਮ ਮਿਟਿ ਗਯੋ ਮੇਰਾ॥੬੯॥

ਹੋ ਖੁਦਾਇ ਮੂਰਤ ਧਰ ਆਏ । ਦਾਵੇ ਦ੍ਵੈਤ ਪਖੰਡ ਮਿਟਾਏ।
ਅਬ ਤੁਮ ਪੀਰ ਭਏ ਹੋ ਮੇਰੇ । ਉਪਜੀ ਸ਼ਾਂਤਿ ਦਰਸ ਕੋ ਹੇਰੇ॥੭੦॥

ਮੁਰ ਉਰ ਨਭ[1] ਰਵਿ[2] ਰੂਪ ਤੁਮਾਰਾ । ਬਚਨ ਕਿਰਨ ਯੁਤ ਕਰਹੁ ਬਸਾਰਾ।
ਦਿਪੈ ਸਦੀਵ ਮੋਹ ਤਮ ਨਾਸੂ । ਕਲਮਲ[3] ਉਡ ਕੋ ਮਿਟਹਿ ਪ੍ਰਕਾਸ਼ੂ॥੭੧॥

ਦੋਹਰਾ

ਪ੍ਰਸ਼ਨ ਕਹਉਂ ਇਕ ਔਰ ਮੁਝ ਜੋ ਖੁਦਾਇ ਦਰਗਾਹ।
ਕੋ ਆਦਰ ਤਹਿਂ ਪਾਵਈ ਜਿਹ ਨਕਾਰ ਕਿਤ ਨਾਹਿਂ ॥੭੨॥

ਚੌਪਈ

ਤਿਹ ਕੇ ਲੱਛਨ ਮੁਝਹਿ ਸੁਨੱਈਏ । ਜਿਹਤੇ ਦਰਗਹਿ ਠਾਕ[4] ਨ ਪੱਈਏ'।
ਬਹੁਰੋ ਸ੍ਰੀ ਪ੍ਰਭੁ ਬਚਨ ਉਚਾਰੇ ।'ਦ੍ਵੈਤੀ ਦਾਵੇ ਜਿਹ ਮਨ ਟਾਰੇ[5]॥੭੩॥

ਭਾਣਾ ਵਾਹਿਗੁਰੂ ਕੋ ਮਾਨਜੋ । ਕਲਿ ਮਹਿਂ ਕੀਰਤਿ ਨਾਮ ਬਖਾਨਜੋ ।
ਤਿਨ ਕੋ ਆਦਰ ਸਰਬ ਸਥਾਨਾਂ।ਹਰਖ਼ ਸ਼ੋਕ ਸਮ ਮਾਨ ਅਮਾਨਾ॥੭੪॥

ਨਹਿਂ ਨਕਾਰ[6] ਤਿਹ ਕੋ ਕਤ ਹੋਵਹਿ।ਸਾਚਿ ਰਤੇ ਸੋ ਸਾਚ ਬੁਗੋਵਹਿ[7]।
ਕੋਮਲ ਹਿਰਦੇ ਪਰਉਪਕਾਰੀ।ਦੁਖ ਸੁਖ ਮਹਿਂ ਸਮ ਕਰਤਿ ਬਿਚਾਰੀ'॥੭੫॥

ਦੋਹਰਾ

ਸ੍ਰੀ ਗੁਰ ਕੋ ਉਪਦੇਸ਼ ਸੁਨਿ ਪੀਰ ਥਾਪਿ ਨਿਜ ਸੋਇ।
ਭਯੋ ਮੁਰੀਦ ਅਧੀਨ ਹ੍ਵੈ ਰਿਦੇ ਪ੍ਰੇਮ ਮੈਂ ਹੋਇ॥੭੬॥

SikhBookClub.Com

ਚੌਪਈ

(ਤੇ ਫੇਰ) ਉਸ ਨੇ ਨਿਮਰ-ਮਨ ਹੋ ਕੇ ਬੇਨਤੀ ਕੀਤੀ, "ਹੇ ਗੁਣਾਂ ਦੀ ਖਾਣ (ਗੁਰੂ ਜੀ)! ਮੈਨੂੰ ਹੁਣ ਆਪ ਜੀ ਬਾਰੇ ਪਤਾ ਲੱਗਿਆ ਹੈ। ਮੈਂ ਆਪ ਜੀ ਦਾ ਸਿੱਖ ਬਣ ਗਿਆ ਹਾਂ। ਆਪ ਜੀ ਦੇ ਬਚਨ ਸੁਣ ਕੇ ਮੇਰਾ ਭਰਮ ਮਿਟ ਗਿਆ ਹੈ। ॥੬੯॥

ਆਪ ਖੁਦਾ ਹੋ। ਇਸ (ਮਨੁੱਖ) ਦੇਹੀ ਵਿਚ ਜਨਮ ਲੈ ਕੇ ਆਏ ਹੋ। ਆਪ ਨੇ ਮੇਰੇ ਸਾਰੇ ਪਾਖੰਡ, ਦਵੈਤ ਭਾਵਨਾ ਦੇ ਦਾਅਵੇ ਖ਼ਤਮ ਕਰ ਦਿੱਤੇ ਹਨ। ਹੁਣ ਤੁਸੀਂ ਮੇਰੇ ਪੀਰ ਬਣ ਗਏ ਹੋ। ਆਪ ਜੀ ਦੇ ਦਰਸ਼ਨ ਕਰਕੇ ਮੇਰੇ ਹਿਰਦੇ ਅੰਦਰ ਚੈਨ ਨੇ ਵਾਸ ਕਰ ਲਿਆ ਹੈ। ॥੭੦॥

ਮੇਰੇ ਹਿਰਦੇ ਰੂਪੀ ਅਕਾਸ਼[1] ਵਿੱਚ ਆਪ (ਗੁਰੂ ਜੀ) ਦਾ ਰੂਪ ਸੂਰਜ[2] ਸਮਾਨ ਹੈ। (ਹੇ ਪ੍ਰਭੂ) ਆਪ ਜੀ ਦੇ ਬਚਨ ਜੋ ਕਿ ਕਿਰਨਾਂ ਦਾ ਰੂਪ ਹਨ, ਇਨ੍ਹਾਂ ਸਹਿਤ ਮੇਰੇ ਅੰਦਰ ਵਾਸਾ ਕਰੋ।ਆਪ ਸਦੀਵੀ ਪ੍ਰਕਾਸ਼ ਕਰਨ ਵਾਲੇ ਤੇ ਮੋਹ ਰੂਪੀ ਹਨ੍ਹੇਰੇ ਨੂੰ ਨਾਸ਼ ਕਰਨ ਵਾਲੇ ਹੋ। ਇਹ ਪ੍ਰਕਾਸ਼ ਪਾਪਾਂ[3] ਰੂਪੀ ਤਾਰਿਆਂ ਨੂੰ ਮਿਟਾ ਦੇਣ ਵਾਲਾ ਹੈ। ॥੭੧॥

ਦੋਹਰਾ

(ਹੇ ਪ੍ਰਭੂ ਜੀ) ਮੈਂ ਇਕ ਹੋਰ ਸਵਾਲ ਕਰਨਾ ਚਾਹੁੰਦਾ ਹਾਂ ਕਿ ਕੀ ਖ਼ੁਦਾ ਦੀ ਦਰਗਾਹ ਵਿੱਚ ਮੇਰਾ ਆਦਰ ਹੋਵੇਗਾ ਅਤੇ ਕਿਤੇ ਨਕਾਰਿਆ ਤਾਂ ਨਹੀਂ ਜਾਵਾਂਗਾ। ॥੭੨॥

ਚੌਪਈ

(ਹੇ ਗੁਰੂ ਜੀਓ!) ਮੈਨੂੰ ਉਹ ਲੱਛਣ ਦੱਸੋ, ਜਿਸ ਦੇ ਕਾਰਨ (ਖ਼ੁਦਾ ਦੇ) ਦਰਬਾਰ ਵਿਚ ਰੁਕਾਵਟ[4] ਨਾ ਪਵੇ।" ਤਾਂ ਗੁਰੂ ਜੀ ਨੇ ਫੇਰ ਬਚਨ ਉਚਾਰਨ ਕੀਤੇ, "ਜਿਨ੍ਹਾਂ ਨੇ ਆਪਣੇ ਮਨਾਂ ਵਿੱਚੋਂ ਦਵੈਤ-ਭਾਵਨਾ ਦੂਰ[5] ਕਰ ਲਈ ਹੈ। ॥੭੩॥

ਅਤੇ ਪ੍ਰਭੂ ਦਾ ਭਾਣਾ ਮੰਨਿਆ ਅਤੇ ਕਲਜੁਗ ਵਿਚ (ਕਰਤਾਰ ਦੇ) ਨਾਮ ਦਾ ਜਸ ਕੀਤਾ ਹੋਵੇਗਾ, ਉਨ੍ਹਾਂ ਨੂੰ (ਇੱਥੇ ਵੀ ਤੇ ਉੱਥੇ ਵੀ) ਸਾਰੇ ਥਾਂਈਂ ਆਦਰ ਮਿਲਦਾ ਹੈ। (ਉਨ੍ਹਾਂ ਲਈ) ਖੁਸ਼ੀਆਂ-ਗ਼ਮੀਆਂ ਤੇ ਆਦਰ-ਨਿਰਾਦਰ ਸਾਰੇ ਬਰਾਬਰ ਹੀ ਹੁੰਦੇ ਹਨ। ॥੭੪॥

ਉਨ੍ਹਾਂ ਦਾ ਕਿਤੇ ਵੀ ਨਿਰਾਦਰ[6] ਨਹੀਂ ਹੁੰਦਾ। ਜੋ ਸੱਚ ਵਿਚ ਰੰਗੇ ਹੋਏ ਹੁੰਦੇ ਹਨ, ਉਹ ਸੱਚ ਹੀ ਬੋਲਦੇ[7] ਹਨ। (ਉਨ੍ਹਾਂ ਦੇ) ਹਿਰਦੇ ਕੋਮਲ ਅਤੇ ਪਰਉਪਕਾਰ ਕਰਨ ਵਾਲੇ ਹੁੰਦੇ ਹਨ ਅਤੇ ਉਹ ਦੁੱਖ-ਸੁੱਖ ਨੂੰ ਬਰਾਬਰ ਹੀ ਸਮਝਦੇ ਹਨ।" ॥੭੫॥

ਦੋਹਰਾ

ਉਸ ਨੇ (ਮਾਲੋ ਸ਼ੇਖ) ਗੁਰੂ ਜੀ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਨੂੰ ਆਪਣਾ ਪੀਰ ਮੰਨ ਲਿਆ। ਉਹ ਨਿਮਰ ਹੋ ਕੇ ਗੁਰੂ ਜੀ ਦਾ ਮੁਰੀਦ ਬਣ ਗਿਆ ਸੀ ਅਤੇ ਹਿਰਦੇ ਵਿੱਚ ਬਹੁਤ ਪ੍ਰੇਮ ਜਾਗ ਪਿਆ ਸੀ। ॥੭੬॥

SikhBookClub.Com

ਚੌਪਈ

ਕੇਤਿਕ ਦਜੋਸ[1] ਰਹਜੋ ਪ੍ਰਭੁ ਪਾਸੂ । ਗਯੋ ਸ਼ੇਖ ਪੁਨਿ ਅਪਨ ਅਵਾਸੂ[2]।
ਰਿਦੇ ਧਰੇ ਸ੍ਰੀ ਨਾਨਕ ਧਜਾਨਾ । ਬੈਠੇ ਜਹਿਂ ਨੁਤਿ[3] ਕਰਹਿ ਬਖਾਨਾ॥੭੭॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਮਾਲੋ ਸ਼ੇਖ ਪ੍ਰਸੰਗ' ਬਰਨਨੰ ਨਾਮ ਚਾਲੀਸਮੋਂ ਧਜਾਇ ॥੪੦॥

SikhBookClub.Com

ਚੌਪਈ

(ਉਹ) ਕਿੰਨੇ ਹੀ ਦਿਨ[1] ਗੁਰੂ ਜੀ ਪਾਸ ਰਿਹਾ ਤੇ ਫੇਰ ਆਪਣੇ ਘਰ[2] ਚਲਾ ਗਿਆ। (ਜਿਥੇ ਵੀ ਉਹ ਹੁੰਦਾ) ਹਿਰਦੇ ਵਿਚ ਗੁਰੂ ਨਾਨਕ ਜੀ ਦਾ ਧਿਆਨ ਧਰਦਾ ਤੇ ਜਿਥੇ ਬੈਠਦਾ ਉੱਥੇ (ਗੁਰੂ ਜੀ ਦੀ) ਮਹਿਮਾ[3] ਦਾ ਕਥਨ ਕਰਦਾ। ॥੭੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਮਾਲੋ ਸ਼ੇਸ਼" ਨਾਮੀ ਚਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਜਦ ਅਜਿੱਤਾ ਆਪਣੀ ਕਰਾਮਾਤੀ ਸ਼ਕਤੀ ਰਾਹੀਂ ਮੋਏ ਹੋਏ ਪੰਛੀਆਂ ਨੂੰ ਜਿਉਂਦਾ ਕਰ ਰਿਹਾ ਸੀ ਤੇ ਸਿੱਧ ਵੀ ਕੋਲ ਬੈਠੇ ਹੋਏ ਸਨ। ਤਾਂ ਗੁਰੂ ਜੀ ਨੇ ਉਸ ਦਾ ਭਰਮ ਤੋੜਨ ਲਈ 'ਅਜਿੱਤਾ' ਵੱਲ ਵੇਖ ਕੇ ਹੀ ਉਸ ਦੀ ਸਾਰੀ ਸ਼ਕਤੀ ਖੋਹ ਲਈ ਤੇ ਸਿੱਧ ਲੋਕਾਂ ਦਾ ਹੰਕਾਰ ਦੂਰ ਕਰ ਦਿੱਤਾ ਸੀ। ਉਸ ਵੇਲੇ ਇਕ ਤਰਖਾਣ ਆਇਆ, ਜਿਸ ਦਾ ਇੱਕੋ ਹੀ ਲੜਕਾ ਸੀ। ਉਸ ਨੇ ਆਪਣਾ ਲੜਕਾ ਗੁਰੂ ਜੀ ਦੇ ਭੇਟ ਕਰ ਦਿੱਤਾ ਤੇ ਕਿਹਾ ਕਿ ਇਹ ਆਪ ਦੀ ਅਮਾਨਤ ਹੈ, ਜੋ ਸਿੱਖੀ ਦੇ ਪਰਤਾਪ ਸਦਕਾ ਹੀ ਜਿਉਂਦਾ ਰਿਹਾ ਹੈ। ਤਾਂ ਗੁਰੂ ਜੀ ਨੇ ਹੁਕਮ ਦਿੱਤਾ ਕਿ ਇਸ ਬੱਚੇ ਨੂੰ ਅਗਨੀ ਭੇਟ ਕਰ ਦਿੱਤਾ ਜਾਵੇ। ਪਰ ਜਦ ਉਹ ਬੱਚਾ ਹੁਕਮ ਮੰਨ ਕੇ ਅਗਨੀ ਵਿਚ ਜਾ ਬੈਠਾ ਤਾਂ ਅੱਗ ਨੇ ਉਸ ਦਾ ਕੁਝ ਵੀ ਨਹੀਂ ਸੀ ਵਿਗਾੜਿਆ। ਫਿਰ ਗੁਰੂ ਜੀ ਨੇ ਉਸ ਨੂੰ ਆਸ਼ੀਰਵਾਦ ਦਿੱਤਾ ਕਿ ਤੇਰੇ ਬੋਲ ਪੂਰੇ ਹੋਣਗੇ, ਮੰਗ ਲੈ ਜੋ ਮੰਗਣਾ ਹੈ। ਤਾਂ ਉਸ ਬੱਚੇ ਨੇ ਗੁਰੂ ਜੀ ਨੂੰ ਕਿਹਾ ਕਿ ਅਜਿੱਤੇ ਦੀ ਅਤੇ ਸਿੱਧਾਂ ਦੀ ਖੋਹੀ ਹੋਈ ਸ਼ਕਤੀ ਵਾਪਸ ਕਰ ਦੇਵੋ। ਇਸ ਪਿੱਛੋਂ ਸਿੱਧਾਂ ਦਾ ਹੰਕਾਰ ਜਾਂਦਾ ਰਿਹਾ ਸੀ ਤੇ ਉਹ ਕਹਿ ਰਹੇ ਸਨ, "ਧੰਨ ਤੁਸੀਂ ਹੋ, ਤੁਹਾਡੀ ਸਿੱਖੀ ਧੰਨ ਹੈ ਅਤੇ ਤੁਹਾਡੇ ਸਿੱਖ ਪਰਉਪਕਾਰੀ ਹਨ।"

ਫਿਰ ਭੰਗਰਨਾਥ ਜੋ ਕਿ ਹੰਕਾਰ ਵਿਚ ਗ੍ਰਸਿਆ ਹੋਇਆ ਸੀ, ਉਹ ਕਹਿਣ ਲੱਗਾ ਕਿ ਮੈਂ ਨਾਨਕ ਗ੍ਰਿਹਸਤੀ ਦੇ ਅੱਗੇ ਕਿਉਂ ਨੀਵਾਂ ਹੋਵਾਂ? ਉਹ ਆਪਣੀ ਸ਼ਕਤੀ ਵਿਖਾਉਣ ਲੱਗਾ ਤਾਂ ਗੁਰੂ ਜੀ ਨੇ ਉਸ ਮਗਰ ਆਪਣੀ ਖੜਾਂਵ ਉਡਾ ਦਿੱਤੀ ਤੇ ਗੁਰੂ ਜੀ ਦੀ ਖੜਾਂਵ ਉਸ ਦੇ ਸਿਰ ਵਿਚ ਵਾਰ-ਵਾਰ ਵੱਜਣ ਲੱਗ ਪਈ। ਉਹ ਸਮਝ ਗਿਆ ਕਿ ਹੁਣ ਇਹ ਖੜਾਂਵ ਹਟੇਗੀ ਨਹੀਂ। ਉਸ ਦਾ ਗੁਮਾਨ ਮੱਠਾ ਪੈ ਗਿਆ ਤੇ ਉਹ ਗੁਰੂ ਜੀ ਅੱਗੇ ਨਿਮਰ ਹੋ ਗਿਆ ਸੀ।

ਫਿਰ ਗੁਰੂ ਜੀ ਨੇ ਮਾਲੋ ਸ਼ੇਖ ਦਾ ਹੰਕਾਰ ਦੂਰ ਕੀਤਾ, ਜੋ ਮੁਸਲਮਾਨਾਂ ਅਤੇ ਹਿੰਦੂ ਲੋਕਾਂ ਵਿਚ ਦਵੈਤ ਭਾਵਨਾ ਨਾਲ ਵੇਖ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਹਿੰਦੂ ਤੁਰਕ ਦੋਵੇਂ ਪ੍ਰਭੂ ਦੀ ਹੀ ਰਚਨਾ ਹਨ। ਪ੍ਰਭੂ ਦਾ ਭਾਣਾ ਮੰਨੋ ਅਤੇ ਨਾਮ-ਸਿਮਰਨ ਕੀਤਿਆਂ ਅਗਲੀ ਦਰਗਾਹ ਵਿਚ ਇਜ਼ਤ-ਮਾਨ ਮਿਲਦਾ ਹੈ। ਉਸ ਦੀ ਖੋਟੀ ਮੱਤ ਦੂਰ ਕਰ ਦਿੱਤੀ ਸੀ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ ਤੇ ਨਾਮ-ਸਿਮਰਨ ਕਰਨ ਲੱਗ ਪਿਆ ਸੀ।

SikhBookClub.Com

ਫੁੱਟ-ਨੋਟ

(*1) ਰੱਬੀ ਰਜ਼ਾ ਜਾਂ ਹੁਕਮ ਦੇ ਵਿਰੁੱਧ ਕੋਈ ਕਰਾਮਾਤ ਦਿਖਾਉਣਾ ਗੁਰਮਤਿ ਵਿਚ ਪ੍ਰਵਾਨਤ ਨਹੀ । ਗੁਰਬਾਣੀ ਵਿਚ ਰਿਧੀਆਂ, ਸਿੱਧੀਆਂ, ਕਰਾਮਾਤਾਂ ਨੂੰ 'ਅਵਰਾ ਸਾਦ' ਕਿਹਾ ਗਿਆ ਹੈ । ਵਧੇਰੇ ਵਿਸਥਾਰ ਲਈ ਵੇਖੋ, 'ਸ੍ਰੀ ਗੁਰ ਨਾਨਕ ਪ੍ਰਕਾਸ਼' ਪੂਰਬਾਰਧ (ਭਾਗ ਦੂਜਾ) ਦੀ ਪ੍ਰਸਤਾਵਨਾ ਵਿਚਲਾ ਲੇਖ "ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਕਰਾਮਾਤਾਂ' ।

(*2) ਸੁੱਖਣਾ ਸੁੱਖ ਕੇ ਬੱਚਾ ਪ੍ਰਾਪਤ ਕਰਨਾ ਅਤੇ ਫੇਰ ਉਸ ਬੱਚੇ ਨੂੰ ਗੁਰੂ-ਘਰ ਭੇਟ ਕਰ ਦੇਣਾ ਪੁਰਾਤਨ ਚਲੀ ਆ ਰਹੀ ਪ੍ਰਥਾ ਹੈ। ਸਿੱਖ ਧਰਮ ਵਿੱਚ ਭਾਈ ਮਨੀ ਸਿੰਘ ਨੂੰ ਗੁਰੂ ਤੇਗ ਬਹਾਦਰ ਜੀ ਦੇ ਭੇਟ ਕਰ ਦਿੱਤਾ ਸੀ, ਜਿਸ ਨੂੰ ਪਹਿਲਾਂ ਮਨੀਆ ਕਹਿੰਦੇ ਸਨ । ਛੋਟੀ ਉਮਰ ਤੋਂ ਹੀ ਉਹ ਦਸਮੇਸ਼-ਪਿਤਾ ਦੀ ਸੇਵਾ ਵਿੱਚ ਰਿਹਾ ਅਤੇ ਬਾਅਦ ਵਿੱਚ ਉਨ੍ਹਾਂ ਪਾਸੋਂ ਅੰਮ੍ਰਿਤ ਛਕ ਕੇ ਮਨੀਏ ਤੋਂ, ਮਨੀ ਸਿੰਘ ਦੀ ਪਦਵੀ ਪ੍ਰਾਪਤ ਕੀਤੀ।

(*3) ਸੰਗਤੀਆ ਤਰਖਾਣ ਸੀ। ਅੱਚਲ ਦੇ ਸਥਾਨ 'ਤੇ ਇਹ ਗੁਰੂ ਨਾਨਕ ਦੇਵ ਜੀ ਦਾ ਇੱਕ ਸ਼ਰਧਾਵਾਨ ਸਿੱਖ ਹੋਇਆ। ਇਹ ਬਹੁਤ ਪਰਉਪਕਾਰੀ ਅਤੇ ਬੜੀ ਕਰਨੀਵਾਲਾ ਸੀ।

(*4) ਜ਼ਿਲ੍ਹਾ ਗੁਰਦਾਸਪੁਰ ਵਿੱਚ ਬਟਾਲੇ ਤੋਂ ਦੋ ਕੋਹ ਦੱਖਣ ਵੱਲ ਮਹਾਂਦੇਵ ਦਾ ਇਕ ਮੰਦਰ ਹੈ ਜਿਸ ਦਾ ਨਾਮ 'ਅੱਚਲ' ਹੈ, ਜਿਸ ਕਰਕੇ ਉਸ ਪਿੰਡ ਦਾ ਨਾਮ ਵੀ 'ਅੱਚਲ' ਪੈ ਗਿਆ। ਬਟਾਲੇ ਨਾਲ ਜੁੜ ਕੇ ਇਸ ਨੂੰ ਅੱਚਲ-ਵਟਾਲਾ ਆਖਿਆ ਜਾਂਦਾ ਹੈ। ਗੁਰੂ ਜੀ ਸ਼ਿਵਰਾਤਰੀ ਦੇ ਮੇਲੇ 'ਤੇ ਇੱਥੇ ਆਏ ਸਨ। ਉਨ੍ਹਾਂ ਦੀ ਗੋਰਖਪੰਥੀਆਂ ਨਾਲ ਚਰਚਾ ਹੋਈ। ਇਸ ਚਰਚਾ ਦਾ ਕਥਨ ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਪਉੜੀ 39ਵੀਂ ਵਿੱਚ ਕੀਤਾ ਹੈ:

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।

ਗੁਰੂ ਸਾਹਿਬ ਜਿਸ ਸਥਾਨ 'ਤੇ ਬਿਰਾਜੇ ਸਨ, ਉੱਥੇ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦਾ ਨਾਮ ਅੱਚਲ-ਸਾਹਿਬ ਹੈ ।

(*5) ਮਾਲੋ ਸ਼ੇਖ ਇਕ ਵਿਦਵਾਨ ਮੁਸਲਮਾਨ ਸੀ। ਇਹ ਗੁਰੂ ਜੀ ਕੋਲ ਕਰਤਾਰਪੁਰ ਵਿਖੇ ਚਰਚਾ ਕਰਨ ਆਇਆ ਸੀ ਅਤੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਇਹ ਉਨ੍ਹਾਂ ਦਾ ਸੇਵਕ ਬਣ ਗਿਆ ਸੀ। ਭਾਈ ਗੁਰਦਾਸ ਜੀ ਨੇ, ਮਾਲੋ ਸ਼ੇਖ ਬਾਰੇ, ਵਾਰ 11, ਪਉੜੀ 13 ਵਿੱਚ ਇਸ ਤਰਾਂ ਵਰਣਨ ਕੀਤਾ ਹੈ:

ਮਾਲੋ ਮਾਂਗਾ ਸਿਖ ਦੋਇ ਗੁਰਬਾਣੀ ਰਸਿ ਰਸਿਕ ਬਿਲਾਸੀ॥

(*6) ਭਗਤਾਂ ਦੀ ਬਾਣੀ ਵਿੱਚ ਸਭ ਤੋਂ ਪਹਿਲਾਂ ਕਬੀਰ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਹੈ। ਬ੍ਰਾਹਮਣਵਾਦ ਦੇ ਵਿਰੁੱਧ ਸਭ ਤੋਂ ਪਹਿਲਾਂ ਇਨ੍ਹਾਂ ਨੇ ਹੀ ਝੰਡਾ ਚੁੱਕਿਆ। ਕਬੀਰ ਜੀ ਨੇ ਜਾਤੀ-ਅਭਿਮਾਨ ਦਾ ਖੰਡਨ ਕੀਤਾ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀ ਆਇਆ॥

(ਗੁ. ਗ੍ਰੰ. ਸਾਹਿਬ, ਪੰਨਾ 324)

SikhBookClub.Com

ਅਧਜਾਯ ਇਕਤਾਲੀਵਾਂ

(ਦਸਮਗੁਰ ਮੰਗਲ। ਉਬਾਰੇ ਖਾਨ(*1), ਅਦ੍ਰਹਮਾਨ)

ਦੋਹਰਾ

ਗੁਰੁ ਗੋਬਿੰਦ ਸਿੰਘ ਸਿਮਰ ਨਿਤ ਅਪਰ[1] ਨ ਜਾਂਹਿ ਸਮਾਨ।
ਜਿਯਤ ਰਾਜ ਸੁਖ ਸਰਬਦਾ[2] ਮਰਤਿ ਮੁਕਤਿ ਦੇ ਦਾਨਿ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨਿ ਕਥਾ ਮਹਾਂਨਾ । ਮਾਲੋ ਮੀਤ ਹੁਤੋ ਇਕ ਖਾਨਾ।
ਸੋ ਜਬ ਮਿਲਨ ਹੇਤ ਢਿਗ ਆਵਾ । ਕਰਕੈ ਹਰਖ 'ਸਲਾਮ' ਅਲਾਵਾ॥੨॥

ਬੈਠਜੋ ਨਿਕਟ ਧਰੈ ਅਨੁਰਾਗਾ । ਤਬ ਗੁਰ ਕੇ ਗੁਨ ਗਾਵਨ ਲਾਗਾ।
'ਸੁਨਹੁ ਉਬਾਰੇ ਖਾਂ ਜੁ ਖੁਦਾਇ । ਨਾਨਕ ਨਾਮ ਕਹਾਯੋ ਆਇ॥੩॥

ਜਿਹ ਗੁਨ ਨਾਗਰਾਜ[3] ਨਿਤ ਗਾਵਤ । ਤੱਦਪਿ ਨਹੀਂ ਪਾਰ ਕੋ ਪਾਵਤ ।
ਸੋ ਕੈਸੇ ਮੈਂ ਮੁਖ ਤੇ ਭਾਖੋਂ।ਸਦਾ ਨਾਮ ਕੋ ਉਰ ਮਹਿਂ ਰਾਖੋਂ॥੪॥

ਤੁਮ ਅਬ ਜਾਹੁ ਦਰਸ ਕੋ ਕਰੀਏ । ਉਰ ਕੋ ਸਰਬ ਭਰਮ ਪਰਹਰੀਏ'।
ਅਸ ਸੁਨ ਸ੍ਰੀ ਗੁਰ ਕੇਰ ਪ੍ਰਸੰਸੂ । ਤੂਰਨ[4] ਚਲਜੋ ਖਾਨ ਜਿਸ ਬੰਸੂ॥੫॥

ਆਇ 'ਸਲਾਮਾਲੇਕਮ' ਕਰਕੈ । ਬੈਠਜੋ ਨਿਕਟਿ ਹਰਖ ਉਰ ਭਰਕੈ ।
ਕਹਜੋ 'ਬਡੋ ਮਤਿ ਹਿੰਦੂ ਤੁਰਕਾ[5]।ਉਚਰਹੁ ਤਪਾ ਭੇਦ ਨਿਜ ਉਰ ਕਾ'॥੬॥

ਸ੍ਰੀ ਗੁਰ ਭਨਜੋ 'ਪਖ ਜੋ ਦੋਊ।ਚਾਰ ਦਿਵਸ ਕੇ ਜਾਨਹੁ ਸੋਊ।
ਦੇਹ ਮ੍ਰਿਤਕ ਮਾਟੀ[6] ਰਲ ਜਾਹਿ।ਮੂਰਖ ਬਾਦਹਿਂ[7] ਜਨਮ ਗਵਾਹਿਂ॥੭॥

SikhBookClub.Com

ਅਧਿਆਇ ਇਕਤਾਲੀਵਾਂ
(ਉਬਾਰੇਖ਼ਾਨ ਅਤੇ ਅਦ੍ਰਹਮਾਨ ਦਾ ਮਿਲਾਪ)

ਦੋਹਰਾ

ਗੁਰੂ ਗੋਬਿੰਦ ਸਿੰਘ ਜੀ ਨੂੰ ਸਦਾ ਸਿਮਰੋ, ਜਿਨ੍ਹਾਂ ਦੇ ਸਮਾਨ ਹੋਰ[1] (ਦੂਸਰਾ) ਕੋਈ ਨਹੀਂ ਹੈ। ਜੋ ਜਿਉਂਦਿਆਂ ਨੂੰ ਹਮੇਸ਼ਾ[2] ਸ੍ਰੇਸ਼ਟ ਸੁੱਖ ਦਿੰਦੇ ਹਨ ਅਤੇ ਮਰਨ ਸਮੇਂ ਮੁਕਤੀ ਦਾ ਦਾਨ ਦਿੰਦੇ ਹਨ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਹੇ ਗੁਰੂ ਅੰਗਦ ਦੇਵ ਜੀਓ! (ਅੱਗੇ ਹੋਰ) ਮਹਾਨ ਕਥਾ ਸੁਣੋ। ਮਾਲੋ ਸ਼ੇਖ਼ ਦਾ ਇਕ ਖ਼ਾਨ ਮਿੱਤਰ ਸੀ। ਜਦੋਂ ਉਹ (ਉਸ ਨੂੰ) ਮਿਲਣ ਲਈ ਆਇਆ ਤੇ ਖ਼ੁਸ਼ ਹੋ ਕੇ, ਉਸ ਨੇ ਸਲਾਮ ਕੀਤੀ ॥੨॥

ਤੇ ਜਦ ਉਹ ਪ੍ਰੇਮ ਧਾਰ ਕੇ ਕੋਲ ਆਣ ਬੈਠਾ ਤਾਂ ਮਾਲੋ ਸ਼ੇਖ਼ ਗੁਰੂ ਜੀ ਦੀ ਉਸਤਤੀ ਕਰਦੇ ਹੋਏ ਕਹਿਣ ਲੱਗਾ, " ਉਬਾਰੇਖ਼ਾਨ! ਸੁਣੋ, ਜੋ ਖ਼ੁਦਾ ਹੈ ਉਹ ਆਇਆ ਹੋਇਆ ਹੈ, ਉਸ ਦਾ ਨਾਮ ਨਾਨਕ ਹੈ। ॥੩॥

ਸ਼ੇਸ਼ਨਾਗ[3] ਵੀ ਰੋਜ਼ਾਨਾ ਜਿਸ ਦੇ ਗੁਣ ਗਾਇਨ ਕਰਦਾ ਹੈ ਪਰ ਫੇਰ ਵੀ ਉਹ ਉਸ ਦਾ ਪਾਰ ਨਹੀਂ ਪਾ ਸਕਦਾ। ਮੈਂ ਉਨ੍ਹਾਂ ਦੀ (ਮਹਿਮਾ) ਬਾਰੇ ਮੁੱਖ ਤੋਂ ਕਿਵੇਂ ਦੱਸਾਂ? ਮੈਂ ਤਾਂ ਉਨ੍ਹਾਂ ਦੇ ਨਾਮ ਨੂੰ ਆਪਣੇ ਮਨ ਵਿਚ ਸਦਾ ਲਈ ਵਸਾਇਆ ਹੋਇਆ ਹੈ। ॥੪॥

ਤੂੰ ਹੁਣ (ਉਨ੍ਹਾਂ ਦੇ) ਦਰਸ਼ਨ ਕਰਨ ਲਈ ਜਾ ਅਤੇ ਆਪਣੇ ਮਨ ਦੇ ਸਾਰੇ ਭਰਮਾਂ ਨੂੰ ਦੂਰ ਕਰ ਲੈ।" ਇਸ ਤਰਾਂ ਗੁਰੂ ਜੀ ਦੀ ਵਡਿਆਈ ਸੁਣ ਕੇ ਤੁਰੰਤ[4] ਹੀ ਉਹ (ਉਬਾਰੇਖ਼ਾਨ) ਚੱਲ ਪਿਆ, ਜੋ ਬੰਸੂ-ਜਾਤ ਦਾ ਪਠਾਣ ਸੀ। ॥੫॥

ਉਹ ਗੁਰੂ ਜੀ ਕੋਲ ਆ ਕੇ 'ਸਲਾਮਾਲੇਕਮ' ਕਰਕੇ, ਪਰਸੰਨ ਹੋ ਕੇ ਬੈਠ ਗਿਆ। ਕਹਿਣ ਲੱਗਿਆ, "ਹੇ ਤਪਾ ਜੀ! ਹਿੰਦੂ ਮੱਤ ਸ੍ਰੇਸ਼ਟ ਹੈ ਕਿ ਮੁਸਲਮਾਨ[5]? ਤੁਸੀਂ ਆਪਣੇ ਮਨ ਦੇ ਵਿਚਾਰ ਮੁਤਾਬਕ ਇਸ ਦਾ ਭੇਦ ਦੱਸੋ। ॥੬॥

ਗੁਰੂ ਜੀ ਨੇ ਫ਼ਰਮਾਇਆ, " ਇਹ ਦੋਨੋਂ ਪੱਖ ਹੀ ਚੌਹਾਂ-ਦਿਨਾਂ ਦੇ ਪਰਾਹੁਣੇ ਹਨ। ਮਿਰਤਕ-ਦੇਹ ਮਿੱਟੀ[6] ਵਿਚ ਰਲ ਜਾਂਦੀ ਹੈ (ਤਾਂ ਕੀ ਹਿੰਦੂ ਤੇ ਕੀ ਮੁਸਲਮਾਨ?) ਮੂਰਖ-ਲੋਕ ਇਸ ਫ਼ਜ਼ੂਲ ਦੇ ਝਗੜੇ ਵਿਚ ਹੀ ਆਪਣਾ ਜੀਵਨ ਬਿਅਰਥ[7] ਗੁਆ ਲੈਂਦੇ ਹਨ। ॥੭॥

SikhBookClub.Com

ਦੋਹਰਾ

ਭੂਲੇ ਮਗ ਪਾਵਹਿਂ ਨਹੀਂ ਜਾਇਂ ਨਿਰੇਪਦ[1] ਸੋਇ।
ਸੁਖ ਪ੍ਰਾਪਤਿ ਤਿਨ ਹੋਤ ਹੈ ਮਾਨਤ ਆਇਸੁ[2] ਜੋਇ॥੮॥

ਚੌਪਈ

ਪ੍ਰੇਮ ਭਗਤਿ ਕੀਰਤਿ ਗੁਨ ਗਾਵਤਿ । ਸੋ ਜਗ ਮਹਿਂ ਨਹਿਂ ਆਵਤ ਜਾਵਤ ।
ਬੰਦਾ ਹੋਇ ਬੰਦਗੀ ਕਰੈ । ਭੂਖਨ ਨਾਮ ਕੰਠ[3] ਮਹਿਂ ਧਰੈ॥੯॥

ਬੁਜਰਕ[4] ਸੰਗਤਿ ਸਮਾਂ ਬਿਤਾਵੈ । ਦਿਲ ਤੇ ਦਾਵਾ ਦੂਰਿ ਗਵਾਵੈ।
ਸਿਰਜੇ ਇਕਸਮ ਸਿਰਜਨਹਾਰੂ । ਬਾਂਧਹਿਂ ਦਾਵੇ ਕੂਰ ਗਵਾਰੂ॥੧੦॥

ਕਰਤ ਬਾਦ[5] ਦੋਊ ਖਪਿ ਜਾਇਂ । ਬਿਨ ਮਗ ਪਾਏ ਨਰਕ ਸਿਧਾਇਂ।
ਭਰਮੇ ਭੂਲੇ ਆਵਹਿਂ ਜਾਈ । ਸਤਿਗੁਰ ਮਿਲੈਂ ਤ ਦੇਹਿਂ ਬਤਾਈ'॥੧੧॥

ਦੋਹਰਾ

ਸੁਨਤ ਉਬਾਰੇ ਖਾਂਨ ਕੋ ਪ੍ਰੇਮ ਭਯੋ ਮਨ ਆਇ।
ਕਹੈ 'ਤਪਾ ਜੀ! ਚਰਨ ਨਿਜ ਮੋਕੋ ਦਰਸ ਦਿਖਾਇ॥੧੨॥

ਚੌਪਈ

ਜੈਸਾ ਸ਼੍ਰਵਨ ਸੁਨਜੋ ਮੈ ਤੁਮਕੋ । ਤੈਸੇ ਦਰਸ ਭਯੋ ਬਿਨ ਭ੍ਰਮ ਕੋ।
ਮੋਰ ਮਨੋਰਥ ਪੂਰਹੁ ਸੁਆਮੀ । ਕਰਹੁ ਕ੍ਰਿਤਾਰਥ[6] ਅੰਤਰਜਾਮੀ'॥੧੩॥

ਆਸਨ ਕਰ ਅਸੀਨ[7] ਸ੍ਰੀ ਨਾਨਕ । ਸਬ ਸਰੀਰ ਪਰ ਬਸਤ੍ਰ ਸੁ ਤਾਨਕ[8]।
ਸੁਨੀ ਬਿਨੈ ਕਰੁਨਾਨਿਧਿ ਜਬਹੀ । ਨਿਜ ਪਗ ਬਹਿਰ ਨਿਕਾਸੇ ਤਬਹੀ॥੧੪॥

ਜਿਨ ਕੋ ਮੁਨਿ ਜਨਿ ਧਜਾਨ ਧਰਤ ਹੈਂ । ਸੁਰ ਸੁਰਿੰਦ[9] ਜਿਂਹ ਨਮੋ ਕਰਤ ਹੈਂ।
ਸਿਖ ਸੇਵਕ ਜਿਹ ਅਨਿਕ ਉਧਾਰੇ । ਕਵਿ ਤਿਨ ਪਰ ਜਾਵਤ ਬਲਿਹਾਰੇ॥੧੫॥

SikhBookClub.Com

ਦੋਹਰਾ

ਇਨ੍ਹਾਂ ਭੁੱਲਿਆਂ-ਭਟਕਿਆਂ ਨੂੰ ਮਾਰਗ ਨਹੀਂ ਮਿਲਦਾ। ਉਹ ਨਰਕਾਂ[1] ਵਿਚ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ ਹੀ ਸੁੱਖ ਪ੍ਰਾਪਤ ਹੋਇਆ ਕਰਦਾ ਹੈ, ਜੋ ਪ੍ਰਭੂ ਦੇ ਹੁਕਮ[2] ਨੂੰ ਮੰਨਦੇ ਹਨ। ॥੮॥

ਚੌਪਈ

ਜੋ ਪ੍ਰੇਮਾ-ਭਗਤੀ ਕਰਦੇ ਹੋਏ (ਪ੍ਰਭੂ ਦੇ) ਗੁਣਾਂ ਦਾ ਗਾਇਣ ਕਰਦੇ ਹਨ, ਉਹ ਸੰਸਾਰ ਦੇ ਆਵਾਗਵਨ ਦੇ ਚੱਕਰਾਂ ਤੋਂ ਮੁਕਤ ਹੋ ਜਾਂਦੇ ਹਨ। ਆਦਮੀ ਨੂੰ ਨਾਮ ਰੂਪੀ ਗਹਿਣੇ ਨੂੰ ਗਲੇ[3] ਵਿੱਚ ਧਾਰਨ ਕਰਕੇ (ਕਰਤਾਰ ਦੀ) ਬੰਦਗੀ ਕਰਨੀ ਚਾਹੀਦੀ ਹੈ। ॥੯॥

ਚਿੱਤ ਵਿੱਚੋਂ (ਸਾਰੇ) ਦਾਅਵੇ ਮੇਟ ਦੇਵੇ ਤੇ ਆਪਣਾ ਸਮਾਂ ਸੰਤਾਂ[4] ਦੀ ਸੰਗਤ ਵਿਚ ਬਤੀਤ ਕਰੇ। ਉਸ ਕਰਤਾ ਸਿਰਜਣਹਾਰ ਨੇ, ਇਹ ਸਾਰੇ ਜੀਵ ਇੱਕ-ਸਮਾਨ ਹੀ ਬਣਾਏ ਹੋਏ ਹਨ, ਪਰ ਮੂਰਖ ਲੋਕ ਝੂਠ ਦੇ ਦਾਅਵੇ ਬੰਨ੍ਹੀ ਫਿਰਦੇ ਹਨ। ॥੧੦॥

ਇਹ ਦੋਨੋਂ ਹੀ, ਝਗੜੇ[5] ਕਰ-ਕਰ ਕੇ ਮਰ ਮੁੱਕ ਜਾਂਦੇ ਹਨ ਤੇ ਬਿਨਾਂ (ਸਹੀ) ਮਾਰਗ ਪ੍ਰਾਪਤ ਕੀਤਿਆਂ, ਨਰਕਾਂ ਵਿੱਚ ਜਾ ਪੈਂਦੇ ਹਨ। ਇਸ ਤਰਾਂ ਭਰਮ-ਭੁਲੇਖਿਆਂ ਵਿਚ (ਪਏ ਰਹੇ ਕਾਰਨ)ਆਵਾਗਵਨ ਦੇ ਚੱਕਰ ਵਿੱਚ ਪਏ ਰਹਿੰਦੇ ਹਨ। ਕੋਈ ਸੱਚਾ ਗੁਰੂ ਮਿਲ ਜਾਵੇ ਤਾਂ ਉਹ ਹੀ (ਇਸ ਸੱਚੇ ਰਾਹ ਬਾਬਤ) ਦੱਸ ਦੇਵੇ। ॥੧੧॥

ਦੋਹਰਾ

(ਗੁਰੂ ਜੀ ਦੇ) ਇਹ ਬਚਨ ਸੁਣ ਕੇ, ਪ੍ਰੇਮ ਵਿੱਚ ਉਬਾਰੇਖ਼ਾਨ ਦਾ ਮਨ ਭਰ ਆਇਆ ਤੇ ਉਹ ਕਹਿਣ ਲੱਗਾ, "ਹੇ ਤਪਾ ਜੀ! ਮੈਨੂੰ ਆਪਣੇ ਚਰਨਾਂ ਦੀ ਛੁਹ ਪ੍ਰਾਪਤ ਕਰਵਾਵੋ ਜੀ। ॥੧੨॥

ਚੌਪਈ

ਜਿਸ ਤਰਾਂ ਤੁਹਾਡੇ ਬਾਰੇ ਮੈਂ ਬਚਨ ਕੰਨੀਂ ਸੁਣੇ ਸਨ, ਵੈਸੇ ਹੀ ਆਪ ਜੀ ਦੇ ਅਨੰਦ-ਸਰੂਪ ਦਰਸ਼ਨ ਪਾ ਲਏ ਹਨ। ਹੇ ਮੇਰੇ ਮਾਲਕ! ਹੇ ਘਟ-ਘਟ ਦੀ ਜਾਨਣਹਾਰ! ਮੇਰੇ ਉੱਤੇ ਕਿਰਪਾ[6] ਕਰੋ।ਮੇਰੀ ਇੱਛਾ ਪੂਰੀ ਕਰੋ। ॥੧੩॥

ਗੁਰੂ ਨਾਨਕ ਦੇਵ ਜੀ ਆਸਣ ਲਾਈ ਬੈਠੇ[7] ਸਨ, ਸਾਰੇ ਸਰੀਰ ਦੁਆਲੇ ਕੱਪੜੇ ਦੀ ਬੁੱਕਲ[8] ਮਾਰੀ ਹੋਈ ਸੀ। ਤਾਂ ਦਇਆ ਦੇ ਖ਼ਜ਼ਾਨੇ (ਗੁਰੂ ਜੀ) ਨੇ ਜਿਸ ਵੇਲੇ (ਉਬਾਰੇਖ਼ਾਨ) ਦੀ ਬੇਨਤੀ ਸੁਣੀ ਤਾਂ ਉਨ੍ਹਾਂ ਨੇ ਉਸੇ ਵੇਲੇ ਆਪਣੇ ਪੈਰ ਬਾਹਰ ਕੱਢ ਲਏ। ॥੧੪॥

(ਉਹ ਪਾਵਨ ਚਰਨ-ਕਮਲ) ਜਿਨ੍ਹਾਂ ਦਾ ਰਿਸ਼ੀ-ਮੁਨੀ ਸਾਰੇ ਧਿਆਨ ਧਰਦੇ ਹਨ। ਦੇਵਤੇ ਅਤੇ ਇੰਦਰ[9] ਵੀ ਜਿਨ੍ਹਾਂ ਨੂੰ ਨਮਸਕਾਰਾਂ ਕਰਦੇ ਹਨ। ਜਿਨ੍ਹਾਂ ਨੇ ਕਈ ਸਿੱਖਾਂ-ਸੇਵਕਾਂ ਦਾ ਉਧਾਰ ਕੀਤਾ ਹੈ, ਮੈਂ (**ਕਵੀ** ਸੰਤੋਖ ਸਿੰਘ) ਉਨ੍ਹਾਂ (ਚਰਨਾਂ) ਉੱਤੇ ਬਲਿਹਾਰੇ ਜਾਂਦਾ ਹਾਂ। ॥੧੫॥

SikhBookClub.Com

ਦੋਹਰਾ

ਮਗਨ ਪ੍ਰੇਮ ਮੈਂ ਹੋਇ ਕਰ ਤਬੈ ਉਬਾਰੇ ਖਾਂਨ ।
ਸਿਰ ਧਰ ਜਾਨਜੋ ਸਫਲ ਨਿਜ ਚਰਨ ਗਹੇ ਨਿਜ ਪਾਂਨ ॥੧੬॥

ਚੌਪਈ

ਲੋਚਨ ਮੁਖ ਪਰ ਨਿਜ ਕਰ ਦੋਊ । ਫੇਰਤ[1] ਭਾ ਹਰਖਤ ਉਰ ਸੋਊ ।
ਬਾਰ ਬਾਰ ਜੁਗ ਚੁਮਨ[2] ਕਰਹੀ । ਮਾਨਹੁ ਮਹਾਂ ਮੋਹ ਕੋ ਦਰਹੀ[3] ॥੧੭॥

ਨਿਜ ਸਰੂਪ ਕੀ ਲਖਤਾ[4] ਹੋਈ । ਨਾਸਜੋ ਹੁਤੋ ਭਰਮ ਉਰ ਜੋਈ।
ਧਰ ਕੈ ਸਰਧਾ ਭਯੋ ਨਿਹਾਲਾ।ਭਵ ਬੰਧਨ ਛੂਟੇ ਜਮਜਾਲਾ॥੧੮॥

ਭੁਜੰਗ ਛੰਦ

ਘਟੀ ਚਾਰ ਬੈਸਜੋ ਕਹੈ ਯੌਂ ਉਬਾਰਾ । 'ਭਯੋ ਆਜ ਮੋਕੋ ਮੁਕੰਦੰ[5] ਦਿਦਾਰਾ ।
ਰਿਦੇ ਸ਼ਾਂਤਿ ਪਾਈ ਗਯੋ ਮੋਹ ਦੂਰੰ । ਦੁਖੰ ਨਾਸ ਕਾਰੀ ਤੁਹੀ ਰੂਪ ਰੂਰੰ ॥੧੯॥

ਸ੍ਰੈਯਾ

ਆਇਸੁ ਦੇਹੁ ਅਬੈ ਮੁਝ ਕੋ ਨਿਜ ਧਾਮ ਕੋ ਜਾਇ ਬਹੋਰ[6] ਸੁਆਊਂ ।
ਦੀਨ ਦਇਆਲ ਕਰੋ ਕਰੁਨਾ ਉਰ ਰਾਵਰ ਧਿਆਨ ਨਹੀਂ ਬਿਸਰਾਊਂ ।
ਹੋ ਜਗ ਕੇ ਕਰਤਾ ਹਰਤਾ[7], ਨਿਜ ਨਾਮ ਦਿਜੈ ਗਰ ਭੂਖਨ ਪਾਊਂ।
ਦੇਖ ਦਿਦਾਰ ਨਿਹਾਲ ਭਯੋ ਅਬ ਲੀਏ ਰਜਾਇ ਬਿਨਾ ਨ ਸਿਧਾਊਂ' ॥੨੦॥

ਭੁਯੰਗ ਪ੍ਰਯਾਤ ਛੰਦ

ਗੁਰੂ ਜੀ ਕਹਜੋ 'ਤਯਾਰ ਹੋਯੋ ਅਹਾਰਾ[8] । ਕਰੋ ਖਾਵਨੋ ਫੇਰ ਜੱਯੋ ਉਬਾਰਾ!
ਨਿਰੰਕਾਰ ਕੀਨੀ ਦਯਾ ਤੋਰ ਹੂੰ ਪੈ । ਬੰਧਜੋ ਬੰਧ ਛੂਟਜੋ, ਤਰਜੋ ਮੋਹ ਹੂੰ ਪੈ' ॥੨੧॥

ਦੋਹਰਾ

ਕਹੈ ਉਬਾਰਾ, 'ਤਪਾ ਜੀ! ਜਹਿਂ ਤਹਿਂ ਸਰਬ ਅਹਾਰ ।
ਜਾਚਕ[9] ਜਗ ਜਾਚੈਂ ਸਰਬ, ਏਕ ਤੁਹੀਂ ਦਾਤਾਰ ॥੨੨॥

SikhBookClub.Com

ਦੋਹਰਾ

ਤਾਂ ਉਬਾਰੇਖਾਨ ਨੇ, ਪ੍ਰੇਮ ਵਿਚ ਅਨੰਦਿਤ ਹੋ ਕੇ, ਆਪਣੇ ਹੱਥਾਂ ਨਾਲ ਗੁਰੂ ਜੀ ਦੇ ਚਰਨ ਪਕੜ ਲਏ ਤੇ (ਉਸ) ਸਮਝਿਆ ਕਿ ਉਸ ਦਾ ਜੀਵਨ ਸਫਲ ਹੋ ਗਿਆ ਹੈ। ॥੧੬॥

ਚੌਪਈ

ਉਸ ਨੇ ਆਪਣੇ ਦੋਨੋਂ ਹੱਥਾਂ ਨੂੰ ਮੁੱਖ ਤੇ ਅੱਖਾਂ ਉੱਤੇ ਫੇਰਿਆ[1] ਤਾਂ ਖੁਸ਼ੀ ਮਿਲੀ ਤੇ ਉਹ ਵਾਰ-ਵਾਰ ਦੋਨਾਂ (ਹੱਥਾਂ) ਨੂੰ ਚੁੰਮੀ[2] ਜਾਵੇ, ਜਾਣੋ ਉਹ ਮਹਾਂ ਮੋਹ ਨੂੰ ਦਲ[3] (ਨਸ਼ਟ ਕਰ) ਰਿਹਾ ਸੀ ॥੧੭॥

ਉਸ ਨੂੰ (ਖਾਨ ਨੂੰ) ਆਪਣੇ ਸਰੂਪ ਦੀ ਸੋਝੀ[4] ਹੋ ਗਈ ਸੀ। ਉਸ ਦੇ ਚਿੱਤ ਵਿੱਚੋਂ ਸਾਰੇ ਭਰਮ-ਭੁਲੇਖੇ ਜਾਂਦੇ ਰਹੇ ਸਨ। ਉਹ ਗੁਰੂ ਜੀ ਉੱਪਰ ਸ਼ਰਧਾ ਧਾਰਨ ਕਰਕੇ ਨਿਹਾਲ ਹੋ ਗਿਆ ਸੀ। ਉਸ ਦੇ ਸਾਰੇ ਜਗਤ ਦੇ ਬੰਧਨ ਅਤੇ ਜਮਾਂ ਦੇ ਜਾਲ ਦੇ ਭੈਅ ਖ਼ਤਮ ਹੋ ਗਏ ਸਨ। ॥੧੮॥

ਭੁਜੰਗ ਛੰਦ

ਚਾਰ ਘੜੀ ਬੈਠਣ ਪਿੱਛੋਂ ਉਬਾਰੇਖਾਨ ਕਹਿਣ ਲੱਗਾ, "ਅੱਜ ਮੈਨੂੰ ਮੁਕਤੀ ਦੇ ਦਾਤੇ[5] ਦੇ ਦੀਦਾਰ ਹੋ ਗਏ ਹਨ। ਮੇਰੇ ਸਾਰੇ ਮੋਹ ਨਸ਼ਟ ਹੋ ਗਏ ਹਨ ਤੇ ਮਨ ਨੇ ਸ਼ਾਂਤੀ ਪਾ ਲਈ ਹੈ। ਹੇ ਸੁੰਦਰ ਰੂਪ ਵਾਲੇ! ਦੁੱਖਾਂ ਦਾ ਨਾਸ਼ ਕਰਨ ਵਾਲਾ ਤੂੰ ਹੀ ਹੈਂ ॥੧੯॥

ਸਵੱਯਾ

ਹੇ ਗੁਰੂ ਜੀਓ! ਮੈਨੂੰ ਹੁਣ ਆਪਣੇ ਘਰ ਜਾਣ ਦੀ ਆਗਿਆ ਦੇਵੋ ਤੇ ਮੈਂ ਫੇਰ[6] ਦੁਬਾਰਾ ਆਵਾਂਗਾ। ਹੇ ਗ਼ਰੀਬਾਂ ਉੱਤੇ ਦਇਆ ਕਰਨ ਵਾਲੇ (ਗੁਰੂ ਜੀਓ)! ਮੇਰੇ ਉੱਤੇ ਕਿਰਪਾ ਕਰੋ, ਮੈਂ ਮਨ ਵਿਚੋਂ ਆਪ ਜੀ ਦੇ ਧਿਆਨ ਨੂੰ ਕਦੇ ਵੀ ਨਾ ਵਿਸਾਰਾਂ। ਤੁਸੀਂ ਸੰਸਾਰ ਦੇ ਰਚਣਹਾਰੇ ਹੋ ਤੇ ਨਾਸ਼-ਕਰਨ[7] ਵਾਲੇ ਹੋ। ਮੈਨੂੰ ਆਪਣਾ ਨਾਮ ਦਿਉ, ਜਿਸ ਨੂੰ ਗਹਿਣਾ ਬਣਾ ਕੇ ਮੈਂ ਗਲ ਵਿੱਚ ਪਾ ਲਵਾਂ। ਮੈਂ ਤੁਹਾਡੇ ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ। ਹੁਣ ਮੈਂ ਆਪ ਜੀ ਦੀ ਆਗਿਆ ਲਏ ਬਿਨਾਂ ਨਹੀਂ ਜਾਵਾਂਗਾ।" ॥੨੦॥

ਭੁਜੰਗ ਪ੍ਰਯਾਤ ਛੰਦ

ਗੁਰੂ ਜੀ ਨੇ (ਉਸ ਨੂੰ) ਕਿਹਾ, "ਭੋਜਨ[8] ਤਿਆਰ ਹੈ, ਖਾ ਲਵੋ, ਉਬਾਰੇਖਾਨ ਜੀ ਫੇਰ ਚਲੇ ਜਾਣਾ। ਪਰਮਾਤਮਾ ਨੇ ਤੇਰੇ ਉੱਪਰ ਦਇਆ ਕਰ ਦਿੱਤੀ ਹੈ। ਸਾਰੇ ਬੰਧਨਾਂ ਤੋਂ ਤੇਰਾ ਛੁਟਕਾਰਾ ਹੋ ਗਿਆ ਤੇ ਤੂੰ ਮੋਹ ਨੂੰ ਵੀ ਪਾਰ ਕਰ ਲਿਆ ਹੈ। ॥੨੧॥

ਦੋਹਰਾ

ਉਬਾਰੇਖਾਨ ਨੇ ਕਿਹਾ, " ਹੇ ਤਪਾ ਜੀ! ਸਭ ਥਾਂਈਂ ਤੁਹਾਡਾ ਹੀ ਭੋਜਨ ਹੈ। ਇਹ ਸਾਰਾ ਸੰਸਾਰ ਮੰਗਤਾ[9] ਹੈ (ਬੱਸ) ਤੂੰ ਹੀ ਇਕ (ਸਾਰਿਆਂ ਨੂੰ) ਭੋਜਨ ਦੇਣ ਵਾਲਾ ਹੈਂ। ॥੨੨॥

SikhBookClub.Com

ਤੋਟਕ ਛੰਦ

ਅਬ ਆਇਸੁ ਦੇਹੁ ਚਲੈਂ ਸਦਨਾ । ਪੁਨਿ ਤੂਰਨ ਆਨ ਪਿਖੌਂ ਬਦਨਾ'।
ਕਹਿ ਲੀਨ ਖੁਸ਼ੀ ਨਿਜ ਧਾਮ ਗਯੋ । ਉਰ ਸ੍ਰੀ ਗੁਰ ਕੋ ਜਸੁ ਧਾਰ ਲਯੋ॥੨੩॥

ਸ੍ਵੈਯਾ

ਏਕ ਫਕੀਰ ਸੁ ਅੱਦ੍ਰਹਮਾਨ ਮਿਲਿਓ ਤਿਹ ਕੋ ਤਬ ਜਾਇ ਉਬਾਰਾ।
ਹੈ ਜਿਸ ਕੀ ਜਗ ਮੈਂ ਮਨਤਾ[1] ਬਹੁ,ਜਾਇ ਸਮੀਪ 'ਸਲਾਮ'ਉਚਾਰਾ।
ਸ੍ਰੀ ਗੁਰ ਕੇ ਗੁਨ ਭਾਖਤ ਭਾ ਪੁਨਿ 'ਬੀਚ ਕਲੀ[2] ਪ੍ਰਗਟਿਓ ਅਵਤਾਰਾ।
ਜਾਹਿਂ ਦਿਦਾਰ ਅਘੀ[3] ਗਤਿ[4] ਪਾਵਹਿਂ ਜੈਸੇ ਸੁਨਯੋ ਹਮ ਤੈਸੋ ਨਿਹਾਰਾ'॥੨੪॥

ਤੋਟਕ ਛੰਦ

ਸੁਨਕੈ ਗੁਨ ਸ਼ੇਖ ਸੁ ਕ੍ਰੋਧ ਭਯੋ । ਜਸ ਸ੍ਰੀ ਗੁਰ ਬੰਨ੍ਹਿ ਤਪਾਇ ਦਯੋ।
ਬਿਰਹੀ[5] ਜਿਵ ਜੌਨ੍ਹ[6] ਦੁਖਾਤੁਰ ਕੋ । ਧਰ ਈਰਖ ਕੋ ਬਚ ਬੋਲਤ ਸੋ॥੨੫॥

ਸੋਰਠਾ

'ਕੋ ਹੈ ਹਿੰਦੁ ਪਲੀਤ[7] ਜਿਸ ਕੇ ਗੁਨ ਤੂੰ ਕਹਤਿ ਹੈ ।
ਭਯੋ ਜਾਂਹਿ ਕੋ ਮੀਤ ਹੌਂ ਸੁ ਉਠਾਵੌਂ ਦੂਰ ਕਰ'॥੨੬॥

ਭੁਜੰਗ ਪ੍ਰਯਾਤ ਛੰਦ

ਉਬਾਰਾ ਕਹੈ 'ਕਾਹਿ ਦੇਵੋ ਉਠਾਈ । ਧਰੀ ਦੇਹ ਅੱਲਾਹ ਪਾਕੰ ਬਨਾਈ।
ਬਿਲੋਕੌਂ ਨ ਕੋਊ ਜੁ ਤਾਂਕੇ ਸਮਾਨੰ । ਤਿਸੈ ਤੂੰ ਉਠਾਵੈ ਨ ਜਾਨੈ ਅਜਾਨੰ'[8]॥੨੭॥

ਨਰਾਜ ਛੰਦ

ਜੁ ਸ਼ਾਹ ਅਦ੍ਰਮਾਨ ਫੇਰ ਬੈਨ ਕੋ ਬਖਾਨਿਆ।
'ਅਜਾਨ ਮੂਢ ਮੱਤਿ ਤੂੰ ਜਿ ਹਿੰਦੁ ਕੋ ਪ੍ਰਮਾਨਿਆ।
ਖੁਦਾਇ ਸੋ ਬਨਾਇਕੈ ਸੁਨਾਇਂ ਪਾਸ ਮੋਰਿਆ।
ਸੁਨੇ ਸੁ ਹਾਸ ਆਵਈ ਅਮਾਨ[9] ਵਾਕ ਤੋਰਿਆ॥੨੮॥

SikhBookClub.Com

ਤੋਟਕ ਛੰਦ

(ਹੇ ਗੁਰੂ ਜੀ)! ਹੁਣ ਮੈਨੂੰ ਘਰ ਜਾਣ ਲਈ ਆਗਿਆ ਦਿਓ। ਫੇਰ ਮੈਂ ਤੁਹਾਡੇ ਦਰਸ਼ਨ ਕਰਨ ਲਈ ਛੇਤੀ ਹੀ (ਵਾਪਸ) ਆਵਾਂਗਾ। (ਇਹ) ਕਹਿੰਦੇ ਹੋਏ (ਉਹ) ਖ਼ੁਸ਼ੀ ਲੈ ਕੇ ਆਪਣੇ ਘਰ ਨੂੰ ਚਲਾ ਗਿਆ। ਉਸ ਨੇ ਆਪਣੇ ਮਨ ਵਿਚ ਗੁਰੂ ਜੀ ਦੀ ਕੀਰਤੀ ਨੂੰ ਵਸਾ ਲਿਆ ਸੀ। ॥੨੩॥

ਸਵੱਯਾ

ਇਕ ਫ਼ਕੀਰ 'ਅਦ੍ਹਮਾਨ' (ਅਬਦੁਲ ਰਹਿਮਾਨ) ਸੀ। ਉਬਾਰੇਖ਼ਾਨ ਓਦੋਂ ਜਾ ਕੇ, ਉਸ ਨੂੰ ਮਿਲਿਆ। ਉਸ ਦੀ ਜੱਗ ਵਿਚ ਬਹੁਤ ਮੰਨਤਾ[1] ਸੀ। ਉਬਾਰੇਖ਼ਾਨ ਨੇ ਕੋਲ ਜਾ ਕੇ ਉਸ ਨੂੰ ਸਲਾਮ ਕੀਤੀ ਤੇ ਫਿਰ ਗੁਰੂ (ਨਾਨਕ ਦੇਵ) ਜੀ ਦੀ ਉਸਤਤੀ ਕਰਨ ਲੱਗਿਆ, "ਕਲਜੁਗ[2] ਵਿਚ ਇੱਕ ਅਵਤਾਰ ਹੋਇਆ ਹੈ, ਜਿਸ ਦੇ ਦਰਸ਼ਨ ਕਰਕੇ ਪਾਪੀ[3] (ਬੰਦੇ) ਵੀ ਮੁਕਤੀ[4] ਪ੍ਰਾਪਤ ਕਰ ਲੈਂਦੇ ਹਨ। ਮੈਂ ਤਾਂ ਜੈਸਾ ਸੁਣਿਆ ਸੀ, ਉਹੋ ਜਿਹਾ ਹੀ ਵੇਖ ਲਿਆ ਹੈ।" ॥੨੪॥

ਤੋਟਕ ਛੰਦ

ਗੁਰੂ ਜੀ ਦੀ ਮਹਿਮਾ ਸੁਣ ਕੇ, ਸ਼ੇਖ਼ (ਅਦ੍ਹਮਾਨ) ਨੂੰ ਗੁੱਸਾ ਚੜ੍ਹ ਗਿਆ । (ਉਸ ਨੂੰ) ਗੁਰੂ ਜੀ ਦੇ ਜੱਸ (ਰੂਪੀ) ਅਗਨੀ ਨੇ ਤਪਾ ਦਿੱਤਾ ਸੀ, ਜਿਵੇਂ ਦੁਖੀ ਬਿਰਹਣੀ[5] ਨੂੰ ਚਾਂਦਨੀ[6] ਤਪਾਉਂਦੀ ਹੈ। ਉਹ ਆਪਣੇ ਅੰਦਰ ਈਰਖਾ ਰੱਖਦਾ ਹੋਇਆ ਆਖਣ ਲੱਗਾ ॥੨੫॥

ਸੋਰਠਾ

"ਜਿਸ ਦੇ ਤੂੰ ਗੁਣ ਗਾਈ ਜਾਂਦਾ ਹੈਂ, ਉਹ ਅਪਵਿੱਤਰ[7] ਹਿੰਦੂ ਕੌਣ ਹੈ? ਜਿਸ ਦਾ ਤੂੰ ਮਿੱਤਰ ਬਣਿਆ ਫਿਰਦਾ ਹੈਂ, ਮੈਂ ਉਸ ਨੂੰ ਉਥੋਂ ਉਠਾ ਕੇ ਪਰ੍ਹੇ ਸੁੱਟ ਦੇਵਾਂਗਾ। ॥੨੬॥

ਭੁਜੰਗ ਪ੍ਰਯਾਤ ਛੰਦ

ਉਬਾਰੇਖ਼ਾਨ ਨੇ ਆਖਿਆ, " (ਤੂੰ) ਉਸ ਨੂੰ ਕਿਵੇਂ ਉਠਾ ਦੇਵੇਂਗਾ? ਉਹ ਤਾਂ ਪਵਿੱਤਰ ਖ਼ੁਦਾ ਨੇ ਖ਼ੁਦ ਹੀ ਦੇਹੀ ਧਾਰਨ ਕੀਤੀ ਹੋਈ ਹੈ। ਮੈਂ ਤਾਂ ਉਸ ਦੇ ਬਰਾਬਰ ਦਾ ਹੋਰ ਕਿਸੇ ਨੂੰ ਨਹੀਂ ਵੇਖਦਾ। ਤੂੰ ਉਸ ਨੂੰ ਉਠਾਉਣਾ ਚਾਹੁੰਦਾ ਹੈਂ? ਹੇ ਅਣਜਾਣ[8] ਮਨੁੱਖ! (ਤੈਨੂੰ ਅਸਲ ਵਿਚ ਉਸ ਦਾ) ਪਤਾ ਨਹੀਂ।" ॥੨੭॥

ਨਾਰਾਜ ਛੰਦ

ਜੋ ਸ਼ਾਹ ਅਦ੍ਹਮਾਨ ਸੀ, (ਉਸ ਨੇ) ਫਿਰ ਕਿਹਾ, "ਹੇ ਅਗਿਆਨੀ! (ਤੇਰੀ) ਮੂਰਖ-ਮੱਤੀ ਹੈ, ਜਿਸ ਨੇ ਹਿੰਦੂ ਨੂੰ ਉੱਚਾ ਮੰਨਿਆ ਹੈ। ਮੇਰੇ ਕੋਲ, ਉਸ ਨੂੰ ਖ਼ੁਦਾ ਬਣਾ ਕੇ ਦੱਸਿਆ ਹੈ। ਮੈਨੂੰ ਤਾਂ ਸੁਣ ਕੇ ਹਾਸਾ ਆਉਂਦਾ ਹੈ ਕਿਉਂਕਿ ਤੇਰੀ ਗੱਲ ਨਾ-ਮੰਨਣ ਯੋਗ[9] ਹੈ ॥੨੮॥

SikhBookClub.Com

ਉਠਾਇ ਦੂਰ ਮੈਂ ਕਰੋਂ ਬਿਲੋਕ ਆਪ ਲੀਜੀਏ। ਇਤੀ ਤਰੀਫ ਹਿੰਦੁ ਕੀ ਬਹੋਰ ਨਾ ਭਨੀਜੀਏ।
ਇਮਾਨ ਤਿਆਗ ਆਪਨੋ ਕੁਬੋਲ ਬੋਲ ਤੈਂ ਕਹੇ।ਨ ਔਰ ਪਾਸ ਭਾਖਿਯੇ ਰਜ਼ਾਇ ਮਾਨ ਮੋ ਅਹੇ' ॥੨੯॥

ਦੋਹਰਾ

ਬੈਨ ਉਬਾਰੇਖਾਂ ਕਹਜੋ 'ਹਿੰਦੂ ਤੁਰਕ ਨ ਸੋਇ।
ਕਿਸਹਿ ਉਠਾਵਹੁ ਸ਼ੇਖ ਜੀ! ਆਪ ਖੁਦਾਇ ਜਿ ਹੋਇ॥੩੦॥

ਚੌਪਈ

ਕਰਕੈ ਸਮਝ ਆਪ ਮਨ ਮਾਂਹੀਂ । ਬੋਲਹੁ ਬਚਨ ਅਪਰ ਜਿਉਂ ਨਾਹੀਂ ।
ਲੱਜਤ[1] ਹੋਵਹੁ ਗੇ ਪਸ਼ਚਾਤੀ[2] । ਮਿਲਹਿਂ ਜਬਹਿ ਨਹਿਂ ਆਵਹਿ ਬਾਤੀ॥੩੧॥

ਨਿਜ ਸਮ ਹੋਇ ਜਿ ਮਤਸਰ[3] ਕੀਜੈ । ਬਡਾ ਹੋਇ ਤੌ ਬਿਨੈ ਭਨੀਜੈ ।
ਭਲੀ ਬਾਤ ਇਸ ਬਿਧਿ ਮਨ ਜਾਨ' । ਅਸ ਕਹਿ ਤੂਸ਼ਨ ਕੀਨੀ ਖਾਂਨ ॥੩੨॥

ਦੋਹਰਾ

ਰਿਸ ਸੋਂ ਰਿਦਾ ਜਰਾਵਣੀ[4] ਚਲੈ ਨ ਤਿਹ ਬਸ ਕੋਇ ।
ਸ੍ਰੀ ਗੁਰ ਕੀ ਉਸਤਤਿ ਅਧਿਕ ਜਰੀ ਜਾਇ ਨਹਿਂ ਸੋਇ' ॥੩੩॥

ਚੌਪਈ

ਨਿਜ ਘਰ ਰਹਜੋ ਉਬਾਰੇ ਖਾਂਨਾ । ਅੰਨ ਖਾਇ ਨਿਸ ਕਿਯ ਗੁਜ਼ਰਾਨਾ।
ਭੋਰ ਭਈ ਤੇ ਭਯੋ ਤਯਾਰੂ । ਖੋੜਸ ਗਜ[5] ਲੇ ਅੰਬਰਚਾਰੂ॥੩੪॥

ਅਹੈ ਬਾਫਤਾ[6] ਜੋ ਬਹੁ ਮੋਲਾ । ਗਮਨਜੋ ਗੁਰ ਢਿਗ ਰਿਦੇ ਅਮੋਲਾ।
ਜਾਇ ਅਗਾਰੀ ਧਰਕੈ ਸੋਊ । ਹਾਥਨ ਬਿਧੈ ਗਹੇ ਪਗ ਦੋਊ॥੩੫॥

ਦੀਨ ਹੋਇ ਕਰ ਗ੍ਰੀਵ[7] ਨਿਵਾਈ । ਪਦ ਕੀ ਰਜ[8] ਨਿਜ ਮਸਤਕ ਲਾਈ।
ਸਰਬ ਬਦਨ ਪਰ ਪੁਨ ਕਰ ਫੇਰਤ । ਸਨਮੁਖਿ ਬੈਠ ਦਰਸ ਕੋ ਹੇਰਤ ।੩੬।

SikhBookClub.Com

ਤੂੰ ਦੇਖ ਲਵੀਂ, ਮੈਂ ਉਸ ਨੂੰ ਦੂਰ ਕਰਕੇ (ਹੀ) ਹਟਾਂਗਾ। (ਕਿਸੇ) ਹਿੰਦੂ ਦੀ, ਇੰਨੀ ਤਾਰੀਫ ਅੱਗੇ ਤੋਂ ਨਾ ਕਰੀਂ। ਤੂੰ ਆਪਣਾ ਇਮਾਨ ਤਿਆਗ ਕੇ, ਮੰਦੇ ਬਚਨ ਬੋਲੇ ਹਨ। (ਅੱਗੇ ਤੋਂ) ਹੋਰ ਕਿਸੇ ਕੋਲ ਇਹ ਗੱਲ ਨਾ ਕਰੀਂ, ਤੂੰ (ਇਹ) ਮੇਰਾ ਹੁਕਮ ਮੰਨ।" ॥੨੯॥

ਦੋਹਰਾ

ਉਬਾਰੇਖਾਨ ਨੇ ਆਖਿਆ, " ਉਹ ਨਾ ਹਿੰਦੂ ਹੈ, ਨਾ ਮੁਸਲਮਾਨ ਹੈ। ਹੇ ਸ਼ੇਖ ਜੀ! (ਤੁਸੀਂ) ਕਿਸ ਨੂੰ ਚੁੱਕਣਾ ਚਾਹੁੰਦੇ ਹੋ ਜੋ ਆਪ ਹੀ ਖ਼ੁਦਾ ਹੈ। ॥੩੦॥

ਚੌਪਈ

ਤੁਸੀਂ ਆਪਣੇ ਮਨ ਨਾਲ ਚੰਗੀ ਤਰਾਂ ਸਮਝ ਕੇ ਬਚਨ ਕਰੋ, ਉਹ ਹੋਰਨਾਂ ਵਰਗਾ (ਗੁਰੂ) ਨਹੀਂ ਹੈ। ਮਗਰੋਂ[2] ਸ਼ਰਮਿੰਦੇ[1] ਹੋਵੋਗੇ। ਜਦ ਉਨ੍ਹਾਂ ਨੂੰ ਮਿਲਦੇ ਹਾਂ ਤਾਂ ਗੱਲ ਨਹੀਂ ਆਉਂਦੀ। ॥੩੧॥

ਜੇਕਰ ਆਪਣੇ ਬਰਾਬਰ ਦਾ ਹੋਵੇ ਤਾਂ ਹੀ ਈਰਖਾ[3] ਕਰੋ। ਵੱਡਾ ਹੋਵੇ ਤਾਂ ਬੇਨਤੀ ਹੀ ਕਰੋ। ਆਪਣੇ ਮਨ ਵਿੱਚ ਇਹ ਗੱਲ ਚੰਗੀ ਤਰਾਂ ਨਾਲ ਜਾਣ ਲਵੋ।" ਇਸ ਤਰਾਂ ਕਹਿ ਕੇ ਉਬਾਰੇਖਾਨ ਚੁੱਪ ਕਰ ਗਿਆ। ॥੩੨॥

ਦੋਹਰਾ

(ਉਹ) ਗੁੱਸੇ ਨਾਲ ਹਿਰਦੇ ਨੂੰ ਸਾੜੀ[4] ਜਾਂਦਾ ਸੀ ਤੇ ਉਸ ਦਾ ਕੋਈ ਵੱਸ ਨਹੀਂ ਸੀ ਚੱਲ ਰਿਹਾ। ਗੁਰੂ ਜੀ ਦੀ ਇੰਨੀ ਜ਼ਿਆਦਾ ਉਸਤਤੀ ਉਸ ਤੋਂ ਜਰੀ ਨਹੀਂ ਸੀ ਜਾ ਰਹੀ। ॥੩੩॥

ਚੌਪਈ

ਉਬਾਰੇਖਾਨ (ਸਾਰਾ ਦਿਨ) ਆਪਣੇ ਘਰ ਹੀ ਰਿਹਾ, ਅੰਨ-ਪਾਣੀ ਛਕ ਕੇ, ਰਾਤ ਕੱਟੀ ਤੇ (ਫਿਰ) ਜਦੋਂ ਦਿਨ ਚੜ੍ਹਿਆ ਤਾਂ ਤਿਆਰ ਹੋਇਆ ਤੇ ਬਹੁਤ ਸੋਹਣਾ ਜਿਹਾ, ਸੋਲਾਂ ਗਜ਼[5] ਕੱਪੜਾ ਲਿਆ। ॥੩੪॥

ਬਹੁਤ ਹੀ ਕੀਮਤੀ ਤੇ ਸੁੰਦਰ ਰੇਸ਼ਮੀ[6] ਕੱਪੜਾ ਲੈ ਕੇ ਉਹ ਗੁਰੂ ਜੀ ਵੱਲ ਬੜੇ ਧੀਰਜ ਨਾਲ ਚੱਲ ਪਿਆ। ਕੱਪੜਾ ਗੁਰੂ ਜੀ ਅੱਗੇ ਭੇਟਾ ਕਰਕੇ ਉਸ ਨੇ, ਆਪਣੇ ਦੋਨਾਂ ਹੱਥਾਂ ਨਾਲ ਗੁਰੂ ਜੀ ਦੇ ਚਰਨ ਫੜ ਲਏ। ॥੩੫॥

ਉਸ ਨੇ ਬਹੁਤ ਹੀ ਨਿਮਰ ਹੋ ਕੇ, ਆਪਣੀ ਗਰਦਨ[7] (ਗੁਰੂ ਜੀ ਅੱਗੇ) ਨਿਵਾ ਦਿੱਤੀ ਅਤੇ ਗੁਰੂ ਜੀ ਦੇ ਚਰਨਾਂ ਦੀ ਧੂੜ[8] ਆਪਣੇ ਮੱਥੇ ਉੱਤੇ ਲਾ ਲਈ। ਫਿਰ ਆਪਣੇ ਸਾਰੇ ਮੁੱਖ ਉੱਪਰ ਹੱਥ ਫੇਰਨ ਮਗਰੋਂ, ਉਹ ਗੁਰੂ ਜੀ ਦੇ ਸਾਹਮਣੇ ਬੈਠ ਕੇ, ਗੁਰੂ ਜੀ ਦੇ ਦੀਦਾਰ ਕਰਨ ਲੱਗਾ। ॥੩੬॥

SikhBookClub.Com

ਦੋਹਰਾ

ਸ੍ਰੀ ਗੁਰ ਬੋਲੇ 'ਖਾਨ ਜੀ! ਕਰਹੀ ਭਲਾ ਖੁਦਾਇ।
ਨਾਮ ਦਾਨ ਬਖਸ਼ਹਿ ਤੁਮਹਿੰ ਮੋਹ ਮਨੋਜ[1] ਮਿਟਾਇ॥੩੭॥

ਚੌਪਈ

ਹਮ ਕੋ ਉਚਿਤ ਨ ਐਸੇ ਚੀਰਾ[2] । ਨ੍ਰਿਪ ਪਹਿਰੈਂ,ਹਮ ਅਹੈਂ ਫਕੀਰਾ।
ਪਹੁੰਚਜੋ ਹਮੈਂ ਜੁ ਆਨਜੋ ਤੋਹੀ । ਅਸ ਪੋਸ਼ਸ਼ ਭੂਪਤਿ[3] ਕੋ ਸੋਹੀ॥੩੮॥

ਭਯੋ ਸੰਪੂਰਨ ਤੁਮ ਕੋ ਭਾਇ । ਬਖਸ਼ ਲਏ ਹੋ ਆਪ ਖੁਦਾਇ'।
ਇਉਂ ਸੁਨਿ ਬੋਲਜੋ ਤਬੈ ਉਬਾਰਾ[4] । 'ਬਖਸ਼ੋ ਕਿਧੌਂ ਚਹੋ ਤੁਮ ਮਾਰਾ॥੩੯॥

ਜੇ ਬਖਸ਼ਹੁ ਤੋ ਤਨ ਪਰ ਲੀਜੈ । ਮਾਰਤ ਮੋਹਿ ਜਿ ਫੇਰਨ[5] ਕੀਜੈ'।
ਦੇਖਜੋ ਜਬੈ ਪ੍ਰੇਮ ਅਧਿਕਾਯਾ । ਕਰ ਆਇਸੁ ਇਕ ਦਾਸ ਪਠਾਯਾ॥੪੦॥

'ਆਨਹੁ ਸੀਵਨਹਾਰ[6] ਬੁਲਾਈ । ਜਿਸ ਬਿਧਿ ਹੋਇ ਖ਼ਾਨ ਹਰਖਾਈ।
ਕਰਨ ਉਚਿਤ ਹੈ ਭਾਉ ਸੰਪੂਰਨ'। ਗਯੋ ਸਿੱਖਿ ਸੋ ਆਨਜੋ ਤੂਰਨ॥੪੧॥

ਦੀਨ ਸੁ ਬਸਤਰ ਤਾਂਕੇ ਆਗੂ।ਸੀਵਨਹਾਰ ਮਿਨਨ[7] ਤਬ ਲਾਗੂ।
ਬਹੁ ਸੂਖਮ ਜਿਹ ਸੂਤ ਸੁਹਾਵਹਿ।ਸੈ ਮੈਂ ਸੋਲਾਸਯਾ[(*2)] ਕਹਾਵਹਿ॥੪੨॥

ਦੋਹਰਾ

'ਜੋ ਤੁਮ ਭਾਖੋ ਤਪਾ ਜੀ ਤੈਸੋ ਰੁਚਿਰ ਬਨਾਇਂ'।
'ਦੋਇ ਬਨੈ ਸੰਬਜਾਨ[8] ਇਸ' ਸ੍ਰੀ ਗੁਰ ਦਏ ਬਤਾਇ॥੪੩॥

ਚੌਪਈ

ਮਾਨ ਬਚਨ ਤਬ ਸੀਵਨਹਾਰਾ । ਦ੍ਵੈ ਸੰਬਜਾਨ ਬਨਾਏ ਚਾਰਾ।
ਤਨ ਪਰ ਪੁਨਿ ਸ੍ਰੀ ਨਾਨਕ ਲੀਨੋ।ਜਿਨ ਬਹੁ ਦਾਸਨ[9] ਕੋ ਗਤਿ ਦੀਨੋ॥੪੪॥

SikhBookClub.Com

ਦੋਹਰਾ

ਗੁਰੂ ਜੀ ਨੇ (ਆਸ਼ੀਰਵਾਦ ਦਿੰਦੇ ਹੋਏ) ਆਖਿਆ, ਹੇ ਉਬਾਰੇਖ਼ਾਨ ਜੀ! ਖ਼ੁਦਾ ਤੇਰਾ ਭਲਾ ਕਰੇਗਾ। ਤੈਨੂੰ ਨਾਮ ਬਖ਼ਸ਼ੇ ਅਤੇ ਮੋਹ, ਕਾਮ[1] (ਮਾੜੇ ਕਰਮਾਂ) ਨੂੰ ਦੂਰ ਕਰੇ। ॥੩੭॥

ਚੌਪਈ

ਸਾਡੇ ਵਾਸਤੇ ਇਹੋ-ਜਿਹੇ ਕੱਪੜੇ[2] ਮੁਨਾਸਿਬ ਨਹੀਂ ਹਨ। ਅਸੀਂ ਤਾਂ ਫ਼ਕੀਰ (ਲੋਕ) ਹੋਏ, ਇਹ ਤਾਂ ਰਾਜਿਆਂ ਦੇ ਪਹਿਨਣ ਵਾਲੇ ਹਨ। ਜੋ ਕੁਝ ਤੂੰ ਲਿਆਂਦਾ ਹੈ (ਸਮਝ ਲੈ) ਤੇਰਾ ਸਾਡੇ ਕੋਲ ਪਹੁੰਚ ਗਿਆ ਹੈ। ਇਸ ਤਰਾਂ ਦੀਆਂ ਪੁਸ਼ਾਕਾਂ ਤਾਂ ਰਾਜਿਆਂ[3] ਨੂੰ ਹੀ ਸੋਭਦੀਆਂ ਹਨ। ॥੩੮॥

ਤੇਰੀ ਪ੍ਰੇਮ-ਭਾਵਨਾ ਪੂਰੀ ਹੋ ਗਈ ਹੈ। ਤੇਰੇ ਉੱਪਰ ਖ਼ੁਦਾ ਦੀ ਬਖ਼ਸ਼ਿਸ਼ ਹੋ ਚੁੱਕੀ ਹੈ।" ਤਾਂ ਇਹ ਸੁਣ ਕੇ ਉਬਾਰੇਖ਼ਾਨ[4] ਕਹਿਣ ਲੱਗਾ, "ਤੁਸੀਂ ਮੈਨੂੰ ਮਾਰ ਰਹੇ ਹੋ ਜਾਂ ਬਖ਼ਸ਼ ਰਹੇ ਹੋ? ॥੩੯॥

ਜੇਕਰ ਬਖ਼ਸ਼ ਰਹੇ ਹੋ ਤਾਂ ਸਰੀਰ ਉੱਤੇ ਪਹਿਨ ਲਵੋ। ਜੇ ਮੈਨੂੰ ਮਾਰਨਾ ਹੈ ਤਾਂ ਮੋੜ[5] ਦਿਓ।" (ਗੁਰੂ ਜੀ ਨੇ) ਜਿਸ ਵੇਲੇ ਉਸ ਨੂੰ ਬਹੁਤ ਹੀ ਪ੍ਰੇਮ ਵਿਚ ਰੰਗਿਆ ਹੋਇਆ ਦੇਖਿਆ ਤਾਂ ਇਕ ਸੇਵਕ ਨੂੰ ਆਗਿਆ ਦੇ ਕੇ ਭੇਜ ਦਿੱਤਾ। ॥੪੦॥

(ਤੇ ਕਿਹਾ), "ਦਰਜ਼ੀ[6] ਨੂੰ ਬੁਲਾ ਕੇ ਲੈ ਆਵੋ, (ਚਲੋ) ਜਿਸ ਢੰਗ ਨਾਲ ਉਬਾਰੇਖ਼ਾਨ ਖ਼ੁਸ਼ ਹੁੰਦਾ ਹੈ। ਇਸ ਦਾ ਪੂਰੀ ਤਰਾਂ ਨਾਲ ਉਚਿਤ ਆਦਰ ਕਰਨਾ ਜ਼ਰੂਰੀ ਹੈ।" ਸੇਵਕ ਚਲਾ ਗਿਆ ਤੇ (ਦਰਜ਼ੀ ਨੂੰ) ਤੁਰੰਤ ਲੈ ਆਇਆ। ॥੪੧॥

ਕੱਪੜਾ ਦਰਜ਼ੀ ਦੇ ਅੱਗੇ ਰੱਖ ਦਿੱਤਾ ਗਿਆ ਤੇ ਦਰਜ਼ੀ ਕੱਪੜੇ ਨੂੰ ਮਿਣਨ[7] ਲੱਗਾ। ਕੱਪੜਾ ਬਹੁਤ ਹੀ ਸੂਖਮ ਸੂਤ ਦਾ ਬਣਿਆ ਹੋਇਆ ਬਹੁਤ ਹੀ ਸੋਹਣਾ ਲੱਗਦਾ ਸੀ। ਉਹ ਤਿਲੇ ਦਾ ਬਣਿਆ ਹੋਇਆ 'ਸੋਲਾਸਹ' ਕਹਾਉਂਦਾ ਸੀ। ॥੪੨॥

ਦੋਹਰਾ

(ਦਰਜ਼ੀ ਨੇ ਆਖਿਆ), "ਹੇ ਤਪਾ ਜੀ! ਜਿਸ ਤਰਾਂ ਤੁਸੀਂ ਕਹੋ, ਉਸੇ ਤਰਾਂ ਦਾ ਸੁੰਦਰ ਬਣਾ ਦਿੰਦਾ ਹਾਂ।" ਤਾਂ ਗੁਰੂ ਜੀ ਨੇ ਦੱਸ ਦਿੱਤਾ, "ਇਸ ਦੀਆਂ ਦੋ ਚਾਦਰਾਂ[8] ਬਣ ਜਾਣ।" ॥੪੩॥

ਚੌਪਈ

ਤਾਂ ਦਰਜ਼ੀ ਨੇ, ਬਚਨ ਮੰਨ ਕੇ ਦੋ ਸੁੰਦਰ ਚਾਦਰਾਂ ਬਣਾ ਦਿੱਤੀਆਂ। ਉਸ ਪਿੱਛੋਂ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਆਪਣੇ ਅਨੇਕਾਂ ਸੇਵਕਾਂ[9] ਨੂੰ ਮੁਕਤੀ ਬਖ਼ਸ਼ੀ ਸੀ, ਉਨ੍ਹਾਂ ਨੇ ਚਾਦਰਾਂ ਆਪਣੇ ਸਰੀਰ ਉੱਪਰ ਲੈ ਲਈਆਂ। ॥੪੪॥

SikhBookClub.Com

ਦੇਖਿ ਰੁਚਿਰ[1] ਛਬਿ ਤਬੈ ਉਬਾਰਾ । ਉਰ ਹਰਖਤ ਹ੍ਵੈ ਬਚਨ ਉਚਾਰਾ।
'ਨਿਜ ਸਮਾਨ ਕੋ ਲਖੋਂ ਨ ਆਨਾ । ਜਾਨ ਆਪਣੇ ਭਾਗ ਮਹਾਨਾ॥੪੫॥

ਸਰਬ ਜਗਤਪਤਿ ਮਹਤ ਉਦਾਰਾ[2]।ਜੋ ਜੜ੍ਹ ਜੰਗਮ[3] ਕੇਰਿ ਦਤਾਰਾ।
ਤਾਂਕੀ ਸੇਵ ਭਈ ਮੁਝ ਹਾਥਾ।ਕ੍ਰਿੱਤ ਕ੍ਰਿੱਤ ਮੈ ਭਯੋ ਸਨਾਥਾ[4]'॥੪੬॥

ਦੋਹਰਾ

ਅੰਤਰਜਾਮੀ ਬਚ ਕਹੇ 'ਸੁਧਿ ਦਿਹੁ ਅਦ੍ਰਹਮਾਂਨ!।
ਹਮ ਸੋਂ ਕੈਸੇ ਰੋਸ ਕਰ ਕੀਨੇ ਬਚਨ ਬਖਾਂਨ'॥੪੭॥

ਚੌਪਈ

ਅਚਰਜ ਹ੍ਵੈ ਕਰ ਤਬੈ ਉਬਾਰਾ ।— ਬਿਨਾ ਕਹੇ ਜਾਨੈਂ ਸਬ ਸਾਰਾ —।
'ਸਰਬ ਹਕੀਕਤ ਜਾਨਹੁ ਸੁਆਮੀ! । ਕਿਆ ਬੂਝਹੁ ਮੁਝ, ਅੰਤਰਜਾਮੀ!॥੪੮॥

ਪੁਨ ਜਿਸ ਬਿਧਿ ਤਿਨ ਬੈਨ ਅਲਾਏ । ਸੋ ਬਿਧਿ ਮੋ ਤੇ ਕਹਯੋ ਨ ਜਾਏ।
ਬੇਖ ਫਕੀਰ ਕਹਾਇ ਫਕੀਰਾ।ਨਹੀਂ ਫਕੀਰੀ ਮਗ ਕੇ ਤੀਰਾ॥੪੯॥

ਮਨ ਮਹਿੰ ਮਤਿਸਰ ਅਤਿ ਅਧਿਕਾਇ । ਪਰਜਸ ਪਾਵਕ[5] ਬੀਚ ਜਰਾਇ।
ਤੁਮਰੀ ਮਹਿਮਾ ਜੌਨ੍ਹ ਸਮਾਨਾ । ਤਿਨ ਚਕਵੇ ਨਜਾਈਂ ਦੁਖ ਮਾਨਾ'॥੫੦॥

ਦੋਹਰਾ

ਗੁਰ ਭਾਖਜੋ **'ਤਿਸਿ** ਬਿਧਿ ਕਹੋ ਜਿਹ ਬਿਧਿ ਬੋਲਜੋ ਸੋਇ।
ਨਹਿੰ ਦੁਰਾਉ[6] ਕਛੁ ਕੀਜੀਏ ਤੁਝਕੋ ਦੋਸ਼ ਨ ਕੋਇ'॥੫੧॥

ਚੌਪਈ

ਬੋਲਜੋ ਤਬੈ ਉਬਾਰੇ ਖਾਨ । 'ਅਹੈ ਦੁਰਮਤੀ ਜਿਹ ਮਨ ਮਾਨ।
ਮੈਂ ਤੁਮਰੇ ਗੁਨ ਬਰਨਨ ਕਰੇ । ਖੁਨਸਜੋ[7] ਗਰਬਹਿ ਉਰ ਨਹਿੰ ਜਰੇ॥੫੨॥

SikhBookClub.Com

ਉਬਾਰੇਖ਼ਾਨ ਨੇ ਉਸ ਵੇਲੇ (ਗੁਰੂ ਜੀ ਦੀ) ਮਨੋਹਰ[1] ਚਮਕ ਬਣੀ ਵੇਖ ਕੇ, ਮਨੋ ਖ਼ੁਸ਼ ਹੋ ਕੇ ਕਿਹਾ, "ਮੈਂ (ਇਸ ਵਕਤ) ਆਪਣੇ ਵਰਗਾ, ਹੋਰ ਦੂਸਰਾ ਕੋਈ ਨਹੀਂ ਸਮਝਦਾ। (ਕਿਉਂਕਿ) ਮੈਂ ਆਪਣੇ ਵੱਡੇ ਭਾਗ ਜਾਣਦਾ ਹਾਂ। ॥੪੫॥

(ਗੁਰੂ ਜੀ) ਸਾਰੇ ਜਗਤ ਦੇ ਮਾਲਕ, ਵੱਡੇ ਦਾਤੇ[2] ਹਨ ਜੋ ਸਥਿਰ ਅਤੇ ਅਸਥਿਰ[3], ਸਭ ਨੂੰ ਦਾਤਾਂ ਦਿੰਦੇ ਹਨ। ਮੇਰੇ ਹੱਥੋਂ ਉਨ੍ਹਾਂ ਦੀ ਸੇਵਾ ਹੋਈ ਹੈ। ਮੈਂ ਮਾਲਕ ਵਾਲਾ ਹੋ ਕੇ, ਨਿਹਾਲ-ਨਿਹਾਲ[4] ਹੋ ਗਿਆ ਹਾਂ।" ॥੪੬॥

ਦੋਹਰਾ

ਅੰਤਰਜਾਮੀ (ਗੁਰੂ ਜੀ) ਨੇ ਆਖਿਆ, " ਹੇ (ਉਬਾਰੇਖ਼ਾਨ!) ਅਦ੍ਰਹਮਾਨ ਦੀ ਖ਼ਬਰ ਦੇਵੋ। ਸਾਨੂੰ ਉਸ ਨੇ ਕਿਸ ਗੱਲ ਦਾ ਗੁੱਸਾ ਕਰਕੇ ਉਲਟੇ ਬਚਨ ਬੋਲੇ ਹਨ।" ॥੪੭॥

ਚੌਪਈ

ਤਾਂ ਉਬਾਰੇਖ਼ਾਨ ਸੁਣ ਕੇ, ਉਸ ਵੇਲੇ, ਮਨ ਹੀ ਮਨ ਹੈਰਾਨ ਹੋ ਗਿਆ ਕਿ -ਇਨ੍ਹਾਂ ਨੂੰ ਤਾਂ ਬਿਨਾਂ ਦੱਸਿਆਂ ਹੀ ਸਾਰੀ ਗੱਲ ਦਾ ਪਤਾ ਹੈ-। ਤਾਂ ਉਸ ਆਖਿਆ, "ਹੇ ਸੁਆਮੀ ਜੀ! ਤੁਹਾਨੂੰ ਤਾਂ ਸਾਰੀ ਸਚਾਈ ਦਾ ਪਤਾ ਹੈ। ਹੇ ਅੰਤਰਜਾਮੀ ਜੀਓ! ਮੇਰੇ ਕੋਲੋਂ ਕੀ ਪੁੱਛਦੇ ਹੋ? ॥੪੮॥

ਪਰ ਜਿਸ ਤਰਾਂ ਉਸ ਨੇ ਬਚਨ ਆਖੇ ਸੀ, ਮੇਰੇ ਕੋਲੋਂ ਉਸੇ ਢੰਗ ਨਾਲ ਕਹੇ ਨਹੀਂ ਜਾ ਸਕਦੇ। ਫ਼ਕੀਰ ਵਾਲਾ ਭੇਸ ਬਣਾ ਕੇ ਫ਼ਕੀਰ ਤਾਂ ਉਹ ਅਖਵਾਉਂਦਾ, ਪਰ ਉਹ ਫਕੀਰ ਦੇ ਤਾਂ ਰਸਤੇ ਦੇ ਨੇੜੇ ਵੀ ਨਹੀਂ ਢੁੱਕਾ ਹੈ। ॥੪੯॥

ਉਹ ਚਿੱਤ ਵਿਚ ਬਹੁਤ ਹੀ ਜ਼ਿਆਦਾ ਈਰਖਾ ਰੱਖ ਕੇ, ਦੂਸਰੇ ਦੇ ਜਸ ਨੂੰ ਸੁਣ ਕੇ (ਗੁੱਸੇ ਦੀ) ਅੱਗ[5] ਵਿਚ ਸੜਦਾ ਹੈ। ਗੁਰੂ ਜੀਓ, ਤੁਸਾਂ ਦੀ ਮਹਿਮਾ ਚਾਂਦਨੀ ਦੇ ਸਮਾਨ ਹੈ (ਪਰ) ਉਸ ਨੇ ਚਕਵੇ ਦੇ ਵਾਂਗੂੰ ਦੁੱਖ ਮੰਨਿਆ ਹੈ। ॥੫੦॥

ਦੋਹਰਾ

ਗੁਰੂ ਜੀ ਨੇ ਆਖਿਆ, "ਤੂੰ (ਉਬਾਰੇਖ਼ਾਨ) ਉਸੇ ਤਰਾਂ ਦੱਸ ਜਿਸ ਤਰਾਂ ਉਸ ਨੇ ਕਿਹਾ ਸੀ। ਕੁਝ ਵੀ ਛੁਪਾਉਣ[6] ਦੀ ਲੋੜ ਨਹੀਂ, ਤੇਰਾ ਤਾਂ ਇਸ ਵਿੱਚ ਕੋਈ ਕਸੂਰ ਨਹੀਂ ਹੈ।" ॥੫੧॥

ਚੌਪਈ

ਤਾਂ ਉਬਾਰੇਖ਼ਾਨ ਕਹਿਣ ਲੱਗਾ, "ਮੂਰਖ ਬੁੱਧੀ ਵਾਲੇ ਦੇ ਮਨ ਵਿਚ ਬਹੁਤ ਹੰਕਾਰ ਹੈ। ਮੈਂ ਜਦੋਂ ਤੁਹਾਡੀ ਮਹਿਮਾ ਵਰਣਨ ਕੀਤੀ ਸੀ ਤਾਂ ਉਹ ਨਾ ਜਰਦਾ ਹੋਇਆ ਆਪਣੇ ਹੰਕਾਰ ਕਾਰਨ ਬਹੁਤ ਗੁੱਸੇ[7] ਵਿੱਚ ਆ ਗਿਆ ਸੀ। ॥੫੨॥

SikhBookClub.Com

ਭਾਖੈ —ਹਿੰਦੂ ਅਹੈਂ ਪਲੀਤ । ਕਰਜੋ ਜਾਇਕੈ ਤੈਂ ਜੋ ਮੀਤ।
ਕਜ਼ਾ ਤਰੀਫ ਤਹਿਂ ਕਰਹਿ ਉਚਾਰੂ । ਦੇਉਂ ਉਠਾਇ ਦੂਰ ਕਰ ਡਾਰੂ—॥੫੩॥

ਹੌਂ ਤੱਦਪਿ ਬਹੁ ਬਿਧਿ ਸਮਝਾਯੋ ।—ਜੋ ਖੁਦਾਇ, ਸੋ ਤਨ ਧਰ ਆਯੋ—।
ਏਕ ਨ ਬਾਤ ਸਿਫਤ ਕੀ ਮਾਂਨੀ । ਰਹਜੋ ਅਫਰ[1] ਉਰ ਅਤਿ ਅਭਿਮਾਨੀ॥੫੪॥

ਦੋਹਰਾ

ਬਸ[2] ਮੋਰੇ ਪਰ ਨਹਿਂ ਚਲੈ ਭਯੋ ਤੂਸ਼ਨੀ ਸੋਇ।
ਇਸ ਬਿਧਿ ਗਰਬਤ ਸ਼ੇਖ ਉਰ,ਮਿਲਉ ਤ ਲੱਜਤ ਹੋਇ' ॥੫੫॥

ਚੌਪਈ

ਸ੍ਰੀ ਅੰਗਦ! ਸੁਨ ਤਿਹ ਉਪਰੰਤਾ । ਮੁਝ ਸੋਂ ਬੋਲੇ ਗੁਰ ਭਗਵੰਤਾ।
'ਚਲ ਬਾਲੇ ਅਬ ਤਿਹ ਕੋ ਦੇਖੀ । ਸ਼ੇਖ ਫੂਕਣੀ[3] ਹਰੈਂ ਬਿਸੇਖੀ'॥੫੬॥

ਕਹਿ ਕਰ ਗਮਨੇ ਕ੍ਰਿਪਾ ਨਿਕੇਤਾ[4] । ਕਰਨ ਸ਼ੇਖ ਕੇ ਲੱਜਤ ਹੇਤਾ।
'ਚਲਹੁ ਅਗਾਰੀ ਆਪ ਉਬਾਰਾ । ਦੇਰ ਕੁਛਕ, ਆਗਮਨ ਹਮਾਰਾ'॥੫੭॥

ਗਯੋ ਉਬਾਰਾ ਢਿਗ ਤਿਹਕਾਲਾ । ਗਮਨੇ ਮੰਦ ਮੰਦ ਕਿਰਪਾਲਾ।
ਆਗੇ ਸੋ ਸ਼ਿਵਕਾ[5] ਆਰੂਢਾ । ਜਾਤ ਕਿਤੇ ਅਭਿਮਾਨੀ[6] ਗੂਢਾ॥੫੮॥

ਮਾਨਵ[7] ਜਿਹ ਕੋ ਬ੍ਰਿੰਦ ਸੰਗਾਰੇ । ਸ੍ਰੀ ਗੁਰ ਆਵਨ ਸਬਹਿ ਨਿਹਾਰੇ।
ਸ਼ੇਖ ਸੰਗ ਤਬ ਬਚਨ ਅਲਾਵਤ । 'ਸੁਨਹੁ ਸ਼ਾਹਜੀ! ਤਪਾ ਸੁ ਆਵਤ'॥੫੯॥

ਦੋਹਰਾ

ਅੱਦ੍ਮਾਨ ਸੁਨ ਕਾਨ ਇਹ ਆਦਰ ਕਰਨੇ ਹੇਤ।
ਉਤਰਜੋ ਸ਼ਿਵਕਾ ਤੇ ਤਰੇ ਪਿਖ[8] ਬੇਦੀ ਕੁਲ ਕੇਤ॥੬੦॥

SikhBookClub.Com

ਉਸ ਨੇ ਆਖਿਆ ਸੀ -ਉਹ ਤਾਂ ਪਲੀਤ ਹਿੰਦੂ ਹੈ, ਜਿਸ ਨੂੰ ਤੂੰ ਜਾ ਕੇ ਆਪਣਾ ਮਿੱਤਰ ਬਣਾ ਲਿਆ ਹੈ। ਉਸ ਦੀ ਤੂੰ ਕੀ ਤਾਰੀਫ਼ ਕਰ ਰਿਹਾ ਹੈਂ? ਮੈਂ ਉਸ ਨੂੰ ਚੁੱਕ ਕੇ ਪਰ੍ਹੇ ਸੁੱਟ ਦੇਵਾਂਗਾ-। ॥੫੩॥

ਮੈਂ ਫੇਰ ਵੀ ਉਸ ਨੂੰ ਬਹੁਤ ਚੰਗੀ ਤਰਾਂ ਸਮਝਾਇਆ ਕਿ - ਜੋ ਖ਼ੁਦਾ ਹੈ, ਉਹ ਖ਼ੁਦ ਹੀ ਸਰੀਰ ਧਾਰਨ ਕਰਕੇ ਆਇਆ ਹੋਇਆ ਹੈ-। ਉਸ ਨੇ ਮੇਰੀ ਆਖੀ ਇੱਕ ਵੀ ਸਿਫ਼ਤ ਦੀ ਗੱਲ ਨਾ ਮੰਨੀ; ਸਗੋਂ ਮਨ ਵਿਚ ਹੰਕਾਰ ਧਾਰ ਕੇ ਆਕੜਦਾ[1] ਰਿਹਾ। ॥੫੪॥

ਦੋਹਰਾ

ਜਦ ਉਸ ਦਾ ਮੇਰੇ 'ਤੇ ਕੋਈ ਵੱਸ[2] ਨਾ ਚੱਲਿਆ ਤਾਂ ਉਹ ਚੁੱਪ ਹੋ ਗਿਆ ਸੀ। ਸ਼ੇਖ਼ ਦੇ ਚਿੱਤ ਵਿੱਚ ਏਨਾ ਹੰਕਾਰ ਹੈ, (ਪਰ) ਜਦ ਆਪ ਜੀ ਉਸ ਨੂੰ ਮਿਲੋਗੇ ਤਾਂ ਉਹ ਸ਼ਰਮਸਾਰ ਹੋਵੇਗਾ। ॥੫੫॥

ਚੌਪਈ

ਹੇ ਗੁਰੂ ਅੰਗਦ ਦੇਵ ਜੀਓ! ਉਸ ਦੇ ਉਪਰੰਤ ਜੋ ਹੋਇਆ, ਉਹ ਵੀ ਸੁਣੋ! ਭਗਵਾਨ (ਗੁਰੂ ਨਾਨਕ) ਜੀ ਨੇ ਮੈਨੂੰ ਕਿਹਾ, "ਬਾਲੇ, ਚੱਲ ਹੁਣ ਉਸ ਨੂੰ ਵੇਖੀਏ ਤੇ ਸ਼ੇਖ਼ ਦਾ ਹੰਕਾਰ[3] ਦੂਰ ਕਰੀਏ।" ॥੫੬॥

ਇਹ ਕਹਿ ਕੇ ਕਿਰਪਾ ਦੇ ਘਰ[4] (ਗੁਰੂ ਜੀ) ਸ਼ੇਖ਼ ਨੂੰ ਸ਼ਰਮਸਾਰ ਕਰਨ ਲਈ ਚੱਲ ਪਏ। (ਗੁਰੂ ਜੀ ਨੇ ਕਿਹਾ), "ਉਬਾਰੇਖ਼ਾਨ ਜੀ! ਤੁਸੀਂ ਅੱਗੇ-ਅੱਗੇ ਚੱਲੋ। ਅਸੀਂ ਥੋੜ੍ਹੀ ਦੇਰ ਮਗਰੋਂ ਆ ਰਹੇ ਹਾਂ।" ॥੫੭॥

ਉਬਾਰੇਖ਼ਾਨ ਉਸੇ ਵਕਤ ਉਸ ਕੋਲ ਚਲਾ ਗਿਆ ਤੇ ਕਿਰਪਾਲੂ (ਗੁਰੂ ਜੀ) ਹੌਲੀ-ਹੌਲੀ ਚੱਲ ਪਏ ਸਨ ਤਾਂ ਅੱਗਿਓਂ ਅਦ੍ਹਮਾਨ ਪਾਲਕੀ[5] ਵਿਚ ਸਵਾਰ ਹੋ ਕੇ, ਬੜੇ ਗੂੜ੍ਹੇ ਹੰਕਾਰ[6] ਵਿੱਚ ਕਿਤੇ ਜਾ ਰਿਹਾ ਸੀ। ॥੫੮॥

ਉਸ ਦੇ ਨਾਲ ਕਾਫ਼ੀ ਬੰਦੇ[7] ਸਨ। ਉਨ੍ਹਾਂ ਨੇ ਗੁਰੂ ਜੀ ਨੂੰ ਆਉਂਦੇ ਹੋਇਆਂ ਤੱਕਿਆ ਤਾਂ ਉਨ੍ਹਾਂ ਨੇ ਉਸੇ ਵਕਤ ਸ਼ੇਖ਼ ਨੂੰ ਕਿਹਾ, "ਹੇ ਸ਼ਾਹ ਜੀ! ਸੁਣੋ, ਔਹ ਤਪਾ ਆ ਰਿਹਾ ਹੈ। ॥੫੯॥

ਦੋਹਰਾ

ਅਦ੍ਹਮਾਨ (ਸ਼ੇਖ਼) ਆਪਣੇ ਕੰਨੀਂ ਇਹ ਗੱਲ ਸੁਣ ਕੇ, ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਦਾ ਆਦਰ ਕਰਨ ਹਿੱਤ ਦੇਖ[8] ਕੇ, ਪਾਲਕੀ ਤੋਂ ਹੇਠਾਂ ਉਤਰ ਆਇਆ। ॥੬੦॥

SikhBookClub.Com

ਚੌਪਈ

ਅਵਿਲੋਕਤ ਸਨਮੁਖਿ[1] ਹੁਇ ਠਾਢੋ । ਲਖਜੋ ਆਜ ਕਸ ਹੈ ਚਉ ਬਾਢੋ।
ਸ੍ਰੀ ਗੁਰ ਨਿਕਟਿ ਮਿਲੈ ਜਬ ਆਇ । ਬੋਸੀ[2] ਦਸਤ[3] ਲਈ ਹਰਖਾਇ॥੬੧॥

ਅੱਦ੍ਮਾਨ ਪੁਨਿ ਬੈਨ ਉਚਾਰੇ।'ਕਹੋ ਤਪਾ ਜੀ! ਖੈਰ ਤੁਮਾਰੇ?'।
ਗੁਰੂ ਕਹਿਓ 'ਸੁਨ ਅੱਦ੍ਰਹਮਾਨ । ਅਹੈ ਖੈਰ ਪਰ ਖੈਰ ਨ ਜਾਨ'॥੬੨॥

ਦੋਹਰਾ

ਬਹੁਰੋ ਬੂਝਜੋ 'ਖੈਰ ਹੈ?' 'ਖੈਰ ਸੁ ਖੈਰ ਨ ਜਾਨ'।
ਤੀਨ ਬਾਰ ਪੁਨਿ ਇਹ ਕਹਜੋ ਪੁਨਿ ਕਹਿ ਅਦ੍ਰਹਮਾਨ ।੬੩।

ਚੌਪਈ

'ਸੁਨਹੁ ਤਪਾ ਜੀ! ਅਚਰਜ ਮੋਰੇ । ਕੈਸੇ ਬਚਨ ਬਿਚਾਰਹੁਂ ਤੋਰੇ।
ਕਹਿਹੋ — ਖੈਰ, ਖੈਰ ਪੁਨਿ ਨਾਂਹੀਂ । ਦੇਹੁ ਮਾਯਨਾ[4] ਮੁਝ ਸਮਝਾਹੀ'॥੬੪॥

ਸ੍ਰੀ ਗੁਰ ਭਨਜੋ 'ਸ਼ੇਖ ਜੀ ਸੁਨੀਏ । ਖ਼ੈਰ ਭਲੀ ਸਭ ਬਿਧਿ ਹੀ ਗੁਨੀਏ।
ਨਹੀਂ ਖੈਰ ਹਿਤ ਤਾਂਕੋ ਐਸੇ ।—ਦੇਉਂ ਉਠਾਇ— ਕਹਜੋ ਤੁਮ ਜੈਸੇ॥੬੫॥

ਕੌਨ ਦੇਸ਼ ਤੁਮਰਾ ਹਮ ਛੀਨੋ।ਕੈਧੋਂ ਦਰਬ ਖੇਪ[5] ਕੋ ਲੀਨੋ।
ਕੌਨ ਸੱਤ੍ਰਤਾ[6] ਕਰਿ ਹਮ ਸੰਗਾ?।ਕਹੋ, ਕਿ —ਦੇਉਂ ਉਠਾਇ— ਨਿਸੰਗਾ॥੬੬॥

ਦੋਹਰਾ

ਸੋ ਸਥਾਨ ਅਬ ਲੀਜੀਏ ਜਿਸਤੇ ਦੇਤ ਉਠਾਇ'।
ਅਦ੍ਮਾਨ ਬੋਲਤ ਸੁਨਤ 'ਤੁਮ ਢਿਗ ਕੌਨ ਬਤਾਇ?॥੬੭॥

ਚੌਪਈ

ਕੂਰ ਕਹੈ ਮਾਰਤ ਝਖ ਸੋਊ । ਇਸ ਪ੍ਰਕਾਰ ਹਮ ਕਹਜੋ ਨ ਕੋਊ'।
ਸੁਨਕਰ ਚਮਕਜੋ ਤਬੈ ਉਬਾਰਾ । 'ਇਸ ਬਿਧਿ ਮੇਰੋ ਪਾਸ ਉਚਾਰਾ॥੬੮॥

—ਹਿੰਦੂ ਕੀ ਤਰੀਫ ਕਜਾ ਗਾਵੈਂ । ਬਿਨਾ ਬਿਲਮ ਹਮ ਤਾਹਿਂ ਉਠਾਵੈਂ—।
ਕਿਉਂ ਮੁਕਰਤ[7] ਲੱਜਤ ਅਬ ਹੋਏ।ਪੂਰਬ ਜੈਸੇ ਬਚਨ ਬੁਗੋਏ'[8]॥੬੯॥

SikhBookClub.Com

ਚੌਪਈ

(ਉਹ) ਗੁਰੂ ਜੀ ਨੂੰ ਵੇਖ ਕੇ, ਸਾਹਮਣੇ[1] ਹੋ ਕੇ ਖੜ੍ਹਾ ਹੋ ਗਿਆ। ਉਸ ਨੇ ਮਹਿਸੂਸ ਕੀਤਾ, ਅੱਜ ਇਨ੍ਹਾਂ ਨੂੰ ਮੈਨੂੰ ਮਿਲਣ ਦਾ ਕੈਸਾ ਚਾਅ ਚੜ੍ਹਿਆ ਹੈ । ਜਦੋਂ ਗੁਰੂ ਜੀ ਕੋਲ ਆ ਕੇ ਮਿਲੇ, ਤਾਂ ਉਸ ਨੇ ਖ਼ੁਸ਼ ਹੋ ਕੇ (ਆਪ ਦਾ) ਹੱਥ[3] ਚੁੰਮਿਆ[2] ॥੬੧॥

ਤੇ ਫਿਰ ਅਦ੍ਰਹਮਾਨ ਨੇ ਪੁੱਛਿਆ, "ਤਪਾ ਜੀ, ਦੱਸੋ। ਸਭ ਸੁੱਖਸਾਂਦ ਹੈ ਨਾ? ਗੁਰੂ ਜੀ ਨੇ ਆਖਿਆ, "ਅੱਦ੍ਰਹਮਾਨ ਸੁਣ! ਖ਼ੈਰ ਤਾਂ ਹੈ ਪਰ ਖ਼ੈਰ ਵੀ ਨਾ ਜਾਣ।" ॥੬੨॥

ਦੋਹਰਾ

ਉਸ ਨੇ ਫੇਰ ਪੁੱਛਿਆ, "ਸੁੱਖ ਹੈ?" ਗੁਰੂ ਜੀ ਨੇ ਕਿਹਾ, "ਖ਼ੈਰ ਨੂੰ ਖ਼ੈਰ ਨਾ ਜਾਣੋ"। ਜਦੋਂ ਤਿੰਨ ਵਾਰ ਗੁਰੂ ਜੀ ਨੇ ਇਸੇ ਤਰਾਂ ਹੀ ਕਿਹਾ ਤਾਂ ਅਦ੍ਰਹਮਾਨ ਨੇ ਫੇਰ ਕਿਹਾ। ॥੬੩॥

"ਹੇ ਤਪਾ ਜੀ ਸੁਣੋ! ਮੈਂ ਤਾਂ ਹੈਰਾਨ ਹਾਂ, ਤੁਹਾਡੇ ਬਚਨਾਂ ਨੂੰ ਮੈਂ ਕਿਵੇਂ ਸਮਝਾਂ? ਤੁਸੀਂ ਕਹਿੰਦੇ ਹੋ-ਸੁੱਖ ਵੀ ਹੈ ਤੇ ਫਿਰ ਸੁੱਖ ਹੈ ਵੀ ਨਹੀਂ-। ਮੈਨੂੰ ਇਸ ਦਾ ਮਤਲਬ[4] (ਤਾਂ) ਸਮਝਾ ਦੇਵੋ।" ॥੬੪॥

ਗੁਰੂ ਜੀ ਨੇ ਫ਼ਰਮਾਇਆ, "ਸ਼ੇਖ਼ ਜੀ ਸੁਣੋ! ਖ਼ੈਰ (ਸੁੱਖ) ਤਾਂ ਸਭ ਤਰਾਂ ਹੈ ਪਰ ਜੋ ਖ਼ੈਰ ਨਹੀਂ, ਉਹ ਇਸ ਤਰਾਂ ਹੈ, ਜੋ ਤੁਸੀਂ ਕਿਹਾ ਹੈ -ਚੁੱਕ (ਕੇ ਪਰ੍ਹੇ ਸੁੱਟ) ਦੇਵਾਂਗਾ- ਇਸ ਕਰਕੇ ਸੁੱਖ ਨਹੀਂ ਹੈ ॥੬੫॥

ਅਸੀਂ ਤੇਰਾ ਕਿਹੜਾ ਦੇਸ਼ ਖੋਹ ਲਿਆ ਹੈ ਜਾਂ ਧਨ-ਮਾਲ[5] ਲੈ ਲਿਆ ਹੈ? ਤੂੰ ਸਾਡੇ ਨਾਲ ਕਿਹੜੀ ਗੱਲੋਂ ਵੈਰ[6] ਕਰ ਰਿਹਾ ਹੈਂ? ਤੇ ਤੂੰ ਬੇਝਿਜਕ ਹੋ ਕੇ ਕਿਹਾ ਸੀ -ਚੁੱਕ (ਕੇ ਪਰ੍ਹੇ ਸੁੱਟ) ਦੇਵਾਂਗਾ-॥੬੬॥

ਦੋਹਰਾ

ਸੋ ਅਸਾਂ ਕੋਲੋਂ ਤੂੰ ਉਹ ਥਾਂ ਲੈ ਲੈ, ਜਿੱਥੋਂ ਤੂੰ ਚੁੱਕ ਕੇ ਸੁੱਟ ਦੇਣਾ ਚਾਹੁੰਦਾ ਹੈਂ।" ਅੱਦ੍ਰਹਮਾਨ ਇਹ ਸੁਣ ਕੇ ਬੋਲਿਆ, "ਤੁਹਾਨੂੰ ਇਹ ਕਿਸ ਨੇ ਦੱਸਿਆ ਹੈ?" ॥੬੭॥

ਚੌਪਈ

ਮੈਂ ਇਸ ਤਰਾਂ ਕਿਸੇ ਨੂੰ ਕਿਹਾ ਹੀ ਨਹੀਂ, ਉਹ (ਕੋਈ) ਝੂਠ ਕਹਿੰਦਾ ਹੈ, ਝੱਖ ਮਾਰਦਾ ਹੈ।" ਤਾਂ ਉਸ ਵੇਲੇ (ਅਦ੍ਰਹਮਾਨ ਦੀ ਗੱਲ) ਸੁਣ ਕੇ ਉਬਾਰੇਖ਼ਾਨ ਚਮਕਿਆ ਅਤੇ ਬੋਲਿਆ, "ਤੂੰ ਮੇਰੇ ਕੋਲ ਇਸੇ ਤਰਾਂ ਹੀ ਕਿਹਾ ਸੀ। ॥੬੮॥

-ਹਿੰਦੂ ਦੀਆਂ ਕੀ ਤਾਰੀਫ਼ਾਂ ਗਾਈ ਜਾਂਦਾ ਹੈਂ, ਉਸ ਨੂੰ ਪਲ ਵਿੱਚ ਚੁੱਕ (ਕੇ ਪਰ੍ਹੇ ਸੁੱਟ) ਦੇਵਾਂਗਾ-। ਪਹਿਲਾਂ ਜਿਵੇਂ ਬੋਲਿਆ[8] ਸੀ, ਉਸੇ ਤਰਾਂ ਆਖ। ਹੁਣ ਤੂੰ ਸ਼ਰਮਸਾਰ ਹੋਇਆ ਮੁੱਕਰ[7] ਕਿਉਂ ਰਿਹਾ ਹੈਂ?" ॥੬੯॥

SikhBookClub.Com

ਆਦ੍ਰਮਾਨ ਤਬ ਬੈਨ ਬਖਾਨੇ । 'ਤੁਮ ਬੈਠਹੁ ਨਿਜ ਖ਼ਾਨ ਠਿਕਾਨੇ।
ਹਮਰੀ ਤੁਮਰੀ ਸਮਤਾ[1] ਨਾਹੀਂ । ਤੂਸ਼ਨ ਸਮਝ ਰਹਉ ਉਰ ਮਾਂਹੀ॥੭੦॥

ਦੋਹਰਾ

ਹਮ ਅਰ ਤਪਾ ਬਿਚਾਰ ਹੈਂ ਸਮਝੈਂ ਆਪਸ ਮਾਹਿਂ ।
ਬੋਲਨ ਤੁਮਰੋ ਨਹਿਂ ਬਨੈ ਕਾਰਨ ਕੋਊ ਨਾਂਹਿ'॥੭੧॥

ਚੌਪਈ

ਸੁਨਤ ਉਬਾਰੇ ਬਚਨ ਬਖਾਨਾ । 'ਸੰਗ ਤਪੇ ਕੋ ਮੋਰ ਠਿਕਾਨਾ।
ਪੀਰਨ ਪੀਰ ਭਯੋ ਇਹ ਮੇਰਾ । ਹੌਂ ਮੁਰੀਦ ਭਾ ਚੇਰਨਚੇਰਾ[2]॥੭੨॥

ਕਰਤ ਹੁਤੇ ਨਿੰਦਾ ਪਸ਼ਚਾਤੀ[3] । ਲਾਗਹਿ ਪਾਪ,ਨ ਨੀਕੀ ਬਾਤੀ।
ਕਹਉ ਪ੍ਰਿਥਮ ਜਿਉਂ,ਮੁਖ ਪਰ ਅਬਹੀ । ਪਾਛਲ ਦੋਖ ਨਸੈ ਗੋ ਜਬਹੀ'॥੭੩॥

ਸੋਰਠਾ

ਮੁਸ਼ਕਾਨੇ ਗੁਨ ਖਾਂਨ ਦੇਖ ਉਬਾਰੇ ਕੀ ਦਸ਼ਾ।
ਲੱਜਤ ਅੱਦ੍ਰਹਮਾਨ ਅਧਿਕ ਰਿਦੈ ਜਰਬਰ[4] ਗਯੋ॥੭੪॥

ਚੌਪਈ

ਰਿਦੇ ਰਿਸਾਯੋ[5] ਬੋਲੇ ਬਾਨੀ । ਅਜਹੁ[6] ਨ ਸਮਝਤ ਮਨ ਅਭਿਮਾਨੀ।
'ਹਿੰਦੂ ਅਹੈ ਕੇ ਮੁਸਲਮਨੋਊ । ਦੁਹ ਮੈਂ ਅਹੈ ਬਡੈਰੋ ਕੋਊ?॥੭੫॥

ਮਤੋ ਕੌਨ ਸੋ ਤੁਮ ਨੇ ਧਾਰਾ? । ਸਰਬ ਬਤਾਵਹੁ ਕਰ ਨਿਰਧਾਰਾ'।
ਸ੍ਰੀ ਗੁਰ ਸੁਨਕੈ ਬਚਨ ਉਚਾਰੇ । 'ਹਮ ਨੇ ਦੋਨੋ ਪੱਖ ਬਿਦਾਰੇ[7] ॥੭੬॥

ਹਿੰਦੂ ਤੁਰਕ ਬਾਦ ਕੇ ਮਾਂਹੀ । ਬਸੈ ਸ਼ਤਾਨ ਸ਼ਾਂਤਿ ਹ੍ਵੈ ਨਾਹੀਂ ।
ਨਿਜ ਨਿਜ ਮਾਨ ਬਧਾਵਨ ਹੇਤਾ । ਸਗਰੇ ਝਗਰਹਿਂ ਮੂਢ ਅਚੇਤਾ॥੭੭॥

ਤਿਨਕੇ ਸਿਰ ਜਮ ਡੰਡ ਲਗਾਈ । ਦ੍ਵੈਤ ਬਿਖੇ ਉਰਝੇ[8] ਦੁਖ ਪਾਈਂ।
ਸੱਤਿਨਾਮ ਉਰ ਤੇ ਬਿਸਰਾਈ[9] । ਸਤਿਗੁਰ ਮਿਲਜੋ ਨ ਸੋਝੀ ਆਈ॥੭੮॥

SikhBookClub.Com

ਤਾਂ ਉਸੇ ਵੇਲੇ ਅੱਦ੍ਹਮਾਨ ਨੇ ਆਖਿਆ, "ਉਬਾਰੇਖ਼ਾਨ! ਤੂੰ ਆਪਣੀ ਥਾਂ 'ਤੇ ਬੈਠਾ ਰਹਿ। ਤੇਰੀ ਸਾਡੀ ਕੋਈ ਬਰਾਬਰੀ[1] ਨਹੀਂ ਹੈ, ਦਿਲ ਵਿੱਚ ਇਹ ਸੋਚ ਕੇ ਚੁੱਪ ਰਹਿ। ॥੭੦॥

ਦੋਹਰਾ

ਮੈਂ ਅਤੇ ਤਪਾ, ਆਪਸ ਵਿਚ ਵਿਚਾਰ ਕਰਕੇ, ਆਪੇ ਸਮਝ ਲਵਾਂਗੇ। ਤੇਰਾ, ਵਿੱਚ ਬੋਲਣ ਦਾ ਕੋਈ ਕਾਰਨ ਨਹੀਂ ਬਣਦਾ। ॥੭੧॥

ਚੌਪਈ

ਤਾਂ ਉਬਾਰੇਖ਼ਾਨ ਸੁਣ ਕੇ ਬੋਲਿਆ, "ਮੇਰਾ ਠਿਕਾਣਾ ਤਾਂ ਤਪਾ ਜੀ ਨਾਲ ਹੈ, ਇਹ ਮੇਰੇ ਪੀਰਾਂ ਦੇ ਪੀਰ ਹਨ। ਮੈਂ ਇਨ੍ਹਾਂ ਦਾ ਸੇਵਕ[2] ਹਾਂ, ਮੁਰੀਦ ਹਾਂ। ॥੭੨॥

ਪਿੱਛੇ[3] ਨਿੰਦਾ ਕਰਨੀ ਚੰਗੀ ਗੱਲ ਨਹੀਂ ਹੁੰਦੀ। ਪਾਪ ਲੱਗਦਾ ਹੈ। ਤੂੰ ਹੁਣੇ ਹੀ ਮੂੰਹੋਂ, ਉਸੇ ਤਰਾਂ ਕਹਿ, ਜਿਵੇਂ ਪਹਿਲਾਂ ਕਿਹਾ ਸੀ, ਤਾਂ ਹੀ ਤੇਰੇ ਪਿਛਲੇ ਦੋਸ਼ (ਪਾਪ) ਲੱਥਣਗੇ। ॥੭੩॥

ਸੋਰਠਾ

ਉਬਾਰੇਖ਼ਾਨ ਦੀ ਹਾਲਤ ਵੇਖ ਕੇ, ਗੁਣਾਂ ਦੀ ਖਾਣ (ਗੁਰੂ ਜੀ) ਮੁਸਕਰਾ ਪਏ। ਅੱਦ੍ਹਮਾਨ ਸ਼ਰਮਸਾਰ ਹੋਇਆ, ਮਨ ਹੀ ਮਨ, ਬਹੁਤ ਸੜ-ਬਲ[4] ਗਿਆ ਸੀ। ॥੭੪॥

ਚੌਪਈ

(ਉਹ) ਅੰਦਰੇ-ਅੰਦਰ ਕਰੋਧ[5] ਕਰਦਾ ਹੋਇਆ, ਜਿਸ ਦਾ ਹੰਕਾਰੀ ਹੋਇਆ ਮਨ ਅਜੇ[6] ਵੀ ਸਮਝ (ਮੰਨ) ਨਹੀਂ ਸੀ ਰਿਹਾ। ਉਹ ਫੇਰ ਕਹਿਣ ਲੱਗਾ, "ਹਿੰਦੂ ਅਤੇ ਮੁਸਲਮਾਨ, ਦੋਨਾਂ ਧਰਮਾਂ (ਮਤਾਂ) ਵਿੱਚੋਂ ਕਿਹੜਾ ਸ੍ਰੇਸ਼ਟ ਹੈ? ॥੭੫॥

ਤੁਸੀਂ ਕਿਹੜਾ ਧਰਮ ਧਾਰਨ ਕੀਤਾ ਹੋਇਆ ਹੈ? ਸਾਰੀ ਗੱਲ ਖੋਲ੍ਹ ਕੇ ਦੱਸੋ।" ਗੁਰੂ ਜੀ ਨੇ ਇਹ ਸੁਣ ਕੇ ਫ਼ਰਮਾਇਆ, "ਅਸਾਂ ਤੇ ਦੋਨੋਂ ਪੱਖ ਹੀ ਛੱਡੇ[7] ਹੋਏ ਹਨ । ॥੭੬॥

ਹਿੰਦੂ-ਮੁਸਲਮਾਨ ਦੇ ਝਗੜੇ ਵਿਚ ਉਲਝ ਕੇ, ਸ਼ੈਤਾਨ ਦੇ ਵੱਸ ਵਿੱਚ ਆਏ ਹੋਏ ਹੋਣ ਕਰਕੇ ਸ਼ਾਂਤੀ ਨਹੀਂ ਮਿਲਦੀ। ਆਪੋ-ਆਪਣਾ ਮਾਨ ਵਧਾਉਣ ਖ਼ਾਤਰ਼ ਸਾਰੇ ਹੀ ਮੂਰਖ-ਲੋਕ, ਬੇਅਰਥ ਝਗੜੀ ਜਾਂਦੇ ਹਨ। ॥੭੭॥

ਦ੍ਵੈਤ ਭਾਵ ਵਿਚ ਉਲਝੇ[8] ਹੋਏ ਇਹ ਦੁੱਖ ਪਾਉਣਗੇ ਤੇ ਇਨ੍ਹਾਂ ਨੂੰ ਜਮਾਂ ਦੀ ਮਾਰ ਪਵੇਗੀ। ਉਨ੍ਹਾਂ ਨੇ ਮਨਾਂ ਵਿੱਚੋਂ ਸੱਚੇ-ਨਾਮ ਨੂੰ ਵਿਸਾਰ[9] ਦਿੱਤਾ ਹੈ। ਬਿਨਾਂ ਸਤਿਗੁਰੂ ਨੂੰ ਮਿਲਣ ਦੇ, ਇਨ੍ਹਾਂ ਨੂੰ ਸੋਝੀ ਨਹੀਂ ਆ ਸਕਦੀ। ॥੭੮॥

SikhBookClub.Com

ਏਕ ਜਰਾਹ[1] ਹੋਤ ਹੈਂ ਸਜਾਨੇ । ਅਸਤ[2] ਘਾਵ ਕੇ ਭਗਨ[3] ਜੁ ਜਾਨੇ।
ਪੂਰਬ ਵਹਿਰ ਨਿਕਾਸਹਿਂ ਤਾਂਹੀ । ਚਰਮ ਘਾਵ ਕੋ ਬਹੁਰ ਮਿਲਾਹੀਂ॥੭੯॥

ਇਕ ਕੱਚੇ[4] ਹਿਕਮਤ[5] ਲਘੁ ਜਾਨਤ । ਭਗਨ ਅਸਤ ਕੋ ਨਹੀਂ ਪਛਾਨਤ ।
ਆਮਿਖ[6] ਘਾਉ ਸੁ ਦੇਹਿਂ ਮਿਲਾਈ । ਰਹੈ ਬਿਕਾਰ ਨਸੂਰ ਸਦਾਈ॥੮੦॥

ਤਿਉਂ ਇਕ ਸਤਿਗੁਰ ਮੋਹ ਹੰਕਾਰਾ । ਪ੍ਰਿਥਮੇ ਖੋਵਹਿਂ ਸਰਬ ਬਿਕਾਰਾ।
ਬਹੁਰੋ ਦੇ ਆਤਮ ਉਪਦੇਸ਼ਾ । ਤਿਨਹਿਂ ਨ ਹ੍ਵੈ ਭਵ ਪੀਰਾ ਲੇਸ਼ਾ[7] ॥੮੧॥

ਇਕ ਕਾਚੇ ਗੁਰ ਹ੍ਵੈ ਜਗ ਮਾਂਹੀ । ਮਨ ਬਿਕਾਰ ਸੇ ਨਾਸਹਿਂ ਨਾਹੀ।
ਦੇ ਉਪਦੇਸ਼ ਚਹੈਂ ਗਤਿ ਦੇਈ । ਮਾਨਾਦਿਕ[8] ਤੇ ਦੁਖਿ ਹ੍ਵੈ ਤੇਈ॥੮੨॥

ਤੁਮ ਕੋ ਮਿਲਜੋ ਗੁਰੂ ਕੋ ਕਾਚਾ । ਨਹੀਂ ਲਖਾਯੋ ਰੂਪ ਸੁ ਸਾਚਾ।
ਫਸੇ ਮਾਨ ਮਹਿਂ ਪੱਖਜ ਕਰੇਹੀ । ਅਪਨੋ ਰੂਪ ਪਛਾਨੈਂ ਦੇਹੀ'॥੮੩॥

ਦੋਹਰਾ

ਸ਼ੇਖ ਕਹੈ 'ਨਾਨਕ ਤਪਾ! ਕੇਤਿਕ ਤੂੰ ਅਧਿਕਾਇ।
ਨਦਰ ਤਰੇ[9] ਆਨਤ ਨਹੀਂ ਦੋਨੋ ਪੱਖ ਗਵਾਇ'॥੮੪॥

ਚੌਪਈ

ਸ੍ਰੀ ਗੁਰ ਬੋਲੇ 'ਨਦਰ ਸੁ ਦੂਰ । ਇਕ ਅਕਾਲ ਕੇ ਰਹੇ ਹਦੂਰ[10]।
ਸੁਨਹੁ ਸ਼ੇਖ! ਇਹ ਨੀਕੀ ਬਾਤ । ਆਪਾ ਖੋਇ ਕੀਯੋ ਮਨ ਸਾਂਤਿ॥੮੫॥

ਤਿਨਹੀ ਏਕ ਨਿਰੰਜਨ ਪਾਇਆ । ਨਾਮ ਜਪਤ ਜਿਨਿ ਆਪ ਗਵਾਇਆ ।
ਖ਼ਾਲਕ[11] ਏਕੈ ਖ਼ਲਕ ਬਨਾਈ । ਭਲਾ ਜੁ ਬੁਰਾ ਨੀਚ ਉਚ ਤਾਂਈ ॥੮੬॥

SikhBookClub.Com

ਇੱਕ ਜਰਾਹ (ਚੀਰ-ਫਾੜ ਕਰਨ ਵਾਲਾ ਹਕੀਮ)[1] ਸਿਆਣਾ ਹੁੰਦਾ ਹੈ, ਉਹ ਟੁੱਟੀ[3] ਹੱਡੀ[2] ਦੇ ਜ਼ਖ਼ਮ ਨੂੰ ਦੂਰ ਕਰਨ (ਦਾ ਢੰਗ) ਜਾਣਦਾ ਹੁੰਦਾ ਹੈ। ਪਹਿਲਾਂ ਉਹ ਜ਼ਖ਼ਮੀ-ਹੱਡੀ ਨੂੰ ਬਾਹਰ ਕੱਢ ਲੈਂਦਾ ਹੈ ਤੇ ਫੇਰ ਹੀ ਮਾਸ ਦੇ ਜ਼ਖ਼ਮ ਨੂੰ ਮੇਲਦਾ ਹੈ। (ਭਾਵ ਅੰਦਰ ਹੱਡੀ ਨੂੰ ਅੰਦਰੋਂ ਠੀਕ ਕਰਕੇ, ਫੇਰ ਹੀ ਮਾਸ ਨੂੰ ਮੇਲਦਾ ਹੈ)। ॥੭੯॥

ਇੱਕ ਕੱਚਾ[4] ਹਕੀਮ[5] ਜੋ ਬਹੁਤ ਘੱਟ ਸਮਝਦਾਰ ਹੁੰਦਾ ਹੈ, ਉਹ ਟੁੱਟੀ ਹੋਈ ਹੱਡੀ ਨੂੰ ਜਾਣੇ-ਪਛਾਣੇ ਬ਼ਗ਼ੈਰ ਹੀ, ਮਾਸ[6] ਦੇ ਜ਼ਖ਼ਮ ਨੂੰ, ਉੱਪਰੋਂ-ਉੱਪਰੋਂ ਮੇਲ ਦਿੰਦਾ ਹੈ। ਫੇਰ ਉਹ ਜ਼ਖ਼ਮ ਨਾਸੂਰ ਬਣ ਕੇ (ਸਦਾ ਹੀ ਵਗਦਾ ਰਹਿੰਦਾ ਹੈ) ਭਰਦਾ ਨਹੀਂ। ॥੮੦॥

ਇਸੇ ਤਰਾਂ ਇੱਕ ਸਤਿਗੁਰੂ (ਸੱਚਾ ਗੁਰੂ) ਮੋਹ-ਹੰਕਾਰ ਆਦਿ (ਵਿਸ਼ੇ-ਵਿਕਾਰਾਂ ਦਾ) ਸਭ ਤੋਂ ਪਹਿਲਾਂ ਨਾਸ਼ ਕਰਕੇ ਫੇਰ ਆਤਮਕ-ਗਿਆਨ ਦਾ ਉਪਦੇਸ਼ ਦੇਵੇਗਾ। (ਇਸ ਤਰਾਂ ਕਰਨ ਨਾਲ) ਫਿਰ (ਬੰਦੇ) ਨੂੰ ਜਗਤ ਦਾ ਭੋਰਾ-ਭਰ[7] ਵੀ ਦੁਖ ਨਹੀਂ ਮਿਲਦਾ। ॥੮੧॥

ਸੰਸਾਰ ਵਿਚ ਇੱਕ ਕੱਚੇ ਗੁਰੂ ਹੁੰਦੇ ਹਨ। ਉਹ ਬੰਦੇ ਦੇ ਅੰਦਰੋਂ ਖੋਟੇ-ਵਿਕਾਰਾਂ ਨੂੰ ਦੂਰ ਕੀਤੇ ਬਗੈਰ ਹੀ ਮੁਕਤੀ ਦਿਵਾਣ ਹਿਤ ਉਪਦੇਸ਼ ਦਿੰਦੇ ਹਨ। ਹੰਕਾਰ, ਮਾਣ[8] ਆਦਿ ਸਦਕਾ, ਉਨ੍ਹਾਂ ਦੇ ਮੁਰੀਦ ਤਕਲੀਫ਼ ਹੀ ਸਹਿੰਦੇ ਰਹਿੰਦੇ ਹਨ। ॥੮੨॥

(ਐ ਅੱਦ੍ਹਮਾਨ!) ਤੈਨੂੰ ਕੋਈ ਕੱਚਾ ਗੁਰੂ ਮਿਲਿਆ ਹੋਵੇਗਾ, ਜਿਸ ਨੇ ਤੈਨੂੰ ਸੱਚੇ-ਸਰੂਪ ਬਾਰੇ ਜਾਣੂ ਨਹੀਂ ਕਰਵਾਇਆ। ਤੂੰ ਹੰਕਾਰ ਵਿਚ ਫਸਿਆ ਹੋਣ ਕਰਕੇ ਦਵੈਤ ਕਰਦਾ ਹੈਂ। ਪਹਿਲਾਂ ਆਪਣੇ ਦੇਹੀ-ਰੂਪ ਦੀ ਪਛਾਣ ਕਰ। ॥੮੩॥

ਦੋਹਰਾ

ਸ਼ੇਖ਼ ਨੇ ਆਖਿਆ, "ਹੇ ਨਾਨਕ ਤਪਾ ਜੀ! ਤੂੰ ਕਿੰਨਾ ਕੁ ਵੱਡਾ ਹੈਂ, ਜੋ ਦੋਨਾਂ ਪੱਖਾਂ ਨੂੰ ਨਜ਼ਰ ਹੇਠਾਂ[9] ਨਾ ਲਿਆ ਕੇ, ਦੋਵੇਂ ਹੀ ਧਰਮ ਵਿਸਾਰ ਛੱਡੇ ਹਨ।" ॥੮੪॥

ਚੌਪਈ

ਗੁਰੂ ਜੀ ਨੇ ਕਿਹਾ, "ਅਸਾਂ ਦੀ ਨਜ਼ਰ (ਬਹੁਤ) ਦੂਰ, ਉਸ ਅਕਾਲ-ਪੁਰਖ ਦੀ ਹਜ਼ੂਰੀ[10] ਵਿਚ ਲੱਗੀ ਰਹਿੰਦੀ ਹੈ। ਹੇ ਸ਼ੇਖ਼ ਜੀ ਸੁਣੋ! ਇਹ ਬਹੁਤ ਹੀ ਚੰਗੀ ਗੱਲ ਹੈ ਕਿ ਆਪਣਾ-ਆਪਾ ਗਵਾ ਕੇ, ਹੀ ਮਨ ਨੂੰ ਸ਼ਾਂਤੀ ਪ੍ਰਾਪਤੀ ਹੁੰਦੀ ਹੈ। ॥੮੫॥

ਉਨ੍ਹਾਂ ਨੇ ਹੀ (ਉਸ) ਇੱਕ ਪਰਮੇਸ਼ਰ ਨੂੰ ਪ੍ਰਾਪਤ ਕੀਤਾ ਹੁੰਦਾ ਹੈ, ਜਿਨ੍ਹਾਂ ਨੇ ਆਪਣਾ-ਆਪ ਗਵਾ ਕੇ ਉਸ ਦੇ ਨਾਮ ਦਾ ਸਿਮਰਨ ਕੀਤਾ ਹੁੰਦਾ ਹੈ। ਉਹ, ਰਚਨਹਾਰਾ[11] ਇੱਕ ਹੀ ਹੈ। ਚੰਗੇ-ਬੁਰੇ, ਉੱਚੇ-ਨੀਵੇਂ, ਲੋਕਾਂ ਦੀ ਇਹ ਸਾਰੀ ਖ਼ਲਕਤ ਉਸ ਨੇ ਹੀ ਬਣਾਈ ਹੈ। ॥੮੬॥

SikhBookClub.Com

ਨਹੀਂ ਆਪ ਤੇ ਕੋਊ ਭਯੋ । ਤਿਉਂ ਸਭ ਹੋਏ ਜਿਉਂ ਨਰਮਯੋ[1]'।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਕੋ ਦੇਖੀ । ਕੀਨੋ ਦੂਰ ਹੰਕਾਰ ਬਿਸ਼ੇਖੀ॥੮੭॥

ਦੋਹਰਾ

ਅੱਦ੍ਮਾਨ ਸੁਨ ਕਾਨ ਇਵ ਘਨੋ ਦੀਨ[2] ਮਨ ਹੋਇ।
ਚਰਨ ਗਹੇ ਦ੍ਵੈ ਹਾਥ ਸੋ ਬਿਨਤੀ ਬਹੁਰ ਬਗੋਇ॥੮੮॥

ਚੌਪਈ

'ਤਪਾ! ਬਖਸ਼ਿਯੇ ਖਤਾ[3] ਹਮਾਰੀ । ਨਿੰਦਾ ਹਮ ਨੈ ਭੂਲ ਉਚਾਰੀ।
ਪੂਰਬ ਭੇਦ ਨ ਜਾਨਯੋ ਤੇਰਾ । ਅਫਵਲ[4] ਗੁਨਹਿਂ ਕਰੋ ਅਬ ਮੇਰਾ'॥੮੯॥

ਸੁਨਕੈ ਬੋਲਯੋ ਤਬਹਿ ਉਬਾਰਾ । '—ਤਪਾ ਉਠਾਵੋਂ— ਤੂੰ ਜਿ ਉਚਾਰਾ।
ਅਬ ਕਿਉਂ ਨਹਿਂ ਤੁਮ ਦੇਤ ਉਠਾਈ । ਮਿਲ ਜਿਹ ਕੋ ਹੈ ਗ੍ਰੀਵ ਨਿਵਾਈ॥੯੦॥

ਬਾਤ ਸਮਝ ਕਰ ਕਹਿਨੀ ਭਲੀ ।ਕਿਸਿ ਬਿਧਿ ਕੀਟੀ[5] ਗਿਰ[6] ਕੋ ਲਿਲੀ[7]।
ਰਵਿ ਸਮਾਨ ਕਿਉਂ ਹੋਇ ਟਿਟਾਨੋ।ਇਤੋ ਭੇਦ ਨਿਜ ਮਾਂਹਿ ਪਛਾਨੋ'॥੯੧॥

ਦੋਹਰਾ

ਅੱਦ੍ਮਾਨ ਕਹਿ 'ਪ੍ਰਿਥਮ ਮੈਂ ਅਸ ਜਾਨਯੋ ਮਨ ਮਾਹਿਂ ।
ਬੁਤ ਪ੍ਰਸਤ ਕੋ ਹਿੰਦੁ ਹੈ,ਤਿਨਕੇ ਸਮ ਇਹ ਨਾਹਿਂ ॥੯੨॥

ਚੌਪਈ

ਹਿੰਦੂ ਤੁਰਕ ਤੇ ਅਹੈ ਨਿਰਾਲਾ । ਸ੍ਰੀ ਨਾਨਕ ਇਸ ਮਤੋ[8] ਬਿਸਾਲਾ।
ਇਨ ਕੀ ਕੌਨ ਕਰੇ ਸਮਤਾਈ । ਮਿਲੇ ਜਬੈ ਤਬਹੀ ਸੁਧਿ ਪਾਈ'॥੯੩॥

ਤਿਹ ਢਿਗ ਬ੍ਰਿੰਦ ਹੁਤੇ ਨਰ ਜੇਊ । ਚਰਨ ਕਮਲ ਬੰਦਤ ਭੇ ਤੇਊ।
ਸ੍ਰੀ ਗੁਰ ਭਨਯੋ 'ਖੁਦਾਇ ਜਿ ਪਸਾਰੇ । ਖੌਫ[9] ਖੁਦਾਇ ਸੁ ਉਰ ਮੈਂ ਧਾਰੇਂ॥੯੪॥

SikhBookClub.Com

ਕੋਈ ਵੀ ਆਪਣੇ-ਆਪ ਪੈਦਾ ਨਹੀਂ ਹੋਇਆ। ਸਾਰੇ ਲੋਕ ਉਸੇ ਤਰਾਂ ਹੀ ਬਣੇ ਹਨ, ਜਿਵੇਂ ਉਸ ਨੇ ਪੈਦਾ[1] ਕੀਤੇ ਹਨ।" ਇਸ ਤਰਾਂ ਕਹਿੰਦੇ ਹੋਏ ਜਦ ਗੁਰੂ ਜੀ ਨੇ ਆਪਣੀ ਕਿਰਪਾਲੂ-ਦ੍ਰਿਸ਼ਟੀ ਨਾਲ ਅੱਦ੍ਹਮਾਨ ਨੂੰ ਵੇਖਿਆ ਤਾਂ ਉਸ ਦਾ ਸਾਰਾ ਹੰਕਾਰ ਦੂਰ ਕਰ ਦਿੱਤਾ ਸੀ। ॥੮੭॥

ਦੋਹਰਾ

ਅਦ੍ਹਮਾਨ, ਗੁਰੂ ਜੀ ਦੇ ਇਹ ਬੋਲ ਕੰਨੀਂ ਸੁਣ ਕੇ, ਮਨ ਤੋਂ ਬਹੁਤ ਹੀ ਨਿਮਰ[2] ਹੋ ਗਿਆ ਤੇ ਦੋਨਾਂ ਹੱਥਾਂ ਨਾਲ ਗੁਰੂ ਜੀ ਦੇ ਚਰਨ ਫੜ ਕੇ, ਫੇਰ ਬੇਨਤੀ ਕਰਨ ਲੱਗਾ। ॥੮੮॥

ਚੌਪਈ

"ਹੇ ਤਪਾ ਜੀ! ਮੇਰੀ ਭੁੱਲ[3] ਬਖ਼ਸ਼ ਦਿਉ। ਮੈਂ ਭੁੱਲ ਕੇ ਆਪ ਦੀ ਨਿੰਦਾ ਕਰ ਬੈਠਾ। ਮੈਂ ਪਹਿਲਾਂ ਆਪ ਦੇ ਭੇਦ (ਵਡਿਆਈ) ਨੂੰ ਨਹੀਂ ਸੀ ਜਾਣ ਸਕਿਆ। ਮੇਰੇ ਤੋਂ ਹੋਈ ਅਵੱਗਿਆ ਨੂੰ ਹੁਣ ਮਾਫ਼[4] ਕਰ ਦਿਉ।" ॥੮੯॥

ਉਸ ਦੇ ਬੋਲ ਸੁਣ ਕੇ, ਉਸ ਵੇਲੇ ਉਬਾਰੇਖਾਨ ਬੋਲਿਆ, "ਤੂੰ ਜੋ ਕਹਿੰਦਾ ਸੀ - ਮੈਂ ਤਪਾ ਜੀ ਨੂੰ ਚੁੱਕ ਕੇ ਪਰ੍ਹੇ ਸੁੱਟ ਦੇਵਾਂਗਾ-।ਹੁਣ ਕਿਉਂ ਨਹੀਂ ਚੁੱਕ ਦਿੰਦਾ, ਜਿਨ੍ਹਾਂ ਨੂੰ ਮਿਲ ਕੇ ਹੁਣ ਤੂੰ ਗਰਦਨ ਨੀਵੀਂ ਕਰੀ ਹੋਈ ਹੈ। ॥੯੦॥

ਸੋਚ-ਸਮਝ ਕੇ ਕੀਤੀ ਹੋਈ ਗੱਲ ਚੰਗੀ ਹੁੰਦੀ ਹੈ। ਕੀੜੀ[5] ਪਹਾੜ[6] ਨੂੰ ਕਿਵੇਂ ਨਿਗਲ[7] (ਨਿਘਾਰ) ਸਕਦੀ ਹੈ? ਸੂਰਜ ਦੇ ਬਰਾਬਰ ਟਟਹਿਣਾ ਕਿਸ ਤਰਾਂ ਹੋ ਸਕਦਾ ਹੈ? ਏਨਾ ਹੀ ਅੰਤਰ ਤੂੰ ਗੁਰੂ ਜੀ ਤੇ ਆਪਣੇ ਵਿੱਚ ਸਮਝ।" ॥੯੧॥

ਦੋਹਰਾ

ਅੱਦ੍ਹਮਾਨ ਨੇ ਆਖਿਆ, "ਪਹਿਲਾਂ ਮੈਂ ਇਸ ਤਰਾਂ ਸਮਝਿਆ ਸੀ ਕਿ ਕੋਈ ਹਿੰਦੂ ਬੁੱਤਪ੍ਰਸਤ ਹੋਣਾ ਹੈ, (ਪਰ) ਇਹ ਗੁਰੂ ਜੀ ਤਾਂ ਉਨ੍ਹਾਂ ਵਰਗੇ ਨਹੀਂ ਹਨ। ॥੯੨॥

ਚੌਪਈ

ਇਹ ਨਾਨਕ ਜੀ ਦਾ ਧਰਮ[8] ਤਾਂ ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਬਹੁਤ ਵਿਸ਼ਾਲ ਤੇ ਨਿਰਾਲਾ ਹੈ। ਇਨ੍ਹਾਂ ਦੀ ਬਰਾਬਰੀ ਕੌਣ ਕਰ ਸਕਦਾ ਹੈ? ਜਦੋਂ ਤੋਂ (ਆਪ) ਮਿਲੇ ਹੋ, ਉਦੋਂ ਤੋਂ ਹੀ ਮੈਨੂੰ ਸੋਝੀ ਆ ਗਈ ਹੈ।" ॥੯੩॥

ਉਸ ਦੇ ਕੋਲ ਜੋ ਹੋਰ ਬੰਦੇ ਸਨ, ਉਨ੍ਹਾਂ ਸਾਰਿਆਂ ਨੇ ਵੀ ਗੁਰੂ ਜੀ ਦੇ ਚਰਨ ਕਮਲਾਂ ਵਿਚ ਨਮਸਕਾਰ ਕੀਤੀ ਤਾਂ ਗੁਰੂ ਜੀ ਨੇ ਆਖਿਆ, "ਜੋ ਖ਼ੁਦਾ ਦੇ ਪਿਆਰੇ ਹੁੰਦੇ ਹਨ, ਉਹ ਆਪਣੇ ਹਿਰਦੇ ਅੰਦਰ ਖ਼ੁਦਾ ਦਾ ਡਰ[9] ਹਮੇਸ਼ਾ ਰੱਖਦੇ ਹਨ। ॥੯੪॥

SikhBookClub.Com

ਕਬਹਿ ਗ਼ਾਫਲੀ[1] ਭੂਲ ਨ ਕਰਹੈਂ । ਨਿਸਦਿਨ ਉਰ ਮਹਿਂ ਡਰ ਕੋ ਧਰਹੈਂ।
ਸਿਮਰਨ ਪ੍ਰੇਮ ਭਗਤਿ ਮਹਿਂ ਰਾਤੇ । ਉਚਿਤਾ ਪਾਇ ਨੀਚ ਹ੍ਵੈ ਜਾਤੇ'॥੯੫॥

ਦੋਹਰਾ

ਇਉਂ ਮਿਲਕੈ ਹਰਖਾਇ ਉਰ ਗਾ[2] ਤਬ ਅੱਦ੍ਰਹਮਾਨ(*3)।
ਸ੍ਰੀ ਗੁਰ ਕੇਰ ਸਮੀਪ ਹ੍ਵੈ ਕਹਜੋ ਉਬਾਰੇ ਖਾਂਨ॥੯੬॥

ਚੌਪਈ

'ਕ੍ਰਿਪਾ ਨਿਧਾਨ ਭਾਉ ਕੇ ਪਜਾਰੇ! ਗੰਜਨ[3] ਗਰਬ ਸੁ ਮੁਕਤਿ ਉਦਾਰੇ ।
ਪਾਇਨ ਸੋ ਪਾਵਨ ਮਮ ਧਾਮੂ[4] । ਕਰਹੁ ਆਪ ਨਿਸ ਭੀ ਬਿਸਰਾਮੂ'॥੯੭॥

ਸੁਨ ਕੈ ਬਿਨਤੀ ਡੇਰਾ ਕੀਨਾ । ਸੁਭ ਸਥਾਨ ਪ੍ਰਭੁ ਕੋ ਆਸੀਨਾ।
ਦਿਜ ਬੁਲਵਾਇ ਬਨਾਇ ਅਹਾਰਾ । ਕਰ ਸੋਂ ਪਕਰ ਸੁ ਪੈਰ ਪਖਾਰਾ[5]॥੯੮॥

ਦ੍ਵੈ ਦਿਉਸਨ[6] ਲੌ ਸਦਨ ਰਹੇ ਤਿਹਂ । ਜਾਗੇ ਮਸਤਕ ਭਾਗ ਬਡੇ ਜਿਹਂ।
ਪੁਨ ਕਰਤਾਰਪੁਰੇ ਚਲਿ ਆਏ।ਜਿਨ ਹੰਕਾਰੀ ਪੈਰੀਂ ਪਾਏ॥੯੯॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਅੱਦ੍ਰਮਾਨ ਕੋ ਪ੍ਰਸੰਗ' ਬਰਨਨੰ ਨਾਮ ਇਕਤਾਲੀਸਮੋਂ ਧਜਾਇ ॥੪੧॥

SikhBookClub.Com

ਤੇ ਉਹ ਭੁੱਲ ਕੇ ਵੀ ਕਦੇ ਸੁਸਤੀ[1] ਨਹੀਂ ਕਰਦੇ। ਉਹ ਦਿਨੇ-ਰਾਤ ਮਨ ਵਿੱਚ ਉਸ ਦਾ ਡਰ ਵਸਾਈ ਰੱਖਦੇ ਹਨ। ਪ੍ਰੇਮਾ-ਭਗਤੀ ਤੇ ਸਿਮਰਨ ਵਿਚ ਰੰਗੇ ਹੋਏ, ਉੱਚਤਾ ਪ੍ਰਾਪਤ ਹੋਣ 'ਤੇ ਵੀ ਨੀਵੇਂ (ਨਿਮਰ) ਹੋ ਜਾਂਦੇ ਹਨ।" ॥੯੫॥

ਦੋਹਰਾ

ਇਸ ਤਰਾਂ ਗੁਰੂ ਜੀ ਨੂੰ ਮਿਲ ਕੇ ਅਦ੍ਰਹਮਾਨ ਦਾ ਹਿਰਦਾ ਖ਼ੁਸ਼ ਹੋ ਗਿਆ[2]। ਉਬਾਰੇਖ਼ਾਨ ਗੁਰੂ ਜੀ ਦੇ ਕੋਲ ਹੋ ਕੇ ਕਹਿਣ ਲੱਗਾ। ॥੯੬॥

ਚੌਪਈ

ਹੇ ਕਿਰਪਾ ਦੇ ਪੁੰਜ! ਹੇ (ਪ੍ਰਭੂ ਨਾਲ) ਪ੍ਰੇਮ ਭਾਵ ਰੱਖਣ ਵਾਲੇ ਪਿਆਰੇ! ਹੰਕਾਰੀ ਪੁਰਸ਼ਾਂ ਦਾ ਹੰਕਾਰ ਤੋੜ[3] ਕੇ ਮੁਕਤੀ ਬਖਸ਼ਣਹਾਰੇ ਗੁਰੂ ਜੀਓ! ਮੇਰੇ ਘਰ[4] ਵਿਚ ਚਰਨ ਪਾ ਕੇ ਉਸ ਨੂੰ (ਘਰ ਨੂੰ) ਪਵਿੱਤਰ ਕਰੋ ਅਤੇ ਰਾਤ ਪੈ ਗਈ ਹੈ, ਤੁਸੀਂ ਇਥੇ ਹੀ ਬਿਸਰਾਮ ਕਰੋ ਜੀ।" ॥੯੭॥

ਉਬਾਰੇਖ਼ਾਨ ਦੀ ਬੇਨਤੀ ਸੁਣ ਕੇ, ਉਨ੍ਹਾਂ (ਗੁਰੂ ਜੀ) ਨੇ ਡੇਰਾ ਕਰ ਲਿਆ ਸੀ। (ਉਸ ਨੇ) ਸੁੰਦਰ ਸਥਾਨ 'ਤੇ ਪ੍ਰਭੂ (ਗੁਰੂ) ਜੀ ਦਾ ਨਿਵਾਸ ਕਰਵਾਇਆ। ਬ੍ਰਾਹਮਣਾਂ ਨੂੰ ਬੁਲਾ ਕੇ, ਭੋਜਨ ਤਿਆਰ ਕੀਤਾ ਗਿਆ ਤੇ ਗੁਰੂ ਜੀ ਦੇ ਚਰਨਾਂ ਨੂੰ ਫੜ ਕੇ ਜਲ ਨਾਲ ਧੋਤਾ[5]। ॥੯੮॥

ਗੁਰੂ ਜੀ ਉੱਥੇ ਦੋ ਦਿਨ[6], ਉਸ ਦੇ ਘਰ ਰਹੇ। ਉਸ ਵੱਡੇ ਭਾਗਾਂ ਵਾਲੇ ਦੀ ਕਿਸਮਤ ਜਾਗ ਪਈ ਸੀ ਤੇ ਫੇਰ ਗੁਰੂ ਜੀ, ਜਿਨ੍ਹਾਂ ਨੇ ਹੰਕਾਰੀਆਂ ਨੂੰ ਪੈਰਾਂ ਉੱਤੇ ਪੁਆਇਆ ਸੀ, ਕਰਤਾਰਪੁਰ ਵੱਲ ਚੱਲ ਆਏ ਸਨ। ॥੯੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਉਬਾਰੇਖਾਨ ਤੇ ਅਦ੍ਰਹਮਾਨ ਦਾ ਪ੍ਰਸੰਗ" ਨਾਮੀ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਮਾਲੋ ਸ਼ੇਖ, ਗੁਰੂ ਜੀ ਦਾ ਮੁਰੀਦ ਬਣ ਗਿਆ ਸੀ। ਉਸ ਨੇ ਆਪਣੇ ਮਿੱਤਰ, ਉਬਾਰੇਖ਼ਾਨ ਕੋਲ ਗੁਰੂ ਜੀ ਦੀ ਉਸਤਤ ਕੀਤੀ ਤਾਂ ਉਬਾਰੇਖ਼ਾਨ ਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਚੱਲ ਆਇਆ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਨਾ ਕੋਈ ਹਿੰਦੂ ਤੇ ਨਾ ਹੀ ਕੋਈ ਮੁਸਲਮਾਨ ਹੁੰਦਾ ਹੈ, ਸਗੋਂ ਸਾਰੇ ਇੱਕੋ ਹੀ ਮਿੱਟੀ ਦੇ ਬਣੇ ਹੋਏ ਇਨਸਾਨ ਹਨ ਤੇ ਅੰਤ ਨੂੰ ਮਿੱਟੀ ਵਿਚ ਹੀ ਮਿਲ ਜਾਂਦੇ ਹਨ। ਉਹ ਲੋਕ, ਸੁੱਖ ਹਾਸਲ ਕਰਦੇ ਹਨ, ਜੋ ਰੱਬ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਉਸ ਦਾ ਨਾਮ-ਸਿਮਰਨ ਕਰਦਿਆਂ ਪ੍ਰੇਮਾ-ਭਗਤੀ ਵਿਚ ਭਿੱਜੇ ਰਹਿੰਦੇ ਹਨ। ਤਾਂ ਅਨਮੋਲ ਬਚਨ ਸੁਣ ਕੇ ਉਬਾਰੇ ਖ਼ਾਨ, ਗੁਰੂ ਜੀ ਚਰਨੀਂ ਪੈ ਗਿਆ ਤੇ ਉਸ ਨੂੰ ਆਪਣੇ ਸਰੂਪ ਦਾ ਗਿਆਨ ਹੋ ਗਿਆ। ਉਸ ਦੇ ਸਾਰੇ ਭਰਮ-ਭੁਲੇਖੇ ਜਾਂਦੇ ਰਹੇ ਸਨ।

ਇਕ ਦਿਨ ਉਬਾਰੇਖ਼ਾਨ, ਇਕ ਫ਼ਕੀਰ ਅੱਦ੍ਹਮਾਨ ਨੂੰ ਜਾ ਮਿਲਿਆ ਤੇ ਉਸ ਦੇ ਸਾਹਮਣੇ ਗੁਰੂ ਜੀ ਦੀਆਂ ਉਸਤਤ ਭਰੀਆਂ ਗੱਲਾਂ ਕਰਨ ਲੱਗ ਪਿਆ ਕਿ ਗੁਰੂ ਜੀ ਤਾਂ ਖ਼ੁਦ ਹੀ ਖ਼ੁਦਾ ਦਾ ਅਵਤਾਰ ਹਨ।ਅਜਿਹੀਆਂ ਗੱਲਾਂ ਸੁਣ ਕੇ ਅਦ੍ਹਮਾਨ ਗੁੱਸੇ ਵਿਚ ਆ ਕੇ ਭੜਕ ਪਿਆ। ਉਸ ਨੇ ਕਿਹਾ ਕਿ ਤੂੰ ਹਿੰਦੂ ਕਾਫ਼ਰ ਦੇ ਗੁਣ-ਗਾਇਨ ਕਰੀ ਜਾ ਰਿਹਾ ਹੈਂ, ਮੈਂ ਉਸ ਨੂੰ ਉਸ ਦੀ ਜਗ੍ਹਾ ਤੋਂ ਚੁੱਕ ਕੇ ਪਰ੍ਹੇ ਸੁੱਟ ਦੇਵਾਂਗਾ। ਤੂੰ ਹਿੰਦੂ ਨੂੰ ਖ਼ੁਦਾ ਦੇ ਰੂਪ ਵਿਚ ਦੱਸ ਰਿਹਾ ਹੈਂ।

ਫਿਰ ਜਦ ਉਬਾਰੇਖ਼ਾਨ, ਗੁਰੂ ਜੀ ਪਾਸ ਸੋਹਣੇ ਬਸਤਰ ਭੇਟ ਕਰਨ ਗਿਆ ਤਾਂ ਜਾਣਨਹਾਰੇ ਗੁਰੂ ਜੀ ਨੇ ਉਬਾਰੇਖ਼ਾਨ ਨੂੰ ਪੁੱਛਿਆ, ਅਦ੍ਹਮਾਨ ਸਾਡੀ ਬਾਬਤ ਤੈਨੂੰ ਕੀ ਕਹਿੰਦਾ ਸੀ ਤਾਂ ਉਸਨੇ ਸੱਚੋ-ਸੱਚ ਦੱਸ ਦਿੱਤਾ ਸੀ ਕਿ ਅਦ੍ਹਮਾਨ ਕਹਿੰਦਾ ਸੀ, ਮੈਂ ਹਿੰਦੂ ਕਾਫਰ ਨੂੰ ਇੱਥੋਂ ਚੁੱਕ ਕੇ ਪਰ੍ਹੇ ਸੁੱਟ ਦੇਵਾਂਗਾ। ਉਸ ਪਿੱਛੋਂ ਗੁਰੂ ਜੀ, ਉਬਾਰੇਖ਼ਾਨ ਨੂੰ ਨਾਲ ਲੈ ਕੇ ਅਦ੍ਹਮਾਨ ਕੋਲ ਚਲੇ ਗਏ ਸਨ। ਜਦ ਅਦ੍ਹਮਾਨ ਮੁੱਕਰਨ ਲੱਗਾ ਤਾਂ ਉਬਾਰੇਖ਼ਾਨ ਨੇ ਫਿਰ ਸੱਚ-ਸੱਚ ਦੱਸ ਦਿੱਤਾ ਸੀ। ਗੁਰੂ ਜੀ ਨੇ ਉਸ (ਅਦ੍ਹਮਾਨ) ਨੂੰ ਅਨਮੋਲ ਉਪਦੇਸ਼ ਦਿੱਤਾ। ਉਸ ਦੇ ਮਨ ਦੀ ਸਾਰੀ ਮੈਲ ਧੋ ਦਿੱਤੀ। ਗੁਰੂ ਜੀ ਨੇ ਦੱਸਿਆ ਕਿ ਲੋਕ ਧਰਮਾਂ ਆਦਿ ਦੇ ਚੱਕਰਾਂ ਵਿਚ ਉਲਝ ਕੇ ਦੁੱਖ ਪਾਉਣਗੇ। ਮਨ ਵਿਚੋਂ ਸ਼ਤਿਗੁਰੂ ਦਾ ਸੱਚਾ ਸਿਮਰਨ ਵਿਸਾਰਨ ਨਾਲ ਸੋਝੀ ਨਹੀਂ ਆਉਂਦੀ। ਪ੍ਰਭੂ ਹੀ ਸਭ ਦਾ ਰਚਨਹਾਰਾ ਹੈ ਤੇ ਸਾਰੀ ਖ਼ਲਕਤ ਉਸ ਨੇ ਹੀ ਬਣਾਈ ਹੈ। ਸੱਚਾ ਗੁਰੂ ਹੀ ਸੱਚਾ ਉਪਦੇਸ਼ ਦੇ ਸਕਦਾ ਹੈ। ਇਸ ਤਰਾਂ ਅਦ੍ਹਮਾਨ ਦਾ ਸਾਰਾ ਹੰਕਾਰ ਦੂਰ ਹੋ ਗਿਆ ਤੇ ਉਹ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ।ਉਸ ਨੇ ਗੁਰੂ ਜੀ ਨੂੰ ਆਪਣੇ ਕੋਲ ਦੋ ਦਿਨ ਰੱਖਿਆ ਤੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ, ਅਤੇ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ।

SikhBookClub.Com

ਫੁੱਟਨੋਟ

(*1) ਡੇਰਾ ਬਾਬਾ ਨਾਨਕ ਵਾਲੇ ਪਾਸੇ ਤੋਂ ਬਟਾਲੇ ਨੂੰ ਜਾਂਦੀ ਸੜਕ ਦੇ ਉਤਰ-ਦਿਸ਼ਾ ਵਿੱਚ ਇੱਕ ਪਿੰਡ ਜੌੜੀਆ (ਜਉੜੀਆ) ਸੀ। ਇੱਥੇ ਇੱਕ ਪਠਾਣ ਉਬਾਰੇਖਾਨ ਰਹਿੰਦਾ ਸੀ, ਜੋ ਮੁਸਲਮਾਨ ਵਿਦਵਾਨ ਮਾਲੋ ਸ਼ੇਖ਼ ਦਾ ਮਿੱਤਰ ਸੀ। ਮਾਲੋ ਸ਼ੇਖ਼ ਗੁਰੂ ਨਾਨਕ ਸਾਹਿਬ ਨੂੰ ਮਿਲਣ ਕਰਤਾਰਪੁਰ ਆਇਆ ਸੀ ਤੇ ਉਨ੍ਹਾਂ ਨਾਲ ਰੱਬ ਦੀਆਂ ਗੱਲਾਂ ਕਰਕੇ ਪਰਸੰਨ ਹੋਇਆ ਸੀ। ਮਾਲੋ-ਸ਼ੇਖ਼ ਦੇ ਕਹਿਣ 'ਤੇ ਉਬਾਰੇ ਖਾਂ ਨੇ ਵੀ ਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਉਬਾਰੇਖਾਨ ਦੁਆਰਾ ਗੁਰੂ ਜੀ ਦੀ ਵਡਿਆਈ ਨੂੰ ਸੁਣ ਕੇ ਜੌੜੀਆ ਪਿੰਡ ਦਾ ਜ਼ਿਮੀਂਦਾਰ ਅਬਦੁੱਲ ਰਹਿਮਾਨ ਵੀ ਗੁਰੂ ਜੀ ਨੂੰ ਮਿਲਿਆ ਸੀ।

ਇਹ ਸਾਖੀ ਭਾਈ ਬਾਲੇ ਵਾਲੀ ਜਨਮਸਾਖੀ ਤੋਂ ਇਲਾਵਾ ਹੋਰ ਕਿਸੇ ਪੁਸਤਕ ਵਿੱਚ ਨਹੀਂ ਹੈ। ਉਸ ਸਮੇਂ ਹਿੰਦੂ ਅਤੇ ਮੁਸਲਮਾਨਾਂ ਦੇ ਝਗੜੇ ਆਮ ਸਨ ਤੇ ਉਨ੍ਹਾਂ ਹਾਲਾਤਾਂ ਅਨੁਸਾਰ ਇਹ ਸਾਖੀ ਠੀਕ ਜਾਪਦੀ ਹੈ।

(*2) ਸੋਲਾਸਯਾ, ਉਹ ਕੱਪੜਾ ਹੁੰਦਾ ਸੀ, ਜਿਸ ਦੇ ਤਾਣੇ ਵਿੱਚ ਸੋਲਾਂ ਸੌ ਤਾਰ ਪਾਈ ਹੁੰਦੀ ਸੀ। ਇਨ੍ਹਾਂ ਕੱਪੜਿਆਂ ਦਾ ਬਰ 6 ਗਿਰਾਂ ਹੁੰਦਾ ਸੀ ਅਤੇ 6 ਗਿਰਾਂ ਵਿੱਚ ਹੀ ਸੋਲਾਂ ਸੌ ਤਾਰ ਹੁੰਦੀ ਸੀ। ਇਹ ਬਹੁਤ ਬਾਰੀਕ ਸੂਤ ਦਾ ਬਣਿਆ ਹੁੰਦਾ ਸੀ।

(*3) ਅ੍ਦਹਮਾਨ ਜਾਂ ਅਬਦੁਲ ਰਹਿਮਾਨ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਸੀ। ਉਸ ਨੇ ਬਹੁਤ ਪ੍ਰੇਮ ਨਾਲ, ਕਰਤਾਰਪੁਰ ਰਹਿ ਕੇ ਗੁਰੂ ਜੀ ਦੀ ਸੇਵਾ ਕੀਤੀ। ਉਹ ਗੁਰਮੁਖ ਸਿੱਖਾਂ ਵਿੱਚ ਗਿਣਿਆ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਅਬਦੁੱਲ ਰਹਿਮਾਨ, ਪਿੰਡ ਰੱਤੜ-ਛੱਤੜ ਦਾ ਗੱਦੀਨਸ਼ੀਨ ਫ਼ਕੀਰ ਸੁਣੀਂਦਾ ਹੈ, ਜਿੱਥੇ ਇਸ ਦੀ ਗੱਦੀ ਚਲੀ ਆ ਰਹੀ ਸੀ।

SikhBookClub.Com

ਅਧਜਾਯ ਬਤਾਲੀਵਾਂ

(ਚਰਨ ਧਜਾਨ ਪ੍ਰਤਾਪ, ਬੱਚੇ ਦਾ ਪ੍ਰਸੰਗ, ਮੂਲਾ ਕੀੜ ਪ੍ਰਿੱਥਾ, ਖੇਡਾ ।
ਪ੍ਰਿਥੀ ਮਲ, ਸਹਗਲ, ਰਾਮਾ, ਭਿਡੀ ਪ੍ਰਤਿ ਉਪਦੇਸ਼)(*1)

ਦੋਹਰਾ

ਸ੍ਰੀ ਗੁਰ ਪਦ ਅਰਬਿੰਦ ਕੋ ਧਜਾਨ ਚਢਾਵੋਂ ਭੰਗ।
ਤਜਹੁੰ ਸਿਆਨਪ ਸਰਬ ਕੋ ਰਪਹੁੰ[1] ਏਕ ਪ੍ਰਭੁ ਰੰਗ॥੧॥

ਸ੍ਰੀ ਬਾਲਾ ਸੰਧੁਰੁ ਵਾਚ ॥

ਚੌਪਈ

ਸ੍ਰੀ ਅੰਗਦ ਜੀ! ਸੁਨਹੁ ਕਹਾਨੀ । ਰਹੇ ਗ੍ਰਾਮ ਨਿਜ ਸ੍ਰੀ ਗੁਨਖਾਨੀ।
ਬੀਤਤ ਭਯੋ ਕਿਤਕ ਤਹਿੰ ਕਾਲਾ । ਮਹਿਮਾ ਜਹਿੰ ਤਹਿੰ ਬਢੀ ਬਿਸਾਲਾ॥੨॥

ਦਰਸ਼ਨ ਕਰਨ ਹੇਤ ਨਰ ਆਵਹਿੰ । ਧਰੈਂ ਕਾਮਨਾ ਫਲ ਕੋ ਪਾਵਹਿੰ।
ਮਨਹੁ ਪ੍ਰਕਾਸ਼ੀ ਕੀਰਤ ਜੌਨ੍ਹਾ[2] । ਪਸਰੀ ਭਲੀ ਚੌਦ[3] ਹੂੰ ਭੌਨਾ(*2) ॥੩॥

ਸੰਤ ਚਕੋਰ ਰਿਦੇ ਹਰਖਾਏ । ਦੰਭ ਦੁਹਾਗਨਿ ਕੋ ਦੁਖਦਾਏ[4]।
ਨਿੰਦਕ ਚਕਵੇ ਪੀਰਾ ਪਾਈ । ਉਡਗਨ[5] ਸਿੱਖਨ ਸਹਤ ਸੁਹਾਈ॥੪॥

ਹਿੰਦੂ ਤੁਰਕ ਅਧਿਕ ਚਲਿ ਆਵਹਿੰ । ਸ੍ਰੀ ਨਾਨਕ ਕੇ ਚਰਨ ਮਨਾਵਹਿੰ।
ਏਕ ਮੁਰੀਦ[6],ਸਿੱਖ ਇਕ ਹੋਵਹਿ । ਦਰਸ਼ਨ ਪਰਸਤ ਕਲਮਲ ਖੋਵਹਿ ॥੫॥

ਗ੍ਰਾਮ ਨਗਰ ਰਹਿਹੀਂ ਨਰ ਜੇਤੇ । ਸ੍ਰੀ ਗੁਰ ਕੀਰਤਿ ਕਰਹੀਂ ਤੇਤੇ[7]।
ਬ੍ਰਹਮਚਾਰੀ ਬੈਰਾਗੀ ਜੋਊ । ਜੋਗੀ ਸੰਨਜਾਸੀ ਹ੍ਵੈ ਕੋਊ॥੬॥

ਨੀਚ ਕਿ ਊਚ ਰਾਇ ਕੈ ਰੰਕਾ[8] । ਸੁਜਸ ਉਚਾਰਹਿੰ ਸਭ ਅਕਲੰਕਾ।
ਪੰਡਤ ਅਪਰ ਅਪੰਡਤ ਜਹਿੰ ਤਹਿੰ । ਸ੍ਰੀ ਗੁਰ ਕੀਰਤਿ ਕਰਹੀਂ ਮਹਿ[9] ਮਹਿੰ॥੭॥

SikhBookClub.Com

ਅਧਿਆਇ ਬਤਾਲੀਵਾਂ

(ਬੱਚੇ ਦਾ ਪ੍ਰਸੰਗ, ਮੂਲਾ ਕੀੜ, ਪ੍ਰਿਥਾ, ਖੇਡਾ, ਪ੍ਰਿਥੀਮੱਲ ਸਹਗਲ, ਰਾਮਾ ਅਤੇ ਡਿੱਡੀ ਪ੍ਰਤੀ ਉਪਦੇਸ਼)

ਦੋਹਰਾ

ਕਵੀ ਕਹਿੰਦਾ ਹੈ, ਮੈਂ ਆਪਣੇ ਮਨ 'ਤੇ ਗੁਰੂ ਜੀ ਦੇ ਚਰਨ-ਕਮਲਾਂ ਦੇ ਧਿਆਨ ਦੀ ਖੁਮਾਰੀ ਚੜ੍ਹਾ ਕੇ ਆਪਣੀਆਂ ਸਾਰੀਆਂ ਹੀ ਸਿਆਣਪਾਂ ਦਾ ਤਿਆਗ ਕਰ ਦੇਵਾਂ ਤੇ ਉਸ ਇੱਕੋ ਪ੍ਰਭੂ ਦੇ ਰੰਗ ਵਿਚ ਰੰਗਿਆ[1] ਜਾਵਾਂ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਰੂ ਅੰਗਦ ਜੀਓ! (ਅਗਲੀ) ਕਥਾ ਸੁਣੋ। ਗੁਣਾਂ ਦੀ ਖਾਣ (ਗੁਰੂ ਨਾਨਕ ਦੇਵ ਜੀ) ਇਸ ਤਰਾਂ ਆਪਣੇ ਪਿੰਡ (ਕਰਤਾਰਪੁਰ) ਟਿਕੇ ਰਹੇ। (ਉਨ੍ਹਾਂ ਦਾ) ਬਹੁਤ ਸਾਰਾ ਸਮਾਂ ਉੱਥੇ ਬੀਤਿਆ ਸੀ। ਉਨ੍ਹਾਂ ਦੀ ਥਾਂ-ਥਾਂ 'ਤੇ ਅਤਿਅੰਤ ਮਹਿਮਾ ਵਧ ਗਈ ਸੀ। ॥੨॥

ਲੋਕ (ਗੁਰੂ ਜੀ ਦੇ) ਦਰਸ਼ਨ ਕਰਨ ਲਈ ਆਉਂਦੇ ਤੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ। ਮਾਨੋ ਗੁਰੂ ਜੀ ਦਾ ਸ੍ਰੇਸ਼ਟ-ਚਾਂਦਨੀ[2] ਰੂਪੀ ਜਸ (ਸਾਰੇ) ਪਾਸੇ ਹੀ ਪ੍ਰਕਾਸ਼ਮਾਨ ਹੋ ਕੇ, ਚੌਦਾਂ[3] ਲੋਕਾਂ ਵਿੱਚ ਪਸਰ ਗਿਆ ਸੀ। ॥੩॥

ਸੰਤ ਲੋਕਾਂ ਦੇ ਚਕੋਰ ਜਿਹੇ ਮਨ ਪਰਸੰਨ ਹੋ ਗਏ ਸਨ ਜੋ ਦੰਭੀ ਰੂਪ ਦੁਹਾਗਣਾਂ ਨੂੰ ਦੁੱਖ[4] ਦੇਣ ਵਾਲੇ ਸਨ। ਚਕਵੇ ਜਿਹੇ ਨਿੰਦਕ ਲੋਕ ਤਕਲੀਫ ਪਾਉਂਦੇ ਸਨ ਤੇ (ਸਾਰਾ ਵਾਤਾਵਰਣ) ਤਾਰਿਆਂ[5] ਰੂਪੀ ਸਿੱਖਾਂ ਨਾਲ ਸੋਭ ਰਿਹਾ ਸੀ। ॥੪॥

ਬਹੁਤ ਗਿਣਤੀ ਵਿੱਚ ਹਿੰਦੂ ਅਤੇ ਮੁਸਲਮਾਨ ਉਥੇ ਚੱਲ ਕੇ ਆਉਂਦੇ ਤੇ ਗੁਰੂ ਜੀ ਦੇ ਚਰਨਾਂ ਨੂੰ ਮੰਨਦੇ ਹੋਏ ਇਕ ਚੇਲੇ[6] ਬਣੀ ਜਾਂਦੇ ਤੇ ਇਕ ਸਿੱਖ ਹੋਈ ਜਾਂਦੇ। ਸਾਰੇ ਜਣੇ (ਗੁਰੂ ਜੀ ਦੇ) ਦਰਸ਼ਨ ਕਰਦੇ ਹੋਏ ਆਪਣੇ ਪਾਪਾਂ ਦੀ ਮੈਲ ਦੂਰ ਕਰਦੇ ਸਨ। ॥੫॥

ਸ਼ਹਿਰਾਂ-ਪਿੰਡਾਂ ਵਿੱਚ ਜਿੰਨੇ ਵੀ ਲੋਕ ਰਹਿ ਰਹੇ ਸਨ, ਉਹ[7] ਸਾਰੇ ਹੀ ਗੁਰੂ ਜੀ ਦੀ ਮਹਿਮਾ ਦਾ ਗੁਣਗਾਣ ਕਰਦੇ ਸਨ। ਜਿੰਨੇ ਵੀ ਕੋਈ ਬ੍ਰਹਮਚਾਰੀ, ਬੈਰਾਗੀ, ਜੋਗੀ ਤੇ ਸੰਨਿਆਸੀ ਸਨ। ॥੬॥

(ਕੀ) ਗਰੀਬ, ਕੀ ਅਮੀਰ, ਕੀ ਰਾਜਾ, ਕੀ ਕੰਗਾਲ[8], ਸਾਰੇ ਦੇ ਸਾਰੇ ਹੀ ਕਲੰਕ-ਰਹਿਤ (ਪਵਿੱਤਰ) ਗੁਰੂ ਜੀ ਦੇ ਜਸ ਦਾ ਉਚਾਰਨ ਕਰ ਰਹੇ ਸਨ। ਵਿਦਵਾਨ ਤੇ ਅਨਪੜ੍ਹ ਲੋਕ ਵੀ ਸਾਰੇ ਹੀ ਜਿੱਥੇ-ਜਿੱਥੇ ਸਨ, ਗੁਰੂ ਜੀ ਦੀ, ਉਸ ਧਰਤੀ[9] ਉੱਤੇ ਕੀਰਤੀ ਕਰ ਰਹੇ ਸਨ। ॥੭॥

SikhBookClub.Com

ਪੁਰ ਕਰਤਾਰ ਵਿਖੇ ਨਰ ਨਾਰੀ । ਰਹੈਂ ਸਦੀਵ ਭੀਰ ਭਰ ਭਾਰੀ।
ਸਵਾਜਾਮ[1] ਨਿਸਿ ਰਹੇ ਸਦਾਈ । ਹੋਤ ਕੀਰਤਨ ਸਭ ਸੁਖਦਾਈ॥੮॥

ਪਹਿਰ ਨਿਸਾ[2] ਸੋਂ ਸੰਗਤ ਮੇਲਾ । ਸਬਦਿ ਬਿਚਾਰਨ ਹੋਤ ਸੁਹੇਲਾ।
ਏਕ ਬਾਲ[(*3)] ਕੋ,ਕਿਰਤਨ ਕਾਲਾ । ਸੁਨਤ ਰਹੈ ਕਰ ਪ੍ਰੇਮ ਬਿਸਾਲਾ॥੯॥

ਪ੍ਰਭੁ ਪੀਛੇ ਠਾਢੇ[3] ਹ੍ਵੈ ਸੋਇ । ਭੋਗ ਕੀਰਤਨ ਕੋ ਜਬ ਹੋਇ।
ਬੰਦਨ ਕਰਕੈ ਸਦਨ ਸਿਧਾਵੈ । ਇਸਿ ਬਿਧਿ ਨਿਤਾਪ੍ਰੱਤਿ ਸੋ ਆਵੈ॥੧੦॥

ਇਕ ਦਿਨ ਸ੍ਰੀ ਗੁਰ ਬੈਨ ਬਖਾਨੇ । 'ਬਾਰਿਕ ਕੋ ਘਰੁ ਦੇਹੁ ਨ ਜਾਨੇ'।
ਸਿਖਨ ਗਹਿ ਕੈ ਤਿਹ ਤਤਕਾਲਾ । ਠਾਢੋ ਕੀਨ ਹਦੂਰ ਕ੍ਰਿਪਾਲਾ॥੧੧॥

ਦੋਹਰਾ

ਬਾਲਿਕ ਕੋ ਬੂਝਨ ਕਿਯੋ 'ਕਿਉਂ ਨਿੰਦ੍ਰਾ ਕੋ ਤਜਾਗ ।
ਸਵਾਜਾਮ ਨਿਸ ਰਹੇ ਤੇ ਕਰ ਆਵਤ ਅਨੁਰਾਗ[4]? ॥੧੨॥

ਚੌਪਈ

ਹਾਸ ਖੇਲ ਪੁਨ ਸਵਣ ਸੁਖਾਰੇ । ਬਾਲ ਬੈਸ[5] ਮਹਿਂ ਇਨ ਸੋਂ ਪਜਾਰੇ।
ਸੋ ਤਜਿ ਕੈ ਸਤਿਸੰਗਤਿ ਮਾਂਹੀ । ਆਵਤ ਵਖਤ ਘੁਸਾਵਤ[6] ਨਾਂਹੀ'॥੧੩॥

ਬਾਲਕ ਤਬਹੀ ਦ੍ਵੈ ਕਰ ਜੋਰੇ । ਕਹਨ ਲਗਜੋ 'ਸੁਨੀਏ ਪ੍ਰਭੁ ਮੋਰੇ!।
ਇਕ ਦਿਨ ਮਾਤਾ ਮੋਹਿ ਪਠਾਯਾ[7]। ਹਿਤ ਅਹਾਰ ਪਾਵਕ ਮੰਗਵਾਯਾ॥੧੪॥

ਬਹੁਰੋ ਮੁਝ ਤੇ ਜਾਇ ਨ ਬਾਰੀ।ਤਬ ਮਾਤਾ ਅਸ ਗਿਰਾ ਉਚਾਰੀ।
— ਛੋਟੀ ਸਮਧਾ[8] ਊਪਰ ਪਾਇ।ਤਿਨ ਪਰ ਦੀਰਘ[9] ਦੀਜੈ ਲਾਇ —॥੧੫॥

ਸੁਨ ਕੈ ਸੀਖ[10] ਬਾਰ ਮੈਂ ਦੀਨੀ । ਪਿਖ ਗਿਨਤੀ ਉਰ ਭਈ ਨਵੀਨੀ।
—ਅਗਨਿ ਕਾਲ ਕੌ ਏਕ ਸੁਭਾਊ । ਛੋਟਾ ਬਡਾ ਨ ਜਾਨਤ ਕਾਊ ॥੧੬॥

SikhBookClub.Com

ਕਰਤਾਰਪੁਰ ਵਿਚ ਮਰਦਾਂ-ਔਰਤਾਂ ਦੀ ਹਮੇਸ਼ਾ ਹੀ ਭਾਰੀ ਭੀੜ ਜੁੜੀ ਰਹਿੰਦੀ ਸੀ। ਸਵਾ-ਪਹਿਰ[1] ਰਾਤ ਰਹਿੰਦੀ 'ਤੇ, ਹਮੇਸ਼ਾ ਹੀ ਸੁੱਖ ਪਰਦਾਨ ਕਰਨ ਵਾਲਾ ਕੀਰਤਨ ਹੁੰਦਾ। ॥੮॥

ਫਿਰ ਪਹਿਰ ਰਾਤ[2] ਗਈ ਤਕ ਸੰਗਤਾਂ ਦਾ ਮੇਲਾ ਲੱਗਾ ਰਹਿੰਦਾ ਤੇ ਸੁੰਦਰ ਸ਼ਬਦ-ਵਿਚਾਰਾਂ ਹੁੰਦੀਆਂ ਰਹਿੰਦੀਆਂ ਸਨ। ਕੀਰਤਨ ਵੇਲੇ ਉਥੇ ਇੱਕ ਬਾਲਕ ਬੈਠਾ ਹੁੰਦਾ, ਜੋ ਬਹੁਤ ਪ੍ਰੇਮ ਨਾਲ ਕੀਰਤਨ ਨੂੰ ਸੁਣਦਾ। ॥੯॥

ਕੀਰਤਨ ਮਗਰੋਂ, ਜਦ ਭੋਗ ਪੈ ਜਾਂਦਾ ਤਾਂ ਉਹ ਪ੍ਰਭੂ ਜੀ (ਗੁਰੂ ਜੀ) ਦੇ ਪਿੱਛੇ ਖੜ੍ਹਾ[3] ਹੋ ਜਾਂਦਾ। ਫਿਰ ਉਹ ਨਮਸਕਾਰ ਕਰਕੇ ਆਪਣੇ ਘਰ ਚਲਾ ਜਾਂਦਾ। ਇਸ ਤਰਾਂ ਉਹ ਰੋਜ਼ਾਨਾ ਹੀ (ਉਥੇ) ਆਉਂਦਾ ਸੀ। ॥੧੦॥

ਇਕ ਦਿਨ ਗੁਰੂ ਜੀ ਨੇ ਫ਼ਰਮਾਇਆ, "(ਇਸ) ਬਾਲਕ ਨੂੰ ਘਰੇ ਨਾ ਜਾਣ ਦੇਣਾ।" ਤਾਂ ਸਿੱਖਾਂ ਨੇ ਉਸ ਨੂੰ ਉਦੋਂ ਹੀ ਫੜ ਕੇ ਗੁਰੂ ਜੀ ਦੇ ਹਜ਼ੂਰ ਖੜ੍ਹਾ ਕਰ ਦਿੱਤਾ। ॥੧੧॥

ਦੋਹਰਾ

(ਗੁਰੂ ਜੀ ਨੇ) ਬਾਲਕ ਨੂੰ ਪੁੱਛਿਆ, (ਹੇ ਬਾਲਕ!) ਤੂੰ ਕਿਉਂ ਨੀਂਦ ਗੁਆ ਕੇ, ਸਵਾ-ਪਹਿਰ ਰਾਤ ਰਹਿੰਦੇ, ਇੰਨੇ ਪ੍ਰੇਮ[4] ਨਾਲ ਆਉਂਦਾ ਹੈਂ? ॥੧੨॥

ਚੌਪਈ

ਹੱਸਣਾ-ਖੇਡਣਾ ਅਤੇ ਫਿਰ ਸੌਣਾ ਜੋ ਬਹੁਤ ਸੁਖਦਾਈ ਹੁੰਦੇ ਹਨ ਤੇ ਜੋ ਇਸ ਬਾਲ-ਅਵਸਥਾ[5] ਵਿਚ ਪਿਆਰੇ ਲੱਗਦੇ ਹਨ, ਤੂੰ ਇਨ੍ਹਾਂ (ਸੁੱਖਾਂ ਨੂੰ) ਤਿਆਗ ਕੇ, ਬਿਨਾਂ ਵੇਲਾ ਖੁੰਝਾਇਆਂ[6] (ਕਿਉਂ) ਸਤਿਸੰਗਤ ਵਿੱਚ ਆਉਂਦਾ ਹੈਂ? ॥੧੩॥

ਤਾਂ ਬਾਲਕ ਨੇ ਦੋਨੋਂ ਹੱਥ ਜੋੜੇ ਤੇ ਕਹਿਣ ਲੱਗਾ, "ਹੇ ਮੇਰੇ ਪ੍ਰਭੂ ਜੀ, ਸੁਣੋ। ਇਕ ਦਿਨ ਮੇਰੀ ਮਾਂ ਨੇ ਮੈਨੂੰ ਭੇਜਿਆ[7] ਤੇ ਖਾਣਾ ਪਕਾਉਣ ਲਈ ਅੱਗ ਮੰਗਵਾਈ ਸੀ। ॥੧੪॥

ਤੇ ਫਿਰ ਜਦੋਂ (ਅੱਗ) ਮੈਥੋਂ ਬਾਲੀ ਨਾ ਜਾਵੇ ਤਾਂ ਮਾਂ ਨੇ ਇਸ ਤਰਾਂ ਕਿਹਾ, -ਛੋਟੀਆਂ ਲੱਕੜੀਆਂ[8] ਨੂੰ ਅੱਗ ਉੱਪਰ ਰੱਖ ਕੇ, ਉਨ੍ਹਾਂ ਦੇ ਉੱਪਰ ਵੱਡੀਆਂ[9] ਲੱਕੜਾਂ ਲਾ ਦੇਹ-। ॥੧੫॥

ਉਨ੍ਹਾਂ ਦੀ ਸਿੱਖਿਆ[10] ਸੁਣ ਕੇ ਮੈਂ ਅੱਗ ਬਾਲ ਦਿੱਤੀ ਸੀ, (ਇਹ) ਵੇਖ ਕੇ ਮੇਰੇ ਮਨ ਅੰਦਰ ਨਵਾਂ ਵਿਚਾਰ ਪੈਦਾ ਹੋਇਆ -ਅੱਗ (ਅਤੇ) ਮੌਤ ਦਾ ਤਾਂ ਇੱਕੋ ਜਿਹਾ ਹੀ ਸੁਭਾਅ ਹੈ। ਇਹ ਤਾਂ ਕਿਹੜਾ ਛੋਟਾ ਹੈ, ਕਿਹੜਾ ਵੱਡਾ ਹੈ, (ਦੇ ਫ਼ਰਕ ਬਾਰੇ) ਜਾਣਦੀ ਹੀ ਨਹੀਂ-। ॥੧੬॥

SikhBookClub.Com

ਇਕ ਸਮ ਸਭ ਕੋ ਖਾਇ ਸੁ ਜਾਈ । ਨਹਿਂ ਕੈਸੇ ਹੂੰ ਹੋਤ ਬਚਾਈ[1]।
ਤੁਮਰੇ ਦਰਸ਼ਨ ਕੇਰ ਪ੍ਰਭਾਵਾ-।ਅਸ ਬਿਚਾਰ ਮੇਰੇ ਮਨ ਆਵਾ॥੧੭॥

ਸੰਗ ਮਾਤ ਕੇ ਅਸ ਮੈਂ ਪ੍ਰਾਹੀ[2]। — ਤਰੁਨ[3] ਬੈਸ ਹੋਵੋਂ ਕੈ ਨਾਹੀਂ ।
ਕੋ ਜਾਨੈ ਲਘੁ ਹੀ ਮਰ ਜਾਵੋਂ । ਤਾਂਤੇ ਸ੍ਰੀ ਪ੍ਰਭੁ ਕੇ ਗੁਨ ਗਾਵੋਂ —॥੧੮॥

ਜਾਨ ਕਾਲ ਕੋ ਡਰ ਸਿਰ ਭਾਰੀ । ਪਰਜੋ ਰਹੋਂ ਮੈਂ ਸ਼ਰਨ ਤੁਮਾਰੀ।
ਤਜ ਕੈ ਨੀਂਦ ਸੁਨੋਂ ਪ੍ਰਭੁ ਗਾਥਾ' । ਅਸ ਕਹਿ ਪੁਨਿ ਬੰਦੇ ਜਗਨਾਥਾ॥੧੯॥

ਤਿਹ ਛਿਨ ਸੰਗਤਿ ਸੁਨਿ ਸਿਸ ਬਾਨੀ । ਸਰਬ ਰਹੀ ਹਿਰਦੇ ਬਿਸਮਾਨੀ।
—ਅਲਪ ਬੈਸ ਸਤਿਸੰਗ ਮਝਾਰੀ । ਨਿਰਮਲ ਕੀਨੀ ਸੁਮਤਿ ਬਿਚਾਰੀ —॥੨੦॥

ਦੇਖ ਜਗਤ ਧੰਧੈ ਲਪਟਾਯੋ । ਮਾਯਾ ਮੋਹ ਸਰਬ ਬਿਰਮਾਯੋ[4]।
ਦੇਨੇ ਹੇਤ ਭਲੋ ਉਪਦੇਸ਼ਾ । ਭਨਜੋ ਸਬਦੰ ਤਬ ਸ੍ਰੀ ਜਗਤੇਸ਼ਾ॥੨੧॥

ਮਹਲਾ ੧॥
ਨਾਨਕ ਇਹੁ ਜੀਉ ਮਛੁਲੀ ਭੀਵਰੁ ਤ੍ਰਿਸਨਾ ਕਾਲੁ॥ ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ॥
ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ॥ ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ॥੨॥
(ਗੁ. ਗ੍ਰੰ. ਸਾਹਿਬ, ਪੰਨਾ ੯੫੫)

ਦੋਹਰਾ
ਸੁਨ ਸਭ ਨਰ ਗੁਰ ਕੇ ਬਚਨ ਭਏ ਭਜਨ ਰਤਿ[5] ਸੋਇ।
ਆਤਮ ਗਜਾਨ ਬਿਚਾਰਹੀ ਜਿਸਤੇ ਸਭ ਸੁਖ ਹੋਇ॥੨੨॥

ਚੌਪਈ
ਕ੍ਰਿਪਾ ਦ੍ਰਿਸ਼ਟਿ ਕਰ ਇਉਂ ਜਗ ਸਾਂਈ । ਮਨੁਜ[6] ਅਨੇਕਨ ਭਗਤਿ ਦ੍ਰਿੜਾਈ।
ਇਕ ਦਿਨ ਬੈਠੇ ਜਲਧਿ[7] ਬਬੇਕੂ[8]। ਮੂਲਾ ਕੀੜ ਨਾਮ ਨਰ ਏਕੂ॥੨੩॥

SikhBookClub.Com

ਇਹ (ਮੌਤ) ਤਾਂ ਸਭ ਨੂੰ ਇੱਕ ਸਮਾਨ ਸਮਝਦੀ ਹੋਈ ਖਾ ਜਾਂਦੀ ਹੈ, ਕਿਸੇ ਤਰਾਂ ਵੀ ਬਚਾਅ[1] ਨਹੀਂ ਹੋ ਸਕਦਾ। ਇਸ ਕਰਕੇ ਮੇਰੇ (ਮਨ ਵਿਚ) ਆਪ ਦੇ ਦਰਸ਼ਨਾਂ ਦੇ ਪ੍ਰਭਾਵ ਸਦਕਾ ਇਹ ਵਿਚਾਰ ਆਇਆ। ॥੧੭॥

ਮੈਂ ਆਪਣੀ ਮਾਤਾ ਨੂੰ ਇਉਂ ਆਖਿਆ[2] - ਪਤਾ ਨਹੀਂ ਮੈਂ ਜਵਾਨ[3] ਹੋਵਾਂਗਾ ਜਾਂ ਨਹੀਂ, ਕੀ ਪਤਾ ਛੋਟੀ ਉਮਰ ਵਿਚ ਹੀ ਮਰ ਜਾਵਾਂ? ਇਸ ਕਰਕੇ ਮੈਂ ਪਰਮਾਤਮਾ ਦਾ (ਹੁਣ ਤੋਂ ਹੀ) ਗੁਣ-ਗਾਇਣ ਕਰਨ ਲੱਗ ਪਵਾਂ-। ॥੧੮॥

ਜੋ ਸਿਰ ਉਪਰ ਮੌਤ ਦਾ ਡਾਢਾ ਡਰ ਜਾਣ ਕੇ, ਮੈਂ ਤੁਹਾਡੀ ਸ਼ਰਨ ਵਿਚ ਪਿਆ ਰਹਿੰਦਾ ਹਾਂ ਤੇ ਨੀਂਦ ਦਾ ਤਿਆਗ ਕਰਕੇ ਮੈਂ ਪਰਮਾਤਮਾ ਦੀ ਕਥਾ ਸੁਣਦਾ ਰਹਿੰਦਾ ਹਾਂ।" ਇਸ ਤਰਾਂ ਦੱਸਣ ਤੋਂ ਬਾਅਦ ਉਸ ਨੇ ਫਿਰ ਜਗਤ ਸੁਆਮੀ (ਗੁਰੂ ਜੀ) ਨੂੰ ਨਮਸਕਾਰ ਕੀਤੀ। ॥੧੯॥

ਤਾਂ ਉਸ ਪਲ ਸੰਗਤ ਨੇ ਉਸ ਬਾਲਕ ਦੀ ਇਹ ਗੱਲ ਸੁਣੀ ਤਾਂ ਸਭ ਦੇ ਹਿਰਦੇ ਹੈਰਾਨ ਹੋ ਗਏ- ਛੋਟੀ ਉਮਰ ਵਿੱਚ ਹੀ (ਇਸ ਬਾਲਕ ਨੇ) ਸਤਿਸੰਗਤ ਵਿੱਚ ਬੈਠ ਕੇ, ਮੱਤ ਨੂੰ ਨਿਰਮਲ ਕਰ ਦੇਣ ਵਾਲੀ ਸ੍ਰੇਸ਼ਟ ਵਿਚਾਰ ਕੀਤੀ ਹੈ-। ॥੨੦॥

(ਸਾਰੇ) ਜਗਤ ਨੂੰ ਧੰਦਿਆਂ ਵਿਚ ਲਿਪਟਿਆ ਹੋਇਆ ਅਤੇ ਸਾਰੀ ਦੁਨੀਆਂ ਨੂੰ ਮੋਹ-ਮਾਇਆ ਵਿੱਚ ਜਕੜਿਆ[4] ਹੋਇਆ ਵੇਖ ਕੇ, ਉੱਤਮ ਉਪਦੇਸ਼ ਦੇਣ ਹਿਤ ਜਗਤ ਸੁਆਮੀ (ਗੁਰੂ ਜੀ) ਨੇ ਉਸ ਵੇਲੇ (ਇਸ) ਸ਼ਬਦ ਦਾ ਉਚਾਰਨ ਕੀਤਾ। ॥੨੧॥

ਸਲੋਕ ਪਾਤਸ਼ਾਹੀ ਪਹਿਲੀ

ਨਾਨਕ ਇਹ ਪ੍ਰਾਣੀ ਮੱਛੀ ਹੈ ਅਤੇ ਮੌਤ ਇੱਕ ਲਾਲਚੀ ਮਾਹੀਗੀਰ। ਅੰਨ੍ਹਾ ਇਨਸਾਨ ਖ਼ਿਆਲ ਨਹੀਂ ਕਰਦਾ। ਬਿਲਕੁਲ ਵਿਸਰ ਜਾਂਦਾ ਹੈ। ਭੋਲੇ ਭਾਅ ਹੀ ਫੰਦਾ ਆ ਪੈਂਦਾ ਹੈ। ਨਾਨਕ ਗਾਫਲ ਹੈ। ਆਤਮਾ ਅਤੇ ਫਿਕਰ-ਚਿੰਤਾ ਨਾਲ ਨਰੜੀ ਹੋਈ ਇਹ ਤੁਰ ਜਾਏਗੀ। ਜੇਕਰ ਪ੍ਰਭੂ ਆਪਣੀ ਮਿਹਰ ਦੀ ਨਿਗ੍ਹਾ ਧਾਰੇ, ਤਦ ਉਹ ਆਤਮਾ ਨੂੰ ਆਪਣੇ ਨਾਲ ਅਭੇਦ ਕਰ ਲੈਂਦਾ ਹੈ। (ਗੁ. ਗ੍ਰੰ. ਸਾਹਿਬ, ਪੰਨਾ 955)

ਦੋਹਰਾ

ਸਾਰੇ ਲੋਕਾਂ ਨੇ ਗੁਰੂ ਜੀ ਦੇ ਕਹੇ ਹੋਏ ਬਚਨ ਸੁਣੇ ਤਾਂ ਉਹ ਭਜਨ-ਬੰਦਗੀ ਕਰਨ ਵਿੱਚ ਰੱਤੇ[5] ਗਏ, ਜਿਸ ਨਾਲ ਆਤਮ-ਗਿਆਨ ਦਾ ਵਿਚਾਰ ਕੀਤਿਆਂ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ॥੨੨॥

ਚੌਪਈ

ਇਸ ਤਰਾਂ ਜਗਤ-ਸੁਆਮੀ (ਗੁਰੂ ਜੀ) ਨੇ ਆਪਣੀ ਕਿਰਪਾ-ਦ੍ਰਿਸ਼ਟੀ ਕਰਦੇ ਹੋਏ ਅਨੇਕ ਲੋਕਾਂ[6] ਅੰਦਰ ਭਗਤੀ ਭਾਵ ਦ੍ਰਿੜ੍ਹਾਇਆ। ਇਕ ਦਿਨ ਗਿਆਨ[8] ਦੇ ਸਮੁੰਦਰ[7] (ਗੁਰੂ ਜੀ) ਬੈਠੇ ਹੋਏ ਸਨ ਤਾਂ 'ਮੂਲਾ ਕੀੜ' ਨਾਮੀ ਇੱਕ ਬੰਦਾ ਸੀ। ॥੨੩॥

SikhBookClub.Com

ਗੁਰ ਸਮੀਪ ਚਲਿ ਕੈ ਸੋ ਆਯੋ । ਸ਼ਾਂਤਿ ਭਈ ਮਨ ਦਰਸ਼ਨ ਪਾਯੋ।
ਉਰ ਬਿਕਾਰ ਸਭ ਨਾਸੇ ਐਸੇ । ਪਾਵਸ[1] ਹੋਤ ਜਵਾਸੋਂ[2] ਜੈਸੇ॥੨੪॥

ਬੰਦ ਹਾਥ ਬੋਲਜੋ 'ਇਹ ਅਰਥਾ[3] । ਮੋਹਿ ਬਤਾਹੁ ਪ੍ਰਭੂ ਸਮਰੱਥਾ:-
ਚੰਚਲ ਚੀਤ ਨ ਜਾਇ ਤਮਾਸ਼ੇ । ਜੂਏ ਜਾਇ ਨ ਖੇਲੇ ਪਾਸੇ'॥੨੫॥

ਪਾਰਬ੍ਰਹਮ ਸੁਨਕੈ ਗੁਨ ਖਾਨੀ । ਕ੍ਰਿਪਾ ਦ੍ਰਿਸ਼ਟਿ ਪਿਖ ਬੋਲੇ ਬਾਨੀ।
'ਪੂਰਬ ਜੁਗ ਜੋ ਬੀਤ ਗਏ ਹੈਂ । ਤਿਨ ਮਹਿਂ ਭੂਪ ਅਨੇਕ ਭਏ ਹੈਂ॥੨੬॥

ਮਨ ਚੰਚਲ ਵੇਸ਼੍ਵਾ ਜਬ ਪੇਖੀ । ਕਾਮ ਕੇਲ[4] ਹ੍ਵੈ ਚਾਇ ਬਿਸੇਖੀ।
ਰੋਕਜੋ ਰੁਕਤਿ ਨ ਕਿਸੂ ਪ੍ਰਕਾਰਾ । ਮਿਲਿ ਤਿਹ ਅਪਨ ਜਨਮ ਜਗ ਹਾਰਾ॥੨੭॥

ਧਰਮ ਛੀਨ[5] ਹ੍ਵੈ ਪਾਇ ਸਜਾਈ । ਪਰਜੋ ਨਰਕ ਮਹਿਂ ਬਹੁ ਬਿਲਲਾਈ[6]।
ਯਾਂਤੇ ਤਿਹ ਕੋ ਦੇਖਹਿ ਨਾਹੀਂ । ਸਮਾਂ ਬਿਤਾਵਹਿ ਸਤਿਸੰਗ ਮਾਂਹੀ॥੨੮॥

ਖੇਲੇ ਜੂਪ ਭੂਪ ਜੇ ਹੋਏ।ਪਰੀ ਆਪਦਾ[7] ਦਾਰੁਨ ਰੋਏ।
ਇਨ ਕੋ ਤਜਾਗੇ ਜੋ ਸਿਖ ਹੋਇ।ਸੁਖ ਪਾਵਹਿ ਮਾਨਹਿ ਬਚ ਜੋਇ॥੨੯॥

ਅਬ ਆਯੋ ਕਲਿਜੁਗ ਕੋ ਕਾਲਾ । ਗੁਰ ਸਿਖੀ ਪ੍ਰਗਟਾਈ ਚਾਲਾ।
ਸ਼ਬਦ ਪ੍ਰੇਮ ਕਰਕੈ ਮੁਖ ਗਾਵੈਂ । ਧਰਮਕ੍ਰਿੱਤ ਕਰ ਕੈ ਵੰਡ ਖਾਵੈਂ॥੩੦॥

ਗੁਰ ਸਿੱਖਨ ਕੀ ਸੇਵਾ ਕਰਹੀ । ਭਾਉ ਧਾਰ ਉਰ ਚਰਨ ਪਖਰਹੀ[8]।
ਨਗਨ ਬਸਤ੍ਰ ਦੇ ਭੋਜਨ ਭੂਖਾ । ਸ਼ਬਦ ਬਿਚਾਰ ਲਹੈ[9] ਉਰ ਸੂਖਾ'॥੩੧॥

SikhBookClub.Com

ਉਹ ਚੱਲ ਕੇ ਗੁਰੂ ਜੀ ਕੋਲ ਪਹੁੰਚਿਆ। ਦਰਸ਼ਨ ਕਰਕੇ ਉਸ ਦਾ ਮਨ ਸ਼ਾਂਤ ਹੋ ਗਿਆ। ਉਸ ਦੇ ਮਨ ਵਿੱਚੋਂ ਸਾਰੇ ਵਿਸ਼ੇ-ਵਿਕਾਰ ਇਸ ਤਰਾਂ ਦੂਰ ਹੋ ਗਏ, ਜਿਵੇਂ ਬਰਸਾਤ[1] ਵਿਚ ਜਵਾਹਾਂ[2] (ਇਕ ਪ੍ਰਕਾਰ ਦਾ ਘਾਹ) ਦਾ ਨਾਸ਼ ਹੋ ਜਾਂਦਾ ਹੈ। ॥੨੪॥

(ਉਹ) ਹੱਥ ਜੋੜ ਕੇ ਬੋਲਿਆ, "ਹੇ ਸਮਰੱਥ ਗੁਰੂ ਜੀਓ! ਇਸ ਗੱਲ ਦਾ ਅਰਥ[3] ਦੱਸੋ ਕਿ ਇਹ ਚੰਚਲ ਮਨ, ਰੰਗ-ਤਮਾਸ਼ਿਆਂ ਤੋਂ ਦੂਰ ਕਿਉਂ ਨਹੀਂ ਜਾਂਦਾ? ਜੂਆ ਖੇਡਣ ਤੋਂ ਰੁਕਦਾ ਨਹੀਂ ਤੇ ਹੋਰ ਕਿਸੇ ਪਾਸੇ ਨਹੀਂ ਲੱਗਦਾ। ॥੨੫॥

ਜਗਤ ਦੇ ਪਰਮੇਸ਼ਰ, ਗੁਣਾਂ ਦੀ ਖਾਣ (ਗੁਰੂ ਜੀ) ਨੇ ਮੂਲਾ ਕੀੜ ਦੇ ਬੋਲ ਸੁਣ ਕੇ, ਕਿਰਪਾ ਦ੍ਰਿਸ਼ਟੀ ਨਾਲ ਵੇਖ ਕੇ ਫ਼ਰਮਾਇਆ, "ਪਹਿਲੇ ਜੋ ਜੁਗ ਲੰਘ ਗਏ ਹਨ, ਉਨ੍ਹਾਂ ਵਿੱਚ ਬਹੁਤ ਰਾਜੇ-ਮਹਾਰਾਜੇ ਹੋਏ ਹਨ। ॥੨੬॥

ਜਿਵੇਂ ਹੀ ਵੇਸਵਾ ਨੂੰ ਉਹ ਵੇਖਦੇ, (ਉਨ੍ਹਾਂ ਦੇ) ਚੰਚਲ ਮਨ, ਕਾਮ-ਕੇਲਾਂ[4] ਦੇ ਚਾਅ ਵਿਚ ਲੱਗ ਜਾਂਦੇ ਸਨ ਤੇ ਕਿਸੇ ਤਰਾਂ ਵੀ ਰੋਕਿਆਂ ਨਹੀਂ ਸਨ ਰੁਕਦੇ। ਉਹ (ਵੇਸਵਾਵਾਂ) ਨਾਲ ਮਿਲ ਕੇ ਆਪਣਾ (ਕੀਮਤੀ) ਜਨਮ, ਇਸ ਸੰਸਾਰ ਵਿਚ ਨਸ਼ਟ ਕਰ ਲੈਂਦੇ ਸਨ। ॥੨੭॥

(ਇਸ ਤਰਾਂ ਕਰਨ ਨਾਲ) ਧਰਮ ਗੁਆ[5] ਲੈਂਦੇ ਤੇ ਸਜ਼ਾ ਪ੍ਰਾਪਤ ਕਰਦੇ ਤੇ ਉਹ ਨਰਕਾਂ ਵਿਚ ਪੈ ਕੇ ਬਹੁਤ ਵਿਰਲਾਪ[6] ਕਰਦੇ। ਇਸ ਕਰਕੇ (ਵੇਸਵਾਵਾਂ) ਨੂੰ ਵੇਖਣਾ ਹੀ ਨਹੀਂ ਚਾਹੀਦਾ ਅਤੇ ਸਤਿਸੰਗ ਵਿਚ ਹੀ ਸਮਾਂ ਬਿਤਾਉਣਾ ਚਾਹੀਦਾ ਹੈ। ॥੨੮॥

ਜੋ ਰਾਜੇ ਹੋ ਕੇ ਜੂਏ ਖੇਡਦੇ ਰਹੇ ਤੇ ਫੇਰ ਜਦ ਬਹੁਤ ਭਿਆਨਕ ਸੰਕਟ[7] ਆ ਪੈਂਦਾ ਹੈ ਤਾਂ ਰੋਂਦੇ ਸਨ। ਜੇ ਉਹ ਸਿੱਖ ਬਣ ਕੇ, ਇਹ ਬਚਨ ਮੰਨ ਕੇ, ਇਨ੍ਹਾਂ ਦਾ ਤਿਆਗ ਕਰ ਦੇਵੇ ਤਾਂ ਉਹ ਸੁੱਖ ਪ੍ਰਾਪਤ ਕਰਦਾ ਹੈ। ॥੨੯॥

ਹੁਣ ਕਲਜੁਗ ਦਾ ਸਮਾਂ ਆ ਗਿਆ ਹੈ। ਗੁਰਸਿੱਖਾਂ ਦੇ ਕੰਮ ਕਰਨ ਦਾ ਤਰੀਕਾ ਪਰਗਟ ਹੋ ਗਿਆ ਹੈ। ਇਸ ਵਿੱਚ, ਸ਼ਬਦ ਨਾਲ ਪ੍ਰੇਮ ਕਰਕੇ ਮੁੱਖੋਂ ਕੀਰਤਨ ਕਰਦੇ ਹਨ। ਧਰਮ ਦੀ ਕਿਰਤ ਕਰਕੇ, ਵੰਡ ਕੇ ਛਕਦੇ ਹਨ। ॥੩੦॥

ਉਹ ਗੁਰਸਿੱਖਾਂ ਦੀ ਸੇਵਾ ਕਰਦੇ ਹਨ, ਮਨ ਵਿੱਚ ਪ੍ਰੇਮ ਧਾਰਨ ਕਰਕੇ, ਉਨ੍ਹਾਂ ਦੇ ਚਰਨ ਧੋਂਦੇ[8] ਹਨ। ਨੰਗਿਆਂ ਨੂੰ ਬਸਤਰ ਅਤੇ ਭੁੱਖੇ ਲੋਕਾਂ ਨੂੰ ਭੋਜਨ ਦਿੰਦੇ ਹਨ। ਸ਼ਬਦ ਦੀ ਵਿਚਾਰ ਕਰਕੇ, ਹਿਰਦੇ 'ਚ ਸੁੱਖ ਦੀ ਪ੍ਰਾਪਤੀ[9] ਕਰਦੇ ਹਨ। ॥੩੧॥

SikhBookClub.Com

ਦੋਹਰਾ

ਸੁਨ ਸ੍ਰੀ ਗੁਰ ਉਪਦੇਸ਼ ਅਸ ਰਿਦੇ ਧਾਰ ਦਿਢ[1] ਸੋਇ।
ਤਿਸ ਪ੍ਰਕਾਰ ਕਰਨੇ ਲਗਜੋ ਮਹਾਂ ਪ੍ਰੇਮ ਮੈਂ ਹੋਇ॥੩੨॥

ਚੌਪਈ

ਜੋ ਭੂਖਾ ਭੋਜਨ ਤਿਹ ਦੇਈ । ਨਗਨ ਦੇਖ ਕਰ ਬਸਤ੍ਰ ਉਢੇਈ[2]।
ਸਿੱਧ ਸਾਧ ਤਿੰਹ ਘਰਿ ਬਹੁ ਆਵਹਿਂ । ਰੈਨ ਬਸੇਰਾ ਕਰ ਪੁਨਿ ਜਾਵਹਿਂ॥੩੩॥

ਏਕ ਦਿਵਸ ਇਕ ਬੰਚਕ[3] ਆਯੋ । ਤਨ ਮੈਂ ਸਿਖ ਕੋ ਬੇਖ ਬਨਾਯੋ।
ਬਾਨੀ ਕੰਠ ਪਢੈ ਕਰ ਪ੍ਰੀਤਾ । ਮਨ ਲੋਭੀ ਜਿਹ ਮਤਿ ਵਿੱਪ੍ਰੀਤਾ[4]॥੩੪॥

ਦੋਹਰਾ

ਸੇਵਾ ਕਰੀ ਬਿਭਾਵਰੀ[5], ਪੂਨਿ ਮੂਲੇ ਕੀ ਨਾਰਿ।
ਭੂਖਨ ਰਖੇ ਉਤਾਰ ਕੈ ਬੰਚਕ ਲਏ ਨਿਹਾਰ॥੩੫॥

ਚੌਪਈ

ਸੋਇ ਰਹੇ ਜਬ ਸਭ ਪਹਿਚਾਨੇ । ਸੋ ਭੂਖਨ ਲੀਨੇ ਨਿਜ ਪਾਨੇ।
ਨਿਕਸਨ ਲਗਜੋ ਬਹਿਰ ਕੋ ਧਾਏ । ਤਾਰੋ ਪੌਰ[6] ਪਿਖਜੋ, ਹਟ ਆਏ॥੩੬॥

ਮੂਲੇ ਕੋ ਕਰ ਸੰਗ ਜਗਾਵਾ । ਕਪਟ ਧਾਰਿਕੈ ਬਚਨ ਅਲਾਵਾ।
'ਜਾਵੋਂ ਵਹਿਰ, ਦੀਜੀਐ ਤਾਰੀ[7] । ਹੋਵਤ ਸੂਰ[8] ਉਦਰ[9] ਮੁਝ ਭਾਰੀ'॥੩੭॥

ਦੋਹਰਾ

ਮੂਲਾ ਬੋਲਜੋ 'ਸੰਤ ਜੀ! ਵਹਿਰ ਤਿਮਰ[10] ਕਿਉਂ ਜਾਤ ।
ਰਮਨੇ ਬੈਠੋ ਅਜਰ ਮਹਿਂ, ਹੌਂ ਉਚਾਇ ਹੌਂ ਪ੍ਰਾਤ[11]'॥੩੮॥

ਚੌਪਈ

ਬੋਲਜੋ ਬੰਚਕ 'ਬਾਹਰ ਜਾਊਂ । ਸਦਨ ਵਿਖੈ ਬੈਠਤ ਸ਼ਰਮਾਊਂ'।
ਉਠ ਕੈ ਮੂਲਾ ਲੈ ਕਰ ਤਾਰੀ । ਆਯੋ ਜਬਹੀ ਅਜਰ ਮਝਾਰੀ॥੩੯॥

SikhBookClub.Com

ਦੋਹਰਾ

ਗੁਰੂ ਜੀ ਦਾ, ਇਸ ਤਰਾਂ (ਦਿੱਤਾ) ਹੋਇਆ ਉਪਦੇਸ਼ ਸੁਣ ਕੇ 'ਮੂਲਾ ਕੀੜ' ਨੇ ਮਨ ਵਿਚ ਪੱਕਾ[1] ਇਰਾਦਾ ਧਾਰ ਲਿਆ ਤੇ ਬਹੁਤ ਹੀ ਪ੍ਰੇਮ ਨਾਲ ਉਸੇ ਤਰਾਂ ਹੀ ਉਪਦੇਸ਼ ਨੂੰ ਕਮਾਉਣ ਲੱਗ ਪਿਆ। ॥੩੨॥

ਚੌਪਈ

ਉਹ (ਮੂਲਾ ਕੀੜ) ਭੁੱਖੇ ਨੂੰ ਭੋਜਨ ਦਿੰਦਾ, ਨੰਗੇ ਨੂੰ ਵੇਖ ਕੇ (ਉਸ ਨੂੰ) ਕੱਪੜੇ ਪਹਿਨਾਉਂਦਾ[2]। ਸਿੱਧ ਤੇ ਸਾਧੂ-ਸੰਤ ਉਸ ਦੇ ਘਰ ਬਹੁਤ ਹੀ ਆਉਣ ਲੱਗੇ ਤੇ ਰਾਤ ਕੱਟ ਕੇ, ਫੇਰ ਚਲੇ ਜਾਂਦੇ ॥੩੩॥

ਇੱਕ ਦਿਨ, ਉਸ ਦੇ ਘਰ, ਇੱਕ ਠੱਗ[3] ਆ ਗਿਆ। ਜਿਸ ਨੇ ਸਿੱਖਾਂ ਵਾਲਾ ਭੇਸ ਬਣਾਇਆ ਹੋਇਆ ਸੀ। ਬਾਣੀ ਉਸ ਨੇ ਕੰਠ ਕੀਤੀ ਹੋਈ ਸੀ ਤੇ ਬੜੀ ਪ੍ਰੀਤ ਨਾਲ ਪੜ੍ਹਦਾ ਸੀ। ਪਰ ਉਸ ਦਾ ਮਨ ਲੋਭੀ ਸੀ ਤੇ ਉਸ ਦੀ ਬੁੱਧੀ ਉਲਟੀ[4] ਸੀ। ॥੩੪॥

ਦੋਹਰਾ

ਰਾਤ[5] ਨੂੰ ਉਸ ਦੀ ਸੇਵਾ ਕੀਤੀ ਤੇ ਫੇਰ ਜਦੋਂ ਮੂਲੇ ਕੀੜ ਦੀ ਇਸਤਰੀ ਨੇ ਆਪਣੇ ਗਹਿਣੇ ਉਤਾਰ ਕੇ ਰੱਖੇ ਤਾਂ ਉਸ (ਠੱਗ) ਨੇ ਵੇਖ ਲਏ। ॥੩੫॥

ਚੌਪਈ

ਜਿਸ ਵੇਲੇ ਠੱਗ ਨੇ ਸਾਰੇ ਹੀ ਸੌਂ ਗਏ ਸਮਝ ਲਏ ਤਾਂ ਉਸ ਨੇ ਸਾਰੇ ਗਹਿਣੇ ਆਪਣੇ ਹੱਥਾਂ ਵਿਚ ਚੁੱਕ ਲਏ। (ਤੇ ਫਿਰ) ਜਦੋਂ ਉਹ ਦੌੜ ਕੇ ਬਾਹਰ ਨਿਕਲਣ ਲੱਗਿਆ ਤਾਂ ਦਰਵਾਜ਼ੇ ਨੂੰ ਜੰਦਰਾ[6] ਵੱਜਿਆ ਹੋਇਆ ਦੇਖਿਆ ਤਾਂ ਵਾਪਸ ਮੁੜ ਆਇਆ। ॥੩੬॥

ਮੂਲੇ ਨੂੰ ਛਲ ਨਾਲ, ਹੱਥ ਨਾਲ ਹਿਲਾ ਕੇ ਜਗਾਉਂਦੇ ਹੋਏ ਕਹਿਣ ਲੱਗਾ, "ਮੈਂ ਬਾਹਰ ਜਾਣਾ ਹੈ, ਮੈਨੂੰ ਚਾਬੀ[7] ਦਿਉ, ਮੇਰੇ ਪੇਟ[9] ਵਿਚ ਬਹੁਤ ਹੀ ਦਰਦ[8] ਹੋ ਰਿਹਾ ਹੈ।" ॥੩੭॥

ਦੋਹਰਾ

ਮੂਲੇ ਨੇ ਆਖਿਆ, "ਹੇ ਸੰਤ ਜੀ! ਹਨ੍ਹੇਰੇ[10] ਵਿਚ ਬਾਹਰ ਕਿਉਂ ਜਾਂਦੇ ਹੋ? ਵਿਹੜੇ ਵਿਚ ਹੀ ਅਨੰਦ ਨਾਲ ਬੈਠ ਜਾਵੋ (ਭਾਵ ਜੰਗਲ ਹੋ ਲਵੋ)। ਸਵੇਰ[11] ਹੋਈ ਤਾਂ ਮੈਂ ਚੁਕਵਾ ਦੇਵਾਂਗਾ।" ॥੩੮॥

ਚੌਪਈ

(ਤਾਂ) ਠੱਗ ਬੋਲਿਆ, "ਮੈਂ ਤਾਂ ਬਾਹਰ ਹੀ ਜਾਵਾਂਗਾ। ਘਰ ਵਿਚ (ਅੰਦਰ) ਬੈਠਦਿਆਂ ਮੈਨੂੰ ਸ਼ਰਮ ਆਉਂਦੀ ਹੈ।" ਮੂਲਾ ਉੱਠ ਕੇ, ਜਿਸ ਵੇਲੇ ਚਾਬੀ ਲੈ ਕੇ ਵਿਹੜੇ ਵਿਚ ਆਇਆ। ॥੩੯॥

SikhBookClub.Com

ਬੰਚਕ ਕਾਂਖ[1] ਬਿਖੈ ਤੇ ਗਿਰੇ।ਭੂਖਨ,ਪੁਨ ਨ ਉਠਾਇ,ਸੁ ਡਰੇ।
ਮੂਲੇ ਤਬ ਉਠਾਇ ਨਿਜ ਹਾਥਾ।ਦਏ ਤਾਂਹਿ ਕੋ ਤਬ ਹਿਤ ਸਾਥਾ॥੪੦॥

ਦੋਹਰਾ

ਤਿਹਕੋ ਵਹਿਰ ਨਿਕਾਸ ਕੈ ਸੋਇ ਰਹਜੋ ਬਿਚ ਧਾਮ।
ਭੀ ਪ੍ਰਭਾਤਿ ਤਿਹ ਥਾਨ ਕੋ ਦੇਖਤ ਮੂਲੇ ਬਾਂਮ[2]॥੪੧॥

ਚੌਪਈ

'ਭੂਖਨ ਧਰੇ ਨਹੀਂ ਕਿਹ ਥਾਈ । ਕਹਾਂ ਗਏ ਕਿਹ ਲੀਨ ਚੁਰਾਈ?
ਮੂਲਾ ਕਹੈ ਰੈਨ ਘਰ ਮਾਂਹੀ । ਤਸਕਰ[3] ਲਗੇ ਨ ਜਾਨੇ ਜਾਈ॥੪੨॥

ਲੈ ਗਮਨੇ ਭੂਖਨ ਕੋ ਸੋਈ ॥ ਬਿਨ ਜਾਗੇ ਤੇ ਅਸ ਗਤਿ[4] ਹੋਈ।
ਨਿਸਾ ਹਮਾਰੇ ਘਰ ਸਿਖ ਜੋਊ । ਉਠ ਕਰ ਗਯੋ ਸੁ ਲੱਜਤ ਹੋਊ॥੪੩॥

ਦੋਹਰਾ

—ਸਭ ਦੇਵਹਿੰਗੇ ਦੋਸ ਮੁਝ— ਅਸ ਜਾਨੀਂ ਮਨ ਮਾਂਹਿ।
ਗਯੋ ਬਡੀ ਭੁਨਸਾਰ ਤੇ, ਸਿੱਖ ਦੋਸ਼ ਕਛੁ ਨਾਹਿਂ'॥੪੪॥

ਚੌਪਈ

ਨਿਜ ਤੀਯ[5] ਕੋ ਭੂਖਨ ਘਰਵਾਏ[6] । ਔਰ ਹਰਖ ਹਿਤ ਤਤਛਿਨ ਪਾਏ।
ਕਿਤਕ ਦਿਵਸ ਮਹਿਂ ਪ੍ਰਭੂ ਢਿਗ ਆਯੋ । ਨਮਸ਼ਕਾਰ ਕਰ ਦਰਸ਼ਨ ਪਾਯੋ॥੪੫॥

ਕ੍ਰਿਪਾਨਿਧਾਨ ਕਹਜੋ 'ਸੁਨ ਮੂਲਾ!।ਰਿਦਾ ਤੋਰ ਸਿੱਖੀ ਅਨਕੂਲਾ।
ਮਮ ਪਰਦਾ ਤੈਂ ਢਕਜੋ[7] ਬਨਾਈ । ਤੇਰੇ ਢਕ ਹੈ ਗੁਰੂ ਸਦਾਈ॥੪੬॥

ਦੋਹਰਾ

ਸ਼ਬਦ ਗੁਰੂ ਕੋ ਰਿਦਾ[8] ਹੈ ਸ਼੍ਰਵਨ,ਮਨਨ,ਨਿੱਧਯਾਸ।
ਕਰਹੁ ਸਦਾ ਉਰ ਗਯਾਨ ਹੈ, ਬੰਧਨ ਜਗਤ ਬਿਨਾਸ'॥੪੭॥

SikhBookClub.Com

ਤਾਂ ਠੱਗ ਦੀ ਕੱਛ[1] ਤੋਂ ਗਹਿਣੇ ਡਿੱਗ ਪਏ। ਉਹ ਗਹਿਣਿਆਂ ਨੂੰ ਮੁੜ ਚੁੱਕਣ ਤੋਂ ਡਰੇ ਤੇ ਫਿਰ ਚੁੱਕੇ ਹੀ ਨਾ। ਤਾਂ ਮੂਲੇ ਨੇ ਆਪਣੇ ਹੱਥਾਂ ਨਾਲ ਗਹਿਣੇ ਚੁੱਕ ਕੇ, ਬੜੇ ਪਿਆਰ ਨਾਲ ਉਸਨੂੰ ਦੇ ਦਿੱਤੇ। ॥੪੦॥

ਦੋਹਰਾ

ਉਸ (ਠੱਗ) ਨੂੰ ਬਾਹਰ ਕੱਢ ਕੇ ਮੂਲਾ ਆਪਣੇ ਘਰ ਵਿਚ ਸੁੱਤਾ ਰਿਹਾ। ਸਵੇਰ ਹੋਈ ਤੇ ਮੂਲੇ ਦੀ ਘਰਵਾਲੀ[2] ਨੇ ਜਦ ਉਸ ਥਾਂ ਨੂੰ ਦੇਖਿਆ। ॥੪੧॥

ਚੌਪਈ

(ਤਾਂ) ਕਹਿਣ ਲੱਗੀ, "ਗਹਿਣੇ ਇੱਥੇ ਰੱਖੇ ਸਨ। ਕਿਸੇ ਵੀ ਥਾਂ ਉੱਤੇ ਨਹੀਂ, ਕਿੱਥੇ ਚਲੇ ਗਏ? ਕਿਸੇ ਨੇ ਚੋਰੀ ਤਾਂ ਨਹੀਂ ਕਰ ਲਏ?" ਮੂਲੇ ਨੇ ਆਖਿਆ, "ਰਾਤ ਨੂੰ ਘਰ ਵਿੱਚੋਂ ਕੋਈ ਚੋਰ[3] ਲੈ ਗਏ ਹੋਣਗੇ, ਆਪਾਂ ਨੂੰ ਪਤਾ ਨਹੀਂ ਲੱਗਿਆ। ॥੪੨॥

ਉਹ (ਚੋਰ) ਗਹਿਣਿਆਂ ਨੂੰ ਲੈ ਕੇ ਚਲੇ ਗਏ ਹਨ। ਇਹ ਹਾਲਤ[4], ਆਪਣੇ ਨਾ ਜਾਗਣ ਕਰਕੇ ਹੀ ਵਾਪਰੀ ਹੈ। ਜੋ ਸਿੱਖ ਰਾਤ ਨੂੰ ਆਪਣੇ ਘਰ ਠਹਿਰਿਆ ਸੀ, ਉਹ ਵੀ (ਸ਼ਾਇਦ) ਇਹ ਸੋਚ ਕੇ, ਹੀ ਚਲਾ ਗਿਆ ਹੋਵੇਗਾ ਕਿ ਬੇਇੱਜ਼ਤੀ ਹੋਵੇਗੀ। ॥੪੩॥

ਦੋਹਰਾ

-ਸਾਰੇ ਹੀ ਮੈਨੂੰ ਦੋਸ਼ ਦੇਣਗੇ- ਮਨ ਵਿੱਚ ਇਹ ਹੀ ਜਾਣ ਕੇ ਤਾਂ ਹੀ ਉਹ ਵੱਡੇ-ਤੜਕੇ (ਘਰੋਂ) ਤੁਰ ਗਿਆ ਹੈ। ਇਸ ਵਿਚ ਉਸ ਸਿੱਖ ਦਾ ਵੀ ਕੋਈ ਦੋਸ਼ ਨਹੀਂ ਹੈ।" ॥੪੪॥

ਚੌਪਈ

(ਮੂਲੇ ਨੇ) ਆਪਣੀ ਘਰਵਾਲੀ[5] ਨੂੰ ਨਵੇਂ ਗਹਿਣੇ ਬਣਵਾ[6] ਦਿੱਤੇ ਤੇ ਬਹੁਤ ਖੁਸ਼ੀ-ਖੁਸ਼ੀ ਉਸ ਨੂੰ ਉਦੋਂ ਹੀ ਪਹਿਨਾ ਦਿੱਤੇ। ਫਿਰ ਕਿੰਨੇ ਹੀ ਦਿਨਾਂ ਪਿੱਛੋਂ ਜਦ ਉਹ ਗੁਰੂ ਜੀ ਕੋਲ ਆਇਆ, ਨਮਸਕਾਰ ਕਰਕੇ ਗੁਰੂ ਜੀ ਦੇ ਦਰਸ਼ਨ ਕੀਤੇ। ॥੪੫॥

(ਤਾਂ) ਕਿਰਪਾ ਦੇ ਖ਼ਜ਼ਾਨੇ (ਗੁਰੂ ਜੀ) ਨੇ ਬਚਨ ਕੀਤਾ, "ਹੇ ਮੂਲੇ, ਸੁਣ! ਤੇਰਾ ਹਿਰਦਾ (ਸੱਚਮੁੱਚ ਹੀ) ਸਿੱਖੀ ਦੇ ਅਨੁਸਾਰ ਹੈ। ਤੂੰ ਮੇਰਾ ਪਰਦਾ ਢਕਿਆ[7] ਹੈ ਤੇ ਤੇਰਾ (ਪਰਦਾ) ਗੁਰੂ ਮਹਾਰਾਜ ਹਮੇਸ਼ਾ ਹੀ ਢਕਣਗੇ। ॥੪੬॥

ਦੋਹਰਾ

ਸ਼ਬਦ ਗੁਰੂ ਜੀ ਦਾ ਹਿਰਦਾ[8] ਹੈ। ਸ਼ਬਦ ਨੂੰ ਸਰਵਣ ਕਰਨਾ, ਮੁੜ-ਮੁੜ ਧਿਆਨ ਵਿਚ ਟਿਕਾਉਣਾ, ਫਿਰ ਫਿਰ ਸਿਮਰਨਾ। ਇਸ ਤਰਾਂ ਮਨ ਵਿਚ ਵਸਾ ਕੇ, (ਅਭਿਆਸ) ਕਰਨ ਨਾਲ ਹਮੇਸ਼ਾ ਗਿਆਨ ਪ੍ਰਾਪਤ ਹੋਵੇਗਾ ਅਤੇ ਜਗਤ ਦੇ ਸਾਰੇ ਜੰਜਾਲ ਨਸ਼ਟ ਹੋ ਜਾਣਗੇ।" ॥੪੭॥

SikhBookClub.Com

ਚੌਪਈ

ਤ੍ਰਿਕਾਲੱਗ[1] ਦਰਸੀ ਤਿਹ ਕਾਲਾ । ਪ੍ਰਭੂ ਕ੍ਰਿਪਾ ਤੇ ਭਯੋ ਨਿਹਾਲਾ।
ਸਦਨ ਗਯੋ ਹੈ ਮੋਹ ਬਿਨਾਹੀ[2] । ਹੰਤਾ ਤਜ ਬਰਤਜੋ ਜਗਮਾਂਹੀ॥੪੮॥

ਇਕ ਦਿਨ ਸੰਗਤਿ ਕੇਰ ਮਝਾਰਾ । ਬੈਠੇ ਪ੍ਰਭੂ ਹੈਂ ਸ਼ਬਦ ਵਿਚਾਰਾ।
ਪ੍ਰਿਥਾ, ਖੇਡਾ ਦਰਸ਼ਨ ਆਸੂ । ਚਲ ਆਏ ਸ੍ਰੀ ਨਾਨਕ ਪਾਸੂ॥੪੯॥

ਚਰਨ ਬੰਦਨਾ ਕਰਕੈ ਦੋਊ । ਬੈਠੇ ਸ਼ਬਦ ਸੁਨਤ ਭੇ ਸੋਊ।
ਚਤਰ ਘਟੀ[3] ਬੀਤੀ ਪਸ਼ਚਾਤੀ । ਤਿਨ ਸੋਂ ਬੋਲੇ ਪ੍ਰਭੂ ਇਸ ਭਾਂਤੀ॥੫੦॥

'ਜੁ ਕਛੂ ਕਾਮਨਾ ਰਿਦੇ ਤੁਮਾਰੇ । ਜਾਚਹੁ, ਪੂਰਹਿ ਸ੍ਰੀ ਕਰਤਾਰੇ'।
ਸਬਦ ਬਿਚਾਰ ਸੁਨਜੋ ਜਬ ਦੋਈ।ਰਿਦੇ ਸ਼ਾਂਤਿ ਪ੍ਰਾਪਤਿ ਤਬ ਹੋਈ॥੫੧॥

ਹਾਥ ਬੰਦ ਅਤਿ ਨਿੰਮ੍ਰੇ[4] ਹੋਇ । ਬੋਲੇ ਲੋਭ ਲਹਰ ਮਨ ਖੋਇ ।
'ਸ੍ਰੀ ਗੁਰ! ਸੁਨਹੁ ਕਰਹੁ ਜੇ ਕਰੁਨਾ । ਚਰਨ ਸ਼ਰਨ ਨਿਜ ਦੀਜੈ ਪਰਨਾ[5] ॥੫੨॥

ਜਾਨਹਿਂ ਸਗਰੋ ਜਗਤ ਅਸਾਰੇ[6] । ਸੁਪਨ ਪਦਾਰਥ ਜਿਉਂ ਨਿਰਧਾਰੇ।
ਮਾਨ ਹੁਕਮ ਪ੍ਰਭੂ ਹਰਖ ਹੁਵੀਜੈ । ਨਾਹਿਂ ਚਾਹਿ ਕਛੂ, ਇਹ ਬਰ[7] ਦੀਜੈ'॥੫੩॥

ਬੋਲੇ ਸ੍ਰੀ ਪ੍ਰਭੂ 'ਹਮ ਪਗ ਤਹਿਂਵਾ । ਬਸਹਿਂ ਸਦਾ,ਸਤਿਸੰਗਤ ਜਹਿਂਵਾ ।
ਸੰਤ ਸਭਨ ਕੀ ਸੇਵ ਕਰੀਜੈ । ਤਿਨ ਮੈਂ ਮਿਲ ਕਰ ਸਮਾਂ ਬਿਤੀਜੈ॥੫੪॥

ਸੰਤ ਕਰਤਾਰ ਭੇਦ ਕਛੂ ਨਾਂਹੀ । ਦਿੜ ਨਿਸ਼ਚੈ ਧਾਰਹੁ ਮਨ ਮਾਂਹੀ।
ਧਰਮ ਕ੍ਰਿੱਤ ਕਰ ਵੰਡ ਸੁ ਖਾਓ । ਚਰਣ ਸ਼ਰਣ ਨਿਤ ਇਉਂ ਜਿ ਕਮਾਓ॥੫੫॥

ਸਰਗੁਣ ਰੂਪ ਸਰੀਰ ਪਛਾਨੋ।ਸ਼ਬਦ ਰਿਦਾ ਮਮ,ਨਿਰਗੁਣ ਮਾਨੋ।
ਮਿਲੇ ਸਰੀਰ ਬਿਛੁਰ[8] ਸੇ ਜਾਵਹਿਂ।ਸ਼ਬਦ ਮਿਲੇ ਨਾ ਬਿਛੁਰਨ ਪਾਵਹਿਂ'॥੫੬॥

SikhBookClub.Com

(ਉਹ) ਪ੍ਰਭੂ ਦੀ ਕਿਰਪਾ ਸਦਕਾ ਨਿਹਾਲ ਹੋ ਗਿਆ ਤੇ ਤਿੰਨਾਂ-ਕਾਲਾਂ[1] ਦਾ ਗਿਆਤਾ (ਹੋ ਗਿਆ) ਸੀ। ਉਹ ਸਾਰੇ ਮੋਹਾਂ ਤੋਂ ਖ਼ਾਲੀ[2] ਹੋ ਕੇ, ਆਪਣੇ ਘਰ ਚਲਾ ਗਿਆ ਤੇ ਫਿਰ ਹੰਕਾਰ ਨੂੰ ਤਿਆਗ ਕੇ ਜੱਗ ਵਿੱਚ ਵਿਚਰਦਾ (ਵਰਤਦਾ) ਰਿਹਾ ਸੀ। ॥੪੮॥

ਇੱਕ ਦਿਨ ਸੰਗਤ ਵਿਚ ਬੈਠੇ ਹੋਏ ਗੁਰੂ ਜੀ ਸ਼ਬਦ ਉੱਪਰ ਵਿਚਾਰ ਕਰ ਰਹੇ ਸਨ, ਤਦ 'ਪ੍ਰਿਥਾ' ਅਤੇ 'ਖੇਡਾ' ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦੀ ਆਸ਼ਾ ਧਾਰ ਕੇ, ਉਨ੍ਹਾਂ ਪਾਸ ਆਏ। ॥੪੯॥

ਦੋਵੇਂ ਜਣੇ ਗੁਰੂ ਜੀ ਦੇ ਚਰਨ-ਕਮਲਾਂ ਵਿੱਚ ਨਮਸਕਾਰ ਕਰਕੇ ਬੈਠ ਗਏ ਤੇ ਸ਼ਬਦ ਸੁਣਦੇ ਰਹੇ। ਚਾਰ-ਘੜੀਆਂ[3] ਵਕਤ ਬੀਤ ਜਾਣ ਉਪਰੰਤ, ਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰਾਂ ਪੁੱਛਿਆ। ॥੫੦॥

"ਤੁਹਾਡੇ ਮਨ ਦੀ ਜੋ ਕੋਈ ਇੱਛਾ ਹੈ, ਉਹ ਮੰਗੋ, ਕਰਤਾਰ ਪੂਰੀ ਕਰੇਗਾ।" ਜਦੋਂ ਦੋਨਾਂ ਨੇ, ਗੁਰੂ ਜੀ ਦੇ ਸ਼ਬਦ-ਵਿਚਾਰ ਨੂੰ ਸੁਣਿਆ ਸੀ ਤਾਂ ਉਨ੍ਹਾਂ ਨੂੰ ਉਸ ਵਕਤ ਹੀ ਸ਼ਾਂਤੀ ਆ ਗਈ ਸੀ। ॥੫੧॥

ਉਹ ਹੱਥ ਜੋੜ ਕੇ, ਬਹੁਤ ਹੀ ਨਿਮਰ[4] ਹੋ ਕੇ, ਮਨ ਵਿੱਚੋਂ ਸਭ ਲੋਭ, ਲਾਲਚ ਦੀਆਂ ਲਹਿਰਾਂ ਦਾ ਤਿਆਗ ਕਰਕੇ ਬੋਲੇ, "ਹੇ ਗੁਰੂ ਜੀਓ! ਜੇ ਤੁਸੀਂ ਸਾਡੇ ਉੱਤੇ ਕਿਰਪਾ ਕਰਨੀ ਚਾਹੁੰਦੇ ਹੋ ਤਾਂ ਸੁਣੋ ਅਸਾਂ ਨੂੰ ਆਪਣੇ ਚਰਨਾਂ ਵਿਚ ਆਸਰਾ[5] ਦੇਵੋ। ॥੫੨॥

ਅਸੀਂ ਸਾਰੇ ਸੰਸਾਰ ਦੇ ਆਸਰੇ ਨੂੰ ਹੀ ਮਿੱਥਿਆ[6] ਸਮਝਦੇ ਹੋਏ ਸੁਪਨੇ (ਦੀ ਅਵਸਥਾ) ਦੇ ਕਰਮ ਵਾਂਗ (ਝੂਠਾ) ਮੰਨੀਏ। ਪ੍ਰਭੂ ਦੇ ਭਾਣੇ ਵਿਚ ਰਹਿ ਕੇ ਸਾਨੂੰ ਖ਼ੁਸ਼ੀ ਮਿਲੇ, ਸਾਨੂੰ ਹੋਰ ਕੁਝ ਨਹੀਂ ਚਾਹੀਦਾ, ਬੱਸ ਸਾਨੂੰ ਇਹੋ ਹੀ ਵਰ[7] ਦੇਵੋ।" ॥੫੩॥

ਗੁਰੂ ਜੀ ਨੇ ਬਚਨ ਕੀਤਾ, "(ਹੇ ਭਾਈ) ਸਾਡੇ ਚਰਨ ਤਾਂ ਜਿੱਥੇ ਸਤਿਸੰਗਤ ਹੈ, ਸਦਾ ਉੱਥੇ ਹੀ ਵਸਦੇ ਹਨ। ਸਾਰੇ ਸੰਤਾਂ ਦੀ ਸੇਵਾ ਕਰੋ।ਉਨ੍ਹਾਂ ਨਾਲ ਮਿਲ ਕੇ ਸਮਾਂ ਬਤੀਤ ਕਰੋ। ॥੫੪॥

ਸੰਤ ਅਤੇ ਕਰਤਾਰ ਵਿਚ ਕੋਈ ਫ਼ਰਕ ਨਹੀਂ ਹੈ, ਮਨ ਵਿਚ ਇਹ ਗੱਲ ਪੱਕੀ ਧਾਰ ਲਵੋ। ਧਰਮ ਦੀ ਕਿਰਤ ਕਰਕੇ, ਵੰਡ ਕੇ ਛਕੋ। ਸਾਡੇ ਚਰਨਾਂ ਦਾ ਆਸਰਾ ਹਮੇਸ਼ਾ ਹੀ ਰਹੇਗਾ, ਜੇਕਰ ਇਸ ਤਰਾਂ ਅਮਲ ਕਰੋਗੇ। ॥੫੫॥

ਸਰੀਰ ਨੂੰ ਸਰਗੁਣ-ਰੂਪ ਜਾਣੋ ਤੇ ਸ਼ਬਦ ਮੇਰਾ ਹਿਰਦਾ ਹੈ, ਇਸ ਨੂੰ ਮੇਰਾ ਨਿਰਗੁਣ-ਰੂਪ ਮੰਨੋ। ਜੋ ਲੋਕ ਸਰੀਰ ਨੂੰ ਮਿਲਦੇ ਹਨ, ਉਹ ਵਿੱਛੜ[8] ਜਾਂਦੇ ਹਨ। ਸ਼ਬਦ ਨੂੰ ਮਿਲਣ ਵਾਲੇ ਕਦੇ ਨਹੀਂ ਵਿੱਛੜਦੇ। ॥੫੬॥

SikhBookClub.Com

ਤਿਨ ਸੁਨਕੈ ਸ੍ਰੀ ਨਾਨਕ ਬਾਂਨੀ । ਤਿਸ ਬਿਧਿ ਕੀਨ ਨੀਕ[1] ਮਨਮਾਨੀ।
ਜੀਵਨ ਮੁਕਤਿ ਰੁਚਿਰ ਪਦ ਪਾਵਾ।ਸਤਿਗੁਰ ਬਚਨ ਰਿਦੈ ਠਹਿਰਾਵਾ॥੫੭॥

ਜਾਨਜੋ ਸਗਰੋ[2] ਜਗਤ ਅਸਾਰਾ । ਬਹੁਰ ਨ ਪ੍ਰਾਪਤਿ ਭਾ ਸੰਸਾਰਾ।
ਕਿਤਕ ਸਮਾਂ ਜਬ ਤਹਾਂ ਗੁਜ਼ਾਰਾ । ਇਕ ਦਿਨ ਬੈਠੇ ਮੋਖ ਉਦਾਰਾ॥੫੮॥

ਦੋਹਰਾ

ਪ੍ਰਿਥੀਮਲ ਸਹਿਗਲ ਉਭੈ[3] ਰਾਮਾ ਡਿਡੀ ਤੀਨ।
ਆਏ ਸ੍ਰੀ ਗੁਰ ਦਰਸ ਕੋ ਜੱਗਜਾਸਾ ਮਨ ਲੀਨ॥੫੯॥

ਚੌਪਈ

ਬੰਦ ਪਦਾਰਬਿੰਦ[4] ਕੋ ਬੈਸੇ । ਕਿਤਕ ਕਾਲ ਮਹਿਂ ਬੋਲੇ ਐਸੇ।
'ਹਮਕੋ ਇਸ ਬਿਧਿ ਪੰਥ ਬਤੱਯੈ । ਬਿਸ਼ਨ[5] ਰੂਪ ਮੈਂ ਇਕ ਹ੍ਵੈ ਜੱਯੈ॥੬੦॥

ਸਹਜ ਸੁਖੇਨ ਮੋਖ ਸੋ ਪਾਵੈਂ । ਕਠਨ ਕਰਮ ਜੇ,ਕੌਨ ਕਮਾਵੈ'।
ਸੁਨ ਕਰ ਸਤਿਗੁਰ ਬਚਨ ਬਖਾਨੇ । 'ਤ੍ਰੈ ਬਿਧਿ ਤਪ ਤਪਸੀ[6] ਸਬ ਠਾਂਨੇ ॥੬੧॥

ਦੋਹਰਾ

ਨਗਨ,ਛੁਧਾ[7],ਜਲ,ਅਗਨ ਸੋਂ ਤਨ ਤਾਪਹਿਂ ਨਰ ਜੋਇ।
ਕਹੈਂ ਤਾਮਸੀ ਤਪ ਇਹੈ ਕਰਨ ਕਠਨ ਹੈ ਸੋਇ॥੬੨॥

ਚੌਪਈ

ਜੇ ਯੁਤ ਕਾਮਿਸਿ ਰਿਧਿ ਸਿਧਿ ਪਾਵਹਿਂ । ਨਿਹਕਾਮੀ[8] ਮਨ ਸੁਧ ਹ੍ਵੈ ਜਾਵਹਿਂ ।
ਬਹੁਰੋ ਇਸ ਤਪ ਕਾ ਹੰਕਾਰਾ । ਫੁਰ ਆਵਤ ਹੈ ਕੇਤਿਕ ਬਾਰਾ॥੬੩॥

ਤਾਂਤੇ ਰਜ ਸਤ ਤੁਮ ਤਪ ਕੀਜੈ! । ਹੋਇ ਕੱਲਜਾਨ ਤਾਪ ਤ੍ਰੈ[9] ਛੀਜੈ'[10]।
ਕਹੈਂ ਸੁ 'ਰਜ ਸਤ ਲਖੈ ਨ ਕੋਊ । ਭੇਦ ਬਤਾਵਹੁ ਜਾਨਹਿਂ ਸੋਊ ॥੬੪॥

SikhBookClub.Com

ਉਨ੍ਹਾਂ ਦੋਨਾਂ ਨੇ, ਗੁਰੂ ਨਾਨਕ ਜੀ ਦੇ ਇਹ ਸ਼ਬਦ (ਵਾਕ) ਸੁਣ ਕੇ, ਉਸੇ ਤਰਾਂ ਹੀ ਚੰਗੀ[1] ਤਰਾਂ ਮਨ ਵਿਚ ਇਹ ਗੱਲ ਵਸਾ ਲਈ। ਗੁਰੂ ਜੀ ਦੇ ਬਚਨਾਂ ਨੂੰ ਮਨ ਵਿਚ ਵਸਾ ਕੇ ਮੁਕਤੀ ਪ੍ਰਾਪਤ ਕਰ, ਉੱਚਾ ਸਥਾਨ ਪ੍ਰਾਪਤ ਕਰ ਲਿਆ ਸੀ। ॥੫੭॥

ਉਨ੍ਹਾਂ ਨੂੰ ਗਿਆਨ ਹੋ ਗਿਆ ਕਿ ਇ਼ਹ ਸਾਰਾ[2] ਸੰਸਾਰ ਝੂਠਾ (ਮਿੱਥਿਆ) ਹੈ (ਤੇ ਉਹ) ਸੰਸਾਰ ਦੇ ਜਨਮ-ਮਰਨ ਦੇ ਬੰਧਨ ਤੋਂ ਮੁਕਤ ਹੋ ਗਏ ਸਨ। ਇਸ ਤਰਾਂ, ਕਿੰਨਾ ਹੀ ਸਮਾਂ ਜਿਸ ਵੇਲੇ ਉਥੇ ਬਿਤਾਇਆ ਸੀ ਤੇ ਇਕ ਦਿਨ ਮੁਕਤੀ ਦੇਣ ਵਾਲੇ (ਗੁਰੂ ਜੀ) ਬੈਠੇ ਹੋਏ ਸਨ। ॥੫੮॥

ਦੋਹਰਾ

'ਪ੍ਰਿਥੀਮਲ ਸਹਿਗਲ' ਅਤੇ ਦੋਵੇਂ[3] 'ਰਾਮਾ' ਤੇ 'ਡਿੱਡੀ', ਭਾਵ ਤਿੰਨੋ ਜਣੇ ਮਨ ਵਿੱਚ ਜਗਿਆਸਾ ਧਾਰ ਕੇ, ਉਪਦੇਸ਼ ਲੈਣ ਲਈ, ਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ॥੫੯॥

ਗੁਰੂ ਜੀ ਦੇ ਚਰਨ-ਕਮਲਾਂ[4] 'ਤੇ ਨਮਸਕਾਰ ਕਰਕੇ ਬੈਠ ਗਏ। ਕੁਝ ਚਿਰ ਮਗਰੋਂ ਉਨ੍ਹਾਂ ਇਸ ਤਰਾਂ ਕਿਹਾ, "ਅਸਾਂ ਨੂੰ ਅਜਿਹਾ ਰਸਤਾ ਦੱਸੋ, ਜਿਸ ਰਾਹੀਂ ਅਸੀਂ ਵਿਸ਼ਨੂੰ[5]-ਰੂਪ ਵਿੱਚ ਇੱਕ-ਮਿੱਕ ਹੋ ਜਾਈਏ। ॥੬੦॥

ਅਸੀਂ ਸੁਖੈਨ (ਤਰੀਕੇ) ਨਾਲ ਹੀ ਮੁਕਤੀ ਪ੍ਰਾਪਤ ਕਰ ਲਈਏ। ਜੇ ਇਹ ਕਠਨ ਕਰਮ ਹੈ ਤਾਂ ਕਿਹੜੀ ਕਮਾਈ ਕੀਤੀ ਜਾਵੇ?" ਉਨ੍ਹਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਤਿੰਨ ਤਰਾਂ ਦੇ ਤਪ ਹੁੰਦੇ ਹਨ, ਜਿਨ੍ਹਾਂ ਨੂੰ ਸਾਰੇ ਤਪੱਸਵੀ[6] ਮੰਨਦੇ ਹਨ। ॥੬੧॥

ਦੋਹਰਾ

ਨੰਗੇ ਰਹਿ ਕੇ, ਭੁੱਖੇ[7] ਰਹਿ ਕੇ, ਪਾਣੀ ਵਿਚ ਖੜ੍ਹੇ ਰਹਿ ਕੇ, ਅਗਨੀ ਦੀ ਧੂਣੀ ਵਿਚ ਤਨ ਤਾਪ ਕੇ, ਜੋ ਤਪੱਸਵੀ ਤਪ ਕਰਦੇ ਹਨ, ਇਨ੍ਹਾਂ ਨੂੰ ਤਾਮਸੀ-ਤਪ ਕਹਿੰਦੇ ਹਨ। ਇਨ੍ਹਾਂ ਨੂੰ ਕਰਨਾ ਬਹੁਤ ਕਠਨ ਹੁੰਦਾ ਹੈ। ॥੬੨॥

ਚੌਪਈ

ਜੋ ਕਾਮਨਾ ਸਹਿਤ ਹਨ, ਉਹ ਰਿੱਧੀਆਂ-ਸਿੱਧੀਆਂ ਪ੍ਰਾਪਤ ਕਰ ਲੈਂਦੇ ਹਨ। ਪਰ ਜੋ ਨਿਸ਼ਕਾਮ[8] ਹੁੰਦੇ ਹਨ, ਉਨ੍ਹਾਂ ਦੇ ਮਨ ਪਵਿੱਤਰ ਹੋ ਜਾਂਦੇ ਹਨ। ਫਿਰ ਕਈ ਵਾਰ ਇਸ ਤਪ ਨਾਲ ਹੰਕਾਰ ਉਤਪੰਨ ਹੋ ਜਾਂਦਾ ਹੈ ਤੇ ਉਸ ਮਨੁੱਖ ਨੂੰ ਵਾਰ-ਵਾਰ ਜਨਮ ਧਾਰਨ ਕਰਨਾ ਪੈਂਦਾ ਹੈ। ॥੬੩॥

ਇਸ ਵਾਸਤੇ ਤੁਸੀਂ ਰਜ ਸਤ ਤਪ ਕਰੋ। (ਤੁਹਾਡਾ) ਕਲਿਆਣ ਹੋ ਜਾਵੇਗਾ ਅਤੇ ਤਿੰਨੋ[9] ਤਾਪ ਨਾਸ਼[10] ਹੋ ਜਾਣਗੇ।" ਉਹ (ਤਿੰਨੋ ਜਣੇ) ਕਹਿਣ ਲੱਗੇ, " ਰਜ ਤੇ ਸਤ ਤਪ ਬਾਬਤ ਤਾਂ ਕੋਈ ਵੀ ਨਹੀਂ ਜਾਣਦਾ, ਇਸ ਦਾ ਭੇਦ ਦੱਸੋ, ਤਾਂ ਕਿ ਅਸੀਂ ਵੀ ਜਾਣ ਸਕੀਏ। ॥੬੪॥

SikhBookClub.Com

ਦੋਹਰਾ

ਰਜੋਗੁਨੀ ਤਪ,ਸ਼ਾਂਤਕੀ,ਭਗਤਿ ਕਹਤਿ ਹੈ ਕਾਹਿ?।
ਕਰੁਣਾਕਰ[1] ਇਹ ਭੇਦ ਜੇ ਸਰਬ ਕਹਉ ਹਮ ਪਾਹਿ'॥੬੫॥

ਚੌਪਈ

ਸੁਨ ਸ੍ਰੀ ਮੁਖ ਸੋਂ ਬਚਨ ਉਚਾਰੇ । 'ਪਰਤਿਯ[2] ਪਿਖਨ ਨੈਨ ਹਟਕਾਰੇ।
ਨਿੰਦਾ,ਨੁਤਿ ਨਹਿੰ ਸ਼੍ਰਵਨ ਸੁਨਾਵਹੁ।ਕਰ ਚੋਰੀ ਜਾਰੀ ਨ ਲਗਾਵਹੁ॥੬੬॥

ਕਬ ਨ ਕੁਸੰਗਤਿ ਪਗ ਸੋਂ ਜੱਯੈ । ਕਰਨ ਕੁਕਰਮਨ[3] ਮਨ ਨ ਚਲੱਯੈ।
ਸੰਤ ਦਰਸ ਮਸਤਕ ਚਖ ਲਾਵਹਿ।ਜਸ ਗੁਬਿੰਦ ਨਿਤ ਕਰਣ[4] ਸੁਨਾਵਹਿ॥੬੭॥

ਰਸਨਾ ਅਸਤ ਨ ਬਕੈ ਬਹੋਰੈ । ਸਿਫਤ ਪ੍ਰਮੇਸ਼ਰ ਮਹਿੰ ਨਿਤ ਜੋਰਹਿ ।
ਸੇਵਦਾਨ ਨਿਜ ਕਰਸੋਂ ਕਰਨਾ । ਸਤਿਸੰਗਤ ਗਮਨੈ ਸਦਚਰਨਾ॥੬੮॥

ਕਰਨ —ਰਾਜਸੀ— ਤਪ ਇਹ ਜਾਨੋ । ਸੁਨਹੁ —ਸ਼ਾਂਤਕੀ— ਤਪ ਜੁ ਬਖਾਨੋਂ।
ਨਾਮ ਗੁਰੂ ਬਾਣੀ ਜਿਸ ਕਾਲ । ਸੁਨਤ ਪਢਤ ਨਰ ਆਲਸ ਟਾਲ[5] ॥੬੯॥

ਮਨ ਤਿਹ ਸਮੈ ਨਿਕਸ ਕਤਿ ਜਾਈ । ਬਾਰ ਬਾਰ ਰੋਕਹਿ ਬਰਿਆਈ[6]।
ਮਨ ਰੋਕਤ ਨਹਿੰ ਆਲਸ ਕਰਹੀ । ਮਨ ਕਰ ਸ਼੍ਰਮਤਿ ਸ਼ਬਦ ਮਹਿੰ ਧਰਹੀ ॥੭੦॥

ਦੋਹਰਾ

ਬਾਜ[7] ਮਸਾਲਾ ਦੇਵਹੀ,ਜਿਉਂ ਖਾਵੈ ਨਹਿੰ ਸੋਇ।
ਤਿਉਂ ਮਨ ਭਰਮਤ ਦਸ ਦਿਸ਼ਾ ਸ਼ਬਦ ਨ ਪ੍ਰੇਮੀ ਹੋਇ॥੭੧॥

ਚੌਪਈ

ਪੁਨ ਜੇ ਤਾਹਿੰ ਖੁਵਾਵਨ ਹਾਰਾ । ਕਰ ਰਾਖਤ ਅਸ੍ਰ ਬਦਨ ਮਝਾਰਾ।
ਹੋਇ ਥਕਤ ਸੋ ਖਾਇ ਮਸਾਲਾ । ਰੋਗ ਦੇਹ[8] ਮਿਟ ਜਾਤ ਬਿਸਾਲਾ॥੭੨॥

SikhBookClub.Com

ਦੋਹਰਾ

ਰਜੋਗੁਣੀ ਤਪ ਅਤੇ ਸ਼ਾਂਤਕੀ-ਭਗਤੀ ਕਿਸ ਨੂੰ ਕਹਿੰਦੇ ਹਨ? ਹੇ ਦਿਆਲੂ[1] (ਗੁਰੂ ਜੀਓ) ਇਨ੍ਹਾਂ ਦਾ ਸਾਰਾ ਭੇਦ ਦੱਸੋ ਤਾਂ ਕਿ ਅਸੀਂ ਜਾਣ ਲਈਏ।" ॥੬੫॥

ਚੌਪਈ

ਉਨ੍ਹਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਆਖਿਆ, "ਪਰਾਈ ਇਸਤਰੀ[2] ਨੂੰ ਵੇਖਣ ਤੋਂ ਅੱਖਾਂ ਨੂੰ ਮੋੜੋ। ਚੁਗਲੀ, ਉਸਤਤੀ, ਕੰਨਾਂ ਨੂੰ ਨਾ ਸੁਣਾਵੋ (ਨਾ ਸੁਣੋ)। ਚੋਰੀ ਜਾਰੀ ਨੂੰ ਹੱਥ ਨਾ ਲਗਾਵੋ। ॥੬੬॥

ਕਦੇ ਵੀ ਕੁਸੰਗਤ ਵਿਚ ਪੈਰ ਨਾ ਪਾਉਣਾ। ਖੋਟੇ-ਕੰਮਾਂ[3] ਵੱਲ ਮਨ ਨੂੰ ਨਾ ਜਾਣ ਦੇਵੋ। ਸੰਤਾਂ ਦਾ ਦਰਸ਼ਨ ਕਰਨ ਲਈ ਮੱਥਾ ਤੇ ਅੱਖਾਂ ਲਾਵੋ। ਪ੍ਰਭੂ ਦਾ ਜਸ ਹਮੇਸ਼ਾ ਕੰਨਾਂ[4] ਨਾਲ ਸੁਣੋ। ॥੬੭॥

ਅਤੇ ਫੇਰ ਜੀਭਾ ਨਾਲ ਝੂਠ ਨਾ ਬੋਲੋ। ਸਗੋਂ ਇਸ ਨੂੰ ਪਰਮਾਤਮਾ ਦੀ ਸਿਫ਼ਤ-ਸਲਾਹ ਵਿਚ ਹਮੇਸ਼ਾ ਹੀ ਜੋੜ ਕੇ ਰੱਖੋ।ਆਪਣੇ ਹੱਥੀਂ ਸੇਵਾ ਅਤੇ ਦਾਨ ਕਰੋ। ਚਰਨ ਹਮੇਸ਼ਾ ਸਤਿਸੰਗਤ ਵਿੱਚ ਲੈ ਕੇ ਜਾਵੋ। ॥੬੮॥

(ਇਸ ਸਾਰਾ ਕੁਝ) ਕਰਨ ਨੂੰ ਹੀ -ਰਾਜਸੀ- ਤਪ ਜਾਣੋ। ਹੁਣ ਮੈਂ -ਸ਼ਾਂਤਕੀ- ਤਪ ਬਾਰੇ ਜੋ ਦੱਸਦਾ ਹਾਂ, ਸੁਣੋ। ਜਿਸ ਵੇਲੇ ਮਨੁੱਖ, ਆਲਸ ਛੱਡ[5] ਕੇ, ਗੁਰੂ ਦੀ ਬਾਣੀ ਸੁਣਦਾ-ਪੜ੍ਹਦਾ ਹੈ। ॥੬੯॥

ਉਸ ਵੇਲੇ ਮਨ ਮੱਲੋ-ਮੱਲੀ ਉੱਡ ਕੇ ਕਿਤੇ ਨਿਕਲ ਜਾਵੇ ਤਾਂ ਉਸ ਨੂੰ ਵਾਰ-ਵਾਰ, ਜ਼ੋਰ[6] ਨਾਲ ਰੋਕੋ। ਮਨ ਨੂੰ ਰੋਕਣ ਵੇਲੇ ਆਲਸ ਨਹੀਂ ਕਰਨੀ। ਜ਼ੋਰ ਨਾਲ ਮਿਹਨਤ ਕਰਕੇ, ਮਨ ਨੂੰ ਸ਼ਬਦ ਨਾਲ ਜੋੜਨਾ ਜ਼ਰੂਰੀ ਹੈ। ॥੭੦॥

ਦੋਹਰਾ

ਜਿਵੇਂ ਘੋੜੇ[7] ਨੂੰ ਮਸਾਲਾ ਦੇਵੋ ਤਾਂ ਉਹ ਖਾਂਦਾ ਨਹੀਂ ਹੁੰਦਾ। ਇਸੇ ਤਰਾਂ ਮਨ ਵੀ ਦਸਾਂ-ਦਿਸ਼ਾਵਾਂ ਵਿੱਚ ਭਟਕਦਾ ਰਹਿੰਦਾ ਹੈ, ਪਰ ਸ਼ਬਦ ਦਾ ਪ੍ਰੇਮੀ ਨਹੀਂ ਬਣਦਾ। ॥੭੧॥

ਚੌਪਈ

ਪਰ ਫੇਰ ਜੇਕਰ ਉਸ ਨੂੰ (ਘੋੜੇ ਨੂੰ) ਖੁਆਉਣ ਵਾਲਾ ਘੋੜੇ ਦੇ ਮੂੰਹ ਵਿਚ ਹੱਥ ਪਾਈ ਰੱਖਦਾ ਹੈ ਤਾਂ ਉਹ ਥੱਕ ਕੇ (ਅਖ਼ੀਰ) ਨੂੰ ਮਸਾਲਾ ਖਾ ਹੀ ਲੈਂਦਾ ਹੈ ਤੇ ਉਸ ਦੀ ਦੇਹੀ[8] ਦਾ ਸਾਰਾ ਰੋਗ ਦੂਰ ਹੋ ਜਾਂਦਾ ਹੈ। ॥੭੨॥

SikhBookClub.Com

ਜੇ ਆਲਸ ਕਰ ਨਹੀਂ ਖੁਆਵਹਿ । ਤੌ ਲਗ ਰੋਗ ਨ ਅਸੁ ਕੋ ਜਾਵਹਿ।
ਹਯ ਮੁਖ ਮੈਂ ਜੋ ਦੀਨ ਮਸਾਲਾ । ਸੋ ਭੀ ਡਾਰ[1] ਦੇਤ ਤਤਕਾਲਾ ॥੭੩॥

ਦੋਹਰਾ

ਮਨ ਤੁਰੰਗ[2] ਦੁਰਵਾਸ਼ਨਾ ਦੀਰਘ[3] ਰੋਗ ਸੁ ਜਾਨ ।
ਸ਼ਬਦ ਧਜਾਨ ਮਹਿਂ ਜੋਰਨੋ ਭੇਖਜ[4] ਤਾਂ ਪਹਿਚਾਨ ॥੭੪॥

ਚੌਪਈ

ਜਬਹਿ ਸ਼ਬਦ ਨੈ ਮਨ ਸਮਝਾਯੋ । ਕਾਜੈ ਕਰਨ ਬਾਜ ਸਮ ਭਾਯੋ।
ਜਨਮ ਮਰਨ ਕੋ ਰੋਗ ਬਿਦਾਰਾ । ਏਹੁ —ਸ਼ਾਂਤਕੀ— ਤਪੁ ਜੁ ਸੁਖਾਰਾ'॥੭੫॥

ਸੁਨਕੈ ਸ੍ਰੀ ਨਾਨਕ ਕੇ ਬਚਨਾ । ਇਨ ਤੀਨੋ ਕੀਨੋ ਮਨ ਖਚਨਾ[5]।
ਜਹਿਂ ਸਤਿਸੰਗਤਿ ਸੁਨਹਿ ਸਿਧਾਵਹਿਂ । ਸੇਵਾ ਕਰਹਿਂ ਸਬਦ ਮੁਖ ਗਾਵਹਿਂ ॥੭੬॥

ਇਸ ਬਿਧਿ ਕੀਨ ਸ਼ਬਦ ਅੱਭਜਾਸਾ[6] । ਨਿਜ ਸਰੂਪ ਭਾ ਗਜਾਨ ਪ੍ਰਕਾਸ਼ਾ।
ਯੁਤਿ ਪਰਵਾਰ ਤਰੇ[7] ਸੰਸਾਰਾ।ਗੁਰ ਉਪਦੇਸ਼ ਜੁ ਦਿਢ ਉਰਧਾਰਾ॥੭੭॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਿੱਖਨ ਉਪਦੇਸ਼ ਦੇਕਰ ਉਧਾਰ' ਬਰਨਨੰ ਨਾਮ ਬਿਤਾਲੀਸਮੋਂ ਧਜਾਇ ॥੪੨॥

SikhBookClub.Com

ਜੇਕਰ ਆਲਸ ਕਰਕੇ (ਇਸ ਤਰਾਂ) ਮਸਾਲਾ ਨਾ ਖੁਆਇਆ ਜਾਵੇ ਤਾਂ ਓਦੋਂ ਤੀਕਰ ਘੋੜੇ ਦਾ ਰੋਗ ਖ਼ਤਮ ਨਹੀਂ ਹੋਵੇਗਾ। ਉਹ ਜੋ ਉਸ ਦੇ ਮੁੱਖ ਵਿਚ ਮਸਾਲਾ ਪਾਇਆ ਸੀ, ਉਸ ਨੂੰ ਵੀ ਬਾਹਰ[1] ਸੁੱਟ ਦਿੰਦਾ ਹੈ। ॥੭੩॥

ਦੋਹਰਾ

ਮਨ ਰੂਪੀ ਘੋੜੇ[2] ਨੂੰ ਮੰਦ-ਵਾਸ਼ਨਾ ਰੂਪੀ ਵੱਡਾ[3] ਰੋਗ ਲੱਗਾ ਹੋਇਆ ਜਾਣੋ। ਸ਼ਬਦ ਦੇ ਧਿਆਨ ਵਿਚ ਜੋੜਨਾ ਹੀ ਇਸ ਦੀ ਦਵਾਈ[4] ਸਮਝੋ। ॥੭੪॥

ਚੌਪਈ

ਜਿਸ ਵੇਲੇ ਸ਼ਬਦ ਨੇ ਮਨ ਨੂੰ ਸਮਝਾ ਦਿੱਤਾ, ਧਿਆਨ ਸ਼ਬਦ ਵਿਚ ਲੱਗ ਗਿਆ, ਤਦ ਸਮਝੋ ਸ਼ਬਦ ਅਭਿਆਸ ਸਦਕਾ ਉਸ ਕਾਜੇ ਹੋਏ ਘੋੜੇ (ਭਾਵ ਮਨ) ਨੂੰ ਮਸਾਲਾ ਮੁਆਫ਼ਿਕ ਹੋ ਗਿਆ ਹੈ। ਤੇ ਪ੍ਰਾਣੀ ਦੇ (ਇਸ ਤਪ ਰਾਹੀਂ) ਜਨਮ-ਮਰਨ ਦਾ ਰੋਗ ਕੱਟਿਆ ਜਾਂਦਾ ਹੈ। ਇਹ ਹੀ -ਸ਼ਾਂਤਕੀ-ਤਪ ਹੈ, ਜੋ ਬਹੁਤ ਸੁਖੈਨ ਹੈ।" ॥੭੫॥

(ਇਸ ਤਰਾਂ) ਗੁਰੂ ਨਾਨਕ ਦੇਵ ਜੀ ਦੇ ਬਚਨ ਸੁਣ ਕੇ, ਇਨ੍ਹਾਂ ਤਿੰਨਾਂ (ਪ੍ਰਿਥੀਮੱਲ, ਰਾਮਾ ਤੇ ਡਿਡੀ) ਨੇ ਆਪਣੇ ਮਨ ਨੂੰ (ਗੁਰੂ ਜੀ ਦੇ ਉਪਦੇਸ਼ ਦੇ ਨਾਲ) ਜੋੜ[5] ਲਿਆ ਸੀ। ਜਿੱਥੇ ਵੀ ਉਹ ਸਤਿਸੰਗਤ (ਜੁੜੀ ਹੋਈ) ਸੁਣਦੇ, ਉੱਥੇ ਹੀ ਚਲੇ ਜਾਂਦੇ। ਸੇਵਾ ਕਰਦੇ ਤੇ ਮੁੱਖ ਤੋਂ ਸ਼ਬਦ ਗਾਇਨ ਕਰਦੇ। ॥੭੬॥

ਇਸ ਤਰਾਂ ਉਨ੍ਹਾਂ ਨੇ ਸ਼ਬਦ ਦਾ ਅਭਿਆਸ[6] ਕੀਤਾ ਤੇ ਉਨ੍ਹਾਂ ਨੂੰ, ਆਪਣੇ ਨਿੱਜੀ ਸਰੂਪ ਦੇ ਗਿਆਨ ਦਾ ਪ੍ਰਕਾਸ਼ ਹੋ ਗਿਆ ਸੀ। ਗੁਰੂ ਜੀ ਦੇ ਉਪਦੇਸ਼ 'ਤੇ ਦ੍ਰਿੜ੍ਹ ਨਿਸ਼ਚਾ ਕਰਕੇ, ਉਹ ਪਰਿਵਾਰ ਸਮੇਤ ਇਸ ਸੰਸਾਰ (ਸਾਗਰ) ਤੋਂ ਪਾਰ[7] ਹੋ ਗਏ। ॥੭੭॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖਾਂ ਨੂੰ ਉਪਦੇਸ਼ ਦੇ ਕੇ ਉਧਾਰ ਕਰਨਾ" ਨਾਮੀ ਬਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਕਰਤਾਰਪੁਰ ਨਿਵਾਸ ਕਰਨ ਸਮੇਂ ਗੁਰੂ ਜੀ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ ਸੀ। ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਲਈ ਆਉਂਦੀਆਂ। ਸਵਾ-ਪਹਿਰ ਰਾਤ ਰਹਿੰਦਿਆਂ ਕੀਰਤਨ ਅਰੰਭ ਹੋ ਜਾਂਦਾ ਤੇ ਫਿਰ ਸ਼ਬਦ ਉੱਪਰ ਵਿਚਾਰਾਂ ਹੁੰਦੀਆਂ। ਕੀਰਤਨ ਵਿਚ ਇਕ ਬਾਲਕ ਰੋਜ਼ਾਨਾ ਆਉਂਦਾ ਤੇ ਭੋਗ ਪੈਣ 'ਤੇ ਗੁਰੂ ਜੀ ਨੂੰ ਪਰਣਾਮ ਕਰਕੇ ਵਾਪਸ ਆਪਣੇ ਘਰ ਚਲਾ ਜਾਂਦਾ। ਇਕ ਦਿਨ ਉਸ ਨੂੰ ਰੋਕ ਕੇ ਪੁੱਛਿਆ ਗਿਆ ਕਿ ਉਸ ਦੀ ਇਹ ਅਵਸਥਾ ਹੱਸਣ-ਖੇਡਣ ਅਤੇ ਸੌਣ ਦੀ ਹੈ, ਪਰ ਉਹ ਸਭ ਸੁਖ-ਅਰਾਮ ਛੱਡ ਕੇ ਕਿਉਂ ਆਉਂਦਾ ਹੈਂ? ਉਸ ਬਾਲਕ ਨੇ ਕਿਹਾ ਕਿ ਇਕ ਦਿਨ ਉਹ ਅੱਗ ਬਾਲਣ ਲੱਗਾ ਤਾਂ ਉਸ ਦੀ ਮਾਂ ਨੇ ਕਿਹਾ ਕਿ ਛੋਟੀਆਂ ਲੱਕੜੀਆਂ ਨੂੰ ਹੇਠਾਂ ਰੱਖੋ ਅਤੇ ਵੱਡੀਆਂ ਲੱਕੜੀਆਂ ਉੱਪਰ। ਛੋਟੀਆਂ ਲੱਕੜਾਂ ਨੂੰ ਅੱਗ ਛੇਤੀ ਪੈ ਜਾਂਦੀ ਹੈ। ਮੈਂ ਅਜਿਹਾ ਹੀ ਕੀਤਾ ਤਾਂ ਅੱਗ ਬਲ ਗਈ। ਇਸ ਉਪਰੰਤ ਮੇਰੇ ਮਨ ਵਿਚ ਇਹ ਵਿਚਾਰ ਆਇਆ ਕਿ ਮੌਤ ਅਤੇ ਅੱਗ ਇਕੋ-ਜਿਹੀਆਂ ਚੀਜ਼ਾਂ ਹਨ, ਜੋ ਵੱਡਾ-ਛੋਟਾ ਨਹੀਂ ਦੇਖਦੀਆਂ। ਸੋ ਉਸ ਦਿਨ ਤੋਂ ਮੈਂ ਮੌਤ ਦੇ ਭੈਅ ਤੋਂ ਡਰ ਕੇ ਰੋਜ਼ਾਨਾ ਨਾਮ-ਸਿਮਰਨ ਕਰਨ ਲੱਗ ਪਿਆ ਤਾਂ ਜੋ ਮੇਰਾ ਜੀਵਨ ਸਫਲਾ ਹੋ ਜਾਵੇ। ਕੀ ਪਤਾ ਛੋਟੀ ਉਮਰ ਵਿੱਚ ਮੌਤ ਆਪਣੇ ਕਲਾਵੇ ਵਿੱਚ ਲੈ ਲਵੇ ਤੇ ਮੈਂ ਸਿਮਰਨ-ਭਗਤੀ ਕਰਨ ਤੋਂ ਵਾਂਝਾ ਰਹਿ ਜਾਵਾਂ। ਇਸ ਕਰਕੇ ਮੈਂ ਆਪ ਜੀ ਦੇ ਉੱਚੇ ਪਰਤਾਪ ਨੂੰ ਜਾਣਦੇ ਹੋਏ ਆਪ ਜੀ ਦੀ ਸ਼ਰਨ ਵਿੱਚ ਆਉਣ ਲੱਗ ਪਿਆ ਹਾਂ। ਫਿਰ ਗੁਰੂ ਜੀ ਨੇ ਉਸ ਬਾਲਕ ਨੂੰ ਮਹਾਨ ਉਪਦੇਸ਼ ਦਿੱਤਾ ਸੀ ਤੇ ਉਸ ਉੱਪਰ ਕਿਰਪਾ ਕਰ ਦਿੱਤੀ ਸੀ ।

'ਮੂਲਾ ਕੀੜ' ਗੁਰੂ ਜੀ ਦਾ ਇਕ ਸਿੱਖ ਬਣਿਆ, ਜੋ ਗਰੀਬਾਂ ਦੀ ਬਹੁਤ ਸੇਵਾ ਕਰਦਾ । ਉਸ ਦੇ ਘਰ ਕਈ ਵਾਰ ਗੁਰਸਿਖ, ਸੰਤ ਆਦਿ ਆ ਕੇ ਠਹਿਰਦੇ, ਭੋਜਨ ਛਕਦੇ ਅਤੇ ਰਾਤ ਰਹਿ ਕੇ ਚਲੇ ਜਾਂਦੇ । ਇਕ ਦਿਨ ਉਸ ਦੇ ਘਰ ਇਕ ਠੱਗ ਆ ਗਿਆ। ਰਾਤ ਨੂੰ 'ਮੂਲੇ ਕੀੜ' ਨੇ ਉਸ ਦੀ ਬਹੁਤ ਸੇਵਾ ਕੀਤੀ। ਫਿਰ ਰਾਤ ਨੂੰ ਉਹ ਮੂਲੇ ਕੀੜ ਦੀ ਪਤਨੀ ਦੇ ਗਹਿਣੇ ਲੁਕਾ ਕੇ ਭੱਜਣ ਲੱਗਾ ਤਾਂ ਦਰਵਾਜ਼ੇ ਨੂੰ ਜੰਦਰਾ ਲੱਗਾ ਦੇਖ ਕੇ ਉਸ ਨੇ ਮੂਲੇ ਕੀੜ ਨੂੰ ਜਗਾ ਕੇ ਕਿਹਾ ਕਿ ਉਸ ਨੇ ਬਾਹਰ ਜੰਗਲ-ਪਾਣੀ ਜਾਣਾ ਹੈ, ਉਸ ਦੇ ਪੇਟ ਵਿਚ ਦਰਦ ਹੋ ਰਿਹਾ ਹੈ, ਇਸ ਲਈ ਉਸ ਨੂੰ ਚਾਬੀ ਦਿਓ। ਮੂਲਾ ਕੀੜ ਜਦ ਚਾਬੀ ਲਿਆ ਕੇ ਦੇਣ ਲੱਗਾ ਤਾਂ ਠੱਗ ਦੀ ਕੱਛ 'ਚੋਂ ਗਹਿਣੇ ਡਿੱਗ ਪਏ ਤਾਂ ਮੂਲੇ ਕੀੜ ਨੇ ਉਸ ਨੂੰ ਫਿਰ ਬੜੇ ਪਿਆਰ ਨਾਲ ਗਹਿਣੇ ਫੜਾ ਦਿੱਤੇ ਤੇ ਉਸ ਨੂੰ ਬਾਹਰ ਕੱਢ ਕੇ ਸੌਂ ਗਿਆ।ਗੁਰੂ ਜੀ ਨੇ ਉਸ ਦੀ ਅਜਿਹੀ ਸ਼ਰਧਾ ਦੇਖ ਕੇ ਕਿਹਾ ਕਿ ਤੇਰਾ ਮਨ ਸਿਖੀ ਦੇ ਅਨੁਸਾਰ ਹੋ ਗਿਆ ਹੈ। ਤੇਰਾ ਪਰਦਾ ਗੁਰੂ ਢਕੇਗਾ।ਇਸ ਤਰਾਂ ਮੂਲੇ ਕੀੜ ਦੇ ਜਨਮ-ਮਰਨ ਦੇ ਦੁੱਖ ਕੱਟੇ ਗਏ ਸਨ ਤੇ ਉਹ ਨਿਹਾਲ ਹੋ ਗਿਆ ਸੀ।

ਇਸੇ ਤਰਾਂ ਪ੍ਰਿਥਾ, ਖੇਡਾ ਜੀ, ਪ੍ਰਿਥੀਮਲ, ਰਾਮਾ, ਡਿਡੀ ਵੀ ਗੁਰੂ ਜੀ ਦੀ ਸ਼ਰਨ ਵਿੱਚ ਆਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਸਤਿਸੰਗਤ ਦੀ ਸੇਵਾ ਕਰੋ, ਵੰਡ ਕੇ ਖਾਓ। ਮਨ ਨੂੰ ਸਿਮਰਨ ਵਿੱਚ ਲਾ ਕੇ ਨਾਮ ਅਭਿਆਸ ਵਿਚ ਜੋੜਨ ਨਾਲ ਪਰਮਗਤੀ ਨੂੰ ਪ੍ਰਾਪਤ ਹੋ ਜਾਈਦਾ ਹੈ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਨ੍ਹਾਂ ਦਾ ਪਾਰ ਉਤਾਰਾ ਹੋ ਗਿਆ ਤੇ ਸਭ ਨੂੰ ਨਿੱਜ-ਸਰੂਪ ਦਾ ਗਿਆਨ ਹੋ ਗਿਆ ਸੀ।

SikhBookClub.Com

ਫੁੱਟਨੋਟ

(*1) ਭਾਈ ਗੁਰਦਾਸ ਜੀ ਵਾਰ 11ਵੀਂ, ਪਉੜੀ 13ਵੀਂ ਵਿੱਚ ਪਹਿਲੀ ਪਾਤਸ਼ਾਹੀ ਦੇ ਸਿੱਖਾਂ ਦੀ ਨਾਮਵਲੀ ਵਿੱਚ ਮੂਲਾ ਕੀੜਾ, ਪਿਰਥੀ, ਖੇਡਾ ਤੇ ਹੋਰ ਸਿੱਖ, ਜਿਨ੍ਹਾਂ ਦਾ ਇਸ ਅਧਿਆਇ ਵਿੱਚ ਜ਼ਿਕਰ ਹੈ, ਇਸ ਤਰਾਂ ਪ੍ਰਗਟਾਉਂਦੇ ਹਨ:

ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਿਤ ਗੁਰਦਾਸੀ।
ਪਿਰਥਾ ਖੇਡਾ ਸੋਇਰੀ ਚਰਨ ਸਰਣ ਸੁਖ ਸਹਜਿ ਨਿਵਾਸੀ।
ਪਿਰਥੀ ਮਲੁ ਸਹਗਲੁ ਭਲਾ ਰਾਮਾ ਭਿਡੀ ਭਗਤਿ ਅਭਿਆਸੀ।

(*2) ਚੌਦਾਂ-ਭਵਨ ਤੋਂ ਭਾਵ ਹੈ ਚੌਦਾਂ ਲੋਕ। ਚੌਦਾਂ ਲੋਕਾਂ ਵਿੱਚ ਸੱਤ-ਪਾਤਾਲ ਅਤੇ ਸੱਤ ਪਾਤਾਲ ਮੰਨੇ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਨ੍ਹਾਂ ਦੇ ਨਾਮ ਇਹ ਹਨ:

-ਭੂਰ, ਭੁਵਰ, ਸ੍ਵਰ, ਮਹਰ, ਜਨ, ਤਪ ਅਤੇ ਸਤ

-ਅਤਲ, ਸੁਤਲ, ਵਿਤਲ (ਤਲਾਤਲ), ਮਹਾਤਲ, ਰਸਾਤਲ ਅਤੇ ਪਾਤਾਲ

ਪਰ ਗੁਰਬਾਣੀ ਵਿੱਚ ਇਨ੍ਹਾਂ ਦੀ ਗਿਣਤੀ ਬੇਅੰਤ, ਲੱਖਾਂ ਵਿੱਚ ਕਥਨ ਕੀਤੀ ਹੈ:

-ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥...

-ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥...

(ਗੁ. ਗ੍ਰੰ. ਸਾਹਿਬ, ਪੰਨਾ 5)

(*3) ਭਾਈ ਗੁਰਦਾਸ ਜੀ ਨੇ ਵਾਰ 11ਵੀਂ, ਪਉੜੀ 13ਵੀਂ ਵਿੱਚ ਇਸ ਬਾਲਕ ਦਾ ਨਾਮ ਇਸ ਤਰਾਂ ਅੰਕਤ ਕੀਤਾ ਹੈ:

ਤਾਰੂ ਪੋਪਟੁ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ॥

ਭਾਈ ਵੀਰ ਸਿੰਘ ਜੀ ਵੀ, ਭਾਈ ਮਨੀ ਸਿੰਘ ਜੀ ਦੀ ਕਿਰਤ 'ਸਿੱਖਾਂ ਦੀ ਭਗਤ-ਮਾਲਾ' ਦੇ ਹਵਾਲੇ ਨਾਲ ਇਸ ਬਾਲਕ ਦਾ ਨਾਮ ਤਾਰੂ ਪੋਪਟ ਦਰਸਾਉਂਦੇ ਹਨ। 'ਪੋਪਟੂ' ਉਸ ਦੀ ਜਾਤੀ ਸੀ ।

SikhBookClub.Com

ਅਧਜਾਯ ਤਰਤਾਲੀਵਾਂ

(ਸ਼ਬਦ ਮਹਾਤਮ।ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੁਵੰਸੀ, ਸ਼ੀਹਾਂ ਗੱਜਣ।ਫਿਰਣਾ, ਖਹਰਾ, ਜੋਧ ।)[*1]

ਦੋਹਰਾ

ਸਤਿਗੁਰ ਕੋ ਸੁਨਿਕੈ ਸ਼ਬਦ ਕੀਨ ਕਮਾਵਨ ਜਾਂਹਿ ।
ਦੁਸ਼ਤਰ[1] ਮਾਯਾ ਤੇ ਤਰੇ ਨਮਸ਼ਕਾਰ ਮਮ ਤਾਂਹਿ ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨ ਕਥਾ ਅਗਾਰੀ । ਬੈਠਹਿਂ ਪ੍ਰਭੁ ਧ੍ਰਮਸਾਲ ਮਝਾਰੀ।
ਨਰ ਅਨੇਕ ਦਰਸ਼ਨ ਹਿਤ ਆਵਹਿਂ । ਸ਼ਬਦ ਸੁਨਹਿਂ,ਰਹਿ, ਬਹੁਰ ਸਿਧਾਵਹਿਂ॥੨॥

ਮਾਲੋ ਮਾਂਗੋ ਦ੍ਵੈ[2] ਸਿਖ ਆਏ । ਚਰਨ ਕਮਲ ਪਰ ਸੀਸ ਨਿਵਾਏ।
ਹਾਥ ਬੰਦ ਅਰਦਾਸ ਬਖਾਨੀ । 'ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਖਾਨੀ॥੩॥

ਨਿਜ ਮੁਖ ਸੋਂ ਉਪਦੇਸ਼ ਕਰੀਜੈ । ਜਿਹ ਤੇ ਜਨਮ ਮਰਨ ਕਟਿ ਦੀਜੈ'।
ਇਉਂ ਸੁਨਿ ਜਿਨ ਕਰੁਨਾ ਰਸ ਨੈਨਾ । ਭਗਤਿ ਪ੍ਰਕਾਸ਼ਨ ਹਿਤ ਕਹਿ ਬੈਨਾ॥੪॥

'ਅਗਨ ਤਾਪਨਾ ਜਲ ਮਹਿ ਰਹਿਨੋ । ਬ੍ਰਤ ਕਰਨੋ ਸੀਤੋਸ਼ਨ[3] ਸਹਿਨੋ।
ਊਰਧ[4] ਬਾਹੁ ਅਧੋ ਸਿਰ ਕਰਨਾ । ਖਰੇ ਹੋਨ ਚਿਰ ਲੌ ਇਕ ਚਰਨਾ[5] ॥੫॥

ਦੋਹਰਾ

ਕੰਦ ਮੂਲ[6] ਚੁਨ ਖਾਵਨੇ,ਤੀਰਥ ਤੀਰ ਨਿਵਾਸ।
ਭੂਮਿ ਭਰਮ, ਚੰਦ੍ਰਾਇਣੀ[*2], ਤਪ ਗੁਣ ਏ ਤਪ ਰਾਸ॥੬॥

ਚੌਪਈ

ਗੋ[7] ਤੇ ਮਨ ਜੁ ਇਕਾਗਰ ਕਰਨੋ । ਕਥਾ ਕੀਰਤਨ ਮਹਿਂ ਪੁਨਿ ਧਰਨੋ।
ਰੁਚਿ ਯੁਤਿ ਗੁਨਨ ਗਾਵਣਾ ਸੁਣਨੋ । ਮਿਲ ਕੇ ਸਤਿਸੰਗਤਿ ਨਿਤ ਗੁਣਨੋ॥੭॥

SikhBookClub.Com

ਅਧਿਆਇ ਤਰਤਾਲੀਵਾਂ

(ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸ਼ੀ, ਸ਼ੀਹਾਂ ਗੱਜਣ, ਫਿਰਣਾ ਖਹਿਰਾ ਤੇ ਜੋਧ ਸਿੱਖਾਂ ਨੂੰ ਉਪਦੇਸ਼)

ਦੋਹਰਾ

ਜਿਨ੍ਹਾਂ ਨੇ ਸਤਿਗੁਰੂ ਦਾ ਉਪਦੇਸ਼ ਸੁਣ ਕੇ ਉਸ ਦੀ ਕਮਾਈ ਕੀਤੀ ਹੈ। ਉਹ ਔਖਿਆਈ ਨਾਲ ਤਰੀ[1] ਜਾਣ ਵਾਲੀ ਮਾਇਆ (ਸੰਸਾਰ-ਸਾਗਰ) ਨੂੰ ਤਰ ਗਏ। ਉਨ੍ਹਾਂ ਨੂੰ ਮੇਰੀ ਨਮਸਕਾਰ ਹੋਵੇ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਗੁਰੂ ਅੰਗਦ ਦੇਵ ਜੀ! ਅਗਲੀ ਕਥਾ ਸੁਣੋ। ਪ੍ਰਭੂ ਰੂਪ (ਗੁਰੂ ਨਾਨਕ ਦੇਵ ਜੀ) ਧਰਮਸ਼ਾਲਾ ਵਿਚ ਬੈਠਦੇ। ਅਨੇਕਾਂ ਲੋਕ ਦਰਸ਼ਨਾਂ ਲਈ ਆਉਂਦੇ। ਸ਼ਬਦ (ਕੀਰਤਨ) ਸੁਣਦੇ, ਠਹਿਰਦੇ ਅਤੇ ਫਿਰ ਚਲੇ ਜਾਂਦੇ। ॥੨॥

(ਇੱਕ ਦਿਨ) 'ਮਾਂਗੋ' ਤੇ 'ਮਾਲੋ' ਦੋ[2] ਦੋ ਸਿੱਖ ਆਏ। (ਗੁਰੂ ਜੀ ਦੇ) ਚਰਨ-ਕੰਵਲਾਂ 'ਤੇ ਉਨ੍ਹਾਂ ਨੇ ਸੀਸ ਨਿਵਾਇਆ ਅਤੇ ਹੱਥ ਜੋੜਕੇ ਬੇਨਤੀ ਕੀਤੀ, "ਹੇ ਗੁਰੂ ਜੀ! ਗੁਣਾਂ ਦੀ ਖਾਣ! ਕਿਰਪਾ ਕਰੋ। ॥੩॥

(ਤੁਸੀਂ) ਆਪਣੇ ਮੁਖਾਰਬਿੰਦ ਤੋਂ (ਅਜਿਹਾ) ਉਪਦੇਸ਼ ਦੇਵੋ ਜਿਸ ਨਾਲ ਸਾਡਾ ਜਨਮ-ਮਰਨ ਦਾ ਚੱਕਰ ਕੱਟਿਆ ਜਾਵੇ।" ਉਨ੍ਹਾਂ ਦੀ ਇਹ (ਬੇਨਤੀ) ਸੁਣ ਕੇ ਗੁਰੂ ਜੀ, ਜਿਨ੍ਹਾਂ ਦੇ ਨੈਣ ਕਿਰਪਾ ਦੇ ਰਸ ਨਾਲ ਭਰੇ ਹੋਏ ਸਨ, ਭਗਤੀ ਦੇ ਪਸਾਰ ਬਾਰੇ ਗਿਆਨ ਦੇਣ ਹਿੱਤ ਬਚਨ ਕੀਤਾ। ॥੪॥

"ਧੂਣੀਆਂ ਤਾਪਣੀਆਂ, ਜਲ ਵਿਚ ਖੜ੍ਹੇ ਰਹਿਣਾ, ਵਰਤ ਰੱਖਣੇ ਤੇ ਗਰਮੀ-ਸਰਦੀ[3] ਨੂੰ ਸਹਿਣਾ, ਉਪਰ[4] ਬਾਹਾਂ ਕਰਕੇ ਸੁਕਾ ਦੇਣੀਆਂ, ਪੁੱਠਾ ਲਟਕਣਾ, ਇੱਕੋ ਪੈਰ[5] ਦੇ ਭਾਰ ਬਹੁਤ ਸਮਾਂ ਖੜ੍ਹੇ ਰਹਿਣਾ। ॥੫॥

ਦੋਹਰਾ

ਜੜ੍ਹਾਂ-ਬੂਟੀਆਂ[6] (ਫਲ, ਫੁੱਲ) ਚੁਣ ਕੇ ਖਾਣੀਆਂ, ਤੀਰਥਾਂ ਦੇ ਕਿਨਾਰਿਆਂ 'ਤੇ ਨਿਵਾਸ ਕਰਨਾ, ਥਾਂਈਂ-ਥਾਈਂ ਫਿਰਦੇ ਰਹਿਣਾ, ਚੰਦ੍ਰਾਇਣੀ (ਚੰਦ ਦੇ ਘਟਣ-ਵਧਣ ਮੁਤਾਬਕ) ਵਰਤ ਰੱਖਣਾ, ਸਾਰੇ ਹੀ ਤਮੋ-ਗੁਣ ਤਪ ਦੇ ਤਾਮਸੀ ਤਪ ਹਨ। ॥੬॥

ਚੌਪਈ

ਇੰਦਰੀਆਂ[7] ਤੋਂ ਲੈ ਕੇ ਮਨ (ਤਕ ਸਭ) ਨੂੰ ਹੀ ਇਕਾਗਰ ਕਰਕੇ, ਆਪਣੇ ਆਪ ਨੂੰ ਕਥਾ-ਕੀਰਤਨ ਵਿਚ ਵਸਾ ਲੈਣਾ, ਧਿਆਨ ਨਾਲ ਅਤੇ ਪ੍ਰੇਮ ਸਹਿਤ (ਪ੍ਰਭੂ ਦੀ) ਉਸਤਤ ਸੁਣਨਾ ਤੇ ਗਾਇਨ ਕਰਨਾ, ਸਤਿਸੰਗਤ ਵਿਚ ਹਮੇਸ਼ਾ ਮਿਲ ਕੇ (ਪਰਮਾਰਥ ਦੀ) ਵਿਚਾਰ ਕਰਨੀ। ॥੭॥

SikhBookClub.Com

ਕਰਮ ਤਾਮਸੀ ਕਰਨ ਦੁਖਾਰੇ। ਇਹ ਜੁ ਰਾਜਸੀ ਲਖਹੁ ਸੁਖਾਰੇ।
ਫਲ ਬਿਸਾਲ ਹੈ ਥੋਰ[1] ਕਮਾਈ। ਤਿਨ ਮਿਹਨਤ ਬਡ ਲਘੁ[2] ਫਲ ਪਾਈ' ॥੮॥

ਦੋਹਰਾ

ਸੁਨਤ ਪ੍ਰਸ਼ਨ ਮਾਲੋ ਕਹਜੋ 'ਫਲ ਮਿਹਨਤ ਅਨੁਸਾਰ।
ਕਰਤ ਅਲਪ ਫਲ ਅਲਪ ਹੈ ਬਹੁ ਕੋ ਬਹੁ ਸੁਖ ਸਾਰ॥੯॥

ਚੌਪਈ

ਮਿਲਹੈ ਫਲ ਮਿਹਨਤ ਅਨੁਸਾਰੀ । ਪੁਨ ਤੁਮ ਭਾਖੋ ਰੀਤ ਨਿਆਰੀ।
ਯਹਿ ਸੰਸਾ ਮੇਰੇ ਮਨ ਪਰੋ । ਕ੍ਰਿਪਾ ਧਾਰ ਯਾਂਕੋ ਪਰਹਰੋ[3]॥੧੦॥

ਸਗਰੇ ਜਗਤ ਵਿਖੇ ਅਸ ਰੀਤਾ । ਤਿਸਤੇ ਕਹੀ ਆਪ ਬਿੱਪ੍ਰੀਤਾ।
ਜਿਸ ਪ੍ਰਕਾਰ ਹੈ ਨਿਸ਼ਾ[4] ਹਮਾਰੀ । ਸੋ ਸਮਝਾਵਹੁ ਰੀਤਿ ਸੁਖਾਰੀ' ॥੧੧॥

ਸ੍ਰੀ ਮੁਖ ਭਨਜੋ 'ਨ ਸੰਸੈ ਕੀਜੈ । ਜਗ ਮਹਿੰ ਪ੍ਰਗਟ ਸੁ ਬਿਧਿ ਸੁਨਿ ਲੀਜੈ।
ਇਕ ਨਰ ਬਨ ਤੇ ਸਮਧਾ[5] ਆਨਹਿ । ਬੇਚ ਬਜਾਰ ਕਰਤ ਗੁਜ਼ਰਾਨਹਿੰ॥੧੨॥

ਕਰਤ ਮਜੂਰੀ ਬਹੁ ਸ਼੍ਰਮ[6] ਪਾਵਹਿ । ਤਿਨਕੋ ਮੋਲ ਥੋਰ ਕਰ ਆਵਹਿ।
ਪੁਨ ਜੇ ਬਨਜ ਕਰਹਿ ਹਟਵਾਨਾ । ਲਵਣ[7] ਤੇਲ ਅੰਨ ਜੇ ਬਿਧਿ ਨਾਨਾ॥੧੩॥

ਤਿਨਤੇ ਇਨਕੋ ਲਾਭ ਘਨੇਰੋ । ਸ਼੍ਰਮ ਥੋਰੋ ਹੈ ਪ੍ਰਗਟ ਸੁ ਹੇਰੋ।
ਅਪਰ ਰੁਪੱਯਨ ਕੇ ਬਿਵਹਾਰੇ । ਲਾਭ ਬਹੁਤ ਲੇ ਰਹੈਂ ਸੁਖਾਰੇ॥੧੪॥

ਇਕ ਜਵਾਹਰੀ ਸੁਖ ਸੋਂ ਬੈਸੇ । ਤਿਨਕੋ ਖੇਦ[8] ਦੇਤ ਨਹਿੰ ਕੈਸੇ ।
ਮੁਕਤਾ[9] ਹੀਰੇ ਬਣਜਹਿੰ ਸੋਈ । ਲਾਭ ਬਿਸਾਲ ਸਭਨ ਤੇ ਹੋਈ ॥੧੫॥

SikhBookClub.Com

ਸਾਰੇ ਤਾਮਸੀ (ਤਪ ਦੇ) ਕਰਮ ਕਰਨੇ ਬਹੁਤ ਦੁੱਖ ਦੇਣ ਵਾਲੇ (ਔਖੇ) ਹਨ। ਪਰ ਇਹ ਜੋ ਰਾਜਸੀ ਤਪ ਹਨ ਜਾਣ ਲਵੋ, ਇਹ ਕਰਨੇ ਸੌਖੇ ਹਨ। ਇਨ੍ਹਾਂ ਦਾ ਫਲ ਬਹੁਤਾ ਤੇ ਮਿਹਨਤ ਥੋੜ੍ਹੀ[1] ਕਰਨੀ ਪੈਂਦੀ ਹੈ। ਪਰ ਤਾਮਸੀ ਤਪਾਂ ਵਿਚ ਮਿਹਨਤ ਬਹੁਤੀ, ਫਲ ਘੱਟ[2] ਮਿਲਦਾ ਹੈ।" ॥੮॥

ਦੋਹਰਾ

(ਗੁਰੂ ਜੀ ਦਾ) ਸਵਾਲ ਸੁਣ ਕੇ ਮਾਲੋ ਨੇ ਕਿਹਾ, "ਫਲ ਤਾਂ ਮਿਹਨਤ ਅਨੁਸਾਰ ਹੀ ਮਿਲਦਾ ਹੁੰਦਾ ਹੈ। ਥੋੜ੍ਹੀ ਮਿਹਨਤ ਕਰੇਗਾ ਤਾਂ (ਉਸ ਨੂੰ) ਥੋੜ੍ਹਾ ਫਲ ਮਿਲਦਾ ਹੈ ਤੇ ਜੋ ਬਹੁਤੀ ਮਿਹਨਤ ਕਰਦਾ ਹੈ, ਉਸ ਨੂੰ ਬਹੁਤਾ ਸੁੱਖ ਮਿਲਦਾ ਹੈ। ॥੯॥

ਚੌਪਈ

ਫਲ ਤਾਂ ਮਿਹਨਤ ਅਨੁਸਾਰ ਹੀ ਮਿਲਦਾ ਹੈ ਤੇ ਫੇਰ ਤੁਸੀਂ ਤਾਂ ਵੱਖਰੀ ਜਿਹੀ ਗੱਲ ਕਹੀ ਹੈ। ਕਿਰਪਾ ਕਰਕੇ, ਇਸ ਸਬੰਧੀ ਜੋ ਸੰਸਾ, ਮੇਰੇ ਮਨ 'ਚ ਪਿਆ ਹੈ, ਉਹ ਦੂਰ[3] ਕਰੋ। ॥੧੦॥

ਸਾਰੇ ਸੰਸਾਰ ਵਿਚ ਤਾਂ ਇਹੋ ਹੀ ਰੀਤ ਚੱਲਦੀ ਹੈ ਪਰ ਤੁਸੀਂ (ਤਾਂ) ਇਸ ਦੇ ਉਲਟ ਦੱਸਿਆ ਹੈ। ਅਸਾਂ ਨੂੰ ਅਸਾਨ (ਜਿਹੇ) ਤਰੀਕੇ ਰਾਹੀਂ ਚੰਗੀ ਤਰਾਂ ਸਮਝਾਵੋ, (ਜਿਸ ਨਾਲ) ਸਾਡੀ ਤਸੱਲੀ[4] ਹੋ ਜਾਵੇ।" ॥੧੧॥

ਗੁਰੂ ਜੀ ਨੇ ਫ਼ਰਮਾਇਆ, "(ਤੁਸੀਂ) ਸ਼ੰਕਾ ਨਾ ਕਰੋ, ਜਿਸ ਤਰਾਂ ਨਾਲ ਸੰਸਾਰ ਵਿੱਚ ਗੱਲ ਪਰਚਲਤ ਹੈ, ਉਸੇ ਤਰਾਂ ਹੀ ਸੁਣ ਲਵੋ। ਇੱਕ ਆਦਮੀ ਜੰਗਲ ਵਿੱਚੋਂ ਲੱਕੜੀਆਂ[5] ਇਕੱਠੀਆਂ ਕਰਕੇ ਲਿਆਉਂਦਾ ਹੈ ਤੇ ਉਨ੍ਹਾਂ ਨੂੰ ਬਜ਼ਾਰ ਵਿਚ ਵੇਚ ਕੇ ਗੁਜ਼ਾਰਾ ਕਰਦਾ ਹੈ। ॥੧੨॥

(ਉਸ ਨੂੰ ਇਹ) ਮਜ਼ਦੂਰੀ ਕਰਦਿਆਂ ਬਹੁਤ ਮਿਹਨਤ[6] ਕਰਨੀ ਪੈਂਦੀ ਹੈ, ਪਰ ਉਸ ਨੂੰ ਉਸ ਦਾ ਮੁੱਲ ਥੋੜ੍ਹਾ ਮਿਲਦਾ ਹੈ ਤੇ ਦੂਸਰੇ ਪਾਸੇ ਬਾਣੀਆ ਹੁੰਦਾ ਹੈ ਜੋ ਲੂਣ[7], ਤੇਲ ਆਦਿ ਕਈ ਤਰਾਂ ਦੇ ਅਨਾਜ ਦਾ ਵਪਾਰ ਕਰਦਾ ਹੈ। ॥੧੩॥

(ਇਸ ਬਾਣੀਏ ਨੂੰ) ਸਪਸ਼ਟ ਰੂਪ ਵਿੱਚ ਵੇਖੋ ਮਿਹਨਤ ਥੋੜ੍ਹੀ ਕਰਨ ਅਤੇ ਫ਼ਾਇਦਾ ਬਹੁਤਾ ਹੁੰਦਾ ਹੈ। ਹੋਰ ਰੁਪਏ (ਟਕੇ) ਦੇ ਵਿਹਾਰ ਵਿੱਚ ਲਾਭ ਬਹੁਤਾ ਹੁੰਦਾ ਹੈ ਤੇ ਸੁਖੀ ਰਹਿੰਦੇ ਹਨ। ॥੧੪॥

ਇੱਕ ਜਵਾਹਰੀ ਨੂੰ (ਵੇਖ ਲਵੋ) ਜੋ ਸੁੱਖ (ਅਰਾਮ) ਨਾਲ ਬੈਠਾ ਰਹਿੰਦਾ ਹੈ। ਉਹ (ਸਰੀਰ ਨੂੰ) ਕਿਸੇ ਤਰਾਂ ਵੀ ਤਕਲੀਫ਼[8] ਨਹੀਂ ਦਿੰਦਾ। ਉਹ ਹੀਰੇ ਮੋਤੀਆਂ[9] ਦਾ ਵਪਾਰ ਕਰਕੇ ਫ਼ਾਇਦਾ ਸਭ ਨਾਲੋਂ ਜ਼ਿਆਦਾ ਲੈਂਦਾ ਹੈ। ॥੧੫॥

SikhBookClub.Com

ਤਪ ਜੁ ਤਾਮਸੀ ਸ਼੍ਰਮ ਬਹੁ ਦੇਹੀ । ਗਿਆਨ ਪ੍ਰਾਪਤਿ ਹੋਇ ਨ ਕੇਹੀ[1]।
ਕਥਾ ਕੀਰਤਨ ਪਢਨ ਸੁਨਨ ਤੇ । ਦ੍ਰਿੜ ਉਪਾਸ਼ਨਾ ਹੋਤ ਗੁਨਨ ਤੇ॥੧੬॥

ਦੋਹਰਾ

ਦ੍ਰਿੜ ਉਪਾਸ਼ਨਾ ਜਬ ਭਈ ਹੁਇ ਆਵਤ ਤਬ ਗਜ਼ਾਨ।
ਤਾਂਤੇ ਤਪ ਇਹ —ਸ਼ਾਂਤਕੀ— ਲਾਭ ਬਹੁਤ ਪਹਿਚਾਨ'॥੧੭॥

ਚੌਪਈ

ਇਸ ਬਿਧਿ ਸੁਨ ਮਾਂਗੋ ਗੁਰ ਬਚਨਾ । ਬਾਣੀ ਪਢਨ ਕੀਨ ਮਨ ਖਚਨਾ ।
ਸਨਮੁਖ ਮਾਲੋ ਸੁਨ ਹੈ ਸਬ ਹੀ । ਬੈਠ ਰਿਖੀਕ[2] ਸੰਕੋਚੈ ਸਬ ਹੀ ॥੧੮॥

ਮਿਲ ਕੈ ਕਿਰਤਨ ਬਹੁਰ ਉਚਰਹੀ । ਕਰ ਏਕਾਗਰਤਾ ਮਨ ਧਰਹੀ ।
ਤਿਨਕੀ ਰਸਨਾ ਸਾਦ ਬਿਸਾਲਾ । ਸੁਨਤ ਪ੍ਰੇਮ ਜਾਗੈ ਤਤਕਾਲਾ॥੧੯॥

ਦੋਹਰਾ

ਜੋ ਜੋ ਸਿਖ ਤਿਨ ਤੇ ਸੁਨਹਿਂ ਤਿਆਗਹਿਂ ਬ੍ਰਿੰਦ ਬਿਕਾਰ।
ਧਰਮ ਕ੍ਰਿੱਤ ਕਰ ਵੰਡਕੈ ਅਚਵਹਿਂ[3] ਬਹੁਰ ਅਹਾਰ॥੨੦॥

ਚੌਪਈ

ਸਿਖ ਸਂਤ ਜਾਇ ਜੁ ਤਿਨਕੇ ਡੇਰੇ । ਸੇਵਾ ਕਰਹੀਂ ਭਾਉ ਘਨੇਰੇ।
ਤਿਨਕੇ ਸਦਨ ਦੇਸ ਜਿਸ ਮਾਂਹੀ । ਬਹੁ ਉਧਾਰ ਭਾ ਨਰਨ ਤਹਾਂਹੀ॥੨੧॥

ਜਬ ਜਬ ਆਵਹਿਂ ਦਰਸ਼ਨ ਹੇਤਾ । ਸ਼ਬਦ ਪਢਤ ਨਰ ਬ੍ਰਿੰਦ ਸਮੇਤਾ।
ਭਵਬੰਧਨ ਤੇ ਹੋਇ ਨਿਰਾਰੇ[4]।ਸੰਗੀ ਅਪਰ ਅਨੇਕ ਉਧਾਰੇ॥੨੨॥

ਇਕ ਕਾਲੂ ਖੱਤ੍ਰੀ ਧਰ ਆਸਾ । ਮਿਲਜੋ ਆਇ ਸ੍ਰੀ ਨਾਨਕ ਪਾਸਾ ।
ਦ੍ਵੈ ਕਰ ਜੋਰ ਬੰਦਨਾ ਠਾਨੀ । ਬੈਠ ਸਮੀਪ ਭਨੀ[5] ਪੁਨਿ ਬਾਨੀ ॥੨੩॥

SikhBookClub.Com

ਇਸੇ ਤਰਾਂ ਜੋ ਤਾਮਸੀ-ਤਪ ਹੈ, ਇਸ ਨਾਲ ਸਰੀਰ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਪਰ (ਫੇਰ ਵੀ) ਇਸ ਨਾਲ ਗਿਆਨ ਦੀ ਕੋਈ[1] ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਕਰਨ ਅਤੇ ਪੜ੍ਹਨ-ਸੁਣਨ ਨਾਲ (ਸੱਚੀ) ਉਪਾਸ਼ਨਾ ਪਰਪੱਕ ਹੁੰਦੀ ਹੈ। ॥੧੬॥

ਦੋਹਰਾ

ਜਿਸ ਵੇਲੇ ਇਹ ਉਪਾਸ਼ਨਾ ਪਰਪੱਕ ਹੋ ਜਾਂਦੀ ਹੈ ਤਾਂ ਉਸ ਵੇਲੇ ਗਿਆਨ ਹਾਸਲ ਹੁੰਦਾ ਹੈ। ਇਸ ਵਾਸਤੇ ਜਾਣ ਲਵੋ ਕਿ ਇਹ ਜੋ ਸ਼ਾਂਤਕੀ-ਤਪ ਹੈ (ਇਸ ਦਾ) ਬਹੁਤਾ ਲਾਭ (ਫਲ) ਮਿਲਦਾ ਹੈ।" ॥੧੭॥

ਚੌਪਈ

ਇਸ ਤਰਾਂ 'ਮਾਂਗੋ' ਦਾ ਮਨ, ਗੁਰੂ ਜੀ ਦੇ ਬਚਨ ਸੁਣ ਕੇ ਬਾਣੀ ਪੜ੍ਹਨ ਵਿਚ ਲੱਗ ਗਿਆ ਤੇ ਜੋ ਮਾਲੋ ਸੀ, ਉਸ ਵੇਲੇ (ਗੁਰੂ ਜੀ ਦੇ) ਸਨਮੁੱਖ ਬੈਠ ਕੇ ਸਭ ਇੰਦਰੀਆਂ[2] ਨੂੰ ਸੰਕੋਚ ਕੇ (ਇਕਾਗਰ ਕਰਕੇ) ਸੁਣਦਾ ਸੀ। ॥੧੮॥

ਇਸ ਤਰਾਂ ਉਹ ਮਨ ਨੂੰ ਇਕਾਗਰ ਕਰਕੇ ਜਦੋਂ ਮਿਲ ਕੇ ਕੀਰਤਨ ਕਰਦੇ ਤਾਂ ਉਨ੍ਹਾਂ ਦੀ ਰਸਨਾ ਵਿਚ ਬਹੁਤ ਰਸ (ਸਵਾਦ) ਹੁੰਦਾ ਤੇ (ਉਨ੍ਹਾਂ ਨੂੰ) ਸੁਣ ਕੇ ਲੋਕਾਂ ਅੰਦਰ ਤੁਰੰਤ ਹੀ ਪ੍ਰੇਮ-ਭਾਵ ਪੈਦਾ ਹੋ ਜਾਂਦਾ। ॥੧੯॥

ਦੋਹਰਾ

ਜੋ ਵੀ ਸਿੱਖ ਉਨ੍ਹਾਂ ਤੋਂ ਸੁਣਦਾ, ਉਹ (ਆਪਣੇ ਸਾਰੇ) ਵਿਸ਼ੇ-ਵਿਕਾਰਾਂ ਦਾ ਤਿਆਗ ਕਰ ਦਿੰਦਾ ਤੇ ਧਰਮ ਦੀ ਕਮਾਈ ਕਰਦਾ, ਵੰਡ ਕੇ ਪਿੱਛੋਂ ਆਪ ਭੋਜਨ ਛਕਦਾ[3]। ॥੨੦॥

ਚੌਪਈ

ਉਨ੍ਹਾਂ ਦੇ ਡੇਰੇ ਵਿਚ ਜੋ ਵੀ ਸਿੱਖ ਸੰਤ ਜਾਂਦਾ, ਉਹ (ਉਨ੍ਹਾਂ ਦੀ) ਬਹੁਤ ਸ਼ਰਧਾ ਤੇ ਪ੍ਰੇਮ ਨਾਲ ਸੇਵਾ ਕਰਦੇ। (ਇਸ ਤਰਾਂ) ਜਿਸ ਦੇਸ਼ ਵਿਚ ਉਨ੍ਹਾਂ ਦਾ ਨਿਵਾਸ ਸਥਾਨ ਸੀ, ਉਥੇ ਬਹੁਤ ਲੋਕਾਂ ਦਾ ਉਧਾਰ ਹੋਇਆ। ॥੨੧॥

ਜਦੋਂ-ਜਦੋਂ ਵੀ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੇ ਤਾਂ ਉਹ ਸਾਰੇ ਸੰਗਤ ਨਾਲ (ਮਿਲ ਕੇ) ਸ਼ਬਦ ਪੜ੍ਹਦੇ। ਇਸ ਤਰਾਂ ਇਸ ਜਗਤ ਦੇ ਜੰਜਾਲ ਤੋਂ ਉਹ ਮੁਕਤ[4] ਹੋ ਗਏ, ਉਨ੍ਹਾਂ ਨੇ ਹੋਰ ਨਾਲ ਵਾਲੇ ਅਨੇਕਾਂ ਲੋਕਾਂ ਦਾ ਵੀ ਉਧਾਰ ਕੀਤਾ। ॥੨੨॥

ਇਕ (ਪੁਰਸ਼) ਕਾਲੂ-ਖੱਤਰੀ, ਮਨ ਵਿਚ ਇੱਛਾ ਰੱਖ ਕੇ ਗੁਰੂ ਨਾਨਕ ਜੀ ਨੂੰ ਆ ਕੇ ਮਿਲਿਆ। ਉਸ ਨੇ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ (ਗੁਰੂ ਜੀ ਦੇ) ਕੋਲ ਬੈਠ ਕੇ ਆਖਿਆ[5]॥੨੩॥

SikhBookClub.Com

'ਸਨਮੁਖ ਮਨਮੁਖ ਲੱਛਨ ਜੇਈ । ਕਰੁਨਾ ਕਰਹੁ ਉਚਾਰਹੁ ਤੇਈ'।
ਸੁਨਿਕੈ ਸ੍ਰੀ ਗੁਰ ਗਿਰਾ ਅਲਾਈ । 'ਕਲਮਲ ਤੇ ਜਿਨ ਕੰਡ[1] ਫਿਰਾਈ॥੨੪॥

ਸੁੱਕ੍ਰਿਤ[2] ਸਾਮੁਹਿ[3], ਸਾਖੀ ਬ੍ਰਿਤਿਕੋ । ਸੁਨਹਿ ਸ਼ਬਦ ਗੁਰ ਥਿਤ[4] ਕਰ ਚਿਤਕੋ।
ਲੱਛਨ ਚਤਰ ਅਪਰ ਹੈ ਜੋਇ । ਸੁਨਹੁ ਪ੍ਰੀਤ ਕਰ ਉਚਰੈਂ ਸੋਇ॥੨੫॥

ਦੋਹਰਾ

ਮੈਤ੍ਰਿਯ[5], ਕਰੁਨਾ ਦ੍ਵੈ ਲਖੋ, ਮੁਦਤਾ[6] ਤੀਜੀ ਜਾਨ।
ਚਤੁਰ ਉਪੇਖਜਾ[7] ਜਿਸ ਬਿਖੈ ਸਨਮੁਖ[(*3)] ਸੇ ਪਹਿਚਾਨ'॥੨੬॥

ਚੌਪਈ

ਕਾਲੂ ਕਹਯੋ 'ਨ ਜਾਨਯੋ ਜਾਈ । ਅਰਥ ਖੋਲ੍ਹ ਦੀਜੈ ਸਮੁਝਾਈ'।
ਸੁਨ ਸ੍ਰੀ ਮੁਖ ਸੋਂ ਬਚਨ ਅਲਾਯਾ ।'ਮੈਤ੍ਰੀ ਅਰਥ, ਮੀਤ ਸਮੁਦਾਯਾ॥੨੭॥

ਪਿਖੈ ਸੁਖੀ ਕਿਹ ਨਿਜ ਸੁਖ ਜਾਨੈ । ਪਰ ਸੁਖ ਦੇਖ ਨ ਇਰਖਾ[8] ਠਾਨਹਿ।
ਬਿੱਦਜਾ ਕਿਧੋਂ ਦਰਬ ਨਿਜ ਪਾਸਾ।ਤਿਹ ਸੋਂ ਪਰ ਕੋ ਦੇ ਸੁਖ ਰਾਸਾ॥੨੮॥

ਦੋਹਰਾ

ਕਰਤ ਭਲਾਈ ਮੀਤ ਸੋਂ ਤਿਉਂ ਕੀਜੈ ਸਭ ਸੰਗ।
ਮੈਤ੍ਰੀ ਕੇ ਲੱਛਨ ਇਹੈ ਕਰੈ ਨ ਕਿਹ ਮਨ ਭੰਗ[9]॥੨੯॥

ਚੌਪਈ

ਨਿਜ ਤੇ ਬਿੱਦਜਾ ਕੈ ਧਨ ਮਾਂਹੀ । ਕੈ ਬਲ ਬਿਖੈ ਕਿ ਮਤੁ ਲਘੁ ਆਹੀ।
ਤਿਨਕੋ ਅਨੁਜ[10] ਆਤਮ ਜਨਜਾਈਂ । ਕਰ ਸਹਾਇਤਾ ਦੇਇ ਬਧਾਈ[11] ॥੩੦॥

SikhBookClub.Com

"ਸਨਮੁੱਖ ਅਤੇ ਮਨਮੁੱਖ ਦੇ ਜੋ ਲੱਛਣ ਹਨ, ਕਿਰਪਾ ਕਰਕੇ ਉਨ੍ਹਾਂ ਬਾਰੇ ਵਰਣਨ ਕਰੋ।" (ਕਾਲੂ ਖੱਤਰੀ ਦੀ ਗੱਲ) ਸੁਣ ਕੇ ਗੁਰੂ ਜੀ ਨੇ ਕਥਨ ਕੀਤਾ, "ਕਲਜੁਗ ਦੇ ਮਾੜੇ ਕੰਮਾਂ ਤੋਂ ਜਿਸ ਨੇ ਪਿੱਠ[1] ਫੇਰ ਲਈ। ॥੨੪॥

ਜੋ ਚੰਗੇ-ਕਰਮਾਂ[2] ਦੇ ਸਾਹਮਣੇ[3] ਹੋ ਕੇ ਚੱਲੇ। ਮਨ, ਬਿਰਤੀ ਦਾ ਸਾਖੀ ਬਣੇ (ਆਪਣੇ ਮਨ ਦਾ ਜਾਣਕਾਰ ਰਹੇ)। ਗੁਰੂ ਦੇ ਸ਼ਬਦ (ਸਿਖਿਆ) ਨੂੰ ਆਪਣੇ ਮਨ ਨੂੰ ਸਥਿਰ[4] ਕਰਕੇ ਸੁਣੇ ਅਤੇ ਜਿਸ ਦੇ ਹੋਰ ਚਾਰ ਲੱਛਣ ਹਨ, ਉਨ੍ਹਾਂ ਨੂੰ ਪ੍ਰੀਤ ਨਾਲ ਸੁਣੇ। ਉਨ੍ਹਾਂ ਦਾ (ਮੈਂ) ਇਸ ਤਰਾਂ ਉਚਾਰਨ ਕਰਦਾ ਹਾਂ। ॥੨੫॥

ਦੋਹਰਾ

(ਪਹਿਲਾ) ਮਿੱਤਰਤਾ[5], ਦੂਸਰਾ ਹੈ ਕਰੁਨਾ (ਦੂਸਰੇ ਦਾ ਦੁੱਖ ਦੇਖ ਕੇ ਦਰਦ ਉਪਜਣਾ ਤੇ ਦੁੱਖ ਦੂਰ ਕਰਨ ਦਾ ਉਪਰਾਲਾ ਕਰਨਾ) ਅਤੇ ਤੀਸਰਾ ਜਾਣੋ ਖੁਸ਼ੀ[6] (ਪੁੰਨਯ ਆਤਮਾ ਨੂੰ ਦੇਖ ਕੇ ਪ੍ਰਸੰਨ ਹੋਣਾ) ਤੇ ਚੌਥਾ ਹੈ ਉਪੇਕਸ਼ਾ (ਭਾਵ ਚਿੱਤ ਦਾ ਦਵੈਤ ਭਾਵ ਤੋਂ ਪਰ੍ਹੇ ਹਟਣਾ)[7]। ਜਿਸ (ਪੁਰਸ਼ ਵਿਚ) ਇਹ (ਚਾਰੇ ਲੱਛਣ) ਹੋਣ, ਉਸ ਨੂੰ ਸਨਮੁੱਖ ਜਾਣ ਲਵੋ" ॥੨੬॥

ਚੌਪਈ

ਕਾਲੂ ਆਖਿਆ, "(ਗੁਰੂ ਜੀ) ਸਮਝ ਨਹੀਂ ਆ ਰਹੀ ਜੀ, ਇਨ੍ਹਾਂ ਦੇ ਅਰਥ ਖੋਲ੍ਹ ਕੇ ਸਮਝਾ ਦੇਵੋ।" (ਉਸ ਨੂੰ) ਸੁਣ ਕੇ ਗੁਰੂ ਜੀ ਨੇ ਕਿਹਾ, "ਮੈਤਰੀ ਦਾ ਭਾਵ ਹੈ, ਸਾਰਿਆਂ ਨੂੰ ਮਿੱਤਰ ਜਾਣਨਾ ॥੨੭॥

(ਹਰ) ਕਿਸੇ ਨੂੰ ਸੁਖੀ ਵੇਖ ਕੇ (ਉਸ ਦਾ ਸੁੱਖ ਆਪਣਾ ਜਾਣ ਲਵੇ। (ਅਤੇ) ਪਰਾਏ ਸੁੱਖ ਨੂੰ ਵੇਖ ਕੇ ਮਨ ਵਿਚ (ਕਦੇ) ਈਰਖਾ[8] ਨਾ ਲਿਆਵੇ। ਗਿਆਨ ਜਾਂ ਧਨ ਪਦਾਰਥ (ਜੋ) ਆਪਣੇ ਕੋਲ ਹੋਵੇ, ਉਸ ਪੂੰਜੀ 'ਚੋਂ, ਉਹ ਦੂਜਿਆਂ ਨੂੰ ਵੰਡ ਕੇ ਸੁਖੀ ਹੋਵੇ। ॥੨੮॥

ਦੋਹਰਾ

(ਜਿਵੇਂ ਆਪਣੇ) ਮਿੱਤਰਾਂ ਨਾਲ ਭਲਾਈ ਕਰਦਾ ਹੈ, ਤਿਵੇਂ ਹੀ ਹੋਰਾਂ ਸਭਨਾਂ ਨਾਲ ਵੀ (ਇਸੇ ਤਰਾਂ ਹੀ) ਭਲਾਈ ਕਰੇ। ਇਸ ਤਰਾਂ ਇਹ ਸਾਰੇ ਮਿੱਤਰਤਾ ਦੇ ਲੱਛਣ ਹਨ, ਕਿਸੇ ਦਾ ਵੀ ਦਿਲ ਨਾ ਤੋੜੇ[9]। ॥੨੯॥

ਚੌਪਈ

ਜੇ ਕੋਈ ਤੁਹਾਡੇ ਮੁਕਾਬਲੇ ਧਨ-ਵਿਦਿਆ ਵਿੱਚ ਜਾਂ ਤਾਕਤ, ਅਕਲ ਵਿੱਚ ਕਮਜ਼ੋਰ ਹੈ ਤਾਂ ਉਸ ਨੂੰ ਆਪਣੇ ਛੋਟੇ ਭਰਾ ਜਾਂ ਪੁੱਤਰ[10] ਵਾਂਗ ਸਮਝ ਕੇ, ਉਨ੍ਹਾਂ ਦੀ ਸਹਾਇਤਾ ਕਰਕੇ ਉੱਚਾ[11] ਕਰੇ। ॥੩੦॥

SikhBookClub.Com

ਲਘੁ ਕੋ ਦੇਖੁ ਗਰਬ ਨਹਿਂ ਕਰਹੀ । ਇਸ ਕੋ ਕਰੁਨਾ ਸੰਤ ਉਚਰਹੀਂ।
ਜੇ ਉਰਧਰਹਿਂ ਤਰਹਿਂ ਭਵ[1] ਸੇਈ । ਸਨਮੁਖ ਨਾਮ ਲਖਹੁ ਤੁਮ ਤੇਈ॥੩੧॥

ਨਿਜ ਤੇ ਬਿੱਦਜਾ[2] ਕੈ ਗੁਣ ਮਾਂਹੀ । ਦੀਰਘ ਦੇਖ ਦੁਖੈ ਨਹਿਂ ਕਾਹੀਂ।
ਤਿਨਕੀ ਸੁਨਹਿ ਪ੍ਰਸੰਸਾ ਕਾਨ । ਹਰਖ ਮਾਨ ਹੁਇ, ਸੇ ਮਤਿਵਾਨ[3] ॥੩੨॥

ਦੋਹਰਾ

ਜੈਸੇ ਪਿਤ ਗੁਰਦੇਵ ਕੋ ਸੁਨ ਜਸ ਹੋਤ ਪ੍ਰਸੰਨ।
ਤਿਉ ਹਰਖੈ ਮੁਖ ਸੇ ਕਹੈ —ਵਾਹਿਗੁਰੂ ਨਿਤ ਧੰਨ॥੩੩॥

ਚੌਪਈ

ਜਿਨ ਇਸ ਬਿਧ ਕੇ ਮਨੁਜ ਉਪਾਏ । ਧੰਨ ਪ੍ਰਭੂ— ਕਹਿ ਉਰ ਹਰਖਾਏ।
ਅਸ ਲਖਕੈ[4] ਨਿੰਦਾ ਨਹਿਂ ਚਹੈ । ਮੁਦਤਾ ਨਾਮ ਇਸੀ ਕੋ ਅਹੈ॥੩੪॥

ਅਪੁਨੀ ਮਤਿ[5] ਗੁਰ ਬਚ[6] ਅਨੁਸਾਰ ।ਦੇ ਉਪਦੇਸ਼ ਸਬਨ ਸੁਖਕਾਰ।
ਜੋ ਮੰਨੈ ਤਿਹਕੋ ਪੁਨਿ ਦੇਹਿ । ਅਨਮੰਨੇ[7] ਸੋਂ ਹਠ ਨ ਕਰੈਹਿ॥੩੫॥

ਦੋਹਰਾ

—ਪਰਾਲਬਧ ਇਸਕੀ ਨਹੀਂ— ਅਸ ਜਾਨਹਿ ਮਨ ਮਾਂਹਿ।
ਤੂਸ਼ਨਿ[8] ਤਿਹਸੋਂ ਹੁਇ ਰਹੈ ਨਾਮ ਉਪੇਖਜਾ ਤਾਂਹਿ॥੩੬॥

ਚੌਪਈ

ਮਨ ਕੋ ਕਹਜੋ ਕਰਤ ਹੈ ਜੋਈ । ਹੈ ਮਨਮੁਖਿ[(*4)] ਪਹਿਚਾਨਹੁ ਸੋਈ।
ਤਾਂਤੇ ਤੁਮ ਸਨਮੁਖ ਨਿਤ ਰਹੀਏ । ਨਾਮ ਚਿਤਾਰ ਊਚ ਪਦ[9] ਲਹੀਏ'॥੩੭॥

ਇਸ ਬਿਧ ਸ੍ਰੀ ਗੁਰ ਬਚ ਸੋ ਸੁਨਕੈ । ਬਰਤਜੋ ਤਿਸ ਪ੍ਰਕਾਰ ਮਨ ਗੁਨਕੈ ।
ਇਉਂ ਕਾਲੂ ਕੋ ਭਾ. ਨਿਸਤਾਰੇ । ਮਿਲੇ ਜੁ ਨਰ ਤਿਹ ਸੋਪਿ[10] ਉਧਾਰੇ॥੩੮॥

SikhBookClub.Com

(ਜੋ ਮਨੁੱਖ) ਆਪਣੇ ਤੋਂ ਛੋਟੇ ਨੂੰ ਦੇਖ ਕੇ ਹੰਕਾਰ ਨਹੀਂ ਕਰਦੇ। ਉਸ ਨੂੰ ਸੰਤ-ਲੋਕ ਦਇਆ ਆਖਦੇ ਹਨ। ਜੋ ਇਸ ਨੂੰ ਮਨ ਵਿਚ ਵਸਾ ਲੈਂਦੇ ਹਨ, ਉਹ ਇਸ ਸੰਸਾਰ[1]-ਸਾਗਰ ਤੋਂ ਪਾਰ ਹੋ ਜਾਂਦੇ ਹਨ। (ਇਸ ਲਈ) ਤੁਸੀਂ ਇਸ ਨੂੰ ਸਨਮੁੱਖ ਨਾਮ ਸਮਝੋ। ॥੩੧॥

ਜੋ ਪੁਰਸ਼ ਆਪਣੀ ਵਿੱਦਿਆ[2] ਜਾਂ ਗੁਣਾਂ ਕਾਰਨ, ਹੋਰ ਕਿਸੇ ਨੂੰ ਆਪ ਤੋਂ ਵੱਡਾ ਦੇਖ ਕੇ, ਦੁਖੀ ਨਾ ਹੋਵੇ, ਸਗੋਂ ਉਨ੍ਹਾਂ ਦੀ ਉਸਤਤ ਕੰਨ ਲਾ ਕੇ ਸੁਣੇ ਤੇ ਖ਼ੁਸ਼ ਹੋਵੇ, ਉਹ ਅਕਲਵਾਨ[3] ਹੁੰਦੇ ਹਨ। ॥੩੨॥

ਦੋਹਰਾ

ਜਿਵੇਂ ਪਿਤਾ ਜਾਂ ਗੁਰਦੇਵ ਦਾ ਜਸ ਸੁਣ ਕੇ ਖ਼ੁਸ਼ੀ ਮਿਲਦੀ ਹੈ, ਤਿਉਂ ਹੀ ਖੁਸ਼ ਹੋ ਕੇ ਮੁੱਖ ਤੋਂ ਹਮੇਸ਼ਾ ਕਹਿਣ-ਵਾਹਿਗੁਰੂ (ਤੂੰ) ਧੰਨ ਹੈਂ। ॥੩੩॥

ਚੌਪਈ

ਜਿਸ ਨੇ ਇਸ ਕਿਸਮ ਦੇ ਮਨੁੱਖ ਪੈਦਾ ਕੀਤੇ ਹਨ, (ਆਪਣੇ ਹਿਰਦੇ ਵਿੱਚ) ਉਸ ਪ੍ਰਭੂ ਨੂੰ ਧੰਨ ਕਹਿ ਕੇ ਖ਼ੁਸ਼ ਹੋਵੇ। ਇਉਂ ਜਾਣ[4] ਕੇ, ਕਿਸੇ ਦੀ ਨਿੰਦਾ ਕਰਨੀ ਨਾ ਚਾਹਵੇ। ਇਸ ਦਾ ਨਾਮ 'ਮੁਦਤਾ' ਭਾਵ ਪਰਸੰਨਤਾ ਹੈ। ॥੩੪॥

ਜੇ (ਕੋਈ) ਆਪਣੀ ਬੁੱਧੀ[5] ਗਿਆਨ ਅਤੇ ਬਚਨਾਂ[6] ਦੁਆਰਾ ਸਭ ਨੂੰ ਸੁੱਖ ਦੇਣ ਵਾਲੇ ਉਪਦੇਸ਼ ਦੇਵੇ, (ਅੱਗੋਂ) ਉਸ ਦੇ ਦਿੱਤੇ ਹੋਏ ਉਪਦੇਸ਼ਾਂ ਨੂੰ ਜੋ ਸਵੀਕਾਰ ਕਰੇ ਤਾਂ ਹੀ ਉਸ ਨੂੰ ਉਪਦੇਸ਼ ਦੇਵੇ। ਜੇਕਰ ਸਾਹਮਣੇ ਵਾਲਾ ਉਪਦੇਸ਼ ਦੇਣਾ ਨਾ-ਮੰਨੇ[7], ਤਾਂ ਉਸ ਨੂੰ ਉਪਦੇਸ਼ ਦੇਣ ਦੀ ਜ਼ਿੱਦ ਨਾ ਕਰੇ ॥੩੫॥

ਦੋਹਰਾ

(ਇਹ ਸੋਚ ਕੇ ਕਿ)- ਉਪਦੇਸ਼ ਲੈਣਾ ਇਸ ਦੇ ਕਰਮਾਂ ਵਿੱਚ ਹੀ ਨਹੀਂ ਹੈ-ਇਉਂ ਮਨ ਵਿਚ ਸੋਚ ਲਵੇ। ਉਸ ਨਾਲ ਚੁੱਪ[8] ਸਾਧ ਲਵੇ (ਤਾਂ) ਇਸ ਭਾਵ ਨੂੰ ਉਪੇਖਿਆ ਦਾ ਨਾਮ ਦਿੱਤਾ ਜਾਂਦਾ ਹੈ। ॥੩੬॥

ਚੌਪਈ

ਜੋ ਪੁਰਸ਼ ਆਪਣੇ ਮਨ ਦੇ ਕਹੇ ਅਨੁਸਾਰ ਕੰਮਕਾਰ ਕਰਦਾ ਹੈ, ਉਸ ਨੂੰ 'ਮਨਮੁਖ' ਜਾਣ ਲਵੋ। ਇਸ ਵਾਸਤੇ ਤੁਹਾਨੂੰ ਹਮੇਸ਼ਾ ਸਨਮੁਖ ਬਣੇ ਰਹਿਣਾ ਚਾਹੀਦਾ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਪਰਮਪਦ[9] ਨੂੰ ਪ੍ਰਾਪਤ ਕਰੋ ॥੩੭॥

ਇਸ ਤਰਾਂ ਗੁਰੂ ਜੀ ਦੇ (ਬਚਨਾਂ ਨੂੰ) ਸੁਣ ਕੇ (ਕਾਲੂ) ਨੇ ਆਪਣੇ ਹਿਰਦੇ ਅੰਦਰ ਇਨ੍ਹਾਂ (ਬਚਨਾਂ ਨੂੰ) ਵਿਚਾਰ ਕੇ ਵਰਤਾਰੇ ਵਿੱਚ ਲਾਗੂ ਕੀਤਾ ਤੇ ਕਾਲੂ ਖੱਤਰੀ ਦਾ ਇਉਂ ਛੁਟਕਾਰਾ ਹੋ ਗਿਆ। ਫੇਰ ਜਿੰਨੇ ਵੀ ਲੋਕ ਉਸ ਨੂੰ ਮਿਲੇ, ਉਹ[10] ਵੀ ਮੁਕਤ ਹੋ ਗਏ ॥੩੮॥

SikhBookClub.Com

ਭਾਉ ਧਾਰ ਜਿਹ ਨਰ ਗੁਰ ਦਰਸੇ । ਬਚਨ ਸੁਣੇ, ਪਦ ਪੰਕਜ ਪਰਸੇ[1]।
ਸੇ ਉਧਰੇ[2], ਸੰਗ ਬ੍ਰਿੰਦ ਉਧਾਰੇ । ਤਿਨ ਪਰ ਕਵਿ ਸਦੀਵ ਬਲਿਹਾਰੇ॥੩੯॥

ਪੁਨ ਇਕ ਦਿਨ ਧ੍ਰਮਸਾਲਾ ਮਾਂਹੀ । ਬੈਠੇ ਪ੍ਰਭੂ ਸਿੱਖ ਬਹੁ ਜਾਹੀ ।
ਮ੍ਰਿਦੁਲ[3] ਮਧੁਰ ਕਿਰਤਨ ਧੁਨਿ ਹੋਤੀ । ਸੁਨਤ ਸ਼੍ਰੁਤਿ ਹ੍ਵੈ ਸੁਮਤਿ ਉਦੋਤੀ[4]॥੪੦॥

ਦੋਹਰਾ

ਖੱਤ੍ਰੀ ਭਗਤਾ ਓਹਰੀ ਜਾਪੂ ਵੰਸੀ ਦੋਇ।
ਬੰਦਨ ਕਰ ਹਰਖੇ ਰਿਦੇ ਮਗਨ ਪ੍ਰੇਮ ਮੈਂ ਹੋਇ॥੪੧॥

ਚੌਪਈ

ਠਾਂਢੇ[5] ਹੋਇ ਕੀਨ ਅਰਦਾਸ । 'ਤੁਮਰੋ ਦਰਸ਼ਨ ਗਜਾਨ ਪ੍ਰਕਾਸ਼।
ਬਿੱਦਜਾ ਬਿਖੈ ਨਿਪੁਨ ਜੋ ਨਰ ਹੈਂ । ਸਦਾ ਬਿਚਾਰ ਕਰਤ ਤੇ ਤਰ ਹੈਂ॥੪੨॥

ਹਮਕੋ ਬਿੱਦਜਾਹੀਨ[6] ਪਛਾਨੋ । ਜਿਉਂ ਉਧਾਰ ਹ੍ਵੈ ਤਿਉਂ ਸੁ ਬਖਾਨੋ'।
ਸੁਨਕੈ ਬੋਲੇ ਸ੍ਰੀ ਗੁਰ ਤਬਹੀ ।'ਮਨਮੁਖ ਕਰਮ ਤਜਹੁ ਜੇ ਸਬਹੀ ॥੪੩॥

ਤਬ ਹੋਵਹਿ ਕੱਲਜਾਨ ਤੁਮਾਰਾ । ਬਹੁਰ[7] ਨ ਪਾਵਹੁਗੇ ਸੰਸਾਰਾ'।
ਪ੍ਰਸ਼ਨ ਕੀਨ ਤਿਨ ਦ੍ਵੈਕਰ ਜੋਰੈ । 'ਮਨਮੁਖ ਕਰਮ ਕਹਉ ਜੋ ਛੋਰੈਂ'॥੪੪॥

ਤਬ ਸ੍ਰੀਗੁਰ ਸਗਰੀ ਬਿਧ ਬਰਨੀ[8] । 'ਰਿਦੇ ਈਰਖਾ ਸਬ ਸੋਂ ਕਰਨੀ।
—ਜਗਤ ਪਦਾਰਥ ਸੁਖ ਜੇ ਸਾਰੇ । ਸਬ ਕੇ ਮਿਟ ਕਰ ਹੋਹਿਂ ਹਮਾਰੇ—॥੪੫॥

ਸਦਨ ਬਿਭੂਤਿ[9] ਅਪਰ ਕੋ ਦੇਖੀ।ਪੀਰਾ[10] ਪਾਵਹਿ ਰਿਦੇ ਵਿਸੇਖੀ।
ਸਰਬ ਨਰਨ ਕੋ ਸ਼ੱਤ੍ਰੁ[11] ਜਾਨਹਿ।ਸੰਗ ਨ ਕਿਸੇ ਭਲਾਈ ਠਾਨਹਿ॥੪੬॥

ਦੋਹਰਾ

ਇਕ ਮਨਮੁਖ ਕੋ ਕਰਮ ਇਹ, ਤਜਾਗਹੁ ਉਰ ਤੇ ਸੋਇ।
ਦੂਸਰ ਹਉਮੈਂ ਮਨ ਕਰੈ ਸਬ ਸੋ ਨਿਰਦਯ[12] ਹੋਇ ॥੪੭॥

SikhBookClub.Com

ਜਿਨ੍ਹਾਂ ਪੁਰਸ਼ਾਂ ਨੇ, ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਗੁਰੂ ਜੀ ਨੂੰ ਵੇਖਿਆ ਤੇ ਉਨ੍ਹਾਂ ਦੇ ਬਚਨ ਸੁਣੇ, ਉਨ੍ਹਾਂ ਦੇ ਚਰਨ-ਕਮਲਾਂ ਦੀ ਛੋਹ[1] ਪ੍ਰਾਪਤ ਕੀਤੀ, ਉਨ੍ਹਾਂ ਸਾਰਿਆਂ ਦਾ ਉਧਾਰ[2] ਹੋ ਗਿਆ ਅਤੇ ਨਾਲ ਦੇ ਵੀ ਬਹੁਤ ਲੋਕ, ਉਨ੍ਹਾਂ ਨੇ ਤਾਰ ਦਿੱਤੇ। ਕਵੀ (ਸੰਤੋਖ ਸਿੰਘ) ਉਨ੍ਹਾਂ ਉੱਪਰ ਸਦਾ ਬਲਿਹਾਰੇ ਜਾਂਦਾ ਹੈ। ॥੩੯॥

ਫੇਰ ਇਕ ਦਿਨ ਧਰਮਸ਼ਾਲਾ ਵਿੱਚ, ਜਿੱਥੇ ਬਹੁਤ ਸਿੱਖ ਸਨ, ਗੁਰੂ ਜੀ (ਉਨ੍ਹਾਂ) ਵਿਚ ਬੈਠੇ ਹੋਏ ਸਨ। ਮਿੱਠੀ[3] (ਰਸੀਲੀ) ਧੁਨ ਵਿਚ ਮਨੋਹਰ ਕੀਰਤਨ ਹੋ ਰਿਹਾ ਸੀ, ਜਿਸ ਨੂੰ ਕੰਨੀਂ ਸੁਣਦਿਆਂ ਸ਼ੁੱਭ ਮੱਤ ਜਾਗ[4] ਰਹੀ ਸੀ। ॥੪੦॥

ਦੋਹਰਾ

ਖੱਤਰੀ, ਭਗਤਾ ਓਹਰੀ ਅਤੇ ਜਾਪੂਵੰਸ਼ੀ ਦੋਨਾਂ ਨੇ ਆ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ, ਮਨ ਵਿੱਚ ਪਰਸੰਨ ਹੋਏ ਤੇ ਪ੍ਰੇਮ ਨਾਲ ਹਿਰਦੇ ਵਿਚ ਮਗਨ ਹੋ ਗਏ। ॥੪੧॥

ਚੌਪਈ

(ਉਨ੍ਹਾਂ) ਨੇ ਖੜ੍ਹੇ[5] ਹੋ ਕੇ ਬੇਨਤੀ ਕੀਤੀ, "ਆਪ ਜੀ ਦੇ ਦਰਸ਼ਨਾਂ ਨਾਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਜਿਹੜੇ ਲੋਕ ਵਿੱਦਿਆ ਵਿਚ ਨਿਪੁੰਨ ਹਨ, ਉਹ ਤਾਂ ਹਮੇਸ਼ਾ (ਸ਼ਬਦ ਨਾਮ 'ਤੇ) ਵਿਚਾਰ ਕਰਕੇ (ਸੰਸਾਰ ਸਾਗਰ ਤੋਂ) ਪਾਰ ਹੋ ਜਾਂਦੇ ਹਨ ॥੪੨॥

ਅਸੀਂ ਵਿੱਦਿਆਹੀਣ[6] ਹਾਂ, (ਇਸ ਲਈ) ਜਿਸ ਤਰਾਂ ਨਾਲ ਸਾਡਾ ਉਧਾਰ ਹੋ ਸਕੇ, ਉਸੇ ਤਰਾਂ ਸਾਨੂੰ ਉਪਦੇਸ਼ ਦੇਵੋ।" ਤਾਂ (ਉਨ੍ਹਾਂ ਦੀ ਗੱਲ) ਸੁਣ ਕੇ ਗੁਰੂ ਜੀ ਬੋਲੇ, "ਤੁਸੀਂ ਮਨਮੁੱਖਾਂ ਵਾਲੇ ਸਾਰੇ ਕੰਮ ਛੱਡ ਦੇਵੋ। ॥੪੩॥

ਫਿਰ ਹੀ ਤੁਹਾਡਾ ਕਲਿਆਣ ਹੋਵੇਗਾ ਤੇ ਫਿਰ[7] ਤੁਸੀਂ ਸੰਸਾਰ ਦੇ ਆਵਾਗਵਨ ਦੇ ਚੱਕਰ ਵਿਚ ਨਹੀਂ ਪਵੋਗੇ।" ਉਨ੍ਹਾਂ ਦੋਵੇਂ ਹੱਥ ਜੋੜ ਕੇ ਪੁੱਛਿਆ, "ਮਨਮੁੱਖਾਂ ਵਾਲੇ ਕੰਮ ਦੱਸੋ, ਜੋ ਅਸੀਂ ਛੱਡ ਦੇਈਏ।" ॥੪੪॥

ਤਾਂ ਗੁਰੂ ਜੀ ਨੇ (ਮਨਮੁੱਖਾਂ ਦੇ ਕਰਮਾਂ ਦੀ) ਸਾਰੀ ਵਿਧੀ ਵਰਣਨ[8] ਕੀਤੀ, "ਚਿੱਤ ਵਿੱਚ ਹਰੇਕ ਨਾਲ ਇਹ ਈਰਖਾ ਕਰਨੀ ਕਿ- ਸੰਸਾਰ ਦੇ ਜਿੰਨੇ ਸੁੱਖਾਂ ਵਾਲੇ ਪਦਾਰਥ ਹਨ, ਉਹ ਸਭ ਦੇ ਨਸ਼ਟ ਹੋ ਕੇ, ਸਾਡੇ ਹੀ ਹੋ ਜਾਣ-॥੪੫॥

ਦੂਸਰੇ ਘਰ ਦੀ ਦੌਲਤ[9] ਨੂੰ ਵੇਖ ਕੇ ਹਿਰਦੇ ਤੋਂ ਬਹੁਤ ਦੁਖੀ[10] ਹੋ ਕੇ ਸੜਨਾ, ਸਾਰੇ ਬੰਦਿਆਂ ਨੂੰ ਹੀ ਦੁਸ਼ਮਣ[11] ਸਮਝਣਾ, ਕਿਸੇ ਨਾਲ ਵੀ ਕੋਈ ਭਲੇ ਦਾ ਕੰਮ ਕਰਨ ਦੀ ਨਾ ਸੋਚਣਾ। ॥੪੬॥

ਦੋਹਰਾ

ਇਕ ਤਾਂ ਇਹ (ਸਾਰੇ) ਮਨਮੁੱਖ ਦੇ ਕੰਮ ਹਨ। ਇਨ੍ਹਾਂ ਨੂੰ ਤਿਆਗ ਦੇਵੋ। ਦੂਸਰਾ (ਕਰਮ) ਹੈ ਮਨ ਵਿੱਚ ਹਉਮੈ ਕਰਨੀ ਤੇ ਸਭ ਨਾਲ ਨਿਰਦਈ[12] ਹੋਣਾ। ॥੪੭॥

SikhBookClub.Com

ਚੌਪਈ

ਜੇ ਨਿਜ ਤੇ ਘਟ ਦੇਖਹਿਂ ਤੇਈ । ਤਿਹ ਕੋ ਮਤਿ ਨਹਿ ਕੈਸੇ ਦੇਈ।
ਹਾਸੀ[1] ਕਰੈ ਧਰੈ ਹੰਕਾਰਾ । —ਇਹੁ ਨਹਿਂ ਸਮ ਮਮ ਬੁਧਿ ਉਦਾਰਾ—॥੪੮॥

ਪੁਨ ਤੀਜੀ ਨਿੰਦਾ ਪਹਿਚਾਂਨ । ਤਜਾਗ ਦੀਜੀਏ, ਕਬ ਨ ਬਖਾਂਨ।
ਜੋ ਬਿਸੇਖ[2] ਅਪਨੇ ਤੇ ਹੋਇ । ਤਿਹ ਕੀ ਉਸਤਤ ਕਰ ਹੈ ਕੋਇ॥੪੯॥

ਦੋਹਰਾ

ਸੁਨ ਕਰ ਨਹੀਂ ਸਹਾਰਨੀ ਜਰ ਬਰ[3] ਤਿਹ ਤੇ ਜਾਇ।
—ਦੇਖਜੋ ਸੋ ਮੇਰੋ ਅਹੈ— ਇਸ ਬਿਧ ਨਿੰਦ ਅਲਾਇ॥੫੦॥

ਚੌਪਈ

ਸਮ ਸੋ ਗਰਬ, ਅਸੂਆ[4] ਧਰਹੀਂ । —ਉਹ ਨਰ ਕਯਾ ਹੌਂ ਗੁਣ ਭਰਪੁਰ ਹੀਂ—।
ਚੌਥੀ ਹਠ ਬਿਰਤੀ ਅਸ ਜੋਇ । ਦੇ ਉਪਦੇਸ਼ ਨ ਮੰਨੇ ਕੋਇ॥੫੧॥

ਤੱਦਪਿ ਹਠ ਕਰ ਕਰ ਪੁਨਿ ਕਹਿਈ । ਚਤੁਰ ਕਰਮ ਮਨਮੁਖਿ ਕੇ ਅਹਿਈਂ।
ਤਿਨਕੋ ਤਜਾਗ ਕਰਹੁ ਤੁਮ ਐਸੇ । ਸਿਸਰ[5] ਬਿਖੈ ਤਰੁ ਪੱਤ੍ਰਨ ਜੈਸੇ॥੫੨॥

ਦੋਹਰਾ

ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰਿ ਨੀਵ[6] ।
ਧਰਮ ਕ੍ਰਿੱਤ ਕਰ ਜਗਤ ਮਹਿਂ ਖਾਵਹਿ ਵੰਡ ਸਦੀਵ'॥੫੩॥

ਦੋਹਰਾ

ਅਸ ਉਪਦੇਸ਼ ਗੁਰੂ ਕੋ ਸੁਨਿ ਕੈ । ਮੰਨਜੋ, ਮਨ ਕੀਨੋ ਸ਼ੁਭ ਗੁਨਕੈ ।
ਬਰਤਨ ਲਗੇ ਜਗਤ ਮਹਿਂ ਐਸੇ । ਕੈਵਲ[7] ਹੋਵਹਿ ਪ੍ਰਾਪਤਿ ਜੈਸੇ ॥੫੪॥

ਸ਼ੀਹਾਂ ਗੱਜਣ ਦੋਨੋ ਭਾਈ । ਸੋ ਆਏ ਸਤਿਗੁਰ ਸ਼ਰਣਾਈ[8]।
ਦਰਸ਼ਨ ਦੇਖਜੋ ਸ੍ਰੀ ਸੁਖਕੰਦਾ । ਕਰੀ ਬੰਦਨਾ ਪਦ ਅਰਬਿੰਦਾ॥੫੫॥

SikhBookClub.Com

ਚੌਪਈ

ਜੋ ਹੋਰ ਕਿਸੇ ਨੂੰ ਆਪਣੇ ਤੋਂ ਛੋਟੇ (ਘੱਟ ਬੁੱਧੀ ਵਾਲੇ) ਵੇਖਦੇ ਹਨ, ਉਨ੍ਹਾਂ ਨੂੰ ਕਿਸੇ ਤਰਾਂ ਵੀ ਮੱਤ ਨਹੀਂ ਦਿੱਤੀ ਜਾ ਸਕਦੀ। ਜੋ ਹੰਕਾਰ ਰੱਖ ਕੇ, ਕਿਸੇ ਦਾ ਮਖ਼ੌਲ[1] ਉਡਾਉਂਦੇ ਹਨ -ਇਹ ਮੇਰੀ ਉੱਚੀ ਬੁੱਧੀ ਦੇ ਬਰਾਬਰ ਦਾ ਨਹੀਂ-। ॥੪੮॥

ਫਿਰ ਮਨਮੁੱਖ ਦਾ ਤੀਸਰਾ ਲੱਛਣ 'ਨਿੰਦਿਆ' ਜਾਣੋ। ਇਸ ਦਾ ਤਿਆਗ ਕਰ ਦੇਵੋ, ਇਹ ਕਦੇ ਨਹੀਂ ਕਰਨੀ ਚਾਹੀਦੀ। ਜੇਕਰ ਕੋਈ ਆਪਣੇ ਨਾਲੋਂ ਵੱਡਾ[2] ਹੋਵੇ ਤਾਂ ਜੇ ਕੋਈ ਵੀ ਉਸ ਦੀ ਉਸਤਤ ਕਰਦਾ ਹੋਵੇ ਤਾਂ। ॥੪੯॥

ਦੋਹਰਾ

ਉਸ ਦੀ ਉਸਤਤ ਸੁਣ ਕੇ ਨਾ ਸਹਾਰਨੀ, ਸਗੋਂ ਉਸ ਨਾਲ ਸੜ-ਬਲ[3] ਜਾਣਾ ਤੇ ਕਹਿਣਾ-ਇਹ ਮੇਰਾ ਦੇਖਿਆ ਹੋਇਆ ਹੈ-, ਇਸ ਤਰਾਂ ਕਹਿ ਕੇ ਨਿੰਦਦਾ ਹੈ। ॥੫੦॥

ਚੌਪਈ

ਆਪਣੇ ਬਰਾਬਰ ਵਾਲੇ ਦੇ ਨਾਲ ਹੰਕਾਰ ਕਰਨਾ ਅਤੇ ਈਰਖਾ[4] ਕਰਨੀ (ਅਤੇ ਕਹਿਣਾ) -ਉਹ ਬੰਦਾ ਕੀ ਹੈ? ਮੈਂ ਗੁਣਾਂ ਨਾਲ ਭਰਪੂਰ ਹਾਂ-। ਚੌਥਾ ਲੱਛਣ ਅਜਿਹੀ ਹੱਠ ਬਿਰਤੀ ਹੁੰਦੀ ਹੈ ਕਿ ਜਦ ਕੋਈ ਉਪਦੇਸ਼ ਦੇਵੇ ਤਾਂ ਉਹ ਕੋਈ ਵੀ (ਉਪਦੇਸ਼) ਨਾ ਮੰਨੇ। ॥੫੧॥

ਸਗੋਂ ਫੇਰ ਵੀ ਆਪਣੀ ਜ਼ਿੱਦ ਕਰ-ਕਰ ਕੇ ਮੁੜ ਆਪਣੀ ਹੀ ਗੱਲ ਕਹੀ ਜਾਵੇ। ਇਹ ਚਾਰੇ ਹੀ ਮਨਮੁੱਖ ਬਿਰਤੀ ਵਾਲੇ ਬੰਦੇ ਦੇ ਕਰਮ ਹਨ। ਤੁਸੀਂ ਇਨ੍ਹਾਂ ਸਾਰਿਆਂ ਦਾ ਇਸ ਤਰਾਂ ਨਾਲ ਤਿਆਗ ਕਰ ਦੇਵੋ, ਜਿਵੇਂ ਪੱਤਝੜ[5] ਰੁੱਤ ਵਿੱਚ, ਬਿਰਛ ਪੱਤਿਆਂ ਨੂੰ ਤਿਆਗਦੇ ਹਨ। ॥੫੨॥

ਦੋਹਰਾ

ਸੋ, ਮਨੁੱਖ ਮਨ ਨੂੰ ਨੀਵਾਂ[6] (ਨਿਮਰ) ਕਰਕੇ ਸਿੱਖਾਂ ਨੂੰ ਗੁਰਦੇਵ ਦੇ ਸਮਾਨ ਸਮਝੇ। ਸੰਸਾਰ ਵਿਚ ਧਰਮ ਦੀ ਕਿਰਤ ਕਰਦਾ ਹੋਇਆ, ਹਮੇਸ਼ਾ ਹੀ ਵੰਡ ਕੇ ਛਕੇ।" ॥੫੩॥

ਚੌਪਈ

ਉਨ੍ਹਾਂ ਨੇ ਗੁਰੂ ਜੀ ਦੇ, ਇਸ ਤਰਾਂ ਦੇ ਉਪਦੇਸ਼ ਸੁਣ ਕੇ, ਆਪਣੇ ਮਨ ਵਿਚ ਚੰਗੀ ਤਰਾਂ ਵਿਚਾਰ ਕਰਕੇ ਮੰਨ ਲਏ। ਸੰਸਾਰ ਵਿਚ ਇਸ ਤਰਾਂ ਵਿਚਰਨ ਲੱਗ ਪਏ ਸਨ, ਜਿਸ ਤਰਾਂ ਮੁਕਤੀ[7] ਪ੍ਰਾਪਤ ਹੁੰਦੀ ਹੈ। ॥੫੪॥

(ਇੱਕ ਦਿਨ) ਸ਼ੀਹਾਂ ਤੇ ਗੱਜਣ, ਦੋਨੋਂ ਭਰਾ ਗੁਰੂ ਜੀ ਦੀ ਸ਼ਰਨ[8] ਵਿਚ ਆਏ। ਉਨ੍ਹਾਂ ਸੁੱਖਾਂ ਦੇ ਮੂਲ (ਗੁਰੂ ਜੀ) ਦੇ ਦਰਸ਼ਨ ਕੀਤੇ ਅਤੇ ਚਰਨ-ਕਮਲਾਂ ਵਿਚ ਨਮਸਕਾਰ ਕੀਤੀ ॥੫੫॥

SikhBookClub.Com

ਦੋਹਰਾ

ਕਰ ਜੋਰੇ ਠਾਢੇ ਭਏ ਅਸ ਕੀਨੀ ਅਰਦਾਸ ।
'ਚਤੁਰ ਪਦਾਰਥ ਦੇਹੁ ਪ੍ਰਭੂ! ਜਨਮ ਮਰਨ ਕਟ ਫਾਂਸਿ[1] ॥੫੬॥

ਦੋਹਰਾ

ਤੁਮਰੇ ਸਰਸ[2] ਨ ਅਪਰ ਉਦਾਰਾ । ਜੋ ਜਾਚਹਿਂ ਸੋ ਦੇਹੁ ਦਤਾਰਾ!।
ਆਸਾ ਧਰ ਅਰਦਾਸ ਬਖਾਨੀ । ਪੂਰਨ ਕੀਜੈ ਸ੍ਰੀ ਗੁਨਖਾਨੀ!'॥੫੭॥

ਸੁਨ ਕੈ ਸ੍ਰੀ ਗੁਰ ਗਿਰਾ ਅਲਾਈ । ਲੋਚਨ ਕੋਰਨ[3] ਕਰੁਨਾ ਛਾਈ।
'ਸਿਮਰਹੁ ਵਾਹਿਗੁਰੂ ਲਿਵਲਾਈ । ਦੇਇ ਪਦਾਰਥ ਸੋ ਤੁਮ ਤਾਂਈ'॥੫੮॥

ਕਹੈਂ ਸੁ ਯਾਂਕਉ ਅਰਥ ਬਤਾਵਉ । ਦੇ ਉਪਦੇਸ਼ ਭਲੇ ਸਮਝਾਵਉ'।
ਤਬ ਸ੍ਰੀ ਨਾਨਕ ਅਰਥ ਬਖਾਨਾਂ ।'ਜੇ ਸਿਮਰਹਿਂ ਸੇ ਨਰ ਮਤਿਵਾਨਾ[4]॥੫੯॥

ਦੋਹਰਾ

ਵਾਸਦੇਵ ਵਾਵਾ ਵਰਨ ਹਾਹਾ ਹਰਿ[5] ਤੇ ਲੀਨ।
ਗੱਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ॥੬੦॥

ਚੌਪਈ

ਏਕ ਨਾਮ ਤੇ ਚਤਰ[6] ਸੁ ਜਾਪੂ । ਯਾਂਤੇ ਹੈ ਇਹ ਅਧਿਕ ਪ੍ਰਤਾਪੂ ।
ਦੂਸਰ ਅਰਥ ਔਰ ਸੁਨਿ ਲੀਜੈ । ਜਾਪ ਕਰੇ ਸਭ ਸੰਕਟ ਛੀਜੈ ॥੬੧॥

-ਵਾਹਿ- ਨਾਮ ਅਚਰਜ ਪਹਿਚਾਨੋ । ਜਿਹ ਕੀ ਸੱਤਜਾ ਜਗ ਪ੍ਰਗਟਾਨੋਂ[7]।
ਜਿਹ ਸੱਤਜਾ ਕਰ ਲਖਿਯਤਿ ਭਵ ਹੈ । ਸੋ ਨਹਿਂ ਲਖੀ ਜਾਇ ਅਨੁਭਵ ਹੈ॥੬੨॥

ਦੋਹਰਾ

ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ[8]।
ਅੰਧਕਾਰ -ਗੋ- ਨਾਮ ਹੈ -ਰੂ- ਪ੍ਰਕਾਸ਼ ਪਹਿਚਾਨ॥੬੩॥

SikhBookClub.Com

ਦੋਹਰਾ

ਉਨ੍ਹਾਂ ਹੱਥ ਜੋੜਦੇ ਹੋਏ ਖੜ੍ਹੇ ਹੋ ਕੇ ਇਉਂ ਬੇਨਤੀ ਕੀਤੀ, "ਹੇ ਪ੍ਰਭੂ (ਗੁਰੂ ਜੀਓ)! ਸਾਨੂੰ ਚਾਰ ਪਦਾਰਥਾਂ ਦੀ ਦਾਤ ਬਖ਼ਸ਼ੋ ਅਤੇ ਜਨਮ-ਮਰਨ (ਆਵਾਗਵਨ) ਦਾ ਫੰਦਾ[1] ਕੱਟ ਦੇਵੋ। ॥੫੬॥

ਦੋਹਰਾ

ਤੁਹਾਡੇ ਬਰਾਬਰ[2] ਦਾ ਹੋਰ ਕੋਈ ਦਾਨੀ ਨਹੀਂ ਹੈ। ਹੇ ਦਾਤਾਰ! ਜੋ ਆਪ ਜੀ ਕੋਲੋਂ ਮੰਗੀਦਾ ਹੈ, (ਆਪ) ਦੇ ਦਿੰਦੇ ਹੋ। ਅਸੀਂ ਇੱਛਾ ਧਾਰ ਕੇ ਇਹ ਅਰਦਾਸ ਕੀਤੀ ਹੈ, ਹੇ ਗੁਣਾਂ ਦੀ ਖਾਣ (ਗੁਰੂ ਜੀਓ)! (ਸਾਡੀ ਕਾਮਨਾ) ਪੂਰੀ ਕਰੋ।" ॥੫੭॥

(ਉਨ੍ਹਾਂ ਦੇ ਬੋਲ) ਸੁਣ ਕੇ ਗੁਰੂ ਜੀ, ਜਿਨ੍ਹਾਂ ਦੇ ਨੈਣਾਂ ਦੀਆਂ ਕੋਰਾਂ[3] ਵਿੱਚ ਦਇਆ ਛਾਈ ਹੋਈ ਸੀ, ਨੇ ਫ਼ਰਮਾਇਆ, "ਲਿਵ ਲਾ ਕੇ ਵਾਹਿਗੁਰੂ ਦਾ ਸਿਮਰਨ ਕਰੋ, ਉਹ (ਵਾਹਿਗੁਰੂ) ਹੀ ਚਾਰੇ ਪਦਾਰਥ (ਧਰਮ, ਅਰਥ, ਕਾਮ ਤੇ ਮੋਖ) ਤੁਹਾਨੂੰ ਦੇਵੇਗਾ। ॥੫੮॥

ਉਨ੍ਹਾਂ ਕਿਹਾ, "ਸਾਨੂੰ ਇਸ ਦੇ (ਵਾਹਿਗੁਰੂ ਦੇ) ਅਰਥ ਦੱਸੋ ਅਤੇ ਉਪਦੇਸ਼ ਦੇ ਕੇ, ਚੰਗੀ ਤਰਾਂ ਸਮਝਾ ਦਿਉ।" ਤਾਂ ਗੁਰੂ ਨਾਨਕ ਦੇਵ ਜੀ ਨੇ ਅਰਥ ਕਰਦੇ ਹੋਏ ਕਿਹਾ, "ਜੋ (ਵਾਹਿਗੁਰੂ ਦਾ ਨਾਮ) ਸਿਮਰਦਾ ਹੈ, ਉਹ ਮਨੁੱਖ ਉੱਚੀ-ਮੱਤ[4] ਵਾਲਾ ਹੋ ਜਾਂਦਾ ਹੈ। ॥੫੯॥

ਦੋਹਰਾ

ਵਾਵਾ (ਵ) ਅੱਖਰ 'ਵਾਸਦੇਵ' ਤੋਂ ਅਤੇ ਹਾਹਾ (ਹ) ਅੱਖਰ 'ਹਰੀ'[5] ਤੋਂ ਲਿਆ ਗਿਆ ਹੈ। ਗੱਗਾ (ਗ) ਅੱਖਰ 'ਗੋਬਿੰਦ' ਤੋਂ ਅਤੇ ਰਾਰਾ (ਰ), ਗੁਣਾਂ ਵਿੱਚ ਸੰਪੂਰਨ 'ਰਾਮ' ਤੋਂ ਲਿਆ ਹੋਇਆ ਹੈ। ॥੬੦॥

ਚੌਪਈ

ਇੱਕ 'ਵਾਹਿਗੁਰੂ' ਸ਼ਬਦ ਨਾਲ ਇਨ੍ਹਾਂ ਚਾਰਾਂ ਦਾ ਹੀ ਜਾਪ ਹੋ ਜਾਂਦਾ ਹੈ। ਇਸ ਲਈ ਇਸ ਸ਼ਬਦ ਦਾ ਬਹੁਤ ਵੱਡਾ ਪਰਤਾਪ[6] ਹੈ।(ਵਾਹਿਗੁਰੂ ਸ਼ਬਦ ਦੇ) ਜੋ ਦੂਸਰੇ ਅਰਥ ਹਨ, ਉਹ ਵੀ ਸੁਣ ਲਵੋ। (ਜਿਸ ਦਾ) ਸਿਮਰਨ ਕੀਤਿਆਂ ਸਾਰੇ ਸੰਕਟਾਂ ਦਾ ਨਾਸ਼ ਹੋ ਜਾਂਦਾ ਹੈ। ॥੬੧॥

ਜਾਣ ਲਵੋ, 'ਵਾਹਿ' (ਸ਼ਬਦ) ਦਾ ਅਰਥ 'ਅਚਰਜ' ਹੈ, ਜਿਸ ਦੀ ਸ਼ਕਤੀ ਨਾਲ ਜਗਤ ਪਰਗਟ ਹੋਇਆ ਹੈ। ਜਿਸ ਦੀ ਸ਼ਕਤੀ ਨਾਲ ਸਾਰਾ ਜਗਤ ਜਾਣਿਆ ਜਾਂਦਾ ਹੈ। ਇਸੇ ਸੱਤਿਆ ਕਰਕੇ ਹੀ ਜਗਤ ਜਾਣਿਆ[7] ਜਾਂਦਾ ਹੈ। ਉਹ (ਸ਼ਕਤੀ) ਜਾਣੀ ਨਹੀਂ ਜਾ ਸਕਦੀ, ਕੇਵਲ ਅਨੁਭਵ ਹੀ ਕੀਤੀ ਜਾ ਸਕਦੀ ਹੈ" ॥੬੨॥

ਦੋਹਰਾ

ਉਹ ਗੁਰੂ ਜੀ ਦੇ ਅਰਥ, ਕੰਨੀਂ[8] ਸੁਣ ਕੇ ਬਹੁਤ ਹੈਰਾਨ ਹੋਏ। 'ਗੋ' ਨਾਮ ਅੰਧਕਾਰ ਦਾ ਹੈ ਅਤੇ 'ਰੂ' ਨਾਮ ਪ੍ਰਕਾਸ਼ ਦਾ ਜਾਣੋਂ। ॥੬੩॥

SikhBookClub.Com

ਚੌਪਈ

ਅੰਧਕਾਰ ਵਤ[1] ਦੇਹਿ ਅਨਿੱਤਾ[2]। ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ[3]।
ਤਾਂਕੋ -ਵਾਹਿਗੁਰੂ- ਇਮ ਨਾਮੰ। ਜਪੁ ਹੈ ਚਤਰ ਪਦਾਰਥ ਧਾਮੰ' ॥੬੪॥

ਬੂਝਹਿ ਪੁਨਿ 'ਜਿ ਵਾਹਿਗੁਰੂ ਗਾਵਹਿਂ। ਕਿਸ ਬਿਧਿ ਚਾਰ ਪਦਾਰਥ ਪਾਵਹਿਂ'।
ਗੁਰੂ ਭਨਜੋ 'ਸਤਿਸੰਗਤਿ ਜਾਤੇ। ਡਗਡਗ[4] ਅਸ੍ਵ ਮਖ[5] ਹੈ ਫਲ ਤਾਂਤੇ ॥੬੫॥

ਦੋਹਰਾ

ਜਿਹ ਧਨ ਕਾਰਨ ਜਤਨ ਜੋ ਕਰ ਹੈਂ ਲੋਕ ਅਪਾਰ ।
ਸੋ ਧਨ ਹਰਿਕੇ ਭਗਤਿ ਕੋ ਮਾਨਵ ਦੇਹਿਂ ਹਜਾਰ॥੬੬॥

ਚੌਪਈ

ਬੰਦਨ ਕਰਹਿਂ ਦੇਹਿਂ ਧਨ ਆਈ । ਜਨ ਤੇ ਜਾਚਹਿਂ ਅਪੁਨ ਭਲਾਈ।
ਰਿਦੇ ਕਾਮਨਾ ਭਗਤਨਿ ਜੋਈ । ਸ੍ਰੀ ਕਰਤਾਰ ਪੂਰ ਹੈ ਸੋਈ॥੬੭॥

ਅਰਥ ਵਾਹਿਗੁਰੂ ਸਮਝਨ ਕਰ ਕੈ । ਹੁਇ ਹੈ ਗਜ਼ਾਨ ਜਾਇ ਤਮ[6] ਟਰਕੈ ।
ਚਤੁਰ ਪਦਾਰਥ ਨਾਮੁ ਅਧੀਨਾ । ਸਿਮਰਨ ਕਰਹੁ ਹੋਹਿ ਦੁਖੁ ਛੀਨਾ' ॥੬੮॥

ਦੋਹਰਾ

ਸ੍ਰੀ ਗੁਰ ਕੋ ਉਪਦੇਸ਼ ਸੁਨ ਕਰਨ ਲਗੇ ਸੋ ਕਾਰ ।
ਪਿਛਲੀ ਨਿਸ ਇਸ਼ਨਾਨ ਕਰ ਪਢਹਿਂ ਸ਼ਬਦ ਹਿਤ ਧਾਰ ॥੬੯॥

ਚੌਪਈ

ਦਿਨ ਸਗਰੋ ਨਿਜ ਕ੍ਰਿੱਤ ਕਮਾਵਹਿਂ । ਅੱਭਜਾਗਤ[7] ਸੋਂ ਵੰਡਹਿਂ ਖਾਵਹਿਂ।
ਅੰਤਰ ਸ੍ਵਾਸ ਜਿ -ਵਾਹਿ- ਮਿਲਾਵੈਂ । ਨਿਕਸਹਿ ਵਹਿਰ ਤ -ਗੁਰੂ- ਅਲਾਵੈਂ॥੭੦॥

SikhBookClub.Com

ਚੌਪਈ

ਸੋ, ਇਹ ਅਨਿਯਤ[2] (ਆਰਜ਼ੀ) ਸਰੀਰ ਹਨ੍ਹੇਰੇ ਦੇ ਸਮਾਨ[1] ਹੈ, ਉਸ ਨੂੰ ਪ੍ਰਕਾਸ਼ ਪ੍ਰਭੂ ਨੇ ਦਿੱਤਾ ਹੈ ਤਾਂ ਉਹ (ਦੇਹੀ) ਚੇਤਨ[3] ਹੋਈ। ਉਸ ਦਾ ਇਉਂ 'ਵਾਹਿਗੁਰੂ' ਨਾਮ ਹੈ । ਇਸ ਵਾਹਿਗੁਰੂ ਦਾ ਜਾਪ ਕਰਨ ਨਾਲ ਚਾਰ ਪਦਾਰਥ ਘਰ ਵਿੱਚ ਆਉਂਦੇ ਹਨ ॥੬੪॥

ਉਨ੍ਹਾਂ (ਦੋਨਾਂ ਨੇ) ਫਿਰ (ਗੁਰੂ ਜੀ ਨੂੰ) ਪੁੱਛਿਆ, "(ਇਹ ਦੱਸੋ) ਜੇਕਰ ਵਾਹਿਗੁਰੂ ਨੂੰ ਸਿਮਰਾਂਗੇ ਤਾਂ ਕਿਸ ਤਰਾਂ ਨਾਲ ਚਾਰ ਪਦਾਰਥਾਂ ਦੀ ਪ੍ਰਾਪਤੀ ਹੋਵੇਗੀ।" ਗੁਰੂ ਜੀ ਨੇ ਆਖਿਆ, "ਸਤਿਸੰਗਤ ਵਿਚ ਜਾਂਦਿਆਂ (ਇਹ ਧਰਮ ਦੀ ਪ੍ਰਾਪਤੀ ਹੈ) ਕਦਮ-ਕਦਮ[4] 'ਤੇ ਅਸ਼ਵਮੇਧ-ਜੱਗ[5] ਦਾ ਫਲ ਪ੍ਰਾਪਤ ਹੁੰਦਾ ਹੈ। ॥੬੫॥

ਦੋਹਰਾ

ਜਿਸ ਧਨ ਨੂੰ ਪਾਉਣ ਲਈ ਬੇਅੰਤ ਲੋਕ ਅਨੇਕਾਂ ਜਤਨ ਕਰਦੇ ਹਨ ਤੇ (ਫੇਰ) ਉਹੋ ਧਨ ਹਰੀ ਦੇ ਭਗਤਾਂ ਨੂੰ ਹਜ਼ਾਰਾਂ ਮਨੁੱਖ, ਭੇਟਾ (ਦੇ ਰੂਪ) ਵਿੱਚ ਚੜ੍ਹਾ ਦਿੰਦੇ ਹਨ। ॥੬੬॥

ਚੌਪਈ

ਪ੍ਰਭੂ ਦੇ ਭਗਤ ਕੋਲ ਆ ਕੇ (ਲੋਕ) ਨਮਸਕਾਰਾਂ ਕਰਦੇ ਹਨ ਤੇ ਆ ਕੇ ਧਨ ਅਰਪਨ ਕਰਦੇ ਹਨ। ਭਗਤ-ਜਨਾਂ ਕੋਲੋਂ ਉਹ ਲੋਕ ਆਪਣੀ ਭਲਾਈ ਲਈ ਮੰਗ ਕਰਦੇ ਹਨ।(ਇਹ ਅਰਥ ਦੀ ਪ੍ਰਾਪਤੀ ਹੈ)। ਤੇ ਭਗਤਾਂ ਦੇ ਮਨਾਂ ਦੀ ਜੋ ਕਾਮਨਾ ਹੁੰਦੀ ਹੈ, ਉਸ ਨੂੰ ਪ੍ਰਭੂ ਆਪ ਹੀ ਪੂਰੀ ਕਰ ਦਿੰਦਾ ਹੈ (ਇਹ ਕਾਮਨਾ ਦੀ ਪ੍ਰਾਪਤੀ ਹੈ)। ॥੬੭॥

'ਵਾਹਿਗੁਰੂ' ਸ਼ਬਦ ਦਾ ਅਰਥ ਸਮਝ ਲੈਣ ਨਾਲ ਗਿਆਨ ਹੋ ਜਾਂਦਾ ਹੈ ਤੇ ਹਨ੍ਹੇਰੇ[6] ਦਾ ਨਾਸ਼ ਹੋ ਜਾਂਦਾ ਹੈ। (ਇਹ ਮੋਖ ਦੀ ਪ੍ਰਾਪਤੀ ਹੈ)। ਚਾਰੇ ਪਦਾਰਥ (ਪ੍ਰਭੂ ਦੇ) ਨਾਮ ਦੇ ਅਧੀਨ ਹਨ। ਉਸ ਪ੍ਰਭੂ ਦਾ ਸਿਮਰਨ ਕਰਨ ਨਾਲ ਸਾਰਾ ਦੁੱਖ ਕਲੇਸ਼ ਕੱਟਿਆ ਜਾਵੇਗਾ।" ॥੬੮॥

ਦੋਹਰਾ

ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣ ਕੇ, ਉਹ ਦੋਨੋਂ ਜਣੇ ਉਹੋ ਕਾਰਜ (ਨਾਮ ਸਿਮਰਨ) ਕਰਨ ਲੱਗ ਗਏ। ਪਿਛਲੀ ਰਾਤ ਇਸ਼ਨਾਨ ਕਰਕੇ ਪ੍ਰੇਮ ਸਹਿਤ ਸ਼ਬਦ ਦਾ ਗਾਇਨ ਕਰਦੇ ॥੬੯॥

ਚੌਪਈ

ਸਾਰਾ ਦਿਨ ਆਪਣੀ ਕਿਰਤ-ਕਮਾਈ ਕਰਦੇ ਤੇ ਆਏ-ਹੋਏ ਮਹਿਮਾਨਾਂ[7] (ਲੋੜਵੰਦਾਂ) ਨਾਲ ਵੰਡ ਕੇ ਛਕਦੇ। ਆਪਣੇ ਸਵਾਸਾਂ ਵਿਚ 'ਵਾਹਿ' ਮਿਲਾ ਕੇ, ਅੰਦਰ ਲਿਜਾਂਦੇ ਤੇ ਸਵਾਸ ਬਾਹਰ ਆਉਣ ਵੇਲੇ 'ਗੁਰੂ' ਸ਼ਬਦ ਦਾ ਉਚਾਰਨ ਕਰਦੇ (ਭਾਵ ਗੁਰੂ ਕਹਿੰਦੇ) ॥੭੦॥

SikhBookClub.Com

ਇਸ ਬਿਧਿ ਅਪਨੋ ਸਮਾਂ ਬਿਤਾਵਹਿਂ । ਸ਼ੁਭ ਤਿਥਿ ਪੰਚਾਂਮ੍ਰਿਤ[1] ਕਰਵਾਵਹਿਂ।
ਕੇਤਜੋਂ ਸਮਾ ਬਿਤੀਤਜੋ ਤਿਨਕੋ । ਭਲੇ ਕਰਮ ਕੀ ਰੁਚਿ ਜਿਨ ਮਨ ਕੋ ॥੭੧॥

ਦੋਹਰਾ

ਸ਼ੀਹੇ ਕੀ ਇਕ ਸੁਤਾ[2] ਥੀ ਕਰਨ ਲਗਜੋ ਤਿਸ ਬਜਾਹ।
ਅਸਨ ਕਰਾਯੋ ਅਨਿਕ ਬਿਧਿ ਨਿਕਟ ਰਹੇ ਦਿਨ ਤਾਂਹਿ॥੭੨॥

ਚੌਪਈ

ਮਧੁਰ ਸਨਿਘਧ[3] ਕਰਾਇ ਅਹਾਰਾ । ਰਾਖਜੋ ਬਹੁਤ ਅਗਾਰ ਮਝਾਰਾ।
ਸਿੱਖਿ ਗੁਰੂ ਕੇ ਦਰਸ਼ਨ ਜਾਇ । ਘਰ ਸ਼ੀਹੇਂ ਕੇ ਉਤਰੇ ਆਇ॥੭੩॥

ਹਿਤ ਬਰਾਤ ਕੇ ਜੋ ਪਕਵਾਨੇ[4] । ਸ਼ੀਹੇਂ ਦੀਨੇ ਸੋ ਤਿਨ ਖਾਨੇ।
ਸੰਗਤਿ ਬਹੁਤ ਸਦਨ ਮਹਿਂ ਜੋਊ । ਸਭ ਪਕਵਾਂਨਿ ਖਾਇਗੇ ਸੋਊ॥੭੪॥

ਦੋਹਰਾ

ਅਗਲੇ ਦਿਨ ਮਹਿਂ ਜੰਞ ਨੈ ਹੁਤੋ ਆਵਨੋ ਧਾਂਮ ।
ਸੰਗਤ ਬਡ ਭੁਨਸਾਰ ਤੇ ਗਵਨੀ[5] ਲੇ ਗੁਰ ਨਾਮ॥੭੫॥

ਚੌਪਈ

ਚਿੰਤ ਕਰੈ ਸ਼ੀਹੇਂ ਕੀ ਨਾਰਿ । —ਤਨਕ[6] ਨਿਕੇਤ ਨ ਰਹਜੋ ਅਹਾਰ ।
ਆਵਹਿ ਅਬ ਬਰਾਤ ਕਜਾ ਖਾਹੀ । ਤੂਰਨ ਤਜਾਰ ਹੋਤ ਕਸ ਨਾਹੀਂ ॥੭੬॥

ਕਿਸ ਪਰਕਾਰ ਲਾਜ ਰਹਿ ਆਵਹਿ । ਸਗਰੇ ਜਗਤ ਨਿੰਦ ਪ੍ਰਗਟਾਵਹਿ —।
ਪਿਖ ਸਚਿੰਤ[7] ਸ਼ੀਹੇਂ ਨਿਜ ਨਾਰੀ । ਤਾਂਕੋ ਦੀਨ ਦਿਲਾਸੋ ਭਾਰੀ॥੭੭॥

'ਸਤਿਗੁਰ ਆਸ[8] ਧਰੋ ਮਨ ਮਾਂਹੀ । ਅਪਰ ਬਿਚਾਰ ਕਰਹੁ ਕੋ ਨਾਹੀਂ ।
ਰਾਖਹਿਂਗੇ ਪ੍ਰਭੁ ਪੈਜ ਹਮਾਰੀ । ਦਾਸ ਜਾਨ ਹ੍ਵੈ ਹੈਂ ਹਿਤਕਾਰੀ'॥੭੮॥

SikhBookClub.Com

ਇਸ ਤਰਾਂ ਉਹ ਆਪਣਾ ਸਮਾਂ ਬਤੀਤ ਕਰਦੇ ਹੋਏ ਸ਼ੁੱਭ ਤਿੱਥਾਂ 'ਤੇ ਕੜਾਹ-ਪਰਸ਼ਾਦ[1] (ਦੀ ਦੇਗ) ਤਿਆਰ ਕਰਵਾਉਂਦੇ। ਜਿਨ੍ਹਾਂ ਦੇ ਮਨ ਵਿਚ ਸ਼ੁੱਭ ਕਰਮ ਕਰਨ ਦੀ ਰੁਚੀ ਬਣੀ ਹੋਈ ਸੀ, ਇਸ ਤਰਾਂ ਉਨ੍ਹਾਂ ਦਾ ਬਹੁਤ ਸਮਾਂ ਬੀਤਿਆ ਸੀ ॥੭੧॥

ਦੋਹਰਾ

'ਸ਼ੀਹੇਂ' ਦੀ ਇੱਕ ਲੜਕੀ[2] ਸੀ, ਉਹ ਉਸ ਦਾ ਵਿਆਹ ਕਰਨ ਲੱਗਿਆ। ਵਿਆਹ ਦੇ ਦਿਨ ਥੋੜ੍ਹੇ ਰਹਿ ਗਏ ਤਾਂ ਉਸ ਨੇ ਬਹੁਤ ਤਰਾਂ ਦੇ ਭੋਜਨ (ਮਠਿਆਈ) ਤਿਆਰ ਕਰਵਾਏ ਸਨ ॥੭੨॥

ਚੌਪਈ

ਮਿੱਠੇ ਅਤੇ ਘਿਓ[3] ਵਾਲੇ ਭੋਜਨ ਤਿਆਰ ਕਰਵਾਏ ਗਏ ਅਤੇ ਉਨ੍ਹਾਂ ਨੂੰ ਸਾਂਭ ਕੇ ਘਰ ਅੰਦਰ ਰੱਖ ਦਿੱਤਾ ਗਿਆ। (ਅਚਾਨਕ) ਗੁਰੂ ਜੀ ਦੇ ਦਰਸ਼ਨਾਂ ਵਾਸਤੇ ਜਾਂਦੇ ਹੋਏ (ਕੁਝ) ਸਿੱਖ, ਸ਼ੀਹੇਂ ਦੇ ਘਰ ਆ ਉਤਰੇ। ॥੭੩॥

ਜੋ ਬਰਾਤ ਵਾਸਤੇ ਪਕਵਾਨ[4] ਤਿਆਰ ਕਰਵਾਏ ਸਨ, ਉਹ ਸ਼ੀਹੇਂ ਨੇ ਉਨ੍ਹਾਂ ਨੂੰ ਖਾਣ ਲਈ ਭੇਟ ਕਰ ਦਿੱਤੇ। ਘਰ ਵਿਚ ਜੋ ਸੰਗਤ ਬਹੁਤ ਇਕੱਠੀ ਹੋ ਗਈ ਸੀ ਤੇ ਉਹੀ ਸਾਰੇ ਪਕਵਾਨ ਮਠਿਆਈ ਆਦਿਕ ਖਾ ਗਈ । ॥੭੪॥

ਦੋਹਰਾ

ਅਗਲੇ ਦਿਨ ਬਰਾਤ ਨੇ ਉਸ ਦੇ ਘਰ ਢੁੱਕਣਾ ਸੀ। ਸਾਰੀ ਸੰਗਤ ਦਿਨ ਚੜ੍ਹੇ (ਸਵੇਰ ਵੇਲੇ) ਗੁਰੂ ਦਾ ਨਾਮ ਲੈ ਕੇ ਚਾਲੇ[5] ਪਾ ਗਈ। ॥੭੫॥

ਚੌਪਈ

ਸ਼ੀਹੇਂ ਦੀ ਘਰਵਾਲੀ ਚਿੰਤਾ ਕਰਨ ਲੱਗੀ- ਘਰ ਵਿਚ ਤਾਂ ਖਾਣ ਲਈ ਥੋੜ੍ਹਾ[6] ਜਿੰਨਾ ਵੀ ਭੋਜਨ ਨਹੀਂ ਬਚਿਆ। ਹੁਣ ਬਰਾਤ ਆਏਗੀ ਤਾਂ ਉਹ ਕੀ ਖਾਵੇਗੀ? ਇੰਨੀ ਜਲਦੀ (ਹੋਰ ਭੋਜਨ ਵਗੈਰਾ) ਕਿਵੇਂ ਵੀ ਤਿਆਰ ਨਹੀਂ ਹੋਣਾ। ॥੭੬॥

(ਸਾਡੀ) ਇੱਜ਼ਤ ਕਿਸ ਤਰਾਂ ਬਚੇਗੀ। ਸਾਰੇ ਲੋਕ ਨਿੰਦਿਆ ਕਰਨਗੇ-। ਸ਼ੀਹੇਂ ਨੇ ਆਪਣੀ ਘਰਵਾਲੀ ਨੂੰ ਚਿੰਤਾਵਾਨ[7] ਹੋਈ ਵੇਖ ਕੇ, ਉਸ ਨੂੰ ਬਹੁਤ ਦਿਲਾਸਾ ਦਿੱਤਾ। ॥੭੭॥

"ਤੂੰ ਆਪਣੇ ਮਨ ਵਿੱਚ ਗੁਰੂ ਜੀ ਉੱਪਰ ਭਰੋਸਾ[8] ਰੱਖ, ਹੋਰ ਕੋਈ ਵੀ ਵਿਚਾਰ ਨਾ ਕਰ। ਪ੍ਰਭੂ ਜੀ ਆਪ ਹੀ ਸਾਡੀ ਲਾਜ ਰੱਖਣਗੇ।ਆਪਣਾ ਸੇਵਕ ਜਾਣਦੇ ਹੋਏ ਭਲਾ ਕਰਨਗੇ।" ॥੭੮॥

SikhBookClub.Com

ਅਸ ਬਿਚਾਰ ਕਰਤਜੋ ਤਿਹਕਾਲਾ।ਪਹੁੰਚੀ ਆਇ ਬਰਾਤ ਬਿਸਾਲਾ।
ਕਰ ਚੁਕਾਊ[1] ਭਲਿ ਡੇਰਾ ਕੀਨੋ।ਦੇਖਿ ਨਾਰਿ ਭੀ ਹਰਖ ਬਿਹੀਨੋ॥੭੯॥

ਕਹਿਨ ਲਗੀ 'ਕਜਾ ਦੇਹਿਂ ਖੁਆਏ[2]?।ਨਰ ਬਰਾਤ ਮਹਿਂ ਬਹੁਤੇ ਆਏ'।
ਸ਼ੀਹੇਂ ਉਠ ਕੀਨੀ ਅਰਦਾਸ।ਸਤਿਗੁਰ ਚਰਨ ਧਜਾਨ ਕਰ ਤਾਸ ॥੮੦॥

'ਰਾਖੀ ਸਿੱਖਨ ਪੈਜ ਅਗਾਰੀ[3] । ਚਰਨ ਕਮਲ ਹਮ ਸ਼ਰਨ ਤੁਮਾਰੀ'।
ਅਸ ਕਹਿ ਤਿਸ ਕੋਠੇ ਕੋ ਤਾਰਾ[4] । ਖੋਲ ਬਿਲੋਕ ਅਹਾਰ ਅਪਾਰਾ॥੮੧॥

ਦੋਹਰਾ

ਪਾਂਤਿ[5] ਬਰਾਤ ਬਠਾਇ ਕੈ ਭੋਜਨ ਭਲੇ ਖੁਆਇ।
ਅਤਿ ਸੁੰਦਰ ਬਹੁ ਸਾਦ ਜਿਹਂ ਹਰਖਤ ਰਹੇ ਅਘਾਇ॥੮੨॥

ਚੌਪਈ

ਪੰਚ ਦਿਵਸ ਘਰ ਰਾਖੀ ਸੋਈ । ਤੋਟ ਅਸਨ[6] ਕੀ ਹੋਇ ਨ ਕੋਈ।
ਬਹੁ ਬਿਧਿ ਕੇ ਪਕਵਾਨ ਜਿਮਾਏ । ਖਾਇ ਜਨੇਤੀ[7] ਉਰ ਹਰਖਾਏ॥੮੩॥

ਬਿਦਾ ਕਰੀ ਦੇ ਦਾਤ[8] ਬਿਸਾਲਾ । ਅਚਰਜ ਭੇ ਨਰ ਤਿਯ ਤਿੰਹ ਕਾਲਾ।
ਸਭ ਮਿਲਕੈ ਤਬ ਇਸ ਬਿਧਿ ਭਾਖੀ । 'ਗੁਰੂ ਪੈਜ ਨਿਜਿ ਸਿੱਖਨ ਰਾਖੀ'॥੮੪॥

ਅਧਿਕ ਨਰਨ ਕੋ ਸ਼ਰਧਾ ਭਈ । ਭਾਉ ਭਗਤਿ ਜਗ ਮਹਿਂ ਪ੍ਰਗਟਈ।
ਪੁਨ ਇਕ ਦਿਨ ਬੈਠੇ ਗੁਨਖਾਨੀ । ਕਰੁਨਾ ਲੋਚਨ ਬਿਖੈ ਮਹਾਨੀ॥੮੫॥

ਦੋਹਰਾ

ਫਿਰਣਾ ਖਹਿਰਾ ਜੋਧ ਦੁਇ ਜੱਗਜਾਸਾ[9] ਧਰ ਆਸ।
ਆਇ ਪਰੇ ਪਾਇਨਪਦਮ ਪੁਨਿ ਬੈਠੇ ਪ੍ਰਭੁ ਪਾਸ॥੮੬॥

ਚੌਪਈ

ਹਾਥ ਬੰਦ ਅਰਦਾਸ ਉਚਾਰੀ । 'ਹਮ ਆਏ ਅਬਿ ਸ਼ਰਨਿ ਤੁਮਾਰੀ।
ਨਿਜ ਉਪਦੇਸ਼ ਕਰਹੁ ਬੱਖਜਾਨਾ । ਜਿਸ ਪ੍ਰਕਾਰ ਹੈ ਹਮ ਕੱਲਜਾਨਾ[10] ॥੮੭॥

SikhBookClub.Com

(ਸ਼ੀਹਾਂ) ਉਸ ਵਕਤ ਇਸ ਤਰਾਂ ਦੀਆਂ ਵਿਚਾਰਾਂ ਕਰ ਰਿਹਾ ਸੀ ਤਾਂ ਉੱਥੇ ਵੱਡੀ ਗਿਣਤੀ ਵਿਚ ਬਰਾਤ ਆ ਪਹੁੰਚੀ ਸੀ। ਬਰਾਤੀਆਂ ਨੇ ਢੁਕਾਅ[1] ਕਰਕੇ, ਚੰਗੀ ਤਰਾਂ ਡੇਰਾ ਕਰ ਲਿਆ। ਉਨ੍ਹਾਂ ਨੂੰ ਵੇਖ ਕੇ ਸ਼ੀਹੇਂ ਦੀ ਨਾਰ ਉਦਾਸ ਹੋ ਗਈ। ॥੭੯॥

ਉਹ ਕਹਿਣ ਲੱਗੀ, "ਇਨ੍ਹਾਂ ਨੂੰ ਖਾਣ[2] ਲਈ ਕੀ ਦੇਈਏ? ਬਰਾਤ ਵਿਚ ਤਾਂ ਬਹੁਤ ਬੰਦੇ ਆਏ ਹੋਏ ਹਨ।" ਤਾਂ ਸ਼ੀਹੇਂ ਨੇ ਉੱਠ ਕੇ, ਸਤਿਗੁਰੂ ਜੀ ਦੇ ਚਰਨਾਂ ਵਿਚ ਧਿਆਨ ਧਰ ਕੇ ਅਰਦਾਸ ਕਰਦੇ ਹੋਏ ਕਿਹਾ। ॥੮੦॥

"(ਹੇ ਪ੍ਰਭੂ ਜੀ!) ਤੁਸੀਂ ਪਹਿਲਾਂ[3] ਵੀ (ਆਪਣੇ) ਸਿੱਖਾਂ ਦੀ ਲਾਜ ਰੱਖਦੇ ਆਏ ਹੋ, ਅਸੀਂ ਆਪ ਜੀ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਹਾਂ।" ਇਸ ਤਰਾਂ ਅਰਦਾਸ ਕਰਨ ਤੋਂ ਬਾਅਦ ਜਦ ਉਸ ਨੇ ਕੋਠੇ ਦੇ ਜਿੰਦਰੇ[4] ਨੂੰ ਖੋਲ੍ਹਿਆ ਤਾਂ ਕੋਠਾ ਬੇਅੰਤ ਭੋਜਨ ਪਦਾਰਥਾਂ ਨਾਲ ਭਰਿਆ ਪਿਆ ਤੱਕਿਆ ॥੮੧॥

ਦੋਹਰਾ

ਬਰਾਤ ਨੂੰ ਪੰਗਤਾਂ[5] ਵਿਚ ਬਿਠਾ ਕੇ ਸੁੰਦਰ ਭੋਜਨ ਛਕਾਏ ਗਏ। ਬਹੁਤ ਹੀ ਸੁੰਦਰ ਅਤੇ ਸਵਾਦਲੇ ਖਾਣਿਆਂ ਨਾਲ ਚੰਗੀ ਤਰਾਂ ਰੱਜ ਕੇ ਉਹ ਖੁਸ਼ ਹੋ ਗਏ। ॥੮੨॥

ਚੌਪਈ

(ਤੇ ਉਨ੍ਹਾਂ) ਬਰਾਤ, ਪੰਜ ਦਿਨ ਆਪਣੇ ਘਰ ਰੱਖੀ। ਭੋਜਨ[6] ਦੀ ਕੋਈ ਤੋਟ ਨਾ ਆਈ। ਬਹੁਤ ਕਿਸਮ ਦੇ ਪਕਵਾਨ ਖੁਆਏ ਗਏ। ਬਰਾਤੀ[7] ਖਾ ਕੇ ਪਰਸੰਨ ਚਿੱਤ ਹੋ ਗਏ। ॥੮੩॥

ਫਿਰ ਬਹੁਤ ਦਾਤਾਂ (ਵਸਤੂਆਂ)[8] ਦੇ ਕੇ ਬਰਾਤ ਵਿਦਾ ਕੀਤੀ ਗਈ ਤਾਂ ਉਸ ਵਕਤ ਸਾਰੇ ਹੀ ਨਰ-ਨਾਰੀ ਬਹੁਤ ਹੀ ਹੈਰਾਨ ਹੋਏ। ਸਾਰਿਆਂ ਨੇ ਉਸ ਵੇਲੇ ਰਲ ਕੇ ਇਸ ਪ੍ਰਕਾਰ ਆਖਿਆ, "ਗੁਰੂ ਜੀ ਨੇ ਆਪਣੇ ਸਿੱਖ ਦੀ ਲਾਜ ਰੱਖ ਲਈ ਹੈ।" ॥੮੪॥

(ਇਸ ਤਰਾਂ) ਬਹੁਤ ਸਾਰੇ ਲੋਕਾਂ ਨੂੰ (ਗੁਰੂ ਜੀ ਲਈ) ਸ਼ਰਧਾ ਹੋ ਗਈ ਅਤੇ ਜੱਗ ਵਿਚ ਪ੍ਰੇਮਾ-ਭਗਤੀ ਪ੍ਰਗਟ ਹੋ ਗਈ। ਫਿਰ ਇਕ ਦਿਨ ਗੁਣਾਂ ਦੀ ਖਾਣ (ਗੁਰੂ ਜੀ) ਬੈਠੇ ਹੋਏ ਸਨ। ਉਨ੍ਹਾਂ ਦੇ ਨੈਣਾਂ ਵਿਚ ਅਤਿਅੰਤ ਕਿਰਪਾ-ਦ੍ਰਿਸ਼ਟੀ ਛਾਈ ਹੋਈ ਸੀ। ॥੮੫॥

ਦੋਹਰਾ

ਦੋ ਸਿੱਖ, 'ਫਿਰਨਾ ਖਹਿਰਾ' ਅਤੇ 'ਜੋਧ' ਮਨ ਵਿਚ ਕੁਝ ਜਾਣਨ ਦੀ ਇੱਛਾ[9] ਧਾਰ ਕੇ ਗੁਰੂ ਜੀ ਦੇ ਚਰਨ-ਕੰਵਲਾਂ ਵਿਚ ਆਣ ਪਏ। ॥੮੬॥

ਚੌਪਈ

ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ, "ਅਸੀਂ ਹੁਣ ਤੁਹਾਡੀ ਸ਼ਰਨ ਵਿਚ ਆਏ ਹਾਂ, ਸਾਨੂੰ ਉਹ ਉਪਦੇਸ਼ ਦਿਓ, ਜਿਸ ਨਾਲ ਸਾਡਾ ਕਲਿਆਣ[10] ਹੋ ਜਾਵੇ। ॥੮੭॥

SikhBookClub.Com

ਸਿੱਖੀ ਪ੍ਰਾਪਤਿ ਮਨ ਮਹਿੰ ਹੋਵਹਿ।ਬਹੁਰ ਨ ਕਬਹੂੰ ਕਾਲ ਬਿਗੋਵਹਿ[1]'।
ਪ੍ਰਭੁ ਭਾਖਜੋ 'ਮਨ ਨੀਵੇਂ ਜੋਏ । ਤਿਨ ਕੋ ਸਿੱਖੀ ਪ੍ਰਾਪਤਿ ਹੋਏ ॥੮੮॥

ਦੋਹਰਾ

ਸੇਵਾ ਜੋ ਤੁਮ ਪਾਸ ਤੇ ਸਿੱਖਨ[2] ਕੀ ਹੁਇ ਆਇ।
ਤੌ ਕਰੀਏ ਹਿਤ ਕਰ ਰਿਦੇ ਪਗ ਪਖਾਰ, ਮੁਖ ਪਾਇ॥੮੯॥

ਚੌਪਈ

ਪਿਛਲੀ ਨਿਸਾ[3] ਕਰਹੁ ਇਸ਼ਨਾਨਾ । ਸਦਾ ਸ਼ਬਦ ਅੱਭਜਾਸ ਪ੍ਰਮਾਨਾ।
ਮਨ ਨੀਵੇਂ ਸਤਿਸੰਗਤਿ ਜਾਇ । ਗੁਰ ਕੋ ਸ਼ਬਦ ਸੁਨਹੁ ਹਿਤ ਲਾਇ॥੯੦॥

ਜਾਨਹਿ ਵਾਹਿਗੁਰੂ ਕੋ ਸ੍ਵਾਮੀ । ਦਾਸ ਆਪਨੂੰ ਲਖੈ[4] ਸਖਾਮੀ।
ਗੁਰਬਾਣੀ ਕੋ ਮਨਨ ਸੁ ਕਰਨਾ । ਜੇ ਚਾਹਤ ਹੋ ਭਵ ਤੇ ਤਰਨਾ'॥੯੧॥

ਦੋਹਰਾ

ਸੀਖੀ ਸਿਖ[5] ਸਤਿਗੁਰੂ ਤੇ ਤੈਸੀ ਕੀਨੀ ਕਾਰ ।
ਜਨਮ ਮਰਨ ਛੁਟ ਕਸ਼ਟ ਤੈ ਤਿਨਕੋ ਭਯੋ ਉਧਾਰ ॥੯੨॥

ਚੌਪਈ

ਇਸ ਪ੍ਰਕਾਰ ਸੋਂ ਨਰਨ ਅਨੇਕੰ । ਕਰ ਉਪਦੇਸ਼ ਦਿਯੋ ਸੁ ਬਿਬੇਕੰ[6]।
ਗ੍ਰੰਥ ਬਢਨ ਤੇ ਬਰਨੇ ਨਾਂਹੀ । ਮਤਿ ਅਨੁਸਾਰ ਕਛੁਕ ਮੈਂ ਪ੍ਰਾਹੀ[7]॥੯੩॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਿੱਖਨ ਉਪਦੇਸ਼' ਬਰਨਨੰ ਨਾਮ ਤ੍ਰਿਤਾਲੀਸਮੋਂ ਧਜਾਇ ॥੪੩॥

SikhBookClub.Com

ਸਾਡੇ ਮਨਾਂ ਵਿਚ ਸਿੱਖੀ ਪ੍ਰਾਪਤ ਹੋ ਜਾਵੇ ਤੇ ਫੇਰ ਮੁੜ ਕੇ (ਸਾਨੂੰ) ਜਨਮ-ਮਰਨ (ਆਵਾਗਵਨ) ਦਾ ਡਰ ਖੁਆਰ[1] ਨਾ ਕਰੇ।" ਤਾਂ ਗੁਰੂ ਜੀ ਨੇ ਆਖਿਆ, "ਜਿਨ੍ਹਾਂ ਦਾ ਮਨ ਨੀਂਵਾਂ ਹੁੰਦਾ ਹੈ, ਉਨ੍ਹਾਂ ਨੂੰ ਹੀ ਸਿੱਖੀ ਪ੍ਰਾਪਤ ਹੁੰਦੀ ਹੈ। ॥੮੮॥

ਦੋਹਰਾ

ਤੁਹਾਡੇ ਕੋਲੋਂ ਜੋ ਸੇਵਾ ਸਿੱਖਾਂ ਦੀ ਹੋ ਸਕਦੀ ਹੈ, ਪ੍ਰੇਮ ਸਹਿਤ ਮਨ ਲਾ ਕੇ ਕਰੋ। ਸਿੱਖਾਂ[2] ਸੇਵਕਾਂ ਦੇ ਚਰਨ ਧੋਵੋ ਅਤੇ ਉਨ੍ਹਾਂ ਨੂੰ ਭੋਜਨ ਛਕਾਵੋ। ॥੮੯॥

ਚੌਪਈ

ਪਿਛਲੀ-ਰਾਤੇ[3] ਉੱਠ ਕੇ ਇਸ਼ਨਾਨ ਕਰੋ। ਹਮੇਸ਼ਾ ਪ੍ਰਭੂ ਦੇ ਨਾਮ ਦਾ ਅਭਿਆਸ ਕਰਨਾ ਚੰਗਾ ਸਮਝੋ। ਨਿਮਰ ਹੋ ਕੇ ਸਤਿਸੰਗਤ ਵਿਚ ਜਾਓ ਅਤੇ ਗੁਰੂ ਦੇ ਸ਼ਬਦ ਨੂੰ ਪ੍ਰੇਮ ਸਹਿਤ ਸੁਣੋ। ॥੯੦॥

(ਇੱਕੋ) ਪਰਮਾਤਮਾ ਨੂੰ ਆਪਣਾ ਮਾਲਕ ਸਮਝੋ ਅਤੇ ਆਪਣੇ-ਆਪ ਨੂੰ ਔਗੁਣਹਾਰਾ ਅਤੇ ਉਨ੍ਹਾਂ ਦਾ ਦਾਸ ਜਾਣੋ[4]। ਜੇਕਰ ਤੁਸੀਂ ਇਸ ਭਵਸਾਗਰ ਨੂੰ ਪਾਰ ਕਰਨਾ ਲੋਚਦੇ ਹੋ ਤਾਂ ਗੁਰਬਾਣੀ ਨੂੰ ਮਨ ਵਿਚ ਵਸਾਉ (ਜਾਪ ਕਰੋ)।" ॥੯੧॥

ਦੋਹਰਾ

(ਉਹ) ਗੁਰੂ ਜੀ ਕੋਲੋਂ ਅਜਿਹੀ ਸਿੱਖਿਆ[5] ਲੈ ਕੇ, ਦੋਨੋਂ ਉਸੇ ਤਰਾਂ ਦੀ ਹੀ ਕਾਰ ਕਰਨ ਲੱਗ ਪਏ । ਜਨਮ-ਮਰਨ ਦੇ ਕਸ਼ਟ ਤੋਂ ਛੁਟਕਾਰਾ ਪਾ ਕੇ, ਉਨ੍ਹਾਂ ਦਾ ਉਧਾਰ ਹੋ ਗਿਆ। ॥੯੨॥

ਚੌਪਈ

ਇਸ ਤਰਾਂ ਹੋਰ ਵੀ ਬੇਅੰਤ ਲੋਕਾਂ ਨੂੰ ਗੁਰੂ ਜੀ ਨੇ ਉਪਦੇਸ਼ ਦੇ ਕੇ, ਗਿਆਨ[6] ਦੀ ਦਾਤ ਬਖ਼ਸ਼ੀ। (ਕਵੀ ਜੀ ਕਹਿੰਦੇ ਹਨ) ਗ੍ਰੰਥ ਵੱਡਾ ਨਾ ਹੋ ਜਾਵੇ, ਇਸ ਲਈ ਮੈਂ ਬਹੁਤਿਆਂ ਦਾ ਵਰਣਨ ਨਹੀਂ ਕੀਤਾ। ਜਿੰਨੀ ਕੁ ਮੇਰੀ ਬੁੱਧੀ ਸੀ, ਮੈਂ ਦੱਸਿਆ[7] ਹੈ। ॥੯੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖਾਂ ਨੂੰ ਉਪਦੇਸ਼" ਨਾਮੀ ਤਰੜਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਜੀ ਧਰਮਸਾਲਾ ਵਿੱਚ ਬੈਠੇ ਸਨ ਤਾਂ ਇੱਕ ਦਿਨ ਮਾਲੋ ਅਤੇ ਮਾਂਗੋ ਨਾਂ ਦੇ ਦੋ ਸਿੱਖ ਆਏ ਤੇ ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਉਪਦੇਸ਼ ਦੇਵੋ ਤਾਂ ਕਿ ਉਨ੍ਹਾਂ ਦਾ ਜਨਮ-ਮਰਨ ਦਾ ਚੱਕਰ ਕੱਟਿਆ ਜਾਵੇ। ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਰਾਜਸੀ ਅਤੇ ਤਾਮਸੀ ਤਪ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਤਾਮਸੀ ਤਪ ਬਹੁਤ ਕਠਨ ਹੈ ਪਰ ਗਿਆਨ ਘੱਟ ਪ੍ਰਾਪਤ ਹੁੰਦਾ ਹੈ। ਇਨ੍ਹਾਂ ਸਭ ਵਿੱਚੋਂ ਸਾਂਤਕੀ ਤਪ ਸਭ ਤੋਂ ਸ੍ਰੇਸ਼ਟ ਹੈ, ਜਿਸ ਦਾ ਫਲ ਬਹੁਤ ਮਿਲਦਾ ਹੈ। ਕਥਾ-ਕੀਰਤਨ ਕਰਨ ਨਾਲ ਸਤਿਸੰਗਤ ਵਿੱਚ ਸ਼ਰਧਾ ਵਧਦੀ ਹੈ। ਸ਼ਰਧਾ ਪਰਪੱਕ ਹੋਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਫਿਰ ਗੁਰੂ ਜੀ ਕੋਲ ਕਾਲੂ ਖੱਤਰੀ ਆਇਆ ਸੀ। ਉਸ ਨੇ ਪੁੱਛਿਆ ਸੀ ਕਿ ਸਨਮੁੱਖ ਅਤੇ ਮਨਮੁੱਖ ਵਿੱਚ ਕੀ ਅੰਤਰ ਹੁੰਦਾ ਹੈ? ਤਾਂ ਗੁਰੂ ਜੀ ਨੇ ਮਨਮੁੱਖ ਦੇ ਸਾਰੇ ਲੱਛਣ ਦੱਸ ਕੇ ਉਸ ਨੂੰ ਸਿੱਖੀ ਨਾਲ ਜੋੜਿਆ। ਫਿਰ ਇੱਕ ਦਿਨ ਭਗਤਾ ਓਹਰੀ ਤੇ ਜਾਪੂਵੰਸ਼ੀ ਦੋ ਜਣੇ ਆਏ ਸਨ। ਉਨ੍ਹਾਂ ਕਿਹਾ ਅਸੀਂ ਗਿਆਨਹੀਣ ਹਾਂ। ਸਾਨੂੰ ਉਪਦੇਸ਼ ਦੇਵੋ ਤਾਂ ਕਿ ਸਾਡਾ ਉਧਾਰ ਹੋ ਸਕੇ। ਗੁਰੂ ਜੀ ਨੇ ਉਨ੍ਹਾਂ ਨੂੰ ਮਨਮੁੱਖ-ਬਿਰਤੀ ਦਾ ਤਿਆਗ ਕਰਨ ਲਈ ਪ੍ਰੇਰਿਆ ਸੀ ਤੇ ਉਹ ਗਿਆਨਵਾਨ ਹੋ ਗਏ ਸਨ। ਫਿਰ ਇੱਕ ਦਿਨ ਸ਼ੀਹਾਂ ਅਤੇ ਗੱਜਣ, ਦੋਨੋਂ ਗੁਰੂ ਜੀ ਕੋਲ ਆਏ। ਉਨ੍ਹਾਂ ਵੀ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋਣ ਲਈ ਗੁਰੂ ਜੀ ਅੱਗੇ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਵਾਹਿਗੁਰੂ ਨਾਮ ਦਾ ਸਿਮਰਨ ਕਰਨ ਲਈ ਉਪਦੇਸ਼ ਦਿੱਤਾ ਸੀ ਤੇ ਵਾਹਿਗੁਰੂ ਸ਼ਬਦ ਦੇ ਅਰਥ ਚੰਗੀ ਤਰਾਂ ਸਮਝਾਏ। ਫਿਰ ਫਿਰਨਾ ਖਹਿਰਾ ਤੇ ਜੋਧ ਸਿੱਖ ਗੁਰੂ ਜੀ ਕੋਲ ਉਪਦੇਸ਼ ਪ੍ਰਾਪਤ ਕਰਨ ਦੀ ਇੱਛਾ ਨਾਲ ਆਏ ਸਨ। ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਮਨ ਨੀਵਾਂ ਕਰਕੇ, ਸਿੱਖਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਤੇ ਕਿਹਾ, ਪਿਛਲੀ ਰਾਤ ਉਠੋ, ਇਸ਼ਨਾਨ ਕਰੋ, ਨਾਮ-ਸਿਮਰਨ ਦਾ ਅਭਿਆਸ ਕਰੋ, ਸਤਿਸੰਗਤ ਕਰੋ। ਵਾਹਿਗੁਰੂ ਨੂੰ ਆਪਣਾ ਸਵਾਮੀ ਜਾਣੋ। ਉਹ ਗੁਰੂ ਜੀ ਦੇ ਬੋਲ ਸੁਣ ਕੇ ਨਿਹਾਲ ਹੋ ਗਏ ਸਨ।

ਫੁੱਟਨੋਟ:

(*1) ਭਾਈ ਗੁਰਦਾਸ ਜੀ ਨੇ ਵਾਰ 11, ਪਉੜੀ 13 ਅਤੇ 14 ਵਿੱਚ, ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸੀਹਾਂ, ਗੱਜਣ, ਫਿਰਨਾ ਖਹਿਰਾ ਤੇ ਜੋਧ ਆਦਿ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖ ਹੋਣ ਦੀ ਪੁਸ਼ਟੀ ਕਰਦੇ ਹਨ:

ਮਾਲੋ, ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।
ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ॥

ਭਗਤੁ ਜੋ ਭਗਤਾ ਓਹਰੀ ਜਾਪੁਵੰਸੀ ਸੇਵ ਕਮਾਵੈ।
ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ॥...

ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰ ਸੇਵ ਸਮਾਵੈ॥

SikhBookClub.Com

(*2) ਮਹਾਨਕੋਸ਼ ਅਨੁਸਾਰ, ਇਹ ਉਹ ਵਰਤ ਹੈ, ਜਿਸ ਤੋਂ ਚੰਦਰ-ਲੋਕ ਦੀ ਪ੍ਰਾਪਤੀ ਹੋਵੇ। ਸ੍ਰਿਤਾਕਰਾ ਅਨੁਸਾਰ ਇਸ ਵਰਤ ਦੀ ਵਿਧੀ ਇਸ ਤਰਾਂ ਹੈ ਕਿ ਚੰਦਰਮਾ ਦੀ ਏਕਮ ਭਾਵ ਪਹਿਲੀ ਨੂੰ ਤਿੰਨ ਵੇਲੇ ਇਸ਼ਨਾਨ ਕਰਕੇ, ਸ਼ਾਮ ਨੂੰ ਮੋਰ ਦੇ ਅੰਡੇ ਦੇ ਅਕਾਰ ਦੀ ਭੋਜਨ ਦੀ ਇੱਕ ਗਰਾਹੀ ਖਾਵੇ, ਦੂਜ ਵਾਲੇ ਦਿਨ ਦੋ ਗਰਾਹੀਆਂ ਖਾਵੇ ਅਤੇ ਇਵੇਂ ਹੀ ਕਰਮਵਾਰ ਇੱਕ ਗਰਾਹੀ ਵਧਾਉਂਦਾ ਹੋਇਆ ਪੂਰਨਮਾਸ਼ੀ ਵਾਲੇ ਦਿਨ ਪੰਦਰਾਂ ਗਰਾਹੀਆਂ ਖਾਵੇ। ਫੇਰ ਹਨ੍ਹੇਰੇ ਪੱਖ ਦੀ ਏਕਮ ਨੂੰ ਚੌਦਾਂ ਗਰਾਹੀਆਂ, ਦੂਜ ਨੂੰ ਤੇਰਾਂ ਗਰਾਹੀਆਂ ਖਾਵੇ ਅਤੇ ਇਸ ਤਰਾਂ ਹੀ ਕਰਮਵਾਰ ਘਟਾਉਂਦਾ ਹੋਇਆ ਹਨ੍ਹੇਰੇ ਪੱਖ ਦੀ ਚੌਧਵੀਂ ਭਾਵ ਚੌਧਵੇਂ ਦਿਨ ਨੂੰ ਇੱਕ ਗਰਾਹੀ ਖਾਵੇ ਅਤੇ ਫੇਰ ਮੱਸਿਆ ਦੇ ਦਿਨ ਕੁਝ ਨਾ ਖਾਵੇ। ਸੋ, ਚੰਦਰਮਾ ਦੇ ਵਧਣ-ਘਟਣ ਨਾਲ ਗਰਾਹੀਆਂ ਦਾ ਵਧਾਉਣਾ-ਘਟਾਉਣਾ 'ਚੰਦ੍ਰਾਇਣੀ' ਵਰਤ ਹੈ।

(*3) ਸਨਮੁੱਖ ਤੋਂ ਭਾਵ ਹੈ, ਆਗਿਆਕਾਰੀ ਮਨੁੱਖ। ਜਿਸ ਦਾ ਮੁੱਖ ਗੁਰੂ ਵੱਲ ਹੁੰਦਾ ਹੈ। ਅਜਿਹਾ ਮਨੁੱਖ ਵਿਸ਼ੇ-ਵਿਕਾਰਾਂ ਵੱਲ ਨਹੀਂ ਤੱਕਦਾ।ਗੁਰਬਾਣੀ ਵਿੱਚ ਇਸ ਬਾਰੇ ਇੰਜ ਕਿਹਾ ਗਿਆ ਹੈ:

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥ (ਗੁ. ਗ੍ਰੰ. ਸਾਹਿਬ, ਪੰਨਾ 919)

(*4) ਮਨਮੁੱਖ ਤੋਂ ਭਾਵ ਹੈ, ਜੋ ਮਨੁੱਖ ਮਨ ਦੇ ਸੰਕਲਪ ਨੂੰ ਹੀ ਮੁੱਖ ਜਾਣੇ ਅਤੇ ਗੁਰਮਤਿ ਦੇ ਉਲਟ ਚੱਲੇ।ਗੁਰਬਾਣੀ ਵਿੱਚ ਮਨਮੁੱਖ ਦਾ ਕਥਨ ਇੰਜ ਹੈ:

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥
(ਗੁ. ਗ੍ਰੰ. ਸਾਹਿਬ, ਪੰਨਾ 316)

(*5) ਭਾਈ ਵੀਰ ਸਿੰਘ ਜੀ 'ਸਿੱਖਾਂ ਦੀ ਭਗਤਮਾਲਾ' ਦੇ ਹਵਾਲੇ ਨਾਲ ਸ਼ੁੱਭ-ਤਿਥ ਦਾ ਭਾਵ ਮੱਸਿਆ, ਸੰਗਰਾਂਦ, ਵਿਸਾਖੀ, ਦੀਪਮਾਲਾ ਆਦਿ ਲੈਂਦੇ ਹਨ। ਪਰ ਏਥੇ ਇਨ੍ਹਾਂ ਸ਼ੁੱਭ ਦਿਹਾੜਿਆਂ ਤੋਂ ਇਹ ਪ੍ਰਭਾਵ ਨਹੀਂ ਲੈਣਾ ਚਾਹੀਦਾ ਕਿ ਦੂਸਰੇ ਵਾਰ, ਮਹੀਨੇ ਸ਼ੁੱਭ ਨਹੀਂ, ਜਾਂ ਅਸ਼ੁੱਭ ਹਨ। ਤਿਥ, ਵਾਰ, ਮਹੀਨਾ ਆਦਿ ਦਾ ਸ਼ੁਭ ਜਾਂ ਅਸ਼ੁੱਭ ਫਲ ਮੰਨ ਕੇ ਭਰਮ ਵਿੱਚ ਪੈਣਾ ਗੁਰਮਤ ਦੇ ਵਿਰੁੱਧ ਹੈ। ਇਸ ਬਾਰੇ ਗੁਰਬਾਣੀ ਵਿੱਚ ਸਪਸ਼ਟ ਕਥਨ ਹੈ:

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
(ਗੁ. ਗ੍ਰੰ. ਸਾਹਿਬ, ਪੰਨਾ 136)
ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥
(ਗੁ. ਗ੍ਰੰ. ਸਾਹਿਬ, ਪੰਨਾ 1109)
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
(ਗੁ. ਗ੍ਰੰ. ਸਾਹਿਬ, ਪੰਨਾ 843)

SikhBookClub.Com

ਅਧਜਾਯ ਚੁਤਾਲੀਵਾਂ

(ਸਾਰਦਾ ਮੰਗਲ, ਸਿਖਾਂ ਦਾ ਭਾਉ ਦੇਖਿਆ । ਸਾਧੁ ਦਰਸ਼ਨ ਦਾ ਫਲ)

ਦੋਹਰਾ

ਨਮੋ ਸਾਰਦਾ ਕੋ ਸਦਾ ਸੁਮਤਿ[1] ਰਿਦੇ ਪਰਕਾਸ਼।
ਕ੍ਰਿਪਾ ਧਾਰ ਪੂਰਨ ਕਰੋ ਸ੍ਰੀ ਗੁਰ ਕੋ ਇਤਹਾਸ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸੁਨੀਏ ਸ੍ਰੀ ਤ੍ਰੇਹਣ ਕੁਲ ਮੌਰੰ[2] । ਪ੍ਰਭੁ ਕੀ ਕਥਾ ਅਗਾਰੀ ਔਰੰ।
ਸਿੱਖੀ ਕੀ ਸਰਿਤਾ[3] ਬਿਸਤਾਰੀ । ਜਹਿਂ ਕਹਿਂ ਸਗਰੇ ਜਗਤ ਮਝਾਰੀ॥੨॥

ਸਿੱਖਨ ਕੇ ਮਨ ਮੀਨ ਸਮਾਨਾਂ । ਚਹੈਂ ਨ ਬਿਰਹਿ[4], ਹੋਹਿਂ ਹਤ ਪ੍ਰਾਨਾਂ।
ਲਾਗੇ ਕਰਨ ਸ਼ਬਦ ਅੱਭਜਾਸਾ । ਸਿਮਰਨ ਸੱਤਿਨਾਮ ਪਰਕਾਸ਼ਾ॥੩॥

ਸਿੱਖੀ ਭਾਉ ਦੇਖਬੇ ਹੇਤਾ । ਗਮਨ ਕੀਨ ਬੇਦੀ ਕੁਲਕੇਤਾ।
ਮੁਝ ਕੋ ਅਪਨੇ ਲੀਨ ਸੰਗਾਰੇ । ਪਹੁੰਚੇ ਇਕ ਪੁਰ ਜਾਇ ਮਝਾਰੇ॥੪॥

ਸਿੱਖ ਤਿਖਾਣ ਬਸਹਿ ਤਿਹ ਥਾਨਾ।ਜਿਹ ਕੀ ਅਲਪ ਚਲਹਿ ਗੁਜਰਾਨਾ[5]।
ਕਰੈ ਸੇਵ ਸਿੱਖਨ ਕੀ ਸੋਇ।ਅਸਨ ਅਚਾਵਹਿ ਜੋ ਘਰ ਹੋਇ॥੫॥

ਸੰਝ ਜਿ ਹੋਇ, ਨ ਪ੍ਰਾਪਤਿ ਪ੍ਰਾਤ[6]।ਹਾਥ ਨ ਆਇ ਅਹਾਰ ਅਘਾਤ।
ਜੋ ਘਰ ਹੋਵਹਿ ਸਿਖਨ ਖੁਵਾਵਹਿ । ਨਹਿਂ ਜਿ ਹੋਇ ਤਬ ਜਾਚ ਸੁ ਲਜਾਵਹਿ॥੬॥

ਦੋਹਰਾ

ਜਾਵਹਿ ਜਾਚਨ ਸਿੱਖ ਹਿਤ[7] ਨਿਜ ਹਿਤ ਜਾਤ ਨ ਸੋਇ।
ਜਜੋਂ ਤਜੋਂ ਅਸਨ ਕਰਾਵਈ ਸਿੱਖ ਆਇ ਜੇ ਕੋਇ॥੭॥

ਚੌਪਈ

ਪਹੁੰਚੇ ਤਿਹਂ ਨਿਕੇਤ ਪ੍ਰਭੁ ਜਾਏ । ਬੰਦਨ ਕਰਹੀਂ ਸਿੱਖ ਤਬ ਧਾਏ।
ਨਿਜ ਨਾਰੀ ਸੋਂ ਗਿਰਾ ਉਚਾਰੀ । 'ਤੁਰਨ ਕਰਹੁ ਅਹਾਰ ਤਯਾਰੀ'॥੮॥

SikhBookClub.Com

ਅਧਿਆਇ ਚੁਤਾਲੀਵਾਂ

(ਸਿੱਖਾਂ ਦੀ ਪ੍ਰੇਮ-ਭਾਵਨਾ ਦੇਖੀ ਅਤੇ ਸਾਧੂ ਦੇ ਦਰਸ਼ਨ ਦਾ ਫਲ)

ਦੋਹਰਾ

ਹਿਰਦੇ ਵਿਚ ਸ੍ਰੇਸ਼ਟ-ਬੁੱਧੀ[1] ਦਾ ਪ੍ਰਕਾਸ਼ ਕਰਨ ਵਾਲੀ, ਹੇ ਸ਼ਾਰਦਾ! ਤੈਨੂੰ ਸਦਾ ਨਮਸਕਾਰ ਹੋਵੇ। ਕਿਰਪਾ ਕਰਕੇ ਮੇਰੇ ਪਾਸੋਂ ਗੁਰੂ ਜੀ ਦਾ ਇਤਿਹਾਸ ਪੂਰਨ ਕਰਵਾਵੋ। ॥੧॥

ਬਾਲਾ ਸੰਧੂ ਜੀ ਦਾ ਕਥਨ ॥

ਚੌਪਈ

ਹੇ ਸ੍ਰੀ ਤ੍ਰੇਹਣ ਕੁਲ ਦੇ ਸਿਰਮੌਰ[2] (ਅੰਗਦ ਜੀ)! ਪ੍ਰਭੂ ਰੂਪ ਗੁਰੂ ਨਾਨਕ ਜੀ ਦੀ ਜੋ ਹੋਰ ਅੱਗੇ ਕਥਾ ਹੈ, ਸੁਣੋ। ਜਿਨ੍ਹਾਂ ਨੇ ਦੂਰ-ਦੂਰ ਤੱਕ ਸੰਸਾਰ ਵਿਚ ਸਿੱਖੀ ਦੀ ਨਦੀ[3] ਦਾ ਵਿਸਥਾਰ ਕੀਤਾ। ॥੨॥

ਸਿੱਖਾਂ ਦੇ ਮਨ ਮੱਛੀ ਵਾਂਗੂੰ (ਹੋ ਗਏ), ਉਹ (ਇਸ ਸਿੱਖੀ ਦੀ ਨਦੀ ਨਾਲੋਂ) ਵਿਛੜਨਾ[4] ਨਹੀਂ ਸੀ ਚਾਹੁੰਦੇ, ਚਾਹੇ ਉਨ੍ਹਾਂ ਦੇ ਪ੍ਰਾਣ ਜਾਂਦੇ ਰਹਿਣ। ਸਿੱਖ, ਸ਼ਬਦ ਦਾ ਅਭਿਆਸ ਕਰਨ ਲੱਗ ਪਏ ਅਤੇ ਸਤਿਨਾਮ ਦੇ ਸਿਮਰਨ ਦਾ ਫੈਲਾਉ ਕੀਤਾ । ॥੩॥

ਸਿੱਖੀ ਦੀ ਪ੍ਰੇਮ-ਭਾਵਨਾ ਵੇਖਣ ਹਿਤ ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਚੱਲ ਪਏ ਸਨ। ਮੈਨੂੰ (ਬਾਲੇ ਨੂੰ) ਆਪਣੇ ਨਾਲ ਲੈ ਕੇ ਇਕ ਪਿੰਡ ਦੇ ਵਿੱਚ ਜਾ ਪਹੁੰਚੇ। ॥੪॥

ਉਥੇ ਇਕ ਤਰਖਾਣ ਸਿੱਖ ਰਹਿੰਦਾ ਸੀ, ਜਿਸ ਦਾ ਮੁਸ਼ਕਲ ਨਾਲ ਗੁਜ਼ਾਰਾ[5] ਚੱਲਦਾ ਸੀ। ਉਹ ਸਿੱਖ ਸੇਵਕਾਂ ਦੀ (ਬਹੁਤ) ਸੇਵਾ ਕਰਦਾ ਸੀ। ਜੋ ਕੁਝ ਵੀ ਘਰੇ ਹੁੰਦਾ, ਉਹ ਉਨ੍ਹਾਂ ਨੂੰ (ਭੋਜਨ) ਛਕਾਉਂਦਾ। ॥੫॥

ਜੇ ਸ਼ਾਮ ਨੂੰ (ਭੋਜਨ) ਪ੍ਰਾਪਤ ਹੁੰਦਾ ਤਾਂ ਸਵੇਰ[6] ਨੂੰ ਨਾ ਮਿਲਦਾ। ਉਸ ਨੂੰ (ਕਦੇ ਵੀ) ਰੱਜਵਾਂ ਭੋਜਨ ਨਾ ਪ੍ਰਾਪਤ ਹੁੰਦਾ। ਜੋ ਉਸ ਦੇ ਘਰੇ (ਅੰਨ ਪਾਣੀ ਛਕਾਉਣ ਲਈ) ਹੁੰਦਾ, ਸਿੱਖਾਂ ਨੂੰ ਖੁਆ ਦਿੰਦਾ। ਜੇਕਰ ਘਰੇ ਨਾ ਹੁੰਦਾ ਤਾਂ ਬਾਹਰ ਤੋਂ ਮੰਗ ਕੇ ਲੈ ਆਉਂਦਾ। ॥੬॥

ਦੋਹਰਾ

ਉਹ ਸਿੱਖਾਂ ਨੂੰ (ਭੋਜਨ) ਖੁਆਉਣ ਵਾਸਤੇ[7] ਮੰਗਣ ਲਈ ਜਾਂਦਾ ਸੀ, ਆਪਣੇ ਵਾਸਤੇ ਕਦੇ ਵੀ ਮੰਗਣ ਨਹੀਂ ਸੀ ਜਾਂਦਾ।ਜਦੋਂ ਵੀ ਕੋਈ ਸਿੱਖ ਆ ਜਾਂਦਾ, ਉਹ ਉਸ ਵਾਸਤੇ ਕਿਵੇਂ ਨਾ ਕਿਵੇਂ ਭੋਜਨ ਤਿਆਰ ਕਰਵਾ ਦਿੰਦਾ। ॥੭॥

ਚੌਪਈ

ਗੁਰੂ ਜੀ (ਜਦ) ਉਸ ਦੇ ਘਰ ਜਾ ਪਹੁੰਚੇ ਤਾਂ ਉਸ ਸਿੱਖ ਨੇ ਗੁਰੂ ਜੀ ਨੂੰ ਦੌੜ ਕੇ ਨਮਸਕਾਰ ਕੀਤੀ ਅਤੇ ਆਪਣੀ ਘਰਵਾਲੀ ਨੂੰ ਕਿਹਾ, "ਤੁਰੰਤ ਭੋਜਨ ਬਣਾਉਣ ਦੀ ਤਿਆਰੀ ਕਰੋ" ॥੮॥

SikhBookClub.Com

ਕਹਜੋ ਤੀਯ[1] 'ਤੂੰ ਸਭ ਕਿਛੁ ਜਾਨਹਿਂ । ਭੋਜਨ ਹੋਵੈ ਜੇ ਅੰਨ ਆਨਹਿਂ'।
ਇਉਂ ਸੁਨ ਕੈ ਗਮਨਜੋ ਪੁਰ ਮਾਂਹੀ । ਜਿਹ ਕੋ ਜਾਚਹਿ ਦੇਇ ਸੁ ਨਾਂਹੀ॥੯॥

ਦੋਹਰਾ

ਸਿੱਖਨ ਮਿਸ[2] ਇਹ ਮਾਂਗ ਕੈ ਕਰਤ ਅਪਨ ਗੁਜ਼ਰਾਨ'।
ਅਸ ਕਹਿ ਦਿਯੋ ਨ ਕਿਛੁ ਤਿਸੂ ਬੈਠਜੋ ਛੁਛਾ ਆਨ ॥੧੦॥

ਚੌਪਈ

ਤਿਸ ਦਿਨ ਰਾਜੇ ਛਿੰਝ ਪਵਾਈ।ਇਸ ਕੇ ਚਿਤ ਚਿੰਤਾ ਅਤਿ ਆਈ।
ਕਹੈ 'ਕਹਾਂ ਤੇ ਅੰਨ ਖੁਵਾਰੋਂ।ਧਿਕ ਮੁਹਿ, ਰਹੈਂ ਜਿ ਬਿਨਾ ਅਹਾਰੋ'॥੧੧॥

ਦੇਖਨ ਚਲੇ ਅਨੇਕ ਤਮਾਸ਼ਾ । ਬੂਝਤ ਭਯੋ ਸੁ ਨਰ ਇਕ ਪਾਸਾ।
'ਕਹਾਂ ਜਾਹੁ?' ਤਿਨ ਦਿਨ ਬਤਾਈ । 'ਭੂਪ[3] ਵਹਿਰ ਹੈ ਛਿੰਝ ਪਵਾਈ॥੧੨॥

ਸਹਸ ਰੁਪੱਯੇ ਜੀਤਹਿ ਲੇਵਹਿ । ਹਾਰਹਿ ਅਰਧ ਤਾਂਹਿ ਤੇ ਦੇਵਹਿ'।
ਸੁਨਕੈ ਹਰਖ ਚਲਜੋ ਤਿਹ ਥਾਈਂ । ਯੁਕਤਿ ਮੱਲ ਬਹੁ ਨਰ ਇਕ ਠਾਈਂ ॥੧੩॥

ਭਯੋ ਮੱਲ ਕੇ ਸਨਮੁਖਿ ਜਬਹੀ । ਤਿਹਕੋ ਦੇਖ ਹਸੇ ਨਰ ਸਬਹੀ ।
'ਮੱਲ ਭੂਪ ਕੋ ਬਲੀ[4] ਬਡੇਰਾ।ਚੂਰਨ ਕਰੈ ਸਰਬ ਤਨ ਤੇਰਾ॥੧੪॥

ਉਰ ਮਹਿਂ ਧਰ ਕੈ ਗਰਬ ਕੁਰੰਗਾ[5] । ਚਾਹਜੋ ਲਰੈ ਕੇਹਰੀ[6] ਸੰਗਾ।
ਤਿਸ ਬਿਧਿ ਤੈਂ ਕਜਾ ਮਨ ਮਹਿਂ ਧਾਰੀ । ਚਹਿਤ ਮ੍ਰਿੱਤੁ ਕੋ ਮੱਲ ਅਗਾਰੀ?'॥੧੫॥

ਦੋਹਰਾ

ਬਰਜਜੋ[7] ਤਿਸਕੋ ਨਹਿਂ ਰਹਜੋ ਕਹਜੋ 'ਜਾਇਂ ਜੇ ਪ੍ਰਾਨ।
ਇਸਤੇ ਸੁਭ ਨਹਿਂ ਕਾਜ ਕੋ ਪਰ ਹਿਤ ਹੋਵਹਿਂ ਹਾਂਨ'॥੧੬॥

ਚੌਪਈ

ਨਿਕਟ ਮੱਲ ਕੇ ਜਬ ਹੀ ਆਯੋ । ਅਵਿਲੋਕਜੋ ਅਸ ਬਚਨ ਅਲਾਯੋ।
'ਤੂੰ ਕਿਉਂ ਮਉਤ ਚਹਿਤ[8] ਬਿਨ ਆਈ?'। ਸੁਨਤ ਸਿੱਖ ਨੇ ਸਰਬ ਬਤਾਈ॥੧੭॥

SikhBookClub.Com

ਉਸ ਦੀ ਤੀਵੀਂ[1] ਨੇ ਕਿਹਾ, "ਤੈਨੂੰ ਸਾਰਾ ਤਾਂ ਪਤਾ ਹੈ, ਜੇਕਰ ਤੂੰ ਅੰਨ ਲਿਆਵੇਂ ਤਾਂ ਹੀ ਭੋਜਨ ਤਿਆਰ ਹੋਵੇ।" (ਘਰਵਾਲੀ ਦੀ ਗੱਲ) ਸੁਣ ਕੇ ਉਹ ਪਿੰਡ ਵਿਚ ਚਲਾ ਗਿਆ। ਉਹ ਜਿਸ ਕਿਸੇ ਤੋਂ ਵੀ ਮੰਗੇ, ਉਸ ਨੂੰ ਦੇਵੇ ਹੀ ਨਾ। ॥੯॥

ਦੋਹਰਾ

(ਸਗੋਂ ਲੋਕ ਕਹਿਣ), "ਇਹ ਸਿੱਖਾਂ ਨੂੰ ਖੁਆਉਣ ਦੇ ਬਹਾਨੇ[2] ਮੰਗ ਕੇ ਆਪਣਾ ਗੁਜ਼ਾਰਾ ਕਰਦਾ ਹੈ।" ਉਸ ਨੂੰ ਲੋਕਾਂ ਨੇ ਇਹ ਕਹਿ ਕੇ ਕੁਝ ਨਾ ਦਿੱਤਾ ਤੇ ਉਹ ਖਾਲੀ ਘਰੇ ਆ ਬੈਠਾ ॥੧੦॥

ਚੌਪਈ

ਉਸ ਦਿਨ ਰਾਜੇ ਨੇ ਛਿੰਝ ਪੁਆਈ ਸੀ। ਇਧਰ ਇਸ ਸਿੱਖ ਦੇ ਮਨ ਨੂੰ ਬਹੁਤ ਚਿੰਤਾ ਲੱਗੀ ਹੋਈ ਸੀ ਤੇ ਉਹ (ਮਨ ਵਿੱਚ) ਕਹਿਣ ਲੱਗਿਆ, "ਮੈਂ ਕਿਥੋਂ ਲਿਆ ਕੇ ਭੋਜਨ ਛਕਾਵਾਂ? ਮੇਰੇ ਫਿੱਟੇ-ਲਾਹਨਤ ਹੋਵੇਗੀ, ਜੇ ਮੈਂ ਭੋਜਨ ਦੇਣ ਤੋਂ ਰਹਿ ਗਿਆ।" ॥੧੧॥

ਬਹੁਤ ਲੋਕ ਤਮਾਸ਼ਾ ਦੇਖਣ ਲਈ ਜਾ ਰਹੇ ਸਨ। ਉਸ ਨੇ ਇਕ ਬੰਦੇ ਨੂੰ ਪੁੱਛਿਆ, "ਕਿੱਧਰ ਜਾ ਰਹੇ ਹੋ?" ਉਸ ਨੇ ਦੱਸਿਆ, "ਰਾਜੇ[3] ਨੇ ਬਾਹਰ ਛਿੰਝ ਪੁਵਾਈ ਹੈ। ॥੧੨॥

ਜੋ ਪਹਿਲਵਾਨ ਜਿੱਤੇਗਾ। ਉਸ ਨੂੰ ਸੌ ਰੁਪਏ ਮਿਲਣਗੇ ਤੇ ਜਿਹੜਾ ਹਾਰੇਗਾ ਉਸ ਨੂੰ ਅੱਧੇ (ਪੰਜਾਹ ਰੁਪਏ) ਮਿਲਣਗੇ।" ਤਾਂ ਉਹ ਤਰਖਾਣ ਸਿੱਖ ਖੁਸ਼ ਹੋ ਕੇ ਉਥੇ ਚਲਾ ਗਿਆ, ਜਿਥੇ ਪਹਿਲਵਾਨ ਸਮੇਤ ਹੋਰ ਵੀ ਲੋਕ ਇਕੱਠੇ ਹੋਏ ਸਨ। ॥੧੩॥

ਜਦੋਂ ਉਹ ਪਹਿਲਵਾਨ ਦੇ ਸਾਹਮਣੇ ਹੋਇਆ ਤਾਂ ਉਸ ਨੂੰ ਤੱਕ ਕੇ ਸਾਰੇ ਲੋਕ ਹੱਸਣ ਲੱਗੇ ਤੇ ਕਹਿਣ ਲੱਗੇ, "ਰਾਜੇ ਦਾ ਪਹਿਲਵਾਨ ਬਹੁਤ ਬਲਵਾਨ[4] ਹੈ, ਤੇਰੇ ਸਾਰੇ ਸਰੀਰ ਦਾ ਚੂਰਾ ਕਰ ਦੇਵੇਗਾ। ॥੧੪॥

(ਵੇਖੋ ਇਕ) ਹਿਰਨ[5] ਮਨ ਵਿਚ ਹੰਕਾਰ ਧਾਰ ਕੇ ਸ਼ੇਰ[6] ਨਾਲ ਲੜਨਾ ਚਾਹ ਰਿਹਾ ਹੈ, ਤੂੰ ਵੀ ਮਨ ਵਿਚ ਕੀ ਸੋਚ ਲਿਆ ਹੈ? ਕੀ ਤੂੰ ਪਹਿਲਵਾਨ ਤੋਂ ਆਪਣੀ ਮੌਤ ਚਾਹੁੰਦਾ ਹੈਂ?" ॥੧੫॥

ਦੋਹਰਾ

ਉਸ ਨੂੰ ਰੋਕਿਆ[7] ਗਿਆ ਪਰ ਉਹ ਫਿਰ ਵੀ ਨਹੀਂ ਸੀ ਹਟਿਆ ਤੇ ਉਸ ਨੇ ਕਿਹਾ, "ਹੋਰ ਕਿਸੇ ਦੇ ਸਤਿਕਾਰ ਹਿਤ ਜੇ ਜਾਨ ਵੀ ਚਲੀ ਜਾਵੇਗੀ ਤਾਂ ਇਸ ਤੋਂ ਵਧੀਆ ਹੋਰ ਕੰਮ ਨਹੀਂ ਹੋਵੇਗਾ।" ॥੧੬॥

ਚੌਪਈ

ਜਦੋਂ ਉਹ ਪਹਿਲਵਾਨ ਦੇ ਨਜ਼ਦੀਕ ਆਇਆ ਤਾਂ ਪਹਿਲਵਾਨ ਨੇ ਵੇਖ ਕੇ ਉਸ ਨੂੰ ਆਖਿਆ, "(ਓਏ) ਤੂੰ ਕਿਉਂ ਬਿਨ ਆਈ ਮੌਤ ਦੀ ਇੱਛਾ[8] ਕਰ ਰਿਹਾਂ?" ਤਾਂ ਉਸ ਦੀ ਗੱਲ ਸੁਣ ਕੇ ਸਿੱਖ ਨੇ ਸਾਰੀ (ਅਸਲ) ਕਹਾਣੀ ਉਸ ਨੂੰ ਦੱਸ ਦਿੱਤੀ ॥੧੭॥

SikhBookClub.Com

'ਆਏ ਸੰਤ ਨਿਕੇਤ ਹਮਾਰੇ । ਨਹੀਂ ਅੰਨ ਜੋ ਦੇਉਂ ਅਹਾਰੇ।
ਤਿਨਕੇ ਹਿਤ ਹੌਂ ਲਰਨੈ[1] ਆਯੋ । ਮ੍ਰਿੱਤੁ ਹੋਇ ਤੇ ਸੁਖ ਅਧਿਕਾਯੋ'॥੧੮॥

'ਸਾਧ ਸਾਧ' ਸੁਨ ਕਾਨ, ਬਖਾਂਨਾ । 'ਉੱਤਮ ਮਤ ਤੁਮ ਸੰਤ ਮਹਾਂਨਾ।
ਪਰਸ੍ਵਾਰਥ ਹਿਤ ਪ੍ਰਾਨ ਨ ਪਜਾਰੇ । ਲਰਹੁ ਨਿਸੰਗ[2] ਮੋਰ ਸੰਗਾਰੇ'॥੧੯॥

ਦੋਹਰਾ

ਭਿਰੇ[3] ਪਰਸਪਰ ਮਿਲ ਤਬੈ ਗਿਰਜੋ ਮੱਲ ਤਰ[4] ਤਾਂਹਿ।
ਪਰਸ੍ਵਾਰਥ ਕੋ ਜਾਨ ਕੈ ਓਜ[5] ਲਗਾਯੋ ਨਾਂਹਿ॥੨੦॥

ਚੌਪਈ

ਮੱਲ ਬਲੀ ਤਰ ਗਿਰਜੋ ਲਖਾਏ । ਨਰ ਸਬਹੀ ਉਰ ਮਹਿਂ ਬਿਸਮਾਏ।
ਉੱਤਮ ਬਸਤ੍ਰ ਨ੍ਰਿਪਤਿ ਪਹਿਰਾਏ । ਗਿਨ ਕੈ ਸਹਿਸ[6] ਅਨਾਮ ਦਿਵਾਏ॥੨੧॥

ਭਯੋ ਮੱਲ ਕੇ ਹਿਰਦੇ ਗਜਾਨਾ । ਨਾਸਜੋ ਮੋਹ ਮਨੋਜ ਮਹਾਨਾ।
ਲੈਕੇ ਸਿੱਖ ਸਦਨ ਮਹਿਂ ਆਯੋ । ਨਾਨਾ ਬਿਧਿਨ ਅਹਾਰ ਕਰਾਯੋ॥੨੨॥

ਉੱਤਮ ਥਲ ਬਿਠਾਇ ਗੁਰ ਪੂਰੇ । ਪੰਕਜ ਪਾਇ ਪਖਾਰੇ[7] ਰੂਰੇ।
ਚਰਣਾਂਮ੍ਰਿਤ ਮੁਖ ਪਾਯੋ ਜਬਹੀ । ਭਈ ਤ੍ਰਿਲੋਕੀ[8] ਕੀ ਸੁਧ ਤਬਹੀ॥੨੩॥

ਕ੍ਰਿਪਾਦ੍ਰਿਸ਼ਟਿ ਕਰ ਮੋਖ ਉਦਾਰਾ । ਤਿਹਂ ਕੋ ਸਗਰੋ ਬੰਸ ਉਧਾਰਾ।
ਭਾਉ ਬਿਲੋਕੇ ਭੋਜਨ ਪਾਯੋ । ਜਿਸ ਪ੍ਰਭੁ ਕੋ ਜਸੁ ਦਸਦਿਸ[9] ਛਾਯੋ॥੨੪॥

ਸੋ ਰਜਨੀ[10] ਬਸ ਕਰ ਤਿਹ ਧਾਮੂ । ਕੀਨ ਗਮਨ ਪਹੁੰਚੇ ਇਕ ਗ੍ਰਾਮੂ।
ਤਿਸ ਮਹਿਂ ਰਹੈ ਸਿੱਖ ਧਨਹੀਨਾ । ਆਇ ਤਬੈ ਤਿਨ ਦਰਸ਼ਨ ਕੀਨਾ॥੨੫॥

SikhBookClub.Com

"ਸਾਡੇ ਘਰ ਸੰਤ ਪੁਰਸ਼ ਆਏ ਹੋਏ ਹਨ, ਘਰ ਵਿਚ ਕੁਝ ਵੀ ਅੰਨ ਨਹੀਂ ਹੈ ਜੋ ਉਨ੍ਹਾਂ ਨੂੰ ਖਾਣ ਨੂੰ ਦੇ ਦਿੰਦਾ। ਉਨ੍ਹਾਂ ਨੂੰ ਭੋਜਨ ਦੇਣ ਵਾਸਤੇ ਹੀ ਮੈਂ ਤੇਰੇ ਨਾਲ ਘੁਲਣ[1] ਲਈ ਆਇਆ ਹਾਂ। ਮਰ ਗਿਆ ਤਾਂ ਬਹੁਤ ਸੁੱਖ ਹੀ ਮਿਲੇਗਾ। ॥੧੮॥

ਪਹਿਲਵਾਨ ਇਹ ਗੱਲ ਆਪਣੇ ਕੰਨੀਂ ਸੁਣ ਕੇ "ਸ਼ਾਬਾਸ਼ ਸ਼ਾਬਾਸ਼" ਆਖਦਿਆਂ ਬੋਲਿਆ, "ਤੂੰ ਸ੍ਰੇਸ਼ਟ-ਬੁੱਧੀ ਵਾਲਾ ਮਹਾਨ ਸੰਤ ਹੈ, ਤੈਨੂੰ ਪਰਸਵਾਰਥ ਹਿਤ ਆਪਣੇ ਪ੍ਰਾਣ ਵੀ ਪਿਆਰੇ ਨਹੀਂ, ਤੂੰ ਹੁਣ ਮੇਰੇ ਨਾਲ ਬੇਝਿਜਕ[2] ਹੋ ਕੇ ਕੁਸ਼ਤੀ ਲੜ।" ॥੧੯॥

ਦੋਹਰਾ

ਤੇ ਉਹ ਇਕ-ਦੂਜੇ ਨਾਲ ਭਿੜ[3] ਪਏ ਸਨ। ਪਹਿਲਵਾਨ ਨੇ ਉਸ (ਸਿੱਖ) ਦੇ ਪਰਸਵਾਰਥ ਨੂੰ ਸਮਝ ਕੇ ਜ਼ੋਰ[5] ਨਹੀਂ ਸੀ ਲਗਾਇਆ ਤੇ ਖੁਦ ਥੱਲੇ[4] ਡਿੱਗ ਪਿਆ ਸੀ। ॥੨੦॥

ਚੌਪਈ

ਤਾਕਤਵਰ ਮੱਲ ਨੂੰ ਹੇਠਾਂ ਡਿੱਗਿਆ ਦੇਖ ਕੇ, ਸਾਰੇ ਲੋਕੀਂ (ਤਮਾਸ਼ਾ ਵੇਖਣ ਵਾਲੇ) ਮਨ ਹੀ ਮਨ ਅਸਚਰਜ ਰਹਿ ਗਏ। ਰਾਜੇ ਨੇ ਬਹੁਤ ਵਧੀਆ ਬਸਤਰ ਸਿੱਖ ਨੂੰ ਪਹਿਨਾਏ ਅਤੇ ਗਿਣ ਕੇ ਇਕ ਸੌ (ਰੁਪਏ)[6] ਦਾ ਇਨਾਮ ਦਿਵਾਇਆ। ॥੨੧॥

ਮੱਲ ਦੇ ਹਿਰਦੇ ਨੂੰ ਵੀ ਗਿਆਨ ਹੋ ਗਿਆ ਤੇ ਜੋ ਬਹੁਤ ਵੱਡਾ ਕਾਮ, ਮੋਹ ਉਸ ਦੇ ਮਨ ਵਿਚ ਸੀ, ਉਸ ਦੇ ਅੰਦਰੋਂ ਸਾਰਾ ਦੂਰ ਹੋ ਗਿਆ ਸੀ । ਫਿਰ ਸਿੱਖ ਪੈਸੇ ਲੈ ਕੇ ਘਰੇ ਆ ਗਿਆ ਅਤੇ ਗੁਰੂ ਜੀ ਨੂੰ ਭਾਂਤ-ਭਾਂਤ ਦੇ ਭੋਜਨ ਕਰਵਾਏ। ॥੨੨॥

ਉਸ ਨੇ ਸੰਪੂਰਨ ਗੁਰੂ ਜੀ ਨੂੰ ਸਾਫ ਉੱਤਮ ਥਾਂ 'ਤੇ ਬਿਠਾਇਆ, ਉਨ੍ਹਾਂ ਦੇ ਚਰਨ-ਕਮਲ ਚੰਗੀ ਤਰਾਂ ਧੋ[7] ਕੇ, ਜਦ ਚਰਨਾਮ੍ਰਿਤ ਲੈ ਕੇ ਆਪਣੇ ਮੂੰਹ ਵਿਚ ਪਾਇਆ ਤਾਂ ਉਸ ਨੂੰ ਤਿੰਨਾਂ-ਲੋਕਾਂ[8] ਦੀ ਸੋਝੀ ਹੋ ਗਈ ਸੀ। ॥੨੩॥

ਮੁਕਤੀ ਦੇ ਦਾਤੇ ਗੁਰੂ ਜੀ ਨੇ ਉਸ ਉੱਪਰ ਕਿਰਪਾ-ਦ੍ਰਿਸ਼ਟੀ ਕਰਕੇ ਉਸ ਦੀ ਸਾਰੀ ਕੁਲ ਦਾ ਉਧਾਰ ਕਰ ਦਿੱਤਾ ਸੀ। ਗੁਰੂ ਜੀ ਨੇ ਬੜੇ ਪ੍ਰੇਮ ਨਾਲ ਭੋਜਨ ਛਕਿਆ ਸੀ, ਜਿਨ੍ਹਾਂ ਦੀ ਮਹਿਮਾ ਦਸਾਂ-ਦਿਸ਼ਾਵਾਂ[9] ਵਿਚ ਛਾਈ ਹੋਈ ਸੀ। ॥੨੪॥

ਇਸ ਤਰਾਂ ਗੁਰੂ ਜੀ ਉਸ ਤਰਖਾਣ (ਸਿੱਖ)ਦੇ ਘਰ ਰਾਤ[10] ਕੱਟ ਕੇ ਉਥੋਂ ਚੱਲ ਪਏ ਅਤੇ ਅੱਗੇ ਇੱਕ ਪਿੰਡ ਵਿਚ ਜਾ ਪਹੁੰਚੇ। ਉਥੇ ਇਕ ਬਹੁਤ ਹੀ ਗਰੀਬੜਾ ਜਿਹਾ ਸਿੱਖ ਰਹਿੰਦਾ ਸੀ। ਉਹ ਉਸੀ ਵਕਤ ਹੀ ਗੁਰੂ ਜੀ ਕੋਲ ਆਇਆ ਤੇ ਦਰਸ਼ਨ ਕੀਤੇ। ॥੨੫॥

SikhBookClub.Com

ਬੰਦਨ ਕਰਕੈ ਬਿਨੈ ਉਚਾਰੀ । 'ਉਠ ਕਰ ਚਲੀਏ ਸਦਨ ਮਝਾਰੀ।
ਚਰਨ ਪਰੇ ਤੇ ਪਾਵਨ ਹ੍ਵੈ ਹੈ । ਬਚਨ ਸੁਨੇ ਤੇ ਕਲੁਖ[1] ਕਟੈ ਹੈਂ' ॥੨੬॥

ਭਾਉ ਬਿਲੋਕ ਕਰਮ ਮਨ ਬਾਨੀ । ਗਮਨੇ ਤਿਹ ਨਿਕੇਤ ਗੁਨਖਾਨੀ।
ਸਿਖ ਕੇ ਇਕ ਸੁਤ ਇਕ ਘਰ ਨਾਰੀ । ਗ੍ਰਸਜੋ ਹੁਤੋ ਦਾਰਿਦ[2] ਮਹਿਂ ਭਾਰੀ॥੨੭॥

ਏਕ ਸਮੇਂ ਭੋਜਨ ਕਰ ਆਵਹਿ । ਦੁਤਿਯ[3] ਕਾਲ ਯੁਤਿ ਭੂਖ ਬਿਤਾਵਹਿ।
ਏਕ ਬਾਰ ਭੋਜਨ ਕਰ ਖ੍ਵਾਯੋ । ਦਿਵਸ ਦੂਸਰੇ ਹਾਥ ਨ ਆਯੋ॥੨੮॥

ਦੋਹਰਾ

ਸੌਜ[4] ਅਲਪ ਸੀ ਘਰ ਹੁਤੀ ਬੇਚੀ ਜਾਇ ਬਜਾਰ।
ਆਨ ਅੰਨ ਭੋਜਨ ਕਰਜੋ, ਬਹੁਰ ਨ ਕਛੂ ਅਹਾਰ॥੨੯॥

ਚੌਪਈ

ਅਗਲੇ ਦਿਵਸ ਸੀਸ ਕੇ ਬਾਰਾ[5] । ਸੋ ਉਤਰਾਇ ਦਾਮ ਕਰ ਤਜਾਰਾ[(*1)] ।
ਬੇਚ ਸੁ ਅੰਨ ਆਨ ਦਿਯ ਨਾਰੀ । ਕਹਿ ਅਹਾਰ ਕਰ ਤੁਰਨ ਤਜਾਰੀ॥੩੦॥

ਜਲ ਸੁਚ ਆਨ ਲੀਪ[6] ਕਰ ਥਾਈਂ । ਪੁਨ ਸਮਧਾ[7] ਲੇ ਅਗਨਿ ਜਰਾਈ।
ਕਾਰਜ ਕਿਸ ਕੋ ਉਠ ਕਰ ਗਈ । ਬਾਰਕਿ[8] ਤਹਾਂ ਬਿਠਾਵਤ ਭਈ॥੩੧॥

ਪੀਛੇ ਤੇ ਸੋ ਸਿਸ[9] ਗਿਰ ਪਰਾ । ਅਗਨ ਬਿਖੈ ਸਾਰੋ ਤਨ ਜਰਾ।
ਆਨ ਅੰਗਨਾ ਪਿਖਜੋ ਕਸੂਤਾ । ਜਰ ਕੈ ਪਰਜੋ ਮ੍ਰਿਤਕ ਹ੍ਵੈ ਪੂਤਾ ॥੩੨॥

ਤੂਸ਼ਨ ਰਹੀ ਰਿਦੈ ਅਸ ਜਾਨਾ । —ਸੁਨੈਂ ਨ ਸੰਤ ਬਾਤ ਇਹ ਕਾਨਾ।
ਜਾਇਂ ਖੁਧਿਤ[10] ਸੋ ਬਿਨਾ ਅਹਾਰਾ । ਦੋਸ ਲਗਹਿ ਹਮਰੇ ਸਿਰ ਭਾਰਾ —॥੩੩॥

ਸੁਤ ਕੋ ਬਸਤ੍ਰ ਲਪੇਟ ਬਨਾਇ । ਘਰ ਅੰਦਰ ਆਈ ਪੌਢਾਇ।
ਨਿਜ ਪਤਿ[11] ਪਾਸ ਨ ਬਾਤ ਬਖਾਨੀ । ਭੋਜਨ ਕੀਨੋ ਪਰਮ ਸਿਆਨੀ॥੩੪॥

SikhBookClub.Com

ਉਸ ਨੇ ਨਮਸਕਾਰ ਕਰਕੇ ਬੇਨਤੀ ਕੀਤੀ, "(ਗੁਰੂ ਜੀ) ਮੇਰੇ ਘਰ ਚੱਲੋ, ਆਪ ਜੀ ਦੇ ਚਰਨ ਪੈਣ ਨਾਲ ਘਰ ਪਵਿੱਤਰ ਹੋ ਜਾਵੇਗਾ। ਆਪ ਜੀ ਦੇ ਬਚਨ ਸੁਣ ਕੇ ਸਭ ਪਾਪ[1] ਕੱਟੇ ਜਾਂਦੇ ਹਨ।" ॥੨੬॥

ਉਸ ਦੀ ਕਰਨੀ ਤੇ ਮਨੋਂ ਕਹੇ ਹੋਏ ਬੋਲਾਂ ਵਿਚ ਪਿਆਰ-ਭਾਵਨਾ ਭਰੀ ਹੋਈ ਤੱਕ ਕੇ ਗੁਣਾਂ ਦੀ ਖਾਣ (ਗੁਰੂ ਜੀ) ਉਸ ਦੇ ਘਰ ਵੱਲ ਚੱਲ ਪਏ। ਸਿਖ ਦੇ ਘਰੇ, ਇਕ ਉਸ ਦੀ ਘਰਵਾਲੀ ਸੀ ਤੇ ਇੱਕ ਉਸ ਦਾ ਪੁੱਤਰ ਸੀ। ਉਹ ਸਿੱਖ ਗਰੀਬੀ[2] ਵਿਚ ਬਹੁਤ ਗ੍ਰਸਿਆ ਹੋਇਆ ਸੀ ॥੨੭॥

ਉਹ ਇੱਕੋ ਵੇਲੇ ਰੋਟੀ ਖਾਂਦਾ ਤੇ ਦੂਸਰੇ[3] ਵਕਤ ਭੁੱਖਾ ਹੀ ਕੱਢ ਦਿੰਦਾ। ਉਸ ਨੇ ਗੁਰੂ ਜੀ ਨੂੰ ਇੱਕ ਵਾਰੀ ਤਾਂ ਭੋਜਨ ਛਕਾ ਦਿੱਤਾ ਪਰ ਜਦ ਦੂਸਰੇ ਦਿਨ ਉਸ ਦੇ ਹੱਥ ਵਿਚ ਕੁਝ ਨਾ ਆਇਆ ॥੨੮॥

ਦੋਹਰਾ

ਉਸ ਦੇ ਘਰ ਵਿਚ ਥੋੜ੍ਹੀਆਂ ਜਿਹੀਆਂ ਜੋ ਵਸਤਾਂ[4] ਸਨ, ਉਹ ਉਸ ਨੇ ਬਜ਼ਾਰ ਵਿਚ ਜਾ ਕੇ ਵੇਚ ਦਿੱਤੀਆਂ ਤੇ ਅੰਨ (ਪਦਾਰਥ) ਲਿਆ ਕੇ ਭੋਜਨ ਤਿਆਰ ਕੀਤਾ । ਫਿਰ ਭੋਜਨ ਵਾਸਤੇ ਉਸ ਪਾਸ ਕੁਝ ਨਹੀਂ ਸੀ ਬਚਿਆ। ॥੨੯॥

ਚੌਪਈ

ਅਗਲੇ ਦਿਨ ਉਸ ਨੇ ਆਪਣੇ ਸਿਰ ਦੇ ਵਾਲ[5] ਕਟਵਾ ਕੇ, ਉਨ੍ਹਾਂ ਨੂੰ ਵੱਟ ਕੇ ਉਸਦੀ ਰੱਸੀ ਤਿਆਰ ਕੀਤੀ। ਉਸਨੂੰ ਵੇਚ ਕੇ ਅੰਨ ਲਿਆ ਕੇ ਆਪਣੀ ਘਰ ਵਾਲੀ ਨੂੰ ਦੇ ਦਿੱਤਾ ਤੇ ਕਿਹਾ ਜਲਦੀ-ਜਲਦੀ ਭੋਜਨ ਦੀ ਤਿਆਰੀ ਕਰੋ ॥੩੦॥

ਸੁੱਚਾ ਜਲ ਲਿਆ ਕੇ ਥਾਂ ਨੂੰ ਲਿੱਪਿਆ[6] ਗਿਆ, ਫਿਰ ਬਾਲਣ[7] ਲੈ ਕੇ ਅੱਗ ਜਲਾਈ ਗਈ। ਉਹਦੀ ਇਸਤਰੀ ਕਿਸੇ ਕੰਮ ਵਾਸਤੇ ਉੱਠ ਕੇ (ਹੋਰ ਪਾਸੇ) ਗਈ ਤਾਂ ਉਹ ਆਪਣੇ ਬਾਲਕ[8] ਨੂੰ ਉਥੇ ਬਿਠਾ ਗਈ। ॥੩੧॥

ਪਿੱਛੋਂ ਉਹ ਬੱਚਾ[9] ਅੱਗ ਵਿਚ ਡਿੱਗ ਪਿਆ ਤੇ ਉਸ ਦਾ ਸਾਰਾ ਸਰੀਰ ਜਲ ਗਿਆ। ਔਰਤ ਨੇ ਆ ਕੇ, ਜਦ ਵੇਖਿਆ ਕਿ ਉਸ ਦਾ ਪੁੱਤਰ ਜਲ ਕੇ ਮਰਿਆ ਪਿਆ ਸੀ। ॥੩੨॥

ਉਹ ਇਹ ਜਾਣ ਕੇ ਵੀ ਚੁੱਪ ਹੀ ਵੱਟ ਗਈ-ਕਿਤੇ ਸੰਤ ਉਸ ਦੀ ਗੱਲ ਨੂੰ ਸੁਣ ਨਾ ਲੈਣ, ਕਿਤੇ ਬਿਨਾਂ ਭੋਜਨ ਖਾਧੇ[10] ਹੀ ਜੇਕਰ (ਸੰਤ) ਚਲੇ ਗਏ ਤਾਂ ਸਾਡੇ ਸਿਰ ਉਪਰ ਬਹੁਤ ਵੱਡਾ ਪਾਪ ਲੱਗ ਜਾਵੇਗਾ-। ॥੩੩॥

ਤੇ ਉਹ ਪੁੱਤਰ ਨੂੰ ਬਿਸਤਰੇ ਵਾਂਗ ਲਪੇਟ ਕੇ, ਘਰ ਦੇ ਅੰਦਰ ਲੰਮਾ ਪਾ ਆਈ। ਉਸ ਨੇ ਆਪਣੇ ਪਤੀ[11] ਨੂੰ (ਕੁਝ) ਨਾ ਦੱਸਿਆ ਤੇ ਉਸ ਬਹੁਤ ਸਿਆਣੀ ਔਰਤ ਨੇ ਫਿਰ ਭੋਜਨ ਤਿਆਰ ਕੀਤਾ। ॥੩੪॥

SikhBookClub.Com

ਸ੍ਰੀ ਨਾਨਕ ਕੋ ਬਹੁਰ ਬੁਲਾਇ । ਬੈਠਾਰੇ ਜੁ ਹੁਤੀ ਸੁਚਿ ਥਾਇ।
ਜਬ ਹੀ ਧਰਾ ਅਹਾਰ ਅਗਾਰੀ । ਤਬਹੀ ਸ੍ਰੀ ਗੁਰ ਗਿਰਾ ਉਚਾਰੀ॥੩੫॥

'ਸੁੰਦਰ ਬਾਰਿਕ ਹੁਤੋ ਤੁਮਾਰੋ । ਅਬ ਨਹਿਂ ਪਿਖਿਯਤਿ ਸਦਨ ਮਝਾਰੋ'।
ਕਹੈ ਤੀਯ 'ਸੋਯੋ ਘਰ ਮਾਂਹੀ । ਖਿਲਤ[1] ਅਲਸ[2] ਭਾ ਜਾਗਤ ਨਾਹੀ'॥੩੬॥

'ਸੁਨ ਸੁਮਤੇ[3] ਸ਼ਿਸ਼ੁ ਲੇਹੁ ਜਗਾਈ । ਆਨਹਿਂ ਨਿਕਟ ਤ ਭੋਜਨ ਖਾਂਈ'।
ਤਬ ਨਾਰੀ ਤੂਸ਼ਨਿ ਹ੍ਵੈ ਰਹੀ । ਤਿਹ ਪ੍ਰਤਿ ਬਹੁਰੋ ਸਤਗੁਰ ਕਹੀ॥੩੭॥

'ਬਾਰਕ ਨਾਮ ਕਹੋ ਕਜਾ ਰਾਖਾ?'।'ਲਾਲਾ ਅਹੈ'ਸਿੱਖ ਨੈ ਭਾਖਾ।
ਸੁਨ ਕੈ ਸ੍ਰੀ ਪ੍ਰਭੁ ਤਿਸਹਿ ਹਕਾਰਾ[4] । 'ਆਵਹੁ ਲਾਲਾ! ਕਰਹੁ ਅਹਾਰਾ'॥੩੮॥

ਜੀਵਜੋ ਸਿਸੁ ਸੋ ਗੁਰੂ ਅਲਾਵਾ । ਪਗ ਸੋ ਚਲਤ ਸਮੀਪ ਸੁ ਆਵਾ।
ਨਿਜ ਕਰ ਸੋ ਗੁਰ ਦੀਨ ਅਹਾਰਾ । ਖਾਤ ਮਾਤ ਭਾ ਹਰਖ ਅਪਾਰਾ॥੩੯॥

ਨਿਜਪਤਿ ਸੋ ਸੁਨਾਇ ਤਿਹ ਕਾਲਾ । ਹਿਰਦੇ ਸ਼ਰਧਾ ਬਧੀ ਬਿਸਾਲਾ।
ਦੰਪਤਿ[5] ਮਿਲ ਤਬ ਬੰਦਨ ਕੀਨੋ ।—ਮਹਾਂ ਪੁਰਖੁ ਪੂਰਨ— ਮਨ ਚੀਨੋ॥੪੦॥

ਅਗਲੇ ਦਿਵਸ ਅੰਨ ਘਰ ਨਾਹੀਂ । ਭੀ ਚਿੰਤਾ ਅਤਿਸੈ ਮਨ ਮਾਂਹੀ।
ਸੋ ਸਿਸ ਬੇਚਨ ਚਲੇ ਬਜਾਰੇ । ਬੂਝਜੋ ਪ੍ਰਭੁ ਸੋ ਜਾਤ ਨਿਹਾਰੇ॥੪੧॥

'ਕਹਾਂ ਚਲੇ ਬਾਰਿਕ ਸੰਗ ਲੀਨਾ? । ਕੋ ਕਾਰਜ ਹੈ ਏਸ ਅਧੀਨਾ?'।
ਸਿੱਖ ਭਨਜੋ 'ਤੁਮ ਅੰਤਰਜਾਮੀ । ਹਮ ਕੋ ਕਜਾ ਬੂਝਤ ਹੋ ਸ੍ਵਾਮੀ'॥੪੨॥

ਸੋ ਬਾਰਿਕ ਪ੍ਰਭੁ ਨਿਕਟਿ ਹਕਾਰਾ । ਬਾਹਿਂ ਪਕਰ ਕੈ ਬਚਨ ਉਚਾਰਾ।
'ਮਾਤ ਪਿਤਾ ਲੇ ਅਬ ਤੁਝ ਜਾਂਹੀ । ਬੇਚਹਿਂਗੇ ਬਜਾਰ ਕੇ ਮਾਂਹੀ॥੪੩॥

ਨਿਜ ਖਾਵੰਦ[6] ਕੀ ਸੇਵਾ ਕਰ ਹੈਂ । ਚੱਕੀ ਪੀਸੈਂ ਪਾਨੀ ਭਰਹੈਂ।
ਬਿੰਜਨ[7] ਫੇਰਹਿਂ ਕਰ ਪਗ ਚਾਂਪੀ[8] । ਆਇਸੁ ਮੋਰਹਿਂ ਨਹੀਂ ਕਦਾਪੀ'॥੪੪॥

SikhBookClub.Com

ਫਿਰ ਗੁਰੂ ਨਾਨਕ ਜੀ ਨੂੰ ਬੁਲਾ ਕੇ ਪਵਿੱਤਰ ਜਗਾ 'ਤੇ ਬਿਠਾ ਦਿੱਤਾ। ਜਦੋਂ ਉਨ੍ਹਾਂ ਅੱਗੇ ਭੋਜਨ ਰੱਖਿਆ ਤਾਂ ਸ੍ਰੀ ਗੁਰੂ ਜੀ ਨੇ ਉਸ ਨੂੰ ਪੁੱਛਿਆ। ॥੩੫॥

"ਤੁਹਾਡਾ ਜੋ ਸੁੰਦਰ ਬਾਲਕ ਹੈ, ਇਸ ਵਕਤ ਘਰ ਵਿਚ ਨਹੀਂ ਦਿਸ ਰਿਹਾ।" ਤਾਂ ਔਰਤ ਨੇ ਕਿਹਾ, "ਉਹ ਖੇਡਦਾ[1] ਹੋਇਆ ਸੁਸਤਾ[2] ਕੇ ਘਰ ਵਿਚ ਸੌਂ ਗਿਆ ਹੈ, ਹੁਣ ਜਾਗਦਾ ਨਹੀਂ ਹੈ।" ॥੩੬॥

(ਗੁਰੂ ਜੀ ਫਿਰ ਆਖਿਆ), "ਹੇ ਸ੍ਰੇਸ਼ਟ-ਬੁੱਧੀ[3] ਵਾਲੀ ਸੁਣੋ! (ਆਪਣੇ) ਬੱਚੇ ਨੂੰ ਜਗ੍ਹਾ ਲਵੋ। ਉਹ ਸਾਡੇ ਪਾਸ ਆਵੇਗਾ ਤਾਂ ਹੀ ਭੋਜਨ ਛਕਾਂਗੇ।" (ਸੁਣ ਕੇ) ਔਰਤ ਚੁੱਪ ਕਰਕੇ ਖੜ੍ਹੀ ਰਹੀ। ਗੁਰੂ ਜੀ ਨੇ ਉਸ ਨੂੰ ਫਿਰ ਕਿਹਾ ॥੩੭॥

"ਬੱਚੇ ਦਾ ਤੁਸੀਂ ਨਾਂ ਕੀ ਰੱਖਿਆ ਹੈ?" ਤਾਂ ਸਿੱਖ ਨੇ ਕਿਹਾ, "ਲਾਲਾ ਹੈ (ਨਾਮ)।" ਗੁਰੂ ਜੀ ਨੇ (ਬੱਚੇ ਦਾ ਨਾਮ) ਸੁਣ ਕੇ ਪੁਕਾਰਿਆ[4], "ਆਉ ਲਾਲਾ! ਖਾਣਾ ਖਾਓ।" ॥੩੮॥

(ਜਦੋਂ) ਗੁਰੂ ਜੀ ਨੇ ਬੁਲਾਇਆ ਤਾਂ ਉਹ ਬੱਚਾ ਜਿਉਂ ਪਿਆ ਤੇ ਪੈਰਾਂ ਨਾਲ ਤੁਰ ਕੇ ਕੋਲ ਆ ਗਿਆ। ਗੁਰੂ ਜੀ ਨੇ ਆਪਣੇ ਹੱਥ ਨਾਲ ਉਸ ਬੱਚੇ ਨੂੰ ਖਾਣਾ ਦਿੱਤਾ। ਉਸ ਨੂੰ ਖਾਣਾ ਖਾਂਦੇ ਹੋਏ ਨੂੰ ਦੇਖ ਕੇ ਉਸ ਦੀ ਮਾਂ ਬਹੁਤ ਖੁਸ਼ ਹੋਈ। ॥੩੯॥

ਉਸ ਨੇ ਆਪਣੇ ਪਤੀ ਨੂੰ ਉਸੇ ਵਕਤ ਹੀ (ਬੱਚੇ ਦੇ ਜਿਉਂਦੇ ਹੋਣ ਦੀ ਗੱਲ) ਦੱਸੀ, ਉਨ੍ਹਾਂ ਦੇ ਮਨ ਵਿਚ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਪੈਦਾ ਹੋ ਗਈ ਸੀ। ਦੋਹਾਂ-ਜੀਆਂ[5] ਨੇ ਮਿਲ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। -ਸੰਪੂਰਨ ਮਹਾਂਪੁਰਖ ਹਨ- ਉਨ੍ਹਾਂ ਨੇ ਮਨ ਵਿਚ ਜਾਣ ਲਿਆ। ॥੪੦॥

ਅਗਲੇ ਦਿਨ ਫੇਰ ਅੰਨ ਘਰ ਵਿਚ ਨਹੀਂ ਸੀ, ਮਨ ਵਿਚ ਫਿਰ ਅਤਿਅੰਤ ਚਿੰਤਾ ਪੈਦਾ ਹੋ ਗਈ। ਉਹ ਬੱਚੇ ਨੂੰ ਬਾਜ਼ਾਰ ਵਿਚ ਵੇਚਣ ਲਈ ਚੱਲ ਪਏ। ਗੁਰੂ ਜੀ ਨੇ ਉਨ੍ਹਾਂ ਨੂੰ ਜਾਂਦੇ ਹੋਏ ਦੇਖ ਕੇ ਪੁੱਛਿਆ। ॥੪੧॥

"ਬੱਚੇ ਨੂੰ ਨਾਲ ਲੈ ਕੇ ਕਿਥੇ ਜਾ ਰਹੇ ਹੋ? ਇਸ ਤਾਈਂ ਤੁਹਾਨੂੰ ਕੀ ਕੰਮ ਪੈ ਗਿਆ?" ਤਾਂ ਸਿੱਖ ਨੇ ਕਿਹਾ, "ਹੇ ਮਾਲਕ! ਤੁਸੀਂ ਅੰਤਰਜਾਮੀ ਹੋ, ਅਸਾਂ ਤੋਂ ਕਿਉਂ ਪੁੱਛ ਰਹੇ ਹੋ?" ॥੪੨॥

ਪ੍ਰਭੂ (ਗੁਰੂ ਜੀ) ਨੇ ਉਸ ਬੱਚੇ ਨੂੰ ਕੋਲ ਬੁਲਾ ਕੇ ਉਸ ਦੀ ਬਾਂਹ ਪਕੜ ਕੇ ਆਖਿਆ, "ਤੇਰੇ ਮਾਤਾ-ਪਿਤਾ ਹੁਣ ਤੈਨੂੰ ਲੈ ਜਾਣਗੇ ਤੇ (ਤੈਨੂੰ) ਬਜ਼ਾਰ ਵਿਚ ਵੇਚ ਦੇਣਗੇ। ॥੪੩॥

ਉਥੇ ਤੈਨੂੰ ਆਪਣੇ ਮਾਲਕ[6] ਦੀ ਸੇਵਾ ਕਰਨੀ ਪਵੇਗੀ। ਚੱਕੀ ਪੀਸੇਂਗਾ, ਪਾਣੀ ਭਰੇਂਗਾ, ਪੱਖਾ[7] ਝੱਲੇਂਗਾ, ਉਸ ਦੇ ਪੈਰ ਘੁੱਟੇਂਗਾ[8]। ਕਦੇ ਵੀ ਉਸ ਦਾ ਹੁਕਮ ਨਹੀਂ ਮੋੜ ਸਕੇਂਗਾ।" ॥੪੪॥

SikhBookClub.Com

ਹਾਥ ਬੰਦ ਸਿਸ ਗਿਰਾ ਉਚਾਰੀ 'ਰਹੋਂ ਖਸਮ ਆਇਸੁ ਅਨੁਸਾਰੀ'।
ਤਿਹ ਛਿਨ ਸੁਨ ਕੈ ਕ੍ਰਿਪਾ ਨਿਧਾਨਾਂ । ਸ੍ਰੀ ਮੁਖ ਤੇ ਇਕ ਸਬਦ ਬਖਾਨਾ॥੪੫॥

*ਮੁਲ ਖਰੀਦੀ ਲਾਲਾ ਗੋਲਾ(*2) ਮੇਰਾ ਨਾਉ ਸਭਾਗਾ॥*
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥੧॥
ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ॥੧॥ ਰਹਾਉ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥
*ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥੪॥੬॥(*3)*

(ਗੁ. ਗ੍ਰੰ. ਸਾਹਿਬ, ਪੰਨਾ ੯੯੧)

ਚੌਪਈ

ਅਸ ਕਹਿ ਕ੍ਰਿਪਾ ਦਿਸ਼ਟਿ ਪ੍ਰਭੁ ਦੇਖੀ । ਭਵ ਅਪਦਾ[1] ਸਭ ਹਰੀ[2] ਬਿਸੇਖੀ ।
ਅਪਨੇ ਅੰਗ ਸੰਗ ਤਿਹ ਲਾਇ । ਨਉ ਨਿਧਿ ਦਈ ਸਦਨ ਮਹਿਂ ਪਾਇ ॥੪੬॥

ਚਤਰ[3] ਪਦਾਰਥ ਛਿਨ ਮਹਿਂ ਦੀਨੇ । ਜੀਵਨ ਮੁਕਤਿ ਸੁ ਤੀਨੋ ਕੀਨੇ।
ਇਸ ਪ੍ਰਕਾਰ ਕਰ ਤਿਨਹਿਂ ਨਿਹਾਲਾ । ਬਹੁਰੋ ਗਮਨੇ ਪ੍ਰਭੂ ਕ੍ਰਿਪਾਲਾ॥੪੭॥

ਅਪਰ ਗ੍ਰਾਮ ਮਹਿਂ ਬੈਠੇ ਜਾਈ । ਹੁਤੋ ਸਿੱਖ ਇਕ ਤਹਾਂ ਬਸਾਈ।
ਜਾਇ ਜੁ ਸੰਤ ਤਾਹਿਂ ਘਰਿ ਕੋਈ । ਹਿਤ ਧਰ ਸੇਵਾ ਕਰ ਹੈ ਸੋਈ ॥੪੮॥

ਪੁਨ ਸੋ ਕਰ ਹੈ ਪ੍ਰਸ਼ਨ ਬਨਾਈ । 'ਸਾਧ ਮਿਲੇ ਫਲ ਦੇਹੁ ਬਤਾਈ'।
ਤਿਸ ਕੀ ਮਨਸ਼ਾ[4] ਪੂਰਨ ਕਾਜਾ । ਗਮਨੇ ਸਦਨ ਗਰੀਬ ਨਿਵਾਜਾ॥੪੯॥

SikhBookClub.Com

ਤਾਂ ਬੱਚੇ ਨੇ ਹੱਥ ਜੋੜ ਕੇ ਕਿਹਾ, "(ਹਾਂ ਜੀ) ਮੈਂ ਆਪਣੇ ਮਾਲਕ ਦੀ ਆਗਿਆ ਅਨੁਸਾਰ ਹੀ ਰਹਾਂਗਾ।" ਤਾਂ ਗੁਰੂ ਜੀ ਨੇ ਉਸੇ ਪਲ ਹੀ ਬੱਚੇ ਦੇ ਇਹ ਬੋਲ ਸੁਣ ਕੇ ਇਸ ਸ਼ਬਦ ਦਾ ਉਚਾਰਨ ਕੀਤਾ ਸੀ। ॥੪੫॥

ਹੇ ਸੁਆਮੀ! ਮੈਂ ਤੇਰਾ ਲਾਲਾ ਗੋਲਾ ਭਾਵ ਮੁੱਲ ਲਿਆ ਹੋਇਆ ਸੇਵਕ ਤੇ ਗੁਲਾਮ ਹਾਂ ਅਤੇ ਮੇਰਾ ਨਾਮ ਕਰਮਾਂ ਵਾਲਾ ਹੈ। ਤੇਰੀ ਬਾਣੀ ਦੇ ਵਟਾਂਦਰੇ ਵਿਚ ਹੇ ਸੁਆਮੀ, ਮੈਂ ਆਪਣੇ-ਆਪ ਨੂੰ ਤੇਰੀ ਹੱਟੀ ਉੱਤੇ ਵੇਚ ਛੱਡਿਆ ਹੈ ਅਤੇ ਜਿਥੇ ਕਿਤੇ ਤੂੰ ਮੈਨੂੰ ਜੋੜਿਆ ਹੈ, ਉਥੇ ਹੀ ਮੈਂ ਜੁੜਿਆ ਹਾਂ। ਤੇਰਾ ਚਾਕਰ ਹੇ ਸੁਆਮੀ ਤੇਰੇ ਨਾਲ ਕੀ ਚਲਾਕੀ ਖੇਡ ਸਕਦਾ ਹੈ? ਮੈਂ ਤੇਰੇ ਫ਼ਰਮਾਨ ਦੀ ਪਾਲਣਾ ਨਹੀਂ ਕਰ ਸਕਦਾ। ਹੇ ਮੇਰੇ ਮਾਲਕ! ਠਹਿਰਾਉ॥ ਮੇਰੀ ਮਾਂ ਤੇਰੀ ਗੋਲੀ ਹੈ, ਮੇਰਾ ਪਿਤਾ ਤੇਰਾ ਗੋਲਾ ਹੈ, ਹੇ ਪ੍ਰਭੂ। ਮੈਂ ਤੇਰੇ ਗੋਲਿਆਂ ਦਾ ਬਾਲ ਹਾਂ। ਮੇਰੀ ਗੋਲੀ ਮਾਂ ਨੱਚਦੀ ਹੈ, ਮੇਰਾ ਗੋਲਾ ਪਿਤਾ ਗਾਉਂਦਾ ਹੈ। ਤੇ ਮੈਂ ਤੇਰੀ ਪ੍ਰੇਮਮਈ ਸੇਵ ਕਮਾਉਂਦਾ ਹਾਂ। ਹੇ ਪਾਤਸ਼ਾਹ! ਜੇਕਰ ਤੂੰ ਪੀਵੇਂ ਤਾਂ ਮੈਂ ਤੇਰੇ ਲਈ ਜਲ ਲਿਆਵਾਂ। ਹੇ ਸੁਆਮੀ! ਜੇਕਰ ਤੂੰ ਖਾਵੇਂ ਤਾਂ ਮੈਂ ਤੇਰੇ ਲਈ ਦਾਣੇ ਪੀਹਣ ਜਾਵਾਂ। ਮੈਂ ਤੈਨੂੰ ਪੱਖੀ ਝੱਲਦਾ ਹਾਂ। ਤੇਰੇ ਚਰਨ ਧੋਂਦਾ ਹਾਂ। ਤੇਰੇ ਨਾਮ ਦਾ ਉਚਾਰਨ ਕਰੀ ਜਾਂਦਾ ਹਾਂ। ਨਮਕ ਹਰਾਮ ਹੈ ਤੇਰਾ ਗੋਲਾ, ਹੇ ਸੁਆਮੀ! ਜੇਕਰ ਤੂੰ ਉਸ ਨੂੰ ਮਾਫ ਕਰ ਦੇਵੇਂ, ਇਸ ਵਿਚ ਤੇਰੀ ਪ੍ਰਭਤਾ ਹੈ। ਐਨ ਅਰੰਭ ਅਤੇ ਯੁੱਗਾਂ ਦੇ ਸ਼ੁਰੂ ਤੋਂ ਤੂੰ ਮਿਹਰਬਾਨ ਅਤੇ ਦਾਤਾਰ ਸੁਆਮੀ ਹੈਂ। ਤੇਰੇ ਬਗੈਰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ॥੪॥੬॥

(ਗੁ. ਗ੍ਰੰ. ਸਾਹਿਬ, ਪੰਨਾ 990-991)

ਚੌਪਈ

ਇਸ ਤਰਾਂ ਸ਼ਬਦ ਦਾ ਉਚਾਰਨ ਕਰਕੇ ਪ੍ਰਭੂ ਗੁਰੂ ਜੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਤੱਕਿਆ ਸੀ । ਉਸ ਦੇ ਸੰਸਾਰ ਦੇ ਸਾਰੇ ਸੰਕਟ[1] ਨਾਸ਼[2] ਕਰ ਦਿੱਤੇ ਅਤੇ ਉਸ ਨੂੰ ਆਪਣੇ ਅੰਗ-ਸੰਗ ਲਗਾ ਕੇ (ਸਾਰੇ) ਘਰ ਵਿਚ ਨਉਂ-ਨਿਧਾਂ ਦੀ ਬਖਸ਼ਸ਼ ਕੀਤੀ। ॥੪੬॥

ਪਲਾਂ ਵਿਚ ਹੀ ਚੌਹਾਂ[3] ਪਦਾਰਥਾਂ ਦੀ ਬਖਸ਼ਿਸ਼ ਕਰ ਦਿੱਤੀ। ਉਨ੍ਹਾਂ ਨੂੰ ਜੰਮਣ-ਮਰਨ ਦੇ ਚੱਕਰ ਤੋਂ ਮੁਕਤ ਕਰ ਦਿੱਤਾ। ਇਸ ਤਰਾਂ ਉਨ੍ਹਾਂ ਦਾ ਕਲਿਆਣ ਕਰਕੇ ਫਿਰ ਕਿਰਪਾ-ਨਿਧਾਨ (ਗੁਰੂ ਜੀ) ਉਥੋਂ ਚੱਲ ਪਏ। ॥੪੭॥

ਗੁਰੂ ਜੀ ਇਕ ਹੋਰ ਪਿੰਡ ਵਿਚ ਜਾ ਬੈਠੇ ਸਨ। ਜਿਥੇ ਇਕ ਸਿੱਖ ਰਹਿੰਦਾ ਸੀ। ਕੋਈ ਸੰਤ (ਮਹਾਂਪੁਰਸ਼) ਉਸ ਦੇ ਘਰ ਜਾਂਦਾ ਤਾਂ ਉਹ ਬਹੁਤ ਸਤਿਕਾਰ ਸਹਿਤ ਸ਼ਰਧਾ ਨਾਲ ਉਸ ਦੀ ਸੇਵਾ ਕਰਦਾ। ॥੪੮॥

ਉਹ (ਹਰ ਇੱਕ ਨੂੰ) ਸਵਾਲ ਕਰਦਾ, "ਸਾਧ ਦੇ ਦਰਸ਼ਨ ਕਰਨ ਨਾਲ ਜੋ ਫਲ ਪ੍ਰਾਪਤ ਹੁੰਦਾ ਹੈ, ਇਸ ਬਾਬਤ ਦੱਸੋ।" ਉਸ ਦੀ ਇਹ ਇੱਛਾ[4] ਪੂਰੀ ਕਰਨ ਲਈ ਗਰੀਬ-ਨਿਵਾਜ ਗੁਰੂ ਜੀ ਉਸ ਦੇ ਘਰ ਜਾ ਪਹੁੰਚੇ। ॥੪੯॥

SikhBookClub.Com

ਸਾਦਰ[1] ਬੰਦੇ ਪਦ ਅਰਬਿੰਦਾ । ਬੈਠਾਰੇ ਕਰ ਰਿਦੇ ਅਨੰਦਾ।
ਅਧਿਕ ਭਾਉ ਸੋਂ ਸੇਵਾ ਕੀਨੀ । ਪ੍ਰੇਮ ਭਗਤਿ ਮਹਿਂ ਮਤਿ ਜਿਹ ਭੀਨੀ[2]॥੫੦॥

ਪੁਨਿ ਬੂਝਨ[3] ਲਾਗਜੋ ਤਿਸੁ ਭਾਇ । 'ਸਾਧ ਮਿਲੇ ਫਲ ਦੇਹੁ ਬਤਾਇ[*4] ।
ਬਹੁਤਨ ਸੰਗ ਪ੍ਰਸ਼ਨ ਮੈਂ ਕੀਨੋ । ਮੋਕੋ ਕਿਨਹੁਂ ਨ ਉੱਤਰ ਦੀਨੋ॥੫੧॥

ਦੋਹਰਾ

ਕਹੈਂ ਬਨਾਇ ਅਨੇਕ ਬਿਧਿ ਮੇਰੀ ਨਿਸ਼ਾ[4] ਨ ਹੋਇ।
ਪੂਰਨ ਸਤਿਗੁਰ ਆਪ ਹੋ ਉੱਤਰ ਦੀਜੈ ਸੋਇ'॥੫੨॥

ਚੌਪਈ

ਕਰੁਨਾ ਨਿਧਿ ਇਉਂ ਬਚਨਿ ਉਚਾਰਾ । 'ਜਾਵਹੁ ਬਡੀ ਉਜਾਰ[5] ਮਝਾਰਾ।
ਤਹਾਂ ਤਰੋਵਰ ਏਕ ਸੁਹਾਇ । ਵਾਹਿਗੁਰੂ ਕਹਿ ਬੈਠਹੁ ਜਾਇ॥੫੩॥

ਤਿਹਿ ਤੇ ਨਿਸ਼ਾ ਹੋਇ ਹੈ ਤੇਰੀ' । ਸੁਨ ਕੈ ਗਯੋ ਉਜਾਰ ਸੁ ਹੇਰੀ ।
ਪਾਯੋ ਬਿਰਖ ਬਤਾਯੋ ਜਹਿਂਵਾ । 'ਵਾਹਿਗੁਰੂ'ਕਹਿ ਬੈਠਜੋ ਤਹਿਂਵਾ ॥੫੪॥

ਤਰੁ ਪਰ ਦੇਖੇ ਬਾਇਸ[6] ਦੋਊ । ਦਰਸ਼ਨ ਕਰ ਇਸ ਭੇ ਬਕ[7] ਸੋਊ।
ਕਿਤਕ ਬੇਰ ਬੈਠਜੋ ਹਟਿ ਆਯੋ । ਸ੍ਰੀ ਗੁਰ ਸੋਂ ਅਸ ਬੈਨ ਅਲਾਯੋ ॥੫੫॥

'ਜਹਿਂ ਤੁਮ ਭੇਜਜੋ ਤਹਾਂ ਸਿਧਾਯੋ । ਕੋਇ ਨ ਮਿਲਜੋ ਨ ਉੱਤਰ ਪਾਯੋ'।
ਪ੍ਰਭੁ ਭਾਖਜੋ 'ਪਰਭਾਤ[8] ਬਹੋਰੀ । ਉੱਤਰ ਲੇਹੁ ਜਾਇ ਤਿਸ ਠੌਰੀ'॥੫੬॥

ਆਇਸ ਪਾਇ ਗਯੋ ਤਿਹ ਕਾਲਾ । ਬਕ ਦਰਸ਼ਨ ਕਰ ਭਏ ਮਰਾਲਾ[9]।
ਦੇਖ ਤਹਾਂ ਹਟ ਕਰ ਪੁਨਿ ਆਵਾ । ਬੈਠ ਸਮੀਪ ਬ੍ਰਿਤੰਤ ਸੁਨਾਵਾ॥੫੭॥

'ਪੂਰਬ[10] ਦਿਨ ਬਾਇਸ ਬਕ ਹੋਏ।ਆਜ ਮਰਾਲ ਪਿਖੇ ਮੈਂ ਦੋਏ।
ਕਿਨ ਉੱਤਰ ਦੇ ਨਿਸ਼ਾ ਨ ਕੀਨੀ।ਸੰਸੇ ਮਹਿਂ ਮਮ ਮਤਿ ਰਹਿ ਭੀਨੀ'॥੫੮॥

SikhBookClub.Com

ਉਸ ਨੇ ਬੜੇ ਆਦਰ-ਸਤਿਕਾਰ[1] ਨਾਲ ਗੁਰੂ ਜੀ ਦੇ ਚਰਨ-ਕਮਲਾਂ ਵਿਚ ਨਮਸਕਾਰ ਕੀਤੀ। ਗੁਰੂ ਜੀ ਨੂੰ (ਘਰ ਵਿੱਚ) ਨਿਵਾਸ ਕਰਵਾ ਕੇ ਪ੍ਰਸੰਨਤਾ ਹੋਈ। ਉਸ ਨੇ ਬਹੁਤ ਹੀ ਪ੍ਰੇਮ ਨਾਲ ਗੁਰੂ ਜੀ ਦੀ ਸੇਵਾ ਕੀਤੀ, ਜਿਸ ਦੀ ਸੁਰਤੀ ਪ੍ਰੇਮਾ ਭਗਤੀ ਵਿਚ ਭਿੱਜੀ[2] ਹੋਈ ਸੀ। ॥੫੦॥

ਫਿਰ ਉਹ ਉਸੇ ਤਰਾਂ ਹੀ (ਗੁਰੂ ਜੀ ਨੂੰ) ਪੁੱਛਣ[3] ਲੱਗਿਆ, "ਸਾਧ-ਮਿਲਾਪ ਦਾ ਕੀ ਫਲ ਹੁੰਦਾ ਹੈ? ਇਸ ਬਾਬਤ ਚਾਨਣਾ ਪਾਵੋ। ਮੈਂ ਬਹੁਤ ਲੋਕਾਂ ਨਾਲ ਇਹ ਪ੍ਰਸ਼ਨ ਕੀਤਾ ਹੈ, ਮੈਨੂੰ ਇਸ ਦਾ ਕਿਸੇ ਨੇ ਵੀ ਉਤਰ ਨਹੀਂ ਦਿੱਤਾ।" ॥੫੧॥

ਦੋਹਰਾ

ਬਹੁਤ ਲੋਕੀਂ ਮੈਨੂੰ ਕਈ ਤਰਾਂ ਨਾਲ ਦੱਸਦੇ ਰਹੇ ਪਰ ਮੇਰੀ ਤਸੱਲੀ[4] ਨਹੀਂ ਹੋਈ। ਸੋ ਇਸ ਦਾ, ਜਿਵੇਂ ਆਪ ਪੂਰਨ ਗੁਰੂ ਹੋ, ਉਸੇ ਤਰਾਂ ਦਾ ਹੀ ਪੂਰਾ (ਸਹੀ) ਉਤਰ ਦੇਵੋ।" ॥੫੨॥

ਚੌਪਈ

ਕਿਰਪਾ-ਨਿਧਾਨ ਗੁਰੂ ਜੀ ਨੇ ਉਸ ਨੂੰ ਆਖਿਆ, "ਤੂੰ ਵੱਡੀ ਉਜਾੜ[5] ਵਿਚ ਚਲਾ ਜਾ। ਉਥੇ ਇੱਕ ਬਹੁਤ ਸੋਹਣਾ ਰੁੱਖ ਹੋਵੇਗਾ। ਤੂੰ ਵਾਹਿਗੁਰੂ ਕਹਿ ਕੇ (ਉਸ ਹੇਠ) ਬੈਠ ਜਾਵੀਂ। ॥੫੩॥

ਉਥੋਂ ਤੇਰੀ ਤਸੱਲੀ ਹੋ ਜਾਵੇਗੀ।" ਉਹ ਗੁਰੂ ਜੀ ਦੇ ਬੋਲ ਸੁਣ ਕੇ ਵੱਡੀ ਸਾਰੀ ਉਜਾੜ ਵੇਖ ਕੇ ਉਥੇ ਚਲਾ ਗਿਆ ਅਤੇ ਉਸ ਨੇ ਜਿਥੇ ਗੁਰੂ ਜੀ ਨੇ ਦੱਸਿਆ ਸੀ, ਦਰੱਖਤ ਲੱਭ ਲਿਆ। ਉਹ ਉਸ ਹੇਠ 'ਵਾਹਿਗੁਰੂ' ਕਹਿ ਕੇ ਬੈਠ ਗਿਆ। ॥੫੪॥

ਦਰੱਖਤ ਉਪਰ ਉਸ ਨੇ ਦੋ ਕਾਂ[6] ਬੈਠੇ ਹੋਏ ਵੇਖੇ ਜੋ ਇਸ ਸਿੱਖ ਦੇ ਦਰਸ਼ਨ ਕਰਕੇ ਬਗਲੇ[7] ਹੋ ਗਏ। ਉਹ ਉਥੇ ਕਿੰਨਾ ਚਿਰ ਬੈਠਣ ਤੋਂ ਬਾਅਦ ਮੁੜ ਕੇ ਆ ਗਿਆ ਤੇ ਗੁਰੂ ਜੀ ਨੂੰ ਇਸ ਤਰਾਂ ਕਹਿਣ ਲੱਗਾ ॥੫੫॥

"ਜਿਥੇ ਤੁਸੀਂ ਮੈਨੂੰ ਭੇਜਿਆ ਸੀ, ਮੈਂ ਉਥੇ ਗਿਆ ਸੀ ਪਰ ਮੈਨੂੰ ਨਾ ਤਾਂ ਕੋਈ ਮਿਲਿਆ ਤੇ ਨਾ ਹੀ ਮੈਂ ਕੋਈ ਉਤਰ ਪ੍ਰਾਪਤ ਕੀਤਾ ਹੈ।" ਗੁਰੂ ਜੀ ਆਖਿਆ, "ਕੱਲ ਨੂੰ ਸਵੇਰੇ[8] ਫਿਰ ਜਾਣਾ, ਉਥੋਂ ਉਤਰ ਮਿਲ ਜਾਵੇਗਾ।" ॥੫੬॥

ਉਹ ਉਸੇ ਵਕਤ ਫਿਰ ਗੁਰੂ ਜੀ ਦੀ ਆਗਿਆ ਲੈ ਕੇ ਚਲਾ ਗਿਆ। ਬਗਲੇ ਉਸ ਦੇ ਦਰਸ਼ਨ ਕਰਕੇ ਹੰਸ[9] ਹੋ ਗਏ। ਉਹ ਉਨ੍ਹਾਂ ਨੂੰ ਇਸ ਤਰਾਂ ਬਣ ਗਏ ਵੇਖ ਕੇ ਫਿਰ ਵਾਪਸ ਘਰ ਆ ਗਿਆ । ਉਸ ਨੇ ਗੁਰੂ ਜੀ ਕੋਲ ਬੈਠ ਕੇ ਸਾਰਾ ਬਿਰਤਾਂਤ ਸੁਣਾਇਆ। ॥੫੭॥

"ਪਹਿਲੇ[10] ਦਿਨ (ਮੈਂ) ਕਾਂ, ਬਗਲੇ ਹੋਏ ਤੱਕੇ ਸਨ ਤੇ ਅੱਜ ਬਗਲਿਆਂ ਤੋਂ ਦੋਨੋਂ ਹੰਸ ਬਣੇ ਹੋਏ ਵੇਖੇ ਪਰ ਕਿਸੇ ਨੇ ਮੇਰਾ ਉਤਰ ਨਾ ਦੇ ਕੇ ਮੇਰੀ ਤਸੱਲੀ ਨਹੀਂ ਕੀਤੀ। ਮੇਰੀ ਮੱਤ ਇਸੇ ਸ਼ੰਕੇ ਵਿਚ ਹੀ ਭਿੱਜੀ ਹੋਈ ਹੈ।" ॥੫੮॥

SikhBookClub.Com

ਸੁਨ ਕਰ ਸ੍ਰੀ ਗੁਰ ਗਿਰਾ ਅਲਾਈ । 'ਪੁਨ ਇਸ ਬਾਰ ਜਾਹੁ ਤਿਹ ਥਾਈ ।
ਉੱਤਰ ਪਾਇਂ,ਜਾਇ ਤਵ ਸੰਸਾ । ਜਹਾਂ ਬਿਰਾਜਤ[1] ਹੈਂ ਸੇ ਹੰਸਾ' ॥੫੯॥

ਗਮਨਜੋ ਉਠ ਪਰਭਾਤ ਬਹੋਰੀ । ਹੰਸਨ ਦੇਖਜੋ ਜਬ ਇਸ ਓਰੀ।
ਸੋ ਮਾਨੁਖ ਤਨ ਤੂਰਨ ਹੋਏ । ਬੈਠੇ ਤਰੁਵਰ[2] ਕੇ ਤਰ ਦੋਏ ॥੬੦॥

ਜਾਇ ਨਿਕਟਿ ਕਹਿ ਪੈਰੀ ਪਾਨਾ' । ਬੈਠਜੋ ਤਿਹਂ ਸੋਂ ਬਚਨ ਬਖਾਨਾ ।
'ਸਾਧ ਮਿਲੈ ਕੋ ਫਲ ਕਜਾ ਹੋਈ? । ਮੋਹਿ ਬਤਾਇ ਦੀਜੀਯੈ ਸੋਈ' ॥੬੧॥

ਸੁਨਤ ਸ਼੍ਰੋਨ ਤਿਨ ਬਚਨ ਉਚਾਰੇ । 'ਅਬ ਲੌਂ[3] ਮਨ ਨਹਿਂ ਨਿਸ਼ਾ ਤੁਮਾਰੇ।
ਪੂਰਬ ਬਾਇਸ ਦੇਹ ਹਮਾਰਾ । ਬਕ ਹੋਏ ਤਵ ਦਰਸ ਨਿਹਾਰਾ॥੬੨॥

ਤੁਮ ਕਰੁਣਾ ਪੁਨ ਭਏ ਮਰਾਲਾ । ਦੇਇ ਦਰਸ ਤੁਮ ਕਰੇ ਨਿਹਾਲਾ।
ਪੁਨਿ ਆਯੋ ਹੋਏ ਨਰੁ ਨਾਰੀ । ਸਾਧ ਮਿਲੇ ਫਲ ਲੇਹੁ ਬਿਚਾਰੀ॥੬੩॥

ਧੰਨ ਧੰਨ ਹੈ ਸਤਿਗੁਰ ਤੇਰੇ । ਹੋਇਂ ਪਤਿਤ[4] ਪਾਵਨ[5] ਜਿਨ ਹੇਰੇ।
ਤਿਨ ਕੋ ਦਰਸ਼ਨ ਹਮਹਿਂ ਕਰਾਵਹੁ । ਮਹਾਂ ਮੋਹ ਕੋ ਭਰਮ ਮਿਟਾਵਹੁ' ॥੬੪॥

ਦੋਹਰਾ

ਹਰਖਤ[6] ਹ੍ਵੈ ਤਿਨ ਸੰਗਿ ਲੇ ਚਲਿ ਆਏ ਗੁਰ ਪਾਸ।
ਹੁਇ ਅਧੀਨ ਬੰਦਨ ਕਰੈਂ ਕਟੀ ਮੋਹ ਕੀ ਫਾਸ॥੬੫॥

ਚੌਪਈ

ਸ੍ਰੀ ਗੁਰ ਭਨਜੋ 'ਨਿਸ਼ਾ ਤਵ ਹੋਈ?' । ਕੀਨ ਬਿਨੈ ਬੰਦੇ ਕਰ ਦੋਈ ।
'ਕਰਤਾ ਪੁਰਖ ਮਿਲੈ ਜਬ ਆਇ । ਕਿਉਂ ਨ ਨਿਸ਼ਾ ਹੋਵਹਿ ਮਨਭਾਇ' ॥੬੬॥

ਸੁਨਕੈ ਪ੍ਰਭੁ ਕ੍ਰਿਪਾਲ ਤਿਹ ਕਾਲਾ । ਬੋਲੇ ਬਚਨ ਪ੍ਰਸੀਦ[7] ਬਿਸਾਲਾ ।
'ਜਨਮ ਮਰਨ ਕੇ ਬੰਧਨ ਤੇਰੇ । ਸੰਤ ਸੇਵ ਨਾਸੇ ਇਕ ਬੇਰੇ ॥੬੭॥

SikhBookClub.Com

(ਸਿੱਖ ਦੇ ਬੋਲ) ਸੁਣ ਕੇ ਗੁਰੂ ਜੀ ਨੇ ਫਿਰ ਕਥਨ ਕੀਤਾ, "ਇਸ ਵਾਰ ਤੂੰ ਫਿਰ ਉਸ ਥਾਂ 'ਤੇ ਜਾ, ਜਿਥੇ ਉਹ ਹੰਸ ਰਹਿੰਦੇ[1] ਹਨ। ਤੈਨੂੰ ਉਤਰ ਮਿਲ ਜਾਵੇਗਾ ਤੇ ਤੇਰੀ ਚਿੰਤਾ ਦੂਰ ਹੋ ਜਾਵੇਗੀ।" ॥੫੯॥

ਅਗਲੀ ਸਵੇਰ ਉਹ ਫਿਰ (ਉਧਰ) ਚਲਾ ਗਿਆ। ਹੰਸਾਂ ਨੇ ਜਦੋਂ ਉਸ ਵੱਲ ਤੱਕਿਆ ਤਾਂ ਤੁਰੰਤ ਵਿਚ ਹੀ ਉਨ੍ਹਾਂ ਦੇ ਮਨੁੱਖਾਂ ਦੇ ਸਰੀਰ ਹੋ ਗਏ। ਦੋਨੋਂ ਦਰੱਖਤ[2] ਦੇ ਹੇਠ ਆ ਬੈਠੇ। ॥੬੦॥

(ਮੈਂ) ਉਨ੍ਹਾਂ ਪਾਸ ਜਾ ਕੇ ਕਿਹਾ, "ਆਪ ਦੇ ਪੈਰੀਂ ਪੈਂਦਾ ਹਾਂ" ਅਤੇ ਉਨ੍ਹਾਂ ਨੂੰ ਬੈਠ ਕੇ ਪੁੱਛਿਆ, "ਸਾਧ ਦੇ ਮਿਲਾਪ ਦਾ ਕੀ ਫਲ ਹੁੰਦਾ ਹੈ? ਮੈਨੂੰ ਇਸ ਦੀ ਬਾਬਤ ਦੱਸੋ।" ॥੬੧॥

ਤਾਂ ਉਨ੍ਹਾਂ (ਮਨੁੱਖਾਂ ਨੇ) ਮੈਨੂੰ ਕਿਹਾ, "ਤੇਰੇ ਮਨ ਦੀ ਤਸੱਲੀ ਅਜੇ ਤੱਕ[3] ਵੀ ਨਹੀਂ ਹੋਈ। ਪਹਿਲਾਂ ਸਾਡੀ ਕਾਂ ਦੀ ਦੇਹੀ ਸੀ, ਤੁਹਾਡੇ ਦਰਸ਼ਨ ਹੋਏ ਅਸੀਂ ਬਗਲੇ ਬਣ ਗਏ। ॥੬੨॥

ਤੁਹਾਡੀ ਹੀ ਕਿਰਪਾ ਨਾਲ ਫਿਰ ਹੰਸ ਬਣ ਗਏ । ਤੁਸੀਂ ਦਰਸ਼ਨ ਦੇ ਕੇ ਸਾਨੂੰ ਨਿਹਾਲ ਕਰ ਦਿੱਤਾ ਤੇ ਫਿਰ ਜਦ ਤੁਸੀਂ ਆਏ ਤਾਂ ਅਸੀਂ ਨਰ-ਨਾਰੀ (ਮਰਦ-ਤ੍ਰੀਮਤ) ਹੋ ਗਏ। ਤੁਸੀਂ (ਆਪਣੇ ਹਿਰਦੇ ਵਿਚ) ਸੰਤ ਮਿਲਾਪ ਦਾ ਫਲ ਵਿਚਾਰ ਲਵੋ। ॥੬੩॥

ਤੁਹਾਡੇ ਗੁਰੂ ਧੰਨ ਹਨ, ਜਿਨ੍ਹਾਂ ਦੇ ਦਰਸ਼ਨ ਕੀਤਿਆਂ ਪਾਪੀ[4] ਪਵਿੱਤਰ[5] ਹੋ ਜਾਂਦੇ ਹਨ। ਸਾਨੂੰ ਉਨ੍ਹਾਂ ਦੇ ਦਰਸ਼ਨ ਕਰਵਾਵੋ। ਸਾਡੇ ਮੋਹ ਹੰਕਾਰ ਦੇ ਸਾਰੇ ਭਰਮ ਦੂਰ ਕਰਵਾ ਦੇਵੋ।" ॥੬੪॥

ਦੋਹਰਾ

ਉਹਨੇ ਖੁਸ਼[6] ਹੋ ਕੇ ਉਨ੍ਹਾਂ ਦੋਨਾਂ ਨੂੰ ਨਾਲ ਲੈ ਲਿਆ ਤੇ ਉਹ ਗੁਰੂ ਜੀ ਪਾਸ ਚੱਲ ਕੇ ਆ ਗਏ। ਨਿਮਰ ਹੋ ਕੇ ਨਮਸਕਾਰ ਕੀਤੀ। ਉਨ੍ਹਾਂ ਦੀ ਮੋਹ-ਪਿਆਰ ਦੀ ਫੰਧੀ ਕੱਟੀ ਗਈ। ॥੬੫॥

ਚੌਪਈ

ਸ੍ਰੀ ਗੁਰੂ ਨਾਨਕ ਜੀ ਨੇ ਸਿੱਖ ਨੂੰ ਕਿਹਾ, "(ਕੀ) ਹੁਣ ਤੇਰੀ ਤਸੱਲੀ ਹੋ ਗਈ ਹੈ?" ਉਸ ਨੇ ਦੋਨੋਂ ਹੱਥ ਜੋੜ ਕੇ ਬੇਨਤੀ ਕਰਕੇ ਕਿਹਾ, "ਜਦ ਕਰਤਾਪੁਰਖ ਆ ਕੇ ਮਿਲ ਪੈਣ ਤਾਂ ਮਨ ਦੀਆਂ ਇੱਛਾਵਾਂ ਦੀ ਤਸੱਲੀ ਫਿਰ ਕਿਉਂ ਨਾ ਹੋਵੇ" ॥੬੬॥

ਉਸ ਦੇ ਬੋਲ ਸੁਣ ਕੇ (ਗੁਰੂ ਜੀ) ਨੇ ਬਹੁਤ ਹੀ ਮਿੱਠੇ[7] ਬਚਨ ਉਚਾਰਨ ਕਰਦੇ ਹੋਏ ਆਖਿਆ, "ਸੰਤਾਂ ਦੀ ਸੇਵਾ ਕਰਨ ਦੇ ਸਦਕਾ ਤੇਰੇ ਜਨਮ-ਮਰਨ ਦੇ ਸਾਰੇ ਝੰਜਟ-ਜੰਜਾਲ ਦੂਰ ਹੋ ਗਏ ਹਨ। ॥੬੭॥

SikhBookClub.Com

ਪਰਾਲਬਧ[1] ਸੋਂ ਭੋਗਨ ਭੋਗ । ਬਹੁਰੋ ਪ੍ਰਾਪਤਿ ਹ੍ਵੈ ਹਰਿ ਲੋਗ'।
ਅਸ ਬਰ[2] ਦੇ ਕਰ ਕੀਨ ਪਯਾਨਾ । ਕਲੁਖ[3] ਮਿਟਹਿ ਜਿਹ ਕਰਤ ਧਿਆਨਾ ॥੬੮॥

ਸ੍ਰੀ ਕਰਤਾਰਪੁਰੇ ਪੁਨਿ ਆਏ । ਮਿਲ ਕੈ ਸਬ ਸੇਵਕ ਹਰਖਾਏ।
ਰਹੇ ਤਹਾਂ ਪੁਨ ਗਮਨੇ ਨਾਹੀਂ । ਕਰਹਿਂ ਦਰਸੁ ਨਰੁ ਕਲੁਖ ਨਸਾਹੀਂ॥੬੯॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਿੱਖਨ ਭਾਉ ਦੇਖਨ' ਪ੍ਰਸੰਗ ਬਰਨਨੰ ਨਾਮ ਚੁਤਾਲੀਸਮੋਂ ਧਯਾਇ ॥੪੪॥

SikhBookClub.Com

ਪੂਰਬਲੇ ਕਰਮਾਂ[1] ਅਨੁਸਾਰ ਦੁੱਖ-ਸੁੱਖ ਭੋਗਣ ਪਿੱਛੋਂ ਹੀ ਮੁਕਤੀ (ਹਰੀ-ਲੋਕ) ਪ੍ਰਾਪਤ ਹੁੰਦੀ ਹੈ।" ਉਸ ਨੂੰ ਇਹ ਵਰ[2] ਦੇ ਕੇ, ਗੁਰੂ ਜੀ ਜਿਨ੍ਹਾਂ ਦਾ ਧਿਆਨ ਧਰਿਆਂ ਸਾਰੇ ਪਾਪ[3] ਲੱਥ ਜਾਂਦੇ ਹਨ, ਉਥੋਂ ਚੱਲ ਪਏ। ॥੬੮॥

ਫਿਰ ਗੁਰੂ ਜੀ ਕਰਤਾਰਪੁਰ ਆਏ। ਸਾਰੇ ਹੀ ਜਿੰਨੇ ਉਨ੍ਹਾਂ ਦੇ ਸਿੱਖ ਸੇਵਕ ਸਨ, ਗੁਰੂ ਜੀ ਨੂੰ ਮਿਲ ਕੇ ਬਹੁਤ ਹੀ ਖੁਸ਼ ਹੋਏ। ਉਸ ਪਿੱਛੋਂ ਗੁਰੂ ਜੀ ਉਥੇ (ਕਰਤਾਰਪੁਰ) ਹੀ ਰਹੇ, ਮੁੜ ਹੋਰ ਕਿਤੇ ਨਹੀਂ ਸਨ ਗਏ। ਲੋਕੀਂ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਆਪਣੇ ਪਾਪਾਂ ਦਾ ਨਾਸ਼ ਕਰਦੇ ਰਹੇ। ॥੬੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖਾਂ ਦਾ ਪ੍ਰੇਮ-ਭਾਵ ਦੇਖਣਾ" ਨਾਮੀ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਇੱਕ ਤਰਖਾਣ ਸਿੱਖ ਜੋ ਬਹੁਤ ਹੀ ਗਰੀਬ ਸੀ, ਕੋਈ ਵੀ ਸਿੱਖ ਉਸ ਦੇ ਘਰ ਆਉਂਦਾ, ਉਹ ਆਏ ਹੋਏ ਸਿਖ-ਸੇਵਕ ਲਈ ਬਾਹਰੋਂ ਮੰਗ ਕੇ ਭੋਜਨ ਦਾ ਪ੍ਰਬੰਧ ਕਰਦਾ। ਇਕ ਦਿਨ ਗੁਰੂ ਜੀ ਉਸ ਦੇ ਘਰ ਆਏ। ਘਰ ਵਿਚ ਅੰਨ-ਪਾਣੀ ਕੁਝ ਨਹੀਂ ਸੀ। ਉਸ ਨੂੰ ਬਾਹਰੋਂ ਵੀ ਕੁਝ ਨਾ ਮਿਲਿਆ, ਲੋਕ ਕਹਿਣ ਕਿ ਇਹ ਸਿੱਖਾਂ ਦੇ ਬਹਾਨੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਹੈ। ਉਸ ਦਿਨ ਉਥੋਂ ਦਾ ਰਾਜਾ ਉਥੇ ਛਿੰਝ ਪੁਆ ਰਿਹਾ ਸੀ, ਜਿਸ ਵਿਚ ਜਿੱਤਣ ਵਾਲੇ ਨੂੰ ਇੱਕ ਸੌ ਰੁਪਏ ਅਤੇ ਹਾਰਨ ਵਾਲੇ ਨੂੰ ਪੰਜਾਹ ਰੁਪਏ ਦਾ ਇਨਾਮ ਰੱਖਿਆ ਸੀ। ਉਹ ਸਿੱਖ-ਤਰਖਾਣ ਵੀ ਛਿੰਝ ਘੁੱਲਣ ਚੱਲ ਗਿਆ, ਜਿਥੇ ਘੁਲਣ ਵਾਲੇ ਮੱਲ ਨੂੰ ਉਸ ਦੀ ਕਹਾਣੀ ਸੁਣਦਿਆਂ ਉਸ ਉੱਤੇ ਦਇਆ ਆ ਗਈ ਤੇ ਉਹ ਜਾਣ-ਬੁੱਝ ਕੇ ਢੱਠ ਗਿਆ ਅਤੇ ਰਾਜੇ ਨੇਤਰਖਾਣ ਸਿੱਖ ਨੂੰ ਇਕ ਸੌ ਰੁਪਏ ਗਿਣ ਕੇ ਦੇ ਦਿੱਤੇ। ਘਰ ਆ ਕੇ ਉਸ ਨੇ ਗੁਰੂ ਜੀ ਲਈ ਭਾਂਤ-ਭਾਂਤ ਦੇ ਖਾਣੇ ਤਿਆਰ ਕਰਵਾਏ। ਗੁਰੂ ਜੀ ਨੇ ਉਸ ਦੀ ਸਰਧਾ ਵੇਖ ਕੇ ਉਸ ਉਪਰ ਕਿਰਪਾ ਦ੍ਰਿਸਟੀ ਕੀਤੀ ਤੇ ਉਸ ਦਾ ਉਧਾਰ ਕੀਤਾ ।

ਇਸ ਤਰਾਂ ਹੋਰ ਪਿੰਡ ਵਿਚ ਗੁਰੂ ਜੀ ਗਏ, ਜਿਥੇ ਇਕ ਗਰੀਬ ਸਿੱਖ ਰਹਿੰਦਾ ਸੀ ਜੋ ਸੰਤਾਂ-ਸੇਵਕਾਂ ਦੀ ਬਹੁਤ ਟਹਿਲ-ਸੇਵਾ ਕਰਦਾ ਸੀ। ਪਹਿਲੇ ਦਿਨ ਤਾਂ ਉਸ ਨੇ ਗੁਰੂ ਜੀ ਨੂੰ ਭੋਜਨ ਕਰਾ ਦਿੱਤਾ, ਪਰ ਅਗਲੇ ਦਿਨ ਉਸ ਦੇ ਘਰ ਅੰਨ ਮੁਕ ਗਿਆ। ਉਸ ਨੇ ਅੰਨ ਪ੍ਰਾਪਤ ਕਰਨ ਲਈ ਆਪਣੇ ਵਾਲ ਮੁਨਾ ਕੇ ਉਸ ਦੀ ਰੱਸੀ ਵੱਟ ਕੇ ਵੇਚ ਦਿੱਤੀ। ਉਸ ਦੀ ਇਸਤਰੀ ਚੁੱਲੇ ਵਿੱਚ ਅੱਗ ਬਾਲ ਕੇ ਆਪ ਕਿਸੇ ਕੰਮ ਹੋਰ ਪਾਸੇ ਚੱਲ ਗਈ। ਜਦ ਉਸ ਨੇ ਆ ਕੇ ਦੇਖਿਆ ਤਾਂ ਉਸ ਦਾ ਬੱਚਾ ਅੱਗ ਨਾਲ ਸੜ ਕੇ ਮਰ ਗਿਆ। ਉਸ ਨੇ ਸੋਚਿਆ ਕਿ ਜੇ ਉਹ ਕੁਝ ਬੋਲੇਗੀ ਤਾਂ ਗੁਰੂ ਜੀ ਬਿਨਾਂ ਭੋਜਨ ਛਕੇ ਹੀ ਚਲੇ ਜਾਣਗੇ। ਉਸ ਨੇ ਆਪਣੇ ਮਰੇ ਹੋਏ ਬਾਲਕ ਨੂੰ ਬਿਸਤਰ ਵਿਚ ਸੁਆ ਦਿੱਤਾ ਤੇ ਜਦ ਉਹ ਗੁਰੂ ਜੀ ਨੂੰ ਖਾਣਾ ਪਕਾ ਕੇ ਪਰੋਸਣ ਲੱਗੀ ਤਾਂ ਗੁਰੂ ਜੀ ਨੇ ਕਿਹਾ, ਤੁਹਾਡਾ ਬਾਲ ਕਿੱਥੇ ਹੈ? ਤੇ ਉਸ ਨੂੰ ਉਸ ਦਾ ਨਾਂ 'ਲਾਲਾ' ਕਹਿ ਕੇ ਅਵਾਜ਼ ਮਾਰੀ ਤਾਂ ਉਹ ਤੁਰਦਾ-ਤੁਰਦਾ ਉਨ੍ਹਾਂ ਪਾਸ ਆ ਗਿਆ ਤੇ ਰੋਟੀ ਖਾਣ ਲੱਗਾ। ਅਗਲੇ ਦਿਨ ਘਰ ਵਿਚ ਭੋਜਨ ਮੁੱਕਾ ਹੋਣ ਕਰਕੇ ਉਹ ਸਿੱਖ ਅਤੇ ਉਸ ਦੀ ਇਸਤਰੀ ਆਪਣੇ ਬੱਚੇ ਨੂੰ ਵੇਚਣ ਤੁਰ ਪਏ। ਗੁਰੂ ਜੀ ਇਹ ਜਾਣ ਕੇ ਉਸ ਬਾਲਕ ਦੀ ਬਾਂਹ ਫੜ ਕੇ ਕਹਿਣ ਲੱਗੇ ਕਿ ਤੇਰੇ ਮਾਤਾ-ਪਿਤਾ ਤੈਨੂੰ ਵੇਚ ਦੇਣਗੇ, ਫਿਰ ਤੂੰ ਉਸ (ਮਾਲਕ) ਦੀ ਸੇਵਾ ਕਰੇਂਗਾ। ਤਾਂ ਬੱਚੇ ਨੇ ਹੱਥ ਜੋੜ ਕੇ ਕਿਹਾ ਕਿ ਮੈਂ ਆਪਣੇ ਮਾਲਕ ਦੇ ਕਹੇ ਅਨੁਸਾਰ ਹੀ ਰਹਾਂਗਾ। ਗੁਰੂ ਜੀ ਨੇ ਉਨ੍ਹਾਂ ਉਪਰ ਕਿਰਪਾ ਦ੍ਰਿਸ਼ਟੀ ਕਰਕੇ ਗਰੀਬ ਘਰ ਨੂੰ ਨਿਹਾਲ ਕਰ ਦਿੱਤਾ।

ਇਕ ਹੋਰ ਪਿੰਡ ਵਿਚ ਸਿੱਖ ਸੀ, ਉਸ ਨੇ ਗੁਰੂ ਜੀ ਦੀ ਪ੍ਰੇਮ ਨਾਲ ਸੇਵਾ ਕਰਦੇ ਹੋਏ ਪੁੱਛਿਆ, ਸੰਤਾਂ ਦੇ ਦਰਸ਼ਨਾਂ ਦਾ ਮਹਾਤਮ ਕੀ ਹੈ? ਗੁਰੂ ਜੀ ਨੇ ਇਕ ਦ੍ਰਿਸ਼ਟਾਂਤ ਦਿੰਦੇ ਹੋਏ ਉਸ ਨੂੰ ਸੰਤ-ਮਿਲਾਪ ਦੇ ਗੁਣਾਂ ਬਾਰੇ ਚਾਨਣਾ ਪਾਇਆ ਸੀ। ਗੁਰੂ ਜੀ ਨੇ ਉਸ ਨੂੰ ਸਤਿਨਾਮ ਵਾਹਿਗੁਰੂ ਦਾ ਉਪਦੇਸ਼ ਦੇ ਕੇ (ਉਸ ਨੂੰ) ਨਿਹਾਲ ਕਰ ਦਿੱਤਾ ।

SikhBookClub.Com

ਫੁੱਟਨੋਟ

(*1) ਭਾਈ ਵੀਰ ਸਿੰਘ ਲਿਖਦੇ ਹਨ ਕਿ ਇਸ ਸਿੱਖ ਨੇ ਅਜੇ ਪਾਹੁਲ ਨਹੀਂ ਸੀ ਲਈ, ਨਹੀਂ ਤਾਂ ਉਹ ਆਪਣੇ ਸਿਰ ਦੇ ਕੇਸ ਨਾ ਕਟਵਾਉਂਦਾ। ਇਹ ਸਾਖੀ ਭਾਈ ਬਾਲੇ ਵਾਲੀ ਜਨਮਸਾਖੀ ਵਿੱਚੋਂ ਹੈ। ਪੁਰਾਤਨ ਜਨਮਸਾਖੀ, ਮਹਿਮਾ ਪ੍ਰਕਾਸ਼ ਵਿੱਚ ਇਹ ਸਾਖੀ ਨਹੀਂ ਹੈ।

(*2) ਲਾਲਾ ਗੋਲਾ ਦਾ ਅਰਥ ਹੈ, ਗੁਲਾਮ ਜਾਂ ਸੇਵਕ (ਮੁੱਲ ਖਰੀਦਿਆ ਹੋਇਆ)। ਗੁਰਬਾਣੀ ਵਿੱਚ ਗੂਜਰੀ ਮਹਲਾ ੪ ਵਿੱਚ 'ਲਾਲਾ ਗੋਲਾ' ਦਾ ਇਵੇਂ ਉਚਾਰਨ ਮਿਲਦਾ ਹੈ:

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥

(ਗੁ. ਗ੍ਰੰ. ਸਾਹਿਬ, ਪੰਨਾ 493)

(*3) ਭਾਈ ਵੀਰ ਸਿੰਘ ਜੀ ਅਨੁਸਾਰ ਇਹ ਸਾਖੀ ਵਿਗਾੜਨ ਵਾਲੇ ਸਾਖੀਕਾਰਾਂ ਦੀਆਂ ਸਾਖੀਆਂ ਵਿੱਚੋਂ ਹੈ। ਇਸ ਸ਼ਬਦ ਦਾ ਅਧਾਰ ਬਣਾ ਕੇ ਇਹ ਸਾਖੀ ਘੜੀ ਗਈ ਜਾਪਦੀ ਹੈ ਜਦ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਕੀਤਾ ਗਿਆ । ਇਹ ਸ਼ਬਦ, ਪੁਰਾਤਨ ਜਨਮਸਾਖੀ ਵਿੱਚ ਸਾਖੀ 'ਸੈਦਪੁਰ ਦੀ ਬੰਦ" ਵਿੱਚ ਅੰਕਿਤ ਕੀਤਾ ਹੈ, ਜੋ ਜ਼ਿਆਦਾ ਉੱਚਿਤ ਜਾਪਦਾ ਹੈ।

(*4) ਗੁਰਬਾਣੀ ਵਿੱਚ ਸਾਧ-ਸੰਗ ਦੇ ਮਹਾਤਮ ਦਾ ਇਸ ਤਰਾਂ ਵਰਣਨ ਹੈ:

ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥

(ਗੁ. ਗ੍ਰੰ. ਸਾਹਿਬ, ਪੰਨਾ 392)

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥
ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ ॥

(ਗੁ. ਗ੍ਰੰ. ਸਾਹਿਬ, ਪੰਨਾ 1369)

SikhBookClub.Com

ਅਧਜਾਯ ਪੰਤਾਲੀਵਾਂ

(ਗੁਰਬਾਣੀ ਮਹਾਤਮ। ਸੈਦੋ ਘੇਉ, ਸਿੱਖੀ, ਅਤੀਤਤਾਈ, ਗ੍ਰਹਸਤ ਧਰਮ)

ਦੋਹਰਾ

ਨਮਹਿ[1] ਨਮਹਿ ਪੁਨਿ ਪੁਨਿ ਨਮਹਿ ਸਤਿਗੁਰ ਬਚਨ ਅਨੂਪ[2]।
ਜਿਨਕੇ ਸੁਨਤਜੋ ਤਜ ਕਸ਼ਟ ਜਾਨਹਿਂ ਸਹਿਜ ਸਰੂਪ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸ੍ਰੀ ਅੰਗਦ ਸੁਨ ਕਥਾ ਅਗਾਰੀ । ਜੋ ਸਬ ਸ਼੍ਰੋਤਨ ਕੋ ਸੁਖਕਾਰੀ।
ਪੁਰ ਕਰਤਾਰ ਵਿਖੈ ਤਬ ਆਏ । ਬਹੁਰ ਨ ਕਿਤ ਦਿਸ ਵਹਿਰ ਸਿਧਾਏ॥੨॥

ਸਵਾ ਜਾਮ ਨਿਸ ਰਹੇ ਸਦਾਈ । ਜਾਗਹਿਂ ਬਹੁਰ ਵਹਿਰ ਕੋ ਜਾਈ।
ਐਰਾਵਤੀ[3] ਬਿਖੈ ਇਸ਼ਨਾਨਾ । ਕਰ ਬੈਠਹਿਂ ਤਟ[4] ਲਾਇ ਧਿਆਨਾ॥੩॥

ਚਤੁਰ ਘਟੀ ਨਿਸ ਤੇ ਪੁਨਿ ਆਈ । ਬੈਠਹਿਂ ਧਰਮਸਾਲ ਸੁਖਦਾਈ ।
ਹੋਤ ਕੀਰਤਨ ਸ੍ਰੀ ਸਤਿਨਾਮੂ । ਸੁਨਤ ਪ੍ਰੇਮ ਉਪਜੈ ਅਭਿਰਾਮੂ ॥੪॥

ਸੈਦੋ ਘਿਉ ਇਕ ਸੰਗਤਿ ਮਾਂਹੀ । ਦਿਢ ਸਰਧਾ ਜਿਹਕੇ ਉਰ ਮਾਂਹੀ।
ਪਿਖ ਬ੍ਰਿਤੰਤ ਗੁਰਕੋ ਸੋ ਭਰਮਾ[5] । ਲਖ ਨਹਿਂ ਸਕਜੋ ਮੂਢ ਜੋ ਮਰਮਾ[6]॥੫॥

ਇਸ ਬਿਧ ਜਾਨੀ ਤਿਨ ਮਨ ਮਾਂਹੀ। —ਨਿਸ[7] ਮਹਿਂ ਸ੍ਰੀ ਗੁਰ ਸਰਿਤਾ ਜਾਂਹੀ।
ਤਹਾਂ ਬੈਠ ਜਲਪਤਿ[8] ਕੋ ਸੇਵਹਿਂ । ਮਨ ਬਾਂਛਤ ਜਾਚਹਿਂ ਸੋ ਲੇਵਹਿਂ॥੬॥

ਕਰੀ ਬਰੁਨ ਕੀ ਸੇਵ ਘਨੇਰੀ । ਯਾਂਤੇ ਅਜਮਤ[9] ਬਧੀ ਬਧੇਰੀ।
ਕਲਾ ਬਿਸਾਲ ਤਾਂਹਿ ਤੇ ਪਾਈ । ਸਭ ਜਗ ਕੀ ਲੀਨੀ ਗੁਰਿਆਈ॥੭॥

ਮੈਂ ਅਬ ਸੇਵ ਕਰੋਂ ਬਹੁ ਤਾਂਹੀ । ਪ੍ਰਾਪਤਿ ਹੋਇ ਕਲਾ ਮੁਝ ਮਾਂਹੀ—।
ਇਸ ਪ੍ਰਕਾਰ ਉਰ ਮੈਂ ਠਹਿਰਾਈ । ਬੀਤੀ ਨਿਸ ਜਬ ਪਹਰ ਅਢਾਈ[10] ॥੮॥

SikhBookClub.Com

ਅਧਿਆਇ ਪੰਤਾਲੀਵਾਂ

(ਸੈਦੋ ਘੇਉ ਸਿੱਖ। ਸਿੱਖੀ, ਫ਼ਕੀਰੀ, ਗ੍ਰਿਹਸਤੀ ਬਾਰੇ)

ਦੋਹਰਾ

ਗੁਰੂ ਜੀ ਦੇ ਸੁੰਦਰ[2] ਬਚਨਾਂ ਨੂੰ ਮੇਰੀ ਨਮਸਕਾਰ[1] ਹੋਵੇ, ਨਮਸਕਾਰ ਹੋਵੇ। ਵਾਰ-ਵਾਰ ਨਮਸਕਾਰ ਹੋਵੇ। ਜਿਨ੍ਹਾਂ ਨੂੰ ਸੁਣ ਕੇ ਸਾਰੇ ਕਸ਼ਟ ਛੱਡ ਜਾਂਦੇ ਹਨ ਤੇ ਸਹਿਜ ਰੂਪ ਜਾਣਿਆ ਜਾਂਦਾ ਹੈ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਸ੍ਰੀ ਅੰਗਦ ਦੇਵ ਜੀਓ! ਅੱਗੇ ਜੋ ਕਥਾ ਹੈ, ਸੁਣੋ! ਉਹ ਸਭ ਸੁਣਨ ਵਾਲਿਆਂ ਨੂੰ ਸੁੱਖ ਦੇਣ ਵਾਲੀ ਹੈ। ਫਿਰ ਗੁਰੂ ਜੀ ਕਰਤਾਰਪੁਰ ਵਿਚ ਆ ਗਏ ਸਨ ਤਾਂ ਬਾਅਦ ਵਿਚ ਉਹ ਕਿਸੇ ਪਾਸੇ ਵੱਲ ਬਾਹਰ ਨਹੀਂ ਸਨ ਗਏ। ॥੨॥

ਉਹ ਰੋਜ਼ਾਨਾ ਸਵਾ-ਪਹਿਰ ਰਾਤ ਰਹਿੰਦੇ ਜਾਗ ਪੈਂਦੇ ਤੇ ਫਿਰ ਰਾਵੀ[3] ਵਿਚ ਇਸ਼ਨਾਨ ਕਰਨ ਲਈ ਬਾਹਰ ਚਲੇ ਜਾਂਦੇ। ਨਦੀ ਦੇ ਕਿਨਾਰੇ[4] ਤੇ ਬੈਠ ਕੇ ਉਹ (ਪ੍ਰਭੂ ਵਿੱਚ) ਧਿਆਨ ਲਗਾਉਂਦੇ। ॥੩॥

ਜਦ ਰਾਤ ਚਾਰ-ਘੜੀਆਂ ਰਹਿ ਜਾਂਦੀ ਤਾਂ ਸੁੱਖਾਂ ਦੇ ਦਾਤੇ (ਗੁਰੂ ਜੀ) ਧਰਮਸ਼ਾਲਾ ਵਿਚ ਆ ਬਿਰਾਜਮਾਨ ਹੁੰਦੇ। ਉਥੇ ਸਤਿਨਾਮ ਦਾ ਸੁੰਦਰ ਕੀਰਤਨ ਹੁੰਦਾ, ਜਿਸ ਨੂੰ ਸੁਣਿਆਂ (ਹਿਰਦੇ ਵਿਚ) ਮਨੋਹਰ ਪ੍ਰੇਮ-ਭਾਵ ਪੈਦਾ ਹੁੰਦੇ। ॥੪॥

ਸੰਗਤ ਵਿਚ ਇਕ 'ਸੈਦੋ ਘੇਉ' (ਨਾਂ ਦਾ) ਸਿੱਖ ਸੀ, ਜਿਸ ਨੇ ਮਨ ਵਿਚ ਵੀ ਦ੍ਰਿੜ੍ਹ ਸ਼ਰਧਾ ਧਾਰੀ ਹੋਈ ਸੀ। ਉਸ ਨੂੰ ਗੁਰੂ ਜੀ ਦੀ ਹੋ ਰਹੀ ਚਰਚਾ (ਮਹਿਮਾ) ਉਪਰ ਭਰਮ[5] ਹੋ ਗਿਆ। ਉਹ ਮੂੜ੍ਹ (ਮੂਰਖ) ਗੁਰੂ ਜੀ ਦੇ ਭੇਦ[6] ਨੂੰ ਸਮਝ ਨਹੀਂ ਸੀ ਸਕਿਆ। ॥੫॥

ਉਸ ਨੇ ਮਨ ਵਿਚ ਇਸ ਤਰਾਂ ਜਾਣ ਲਿਆ-ਰਾਤ[7] ਨੂੰ ਜੋ ਗੁਰੂ ਜੀ ਰਾਵੀ ਨਦੀ ਤੇ ਜਾਂਦੇ ਹਨ, ਉਹ ਉਥੇ ਬੈਠ ਕੇ ਪਾਣੀ ਦੇ ਦੇਵਤਾ[8] (ਵਰੁਣ) ਦੀ ਪੂਜਾ ਕਰਦੇ ਹਨ ਅਤੇ ਮਨਭਾਉਂਦਾ, ਜੋ ਮੰਗਦੇ ਹਨ, ਸੋ ਉਸ ਪਾਸੋਂ ਪ੍ਰਾਪਤ ਕਰ ਲੈਂਦੇ ਹਨ। ॥੬॥

(ਇਨ੍ਹਾਂ) ਵਰੁਣ ਦੇਵਤਾ ਦੀ ਬਹੁਤ ਪੂਜਾ ਕਰਨ ਸਦਕਾ ਹੀ ਇਨ੍ਹਾਂ ਵਿਚ ਇੰਨੀ ਕਰਾਮਾਤੀ[9] ਸ਼ਕਤੀ ਵਧੀ ਹੈ। ਸਾਰੀ ਵਿਸ਼ਾਲ ਕਲਾ ਇਨ੍ਹਾਂ ਨੇ ਉਸ ਪਾਸੋਂ ਹੀ ਪ੍ਰਾਪਤ ਕੀਤੀ ਹੈ ਤੇ ਸਾਰੇ ਜੱਗ ਦੀ ਗੁਰਿਆਈ ਹਾਸਿਲ ਕਰ ਲਈ ਹੈ। ॥੭॥

ਮੈਂ ਵੀ ਹੁਣ ਉਸੇ (ਵਰੁਣ ਦੇਵਤਾ) ਨੂੰ ਹੀ ਬਹੁਤ ਪੂਜਾਂਗਾ ਤਾਂ ਜੋ ਮੇਰੇ ਵਿਚ ਵੀ ਸ਼ਕਤੀ ਪੈਦਾ ਹੋ ਜਾਵੇ-। ਇਸ ਤਰਾਂ ਉਸਨੇ ਮਨ ਵਿਚ ਧਾਰ ਲਈ।ਉਦੋਂ ਰਾਤ ਢਾਈ[10] ਪਹਿਰ ਬੀਤ ਗਈ ਸੀ ॥੮॥

SikhBookClub.Com

ਤਬ ਸੋ ਗਮਨਜੋ ਸਰਿਤਾ ਤੀਰੰ । ਮਿਲਜੋ ਪੰਥ[1] ਇਕ ਮਨੁਖੁ ਸਰੀਰੰ।
ਤਿਨ ਕੇ ਹਾਥ ਬਿਖੈ ਇਕ ਮੀਨਾ[2] । ਦੇਖਤ ਸੈਦੋ ਬੂਝਨ ਕੀਨਾ॥ ੯॥

'ਕੌਨ ਅਹੈਂ, ਤੂੰ ਕਿਤਕੋ ਜਾਹੀ? । ਨਿਸ ਮਹਿਂ ਤਸਕਰ[3] ਕੈ ਸਿਖ ਆਹੀ?'।
ਸੁਨਕੈ ਉੱਤਰ ਦੀਨੋ ਤਾਂਹੀ । 'ਮੁਝਕੋ ਤਸਕਰ ਲਖਿਯੇ ਨਾਹੀਂ ॥੧੦॥

ਸਗਰੀ ਸਰਿਤਾ ਕੋ ਪਤਿ[4] ਜਾਨਹੁ । ਨਾਮ ਬਰੁਨ(*1) ਮੇਰੋ ਪਹਿਚਾਨਹੁ।
ਸ੍ਰੀ ਗੁਰ ਕੋ ਹਉਂ ਪੂਜਨ ਜਾਵਉਂ । ਦਰਸ਼ਨ ਨਿਤਾਪ੍ਰੱਤਿ ਕਰ ਆਵਉ'॥੧੧॥

ਸੁਨਕੈ ਸੈਦੋ(*2) ਗਿਰਾ ਉਚਾਰੀ । 'ਮੈਂ ਤੋ ਉਰ ਕਛੁ ਅਉਰ ਬਿਚਾਰੀ।
ਸ੍ਰੀ ਗੁਰ ਸੇਵਾ ਕਰਹਿਂ ਤੁਮਾਰੀ । ਯਾਤੇ ਅਜ਼ਮਤ ਭੀ ਤਿਨ ਭਾਰੀ॥੧੨॥

ਰਿੱਧਿ ਸਿੱਧ ਤੁਮ ਤੇ ਸਭ ਪਾਈ । ਇਸ ਬਿਧਿ ਕੀ ਗਤਿ ਚਿਤ ਠਹਰਾਈ।
ਚਲਜੋ ਹੁਤੋ ਤਵ[5] ਸੇਵਾ ਕਾਰਨ । ਮਿਲ ਕੈ ਤੁਮ ਸਭ ਕੀਨ ਉਚਾਰਨ ॥੧੩॥

ਤੁਮ ਜੋ ਤਿਨ ਕੋ ਪੂਜਨ ਜਾਵਉ । ਹੌਂ[6] ਨਿਜ ਮਨ ਕੋ ਕਿਉਂ ਭਰਮਾਵਉਂ'।
ਸੁਣਕੈ ਬਰੁਨ ਭਨੀ ਪੁਨ ਬਾਨੀ । 'ਸ੍ਰੀ ਨਾਨਕ ਲਖ ਗਨ ਗੁਨਖਾਨੀ॥੧੪॥

ਨਰਨ ਉਧਾਰਨ[7] ਹਿਤ ਅਵਤਾਰਾ । ਧਰਜੋ ਦੇਹ ਨਿਜ ਸ੍ਰੀ ਕਰਤਾਰਾ।
ਦ੍ਰਿਢ ਸਰਧਾ ਧਰ ਭਰਮਹੁ ਨਾਂਹੀ । ਚਰਨ ਕਮਲ ਸੇਵਹੁ ਤੁਮ ਤਾਂਹੀ'॥੧੫॥

ਸੁਨ ਕਰ ਸੈਦੋ ਘਿਉ ਤਿਹਕਾਲਾ । ਆਯੋ ਜਹਿਂ ਬੈਠਜੋ ਪ੍ਰਭੁ ਦਜਾਲਾ।
ਅਭਿਬੰਦਨ[8] ਕਰ ਬੈਠ ਸਮੀਪਾ । ਪਿਖ ਬੋਲੇ ਬੇਦੀ ਕੁਲਦੀਪਾ ॥੧੬॥

'ਤੂੰ ਕਿਉਂ ਆਯੋ ਨਿਸਾ ਮਝਾਰੀ । ਆਵਤ ਹੁਤੋ ਹੋਤ ਭੁਨਸਾਰੀ[9]'।
ਨਿਜ ਬ੍ਰਿਤਾਂਤ ਤਿਨ ਸਰਬ ਬਖਾਨਾ । 'ਪ੍ਰਭੁ ਜੀ ਤੁਮਰੋ ਭੇਦ ਨ ਜਾਨਾ॥੧੭॥

SikhBookClub.Com

ਉਦੋਂ ਉਹ ਨਦੀ ਦੇ ਕੰਢੇ ਵੱਲ ਚੱਲ ਪਿਆ। ਰਾਹ[1] ਵਿਚ ਉਸ ਨੂੰ ਇਕ ਮਨੁੱਖ ਮਿਲਿਆ, ਜਿਸ ਦੇ ਹੱਥ ਵਿਚ ਇਕ ਮੱਛੀ[2] (ਫੜੀ ਹੋਈ) ਸੀ। ਉਸ ਨੂੰ ਵੇਖ ਕੇ ਸੈਦੋ ਪੁੱਛਣ ਲੱਗਿਆ ॥੯॥

"ਤੂੰ ਕੌਣ ਹੈਂ ਤੇ ਐਨੀ ਰਾਤ ਵਿਚ ਕਿੱਧਰ ਜਾ ਰਿਹਾ ਹੈਂ? ਤੂੰ ਚੋਰ[3] ਹੈਂ ਕਿ ਸਿੱਖ ਹੈਂ? ਉਸ ਬੰਦੇ ਨੇ ਇਹ ਸੁਣ ਕੇ ਉੱਤਰ ਦਿੱਤਾ, "ਮੈਨੂੰ ਕੋਈ ਚੋਰ ਨਾ ਜਾਣ! ॥੧੦॥

ਮੈਨੂੰ ਸਾਰੀਆਂ ਨਦੀਆਂ ਦਾ ਸਵਾਮੀ[4] ਜਾਣ! ਸਮਝ ਲੈ ਕਿ ਮੇਰਾ ਨਾਮ 'ਵਰੁਣ' ਹੈ। ਮੈਂ ਗੁਰੂ ਜੀ ਦੀ ਪੂਜਾ ਕਰਨ ਲਈ ਜਾਂਦਾ ਹਾਂ ਅਤੇ ਰੋਜ਼ਾਨਾ ਪੂਜਾ ਕਰਕੇ, ਉਨ੍ਹਾਂ ਦੇ ਦਰਸ਼ਨ ਕਰ ਆਉਂਦਾ ਹਾਂ।" ॥੧੧॥

ਸੈਦੋ ਘੋਉ ਨੇ ਸੁਣ ਕੇ ਕਿਹਾ, "ਮੈਂ ਤਾਂ ਆਪਣੇ ਮਨ ਵਿਚ ਕੁਝ ਹੋਰ ਹੀ ਸੋਚਿਆ ਸੀ ਕਿ ਗੁਰੂ ਜੀ ਤੁਹਾਡੀ ਸੇਵਾ (ਪੂਜਾ) ਕਰਦੇ ਹਨ ਤੇ ਤਾਂ ਹੀ ਉਨ੍ਹਾਂ ਵਿਚ ਐਨੀ ਵਡਿਆਈ (ਸ਼ਕਤੀ) ਪੈਦਾ ਹੋ ਚੁੱਕੀ ਹੈ। ॥੧੨॥

ਸਾਰੀਆਂ ਰਿੱਧੀਆਂ-ਸਿੱਧੀਆਂ ਉਨ੍ਹਾਂ ਨੇ ਤੁਹਾਡੇ ਪਾਸੋਂ ਹੀ ਪ੍ਰਾਪਤ ਕੀਤੀਆਂ ਹਨ। ਮੈਂ ਤਾਂ ਇਸ ਤਰਾਂ ਦੀ ਸੋਚ ਹੀ ਮਨ ਵਿਚ ਵਸਾਈ ਹੋਈ ਸੀ ਅਤੇ ਮੈਂ (ਇਹੋ ਹੀ ਸੋਚ ਕੇ) ਤੁਹਾਡੀ[5] ਸੇਵਾ ਕਰਨ ਲਈ ਚੱਲ ਪਿਆ ਸਾਂ, ਤੁਸੀਂ ਤਾਂ ਮਿਲ ਕੇ ਸਾਰਾ ਕੁਝ ਹੀ ਦੱਸ ਦਿੱਤਾ ਹੈ। ॥੧੩॥

ਤੁਸੀਂ ਜੋ ਉਨ੍ਹਾਂ ਨੂੰ (ਗੁਰੂ ਜੀ ਨੂੰ) ਪੂਜਣ ਜਾਂਦੇ ਹੋ, ਮੈਂ[6] ਕਿਉਂ ਆਪਣੇ ਮਨ ਨੂੰ ਉਲਝਣ (ਭਰਮ) ਵਿਚ ਪਾਵਾਂ।" ਉਸ (ਸੈਦੋ) ਨੂੰ ਸੁਣ ਕੇ ਵਰੁਣ ਨੇ ਫਿਰ ਕਿਹਾ, "ਸ੍ਰੀ ਗੁਰੂ ਜੀ ਨੂੰ ਗੁਣਾਂ ਦੀ ਖਾਣ ਜਾਣ! ॥੧੪॥

ਉਨ੍ਹਾਂ ਨੇ ਤਾਂ ਲੋਕਾਂ ਦਾ ਉਧਾਰ[7] ਕਰਨ ਲਈ ਅਵਤਾਰ ਲਿਆ ਹੈ। ਕਰਤਾਰ ਨੇ ਆਪ ਹੀ (ਦੇਹੀ ਰੂਪ ਵਿਚ) ਸਰੀਰ ਧਾਰਨ ਕੀਤਾ ਹੈ। ਮਨ ਵਿਚ ਦ੍ਰਿੜ੍ਹ ਸ਼ਰਧਾ ਧਾਰ ਕੇ ਤੂੰ ਉਨ੍ਹਾਂ ਦੇ ਚਰਨ ਕਮਲਾਂ ਵਿਚ ਸੇਵਾ ਕਰ। ਕਿਸੇ ਭਰਮ ਵਿਚ ਨਾ ਪੈ।" ॥੧੫॥

ਸੈਦੋ ਘੋਉ (ਇਹ ਸਾਰਾ ਕੁਝ) ਸੁਣ ਕੇ ਉਸੀ ਵਕਤ ਉਥੇ ਆ ਗਿਆ, ਜਿੱਥੇ ਕਿਰਪਾਲੂ ਗੁਰੂ ਜੀ ਬੈਠੇ ਹੋਏ ਸਨ। ਨਮਸਕਾਰ[8] ਕਰਕੇ (ਜਦ) ਉਨ੍ਹਾਂ ਪਾਸ ਬੈਠਾ, (ਤਾਂ) ਦੇਖ ਕੇ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਬੋਲੇ। ॥੧੬॥

"ਤੂੰ ਅੱਧੀ ਰਾਤ ਨੂੰ ਕਿਉਂ ਆਇਆ ਹੈਂ? ਅੱਗੇ ਦਿਨ[9] ਚੜ੍ਹੇ ਆਇਆ ਕਰਦਾ ਸੀ।" ਤਾਂ ਸੈਦੋ ਨੇ ਆਪਣੇ ਨਾਲ ਜੋ ਬੀਤੀ, ਸਾਰੀ ਗੱਲ ਦੱਸੀ, "ਹੇ ਪ੍ਰਭੂ ਜੀ ਮੈਂ ਆਪ ਦੇ ਭੇਦ ਨੂੰ ਜਾਣ ਨਹੀਂ ਸੀ ਸਕਿਆ। ॥੧੭॥

SikhBookClub.Com

ਯਾਂਤੇ ਮੈ ਭਰਮਜੋ ਮਤਿ ਮੂਢਾ । ਅਬ ਮੈਂ ਲਖਜੋ ਪ੍ਰਤਾਪ ਜੁ ਗੂਢਾ[1]'।
ਸਭ ਬਿਧਿ ਸੁਨਕੈ ਸ੍ਰੀ ਗੁਨਖਾਨੀ । ਉਚਰਜੋ ਸਬਦ ਮ੍ਰਿਦੁਲ[2] ਮੁਖ ਬਾਨੀ॥੧੮॥

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥
ਸਤੀ ਪਹਰੀ ਸਤੁ ਭਲਾ ਬਹੀਐ ਪਤਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥
(ਗੁ. ਗ੍ਰੰ. ਸਾਹਿਬ, ਪੰਨਾ ੧੪੯)

ਚੌਪਈ

ਸੁਨ ਬਾਨੀ ਕੋ ਸਰਧਾ ਹੋਈ।ਸੇਵਾ ਕਰਨ ਲਗਾ ਪੁਨ ਸੋਈ।
ਗੁਰ ਕੇ ਸਬਦ ਲਿਖਹਿ ਬੀਚਾਰਹਿ।ਸੁਨਹਿ ਪ੍ਰੇਮ ਸੋਂ ਬਹੁਰ ਉਚਾਰਹਿ॥੧੯॥

ਬੈਠਹਿਂ ਨਿਤ ਸ੍ਰੀ ਗੁਰ ਧ੍ਰਮਸਾਲਾ । ਹੋਤ ਕੀਰਤਨ ਪ੍ਰੇਮ ਬਿਸਾਲਾ।
ਦੇਸ਼ ਦੇਸ਼ ਤੇ ਸੁਨ ਜਸ ਗੁਰ ਕੋ । ਮਾਨਵ[3] ਅਏ ਪ੍ਰੇਮ ਕਰ ਉਰ ਕੋ॥੨੦॥

ਆਇ ਸਕਾਮ[4], ਸੁ ਪੂਰਨ ਹੋਵਹਿਂ । ਜੇ ਨਿਸ਼ਕਾਮ ਗਜ਼ਾਨ ਸੁਖ ਜੋਵਹਿਂ ।
ਭੀਰ ਭੂਰ ਨਿਤ ਪੁਰਕਰਤਾਰਾ । ਹੋਵਹਿ ਦੇਗ[5] ਬਿਸਾਲ ਅਹਾਰਾ ॥੨੧॥

SikhBookClub.Com

ਇਸ ਕਰਕੇ ਮੈਂ ਮੂਰਖ ਮੱਤ ਵਾਲਾ ਭਰਮ ਗਿਆ ਸੀ।ਹੁਣ ਮੈਂ ਆਪ ਦੇ ਵੱਡੇ[1] ਪਰਤਾਪ ਨੂੰ ਜਾਣ ਗਿਆ ਹਾਂ।" ਉਸ ਦੀ ਸਾਰੀ ਕਹਾਣੀ ਸੁਣ ਕੇ ਗੁਣਾਂ ਦੀ ਖਾਣ (ਗੁਰੂ ਜੀ) ਨੇ ਆਪਣੇ ਕੋਮਲ[2] ਮੁੱਖ ਤੋਂ ਇਸ ਸ਼ਬਦ ਦਾ ਉਚਾਰਨ ਕੀਤਾ। ॥੧੮॥

ਦਿਨ ਰਾਤ ਦੇ ਅੱਠਾਂ ਪਹਿਰਾਂ ਅੰਦਰ ਹੇ ਜੀਵ! ਤੂੰ ਅੱਠ ਚੀਜ਼ਾਂ ਨੂੰ ਨਾਸ਼ ਕਰ। ਪੰਜ ਪ੍ਰਾਣ ਨਾਸ਼ਕ ਪਾਪ ਅਤੇ ਤਿੰਨ ਗੁਣ। ਨੌਵੀਂ ਥਾਂ 'ਤੇ ਤੂੰ ਆਪਣੀ ਦੇਹ ਨੂੰ ਕਾਬੂ ਕਰ। ਉਸ ਦੇਹ ਅੰਦਰ ਅਦੁੱਤੀ ਸਾਹਿਬ ਦੇ ਨਾਮ ਦੇ ਨੌਂ ਖ਼ਜ਼ਾਨੇ ਹਨ। ਨੇਕ ਅਤੇ ਗੰਭੀਰ ਪੁਰਸ਼ ਉਨ੍ਹਾਂ ਖ਼ਜ਼ਾਨਿਆਂ ਨੂੰ ਲੱਭਦੇ ਹਨ। ਗੁਰਾਂ ਨੂੰ ਆਪਣਾ ਰੂਹਾਨੀ ਰਹਿਬਰ ਬਣਾ ਕੇ ਭਾਗਾਂ ਵਾਲੇ ਸਾਹਿਬ ਦਾ ਜਸ-ਗਾਇਨ ਕਰਦੇ ਹਨ, ਹੇ ਨਾਨਕ!

ਅੰਮ੍ਰਿਤ-ਵੇਲੇ ਦੇ ਚੌਥੇ ਪਹਿਰ ਅੰਦਰ ਉਤਕ੍ਰਿਸ਼ਟਤ ਸਮਝ ਵਾਲੇ ਬੰਦਿਆਂ ਦੇ ਮਨ ਵਿਚ ਉਮਾਹ ਪੈਦਾ ਹੁੰਦਾ ਹੈ। ਉਨ੍ਹਾਂ ਦੀ ਦੋਸਤੀ ਦਰਿਆਵਾਂ ਨਾਲ ਹੈ ਅਤੇ ਉਨ੍ਹਾਂ ਦੇ ਮਨ ਅਤੇ ਮੂੰਹ ਵਿਚ ਸੱਚਾ ਨਾਮ ਹੈ। ਉਥੇ ਅੰਮ੍ਰਿਤ-ਰਸ ਵਰਤਿਆ ਜਾਂਦਾ ਹੈ ਅਤੇ ਭਾਗਾਂ ਵਾਲਿਆਂ ਨੂੰ ਨਾਮ ਦੀ ਦਾਤ ਮਿਲਦੀ ਹੈ। ਸਰੀਰ ਸੋਨੇ ਦੀ ਤਰਾਂ ਪਰਖਿਆ ਜਾਂਦਾ ਹੈ ਤੇ ਉਹ ਆਤਮਕ ਉਨਤੀ ਦਾ ਰੰਗ ਧਾਰਨ ਕਰ ਲੈਂਦਾ ਹੈ। ਜੇਕਰ ਜਵਾਹਰੀ ਆਪਣੀ ਮਿਹਰ ਦੀ ਨਜ਼ਰ ਕਰੇ ਤਾਂ ਇਹ ਮੁੜ ਕੇ ਅੱਗ ਵਿਚ ਨਹੀਂ ਪਾਇਆ ਜਾਂਦਾ। ਬਾਕੀ ਦਿਆਂ ਸੱਤਾਂ ਪਹਿਰਾਂ ਅੰਦਰ ਸੱਚ ਬੋਲਣਾ ਤੇ ਵਿਦਵਾਨਾਂ ਦੇ ਕੋਲ ਬੈਠਣਾ ਚੰਗਾ ਹੈ। ਉਥੇ ਬਦੀ ਤੇ ਨੇਕੀ ਦੀ ਪਹਿਚਾਣ ਹੁੰਦੀ ਹੈ ਅਤੇ ਝੂਠਾਂ ਦੀ ਪੂੰਜੀ ਘੱਟ ਹੁੰਦੀ ਹੈ। ਉਥੇ ਨਕਲੀ ਪਰੇ ਸੁਟੇ ਜਾਂਦੇ ਹਨ ਤੇ ਅਸਲੀਆਂ ਨੂੰ ਵਾਹ-ਵਾਹ ਮਿਲਦੀ ਹੈ। ਖੇਫ਼ਾਇਦਾ ਹੈ ਇਨਸਾਨ ਦਾ ਬੋਲਣ-ਚੱਲਣ, ਹੇ ਨਾਨਕ! ਖੁਸ਼ੀ ਤੇ ਗ਼ਮੀ ਮਾਲਕ ਦੇ ਵੱਸ ਵਿਚ ਹੈ। *(ਗੁ. ਗ੍ਰੰ. ਸਾਹਿਬ, ਪੰਨਾ 146)*

ਚੌਪਈ

ਸ੍ਰੀ ਗੁਰੂ ਜੀ ਦੁਆਰਾ ਇਸ ਸ਼ਬਦ ਦਾ ਉਚਾਰਨ ਸੁਣ ਕੇ ਉਸ ਦੇ ਮਨ ਵਿਚ ਸ਼ਰਧਾ ਵਧ ਗਈ ਤੇ ਫਿਰ ਗੁਰੂ ਜੀ ਦੀ ਸੇਵਾ ਵਿਚ ਜੁਟ ਗਿਆ ਸੀ। ਉਹ ਗੁਰੂ ਜੀ ਦੇ ਸ਼ਬਦ ਨੂੰ ਲਿਖਦਾ ਤੇ ਫਿਰ ਉਸ ਉੱਪਰ ਵਿਚਾਰ ਕਰਦਾ। ਉਹ ਉਨ੍ਹਾਂ ਸ਼ਬਦਾਂ ਨੂੰ ਬਹੁਤ ਹੀ ਪ੍ਰੇਮ ਨਾਲ ਸੁਣਦਾ ਤੇ ਫੇਰ ਬਾਅਦ ਵਿਚ ਉਚਾਰਨ ਕਰਦਾ। ॥੧੯॥

(ਇਸ ਤਰਾਂ) ਗੁਰੂ ਜੀ ਰੋਜ਼ਾਨਾ ਧਰਮਸ਼ਾਲਾ ਵਿਚ ਬੈਠਦੇ। (ਉੱਥੇ) ਬਹੁਤ ਹੀ ਪ੍ਰੇਮ ਸਹਿਤ (ਪ੍ਰਭੂ ਦੇ ਨਾਮ-ਸਿਮਰਨ ਦਾ) ਵਿਸ਼ਾਲ ਕੀਰਤਨ ਹੁੰਦਾ। ਗੁਰੂ ਜੀ ਦੀ ਮਹਿਮਾ ਸੁਣ ਕੇ ਮਨੁੱਖ[3] (ਦੂਰ-ਦੂਰ) ਦੇਸ਼ਾਂ-ਵਿਦੇਸ਼ਾਂ ਤੋਂ, ਮਨ ਵਿਚ ਸ਼ਰਧਾ ਧਾਰ ਕੇ ਆਉਂਦੇ। ॥੨੦॥

ਕਾਮਨਾ[4] ਸਹਿਤ ਆਇਆਂ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ। ਜੋ ਲੋਕ ਨਿਸ਼ਕਾਮ ਆਉਂਦੇ, ਉਨ੍ਹਾਂ ਨੂੰ ਸੁੱਖ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ। ਕਰਤਾਰਪੁਰ ਵਿਚ ਰੋਜ਼ਾਨਾ ਬਹੁਤ ਇਕੱਠ ਹੋਇਆ ਕਰਦਾ ਤੇ ਲੰਗਰ[5] ਵਿਚ ਖੁੱਲ੍ਹਾ-ਡੁੱਲ੍ਹਾ ਭੋਜਨ ਤਿਆਰ ਹੁੰਦਾ। ॥੨੧॥

SikhBookClub.Com

ਬੈਠੇ ਹੁਤੇ ਏਕ ਨਰ ਆਯੋ । ਬੰਦਨ ਕਰਕੈ ਬੈਨ ਅਲਾਯੋ[1]।
'ਸਿੱਖੀ ਕਿਯੋਂ ਫਕੀਰੀ ਕਰੋਂ? । ਧਰਮ ਗ੍ਰਿਸਤ ਕੋ ਕੈ ਉਰ ਧਰੋਂ?॥੨੨॥

ਜਿਉਂ ਰਾਵਰ ਕੀ ਹੋਇ ਰਜਾਇ । ਤਿਉਂ ਕਰ ਹੌਂ ਸੁਭ ਦੇਹੁ ਬਤਾਇ।
ਸੁਨਜੋ ਆਪ ਕੋ ਜਸ ਮੈਂ ਭਾਰੀ । ਚਲ ਆਯੋ ਹਿਤ ਬੂਝਨ[2] ਕਾਰੀ'॥੨੩॥

ਦੋਹਰਾ

ਬੋਲੇ ਕ੍ਰਿਪਾ ਨਿਧਾਨਿ ਤਬ 'ਪ੍ਰਿਥਮ ਕਰਹੁ ਅਸ ਕਾਜ।
ਹਮਰੀ ਲੇ ਅਰਦਾਸ ਤੁਮ ਗਮਨਹੁ[3] ਤੂਰਨ ਆਜ॥੨੪॥

ਚੌਪਈ

ਬਸੈ ਸਿੱਖ ਅਮਕੇ[4] ਜੋ ਗ੍ਰਾਮੂ । ਬੂਝ ਨਾਮ ਜਾਵਹੁ ਤਿਹ ਧਾਮੂ।
ਦੋਸੈ ਪ੍ਰਿਥਮ ਰੁਪੱਯੇ ਲੇਕਰ । ਪਾਛੇ[5] ਭੋਜਨ ਅਚਿਯੋ ਤਿਹ ਘਰ॥੨੫॥

ਬਹੁਰੋ ਜਬ ਤੂੰ ਹਟ ਕਰ ਆਵਹਿਂ । ਇਹ ਉੱਤਰ ਹਮ ਤਬਹਿਂ ਬਤਾਵਹਿਂ'।
ਹੁਕਮ ਨਾਮ ਲੇਕਰ ਵਹੁ ਆਸੂ[6] । ਸ਼ੀਘਰ ਗਯੋ ਤਾਂਹਿ ਸਿਖ ਪਾਸੂ॥੨੬॥

ਅਤਿਸ਼ੈ ਘਰ ਤੇ ਨਿਰਧਨ ਸੋਈ । ਕਬ ਕਬ ਭੋਜਨ ਪ੍ਰਾਪਤਿ ਹੋਈ।
ਏਕ ਸਿੱਖਜ, ਤਿਯ ਦੁਤਿਯ[7] ਭਲੇਰੀ । ਤੀਜੀ ਤਨੁਜਾ[8] ਹੈ ਤਿਨ ਕੇਰੀ॥੨੭॥

ਹੁਕਮ ਸੁ ਨਾਮਾ ਦਿਯ ਗੁਰ ਜਬਹੀ । ਅਧਿਕ ਪ੍ਰੇਮ ਕਰ ਬੰਦਹਿ ਤਬਹੀ।
ਸਾਦਰ ਸੋਂ ਤਿਹ ਮੰਚ[9] ਬਸਾਇ । ਚਰਨ ਪਖਾਰੇ ਕਰ ਬਹੁ ਭਾਇ॥੨੮॥

ਬਹੁਰ ਕਹਜੋ 'ਭੋਜਨ ਕਰ ਲੀਜੈ । ਦੂਰ ਸੁ ਸ਼੍ਰਮ ਮਾਰਗ ਕੋ ਲੀਜੈ'।
ਸਿਖ ਸੋਂ ਤਿਸਨੇ ਬਚਨ ਅਲਾਏ । 'ਗੁਰ ਕੋ ਹੁਕਮ ਨ ਭੋਜਨ ਖਾਏ॥੨੯॥

ਪੂਰਬ ਸਰਬ ਦਰਬ[10] ਕੋ ਲੇਈ।ਪਾਛੇ ਤੇ ਘਰ ਅਸਨ ਅਚੇਈ'।
ਸੁਨ ਕੈ ਸਿੱਖ ਸੁ ਤੂਸ਼ਨ ਰਹਜੋ । ਬਧੀ ਚਿੰਤ ਸਰਿਤਾ ਮਨ ਬਹਜੋ ॥੩੦॥

SikhBookClub.Com

(ਇੱਕ ਦਿਨ ਗੁਰੂ ਜੀ) ਬੈਠੇ ਸਨ ਤਾਂ ਇਕ ਆਦਮੀ ਆਇਆ। ਉਸ ਨੇ ਨਮਸਕਾਰ ਕਰਕੇ ਆਖਿਆ[1], "(ਮਹਾਰਾਜ ਜੀ ਮੈਨੂੰ ਦੱਸੋ) ਮੈਂ ਸਿੱਖੀ ਧਾਰਨ ਕਰਾਂ ਜਾਂ ਫ਼ਕੀਰੀ? ਜਾਂ ਫਿਰ ਹਿਰਦੇ ਵਿਚ ਗ੍ਰਿਹਸਤ-ਧਰਮ ਧਾਰਨ ਕਰ ਲਵਾਂ? ॥੨੨॥

ਜਿਸ ਤਰਾਂ ਵੀ ਆਪ ਜੀ ਦੀ ਆਗਿਆ ਹੋਵੇ, ਮੈਂ ਉਸੇ ਤਰਾਂ ਨਾਲ ਹੀ ਕਰ ਲਵਾਂਗਾ। ਮੈਨੂੰ ਚੰਗੀ ਤਰਾਂ ਦੱਸ ਦੇਵੋ। ਮੈਂ ਆਪ ਦੀ ਬਹੁਤ ਮਹਿਮਾ ਸੁਣੀ ਹੈ, ਇਸ ਕਰਕੇ ਹੀ ਆਪ ਪਾਸੋਂ ਇਹ ਪੁੱਛਣ[2] ਲਈ ਚੱਲ ਆਇਆ ਹਾਂ।" ॥੨੩॥

ਦੋਹਰਾ

ਤਾਂ ਕਿਰਪਾ ਦੇ ਭੰਡਾਰ (ਗੁਰੂ ਜੀ) ਨੇ ਕਿਹਾ, "ਸਭ ਤੋਂ ਪਹਿਲਾਂ ਤੂੰ ਇਸ ਤਰਾਂ ਕੰਮ ਕਰ, ਤੂੰ ਸਾਡੀ ਬੇਨਤੀ (ਆਦੇਸ਼) ਲੈ ਕੇ, ਅੱਜ (ਹੁਣੇ) ਹੀ ਜਲਦੀ ਨਾਲ ਤੁਰ[3] ਪਉ। ॥੨੪॥

ਚੌਪਈ

ਉਸ (ਫਲਾਣੇ)[4] ਪਿੰਡ ਵਿਚ ਸਾਡਾ ਇੱਕ ਸਿੱਖ ਰਹਿੰਦਾ ਹੈ, ਉਸ ਦਾ ਨਾਂ ਪੁੱਛ ਕੇ ਉਸ ਦੇ ਘਰ ਚਲੇ ਜਾਣਾ। ਪਹਿਲਾਂ ਉਸ ਪਾਸੋਂ ਦੋ ਸੌ ਰੁਪਏ ਲੈਣੇ ਤੇ ਫੇਰ ਪਿੱਛੋਂ[5] ਉਸ ਦੇ ਘਰੋਂ ਭੋਜਨ ਛਕਣਾ। ॥੨੫॥

ਫਿਰ ਜਦ ਤੂੰ ਪਰਤ ਕੇ ਵਾਪਸ ਆਵੇਂਗਾ ਤਾਂ ਅਸੀਂ ਤੈਨੂੰ ਇਸ ਦਾ ਉੱਤਰ ਦੱਸ ਦੇਵਾਂਗੇ।" ਉਹ ਸਿੱਖ, ਗੁਰੂ ਜੀ ਦਾ ਇਸ ਤਰਾਂ ਹੁਕਮ ਲੈ ਕੇ ਜਲਦੀ[6] ਨਾਲ ਉਸ ਦੇ ਕੋਲ ਜਾ ਪਹੁੰਚਿਆ ॥੨੬॥

ਅੱਗੇ ਉਹ (ਸਿੱਖ) ਘਰੋਂ ਬਹੁਤ ਗ਼ਰੀਬ ਸੀ । (ਉਸ ਨੂੰ) ਕਦੇ ਕਦੇ ਹੀ ਖਾਣ ਨੂੰ ਭੋਜਨ ਮਿਲਦਾ ਸੀ । (ਘਰ ਵਿਚ) ਇਕ ਸਿੱਖ ਤੇ ਦੂਸਰੀ[7] ਉਸ ਦੀ ਸੁਸ਼ੀਲ-ਪਤਨੀ ਸੀ ਅਤੇ ਤੀਸਰੀ ਉਨ੍ਹਾਂ ਦੀ ਇੱਕ ਧੀ[8] ਸੀ। ॥੨੭॥

ਜਿਉਂ ਹੀ ਗੁਰੂ ਜੀ ਦਾ ਦਿੱਤਾ ਹੋਇਆ ਹੁਕਮਨਾਮਾ ਉਸ ਸਿਖ ਨੂੰ ਦਿੱਤਾ ਤਾਂ ਅੱਗੋਂ (ਸਿੱਖ ਨੇ) ਬਹੁਤ ਪ੍ਰੇਮ-ਭਾਵ ਨਾਲ ਉਸ ਨੂੰ ਨਮਸਕਾਰ ਕੀਤੀ। ਬਹੁਤ ਆਦਰ-ਸਤਿਕਾਰ ਸਹਿਤ ਉਸ ਨੂੰ ਮੰਜੇ[9] 'ਤੇ ਬਿਠਾਇਆ ਤੇ ਬੜੇ ਪ੍ਰੇਮ ਨਾਲ ਉਸ ਦੇ ਚਰਨ ਧੋਤੇ। ॥੨੮॥

ਫਿਰ ਉਸ (ਸਿੱਖ) ਨੇ ਕਿਹਾ, "(ਪਹਿਲਾਂ) ਭੋਜਨ ਛਕ ਲਵੋ ਤੇ ਪੈਂਡੇ ਦੀ ਥਕਾਵਟ ਦੂਰ ਕਰ ਲਵੋ।" (ਤਾਂ ਹੁਕਮਨਾਮੀਏ ਨੇ) ਉਸ ਸਿੱਖ ਨੂੰ ਕਿਹਾ, "ਗੁਰੂ ਜੀ ਦਾ ਹੁਕਮ ਹੈ, (ਤਦ ਤੱਕ) ਭੋਜਨ ਨਹੀਂ ਖਾਣਾ। ॥੨੯॥

ਪਹਿਲਾਂ (ਉਸ ਤੋਂ) ਸਾਰੇ ਪੈਸੇ[10] ਲੈ ਲੈਣੇ, ਫਿਰ ਉਸ ਦੇ ਘਰ ਦਾ ਖਾਣਾ ਖਾਣਾ।" ਉਸ ਦੀ ਗੱਲ ਸੁਣ ਕੇ ਸਿੱਖ ਚੁੱਪ ਰਿਹਾ। ਉਸ ਦਾ ਮਨ ਚਿੰਤਾ ਰੂਪੀ ਨਦੀ ਵਿਚ ਵਹਿਣ ਲੱਗਾ। ॥੩੦॥

SikhBookClub.Com

—ਕਿਹ ਤੇ ਦੇਉਂ ਕਰੋਂ ਕਜਾ ਕਾਜਾ? । ਸਿੱਖੀ ਪਰਣ[1] ਰਹੇ ਕਿਵ ਆਜਾ।
ਘਰ ਮੈਂ ਸੌਜ[2] ਨਹੀਂ ਅਸ ਕੋਈ । ਬੇਚ ਬਜਾਰ ਦੇਉਂ ਧਨ ਜੋਈ— ॥੩੧॥

ਦੋਹਰਾ

ਤਿਹ ਤਨੁਜਾ ਕੋ ਪੰਚ ਸੈ[3] ਹੁਤੋ ਸ਼ਾਹੁ ਇਕ ਦੇਤ।
ਅਘ ਕੋ ਦਰਬ ਪਛਾਨ ਕੈ ਸਿੱਖ ਨ ਪੂਰਬ ਲੇਤ॥੩੨॥

ਚੌਪਈ

ਦੈ ਘਟਕਾ ਬੀਤੀ ਜਬ ਬੈਸੇ[4] । ਤਿਹ ਅੰਗਨਾਂ ਬੋਲੀ ਤਬ ਐਸੇ।
'ਕਿਉਂ ਚਿੰਤਾ ਚਿਤ ਮੈਂ ਤਵ ਕੀਨੰ? । ਜੋ ਹਮ ਢਿਗ ਸੋ ਸਤਗੁਰ ਦੀਨੰ॥੩੩॥

ਲੇਹੁ ਸੁਤਾ ਕੋ ਦੈ ਸੋ ਅਬਹੀ । ਸਤਗੁਰ ਹੇਤ ਦੇਹੁ ਸੋ ਤਬਹੀ ।
ਜੇ ਨਿਜ ਹਿਤ ਲੇਵੈਂ ਅਘ[5] ਹੋਇ । ਪਰਉਪਕਾਰ ਦੋਸ਼ ਨਹਿਂ ਕੋਇ॥੩੪॥

ਤੂਰਨ ਕੀਜੈ ਉਠਕਰ ਕਾਜਾ । ਰਾਖਹੁ ਸਿੱਖੀ ਕੋ ਪ੍ਰਨ ਆਜਾ'।
ਸੁਨ ਸਲਾਹ ਐਸੀ ਨਿਜ ਤਿਯ ਕੀ । ਮਾਨੀ ਮਨ ਕਰ ਭਾਵਤ ਨੀਕੀ[6] ॥੩੫॥

ਦੋਹਰਾ

ਗਮਨਜੋ ਢਿਗ ਤਬ ਸ਼ਾਹ ਕੇ ਬੈਠਜੋ ਬਚਨ ਅਲਾਇ ।
'ਸਹਸ ਅਢਾਈ ਦਰਬ ਦੇ ਸੁਤਾ ਬਜਾਹ[7] ਲੈ ਜਾਇ' ॥੩੬॥ (*3)

ਚੌਪਈ

ਕਹੈ ਸ਼ਾਹੁ 'ਤੁਮ ਲੇਹੁ ਬਧੇਰੇ । ਦਰਬ ਬਿਸਾਲ ਸਦਨ ਮਹਿਂ ਮੇਰੇ।
ਦਾਰਿਦ[8] ਏਕ ਬਾਰ ਨਿਜ ਖੋਈ । ਸੁਖ ਪਾਵਹੁ, ਕਰ ਸ਼ੰਕ ਨ ਕੋਈ'॥੩੭॥

'ਸੁਨਹੁ, ਚਾਹਿ ਮੁਝ ਅਵਰ ਨ ਕੋਈ । ਜਾਚੇ ਜਿਤੇ ਦੀਜਿਯੇ ਸੋਈ'।
ਅਸਕਹਿ ਲੇ ਤਬ ਸਹਸ ਅਢਾਈ[9] । ਆਨ ਸਿੱਖ ਕੀ ਭੇਟ ਚਢਾਈ॥੩੮॥

SikhBookClub.Com

-ਮੈਂ ਕੀ ਕੰਮ ਕਰਾਂ, ਇਸਨੂੰ ਪੈਸੇ ਕਿੱਥੋਂ ਦੇਵਾਂ? ਅੱਜ ਮੇਰਾ ਸਿੱਖੀ ਦਾ ਪ੍ਰਣ[1] ਕਿਵੇਂ ਰਹੇ? ਘਰ ਵਿਚ ਐਸੀ ਸਮੱਗਰੀ ਸਮਾਨ[2] ਵੀ ਕੋਈ ਨਹੀਂ ਹੈ, ਜਿਸ ਨੂੰ ਬਜ਼ਾਰ ਵਿਚ ਵੇਚ ਕੇ ਉਸ ਨੂੰ ਪੈਸੇ (ਰਕਮ) ਦੇ ਦੇਵਾਂ_। ॥੩੧॥

ਦੋਹਰਾ

ਇਕ ਸ਼ਾਹੂਕਾਰ, ਉਸ ਦੀ ਲੜਕੀ ਦੇ (ਰਿਸ਼ਤੇ ਵਾਸਤੇ) ਪੰਜ ਸੌ[3] ਰੁਪਏ ਦਿੰਦਾ ਸੀ ਪਰ (ਉਸ ਸਿੱਖ ਨੇ ਇਸ ਮਾਇਆ ਨੂੰ) ਪਾਪ ਦਾ ਧਨ ਸਮਝ ਕੇ ਪਹਿਲਾਂ ਨਹੀਂ ਸੀ ਲਿਆ। ॥੩੨॥

ਚੌਪਈ

ਜਦ ਬੈਠਿਆਂ[4] ਦੋ ਘੜੀਆਂ ਬੀਤ ਗਈਆਂ ਤਾਂ ਉਸ ਦੀ ਪਤਨੀ ਨੇ ਇਉਂ ਕਿਹਾ, "ਤੁਸੀਂ ਮਨ ਵਿਚ ਚਿੰਤਾ ਕਿਉਂ ਕਰਦੇ ਹੋ?" ਜੋ ਆਪਣੇ ਕੋਲ ਹੈ, ਆਪਾਂ ਸਤਿਗੁਰੂ ਜੀ ਨੂੰ ਦੇ ਦਿੰਦੇ ਹਾਂ। ॥੩੩॥

ਤੁਸੀਂ ਲੜਕੀ ਦੇ ਕੇ (ਸ਼ਾਹੂਕਾਰ ਪਾਸੋਂ) ਹੁਣੇ ਹੀ ਦੋ ਸੌ ਰੁਪਈਆ ਲੈ ਆਵੋ ਤੇ ਗੁਰੂ ਜੀ ਦੇ ਵਾਸਤੇ ਦੇ ਦੇਵੋ। ਜੇ ਅਸੀਂ ਆਪਣੇ ਲਾਭ ਵਾਸਤੇ ਲਈਏ ਤਾਂ ਹੀ ਪਾਪ[5] ਹੋਵੇਗਾ। ਪਰਉਪਕਾਰ ਕਰਨ ਲਈ ਕੋਈ ਪਾਪ ਨਹੀਂ ਲੱਗਦਾ। ॥੩੪॥

ਉਠ ਕੇ ਛੇਤੀ ਨਾਲ ਇਹ ਕੰਮ ਕਰੋ ਤੇ ਅੱਜ ਸਿੱਖੀ ਦੇ ਪ੍ਰਣ ਨੂੰ ਰੱਖ ਲਵੋ।" ਆਪਣੀ ਘਰ ਵਾਲੀ ਦੀ ਇਹ ਰਾਏ ਸੁਣੀ ਤਾਂ ਮਨ ਵਿੱਚ ਚੰਗੀ[6] ਜਾਣ ਕੇ ਉਸ ਨੇ ਮੰਨ ਲਈ। ॥੩੫॥

ਦੋਹਰਾ

ਉਹ ਸ਼ਾਹ ਕੋਲ ਚਲਾ ਗਿਆ ਤੇ ਉਸ ਦੇ ਕੋਲ ਬੈਠ ਕੇ ਕਿਹਾ, "(ਸ਼ਾਹ ਜੀ) ਮੈਨੂੰ ਢਾਈ ਸੌ ਰੁਪਇਆ ਦੇ ਦੇਵੋ ਤੇ ਲੜਕੀ ਨੂੰ ਵਿਆਹ[7] ਕੇ ਲੈ ਜਾਵੋ" ॥੩੬॥

ਚੌਪਈ

ਸ਼ਾਹ ਨੇ ਆਖਿਆ, "ਤੁਸੀਂ ਹੋਰ ਜ਼ਿਆਦਾ ਪੈਸੇ ਲੈ ਲਵੋ, ਮੇਰੇ ਘਰ ਵਿਚ ਬਹੁਤ ਪੈਸੇ ਹਨ। ਆਪਣੀ ਗਰੀਬੀ[8] ਇਕ ਵਾਰ ਹੀ ਦੂਰ ਕਰ ਲਵੋ ਤੇ ਸੁੱਖ ਪ੍ਰਾਪਤ ਕਰੋ, ਮਨ ਵਿਚ ਕੋਈ ਸੰਸਾ ਚਿੰਤਾ) ਨਾ ਰੱਖੋ।" ॥੩੭॥

(ਸਿੱਖ ਨੇ ਆਖਿਆ), "(ਸ਼ਾਹ ਜੀ) ਸੁਣੋ, ਮੈਨੂੰ ਹੋਰ (ਪੈਸਿਆਂ ਦੀ) ਕੋਈ ਲੋੜ ਨਹੀਂ ਹੈ। ਜਿੰਨੇ ਮੈਂ .ਿਗੇ ਹਨ, ਉਤਨੇ ਹੀ ਦੇ ਦੇਵੋ।" ਇਸ ਤਰਾਂ ਕਹਿ ਕੇ, ਉਸ ਨੇ ਢਾਈ[9] ਸੌ ਰੁਪਏ ਲੈ ਲਏ ਤੇ (ਲਿਆ ਕੇ) ਉਸ ਸਿੱਖ ਨੂੰ ਭੇਟ ਕਰ ਦਿੱਤੇ। ॥੩੮॥

SikhBookClub.Com

ਦੋਹਰਾ

ਦੋ ਸੈ ਸਤਗੁਰ ਕੋ ਦਿਯੋ ਸਿਖ ਕੀ ਭੇਟ ਪਚਾਸ[1]।
ਕਰ ਭੋਜਨ ਬਿਸਮੈ ਭਯੋ ਚਲਜੋ ਗੁਰੂ ਕੇ ਪਾਸ॥੩੯॥

ਚੌਪਈ

ਮਗ ਮਹਿੰ ਭਈ ਦੁਪਹਰੀ ਜਬਹੀ । ਪਿਖ ਇਕ ਸਾਧ ਬੈਠ ਗਜੋ ਤਬਹੀ ।
ਥਕਤ ਭਯੋ ਪਹੁੰਚਜੋ ਤਿਹ ਕਾਲਾ । ਤਬ ਇਕ ਆਯੋ ਸ਼ਾਹ ਬਿਸਾਲਾ॥੪੦॥

ਸੰਤ ਸਰੂਪ ਬਿਲੋਕ ਕ੍ਰਿਪਾਲਾ । ਭੇਟ ਚਢਾਯੋ[2] ਏਕ ਦੁਸ਼ਾਲਾ।
ਕਛੂ ਧਰ ਮਧੁਰ ਅਹਾਰ ਅਗਾਰੀ । ਬੰਦਨ ਕੀਨ ਭਾਉ ਧਰ ਭਾਰੀ ॥੪੧॥

ਦੇ ਕਰ ਭੇਟ ਸ਼ਾਹੁ ਸੋ ਗਯੋ । ਇਕ ਪੰਥੀ[3] ਤਬ ਆਵਤ ਭਯੋ ।
ਤਹਿੰ ਤੇ ਲੀਨ ਉਚਾਇ ਦੁਸ਼ਾਲਾ । ਗਮਨ ਕੀਨ ਆਗੇ ਤਤਕਾਲਾ॥੪੨॥

ਦੋਹਰਾ

ਸੰਤ ਨ ਬੋਲਜੋ ਕਛੂ ਤਬੈ ਜਾਨੇ ਉਭੈ[4] ਸਮਾਨ।
ਦੀਨ ਭਲਾ ਨਹਿੰ ਭਾਖਿਓ ਲੀਨ ਬੁਰਾ ਨ ਬਖਾਨ॥੪੩॥

ਚੌਪਈ

ਆਯੋ ਹਰਖ[5] ਨ ਮਨ ਮੈਂ ਕੀਨੋ । ਗਯੋ ਜਬੈ ਉਰ ਸ਼ੋਕ ਨ ਚੀਨੋ।
ਸਿਖ ਬੈਠਜੋ ਸਭ ਦੇਖ ਤਮਾਸ਼ਾ । ਪੁਨ ਉਠ ਚਲਜੋ ਹੇਤ ਪ੍ਰਭੁ ਪਾਸਾ॥੪੪॥

ਪੰਥ ਚਲਤ ਭਾ ਸੰਧਜਾ ਕਾਲਾ । ਨਿਕਟ ਨ ਗ੍ਰਾਮ ਉਜਾੜ ਬਿਸਾਲਾ।
ਤਰੈ[6] ਬਿਰਖ ਕੈ ਕੀਨੋ ਡੇਰਾ । ਖਗ[7] ਨਰ ਨਾਰੀ ਤਹਾਂ ਬਸੇਰਾ॥੪੫॥

ਚਾਰ ਘਟੀ ਬੀਤੀ ਜਬ ਰੈਨਾ । ਪੰਖਨ ਪੰਖੀ ਸੋ ਕਹਿ ਬੈਨਾ।
'ਅਯੋ ਅਥਿੱਤ[8] ਅਗਾਰ ਹਮਾਰਾ । ਇਸ ਕੋ ਦੇਨੋ ਬਨੈ ਅਹਾਰਾ'॥੪੬॥

SikhBookClub.Com

ਦੋਹਰਾ

ਦੋ ਸੌ ਰੁਪਏ ਤਾਂ ਸਤਿਗੁਰੂ ਜੀ ਦੇ (ਕਹੇ ਹੋਏ) ਦੇ ਦਿੱਤੇ ਤੇ ਬਾਕੀ ਦੇ ਪੰਜਾਹ[1] ਰੁਪਏ ਸਿੱਖ ਨੂੰ ਹੋਰ ਭੇਟ ਕਰ ਦਿੱਤੇ। ਉਹ ਸਿੱਖ ਭੋਜਨ ਛਕ ਕੇ ਅਨੰਦ ਪਰਸੰਨ ਹੋ ਕੇ ਗੁਰੂ ਜੀ ਵੱਲ ਚੱਲ ਪਿਆ ॥੩੯॥

ਚੌਪਈ

ਰਸਤੇ ਵਿੱਚ ਜਦ ਦੁਪਹਿਰ ਹੋ ਗਈ ਤਾਂ ਇੱਕ ਸਾਧੂ ਨੂੰ ਵੇਖ ਕੇ, ਉਸ ਕੋਲ ਬੈਠ ਗਿਆ। ਉਹ ਉਸ ਵੇਲੇ ਥੱਕ-ਟੁੱਟ ਕੇ ਪਹੁੰਚਿਆ ਸੀ ਤਾਂ ਉਥੇ ਹੀ ਇਕ ਸ਼ਾਹੂਕਾਰ ਆਣ ਪਹੁੰਚਿਆ। ॥੪੦॥

ਉਸ ਕਿਰਪਾਲੂ ਸ਼ਾਹ ਨੇ, ਉਸ ਦਾ ਸੰਤ ਸਰੂਪ ਤੱਕ ਕੇ ਇੱਕ ਦੁਸ਼ਾਲਾ ਭੇਟ[2] ਕਰ ਦਿੱਤਾ ਤੇ ਕੁਝ ਸਵਾਦਲਾ (ਮਧੁਰ) ਭੋਜਨ ਉਸ ਦੇ ਅੱਗੇ ਰੱਖ ਕੇ, ਪ੍ਰੇਮ ਭਰੇ ਮਨ ਨਾਲ ਸਾਧੂ ਨੂੰ ਨਮਸਕਾਰ ਕੀਤੀ। ॥੪੧॥

ਉਹ ਸ਼ਾਹ (ਇਹ ਕੁਝ ਸੰਤ ਨੂੰ) ਭੇਟ ਕਰਕੇ ਚਲਾ ਗਿਆ ਤਾਂ ਉਥੇ ਇਕ ਰਾਹੀ[3] ਆਣ ਪਹੁੰਚਿਆ। ਉਸ (ਰਾਹੀ) ਨੇ ਸਾਧੂ ਉਪਰੋਂ ਦੁਸ਼ਾਲਾ ਲਾਹਿਆ ਤੇ ਤੁਰੰਤ ਉੱਥੋਂ ਅੱਗੇ ਤੁਰ ਪਿਆ। ॥੪੨॥

ਦੋਹਰਾ

ਸੰਤ ਕੁਝ ਵੀ ਨਾ ਬੋਲਿਆ, ਉਸ ਨੇ ਉਸ ਵਕਤ ਦੋਨਾਂ[4] ਨੂੰ ਹੀ (ਦੁਸ਼ਾਲਾ ਦੇਣ ਵਾਲੇ ਤੇ ਲਾਹੁਣ ਵਾਲੇ ਨੂੰ) ਇੱਕ ਸਮਾਨ ਹੀ ਸਮਝਿਆ। ਨਾ ਉਸ ਨੇ ਦੇਣ ਵਾਲੇ ਨੂੰ ਚੰਗਾ ਕਿਹਾ, ਨਾ ਹੀ ਦੂਸਰੇ ਉਤਾਰਨ ਵਾਲੇ ਨੂੰ ਮਾੜਾ। ॥੪੩॥

ਚੌਪਈ

(ਦੁਸ਼ਾਲਾ ਉਸ ਸਾਧੂ ਪਾਸ ਆਇਆ ਸੀ ਤਾਂ) ਉਸ ਨੇ ਆਏ ਦੀ ਮਨ ਵਿਚ ਖੁਸ਼ੀ[5] ਨਹੀਂ ਸੀ ਲਿਆਂਦੀ, ਜਦੋਂ ਚਲਾ ਗਿਆ ਤਾਂ ਚਿੱਤ ਵਿਚ ਅਫ਼ਸੋਸ ਨਹੀਂ ਸੀ ਕੀਤਾ। ਉਹ (ਹੁਕਮਨਾਮੀਆ) ਸਿੱਖ, ਜੋ ਉਥੇ ਬੈਠਾ ਹੋਇਆ ਸੀ, ਇਹ ਸਾਰਾ ਤਮਾਸ਼ਾ ਵੇਖ ਰਿਹਾ ਸੀ। ਉਹ ਫਿਰ ਉਥੋਂ ਉਠਿਆ ਤੇ ਗੁਰੂ ਜੀ ਵੱਲ, ਬੜੇ ਪ੍ਰੇਮ ਨਾਲ ਤੁਰ ਪਿਆ। ॥੪੪॥

ਰਾਹੇ ਚਲਦਿਆਂ-ਚਲਦਿਆਂ ਸ਼ਾਮ ਹੋ ਗਈ। ਨੇੜੇ-ਤੇੜੇ ਕੋਈ ਵੀ ਪਿੰਡ ਨਹੀਂ ਸੀ, ਬੜੀ ਵੱਡੀ ਉਜਾੜ ਸੀ। ਉਸ ਨੇ ਇੱਕ ਦਰੱਖ਼ਤ ਹੇਠ[6] ਡੇਰਾ ਕਰ ਲਿਆ। ਉੱਥੇ ਪੰਛੀਆਂ[7] ਦਾ ਇੱਕ ਜੋੜਾ (ਨਰ ਤੇ ਮਾਦਾ) ਬਸੇਰਾ ਕਰਦਾ ਸੀ। ॥੪੫॥

ਜਦੋਂ ਚਾਰ ਘੜੀ ਰਾਤ ਬੀਤ ਗਈ ਤਾਂ ਮਾਦਾ ਪੰਛੀ ਨੇ ਦੂਸਰੇ (ਨਰ) ਪੰਛੀ ਨੂੰ ਕਿਹਾ, "ਸਾਡੇ ਘਰ ਮਹਿਮਾਨ[8] ਆਇਆ ਹੈ, ਇਸ ਨੂੰ ਭੋਜਨ ਦੇਣਾ (ਸਾਡਾ ਧਰਮ) ਬਣਦਾ ਹੈ।" ॥੪੬॥

SikhBookClub.Com

ਅਸ ਕਹਿ ਪੁਰ ਕੋ ਲੀਨ ਉਡਾਰੀ । ਆਨੀ ਅਗਨੀ ਚੁੰਚ[1] ਮਝਾਰੀ।
ਦਈ ਸਿੱਖ ਕੋ ਤਤ ਛਿਨ ਲਜਾਇ । ਤ੍ਰਿਣ[2] ਚੁਣ ਪੰਖੀ ਕਰ ਇਕ ਠਾਇਂ॥੪੭॥

ਅਗਨ ਜਗਾਈ ਸਿਖ ਨੈ ਜਬਹੀ । ਗਿਰਕੈ ਪਰੀ ਬਿਹੰਗਨਿ[3] ਤਬਹੀ।
ਤਿਸ ਪਸ਼ਚਾਤ ਬਿਹੰਗ ਗਿਰ ਪਰਜੋ । ਹੁਤੋ ਭੂਖ ਯੁਤ ਭੋਜਨ ਕਰਜੋ ॥੪੮॥

ਪੂਰਬ ਜਨਮ ਪੰਖਿ ਧਰ ਜੋਇ । ਗੁਰਕੇ ਸਿਖ ਸਿਖਣੀ ਸੋਇ।
ਕਿਸੂ ਦੋਸ਼ ਤੇ ਖਗ ਤਨ ਪਾਯੋ । ਪਰ ਉਪਕਾਰ ਹੇਤ ਛੁਟਕਾਯੋ[4]॥੪੯॥

ਦੋਹਰਾ

ਸ੍ਰੀ ਪ੍ਰਭੂ ਤਿਨ ਕੋ ਗਤਦਈ, ਭੋਰ ਭਈ ਜਬ ਆਇ।
ਸਭ ਬਿਧ ਅਚਰਜ ਦੇਖਕੈ ਚਲਜੋ ਪੰਥ[5] ਤਬ ਧਾਇ॥੫੦॥

ਚੌਪਈ

ਪਹੁੰਚਜੋ ਪੁਰ ਕਰਤਾਰ ਮਝਾਰੀ । ਸਰਬ ਦਰਬ ਧਰ ਗੁਰੂ ਅਗਾਰੀ।
ਹਾਥ ਜੋਰਕੈ ਬੰਦਨ ਕੀਨੀ । ਲੇਨ ਉਪਦੇਸ਼ ਜਾਸ ਮਤਿ ਭੀਨੀ॥੫੧॥

ਬੋਲੇ ਪ੍ਰਭੂ 'ਨਿਸ਼ਾ[6] ਤਵ ਹੋਈ । ਪ੍ਰਥਮ ਆਇਕੈ ਬੂਝਜੋ ਜੋਈ'।
ਕਹੇ ਸਿੱਖ 'ਮੈਂ ਕਛੂ ਨ ਜਾਨੋਂ । ਸਮਝਾਵਹੁ ਅਬ ਕਰੋ ਬਖਾਨੋਂ'॥੫੨॥

ਦੋਹਰਾ

ਸ੍ਰੀ ਪ੍ਰਭੂ ਬੋਲੇ 'ਸਿੱਖ ਤੈਂ ਜੈਸੇ ਦੇਖਿਓ ਜਾਇ।
ਗੁਰ ਕੋ ਸਰਬਸ[7] ਜਾਨਕੈ ਸੁਤਾ ਬੇਚ ਧਨ ਲਜਾਇ ॥੫੩॥

ਚੌਪਈ

ਸਿੱਖ ਹੋਨ ਜਿਨ ਮਨ ਲਲਚਾਵੈ । ਤਿਸ ਸਮ ਬਨਹੁ ਪਰਮਗਤਿ ਪਾਵੈਂ।
ਜੇ ਤੂੰ ਚਾਹਤ ਕਰਨ ਫਕੀਰੀ । ਉਰ ਤੇ ਤਜਹੁ ਹਰਖ ਦਿਲਗੀਰੀ[8]॥੫੪॥

SikhBookClub.Com

ਇਹ ਕਹਿ ਕੇ ਉਸ ਨੇ ਸ਼ਹਿਰ ਵੱਲ ਉਡਾਰੀ ਮਾਰੀ ਅਤੇ ਚੁੰਝ[1] ਵਿਚ ਅੱਗ ਭਰ ਲਿਆਂਦੀ ਅਤੇ ਤੁਰੰਤ ਉਸ ਸਿੱਖ ਨੂੰ ਲਿਆ ਕੇ ਦੇ ਦਿੱਤੀ। ਪੰਛੀ ਨੇ ਤੀਲੇ-ਡੱਕੇ[2] ਚੁਣ ਕੇ ਇਕ ਥਾਂ ਇਕੱਠੇ ਕਰ ਦਿੱਤੇ। ॥੪੭॥

ਜਿਉਂ ਹੀ ਸਿੱਖ ਨੇ ਅੱਗ ਮਚਾਈ ਤਾਂ ਜੋ ਮਾਦਾ-ਪੰਛੀ[3] ਸੀ, ਉਹ ਉਦੋਂ ਹੀ ਅੱਗ ਵਿਚ ਡਿੱਗ ਪਿਆ ਤੇ ਉਸ ਦੇ ਮਗਰੇ ਹੀ ਨਰ-ਪੰਛੀ ਵੀ (ਅੱਗ) ਵਿਚ ਡਿੱਗ ਪਿਆ। (ਸਿੱਖ ਨੂੰ) ਭੁੱਖ ਲੱਗੀ ਸੀ, ਉਹਨੇ (ਦੋਨਾਂ ਨੂੰ ਭੁੰਨ ਕੇ) ਭੋਜਨ ਕਰ ਲਿਆ। ॥੪੮॥

ਜਿਨ੍ਹਾਂ ਨੇ ਹੁਣ ਪੰਛੀ-ਦੇਹੀ ਧਾਰਨ ਕੀਤੀ ਹੋਈ ਸੀ, ਪਿਛਲੇ ਜਨਮ ਵਿਚ ਇਹ ਸਿੱਖ ਅਤੇ ਸਿੱਖਣੀ ਸਨ। ਕਿਸੇ ਕਸੂਰ ਕਾਰਨ ਇਨ੍ਹਾਂ ਨੇ ਪੰਛੀ ਦਾ ਸਰੀਰ ਧਾਰਨ ਕੀਤਾ ਸੀ। ਇਹ ਪਰਉਪਕਾਰ ਕਰਨ ਕਰਕੇ ਉਨ੍ਹਾਂ ਦਾ (ਜਨਮ-ਮਰਨ ਤੋਂ) ਛੁਟਕਾਰਾ[4] ਹੋ ਗਿਆ। ॥੪੯॥

ਦੋਹਰਾ

ਸ੍ਰੀ ਪ੍ਰਭੂ ਜੀ ਨੇ ਉਨ੍ਹਾਂ ਨੂੰ ਮੁਕਤੀ ਦੇ ਦਿੱਤੀ ਸੀ। ਜਦ ਦਿਨ ਚੜ੍ਹ ਆਇਆ ਤਾਂ ਸਭ ਕੁਝ ਅਜੀਬ ਜਿਹਾ ਹੋਇਆ ਦੇਖ ਕੇ (ਉਹ ਸਿੱਖ) ਵਾਪਸ ਆਪਣੇ ਰਾਹ[5] ਉੱਤੇ ਚੱਲ ਪਿਆ। ॥੫੦॥

ਚੌਪਈ

ਉਹ ਕਰਤਾਰਪੁਰ ਵਿਚ ਪਹੁੰਚ ਗਿਆ। ਉਸ ਨੇ ਸਾਰੀ ਰਕਮ ਗੁਰੂ ਜੀ ਅੱਗੇ ਧਰ ਦਿੱਤੀ। ਫਿਰ ਉਸ ਨੇ, ਜਿਸ ਦੀ ਮੱਤ ਉਪਦੇਸ਼ ਲੈਣ ਵਿਚ ਭਿੱਜੀ ਹੋਈ ਸੀ, ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ॥੫੧॥

ਤਾਂ ਪ੍ਰਭੂ ਜੀ (ਗੁਰੂ ਜੀ) ਨੇ ਆਖਿਆ, "ਜੋ ਤੂੰ ਪਹਿਲਾਂ ਆ ਕੇ (ਸਵਾਲ) ਪੁੱਛਿਆ ਸੀ, (ਦੱਸ) ਹੁਣ ਤੇਰੀ ਤਸੱਲੀ[6] ਹੋ ਗਈ ਹੈ।" ਸਿੱਖ ਨੇ ਆਖਿਆ, "ਮਹਾਰਾਜ ਜੀ! ਮੈਨੂੰ ਤਾਂ ਕੋਈ ਸਮਝ ਨਹੀਂ ਪਈ, ਆਪ ਬਿਆਨ ਕਰਕੇ ਸਮਝਾ ਦੇਵੋ।" ॥੫੨॥

ਦੋਹਰਾ

ਗੁਰੂ ਜੀ ਬੋਲੇ, "ਤੂੰ ਜਾ ਕੇ ਜਿਸ ਸਿੱਖ ਨੂੰ ਵੇਖਿਆ ਸੀ, ਉਹ ਆਪਣਾ (ਪਰਵਾਰ) ਗੁਰੂ ਜੀ ਦਾ ਸਰਬੰਸ[7] ਜਾਣ ਕੇ, ਆਪਣੀ ਲੜਕੀ ਨੂੰ ਵੇਚ ਕੇ ਧਨ ਲਿਆਇਆ ਸੀ। ੫੩॥

ਚੌਪਈ

ਜੇ ਤੇਰੇ ਮਨ ਵਿਚ ਸਿੱਖ ਹੋਣ ਦੀ ਲਾਲਸਾ ਹੈ ਤਾਂ ਉਸ ਦੇ ਵਰਗੇ ਬਣੋ ਤਾਂ ਹੀ ਪਰਮਗਤ ਨੂੰ ਪ੍ਰਾਪਤ ਹੋਵੋਗੇ। ਜੇ ਤੂੰ ਫ਼ਕੀਰੀ ਕਰਨੀ ਚਾਹੁੰਦਾ ਹੈਂ ਤਾਂ ਚਿੱਤ ਵਿੱਚੋਂ ਖ਼ੁਸ਼ੀਆਂ ਗ਼ਮੀਆਂ[8] ਨੂੰ ਵਿਸਾਰ ਦੇਵੋ। ॥੫੪॥

SikhBookClub.Com

ਪੰਥ ਬਿਧੈ ਦੇਖਜੋ ਸੰਤ ਜੈਸਾ । ਕਰ ਸਮਾਨ ਬਿਰਤੀ ਹ੍ਵੈ ਤੈਸਾ।
ਪਾਇ ਪਦਾਰਥ ਹਰਖ ਨ ਕੀਨਾ । ਗਯੋ ਪਾਸ ਤੇ ਸ਼ੋਕ[1] ਨ ਕੀਨਾ॥੫੫॥

ਗ੍ਰਹਸਤ ਧਰਮ ਚਾਹਤ ਜੇ ਕਰਨਾ । ਤਉ ਪੰਖੀ ਜਿਉਂ ਕਰਹੁ ਅਚਰਨਾ[2]।
ਹੇਤ ਅਤਿਥਿ ਕੇ ਦੁਖ ਨ ਬਿਚਰਜੋ । ਖਿਨ ਮਹਿਂ ਨਿਜ ਸਰੀਰ ਪਰਹਰਜੋ[3] ॥੫੬॥

ਤੀਨੋ ਇਹ ਬਿਚਾਰਿਯੇ ਨੀਕੀ । ਕਰਹੁ ਆਪ ਜਿਉਂ ਸਰਧਾ ਜੀਕੀ'।
ਸੁਣਕੈ ਸਿੱਖ ਅਧੀਰਜ ਧਰਨੇ । ਕਿਹ ਕੋ ਭਯੋ ਸਮਰਥ[4] ਨ ਕਰਨੇ॥੫੭॥

ਹਾਥ ਜੋਰ ਕੈ ਬਚਨ ਬਖਾਨੇ । 'ਇਹ ਤੀਨੋਂ ਦੁਸ਼ਤਰ[5] ਮੈਂ ਜਾਨੇ।
ਹੁਇ ਆਂਵਤ ਇਕ ਪਾਸ ਨ ਮੇਰੇ । ਕਰਹਿਂ ਜਿ ਨਰ ਸੇ ਧੰਨ ਬਡੇਰੇ॥੫੮॥

ਜੱਦਪਿ ਮੋ ਤੇ ਹੋਇ ਨ ਆਇ । ਤਦਪਿ ਮੈਂ ਰਾਵਰ ਸ਼ਰਨਾਇ।
ਅਧਮ[6] ਉਧਾਰਨ ਬਿਰਦ ਤੁਮਾਰਾ । ਪਤਤਨ ਪਾਵਨ ਕਹਿ ਜਗ ਸਾਰਾ॥੫੯॥

ਕ੍ਰਿਪਾ ਧਾਰ ਮੇਰੀ ਗਤਿ[7] ਕੀਜੈ । ਹੌਂ ਅਸਮਰਥ ਬਡੋ ਲਖ ਲੀਜੈ'।
ਤਿੰਹ ਕੀ ਬਿਨੈ ਸੁਨੀ ਜਬ ਕਾਨਾ । ਸ੍ਰੀ ਮੁਖ ਤੇ ਪੁਨ ਬਚਨ ਬਖਾਨਾ॥੬੦॥

ਹ੍ਵੈ ਨਿਸ਼ਕਪਟ ਧਰਮਕ੍ਰਿਤ ਕਰੀਏ । ਗਰਬ ਰਿਦੇ ਕੋ ਸਭ ਪਰਹਰੀਏ।
ਸਿੱਖਨ ਸੇਵ ਕਰਹੁ ਮਨ ਨੀਵੇਂ । ਸਨੈ ਸਨੈ[8] ਤੇਰੀ ਗਤਿ ਥੀਵੇ'॥੬੧॥

ਸੁਨ ਉਪਦੇਸ਼ ਕਰਨ ਸੋ ਲਾਗਾ । ਸੇਵਾ ਬਿਧੈ ਬਡੋ ਅਨੁਰਾਗਾ।
ਸਮਾਂ ਪਾਇ ਸਿਮਰਨ ਸਤਿਨਾਮੁ । ਲਿਵ ਲਾਗੀ ਮਤ ਭੀ ਅੰਭਿਰਾਮੁ[9]॥੬੨॥

ਮੁਕਤਿ ਉਚਿਤ ਭਾ ਸ੍ਰੀ ਗੁਰ ਕਰੁਨਾ । ਛੁਟਜੋ ਕਸ਼ਟ ਜਗ ਜਨਮ ਅਰ ਮਰਨਾ।
ਇਸ ਪ੍ਰਕਾਰ ਕੋ ਦੇ ਉਪਦੇਸ਼ਾ । ਮਨੁਜ ਉਧਾਰੇ ਸ੍ਰੀ ਜਗਤੇਸ਼ਾ[10] ॥੬੩॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਪੈਤਾਲੀਸਮੋਂ ਧਯਾਇ ॥੪੫॥

SikhBookClub.Com

ਉਸ ਸੰਤ ਵਰਗੀ ਬਿਰਤੀ ਧਾਰਨ ਕਰ ਜੋ ਤੂੰ ਰਸਤੇ ਵਿਚ ਵੇਖਿਆ ਸੀ ਜਿਸ ਨੇ ਨਾ ਆਏ ਪਦਾਰਥ ਦੀ ਖੁਸ਼ੀ ਕੀਤੀ ਸੀ ਤੇ ਨਾ ਹੀ ਜਿਸ ਨੇ ਕੋਲੋਂ ਗਏ ਪਦਾਰਥ ਦੀ ਚਿੰਤਾ[1] ਕੀਤੀ ਸੀ। ॥੫੫॥

ਜੇ ਗ੍ਰਿਹਸਤ ਧਰਮ ਧਾਰਨ ਕਰਨਾ ਚਾਹੁੰਦਾ ਹੈਂ ਤਾਂ ਉਨ੍ਹਾਂ ਪੰਛੀਆਂ ਵਰਗਾ ਆਚਰਨ[2] ਬਣਾ ਲਵੋ ਜਿਨ੍ਹਾਂ ਨੇ ਅਤਿਥੀ (ਮਹਿਮਾਨ) ਦੇ ਲਈ, ਆਪਣਾ ਦੁੱਖ ਨਾ ਵਿਚਾਰਦੇ ਹੋਏ, ਪਲਾਂ ਵਿਚ ਹੀ ਆਪਣਾ ਸਰੀਰ ਗਵਾ[3] ਦਿੱਤਾ ਸੀ। ॥੫੬॥

ਇਹ ਵਿਚਾਰ ਕਰ ਲਵੋ ਇਹ ਤਿੰਨੋਂ ਹੀ ਚੰਗੇ ਹਨ। ਆਪ ਹੁਣ ਉਸ ਤਰਾਂ ਕਰੋ, ਜਿਸ ਤਰਾਂ ਆਪ ਦੇ ਮਨ ਦੀ ਸ਼ਰਧਾ ਹੈ।" ਇਹ ਸੁਣ ਕੇ ਸਿੱਖ ਘਬਰਾ ਗਿਆ, ਉਸ ਨੇ ਆਪਣੇ ਆਪ ਨੂੰ ਕਿਸੇ ਨੂੰ ਵੀ ਕਰਨ ਦੇ ਸਮੱਰਥ[4] ਨਾ ਸਮਝਿਆ। ॥੫੭॥

ਉਸ ਨੇ ਹੱਥ ਜੋੜ ਕੇ ਆਖਿਆ, "ਮੈਨੂੰ ਤਾਂ ਜੀ ਇਹ ਤਿੰਨੋਂ ਹੀ ਕਠਨ[5] ਲੱਗਦੇ ਹਨ। ਮੇਰੇ ਤੋਂ ਇਸ ਤਰਾਂ ਇੱਕ ਵੀ ਨਹੀਂ ਹੋ ਸਕਦਾ। ਜੋ ਲੋਕ ਇਨ੍ਹਾਂ ਨੂੰ ਧਾਰਨ ਕਰ ਲੈਂਦੇ ਹਨ, ਉਨ੍ਹਾਂ ਦੇ ਵੱਡੇ ਭਾਗ ਹੁੰਦੇ ਹਨ। ॥੫੮॥

ਭਾਵੇਂ ਮੇਰੇ ਕੋਲੋਂ ਇਸ ਤਰਾਂ ਨਹੀਂ ਹੁੰਦਾ- ਫੇਰ ਵੀ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ। ਪਾਪੀਆਂ[6] ਨੂੰ ਤਾਰਨਾ ਆਪ ਦਾ ਬਿਰਦ ਹੈ। ਸਾਰਾ ਜੱਗ ਕਹਿੰਦਾ ਹੈ ਕਿ ਆਪ ਅਪਵਿੱਤਰਾਂ ਨੂੰ ਪਵਿੱਤਰ ਕਰਨ ਵਾਲੇ ਹੋ। ॥੫੯॥

(ਹੇ ਗੁਰੂ ਜੀਓ!) ਮੈਨੂੰ ਬਹੁਤ ਹੀ ਅਸਮਰੱਥ ਜਾਣ ਲਵੋ ਤੇ ਮੇਰੇ ਉੱਪਰ ਕਿਰਪਾ ਕਰਕੇ, ਮੇਰੀ ਮੁਕਤੀ[7] ਕਰ ਦੇਵੋ।" ਜਦੋਂ ਗੁਰੂ ਜੀ ਨੇ ਉਸ ਦੀ ਬੇਨਤੀ ਸੁਣੀ ਤਾਂ ਉਨ੍ਹਾਂ ਮੁੱਖੋਂ ਬਚਨ ਕੀਤਾ ॥੬੦॥

"ਪਵਿੱਤਰ ਮਨ ਨਾਲ ਧਰਮ ਦੀ ਕਿਰਤ ਕਰੋ। ਚਿੱਤ ਵਿੱਚੋਂ ਸਾਰੇ ਹੰਕਾਰ ਦੂਰ ਕਰ ਦਿਉ ਅਤੇ ਮਨ ਨੀਵਾਂ ਕਰਕੇ ਸਿੱਖਾਂ ਦੀ ਸੇਵਾ ਕਰੋ। ਹੌਲੀ-ਹੌਲੀ[8] ਇਸ ਤਰਾਂ ਕਰਦੇ ਹੋਏ ਤੇਰੀ ਗਤੀ ਹੋ ਜਾਵੇਗੀ।" ॥੬੧॥

(ਗੁਰੂ ਜੀ ਦਾ ਇਹ ਉਪਦੇਸ਼) ਸੁਣ ਕੇ ਉਹ ਇਸੇ ਤਰਾਂ ਹੀ ਕਰਨ ਲੱਗ ਪਿਆ ਅਤੇ ਸੇਵਾ ਕਰਨ ਵਿਚ ਉਹ ਬਹੁਤ ਵੱਡਾ ਪ੍ਰੇਮੀ ਹੋ ਗਿਆ। ਤੇ ਫਿਰ ਸਮਾਂ ਪਾ ਕੇ ਸਤਿਨਾਮ ਦੇ ਸਿਮਰਨ ਨਾਲ ਉਸ ਦੀ ਲਿਵ ਲੱਗ ਗਈ ਸੀ ਤੇ ਉਸ ਦੀ ਬੁੱਧੀ ਉੱਤਮ[9] ਹੋ ਗਈ ਸੀ। ॥੬੨॥

ਗੁਰੂ ਜੀ ਦੀ ਮਿਹਰ ਨਾਲ ਉਹ ਮੁਕਤੀ ਯੋਗ ਹੋ ਗਿਆ ਸੀ ਤੇ ਉਹ ਜੱਗ ਦੇ ਜਨਮ-ਮਰਨ ਦੇ ਕਸ਼ਟ ਤੋਂ ਛੁੱਟ ਗਿਆ ਸੀ। ਇਸ ਤਰਾਂ ਦੇ ਉਪਦੇਸ਼ ਦੇ-ਦੇ ਕੇ ਜਗਤ ਸੁਆਮੀ[10] ਸ੍ਰੀ ਗੁਰੂ ਨਾਨਕ ਜੀ ਨੇ ਅਨੇਕਾਂ ਲੋਕਾਂ ਦਾ ਉਧਾਰ ਕੀਤਾ। ॥੬੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖਾਂ ਨੂੰ ਉਪਦੇਸ਼" ਨਾਮੀ ਪੰਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਸੈਦੋ ਘੇਉ, ਇਕ ਸ਼ਰਧਾਵਾਨ ਸਿੱਖ ਸੀ। ਉਸ ਨੂੰ ਭਰਮ ਹੋ ਗਿਆ ਕਿ ਗੁਰੂ ਨਾਨਕ ਜੀ ਨੇ ਵਰੁਣ ਦੇਵਤਾ ਦੀ ਪੂਜਾ ਕਰਕੇ ਸਾਰੀ ਸ਼ਕਤੀ ਇਕੱਠੀ ਕੀਤੀ ਹੋਈ ਹੈ। ਉਸ ਨੇ ਸੋਚਿਆ ਕਿ ਸ਼ਕਤੀ ਪ੍ਰਾਪਤ ਕਰਨ ਲਈ ਮੈਂ ਵੀ ਵਰੁਣ ਦੇਵਤੇ ਨੂੰ ਪੂਜਾਂਗਾ। ਇਕ ਰਾਤ ਪਹਿਰ ਰਹਿੰਦੀ ਰਾਤ ਨੂੰ ਉਹ ਰਾਵੀ ਵੱਲ ਗਿਆ ਤਾਂ ਇਕ ਮਨੁੱਖ ਉਸ ਨੂੰ ਹੱਥ ਵਿਚ ਮੱਛੀ ਫੜੀ ਲਿਆਉਂਦਾ ਮਿਲਿਆ। ਸੈਦੋ ਘੇਉ ਨੇ ਕਿਹਾ, ਤੂੰ ਚੋਰ ਹੈ ਜਾਂ ਮਨੁੱਖ? ਤਾਂ ਉਸ ਨੇ ਦੱਸਿਆ ਕਿ ਮੈਂ ਵਰੁਣ ਹਾਂ ਤੇ ਗੁਰੂ ਨਾਨਕ ਜੀ ਦੀ ਪੂਜਾ ਕਰਨ ਚੱਲਿਆ ਹਾਂ ਤੇ ਰੋਜ਼ਾਨਾ ਦਰਸ਼ਨ ਕਰਦਾ ਹਾਂ। ਇਸ ਨਾਲ ਸੈਦੋ ਘੇਉ ਦਾ ਸਾਰਾ ਭਰਮ ਮਿਟ ਗਿਆ। ਫਿਰ ਗੁਰੂ ਜੀ ਦੇ ਪਰਤਾਪ ਨੂੰ ਜਾਣ ਕੇ ਉਨ੍ਹਾਂ ਦੇ ਉਪਦੇਸ਼ ਮੁਤਾਬਕ ਨਾਮ-ਸਿਮਰਨ, ਸੇਵਾ ਵਿਚ ਸ਼ਰਧਾ ਨਾਲ ਲੱਗ ਗਿਆ।

ਇਸ ਤਰਾਂ ਇਕ ਦਿਨ ਇਕ ਆਦਮੀ ਨੇ ਗੁਰੂ ਜੀ ਨੂੰ ਪੁੱਛਿਆ ਕਿ ਮੈਂ ਸਿੱਖੀ, ਫਕੀਰੀ ਤੇ ਗ੍ਰਿਹਸਤ ਤਿੰਨਾਂ ਵਿੱਚੋਂ, ਕਿਸ ਨੂੰ ਧਾਰਨ ਕਰਾਂ? ਤਾਂ ਗੁਰੂ ਜੀ ਨੇ ਕਿਹਾ ਕਿ ਤੈਨੂੰ ਤੇਰੇ ਸਵਾਲ ਦਾ ਜਵਾਬ ਮਿਲ ਜਾਵੇਗਾ ਤੇ ਪਹਿਲਾਂ ਤੂੰ ਦੂਸਰੇ ਪਿੰਡ ਵਿੱਚ ਰਹਿੰਦੇ ਸਾਡੇ ਇਕ ਸਿੱਖ ਕੋਲ ਜਾ ਤੇ ਉਸ ਪਾਸੋਂ ਦੋ ਸੌ ਰੁਪਏ ਲੈ ਕੇ ਫਿਰ ਭੋਜਨ ਛਕੀਂ। ਉਹ ਸਿੱਖ ਬਹੁਤ ਗਰੀਬ ਸੀ। ਉਸ ਨੇ ਆਪਣੀ ਲੜਕੀ ਸ਼ਾਹ ਕੋਲ 250 ਰੁ: ਵਿੱਚ ਵੇਚ ਦਿੱਤੀ ਤੇ ਸਾਰੇ ਰੁਪਏ ਉਸ ਸਿੱਖ ਨੂੰ ਦੇ ਦਿੱਤੇ। ਆਪਣੇ ਕੋਲ ਕੁਝ ਵੀ ਨਾ ਰੱਖਿਆ। ਫਿਰ ਉਹ ਹੁਕਮਨਾਮੀਆ ਬੰਦਾ ਵਾਪਸ ਮੁੜਨ ਲੱਗਾ ਤਾਂ ਉਸ ਨੇ ਰਸਤੇ ਵਿੱਚ ਇੱਕ ਫਕੀਰ ਬੈਠਾ ਦੇਖਿਆ, ਉਸ ਫਕੀਰ ਦੇ ਨੇੜਿਓਂ ਇੱਕ ਸ਼ਾਹੂਕਾਰ ਲੰਘਿਆ, ਜਿਸ ਨੇ ਇੱਕ ਬਹੁਤ ਕੀਮਤੀ ਦੁਸ਼ਾਲਾ (ਕੱਪੜਾ) ਉਸ ਫਕੀਰ ਦੇ ਉੱਪਰ ਦੇ ਦਿੱਤਾ ਤੇ ਆਪ ਚਲਦਾ ਬਣਿਆ। ਫਿਰ ਇੱਕ ਚੋਰ ਬੰਦਾ ਉਸ ਫਕੀਰ ਦੇ ਕੋਲੋਂ ਗੁਜ਼ਰਿਆ ਤਾਂ ਉਸ ਨੇ ਉਹ ਕੀਮਤੀ ਦੁਸ਼ਾਲਾ ਲਾਹ ਲਿਆ ਤੇ ਆਪਣੇ ਰਸਤੇ ਚੱਲਦਾ ਬਣਿਆ। ਇਨ੍ਹਾਂ ਦੋਨਾਂ ਹਾਲਤਾਂ ਵਿੱਚ ਹੀ ਫਕੀਰ ਨਾ ਖ਼ੁਸ਼ ਹੋਇਆ ਤੇ ਨਾ ਹੀ ਉਦਾਸ। ਫਿਰ ਅੱਗੇ ਚੱਲ ਕੇ ਗੁਰੂ ਦੇ ਭੇਜੇ ਉਸ ਹੁਕਮਨਾਮੀਏ ਨੂੰ ਰਾਤ ਪੈ ਗਈ ਤੇ ਉਸ ਨੂੰ ਭੁੱਖ ਲੱਗੀ। ਜਿਸ ਰੁੱਖ ਥੱਲੇ ਉਹ ਰਾਤ ਗੁਜ਼ਾਰਨ ਲਈ ਬੈਠਾ ਸੀ, ਉਸ ਉੱਪਰ ਪੰਛੀਆਂ ਦਾ ਨਰ ਅਤੇ ਮਾਦਾ ਜੋੜਾ ਰਹਿੰਦਾ ਸੀ। ਉਨ੍ਹਾਂ ਨੇ ਪਹਿਲਾਂ ਉਸ (ਗੁਰੂ ਦੇ ਹੁਕਮਨਾਮੀਏ) ਲਈ ਅੱਗ ਲਿਆਂਦੀ, ਬਾਲਣ ਇਕੱਠਾ ਕੀਤਾ। ਜਦ ਉਸ ਹੁਕਮਨਾਮੀਏ ਨੇ ਅੱਗ ਬਾਲੀ ਤਾਂ ਦੋਵੇਂ ਪੰਛੀ ਅੱਗ ਵਿੱਚ ਡਿੱਗ ਪਏ ਸਨ ਤੇ ਉਸ ਸਿੱਖ ਦਾ ਭੋਜਨ ਬਣੇ। ਫਿਰ ਉਹ ਹੁਕਮਨਾਮੀਆ ਗੁਰੂ ਜੀ ਕੋਲ ਪਹੁੰਚਿਆ ਤਾਂ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਜੇ ਸਿੱਖੀ ਧਾਰਨ ਕਰਨੀ ਹੈ ਤਾਂ ਉਸ ਸਿੱਖ ਵਰਗਾ ਹੋ, ਜਿਸ ਨੇ ਤੇਰੇ ਲਈ ਆਪਣੀ ਲੜਕੀ ਵੇਚ ਕੇ ਪੈਸਿਆਂ ਦਾ ਪਰਬੰਧ ਕੀਤਾ ਸੀ ਅਤੇ ਜੇ ਫਕੀਰੀ ਧਾਰਨ ਕਰਨੀ ਹੈ ਤਾਂ ਉਸ ਸਾਧੂ ਵਰਗੀ ਧਾਰਨ ਕਰ, ਜਿਸ ਨੂੰ ਦੁਸ਼ਾਲਾ ਮਿਲਣ ਦੀ ਕੋਈ ਖੁਸ਼ੀ ਨਹੀਂ ਸੀ ਹੋਈ ਤੇ ਨਾ ਹੀ ਖੁਸ (ਗੁਆਚ) ਜਾਣ ਦਾ ਕੋਈ ਗਮ ਹੋਇਆ ਸੀ। ਜੇ ਗ੍ਰਿਹਸਤ ਧਰਮ ਧਾਰਨ ਕਰਨਾ ਹੈ ਤਾਂ ਉਨ੍ਹਾਂ ਪੰਛੀਆਂ ਵਰਗਾ ਬਣੋ, ਜਿਨ੍ਹਾਂ ਨੇ ਆਪਣੇ ਮਹਿਮਾਨਾਂ ਵਾਸਤੇ ਕੁਰਬਾਨੀ ਕਰਕੇ ਸੇਵਾ ਦੀ ਭਾਵਨਾ ਧਾਰੀ ਹੋਈ ਸੀ। ਇਵੇਂ ਦੇ ਉਪਦੇਸ਼ਾਂ ਨਾਲ ਗੁਰੂ ਜੀ ਨੇ ਉਸ ਦਾ ਉਧਾਰ ਕੀਤਾ ਸੀ।

SikhBookClub.Com

ਫੁੱਟਨੋਟ

(*1) ਹਿੰਦੂ-ਮਿਥਿਹਾਸ ਅਨੁਸਾਰ ਵਰੁਣ ਨੂੰ ਜਲ ਦਾ ਸਵਾਮੀ (ਦੇਵਤਾ) ਜਾਣਿਆ ਜਾਂਦਾ ਹੈ। ਦਿਕਪਾਲ, ਜੋ ਦਸਾਂ-ਦਿਸ਼ਾਵਾਂ ਦੇ ਮਾਲਕ ਸਨ, ਵਰੁਣ ਵੀ ਉਨ੍ਹਾਂ ਵਿੱਚੋਂ ਇੱਕ ਹੈ, ਜੋ ਕਿ ਪੱਛਮ-ਦਿਸ਼ਾ ਦਾ ਮਾਲਕ ਮੰਨਿਆ ਗਿਆ ਹੈ।

ਇਸ ਪਰਸੰਗ ਵਿੱਚ ਵਰੁਣ-ਦੇਵਤਾ ਦਾ ਮਨੁੱਖੀ-ਰੂਪ ਵਿੱਚ ਸੈਦੋ ਘੇਉ ਨੂੰ ਮਿਲਣਾ ਤੇ ਬਾਅਦ ਵਿੱਚ ਉਸ ਨੂੰ ਇਹ ਦੱਸਣਾ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਇਸ ਵੇਲੇ ਪੂਜਾ ਕਰਨ ਜਾਂਦਾ ਹੈ। ਇਹ ਪਰਸੰਗ ਮਨਘੜਤ ਜਾਪਦਾ ਹੈ ਜੋ ਸਚਾਈ ਤੋਂ ਪਰ੍ਹੇ ਹੈ। ਕਵੀ ਦੁਆਰਾ ਗੁਰੂ ਜੀ ਦੀ ਵੱਡੀ ਵਡਿਆਈ ਦਾ ਵਿਖਿਆਨ ਕਰਨਾ ਜਾਪਦਾ ਹੈ।

(*2) ਮਹਾਨ ਕੋਸ਼ ਅਨੁਸਾਰ ਸੈਦੋ, ਘੇਈ ਗੋਤ ਦਾ ਖੱਤਰੀ ਸੀ। ਉਹ ਵਰੁਣ (ਖਵਾਜ਼ਾ) ਦਾ ਭਗਤ ਸੀ ਅਤੇ ਬਾਅਦ ਵਿੱਚ ਗੁਰੂ ਨਾਨਕ ਸਾਹਿਬ ਦਾ ਸਿੱਖ ਹੋ ਕੇ ਅਕਾਲ-ਪੁਰਖ ਨੂੰ ਮੰਨਣ ਲੱਗ ਪਿਆ। ਜਦ ਗੁਰੂ ਨਾਨਕ ਜੀ ਦੱਖਣ ਦੀ ਯਾਤਰਾ 'ਤੇ ਗਏ ਸਨ ਤਾਂ ਇਹ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਰਿਹਾ।

(*3) ਭਾਈ ਵੀਰ ਸਿੰਘ ਜੀ ਇਸ ਸਾਖੀ ਬਾਰੇ ਲਿਖਦੇ ਹਨ ਕਿ ਇਹ ਸਾਖੀ, ਭਾਈ ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ ਤੇ ਮਹਿਮਾ ਪ੍ਰਕਾਸ਼ ਆਦਿ ਕਿਸੇ ਵਿੱਚ ਨਹੀਂ ਹੈ। ਇਹ ਭਾਈ ਬਾਲੇ ਵਾਲੀ ਜਨਮਸਾਖੀ ਤੋਂ ਲਈ ਜਾਪਦੀ ਹੈ।

ਸਾਇਦ ਸਿੱਖੀ ਪ੍ਰਤੀ ਵਿਸ਼ਵਾਸ ਦ੍ਰਿੜ੍ਹ ਕਰਵਾਉਣ ਲਈ ਇਹ ਕਹਾਣੀ ਦਿੱਤੀ ਗਈ ਹੈ ।

SikhBookClub.Com

ਅਧਜਾਯ ਛਿਆਲੀਵਾਂ

(ਗੁਰ ਚਰਨ ਸੇਵਾ, ਉਪਦੇਸ਼।ਭਾਈ ਬੁਢਾ, ਬਾਲਾ ਪ੍ਰਲੋਕ ਗਮਨ)

ਦੋਹਰਾ

ਕਿਉਂ ਜੰਜਾਰ ਉਰਝਜੋ[1] ਮਨਾ ਕਾਜ ਨ ਤੇਰੇ ਕੋਇ।
ਸਤਗੁਰ ਚਰਣ ਸਰੋਜ ਕੋ ਸੇਵ ਸਦਾ ਸੁਖ ਹੋਇ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ

ਸੁਣ ਸ੍ਰੀ ਤੇਹਣ ਕੁਲ੍ ਉਜਿਯਾਰਾ[2] । ਪ੍ਰਭੂ ਬਿਰਾਜਹਿਂ ਪੁਰ ਕਰਤਾਰਾ ।
ਇਕ ਦਿਨ ਬਹਰ ਬਿਰਛ ਕੀ ਛਾਯਾ । ਬੈਠ ਰਹੇ ਗੁਰ ਸਹਿਜ ਸੁਭਾਯਾ[3]॥੨॥

ਬਾਰਕ ਅਜਾ[4] ਚਰਾਵਤ ਆਵਾ । ਜਗਨ ਲਗਜੋ ਜਿਹ ਭਾਗ ਸੁਹਾਵਾ।
ਤਿਹ ਬਿਲੋਕ ਬੋਲੇ ਗਤਿਦਾਈ । 'ਆਨਹੁ ਬਾਲੇ! ਬਾਲ ਬੁਲਾਈ'॥੩॥

ਮੈਂ ਗਮਨਜੋ ਜਹਿਂ ਅਜਾ ਚਰਾਵਤ । ਕਹਜੋ 'ਬਾਲ! ਤੁਝ ਤਪਾ ਬੁਲਾਵਤ ।
ਕਿਛੁਕ ਕਹਤਿ ਸੁਨੀਏ ਢਿਗ ਆਈ । ਬਹੁਰੋ ਅਜਾ ਚਰਾਵਹੁ[5] ਜਾਈ'॥੪॥

ਸੁਨ ਬਾਲਕ ਆਵਾ ਸੰਗ ਮੇਰੇ । ਹਰਖਜੋ ਪ੍ਰਭੂ ਕੋ ਦਰਸ਼ਨ ਹੇਰੇ।
ਚਰਨ ਕਮਲ ਪਰ ਬੰਦਨ ਧਾਰੀ । ਬਹੁਰੋ ਠਾਢੋ ਰਹਜੋ ਅਗਾਰੀ॥੫॥

ਕ੍ਰਿਪਾ ਦ੍ਰਿਸ਼ਟ ਅਵਿਲੋਕ ਗੁਸਾਈਂ । ਸ੍ਰੀ ਮੁਖ ਕੋਮਲ ਗਿਰਾ ਅਲਾਈ।
'ਕਹੁ ਬਾਲਕ ਕੋ ਹੈ ਤਵ ਨਾਮੂ? । ਕੌਨ ਗ੍ਰਾਮ ਮੈਂ ਤੇਰੋ ਧਾਮੂ[6]?॥੬॥

ਕਿਹਕੋ ਤਾਤ ਸੁ ਦੇਹੁ ਬਤਾਈ? । ਅਜਾ ਚਰਾਇਂ ਕਿ ਅਪਨ ਪਰਾਈ[7]?'।
ਸੁਨ ਕੈ ਸਿਸ ਨੇ ਬਚਨ ਉਚਾਰੇ । 'ਘਰ ਹੈ ਨਿਕਟ ਜੁ ਗ੍ਰਾਮ ਤੁਮਾਰੇ॥੭॥

ਬੂੜਾ ਆਖਜ ਮੇਰੋ ਜਾਨਹੁ । ਬਰਨ ਜਟੇਟਾ[8] ਰਿਦੇ ਪਛਾਨਹੁ।
ਮਾਤ ਪਿਤਾ ਕੀ ਆਇਸੁ ਪਾਈ । ਅਜਾ ਚਰਾਵਤ ਅਪਨ ਪਰਾਈ' ॥੮॥

SikhBookClub.Com

ਅਧਿਆਇ ਛਿਆਲੀਵਾਂ

(ਬਾਬਾ ਬੁੱਢਾ ਜੀ ਨੂੰ ਉਪਦੇਸ਼। ਬਾਲੇ ਦਾ ਪਰਲੋਕ ਗਮਨ)

ਦੋਹਰਾ

ਹੇ ਮੇਰੇ ਮਨ! ਤੂੰ ਕਿਉਂ ਜੰਜਾਲ ਵਿਚ ਫਸ[1] ਰਿਹਾ ਹੈਂ? ਤੇਰੇ ਕੰਮ ਕਿਸੇ ਨੇ ਨਹੀਂ ਆਉਣਾ। (ਤੂੰ) ਸਤਿਗੁਰੂ ਜੀ ਦੇ ਚਰਨ-ਕਮਲਾਂ ਨੂੰ ਸੇਵ, ਤਾਂ ਜੋ ਤੈਨੂੰ ਸਦੀਵੀ ਸੁੱਖ ਪ੍ਰਾਪਤ ਹੋਵੇ। ॥੧॥

ਬਾਲਾ ਸੰਧੂ ਜੀ ਦਾ ਕਥਨ

ਚੌਪਈ

ਤ੍ਰੇਹਣ ਕੁਲ ਦੇ ਚਾਨਣ[2] (ਸ੍ਰੀ ਅੰਗਦ ਜੀ) ਸੁਣੋ! ਗੁਰੂ ਨਾਨਕ ਜੀ ਕਰਤਾਰਪੁਰ ਵਿਚ ਜਾ ਬਿਰਾਜੇ ਸਨ। ਇਕ ਦਿਨ ਉਹ ਬਾਹਰ ਬਿਰਛ ਦੀ ਛਾਂ ਹੇਠ ਸਹਿਜ-ਸੁਭਾਅ[3] ਬੈਠੇ ਸਨ। ॥੨॥

ਇੱਕ ਲੜਕਾ ਬੱਕਰੀਆਂ[4] ਚਾਰਦਾ ਹੋਇਆ (ਉਥੇ) ਆ ਗਿਆ। (ਸਮਝੋ) ਉਸ ਦੇ ਸੋਹਣੇ ਭਾਗ ਜਾਗਣ ਲੱਗੇ। ਉਸ ਨੂੰ ਵੇਖ ਕੇ ਮੁਕਤੀ ਦੇ ਦਾਤਾ (ਗੁਰੂ ਜੀ) ਬੋਲੇ, "ਬਾਲੇ! ਉਸ ਲੜਕੇ ਨੂੰ ਬੁਲਾ ਕੇ ਲਿਆਵੋ।" ॥੩॥

ਮੈਂ (ਬਾਲਾ) ਉਥੇ ਚਲਾ ਗਿਆ, ਜਿਥੇ ਉਹ ਬੱਕਰੀਆਂ (ਇੱਜੜ) ਚਰਾ ਰਿਹਾ ਸੀ। ਜਾ ਕੇ ਉਸ ਨੂੰ ਕਿਹਾ, "ਬਾਲਕ! ਤੈਨੂੰ ਤਪਾ ਜੀ ਬੁਲਾ ਰਹੇ ਹਨ, ਉਨ੍ਹਾਂ ਕੁਝ ਕਹਿਣਾ ਹੋਵੇਗਾ । ਕੋਲ ਆ ਕੇ ਸੁਣ ਲਵੋ, ਫੇਰ ਇੱਜੜ (ਬੱਕਰੀਆਂ) ਚਰਾਵਣ[5] ਲਈ ਚਲੇ ਜਾਣਾ। ॥੪॥

ਮੇਰੀ ਗੱਲ ਸੁਣ ਕੇ, ਬਾਲਕ ਮੇਰੇ ਨਾਲ ਆ ਗਿਆ। ਉਹ ਗੁਰੂ ਜੀ ਦੇ ਦਰਸ਼ਨ ਕਰਕੇ ਖੁਸ਼ ਹੋਇਆ। ਉਸ ਨੇ ਗੁਰੂ ਜੀ ਦੇ ਚਰਨ-ਕਮਲਾਂ ਪਰ ਨਮਸਕਾਰ ਕੀਤਾ ਤੇ ਫਿਰ ਉਨ੍ਹਾਂ ਦੇ ਅੱਗੇ ਖੜ੍ਹਾ ਰਿਹਾ ॥੫॥

ਜਗਤ-ਸੁਆਮੀ (ਗੁਰੂ ਜੀ) ਨੇ ਕਿਰਪਾ-ਦ੍ਰਿਸ਼ਟੀ ਸਹਿਤ ਤੱਕਦੇ ਹੋਏ ਆਪਣੇ ਮੁੱਖ ਤੋਂ ਬਚਨ ਕੀਤਾ, "ਬਾਲਕ ਦੱਸੋ, ਤੇਰਾ ਨਾਮ ਕੀ ਹੈ? ਕਿਹੜੇ ਪਿੰਡ ਵਿਚ ਤੇਰਾ ਘਰ[6] ਹੈ? ॥੬॥

ਦੱਸੋ, ਤੂੰ ਕਿਸ ਦਾ ਪੁੱਤਰ ਹੈਂ? ਬੱਕਰੀਆਂ ਆਪਣੀਆਂ ਚਾਰਦਾ ਹੈਂ ਕਿ ਹੋਰਨਾਂ[7] ਦੀਆਂ?" (ਗੁਰੂ ਜੀ ਦੇ ਪ੍ਰਸ਼ਨ) ਸੁਣ ਕੇ ਬੱਚੇ ਨੇ ਆਖਿਆ, "ਮੇਰਾ ਘਰ ਆਪ ਜੀ ਦੇ ਪਿੰਡ ਦੇ ਪਾਸ ਹੀ ਹੈ। ॥੭॥

ਜਾਣੋ ਮੇਰਾ ਬੂੜਾ ਨਾਮ ਹੈ, ਜੱਟ[8] ਜਾਤ ਹਿਰਦੇ ਵਿੱਚ ਜਾਣ ਲਵੋ, ਮਾਤਾ-ਪਿਤਾ ਦੀ ਆਗਿਆ ਨਾਲ ਆਪਣੀਆਂ ਵੀ ਤੇ ਪਰਾਈਆਂ ਵੀ ਬੱਕਰੀਆਂ ਚਾਰਦਾ ਹਾਂ।" ॥੮॥

SikhBookClub.Com

ਗੁਰੂ ਭਨਜੋ 'ਕਰੀਏ ਨਿਜ ਕਾਰੀ । ਜਾਇ ਲੇਹੁ ਨਿਜ ਅਜਾ ਸੰਭਾਰੀ'।
ਸਿਸ ਕਹਿ 'ਸੰਸਾ ਭਾ ਮਨ ਮਾਂਹੀਂ । ਪ੍ਰਥਮ[1] ਬੁਲਾਯੋ ਅਪਨੇ ਪਾਹੀਂ ॥੯॥

ਬਹੁਰ ਨ ਕਾਰਜ ਕਛੂ ਬਤਾਯੋ । —ਜਾਹੁ ਅਬੈ— ਮੁਖ ਤੇ ਫੁਰਮਾਯੋ।
ਜੋ ਰਾਵਰ ਕੋ ਕਾਜ ਨ ਕੋਈ । ਕਿਉ ਹਕਾਰਨੇ[2] ਆਇਸੁ ਹੋਈ'॥੧੦॥

ਸ੍ਰੀ ਗੁਰ ਕਹਜੋ 'ਜੁ ਨਿਕਟ ਹਕਾਰਾ । ਕੌਨ ਦੋਸ਼ ਇਸ ਬਿਖੈ ਨਿਹਾਰਾ।
ਮਿਲਨੇ ਬੋਲਨ ਅਪਨ ਪਰਾਈ । ਬੁਧ ਸੁਧ[3] ਸਗਰੀ ਪਰੈ ਲਖਾਈ'॥੧੧॥

ਬੂੜਾ ਸੁਨ ਗਾ ਬੰਦਨ ਕਰਕੈ । ਬਧਜੋ ਪ੍ਰੇਮ ਉਰ ਰਹਜੋ ਬਿਚਰਕੈ।
ਸੰਧਜਾ[4] ਲੌ ਨਿਜ ਅਜਾ ਚਰਾਈ । ਜਾਇ ਸਦਨ ਪੁਨ ਰੈਨਿ ਬਿਤਾਈ ॥੧੨॥

ਸ੍ਰੀ ਅੰਗਦ ਸੁਨੀਏ ਕਹਿ ਬਾਲਾ । ਮੈਂ ਤਬ ਬੂਝਨ ਕਰੇ ਕ੍ਰਿਪਾਲਾ।
'ਇਹ ਬਾਲਕ ਜੋ ਨਿਕਟ ਬੁਲਾਵਾ । ਤਿਹ ਸੋਂ ਬਚਨ ਬਿਲਾਸ ਅਲਾਵਾ।੧੩।

ਕੌਨ ਅਹੈ,ਕਿਉਂ ਨਿਕਟ ਹਕਾਰਾ? । ਮੁਝੇ ਬ੍ਰਿਤੰਤ[5] ਸੁਨਾਵਹੁ ਸਾਰਾ'।
ਭਨਜੋ ਪ੍ਰਭੂ 'ਏਹੁ ਹੈ ਮਤਵੰਤਾ[6] । ਕਿਤਕ ਦਿਵਸ ਮਹਿਂ ਪੂਰਨ ਸੰਤਾ॥੧੪॥

ਹੈ ਸਿੱਖੀ ਕੋ ਸਦਨ ਬਿਸਾਲਾ।ਛੈ[7] ਨ ਸਕੈ ਮਨ ਬਿਸ਼ੈ ਜੰਜਾਲਾ।
ਜੀਵਨ ਮੁਕਤਿ ਅਵਸਥਾ ਪਾਵਹਿ।ਅਪਨੇ ਬਚ ਸੋਂ ਅਵਰ ਤਰਾਵਹਿ[8]'॥੧੫॥

ਮੈਂ ਬੋਲਜੋ 'ਜੇ ਹੈ ਹੈ ਐਸੋ । ਕਿਉਂ ਸਸ਼ੰਕ ਪੁਛ ਕਾਰਜ ਕੈਸੋ?'॥
ਸੁਨ ਪੁਨ ਭਾਖਜੋ ਦਯਾ ਅਵਾਸਾ । 'ਅਬ ਲੌ ਭਯੋ ਨ ਰਿਦੈ ਪ੍ਰਕਾਸ਼ਾ॥੧੬॥

ਬਿਗਸੇ ਕਮਲ ਤਬਹਿ ਲਿਹੁ ਪੇਖੀ । ਦਿੱਬ ਦ੍ਰਿਸ਼ਟਿ ਜਿਹ ਹੋਇ ਵਿਸੇਖੀ[9]'।
'ਕਬ ਲੌ[10] ਇਸ ਮਹਿਂ ਹੋਇ ਪ੍ਰਕਾਸ਼ਾ? । ਮੋਹਿ ਬਤਾਇ ਦੇਹੁ ਸੁਖਰਾਸਾ!'॥੧੭॥

SikhBookClub.Com

ਗੁਰੂ ਜੀ ਕਿਹਾ, "ਅੱਛਾ ਜਾਓ, ਆਪਣਾ ਕੰਮ ਕਰੋ ਤੇ ਆਪਣੀਆਂ ਬੱਕਰੀਆਂ ਸੰਭਾਲੋ।" ਬਾਲਕ ਨੇ ਆਖਿਆ, "ਚਿਤ ਵਿਚ ਕੋਈ ਸ਼ੰਕਾ ਹੈ, ਤੁਸੀਂ ਪਹਿਲਾਂ[1] ਮੈਨੂੰ ਆਪਣੇ ਪਾਸ ਬੁਲਾਇਆ ਵੀ ਹੈ ॥੮॥

ਤੇ ਫਿਰ ਕੋਈ ਕੰਮ ਵੀ ਨਹੀਂ ਦੱਸਿਆ। (ਬਾਅਦ ਵਿੱਚ) ਕਹਿ ਦਿੱਤਾ -ਹੁਣ ਚਲੇ ਜਾਵੋ-। ਜੇਕਰ ਆਪ ਜੀ ਨੂੰ ਕੋਈ (ਮੇਰੇ ਤੱਕ) ਕੰਮ ਹੀ ਨਹੀਂ ਸੀ ਤਾਂ ਮੈਨੂੰ ਬੁਲਾਉਣ[2] ਦੀ ਆਗਿਆ ਕਿਉਂ ਹੋਈ?" ॥੧੦॥

ਗੁਰੂ ਜੀ ਨੇ ਆਖਿਆ, "ਜੇਕਰ ਕੋਲ ਸੱਦ ਲਿਆ ਤਾਂ ਇਸ ਵਿਚ ਤੂੰ ਮਾੜਾ ਦੋਸ਼ ਕੀ ਦੇਖ ਲਿਆ? ਆਪਣੇ-ਪਰਾਏ ਨਾਲ ਮਿਲਣ-ਬੋਲਣ ਨਾਲ ਹੀ ਇੱਕ-ਦੂਜੇ ਦੀ ਸਾਰੀ ਸੂਝ-ਬੂਝ[3] ਦਾ ਪਤਾ ਲੱਗਦਾ ਹੈ।" ॥੧੧॥

ਬੂੜਾ ਸੁਣ ਕੇ ਨਮਸਕਾਰ ਕਰਕੇ ਚਲਾ ਗਿਆ। ਗੁਰੂ ਜੀ ਨੂੰ ਮਿਲ ਕੇ ਉਸ ਦੇ ਮਨ ਵਿਚ ਗੁਰੂ ਜੀ ਪ੍ਰਤੀ ਪ੍ਰੇਮ ਵੱਧ ਗਿਆ ਸੀ। ਉਹ ਵਿਚਰਦਾ ਰਿਹਾ, ਸ਼ਾਮ[4] ਹੋਣ ਤੱਕ ਉਹ ਬੱਕਰੀਆਂ ਚਰਾਉਂਦਾ ਰਿਹਾ ਤੇ ਫਿਰ ਘਰੇ ਜਾ ਕੇ ਉਸ ਨੇ ਰਾਤ ਕੱਟੀ ॥੧੨॥

ਅੱਗੇ ਬਾਲਾ ਜੀ ਨੇ ਕਿਹਾ, "ਹੇ ਸ੍ਰੀ ਅੰਗਦ ਜੀ, ਸੁਣੋ! ਮੈਂ (ਬਾਲੇ ਨੇ) ਕਿਰਪਾਲੂ ਗੁਰੂ ਜੀ ਨੂੰ ਪੁੱਛਿਆ, "ਇਹ ਬਾਲਕ ਜਿਸ ਨੂੰ ਕੋਲ ਬੁਲਾ ਕੇ, ਜਿਸ ਦੇ ਨਾਲ ਤੁਸੀਂ ਬਚਨ-ਬਿਲਾਸ ਕੀਤਾ ਸੀ। ॥੧੩॥

ਇਹ ਕੌਣ ਹੈ, ਇਸ ਨੂੰ ਆਪਣੇ ਪਾਸ ਕਿਉਂ ਸੱਦਿਆ ਸੀ? ਮੈਨੂੰ ਇਸ ਦਾ ਸਾਰਾ ਬਿਰਤਾਂਤ[5] ਸੁਣਾਵੋ।" ਤਾਂ ਗੁਰੂ ਜੀ ਨੇ ਦੱਸਿਆ, "ਇਹ ਬਹੁਤ ਬੁੱਧੀਵਾਨ[6] ਲੜਕਾ ਹੈ, ਕੁਝ ਦਿਨਾਂ ਨੂੰ ਇਹ ਪੂਰਾ ਸੰਤ ਹੋਵੇਗਾ। ॥੧੪॥

ਸਿੱਖੀ ਦਾ ਵਿਸ਼ਾਲ ਘਰ ਹੋਵੇਗਾ। ਇਸ ਦੇ ਮਨ ਨੂੰ ਵਿਸ਼ੇ-ਵਿਕਾਰਾਂ ਦੇ ਜੰਜਾਲ ਛੁਹ[7] ਨਹੀਂ ਸਕਣਗੇ। ਜੀਵਨ-ਮੁਕਤੀ ਦੀ ਪਦਵੀ ਪ੍ਰਾਪਤ ਕਰੇਗਾ। ਆਪਣੇ ਬਚਨਾਂ ਨਾਲ ਹੋਰਨਾਂ ਨੂੰ ਤਾਰੇਗਾ[8]।" ॥੧੫॥

ਤਾਂ ਮੈਂ (ਬਾਲੇ) ਕਿਹਾ, "ਜੇ ਉਹ ਇਸ ਤਰਾਂ ਦਾ (ਬੁੱਧੀਵਾਨ) ਹੈ ਤਾਂ ਉਹ ਸ਼ੰਕਾ ਸਹਿਤ (ਆਪ ਜੀ ਨੂੰ) ਕਿਉਂ ਪੁੱਛਦਾ ਸੀ ਕਿ ਕੀ ਕੰਮ ਹੈ?" ਤਾਂ ਮੇਰੀ ਗੱਲ ਸੁਣ ਕੇ ਦਇਆ ਦੇ ਘਰ ਗੁਰੂ ਜੀ ਨੇ ਆਖਿਆ, "ਅਜੇ ਉਸ ਦੇ ਹਿਰਦੇ ਵਿੱਚ ਪ੍ਰਕਾਸ਼ ਉਦੈ ਨਹੀਂ ਹੋਇਆ ॥੧੬॥

ਜਦੋਂ ਉਸ ਦਾ (ਹਿਰਦੇ ਰੂਪੀ) ਕਮਲ ਖਿੜੇਗਾ ਤਾਂ ਫਿਰ ਹੀ ਵੇਖੇਗਾ, ਜਿਸ ਦੀ ਦਿੱਬ-ਦ੍ਰਿਸ਼ਟੀ ਬਹੁਤ[9] ਹੀ ਵੱਧ ਹੋਵੇਗੀ।" (ਮੈਂ ਫਿਰ ਪੁੱਛਿਆ), "ਕਦੋਂ ਤੱਕ[10] ਇਸ ਵਿਚ ਆਤਮ-ਗਿਆਨ ਦਾ ਪ੍ਰਕਾਸ਼ ਹੋਵੇਗਾ?" ਹੇ ਸੁੱਖਾਂ ਦੀ ਰਾਸ! ਗੁਰੂ ਜੀ, ਮੈਨੂੰ ਇਹ ਦੱਸ ਦੇਵੋ ॥੧੭॥

SikhBookClub.Com

ਗੁਰ ਕਹਿ 'ਇਤੀ ਹੁਤੀ ਅਬ ਦੇਰਾ । ਬੋਲਨ ਮਿਲਨ ਦਰਸ ਕੋ ਹੇਰਾ।
ਭਲਕ ਬਿਲੋਕਹੁ ਕਸ[1] ਹੈ ਠਾਟਾ[2] । ਖੁਲਹਿੰ ਮੋਹ ਕੇ ਬਿਕਟ ਕਪਾਟਾ[3]'॥੧੮॥

ਬਹੁਰੋ ਭੋਰ ਜਬੈ ਹੁਇ ਆਈ । ਮਾਖਨ[4] ਬਾਸਨ ਲੀਨ ਉਚਾਈ।
ਮਾਤ ਪਿਤਾ ਤੇ ਕਰਕੈ ਚੋਰੀ । ਸਟਕਜੋ[5] ਘਰ ਤੇ ਪ੍ਰਭੂ ਜਿਸ ਠੋਰੀ ॥੧੯॥

ਤੂਰਨ ਬੂੜਾ ਪੁਰ ਕਰਤਾਰਾ । ਆਇ ਬਿਲੋਕੇ ਮੋਖ ਉਦਾਰਾ।
ਮਾਖਨ ਬਾਸਨ[6] ਅੱਗ੍ਰਜ ਧਰਕੈ । ਬੈਠਜੋ ਨਿਕਟ ਬੰਦਨਾ ਕਰਕੈ ॥੨੦॥

ਮੁਸ਼ਕਾਨੇ ਪ੍ਰਭੂ ਬਚਨ ਅਲਾਯੋ । 'ਮਾਖਨ ਬਾਸਨ ਕਹਿੰ ਤੇ ਲਜਾਯੋ?'।
'ਸੁਨਹੁ ਤਪਾ ਜੀ! ਰਾਵਰ ਹੇਤਾ । ਘ੍ਰਿਤ ਆਨਜੋ ਮੈਂ ਅਪਨ ਨਿਕੇਤਾ॥੨੧॥

ਦਰਸ ਸੰਤ ਗੁਰ ਛੂਛ[7] ਨ ਜਾਨਾ।ਅਸ ਬਿਚਾਰ ਉਰ ਬਿਖੈ ਉਠਾਨਾ'।
'ਭੋ ਬਾਲਕ ਹੈ ਲਘੁ ਤਨ ਤੇਰਾ । ਨਿਸ਼ਚੈ ਕਰ ਕੋ ਘਰ ਨਿਜ ਹੇਰਾ॥੨੨॥

ਜਿਸ ਮਹਿੰ ਫਸਕੈ ਨਿਕਸਨ[8] ਭਾਰੀ । ਜਾਲ ਮੀਨ ਕੀ ਰੀਤ ਬਿਚਾਰੀ।
ਸਿਸੁ ਕਹਿ 'ਮਾਤ ਪਿਤਾ ਘਰ ਜੋਊ । ਮੈਂ ਪਹਿਚਾਨਜੋ ਅਪਨੋ ਸੋਊ॥੨੩॥

ਤਹਿੰ ਤੇ ਮਾਖਨ ਬਾਸਨ ਲੀਨੋ । ਆਨ ਉਪਾਇਨ[9] ਤੁਮਰੀ ਕੀਨੋ।
ਭੋਰ ਉਠਤ ਭੀ ਚੌਪ[10] ਨਵੀਨੀ । ਆਵਨ ਲਗੇ ਨ ਸੁਧ ਕਿਸ ਦੀਨੀ ॥੨੪॥

ਦੋਹਰਾ

'ਭੋ ਬਾਲਕ ਪਿਤ ਮਾਤ ਤੇ ਆਨਜੋ ਘ੍ਰਿੱਤ[11] ਚੁਰਾਇ।
ਬਹੁਰੋ ਜੇ ਘਰ ਜਾਵਈਂ ਮਾਰਹਿੰ ਤੋਹਿ ਰਿਸਾਇ ॥੨੫॥

ਚੌਪਈ

ਇਹ ਮਾਖਨ ਹਮ ਲੇਵਹਿੰ ਨਾਂਹੀ । ਗਮਨਹੁ ਲੇ ਅਪਨੇ ਘਰ ਮਾਂਹੀ।
ਪਹੁੰਚਜੋ ਹਮਕੋ ਤੈਂ ਜੋ ਲਜਾਇ । ਹੈ ਪ੍ਰਸੰਨ ਦੇਖਜੋ ਉਰ ਭਾਇ'॥੨੬॥

SikhBookClub.Com

ਗੁਰੂ ਜੀ ਨੇ ਕਿਹਾ, "ਆਪਸ ਵਿਚ ਦਰਸ਼ਨ ਕਰਕੇ ਗੱਲਬਾਤ ਕਰਨ ਦੀ ਹੀ ਹੁਣ ਦੇਰ ਸੀ। ਕੱਲ ਨੂੰ ਵੇਖਣਾ, ਇਸਦਾ ਕੈਸਾ[1] ਠਾਠ[2] ਹੋਵੇਗਾ? (ਕੈਸੀ ਸੋਭਾ ਹੋਵੇਗੀ?), ਜਦੋਂ ਇਸ ਦੇ ਮੋਹ ਦੇ ਕਰੜੇ ਤਖਤੇ[3] ਖੁੱਲ੍ਹ ਜਾਣਗੇ" ॥੧੮॥

ਫੇਰ ਜਦ ਅਗਲਾ ਦਿਨ ਚੜ੍ਹਿਆ, ਉਸ ਨੇ ਮੱਖਣ[4] ਦਾ (ਭਰਿਆ) ਕੁੱਜਾ ਚੁੱਕਿਆ ਹੋਇਆ ਸੀ। ਉਹ ਮਾਤਾ-ਪਿਤਾ ਤੋਂ ਚੋਰੀ ਕਰਕੇ ਖਿਸਕਾ[5] ਕੇ ਉਥੇ ਲੈ ਆਇਆ ਸੀ, ਜਿਸ ਸਥਾਨ 'ਤੇ ਗੁਰੂ ਜੀ ਬੈਠੇ ਹੋਏ ਸਨ। ॥੧੯॥

ਬੂੜੇ ਨੇ ਜਲਦੀ ਨਾਲ ਕਰਤਾਰਪੁਰ ਆ ਕੇ ਮੁਕਤੀ ਦੇ ਉਦਾਰੇ ਗੁਰੂ ਜੀ ਨੂੰ ਤੱਕਿਆ, ਉਸ ਨੇ ਮੱਖਣ ਦੇ (ਭਰੇ) ਬਰਤਨ (ਕੁੱਜੇ)[6] ਨੂੰ ਗੁਰੂ ਜੀ ਅੱਗੇ ਰੱਖਕੇ ਨਮਸਕਾਰ ਕੀਤੀ ਤੇ ਗੁਰੂ ਜੀ ਅੱਗੇ ਬੈਠ ਗਿਆ ਸੀ। ॥੨੦॥

ਗੁਰੂ ਜੀ ਨੇ ਹੱਸ ਕੇ ਆਖਿਆ, "ਇਹ ਮੱਖਣ ਦਾ ਕੁੱਜਾ ਕਿਥੋਂ ਲੈ ਕੇ ਆਏ ਹੋਂ?" (ਤਾਂ ਬੂੜਾ ਬੋਲਿਆ, "ਹੇ ਤਪਾ ਜੀ, ਸੁਣੋ! ਆਪ ਜੀ ਵਾਸਤੇ ਹੀ ਹੈ। ਮੈਂ ਇਹ ਘਿਉ ਘਰੋਂ ਲੈ ਕੇ ਆਇਆ ਹਾਂ। ॥੨੧॥

(ਸਿਆਣੇ ਕਹਿੰਦੇ ਹਨ) -ਸੰਤ ਅਤੇ ਗੁਰੂ ਦੇ ਦਰਸ਼ਨ ਕਰਨ ਲਈ ਖਾਲੀ[7] ਹੱਥ ਨਹੀਂ ਜਾਈਦਾ- ਹਿਰਦੇ ਵਿੱਚ ਇਹ ਸੋਚ ਕੇ ਹੀ ਮੈਂ ਚੁੱਕ ਲਿਆਇਆ ਹਾਂ।" (ਗੁਰੂ ਜੀ ਨੇ ਕਿਹਾ), "ਹੇ ਬਾਲਕ! ਛੋਟਾ ਜਿਹਾ ਤੇਰਾ ਸਰੀਰ ਹੈ। ਨਿਸ਼ਚਾ ਕਰ, ਤੂੰ ਆਪਣਾ ਕਿਹੜਾ ਘਰ ਤੱਕ ਰੱਖਿਆ ਹੈ? ॥੨੨॥

(ਇਹ ਤਾਂ) ਜਾਲ ਵਿਚ ਫਸੀ ਮੱਛੀ ਦੀ ਰੀਤ ਵਾਂਗ ਹੈ, ਜਿਸ ਵਿਚ ਫਸ ਕੇ ਨਿਕਲਣਾ[8] ਬਹੁਤ ਕਠਨ ਹੁੰਦਾ ਹੈ, ਵਿਚਾਰ ਕਰ ਲੈ।" ਬੱਚੇ ਨੇ ਕਿਹਾ, "ਜੋ ਮੇਰੇ ਪਿਤਾ-ਮਾਤਾ ਦਾ ਘਰ ਹੈ, ਮੈਂ ਤਾਂ ਉਹੋ ਹੀ ਆਪਣਾ ਘਰ ਜਾਣਿਆ (ਨਿਸ਼ਚੇ ਕੀਤਾ) ਹੈ। ॥੨੩॥

ਉਨ੍ਹਾਂ ਪਾਸੋਂ ਹੀ ਮੱਖਣ ਦਾ ਕੁੱਜਾ ਲੈ ਕੇ, ਆਪ ਜੀ ਦੇ ਭੇਟ[9] ਕੀਤਾ ਹੈ। ਦਿਨ ਚੜ੍ਹੇ ਉਠਦਿਆਂ ਹੀ ਇਹ ਨਵਾਂ ਸੌਕ[10] ਜਾਗਿਆ, ਮੈਂ ਆਉਣ ਲੱਗੇ ਨੇ ਕਿਸੇ ਨੂੰ ਨਹੀਂ ਸੀ ਦੱਸਿਆ।" ॥੨੪॥

ਦੋਹਰਾ

ਗੁਰੂ ਜੀ ਨੇ ਆਖਿਆ, "ਹੇ ਬਾਲਕ! ਤੂੰ ਆਪਣੇ ਮਾਤਾ-ਪਿਤਾ ਤੋਂ ਚੋਰੀ ਕਰਕੇ ਘਿਉ[11] ਲੈ ਕੇ ਆਇਆ ਹੈਂ। ਬਾਅਦ ਵਿਚ, ਜਦ ਤੂੰ ਘਰ ਜਾਵੇਂਗਾ ਤਾਂ ਉਹ ਗੁੱਸੇ ਵਿਚ ਤੈਨੂੰ ਮਾਰਨਗੇ ॥੨੫॥

ਚੌਪਈ

ਸੋ, ਅਸੀਂ ਤੇਰਾ ਇਹ ਮੱਖਣ ਨਹੀਂ ਲਵਾਂਗੇ। ਇਸ ਨੂੰ ਲੈ ਕੇ (ਵਾਪਸ) ਆਪਣੇ ਘਰ ਨੂੰ ਚਲਾ ਜਾ। ਸਮਝ ਲੈ, ਜੋ ਤੂੰ ਲੈ ਕੇ ਆਇਆ ਹੈ, ਇਹ ਸਾਡੇ ਪਾਸ ਪਹੁੰਚ ਗਿਆ ਹੈ। ਤੈਨੂੰ ਦੇਖ ਕੇ ਹੀ ਮਨ ਪਰਸੰਨ ਹੋ ਗਿਆ ਹੈ।" ॥੨੬॥

SikhBookClub.Com

ਸੁਨਕੈ ਬੂੜਾ ਰੋਵਨ ਲਾਗਾ । ਪ੍ਰੇਮ ਬਿਰਹ[1] ਉਰ ਅੰਤਰ ਜਾਗਾ।
'ਮਾਰਹਿਂ ਮਾਤ ਪਿਤਾ ਮੁਝ ਕਬਹੀ । ਤੁਮ ਮਾਰਤ ਹੋ ਮੋ ਕੋ ਅਬ ਹੀ' ॥੨੭॥

ਸ੍ਰੀ ਗੁਰੂ ਭਨੈ 'ਕੁਵਾਕ[2] ਨ ਕਹਜੋ । ਹਮਨੈ ਤੋਰ ਭਲਾ ਹੀ ਚਹਜੋ ।
ਕੌਨ ਮਾਰ ਕੀਨੀ ਤੁਝ ਤਾਈਂ । ਜਾਂ ਤੇ ਰੁਦਨ[3] ਕਰੈ ਬਿਲਲਾਈ' ॥੨੮॥

'ਸੁਨਹੁ ਪ੍ਰਭੂ ਜਸ ਮਾਰਜੋ ਮੋਹੀ । ਇਸ ਤੇ ਵਡੀ ਮਾਰ ਨਹਿਂ ਹੋਹੀ।
ਬਾਰਜੋ[4] ਦੀਪਕ,ਦਿਪਤ ਪ੍ਰਕਾਸ਼ਾ । ਪੁਨ ਬੁਝਾਇ ਕੈ ਕਰਹੁ ਨਿਰਾਸਾ ॥੨੯॥

ਤੁਮਹਿ ਉਚਿਤ ਅਧਿਕਾਇ ਜਰਾਵਉ[5] । ਪਾਇ ਸਨੇਹ ਗੁਨਹਿ ਉਕਸਾਵਉ[6]।
ਤਮ ਕੋ ਟਾਰ ਵਸਤੁ ਦਿਖਰਾਵਉ । ਪੂਰ ਆਸ ਅਸ ਕਸ਼ਟ ਮਿਟਾਵਉ' ॥੩੦॥

ਸੋਰਠਾ

ਮੁਸ਼ਕਾਨੇ ਗੁਨਖਾਨ ਬਾਣੀ ਤਿਹ ਸੋਂ ਪੁਨ ਭਨੀ।
'ਬੂਢੇ ਬਡੇ ਸਮਾਨ ਬਾਤੈਂ ਤੂੰ ਮੁਖ ਤੇ ਕਹੈਂ' ॥੩੧॥

ਤਬ ਹੀ ਤੇ ਇਹ ਨਾਮ —ਭਾਈ ਬੁੱਢਾ[(*1)]— ਕਹਤਿ ਹੈਂ।
ਸ਼ਰਨ ਗਹਜੋ ਸੁਖ ਧਾਮ ਕਰੁਨਾ ਕੀਨੀ ਜਗਤ ਗੁਰ ॥੩੨॥

ਚੌਪਈ

'ਹੇ ਸਿਸੁ ਕਰਕੈ ਭਾਉਨਿ[7] ਭਾਰੀ । ਬੰਦਨ ਕਰ ਕਰਤਾਰ ਅਗਾਰੀ।
ਪੂਰਨ ਹੋਵਹਿ ਉਰ ਕੀ ਆਸਾ[8] । ਪ੍ਰਾਪਤਿ ਭਲੋ ਗਜਾਨ ਸੁਖ ਰਾਸਾ' ॥੩੩॥

ਸੁਨ ਕੈ ਦ੍ਵੈ ਕਰ ਜੋਰਨ ਕੀਨੇ । ਬੰਦੇ ਪੰਕਜ ਪਾਇ ਪ੍ਰਬੀਨੇ।
ਭਯੋ ਗਜਾਨ ਤਿਹਂ ਛਿਨ ਸੁਖਰਾਸੀ । ਸਗਰੀ ਉਰ ਤੇ ਦ੍ਵੈਤ[9] ਬਿਨਾਸੀ[10] ॥੩੪॥

SikhBookClub.Com

(ਗੁਰੂ ਜੀ ਦੇ ਬੋਲ) ਸੁਣ ਕੇ ਬੂੜਾ ਰੋਣ ਲੱਗ ਪਿਆ, ਉਸ ਦੇ ਮਨ ਅੰਦਰ ਪ੍ਰੇਮ-ਵਿਛੋੜਾ[1] ਜਾਗ ਪਿਆ ਤੇ ਉਹ ਕਹਿਣ ਲੱਗਾ, "ਮਾਤਾ-ਪਿਤਾ ਤਾਂ ਪਤਾ ਨਹੀਂ ਕਦੋਂ ਮਾਰਨਗੇ, ਪਰ ਤੁਸੀਂ ਤਾਂ ਜੀ ਮੈਨੂੰ ਹੁਣੇ ਹੀ ਮਾਰ ਰਹੇ ਹੋ।" ॥੨੭॥

ਤਾਂ ਗੁਰੂ ਜੀ ਨੇ ਕਿਹਾ, "ਅਸੀਂ ਤੈਨੂੰ ਕੋਈ ਮਾੜੀ-ਗੱਲ[2] ਤਾਂ ਨਹੀਂ ਕਹੀ। ਅਸੀਂ ਤਾਂ ਤੇਰਾ ਭਲਾ ਹੀ ਚਾਹਿਆ ਹੈ। ਅਸੀਂ ਤੈਨੂੰ ਕੀ ਮਾਰ, ਮਾਰ ਦਿੱਤੀ, ਜਿਸ ਕਰਕੇ ਤੂੰ ਰੋਣ[3] ਲੱਗ ਪਿਆ ਹੈਂ।" ॥੨੮॥

ਬੂੜਾ ਕਹਿਣ ਲੱਗਿਆ, "ਹੇ ਗੁਰੂ ਜੀ ਸੁਣੋ, ਜਿਸ ਤਰਾਂ ਦੀ ਤੁਸੀਂ ਮੈਨੂੰ ਮਾਰ ਮਾਰੀ ਹੈ, ਇਸ ਤੋਂ ਵੱਡੀ ਹੋਰ ਕੋਈ ਮਾਰ ਨਹੀਂ ਹੋ ਸਕਦੀ। ਪਹਿਲਾਂ ਤੁਸੀਂ ਦੀਪਕ ਜਗਾ[4] ਕੇ ਪ੍ਰਕਾਸ਼ਿਆ ਹੈ ਤੇ ਫਿਰ ਆਪ ਹੀ ਬੁਝਾ ਕੇ ਨਿਰਾਸ਼ ਕਰ ਰਹੇ ਹੋ। ॥੨੯॥

ਤੁਹਾਡੇ ਵਾਸਤੇ ਇਹ ਹੀ ਉਚਿੱਤ ਹੈ ਕਿ ਤੁਸੀਂ ਇਸ ਦੀਪਕ ਨੂੰ ਵੱਧ ਤੋਂ ਵੱਧ ਜਗਾਵੋ[5]। ਪ੍ਰੇਮ ਦਾ ਤੇਲ ਪਾ ਕੇ ਗੁਣਾਂ ਦੀ ਬੱਤੀ ਨੂੰ ਉੱਚਾ[6] ਕਰੋ। ਰਾਤ ਰੂਪੀ ਹਨ੍ਹੇਰੇ ਨੂੰ ਦੂਰ ਕਰਕੇ ਅਸਲ ਪਦਾਰਥ ਦੇ ਦਰਸ਼ਨ ਕਰਵਾਓ। ਮੇਰੀ ਆਸਾ ਪੂਰੀ ਕਰੋ ਤੇ ਸਾਰੇ ਕਸ਼ਟ ਦੂਰ ਕਰੋ ਜੀ।" ॥੩੦॥

ਸੋਰਠਾ

ਗੁਣਾਂ ਦੀ ਖਾਣ (ਗੁਰੂ ਜੀ) ਹੱਸੇ ਤੇ ਫਿਰ ਆਖਿਆ, "(ਹੇ ਬੂੜੇ! ਤੂੰ ਤਾਂ ਬੁੱਢਿਆਂ ਵਾਂਗ ਸਿਆਣੀਆਂ-ਸਿਆਣੀਆਂ ਗੱਲਾਂ ਕਰਦਾ ਹੈ।" ॥੩੧॥

(ਬਾਲਾ ਜੀ ਦੱਸਦੇ ਹਨ) ਤਾਂ ਹੀ ਉਦੋਂ ਤੋਂ ਇਨ੍ਹਾਂ ਦਾ ਇਹ -ਭਾਈ ਬੁੱਢਾ- ਨਾਮ ਕਹਿਣ ਲੱਗ ਪਏ। ਜਿਸ ਨੇ ਸੁੱਖਾਂ ਦੇ ਧਾਮ ਗੁਰੂ ਜੀ ਦੀ ਸ਼ਰਨ ਲੈ ਲਈ ਸੀ ਤੇ ਜਗਤ ਗੁਰੂ ਨੇ ਉਨ੍ਹਾਂ ਉੱਪਰ ਕਿਰਪਾ ਕੀਤੀ ਸੀ। ॥੩੨॥

ਚੌਪਈ

(ਗੁਰੂ ਜੀ ਨੇ ਬਚਨ ਕੀਤਾ ਸੀ) "ਹੇ ਬਾਲਕ! ਤੂੰ ਜੇਕਰ ਆਪਣੇ ਮਨ ਦੀ ਇੱਛਾ[7] ਪੂਰੀ ਕਰਨਾ ਚਾਹੁੰਦਾ ਹੈ ਤਾਂ ਉਸ ਕਰਤਾਰ ਅੱਗੇ ਅਰਦਾਸ ਕਰ। ਤੇਰੇ ਮਨ ਦੀਆਂ (ਸਾਰੀਆਂ) ਮੁਰਾਦਾਂ[8] ਪੂਰੀਆਂ ਹੋਵਣਗੀਆਂ ਤੇ ਸੁੱਖਾਂ ਦੀ ਰਾਸ, ਵਾਹਿਗੁਰੂ ਦਾ ਤੈਨੂੰ (ਪੂਰੀ ਤਰਾਂ) ਗਿਆਨ ਪ੍ਰਾਪਤ ਹੋ ਜਾਵੇਗਾ।" ॥੩੩॥

ਉਸ ਨੇ ਗੁਰੂ ਜੀ ਦੇ ਬਚਨ ਸੁਣ ਕੇ ਸਮਰੱਥ ਗੁਰੂ ਜੀ ਦੇ ਚਰਨ-ਕਮਲਾਂ ਵਿਚ ਦੋਨੋਂ ਹੱਥ ਜੋੜ ਕੇ ਅਰਦਾਸ ਕੀਤੀ। ਉਸ ਨੂੰ, ਉਸੇ ਪਲ ਹੀ ਸੁੱਖਾਂ ਦੀ ਰਾਸ ਗੁਰੂ ਜੀ ਕੋਲੋਂ ਗਿਆਨ ਪ੍ਰਾਪਤ ਹੋ ਗਿਆ ਸੀ। ਮਨ ਵਿੱਚੋਂ ਦਵੈਤ[9]-ਭਾਵਨਾ ਦਾ ਨਾਸ਼[10] ਹੋ ਗਿਆ ਸੀ। ॥੩੪॥

SikhBookClub.Com

ਕ੍ਰਿਪਾ ਨਿਧਾਨ ਬਹੁਰ ਬਚ ਕਹੇ । 'ਸਵਾ ਜਾਮ ਜਾਮਨਿ ਜਬ ਰਹੇ।
ਨਿਤ ਉਠ ਤਬ ਹੀ ਕਰਹੁ ਸ਼ਨਾਨਾ । ਸਿਮਰਹੁ ਨਾਮ ਮਾਨ ਮਨ ਭਾਨਾ[1]'॥੩੫॥

ਹਾਥ ਜੋਰ ਸਿਸ ਬਚਨ ਬਖਾਨਾ । 'ਅਬ ਲੌ ਰਾਖਜੋ ਉਚਿਤ ਸ਼ਨਾਨਾ।
ਮੈਂ ਮਲ[2] ਨਾਸ਼ ਕਰੀ ਇਕ ਬਾਰਾ । ਰਾਵਰ ਦਰਸ਼ਨ ਪਰ ਬਲਿਹਾਰਾ॥੩੬॥

ਬਹੁਰ ਨ ਕਬ ਲਾਗਹਿ ਮਲ[3] ਲੇਸ਼ਾ । ਜਨਮ ਮਰਨ ਕੇ ਮਿਟੇ ਕਲੇਸ਼ਾ।
ਪਾਯੋ ਨਿਰਮਲ ਸਹਜ ਸਰੂਪਾ । ਜਿਹ ਜਾਨਤ ਭਾ ਅਨਦ ਅਨੂਪਾ'॥੩੭॥

ਗੁਰੂ ਭਨਜੋ 'ਤੁਹਿ ਮਨੁਜ ਅਨੇਕਾ । ਮਿਲ ਹੈਂ ਪਾਵਨ ਹੇਤ ਬਿਬੇਕਾ[4] ।
ਤੁਝ ਕੋ ਦੇਖ ਅਚਾਰ ਕਰੰਤਾ । ਤਿਨ ਰੁਚਿ ਜਾਗਹਿ, ਹੋਵਹਿਂ ਸੰਤਾ'॥੩੮॥

ਇਸ ਬਿਧ ਹੋਇ ਕ੍ਰਿਤਾਰਥ ਸੋਊ । ਬੈਠ ਰਹਜੋ ਘਰ ਗਯੋ ਨ ਸੋਊ।
ਖੋਜਤ ਮਾਤ ਪਿਤਾ ਤਿਸ ਕੇਰੇ । ਚਲਿ ਆਏ ਸ੍ਰੀ ਨਾਨਕ ਡੇਰੇ॥੩੯॥

ਦੇਖਜੋ ਨਿਜ ਬਾਲਕ ਕੋ ਜਬ ਹੀ । ਗੁਰ ਬੈਨਨ[5] ਤੇ ਭਾ ਬ੍ਰਿਧ ਤਬਹੀ।
ਇਸ ਪ੍ਰਕਾਰ ਸੋ ਦੇਖ ਸਿਧਾਰੇ । ਰਹਜੋ ਸੁ ਬੂੜਾ ਸ੍ਰੀ ਪ੍ਰਭੂ ਦੁਆਰੇ॥੪੦॥

ਪਦ ਪੰਕਜ ਸੇਵਹਿ ਧਰ ਭਾਊ । ਬਿਖੇ ਬਾਸ਼ਨਾ ਫੁਰਤ ਨ ਕਾਊ।
ਮਨ ਥਿਤ[6] ਕਰ ਸਤਸੰਗ ਸਮਾਵਾ । ਪੁਨ ਜਬ ਕੇਤਿਕ ਸਮਾਂ ਬਿਤਾਵਾ॥੪੧॥

ਸੁਨੀਏ ਸ੍ਰੀ ਅੰਗਦ ਇਤਹਾਸਾ । ਮੈਂ ਇਕ ਦਿਵਸ ਸੁਲਖਣੀ ਪਾਸਾ।
ਸਹਿਜ ਸੁਭਾਇ ਸੁ ਬੈਠਜੋ ਜਾਈ । ਇਸ ਬਿਧ ਮੁਝ ਕੋ ਗਿਰਾ ਅਲਾਈ॥੪੨॥

ਦੋਹਰਾ

'ਟਿਕਨ[7] ਦੇਹੁ ਅਬ ਤਪੇ ਕੋ ਬਿਚਰਣ[8] ਕੀਨ ਬਿਸਾਲ।
ਦੇਸ਼ ਬਿਦੇਸ਼ਨ ਕੇ ਬਿਖੈ ਰਹਜੋ ਸੰਗ ਚਿਰਕਾਲ[9] ॥੪੩॥

SikhBookClub.Com

ਕਿਰਪਾ-ਨਿਧਾਨ (ਗੁਰੂ ਜੀ) ਨੇ ਫਿਰ ਬਚਨ ਕੀਤੇ, ਸਵਾ ਪਹਿਰ ਰਾਤ ਰਹਿੰਦੇ ਸਵੇਰੇ ਉਠ ਕੇ ਇਸ਼ਨਾਨ ਕਰਿਆ ਕਰਨਾ ਤੇ ਸਤਿਨਾਮ-ਵਾਹਿਗੁਰੂ ਦੇ ਨਾਮ ਨੂੰ ਮਨਭਾਉਂਦਾ[1] ਮੰਨ ਕੇ ਸਿਮਰਨ ਕਰਨਾ।" ॥੩੫॥

ਤਾਂ ਬਾਲਕ ਨੇ ਹੱਥ ਜੋੜ ਕੇ ਕਿਹਾ, "ਅਜੇ ਵੀ ਇਸ਼ਨਾਨ ਕਰਨ ਦੀ ਲੋੜ ਬਾਕੀ ਰਹਿ ਗਈ ਹੈ। ਆਪ ਜੀ ਨੇ ਮੇਰੀ ਤਾਂ ਇਕ ਵਾਰ ਹੀ ਤਾਂ ਸਾਰੀ ਮੈਲ[2] ਦੂਰ ਕਰ ਦਿੱਤੀ ਹੈ ਜੀ। ਆਪ ਜੀ ਦੇ ਦਰਸ਼ਨਾਂ ਦੇ ਬਲਿਹਾਰੇ ਜਾਂਦਾ ਹਾਂ। ॥੩੬॥

ਹੁਣ ਦੁਬਾਰਾ ਰਤੀ ਵੀ ਪਾਪ[3] ਨਹੀਂ ਲੱਗਣਗੇ, ਜਨਮ-ਮਰਨ ਦੇ ਤਾਂ ਸਾਰੇ ਕਲੇਸ਼ ਮਿੱਟ ਗਏ ਹਨ। ਮੈਂ ਉੱਜਲ ਸਹਿਜ ਸਰੂਪ ਪ੍ਰਾਪਤ ਕਰ ਲਿਆ ਹੈ। ਇਹ ਸਭ ਕੁਝ ਜਾਣ ਕੇ ਮੈਨੂੰ ਮਹਾਂ-ਅਨੰਦ ਮਿਲ ਗਿਆ ਹੈ।" ॥੩੭॥

ਤਾਂ ਗੁਰੂ ਜੀ ਨੇ ਆਖਿਆ, "ਗਿਆਨ[4] ਪ੍ਰਾਪਤੀ ਲਈ ਤੈਨੂੰ ਅਨੇਕਾਂ ਲੋਕ ਮਿਲਣਗੇ। ਚੰਗਾ ਆਚਰਨ ਵੇਖ ਕੇ ਲੋਕਾਂ ਨੂੰ ਸੰਤ ਬਣਨ ਦੀ ਰੁਚੀ ਹੋਵੇਗੀ ਤੇ ਉਹ ਸੰਤ ਹੋ ਜਾਣਗੇ।" ॥੩੮॥

ਇਸ ਤਰਾਂ ਉਹ (ਗੁਰੂ ਜੀ ਦੇ ਬੋਲਾਂ ਦੁਆਰਾ) ਕਿਰਤਾਰਥ ਹੋ ਗਿਆ ਤੇ ਘਰੇ ਨਹੀਂ ਸੀ ਗਿਆ। ਉਥੇ ਹੀ ਬੈਠਾ ਰਿਹਾ ਸੀ। ਉਸ ਨੂੰ ਲੱਭਦੇ-ਲੱਭਦੇ ਉਸ ਦੇ ਮਾਤਾ-ਪਿਤਾ ਗੁਰੂ ਜੀ ਦੇ ਡੇਰੇ (ਸ਼ਥਾਨ) ਪਰ ਆ ਪਹੁੰਚੇ ਸਨ। ॥੩੯॥

ਜਿਉਂ ਹੀ ਉਸ ਦੇ ਮਾਪਿਆਂ ਨੇ ਆਪਣੇ ਬਾਲਕ ਨੂੰ ਤੱਕਿਆ, ਉਹ ਜੋ ਗੁਰੂ ਜੀ ਦੇ ਬੋਲਾਂ[5] ਸਦਕਾ ਬੁੱਢਾ ਹੋ ਗਿਆ ਸੀ। ਮਾਪੇ ਉਸ ਨੂੰ ਵੇਖ ਕੇ ਉਥੇ ਹੀ ਛੱਡ ਕੇ ਚਲੇ ਗਏ ਸਨ। ਉਹ (ਬੂੜਾ) ਫਿਰ ਸਦਾ ਲਈ ਹੀ ਗੁਰੂ ਜੀ ਪਾਸ ਹੀ ਰਿਹਾ ॥੪੦॥

ਉਹ ਬਹੁਤ ਹੀ ਪ੍ਰੇਮ-ਸ਼ਰਧਾ ਨਾਲ ਗੁਰੂ ਜੀ ਦੇ ਚਰਨ-ਕਮਲਾਂ ਵਿਚ ਸੇਵਾ ਕਰਦਾ। ਵਿਸ਼ੇ-ਵਿਕਾਰਾਂ ਦੀ ਉਸ ਅੰਦਰ ਕੋਈ ਵਾਸ਼ਨਾ ਨਾ ਪੈਦਾ ਹੁੰਦੀ ਤੇ ਉਹ ਜਿੰਨਾ ਵੀ ਵਕਤ ਉਥੇ ਰਿਹਾ, ਉਸ ਨੇ ਅਡੋਲ[6] ਮਨ ਹੋ ਕੇ ਸਤਿਸੰਗਤ ਵਿਚ ਲੀਨ ਹੋ ਕੇ ਬਤੀਤ ਕੀਤਾ। ॥੪੧॥

ਹੇ ਸ੍ਰੀ ਗੁਰੂ ਅੰਗਦ ਜੀ, ਹੋਰ ਇਤਿਹਾਸਕ ਕਥਾ ਸੁਣੋ। ਮੈਂ (ਬਾਲਾ ਜੀ) ਇੱਕ ਦਿਨ ਮਾਤਾ ਸੁਲੱਖਣੀ ਜੀ ਪਾਸ ਸਹਿਜ-ਸੁਭਾਅ ਹੀ ਜਾ ਬੈਠਾ ਸਾਂ, ਉਨ੍ਹਾਂ ਨੇ ਮੈਨੂੰ ਇਸ ਤਰਾਂ ਆਖਿਆ। ॥੪੨॥

ਦੋਹਰਾ

ਹੁਣ ਤਪੇ (ਗੁਰੂ ਜੀ) ਨੂੰ ਐਥੇ ਹੀ ਟਿਕੇ[7] ਰਹਿਣ ਦਿਓ, ਬਹੁਤ ਘੁੰਮ-ਫਿਰ[8] ਲਿਆ ਹੈ। ਦੇਸ਼-ਵਿਦੇਸ਼ ਵਿਚ ਤੂੰ ਉਨ੍ਹਾਂ ਨਾਲ ਬਹੁਤ ਚਿਰ[9] ਰਿਹਾ ਹੈਂ। ॥੪੩॥

SikhBookClub.Com

ਚੌਪਈ

ਲੇ ਤੁਝ ਕੋ ਨਿਜ ਸੰਗ ਸਿਧਾਰੈਂ । ਬਾਹਰ ਕਾਲ ਬਿਸਾਲ ਗੁਜਾਰੈਂ।
ਹਮਰੇ ਪਾਸ ਰਹਿਨ ਦਿਹੁ ਅਬਹੀ । ਤੁਝ ਬਿਨ ਜਾਇਂ ਵਹਿਰ[1] ਨਹਿਂ ਕਬਹੀ' ॥੪੪॥

ਮੈਂ ਸੁਨਕੈ ਮਨ ਮਾਂਹਿ ਬਿਚਾਰਾ । —ਨਿਜ ਹਿਤ ਇਨ ਬਚ ਸਾਚ[2] ਉਚਾਰਾ।
ਚਿਰੰਕਾਲ ਲਗ ਕੀਨ ਉਦਾਸੀ । ਅਬ ਇਉਂ ਉਚਿਤ ਰਹੈਂ ਇਨ ਪਾਸੀ— ॥੪੫॥

ਮਾਨ ਬਚਨ ਮੈਂ ਪ੍ਰਭੁ ਢਿਗ ਆਵਾ । ਹਾਥ ਜੋਰ ਕੈ ਤਬੈ ਅਲਾਵਾ।
'ਕਿਸੇ ਬਸਾਵਹੁ[3] ਨਿਜ ਪਸ਼ਚਾਤੀ । ਗੁਰਤਾ ਦੇਹੁ ਕਰਹੁ ਬੱਖਸ਼ਾਤੀ[4] ॥੪੬॥

ਸਿਰੀ ਚੰਦ ਕੈ ਲਖਮੀ ਦਾਸ । ਕਿਧੋਂ ਅਪਰ ਕੋ ? ਹੇ ਸੁਖਰਾਸ!।
ਸ੍ਰੀ ਮੁਖ ਤੇ ਮੁਝ ਦੇਹੁ ਬਤਾਈ । ਜੋ ਪਾਵਹਿ ਸਭ ਜਗ ਗੁਰਿਆਈ' ॥੪੭॥

ਕਹਤ ਭਏ 'ਹਮਰੇ ਪਸ਼ਚਾਤੀ । ਤ੍ਰਿਹਣ ਗੋਤ ਛੱਤ੍ਰੀ[5] ਜਿਹ ਜਾਤੀ।
ਪ੍ਰਥਮੇ ਲਹਿਣਾ ਤਾਂਕੋ ਨਾਮ । ਪੁਨ ਅੰਗਦ ਹ੍ਵੈ ਹੈ ਅਭਿਰਾਮ[6] ॥੪੮॥

ਅਪਨੋ ਸੋ ਸਰੂਪ ਮੈਂ ਧਾਰੋਂ[7] । ਭਗਤ ਭਾਵਨਾ ਭਲੀ ਬਿਥਾਰੋਂ[8]।
ਭੇਦ ਨ ਲਖ ਸਕਹੀ ਕੋ ਜੈਸਾ । ਦੂਸਰ ਬੇਖ ਧਰਵ ਮੈਂ ਐਸਾ' ॥੪੯॥

ਇਉਂ ਸੁਨਕੈ ਮੈਂ ਦ੍ਵੈ ਕਰ ਬੰਦੇ । ਬੰਦਨ ਕੀਨ ਚਰਨ ਅਰਬਿੰਦੇ।
'ਪ੍ਰਭੁ ਜੀ! ਅਬ ਮੁਝ ਦੇਹੁ ਰਜਾਈ[9] । ਤਲਵੰਡੀ ਮਹਿਂ ਰਹਿਹੌਂ ਜਾਈ ॥੫੦॥

ਬਹੁਰ ਕ੍ਰਿਪਾ ਕਰ ਮੇਲਹੁ ਜਬਹੀ । ਦਰਸ਼ਨ ਪ੍ਰਾਪਤਿ ਹ੍ਵੈ ਹੈ ਤਬਹੀ।
ਦਾਸ ਜਾਨ ਚਿਤ ਚੇਤੈ ਕਰੀਏ । ਭੂਲ ਕਹਜੋ, ਕਛੁ ਰਿਦੈ ਨ ਧਰੀਏ' ॥੫੧॥

ਸੁਨਕੇ ਸ੍ਰੀ ਗੁਰ ਬਚਨ ਉਚਾਰੇ ।'ਤੂੰ ਹਮ ਸੇ ਨਿਤ[10] ਮਿਲਜੋ ਪਯਾਰੇ।
ਸੰਗੀ ਲੋਕ ਪ੍ਰਲੋਕ ਮਝਾਰੀ । ਕਰਤਜੋ ਹਮਰੇ ਨਿਤ ਅਨੁਸਾਰੀ ॥੫੨॥

ਤਨ ਮਿਲਜੋ ਪੁਨ ਬਿਛੁਰਨ[11] ਹੋਈ । ਜਿਨ ਮਨ ਮਿਲੇ ਨ ਬਿਛੁਰੇ ਕੋਈ।
ਸਦਾ ਯਾਦ ਤੂੰ ਰਿਦੇ ਹਮਾਰੇ । ਪਰਮ ਮੀਤ ਕਿਉਂ ਦੇਹਿਂ ਬਿਸਾਰੇ[12]' ॥੫੩॥

SikhBookClub.Com

ਚੌਪਈ

ਤੈਨੂੰ ਨਾਲ ਲੈ ਕੇ ਨਿਕਲ ਜਾਂਦੇ ਹਨ। ਬਹੁਤ ਸਮਾਂ ਬਾਹਰ ਗੁਜ਼ਾਰਦੇ ਹਨ। ਹੁਣ (ਉਨ੍ਹਾਂ ਨੂੰ) ਸਾਡੇ ਪਾਸ ਹੀ ਰਹਿਣ ਦਿਓ, ਤੇਰੇ ਬਿਨਾਂ ਉਹ ਕਦੇ ਵੀ ਬਾਹਰ[1] ਨਹੀਂ ਜਾਂਦੇ।" ॥੪੪॥

ਮੈਂ ਉਨ੍ਹਾਂ ਦੀ ਗੱਲ ਸੁਣ ਕੇ ਮਨ ਵਿਚ ਵਿਚਾਰ ਕੀਤੀ -ਇਨ੍ਹਾਂ ਨੇ ਜੋ ਆਪਣੇ ਹਿਤ ਦੀ ਜੋ ਗੱਲ ਕੀਤੀ ਹੈ, ਸੱਚੀ[2] ਹੀ ਕਹੀ ਹੈ। ਗੁਰੂ ਜੀ ਨੇ ਕਿੰਨਾ ਹੀ ਸਮਾਂ ਉਦਾਸੀਆਂ ਵਿਚ ਬਾਹਰ ਬਿਤਾ ਦਿੱਤਾ ਹੈ। ਇਹ ਉਚਿਤ ਹੀ ਹੋਵੇਗਾ, ਜੇਕਰ ਉਹ ਹੁਣ ਇਨ੍ਹਾਂ ਪਾਸ ਹੀ ਰਹਿੰਦੇ ਹਨ-। ॥੪੫॥

ਮੈਂ ਉਨ੍ਹਾਂ ਦੀ ਗੱਲ ਮੰਨ ਕੇ ਗੁਰੂ ਜੀ ਪਾਸ ਆ ਗਿਆ ਤੇ ਹੱਥ ਜੋੜ ਕੇ ਉਨ੍ਹਾਂ ਅੱਗੇ ਬੇਨਤੀ ਕੀਤੀ, "(ਗੁਰੂ ਜੀ) ਆਪਣੇ ਪਿੱਛੋਂ ਕਿਸ ਨੂੰ ਗੱਦੀ ਉੱਤੇ ਬਿਠਾਉਗੇ[3] ਅਤੇ ਗੁਰਗੱਦੀ ਦੇ ਕੇ ਪਰਗਟ[4] ਕਰੋਗੇ ॥੪੬॥

ਸਿਰੀ ਚੰਦ ਜੀ ਨੂੰ ਕਿ .ਲਖਮੀ ਦਾਸ ਜੀ ਨੂੰ ਜਾਂ ਕਿਸੇ ਹੋਰ ਨੂੰ? ਹੇ ਸੁੱਖਾਂ ਦੀ ਰਾਸ (ਗੁਰੂ ਜੀ) ਮੈਨੂੰ ਆਪਣੇ ਮੁੱਖ ਤੋਂ ਦੱਸੋ, ਜੋ ਇਸ ਜਗਤ ਦੀ ਗੁਰਿਆਈ ਨੂੰ ਪ੍ਰਾਪਤ ਕਰੇਗਾ।" ॥੪੭॥

ਉਹ ਕਹਿਣ ਲੱਗੇ, "ਅਸਾਂ ਦੇ ਪਿੱਛੋਂ ਤ੍ਰੇਹਣ ਗੋਤ, ਜਾਤ ਦਾ ਖੱਤਰੀ[5], ਜਿਸ ਦਾ ਪਹਿਲਾ ਨਾਮ ਲਹਿਣਾ ਸੀ ਤੇ ਫਿਰ ਬਾਅਦ ਵਿਚ ਸੁੰਦਰ[6] ਨਾਮ ਅੰਗਦ ਹੋਵੇਗਾ। ॥੪੮॥

ਮੈਂ ਉਸ ਅੰਦਰ ਆਪਣਾ ਸਰੂਪ ਧਾਰਨ[7] ਕਰਾਂਗਾ ਅਤੇ ਭਗਤੀ-ਭਾਵਨਾ ਦਾ ਬਹੁਤ ਚੰਗੀ ਤਰਾਂ ਨਾਲ ਫੈਲਾ[8] ਕਰਾਂਗਾ। ਦੂਸਰਾ ਮੈਂ ਇਸ ਤਰਾਂ ਦਾ ਭੇਸ ਧਰਾਂਗਾ ਕਿ ਕੋਈ ਵੀ (ਮੇਰੇ ਤੇ ਉਸ ਵਿਚ)ਭਿੰਨ-ਭੇਦ ਨਹੀਂ ਦੇਖ ਸਕੇਗਾ।" ॥੪੯॥

ਇਹ ਸੁਣ ਕੇ ਮੈਂ ਦੋਨੋਂ ਹੱਥ ਜੋੜ ਕੇ, ਗੁਰੂ ਜੀ ਦੇ ਚਰਨ-ਕਮਲਾਂ ਵਿਚ ਨਮਸਕਾਰ ਕੀਤੀ (ਤੇ ਕਿਹਾ) "ਹੇ ਪ੍ਰਭੂ ਜੀ! ਮੈਨੂੰ ਹੁਣ ਆਗਿਆ[9] ਦੇਵੋ, ਮੈਂ ਤਲਵੰਡੀ ਜਾ ਕੇ ਉਥੇ ਰਹਾਂ। ॥੫੦॥

ਫੇਰ ਜਦੋਂ ਆਪ ਦੀ ਕਿਰਪਾ ਨਾਲ ਮੇਲ ਹੋਵੇਗਾ ਤਾਂ ਹੀ ਫਿਰ ਆਪ ਦੇ ਦਰਸ਼ਨ ਪ੍ਰਾਪਤ ਹੋਣਗੇ। ਕਿਰਪਾ ਕਰਕੇ ਮੈਨੂੰ ਆਪਣਾ ਦਾਸ ਜਾਣ ਕੇ ਚੇਤੇ ਕਰਦੇ ਰਹਿਣਾ, ਭੁੱਲ ਕੇ ਕੋਈ ਗਲਤ ਬੋਲ ਕਿਹਾ ਗਿਆ ਹੋਵੇ, ਮਨ ਵਿਚ ਨਾ ਰੱਖਣਾ।" ॥੫੧॥

ਮੇਰੀ ਗੱਲ ਸੁਣ ਕੇ ਗੁਰੂ ਜੀ ਬੋਲੇ, "ਤੂੰ ਤਾਂ ਸਾਨੂੰ ਸਦਾ[10] ਵਾਸਤੇ ਮਿਲਿਆ ਹੋਇਆ ਹੈਂ। ਸਾਡਾ ਲੋਕ ਪਰਲੋਕ ਦਾ ਸਾਥੀ ਹੈਂ, ਤੂੰ ਤਾਂ ਹਮੇਸ਼ਾਂ, ਅਸਾਂ ਦੇ ਅਨੁਸਾਰ ਹੀ ਚੱਲਦਾ ਰਿਹਾ ਹੈਂ। ॥੫੨॥

ਸਰੀਰ ਤਾਂ ਮਿਲ ਕੇ ਵਿਛੜ[11] ਜਾਂਦੇ ਹਨ। ਜਿੰਨਾ ਦੇ ਮਨ ਮਿਲੇ ਹੋਵਣ, ਉਹ ਕਦੀ ਨਹੀਂ ਵਿਛੜਦੇ। ਹੇ ਮੇਰੇ ਪਰਮ-ਮਿੱਤਰ! ਮੈਂ ਤੈਨੂੰ ਕਿਉਂ ਵਿਸਾਰਾਂਗਾ[12]? ਤੂੰ ਤਾਂ ਸਦਾ ਹੀ ਮੇਰੇ ਹਿਰਦੇ ਵਿਚ ਚੇਤੇ ਰਹੇਂਗਾ।" ॥੫੩॥

SikhBookClub.Com

ਸੁਨਕੈ ਪੁਨ ਬੰਦਨ ਮੈਂ ਕੀਨੀ । ਗਮਨ ਕੀਨ ਜਬ ਆਇਸੁ ਦੀਨੀ।
ਰੈਨ ਦਿਵਸ ਤਿਨ ਮੂਰਤ ਧਜਾਨਾ[1] । ਕਰੋਂ ਰਿਦੇ ਹੈ ਅਨੰਦ ਮਹਾਨਾ॥੫੪॥

ਸ੍ਰੀ ਅੰਗਦ ਸੁਨ ਪਰਮ ਬਡੇਰੇ! । ਹੁਤੀ ਜਿਤੀਕ ਰਿਦੇ ਸੁਧ ਮੇਰੇ।
ਤਿਤੀ ਕਥਾ ਇਹੁ ਦੀਨ ਸੁਨਾਈ[2]।ਰਾਵਰ ਕੀ ਮੈਂ ਪਾਇ ਰਜਾਈ॥੫੫॥

ਤਲਵੰਡੀ ਮਹਿਂ ਰਹਜੋ ਬਹੋਰੀ । ਧਜਾਨ ਕਰੋਂ ਬੰਦੋ ਤਿਹ ਠੌਰੀ।
ਜਬ ਮੈਂ ਸੁਨਜੋ ਦੁਤਿਯ[3] ਕਿਯ ਬੇਖਾ । ਦਰਸ ਹੇਤ ਭੀ ਚਾਹਿ[4] ਵਸ਼ੇਖਾ॥੫੬॥

ਤਤ ਛਿਨ ਤੁਮਰੇ ਆਇ ਸਮੀਪਾ । ਦਰਸੇ ਤੁਮ ਤੇਹਣ ਕੁਲ ਦੀਪਾ।
ਸੋ ਸ੍ਰੀ ਨਾਨਕ ਹੋ ਤੁਮ ਓਹੀ । ਹੈ ਪ੍ਰਤੀਤ ਅਤਿਸ਼ੈ ਦ੍ਰਿੜ ਮੋਹੀ॥੫੭॥

ਅਪਨੀ ਕਥਾ ਆਪ ਲਿਖਵਾਈ । ਦਾਸ ਜਾਨ ਮੁਝ ਦੀਨ[5] ਬਡਾਈ।
ਸਭ ਬਿਧ ਅੰਤਰਜਾਮੀ ਜਾਨਹੁ । ਤੀਨ ਕਾਲ ਕੀ ਬਾਤ ਬਖਾਨਹੁ॥੫੮॥

ਸੁਨ ਕਥਾ ਸ੍ਰੀ ਅੰਗਦ ਜਬ ਹੀ । ਹਰਖਤ ਉਰ ਮੁਖ ਬੋਲੇ ਤਬ ਹੀ ।
'ਸੁਨ ਬਾਲੇ ਸ੍ਰੀ ਗੁਰ ਸਮ[6] ਤੁਮ ਹੋ । ਧੰਨ ਧੰਨ ਪੁਨ ਧੰਨ ਜਨਮ ਹੋ॥੫੯॥

ਦੋਹਰਾ

ਤੁਮਰੋ ਮੁਖ ਰਾਂਕਾ ਸ਼ਸੀ[7] ਸੁਧਾ[8] ਗਿਰਾ ਸਮ ਭਾਇ।
ਸਿਖ ਬਿੰਦਾਰਕ[9] ਪੀਵਹੀ ਨਿਤਪ੍ਰਤਿ ਨਹੀ ਅਘਾਇਂ[10] ॥੬੦॥

ਚੌਪਈ

ਇਸਕੀ ਮਹਿਮਾ ਕਹੀ ਨ ਜਾਇ । ਸੁਨਕੈ ਚਾਰਿ ਪਦਾਰਥ ਪਾਇ।
ਨਹੀ ਅਲੱਭ ਵਸਤੁ ਹੈ ਕੋਈ । ਜਿਉ ਪਾਰਸ ਧਨ ਤੋਟ ਨ ਹੋਈ॥੬੧॥

ਪਰ ਉਪਕਾਰ ਕੀਓ ਜਗ ਪਰ ਤੁਮ । ਮਹਿਮਾ ਅਪਰ[11] ਨ ਕੋ ਇਸ ਕੇ ਸਮ।
ਸੁਨਹਿ ਪਢਹਿਂ ਹਿਤ ਕਰ ਪੁਨ ਸੁਨਹਿਂ । ਪ੍ਰੀਤ ਕ਼ਰਹਿਂ ਸ੍ਰੀ ਗੁਰ ਗੁਨ ਗੁਨਹਿ॥੬੨॥

SikhBookClub.Com

(ਗੁਰੂ ਜੀ ਦੇ) ਬਚਨ ਸੁਣ ਕੇ ਮੈਂ ਫਿਰ ਨਮਸਕਾਰ ਕੀਤੀ ਤੇ ਜਿਉਂ ਹੀ ਉਨ੍ਹਾਂ ਆਗਿਆ ਦਿੱਤੀ, ਮੈਂ ਚੱਲ ਪਿਆ। ਦਿਨ-ਰਾਤ ਮੈਂ ਉਨ੍ਹਾਂ ਦੇ ਧਿਆਨ[1] ਵਿਚ ਜੁੜਿਆ ਰਹਿੰਦਾ ਤੇ ਮੇਰੇ ਹਿਰਦੇ ਨੂੰ ਮਹਾਨ-ਅਨੰਦ ਪ੍ਰਾਪਤ ਹੁੰਦਾ। ॥੫੪॥

ਹੇ ਮਹਾਨ ਵਡਿਆਈ ਵਾਲੇ ਸ੍ਰੀ ਗੁਰੂ ਅੰਗਦ ਜੀ ਸੁਣੋ! ਗੁਰੂ ਨਾਨਕ ਜੀ ਦੇ (ਮਨੋਹਰ) ਇਤਿਹਾਸ ਦਾ ਜਿੰਨਾ ਕੁ ਮੈਨੂੰ ਪਤਾ ਸੀ, ਮੈਂ ਉਨ੍ਹਾਂ ਦੀ ਉਤਨੀ ਕਥਾ ਆਪ ਜੀ ਨੂੰ, ਆਪ ਜੀ ਦੀ ਆਗਿਆ ਪ੍ਰਾਪਤ ਕਰਕੇ ਸੁਣਾ[2] ਦਿੱਤੀ ਹੈ। ॥੫੫॥

ਉਸ ਪਿੱਛੋਂ ਮੈਂ ਤਲਵੰਡੀ ਵਿਚ ਹੀ ਰਿਹਾ ਸਾਂ, ਉਨ੍ਹਾਂ ਦੀ ਪਾਵਨ-ਮੂਰਤ ਦਾ ਧਿਆਨ ਧਰ ਉਥੋਂ ਹੀ ਨਮਸਕਾਰਾਂ ਕਰਦਾ ਰਹਿੰਦਾ ਸਾਂ। ਜਦੋਂ ਮੈਂ (ਇਹ) ਸੁਣਿਆ, ਗੁਰੂ ਨਾਨਕ ਜੀ ਨੇ ਦੂਸਰਾ[3] ਭੇਸ ਧਾਰਨ ਕਰ ਲਿਆ ਹੈ ਤਾਂ ਉਨ੍ਹਾਂ ਦੇ (ਦੂਸਰੇ ਰੂਪ ਦੇ) ਦਰਸ਼ਨ ਕਰਨ ਦੀ ਮੇਰੇ ਅੰਦਰ ਬਹੁਤ ਹੀ ਖਿੱਚ[4] ਪੈਦਾ ਹੋ ਗਈ। ॥੫੬॥

ਤੇ ਮੈਂ ਫਿਰ ਤੁਰੰਤ ਹੀ ਆਪ ਜੀ ਪਾਸ ਆ ਗਿਆ ਅਤੇ ਆਪ ਜੀ ਦੇ ਤ੍ਰੇਹਣ ਕੁਲ ਦੇ ਦੀਪਕ ਦੇ ਦਰਸ਼ਨ ਕੀਤੇ। ਦਰਸ਼ਨ ਕਰਕੇ ਮੈਨੂੰ ਨਿਸ਼ਚੇ ਹੋ ਗਿਆ ਕਿ ਤੁਸੀਂ ਨਾਨਕ ਜੀ ਦਾ ਉਹੋ ਹੀ ਰੂਪ ਹੋ। ॥੫੭॥

(ਅਸਲ ਵਿਚ) ਇਹ ਤੁਸੀਂ ਆਪਣੀ ਕਥਾ ਆਪ ਹੀ ਲਿਖਵਾਈ ਹੈ ਜੀ, ਮੈਨੂੰ ਤਾਂ ਆਪਣਾ ਸੇਵਕ ਜਾਣ ਕੇ ਵਡਿਆਈ ਬਖਸ਼ੀ[5] ਹੈ। ਆਪ ਤਾਂ ਸਭ ਦੀਆਂ ਜਾਣਨਹਾਰੇ ਅੰਤਰਜਾਮੀ ਹੋ। ਤਿੰਨੋਂ-ਕਾਲ ਦੀ ਸੋਝੀ ਦੇਣ ਵਾਲੇ ਹੋ।" ॥੫੮॥

ਗੁਰੂ ਅੰਗਦ ਦੇਵ ਜੀ ਨੇ ਜਦ ਸਾਰੀ ਕਥਾ ਸੁਣ ਲਈ ਤਾਂ ਮਨੋਂ ਖੁਸ਼ ਹੋ ਕੇ ਕਹਿਣ ਲੱਗੇ, "ਹੇ ਬਾਲੇ ਤੂੰ ਧੰਨ ਹੈ, ਤੇਰਾ ਜਨਮ ਧੰਨ ਹੈ, ਤੂੰ ਵੀ ਗੁਰੂ ਜੀ ਦੇ ਸਮਾਨ[6] ਹੈਂ। ॥੫੯॥

ਦੋਹਰਾ

ਤੇਰਾ ਮੂੰਹ ਪੂਰਨਮਾਸ਼ੀ ਦਾ ਚੰਦਰਮਾ[7] ਹੈ ਤੇ ਬਾਣੀ ਅੰਮ੍ਰਿਤ[8] ਰੂਪ (ਪ੍ਰੇਮ ਵਾਲੀ) ਹੈ, ਇਸ ਨੂੰ ਸਿੱਖ ਰੂਪੀ ਦੇਵਤੇ[9] ਪੀਵਣਗੇ ਤੇ ਕਦੇ ਵੀ ਰੱਜਣਗੇ[10] ਨਹੀਂ। ॥੬੦॥

ਚੌਪਈ

ਇਸ ਬਾਣੀ (ਕਥਾ) ਦੀ ਮਹਿਮਾ ਬਿਆਨੀ ਨਹੀਂ ਜਾ ਸਕਦੀ, ਇਸ ਨੂੰ ਸੁਣਨ ਨਾਲ ਚਾਰੇ ਪਦਾਰਥ ਪ੍ਰਾਪਤ ਹੋਣਗੇ। ਕੋਈ ਐਸੀ ਵਸਤ ਨਹੀਂ ਜੋ ਪ੍ਰਾਪਤ ਨਾ ਕੀਤੀ ਜਾ ਸਕੇ ਜਿਵੇਂ ਪਾਰਸ ਦੇ ਕੋਲ ਹੁੰਦਿਆਂ, ਕਿਸੇ ਧਨ ਦੀ ਤੋਟ ਨਹੀਂ ਆਇਆ ਕਰਦੀ। ॥੬੧॥

ਤੂੰ ਬਾਲੇ ਇਸ ਸੰਸਾਰ ਉੱਤੇ ਬਹੁਤ ਉਪਕਾਰ ਕੀਤਾ ਹੈ, ਇਸ (ਕਥਾ) ਦੇ ਬਰਾਬਰ ਹੋਰ[11] ਕਿਸੇ ਦੀ (ਇਤਨੀ) ਮਹਿਮਾ ਨਹੀਂ ਹੋਵੇਗੀ, ਜੋ ਇਸ ਨੂੰ ਸੁਣੇਗਾ, ਪੜ੍ਹੇਗਾ ਅਤੇ ਫਿਰ ਪਰੀਤ ਸਹਿਤ ਸੁਣ ਕੇ ਗੁਰੂ ਨਾਨਕ ਜੀ ਦੇ ਗੁਣਾਂ ਨੂੰ ਵਿਚਾਰੇਗਾ। ॥੬੨॥

SikhBookClub.Com

ਕਲੁਖ[1] ਬਿਪੁਲ ਬਿਕਲਾਹਿ[2] ਪਲਾਹੀਂ[3] । ਨਿਸਚਾ ਧਰੇ, ਸ਼ਾਂਤਿ ਹ੍ਵੈ ਆਹੀ।
ਸ੍ਰੀ ਨਾਨਕ ਪਦਪੰਕਜ ਮਾਂਹੀ । ਸਰਧਾ ਵਧੈ ਮੁਕਤਿ ਫਲ ਤਾਂਹੀ' ॥੬੩॥

ਪੁਨਿ ਬਾਲੇ ਬੰਦੇ ਦ੍ਵੈ ਹਾਥਾ । ਬੋਲਜੋ ਬਚਨ 'ਸੁਣਹੁ ਮਮ ਨਾਥਾ!।
ਭਯੋ ਹਦੂਰ[4] ਜਿਤੋ ਇਤਿਹਾਸਾ। ਸੋ ਬਰਨਨ ਕੀਨੋ ਤੁਧ ਪਾਸਾ ॥੬੪॥

ਇਸ ਆਗੇ ਸੁਧ ਮੋਹਿ ਨ ਕੋਊ । ਰਾਵਰ ਸਰਬ ਜਾਨ ਹੋ ਸੋਊ।
ਜਰਾ[5] ਗ੍ਰਸੀ ਅਬ ਕਾਯਾਂ[6] ਮੇਰੀ । ਲਖਹੁ ਆਰਬਲ[7] ਭਈ ਬਡੇਰੀ ॥੬੫॥

ਇਹ ਅਬ ਛੁਟਹਿ ਬਚਨ ਨਿਜ ਕਰੀਏ। ਜਗ ਸਾਗਰ ਤੇ ਮੋਹਿ ਉਧਰੀਏ'।
ਸ੍ਰੀ ਅੰਗਦ ਸੁਨਕੈ ਮੁਸ਼ਕਾਨੇ । 'ਕਿਉ ਅਸ ਆਪ ਉਤਾਇਲ[8] ਠਾਨੇ ॥੬੬॥

ਅਬ ਦ੍ਵੈ ਮਾਸ[9] ਬੈਸ ਹੈ ਤੇਰੀ । ਪੁਨ ਸਰੀਰ ਹ੍ਵੈ ਭਸਮ ਸੁ ਢੇਰੀ।
ਤਬ ਲਗ ਹਮ ਢਿਗ ਰਹੁ ਹਿਤ ਸਾਥਾ । ਪਰਚਹੁ[10] ਸੁਨਹੁ ਕਰਹੁ ਗੁਰ ਗਾਥਾ' ॥੬੭॥

ਸੁਨ ਕੈ ਹਰਖਤ ਹ੍ਵੈ ਕਰ ਬਾਲਾ । ਰਹਜੋ ਸਮੀਪ ਸੁਖਦ[11] ਤਿਹ ਕਾਲਾ।
ਕਹੇ ਸੁਨੇ ਗੁਰ ਕੇ ਗੁਨ ਔਰੀ । ਦੋਇ ਮਾਸ ਜਬ ਬਿਤੇ ਬਹੋਰੀ ॥੬੮॥

ਪਰਾਲਬਧ[12] ਭੋਗੀ ਨਿਜ ਜਬਹੀ । ਅਯੋ ਸਮਾਂ ਤਨ ਬਿਨਸਨ[13] ਤਬਹੀ।
ਸ੍ਰੀ ਅੰਗਦ ਕੋ ਕਰਕੇ ਬੰਦਨ । ਬਹੁਰ ਧਜ਼ਾਨ ਧਰ ਦੋਖ ਨਿਕੰਦਨ ॥੬੯॥

ਧਰਨੀ[14] ਕੋ ਪੁਨੀਤ ਕਰਵਾਏ । ਪੌਢਜੋ ਸ੍ਰੀ ਨਾਨਕ ਉਰ ਧਜ਼ਾਏ।
ਤਨਕ ਬਿਖੈ ਨਿਜ ਤਨ ਕੋਂ ਤਜ਼ਾਗੀ । ਪਹੁੰਚਜੋ ਪਰਮ ਪਦੰ ਬਡ ਭਾਗੀ ॥੭੦॥

ਸ੍ਰੀ ਅੰਗਦ ਮਹਿਂ ਜੋਤ ਸਮਾਨੀ । ਜਿਉਂ ਪਾਨੀ ਮਹਿਂ ਮਿਲਹੈ ਪਾਨੀ ।
ਤਿਹ ਛਿਨ ਸ੍ਰੀ ਤੇਹਣ ਕੁਲਰਾਈ । ਕਹਕੈ ਭਲੀ ਚਿਤਾ[15] ਕਰਵਾਈ ॥੭੧॥

SikhBookClub.Com

ਉਨ੍ਹਾਂ ਦੇ ਸਾਰੇ ਪਾਪ[1] ਹੀ ਘਬਰਾ[2] ਕੇ ਨੱਸ[3] ਜਾਣਗੇ, ਜੋ ਇਸ ਉੱਤੇ ਨਿਸ਼ਚੇ ਧਾਰ ਲਵੇਗਾ, ਉਨ੍ਹਾਂ ਦੇ (ਮਨਾਂ ਨੂੰ) ਸ਼ਾਂਤੀ ਮਿਲੇਗੀ। ਉਨ੍ਹਾਂ ਦੀ ਸ੍ਰੀ ਗੁਰੂ ਨਾਨਕ ਜੀ ਦੇ ਚਰਨ-ਕਮਲਾਂ ਵਿਚ ਸ਼ਰਧਾ ਵਧੇਗੀ ਅਤੇ ਉਸ ਨੂੰ ਮੁਕਤੀ ਦਾ ਫਲ ਪ੍ਰਾਪਤ ਹੋਵੇਗਾ।" ॥੬੩॥

ਬਾਲਾ ਜੀ ਨੇ ਹੱਥ ਜੋੜ ਕੇ ਗੁਰੂ (ਅੰਗਦ ਜੀ) ਅੱਗੇ ਬੇਨਤੀ ਕਰਦੇ ਹੋਏ ਕਿਹਾ, "ਹੇ ਮੇਰੇ ਨਾਥ (ਸਵਾਮੀ) ਜੀ! ਗੁਰੂ ਨਾਨਕ ਜੀ ਦਾ ਜਿਤਨਾ ਇਤਿਹਾਸ ਮੇਰੇ ਸਾਹਮਣੇ[4] ਵਾਪਰਿਆ ਸੀ, ਉਹ ਸਾਰਾ ਮੈਂ ਆਪ ਜੀ ਕੋਲ ਵਰਣਨ ਕੀਤਾ ਹੈ। ॥੬੪॥

ਇਸ ਤੋਂ ਅੱਗੇ ਮੈਨੂੰ ਹੋਰ ਕੁਝ ਪਤਾ ਨਹੀਂ। ਆਪ ਉਨ੍ਹਾਂ ਬਾਰੇ ਸਭ ਜਾਣਦੇ ਹੋ। ਹੁਣ ਬੁਢੇਪੇ[5] ਨੇ ਮੇਰੀ ਦੇਹੀ[6] ਨਿਰਬਲ ਕਰ ਦਿੱਤੀ ਹੈ, ਸਮਝੋ ਮੇਰੀ ਉਮਰ[7] ਵਡੇਰੀ ਹੋ ਗਈ ਹੈ। ॥੬੫॥

ਆਪ ਬਚਨ ਕਰ ਦੇਵੋ ਤਾਂ ਕਿ ਇਹ ਮੇਰਾ ਸਰੀਰ ਹੁਣ ਛੁੱਟ ਜਾਵੇ। ਇਸ ਭਵਸਾਗਰ ਤੋਂ ਮੇਰਾ ਪਾਰ-ਉਤਾਰਾ ਕਰ ਦੇਵੋ।" ਗੁਰੂ ਅੰਗਦ ਦੇਵ ਜੀ (ਸੁਣ ਕੇ) ਮੁਸਕਾਏ ਤੇ ਕਿਹਾ, "ਬਾਲੇ ਤੂੰ ਕਿਉਂ ਇਸ ਤਰਾਂ ਉਤਾਵਲਾ[8] ਹੋ ਰਿਹਾ ਹੈਂ? ॥੬੬॥

ਤੇਰੀ ਦੋ ਮਹੀਨੇ[9] ਅਜੇ ਉਮਰ (ਬਾਕੀ) ਹੈ ਫਿਰ ਤੇਰੇ ਸਰੀਰ ਨੇ ਸੁਆਹ ਦੀ ਢੇਰੀ ਹੋ ਜਾਣਾ ਹੈ। ਇਸ ਲਈ ਤੁਸੀਂ ਉਤਨਾ ਚਿਰ ਮੇਰੇ ਨਾਲ ਪ੍ਰੇਮ-ਸਹਿਤ ਰਹੋ। ਗੁਰੂ ਜੀ ਦੀ ਕਥਾ ਸੁਣੋ, ਕਥਾ ਕਰੋ, ਮਨ ਪਰਚਾਉਂਦੇ[10] ਰਹੋ। ॥੬੭॥

ਬਾਲਾ, ਗੁਰੂ ਜੀ ਦੀ ਗੱਲ ਸੁਣ ਕੇ ਖੁਸ਼ ਹੋ ਗਿਆ ਸੀ ਤੇ ਉਹ ਉਸ ਵੇਲੇ ਸੁੱਖਦਾਤੇ[11] ਗੁਰੂ ਅੰਗਦ ਜੀ ਪਾਸ ਉਥੇ ਹੀ (ਖਡੂਰ ਸਾਹਿਬ) ਰਹਿ ਪਿਆ ਸੀ। ਉਹ ਉਥੇ ਹੋਰਨਾਂ ਦੂਸਰਿਆਂ ਨੂੰ ਗੁਰੂ ਜੀ ਦੇ ਗੁਣਾਂ ਬਾਰੇ ਦੱਸਦਾ ਤੇ ਉਨ੍ਹਾਂ ਨੂੰ ਸੁਣਦਾ ਤੇ ਜਦੋਂ ਦੋ ਮਹੀਨੇ ਬੀਤ ਗਏ ਸਨ ॥੬੮॥

ਤੇ ਜਦ ਉਸ ਨੇ ਆਪਣੀ ਪਰਾਲੱਭਧ (ਪੂਰਬਲੇ ਕਰਮਾਂ ਦੀ ਕੀਤੀ ਕਮਾਈ)[12] ਭੋਗ ਲਈ ਅਤੇ ਉਸ ਦੇ ਸਰੀਰ ਦੇ ਤਿਆਗਣ[13] ਦਾ ਸਮਾਂ ਆ ਗਿਆ ਸੀ ਤਾਂ ਉਸ ਨੇ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਕਰਕੇ, ਦੁੱਖਾਂ ਦੇ ਨਾਸ਼ ਕਰਨਹਾਰੇ ਗੁਰੂ ਜੀ ਦਾ ਧਿਆਨ ਧਰਿਆ ਸੀ ॥੬੯॥

ਧਰਤੀ[14] ਨੂੰ ਪਵਿੱਤਰ ਕਰਵਾ ਕੇ ਉਹ, ਗੁਰੂ ਨਾਨਕ ਦੇਵ ਜੀ ਨੂੰ ਮਨ ਵਿਚ ਧਿਆ ਕੇ, ਧਰਤੀ 'ਤੇ ਲੰਮਾ ਪੈ ਗਿਆ ਸੀ। ਉਸ ਦੀ ਜੀਵ-ਆਤਮਾ ਪਲਾਂ ਵਿਚ ਹੀ ਆਪਣੇ ਸਰੀਰ ਨੂੰ ਛੱਡ ਕੇ ਉਡਾਰੀ ਮਾਰ ਗਈ ਸੀ। ਵੱਡੇ ਭਾਗਾਂ ਵਾਲਾ ਸੱਚਖੰਡ ਵਿਚ ਜਾ ਪਹੁੰਚਿਆ ਸੀ। ॥੭੦॥

ਜਿਵੇਂ ਪਾਣੀ ਵਿਚ ਪਾਣੀ ਮਿਲ ਕੇ ਇਕ ਹੋ ਜਾਂਦਾ ਹੈ, ਉਸ ਦੀ ਜੋਤ ਸ੍ਰੀ ਅੰਗਦ ਜੀ ਵਿਚ ਸਮਾ ਗਈ ਸੀ। ਉਸ ਵੇਲੇ ਤ੍ਰੇਹਣ ਕੁਲ ਦੇ ਰਾਜਾ (ਸ੍ਰੀ ਅੰਗਦ ਜੀ) ਨੇ ਮੁੱਖੋਂ ਕਹਿ ਕੇ ਚੰਗੀ ਤਰਾਂ ਨਾਲ ਚਿਖਾ[15] ਤਿਆਰ ਕਰਵਾਈ ਸੀ। ॥੭੧॥

SikhBookClub.Com

ਸਿੱਖਨ ਤੇ ਤਨ ਕੋ ਉਚਵਾਇ[1] । ਰਾਖਜੋ ਊਪਰ ਤਾਂਹਿ ਬਨਾਇ।
ਬਹੁਰੋ ਆਪ ਨਿਕਟ ਚਲ ਆਏ । ਤ੍ਰਿਣ ਅਗਨੀ ਕੋ ਹਾਥ ਉਚਾਏ ॥੭੨॥ (*2)

ਤਬ ਸਿਖ ਬਰਜ ਰਹੇ ਬਹੁ ਬਾਰੀ । ਨਿਜ ਕਰ ਸੰਗ ਦਾਹੁ ਦੇ ਜਾਰੀ[2]।
ਜਿਹ ਸਤਿਗੁਰ ਕੋ ਸੇਵਕ ਪਜਾਰੇ । ਅਪਰ ਨ ਕਿਛੂ ਗਣਤੀ ਉਰਧਾਰੇ।੭੩।

ਬੈਸੇ ਬਹੁਰ ਸਰਬ ਸਿਖ ਮਾਂਹੀ । ਬਾਲੇ ਕੀ ਉਸਤਤਿ ਬਹੁ ਪ੍ਰਾਹੀ।'
'ਧੰਨ ਧੰਨ' ਸਭ ਹੀ ਨਰ ਕਹਿਹੀਂ । 'ਸ੍ਰੀ ਨਾਨਕ ਹਿਤਕਾਰੀ[3] ਅਹਿਹੀ'॥੭੪॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਭਾਈ ਬਾਲੇ ਕੋ ਪ੍ਰਲੋਕ ਗਮਨ'ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋਂ ਧਜਾਇ ॥੪੬॥

SikhBookClub.Com

ਫਿਰ ਆਪਣੇ ਸਿੱਖਾਂ ਕੋਲੋਂ (ਬਾਲੇ ਦੀ) ਦੇਹ ਨੂੰ ਚੁਕਵਾ[1] ਕੇ, ਬਣਾਈ ਹੋਈ ਚਿਖਾ ਉਪਰ ਰਖਵਾ ਦਿੱਤੀ ਸੀ। ਫਿਰ ਉਹ ਆਪ ਚਿਖਾ ਦੇ ਪਾਸ ਆ ਗਏ ਸਨ, ਉਨ੍ਹਾਂ ਆਪਣੇ ਹੱਥੀਂ ਅਗਨੀ ਵਾਲੇ ਕੱਖ ਚੁੱਕੇ ॥੭੨॥

ਤਾਂ ਸਿੱਖ ਵਾਰ-ਵਾਰ ਰੋਕਦੇ ਰਹੇ (ਤੁਸੀਂ ਅਗਨੀ ਆਪਣੇ ਹੱਥੀਂ ਨਾ ਦੇਵੋ, ਅਸੀਂ ਜਲਾ ਦਿੰਦੇ ਹਾਂ) ਪਰ ਗੁਰੂ ਜੀ ਨੇ ਬਾਲਾ ਜੀ ਦੀ ਦੇਹ ਨੂੰ ਆਪਣੇ ਹੱਥੀਂ ਅਗਨੀ ਦੇ ਕੇ ਸਸਕਾਰ[2] ਕੀਤਾ । (ਬਾਲਾ ਜੀ) ਸਤਿਗੁਰੂ ਨਾਨਕ ਜੀ ਦਾ ਸਭ ਤੋਂ ਪਿਆਰਾ ਸੇਵਕ ਸੀ, ਉਨ੍ਹਾਂ ਨੇ ਹੋਰ ਤਾਂ ਕਿਸੇ ਨੂੰ ਗਿਣਤੀ ਵਿਚ ਆਪਣੇ ਹਿਰਦੇ ਵਿਚ ਧਾਰਨ ਹੀ ਨਹੀਂ ਸੀ ਕੀਤਾ ॥੭੩॥

ਸ੍ਰੀ ਅੰਗਦ ਜੀ ਬਾਅਦ ਵਿਚ ਸਾਰੀ ਸਿੱਖ-ਸੰਗਤ ਵਿਚ ਜਾ ਬੈਠੇ ਸਨ। ਉਨ੍ਹਾਂ ਬਾਲਾ ਜੀ ਦੀ ਉਸਤਤੀ ਵਿਚ ਬੇਅੰਤ ਪ੍ਰਵਚਨ ਕੀਤੇ। ਤਾਂ ਗੁਰੂ ਜੀ ਨੂੰ (ਸੁਣ ਕੇ) ਸਾਰੇ ਲੋਕੀਂ "ਬਾਲਾ ਜੀ ਧੰਨ ਸਨ, ਬਾਲਾ ਜੀ ਧੰਨ ਸਨ" ਕਹਿ ਰਹੇ ਸਨ। "ਗੁਰੂ ਨਾਨਕ ਜੀ ਦੇ ਸੱਚੇ ਪ੍ਰੇਮੀ[3] ਸਨ", ਦਾ ਉਚਾਰਨ ਕਰ ਰਹੇ ਸਨ। ॥੭੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਭਾਈ ਬੁੱਢਾ ਜੀ ਨਾਲ ਮਿਲਾਪ ਅਤੇ ਭਾਈ ਬਾਲਾ ਜੀ ਦਾ ਪ੍ਰਲੋਕ ਸਿਧਾਰਨਾ" ਨਾਮੀ ਛਿਆਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਬੂੜਾ ਨਾਮ ਦਾ ਬਾਲਕ ਬੱਕਰੀਆਂ ਚਰਾ ਰਿਹਾ ਸੀ। ਗੁਰੂ ਜੀ ਨਾਲ ਜਦ ਉਸ ਦੀ ਗੱਲਬਾਤ ਹੋਈ ਤਾਂ ਉਸ ਦੇ ਵਾਰਤਾਲਾਪ, ਸੁਭਾਅ ਅਤੇ ਚੰਗੇ ਤਰੀਕੇ ਨੂੰ ਵੇਖ ਕੇ ਗੁਰੂ ਜੀ ਦੇ ਮੂੰਹੋਂ ਨਿਕਲ ਗਿਆ ਕਿ ਤੂੰ ਤਾਂ ਬਈ ਬੁੱਢਿਆਂ ਵਰਗੀਆਂ ਗੱਲਾਂ ਕਰਦਾ ਹੈਂ। ਤਾਂ ਉਸ ਦਿਨ ਤੋਂ ਹੀ ਉਸ ਬਾਲਕ ਦਾ ਨਾਮ ਭਾਈ ਬੁੱਢਾ ਪੈ ਗਿਆ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦਾ ਗਿਆਨ-ਪ੍ਰਾਪਤੀ ਦਾ ਮਾਰਗ ਖੁੱਲ੍ਹ ਗਿਆ ਸੀ, ਉਸ ਦੀ ਮਾਨਸਿਕਤਾ ਦੂਈ-ਦਵੈਤ ਤੋਂ ਰਹਿਤ ਹੋ ਗਈ ਸੀ।

ਫਿਰ ਗੁਰੂ ਜੀ ਕਰਤਾਰਪੁਰ ਆ ਗਏ ਸਨ ਤੇ ਮਾਤਾ ਸੁਲੱਖਣੀ ਜੀ ਦੇ ਕਹਿਣ 'ਤੇ ਫਿਰ ਕਰਤਾਰਪੁਰ ਹੀ ਟਿਕੇ ਰਹੇ। ਬਾਲਾ ਉੱਥੋਂ ਆਪਣੇ ਪਿੰਡ ਤਲਵੰਡੀ ਚੱਲ ਆਇਆ ਸੀ। ਜਦ ਬਾਲੇ ਨੂੰ ਪਤਾ ਚੱਲਿਆ ਕਿ ਗੁਰਗੱਦੀ ਉਪਰ ਸ੍ਰੀ ਅੰਗਦ ਜੀ ਬਿਰਾਜਮਾਨ ਹੋਏ ਹਨ ਤਾਂ ਉਹ ਦਰਸ਼ਨਾਂ ਲਈ ਖਡੂਰ ਸਾਹਿਬ ਆਇਆ ਸੀ। ਉੱਥੇ ਬਾਲਾ ਜੀ ਨੇ ਗੁਰੂ ਨਾਨਕ ਜੀ ਦਾ ਸਾਰਾ ਜੀਵਨ-ਇਤਿਹਾਸ ਸੁਣਾ ਕੇ ਦੱਸਿਆ। ਜਦੋਂ ਬਾਲੇ ਨੇ ਗੁਰੂ ਜੀ ਤੋਂ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਗੁਰੂ ਅੰਗਦ ਜੀ ਨੇ ਕਿਹਾ ਸੀ ਕਿ ਤੇਰੀ ਸਿਰਫ ਦੋ ਮਹੀਨੇ ਉਮਰ ਬਾਕੀ ਹੈ, ਉਹ ਖਡੂਰ ਹੀ ਰਹੇ ਤਾਂ ਉਹ ਗੁਰੂ ਜੀ ਪਾਸ ਹੀ ਰਹਿ ਪਿਆ ਸੀ। ਫਿਰ ਬਾਲੇ ਦਾ ਆਖਰੀ ਦਿਨ ਆ ਗਿਆ, ਉਹ ਪਰਲੋਕ ਸਿਧਾਰ ਗਿਆ। ਗੁਰੂ ਅੰਗਦ ਜੀ ਨੇ ਮਿਰਤਕ ਦੇਹ ਨੂੰ ਆਪਣੇ ਹੱਥੀਂ ਅਗਨ ਭੇਟ ਕਰਕੇ ਬਾਲੇ ਦਾ ਸਸਕਾਰ ਕੀਤਾ। ਬਾਲਾ ਜੀ ਇਸ ਤਰਾਂ ਮੁਕਤੀ ਨੂੰ ਪ੍ਰਾਪਤ ਹੋ ਕੇ ਸੱਚਖੰਡ ਜਾ ਪਹੁੰਚੇ ਸਨ।

SikhBookClub.Com

ਫੁੱਟਨੋਟ

(*1) ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਲਿਖਿਆ ਹੈ ਕਿ ਬਾਬਾ ਬੁੱਢਾ ਦਾ ਜਨਮ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੀ ਕੁੱਖੋਂ 7 ਕੱਤਕ ਸੰਮਤ 1563 ਨੂੰ ਕੱਥੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਗੁਰੂ ਨਾਨਕ ਸਾਹਿਬ ਦੀ ਸੇਵਾ ਵਿੱਚ ਇਹ ਪਸ਼ੂ ਚਾਰਦਿਆਂ ਹੋਇਆਂ ਦੁੱਧ ਲੈ ਕੇ ਹਾਜ਼ਰ ਹੋਏ ਅਤੇ ਵੈਰਾਗ ਦੀਆਂ ਗੱਲਾਂ ਸੁਣਾਈਆਂ ਤਾਂ ਗੁਰੂ ਜੀ ਨੇ ਕਿਹਾ ਕਿ ਭਾਵੇਂ ਉਮਰ ਤਾਂ ਤੇਰੀ ਛੋਟੀ ਹੈ ਪਰ ਸਮਝ ਕਰਕੇ ਤੂੰ ਬੁੱਢਾ ਹੈ। ਉਸ ਦਿਨ ਤੋਂ ਇਨ੍ਹਾਂ ਦਾ ਨਾਮ 'ਬੁੱਢਾ' ਪ੍ਰਸਿੱਧ ਹੋ ਗਿਆ।

ਬਾਬਾ ਬੁੱਢਾ ਜੀ ਨੇ ਗੁਰੂ ਘਰ ਵਿੱਚ ਬਹੁਤ ਵੱਡਾ ਮਾਣ ਪ੍ਰਾਪਤ ਕੀਤਾ। ਸੰਮਤ 1661 ਵਿੱਚ ਆਪ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਨਿਯੁਕਤ ਹੋਏ। ਗੁਰੂ ਹਰਿਗੋਬਿਦ ਸਾਹਿਬ ਨੇ ਆਪ ਜੀ ਕੋਲੋਂ ਗੁਰਮੁਖੀ ਪੜ੍ਹੀ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਸਾਹਿਬ ਤੱਕ ਆਪ ਜੀ ਦੇ ਹੱਥੋਂ ਹੀ ਗੁਰੂ-ਸਾਹਿਬਾਨਾਂ ਨੂੰ ਗੁਰਗੱਦੀ ਦੇਣ ਸਮੇਂ ਤਿਲਕ ਮਿਲਦਾ ਰਿਹਾ। 14 ਮੱਘਰ 1688 ਪਿੰਡ ਰਾਮਦਾਸ (ਅੰਮ੍ਰਿਤਸਰ) ਵਿੱਚ ਆਪ ਜੀ ਦਾ ਦੇਹਾਂਤ ਹੋ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਇਨ੍ਹਾਂ ਦਾ ਸਸਕਾਰ ਕੀਤਾ। ਸਸਕਾਰ ਵਾਲੀ ਥਾਂ 'ਤੇ ਹੁਣ 'ਸੱਚਖੰਡ' ਨਾਮ ਦਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

(*2) ਖਡੂਰ ਸਾਹਿਬ ਵਿਖੇ, ਜਿੱਥੇ ਗੁਰੂ ਅੰਗਦ ਦੇਵ ਜੀ ਦਾ ਤਪੋ-ਸਥਾਨ ਸੀ, ਉੱਥੇ ਗੁਰਦੁਆਰਾ ਤਪਿਆਨਾ ਸਾਹਿਬ ਬਣਿਆ ਹੈ। ਇਸ ਦੇ ਕੋਲ ਇੱਕ ਤਲਾਬ ਹੈ ਤੇ ਇਸ ਤਲਾਬ ਦੇ ਕਿਨਾਰੇ 'ਤੇ ਭਾਈ ਬਾਲੇ ਦੀ ਸਮਾਧ ਬਣੀ ਹੋਈ ਹੈ।

SikhBookClub.Com

ਅਧਜਾਯ ਸੰਤਾਲੀਵਾਂ

(ਸਾਰਦਾ ਮੰਗਲ, ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ)

ਦੋਹਰਾ

ਸਾਰ ਸੁਤੀ ਸਿਮਰਨ ਉਦਧ[1] ਕਵਿਤਾ ਪ੍ਰਦ[2] ਜਿਉਂ ਇੰਦ।
ਬਿਗਸਤ ਸ੍ਰੋਤਾ ਕੁਮਦ ਸੁਨ ਕੋਕ[3] ਬਿਮੁਖ ਦੁਖ ਦੁੰਦ॥੧॥

ਚੌਪਈ

ਅਬ ਸ੍ਰੀ ਅੰਗਦ ਕੀ ਸੁਨ ਕਥਾ । ਭਈ ਜਥਾ[4] ਉਚਰੋਂ ਮੈਂ ਤਥਾ।
ਜੰਗਲ ਮਤੇ ਜੁ ਹੁਤੀ ਸਰਾਇ । ਮਨ ਪੁਨੀਤ — ਫੇਰੂ — ਤਹਿਂ ਥਾਇ॥੨॥

ਤਿਹਣ ਗੋਤ, ਛੱਤ੍ਰੀ ਜਿਹ ਜਾਤੀ । ਕਰਮ ਧਰਮ ਮਹਿਂ ਸਰ੍ਬ ਬੱਖਜਾਤੀ[5]।
ਤਿਹ ਘਰ ਜਨਮਜੋ ਸੁਤ ਸੁਖਦਾਈ । ਲਹਿਣਾ ਨਾਮ ਧਰਜੋ ਹਿਤ ਲਾਈ॥੩॥

ਜਨਮਤ ਭਗਤ ਸੰਗ ਜਿਸ ਆਈ । ਕਿਧੋਂ ਤਾਂਹਿ ਨਿਜ ਦੇਹ ਬਨਾਈ* ।
ਧੀਰਜ ਖਿਮਾਂ ਭੁਜਾ[6] ਜਿਹ ਸੋਹੈ । ਅਜਰ[7] ਜਰਨ ਸੁਭ ਰਿਦਾ ਭਯੋ ਹੈ॥੪॥

ਮੈਤ੍ਰੀ,ਮੁਦਿਤਾ[8], ਜਾਂਘ ਸੁਹਾਈ । ਕਟ ਕਰੁਨਾ ਕੀ ਅਤ ਛਬਿ ਪਾਈ।
ਭਾਉ ਬਦਨ,ਮਨ ਪ੍ਰੇਮ ਬਨਾਏ । ਸਮ ਦਮ ਜਾਂਕੇ ਕਰਨ ਸੁਹਾਏ॥੫॥

ਧਜਾਨ ਕਰਨ ਲਿਵ ਲਾਗਨ ਜੋਊ । ਦ੍ਵੈ ਲੋਚਨ ਸੋਭਤ ਸੁਭ ਸੋਊ।
ਗਜਾਨ ਸੀਸ ਜਿਹ ਕੇਰ ਬਿਰਾਜਤ । ਸਤਿਸੰਗਤ ਸਿੰਗਾਰ ਸੁਭ ਛਾਜਤ[9] ॥੬॥

ਇਸ ਪ੍ਰਕਾਰ ਧਰ ਜਨਮ ਸੁਹਾਵਾ । ਬ੍ਰਿਧੈ ਦੇਹ ਜਿਉਂ ਕਾਲ ਬਿਤਾਵਾ।
ਚੌਦਹਿ ਬਰਖ ਆਰਬਲ[10] ਹੋਈ । ਜਿਨਹਿ ਬਿਕਾਰ[11] ਨ ਪਰਸਜੋ ਕੋਈ ॥੭॥

*ਪਾਠਾਂਤਰ: 'ਬਤਾਈ'

SikhBookClub.Com

ਅਧਿਆਇ ਸੰਤਾਲੀਵਾਂ
(ਸ੍ਰੀ ਪਰਮ-ਪਾਵਨ ਲਹਿਣਾ ਜੀ ਨਾਲ ਮਿਲਾਪ)

ਸਮੁੰਦਰ[1] (ਰੂਪੀ) ਸ਼ਾਰਦਾ, ਜਿਸ ਦਾ ਸਿਮਰਨ ਮਾਨੋ ਕਵਿਤਾ (ਰੂਪੀ) ਚੰਦਰਮਾ ਦਾ ਦਾਤਾ[2] ਹੈ। ਜਿਸ ਨੂੰ ਸੁਣ ਕੇ ਕਮਲ ਵਾਂਗੂੰ ਸਰੋਤੇ ਤਾਂ ਖਿੜ ਜਾਂਦੇ ਹਨ ਪਰ ਚਕਵੀ[3] ਵਰਗੇ ਬੇਮੁੱਖ (ਲੋਕ) ਬਹੁਤ ਦੁਖੀ ਹੁੰਦੇ ਹਨ। ॥੧॥

ਚੌਪਈ

(ਭਾਈ ਸੰਤੋਖ ਜੀ ਕਹਿੰਦੇ ਹਨ), ਹੁਣ (ਅੱਗੇ) ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਥਾ ਸੁਣੋ। ਜਿਸ ਤਰਾਂ[4] ਹੋਇਆ, ਮੈਂ ਉਸੀ ਤਰਾਂ ਨਾਲ ਹੀ ਉਚਾਰਨ ਕਰਦਾ ਹਾਂ। ਮੱਤੇ ਦੀ ਸਰਾਂ (ਨਾਮੀ ਪਿੰਡ) ਜੋ ਜੰਗਲ ਦੇਸ਼ ਮਾਲਵੇ ਇਲਾਕੇ ਵਿਚ ਸੀ, ਬਹੁਤ ਪਵਿੱਤਰ ਹਿਰਦੇ ਵਾਲਾ -ਫੇਰੂ ਮੱਲ- ਉੱਥੇ ਰਹਿੰਦਾ ਸੀ। ॥੨॥

ਉਸ ਦਾ ਗੋਤ ਤ੍ਰੇਹਣ ਅਤੇ ਜਾਤੀ ਖੱਤਰੀ ਸੀ ਜੋ ਕਰਮ-ਧਰਮ ਵਿਚ ਪੂਰਾ ਪ੍ਰਸਿੱਧ[5] ਸੀ। ਉਸ ਦੇ ਘਰ ਸੁਖ ਦੇਣ ਵਾਲਾ ਪੁੱਤਰ ਜਨਮਿਆ। ਬੜੇ ਸਤਿਕਾਰ ਸਹਿਤ ਉਸਦਾ ਨਾਮ ਲਹਿਣਾ ਧਰਿਆ ਗਿਆ। ॥੩॥

ਜਨਮ ਤੋਂ ਹੀ ਭਗਤੀ ਉਨ੍ਹਾਂ ਨਾਲ ਆਈ ਸੀ ਜਾਂ ਉਨ੍ਹਾਂ ਨੇ ਆਪਣੀ ਦੇਹੀ ਇਸ ਵਾਸਤੇ ਬਣਾ ਲਈ ਸੀ। ਉਨ੍ਹਾਂ ਦੀਆਂ ਦੋਨੋਂ ਬਾਹਾਂ[6] ਧੀਰਜ ਅਤੇ ਖਿਮਾਂ ਦੀਆਂ ਪ੍ਰਤੀਕ ਹੋਈਆਂ ਸੋਂਹਦੀਆਂ ਸਨ। ਉਨ੍ਹਾਂ ਦਾ ਹਿਰਦਾ ਅਜਿਹਾ ਸ੍ਰੇਸ਼ਟ ਸੀ ਜੋ ਨਾ-ਜਰੇ[7] ਸਕਣ ਵਾਲੀ ਸ਼ਕਤੀ ਨੂੰ ਜਰ ਸਕਣ ਵਾਲਾ ਹੋਵੇ। ॥੪॥

ਮਿੱਤਰਤਾ ਅਤੇ ਅਨੰਦਤਾ[8] ਰੂਪੀ ਉਨ੍ਹਾਂ ਦੀਆਂ ਲੱਤਾਂ ਸੋਭਦੀਆਂ ਸਨ। ਲੱਕ ਉਨ੍ਹਾਂ ਦਾ ਜਿਵੇਂ ਦਇਆ ਦਾ ਰੂਪ ਹੋਵੇ, ਬਹੁਤ ਹੀ ਛਬੀ ਵਾਲਾ ਸੀ। ਉਨ੍ਹਾਂ ਦਾ ਮੁੱਖ, ਸ਼ਰਧਾ ਸਤਿਕਾਰ ਵਾਲਾ ਤੇ ਮਨ ਵਿਚ ਪ੍ਰੇਮ ਪੈਦਾ ਕਰਨ ਵਾਲਾ ਸੀ। ਅੰਤਰੀਵ ਤੇ ਬਾਹਰੀ ਇੰਦਰੀਆਂ ਨੂੰ ਵੱਸ ਕਰਨ ਵਾਲੇ ਅੰਗ (ਕੰਨ) ਬਹੁਤ ਹੀ ਸੋਭਦੇ ਸਨ। ॥੫॥

ਜੋ ਧਿਆਨ ਧਰਨ ਅਤੇ ਲਿਵ ਲਗਾਉਣ ਵਾਲੇ ਉਨ੍ਹਾਂ ਦੇ ਦੋਨੋਂ ਨੇਤਰ ਸਨ, ਉਹ ਬਹੁਤ ਹੀ ਸੁੰਦਰ ਸਨ। ਉਨ੍ਹਾਂ ਉਪਰ ਮਾਨੋ ਗਿਆਨ ਰੂਪੀ ਸੀਸ ਬਿਰਾਜਮਾਨ ਹੋਵੇ ਅਤੇ ਸਤਿਸੰਗਤ ਰੂਪੀ ਸ਼ਿੰਗਾਰ ਫਬ[9] ਰਿਹਾ ਹੋਵੇ। ॥੬॥

ਇਸ ਤਰਾਂ ਉਨ੍ਹਾਂ ਨੇ ਬਹੁਤ ਸੁੰਦਰ ਜਨਮ ਧਾਰਿਆ ਸੀ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਤੇ ਦੇਹ (ਉਮਰ) ਵਧਦੀ ਗਈ ਤੇ ਉਨ੍ਹਾਂ ਦੀ ਉਮਰ[10] ਚੌਦਾਂ ਸਾਲ ਦੀ ਹੋ ਗਈ ਸੀ ਪਰ ਉਨ੍ਹਾਂ ਨੂੰ ਕੋਈ ਵੀ ਵਿਸ਼ੇ-ਵਿਕਾਰ[11] ਨਾ ਛੂਹ ਸਕਿਆ। ॥੭॥

SikhBookClub.Com

ਖੱਤ੍ਰੀ ਇਕ ਖਡੂਰ ਮਹਿਂ ਰਹਿਹੀ । ਸੁਤਾ ਨਿਕੇਤ ਤਾਂਹਿ ਕੇ ਅਹਿਹੀ।
ਭੇਜ ਮਨੁਜ ਤਿਨ ਕੀਨ ਸਗਾਈ[1] । ਕਿਤਕ ਸਮਾਂ ਪੁਨ ਦੀਨ ਬਿਤਾਈ॥ ੮॥

ਕਰਜੋ ਬਜਾਹੁ ਦਾਜ ਬਹੁ ਦੀਨਾ । ਦੇਖ ਜਮਾਤੀ[2] ਆਨੰਦ ਭੀਨਾ।
ਗਏ ਗ੍ਰਾਮ ਨਿਜ ਰਹੇ ਬਹੋਰੀ । ਕਿਤਕ ਕਾਲ ਬਿਤਯੋ ਤਿਸ ਠੌਰੀ॥ ੯॥

ਇਕ ਦਿਨ ਚਢੀ ਬਲੋਚਨ[3] ਧਾਰੀ । ਜੰਗਲ ਮਤੇ ਸਰਾਇ[(*1)] ਸੁ ਮਾਰੀ।
ਢਾਹਿ ਨਿਕੇਤ ਥੇਹ[4] ਸੋ ਕੀਨਾ । ਬਹੁਰ ਨ ਕੋਊ ਬਸਨੇ ਦੀਨਾ॥੧੦॥

ਸ੍ਰੀ ਲਹਿਣਾ ਤਬ ਤੇ ਤਜ ਗ੍ਰਾਮੂ । ਆਨ ਖਡੂਰ ਬਿਖੈ ਕਿਯ ਧਾਮੂ।
ਰਹੇ ਤਹਾਂ ਪੁਨ ਗਏ ਕਿਥਾਵਨ । ਬਹੁਤੋ ਕੀਨੋ ਸਮਾਂ ਬਿਤਾਵਨ॥੧੧॥

ਗ੍ਰਾਮ ਖਡੂਰ ਨਾਰ ਨਰ ਜੋਊ । ਸੇਵਕ ਦੁਰਗਾ ਕੇ ਸਭ ਸੋਊ।
ਜਾਂਹਿਂ ਬਰਖ[5] ਦਿਨ ਮਹਿਂ ਸ੍ਰੀ ਜ੍ਵਾਲਾ[(*2)] । ਪਰਸ ਕਾਂਗੜੇ ਹਰਖ ਬਿਸਾਲਾ॥੧੨॥

ਲਹਿਣਾ ਸਭ ਮਹਿਂ ਮੁਖਿ[6] ਹ੍ਵੈ ਜਾਈ । ਇਸ ਬਿਧ ਕਰਹੈ ਨੇਮ ਸਦਾਈ।
ਏਕ ਸਿੱਖ ਸ੍ਰੀ ਨਾਨਕ ਕੇਰਾ । ਰਹਿ ਖਡੂਰ ਜਿਸ ਪ੍ਰੇਮ ਘਨੇਰਾ॥੧੩॥

ਪਢੈ ਸਦੀਵ ਗੁਰੂ ਕੀ ਬਾਨੀ । ਸੇਵ ਆਨ[7] ਕੀ ਰਿਦੇ ਨ ਆਨੀ।
ਸਰਧਾ ਸ੍ਰੀ ਨਾਨਕ ਪਗ ਮਾਂਹੀ । ਪ੍ਰੇਮਾਨੰਦ ਰਹੇ ਨਿਤ ਤਾਂਹੀ॥੧੪॥

ਏਕ ਦਿਵਸ ਮਹਿਂ ਇਕ ਮਨ ਹੋਈ । ਬਾਨੀ ਪਢੈ ਪ੍ਰੇਮ ਯੁਤ ਸੋਈ।
ਸੁਣੇ ਸ਼ਬਦ ਸ੍ਰੀ ਲਹਿਣੇ ਜਬਹੀ । ਜਾਗਜੋ ਰਿਦੇ ਪ੍ਰੇਮ ਬਹੁ ਤਬਹੀ॥੧੫॥

ਸਿੱਖ ਹਕਾਰਜੋ[8] ਬੂਝਜੋ ਤਾਂਕੋ । 'ਤੁਮ ਜੋ ਪਢਤ ਸ਼ਬਦ ਕਹੁ ਕਾਂਕੋ[9]'।
ਸਿੱਖ ਕਹਜੋ 'ਗੁਰ ਨਾਨਕ ਮੇਰਾ । ਪੜ੍ਹੋਂ ਸ਼ਬਦ ਤਿਨ ਕੋ ਮੈਂ ਚੇਰਾ[10]'॥੧੬॥

SikhBookClub.Com

ਖਡੂਰ ਵਿਚ ਇਕ ਖੱਤਰੀ ਰਹਿੰਦਾ ਸੀ। ਉਸ ਦੇ ਘਰੇ ਇਕ ਲੜਕੀ ਸੀ। ਉਸ ਨੇ ਬੰਦਾ ਭੇਜ ਕੇ ਉਸਦੀ ਮੰਗਣੀ[1] ਲਹਿਣਾ ਜੀ ਨਾਲ ਕਰ ਦਿੱਤੀ, ਇਸ ਤਰਾਂ ਜਦ ਕਿੰਨਾ ਸਮਾਂ ਬੀਤ ਗਿਆ। ॥੮॥

ਤਾਂ ਉਸ ਨੇ ਵਿਆਹ ਕਰ ਦਿੱਤਾ ਅਤੇ ਬਹੁਤ ਦਾਜ ਵਗੈਰਾ ਵੀ ਦਿੱਤਾ। ਫਿਰ ਉਹ ਜਵਾਈ[2] ਨੂੰ ਵੇਖ ਕੇ ਬਹੁਤ ਹੀ ਅਨੰਦ ਵਿਚ ਭਿੱਜ ਗਿਆ। ਫਿਰ ਉਹ ਆਪਣੇ ਵਾਪਸ ਪਿੰਡ ਚਲੇ ਗਏ। ਇਸ ਤਰਾਂ ਕਿੰਨਾ ਹੀ ਸਮਾਂ ਉਥੇ ਬੀਤਿਆ। ॥੯॥

ਇਕ ਦਿਨ ਬਲੋਚ[3] (ਡਕੈਤਾਂ) ਦੀ ਧਾੜ ਚੜ੍ਹ ਆਈ ਤੇ ਉਨ੍ਹਾਂ ਨੇ ਜੰਗਲੀ-ਇਲਾਕੇ ਵਿੱਚ ਮੱਤੇ ਦੀ ਸਰਾਂ 'ਤੇ ਡਾਕਾ ਮਾਰਿਆ ਅਤੇ ਘਰਾਂ ਨੂੰ ਢਾਹ ਕੇ ਢੇਰੀ[4] ਕਰ ਦਿੱਤਾ ਤੇ ਉਥੇ ਮੁੜ ਕਿਸੇ ਨੂੰ ਵੱਸਣ ਨਾ ਦਿੱਤਾ। ॥੧੦॥

ਲਹਿਣਾ ਜੀ ਨੇ ਉਸ ਦਿਨ ਤੋਂ ਪਿੰਡ ਨੂੰ ਛੱਡ ਦਿੱਤਾ ਅਤੇ ਖਡੂਰ ਵਿਚ ਆ ਕੇ ਨਿਵਾਸ ਕੀਤਾ। ਫਿਰ ਉਥੇ ਹੀ ਰਹੇ। ਹੋਰ ਕਿਸੇ ਥਾਂ ਤੇ ਨਹੀਂ ਗਏ। ਉਨ੍ਹਾਂ ਨੇ ਉਥੇ ਹੀ ਕਾਫੀ ਲੰਬਾ ਸਮਾਂ ਬਤੀਤ ਕੀਤਾ। ॥੧੧॥

ਖਡੂਰ ਪਿੰਡ ਦੇ ਜਿੰਨੇ ਵੀ ਔਰਤ-ਮਰਦ ਸਨ, ਸਾਰੇ ਹੀ ਦੁਰਗਾ ਮਾਤਾ ਦੇ ਸ਼ਰਧਾਲੂ ਸਨ। ਉਹ ਸਾਲ[5] ਵਿੱਚ ਇੱਕ ਵਾਰ ਜਵਾਲਾ ਦੇਵੀ ਦੇ ਦਰਸ਼ਨ ਕਰਨ ਜਾਂਦੇ ਸਨ ਅਤੇ ਕਾਂਗੜੇ ਵਾਲੀ ਦੇਵੀ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੁੰਦੇ ਸਨ। ॥੧੨॥

ਲਹਿਣਾ ਸਾਰਿਆਂ ਦਾ ਮੁਖੀ[6] ਬਣ ਕੇ ਜਾਂਦਾ । ਇਸ ਤਰਾਂ ਉਨ੍ਹਾਂ ਦਾ ਹਮੇਸ਼ਾ ਦਾ ਹੀ ਨੇਮ ਬਣਿਆ ਹੋਇਆ ਸੀ। ਉਥੇ (ਪਿੰਡ ਖਡੂਰ ਵਿਚ) ਇਕ ਗੁਰੂ ਨਾਨਕ ਜੀ ਦਾ ਸਿੱਖ ਰਹਿੰਦਾ ਸੀ, ਜਿਸ ਦਾ (ਸਿੱਖੀ ਨਾਲ) ਗਹਿਰਾ ਮੋਹ ਸੀ। ॥੧੩॥

ਉਹ ਹਮੇਸ਼ਾ ਗੁਰੂ ਨਾਨਕ ਜੀ ਦੀ ਬਾਣੀ ਪੜ੍ਹਦਾ ਤੇ ਹੋਰ[7] ਕਿਸੇ ਦੀ ਸੇਵਾ (ਪੂਜਾ) ਕਰਨੀ, ਚਿੱਤ ਵਿਚ ਹੀ ਨਹੀਂ ਸੀ ਲਿਆਉਂਦਾ। ਉਸ ਦੀ ਸ਼ਰਧਾ ਗੁਰੂ ਨਾਨਕ ਜੀ ਦੇ ਚਰਨਾਂ ਵਿਚ ਹੀ ਸੀ। ਇਸ ਕਰਕੇ ਉਹ ਹਮੇਸ਼ਾ ਹੀ (ਗੁਰਬਾਣੀ ਦੇ) ਪ੍ਰੇਮ-ਅਨੰਦ ਅਵਸਥਾ ਵਿਚ ਰਹਿੰਦਾ ਸੀ। ॥੧੪॥

ਇਕ ਦਿਨ, ਉਹ ਇਕ ਮਨ ਹੋਇਆ ਬਹੁਤ ਹੀ ਪ੍ਰੇਮ ਨਾਲ ਬਾਣੀ ਪੜ੍ਹ ਰਿਹਾ ਸੀ। ਜਿਉਂ ਹੀ ਲਹਿਣਾ ਜੀ ਨੇ ਬਾਣੀ ਦੇ ਸ਼ਬਦ ਸੁਣੇ ਤਾਂ ਉਨ੍ਹਾਂ ਦੇ ਹਿਰਦੇ ਅੰਦਰ ਬਹੁਤ ਹੀ ਪ੍ਰੇਮ ਜਾਗ ਪਿਆ। ॥੧੫॥

ਤਾਂ ਉਨ੍ਹਾਂ ਨੇ ਉਸ ਸਿੱਖ ਨੂੰ ਬੁਲਾਇਆ[8] ਅਤੇ ਉਸ ਨੂੰ ਪੁੱਛਿਆ, "ਜੋ ਤੂੰ ਸ਼ਬਦ ਪੜ੍ਹ ਰਿਹਾ ਸੀ, ਦੱਸੋ ਇਹ ਕਿਸ[9] ਦਾ ਹੈ?" ਤਾਂ ਸਿੱਖ ਨੇ ਕਿਹਾ, "ਮੇਰੇ ਗੁਰੂ ਨਾਨਕ ਜੀ ਹਨ। ਉਨ੍ਹਾਂ ਦਾ ਸ਼ਬਦ ਪੜ੍ਹਦਾ ਹਾਂ। ਮੈਂ ਉਨ੍ਹਾਂ ਦਾ ਸੇਵਕ[10] ਹਾਂ।" ॥੧੬॥

SikhBookClub.Com

ਦੋਹਰਾ

ਤਬ ਲਹਿਣੇ ਮਨ ਮੈਂ ਗਿਣੀ[1] — ਜਿਸਕੇ ਐਸੇ ਬੈਨ।
ਗੁਰੂ ਕਰੋਂ ਤਾਂਕੋ ਅਬੈ, ਸੁਨਤ ਹੋਤ ਮਨ ਚੈਨ॥੧੭॥

ਚੌਪਈ

ਸੁਨਜੋ ਸ਼੍ਰਵਨ ਮਹਿਂ ਸੁਜਸੁ ਅਗਾਰੇ । ਸ੍ਰੀ ਨਾਨਕ ਹੈ ਗਜਾਨ ਉਦਾਰੇ।
ਹਮਰੇ ਗ੍ਰਾਮ ਪਰਵਿਰਤ ਨ ਆਹੀ । ਦਰਸ਼ਨ ਪਰਸਨ[2] ਕੋ ਤਿਨ ਜਾਹੀ॥੧੮॥

ਔਰ ਨ ਕਿਸਕੀ ਸੰਗਤ ਹੋਈ । ਜਾਂਤੇ ਪਿਖਉਂ ਜਾਇ ਗੁਰ ਸੋਈ।
ਸੁਨਜੋ ਸ਼ਬਦ ਇਨ ਸਿਖ ਜੁ ਬਖਾਨਿਓ । ਦਰਸ ਕਰੋਂ ਮਨ ਬਹੁਰ ਲੁਭਾਨਿਓ[3]॥੧੯॥

ਦੋਹਰਾ

ਜ੍ਵਾਲਾ ਪਰਸਨ ਕੋ ਸਮੈਂ ਆਯੋ ਅਬਹੀ ਨੇਰ[4]।
ਤਿਹ ਮਗ ਸਭ ਨਰ ਲੈ ਚਲੌਂ ਲੇਵੌਂ ਦਰਸ਼ਨ ਹੇਰ— ॥੨੦॥

ਤਬ ਤਿੰਹ ਸਿਖ ਕੇ ਪਾਸ ਤੇ ਸ਼ਬਦ ਕੰਠ ਕਰ ਲੀਨ।
ਨਿਤਪ੍ਰਤਿ ਪਢਹੀ ਪ੍ਰੇਮ ਕਰ ਉਪਜੇ ਭਾਉ ਨਵੀਨ ॥੨੧॥

ਚੌਪਈ

ਮਿਲਨੇ ਕੀ ਅਭਿਲਾਖਾ ਐਸੇ । ਮਧੁਕਰ[5] ਖੋਜਤ ਪੁਸ਼ਕਰ[6] ਜੈਸੇ।
ਜਿਉਂ ਮ੍ਰਿਗ ਪਜਾਸੋ ਜਲ ਕੋ ਚਾਹੈ । ਜਿਉਂ ਚਾਤ੍ਰਿਕ ਇਕ ਬੂੰਦ ਬਿਨਾਹੈ॥੨੨॥

ਦੇਵੀ ਪਰਸਨ ਦਿਨ ਪੁਨ ਆਯੋ । ਸਭਨ ਲਿਜਾਵਨ ਮਨ ਠਹਰਾਯੋ।
ਅਧਿਕ ਭਏ ਨਰ ਲਹਿਣੇ ਸੰਗਾ! ਗਮਨੇ ਜ੍ਵਾਲਾ ਸਹਿਤ ਉਮੰਗਾ॥੨੩॥

ਸਰਬ ਸੰਗ ਸੋਂ ਕਹਜੋ ਸੁਨਾਈ ।'ਅਪਰ[7] ਪੰਥ ਚਲਕੈ ਅਬ ਜਾਂਈ ।
ਸ੍ਰੀ ਗੁਰ ਨਾਨਕ ਪੁਰਖ ਮਹਾਨਾ । ਤਿਹ ਕੋ ਦਰਸ਼[8] ਕਰਹੁ ਮਤਿਵਾਨਾ!॥੨੪॥

SikhBookClub.Com

ਦੋਹਰਾ

ਤਾਂ ਲਹਿਣੇ ਨੇ ਮਨ ਵਿਚ ਗਿਣਤੀ-ਮਿਣਤੀ[1] ਕਰਕੇ ਸੋਚਿਆ -ਜਿਸ ਦੀ ਇਸ ਤਰਾਂ ਦੀ (ਸ਼ਬਦ) ਬਾਣੀ ਹੈ, ਜਿਸ ਨੂੰ ਸੁਣਿਆਂ ਮਨ ਨੂੰ ਚੈਨ ਮਿਲਦਾ ਹੈ। ਮੈਂ ਹੁਣੇ ਹੀ ਉਨ੍ਹਾਂ ਨੂੰ ਗੁਰੂ ਧਾਰਨ ਕਰਾਂਗਾ। ॥੧੭॥

ਚੌਪਈ

(ਮੈਂ) ਪਹਿਲਾਂ ਵੀ ਗੁਰੂ ਨਾਨਕ ਜੀ ਦੀ ਮਹਿਮਾ ਬਾਰੇ ਸੁਣਿਆ ਸੀ ਕਿ ਉਹ ਤਾਂ ਗਿਆਨ ਦੇ ਦਾਤੇ ਹਨ। ਸਾਡੇ ਪਿੰਡ ਵਿਚ ਤਾਂ ਉਹ ਨਹੀਂ ਆਉਣਗੇ, ਇਸ ਲਈ ਉਨ੍ਹਾਂ ਦੇ ਦਰਸ਼ਨਾਂ ਦੀ ਛੋਹ[2] ਪ੍ਰਾਪਤ ਕਰਨ ਲਈ ਆਪ ਹੀ ਜਾਂਦਾ ਹਾਂ। ॥੧੮॥

ਉਨਾਂ ਚਿਰ ਹੋਰ ਕਿਸੇ ਦੀ ਸੰਗਤ ਨਹੀਂ ਕਰਾਂਗਾ, ਜਿੰਨਾ ਚਿਰ ਗੁਰੂ ਜ਼ੀ ਨੂੰ ਜਾ ਕੇ ਦਰਸ਼ਨ ਨਹੀਂ ਕਰ ਲੈਂਦਾ। ਇਸ ਸਿੱਖ ਦੇ ਕਹੇ ਹੋਏ ਸ਼ਬਦ ਨੂੰ ਸੁਣ ਕੇ ਮੇਰਾ ਮਨ ਨਾਨਕ ਜੀ ਦੇ ਦਰਸ਼ਨ ਕਰਨ ਨੂੰ ਬਹੁਤ ਹੀ ਲੁਭਾਇਆ[3] ਗਿਆ ਹੈ। ॥੧੯॥

ਦੋਹਰਾ

(ਇਸ ਤਰਾਂ ਕਰਦੇ ਹਾਂ) ਜਵਾਲਾ ਦੇਵੀ ਦੇ ਦਰਸ਼ਨ ਕਰਨ ਦਾ ਸਮਾਂ ਨੇੜੇ[4] ਹੀ ਆ ਗਿਆ ਹੈ। ਸਾਰੇ ਬੰਦਿਆਂ ਨੂੰ ਉਸ ਰਸਤੇ ਵੱਲ ਦੀ ਨਾਲ ਲੈ ਚੱਲਾਂਗੇ ਤੇ (ਇਸ ਤਰਾਂ ਵੇਖ ਕੇ ਗੁਰੂ ਨਾਨਕ ਜੀ ਦੇ) ਦਰਸ਼ਨ ਵੀ ਕਰ ਲਵਾਂਗਾ-। ॥੨੦॥

ਤੇ ਫਿਰ ਲਹਿਣਾ ਜੀ ਨੇ ਉਸ ਸਿੱਖ ਪਾਸੋਂ ਸ਼ਬਦ ਕੰਠ ਕਰ ਲਏ ਸਨ ਅਤੇ ਰੋਜ਼ਾਨਾ ਉਨ੍ਹਾਂ ਨੂੰ ਪ੍ਰੇਮ ਨਾਲ ਪੜ੍ਹਨ ਨਾਲ ਉਨ੍ਹਾਂ ਅੰਦਰ ਨਿੱਤ ਨਵਾਂ ਪ੍ਰੇਮ ਗੁਰੂ ਜੀ ਪ੍ਰਤੀ ਜਾਗਣ ਲੱਗਾ ਸੀ। ॥੨੧॥

ਚੌਪਈ

ਉਨ੍ਹਾਂ ਅੰਦਰ ਨਾਨਕ ਜੀ ਨੂੰ ਮਿਲਣ ਦੀ ਚਾਹਤ ਇਸ ਤਰਾਂ ਹੋ ਗਈ, ਜਿਵੇਂ ਭੰਵਰੇ[5] ਨੂੰ ਫੁੱਲ[6] ਦੇ ਢੂੰਢਣ ਦੀ ਹੋਇਆ ਕਰਦੀ ਹੈ। ਜਿਵੇਂ ਤਿਹਾਏ ਮਿਰਗ ਨੂੰ ਜਲ ਦੀ ਚਾਹਤ ਹੁੰਦੀ ਹੈ। ਜਿਵੇਂ ਪਪੀਹਾ ਇਕ ਬੂੰਦ ਲਈ ਬੇਨਤੀ ਕਰਦਾ ਹੁੰਦਾ ਹੈ। ॥੨੨॥

ਫਿਰ ਦੇਵੀ ਮਾਤਾ ਦੇ ਦਰਸ਼ਨ ਕਰਨ ਦਾ ਦਿਨ ਆਇਆ ਤਾਂ ਉਨ੍ਹਾਂ ਨੇ ਸਭ ਬੰਦਿਆਂ ਨੂੰ ਨਾਲ ਲੈ ਕੇ ਚੱਲਣ ਦੀ ਮਨ ਵਿਚ ਮਿੱਥ ਲਈ। ਬਹੁਤ ਹੀ ਬੰਦੇ ਲਹਿਣੇ ਦੇ ਨਾਲ ਜਵਾਲਾ ਦੇਵੀ ਦੇ ਦਰਸ਼ਨ ਕਰਨ ਲਈ ਬੜੇ ਉਤਸ਼ਾਹ ਨਾਲ ਚੱਲ ਪਏ ਸਨ। ॥੨੩॥

ਉਨ੍ਹਾਂ ਨੇ ਸਾਰੇ ਸੰਗੀਆਂ ਨੂੰ ਕਿਹਾ, "ਇਸ ਵਾਰ ਆਪਾਂ ਹੋਰ[7] ਰਸਤੇ ਤੋਂ ਚੱਲ ਕੇ ਜਾਵਾਂਗੇ। ਇਕ ਬਹੁਤ ਹੀ ਮਹਾਨ ਪੁਰਖ ਗੁਰੂ ਨਾਨਕ ਜੀ ਹਨ। ਹੇ ਮਤਵਾਲਿਓ! ਉਨ੍ਹਾਂ ਦੇ ਦਰਸ਼ਨ[8] (ਪਹਿਲਾਂ) ਕਰਨੇ ਹਨ। ॥੨੪॥

SikhBookClub.Com

ਇਹ ਮਗ[1] ਜਾਵਨ ਫਲ ਸੁ ਬਿਸਾਲੇ । ਦ੍ਵੈ ਕੌ ਦਰਸ਼ਨ ਹੋਇਂ ਸੁਖਾਲੇ'।
ਇਉਂ ਸੁਨ ਨਰ ਬਹੁ ਸੰਗ ਸਿਧਾਰੇ । ਕਹੈਂ ਕਿ 'ਚਲਹੁ ਸੁ ਲੇਹੁ ਨਿਹਾਰੇ'॥੨੫॥

ਬਹੁਤ ਭੀਰ ਨਿਜ ਲੇਕਰ ਸੰਗਾ । ਗਮਨਜੋ ਲਹਿਣਾ ਭਾਗ ਉਤੰਗਾ[2]।
ਕ੍ਰਮ ਕ੍ਰਮ[3] ਸਗਰੋ ਮਾਰਗ ਛੋਰੀ । ਪਹੁੰਚੇ ਪੁਰਕਰਤਾਰਹਿਂ ਠੌਰੀ॥੨੬॥

ਵਹਿਰ ਤਿਸ਼ਟ[4] ਇਕ ਮਨੁਜ ਬੁਝੇਰਾ । ਇਹ ਜੋ ਗ੍ਰਾਮ ਅਹੈ ਕਿਸ ਕੇਰਾ?'।
ਕਹੈ ਸੁ ਨਰ 'ਜਗ ਗੁਰ ਗਤਿਦਾਈ । ਸ੍ਰੀ ਨਾਨਕ ਜੋ ਤਪਾ ਕਹਾਈ॥੨੭॥

ਬਹੁ ਨਰ ਦੂਰ ਦੇਸ਼ ਤੇ ਆਵਹਿਂ । ਦਰਸ ਕਰਹਿਂ ਨਿਜ ਇੱਛ ਪੁਜਾਵਹਿਂ[5]।
ਨਿਜ ਉਪਦੇਸ਼ਜੋ ਜਗ ਮਹਿਂ ਨਾਮੂ । ਤਿਨ ਕੋ ਜਾਨ ਲੇਹੁ ਇਹੁ ਗ੍ਰਾਮੂ[6]'॥੨੮॥

ਸੁਨ ਲਹਿਣੇ ਕੇ ਸੰਗੀ ਕਹਿਹੀਂ । 'ਜਿਸਕੇ ਸ਼ਬਦ ਪਢਤਿ ਤੂੰ ਰਹਿਹੀਂ।
ਦਰਸ਼ਨ ਨਿਤਪ੍ਰਤਿ ਰਿਦੇ ਚਹਤਿ ਹੈਂ । ਸੋ ਸ੍ਰੀ ਨਾਨਕ ਇਹਾਂ ਬਸਤਿ[7] ਹੈਂ'॥੨੯॥

ਸੁਨ ਹਰਖਿਓ ਨਹਿਂ ਅੰਗ ਸਮਾਵਹਿ । ਜਿਉਂ ਕਿਰਪਨ[8] ਕੋ ਧਨ ਬਹੁ ਪਾਵਹਿ।
ਭਯੋ ਠਾਂਢ[9] ਨਿਜ ਸਾਥ ਅਗਾਰੀ । ਸਬਹਨ ਸੋਂ ਅਸ ਗਿਰਾ ਉਚਾਰੀ॥੩੦॥

ਦੋਹਰਾ

'ਠਹਿਰੋ ਇਹ ਠਾਂ ਤੁਮ ਸਬੈ,ਹੌਂ, ਦਰਸ਼ਨ ਕਰ ਆਇ।
ਬਹੁਰੋ ਡੇਰਾ ਕਰੈਂ ਮਿਲ ਕਿਯੋਂ ਅਗਾਰੀ[10] ਜਾਇ'॥੩੧॥

ਚੌਪਈ

ਅਸ ਕਹਿ ਗ੍ਰਾਮ ਸਾਮੁਹਿ[11] ਗਮਨੰ । ਮਨ ਮੈਂ ਗੁਨੀ ਗੁਰੂ ਗੁਨ ਭਵਨੰ।
—ਸੇਵਕ ਹਮਰਾ ਆਵਤ ਸੋਈ । ਮੋਹਿ ਰਾਜ ਕਾ ਧਨੀ ਜੁ ਹੋਈ— ॥੩੨॥

ਨਿਜ ਆਸਨ ਤਜ[12] ਕਰ ਤਬ ਆਏ । ਵਹਿਰ ਗ੍ਰਾਮ ਠਾਢੇ ਇਕ ਥਾਂਏ।
ਮਿਲੇ ਸਰਬ ਤੇ ਹੋਇ ਨਿਆਰੇ । ਸ੍ਰੀ ਨਾਨਕ ਲਹਿਣੇ ਨਿਜ ਪਜਾਰੇ ॥੩੩॥

SikhBookClub.Com

ਇਸ ਰਸਤੇ[1] ਪਰ ਜਾਣ ਨਾਲ ਬਹੁਤਾ ਫਲ ਪ੍ਰਾਪਤ ਹੋਵੇਗਾ ਅਤੇ ਦੋਨਾਂ ਦੇ ਦਰਸ਼ਨ ਵੀ ਸੌਖੇ ਹੋ ਜਾਣਗੇ ਅਤੇ ਇਹ ਸੁਣ ਕੇ ਬਹੁਤ ਸਾਰੇ ਬੰਦੇ ਨਾਲ ਚੱਲ ਪਏ। ਉਨ੍ਹਾਂ ਨੇ ਲਹਿਣਾ ਜੀ ਨੂੰ ਕਿਹਾ, "ਚੱਲੋ (ਇਸੇ ਰਸਤੇ ਹੀ ਚੱਲਦੇ ਹਾਂ) ਜਾ ਕੇ (ਉਨ੍ਹਾਂ ਦੇ) ਦਰਸ਼ਨ ਕਰਾਂਗੇ" ॥੨੫॥

ਇਸ ਤਰਾਂ ਵੱਡੇ[2] ਭਾਗਾਂ ਵਾਲੇ ਲਹਿਣਾ ਜੀ ਬਹੁਤ ਸੰਗਤ ਨੂੰ ਨਾਲ ਲੈ ਕੇ ਚੱਲ ਪਏ। ਕਦਮ-ਕਦਮ[3] ਸਾਰਾ ਰਸਤੇ ਲੰਘਦੇ ਹੋਏ ਕਰਤਾਰਪੁਰ ਨਗਰ ਵਿਚ ਪਹੁੰਚ ਗਏ। ॥੨੬॥

ਤੇ ਉਨ੍ਹਾਂ ਨੇ (ਪਿੰਡ ਦੇ) ਬਾਹਰ ਖੜੋ[4] ਕੇ ਇਕ ਬੰਦੇ ਨੂੰ ਪੁੱਛਿਆ, "ਇਹ ਜੋ ਪਿੰਡ ਹੈ, ਇਹ ਕਿਸ ਦਾ ਹੈ?" ਉਸ ਬੰਦੇ ਨੇ ਦੱਸਿਆ, "ਸ੍ਰੀ ਗੁਰੂ ਨਾਨਕ ਜੀ, ਜੋ ਤਪਾ ਕਹਾਉਂਦੇ ਹਨ ਤੇ ਮੁਕਤੀ ਦੇ ਦਾਤੇ ਜਗਤ ਗੁਰੂ ਹਨ। ॥੨੭॥

(ਜਿਨ੍ਹਾਂ ਕੋਲ) ਬਹੁਤ ਲੋਕ ਦੂਰ-ਦੂਰ ਦੇਸ਼ਾਂ ਤੋਂ ਆਉਂਦੇ ਹਨ ਤੇ ਉਨ੍ਹਾਂ ਦੇ ਦਰਸ਼ਨ ਕਰਕੇ ਆਪਣੀਆਂ ਇੱਛਾ ਪੂਰੀਆਂ[5] ਕਰਦੇ ਹਨ। ਜਿਨ੍ਹਾਂ ਦਾ ਆਪਣੇ ਉਪਦੇਸ਼ ਦੇਣ ਕਰਕੇ ਜੱਗ ਵਿਚ ਨਾਂ ਪਰਸਿੱਧ ਹੈ। ਜਾਣੋ, ਇਹ ਉਨ੍ਹਾਂ ਦਾ ਹੀ ਪਿੰਡ[6] ਹੈ।" ॥੨੮॥

ਇਹ ਸੁਣ ਕੇ ਲਹਿਣੇ ਦੇ ਸੰਗੀ ਕਹਿਣ ਲੱਗੇ, "ਜਿਸ ਦੇ ਤੂੰ ਸ਼ਬਦ ਪੜ੍ਹਦਾ ਰਹਿੰਦਾ ਹੈਂ। ਤੇਰੇ ਹਿਰਦੇ ਵਿਚ ਜਿਨ੍ਹਾਂ ਦੇ ਦਰਸ਼ਨਾਂ ਦੀ ਹਮੇਸ਼ਾ ਇੱਛਾ ਰਹਿੰਦੀ ਹੈ, ਉਹ ਨਾਨਕ ਜੀ ਇਥੇ ਰਹਿੰਦੇ[7] ਹਨ।" ॥੨੯॥

(ਇਹ) ਸੁਣ ਕੇ ਉਸ ਨੂੰ ਇੰਨੀ ਖੁਸ਼ੀ ਹੋਈ ਕਿ ਉਹ ਅੰਗਾਂ ਵਿਚ ਨਾ ਸਮਾਵੇ। ਜਿਵੇਂ ਕਿਸੇ ਕੰਜੂਸ[8] ਨੂੰ ਬਹੁਤ ਸਾਰਾ ਧਨ ਪ੍ਰਾਪਤ ਹੋ ਗਿਆ ਹੋਵੇ। ਤਾਂ ਲਹਿਣਾ ਜੀ ਨੇ ਆਪਣੇ ਸਾਥੀਆਂ ਦੇ ਅੱਗੇ ਖੜ੍ਹੇ[9] ਹੋ ਕੇ ਸਾਰਿਆਂ ਨੂੰ ਕਿਹਾ। ॥੩੦॥

ਦੋਹਰਾ

"ਤੁਸੀਂ ਸਾਰੇ ਜਣੇ ਇਸ ਥਾਂ 'ਤੇ ਰੁਕੋ, ਮੈਂ ਦਰਸ਼ਨ ਕਰਕੇ ਆਉਂਦਾ ਹਾਂ। ਫਿਰ ਮਿਲ ਕੇ ਡੇਰਾ ਕਰ ਲਵਾਂਗੇ ਜਾਂ ਫਿਰ ਅੱਗੇ[10] ਚੱਲਾਂਗੇ।" ॥੩੧॥

ਚੌਪਈ

ਇਸ ਤਰਾਂ ਕਹਿ ਕੇ ਲਹਿਣਾ ਜੀ ਪਿੰਡ ਵੱਲ ਮੂੰਹ[11] ਕਰਕੇ ਚੱਲ ਪਏ। ਉਧਰੋਂ ਗੁਣਾਂ ਦੇ ਘਰ (ਗੁਰੂ ਨਾਨਕ ਜੀ) ਨੇ ਮਨ ਵਿਚ ਵਿਚਾਰਿਆ -ਸਾਡਾ ਸੇਵਕ ਆ ਰਿਹਾ ਹੈ, ਜੋ ਮੇਰੇ ਰਾਜ (ਗੁਰਗੱਦੀ) ਦਾ ਮਾਲਕ ਹੋਵੇਗਾ-। ॥੩੨॥

ਤਾਂ (ਗੁਰੂ ਜੀ)ਆਪਣਾ ਆਸਨ ਛੱਡ[12] ਕੇ ਆ ਗਏ ਤੇ ਪਿੰਡ ਦੇ ਬਾਹਰ ਇਕ ਥਾਂ ਉੱਤੇ ਖੜ੍ਹੇ ਹੋ ਗਏ। ਗੁਰੂ ਨਾਨਕ ਜੀ ਆਪਣੇ ਪਿਆਰੇ 'ਲਹਿਣੇ' ਨੂੰ ਸਭ ਤੋਂ ਵੱਖਰੀ ਤਰਾਂ ਮਿਲੇ॥੩੩॥

SikhBookClub.Com

ਦੋਹਰਾ

ਅਵਿਲੋਕਤ ਬੋਲਜੋ ਤਬੈ 'ਸ੍ਰੀ ਨਾਨਕ ਗੁਨ ਖਾਨ।
ਤਿਨ ਦਰਸ਼ਨ ਕੀ ਚਾਹ ਮੁਝ ਅਹੈਂ ਸੁ ਕੌਨੇ ਥਾਨ[1]?'॥੩੪॥

ਚੌਪਈ

ਸ੍ਰੀ ਪ੍ਰਭੁ ਸੁਨ ਕੈ ਬੈਨ ਉਚਾਰੇ । 'ਆਵਹੁ ਤੁਮ ਹਮਰੇ ਸੰਗਾਰੇ।
ਸ੍ਰੀ ਨਾਨਕ ਕੋ ਦੇਉਂ ਦਿਖਾਏ । ਜਿਹ ਕੋ ਤੂੰ ਬੂਝਤ[2] ਹਿਤ ਲਾਏ'॥੩੫॥

ਅਸ ਕਹਿ ਸ੍ਰੀ ਗੁਰ ਚਲੇ ਅਗਾਰੀ । ਇਹ ਬਾਜਨਿ[3] ਪਰ ਜਾਇ ਪਿਛਾਰੀ।
ਪਹੁੰਚੇ ਜਬ ਸਮੀਪ ਧ੍ਰਮਸਾਲਾ।ਬੋਲੇ ਠਾਂਢੇ ਹੋਇ ਕ੍ਰਿਪਾਲਾ॥੩੬॥

'ਬੜਵਾ[4] ਪਰ ਤੇ ਅਬ ਉਤਰੀਜੈ । ਇਸ ਕਾਸ਼ਟ[5] ਕੇ ਸੰਗ ਬਾਂਧੀਜੈ।
ਤੁਮਰੇ ਸਨਮੁਖ ਹੈ ਦਰ ਜੋਊ । ਪ੍ਰਵਿਸਹੁ ਤਿਸ ਮਹਿਂ ਦਰਸਹੁ ਸੋਊ'॥੩੭॥

ਦੋਹਰਾ

ਇਸ ਪ੍ਰਕਾਰ ਮ੍ਰਿਦੁ ਬਚਨ ਕਹਿ ਤਹਿਂ ਤੇ ਆਗੇ ਜਾਇ।
ਲਘੁ ਦਰ ਧ੍ਰਮਸਾਲਾ ਦੁਤਿਯ[6] ਪ੍ਰਵਿਸ਼ੇ ਗੁਰ ਗਤਿਦਾਇ॥੩੮॥

ਚੌਪਈ

ਅੰਤਰ ਜਾਇ ਸਿੰਘਾਸਨ ਬੈਸੇ । ਧਰਜੋ ਸਰੀਰ ਸ਼ਾਂਤਿ ਰਸ ਜੈਸੇ।
ਬਾਂਧਿ ਤੁਰੰਗਨਿ[7] ਲਹਿਣਾ ਗਯੋ । ਸ੍ਰੀ ਨਾਨਕ ਕੋ ਦੇਖਤ ਭਯੋ॥੩੯॥

'ਸ਼ਰਨ ਸ਼ਰਨ' ਕਹਿ ਬੰਦਨ ਕੀਨੀ । ਅਤਿ ਸ਼ਰਧਾ ਮਹਿਂ ਮਤਿ ਜਿਹ ਭੀਨੀ।
ਬੈਠ ਪਛਾਨਜੋ —ਹੈ ਇਹ ਸੋਈ । ਪੰਥ[8] ਬਤਾਵਤ ਆਵਤ ਜੋਈ —॥੪੦॥

ਅਚਰਜ ਗੁਨ ਕੈ ਭਯੋ ਹਰਾਨਾ । ਔਗੁਨ ਬਡੋ ਆਪ ਤੇ ਜਾਨਾ।
ਰਿਦੇ ਬਿਸੂਰਤ[9] —ਜੇ ਹਉਂ ਜਾਨਤ । ਉਤਰ ਤੁਰੰਗਨਿ ਬੰਦਨ ਠਾਨਤ—॥੪੧॥

ਦੋਹਰਾ

ਭੀਤ ਭਯੋ, ਬਿਸਮਾਦਿਓ, ਨਹਿਂ ਬੋਲੈ ਕਛੁ ਬੈਨ।
—ਬਡੀ ਭੂਲ ਮੋਤੇ[10] ਭਈ— ਰਹਜੋ ਨੀਚ[11] ਕਰ ਨੈਨ॥੪੨॥

SikhBookClub.Com

ਦੋਹਰਾ

ਦੇਖ ਕੇ ਲਹਿਣਾ ਜੀ ਨੇ ਕਿਹਾ, "ਜੋ ਗੁਣਾਂ ਦੀ ਖਾਣ ਗੁਰੂ ਨਾਨਕ ਜੀ ਹਨ, ਮੇਰੀ, ਉਨ੍ਹਾਂ ਦੇ ਦਰਸ਼ਨ ਕਰਨ ਦੀ ਬਹੁਤ ਇੱਛਾ ਹੈ, ਉਹ ਕਿਸ ਥਾਂ[1] ਹੋਣਗੇ?" ॥੩੪॥

ਚੌਪਈ

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਦੀ ਗੱਲ ਸੁਣ ਕੇ ਕਿਹਾ, "ਤੁਸੀਂ ਮੇਰੇ ਨਾਲ ਆਓ, ਸ੍ਰੀ ਨਾਨਕ ਜੀ, ਜਿਨ੍ਹਾਂ ਨੂੰ ਤੁਸੀਂ ਬੜੇ ਪ੍ਰੇਮ ਨਾਲ ਪੁੱਛ[2] ਰਹੇ ਹੋ, ਤੁਹਾਨੂੰ ਦਿਖਾ ਦਿੰਦੇ ਹਾਂ।" ॥੩੫॥

ਇਸ ਤਰਾਂ ਕਹਿ ਕੇ ਗੁਰੂ ਨਾਨਕ ਜੀ ਅੱਗੇ-ਅੱਗੇ ਅਤੇ ਲਹਿਣਾ ਜੀ ਘੋੜੀ[3] ਉੱਤੇ ਪਿੱਛੇ-ਪਿੱਛੇ ਚੱਲ ਪਏ। ਜਦੋਂ ਧਰਮਸਾਲਾ ਦੇ ਕੋਲ ਪਹੁੰਚੇ ਤਾਂ ਕਿਰਪਾਲੂ (ਗੁਰੂ ਨਾਨਕ) ਜੀ ਨੇ ਖੜ੍ਹੇ ਹੋ ਕੇ ਕਿਹਾ ॥੩੬॥

"ਹੁਣ ਘੋੜੀ[4] ਤੋਂ ਉਤਰ ਆਵੋ ਅਤੇ ਇਸ ਨੂੰ ਇਸ ਲੱਕੜ[5] ਨਾਲ ਬੰਨ ਦਿਓ। ਤੁਹਾਡੇ ਸਾਹਮਣੇ ਜੋ ਦਰਵਾਜ਼ਾ ਹੈ, ਉਸ ਦੇ ਅੰਦਰ ਦੀ ਪਰਵੇਸ਼ ਕਰਨਾ ਤੇ ਉਨ੍ਹਾਂ ਦੇ ਦਰਸ਼ਨ ਕਰ ਲੈਣਾ" ॥੩੭॥

ਦੋਹਰਾ

ਇਸ ਤਰਾਂ ਮਿੱਠੇ ਬੋਲ ਬੋਲ ਕੇ ਗੁਰੂ ਨਾਨਕ ਜੀ ਅੱਗੇ ਚਲੇ ਗਏ । ਮੁਕਤੀਦਾਤਾ (ਗੁਰੂ ਜੀ) ਆਪ ਧਰਮਸਾਲਾ ਦੇ ਦੂਸਰੇ[6] ਪਾਸਿਓਂ, ਛੋਟੇ ਦਰਵਾਜ਼ੇ ਰਾਹੀਂ ਪਰਵੇਸ਼ ਕਰ ਗਏ । ॥੩੮॥

ਚੌਪਈ

ਗੁਰੂ ਜੀ ਅੰਦਰ ਸਿੰਘਾਸਨ ਪਰ ਇਸ ਤਰਾਂ ਜਾ ਬੈਠੇ ਜਿਵੇਂ ਸ਼ਾਂਤ ਰਸ ਸਮਾਨ ਸਰੀਰ ਧਰਿਆ ਹੋਵੇ। ਸ੍ਰੀ ਲਹਿਣਾ ਜੀ ਘੋੜੀ[7] ਨੂੰ ਬੰਨ ਕੇ ਅੰਦਰ ਚਲੇ ਗਏ, ਉਨ੍ਹਾਂ ਗੁਰੂ ਨਾਨਕ ਜੀ ਨੂੰ ਦੇਖਿਆ। ॥੩੯॥

ਤਾਂ ਉਨ੍ਹਾਂ ਨੇ "ਸ਼ਰਨ ਜਾਵਾਂ, ਸ਼ਰਨ ਜਾਵਾਂ" ਕਹਿੰਦੇ ਹੋਏ, ਜਿਨ੍ਹਾਂ ਦੀ ਮੱਤ ਬਹੁਤ ਹੀ ਸ਼ਰਧਾ ਵਿਚ ਭਿੱਜੀ ਹੋਈ ਸੀ, ਗੁਰੂ ਜੀ ਨੂੰ ਨਮਸਕਾਰ ਕੀਤੀ। ਉਨ੍ਹਾਂ, ਗੁਰੂ ਜੀ ਨੂੰ ਸਾਹਮਣੇ ਬੈਠਿਆਂ ਨੂੰ ਪਛਾਣਿਆ, -ਇਹ ਤਾਂ ਉਹੋ ਹੀ ਹਨ ਜੋ ਮੈਨੂੰ ਗੁਰੂ ਜੀ ਦੇ ਘਰ ਦਾ ਰਾਹ[8] ਦੱਸਣ ਲਈ ਨਾਲ ਆਏ ਸਨ-। ॥੪੦॥

ਅਸਚਰਜ ਸਮਝ ਕੇ ਉਹ ਹੈਰਾਨ ਹੋ ਗਏ। ਉਨ੍ਹਾਂ ਆਪਣੇ ਕੋਲੋਂ ਬਹੁਤ ਵੱਡਾ ਪਾਪ ਹੋਇਆ ਸਮਝਿਆ ਤੇ ਚਿੱਤ ਵਿਚ ਝੁਰਦੇ[9] ਹੋਏ (ਸੋਚਣ ਲੱਗੇ) -ਜੇ ਪਤਾ ਹੁੰਦਾ, ਘੋੜੀ ਤੋਂ ਉਤਰ ਕੇ ਮੈਂ (ਇਨ੍ਹਾਂ ਅੱਗੇ) ਮੱਥਾ ਟੇਕਦਾ-। ॥੪੧॥

ਦੋਹਰਾ

ਉਹ ਹੈਰਾਨ ਹੋਇਆ, ਭੈਭੀਤ ਹੋ ਗਿਆ, ਉਹ ਮੂੰਹੋਂ ਕੁਝ ਵੀ ਨਹੀਂ ਸੀ ਬੋਲ ਰਿਹਾ। ਉਹ ਹੇਠਾਂ[11] ਵੱਲ ਨੀਵੀਂ ਪਾਈ ਹੋਈ ਸੋਚੀ ਜਾਣ -ਮੇਰੇ[10] ਤੋਂ ਬਹੁਤ ਵੱਡੀ ਭੁੱਲ ਹੋ ਗਈ ਹੈ-। ॥੪੨॥

SikhBookClub.Com

ਚੌਪਈ

— ਹੌਂ ਬਾਜਨਿ ਪਰ ਚਢਜੋ ਕੁਭਾਗਾ । ਪਗ ਸੋਂ ਚਲਿ ਆਏ ਮੁਰਿ[1] ਆਗਾ[2]।
ਇਹ ਬਡ ਗੁਨਹਿਂ ਛਿਮਹਿਂ[3] ਕਿਵ ਮੇਰਾ —। ਇਸ ਬਿਧਿ ਸੋਚਤ ਭਯੋ ਘਨੇਰਾ॥੪੩॥

ਸ੍ਰੀ ਨਾਨਕ ਸਬ ਮਨ ਕੀ ਜਾਨੀ । ਕ੍ਰਿਪਾ ਨਿਧਾਨ ਕਹੀ ਮ੍ਰਿਦੁ ਬਾਨੀ।
'ਪੁਰਖਾ! ਕੁਸ਼ਲ[4] ਤੁਮਾਰੇ ਅਹੇ?' । ਸੁਨਤ ਸ਼੍ਰੋਨ ਲਹਿਣੇ ਬਚ ਕਹੇ ॥੪੪॥

'ਤੁਮ ਦਰਸ਼ਨ ਤੇ ਪਰਮ ਅਨੰਦਾ । ਪ੍ਰਾਪਤਿ ਭਯੋ ਮੋਹਿ ਸੁਖਕੰਦਾ[5]!'।
ਬੇਖ ਭਗਤ ਦੇਵੀ ਕੋ ਸਬਹੀ । ਕਰ ਬਿਚਾਰ ਕੋ ਤਜਾਗਜੋ ਤਬਹੀ॥੪੫॥

ਪਗ[6] ਸੋਂ ਘੁੰਗਰੂ ਬਾਂਧੇ ਜੋਊ । ਤੋਰ[7] ਦਿਯੇ ਤੂਰਨ ਤਬ ਸੋਊ।
ਉਰ ਤੇ ਆਸ਼ਾ ਅਪਰ ਬਿਡਾਰੀ । ਹੋਇ ਰਹਜੋ ਗੁਰ ਚਰਨ ਅਧਾਰੀ[8]॥੪੬॥

ਦੋਹਰਾ

ਉਰ ਮਹਿਂ ਕਰਤ ਬਿਚਾਰ ਪੁਨ — ਅੰਤਰਜਾਮੀ ਜੇਯ।
ਬਿਦਾ ਕਰਹਿਂ ਮੁਝ ਸਦਨ ਕੋ, ਆਪੇ ਆਇਸੁ ਦੇਯ॥੪੭॥

ਚੌਪਈ

ਉਰ ਮਹਿਂ ਧਰ ਕੈ ਭਾਉ ਘਨੇਰੋ । ਪੁਨ ਆਵੋਂ ਮੈ ਦਰਸ਼ਨ ਹੇਰੋਂ —।
ਰਿਦੈ ਮਨੋਰਥ ਜਬਹਿ ਉਠਾਨਾ । ਗੁਨ ਖਾਨੀ ਤਬ ਬਚਨ ਬਖਾਨਾ॥੪੮॥

'ਪੁਰਖਾ! ਜਾਨੋ[9] ਜਿਹ ਥਲ ਮਾਂਹੀਂ । ਬੇਖ ਉਤਾਰਜੋ, ਜਾਹੁ ਕਿ ਨਾਹੀਂ' ।
'ਸੁਨਹੁ ਪ੍ਰਭੂ ਮਧੁ[10] ਟੋਰਨ[11] ਹੇਤਾ । ਕੋਇ ਜਿ ਗਮਨਜੋ ਛੋਰ ਨਿਕੇਤਾ॥੪੯॥

ਤਿਹਕੋ ਮਗ ਮਹਿਂ ਅੰਮ੍ਰਿਤ ਪਾਈ । ਸੋ ਨਰ ਕਿਉਂ ਮਧੁ ਟੋਰਨ ਜਾਈ'।
ਮੁਸ਼ਕਤ[12] ਬੂਝਜੋ ਪ੍ਰਭੂ ਬਹੋਰੀ । 'ਪੁਰਖਾ ਸਦਨ ਅਹੈਂ ਕਿਸ ਠੌਰੀ[13]?॥੫੦॥

SikhBookClub.Com

ਚੌਪਈ

-ਮੈਂ ਮਾੜੇ ਭਾਗਾਂ ਵਾਲਾ ਘੋੜੀ ਉੱਤੇ ਚੜ੍ਹ ਕੇ ਆਇਆ ਤੇ (ਗੁਰੂ ਜੀ) ਮੇਰੇ[1] ਅੱਗੇ-ਅੱਗੇ[2] ਰਾਹ 'ਤੇ ਪੈਦਲ ਚੱਲ ਕੇ ਆਏ। ਇਤਨਾ ਵੱਡਾ ਮੇਰੇ ਕੋਲੋਂ ਜੋ ਗੁਨਾਹ ਹੋਇਆ ਹੈ, ਇਹ ਕਿਸ ਤਰਾਂ ਬਖਸ਼ਿਆ[3] ਜਾਵੇਗਾ-? ਉਹ ਇਸ ਤਰਾਂ ਗਹਿਰੀਆਂ ਸੋਚਾਂ ਵਿਚ ਪੈ ਗਏ ਸਨ ॥੪੩॥

ਗੁਰੂ ਨਾਨਕ ਜੀ ਨੇ ਉਸ ਦੀ ਸਾਰੀ ਮਨ ਦੀ ਜਾਣ ਲਈ ਸੀ। ਕਿਰਪਾ-ਨਿਧਾਨ ਨੇ ਮਿੱਠੇ ਬੋਲ ਬੋਲਦਿਆਂ ਕਿਹਾ, "ਹੇ ਪੁਰਖਾ! ਆਪ ਦੇ ਘਰ ਸਭ ਸੁੱਖ-ਸਾਂਦ[4] ਹੈ ਨਾ?" ਗੁਰੂ ਜੀ ਦੇ ਬਚਨ ਸੁਣ ਕੇ ਲਹਿਣਾ ਜੀ ਨੇ ਆਖਿਆ। ॥੪੪॥

"ਹੇ ਸੁੱਖਾਂ ਦੇ ਮੂਲ[5]! ਆਪ ਜੀ ਦੇ ਦਰਸ਼ਨ ਕਰਕੇ ਮੈਨੂੰ ਮਹਾਂ-ਅਨੰਦ ਪ੍ਰਾਪਤ ਹੋਇਆ ਹੈ।" ਤੇ (ਲਹਿਣਾ ਜੀ ਨੇ) ਵਿਚਾਰ ਕਰਕੇ ਦੇਵੀ ਦੇ ਭਗਤਾਂ ਵਾਲਾ ਪਹਿਨਿਆ ਹੋਇਆ ਸਾਰਾ ਭੇਸ ਉਸੀ ਵੇਲੇ ਉਤਾਰ ਦਿੱਤਾ। ॥੪੫॥

ਪੈਰਾਂ[6] ਵਿਚ ਜੋ ਉਸ ਦੇ ਘੁੰਗਰੂ ਬੰਨੇ ਹੋਏ ਸਨ, ਉਸ ਨੇ ਉਸੀ ਵਕਤ ਹੀ ਤੋੜ[7] ਦਿੱਤੇ। ਮਨ ਵਿਚ ਜੋ ਅੱਗੇ ਜਾਣ ਦੀ ਪੁਨਰ ਆਸਾ ਰੱਖੀ ਸੀ, ਉਨ੍ਹਾਂ ਨੇ ਤਿਆਗ ਦਿੱਤੀ ਤੇ ਉਹ ਗੁਰੂ ਜੀ ਦੇ ਚਰਨਾਂ ਦੇ ਆਸਰੇ[8] ਦਾ ਹੀ ਹੋ ਗਿਆ ਸੀ। ॥੪੬॥

ਦੋਹਰਾ

ਉਸ ਤੋਂ ਬਾਅਦ ਲਹਿਣਾ ਜੀ ਨੇ ਆਪਣੇ ਚਿੱਤ ਵਿਚ ਫੇਰ ਸੋਚਿਆ -ਜੇਕਰ ਇਹ (ਗੁਰੂ ਜੀ) ਮੈਨੂੰ ਆਪਣੇ ਘਰ ਜਾਣ ਦੀ ਆਪ ਹੀ ਆਗਿਆ ਦੇ ਦੇਣ (ਤਾਂ ਮੈਂ ਮੰਨਾਂਗਾ), ਕਿ ਇਹ ਸੱਚਮੁੱਚ ਹੀ ਅੰਤਰਜਾਮੀ ਹਨ। ॥੪੭॥

ਚੌਪਈ

ਫਿਰ ਮੈਂ ਆਪਣੇ ਮਨ ਵਿਚ ਬਹੁਤ ਪ੍ਰੇਮ ਰੱਖ ਕੇ ਦੁਬਾਰਾ (ਇਨ੍ਹਾਂ ਦੇ) ਦਰਸ਼ਨ ਕਰਨ ਲਈ ਆਵਾਂਗਾ-। ਜਿਉਂ ਹੀ ਲਹਿਣਾ ਜੀ ਨੇ ਮਨ ਵਿਚ ਇਹ ਮਨੋਰਥ ਚਿਤਵਿਆ ਤਾਂ ਗੁਣਾਂ ਦੀ ਖਾਣ (ਗੁਰੂ ਜੀ) ਨੇ ਬਚਨ ਕੀਤਾ। ॥੪੮॥

"ਹੇ ਪੁਰਖਾ! ਜਿਸ ਸਥਾਨ 'ਤੇ ਤੂੰ ਜਾਣਾ[9] ਸੀ, ਤੂੰ (ਉਥੋਂ ਵਾਲਾ) ਭੇਸ ਉਤਾਰ ਦਿੱਤਾ ਹੈ, ਹੁਣ ਕਿਉਂ ਨਹੀਂ ਜਾਂਦਾ?" ਤਾਂ ਲਹਿਣਾ ਜੀ ਨੇ ਕਿਹਾ, "ਹੇ ਪ੍ਰਭੂ (ਗੁਰੂ) ਜੀ ਸੁਣੋ, ਜੇ ਕੋਈ ਸ਼ਹਿਦ[10] ਢੂੰਡਣ[11] ਲਈ ਆਪਣਾ ਘਰ ਛੱਡ ਕੇ ਚੱਲ ਪਵੇ। ॥੪੯॥

ਤੇ ਉਸ ਨੂੰ ਰਸਤੇ ਵਿੱਚੋਂ ਹੀ ਅੰਮ੍ਰਿਤ (ਦਾ ਖਜ਼ਾਨਾ) ਮਿਲ ਪਵੇ ਤਾਂ ਉਹ ਮਨੁੱਖ ਫਿਰ ਕਿਉਂ ਸ਼ਹਿਦ ਲੱਭਣ ਲਈ ਅੱਗੇ ਜਾਵੇਗਾ?" ਤੇ ਫਿਰ ਗੁਰੂ ਜੀ ਨੇ ਮੁਸਕਰਾਉਂਦੇ[12] ਹੋਏ ਪੁੱਛਿਆ, "ਪੁਰਖਾ! ਤੇਰਾ ਘਰ ਕਿਹੜੀ ਥਾਂ[13] 'ਤੇ ਹੈ? ॥੫੦॥

SikhBookClub.Com

ਕਉਨ ਨਾਮ ਨਿਜ ਦੇਹਿ ਬਤਾਈ?' । ਸੁਨ ਬੋਲਯੋ ਲਹਿਣਾ ਸੁਖ ਪਾਈ।
'ਹੇ ਸਤਗੁਰ! ਤੁਮ ਬਖ਼ਸ਼ਨ ਹਾਰੇ । ਗ੍ਰਾਮ ਖਡੂਰ ਨਿਕੇਤ[1] ਹਮਾਰੇ॥੫੧॥

ਲਹਿਣਾ ਨਾਮ ਕਹਤਿ ਹੈਂ ਮੇਰਾ । ਸੁਨਯੋ ਸੁਜਸ ਮੈਂ ਰਾਵਰ[2] ਕੇਰਾ।
ਬਹੁਤ ਦਿਵਸ ਕੀ ਦਰਸ਼ਨ ਚਾਹੀ । ਮਨ ਅਬ ਕਰਖ[3] ਬੋਲ ਲਿਯ ਪਾਹੀ॥੫੨॥

ਅਹੈ ਸੁਗੰਧ ਕੀਰਤੀ ਪਾਵਨ' । ਹੈ ਆਯੋ ਮੈਂ ਭੌਰ[4] ਲੁਭਾਵਨ'।
ਸ੍ਰੀ ਗੁਰ ਕਹਿਂ 'ਲਹਿਣੇ! ਤੈਂ ਲਹਿਣਾ । ਸੁਨ ਪੁਰਖਾ! ਹਮ ਨੈ ਹੈ ਦੇਣਾ॥੫੩॥

ਦੋਹਰਾ

ਅਬ ਜਾਵਹੁ,ਪੁਨ ਆਈਐ ਹੈ ਕੈ ਅਪਨੇ ਧਾਂਮ'।
ਸੁਨ ਲਹਿਣਾ ਹਰਖਯੋ ਰਿਦੇ ਜਿਉਂ ਆਮੀ ਧ੍ਰੈ ਆਮ[5] ॥੫੪॥

ਚੌਪਈ

—ਹੈਂ ਸ੍ਰੀ ਨਾਨਕ ਅੰਤਰਜਾਮੀ । ਮੈਂ ਚਿਤਵੀ ਚਿਤ ਜਾਨੀ[6] ਸ੍ਵਾਮੀ—।
ਆਇਸੁ ਸਿਰ ਧਰ ਕਲੁਖ ਨਿਕੰਦਨ[7] । ਹਾਥ ਬੰਦ ਪਦ ਕੀਨੀ ਬੰਦਨ॥੫੫॥

ਹੋਇ ਬਿਦਾ ਸ੍ਰੀ ਗੁਰ ਤੇ ਆਵਾ ,। ਮਿਲ ਸੰਗਤ ਸੋਂ ਵਾਕ ਅਲਾਵਾ।
'ਸਬ ਸੋਂ ਰਾਮ ਰਾਮ ਹੈ ਮੇਰੀ । ਮਨ ਇੱਛਾ ਘਰ ਮੁਰਨੇ[8] ਕੇਰੀ'॥੫੬॥

ਬਿਸਮਾਏ ਸਾਥੀ ਸੁਨ ਬੈਨਾ । ਕਹਨ ਲਗੇ 'ਕਿਉਂ ਜਾਵਉ ਐਨਾ?।
ਨਹੀਂ ਚਲਤ ਅਬ ਜ੍ਵਾਲਾ ਭੌਂਨਾ[9]? । ਅਹੈ ਸੰਗ ਕੋ ਮਾਲਕ[10] ਕੌਨਾ?'॥੫੭॥

ਦੋਹਰਾ

ਸੁਨ ਲਹਿਣਾਂ ਪੁਨ ਬੋਲਿਓ 'ਜਿਸ ਹਿਤ[11] ਜ੍ਵਾਲਾ ਜਾਇ ।
ਸੋ ਕਾਰਜ ਪੂਰਨ ਭਯੋ ਸ਼ਾਂਤਿ ਭਈ ਚਿਤ ਆਇ' ॥੫੮॥

SikhBookClub.Com

ਇਹ ਦੱਸੋ, ਆਪ ਦਾ ਨਾਂ ਕੀ ਹੈ?" ਸ੍ਰੀ ਲਹਿਣਾ ਇਹ ਬੋਲ ਸੁਣ ਕੇ ਸੁਖੀ ਹੋਇਆ ਬੋਲਿਆ, "ਹੇ ਗੁਰੂ ਜੀ! ਆਪ ਬਖਸ਼ਣਹਾਰੇ ਹੋ, ਮੇਰਾ ਘਰ[1] ਖਡੂਰ ਪਿੰਡ ਵਿਚ ਹੈ। ॥੫੧॥

ਮੈਨੂੰ 'ਲਹਿਣਾ' ਨਾਮ ਨਾਲ ਬੁਲਾਉਂਦੇ ਹਨ। ਮੈਂ ਆਪ ਜੀ[2] ਦੀ ਬਹੁਤ ਮਹਿਮਾ ਸੁਣੀ ਸੀ ਤੇ ਆਪ ਜੀ ਦੇ ਦਰਸ਼ਨਾਂ ਦੀ ਬਹੁਤ ਦਿਨਾਂ ਤੋਂ ਚਾਹਤ ਸੀ। ਆਪ ਦੇ ਬੋਲਾਂ ਨੇ ਰਾਹੀ ਦੇ ਮਨ ਨੂੰ ਆਪਣੇ ਕੋਲ ਖਿੱਚ[3] ਕੇ ਬੁਲਾ ਲਿਆ ਹੈ। ॥੫੨॥

ਆਪ ਜੀ ਦਾ ਪਵਿੱਤਰ ਜਸ ਸੁਗੰਧੀ ਹੈ ਤੇ ਮੈਂ ਭੰਵਰਾ[4] ਬਣ ਕੇ ਮਨ ਨੂੰ ਲੁਭਾਉਣ ਵਾਸਤੇ ਆਇਆ ਹਾਂ।" ਤਾਂ ਗੁਰੂ ਨਾਨਕ ਜੀ ਨੇ ਕਿਹਾ, "ਹੇ ਲਹਿਣੇ! ਤੂੰ ਲਹਿਣਾ (ਲੈਣਾ) ਹੈ। ਹੇ ਪੁਰਖਾ! ਸੁਣ, ਅਸਾਂ ਨੇ ਦੇਣਾ ਹੈ। ॥੫੩॥

ਦੋਹਰਾ

ਹੁਣ ਤੂੰ ਚਲਾ ਜਾ।ਆਪਣੇ ਘਰੋਂ ਹੋ ਕੇ ਫਿਰ ਸਾਡੇ ਸਥਾਨ 'ਤੇ ਆਉਣਾ" (ਗੁਰੂ ਜੀ ਦੇ ਬਚਨ) ਸੁਣ ਕੇ ਲਹਿਣਾ ਇੰਜ ਖੁਸ਼ ਹੋਇਆ, ਜਿਵੇਂ ਅੰਬ ਖਾਣ ਦੇ ਪ੍ਰੇਮੀ ਨੂੰ ਅੰਬ[5] ਮਿਲ ਗਏ ਹੋਣ॥੫੪॥

ਚੌਪਈ

(ਉਹ ਮਨ ਵਿੱਚ ਮਨ ਸੋਚਣ ਲੱਗਾ) -ਨਾਨਕ ਜੀ ਅੰਤਰਜਾਮੀ ਹੀ ਹਨ ਜੋ ਮੈਂ ਮਨ ਵਿਚ ਚਿਤਵਿਆ ਸੀ। ਸਵਾਮੀ ਜੀ ਨੇ ਸਭ ਜਾਣ[6] ਲਈ ਹੈ-। ਉਸ ਨੇ ਪਾਪਾਂ ਦੇ ਨਾਸ਼-ਕਰਤਾ[7] ਜੀ ਦੀ ਆਗਿਆ (ਅਸ਼ੀਰਵਾਦ) ਸਿਰ ਪਰ ਧਰ ਕੇ (ਮੰਨ ਕੇ) ਦੋਨੋਂ ਹੱਥ ਜੋੜ ਕੇ (ਗੁਰੂ ਜੀ) ਦੇ ਚਰਨਾਂ ਵਿਚ ਨਮਸਕਾਰ ਕੀਤੀ। ॥੫੫॥

ਤੇ ਗੁਰੂ ਜੀ ਪਾਸੋਂ ਵਿਦਾ ਹੋ ਕੇ ਵਾਪਸ ਆ ਗਿਆ ਅਤੇ ਆਪਣੇ ਨਾਲ ਦੇ ਸੰਗੀਆਂ ਨੂੰ ਮਿਲ ਕੇ ਕਿਹਾ, "ਤੁਹਾਨੂੰ ਸਾਰਿਆਂ ਨੂੰ ਮੇਰੀ ਰਾਮ-ਰਾਮ। ਮੇਰੀ ਤਾਂ ਹੁਣ ਇਥੋਂ ਹੀ ਘਰ ਨੂੰ ਵਾਪਸ ਮੁੜ[8] ਜਾਣ ਦੀ ਇੱਛਾ ਹੈ।" ॥੫੬॥

(ਭਾਈ ਲਹਿਣਾ ਜੀ ਦੀ) ਇਹ ਗੱਲ ਸੁਣ ਕੇ ਉਸ ਦੇ ਸਾਥੀ ਹੈਰਾਨ ਹੋ ਗਏ ਤੇ ਕਹਿਣ ਲੱਗੇ, "ਤੁਸੀਂ ਘਰ ਵਾਪਸ ਕਿਉਂ ਜਾਣਾ ਹੈ? ਹੁਣ ਜਵਾਲਾ ਜੀ ਦੇ ਭਵਨਾਂ[9] ਨੂੰ ਨਹੀਂ ਚੱਲਣਾ? ਸਾਡੀ ਇਸ ਸੰਗਤ ਦਾ ਮੁਖੀ[10] ਕੌਣ ਹੋਵੇਗਾ?" ॥੫੭॥

ਦੋਹਰਾ

ਲਹਿਣਾ ਸੁਣ ਕੇ ਫਿਰ ਬੋਲਿਆ, "ਜਿਸ ਕਾਰਨ[11] ਕਰਕੇ ਜਵਾਲਾ ਜੀ ਜਾਂਦੇ ਸਾਂ, ਉਹ ਕਾਰਜ ਪੂਰਾ ਹੋ ਗਿਆ ਹੈ ਅਤੇ ਮਨ ਨੂੰ ਸ਼ਾਂਤੀ ਮਿਲ ਗਈ ਹੈ।" ॥੫੮॥

SikhBookClub.Com

ਚੌਪਈ

ਪੁਨ ਸੰਗੀ ਬੂਝਤ ਹਿਤ ਪਾਏ । 'ਤੁਮਕੋ ਸ਼ਾਂਤਿ ਭਈ ਇਹ ਥਾਏ।।
ਮਾਨਵ[1] ਸਰਬ ਸੰਗ ਜੋ ਆਏ । ਕੌਨ ਹਾਲ ਇਨ ਦੇਹੁ ਬਤਾਏ'? ॥੫੯॥

ਲਹਿਣਾ ਕਹਿ 'ਅਬ ਜ੍ਵਾਲਾ ਜਾਵਹੁ । ਭੌਨ ਪਰਸ[2] ਕਰ ਇਹ ਥਲ ਆਵਹੁ।
ਮਨੋ ਕਾਮਨਾਂ ਨਿਜ ਨਿਜ ਧਾਰੀ । ਦਰਸਹੁ ਸਤਿਗੁਰ ਦਰਸ ਦੁਖਾਰੀ॥੬੦॥

ਕ੍ਰਿਪਾਨਿਧਾਨ ਕ੍ਰਿਪਾ ਕਰ ਤਬਹੀ । ਆਸਾ ਤੁਮਰੀ ਪੂਰਹਿਂ[3] ਸਬਹੀ'।
ਇਉਂ ਕਹਿ ਬਿਦਾ[4] ਕੀਨ ਤਿਨ ਸੰਗਾ । ਗਯੋ ਸੰਗ ਜ੍ਵਾਲਾ ਸ ਉਮੰਗਾ॥੬੧॥

ਦੋਹਰਾ

ਆਯੋ ਆਪ ਖਡੂਰ ਮਹਿਂ ਕਿਹ ਸੋ ਬੋਲ ਨ ਬੈਨ ।
ਲਿਵ ਲਾਗੀ ਗੁਰ ਚਰਨ ਕੀ ਬਧੀ ਚਾਹਿ ਦਿਨ ਰੈਨ[5] ॥੬੨॥

ਚੌਪਈ

ਆਇ ਲੋਕ ਸਬ ਬੂਝਤ ਭਏ । 'ਤੁਮ ਤਉ ਜ੍ਵਾਲਾ ਪਰਸਨ ਗਏ।
ਕਿਉਂ ਮਾਰਗ ਤੇ ਹਟ ਕਰ ਆਏ? । ਨਿਜ ਬਿਰਥਾ[6] ਸਬ ਦੇਹੁ ਬਤਾਏ?'॥੬੩॥

ਲਹਣੇ ਕਹਯੋ 'ਨ ਅਬ ਕੇ ਗਯੋ । ਸੰਗ ਬਿਦਾ ਕਰ ਮੈਂ ਘਰ ਅਯੋ'।
ਸੁਨਿ ਲੋਕਨਿ ਇਉਂ ਤੁਸ਼ਨ[7] ਕੀਨੰ । ਅਉਰ ਭੇਦ ਕੋਊ ਨਹਿਂ ਚੀਨੰ[8] ॥੬੪॥

ਨਿਜ ਨਿਕੇਤ ਮਹਿਂ ਬੈਠਯੋ ਜਾਈ । ਕਿਸ ਕੇ ਸੰਗ ਨ ਕਛੂ ਅਲਾਈ।
ਅਤਿਸ਼ੈ[9] ਹਿਰਦੇ ਬਿਸ਼ੇ ਉਦਾਸੀ । ਏਕ ਨਿਸਾ ਨਿਜ ਬਸਯੋ[10] ਅਵਾਸੀ॥੬੫॥

ਦੋਹਰਾ

ਤਰਫਤ[11] ਭੀ ਭੁਨਸਾਰ ਪੁਨ ਉਠ ਕੀਨੋ ਅਸ ਕਾਮ।
ਭਾਰ ਸਵਾ ਮਨ[12] ਲੌਨ[13] ਕੋ ਕਾਢਿ ਲੀਨ ਨਿਜ ਧਾਮ॥੬੬॥

SikhBookClub.Com

ਚੌਪਈ

(ਲਹਿਣਾ ਜੀ ਦੇ) ਸੰਗੀ ਫਿਰ ਪਿਆਰ ਨਾਲ ਪੁੱਛਣ ਲੱਗੇ, "(ਜਿਸ ਤਰਾਂ) ਤੁਹਾਨੂੰ ਇਸ ਥਾਂ ਤੋਂ ਸ਼ਾਂਤੀ ਪ੍ਰਾਪਤ ਹੋ ਗਈ ਹੈ, ਇਹ ਜੋ ਸਾਰੇ ਬੰਦੇ[1] ਨਾਲ ਆਏ ਹਨ, ਇਨ੍ਹਾਂ ਨੂੰ ਸਾਰਾ ਹਾਲ ਦੱਸੋ, ਕਿਵੇਂ ਹੋਇਆ?" ॥੫੯॥

ਲਹਿਣਾ ਜੀ ਨੇ ਕਿਹਾ, "ਤੁਸੀਂ ਹੁਣ ਜਵਾਲਾ ਜਾਵੋ, ਭਵਨਾਂ ਦੇ ਦਰਸ਼ਨ[2] ਕਰਨ ਪਿੱਛੋਂ ਵਾਪਸ ਇਥੇ ਆ ਜਾਣਾ। ਜੋ ਤੁਸੀਂ ਆਪਣੇ ਮਨਾਂ ਵਿਚ ਸੋਚਿਆ ਹੋਇਆ ਹੈ, ਆ ਕੇ ਦਰਸ਼ਨ ਕਰਨਾ। ਸਤਿਗੁਰੂ ਦੇ ਦਰਸ਼ਨ ਕਰੋ, ਜੋ ਦੁੱਖਾਂ ਦੇ ਵੈਰੀ ਹਨ। ॥੬੦॥

ਕਿਰਪਾ-ਨਿਧਾਨ (ਗੁਰੂ ਨਾਨਕ ਜੀ) ਉਸੀ ਵਕਤ ਹੀ ਆਪਣੀ ਕਿਰਪਾ ਕਰਨਗੇ। ਆਪ ਦੀਆਂ ਸਾਰੀਆਂ ਮਨੋਂ ਕਾਮਨਾਵਾਂ ਪੂਰੀਆਂ[3] ਕਰ ਦੇਣਗੇ।" (ਉਨ੍ਹਾਂ) ਇੰਜ ਕਹਿ ਕੇ ਸੰਗਤ ਨੂੰ ਵਿਦਾ[4] ਕਰ ਦਿੱਤਾ ਤੇ ਉਸ ਦੇ ਸੰਗੀ, ਉਤਸ਼ਾਹ ਨਾਲ ਜਵਾਲਾ ਜੀ ਨੂੰ ਚਲੇ ਗਏ ਸਨ। ॥੬੧॥

ਦੋਹਰਾ

ਆਪ ਲਹਿਣਾ ਜੀ ਖਡੂਰ ਸਾਹਿਬ ਵਾਪਸ ਆ ਗਏ (ਤਾਂ) ਉਹ ਕਿਸੇ ਨਾਲ ਵੀ ਬੋਲ ਸਾਂਝੇ ਕਰਨ। ਉਨ੍ਹਾਂ ਦੀ ਗੁਰੂ ਜੀ ਦੇ ਚਰਨਾਂ ਦੀ ਚਾਹਿਤ ਵਿਚ ਹੀ ਲਿਵ ਲੱਗੀ ਰਹੀ ਤੇ ਦਿਨ-ਰਾਤ[5] ਚਾਹਤ ਵਧਦੀ ਗਈ। ॥੬੨॥

ਚੌਪਈ

ਲੋਕੀਂ, ਲਹਿਣਾ ਜੀ ਨੂੰ ਵਾਪਸ ਆਏ ਹੋਏ ਨੂੰ ਪੁੱਛਣ ਲੱਗੇ, "ਤੁਸੀਂ ਤਾਂ ਜਵਾਲਾ ਜੀ ਦੇ ਦਰਸ਼ਨ ਕਰਨ ਗਏ ਸੀ, ਰਾਹ ਵਿੱਚੋਂ ਹੀ ਵਾਪਸ ਕਿਉਂ ਮੁੜ ਆਏ, ਆਪਣੀ ਸਾਰੀ ਵਿਥਿਆ[6] ਦੱਸੋ? ॥੬੩॥

ਲਹਿਣਾ ਜੀ ਨੇ ਕਿਹਾ, "ਇਸ ਵਾਰੀ ਮੈਂ ਨਹੀਂ ਗਿਆ, ਨਾਲਦਿਆਂ ਨੂੰ ਵਿਦਾ ਕਰਕੇ ਮੈਂ ਘਰ ਆ ਗਿਆ ਹਾਂ।" ਸੁਣ ਕੇ ਸਾਰੇ ਲੋਕ ਚੁੱਪ[7] ਹੀ ਰਹੇ। ਹੋਰ ਜੋ ਦੂਜਾ ਅਸਲ ਭੇਦ ਸੀ, ਕਿਸੇ ਨੇ ਨਾ ਜਾਣਿਆ[8]। ॥੬੪॥

ਆਪਣੇ ਘਰੇ ਜਾ ਕੇ ਬੈਠ ਗਏ ਅਤੇ ਕਿਸੇ ਨਾਲ ਕੋਈ ਵੀ ਗੱਲ ਨਹੀਂ ਕੀਤੀ। ਉਨ੍ਹਾਂ ਦੇ ਹਿਰਦੇ ਵਿਚ ਬਹੁਤ ਜ਼ਿਆਦਾ[9] ਉਦਾਸੀ ਸੀ, ਇਕ ਰਾਤ ਉਹ ਆਪਣੇ ਘਰੇ ਰਹੇ[10] ਸਨ। ॥੬੫॥

ਦੋਹਰਾ

ਵਿਆਕੁਲ[11] ਹੋਇਆਂ ਜੈਸੇ ਹੀ ਸਵੇਰ ਦਾ ਸੂਰਜ ਚੜ੍ਹਿਆ, ਉਨ੍ਹਾਂ ਨੇ ਉੱਠ ਕੇ ਫਿਰ (ਪਹਿਲਾਂ) ਇਹ ਕੰਮ ਕੀਤਾ, ਉਨ੍ਹਾਂ ਆਪਣੇ ਘਰੋਂ ਸਵਾ ਮਣ[12] ਲੂਣ[13] ਨਿਕਾਲਿਆ। ॥੬੬॥

SikhBookClub.Com

ਚੌਪਈ

ਭਗਨੀ[1] ਸੁਤ ਆਵਾ ਛਿਨ ਤਾਂਹੀ । ਮਿਲਜੋ ਸੁ ਹੇਤ ਕੀਨ ਮਨ ਮਾਂਹੀ।
ਤਿਹ ਸੋਂ ਕਹਜੋ, 'ਕਾਜ ਅਸ ਕੀਜੈ । ਮੁਰ ਸਿਰ ਭਾਰ[2] ਉਠਾਇ ਸੁ ਦੀਜੈ'॥੬੭॥

ਸੋ ਬੋਲਿਓ 'ਮਾਤੁਲ[3] ਜੀ, ਸੁਨੀਏ! ਬਹੁ ਮਾਨਵ ਤੁਮ ਆਇਸੁ ਮਨੀਏ।
ਤਿਨਕੇ ਸਿਰ ਉਚਵਾਵਹੁ ਭਾਰਾ । ਦੇਂ ਪਹੁਚਾਇ ਕਰਹੁ ਨਿਜ ਕਾਰਾ[4] ॥੬੮॥

ਇਉਂ ਨ ਕਰਹੁ ਜੇ, ਮੁਝ ਸਿਰ ਦੀਜੈ।ਜਹਿਂ ਲੇ ਚਲੋ ਤਾਂਹਿ ਗਮਨੀਜੈ।
ਨਿਜ ਸਿਰ ਪਰ ਨਹਿਂ ਭਾਰ ਉਚਾਵਹੁ।ਇਹ ਤੁਮ ਉਚਿਤ ਨਹੀਂ ਦੁਤਿ ਪਾਵਹੁ'॥੬੯॥

ਦੋਹਰਾ

ਕਹਿ ਲਹਿਣਾ 'ਸੁਨ ਸ਼੍ਰੋਨ ਮਹਿਂ ਜਿ ਕੁਛ ਪਦਾਰਥ ਪਾਇ[5]।
ਸੋ ਲੇਵਹਿ[6] ਤੂੰ ਕੈ ਨਹੀਂ ਕਿਧੌਂ ਦੇਇਂ ਕਿਸੁ ਜਾਇ॥੭੦॥

ਚੌਪਈ

ਸਮਝਹੁ ਇਸ ਬਿਧ ਰਿਦੇ ਮਝਾਰਾ । ਤੁਰਨ ਉਚਵਾਵਹੁ[7] ਸਿਰ ਭਾਰਾ'।
ਇਉਂ ਕਹਿ ਲੀਨੋ ਸੀਸ ਉਠਾਈ । ਨਿਕਸਜੋ ਵਹਿਰ ਪਾਇ ਮਗ ਪਾਈ॥੭੧॥

ਅਧਰ ਨ ਕਿਸ ਢਿਗ ਭੇਦ ਬਖਾਨਾ । ਜਸਪਦ[8] ਪੁਰ ਕਰਤਾਰ ਪਖਾਨਾ।
ਕ੍ਰਮ ਕਰਿ ਤਹਾਂ ਪਹੁੰਚਜੋ ਜਾਈ । ਸ੍ਰੀ ਨਾਨਕ ਜਹਿਂ ਭੌਨ ਸੁਹਾਈ॥੭੨॥

ਵਹਿਰ ਕਿਦਾਰ[9] ਦੇਖਨੇ ਹੇਤਾ । ਗਏ ਹੁਤੇ ਬੇਦੀ ਕੁਲਕੇਤਾ।
ਸਦਨ[10] ਸੁਲਖਣੀ ਕੇ ਢਿਗ ਜਾਈ । ਭਾਰ ਉਤਾਰਜੋ ਦੀਨ ਟਿਕਾਈ॥੭੩॥

ਬੂਝਨ ਲਗਜੋ 'ਗੁਰੂ ਗੋਸਾਂਈ । ਕਿਤ ਦਿਸ[11] ਗਮਨੇ[12] ਦੇਹੁ ਬਤਾਈ'।
ਕਹੈ ਸੁਲਖਣੀ 'ਕੋ ਤੂੰ ਅਹਿਈ? । ਕਿਉਂ ਬੂਝਤ, ਕਿਸ ਪੁਰ ਮਹਿਂ ਰਹਿਈ?॥੭੪॥

SikhBookClub.Com

ਚੌਪਈ

ਉਸੀ ਪਲ ਉਥੇ ਉਸ ਦੀ ਭੈਣ[1] ਦਾ ਲੜਕਾ (ਭਾਣਜਾ) ਆ ਗਿਆ। ਉਹ ਉਨ੍ਹਾਂ ਨੂੰ ਬਹੁਤ ਦਿਲੀ-ਪਿਆਰ ਨਾਲ ਮਿਲਿਆ ਤੇ ਉਸ ਨੂੰ (ਲਹਿਣਾ ਜੀ ਨੇ ਪ੍ਰੇਮ ਨਾਲ) ਕਿਹਾ, "ਤੂੰ ਮੇਰਾ ਇਹ ਕੰਮ ਕਰ, ਮੇਰੇ ਸਿਰ 'ਤੇ ਇਹ (ਲੂਣ ਦੀ) ਪੰਡ[2] ਚੁੱਕਾ ਦੇ।" ॥੬੭॥

ਭਾਣਜਾ ਬੋਲਿਆ, "ਮਾਮਾ[3] ਜੀ! ਸੁਣੋ, ਬਹੁਤ ਆਦਮੀ ਤੁਹਾਡੀ ਆਗਿਆ ਮੰਨਦੇ ਹਨ, ਇਸ ਪੰਡ ਨੂੰ ਉਨ੍ਹਾਂ ਦੇ ਸਿਰ 'ਤੇ ਚੁੱਕਾ ਦੇਵੋ। ਤੁਸੀਂ ਆਪਣਾ ਕੰਮ[4] ਕਰੋ, ਉਹ ਪਹੁੰਚਾ ਦੇਣਗੇ। ॥੬੮॥

ਜੇਕਰ ਇਸ ਤਰਾਂ ਨਹੀਂ ਕਰਨਾ ਹੈ ਤਾਂ ਇਸ ਪੰਡ ਨੂੰ ਮੇਰੇ ਸਿਰ ਉੱਤੇ ਚੁੱਕਾ ਦੇਵੋ। ਜਿਥੇ ਲੈ ਕੇ ਜਾਣੀ ਹੈ, ਉਥੇ ਚਲੇ ਚੱਲਾਂਗੇ। ਤੁਸੀਂ ਆਪਣੇ ਸਿਰ 'ਤੇ ਭਾਰ ਨਾ ਚੁੱਕੋ। ਇਹ ਤੁਹਾਡੇ ਲਈ ਸੋਭਾ ਨਹੀਂ ਪਾਉਂਦਾ।" ॥੬੯॥

ਦੋਹਰਾ

ਲਹਿਣਾ ਜੀ ਨੇ (ਭਾਣਜੇ ਨੂੰ) ਕਿਹਾ, "ਕੰਨ ਵਿਚ ਧਿਆਨ ਨਾਲ ਸੁਣ, ਜੋ ਪਦਾਰਥ ਪਾਉਂਦਾ[5] ਹੈ, ਉਹ ਹੀ ਲੈਂਦਾ[6] ਹੈ, ਤੈਨੂੰ ਨਹੀਂ ਪਤਾ ਕਿ ਇਹ ਕਿਸ ਨੂੰ ਦੇਣਾ ਹੈ? ॥੭੦॥

ਚੌਪਈ

ਤੂੰ ਚਿੱਤ ਵਿਚ ਇਸ ਤਰਾਂ ਸਮਝ ਲੈ ਅਤੇ ਛੇਤੀ ਨਾਲ ਇਸ ਪੰਡ ਨੂੰ ਮੇਰੇ ਸਿਰ 'ਤੇ ਚੁਕਾ[7] ਦੇਵੋ।" ਇਸ ਤਰਾਂ ਲਹਿਣਾ ਜੀ ਨੇ ਕਹਿ ਕੇ ਪੰਡ ਸਿਰ ਉੱਤੇ ਚੁੱਕ ਲਈ ਤੇ ਬਾਹਰ ਨਿਕਲ ਕੇ ਰਸਤੇ 'ਤੇ ਕਦਮ ਰੱਖ ਲਏ ਸਨ। ॥੭੧॥

ਉਨ੍ਹਾਂ ਹੋਰ ਕਿਸੇ ਨੂੰ ਵੀ ਭੇਦ ਨਹੀਂ ਸੀ ਦੱਸਿਆ ਤੇ ਛੇਤੀ[8] ਨਾਲ ਕਰਤਾਰਪੁਰ ਵੱਲ ਚੱਲ ਪਏ। ਹੌਲੀ ਹੌਲੀ ਕਦਮ-ਕਦਮ ਚੱਲਦੇ ਹੋਏ ਉਥੇ ਜਾ ਪਹੁੰਚੇ, ਜਿਥੇ ਗੁਰੂ ਨਾਨਕ ਜੀ ਦਾ ਘਰ ਸੁਹਾਂਵਦਾ ਸੀ। ॥੭੨॥

ਅੱਗੇ ਬੇਦੀ ਕੁਲ ਦੇ ਨਿਸ਼ਾਨ (ਗੁਰੂ ਨਾਨਕ ਜੀ) ਖੇਤ[9] ਦੇਖਣ ਲਈ ਬਾਹਰ ਗਏ ਹੋਏ ਸਨ। ਲਹਿਣਾ ਜੀ ਨੇ ਘਰੇ[10] ਮਾਤਾ ਸੁਲੱਖਣੀ ਜੀ ਪਾਸ ਜਾ ਕੇ ਸਿਰ ਤੋਂ ਪੰਡ ਉਤਾਰ ਕੇ ਟਿਕਾ ਦਿੱਤੀ। ॥੭੩॥

ਤੇ ਫਿਰ ਪੁੱਛਣ ਲੱਗੇ, "ਸਵਾਮੀ (ਗੁਰੂ ਜੀ) ਕਿਸ ਤਰਫ[11] ਗਏ[12] ਹਨ, ਮੈਨੂੰ ਦੱਸ ਦੇਵੋ।" ਮਾਤਾ ਸੁਲੱਖਣੀ ਜੀ ਨੇ ਆਖਿਆ, "ਤੁਸੀਂ ਕੌਣ ਹੋ? ਤੁਸੀਂ ਕਿਉਂ ਪੁੱਛ ਰਹੇ ਹੋ? ਤੁਸੀਂ ਕਿਸ ਨਗਰ ਦੇ ਰਹਿਣ ਵਾਲੇ ਹੋ?" ॥੭੪॥

SikhBookClub.Com

ਭਾਰ ਬਿਖੈ ਕਜਾ ਆਨਜੋ[1] ਤੋਹੀ? । ਦੇਹੁ ਬਤਾਇ ਕਾਜ ਜੋ ਹੋਹੀ'।
ਸੁਨਕੈ ਲਹਿਣੇ ਗਿਰਾ ਅਲਾਈ । 'ਭਾਰ ਲਵਣ[2] ਕੋ ਹੈ ਇਹ ਮਾਈ!॥੭੫॥

ਆਨਜੋ ਭੇਟ ਦੇਨ ਕੇ ਕਾਜੇ । ਕਰਹੋਂ ਗੁਰੂ ਗਰੀਬ ਨਿਵਾਜੇ।
ਰਾਖਹੁ ਇਹੁ ਨਿਕੇਤ ਕੇ ਮਾਂਹੀ । ਤਿਨਹਿਂ ਬਤਾਵੋ ਜਾਵੋਂ ਪਾਹੀ[3]'॥੭੬॥

ਸੁਨਕੈ ਬਚਨ ਲਵਣ ਕੋ ਭਾਰਾ । ਰਖਵਾਯੋ ਨਿਜ ਸਦਨ ਮਝਾਰਾ।
ਕਹਜੋ 'ਕਿਦਾਰ ਧਾਂਨ[4] ਕੇ ਜਹਿਂਵਾ । ਕਰਿਵਾਵਹਿਂ ਕ੍ਰਿਤ[5] ਬੈਠੇ ਤਹਿਂਵਾ'॥੭੭॥

ਤਬ ਗਮਨਜੋ ਜਿਤ ਦਿਸਾ ਬਤਾਏ । ਪਿਖਤ ਦੂਰ ਤੇ ਰਹਿ ਹੁਲਸਾਏ[6]।
ਪਰਮ ਪ੍ਰੇਮ ਕਰਕੈ ਤਤਕਾਲਾ । ਪਰਜੋ ਪਾਇਂ ਪੰਕਜ ਧਰ ਭਾਲਾ[7]॥੭੮॥

'ਨਿਤ ਆਵਹਿਂ ਚਿਤ ਸ੍ਰੀ ਜਗਨਾਥਾ' । ਅਸ ਕਹਿ ਧਰਜੋ ਸੀਸ ਪਰ ਹਾਥਾ[8]।
ਕ੍ਰਿਪਾ ਦ੍ਰਿਸ਼ਟ ਕੋ ਤਿਹ ਛਿਨ ਦੇਖੀ । ਸਰਧਾ ਉਪਜੀ ਰਿਦੈ ਬਿਸੇਖੀ॥੭੯॥

ਅਪਨੋ ਤਨ ਮਨ ਜੋ ਸਰਬੰਸ਼ੇ । ਅਰਪਜੋ ਤ੍ਰੇਹਣ ਕੁਲ ਅਵਿਤੰਸ਼ੇ[9]।
ਇਨ ਸੋ ਕਾਰਜ ਨਿਜ ਨਹਿਂ ਰਾਖਾ । ਗੁਰ ਅਨੁਸਾਰ ਬਧੀ[10] ਅਭਿਲਾਖਾ॥੮੦॥

ਕਾਮ ਨ ਕ੍ਰੋਧ ਹੰਕਾਰ ਨ ਧਰਹੀ । ਅਪਨੇ ਮਾਨਹੁ ਤਉ ਕਿਛੁ ਕਰਹੀਂ।
ਜਾਨਜੋ ਸਭ ਕੁਛ ਸ੍ਰੀ ਗੁਰ ਕੇਰਾ । ਚਰਨ ਧਜਾਨ ਉਰ ਪ੍ਰੇਮ ਘਨੇਰਾ॥੮੧॥

ਸਬ ਸੇਵਕ ਤਹਿਂ ਕ੍ਰਿਤਕੋ ਕਰਹੀਂ । ਧਾਨ ਬਿਖੈ ਤੇ ਤ੍ਰਿਣਨ[11] ਨਿਕਰਹੀਂ।
ਤਿਨਹਿ ਬਿਲੋਕਤ ਬੋਲਜੋ ਬੈਨਾ । 'ਇਕ ਰੰਬੀ ਮੁਝ ਦਿਹੁ ਗੁਨਐਨਾ[12] !॥੮੨॥

ਦਾਸਨ ਸਾਥ ਕਰੋਂ ਕ੍ਰਿਤ ਏਹੀ । ਸਫਲੀ ਹ੍ਵੈ ਹੈ ਸਗਰੀ ਦੇਹੀ'।
ਅਸ ਕਹਿ ਲਾਗਜੋ ਕਰਨ ਨਿੰਦਾਈ[13] । ਕਰਤ ਹੁਤੇ ਸੇਵਕ ਜਿਹ ਥਾਂਈਂ ॥੮੩॥

SikhBookClub.Com

ਇਸ ਪੰਡ ਵਿਚ ਤੁਸੀਂ ਕੀ ਲੈ[1] ਕੇ ਆਏ ਹੋ? (ਮੈਨੂੰ) ਦੱਸੋ, ਆਪ ਨੂੰ ਕੀ ਕੰਮ ਹੈ?" (ਮਾਤਾ ਸੁਲੱਖਣੀ ਜੀ ਦੇ ਇਹ ਬੋਲ) ਸੁਣ ਕੇ ਲਹਿਣਾ ਜੀ ਨੇ ਆਖਿਆ, "ਹੇ ਮਾਤਾ ਜੀ! ਇਹ ਲੂਣ[2] ਦੀ ਪੰਡ ਹੈ। ॥੭੫॥

ਇਹ ਭੇਟਾ ਕਰਨ ਦੇ ਕੰਮ ਲਈ ਆਇਆ ਹਾਂ। ਗੁਰੂ ਗਰੀਬ ਨਿਵਾਜ ਦੇ ਭੇਟ ਕਰਨੀ ਹੈ। ਇਸ ਨੂੰ ਘਰੇ ਰੱਖ ਲਵੋ। (ਮੈਨੂੰ) ਉਨ੍ਹਾਂ ਦਾ ਪਤਾ ਦੱਸ ਦੇਵੋ (ਤਾਂ ਕਿ) ਮੈਂ ਉਨ੍ਹਾਂ ਪਾਸ[3] ਚਲਾ ਜਾਵਾਂ ॥੭੬॥

(ਮਾਤਾ ਸੁਲੱਖਣੀ ਨੇ) ਲੂਣ ਦੀ ਪੰਡ ਦੇ ਬੋਲ ਸੁਣ ਕੇ ਉਸ ਨੇ ਆਪਣੇ ਘਰ ਅੰਦਰ ਰਖਵਾ ਲਈ ਤੇ ਕਿਹਾ, "ਜਿਥੇ ਚਾਵਲਾਂ[4] ਦੇ ਖੇਤ ਹਨ, ਉਹ ਉਥੇ ਬੈਠ ਕੇ ਕੰਮ[5] ਕਰਵਾ ਰਹੇ ਹਨ। ॥੭੭॥

ਫਿਰ (ਲਹਿਣਾ ਜੀ) ਜਿਸ ਪਾਸੇ ਵੱਲ ਦੱਸਿਆ ਸੀ, ਉਧਰ ਵੱਲ ਚਲੇ ਗਏ ਤੇ ਦੂਰੋਂ ਹੀ (ਗੁਰੂ ਜੀ ਨੂੰ) ਵੇਖ ਕੇ ਪਰਸੰਨ[6] ਹੋਣ ਲੱਗੇ। ਬਹੁਤ ਹੀ ਪ੍ਰੇਮ ਸਹਿਤ ਤੁਰੰਤ ਹੀ ਗੁਰੂ ਜੀ ਦੇ ਚਰਨ-ਕਮਲਾਂ 'ਤੇ ਮੱਥਾ[7] ਟਿਕਾ ਦਿੱਤਾ। ॥੭੮॥

ਤੇ ਗੁਰੂ ਜੀ ਨੇ ਇਹ ਕਹਿੰਦੇ ਹੋਏ, "ਤੈਨੂੰ ਹਮੇਸ਼ਾ ਕਰਤਾਰ ਚਿੱਤ ਆਵੇ।" ਉਨ੍ਹਾਂ ਲਹਿਣਾ ਜੀ ਦੇ ਸਿਰ ਉੱਤੇ ਹੱਥ[8] ਰੱਖਿਆ। ਕਿਰਪਾ ਦੀ ਨਜ਼ਰ ਨਾਲ ਜਿਉਂ ਹੀ ਗੁਰੂ ਜੀ ਨੇ ਦੇਖਿਆ, ਲਹਿਣਾ ਜੀ ਦੇ ਹਿਰਦੇ ਵਿਚ ਬਹੁਤ ਹੀ ਸ਼ਰਧਾ ਉਪਜ ਆਈ। ॥੭੯॥

ਤਦ ਤ੍ਰੇਹਣ ਕੁਲ ਦੇ ਮੁਕਟ[9] (ਲਹਿਣਾ ਜੀ ਨੇ) ਆਪਣਾ ਸਾਰਾ ਤਨ, ਮਨ, ਧਨ ਸਾਰਾ ਸਰਬੰਸ ਹੀ ਅਰਪਣ ਕਰ ਦਿੱਤਾ, ਆਪਣੇ ਪਰਿਵਾਰ ਲਈ ਕੋਈ ਲਾਲਚ ਹੀ ਨਹੀਂ ਰੱਖਿਆ, ਬਸ ਗੁਰੂ ਜੀ ਦੇ ਹੁਕਮ ਅਨੁਸਾਰ ਆਪਣੀਆਂ ਇੱਛਾਵਾਂ ਨੂੰ ਬੰਨ੍ਹ[10] ਲਿਆ ॥੮੦॥

ਕਾਮ, ਕਰੋਧ, ਹੰਕਾਰ ਤਾਂ ਇਹ ਆਪਣੇ ਮਨ ਵਿਚ ਲਿਆਉਂਦੇ ਹੀ ਨਹੀਂ ਸਨ। ਸੰਸਾਰ ਵਿੱਚ ਆਪਣਾ ਕੁਝ ਮੰਨਣ ਤਾਂ ਹੀ ਮਰਜ਼ੀ ਅਨੁਸਾਰ ਕੁਝ ਕਰਨ ਬਾਰੇ ਸੋਚਣ। ਉਨ੍ਹਾਂ ਤਾਂ ਜਾਣ ਲਿਆ ਕਿ ਸਭ ਕੁਝ ਗੁਰੂ ਜੀ ਦਾ ਹੀ ਹੈ। ਉਨ੍ਹਾਂ ਦਾ ਸਾਰਾ ਧਿਆਨ ਗੁਰੂ ਜੀ ਦੇ ਚਰਨ-ਕਮਲਾਂ ਵਿਚ ਹੀ ਲੱਗ ਗਿਆ ਸੀ ਤੇ ਹਿਰਦੇ ਅੰਦਰ ਅਥਾਹ ਪ੍ਰੇਮ ਪੈਦਾ ਹੋ ਗਿਆ ਸੀ। ॥੮੧॥

ਉਥੇ ਸਾਰੇ ਸੇਵਕ ਕੰਮ ਕਰ ਰਹੇ ਸਨ। ਝੋਨੇ ਵਿੱਚੋਂ ਡੱਕੇ ਤੀਲੇ (ਨਦੀਨ)[11] ਕੱਢ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਲਹਿਣਾ ਜੀ ਨੇ ਆਖਿਆ, "ਹੇ ਗੁਣਾਂ ਦੇ ਘਰ[12](ਗੁਰੂ ਜੀ)! ਇਕ ਰੰਬੀ ਮੈਨੂੰ ਵੀ ਦੇ ਦੇਵੋ।" ॥੮੨॥

ਮੈਂ ਵੀ ਆਪ ਦੇ ਸੇਵਕਾਂ ਨਾਲ ਇਹੋ ਕੰਮ (ਖੇਤੀ) ਕਰ ਲਵਾਂ। ਮੇਰੀ ਦੇਹੀ ਸਫਲੀ ਹੋ ਜਾਵੇਗੀ।" ਇਸ ਤਰਾਂ ਕਹਿ ਕੇ ਉਹ ਨਦੀਨ[13] ਕੱਢਣ ਲੱਗ ਪਏ, ਜਿਥੇ ਗੁਰੂ ਜੀ ਦੇ ਸੇਵਕ ਕੰਮ ਕਰ ਰਹੇ ਸਨ। ॥੮੩॥

SikhBookClub.Com

ਇਕ ਘਟਿਕਾ[1] ਲਗ ਕੀਨੀ ਕਾਰਾ । ਪ੍ਰਭੁ ਬਿਲੋਕ ਕੈ ਬਚਨ ਉਚਾਰਾ।
'ਇਹ ਕ੍ਰਿਤ ਤੁਝ ਤੇ ਹੋਇ ਨ ਆਛੇ । ਧਾਨ ਉਖਾਰੈ[2] ਪਿਖ ਨਿਜ ਪਾਛੇ॥੮੪॥

ਉਠ ਆਵਹੁ ਤੁਮ ਵਹਿਰ[3] ਕਿਦਾਰਾ । ਅਪਰ ਬਤਾਵਹਿਂ ਕਰੀਏ ਕਾਰਾ।
ਇਹ ਨਦੀਨ ਕੇ ਬਾਂਧਹੁ ਭਾਰਾ । ਲੇ ਜਾਵਹੁ ਹਿਤ ਪਸੁਨਿ ਅਗਾਰਾ[4]॥੮੫॥

ਲਹਿਣੇ ਆਇ ਵਹਿਰ ਤਤਕਾਲਾ । ਤ੍ਰਿਣ ਕੋ ਬਾਂਧਜੋ ਭਾਰ ਬਿਸਾਲਾ।
ਪੰਕ[5] ਨੀਰ ਨੁਚਰਤ ਜਿਹ ਮਾਂਹੀ । ਲੀਨ ਉਠਾਇ ਸੀਸ ਪਰ ਤਾਂਹੀ॥੮੬॥

ਜਾਮਾਂ[6] ਗਰ[7] ਬਹੁ ਮੋਲਾ ਪਹਿਰਜੋ । ਪੰਕ ਸੰਗ ਸਗਰੋ ਤਿਹ ਭਰਜੋ।
ਨਹਿਂ ਸ਼ੰਕਾ ਕੁਝ ਰਿਦੇ ਬਿਚਾਰੀ । ਗਮਨਜੋ ਭੌਨ ਭਾਰ ਸਿਰ ਭਾਰੀ॥੮੭॥

ਠਾਂਢੇ ਹੁਤੇ ਪਸੂ ਜਿਂਹ ਥਾਂਈ । ਤਿਨ ਆਗੇ ਤ੍ਰਿਣ ਦੀਨੇ ਪਾਈ।
ਦੇਖ ਸੁਲਖਨੀ ਮਨ ਬਿਸਮਾਨੀ । ਅਦਭੁਤ ਗਤਿ[8] ਕਿਛੁ ਜਾਇ ਨ ਜਾਨੀ॥੮੮॥

ਸੀਸ,ਬਦਨ,ਕਰ,ਪਗ,ਪਟ ਸਾਰੇ । ਰਹਜੋ ਪੰਕ ਲਗ ਦੇਖ ਬਿਚਾਰੇ।
—ਇਸ ਕੋ ਭਯੋ ਅਨਾਦਰ ਭੂਰੀ[9] । ਹਿਤਕਰ ਆਯੋ ਹੁਤੋ ਸੁ ਦੂਰੀ—॥੮੯॥

ਭਈ ਸੰਝ[10] ਬੇਦੀ ਕੁਲਕੇਤਾ । ਆਏ ਦਾਸਨ ਯੁਕਤ[11] ਨਿਕੇਤਾ।
ਦੇਖ ਸੁਲਖਣੀ ਬਚਨ ਬਖਾਨੇ ।'ਕਰਹੁ ਨਿਰਾਦਰ ਮਨੁਜ ਮਹਾਨੇ॥੯੦॥

ਉੱਤਮ ਪੁਰਖ ਆਜ ਜੋ ਆਯੋ । ਗਰ ਜਾਮਾ ਬਹੁ ਮੋਲ ਸੁਹਾਯੋ[12]।
ਤਿਹ ਸਿਰ ਪੰਕ ਭਰਜੋ ਬਹੁ ਭਾਰੂ । ਸੋ ਉਚਵਾਇ ਚੀਰ[13] ਕਰ ਖੁਆਰੂ'॥੯੧॥

ਗੁਨਖਾਨੀ ਸੁਨ ਬੈਨ ਉਚਾਰੇ ।. 'ਨਹੀਂ ਪੰਕ ਸੰਗ ਭਰਯੋ ਭਾਰੇ।
ਦੀਨ ਦੁਨੀ[14] ਕਾ ਛਤ੍ਰ ਸੁ ਦੀਓ।ਅਪਰ ਨ ਇਹ ਸਮ ਜਗ ਮਹਿ ਬੀਓ॥੯੨॥

ਪੰਕ ਜੌਨ ਤੁਮ ਕੋ ਦ੍ਰਿਸ਼ਟਾਵਾ । ਕੇਸਰ ਕੋ ਹਮਨੈ ਛਿਰਕਾਵਾ[15]।
ਅਬ ਤੁਮ ਦੇਖ, ਖਰੋ ਤੁਮ ਨੇਰੇ । ਦੇਖੋ ਤੋ ਕੇਸਰ ਛਿਰਕੇਰੇ'॥੯੩॥

SikhBookClub.Com

ਇਕ ਘੜੀ[1] ਤੱਕ, ਜਦ ਉਹਨੇ ਕੰਮ ਕੀਤਾ ਤਾਂ ਗੁਰੂ ਨਾਨਕ ਜੀ ਨੇ ਦੇਖ ਕੇ ਕਿਹਾ, "ਇਹ ਕੰਮ ਤੇਰੇ ਤੋਂ ਠੀਕ ਨਹੀਂ ਹੋ ਰਿਹਾ। ਆਪਣੇ ਪਿੱਛੇ ਵੇਖ, ਤੂੰ ਧਾਨ ਪੁੱਟ[2] ਰਿਹਾ ਹੈਂ। ॥੮੪॥

ਤੂੰ ਖੇਤ ਵਿੱਚੋਂ ਬਾਹਰ[3] ਨਿਕਲ ਆ, ਤੈਨੂੰ ਹੋਰ ਕੰਮ ਕਰਨ ਲਈ ਦੱਸਦੇ ਹਾਂ। ਤੂੰ ਇਸ ਨਦੀਨ ਦੀ ਪੰਡ ਬੰਨ੍ਹ ਲੈ ਤੇ ਪਸ਼ੂਆਂ ਵਾਸਤੇ ਘਰੇ[4] ਲੈ ਜਾ।" ॥੮੫॥

ਲਹਿਣਾ ਜੀ ਤੁਰੰਤ ਹੀ ਬਾਹਰ ਨਿਕਲ ਆਏ ਸਨ ਤੇ ਨਦੀਨ ਦੀ ਵੱਡੀ ਸਾਰੀ ਪੰਡ ਬੰਨ੍ਹ ਲਈ। ਜਿਸ ਵਿੱਚੋਂ ਚਿੱਕੜ[5] ਵਾਲਾ ਪਾਣੀ ਨੁੱਚੜਦਾ ਸੀ, ਆਪਣੇ ਸਿਰ ਉੱਤੇ ਚੁੱਕ ਲਈ ਸੀ। ॥੮੬॥

ਲਹਿਣਾ ਜੀ ਦੇ ਤਨ[7] ਉੱਤੇ ਬਹੁਤ ਮਹਿੰਗਾ ਲਿਬਾਸ[6] ਪਹਿਨਿਆ ਹੋਇਆ ਸੀ, ਉਹ ਸਾਰਾ ਗੰਦੇ ਪਾਣੀ ਨਾਲ ਲਿੱਬੜ ਗਿਆ। ਪਰ ਉਸ ਨੇ ਚਿੱਤ ਵਿਚ ਕੋਈ ਪਰਵਾਹ ਨਾ ਕੀਤੀ। ਉਹ ਭਾਰੀ ਪੰਡ ਸਿਰ 'ਤੇ ਚੁੱਕ ਕੇ ਘਰੇ ਪਹੁੰਚ ਗਏ ॥੮੭॥

ਉਨ੍ਹਾਂ ਨੇ ਘਾਹ, ਨਦੀਨ ਜਿਥੇ ਪਸ਼ੂ ਖੜ੍ਹੇ ਹੋਏ ਸਨ, ਉਨ੍ਹਾਂ ਮੂਹਰੇ ਪਾ ਦਿੱਤਾ। ਮਾਤਾ ਸੁਲੱਖਣੀ ਇਹ ਵੇਖ ਕੇ ਹੈਰਾਨ ਹੋਈ। ਇਹ ਅਜੀਬ ਰੀਤੀ[8] ਵਾਲਾ ਹੈ, ਕੁਝ ਵੀ ਸਮਝ ਨਹੀਂ ਲੱਗ ਰਹੀ। ॥੮੮॥

ਉਨ੍ਹਾਂ ਦੇ ਸਿਰ, ਮੂੰਹ, ਹੱਥਾਂ, ਪੈਰਾਂ ਅਤੇ ਬਸਤਰਾਂ ਸਭ ਉੱਪਰ ਹੀ ਚਿੱਕੜ ਲੱਗਾ ਹੋਇਆ ਵੇਖ ਕੇ ਵਿਚਾਰ ਕਰਨ ਲੱਗੀ, ਇਸ ਦਾ ਤਾਂ ਬਹੁਤ[9] ਅਨਾਦਰ ਹੋ ਗਿਆ, ਇਹ ਤਾਂ ਕਿਵੇਂ ਪ੍ਰੇਮ (ਸ਼ਰਧਾ) ਨਾਲ ਕਿੰਨੀ ਦੂਰ ਤੋਂ ਚੱਲ ਕੇ ਆਏ ਹਨ-। ॥੮੯॥

ਉਧਰ ਜਦੋਂ ਸ਼ਾਮ[10] ਹੋਈ ਤਾਂ ਬੇਦੀ ਕੁਲ ਦੇ ਨਿਸ਼ਾਨ ਗੁਰੂ ਨਾਨਕ ਜੀ ਆਪਣੇ ਸੇਵਕਾਂ ਸਮੇਤ[11] ਘਰੇ ਆ ਗਏ । ਉਨ੍ਹਾਂ ਨੂੰ ਦੇਖ ਕੇ ਮਾਤਾ ਸੁਲੱਖਣੀ ਜੀ ਨੇ ਆਖਿਆ, "(ਤੁਸੀਂ) ਬੰਦਿਆਂ ਦਾ ਬਹੁਤ ਨਿਰਾਦਰ ਕਰਦੇ ਹੋ।" ॥੯੦॥

ਅੱਜ ਜੋ ਸਿਆਣਾ ਪੁਰਸ਼ ਆਇਆ ਸੀ, ਜਿਸ ਦੇ ਗਲ ਵਿੱਚ ਬਹੁਤ ਕੀਮਤੀ ਬਸਤਰ ਸੋਭ[12] ਰਹੇ ਸਨ। ਉਸ ਦੇ ਸਿਰ ਉੱਤੇ ਚਿੱਕੜ ਦੀ ਭਰੀ ਹੋਈ ਪੰਡ ਚੁਕਵਾ ਕੇ ਉਸ ਦੇ ਕੱਪੜੇ[13] ਨਾਸ਼ ਕਰ ਦਿੱਤੇ।" ॥੯੧॥

(ਮਾਤਾ ਦੀ ਗੱਲ ਸੁਣ ਕੇ) ਗੁਣਾਂ ਦੀ ਖਾਣ (ਗੁਰੂ ਜੀ) ਨੇ ਆਖਿਆ, "ਇਹ ਉਸ ਉੱਪਰ ਚਿੱਕੜ ਦੀ ਭਰੀ ਹੋਈ ਪੰਡ ਨਹੀਂ ਸੀ, ਇਹ ਤਾਂ ਉਸ ਨੂੰ ਦੀਨ-ਦੁਨੀਆਂ[14] ਦਾ ਛਤਰ ਦਿੱਤਾ ਸੀ। ਇਨ੍ਹਾਂ ਦੇ ਤੁੱਲ ਇਸ ਜੱਗ ਵਿਚ ਹੋਰ ਕੋਈ ਦੂਜਾ ਨਹੀਂ ਹੋਵੇਗਾ। ॥੯੨॥

ਜੋ ਤੈਨੂੰ ਚਿੱਕੜ (ਗੰਦਾ ਪਾਣੀ) ਦਿੱਸਦਾ ਸੀ, ਉਹ ਤਾਂ ਅਸਾਂ ਨੇ ਕੇਸਰ ਛਿੜਕਿਆ[15]। ਹੁਣ ਤੁਸੀਂ ਦੇਖੋ, ਤੁਹਾਡੇ ਕੋਲ ਹੀ ਖੜ੍ਹਾ ਹੈ, ਦੇਖੋ, ਕੇਸਰ ਛਿੜਕਿਆ ਹੈ।" ॥੯੩॥

SikhBookClub.Com

ਗੁਰ ਕਹਿਂ 'ਦੇਖਿਓ?' ਕਹਿ 'ਪ੍ਰਭੁ ਦੇਖਾ । ਤੁਮਰੀ ਗਤਿ ਤੁਮ ਲਖਹੁ ਅਲੇਖਾ[1]'।
'ਭਵ ਸਾਗਰ ਦਾਰੁਨ[2] ਕੇ ਮਾਂਹੀ' । ਗੁਰ ਕਹਿਂ 'ਨਰ ਬਹ ਬੂਡਤ[3] ਜਾਂਹੀ॥੯੪॥

ਬਹੁ ਨਰ ਕੋ ਮਲਾਹ ਇਹ ਹੋਈ । ਪਾਰ ਕਰਹਿ ਭਵਸਾਗਰ ਜੋਈ'।
ਤੁਸ਼ਨ ਭਈ ਸੁਲਖਣੀ ਸੁਨ ਕੈ । ਲਹਣਾ ਹਰਖਜੋ ਕਰੁਣਾ[4] ਗੁਨ ਕੈ॥੯੫॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਸ੍ਰੀ ਅੰਗਦ ਜੀ ਮਿਲਾਪ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋਂ ਧਜਾਇ ॥੪੭॥

SikhBookClub.Com

ਗੁਰੂ ਜੀ ਨੇ ਕਿਹਾ, "(ਦੱਸੋ) ਕੀ ਦੇਖਿਆ?" (ਤਾਂ ਮਾਤਾ ਸੁਲੱਖਣੀ ਨੇ ਕਿਹਾ), "ਪ੍ਰਭੂ ਜੀ ਦੇਖ ਲਿਆ -ਤੁਹਾਡੀ ਬੇਅੰਤ-ਅਪਾਰ[1] ਗਤੀ ਨੂੰ ਤੁਸੀਂ ਹੀ ਜਾਣੋ।" ਤਾਂ ਗੁਰੂ ਨਾਨਕ ਜੀ ਨੇ ਆਖਿਆ, "ਇਸ ਭਿਆਨਕ[2] ਭਵਸਾਗਰ ਵਿਚ ਬਹੁਤ ਲੋਕ ਡੁੱਬਦੇ[3] ਜਾ ਰਹੇ ਹਨ। ॥੯੪॥

ਇਹ ਉਨ੍ਹਾਂ ਡੁੱਬਦੇ ਹੋਏ ਲੋਕਾਂ ਦੇ ਮਲਾਹ ਹੋਣਗੇ। ਜੋ ਇਸ ਭਵਸਾਗਰ ਵਿੱਚੋਂ ਉਨ੍ਹਾਂ ਨੂੰ ਪਾਰ ਕਰਵਾਉਣਗੇ।" ਇਹ ਸੁਣ ਕੇ ਮਾਤਾ ਸੁਲੱਖਣੀ ਜੀ ਖਾਮੋਸ਼ ਹੋ ਗਏ ਸਨ। ਲਹਿਣਾ ਜੀ ਆਪਣੇ ਉੱਪਰ (ਗੁਰੂ ਜੀ ਦੀ) ਮਿਹਰ[4] ਹੋਈ ਵੇਖ ਕੇ ਪਰਸੰਨ ਹੋ ਗਏ ਸਨ। ॥੯੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸ੍ਰੀ ਲਹਿਣਾ ਜੀ ਨਾਲ ਮਿਲਾਪ" ਨਾਮੀ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਭਾਈ ਲਹਿਣਾ ਦਾ ਜਨਮ ਮਾਲਵੇ ਇਲਾਕੇ ਵਿਚ ਮੱਤੇ ਦੀ ਸਰਾਂ ਨਾਮੀ ਪਿੰਡ ਵਿਚ ਹੋਇਆ ਸੀ। ਬਲੋਚ ਡਾਕੂਆਂ ਨੇ ਹਮਲਾ ਕਰਕੇ ਇਕ ਦਿਨ ਸਰਾਂ ਢੇਰੀ ਕਰ ਦਿੱਤੀ ਤਾਂ ਬਾਅਦ ਵਿੱਚ ਲਹਿਣਾ ਜੀ ਆਪਣੇ ਸਹੁਰੇ ਪਿੰਡ ਖਡੂਰ ਸਾਹਿਬ ਜਾ ਵਸੇ। ਇਥੋਂ ਦੇ ਲੋਕ ਦੁਰਗਾ ਮਾਤਾ ਦੇ ਪੁਜਾਰੀ ਸਨ। ਲਹਿਣਾ ਜੀ ਹਰ ਸਾਲ ਲੋਕਾਂ ਦੇ ਜਥੇ ਦੇ ਮੁਖੀ ਬਣ ਕੇ ਜਵਾਲਾ ਮਾਤਾ ਦੇ ਜਾਇਆ ਕਰਦੇ ਸਨ। ਇਸ ਪਿੰਡ ਵਿਚ ਇੱਕ ਗੁਰੂ ਨਾਨਕ ਜੀ ਦਾ ਸਿੱਖ ਰਹਿੰਦਾ ਸੀ। ਇਕ ਦਿਨ ਲਹਿਣਾ ਜੀ ਨੇ ਉਸ ਦੇ ਮੂੰਹੋਂ ਗੁਰੂ ਨਾਨਕ ਜੀ ਦੀ ਬਾਣੀ ਸੁਣੀ ਤਾਂ ਉਸ ਦਾ ਹਿਰਦਾ ਗੁਰੂ ਜੀ ਦੇ ਪ੍ਰੇਮ ਵਿਚ ਵਹਿ ਤੁਰਿਆ। ਉਸ ਅੰਦਰ ਗੁਰੂ ਨਾਨਕ ਜੀ ਦੇ ਦਰਸ਼ਨਾਂ ਲਈ ਤੜਫ ਪੈਦਾ ਹੋ ਗਈ। ਉਸ ਸਾਲ ਜਦੋਂ ਜਥੇ ਦੇ ਨਾਲ ਉਨ੍ਹਾਂ ਨੇ ਜਵਾਲਾ ਮਾਤਾ ਦੇ ਜਾਣਾ ਸੀ ਤਾਂ ਉਹ ਕਰਤਾਰਪੁਰ ਦੇ ਰਸਤੇ ਵੱਲ ਦੀ ਚੱਲ ਪਏ। ਜਦੋਂ ਲਹਿਣਾ ਜੀ ਕਰਤਾਰਪੁਰ ਪਹੁੰਚੇ ਤਾਂ ਸਬੱਬੀ ਇੱਕ ਬੰਦਾ ਮਿਲਿਆ ਜੋ ਗੁਰੂ ਨਾਨਕ ਜੀ ਹੀ ਸਨ। ਲਹਿਣਾ ਜੀ ਨੇ ਉਸ ਨੂੰ (ਗੁਰੂ ਨਾਨਕ ਜੀ ਨੂੰ) ਪੁੱਛਿਆ ਕਿ ਨਾਨਕ ਜੀ ਕਿੱਥੇ ਮਿਲਣਗੇ? ਤਾਂ ਗੁਰੂ ਨਾਨਕ ਜੀ ਲਹਿਣਾ ਜੀ ਦੀ ਘੋੜੀ ਦੇ ਅੱਗੇ-ਅੱਗੇ ਪੈਦਲ ਚੱਲ ਕੇ ਉਸ ਨੂੰ ਆਪਣੇ ਸਥਾਨ ਉੱਤੇ ਲੈ ਆਏ ਅਤੇ ਆਪ ਪਿਛਲੇ ਪਾਸੇ ਦੀ ਜਾ ਕੇ ਗੱਦੀ ਉੱਤੇ ਬੈਠ ਕੇ ਸਮਾਧੀ ਵਿਚ ਲੀਨ ਹੋ ਗਏ। ਲਹਿਣਾ ਜੀ, ਉਨ੍ਹਾਂ ਨੂੰ ਉਥੇ ਬੈਠਿਆਂ ਨੂੰ ਵੇਖ ਕੇ ਬਹੁਤ ਹੈਰਾਨ ਹੋਏ ਇਹ ਤਾਂ ਉਹੀ ਮਹਾਂਪੁਰਸ ਹਨ ਜੋ ਮੈਨੂੰ ਲੈ ਕੇ ਆਏ ਸਨ । ਭਾਈ ਲਹਿਣਾ ਜੀ ਨੂੰ ਬੜਾ ਪਛਤਾਵਾ ਹੋਇਆ ਕਿ ਉਹ ਆਪ ਘੋੜੀ ਉੱਤੇ ਬੈਠ ਕੇ ਆਏ ਤੇ ਗੁਰੂ ਨਾਨਕ ਜੀ ਅੱਗੇ-ਅੱਗੇ ਪੈਦਲ ਚੱਲ ਕੇ ਗਏ ਸਨ। ਲਹਿਣਾ ਜੀ ਗੁਰੂ ਜੀ ਦੇ ਦਰਸ਼ਨ ਕਰਕੇ ਐਸੇ ਨਿਹਾਲ ਹੋਏ ਕਿ ਉਨ੍ਹਾਂ ਨੇ ਜਵਾਲਾ ਮਾਤਾ ਦੇ ਜਾਣ ਦਾ ਵਿਚਾਰ ਛੱਡ ਦਿੱਤਾ ਤੇ ਵਾਪਸ ਆਪਣੇ ਘਰ ਆ ਗਏ।

ਘਰ ਆ ਕੇ ਉਨ੍ਹਾਂ ਨੇ ਰਾਤ ਕੱਟ ਕੇ ਅਗਲੇ ਦਿਨ ਲੂਣ ਦੀ ਬੋਰੀ ਚੁੱਕੀ ਤੇ ਗੁਰੂ ਨਾਨਕ ਜੀ ਕੋਲ ਜਾਣ ਲਈ ਚੱਲ ਪਏ। ਗੁਰੂ ਜੀ ਖੇਤ ਵਿਚ ਕੰਮ ਕਰਵਾ ਰਹੇ ਸਨ। ਲਹਿਣਾ ਉਥੇ ਪੁੱਜੇ ਤਾਂ ਗੁਰੂ ਜੀ ਨੇ ਪਹਿਲਾਂ ਉਸ ਨੂੰ ਝੋਨੇ ਵਿੱਚੋਂ ਨਦੀਨ ਕੱਢਣ ਲਈ ਲਗਾ ਦਿੱਤਾ ਤੇ ਫਿਰ ਉਸ ਨੂੰ ਨਦੀਨ ਦੀ ਚਿੱਕੜ ਨਾਲ ਭਰੀ ਪੰਡ ਚੁੱਕਾ ਕੇ ਘਰੇ ਲੈ ਜਾਣ ਲਈ ਕਿਹਾ। ਇਸ ਚਿੱਕੜ ਨਾਲ ਭਰੀ ਹੋਈ ਪੰਡ ਨਾਲ ਲਹਿਣਾ ਜੀ ਦੇ ਕੀਮਤੀ ਕੱਪੜੇ ਖਰਾਬ ਹੋ ਗਏ। ਮਾਤਾ ਸੁਲੱਖਣੀ ਜੀ ਨੇ ਵੇਖ ਕੇ ਗੁਰੂ ਨਾਨਕ ਜੀ ਨੂੰ ਕਿਹਾ ਕਿ ਤੁਸੀਂ ਇੱਕ ਸਾਊ ਮਨੁੱਖ (ਲਹਿਣਾ ਜੀ) ਦੇ ਕੀਮਤੀ ਕੱਪੜੇ ਚਿੱਕੜ ਨਾਲ ਖਰਾਬ ਕਰਵਾ ਦਿੱਤੇ, ਤੁਸੀਂ ਉਨ੍ਹਾਂ ਦਾ ਨਿਰਾਦਰ ਕੀਤਾ ਹੈ। ਤਾਂ ਗੁਰੂ ਜੀ ਨੇ ਸੁਲੱਖਣੀ ਮਾਤਾ ਜੀ ਨੂੰ ਕਿਹਾ ਕਿ ਇਹ ਚਿੱਕੜ ਦੀ ਭਰੀ ਪੰਡ ਨਹੀਂ ਸੀ, ਇਹ ਤਾਂ ਉਸ ਦੇ ਸਿਰ ਉੱਪਰ ਦੀਨ-ਦੁਨੀਆਂ ਦਾ ਛਤਰ ਰੱਖਿਆ ਹੋਇਆ ਸੀ। ਇਸ ਪੁਰਸ਼ ਦੇ ਸਮਾਨ ਦੁਨੀਆਂ ਵਿਚ ਹੋਰ ਦੂਜਾ ਨਹੀਂ। ਇਹ ਤਾਂ ਇਸ ਭਵਸਾਗਰ ਵਿਚ ਡੁੱਬਦੇ ਹੋਏ ਦੁਖੀਆਂ ਨੂੰ ਤਾਰਨ ਵਾਲੇ ਮਲਾਹ ਬਣਨਗੇ।

SikhBookClub.Com

ਫੁੱਟਨੋਟ

(*1) ਮਤੇ ਦੀ ਸਰਾਇ, ਮੁਕਤਸਰ ਤੋਂ ਸੱਤ ਕੋਹ ਉੱਤਰ-ਪੂਰਬ ਵੱਲ ਇਕ ਪਿੰਡ ਹੈ, ਜਿਸ ਦਾ ਨਾਮ ਹੁਣ ਨਾਂਗੇ ਦੀ ਸਰਾਇ (ਸਰਾਏਨਾਗਾ) ਹੈ; ਕਿਉਂਕਿ ਇਹ ਉਜੜਿਆ ਹੋਇਆ ਥੇਹ ਸੀ, ਜੋ ਉਦਾਸੀ, ਨਾਂਗਾ ਸਾਧੂ ਨੇ ਅਬਾਦ ਕੀਤਾ ਸੀ। ਇੱਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਯਾਦ ਵਿੱਚ ਗੁਰਦੁਆਰੇ ਬਣੇ ਹੋਏ ਹਨ। ਗੁਰੂ ਅੰਗਦ ਦੇਵ ਜੀ ਦਾ ਜਨਮ-ਅਸਥਾਨ ਪਿੰਡ ਤੋਂ ਚਾਰ ਸੌ ਕਦਮ ਪੂਰਬ ਵੱਲ ਮਤੇ ਦੀ ਸਰਾਇ ਦੇ ਥੇਹ ਉੱਪਰ ਹੈ। ਇੱਥੇ ਵੈਸਾਖੀ ਦਾ ਮੇਲਾ ਲੱਗਦਾ ਹੈ।

(*2) ਜਵਾਲਾਦੇਵੀ ਹਿਮਾਚਲ ਵਿੱਚ ਜ਼ਿਲ੍ਹਾ ਕਾਂਗੜਾ ਦੀ ਤਹਿਸੀਲ ਹਰੀਪੁਰ ਵਿੱਚ ਇੱਕ ਦੇਵੀ ਦਾ ਅਸਥਾਨ ਹੈ, ਜੋ ਕਾਂਗੜੇ ਤੋਂ 22 ਮੀਲ ਦੂਰ ਦੱਖਣ ਵੱਲ ਹੈ। ਇੱਥੇ ਪਹਾੜ ਵਿੱਚੋਂ ਗੈਸ ਨਿਕਲਦੀ ਹੈ, ਜੋ ਕੁਦਰਤੀ ਲਾਟ ਦੇ ਰੂਪ ਵਿੱਚ ਬਲਦੀ ਹੈ। ਜਵਾਲਾ (ਅੱਗ) ਨਿਕਲਣ ਕਰਕੇ ਇਸ ਦਾ ਨਾਮ ਜਵਾਲਾਦੇਵੀ ਕਹਾਉਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਉਪਦੇਸ਼ ਦਿੰਦੇ ਹੋਏ ਇਸ ਸਥਾਨ 'ਤੇ ਪਹੁੰਚੇ ਸਨ ਅਤੇ ਇੱਥੇ ਗੁਰਦੁਆਰਾ ਬਣਿਆ ਹੋਇਆ ਹੈ।

SikhBookClub.Com

ਅਧਜਾਯ ਅਠਤਾਲੀਵਾਂ

(ਸਾਰਦਾ ਮੰਗਲ । ਸ੍ਰੀ ਲਹਿਣਾ ਜੀ ਦੀ ਸੇਵਾ, ਪਜਾਰ, ਮਾਯਾ, ਸੰਗ ਤਾਰਨਾ, ਦੇਵਤਿਆਂ ਦੀ ਨਮਸ਼ਕਾਰ, ਅਯਾਲੀ, ਖਡੂਰ)

ਦੋਹਰਾ

ਸ੍ਰੀ ਸਰੱਸ੍ਵਤੀ ਨਾਮ ਸੁਭ ਮੂਲ ਸੁ ਕਵਿਤਾ ਬੇਲ।
ਫੂਲਨ ਫਲਨੋ ਲਲਿਤ[1] ਬਹੁ ਉਕਤਿ ਜੁਗਤਿ ਲਖ ਮੇਲ॥੧॥

ਚੌਪਈ

ਕਿਤਕ ਦਿਵਸ ਜਬ ਰਹਤਿ ਬਿਤਾਏ । ਸੇਵਾ ਕਰਹੀ ਪ੍ਰੀਤ ਬਧਾਏ।
ਜ੍ਵਾਲਾ ਪਰਸਨ ਗਯੋ ਜੁ ਸੰਗਾ । ਸੋ ਆਯੋ ਪੁਨ ਸਹਿਤ ਉਮੰਗਾ॥੨॥

ਲਹਿਣਾ ਵਹਿਰ ਬੁਲਾਇ ਬੁਝਰਾ[2] । 'ਦੇਹ ਦਿਖਾਇ ਦਰਸ ਗੁਰ ਕੇਰਾ'।
ਸਭ ਕੋ ਲੇ ਨਿਜ ਸੰਗ ਅਗਾਰੀ । ਆਵਤ ਭਾ ਧ੍ਰਮਸਾਲ ਮਝਾਰੀ॥੩॥

ਹਾਥ ਬੰਦ ਕੈ ਗਿਰਾ ਬਖਾਨੀ ।'ਸੁਨੀਏ ਬਿਨਤੀ ਸ੍ਰੀ ਗੁਨਖਾਨੀ!।
ਗ੍ਰਾਮ ਖਡੂਰ ਮਨੁਜ[3] ਬਹੁ ਆਏ। ਚਾਹਤਿ ਤੁਮਰੋ ਦਰਸ਼ਨ ਪਾਏ'॥੪॥

ਕ੍ਰਿਪਾ ਦ੍ਰਿਸ਼ਟਿ ਸੋਂ ਦੇਖ ਗੁਸਾਈਂ । ਬੋਲੇ 'ਸੰਗੀ ਲੇਹੁ ਬੁਲਾਈ'।
ਆਇਸੁ[4] ਪਾਇ ਬ੍ਰਿੰਦ[5] ਨਰ ਨਾਰੀ । ਲੇ ਪਹੁੰਚਜੋ ਧ੍ਰਮਸਾਲ ਮਝਾਰੀ॥੫॥

'ਕਰੀ ਕਾਮਨਾ ਜਿਹ ਨਰ ਜੋਈ । ਹ੍ਵੈ ਹੈ ਪੂਰਨ', ਭਾਖੀ 'ਸੋਈ'।
ਸਿੰਘਾਸਣ ਬੈਠੇ ਗੁਨ ਖਾਨੀ । ਦਰਸਹਿ ਕਰ ਬੰਦਨ ਮਨ ਬਾਨੀ॥੬॥

ਫਲ ਅਰ ਫੂਲ ਉਪਾਇਨ[6] ਧਰਹੀਂ ।'ਧੰਨ ਧੰਨ ਗੁਰੁ' ਬਚਨ ਉਚਰਹੀਂ।
ਬਿਨਤੀ ਭਾਖੈਂ ਖਰੇ ਅਗਾਰੀ ।'ਸਫਲ ਜਨਮ ਹੋਯੋ ਇਸ ਬਾਰੀ'॥੭॥

ਜਿਹ ਜਿਹ ਕਰੀ ਕਾਮਨਾ ਜੋਈ । ਪੂਰਨ ਕਰਤ ਭਏ ਗੁਰ ਸੋਈ।
ਏਕ ਨਿਸਾ[7] ਬਸ ਪੁਰ ਕਰਤਾਰਾ । ਸਰਬ ਸੰਗ ਨਿਜ ਗ੍ਰਾਮ ਪਧਾਰਾ॥੮॥

SikhBookClub.Com

ਅਧਿਆਇ ਅਠਤਾਲੀਵਾਂ

(ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ । ਪਿਆਰ, ਮਾਇਆ ਸੰਗ ਤਾਰਨਾ, ਵੱਡਿਆਂ ਦੀ ਨਮਸਕਾਰ । ਆਜੜੀ । ਖਡੂਰ)

ਦੋਹਰਾ

ਸ਼ੁੱਭ ਨਾਮ ਵਾਲੀ ਸ਼ਾਰਦਾ ਸਮਝੋ ਇੱਕ ਜੜ੍ਹ ਹੈ, ਜਿਸ ਤੋਂ ਉਪਜੀ ਕਵਿਤਾ ਰੂਪੀ ਵੇਲ ਉਕਤੀਆਂ ਅਤੇ ਜੁਗਤੀਆਂ ਦੇ ਲੱਖਾਂ ਮੇਲਾਂ ਨਾਲ ਬਹੁਤ ਹੀ ਸੋਹਣੀ[1] ਫਲ-ਫੁੱਲ ਰਹੀ ਹੈ। ॥੧॥

ਚੌਪਈ

ਇਸ ਤਰਾਂ (ਲਹਿਣਾ ਜੀ ਨੇ) ਬਹੁਤ ਹੀ ਪ੍ਰੇਮ ਨਾਲ ਗੁਰੂ ਨਾਨਕ ਜੀ ਦੀ ਸੇਵਾ ਕਰਦਿਆਂ ਕਿੰਨੇ ਦਿਨ ਜਦ ਬਤੀਤ ਕੀਤੇ। ਜੋ ਉਨ੍ਹਾਂ ਦੇ ਨਾਲ ਦੇ ਸੰਗੀ ਜਵਾਲਾ ਜੀ ਦੇ ਦਰਸ਼ਨ ਕਰਨ ਲਈ ਗਏ ਹੋਏ ਸਨ, ਉਹ ਵੀ ਫਿਰ ਬੜੀ ਉਮੰਗ ਨਾਲ ਉਥੇ (ਵਾਪਸ) ਆ ਗਏ ਸਨ। ॥੨॥

ਉਨ੍ਹਾਂ ਨੇ ਲਹਿਣਾ ਜੀ ਨੂੰ ਬਾਹਰ ਸੱਦ ਕੇ ਪੁੱਛਿਆ[2], "ਸਾਨੂੰ ਵੀ ਗੁਰੂ ਜੀ ਦੇ ਦਰਸ਼ਨ ਕਰਵਾ ਦੇਵੋ।" ਤਾਂ ਲਹਿਣਾ ਜੀ ਸਭ ਨੂੰ ਨਾਲ ਲੈ ਕੇ ਅੱਗੇ ਲੱਗ ਕੇ ਧਰਮਸਾਲਾ ਵਿਚ ਆ ਗਏ। ॥੩॥

ਹੱਥ ਜੋੜ ਕੇ ਨਮਸਕਾਰ ਕਰਦਿਆਂ ਕਿਹਾ, "ਹੇ ਗੁਣਾਂ ਦੀ ਖਾਣ (ਗੁਰੂ ਜੀ) ਸਾਡੀ ਬੇਨਤੀ ਸੁਣੋ। ਖਡੂਰ-ਪਿੰਡ ਤੋਂ ਬਹੁਤ ਲੋਕ[3] ਆਏ ਹਨ, ਆਪ ਜੀ ਦੇ ਦਰਸ਼ਨ ਚਾਹੁੰਦੇ ਹਨ।" ॥੪॥

ਗੁਰੂ ਜੀ ਨੇ ਉਸ ਵੱਲ ਕਿਰਪਾ ਦ੍ਰਿਸ਼ਟੀ ਨਾਲ ਦੇਖਿਆ ਤੇ ਬੋਲੇ, "ਆਪਣੇ ਸਾਥੀਆਂ ਨੂੰ ਬੁਲਾ ਲਵੋ।" ਉਹ ਆਗਿਆ[4] ਪ੍ਰਾਪਤ ਕਰਕੇ ਨਰ-ਨਾਰੀਆਂ ਦੇ ਇਕੱਠ[5] ਨੂੰ ਧਰਮਸਾਲਾ ਵਿਚ ਲੈ ਕੇ ਪਹੁੰਚ ਗਏ। ॥੫॥

(ਲਹਿਣਾ ਜੀ ਨੇ ਉਨ੍ਹਾਂ ਨੂੰ ਦੱਸਿਆ), "ਜਿਸ ਬੰਦੇ ਨੇ ਮਨ ਵਿਚ ਜੋ ਕਾਮਨਾ ਧਾਰਨ ਕੀਤੀ ਹੁੰਦੀ ਹੈ, ਉਹ ਪੂਰੀ ਹੁੰਦੀ ਹੈ।" ਗੁਣਾਂ ਦੀ ਖਾਣ ਗੁਰੂ ਨਾਨਕ ਜੀ ਜੋ ਸਿੰਘਾਸਨ ਪਰ ਬੈਠੇ ਹੋਏ ਸਨ। ਉਨ੍ਹਾਂ ਮਨ-ਬਾਣੀ ਨਾਲ ਨਮਸਕਾਰ ਕਰਦੇ ਹੋਏ ਗੁਰੂ ਜੀ ਦੇ ਦਰਸ਼ਨ ਕੀਤੇ। ॥੬॥

ਫਲ, ਫੁੱਲ ਅਤੇ ਹੋਰ ਸੁਗਾਤਾਂ[6] ਜੋ (ਤੋਹਫੇ) ਸਨ, ਉਨ੍ਹਾਂ ਭੇਟ ਕਰਦੇ ਹੋਏ "ਧੰਨ ਧੰਨ ਗੁਰੂ ਜੀ" ਦਾ ਬਚਨ ਉਚਾਰਨ ਕਰਦਿਆਂ ਉਨ੍ਹਾਂ ਅੱਗੇ ਖੜੋ ਕੇ ਬੇਨਤੀ ਕਰਦੇ ਹੋਏ ਆਖਿਆ, "ਸਾਡਾ ਇਸ ਵਾਰ ਦਾ ਜਨਮ ਸਫਲਾ ਹੋ ਗਿਆ ਹੈ।" ॥੭॥

ਤੇ ਜਿਸ ਕਿਸੇ ਨੇ ਮਨ ਵਿਚ ਕਾਮਨਾ ਕੀਤੀ ਸੀ, ਗੁਰੂ ਜੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ ਤੇ ਉਥੇ ਇਕ ਰਾਤ[7] ਬਤੀਤ ਕਰਕੇ ਸਾਰੀ ਸੰਗਤ ਆਪਣੇ ਪਿੰਡ ਵੱਲ ਕੂਚ ਕਰ ਗਈ ॥੮॥

SikhBookClub.Com

ਲਹਿਣਾ ਰਹਜੋ ਪ੍ਰੇਮ ਕਰ ਪਾਸਾ । ਸੇਵਾ ਕਰਹਿ ਜੁ ਹੋਇ ਅਵਾਸਾ[1]।
ਜੂਠੇ ਭਾਂਵਨ ਮਾਂਵਨ ਕਰਹੀ ਚਰਨ ਪਖਾਰ[2] ਹਰਖ ਉਰ ਧਰਹੀ ॥੯॥

ਬਿੰਜਨ[3] ਲਏ ਹਾਂਕਹੀ[4] ਪੌਨਾ।ਬਛਨੀ[5] ਫੇਰਹਿ ਸਗਰੇ ਭੌਨਾ।
ਸਤਗੁਰ ਪਰ[6] ਕੇ ਬਸਤ੍ਰ ਪਖਾਰਹਿ । ਨਿਸ ਦਿਨ ਸੇਵਾ ਕਰਤ ਗੁਜਾਰਹਿ॥੧੦॥

ਮੁਖ ਦਿਸ ਦੇਖਤ ਰਹੇ ਸਦਾਈ । ਜਬ ਗੁਨਖਾਨੀ ਦੇਹਿਂ ਰਜਾਈ।
ਤਤਛਿਨ ਕਰਹਿ ਪ੍ਰੀਤ ਉਰਧਾਰੀ । ਸਰਲ ਰਿਦੇ ਥਾ ਮਤਾ ਉਦਾਰੀ॥੧੧॥

ਨਿਤਾਪ੍ਰਤੀ ਸਰਧਾ ਮਨ ਭੀਨੋ । ਨਿਜ ਜੀ ਚਰਨ ਸਮਰਪਨ ਕੀਨੋ।
ਭਈ ਪ੍ਰੀਤ ਨਹਿਂ ਜਾਇ ਬਖਾਨੀ । ਕੋ ਉਪਮਾ ਦਿਉਂ ਕਛੁ ਨ ਸਮਾਨੀ॥੧੨॥

ਅਲਪ ਪਤੰਗ[7] ਮ੍ਰਿੱਗ[(*1)] ਕੀ ਜਾਨੀ । ਤਿਨ ਤੇ ਤੂਰਨਤਾ ਪਹਿਚਾਨੀ।
ਸੀਸ ਦੇਨ ਕੀ ਹੁਇ ਜਿ ਰਜਾਈ । ਪਲਕ ਮਾਤ੍ਰ ਕਬਹਿ ਨ ਬਿਲਮਾਈ[8] ॥੧੩॥

ਏਕ ਦਿਵਸ ਬੇਦੀ ਕੁਲ ਰਾਈ । ਪੌਢੇ[9] ਸਿਹਜਾ ਪਰ ਸੁਖਦਾਈ।
ਮਾਯਾ[(*2)] ਧਾਰ ਆਪਨੋ ਬੇਖਾ । ਕਮਲ ਬਿਲੋਚਨ[10] ਰੂਪ ਬਿਸੇਖਾ॥੧੪॥

ਮਣਿਮਯ ਭੂਖਣ ਝਲਕਤ ਅੰਗਾ । ਬਸਤ੍ਰ ਕਸੁੰਭੀ[11] ਬਨੇ ਸੁ ਰੰਗਾ।
ਚਾਂਪਤ[12] ਪਦ ਪੰਕਜ ਗੁਰ ਕੇਰੇ । ਸੇਵਾ ਕੀਨੀ ਭਾਉ ਘਨੇਰੇ॥੧੫॥

ਲਹਿਣੇ ਤਤਛਿਨ ਬਿਜਨਾ[13] ਲੀਨੇ । ਪੌਨ ਕਰਨ ਆਯੋ ਰਸ ਭੀਨੇ।
ਪਿਖ ਸਰੂਪ ਕੋ ਮਨ ਬਿਸਮਾਯੋ । ਕਛੁ ਨ ਜਾਨਯੋ ਗਯੋ ਲਜਾਯੋ॥੧੬॥

SikhBookClub.Com

ਲਹਿਣਾ ਜੀ ਪ੍ਰੇਮ ਸਹਿਤ ਗੁਰੂ ਜੀ ਪਾਸ ਉਥੇ ਹੀ ਰਹਿ ਪਏ ਸਨ। ਅਤੇ ਘਰ[1] ਵਿਚ ਜੋ ਵੀ ਸੇਵਾ ਕਰਨ ਵਾਲੀ ਹੁੰਦੀ, ਉਹ ਕਰਦੇ। ਜੂਠੇ ਭਾਂਡਿਆਂ ਨੂੰ ਮਾਂਜਦੇ, ਖੁਸ਼ੀ ਚਿੱਤ ਨਾਲ (ਗੁਰੂ ਜੀ ਦੇ) ਚਰਨ ਧੋਂਦੇ[2]। ॥੯॥

ਪੱਖਾ[3] ਲੈ ਕੇ ਹਵਾ ਝੱਲਦੇ[4] ਅਤੇ ਸਾਰੇ ਘਰ ਵਿਚ ਝਾੜੂ[5] ਫੇਰਦੇ। ਗੁਰੂ ਜੀ ਦੇ ਜੋ ਉਪਰਲੇ[6] ਬਸਤਰ ਹੁੰਦੇ, ਉਨ੍ਹਾਂ ਨੂੰ ਸਾਫ ਕਰਦੇ। ਇਸ ਤਰਾਂ ਉਹ ਦਿਨ-ਰਾਤ ਸੇਵਾ ਕਰਦੇ ਹੀ ਗੁਜ਼ਾਰਦੇ ਸੀ। ॥੧੦॥

ਤੇ ਉਹ ਹਮੇਸ਼ਾ ਗੁਰੂ ਜੀ ਦੇ ਮੁੱਖ ਵੱਲ ਹੀ ਵੇਖੀ ਜਾਂਦੇ ਰਹਿੰਦੇ ਕਿ ਕਦੋਂ ਗੁਰੂ ਜੀ ਉਨ੍ਹਾਂ ਨੂੰ ਕੋਈ ਹੁਕਮ ਦੇ ਦੇਣ ਅਤੇ ਉਹ ਪਲ ਵਿਚ ਹੀ ਖੁਸ਼ੀ-ਖੁਸ਼ੀ ਮਨ ਵਿਚ ਪ੍ਰੇਮ ਰੱਖ ਕੇ ਉਨ੍ਹਾਂ ਦਾ ਕੰਮ ਕਰ ਸਕਣ। ਉਨ੍ਹਾਂ ਦਾ ਮਨ ਬਹੁਤ ਹੀ ਸਾਫ ਅਤੇ ਵਿਸ਼ਾਲ ਸੀ। ॥੧੧॥

ਉਨ੍ਹਾਂ ਦਾ ਹਿਰਦਾ ਰੋਜ਼ਾਨਾ ਸ਼ਰਧਾ ਵਿਚ ਭਿੱਜਿਆ ਰਹਿੰਦਾ ਅਤੇ ਗੁਰੂ ਜੀ ਦੇ ਚਰਨਾਂ ਵਿਚ ਸਮਰਪਤ ਕੀਤਾ ਹੋਇਆ ਸੀ। ਉਨ੍ਹਾਂ ਦੀ ਗੁਰੂ ਜੀ ਪ੍ਰਤੀ ਇਤਨੀ ਪਰੀਤੀ ਸੀ ਜੋ ਬਿਆਨ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੀ ਜਿੰਨੀ ਵੀ ਉਸਤਤ ਕੀਤੀ ਜਾਵੇ, ਕੁਝ ਵੀ ਉਨ੍ਹਾਂ ਦੀ ਉਪਮਾ ਦੇ ਤੁੱਲ ਨਹੀਂ ਹੋ ਸਕਦਾ। ॥੧੨॥

ਜਿਵੇਂ ਦੀਵੇ ਨਾਲ ਪਤੰਗੇ[7] ਦੀ ਪ੍ਰੀਤੀ ਹੁੰਦੀ ਹੈ ਅਤੇ ਮਿਰਗ ਦੀ ਘੰਡਾ-ਹੇੜਾ ਦੇ ਸੰਗੀਤ ਭਾਵ ਸ਼ਿਕਾਰੀ ਦੀ ਘੰਟੀ ਨਾਲ ਹੁੰਦੀ ਹੈ, ਇਸ ਪਰੀਤੀ ਅੱਗੇ ਸਭ ਤੁੱਛ ਸੀ। ਜੇਕਰ ਸੀਸ ਦੇਣ ਦਾ ਵੀ ਹੁਕਮ ਹੋਵੇ, ਤੁਰੰਤ ਦੇਣ ਲਈ ਤਿਆਰ ਸਨ, ਦੇਰੀ[8] ਨਹੀਂ ਸੀ ਲਾ ਸਕਦੇ। ॥੧੩॥

ਇਕ ਦਿਨ ਬੇਦੀ ਕੁਲ ਦੇ ਬਾਦਸ਼ਾਹ (ਗੁਰੂ ਨਾਨਕ ਜੀ) ਸੁਖਦਾਈ ਸੇਜ ਪਰ ਲੇਟੇ[9] ਹੋਏ ਸਨ ਤਾਂ ਮਾਇਆ ਇਸਤਰੀ ਦਾ ਭੇਸ ਧਾਰ ਕੇ, ਸੁੰਦਰ ਰੂਪ ਵਾਲੇ, ਕਮਲ-ਰੂਪ ਨੂੰ ਵੇਖਣ[10] ਲਈ ਉੱਥੇ ਆਈ। ॥੧੪॥

ਉਸ ਦੇ ਸਰੀਰ ਦੇ ਅੰਗਾਂ ਉੱਤੇ ਮਣੀਆਂ, ਮੋਤੀਆਂ ਵਾਲੇ ਗਹਿਣੇ ਝਲਕ ਰਹੇ ਸਨ। ਉਸ ਦੇ ਬਸਤਰ ਲਾਲ[11] ਰੰਗ ਦੇ ਬਣੇ ਹੋਏ ਸਨ। ਉਹ ਗੁਰੂ ਜੀ ਦੇ ਚਰਨ-ਕਮਲਾਂ ਉੱਪਰ ਬਹੁਤ ਹੀ ਚਾਅ ਨਾਲ ਮੁੱਠੀਆਂ[12] ਭਰਦੀ ਸੀ ਤੇ ਬਹੁਤ ਹੀ ਪ੍ਰੇਮ ਸਹਿਤ ਸੇਵਾ ਕਰ ਰਹੀ ਸੀ। ॥੧੫॥

ਲਹਿਣਾ ਜੀ (ਲੇਟੇ ਹੋਇਆਂ ਨੂੰ ਵੇਖ) ਉਸੇ ਪਲ ਸ਼ਰਧਾ ਦੇ ਰਸ ਵਿਚ ਭਿੱਜੇ ਹੋਏ, ਪੱਖਾ[13] ਲੈ ਕੇ ਗੁਰੂ ਜੀ ਨੂੰ ਹਵਾ ਝੱਲਣ ਲਈ ਪਹੁੰਚੇ ਤਾਂ ਉਸ (ਇਸਤਰੀ ਦਾ) ਇਤਨਾ ਸੁੰਦਰ ਸਰੂਪ ਵੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੂੰ ਕੁਝ ਵੀ ਨਾ ਪਤਾ ਚੱਲਿਆ ਤੇ ਸ਼ਰਮਾ ਗਏ। ॥੧੬॥

SikhBookClub.Com

ਨਿਕਸ ਗਈ ਕਰ ਸੇਵਾ ਜਬਹੀ[*3] । ਹਾਥ ਜੋਰ ਕੈ ਬੂਝੋ ਤਬਹੀ ।
'ਕੋ ਅੰਗਨਾ[1] ਇਹ ਦਿੱਬਜ[2] ਸਰੂਪਾ? । ਅਲੰਕਾਰ ਬਰ ਬੇਖ ਅਨੂਪਾ[3]॥੧੭॥

ਪਦ ਪੰਕਜ ਸੇਵਹਿ ਧਰ ਭਾਊ । ਬੰਦਨ ਕਰ ਗਮਨੈ ਦਿਸ ਕਾਊ[4]।
ਮੈਂ ਇਕ ਪਿਖੀ,ਔਰ ਨਹਿਂ ਦੇਖੀ । ਉਰ ਮਹਿਂ ਅਚਰਜ ਭਯੋ ਵਿਸੇਖੀ'॥੧੮॥

ਸੁਨਕੈ ਸ੍ਰੀ ਬੇਦੀ ਕੁਲ ਕੇਤੂ[5] । ਬੋਲੇ ਭੇਦ ਬਤਾਵਨ ਹੇਤੂ।
'ਤੁਝ ਪਰ ਸ੍ਰੀ ਕਰਤਾਰ ਕ੍ਰਿਪਾਲਾ । ਤਬਹਿ ਬਿਲੋਕਯੋ ਰੂਪ ਬਿਸਾਲਾ ॥੧੯॥

ਔਰ ਕਿਸੂ ਕੋ ਨਦਰ ਨ ਆਵੈ । ਤਾਂ ਕੋ ਪਾਰ ਨ ਪਾਯੋ ਜਾਵੈ।
ਮਾਯਾ ਰੂਪ ਜਗਤ ਨਰ ਜੋਊ । ਸਭ ਭਰਮਾਏ ਬਚਯੋ ਨ ਕੋਊ ।੨੦।

ਦੋਹਰਾ

ਸੋ ਆਵਤ ਇਸ ਹੇਤ ਤੇ ਦ੍ਵਾਦਸ਼[6] ਕੋਸਨ[7] ਦੂਰ।
ਰਹਤਿ ਹਮਾਰੇ ਪਾਸ ਤੇ, ਛਲ ਬਲ ਹ੍ਵੈ ਨ ਹਜੂਰ॥੨੧॥

ਚੌਪਈ

ਰਹਯੋ ਚਹਤਿ ਹੈ ਨਿਕਟ ਕੁਚਾਲੀ । ਪਾਇ ਜਾਂਹਿ ਨਰ ਹੋਤ ਕੁਢਾਲੀ ।
ਯਾਂਤੇ ਸੇਵ ਕਰਤ ਸੋ ਆਈ । ਇਸਥਿਰ ਹੋਨ ਸਮੀਪ ਸਦਾਈ ।੨੨।

ਦੁਤਿਯ ਸਰੂਪ ਧਰੈਂ ਹਮ ਜਬ ਹੀ । ਖਸ਼ਟ[8] ਕੋਸ ਪਰ ਥਿਤ ਹ੍ਵੈ ਤਬਹੀ ।
ਤ੍ਰਿਤੀਏ ਤਨ ਦਰ ਪਰ ਚਲ ਆਵਹਿ । ਸੇਵ ਕਰਹਿ ਸਭ ਭਾਂਤਿ ਰਿਝਾਵਹਿ ॥੨੩॥

ਧਰੈਂ ਚਤੁਰਥੀ[9] ਜਬ ਹਮ ਦੇਹੀ । ਚਹੁਂ ਦਰ ਪ੍ਰਵਿਸੇ ਆਵੈ ਏਹੀ'।
ਇਸ ਪ੍ਰਕਾਰ ਸਭ ਭੇਦ ਬਤਾਵਾ । ਸੁਣ ਲਹਣਾ ਹਿਰਦੇ ਹਰਖਾਵਾ॥੨੪॥

ਭਰਯੋ ਪ੍ਰੇਮ ਉਰ ਸੇਵਾ ਕਰਹੀ । ਨਹੀ ਅਹੰਤਾ[10] ਰੰਚਕ ਧਰਹੀ ।
ਇਸ ਬਿਧ ਦਿਵਸ ਬਿਤੀਤੇ ਕੇਤੇ । ਕਰਹਿ ਸਦਨ ਹ੍ਵੈ ਕਾਰਜ ਤੇਤੇ॥੨੫॥

SikhBookClub.Com

ਜਦੋਂ ਉਹ ਸੇਵਾ ਕਰਕੇ ਚਲੀ ਗਈ ਤਾਂ ਹੱਥ ਜੋੜ ਕੇ (ਲਹਿਣਾ ਨੇ) ਪੁੱਛਿਆ, "ਇਹ ਦੇਵਤਾ[2]-ਸਰੂਪ ਇਸਤਰੀ[1] ਕੌਣ ਸੀ? ਜਿਸ ਦਾ ਸ੍ਰੇਸ਼ਟ ਗਹਿਣਿਆਂ ਵਾਲਾ ਬੇਮਿਸਾਲ[3] ਸੁੰਦਰ ਭੇਸ ਸੀ ॥੧੭॥

ਉਹ ਬਹੁਤ ਸ਼ਰਧਾ ਨਾਲ ਆਪ ਦੇ ਚਰਨ-ਕਮਲਾਂ ਵਿਚ ਸੇਵਾ ਕਰਦੀ ਸੀ ਤੇ ਆਪ ਨੂੰ ਨਮਸਕਾਰ ਕਰਕੇ ਕਿਸ[4] ਪਾਸੇ ਵੱਲ ਚਲੀ ਗਈ ਹੈ। ਉਸ ਨੂੰ ਹੋਰ ਕਿਸੇ ਨੇ ਨਹੀਂ ਵੇਖਿਆ, ਬੱਸ ਮੈਂ ਹੀ ਤੱਕੀ ਹੈ। ਮੈਨੂੰ ਇਹ ਬਹੁਤ ਹੀ ਅਜੀਬ ਜਿਹਾ ਕੌਤਕ ਲੱਗਿਆ ਹੈ।" ॥੧੮॥

ਲਹਿਣਾ ਜੀ ਦੇ ਇਹ ਬੋਲ ਸੁਣ ਕੇ ਬੇਦੀ ਕੁਲ ਦੇ ਨਿਸ਼ਾਨ[5] ਗੁਰੂ ਨਾਨਕ ਜੀ ਨੇ ਇਸ ਭੇਦ ਨੂੰ ਦੱਸਣ ਲਈ ਕਿਹਾ, "ਤੇਰੇ ਉਪਰ ਪ੍ਰਭੂ ਦੀ ਕਿਰਪਾ ਹੈ ਤਾਂ ਹੀ ਤੂੰ ਉਸ ਦੇ ਸ੍ਰੇਸ਼ਟ ਸਰੂਪ ਨੂੰ ਵੇਖ ਸਕਿਆਂ ਹੈਂ। ॥੧੯॥

ਇਹ ਹੋਰ ਕਿਸੇ ਨੂੰ ਨਜ਼ਰ ਨਹੀਂ ਆਉਂਦੀ। ਉਸ ਦਾ ਕੋਈ ਵੀ ਭੇਦ ਨਹੀਂ ਪਾ ਸਕਦਾ। ਜੋ ਜਗਤ ਵਿੱਚ ਮਾਇਆ ਰੂਪੀ ਮਨੁੱਖ ਹਨ, ਸਭ ਨੂੰ ਇਸ ਨੇ ਭਰਮਾ ਰੱਖਿਆ ਹੈ ਤੇ ਇਸ ਤੋਂ ਕੋਈ ਵੀ ਬਚਿਆ ਨਹੀਂ ਹੈ। ॥੨੦॥

ਦੋਹਰਾ

ਉਹ ਇਸੇ ਕੰਮ ਲਈ ਮੇਰੇ ਕੋਲ ਬਾਰਾਂ[6] ਕੋਹ[7] ਦੂਰੋਂ ਆਉਂਦੀ ਹੈ। ਸਾਡੇ ਸਾਹਮਣੇ ਉਸ ਦੇ ਵਲ-ਛਲ ਕੋਈ ਨਹੀਂ ਚੱਲ ਸਕਦੇ। ॥੨੧॥

ਚੌਪਈ

ਉਹ ਪੁੱਠੀ ਚਾਲ ਵਾਲੀ ਨਜ਼ਦੀਕ ਰਹਿਣਾ ਚਾਹੁੰਦੀ ਹੈ ਜਿਸ ਨੂੰ ਪਾ ਕੇ ਨਰ ਕੁਚਾਲੇ ਹੋ ਜਾਂਦੇ ਹਨ। ਇਸ ਵਾਸਤੇ ਸਦਾ ਲਈ ਸਥਿਰਤਾ ਪ੍ਰਾਪਤ ਕਰਨ ਲਈ (ਅਸਾਂ ਕੋਲ ਰਹਿਣ ਵਾਸਤੇ) ਸੇਵਾ ਕਰਨ ਆਈ ਸੀ। ॥੨੨॥

ਅਸੀਂ ਜਦੋਂ ਦੂਸਰਾ ਸਰੂਪ (ਦੂਸਰੀ ਗੁਰਿਆਈ) ਧਾਰਨ ਕਰਾਂਗੇ ਤਾਂ ਇਹ ਅਸਾਂ[8] ਤੋਂ ਛੇ ਕੋਹ ਦੀ ਦੂਰੀ 'ਤੇ ਸਥਿਤ ਹੋ ਜਾਵੇਗੀ । ਤੀਸਰਾ ਸਰੂਪ ਧਾਰਨ ਕਰਨ 'ਤੇ ਇਹ ਅਸਾਂ ਦੇ ਦਰਵਾਜ਼ੇ ਪਰ ਆ ਪਹੁੰਚੇਗੀ ਅਤੇ ਹਰ ਤਰਾਂ ਨਾਲ ਸੇਵਾ ਕਰਕੇ ਮਨ ਨੂੰ ਰਿਝਾਵੇਗੀ ॥੨੩॥

ਜਦੋਂ ਅਸੀਂ ਚੌਥਾ[9] ਸਰੂਪ ਧਾਰਨ ਕਰਾਂਗੇ ਤਾਂ ਇਹ ਚੌਹਾਂ ਦਰਾਂ ਰਾਹੀਂ ਪ੍ਰਵੇਸ਼ ਕਰਕੇ ਆ ਜਾਵੇਗੀ ।" ਇਵੇਂ ਗੁਰੂ ਜੀ ਨੇ ਸਾਰੀ ਭੇਦ ਦੀ ਗੱਲ ਦੱਸੀ ਤਾਂ ਸੁਣ ਕੇ ਲਹਿਣਾ ਮਨੋਂ ਖੁਸ਼ ਹੋ ਗਿਆ ॥੨੪॥

ਉਹ ਸੇਵਾ ਕਰਨ ਲੱਗਾ, ਉਸ ਦਾ ਹਿਰਦਾ ਪ੍ਰੇਮ ਨਾਲ ਭਰ ਗਿਆ ਸੀ। ਉਸ ਦੇ ਚਿੱਤ ਵਿਚ ਭੋਰਾ ਭਰ ਵੀ ਹੰਕਾਰ[10] ਨਹੀਂ ਸੀ ਰਿਹਾ। ਇਸ ਤਰਾਂ ਉਸ ਨੇ ਕਈ ਦਿਨ ਬਤੀਤ ਕੀਤੇ ਤੇ ਘਰ ਦੇ ਜੋ ਕੰਮ ਹੁੰਦੇ, ਕਰਦਾ ਰਿਹਾ। ॥੨੫॥

SikhBookClub.Com

ਏਕ ਸਮੈ ਧਰ੍ਮਸਾਲਾ ਮਾਂਹੀ । ਰੁਚਿਰ[1] ਪ੍ਰਯੰਕ[2] ਡਸਾਵਾ ਤਾਂਹੀ।
'ਤਿਹ ਪਰ ਪੌਢੇ ਹੁਤੇ ਗੁਸਾਈਂ । ਲਹਿਣਾ ਸੀਤਲ ਪੌਣ ਝੁਲਾਈ॥੨੬॥

ਹਲਤ ਹੁਤੇ ਪਦ ਪੰਕਜ ਦੋਊ । ਜਿਨ ਕੇ ਅਹੇ ਸਮੀਪ ਨ ਕੋਊ।
ਇਹ ਬਿਲੋਕ ਲਹਿਣਾ ਬਿਸਮਾਨਜੋ । ਦ੍ਵੈ ਕਰ ਜੋਰੇ ਬਚਨ ਬਖਾਨਜੋ ॥੨੭॥

'ਕਿਹ ਕਾਰਨ ਪਦ ਪੰਕਜ ਦੋਈ । ਚੰਚਲ ਹੋਤ ਆਪ ਤੇ ਸੋਈ ।
ਕੋਇ ਨ ਪਿਖਯਤਿ[3] ਜਿਨਹਿ ਸਮੀਪਾ'। ਸੁਨ ਬੋਲੇ ਬੇਦੀ ਕੁਲ ਦੀਪਾ॥੨੮॥

'ਤੂੰ ਹੈ ਮੇਰੋ ਪਰਮ ਪਿਆਰੋ । ਯਾਂਤੇ ਸਭਹੀ ਭੇਦ ਉਚਾਰੋਂ।
ਅਮਰ[4] ਬ੍ਰਿੰਦ[5] ਛ੍ਵੈ ਛ੍ਵੈ ਜੁਗ[6] ਪਾਈ । ਬੰਦਨ ਕਰ ਕਰ ਸਦਨ ਸਿਧਾਈ[(*4)] ॥੨੯॥

ਆਵਹਿਂ ਮਿਲ ਕਰ ਕਬਿ ਕਬਿ ਸਾਰੇ । ਗੁਪਤ ਰੂਪ ਨਰ ਨਾਂਹਿ ਨਿਹਾਰੇ'।
ਸੁਨਿ ਕਹਿ 'ਸਤਿ ਸਤਿ ਪ੍ਰਭੁ ਸੋਊ' । ਬੰਦਤ ਭਾ ਪਦ ਪੰਕਜ ਦੋਊ॥੩੦॥

ਪਰਮ ਪ੍ਰੇਮ ਜਾਗਜੋ ਉਰ ਮਾਂਹੀ । ਰੰਗਜੋ ਰੰਗ ਭਗਤਿ ਮਨ ਜਾਹੀਂ ।
ਇਕ ਮਨ ਹ੍ਵੈ ਪਢਹੈ ਗੁਰਬਾਣੀ । ਸੁਨਹਿ ਗੁਨਹਿ[7] ਕੀਰਤਿ ਚਿਤ ਮਾਨੀ॥੩੧॥

ਵਾਹਿਗੁਰੂ ਕੋ ਸਿਮਰਨ ਕਰਹੀ । ਉਮਗ[8] ਉਮਗ ਮੁਖ ਸੁਜਸੁ ਉਚਰਹੀ।
ਚੀਤ ਪ੍ਰੀਤ ਕੀ ਰੀਤ ਨਯਾਰੀ । ਲਿਵ ਲਾਗੀ ਨਿਸ ਦਿਨ[9] ਸੁਖਕਾਰੀ॥੩੨॥

ਕਰਤਜੋ ਸੇਵਾ ਸਮਾਂ ਬਿਤਾਵਹਿ । ਜਗ ਕਾਰਜ ਕੋ ਰਿਦੇ ਨ ਆਵਹਿ।
ਇਸ ਬਿਧ ਬਾਸਰ[10] ਕਿਤੇ ਬਿਤਾਏ । ਚਰਨ ਕਮਲ ਮਨ ਭੌਰ ਲੁਭਾਏ॥੩੩॥

ਬੈਠੇ ਹੁਤੇ ਬੇਦਿ ਕੁਲਦੀਪਾ । ਪਾਉਂ ਪਲੋਸਤ ਹੋਇ ਸਮੀਪਾ।
ਕਰ ਪਰਸਜੋ ਪਿੰਡਰੀ[11] ਜਬ ਦੇਖੀ । ਜਿਨ ਕੋ ਲਗੀ ਝਰੀਟ ਵਸੇਖੀ[12]॥੩੪॥

SikhBookClub.Com

ਇਕ ਸਮੇਂ ਧਰਮਸਾਲਾ ਵਿਚ ਉਸ ਨੇ ਸੁੰਦਰ[1] ਪਲੰਘ[2] ਡਾਹਿਆ ਸੀ ਤੇ ਜਗਤ ਸਵਾਮੀ (ਗੁਰੂ ਜੀ) ਉਸ ਉਪਰ ਲੇਟੇ ਹੋਏ ਸਨ। ਲਹਿਣਾ ਜੀ ਠੰਢੀ-ਠੰਢੀ ਹਵਾ ਝੱਲ ਰਹੇ ਸਨ। ॥੨੬॥

ਗੁਰੂ ਜੀ ਦੇ ਦੋਨੋਂ ਚਰਨ ਕਮਲ (ਇਕੱਲੇ ਹੀ) ਹਿੱਲ ਰਹੇ ਸਨ, ਉਨ੍ਹਾਂ ਦੇ ਕੋਲ ਕੋਈ ਵੀ ਨਹੀਂ ਸੀ। ਲਹਿਣਾ ਜੀ ਇਹ ਵੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੇ ਦੋਨੋਂ ਹੱਥ ਜੋੜ ਕੇ ਆਖਿਆ। ॥੨੭॥

"ਕਿਸ ਕਾਰਨ (ਆਪ ਦੇ) ਦੋਨੋਂ ਚਰਨ-ਕਮਲ ਚੰਚਲ ਹੋਏ ਪਏ (ਹਿਲ ਰਹੇ) ਸਨ। (ਜਦਕਿ) ਕੋਈ ਵੀ ਆਪ ਜੀ ਦੇ ਕੋਲ ਨਹੀਂ ਸੀ ਦਿੱਸ[3] ਰਿਹਾ।" ਤਾਂ ਸੁਣ ਕੇ ਬੇਦੀ ਕੁਲ ਦੇ ਦੀਪਕ (ਗੁਰੂ ਨਾਨਕ ਜੀ) ਬੋਲੇ। ॥੨੮॥

"(ਲਹਿਣੇ), ਤੂੰ ਮੇਰਾ ਪਰਮ-ਪਿਆਰਾ ਹੈਂ। ਤੈਨੂੰ ਮੈਂ ਇਸ ਦਾ ਸਾਰਾ ਭੇਦ ਦੱਸਦਾ ਹਾਂ ਕਿ ਸਾਰੇ ਸਮੂਹ[5] ਦੇਵਤੇ[4] ਚਰਨਾਂ ਨੂੰ ਛੂਹ-ਛੂਹ ਕੇ ਤੇ ਦੋਨਾਂ[6] ਪੈਰਾਂ ਉੱਤੇ ਨਮਸਕਾਰ ਕਰਕੇ ਘਰਾਂ ਨੂੰ ਮੁੜੇ ਜਾ ਰਹੇ ਹਨ ॥੨੯॥

ਇਹ ਸਾਰੇ ਗੁਪਤ ਰੂਪ ਵਿਚ ਕਦੀ-ਕਦੀ ਮਿਲਣ ਲਈ ਆਉਂਦੇ ਹਨ ਤਾਂ ਜੋ ਹੋਰ ਲੋਕ ਨਾ ਦੇਖ ਲੈਣ"। ਇਹ ਸੁਣ ਕੇ ਲਹਿਣਾ ਜੀ ਨੇ "ਪ੍ਰਭੂ ਸਭ ਕੁਝ ਸੱਚ ਹੀ ਹੈ" ਕਹਿੰਦੇ ਹੋਏ ਦੋਨਾਂ ਚਰਨ-ਕਮਲਾਂ 'ਤੇ ਨਮਸਕਾਰ ਕੀਤੀ। ॥੩੦॥

ਉਨ੍ਹਾਂ ਦੇ ਮਨ ਵਿਚ ਇੰਨੀ ਪ੍ਰੇਮ-ਭਾਵਨਾ ਜਾਗ ਪਈ ਸੀ ਕਿ ਉਨ੍ਹਾਂ ਦਾ ਮਨ, ਭਗਤੀ ਦੇ ਰੰਗ ਵਿਚ ਹੀ ਰੰਗਿਆ ਗਿਆ । ਉਹ ਇਕ ਮਨ ਹੋ ਕੇ ਗੁਰਬਾਣੀ ਪੜ੍ਹਦੇ ਅਤੇ ਗੁਰੂ ਜੀ ਦੀ ਉਪਮਾ ਚਿੱਤ ਲਾ ਕੇ ਸੁਣਦੇ-ਵਿਚਾਰਦੇ[7]। ॥੩੧॥

(ਇਸ ਤਰਾਂ) ਉਹ ਵਾਹਿਗੁਰੂ ਦਾ ਸਿਮਰਨ ਕਰਦੇ ਤੇ ਉਤਸ਼ਾਹ ਉਮੰਗ[8] ਸਹਿਤ ਮੁੱਖੋਂ ਉਨ੍ਹਾਂ ਦੀ ਮਹਿਮਾ ਦਾ ਉਚਾਰਨ ਕਰਦੇ। ਉਨ੍ਹਾਂ ਦੇ ਚਿੱਤ ਵਿਚ ਅਜਿਹੀ ਵੱਖਰੀ ਤਰਾਂ ਦੀ ਪਰੀਤ ਲੱਗੀ ਕਿ ਉਨ੍ਹਾਂ ਦੀ ਦਿਨ-ਰਾਤ[9] ਸੁੱਖ ਦੇਣ ਵਾਲੇ (ਗੁਰੂ ਜੀ) ਦੇ ਨਾਲ ਲਿਵ ਲੱਗੀ ਰਹਿੰਦੀ। ॥੩੨॥

ਇਸ ਤਰਾਂ ਉਹ ਸੇਵਾ ਕਰਦੇ ਹੋਏ ਸਮਾਂ ਬਤੀਤ ਕਰਦੇ ਰਹੇ। ਜੱਗ ਦੇ ਕੰਮਾਂ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ ਜਾਂਦਾ। ਇਸ ਤਰਾਂ ਗੁਰੂ ਜੀ ਦੇ ਚਰਨ-ਕਮਲਾਂ ਵਿਚ ਭੌਰ ਰੂਪੀ ਮਨ ਨੂੰ ਲੁਭਾਉਂਦੇ ਹੋਏ ਉਨ੍ਹਾਂ ਨੇ ਕਿਤਨੇ ਹੀ ਦਿਨ[10] ਉਥੇ ਬਿਤਾਏ ॥੩੩॥

ਇੱਕ ਦਿਨ ਬੇਦੀ ਕੁਲ ਦੇ ਦੀਪਕ (ਗੁਰੂ ਨਾਨਕ ਜੀ) ਬੈਠੇ ਹੋਏ ਸਨ। (ਲਹਿਣਾ ਜੀ) ਕੋਲ ਬੈਠੇ ਹੋਏ ਗੁਰੂ ਜੀ ਦੇ ਚਰਨ ਘੁੱਟ ਰਹੇ ਸਨ। ਜਦ ਉਨ੍ਹਾਂ ਛੂਹਦਿਆਂ ਹੋਇਆਂ ਪਿੰਨੀ[11] ਨੂੰ ਵੇਖਿਆ, ਜਿਸ ਨੂੰ ਬਹੁਤ[12] ਝਰੀਟਾਂ ਪਈਆਂ ਹੋਈਆਂ ਸਨ। ॥੩੪॥

SikhBookClub.Com

ਬੂਝੋ ਲਹਿਣੇ ਦ੍ਵੈ ਕਰ ਬੰਦੇ[1] । 'ਕਿਸ ਬਿਧ ਕੰਟਕ[2] ਲਗੇ ਮੁਕੰਦੇ!।
ਵਹਿਰ ਕਹੂੰ ਅਸ ਠੌਰਨ ਮਾਂਹੀ।ਗਮਨੇ ਪ੍ਰਭੂ! ਆਪ ਕਬਿ ਨਾਹੀਂ ॥੩੫॥

ਅਬ ਲਾਗੀ ਹੈਂ ਪਰਹਿਂ ਲਖਾਈ[3] । ਇਹ ਕਾਰਨ ਮੁਝ ਦੇਹੁ ਬਤਾਈ'।
ਸੁਨ ਕੈ ਸ੍ਰੀ ਗੁਰ ਗਿਰਾ ਅਲਾਈ ।'ਏਕ ਅਯਾਲੀ ਅਜਾ[4] ਚਰਾਈ॥੩੬॥

ਦੋਹਰਾ

ਮਨ ਇਕਾਂਤ ਹ੍ਵੈ ਪ੍ਰੀਤ ਯੁਤ ਪਢਹਿ ਸੋਹਿਲਾ[(*5)] ਸੋਇ।
ਕੰਟਕ ਝਾਰ ਅਪਾਰ ਜਿਹ ਫਿਰਤ ਪ੍ਰੇਮ ਮਹਿਂ ਹੋਇ॥੩੭॥

ਚੌਪਈ

ਹ੍ਵੈ ਸਮੀਪ ਬਿਚਰੋਂ ਤਿਹ ਸੰਗਾ । ਲਗਨੇ ਦੇਉਂ ਨ ਕੰਟਕ ਅੰਗਾ।
ਤਹਾਂ ਝਰੀਟ ਲਗੀ ਇਹੁ ਜਾਨਹੁ । ਲਹਿਣੇ! ਸਾਚ ਬਚਨ ਮਮ ਮਾਨਹੁ॥੩੮॥

ਪਢਹਿ ਸੋਹਿਲਾ ਜੋ ਕਿਤ ਕੋਊ । ਤਿਹ ਸਮੀਪ ਨਿਸ਼ਚੈ ਮੈਂ ਹੋਊ'।
ਅਸ ਕਹਿ ਪੁਨ ਇਕ ਸਿੱਖ ਹਕਾਰਾ[5] । ਤਿਹ ਸੋਂ ਬੋਲੇ ਮੋਖ ਉਦਾਰਾ[6]॥੩੯॥

'ਅਮਕਾ ਜੋ ਥਲ ਤਹਾਂ ਅਯਾਲਾ । ਅਜਾ ਚਰਾਵਤ ਪ੍ਰੇਮ ਬਿਸਾਲਾ।
ਜਾਵਹੁ ਤੁਮ ਤਹਿਂ ਨਿਕਟ ਨਿਹਾਰੀ । ਆਦਰ ਯੁਕਤ ਸੁ ਆਇ ਹਕਾਰੀ[7]'॥੪੦॥

ਆਇਸੁ[8] ਪਾਇ ਗਯੋ ਸਿਖ ਤਹਿਂਵਾ । ਅਜਾ ਚਰਾਇ ਅਯਾਲੀ ਜਹਿਂਵਾ।
ਤਿਹ ਬਿਲੋਕ ਬੋਲਜੋ ਮ੍ਰਿਦੁ[9] ਬਾਨੀ । 'ਤੁਝਹਿ ਹਕਾਰਤਿ ਗੁਰ ਗੁਨਖਾਨੀ'॥੪੧॥

ਸੁਨ ਕਰ ਚਲਜੋ ਸਿੱਖ ਕੇ ਸਾਥਾ । ਆਇ ਨਿਵਾਯੋ ਜੁਗ[10] ਪਗ ਮਾਥਾ।
ਕ੍ਰਿਪਾ ਦ੍ਰਿਸ਼ਟਿ ਕੋ ਦੇਖ ਗੁਸਾਂਈ । ਤਿਹ ਅਯਾਲਿ ਸੋਂ ਗਿਰਾ ਅਲਾਈ॥੪੨॥

ਦੋਹਰਾ

'ਸੋਵਨ ਸਮੈਂ ਬਖਾਨਿਯੇ ਕੰਠ ਸੋਹਿਲਾ ਜੋਇ'।
ਅਧਿਕ ਖ਼ੁਸ਼ੀ ਬਹੁਰੋ ਕਰੀ ਦ੍ਵੈਤ[11] ਰਿਦੈ ਤੇ ਖੋਇ॥੪੩॥

SikhBookClub.Com

ਲਹਿਣੇ ਨੇ ਦੋਨੋਂ ਹੱਥ ਜੋੜ ਕੇ[1] ਪੁੱਛਿਆ, "ਹੇ ਮੁਕਤੀ ਦੇ ਦਾਤਾ (ਗੁਰੂ ਨਾਨਕ ਜੀ)! ਇਹ ਕੰਡੇ[2] ਕਿਸ ਤਰਾਂ (ਪੈਰਾਂ ਵਿਚ) ਵੱਜ ਗਏ ਹਨ? ਹੇ ਪ੍ਰਭੂ ਜੀ! ਐਸੀਆਂ (ਕੰਡਿਆਲੀਆਂ) ਥਾਂਵਾਂ ਤੇ ਬਾਹਰ ਤਾਂ ਕਦੇ ਆਪ ਗਏ ਹੀ ਨਹੀਂ। ॥੩੫॥

ਇਹ ਝਰੀਟਾਂ ਹੁਣੇ ਹੀ ਪੈਰਾਂ ਵਿਚ ਲੱਗੀਆਂ ਜਾਪਦੀਆਂ[3] ਹਨ। ਇਸ ਦਾ ਕਾਰਨ ਤਾਂ ਮੈਨੂੰ ਦੱਸੋ।" ਲਹਿਣਾ ਜੀ ਦੇ ਇਹ ਬੋਲ ਸੁਣ ਕੇ ਗੁਰੂ ਜੀ ਨੇ ਆਖਿਆ, ਇਕ ਆਜੜੀ ਇੱਜੜ[4] (ਬੱਕਰੀਆਂ) ਚਰਾ ਰਿਹਾ ਹੈ। ॥੩੬॥

ਦੋਹਰਾ

ਉਹ ਇਕ ਮਨ ਹੋ ਕੇ ਜਿਥੇ ਬਹੁਤ ਝਾੜ ਕੰਡੇ ਨੇ, ਪ੍ਰੇਮ ਨਾਲ ਕੀਰਤਨ-ਸੋਹਿਲੇ ਦਾ ਪਾਠ ਕਰਦਾ ਹੋਇਆ ਫਿਰ ਰਿਹਾ ਹੈ। ॥੩੭॥

ਚੌਪਈ

ਅਸੀਂ ਉਸ ਦੇ ਨਾਲ (ਪਾਠ ਸੁਣਨ ਲਈ) ਵਿਚਰ ਰਹੇ ਹਾਂ। ਉਸ ਦੇ ਅੰਗਾਂ ਨੂੰ ਕੰਡਾ ਨਹੀਂ ਲੱਗਣ ਦੇਣਾ। ਸਮਝੋ ਅਸਾਂ ਦੇ ਉਥੋਂ ਇਹ ਝਰੀਟਾਂ ਲੱਗੀਆਂ ਹਨ। ਹੇ ਲਹਿਣੇ! ਤੂੰ ਮੇਰੇ ਬੋਲ ਸੱਚ ਜਾਣ ਕੇ ਮੰਨ ਲੈ ॥੩੮॥

ਕੋਈ ਵੀ ਜਿਥੇ ਕਿਤੇ ਵੀ ਕੀਰਤਨ-ਸੋਹਿਲੇ ਦਾ ਪਾਠ ਕਰਦਾ ਹੋਵੇਗਾ, ਯਕੀਨੀ ਤੌਰ 'ਤੇ ਮੈਂ ਉਸ ਦੇ ਕੋਲ ਹੁੰਦਾ ਹਾਂ।" ਇਹ ਕਹਿਣ ਪਿੱਛੋਂ ਉਨ੍ਹਾਂ ਇਕ ਸਿੱਖ ਨੂੰ ਸੱਦਿਆ[5] ਤੇ ਉਸ ਨੂੰ ਮੁਕਤੀ ਦੇ ਦਾਤਾ[6] (ਗੁਰੂ ਜੀ) ਨੇ ਕਿਹਾ। ॥੩੯॥

"ਫਲਾਨੀ ਥਾਂ 'ਤੇ ਜੋ ਆਜੜੀ ਬਹੁਤ ਪ੍ਰੇਮ ਨਾਲ ਇੱਜੜ ਨੂੰ ਚਰਾ ਰਿਹਾ ਹੈ। ਤੁਸੀਂ ਵੇਖ ਕੇ ਉਸ ਦੇ ਕੋਲ ਜਾਵੋ ਅਤੇ ਬਹੁਤ ਹੀ ਸਤਿਕਾਰ ਨਾਲ ਉਸ ਨੂੰ ਬੁਲਾ[7] ਕੇ ਲਿਆਵੋ।" ॥੪੦॥

ਗੁਰੂ ਜੀ ਦੇ ਹੁਕਮ[8] ਨਾਲ ਉਹ ਸਿੱਖ ਉਥੇ ਚਲਾ ਗਿਆ, ਜਿਥੇ ਆਜੜੀ ਬੱਕਰੀਆਂ (ਇੱਜੜ) ਚਰਾ ਰਿਹਾ ਸੀ। ਉਸ ਨੂੰ ਵੇਖ ਕੇ ਉਸ ਨੇ ਬੜੇ ਕੋਮਲ[9] ਬਚਨ ਨਾਲ ਕਿਹਾ, "ਤੈਨੂੰ ਗੁਣਾਂ ਦੀ ਖਾਣ ਗੁਰੂ ਨਾਨਕ ਜੀ ਬੁਲਾ ਰਹੇ ਹਨ।" ॥੪੧॥

ਸੁਣ ਕੇ ਆਜੜੀ ਉਸ ਸਿੱਖ ਨਾਲ ਚੱਲ ਪਿਆ ਅਤੇ ਗੁਰੂ ਜੀ ਕੋਲ ਆ ਕੇ ਦੋਹਾਂ[10] ਚਰਨਾਂ 'ਤੇ ਮੱਥਾ ਟੇਕਿਆ। ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਦੇਖਦੇ ਹੋਏ ਆਜੜੀ ਨੂੰ ਬਚਨ ਕੀਤਾ ॥੪੨॥

ਦੋਹਰਾ

ਕੀਰਤਨ ਸੋਹਿਲੇ ਦਾ ਪਾਠ ਜੋ ਤੇਰੇ ਯਾਦ ਹੈ, ਇਸ ਨੂੰ ਸੌਣ ਵੇਲੇ ਪੜ੍ਹਿਆ ਕਰੋ। ਇਸ ਤਰਾਂ ਕਰਨ ਨਾਲ ਬਹੁਤ ਖੁਸ਼ੀਆਂ ਮਿਲਣਗੀਆਂ ਅਤੇ ਮਨ ਵਿੱਚੋਂ ਈਰਖਾ[11] ਦੂਰ ਹੋ ਜਾਏਗੀ।" ॥੪੩॥

SikhBookClub.Com

ਚੌਪਈ

ਸੁਨ ਅਯਾਲਿ[1] ਨੈ ਬਿਨੈ ਉਚਾਰੀ । 'ਅਬ ਜਿਉਂ ਹੋਇ ਰਜਾਇ ਤੁਮਾਰੀ।
ਤਿਉਂ ਮੈ ਕਰਹੌਂ ਧਰ ਉਰ ਪ੍ਰੀਤੀ । ਸੋਈ ਲਖੋਂ ਸ਼ਾਂਤਿਦਾ ਰੀਤੀ' ॥੪੪॥

ਨਿਕਟ ਜਿ ਨਰ ਭੇ ਬਿਸਮੇ ਤਬਹੀ । ਧਰਹਿਂ ਗੁਰੂ ਪਰ ਸਰਧਾ ਸਬਹੀ।
ਪਿਖਿਓ ਲੋਚਨ ਕਾਰਨ ਜੋਈ । ਦ੍ਰਿਢ ਪਰਤੀਤ ਰਿਦੇ ਮਹਿਂ ਹੋਈ॥੪੫॥

ਪਢਹਿ ਸੋਹਿਲਾ ਸੋਵਨ[2] ਕਾਲਾ । ਹਿਰਦੈ ਧਰ ਕੈ ਧਜਾਨ ਬਿਸਾਲਾ।
ਤਿਨ ਕਾ ਹੈ ਸਤਿਗੁਰ ਰਖਵਾਰਾ । ਬਿਘਨ ਸਰਬ ਦੇ ਦੂਖ ਨਿਵਾਰਾ॥੪੬॥

ਤੀਨ ਬਰਖ ਜਬ ਇਸ ਬਿਧ ਬੀਤੀ । ਲਹਿਣਾ ਸੇਵ ਕਰੇ ਯੁਤ ਪ੍ਰੀਤੀ।
ਪੁਨ ਨਿਕੇਤ ਸੁਧ ਲੇਨੇ ਕਾਰਨ । ਆਇਸੁ ਦੀਨੀ ਦੰਭ ਬਿਦਾਰਨ[3] ॥੪੭॥

ਸੁਨ ਨਿਦੇਸ਼ ਪ੍ਰਭੁ ਜਾਇ ਨ ਮੋਰੀ । ਬੰਦੇ ਪਦ ਪੰਕਜ ਕਰ ਜੋਰੀ।
ਗਮਨਜੋ ਪੰਥ[4] ਰਿਦੇ ਧਰ ਧਜਾਨਾ । ਮਨ ਥਿਰ, ਕਿੰਚਿਤ[5] ਨਾਂਹਿ ਡੁਲਾਨਾ॥੪੮॥

ਕ੍ਰਮ ਕਰ ਪਹੁੰਚ ਖਡੂਰ ਮਝਾਰਾ । ਪ੍ਰਵਿਸਜੋ ਸਦਨ ਮਿਲਜੋ ਪਰਵਾਰਾ।
ਤਬ ਸਬ ਨਰਨ ਕਾਨ ਸੁਨ ਪਾਯੋ । 'ਕਾਲ ਬਿਤੇ ਬਹੁ ਲਹਿਣਾ ਆਯੋ' ॥੪੯॥

ਮਿਲਨ ਹੇਤ ਮਿਲ ਕਰਕੈ ਸਬਹੀ । ਸੁਜਸੁ ਕਹਤਿ ਚਲ ਆਏ ਤਬਹੀ।
ਆਦਰ ਕਰਨ ਨਰਨ ਸਬ ਤਾਂਈ । ਉਠਜੋ ਸੁ ਮੰਚ[6] ਪਰ ਤੇ ਅਗੁਵਾਈ॥੫੦॥

ਗਰ ਸੋਂ ਲਾਇ ਮਿਲਜੋ ਸਭ ਸੰਗਾ । ਪੇਖਜੋ ਨਰਨ ਸੁਭਾਉ ਉਤੰਗਾ[7]।
ਹੁਤੋ ਸੁਸ਼ੀਲ ਚੌਧਰੀ ਗ੍ਰਾਮੂ । ਉੱਤਮ ਅਹੈ ਤਖਤਮਲ ਨਾਮੂ॥੫੧॥

ਤਿਨ ਤਬ ਆਇ ਬੰਦਨਾ ਕੀਨੀ । ਸੇਵ ਨਿੰਮ੍ਰਤਾ ਮਹਿਂ ਮਤ ਭੀਨੀ।
ਤਿਹ ਬਿਲੋਕ ਲਹਿਣਾ ਕਹਿ ਬਚਨਾ । ਮਾਧੁਰਤਾ ਮਿਰਦੁਲ[8] ਜਿਨ ਰਚਨਾ॥੫੨॥

SikhBookClub.Com

ਚੌਪਈ

ਆਜੜੀ[1] ਨੇ ਸੁਣ ਕੇ ਬੇਨਤੀ ਕੀਤੀ, "ਜਿਸ ਤਰਾਂ ਵੀ ਆਪ ਜੀ ਦੀ ਆਗਿਆ ਹੋਵੇ, ਹੁਣ ਮੈਂ ਉਸੇ ਤਰਾਂ ਹੀ (ਰਾਤ ਨੂੰ ਹੀ) ਹਿਰਦੇ ਵਿਚ ਪ੍ਰੇਮ ਸਹਿਤ ਪਾਠ ਕਰਾਂਗਾ ਅਤੇ ਇਹੋ ਹੀ ਸ਼ਾਂਤੀਦਾਇਕ ਰੀਤੀ ਸਮਝਾਂਗਾ (ਅਪਣਾਵਾਂਗਾ)। ॥੪੪॥

ਕੋਲ ਜੋ ਹੋਰ ਬੰਦੇ ਬੈਠੇ ਸਨ, ਉਹ ਹੈਰਾਨ ਹੋਏ। ਗੁਰੂ ਜੀ ਉੱਪਰ ਸਭ ਨੇ ਸ਼ਰਧਾ ਧਾਰਨ ਕਰ ਲਈ ਸੀ। (ਪੈਰਾਂ ਉੱਤੇ ਪਈਆਂ ਝਰੀਟਾਂ ਦੇ) ਇਸ ਕਾਰਨ ਨੂੰ ਅੱਖੀਂ ਵੇਖ ਕੇ ਉਨ੍ਹਾਂ ਦੇ ਹਿਰਦਿਆਂ ਵਿਚ ਦ੍ਰਿੜ੍ਹ ਵਿਸ਼ਵਾਸ ਪੈਦਾ ਹੋ ਗਿਆ ॥੪੫॥

ਰਾਤ ਨੂੰ ਸੌਣ[2] ਵੇਲੇ ਜੋ ਮਨ ਵਿਚ ਗੁਰੂ ਜੀ ਦਾ ਧਿਆਨ ਧਰਕੇ ਕੀਰਤਨ ਸੋਹਿਲੇ ਦਾ ਪਾਠ ਕਰਦਾ ਹੈ, ਉਸ ਦਾ ਗੁਰੂ ਰਖਵਾਲਾ ਹੋਵੇਗਾ ਅਤੇ ਸਭ ਵਿਘਨਾਂ ਤੋਂ ਨਵਿਰਤੀ ਕਰੇਗਾ। ॥੪੬॥

ਇਸ ਤਰਾਂ ਜਦੋਂ ਬਹੁਤ ਹੀ ਪ੍ਰੇਮ ਭਾਵਨਾ ਨਾਲ ਲਹਿਣਾ ਜੀ ਦੇ ਸੇਵਾ ਕਰਦਿਆਂ ਤਿੰਨ ਸਾਲ ਬੀਤ ਗਏ ਤਾਂ ਪਾਖੰਡਾਂ ਦਾ ਨਾਸ਼[3] ਕਰਨਹਾਰੇ ਗੁਰੂ ਜੀ ਨੇ ਉਨ੍ਹਾਂ ਨੂੰ ਫਿਰ ਆਪਣੇ ਘਰ ਦੀ ਖ਼ਬਰਸਾਰ ਲੈਣ ਲਈ ਆਗਿਆ ਦੇ ਦਿੱਤੀ। ॥੪੭॥

ਗੁਰੂ ਜੀ ਦਾ ਉਪਦੇਸ਼ ਸੁਣ ਕੇ ਲਹਿਣਾ ਜੀ ਤੋਂ ਉਨ੍ਹਾਂ ਦਾ ਕਿਹਾ ਮੋੜਿਆ ਨਾ ਜਾਵੇ ਅਤੇ ਉਸ ਨੇ ਦੋਨੋਂ ਹੱਥ ਬੰਨ੍ਹ ਕੇ ਚਰਨ-ਕਮਲਾਂ ਵਿਚ ਬੰਦਨਾ ਕੀਤੀ ਅਤੇ ਹਿਰਦੇ ਵਿਚ ਗੁਰੂ ਜੀ ਦਾ ਧਿਆਨ ਧਾਰ ਕੇ ਆਪਣੇ ਰਾਹ[4] ਪੈ ਗਿਆ । ਉਸ ਨੇ ਮਨ ਨੂੰ ਸਥਿਰ ਕਰ ਲਿਆ ਸੀ ਤੇ ਰਤਾ[5] ਭਰ ਵੀ ਡੋਲਣ ਨਹੀਂ ਸੀ ਦਿੱਤਾ। ॥੪੮॥

ਚੰਗਾ ਕਰਮ ਕਰਕੇ ਉਹ ਖਡੂਰ ਪਿੰਡ ਵਿਚ ਪਹੁੰਚ ਗਿਆ। ਆਪਣੇ ਘਰ ਵਿਚ ਦਾਖਲ ਹੋ ਕੇ ਸਾਰੇ ਪਰਿਵਾਰ ਨੂੰ ਮਿਲਿਆ। ਤੇ ਫਿਰ ਜਦ ਸਾਰੇ ਲੋਕਾਂ ਦੇ ਇਹ ਗੱਲ ਕੰਨੀ ਪਈ, "ਲੰਬਾ ਸਮਾਂ ਬਿਤਾਉਣ ਬਾਅਦ ਲਹਿਣਾ ਘਰੇ ਆਇਆ ਹੈ।" ॥੪੯॥

ਤਾਂ ਸਾਰੇ (ਪਿੰਡ ਵਾਸੀ) ਹੀ ਉਸਨੂੰ ਮਿਲਣ ਖਾਤਰ ਰਲ ਕੇ ਉਸ ਦੀ ਉਸਤਤ ਕਰਦੇ ਹੋਏ ਉਸੀ ਵਕਤ ਹੀ ਉਸ ਕੋਲ ਆ ਗਏ ਸਨ। ਲਹਿਣਾ ਜੀ ਨੇ ਸਾਰੇ ਆਇਆਂ ਦਾ ਸਤਿਕਾਰ ਕਰਨ ਲਈ ਪਲੰਘ[6] ਤੋਂ ਉਠ ਕੇ ਆਪ ਅੱਗੇ ਆਏ। ॥੫੦॥

ਉਹ ਸਾਰਿਆਂ ਨੂੰ ਗਲ ਲੱਗ ਕੇ ਮਿਲੇ। ਲੋਕਾਂ ਨੇ ਉਨ੍ਹਾਂ ਦੇ ਉੱਚੇ[7] ਸੁਭਾਅ ਨੂੰ ਵੇਖਿਆ। ਪਿੰਡ ਦਾ ਚੌਧਰੀ, ਜਿਸ ਦਾ ਨਾਮ ਤਖਤਮੱਲ ਸੀ, ਜੋ ਬਹੁਤ ਹੀ ਵਧੀਆ ਤੇ ਨੇਕ ਬੰਦਾ ਸੀ। ॥੫੧॥

ਉਸ ਨੇ ਆ ਕੇ ਨਮਸਕਾਰ ਕੀਤੀ। ਉਸ ਦੀ ਮਤ ਸੇਵਾ ਅਤੇ ਨਿਮਰਤਾ-ਭਾਵ ਵਿਚ ਭਿੱਜੀ ਹੋਈ ਸੀ। ਉਸ ਨੂੰ ਵੇਖ ਕੇ ਲਹਿਣਾ ਜੀ ਨੇ ਬਹੁਤ ਹੀ ਮਿੱਠੇ ਅਤੇ ਕੋਮਲ[8] ਸ਼ਬਦਾਂ ਵਿਚ ਕਿਹਾ ॥੫੨॥

SikhBookClub.Com

'ਮਤਿ ਬਿਸਾਲ[1] ਗਲ ਮਿਲੀਏ ਆਈ । ਬੰਦਨ ਕਰ ਕਿਉਂ ਬੈਸਜੋ ਜਾਈ?।
ਸਭ ਨਰ ਮਹਿੰ ਤੁਮ ਅਧਿਕ ਬਡੇਰੇ । ਮਨੁਜ ਗ੍ਰਾਮ ਅਨੁਸਾਰ ਸੁ ਤੇਰੇ॥੫੩॥

ਊਚੇ ਪਦ ਕੋ ਪਾਇ ਨਿਮਾਈ[2] । ਉੱਤਮ ਸੇ ਜਗ ਬਿਖੇ ਗਿਨਾਈ।
ਫਲ ਕੋ ਪਾਇ ਤਰੋਵਰੁ ਜੋਈ । ਸ਼ਾਖਾ ਝੁਕੈਂ ਧਰਨਿ ਪਰ ਸੋਈ'॥੫੪॥

ਕਹੈ ਚੌਧਰੀ ਦ੍ਵੈ ਕਰ ਜੋਰੇ । 'ਤੁਮ ਸ਼ੁਸ਼ੀਲ ਅਤਿਸ਼ੈ[3] ਪ੍ਰਿਯ ਮੋਰੇ।
ਮਹਾਂ ਪੁਰਖ ਕੇ ਢਿਗ ਚਿਰਕਾਲਾ । ਰਹਿ ਕੈ ਕੀਨੀ ਸੇਵ ਬਿਸਾਲਾ ॥੫੫॥

ਮਹਾਂਪੁਰਖ ਕੇ ਭਏ ਸਮਾਨਾ।ਤੁਮ ਕੋ ਪੂਜਨ ਮੈਂ ਭਲ ਜਾਨਾ।
ਗਰ ਸੋਂ ਮਿਲਨ ਯੋਗ ਅਬ ਨਾਹੀਂ । ਸੇਵਾ ਕਰਨ ਠਟੋ[4] ਮਨ ਮਾਂਹੀ'॥੫੬॥

ਸੁਨ ਸ੍ਰੀ ਲਹਿਣਾ ਹਰਖਜੋ ਭਾਰੀ । ਖ਼ੁਸ਼ੀ ਅਧਿਕ ਤਿਹ ਊਪਰ ਧਾਰੀ।
ਕਹਜੋ ਬਚਨ 'ਤੂੰ ਅੜਿ ਬ੍ਰਿਧ ਹੋਵਹਿੰ । ਸਤਿਗੁਰ ਭਾਵੈ ਸਭ ਦੁਖ ਖੋਵਹਿੰ॥੫੭॥

ਪਾਇਂ ਸਦਨ ਮਹਿੰ ਸਰਬ ਪਦਾਰਥ । ਜਾਇਂ ਪ੍ਰਲੋਕ ਹੋਇ ਕਿਰਤਾਰਥ[5]'।
ਤਬ ਤੇ ਤਿਹ ਨਿਕੇਤ ਕੇ ਮਾਂਹੀ । ਕਿਸੂ ਵਸਤੁ ਕੀ ਕਮਤੀ ਨਾਹੀਂ ॥੫੮॥

ਕਰਨੀ ਭਗਤਿ ਰਿਦੇ ਮਹਿੰ ਜਾਗੀ । ਸਤਿਗੁਰ ਨਾਮ ਸੰਗ ਲਿਵ ਲਾਗੀ।
ਬਹੁਰੋ ਕਰਤ ਭਏ ਸਤਿ ਭਾਉ । ਉਸਤਤਿ ਕਰਹਿੰ ਲੇਤ ਮੁਖ ਨਾਉਂ॥੫੯॥

ਦੋਹਰਾ

ਤਿਹ ਛਿਨ ਬੈਠਜੋ ਤਖ਼ਤਮਲ ਮਾਨਵ ਅਪਰ ਸੁ ਬ੍ਰਿੰਦ[6]।
ਸਬਦ ਉਚਾਰਜੋ ਸਤਿਗੁਰੂ ਸਰਧਾ ਹਿਤ ਸੁਖਕੰਦ[7]॥੬੦॥

SikhBookClub.Com

ਹੇ ਵੱਡੀ[1] ਮੱਤ ਵਾਲੇ ਚੌਧਰੀ ਜੀ, ਨਮਸਕਾਰ ਕਰਕੇ ਕਿਉਂ ਬੈਠ ਰਹੇ ਹੋ? ਆਓ ਗਲਵੱਕੜੀ ਪਾ ਕੇ ਮਿਲੀਏ। ਤੁਸੀਂ ਤਾਂ ਸਭ ਤੋਂ ਵੱਡੇ ਹੋ, ਸਾਰੇ ਪਿੰਡ ਦੇ ਲੋਕ ਆਪ ਦੀ ਆਗਿਆ ਅਨੁਸਾਰ ਚੱਲਦੇ ਹਨ। ॥੫੩॥

ਨਿਉਂ[2] ਕੇ ਚੱਲਣ ਵਾਲੇ ਉੱਚਾ ਸਥਾਨ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਜੱਗ ਵਿਚ ਸਭ ਤੋਂ ਉਤਮ ਗਿਣਿਆ ਜਾਂਦਾ ਹੈ। ਜਿਸ ਬਿਰਛ ਨੂੰ ਫਲ ਲੱਗਿਆ ਹੁੰਦਾ ਹੈ, ਉਸੇ ਦੀਆਂ ਹੀ ਸ਼ਾਖਾਵਾਂ ਧਰਤੀ ਵੱਲ ਝੁਕੀਆਂ ਹੋਈਆਂ ਹੁੰਦੀਆਂ ਹਨ।" ॥੫੪॥

ਤਾਂ ਚੌਧਰੀ ਦੋਨੋਂ ਹੱਥ ਜੋੜ ਕੇ ਕਹਿਣ ਲੱਗਾ, "ਤੁਸੀਂ ਮੇਰੇ ਬਹੁਤ[3] ਹੀ ਪਿਆਰੇ ਅਤੇ ਨੇਕ ਬੰਦੇ ਹੋ। ਜਿਨ੍ਹਾਂ ਨੇ ਗੁਰੂ ਨਾਨਕ ਜੀ ਮਹਾਂਪੁਰਸ਼ਾਂ ਕੋਲ ਲੰਬਾ ਸਮਾਂ ਰਹਿ ਕੇ ਬੇਅੰਤ ਸੇਵਾ ਕੀਤੀ ਹੈ। ॥੫੫॥

ਤੇ ਤੁਸੀਂ ਮਹਾਂਪੁਰਖਾਂ ਦੇ ਸਮਾਨ ਹੋ ਗਏ ਹੋ। ਮੈਂ ਹੁਣ ਤੁਹਾਨੂੰ ਪੂਜਣ ਵਿਚ ਹੀ ਭਲਾ ਸਮਝਦਾ ਹਾਂ। ਹੁਣ ਗਲਵੱਕੜੀ ਪਾ ਕੇ ਆਪ ਨੂੰ ਮਿਲਣਾ ਸੋਭਾ ਨਹੀਂ ਦਿੰਦਾ। (ਮੈਂ ਤਾਂ) ਆਪ ਦੀ ਸੇਵਾ ਕਰਨ ਦਾ ਹੀ ਆਪਣਾ ਮਨ ਬਣਾ[4] ਲਿਆ ਹੈ।" ॥੫੬॥

ਇਹ ਸੁਣ ਕੇ ਲਹਿਣਾ ਜੀ ਬਹੁਤ ਖੁਸ਼ ਹੋਏ ਤੇ ਉਨ੍ਹਾਂ ਨੇ ਚੌਧਰੀ ਉਪਰ ਖੁਸ਼ੀ ਧਾਰਨ ਕਰਦੇ ਹੋਏ ਬਚਨ ਕੀਤਾ, "ਤੁਹਾਡੀ ਉਮਰ ਲੰਬੀ ਹੋਵੇ। ਸਤਿਗੁਰੂ ਦੀ ਕਿਰਪਾ ਹੋਵੇ ਤਾਂ ਆਪ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ॥੫੭॥

ਤੂੰ ਆਪਣੇ ਘਰ ਵਿਚ ਸਾਰੇ ਪਦਾਰਥ ਪ੍ਰਾਪਤ ਕਰੇਂ। ਮੁਕਤੀ[5] ਪ੍ਰਾਪਤ ਕਰਕੇ ਪਰਲੋਕ ਸਿਧਾਰੋ। ਉਸ ਵੇਲੇ ਤੋਂ ਉਸ ਦੇ ਘਰ ਵਿਚ ਕਿਸੇ ਵੀ ਚੀਜ਼ ਦੀ ਘਾਟ ਨਹੀ ਸੀ ਆਈ ॥੫੮॥

ਉਸ ਦੀ ਗੁਰੂ ਦੇ ਨਾਮ ਨਾਲ ਲਿਵ ਲੱਗ ਗਈ ਸੀ ਤੇ ਉਸ ਦੇ ਹਿਰਦੇ ਅੰਦਰ ਭਗਤੀ ਪ੍ਰਤੀ ਇੱਛਾ ਪਰਬਲ ਹੋ ਗਈ ਸੀ। ਫਿਰ ਉਹ ਸੱਚ ਪ੍ਰੇਮ ਕਰਨ ਲੱਗ ਪਿਆ ਸੀ ਤੇ ਮੁੱਖ ਤੋਂ ਪ੍ਰਭੂ ਦਾ ਨਾਮ ਲੈਂਦਾ ਹੋਇਆ ਉਪਮਾ ਕਰਨ ਲੱਗਿਆ ਸੀ। ॥੫੯॥

ਦੋਹਰਾ

ਉਸ ਵੇਲੇ ਜਦ ਚੌਧਰੀ ਤਖਤਮੱਲ ਅਤੇ ਹੋਰ ਬਹੁਤ[6] ਸਾਰੇ ਬੰਦੇ ਬੈਠੇ ਹੋਏ ਸਨ ਤਾਂ ਲਹਿਣਾ ਜੀ ਨੇ ਗੁਰੂ ਨਾਨਕ ਜੀ ਸੁੱਖਾਂ ਦੇ ਮੂਲ[7] ਦਾ ਬਹੁਤ ਹੀ ਸ਼ਰਧਾ ਭਾਵ ਨਾਲ ਸ਼ਬਦ ਉਚਾਰਨ ਕੀਤਾ ॥੬੦॥

SikhBookClub.Com

ਸ੍ਰੀ ਮੁਖ ਵਾਕ ਸੂਹੀ ਮਹਲਾ ੧॥

ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ॥
ਸਹਸਾ ਮੂਲੇ ਨਾਹਿ ਸਰਪਰ ਤਾਰਸੀ॥੧॥ ਤਿਨ੍ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥ ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ॥੨॥
ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ॥ ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥
ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ॥੩॥ ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ॥
ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥ ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥੪॥੩॥

(ਗੁ. ਗ੍ਰੰ. ਸਾਹਿਬ, ਪੰਨਾ ੭੨੯)

ਚੌਪਈ

ਤਿਹਛਿਨ ਸੁਨ ਕੈ ਬੰਦਨ ਕੀਨੀ । ਭਾਉ ਬਿਖੈ ਮਤ ਸਭ ਕੀ ਭੀਨੀ[1]।
ਇਸ ਪ੍ਰਕਾਰ ਮਿਲ ਕੀਨੋ ਗਵਨੰ । ਲਹਿਣਾ ਰਹਜੋ ਕਿਤਕ ਦਿਨ ਭਵਨੰ॥੬੧॥

ਕਬਿ ਇਕ ਛਿਨ ਚਿਤ ਪਰਚਤ ਨਾਹੀਂ । ਕਬਿ ਆਂਛਨ ਕਬਿ ਬਾਹਰ ਜਾਂਹੀ।
ਗੁਰ ਪਦਪੰਕਜ ਢਿਗ ਮਨ ਛੋਰਾ।ਤਨ ਆਯੋ ਨਿਕੇਤ[2] ਕੀ ਓਰਾ॥੬੨॥

ਕੈਸੇ ਹੋਇ ਚੈਨ ਮਨ ਮਾਂਹੀ । ਚੰਦ ਚਕੋਰ ਚੀਤ ਚਿਤ ਚਾਹੀ।
ਲੋਚਨ ਕਮਲ ਰਹੈਂ ਅਲਸਾਏ । ਬਿਨ ਅਪਨੋ ਪ੍ਰੀਤਮ ਰਵਿ[3] ਪਾਏ॥੬੩॥

ਕਿਹ ਸੋਂ ਕਹੈਂ ਨ,ਰਹੈਂ ਉਦਾਸਾ । ਕਰਤ ਨ ਸੁੱਧ ਉਰ ਕਾਜ ਅਵਾਸਾ[4]।
ਰਹੇ ਅਲਪ ਦਿਨ ਬੀਚ ਖਡੂਰੇ । ਪੁਨ ਚਹਿੰ[5] ਚਲਜੋ ਨਿਕਟ ਗੁਰ ਪੂਰੇ॥੬੪॥

ਸਬਹਿਨ ਸੋਂ ਮਿਲ ਕਰ ਹਿਤ ਸੰਗਾ । ਗਮਨਜੋ ਪੰਥ ਰਿਦੇ ਸੁ ਉਮੰਗਾ।
ਨਰ ਕਹਿ ਰਹੇ 'ਰਹਉ ਕੁਛ ਔਰੀ । ਬਹੁ ਦਿਨ ਮਹਿਂ ਆਯੋ ਨਿਜ ਠੌਰੀ[6]'॥੬੫॥

SikhBookClub.Com

ਸ੍ਰੀ ਮੁਖਵਾਕ ਪਾਤਸ਼ਾਹੀ ਪਹਿਲੀ, ਰਾਗ ਸੂਹੀ

ਜਿਨ੍ਹਾਂ ਦੇ ਮਨ ਰੂਪੀ ਭਾਂਡੇ ਵਿਚ ਪ੍ਰਭੂ ਦਾ ਪ੍ਰੇਮ ਹੈ, ਉਨ੍ਹਾਂ ਨੂੰ ਪ੍ਰਭੂ ਰੂਹਾਨੀ ਜੀਵਨ ਬਖਸ਼ਦਾ ਹੈ। ਉਹ ਉਨ੍ਹਾਂ ਨੂੰ ਠੰਢ, ਚੈਨ ਦੀ ਦਾਤ ਦਿੰਦਾ ਹੈ ਅਤੇ ਉਨ੍ਹਾਂ ਨੂੰ ਤਕਲੀਫ ਭੁਲਾ ਦਿੰਦਾ ਹੈ। ਅਸਲੋਂ ਹੀ ਕੋਈ ਸੰਦੇਹ ਨਹੀਂ ਕਿ ਉਹ ਨਿਸਚਿੰਤ ਹੀ ਉਨ੍ਹਾਂ ਦਾ ਪਾਰ-ਉਤਾਰਾ ਕਰ ਦੇਵੇਗਾ॥੧॥ ਗੁਰੂ ਜੀ ਉਨ੍ਹਾਂ ਨੂੰ ਆ ਕੇ ਮਿਲਦੇ ਹਨ ਜਿਨ੍ਹਾਂ ਵਾਸਤੇ ਇਹੋ ਜਿਹੀ ਪਰਾਲਭਧ ਲਿਖੀ ਹੋਈ ਹੈ। ਉਹ ਉਨ੍ਹਾਂ ਨੂੰ ਵਾਹਿਗੁਰੂ ਦੇ ਅੰਮ੍ਰਿਤਮਈ ਨਾਮ ਦਾ ਉਪਦੇਸ਼ ਦਿੰਦੇ ਹਨ। ਜੋ ਸੱਚੇ ਗੁਰਾਂ ਦੇ ਭਾਣੇ ਅੰਦਰ ਚੱਲਦੇ ਹਨ, ਉਹ ਕਦਾਚਿਤ ਮੰਗਦੇ ਨਹੀਂ ਫਿਰਦੇ। ॥੨॥ ਜੋ ਆਪਣੇ ਸਾਹਿਬ ਦੇ ਅੰਦਰ ਵਸਦਾ ਹੈ, ਉਹ ਹੋਰ ਕਿਸੇ ਨੂੰ ਕਿਉਂ ਨਮਸਕਾਰ ਕਰੇ? ਪ੍ਰਭੂ ਦੇ ਦੁਆਰੇ ਦਾ ਦੁਆਰਪਾਲ ਉਸ ਨੂੰ ਅਸਲੋਂ ਹੀ ਕੋਈ ਸੁਆਲ ਨਹੀਂ ਪੁੱਛਦਾ। ਪ੍ਰਾਣੀ ਉਸ ਦੇ ਆਖਣ ਤੇ (ਵਿਕਾਰਾਂ ਤੋਂ) ਮੁਕਤ ਹੋ ਜਾਂਦਾ ਹੈ, ਜਿਸ ਉੱਤੇ ਪ੍ਰਭੂ ਦੀ ਰਹਿਮਤ ਹੈ। ॥੩॥ ਸਾਹਿਬ ਖੁਦ ਹੀ ਪ੍ਰਾਣੀਆਂ ਨੂੰ ਭੇਜਦਾ ਹੈ ਅਤੇ ਵਾਪਸ ਬੁਲਾਉਂਦਾ ਹੈ। ਹਰ ਕੋਈ ਉਸ ਨੂੰ ਮਸ਼ਵਰਾ ਦੇਣ ਵਾਲਾ ਨਹੀਂ। ਉਹ ਖੁਦ ਹੀ ਢਾਹ-ਢੇਰੀ ਕਰਦਾ, ਬਣਾਉਂਦਾ ਤੇ ਸਾਜਦਾ ਹੈ। ਉਹ ਸੁਆਮੀ ਸਾਰਾ ਕੁਝ ਜਾਣਦਾ ਹੈ। ਨਾਨਕ ਨਾਮ ਇਕ ਦਾਤ ਹੈ, ਜੋ ਮਿਹਰਬਾਨ ਮਾਲਕ ਉਸ ਨੂੰ ਦਿੰਦਾ ਹੈ, ਜਿਸ ਉੱਤੇ ਆਪਣੀ ਰਹਿਮਤ ਧਾਰਦਾ ਹੈ। (ਗੁ. ਗ੍ਰੰ. ਸਾਹਿਬ, ਪੰਨਾ 729-30)

ਚੌਪਈ

ਉਸ ਪਲ ਇਹ ਸ਼ਬਦ ਸੁਣ ਕੇ ਸਭ ਦੀ ਮੱਤ ਪ੍ਰੇਮਾ-ਭਾਵ ਵਿਚ ਭਿੱਜ[1] ਗਈ ਅਤੇ ਸਭ ਨੇ ਨਮਸਕਾਰਾਂ ਕੀਤੀਆਂ। ਇਸ ਤਰਾਂ ਸਾਰੇ (ਲਹਿਣਾ ਜੀ ਨੂੰ) ਮਿਲ ਕੇ ਘਰੋ-ਘਰੀ ਚਲੇ ਗਏ। ਲਹਿਣਾ ਜੀ ਕਈ ਦਿਨ ਆਪਣੇ ਘਰ ਰਹੇ ਸਨ। ॥੬੧॥

ਲਹਿਣਾ ਜੀ ਦਾ ਕਦੇ ਵੀ ਉਥੇ ਇਕ ਪਲ ਵੀ ਚਿੱਤ ਨਹੀਂ ਸੀ ਲੱਗ ਰਿਹਾ। ਉਹ ਕਦੇ ਵਿਹੜੇ ਵਿਚ ਚਲੇ ਜਾਇਆ ਕਰਨ, ਕਦੇ ਬਾਹਰ ਨਿਕਲ ਜਾਇਆ ਕਰਨ। ਉਨ੍ਹਾਂ ਨੇ ਮਨ ਤਾਂ ਗੁਰੂ ਜੀ ਦੇ ਚਰਨ-ਕਮਲਾਂ ਪਾਸ ਹੀ ਛੱਡਿਆ ਸੀ, ਸਿਰਫ ਤਨ ਹੀ ਘਰ[2] ਆਇਆ ਸੀ। ॥੬੨॥

ਮਨ ਨੂੰ ਕਿਸ ਤਰਾਂ ਚੈਨ ਆਵੇ? ਉਨ੍ਹਾਂ ਦਾ ਚਿੱਤ ਤਾਂ ਚੰਦ-ਚਕੋਰ ਦੀ ਪਰੀਤ ਦੀ ਚਾਹਤ ਵਾਲਾ ਹੋ ਗਿਆ ਸੀ। ਜਿਵੇਂ ਆਪਣੇ ਪ੍ਰੀਤਮ ਰੂਪੀ ਸੂਰਜ[3] ਨੂੰ ਪਾਏ ਬਗੈਰ ਉਨ੍ਹਾਂ ਦੇ ਕਮਲ-ਨੈਣ ਅਲਸਾ ਰਹੇ ਹੋਣ। ॥੬੩॥

ਉਹ ਉਦਾਸ ਰਹਿੰਦੇ, ਕਿਸੇ ਨੂੰ ਮਨ ਦੀ ਗੱਲ ਵੀ ਨਹੀਂ ਸਨ ਦੱਸਦੇ। ਉਨ੍ਹਾਂ ਦਾ ਮਨ ਘਰ[4] ਦੇ ਕੰਮਾਂ ਦਾ ਵੀ ਕੋਈ ਧਿਆਨ ਨਹੀਂ ਸੀ ਕਰ ਰਿਹਾ। ਉਹ ਥੋੜ੍ਹੇ ਦਿਨ ਹੀ ਖਡੂਰ ਵਿਚ ਰਹੇ ਸਨ ਤੇ ਫਿਰ ਉਨ੍ਹਾਂ ਨੇ ਆਪਣੇ ਪੂਰੇ ਗੁਰੂ ਜੀ ਕੋਲ ਹੀ ਜਾਣਾ ਚਾਹਿਆ[5]। ॥੬੪॥

ਲਹਿਣਾ ਜੀ ਸਾਰਿਆਂ ਨੂੰ ਪ੍ਰੇਮ ਨਾਲ ਮਿਲ ਕੇ ਖੁਸ਼ੀ ਚਿੱਤ ਕਰਤਾਰਪੁਰ ਦੇ ਰਾਹ ਪੈ ਗਏ। ਬੰਦੇ ਕਹਿ ਰਹੇ ਸਨ, "ਤੁਸੀਂ ਬਹੁਤ ਦਿਨਾਂ ਬਾਅਦ ਆਪਣੇ ਘਰ[6] ਆਏ ਸੀ, ਕੁਝ ਚਿਰ ਹੋਰ ਰਹਿ ਪਵੋ।" ॥੬੫॥

SikhBookClub.Com

ਯਥਾ[1] ਯੋਗ ਸਭ ਸੋਂ ਕਹਿ ਨੀਕੇ[2] । ਪਹੁੰਚਜੋ ਪੁਰ ਕਰਤਾਰ ਨਜੀਕੇ।
ਜਾਇ ਦਰਸ ਦੇਖਜੋ ਸੁਖਦਾਈ । ਮਨਿ ਬਿਨ ਫਨੀ[3] ਮਨੋ ਮਨਿ ਪਾਈ॥੬੬॥

'ਸ਼ਰਨ ਸ਼ਰਨ' ਕਹਿ ਚਰਨ ਗਹਾਂਨੇ[4] । ਨਮੋ ਕੀਨ ਪਰ[5] ਦੰਡ[6] ਸਮਾਨੇ।
'ਪੁਰਖਾ! ਭਲਾ ਕਰਹਿ ਕਰਤਾਰਾ' । ਅਸ ਕਹਿ ਢਿਗ ਬਿਠਾਇ ਸਤਕਾਰਾ ॥੬੭॥

'ਲਹਿਣੇ! ਤੂਰਨ ਹੀ ਚਲ ਆਯੋ । ਰਹਨਿ ਨਿਕੇਤ ਨ ਕਿਉਂ ਮਨ ਭਾਯੋ'।
'ਤੁਮ ਸਭ ਜਾਨਹੁ ਸ੍ਰੀ ਜਗਨਾਥਾ! ਆਵਨ ਰਹਨਿ ਨਹੀਂ ਮੁਝ ਹਾਥਾ॥੬੮॥

ਜਿਉਂ ਪਤੰਗ ਹੈ ਡੋਰ ਅਧੀਨਾ । ਚਹੈ ਖਿਡਾਰਿ[7] ਕਰਖ[8] ਤਬ ਲੀਨਾ'।
ਅਸ ਕਹਿ ਸੇਵ ਬਿਖੈ ਮਨ ਲਾਵਾ । ਦੇਖਤ ਦਰਸ ਰਹਤਿ ਹੁਲਸਾਵਾ[9] ॥੬੯॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸ੍ਰੀ ਅੰਗਦ ਪ੍ਰਸੰਗ' ਬਰਨਨੰ ਨਾਮ ਅਠਤਾਲੀਸਮੋਂ ਧਜਾਇ ॥੪੮॥

SikhBookClub.Com

ਪਰ ਲਹਿਣਾ ਜੀ ਯੋਗਤਾ ਅਨੁਸਾਰ[1] (ਵੱਡਾ ਛੋਟਾ) ਵੇਖ ਕੇ ਸਭ ਨੂੰ ਚੰਗੀ[2] ਤਰਾਂ ਮਿਲਣ ਪਿੱਛੋਂ ਕਰਤਾਰਪੁਰ ਜਾ ਪਹੁੰਚੇ। ਉਨ੍ਹਾਂ ਉਥੇ ਜਾ ਕੇ ਸੁਖਾਂ ਦੇ ਦਾਤੇ ਗੁਰੂ ਨਾਨਕ ਜੀ ਦੇ ਦਰਸ਼ਨ ਪ੍ਰਾਪਤ ਕੀਤੇ ਤਾਂ ਉਨ੍ਹਾਂ ਦਾ ਮਨ ਇਵੇਂ ਹੋ ਗਿਆ, ਜਿਵੇਂ ਗਵਾਚੀ ਹੋਈ ਮਣੀ ਵਾਲੇ ਨਾਗ[3] ਨੂੰ, ਜਾਣੋ ਫੇਰ ਮਣੀ ਲੱਭ ਗਈ ਹੋਵੇ। ॥੬੬॥

"ਆਪ ਜੀ ਦੀ ਸ਼ਰਨ ਜਾਵਾਂ, ਸ਼ਰਨ ਜਾਵਾਂ", ਕਹਿੰਦਿਆਂ ਉਨ੍ਹਾਂ ਨੇ ਗੁਰੂ ਜੀ ਦੇ ਚਰਨ ਪਕੜ[4] ਲਏ ਸਨ। ਚਰਨਾਂ ਵਿਚ (ਡੰਡੇ[6] ਵਾਂਗੂੰ) ਲੇਟ[5] ਕੇ ਡੰਡੌਤ ਬੰਦਨਾ ਕਰਕੇ ਨਮਸਕਾਰ ਕੀਤੀ। ਗੁਰੂ ਨਾਨਕ ਜੀ ਨੇ "ਹੇ ਪੁਰਖਾ! ਕਰਤਾਰ ਭਲੀ ਕਰੇ" ਕਹਿ ਕੇ ਲਹਿਣਾ ਜੀ ਨੂੰ ਆਪਣੇ ਕੋਲ ਬੜੇ ਸਤਿਕਾਰ ਨਾਲ ਬਿਠਾ ਲਿਆ। ॥੬੭॥

(ਕਿਹਾ), "ਹੇ ਲਹਿਣੇ! ਤੂੰ ਜਲਦੀ ਹੀ ਵਾਪਸ ਚੱਲ ਆਇਆ ਹੈਂ। ਘਰ ਰਹਿਣ ਨੂੰ ਤੇਰਾ ਮਨ ਕਿਉਂ ਨਹੀਂ ਕੀਤਾ?" (ਤਾਂ ਲਹਿਣਾ ਨੇ ਆਖਿਆ), "ਹੇ ਜਗਤ ਸਵਾਮੀ ਗੁਰੂ ਜੀ, ਆਪ ਸਭ ਦੀ ਜਾਣਦੇ ਹੋ। ਆਉਣਾ, ਰਹਿਣਾ ਮੇਰੇ ਹੱਥਾਂ ਵਿਚ ਨਹੀਂ ਹੈ। ॥੬੮॥

ਜਿਵੇਂ ਇਕ ਪਤੰਗ, ਡੋਰ ਦੇ ਵੱਸ ਵਿਚ ਹੁੰਦੀ ਹੈ। ਖਿਡਾਰੀ[7] ਜਦੋਂ ਚਾਹੇ, ਉਸ (ਪਤੰਗ) ਨੂੰ ਖਿੱਚ[8] ਸਕਦਾ ਹੈ।" ਇਸ ਤਰਾਂ ਕਹਿ ਕੇ ਲਹਿਣਾ ਜੀ ਨੇ ਆਪਣਾ ਮਨ ਸੇਵਾ ਕਰਨ ਵਿਚ ਲਾ ਲਿਆ, ਉਹ ਗੁਰੂ ਨਾਨਕ ਜੀ ਦੇ ਦਰਸ਼ਨ ਕਰਦੇ ਅਤੇ ਖੁਸ਼[9] ਰਹਿੰਦੇ। ॥੬੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ" ਨਾਮੀ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਲਹਿਣਾ ਜੀ ਗੁਰੂ ਕੋਲ ਰਹਿ ਪਏ ਸਨ ਅਤੇ ਉਨ੍ਹਾਂ ਦਾ ਉਥੇ ਦਿਨ-ਰਾਤ ਗੁਰੂ ਜੀ ਦੀ ਚਰਨ-ਸੇਵਾ ਵਿਚ ਹੀ ਗੁਜ਼ਰਦਾ ਸੀ। ਹਰ ਵਕਤ ਲਹਿਣਾ ਜੀ ਦੀ ਗੁਰੂ ਪਾਸ ਰਹਿਣ ਦੀ ਇੱਛਾ ਬਣ ਗਈ ਸੀ। ਇਕ ਦਿਨ ਗੁਰੂ ਜੀ ਪਲੰਘ ਉੱਪਰ ਲੇਟੇ ਹੋਏ ਸਨ ਤਾਂ ਇਕ ਸੁੰਦਰ ਅਤੇ ਗਹਿਣਿਆਂ ਨਾਲ ਸ਼ਿੰਗਾਰੀ ਇਸਤਰੀ ਗੁਰੂ ਜੀ ਕੋਲ ਆਈ ਅਤੇ ਉਹ ਗੁਰੂ ਜੀ ਦੇ ਚਰਨਾਂ ਉੱਪਰ ਮੁੱਠੀਆਂ ਭਰ ਕੇ ਚਲੇ ਗਈ। ਲਹਿਣਾ ਜੀ ਦੇ ਪੁੱਛਣ ਉੱਤੇ ਗੁਰੂ ਜੀ ਨੇ ਦੱਸਿਆ ਕਿ ਇਹ ਮਾਇਆ ਖ਼ੁਦ ਇਸਤਰੀ ਦਾ ਰੂਪ ਧਾਰ ਕੇ ਆਈ ਸੀ। ਇਹ ਮੈਲੀ-ਕੁਚੈਲੀ ਅਸਾਂ ਦੇ ਪਾਸ ਰਹਿਣਾ ਚਾਹੁੰਦੀ ਹੈ ਪਰ ਅਸਾਂ ਇਸ ਨੂੰ ਆਪਣੇ ਤੋਂ ਦੂਰ ਰੱਖਿਆ ਹੈ। ਇਹ ਗੁਰਿਆਈ ਦੀ ਦੂਸਰੀ ਤੇ ਤੀਸਰੀ ਗੱਦੀ ਵੇਲੇ ਨੇੜੇ ਹੁੰਦੀ ਆਵੇਗੀ ਤੇ ਇਹ ਸਾਡੇ ਚੌਥੇ ਜਾਮੇ ਵਿਚ ਹੀ ਚੰਗੀ ਤਰਾਂ ਚੌਹਾਂ ਪਾਸਿਆਂ ਤੋਂ ਪ੍ਰਵੇਸ਼ ਕਰ ਜਾਵੇਗੀ ।

ਇਸ ਤਰਾਂ ਇਕ ਦਿਨ ਗੁਰੂ ਜੀ ਸੁੱਤੇ ਪਏ ਸਨ ਤਾਂ ਲਹਿਣਾ ਜੀ ਨੇ ਦੇਖਿਆ ਕਿ ਗੁਰੂ ਜੀ ਦੋਨੋਂ ਪੈਰ ਹਿੱਲ ਰਹੇ ਹਨ, ਉਨ੍ਹਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਦੱਸਿਆ ਕਿ ਦੇਵਤੇ ਕਦੇ-ਕਦੇ ਉਨ੍ਹਾਂ ਦੀ ਚਰਨ-ਛੋਹ ਪ੍ਰਾਪਤ ਕਰਨ ਆਉਂਦੇ ਹਨ। ਫਿਰ ਇਕ ਦਿਨ ਲਹਿਣਾ ਜੀ ਗੁਰੂ ਜੀ ਦੇ ਚਰਨ ਘੁੱਟ ਰਹੇ ਸੀ ਤਾਂ ਉਨ੍ਹਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਉਨ੍ਹਾਂ ਦੇ ਚਰਨਾਂ ਉੱਤੇ ਝਰੀਟਾਂ ਕਿਵੇਂ ਪਈਆਂ ਹਨ? ਤਾਂ ਗੁਰੂ ਜੀ ਦੱਸਿਆ ਕਿ ਇਕ ਆਜੜੀ ਕੰਡਿਆਂ ਆਦਿ ਵਿਚ ਇੱਜੜ ਚਰਾ ਰਿਹਾ ਹੈ, ਨਾਲ ਹੀ ਕੀਰਤਨ ਸੋਹਲੇ ਦਾ ਪਾਠ ਕਰ ਰਿਹਾ ਹੈ। ਅਸਾਂ ਉਸ ਨਾਲ ਕੰਡਿਆਂ ਵਿਚ ਫਿਰ ਕੇ ਪਾਠ ਸੁਣ ਰਹੇ ਹਾਂ। ਜਿਸ ਕਰਕੇ ਚਰਨਾਂ ਉੱਤੇ ਝਰੀਟਾਂ ਪੈ ਗਈਆਂ। ਫਿਰ ਗੁਰੂ ਜੀ ਨੇ ਆਜੜੀ ਨੂੰ ਸਦਵਾ ਕੇ ਕਿਹਾ ਕਿ ਕੀਰਤਨ ਸੋਹਿਲੇ ਦਾ ਪਾਠ ਰਾਤ ਨੂੰ ਕਰਿਆ ਕਰੋ, ਇਸ ਨਾਲ ਪ੍ਰਭੂ ਰਖਵਾਲੀ ਕਰਦਾ ਹੈ।ਇਸ ਤੋਂ ਕੁਝ ਚਿਰ ਬਾਅਦ ਗੁਰੂ ਜੀ ਦੇ ਕਹਿਣ ਉੱਤੇ ਲਹਿਣਾ ਆਪਣੇ ਪਿੰਡ ਖਡੂਰ ਚਲੇ ਗਏ ਸਨ, ਪਰ ਉਨ੍ਹਾਂ ਦਾ ਉਥੇ ਮਨ ਨਾ ਲੱਗਿਆ। ਉਹ ਫਿਰ ਵਾਪਸ ਗੁਰੂ ਜੀ ਕੋਲ ਕਰਤਾਰਪੁਰ ਪਰਤ ਆਏ।

SikhBookClub.Com

ਫੁੱਟਨੋਟ

(*1) ਘੰਡਾ ਹੇੜਾ ਨੂੰ 'ਘੰਟਕੁ ਹੇਰਿ' ਵੀ ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ, ਮਿਰਗ ਫੜਨ ਵਾਲੇ ਸ਼ਿਕਾਰੀ ਦੀ ਘੰਟਾ। ਜਦੋਂ ਜੰਗਲ ਵਿੱਚ ਲੁੱਕ ਕੇ ਸ਼ਿਕਾਰੀ ਘੰਟਾ ਵਜਾਉਂਦਾ ਹੈ ਤਾਂ ਮਿਰਗ ਉਸ ਦੀ ਅਵਾਜ਼ 'ਤੇ ਮੋਹਿਤ ਹੋ ਕੇ ਉਧਰ ਵੱਲ ਚਲਾ ਆਉਂਦਾ ਹੈ ਕਿਉਂਕਿ ਉਹ ਜਾਣਨਾ ਚਾਹੁੰਦਾ ਹੈ ਕਿ ਇਹ ਧੁਨੀ ਕਿਸ ਪਾਸੇ ਤੋਂ ਆ ਰਹੀ ਹੈ?

(*2) ਸੰਕੇਤਕ ਰੂਪ ਵਿੱਚ ਮਾਇਆ ਦਾ ਰੂਪ ਧਾਰ ਕੇ ਆਉਣਾ ਇੱਕ ਤਰਾਂ ਦੀ ਪਰਖ ਕਰਨ ਆਉਣਾ ਹੀ ਹੈ।ਮਾਇਆ ਦਾ ਕੰਮ ਗੁਰੂ ਜੀ ਨੂੰ ਧਨ-ਦੌਲਤ, ਪਦਾਰਥ ਦੇ ਮੋਹ ਵਿੱਚ ਪਾਉਣਾ ਸੀ, ਪਰ ਗੁਰੂ ਜੀ ਰੱਬੀ-ਆਤਮਾ ਹੋਣ ਕਰਕੇ ਇਸ ਦੇ ਭਰਮ ਵਿੱਚ ਨਹੀਂ ਫਸੇ। ਇਸ ਸੰਦਰਭ ਵਿੱਚ ਕਬੀਰ ਜੀ ਲਿਖਦੇ ਹਨ:

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥
ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥

(ਗੁ. ਗ੍ਰੰ. ਸਾਹਿਬ, ਪੰਨਾ ਨੰ: 1364)

(*3) ਮਾਇਆ ਦਾ ਸੁੰਦਰ-ਇਸਤਰੀ ਦੇ ਰੂਪ ਵਿੱਚ ਆਉਣ ਦਾ ਪਰਸੰਗ, ਪੁਰਾਤਨ ਜਨਮਸਾਖੀ ਅਤੇ ਹੋਰ ਸਾਖੀਆਂ ਵਿੱਚ ਨਹੀਂ ਹੈ।

(*4) ਸੌਣ ਦੇ ਵਕਤ ਗੁਰੂ ਨਾਨਕ ਦੇਵ ਜੀ ਦੇ ਕੋਲ, ਦੇਵਤਿਆਂ ਦਾ ਚੋਰੀ-ਚੋਰੀ ਆਉਣਾ, ਆ ਕੇ ਗੁਰੂ ਜੀ ਦੇ ਚਰਨਾਂ ਨੂੰ ਛੂਹਣਾ ਅਤੇ ਫੇਰ ਨਮਸਕਾਰ ਕਰਕੇ ਵਾਪਸ ਚਲੇ ਜਾਣਾ ਆਦਿ ਸਾਰਾ ਪਰਸੰਗ ਕਲਪਤ ਜਾਪਦਾ ਹੈ। ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੀ ਮਹਿਮਾ ਕਰਨ ਹਿਤ ਅਜਿਹੀਆਂ ਗੱਲਾਂ ਲਿਖੀਆਂ ਲੱਗਦੀਆਂ ਹਨ। ਹੋਰ ਕਿਧਰੇ ਵੀ ਅਜਿਹੀ ਸਾਖੀ ਹੋਣ ਦਾ ਜ਼ਿਕਰ ਨਹੀਂ ਮਿਲਦਾ।

(*5) ਕੀਰਤਨ ਸੋਹਲੇ ਦਾ ਪਾਠ ਨਿਤਨੇਮ ਦੀਆਂ ਬਾਣੀਆਂ ਵਿੱਚ ਦਰਜ ਹੈ। ਇਸ ਵਿੱਚ ਪੰਜ ਸ਼ਬਦ ਹਨ। ਇਸ ਦਾ ਪਾਠ ਸੌਣ ਵੇਲੇ ਕੀਤਾ ਜਾਂਦਾ ਹੈ। ਇਸ ਬਾਣੀ ਵਿੱਚ ਗੁਰੂ ਨਾਨਕ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਸੰਮਿਲਤ ਹਨ।

SikhBookClub.Com

ਅਧਜਾਯ ਉਨੰਜਵਾਂ

(ਸੁਭ ਗੁਣ ਮਹਾਤਮ। ਬ੍ਰਿਛਾਂ ਤੋਂ ਭੋਜਨ। ਜਲ ਤਪੱਸਜਾ, ਰੋੜਾਂ ਦੀ ਸਿਹਜਾ, ਰੇਤ ਅੱਕ ਅਹਾਰ)

ਦੋਹਰਾ

ਸਮ ਦਮ ਨੇਮ ਵਿਰਾਗ ਯਮ ਕਰੁਨਾ ਸਤ ਸੰਤੋਖ।
ਸਤਿਗੁਰ ਕੇ ਪ੍ਰਸਾਦਿ ਤੇ ਹ੍ਵੈ ਮਨ ਮਾਲੀ ਪੋਖ॥੧॥

ਚੌਪਈ

ਸ੍ਰੀ ਗੁਰ ਕ੍ਰਿੱਖੀ[1] ਕਾਜ ਕਰਾਵਹਿਂ । ਅਨਿਕ ਸਿੱਖ ਮਿਲ ਕਾਰ ਕਮਾਵਹਿਂ।
ਹੋਵਹਿ ਅੰਨ ਅਤੋਟ ਕਿਦਾਰਾ[2] । ਖਲਵਾਰੇ[3] ਬਹੁ ਲਗਹਿਂ ਅਪਾਰਾ॥੨॥

ਦਰ ਲੌਂ ਕੋਠੇ ਭਰ ਕਰ ਸਾਰੇ । ਦੇਗ ਚਲਾਵਹਿਂ ਸਦਾ ਉਦਾਰੇ।
ਦੇਨ ਲਗਹਿਂ ਹੋਵਤ ਭੁਨਸਾਰਾ । ਜਾਮ ਨਿਸਾ ਲੌਂ ਅਖੁਟ[4] ਅਹਾਰਾ॥੩॥

ਦੂਰ ਦੇਸ਼ ਤੇ ਨਰ ਮਿਲ ਬ੍ਰਿੰਦਾ । ਆਵਹਿਂ ਦਰਸ ਕਰਹਿਂ ਸੁਖਕੰਦਾ।
ਬ੍ਰਹਮਚਾਰੀ, ਜਿ ਬੈਰਾਗੀ, ਗਜਾਨੀ । ਤਪੀ, ਅਤੀਤ, ਦਿਗੰਬਰਿ, ਧਜਾਨੀ॥੪॥

ਜੋਗੀ ਪੰਡਤ ਬਹੁ ਸੰਨਜਾਸੀ । ਹਿੰਦੂ ਤੁਰਕ ਆਵਹਿਂ ਗੁਰ ਪਾਸੀ।
ਰਾਇ ਰੰਕ ਜੋ ਧਰ ਅਭਿਲਾਖਾ । ਦਰਸ਼ਨ ਕਰਹਿਂ ਸੁ ਪੂਰਹਿ ਕਾਂਖਾਂ[5] ॥੫॥

ਦੇਹਿਂ ਉਪਾਇਨ ਲੇਹਿਂ ਸੁ ਨਾਂਹੀ । ਕੀਰਤਿ ਪਸਰੀ ਸਭਿ ਭਵ ਮਾਂਹੀਂ ।
ਫਿਰਹਿ ਕਿ ਪਾਂਤਿ[6] ਮਰਾਲਨ[7] ਭੂਲੀ । ਸਭ ਜਗ ਕਿਧੋਂ ਚੰਬੇਲੀ ਫੂਲੀ ॥੬॥

ਚੰਦ ਚੰਦ੍ਰਿਕਾ[8] ਘਰ ਘਰ ਛਾਈ । ਜਹਿਂ ਕਹਿਂ ਪਾਰ ਨ ਪਾਯੋ ਜਾਈ।
ਸੁਨਕੈ ਸੁਜਸ ਹੋਤ ਮਨ ਚਾਊ।ਆਇ ਬਿਲੋਕੈਂ ਧਰਕੈ ਭਾਊ॥੭॥

ਦੂਰ ਹੁਤੇ ਸਭ ਬਧ ਬਧ ਟੋਲਾ[9]। ਹ੍ਵੈ ਸਮੀਪ ਸੁਖ ਲਹਹਿਂ[10] ਅਮੋਲਾ।
'ਸ੍ਰੀ ਨਾਨਕ ਸ੍ਰੀ ਨਾਨਕ'ਸਾਰੇ । ਉਪਮਾ ਕੇ ਜੁਤ ਸਰਬ ਉਚਾਰੇਂ॥੮॥

SikhBookClub.Com

ਅਧਿਆਇ ਉਣੰਜਵਾਂ

(ਬਿਰਛਾਂ ਤੋਂ ਭੋਜਨ । ਜਲ ਤਪੱਸਿਆ । ਰੋੜਾਂ ਦੀ ਸੇਜ । ਰੇਤ, ਅੱਕ ਦਾ ਭੋਜਨ ਕਰਨਾ)

ਦੋਹਰਾ

ਹੇ ਮਨ! ਮਾਲੀ ਬਣ ਕੇ ਗੁਰੂ ਜੀ ਦੀ ਕਿਰਪਾ ਨਾਲ (ਆਪਣੀ ਸਰੀਰ ਰੂਪੀ ਧਰਤੀ ਵਿਚ) ਸਮ, ਦਮ, ਨੇਮ, ਵਿਰਾਗ, ਯਮ, ਕਰੁਨਾ, ਸਤਿ ਅਤੇ ਸੰਤੋਖ ਜਿਹੇ ਸ਼ੁੱਭ ਗੁਣਾਂ ਦੀ ਪਾਲਣਾ ਕਰ ॥੧॥

ਚੌਪਈ

ਗੁਰੂ ਨਾਨਕ ਜੀ ਖੇਤੀ[1] ਦਾ ਕੰਮ ਕਰਵਾਉਂਦੇ ਸਨ। ਬਹੁਤ ਸਿੱਖ ਮਿਲ ਕੇ ਕੰਮ ਕਰਦੇ ਸਨ। ਖੇਤੀ[2] ਤੋਂ ਬੇਅੰਤ ਅਨਾਜ ਪੈਦਾ ਹੁੰਦਾ ਅਤੇ ਵੱਡੇ-ਵੱਡੇ ਖਲਵਾੜ (ਅੰਨ ਦੇ ਢੇਰ)[3] ਲੱਗ ਜਾਂਦੇ ਸਨ ॥੨॥

ਦਰਵਾਜ਼ਿਆਂ ਤੱਕ ਅਨਾਜ ਦੇ ਕੋਠੇ ਭਰ ਲਏ ਜਾਂਦੇ। ਬਹੁਤ ਖੁੱਲ੍ਹਦਿਲੀ ਨਾਲ ਸਦਾ ਲੰਗਰ ਚਲਾਉਂਦੇ। ਲੰਗਰ ਸਵੇਰ ਤੋਂ ਸ਼ੁਰੂ ਹੋ ਕੇ ਪਹਿਰ ਰਾਤ ਬੀਤੀ ਤੱਕ ਅਟੁੱਟ[4] ਵਰਤਦਾ ਰਹਿੰਦਾ। ॥੩॥

ਦੂਰ-ਦੂਰ ਥਾਂਵਾਂ ਤੋਂ, ਝੁੰਡਾਂ ਦੇ ਰੂਪ ਵਿੱਚ ਲੋਕ ਇਕੱਠੇ ਹੋ ਕੇ ਆਉਂਦੇ ਤੇ ਮੁਕਤੀ ਦੇ ਦਾਤੇ ਗੁਰੂ ਜੀ ਦੇ ਦਰਸ਼ਨ ਕਰਦੇ। (ਇਨ੍ਹਾਂ ਵਿੱਚ) ਬ੍ਰਹਮਚਾਰੀ, ਵੈਰਾਗੀ, ਗਿਆਨੀ, ਤਪੀ, ਫ਼ਕੀਰ, ਨਾਗੇ, ਧਿਆਨੀ ਆਦਿ ਸਾਰੇ ਹੀ (ਸ਼ਾਮਲ) ਹੁੰਦੇ। ॥੪॥

ਜੋਗੀ, ਪੰਡਤ ਤੇ ਬੇਅੰਤ ਸੰਨਿਆਸੀ ਲੋਕ ਅਤੇ ਹਿੰਦੂ, ਤੁਰਕ ਸਾਰੇ ਹੀ ਗੁਰੂ ਜੀ ਕੋਲ ਆਉਂਦੇ। ਰਾਜੇ, ਰੰਕ, ਆਪਣੀ ਇੱਛਾ ਧਾਰ ਕੇ ਦਰਸ਼ਨ ਕਰਦੇ ਤੇ ਗੁਰੂ ਜੀ ਉਨ੍ਹਾਂ ਦੀਆਂ ਮੁਰਾਦਾਂ[5] ਪੂਰੀਆਂ ਕਰਦੇ। ॥੫॥

ਉਹ ਤੋਹਫੇ ਭੇਟ ਕਰਦੇ ਤਾਂ ਗੁਰੂ ਜੀ ਨਹੀਂ ਸਨ ਲੈਂਦੇ। ਇਸ ਤਰਾਂ ਗੁਰੂ ਜੀ ਦੀ ਮਹਿਮਾ ਦੂਰ-ਦੂਰ ਤੱਕ ਇੰਜ ਫੈਲ ਗਈ ਸੀ, ਮਾਨੋ ਹੰਸਾਂ[7] ਦੀ ਡਾਰ[6] ਭੁੱਲੀ ਹੋਈ ਫਿਰਦੀ ਹੋਵੇ, ਜਾਂ ਸਾਰੇ ਜੱਗ ਵਿਚ ਚੰਬੇਲੀ ਫੁੱਲ-ਫਲ ਗਈ ਹੋਵੇ। ॥੬॥

ਜਿਵੇਂ ਘਰ-ਘਰ ਵਿਚ ਚੰਦ ਦੀ ਚਾਂਦਨੀ[8] ਛਾ ਰਹੀ ਹੋਵੇ। (ਕਵੀ ਜੀ ਦਾ ਖਿਆਲ ਹੈ) ਕਿ ਇਸ ਦੀ ਸਿਫਤ ਕਰਨਾ ਅਸਾਨ ਨਹੀਂ, ਉਨ੍ਹਾਂ ਦੀ ਮਹਿਮਾ ਹੁੰਦੀ ਸੁਣ ਕੇ ਮਨ ਵਿਚ ਚਾਉ ਵਧਦਾ ਤੇ ਲੋਕੀਂ ਹਿਰਦੇ ਵਿਚ ਪ੍ਰੇਮ ਵਸਾ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ। ॥੭॥

ਜੋ ਦੂਰ-ਦੁਰੇਡੇ ਦੇ ਲੋਕ ਸਨ, ਉਹ ਟੋਲੇ[9] ਬੰਨ੍ਹ-ਬੰਨ੍ਹ ਕੇ ਆਉਂਦੇ ਤੇ ਉਨ੍ਹਾਂ ਕੋਲ ਪਹੁੰਚ ਕੇ ਅਮੋਲਕ ਸੁੱਖ ਪ੍ਰਾਪਤ[10] ਕਰਦੇ। 'ਸ੍ਰੀ ਨਾਨਕ, ਸ੍ਰੀ ਨਾਨਕ' ਕਹਿੰਦੇ ਹੋਏ ਸਾਰੇ ਮਿਲ ਕੇ ਗੁਰੂ ਜੀ ਦੀ ਉਪਮਾ ਉਚਾਰਦੇ। ॥੮॥

SikhBookClub.Com

ਏਕ ਸਮੈਂ ਸੰਗਤ ਬਹੁ ਆਈ । ਚਹੁਦਿਸ ਤੇ, ਕਛੁ ਗਨੀ[1] ਨ ਜਾਈ।
ਕਈ ਹਜ਼ਾਰ, ਨਗਰ ਕਰਤਾਰਾ । ਮਾਨਵ ਮਿਲੇ ਨ ਪਾਇਯਤ ਪਾਰਾ[2]॥ ੯॥

ਧਰਹਿਂ ਕਾਮਨਾ ਦਰਸ਼ਨ ਕਰਹੀਂ । ਬਿਨ ਸੰਸੇ ਮਨ ਬਾਂਛਤ ਪੁਰ ਹੀਂ।
ਭਈ ਬਿਭਾਵਰਿ[3] ਕੀਨ ਬਸੇਰਾ । ਪੁਰ ਕੇ ਚਹੁਦਿਸ ਪਸਰਜੋ ਡੇਰਾ॥੧੦॥

ਤਬ ਹੀ ਘਟਿ ਘੂਮਰ ਘਿਰ[4] ਆਈ । ਬਰਖਤ ਜਲ ਕੀ ਛਹਿਬਰ ਲਾਈ।
ਬੀਤੀ ਨਿਸ ਪੁਨ ਭਾ ਭੁਨਸਾਰਾ । ਸਗਰੋ ਦਿਵਸ ਪਰਤ[5] ਰਹਜੋ ਬਾਰਾ॥੧੧॥

ਬਹੁਰ ਨ ਹਟੀ ਬਿਤੇ ਦਿਨ ਦੋਊ । ਬਿਨ ਅਹਾਰ ਆਤੁਰ[6] ਸਭ ਕੋਊ।
ਭੋਜਨ ਕਰਨ ਨਹੀਂ ਬਿਧ ਹੋਈ । ਭੂਖੀ ਬਹੁਤ ਭਈ ਸਭ ਲੋਈ[7] ॥੧੨॥

ਅਵਸਰ[8] ਕਰਨ ਨ ਪਾਇ ਅਹਾਰਾ । ਜਹਿਂ ਜਹਿਂ ਪਸਰ ਰਹਜੋ ਬਹੁ ਬਾਰਾ[9]।
ਸ੍ਰੀ ਗੁਰ ਤਬ ਧ੍ਰਮਸਾਲ ਮਝਾਰੀ । ਬੈਠੇ ਹੁਤੇ ਭੀਰ ਤਹਿਂ ਭਾਰੀ॥੧੩॥

ਦੋਹਰਾ

ਸਿਰੀ ਚੰਦ, ਲਖਮੀ, ਖ੍ਰਿੱਤ[10], ਲਹਿਣਾ ਅਰ ਨਰ ਬ੍ਰਿੰਦ।
ਬੈਠੇ ਸਰਬ ਸਮੀਪ ਹੀ ਮਧ ਬੇਦੀ ਕੁਲਚੰਦ ॥੧੪॥

ਚੌਪਈ

ਸਭ ਸੰਗਤ ਕੋ ਭੂਖ ਬਿਸਾਲਾ । ਬਜ਼ਾਪੀ ਪੀਰਾ[11] ਲਖੀ ਕ੍ਰਿਪਾਲਾ।
ਸ੍ਰੀ ਚੰਦਹਿ ਕੋ ਆਇਸੁ ਕੀਨੰ । 'ਬਰਖਾ ਹੋਤ ਬਿਤੇ ਦਿਨ ਤੀਨੰ॥੧੫॥

ਭਈ ਛੁਧਾਤੁਰ[12] ਸੰਗਤ ਭੂਰੀ । ਉਠਹੁ ਤਾਤ ਕੀਜੈ ਕ੍ਰਿਤ ਰੂਰੀ।
ਤਰੁ ਕਿੱਕਰ ਕੇ ਵਹਿਰ ਜੁ ਠਾਂਢੇ । ਚਢ ਉਪਰ ਝੁਣਹੁ[13] ਗਹਿ ਗਾਢੇ॥੧੬॥

ਅਨਿਕ ਪ੍ਰਕਾਰ ਅਹਾਰ ਸੁ ਗਿਰਹੀਂ । ਸੰਗਤਿ ਖਾਇ ਛੁਧਾ ਕੋ ਹਰਿਹੀ[14]।
ਬਹੁਰ ਜਬੈ ਬਰਖਾ ਹਟ ਜੈ ਹੈ । ਹੋਇ ਸੁਖੀ ਤਬ ਸਦਨ ਸਿਧੈ ਹੈ'॥੧੭॥

SikhBookClub.Com

ਇਕ ਵਾਰ ਚੌਹਾਂ ਪਾਸਿਆਂ ਤੋਂ ਬਹੁਤ ਸੰਗਤ ਆਈ ਸੀ, ਜਿਸ ਦੀ ਗਿਣਤੀ[1] ਹੀ ਨਹੀਂ ਸੀ ਕੀਤੀ ਜਾ ਸਕਦੀ। ਕਰਤਾਰਪੁਰ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ, ਜਿਸ ਦਾ ਪਾਰ[2] ਨਹੀਂ ਸੀ ਪਾਇਆ ਜਾ ਸਕਦਾ। ॥੯॥

ਲੋਕ ਮਨ ਵਿਚ ਇਛਾਵਾਂ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ, ਬਿਨਾਂ ਸ਼ੱਕ ਉਨ੍ਹਾਂ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੋ ਰਹੀਆਂ ਸਨ । ਫਿਰ ਰਾਤ[3] ਪੈ ਗਈ ਤੇ ਲੋਕ ਟਿਕ ਗਏ ਸਨ। ਨਗਰ ਦੇ ਚੌਹੀਂ ਪਾਸੇ ਡੇਰਾ ਪਸਰ ਗਿਆ ਸੀ। ॥੧੦॥

ਉਦੋਂ ਹੀ ਕਾਲੀ ਘਟਾ ਚੜ੍ਹ[4] ਆਈ ਅਤੇ ਮੀਂਹ ਝੜੀ ਲਗਾ ਕੇ, ਵਰਸਣ ਲੱਗਾ।ਰਾਤ ਬੀਤੀ ਤੇ ਫਿਰ ਦਿਨ ਚੜ੍ਹ ਗਿਆ ਤੇ ਅਗਲਾ ਸਾਰਾ ਦਿਨ ਵੀ ਮੀਂਹ ਪੈਂਦਾ[5] ਰਿਹਾ। ॥੧੧॥

ਦੋ ਦਿਨ ਬੀਤ ਗਏ, ਫਿਰ ਵੀ ਮੀਂਹ ਨਹੀਂ ਸੀ ਹਟਿਆ। ਬਗੈਰ ਭੋਜਨ ਦੇ ਸਾਰੇ ਲੋਕ ਵਿਆਕੁਲ[6] ਹੋ ਗਏ ਸਨ। ਭੋਜਨ ਤਿਆਰ ਕਰਨ ਦੀ ਕੋਈ ਵਿਧੀ ਨਹੀਂ ਸੀ ਬਣ ਸਕੀ, ਸਾਰੇ ਲੋਕ[7] ਹੀ (ਭੋਜਨ ਵੱਲੋਂ) ਬਹੁਤ ਭੁੱਖੇ ਹੋ ਗਏ ਸਨ ॥੧੨॥

(ਇਸ ਤਰਾਂ) ਭੋਜਨ ਤਿਆਰ ਕਰਨ ਦਾ ਮੌਕਾ[8] ਹੀ ਨਹੀਂ ਸੀ ਮਿਲ ਰਿਹਾ ਤੇ ਥਾਂ ਥਾਂ ਉੱਤੇ ਪਾਣੀ[9] ਫੈਲਦਾ ਜਾ ਰਿਹਾ ਸੀ। ਉਸ ਵਕਤ ਗੁਰੂ ਜੀ ਭਾਰੀ ਸੰਗਤ ਵਿਚ ਧਰਮਸਾਲਾ ਦੇ ਅੰਦਰ ਬੈਠੇ ਹੋਏ ਸਨ, ਜਿੱਥੇ ਲੋਕਾਂ ਦੀ ਬਹੁਤ ਜ਼ਿਆਦਾ ਭੀੜ ਸੀ। ॥੧੩॥

ਦੋਹਰਾ

ਸ੍ਰੀ ਚੰਦ, ਲਖਮੀ ਚੰਦ, ਸਿੱਖ ਸੇਵਕ[10] ਤੇ ਲਹਿਣਾ ਜੀ ਅਤੇ ਹੋਰ ਬਹੁਤ ਲੋਕਾਂ ਦੇ ਇਕੱਠ ਵਿਚਕਾਰ ਬੇਦੀ ਕੁਲ ਦੇ ਚੰਦਰਮਾ (ਗੁਰੂ ਨਾਨਕ ਜੀ) ਬੈਠੇ ਹੋਏ ਸਨ। ॥੧੪॥

ਚੌਪਈ

ਸਾਰੀ ਸੰਗਤ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਗੁਰੂ ਜੀ ਨੇ ਲੋਕਾਂ ਦੀ ਇਹ ਤਕਲੀਫ[11] ਜਾਣੀ ਤਾਂ ਉਨ੍ਹਾਂ ਸ੍ਰੀ ਚੰਦ ਨੂੰ ਆਗਿਆ ਕੀਤੀ, "ਵਰਖਾ ਹੋ ਰਹੀ ਨੂੰ ਤਿੰਨ ਦਿਨ ਬੀਤ ਚੱਲੇ ਹਨ। ॥੧੫॥

ਸੰਗਤ ਨੂੰ ਬਹੁਤ ਭੁੱਖ[12] ਲੱਗੀ ਹੋਈ ਹੈ, ਇਸ ਲਈ ਪੁੱਤਰ ਉੱਠੋ, ਇਕ ਚੰਗਾ ਕੰਮ ਕਰੋ। ਬਾਹਰ ਜੋ ਕਿੱਕਰ ਦੇ ਦਰੱਖਤ ਹਨ, ਉਸ 'ਤੇ ਚੜ੍ਹ ਕੇ ਚੰਗੀ ਤਰਾਂ ਉਨ੍ਹਾਂ ਨੂੰ ਹਿਲਾਵੋ[13]। ॥੧੬॥

ਉਸ ਤੋਂ ਭਾਂਤ-ਭਾਂਤ ਦਾ ਭੋਜਨ ਡਿੱਗੇਗਾ, ਜਿਸ ਨੂੰ ਖਾ ਕੇ ਸੰਗਤ ਭੁੱਖ ਮਿਟਾ[14] ਲਵੇਗੀ। ਫਿਰ ਜਦੋਂ ਮੀਂਹ ਹਟ ਜਾਵੇਗਾ ਤਾਂ ਸਾਰੇ ਲੋਕ ਰਾਜੀ-ਖੁਸ਼ੀ ਆਪੋ-ਆਪਣੇ ਘਰਾਂ ਨੂੰ ਚਲੇ ਜਾਣਗੇ।" ॥੧੭॥

SikhBookClub.Com

ਸਿਰੀ ਚੰਦ ਬਾਣੀ ਸੁਣ ਤਬ ਪ੍ਰਾਹੀ । ਪਿਤ ਕੇ ਬਚ ਪ੍ਰਤੀਤ[1] ਜਿਸ ਨਾਂਹੀ।
'ਬਿਟਪਨ[2] ਸੰਗ ਅਸਨ ਕਿਨ ਲਾਯੋ । ਅਵਿਲੋਕਯੋ ਨਹਿਂ ਕਿਸੂ ਸੁਨਾਯੋ॥੧੮॥

ਪੂਰਬ ਕਬਹਿ ਨ ਹੋਈ ਐਸੇ । ਆਪ ਬਚਨ ਭਾਖਤ[3] ਹੋ ਜੈਸੇ।
ਸਿੱਧ ਮੁਨੀ ਅਰ ਜੇ ਅਵਤਾਰਾ । ਕਿਨ ਹੂੰ ਅਸ ਨਹਿਂ ਬਚਨ ਉਚਾਰਾ॥੧੯॥

ਜਿਉਂ ਬਿੱਪ੍ਰੀਤ[4] ਆਪ ਫੁਰਮਾਵੋ । ਹੌਂ ਨ ਕਰੋਂ ਨਰ ਬੀਚ ਲਜਾਵੋਂ'।
ਜਾਨਯੋ ਤਾਤ ਪ੍ਰਤੀਤ ਬਿਹੀਨਾ।ਪ੍ਰਭੁ ਤਬ ਦੁਤਿਯ ਸੰਗ ਬਚ ਕੀਨਾ॥੨੦॥

'ਲਖਮੀ ਦਾਸ ਸੁਨਹੁ ਸੁਤ ਆਇਸੁ । ਕਰਹੁ ਕਿਰਤ ਇਹ ਬਿਲਮ ਗਵਾਇਸ।
ਵਹਿਰ ਮਹੀਰੂਹ[5] ਝੂਣਹੁ ਜਾਈ । ਸੰਗਤ ਸਗਰੀ ਲੇਹੁ ਬੁਲਾਈ॥੨੧॥

ਬਹੁ ਭੂਖੇ ਤ੍ਰਿਪਤਾਵਹੁ[6] ਆਛੇ । ਕਰਹਿਂ ਨਹੀਂ,ਤਬ ਆਵਹੁ ਪਾਛੇ'।
ਤਿਸ ਬਿਧਿ ਉੱਤਰ ਦੀਨੋ ਤਾਂਹੀ । ਪਿਤ ਰਜਾਇ ਚਿਤ ਮਾਨਤ ਨਾਹੀਂ ॥੨੨॥

ਦੈ ਸੁਤ ਲਖੇ ਪ੍ਰਤੀਤ ਨ ਆਈ । ਉਚਿਤ ਨ ਇਹੁ ਬਿਸਾਲ ਬਡਿਆਈ[7]।
ਉੱਤਮ ਹੁਤੋ ਜੋ ਦਾਸਨ ਮਾਂਹੀ । ਲਹਿਣੇ ਸੰਗ ਗਿਰਾ ਪੁਨ ਪ੍ਰਾਹੀ॥੨੩॥

'ਲਹਿਣੇ ਉਠੋ ਸੁ ਲਹਿਣਾ ਤੋਹੀ । ਤੁਰਨ ਕਰਹੁ ਜੁ ਆਇਸੁ ਮੋਹੀ।
ਸੰਗਤ ਸਗਰੀ ਲੇਹੁ ਪਿਛਾਰੀ[8] । ਹੈ ਤੁਮ ਜਾਵਹੁ ਸਬਨ ਅਗਾਰੀ॥੨੪॥

ਵਹਿਰ ਜੁ ਸਾਖਾ[9] ਝੂਣਹੁ ਨੀਕੇ । ਦੇਹੁ ਅਹਾਰ ਭਾਵਤੇ ਜੀ ਕੇ ।
'ਸੁਨਿ ਕਰ ਤਨ ਪਰ ਪਟ[10] ਨ ਸੰਭਾਰਾ । ਉਠ ਕੈ ਤੁਰਨ ਨਿਕਸਜੋ ਦ੍ਵਾਰਾ[11]॥੨੫॥

ਸਗਰੀ ਸੰਗਤ ਸੰਗ ਬੁਲਾਈ । ਬਿਟਪ ਬਿਲੋਕ ਚਢਜੋ ਤਬ ਧਾਈ।
ਗਹੇ ਪ੍ਰਕਾਂਡ[12] ਸਜੋਰ ਹਿਲਾਏ । ਗਿਰਤ ਪਿਖੇ ਭੋਜਨ ਬਹੁ ਭਾਏ॥੨੬॥

SikhBookClub.Com

ਸ੍ਰੀ ਚੰਦ ਜੀ ਨੇ ਗੁਰੂ ਜੀ ਦੇ ਬੋਲ ਸੁਣ ਕੇ ਕਿਹਾ, ਜਿਸ ਨੂੰ ਗੁਰੂ ਜੀ ਦੇ ਬਚਨਾਂ 'ਤੇ ਭਰੋਸਾ[1] ਨਹੀਂ ਸੀ "ਦਰੱਖਤਾਂ[2] ਨੂੰ ਭੋਜਨ ਕਿਸ ਨੇ ਲਾ ਦਿੱਤਾ ਹੈ? ਨਾ ਕਿਸੇ ਦੇਖਿਆ ਹੈ ਤੇ ਨਾ ਹੀ ਕਿਸੇ ਨੇ ਦੱਸਿਆ ਹੀ ਹੈ। ॥੧੮॥

ਜਿਸ ਤਰਾਂ ਤੁਸੀਂ ਕਹਿ[3] ਰਹੇ ਹੋ, ਇਸ ਤਰਾਂ ਤਾਂ ਪਹਿਲਾਂ ਕਦੇ ਵੀ ਨਹੀਂ ਹੋਇਆ। ਸਿੱਧ ਮੁਨੀ ਅਤੇ ਜਿੰਨੇ ਵੀ ਪਹਿਲੇ ਅਵਤਾਰ ਹੋਏ ਹਨ, ਕਿਸੇ ਨੇ ਵੀ ਇਸ ਤਰਾਂ ਦਾ ਬਚਨ ਨਹੀਂ ਕੀਤਾ। ॥੧੯॥

ਜਿਸ ਤਰਾਂ ਆਪ ਪੁੱਠੀ[4] (ਅਣਹੋਈ) ਗੱਲ ਕਹਿੰਦੇ ਹੋ, ਮੈਂ ਤਾਂ ਨਹੀਂ ਕਰਾਂਗਾ। ਲੋਕਾਂ ਵਿਚ ਸ਼ਰਮਿੰਦਾ ਹੋਵਾਂਗਾ।" ਜਦੋਂ ਗੁਰੂ ਜੀ ਨੇ ਜਾਣ ਲਿਆ ਕਿ ਪੁੱਤਰ ਨੂੰ ਮੇਰੇ 'ਤੇ ਯਕੀਨ ਨਹੀਂ ਹੈ ਤਾਂ ਉਨ੍ਹਾਂ ਦੂਸਰੇ (ਪੁੱਤਰ) ਨੂੰ ਕਿਹਾ। ॥੨੦॥

"ਹੇ ਪੁੱਤਰ ਲੱਖਮੀ ਦਾਸ! ਮੇਰੀ ਆਗਿਆ ਸੁਣੋ, ਤੁਸੀਂ ਇਹ ਕੰਮ ਛੇਤੀ ਨਾਲ ਕਰੋ, ਸਾਰੀ ਸੰਗਤ ਨੂੰ ਸੱਦ ਲਵੋ ਤੇ ਬਾਹਰ ਜਾ ਕੇ ਦਰੱਖਤ[5] ਨੂੰ ਹਿਲਾਵੋ। ॥੨੧॥

ਲੋਕ ਬਹੁਤ ਭੁੱਖੇ ਹਨ ਇਨ੍ਹਾਂ ਨੂੰ ਚੰਗੀ ਤਰਾਂ ਨਾਲ ਰਜਾ[6] ਦੇਵੋ। ਜਦੋਂ (ਰੱਜ ਕੇ) ਨਾ ਨਾ ਕਰਨ ਲੱਗ ਪੈਣ, ਫਿਰ ਇਨ੍ਹਾਂ ਦੇ ਪਿੱਛੇ ਆ ਜਾਣਾ।" ਉਸ ਨੇ ਵੀ ਸ੍ਰੀ ਚੰਦ ਵਰਗਾ ਹੀ ਜਵਾਬ ਦਿੱਤਾ ਸੀ। ਪਿਤਾ ਦੇ ਹੁਕਮ ਨੂੰ ਉਸ ਦਾ ਮਨ ਵੀ ਨਹੀਂ ਸੀ ਮੰਨ ਰਿਹਾ। ॥੨੨॥

ਗੁਰੂ ਜੀ ਨੇ ਦੋਨਾਂ ਪੁੱਤਰਾਂ ਨੂੰ ਵੇਖਿਆ (ਸਮਝਿਆ) ਤਾਂ ਉਨ੍ਹਾਂ ਉੱਤੇ ਭਰੋਸਾ ਨਹੀਂ ਸੀ ਆਇਆ। ਉਨ੍ਹਾਂ ਸੋਚਿਆ ਇਹ (ਦੋਨੋਂ) ਵੱਡੀ ਵਡਿਆਈ[7] ਦੇ ਲਾਇਕ ਨਹੀਂ ਹਨ। ਫਿਰ ਉਨ੍ਹਾਂ ਨੇ, ਸੇਵਕਾਂ ਵਿੱਚੋਂ ਸਭ ਤੋਂ ਸ੍ਰੇਸ਼ਟ ਸਿੱਖ 'ਸ੍ਰੀ ਲਹਿਣਾ ਜੀ' ਨੂੰ ਬਚਨ ਕੀਤਾ। ॥੨੩॥

"ਲਹਿਣੇ! ਉਠੋ, ਤੂੰ ਹੀ ਲੈਣਾ (ਪ੍ਰਾਪਤ ਕਰਨਾ) ਹੈ। ਮੇਰੀ ਆਗਿਆ ਦਾ ਤੁਰੰਤ ਪਾਲਣ ਕਰੋ। ਆਪ ਸਭ ਦੇ ਅੱਗੇ ਲੱਗ ਜਾਵੋ ਅਤੇ ਸਾਰੀ ਸੰਗਤ ਨੂੰ ਪਿੱਛੇ[8] ਲੈ ਜਾਵੋ ॥੨੪॥

ਬਾਹਰ ਜੋ ਬਿਰਛ[9] ਹੈ, ਉਸ ਨੂੰ ਚੰਗੀ ਤਰਾਂ ਨਾਲ ਹਲੂਣੋ। (ਸੰਗਤ ਨੂੰ) ਮਨਭਾਂਵਦੇ ਸੁਆਦੀ ਭੋਜਨ ਦੇਵੋ।" ਗੁਰੂ ਜੀ ਦੇ ਬੋਲ ਸੁਣ ਕੇ ਉਸ ਨੇ ਆਪਣੇ ਸਰੀਰ ਉਪਰਲੇ ਕੱਪੜੇ[10] ਨੂੰ ਵੀ ਠੀਕ ਨਾ ਕੀਤਾ ਤੇ ਤੁਰੰਤ ਹੀ ਉੱਠ ਕੇ ਦਰਵਾਜ਼ੇ[11] ਵਿਚ ਦੀ ਬਾਹਰ ਨਿਕਲ ਗਿਆ ॥੨੫॥

ਉਸ ਨੇ ਸਾਰੀ ਸੰਗਤ ਆਪਣੇ ਕੋਲ ਸੱਦ ਲਈ ਅਤੇ ਸ਼ਰਧਾ ਨਾਲ ਦਰੱਖਤ ਨੂੰ ਵੇਖ ਕੇ ਉਸ ਉਪਰ ਚੜ ਗਿਆ। ਉਸ ਨੇ (ਕਿੱਕਰ ਦੇ) ਟਾਹਣੇ[12] ਫੜ ਕੇ ਜ਼ੋਰ ਨਾਲ ਹਿਲਾਏ ਤਾਂ ਬਹੁਤ ਹੀ ਮਨਭਾਉਂਦੇ ਭੋਜਨ ਡਿੱਗਦੇ ਹੋਏ ਵੇਖੇ। ॥੨੬॥

ਮੋਦਕ[1] ਸਸਕੁਲਿ[2] ਪਰਪਾ[3] ਪੂਰੀ । ਪਿਖਤ ਸਰਬ ਭਾ ਅਚਰਜ ਭੂਰੀ।
ਅਧਿਕ ਛੁਧਾ ਮਹਿੰ ਹੁਤੇ ਬਿਹਾਲਾ । ਅਚਵਨ ਲਾਗੇ ਸ੍ਵਾਦ ਬਿਸਾਲਾ(*1) ॥੨੭॥

ਜਿਉਂ ਜਿਉਂ ਝੁਣਹਿੰ ਬਿਟਪਨ ਸੋਊ । ਤਿਉਂ ਤਿਉਂ ਗਿਰਹਿੰ,ਖਾਇੰ ਸਭਿ ਕੋਊ।
ਨਾਨਾ ਭਾਂਤਿ ਪਰਹਿੰ ਧਰ ਆਈ । ਲਗੇ ਨ ਦੀਸਹਿੰ ਪਰਤ[4] ਦਿਸਾਈ॥੨੮॥

ਅਚਰਜ ਭੇ ਗਤਿ ਜਾਇ ਨ ਜਾਨੀ ।'ਧੰਨ ਧੰਨ'ਕਹਿੰ 'ਗੁਰ ਗੁਨਖਾਨੀ'।
ਇਕ ਤੋ ਭੂਖੇ ਬਾਸਰ[5] ਤੀਨੰ । ਮਿਲਜੋ ਨ ਅਵਸਰ ਅਸਨ ਨ ਕੀਨੰ॥੨੯॥

ਦੁਤਿਯ ਸ੍ਵਾਦਮੈ[6] ਮਿਲਜੋ ਅਹਾਰਾ । ਖਾਇ ਅਧਿਕ ਸੁਖ ਰਿਦੇ ਉਦਾਰਾ।
ਚਿਰੰਕਾਲ ਲੌ ਅਚਵ ਅਘਾਏ । 'ਭਏ ਤ੍ਰਿਪਤ'ਇਵ ਮੁਖਹਿੰ ਅਲਾਏ॥੩੦॥

ਹਟ ਜਬ ਰਹੇ ਬਿਲੋਕੇ ਲਹਿਣੇ । ਉਤਰਜੋ ਤਰੇ[7] ਛੋਰ ਕਰ ਟਹਿਣੇ।
ਬਿੰਸਤ ਚਤਰ[8] ਹਜ਼ਾਰ ਹੁਤੇ ਨਰ । ਸਭ ਤ੍ਰਿਪਤਾਏ ਰਹਜੋ ਹਰਖ ਭਰ॥੩੧॥

ਹ੍ਵੈ ਕੈ ਸੰਗਤਿ ਕੇਰ ਅਗਾਰੀ । ਚਲ ਆਯੋ ਧ੍ਰਮਸਾਲ ਮਝਾਰੀ।
ਪਾਇਨ ਪਾਸ ਲਕੁਟ[9] ਕੀ ਨਜਾਂਈ[10] । ਪਰਜੋ ਦੀਨ ਹ੍ਵੈ ਪ੍ਰੇਮਹਿ ਛਾਈ॥੩੨॥

ਤਿਹ ਛਿਨ ਕਛੁਕ ਸ਼ਕਤਿ ਹ੍ਵੈ ਆਈ । ਭਾਨੁ[11] ਉਗਤ ਜੈਸੇ ਅਰੁਨਾਈ।
ਸੰਗਤ ਪਾਯਨ ਪਰੀ ਪਿਛਾਰੀ । ਸਰਧਾ ਜਗੀ ਪਰਮ ਸੁਖਕਾਰੀ॥੩੩॥

ਬੈਠਹਿੰ ਬਿਸਮਹਿੰ ਬਚਨ ਬਖਾਨਹਿੰ । 'ਅਤਿਸੈ ਅਚਰਜ ਕੋ ਨਹਿੰ ਜਾਨਹਿੰ।
ਪੂਰਬ ਭਈ ਨ ਕਬਹੂੰ ਐਸੇ । ਤਰੁ ਤੇ ਅਸਨ ਅਚਾਯੋ[12] ਜੈਸੇ' ॥੩੪॥

ਪੂਰਨ ਕਲਾਵਾਨ ਪਹਿਚਾਨੇ । ਮਾਨਵ ਆਨ ਅਨੇਕ ਮਿਲਾਨੇ।
ਜਿਤ ਦਿਸ ਸ੍ਰੀ ਗੁਰ ਜਾਇੰ ਅਗਾਰੀ । ਤਿਤ ਦਿਸ ਗਵੈਂ[13] ਹਜ਼ਾਰ ਪਿਛਾਰੀ॥੩੫॥

SikhBookClub.Com

ਲੱਡੂ[1] ਜਲੇਬੀਆਂ[2], ਪੂੜੇ[3], ਪੂੜੀਆਂ ਆਦਿ ਇਹ ਡਿੱਗਦੇ ਹੋਏ ਵੇਖ ਕੇ ਸਾਰੇ ਹੀ ਹੈਰਾਨ ਹੋ ਗਏ। ਲੋਕੀਂ ਭੁੱਖ ਨਾਲ ਬੇਹਾਲ ਸਨ ਤੇ ਜਦੋਂ ਖਾਣ ਲੱਗੇ ਤਾਂ ਬਹੁਤ ਹੀ ਸਵਾਦੀ ਸਨ ॥੨੭॥

ਜਿਵੇਂ ਜਿਵੇਂ ਲਹਿਣਾ ਜੀ ਬਿਰਛਾਂ ਨੂੰ ਹਲੂਣੀ ਜਾਣ ਤਿਉਂ ਤਿਉਂ ਭੋਜਨ ਡਿੱਗੀ ਜਾਵੇ ਅਤੇ ਸਾਰੇ ਲੋਕੀਂ ਖਾਈ ਜਾਣ। ਭਾਂਤ-ਭਾਂਤ ਦੇ ਖਾਣੇ ਜੋ ਧਰਤੀ ਪਰ ਡਿੱਗਦੇ ਸਨ, ਉਹ ਬਿਰਛ ਨੂੰ ਲੱਗੇ ਹੋਏ ਨਹੀਂ ਸੀ ਦਿੱਸਦੇ, ਬੱਸ ਡਿੱਗਦੇ[4] ਹੋਏ ਹੀ ਦਿੱਸਦੇ ਸਨ। ॥੨੮॥

ਲੋਕੀਂ ਹੈਰਾਨ ਸਨ ਕਿਸੇ ਨੂੰ ਵੀ ਇਸ ਚਾਲ ਦਾ ਪਤਾ ਨਾ ਲੱਗੇ। ਸਾਰੇ ਗੁਰੂ ਜੀ ਨੂੰ ਇਹ ਹੀ ਕਹੀ ਜਾਣ, "ਧੰਨ ਹੋ, ਧੰਨ ਹੋ, ਹੇ ਗੁਣਾਂ ਦੀ ਖਾਣ।" ਵੇਖੋ ਇੱਕ ਤਾਂ ਤਿੰਨਾਂ ਦਿਨਾਂ[5] ਦੇ ਭੁੱਖੇ ਸਾਂ। ਸਮਾਂ ਨਾ ਮਿਲਣ ਉੱਤੇ ਖਾਣਾ ਵੀ ਨਹੀਂ ਸੀ ਖਾਧਾ। ॥੨੯॥

ਦੂਸਰਾ ਬਹੁਤ ਹੀ ਸਵਾਦੀ[6] ਖਾਣਾ ਮਿਲਿਆ, ਜਿਸ ਨੂੰ ਛਕ ਕੇ ਮਨ ਨੂੰ ਬਹੁਤ ਹੀ ਸੁੱਖ ਪ੍ਰਾਪਤ ਹੋਇਆ। ਲੰਬੇ ਚਿਰ ਪਿੱਛੋਂ ਖਾ ਕੇ ਰੱਜ ਗਏ, ਖਾ ਕੇ ਤਸੱਲੀ ਹੋ ਗਈ।" ਸਾਰੇ ਆਪਣੇ ਮੂੰਹਾਂ ਤੋਂ ਇਉਂ ਕਹਿ ਰਹੇ ਸਨ। ॥੩੦॥

ਜਦ ਲਹਿਣਾ ਜੀ ਨੇ ਇਹ ਵੇਖਿਆ ਕਿ ਲੋਕੀਂ ਹੁਣ ਖਾਣ ਤੋਂ ਹਟ ਗਏ ਹਨ ਤਾਂ ਉਹ ਟਾਹਣਿਆਂ ਨੂੰ ਛੱਡ ਕੇ ਦਰੱਖਤ ਤੋਂ ਹੇਠ[7] ਉਤਰ ਆਏ। ਚੌਵੀ[8] ਹਜ਼ਾਰ ਲੋਕਾਂ ਦਾ ਇਕੱਠ ਸੀ ਜੋ ਪੂਰੀ ਤਰਾਂ ਨਾਲ ਰੱਜ ਗਏ ਤੇ ਖੁਸ਼ੀ ਨਾਲ ਚਿੱਤ ਭਰ ਗਏ ਸਨ। ॥੩੧॥

ਫਿਰ ਲਹਿਣਾ ਜੀ ਸੰਗਤ ਦੇ ਅੱਗੇ ਲੱਗ ਕੇ ਧਰਮਸਾਲਾ ਵਿਚ ਆ ਗਏ ਸਨ। ਉਹ ਲੱਕੜੀ[9] ਵਾਂਗ[10] ਸਿੱਧਾ ਹੋ ਕੇ ਬਹੁਤ ਹੀ ਨਿਮਰਤਾ ਸਹਿਤ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨਾਂ ਅੱਗੇ ਪੈ ਗਏ ਸਨ ਅਤੇ ਮਨ ਵਿੱਚ ਬੇਅੰਤ ਪ੍ਰੇਮਾ-ਭਾਵ ਛਾ ਗਿਆ ਸੀ। ॥੩੨॥

ਉਸ ਵਕਤ ਅਜਿਹੀ ਸ਼ਕਤੀ ਪੈਦਾ ਹੋਈ ਜਾਪੀ, ਜਿਸ ਤਰਾਂ ਸੂਰਜਾਂ[11] ਦੇ ਚੜ੍ਹਨ ਵੇਲੇ ਲਾਲੀ ਹੋ ਜਾਂਦੀ ਹੈ ਤੇ ਸਾਰੀ ਸੰਗਤ ਲਹਿਣਾ ਜੀ ਦੇ ਪਿੱਛੇ (ਦੂਰ ਤੱਕ) ਲੰਬੀ ਪੈ ਗਈ ਸੀ। ਲੋਕਾਂ ਵਿਚ ਸੁੱਖਾਂ ਦੀ ਕਾਰ (ਗੁਰੂ ਜੀ) ਪ੍ਰਤੀ ਬੇਅੰਤ ਸ਼ਰਧਾ ਉਤਪੰਨ ਹੋ ਗਈ ਸੀ। ॥੩੩॥

ਲੋਕ ਅਸਚਰਜ ਹੋਏ ਉਥੇ ਬੈਠੇ ਹੋਏ, ਕਹਿੰਦੇ ਸਨ, "ਐਸੇ ਕੌਤਕ ਨੂੰ ਕੋਈ ਨਹੀਂ ਜਾਣ ਸਕਦਾ। ਇਸ ਤਰਾਂ ਪਹਿਲਾਂ ਕਦੀ ਨਹੀਂ ਹੋਇਆ, ਜਿਸ ਤਰਾਂ ਦਰੱਖਤ ਤੋਂ ਭੋਜਨ ਡੇਗ ਕੇ ਖੁਆਇਆ[12] ਹੈ" ॥੩੪॥

ਉਨ੍ਹਾਂ ਗੁਰੂ ਜੀ ਨੂੰ ਪੂਰਨ ਕਲਾਵਾਨ ਜਾਣਿਆ, ਬਹੁਤ ਲੋਕੀਂ ਉਨ੍ਹਾਂ ਨੂੰ ਮਿਲਣ ਲੱਗੇ। ਜਿਸ ਦਿਸ਼ਾ ਵੱਲ ਵੀ ਗੁਰੂ ਨਾਨਕ ਜੀ ਜਾਣ, ਹਜ਼ਾਰਾਂ ਲੋਕ ਉਨ੍ਹਾਂ ਦੇ ਪਿੱਛੇ-ਪਿੱਛੇ ਉਸ ਦਿਸ਼ਾ ਵੱਲ ਹੀ ਤੁਰੇ[13] ਜਾਂਦੇ। ॥੩੫॥

SikhBookClub.Com

'ਸ੍ਰੀ ਨਾਨਕ ਸ੍ਰੀ ਨਾਨਕ'ਨਾਮੂ । ਜਹਿਂ ਤਹਿਂ ਹ੍ਵੈ ਉਚਾਰ ਸੁਖਧਾਮੂ।
ਗਾਵਹਿਂ ਸ਼ਬਦ ਪਢੈ ਦ੍ਰਿਢ ਪ੍ਰੇਮਾਂ । ਕਰ ਬਿਚਾਰ ਹੁਇ ਚਿੱਤ ਸੁ ਖੇਮਾ[1] ॥ ੩੬ ॥

ਸਤਜੁਗ ਬਿਖੈ ਬੇਣ[(*2)] ਭੂਪਾਲਾ । ਕਲੀ ਕਾਲ ਬਰਤਾਇ[2] ਬਿਸਾਲਾ।
ਚੋਰ ਦੁਸ਼ਟ ਅਘ ਕਰਤ ਅਨੇਕਾ । ਨਹਿਂ ਸਤਸੰਗਤ ਹ੍ਵੈ ਨ ਬਿਬੇਕਾ[3] ॥ ੩੭ ॥

ਸੋ ਸਤਜੁਗ ਕਲਿ ਕਾਲ ਮਝਾਰਾ । ਪ੍ਰਗਟ[4] ਕੀਨ ਤਬ ਪ੍ਰਭੂ ਉਦਾਰਾ।
ਜਹਿਂ ਤਹਿਂ ਹੋਇ ਰਹਜੋ ਸਤਿਸੰਗਾ । ਸਤਿਨਾਮ ਸਿਮਰਹਿਂ ਦੁਖ ਭੰਗਾ[5] ॥ ੩੮ ॥

ਮਿਲਹਿਂ ਬਿਚਾਰਹਿਂ ਗਾਵਹਿਂ ਕੀਰਤਿ । ਸ਼ੋਭਾ ਸਗਲ ਜਗਤ ਬਿਸਤੀਰਤ[6]।
ਜੈ ਜੈ ਕਾਰ ਹੋਤ ਚਹੁਂ ਫੇਰਾ । ਉਮਗਤ ਸਭ ਕੈ ਪ੍ਰੇਮ ਘਨੇਰਾ ॥ ੩੯ ॥

ਮਾਨਵ ਮਿਲੇ ਅਨੇਕ ਹਜਾਰਾ । ਸਰਬ ਦੇਗ[7] ਤੇ ਖਾਇਂ ਅਹਾਰਾ।
ਦਰਬ ਉਪਾਇਨ ਆਨਹਿਂ ਕੋਈ । ਕਿਹ ਤੇ ਲੇਹਿਂ ਨ, ਫੇਰਹਿਂ[8] ਸੋਈ ॥ ੪੦ ॥

ਸਵਾ ਜਾਮ ਨਿਸ ਜਾਹਿਂ ਸ਼ਨਾਨਾ । ਜਲ ਮਹਿਂ ਤਿਸ਼ਟੈਂ[9] ਕ੍ਰਿਪਾਨਿਧਾਨਾ।
ਭੋਰ ਹੋਤ ਲੌ ਠਾਂਢੇ ਰਹਿਹੀਂ । ਕੰਠ[10] ਸਮਾਨ ਜਾਂਹਿ ਜਲ ਅਹਿਹੀ ॥ ੪੧ ॥

ਲਹਿਣਾ ਜਾਇ ਸੰਗ ਤਿਹ ਕਾਲਾ । ਸੇਵਹਿ ਸਤਿਗੁਰ ਚਰਨ ਰਸਾਲਾ[11]।
ਹਿਮ[12] ਰੁਤ ਹੁਤੀ ਸੀਤ ਅਧਿਕਾਈ । ਇਕ ਦਿਨ ਪੁਨ ਬਰਖਾ ਬਰਖਾਈ ॥ ੪੨ ॥

ਜਲ ਮਹਿਂ ਪੈਠੇ ਗੁਨੀ ਗਹੀਰੰ । ਲਹਿਣਾ ਬੈਠਜੋ ਸਰਿਤਾ[13] ਤੀਰੰ।
ਭਯੋ ਸ਼ੀਤ ਤਿਹ ਕਾਲ ਬਿਸਾਲਾ । ਭੀਗੇ ਚੀਰ ਨੀਰ ਕੇ ਨਾਲਾ ॥ ੪੩ ॥

ਸਰਦੀ ਤਬ ਲਹਿਣੇ ਕੌ ਬਜਾਪੀ । ਥਰ ਥਰ ਸੀਤ ਸੰਗ ਦੇਹ ਕਾਂਪੀ[14]।
ਦੰਤ ਜੁਟੇ ਮੁਖ ਜਾਇ ਨ ਬੋਲਾ । ਪਰਜੋ ਧਰਾ ਪੁਨ ਹੋਇ ਅਡੋਲਾ ॥ ੪੪ ॥

ਨਹਿਂ ਸੁਧ ਈਖਦ[15] ਰਹੀ ਸਰੀਰਾ । ਕਰ ਤੇ ਗਿਰੇ ਜੁ ਗੁਰ[16] ਕੇ ਚੀਰਾ।
ਤਿਹ ਛਿਨ ਨਿਕਸੇ ਵਹਿਰ ਗੁਸਾਈਂ । ਪਿਖਜੋ ਦਾਸ ਸੁਧ ਜਾਂਹਿ ਨ ਕਾਈ ॥ ੪੫ ॥

SikhBookClub.Com

'ਸ੍ਰੀ ਨਾਨਕ, ਸ੍ਰੀ ਨਾਨਕ' ਸੁੱਖਾਂ ਦਾ ਘਰ ਹੈ, ਜਿੱਥੇ-ਕਿੱਥੇ ਸਭ ਇਹ ਕਹਿ ਕੇ ਉਚਾਰਦੇ। (ਲੋਕ) ਬਹੁਤ ਦ੍ਰਿੜ੍ਹ ਪ੍ਰੇਮ ਸਹਿਤ ਸ਼ਬਦ ਗਾਉਂਦੇ-ਸੁਣਦੇ ਅਤੇ ਇਸ ਉੱਪਰ ਵਿਚਾਰ ਕਰਨ ਨਾਲ ਉਨ੍ਹਾਂ ਦਾ ਹਿਰਦਾ ਸੁਖੀ[1] ਹੋ ਜਾਂਦਾ। ॥੩੬॥

ਸਤਿਜੁਗ ਵਿੱਚ ਇੱਕ ਰਿਸ਼ੀ 'ਬੈਣ ਰਾਜਾ' ਹੋਇਆ ਹੈ, ਉਸ ਨੇ ਸਤਿਜੁਗ ਵਿਚ ਕਲਜੁਗ ਵਰਤਾ[2] ਦਿੱਤਾ ਸੀ। ਉਸ ਨੇ ਅਨੇਕਾਂ ਚੋਰ, ਦੁਸ਼ਟ ਤੇ ਪਾਪੀ ਪੈਦਾ ਕੀਤੇ। ਉਸ ਦੇ ਸਮੇਂ ਵਿੱਚ ਨਾ ਹੀ ਸਤਿਸੰਗਤ ਹੁੰਦੀ ਤੇ ਨਾ ਹੀ ਕੋਈ ਗਿਆਨ[3] ਦੀ ਗੱਲ ਹੁੰਦੀ ਸੀ। ॥੩੭॥

(ਜਦ ਕਿ) ਗੁਰੂ ਜੀ ਨੇ ਕਲਜੁਗ ਵਿਚ ਸਤਿਜੁਗ ਵਰਤਾ[4] ਦਿੱਤਾ। ਉਦੋਂ ਤੋਂ ਥਾਂ-ਥਾਂ ਤੇ ਸਤਿਸੰਗ ਹੋਣ ਲੱਗਾ। ਲੋਕੀਂ ਸਤਿਨਾਮ ਦੇ ਨਾਂ ਨੂੰ ਸਿਮਰਦੇ ਤੇ ਦੁੱਖਾਂ ਦਾ ਨਾਸ਼[5] ਹੁੰਦਾ ॥੩੮॥

ਇਸ ਤਰਾਂ ਮਿਲਦੇ-ਵਿਚਾਰਦੇ ਹੋਏ ਅਤੇ ਪ੍ਰਭੂ ਦੀ ਮਹਿਮਾ ਦਾ ਗਾਇਨ ਕਰਦਿਆਂ ਗੁਰੂ ਜੀ ਦੀ ਸੋਭਾ ਸਾਰੇ ਜਗਤ ਵਿਚ ਫੈਲ[6] ਗਈ। ਚੌਹੀਂ ਪਾਸੀਂ ਗੁਰੂ ਜੀ ਦੀ ਜੈ-ਜੈਕਾਰ ਹੋ ਰਹੀ ਸੀ। ਸਾਰਿਆਂ ਲੋਕਾਂ ਦੇ ਮਨ ਵਿਚ ਪ੍ਰੇਮ ਦਾ ਉਛਾਲ ਪੈਦਾ ਹੋ ਰਿਹਾ ਸੀ। ॥੩੯॥

(ਇਸ ਤਰਾਂ) ਉਥੇ ਹਜ਼ਾਰਾਂ ਲੋਕ ਇਕੱਠੇ ਹੁੰਦੇ, ਸੰਗਤਾਂ ਲੰਗਰ[7] ਵਿੱਚੋਂ ਭੋਜਨ ਛਕਦੀਆਂ। ਜੋ ਕੋਈ ਧਨ ਪਦਾਰਥ ਭੇਟ ਕਰਨ ਲਈ ਆਉਂਦਾ ਤਾਂ ਉਹ ਕੁਝ ਨਾ ਲੈਂਦੇ ਤੇ ਭੇਟ ਕੀਤਾ ਹੋਇਆ ਸਮਾਨ ਵਾਪਸ[8] ਕਰ ਦਿੰਦੇ। ॥੪੦॥

ਸਵਾ ਪਹਿਰ ਰਾਤ ਰਹਿੰਦੇ ਗੁਰੂ ਜੀ ਇਸ਼ਨਾਨ ਕਰਨ ਜਾਂਦੇ ਅਤੇ ਕਿਰਪਾ-ਖਜ਼ਾਨੇ (ਗੁਰੂ ਜੀ) ਪਾਣੀ 'ਚ ਖੜ੍ਹੇ[9] ਹੋ ਜਾਂਦੇ । ਦਿਨ ਚੜ੍ਹਨ ਤੱਕ ਖੜ੍ਹੇ ਰਹਿੰਦੇ, ਜਿੱਥੇ ਗਲ[10] ਤੱਕ ਪਾਣੀ ਸੀ ॥੪੧॥

ਉਸ ਵੇਲੇ ਲਹਿਣਾ ਜੀ ਉਨ੍ਹਾਂ ਨਾਲ ਜਾਂਦੇ। ਉਨ੍ਹਾਂ ਦੇ ਸੁੰਦਰ[11] ਚਰਨਾਂ 'ਚ ਸੇਵਾ ਕਰਦੇ। ਸਰਦੀ[12] ਦੀ ਰੁੱਤ ਵਿੱਚ, ਬਹੁਤ ਠੰਢ ਹੁੰਦੀ ਸੀ ।ਇਕ ਦਿਨ ਬਹੁਤ ਮੀਂਹ ਪੈਣ ਲੱਗਾ। ॥੪੨॥

ਅਥਾਹ ਗੁਣਾਂ ਵਾਲੇ (ਗੁਰੂ ਜੀ) ਜਲ ਵਿਚ ਦਾਖਲ ਹੋ ਗਏ ਸਨ। ਲਹਿਣਾ ਜੀ ਨਦੀ ਦੇ ਕਿਨਾਰੇ[13] ਬੈਠੇ ਹੋਏ ਸਨ। ਉਸ ਵੇਲੇ ਬਹੁਤ ਹੀ ਠੰਢ ਸੀ । ਉਸ ਦੇ ਕੱਪੜੇ ਪਾਣੀ ਨਾਲ ਭਿੱਜ ਗਏ ਸਨ ॥੪੩॥

ਲਹਿਣਾ ਜੀ ਨੂੰ ਠੰਢ ਲੱਗਣ ਲੱਗੀ। ਉਨ੍ਹਾਂ ਦਾ ਸਰੀਰ ਥਰ-ਥਰ ਕੰਬਣ[14] ਲੱਗ ਪਿਆ। ਉਨ੍ਹਾਂ ਦੇ ਦੰਦ ਜੁੜ ਗਏ। ਮੂੰਹ ਤੋਂ ਬੋਲਿਆ ਨਾ ਜਾਵੇ। ਉਹ ਧਰਤੀ 'ਤੇ ਡਿੱਗ ਪਏ ਅਤੇ ਅਚਲ ਹੋ ਗਏ ॥੪੪॥

ਉਨ੍ਹਾਂ ਦੇ ਸਰੀਰ ਨੂੰ ਥੋੜ੍ਹੀ[15] ਜਿੰਨੀ ਵੀ ਸੁਰਤ ਨਾ ਰਹੀ। ਹੱਥਾਂ ਵਿੱਚੋਂ ਗੁਰੂ[16] ਜੀ ਦੇ ਕੱਪੜੇ ਡਿੱਗ ਪਏ। ਤਾਂ ਉਸੇ ਪਲ ਸਵਾਮੀ (ਗੁਰੂ ਜੀ) ਬਾਹਰ ਨਿਕਲੇ ਤੇ ਉਨ੍ਹਾਂ ਵੇਖਿਆ ਕਿ ਉਸ ਦੇ ਸੇਵਕ ਨੂੰ ਕੋਈ ਵੀ ਸੁਰਤ ਨਹੀਂ ਹੈ। ॥੪੫॥

SikhBookClub.Com

ਭੀਗ ਸਰੀਰ ਚੀਰ ਗੇ ਜਾਂਕੇ[1] । ਪਰੇ ਅਚੇਤ ਅੰਗ ਛਿਤ[2] ਤਾਂਕੇ।
ਪਦ ਪੰਕਜ ਤਨ ਸੋਂ ਪਰਸਾਯੋ । ਸਰਬ ਅੰਗ ਤੇ ਸ਼ੀਤ ਨਸਾਯੋ॥੪੬॥

ਭਈ ਉਸ਼ਨਤਾ[3] ਸੁਧ ਹ੍ਵੈ ਆਈ । ਦੇਖ ਪਰਜੋ ਪਾਇਨ ਲਪਟਾਈ।
ਬੂਝੋ ਦਾਸ ਤਬਹਿ ਜਗਨਾਥਾ । 'ਕੌਨ ਹਾਲ ਬੀਤਜੋ ਤੁਝ ਸਾਥਾ?'॥੪੭॥ (*3)

ਬੋਲਜੋ ਲਹਿਣਾ ਦ੍ਵੈ ਕਰ ਜੋਰੀ[4] । 'ਸੁਨੀਏ ਪ੍ਰਭੂ ਦਸ਼ਾ ਜਸ ਮੋਰੀ।
ਬਸਤ੍ਰ ਭੀਜ, ਭਾ ਸ਼ੀਤ[5] ਘਨੇਰਾ । ਜੁਟੇ ਦੰਤ ਤਨ ਗਿਰ ਗਸੋ ਮੇਰਾ ॥੪੮॥

ਚਰਨ ਕਮਲ ਤੁਮ ਆਨ ਛੁਹਾਵਾ । ਤਤਛਿਨ ਸਗਰੋ ਸ਼ੀਤ ਨਸਾਵਾ।
ਅਬ ਸੁਚੇਤ ਭਾ ਮੋਰ ਸਰੀਰਾ । ਰਾਵੰਰ ਭੰਜਤ[6] ਹੋ ਸਭ ਪੀਰਾ'॥੪੯॥

ਸੁਨ ਬੋਲੇ ਸ੍ਰੀ ਪ੍ਰਭੂ ਕ੍ਰਿਪਾਲਾ । 'ਹੌਂ ਘਾਲਤ ਜੋ ਘਾਲ ਬਿਸਾਲਾ।
ਅਨਿਕ ਪ੍ਰਕਾਰਨ ਜੋ ਤਪ ਕਰਨਾ । ਸਭ ਸਿੱਖਨ ਹਿਤ ਲਖਹੁ ਅਚਰਨਾ[7]॥੫੦॥

ਜੋ ਮੇਰੇ ਮਹਿਂ ਸਰਧਾ ਧਰਹੀਂ । ਮਨ ਕਰ ਸ਼ਬਦ ਕਮਾਵਨ ਕਰਹੀਂ।
ਨਾਨਕ ਪੰਥੀ ਜਿਨ ਕੋ ਨਾਮ । ਵਾਹਿਗੁਰੂ ਜਪ ਰਹਿਤ ਅਕਾਮ[8]॥੫੧॥

ਸੋ ਜਮ ਕੋ ਨਹਿਂ ਦੇਖਨ ਪੈ ਹੈਂ । ਸੁਖ ਸੋਂ ਗਤਿ[9] ਪ੍ਰਾਪਤਿ ਤਿਨ ਹ੍ਵੈ ਹੈ'।
ਕਮਲ ਬਦਨ ਤੇ ਕਹਿ ਅਸ ਬਾਨੀ । ਪੁਨ ਪੁਰ ਮਹਿਂ ਆਏ ਗੁਨਖਾਨੀ॥੫੨॥

ਬੈਠਤ ਭੇ ਧ੍ਰਮਸਾਲ ਮਝਾਰੀ । ਸੰਗਤ ਆਵਹਿ ਕਰਹਿ ਜੁਹਾਰੀ[10]।
ਕਰਨ ਲਗੇ ਤਪ ਕ੍ਰੂਰ[11] ਬਡੇਰਾ । ਪੁਰ ਕੇ ਨਿਕਟ ਨੀਕ ਥਲ ਹੇਰਾ॥੫੩॥

ਤਹਾਂ ਕੀਨ ਇਕ ਕੁਟੀ[12] ਨਿਰਾਲੀ । ਰੋਰਨ[13] ਸੇਜ ਡਸਾਇ ਦੁਖਾਲੀ।
ਨਿਜ ਸਰੀਰ ਕੇ ਸਮ ਬਨਵਾਈ । ਥਾਇਂ ਸ਼ੇਸ[14] ਨਹਿਂ ਜਹਾਂ ਰਹਾਈ॥੫੪॥

SikhBookClub.Com

ਉਨ੍ਹਾਂ[1] ਦੇ ਸਰੀਰ ਦੇ ਸਾਰੇ ਕੱਪੜੇ ਭਿੱਜ ਗਏ ਹਨ ਤੇ ਉਸ ਦਾ **ਸਰੀਰ** ਧਰਤੀ[2] 'ਤੇ ਬੇਸੁੱਧ ਹੋਇਆ ਪਿਆ ਹੈ। ਗੁਰੂ ਜੀ ਨੇ ਆਪਣੇ ਚਰਨ-ਕਮਲਾਂ ਨਾਲ ਉਸਦੇ **ਸਰੀਰ** ਨੂੰ ਛੁਹਾਇਆ ਤਾਂ ਉਸ ਦੇ ਸਾਰੇ ਸਰੀਰ ਵਿੱਚੋਂ ਠੰਢ ਨਸਾ ਦਿੱਤੀ। ॥੪੬॥

ਗਰਮੀ[3] ਆਉਣ ਨਾਲ ਉਨ੍ਹਾਂ ਨੂੰ ਹੋਸ਼ ਆ ਗਈ ਤੇ ਉਹ ਗੁਰੂ ਜੀ ਨੂੰ ਦੇਖ ਕੇ ਉਹ ਉਨ੍ਹਾਂ ਦੇ ਪੈਰਾਂ ਨੂੰ ਲਿਪਟ ਗਏ। ਜਗਤ ਸਵਾਮੀ (ਗੁਰੂ ਜੀ) ਨੇ ਆਪਣੇ ਸੇਵਕ (ਲਹਿਣੇ) ਨੂੰ ਪੁੱਛਿਆ, "ਤੇਰੇ ਨਾਲ ਕੀ ਵਾਪਰ ਗਿਆ, ਕੀ ਹਾਲ ਹੈ?" ॥੪੭॥

ਲਹਿਣਾ ਜੀ ਨੇ ਦੋਨੋਂ ਹੱਥ ਜੋੜ[4] ਕੇ ਦੱਸਿਆ, "ਸੁਣੋ ਪ੍ਰਭੂ ਜੀ ਜਿਸ ਤਰਾਂ ਮੇਰੇ ਨਾਲ ਹੋਈ। ਕੱਪੜੇ ਭਿੱਜਣ ਨਾਲ ਬਹੁਤ ਠੰਢ[5] ਲੱਗਣ ਲੱਗ ਗਈ ਸੀ, ਮੇਰੇ ਦੰਦ ਵੱਜਣ ਲੱਗ ਪਏ ਤੇ ਮੇਰਾ ਸਰੀਰ (ਧਰਤੀ ਉੱਤੇ) ਡਿੱਗ ਪਿਆ ਸੀ। ॥੪੮॥

ਤੁਸੀਂ ਆ ਕੇ ਆਪਣੇ ਚਰਨ-ਕਮਲਾਂ ਨੂੰ ਮੇਰੇ ਸਰੀਰ ਨਾਲ ਛੁਹਾਇਆ ਤਾਂ ਪਲ ਵਿਚ ਹੀ ਮੇਰੇ ਅੰਦਰੋਂ ਠੰਢ ਦੂਰ ਕਰ ਦਿੱਤੀ। ਹੁਣ ਮੇਰਾ ਸਰੀਰ ਸੁਰਤ ਵਿਚ ਆ ਗਿਆ ਹੈ। ਸਭ ਦੁੱਖਾਂ ਨੂੰ ਦੂਰ[6] ਕਰਨ ਵਾਲੇ ਸਭ ਆਪ ਹੀ ਹੋ।" ॥੪੯॥

ਤਾਂ ਕਿਰਪਾਲੂ ਪ੍ਰਭੂ (ਗੁਰੂ ਜੀ) ਨੇ ਆਖਿਆ, "ਜੋ ਅਸੀਂ ਤਪ ਕਰਦੇ ਹਾਂ ਤੇ ਸਖਤ ਘਾਲਣਾ ਕਰਦੇ ਹਾਂ ਸਮਝੋ, ਆਪਣੇ ਸ਼ਰਧਾਵਾਨ ਸਿੱਖ-ਸੇਵਕਾਂ ਵਾਸਤੇ ਹੀ ਸਾਰ ਕੰਮ[7] ਕਰਦੇ ਹਾਂ ॥੫੦॥

ਜੋ ਆਦਮੀ ਸਾਡੇ ਉੱਪਰ ਸ਼ਰਧਾ ਰੱਖਦੇ ਹਨ ਅਤੇ ਮਨ ਲਾ ਕੇ ਸ਼ਬਦ ਦੀ ਕਮਾਈ ਕਰਦੇ ਹਨ, ਉਹੀ ਨਿਸ਼ਕਾਮ[8] ਹੋ ਕੇ ਵਾਹਿਗੁਰੂ ਜੀ ਦਾ ਨਾਮ ਜਪਦੇ ਹਨ, ਜਿਨ੍ਹਾਂ ਦਾ ਨਾਮ "ਨਾਨਕ ਪੰਥੀ" ਹੈ। ॥੫੧॥

ਉਨ੍ਹਾਂ ਨੂੰ ਜਮ (ਦਾ ਦੁੱਖ) ਨਹੀਂ ਵੇਖਣਾ ਪਵੇਗਾ ਅਤੇ ਉਨ੍ਹਾਂ ਨੂੰ ਸੁੱਖਾਂ ਵਾਲੀ ਮੁਕਤੀ[9] ਪ੍ਰਾਪਤ ਹੁੰਦੀ ਹੈ।" ਆਪਣੇ ਕਮਲ-ਮੁੱਖ ਤੋਂ ਇਸ ਤਰਾਂ ਬਚਨ ਕਰਨ ਪਿੱਛੋਂ ਗੁਣਾਂ ਦੀ ਖਾਣ (ਗੁਰੂ ਜੀ) ਫਿਰ ਨਗਰ ਵਿਚ ਆ ਗਏ। ॥੫੨॥

ਉਹ ਧਰਮਸਾਲਾ ਦੇ ਵਿਚ ਬੈਠ ਗਏ। ਸੰਗਤ ਆਉਂਦੀ ਤੇ ਪਰਨਾਮ[10] ਕਰਦੀ। ਨਗਰ ਦੇ ਨਜ਼ਦੀਕ ਹੀ ਇਕ ਸੁੰਦਰ ਥਾਂ ਵੇਖਿਆ ਤੇ (ਗੁਰੂ ਜੀ) ਕਰੜਾ[11] ਤਪ ਕਰਨ ਲੱਗੇ। ॥੫੩॥

ਉਥੇ ਉਨ੍ਹਾਂ ਦੁੱਖ ਦੇਣ ਵਾਲੀ ਰੋੜਾਂ[13] ਦੀ ਸੇਜ ਬਣਾ ਕੇ, ਇਕ ਨਿਰਾਲੀ ਕੁੱਟੀਆ[12] ਬਣਾ ਲਈ। ਉਨ੍ਹਾਂ ਆਪਣੇ ਸਰੀਰ ਦੇ ਬਰਾਬਰ ਦੀ ਹੀ (ਕੁੱਟੀਆ) ਬਣਾਈ ਸੀ, ਜਿਸ ਵਿਚ ਹੋਰ ਵਾਧੂ[14] ਥਾਂ ਨਹੀਂ ਰੱਖੀ ਸੀ। ॥੫੪॥

SikhBookClub.Com

ਪੌਢਹਿਂ[1] ਬੈਠਹਿਂ ਰਹਿਂ ਤਿਂਹ ਮਾਂਹੀ । ਕਰਨ ਸ਼ਨਾਨ ਸਮੈਂ ਦੁਇ ਜਾਹੀਂ।
ਚਹੁਦਿਸ ਤੇ ਨਰ ਆਇਂ ਬਿਸਾਲਾ । ਦਰਸ ਬਿਲੋਕ ਧਰਹਿਂ ਪਦ ਭਾਲਾ[2]॥੫੫॥

ਕਰਹਿਂ ਕਾਮਨਾ ਹਿਰਦੇ ਜੋਈ । ਪੂਰਨ ਹੋਇ ਸਰਬ ਕੀ ਸੋਈ।
ਜੁਗਲ[3] ਕਾਲ ਭਲ ਬਨਹਿ ਅਹਾਰਾ । ਅਚਵੈਂ ਰੁਚਿ ਅਨੁਸਾਰ ਅਪਾਰਾ॥੫੬॥

ਬਹੁਤ ਰਸੋਈਏ ਦੇਗ ਕਰੇਈਂ । ਜਿਤਕ ਅੰਨ ਚਹਿਂ ਤੇਤਿਕ[4] ਲੇਈਂ।
ਨੀਕੀ ਰੀਤਿ ਸੁਧਾਰ ਬਨਾਵਹਿਂ । ਜਿਨ ਤੇ ਸ੍ਵਾਦ ਮਹਾਂ ਸ਼ੁਭ ਆਵਹਿ॥੫੭॥

ਸਰਬ ਤਜਾਰ ਹ੍ਵੈ ਭੋਜਨ ਜਬਹੀ । ਜਾਇ ਰਸੋਈਆ ਗੁਰ ਢਿਗ[5] ਤਬਹੀ।
ਹਾਥ ਬੰਦ ਹ੍ਵੈ ਠਾਂਢੋ ਰਹਹੀ । ਨਿਜ ਮੁਖ ਤੇ ਕੋ ਬਚਨ ਨ ਕਹਹੀ॥੫੮॥

ਬੀਤਹਿ ਕਿਤਕ ਕਾਲ ਅਸ ਤਾਹੀਂ । ਜਬ ਲੌਂ[6] ਪ੍ਰਭੂ ਬਿਲੋਕੈ ਨਾਹੀਂ ।
ਸਹਿਜ ਸੁਭਾਇ ਦ੍ਰਿਸ਼ਟ ਗੁਰ ਪਰਹੀ । ਬਿੱਪ੍ਰ[7] ਸੰਗ ਅਸ ਬਚਨ ਉਚਰਹੀਂ॥੫੯॥

'ਹੇ ਦਿਜ ਭੋਜਨ ਭਯੋ ਤਯਾਰੀ । ਆਇ ਹਕਾਰਨ[8]?ਕਹਹੁ ਉਚਾਰੀ'।
'ਸ੍ਰੀ ਪ੍ਰਭੁ ਤੁਮਰੀ ਕਰੁਨਾ ਕਰਕੈ । ਭਯੋ ਅਹਾਰ ਤਿਯਾਰ ਸੁਧਰਕੈ'॥੬੦॥

ਤਬ ਤਿਹ ਸੰਗ ਜਾਇਂ ਜਗ ਸਾਈਂ । ਰੁਚਿ ਅਨੁਸਾਰ ਸੁ ਭੋਜਨ ਖਾਈਂ।
ਬਹੁਰ ਦੇਗ ਵਰਤੈ ਪਸ਼ਚਾਤੀ । ਸਰਬ ਸੰਗਤੀ[9] ਹੋਇ ਅਘਾਤੀ ॥੬੧॥ (*4)

ਦੋਨੋ ਸਮੈ ਭਾਂਤਿ[10] ਇਸ ਹੋਇ । ਆਵਹਿ ਖਾਇ, ਨ ਹਟਕੈ ਕੋਇ।
ਦਰਸ਼ਨ ਦੇਖਹਿਂ ਪੂਰੈਂ ਆਸਾ । ਪਢਹਿਂ ਸ਼ਬਦ ਕਰਿ ਪ੍ਰੇਮ ਹੁਲਾਸਾ॥੬੨॥

ਕਿਤਕ ਸਮੀਪ ਰਹੈਂ ਸੁਖ ਪਾਈਂ । ਕਿਤਕ ਦਰਸ ਕਰ ਸਦਨ ਸਿਧਾਈਂ।
ਇਸ ਪ੍ਰਕਾਰ ਬੀਤਜੋ ਕਿਤ ਕਾਲਾ । ਬਹੁਰ ਤਪਹਿਂ ਤਪ ਕਠਨ ਕ੍ਰਿਪਾਲਾ॥੬੩॥

ਭੋਜਨ ਤਜਜੋ, ਨ ਅਚੈਂ[11] ਕਦਾਈਂ । ਏਕ ਅਰਕ[12] ਫੁਲ ਖਾਇਂ ਮੰਗਾਈ। (*5)
ਤਿਸ ਪ੍ਰਕਾਰ ਨਿਸ ਦਜੋਸ[13] ਬਿਤਾਵਹਿਂ।ਪੁਨ ਜਲ ਆਦਿ ਨ ਕੰਠ[14] ਪੁਚਾਵਹਿਂ॥੬੪॥

SikhBookClub.Com

ਉਹ ਲੇਟੇ[1] ਜਾਂ ਬੈਠੇ ਰਹਿੰਦੇ, ਦੋਨੋਂ ਵੇਲੇ ਇਸ਼ਨਾਨ ਕਰਨ ਹੀ ਜਾਂਦੇ। ਚਾਰੇ ਪਾਸਿਆਂ ਤੋਂ ਬਹੁਤ ਲੋਕ ਆਉਂਦੇ ਤੇ ਦਰਸ਼ਨ ਕਰਕੇ ਉਨ੍ਹਾਂ ਦੇ ਚਰਨਾਂ ਵਿਚ ਮੱਥਾ[2] ਟੇਕਦੇ। ॥੫੫॥

ਜੋ ਵੀ ਉਹ ਮਨ ਵਿਚ ਕਾਮਨਾ ਕਰਕੇ ਆਉਂਦੇ, ਸਾਰਿਆਂ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ। ਦੋਨੋਂ[3] ਵੇਲੇ ਲੰਗਰ ਤਿਆਰ ਹੁੰਦਾ। ਬੇਅੰਤ ਲੋਕੀਂ ਖੁਸ਼ ਹੋ ਕੇ ਰੁਚੀ ਅਨੁਸਾਰ ਭੋਜਨ ਛਕਦੇ ॥੫੬॥

ਬਹੁਤ ਹੀ ਰਸੋਈਏ ਲੰਗਰ ਤਿਆਰ ਕਰਦੇ ਅਤੇ ਜਿੰਨੇ ਵੀ ਭੋਜਨ ਤਿਆਰ ਕਰਨ ਦੀ ਉਨ੍ਹਾਂ ਨੂੰ ਲੋੜ ਹੁੰਦੀ, ਉਤਨਾ[4] ਹੀ ਰਾਸ਼ਨ, ਅੰਨ ਲੈ ਲੈਂਦੇ ਤੇ ਸੁੰਦਰ ਵਿਧੀ ਨਾਲ ਉੱਤਮ ਭੋਜਨ ਤਿਆਰ ਕਰਦੇ, ਜਿਸ ਨੂੰ ਖਾਣ ਨਾਲ ਬਹੁਤ ਹੀ ਸੁਆਦ ਆਉਂਦਾ। ॥੫੭॥

ਜਦੋਂ ਸਾਰਾ ਭੋਜਨ ਤਿਆਰ ਹੋ ਜਾਂਦਾ ਤਾਂ ਰਸੋਈਆ, ਗੁਰੂ ਜੀ ਪਾਸ[5] ਜਾਂਦਾ, ਹੱਥ ਜੋੜ ਕੇ ਗੁਰੂ ਜੀ ਪਾਸ ਖੜ੍ਹਾ ਰਹਿੰਦਾ ਅਤੇ ਆਪਣੇ ਮੁੱਖ ਤੋਂ ਕੋਈ ਬਚਨ ਨਾ ਕਰਦਾ। ॥੫੮॥

ਇਵੇਂ ਕੁਝ ਸਮਾਂ ਬੀਤ ਜਾਂਦਾ, ਜਦ ਤੱਕ[6] ਪ੍ਰਭੂ ਰੂਪ ਗੁਰੂ ਜੀ ਉਸ ਨੂੰ ਤੱਕ ਨਾ ਲੈਂਦੇ ਜਦੋਂ ਸਹਿਜ-ਸੁਭਾਅ ਗੁਰੂ ਜੀ ਦੀ ਨਜ਼ਰ ਪੈਂਦੀ ਤਾਂ ਬ੍ਰਾਹਮਣ[7] (ਰਸੋਈਏ) ਨੂੰ ਇਸ ਤਰਾਂ ਬਚਨ ਕਰਦੇ। ॥੫੯॥

ਹੇ ਬ੍ਰਾਹਮਣ! ਭੋਜਨ ਤਿਆਰ ਹੋ ਗਿਆ ਹੈ, ਕੀ ਤੂੰ ਸੱਦਣ[8] ਲਈ ਆਇਆ ਹੈਂ? ਉਚਾਰਨ ਕਰੋ!" ਤਾਂ ਰਸੋਈਆ ਆਖਦਾ, "ਹੇ ਪ੍ਰਭੂ ਜੀ, ਆਪ ਦੀ ਕਿਰਪਾ ਨਾਲ ਉੱਤਮ ਭੋਜਨ ਸ਼ੁੱਧਤਾ ਸਹਿਤ ਤਿਆਰ ਹੋ ਚੁੱਕਿਆ ਹੈ।" ॥੬੦॥

ਤਾਂ ਜਗਤ ਸਵਾਮੀ ਗੁਰੂ ਜੀ ਉਸ ਨਾਲ ਚਲੇ ਜਾਂਦੇ ਤੇ ਰੁਚੀ ਅਨੁਸਾਰ ਭੋਜਨ ਛਕਦੇ। ਇਸ ਤੋਂ ਬਾਅਦ ਲੰਗਰ ਵਰਤਦਾ ਅਤੇ ਸਾਰੀ ਸੰਗਤ ਛਕ ਕੇ ਤ੍ਰਿਪਤ[9] ਹੁੰਦੀ ॥੬੧॥

ਦੋਨੋਂ ਵੇਲੇ ਇਸ ਤਰਾਂ[10] ਹੀ ਹੁੰਦਾ। ਲੋਕੀਂ ਆਉਂਦੇ, ਲੰਗਰ ਛਕਦੇ, ਕੋਈ ਵੀ ਖਾਲੀ ਵਾਪਸ ਨਾ ਜਾਂਦਾ। ਗੁਰੂ ਜੀ ਦੇ ਦਰਸ਼ਨ ਕਰਕੇ ਆਪਣੀਆਂ ਮੁਰਾਦਾਂ ਪੂਰੀਆਂ ਕਰਦੇ ਤੇ ਬਹੁਤ ਪ੍ਰੇਮ-ਭਾਵਨਾ, ਚਾਅ ਨਾਲ ਸ਼ਬਦ ਗਾਇਨ ਕਰਦੇ। ॥੬੨॥

ਕਿੰਨੇ ਲੋਕ ਗੁਰੂ ਜੀ ਪਾਸ ਰਹਿੰਦੇ ਤੇ ਸੁੱਖ ਪ੍ਰਾਪਤ ਕਰਦੇ। ਕਿੰਨੇ ਹੀ ਲੋਕ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਚਲੇ ਜਾਂਦੇ। ਇਸ ਤਰਾਂ ਕਿੰਨਾ ਹੀ ਸਮਾਂ ਗੁਰੂ ਜੀ ਨੂੰ ਕਠਨ ਤਪ ਕਰਦਿਆਂ ਬੀਤਿਆ ਸੀ। ॥੬੩॥

ਤਾਂ ਗੁਰੂ ਜੀ ਨੇ ਭੋਜਨ ਛਕਣਾ ਤਿਆਗ ਦਿੱਤਾ,ਕਦੇ ਵੀ ਨਹੀਂ ਸੀ ਛਕਦੇ[11]। ਬੱਸ ਇਕ ਅੱਕ[12] ਦਾ ਫੁੱਲ ਮੰਗਵਾ ਕੇ ਖਾ ਲੈਂਦੇ । ਦਿਨ[13]-ਰਾਤ ਇਸ ਤਰੀਕੇ ਹੀ ਗੁਜ਼ਾਰਦੇ ਤੇ ਫਿਰ ਗਲੇ[14] ਵਿਚ ਦੀ ਪਾਣੀ (ਦੀ ਘੁੱਟ) ਵੀ ਨਾ ਲੰਘਾਉਂਦੇ। ॥੬੪॥

SikhBookClub.Com

ਦੋਇ ਕੋਸ[1] ਲਗ ਕੀਨ ਨਿਸ਼ਾਨੀ । ਤਿਨਕੇ ਬਿਚ ਬਿਚਰਤ[2] ਗੁਨਖਾਨੀ।
ਸ੍ਰੀ ਮੁਖ ਤੇ ਸ਼ੁਭ ਸ਼ਬਦ ਉਚਾਰਹਿਂ । ਠਾਂਢੇ ਸਗਰੇ ਦਜੋਸ ਗੁਜਾਰਹਿਂ॥੬੫॥

ਦੋਹਰਾ

ਇਤ ਤੇ ਉਤ ਉਤ ਤੇ ਸੁ ਇਤ ਬਾਸਰ ਕਰੈਂ ਬਿਹਾਇ।
ਕਰ ਕੁਪੀਨ[3] ਕਟ ਤਾਂਬ੍ਰ[4] ਕੀ ਸਿਰ ਦੋਕੂਲ[5] ਸੁਹਾਇ॥੬੬॥

ਚੌਪਈ

ਸਗਰੇ ਤਜਾਗੇ ਅਪਰ ਜਿ ਚੀਰਾ । ਫਿਰੈਂ ਪ੍ਰਭੂ ਹ੍ਵੈ ਨਗਨ[6] ਸਰੀਰਾ।
ਬਹੁਰੋ ਆਇ ਬਿਭਾਵਰਿ ਜਬਹੀ । ਇਸਥਿਤ[7] ਹੋਇਂ ਕੁਟੀ ਮਹਿਂ ਤਬਹੀ॥੬੭॥

ਸਿਹਜਾ ਰੋਰਨ ਕੀ ਜੁ ਬਨਾਈ । ਤਿਹ ਪਰ ਪੌਢ ਰਹੈਂ ਗਤਿਦਾਈ।
ਬਡੀ ਭੋਰ ਉਠ ਸਰਿਤਾ ਤੀਰਾ । ਜਾਇਂ ਸੁ ਮੱਜਹਿ[8] ਗੁਨੀ ਗਹੀਰਾ॥੬੮॥

ਕਰੀ[9] ਨਿਸ਼ਾਨੀ ਤਿਨ ਕੇ ਮਾਂਹੀ । ਬਿਚਰਹਿਂ ਪੁਨ ਬੈਠਹਿਂ ਪ੍ਰਭੂ ਨਾਂਹੀ।
ਕਿਤਕ ਕਾਲ ਇਉਂ ਬਿਤਵਨ[10] ਕੀਨਾ । ਬਹੁਰ ਅਰਕ ਫੁਲ ਸੋ ਤਜ ਦੀਨਾ॥੬੯॥

ਸਿਕਤਾ[11] ਇਕ ਮਾਸਾ ਮੁਖ ਪਾਵਹਿਂ । ਤਿਆਗਜੋ ਔਰ,ਨਹੀਂ ਕੁਛ ਖਾਵਹਿਂ।
ਸ੍ਰੀ ਮੁਖ ਪੰਕਜ ਬਚਨ ਅਲਾਵਾ । 'ਨਾਂਉ ਸੁਹਾਵਾ ਵਖਤ ਸੁਹਾਵਾ'॥੭੦॥

ਬਿਚਰਹਿਂ ਉਚਰਤ ਇਸੀ ਪ੍ਰਕਾਰਾ । ਮਸਤਕ ਦਿਪੈ ਤੇਜ ਅਤਿ ਭਾਰਾ।
ਸੁਨ ਸੁਨ ਸਿਫਤ ਆਇ ਨਰ ਭੂਰੰ । ਦਰਸ਼ਨ ਦੇਖਹਿਂ ਰਹੈਂ ਹਦੂਰੰ॥੭੧॥

ਜੋ ਨਰ ਆਇ ਚਰਨ ਲਪਟਾਵੈਂ । ਤਿਨ ਸੋਂ ਅਸ ਪ੍ਰਭੂ ਬਚਨ ਅਲਾਵੈਂ।
'ਬਸ ਕਰ ਪੁਰਖਾ! ਭਲਾ ਸੁ ਹੋਈ । ਸਿਮਰਹੁ ਨਾਮ ਸਕਲ[12] ਦੁਖ ਖੋਈ'॥੭੨॥

SikhBookClub.Com

ਦੋ ਕੋਹ[1] ਤੱਕ ਦੀ ਨਿਸ਼ਾਨੀ ਰੱਖ ਕੇ ਗੁਣਾਂ ਦੀ ਖਾਣ (ਗੁਰੂ ਜੀ) ਉਸ ਘੇਰੇ (ਚੱਕਰ) ਦੇ ਅੰਦਰ-ਅੰਦਰ ਘੁੰਮਦੇ ਫਿਰਦੇ[2] ਰਹਿੰਦੇ। ਗੁਰੂ ਜੀ ਮੁੱਖ ਤੋਂ ਸੁੰਦਰ ਸ਼ਬਦ ਦਾ ਉਚਾਰਨ ਕਰਦੇ ਹੋਏ ਸਾਰਾ ਦਿਨ ਖੜ੍ਹੇ ਰਹਿ ਕੇ ਹੀ ਗੁਜ਼ਾਰ ਦਿੰਦੇ। ॥੬੫॥

ਦੋਹਰਾ

ਇਸ ਤਰਾਂ ਇਸ ਥਾਂ ਤੋਂ ਉਸ ਥਾਂ ਉੱਤੇ ਅਤੇ ਉਸ ਥਾਂ ਤੋਂ ਇਸ ਥਾਂ 'ਤੇ ਚੱਲਦੇ ਹੋਏ ਗੁਰੂ ਜੀ ਸਾਰਾ ਦਿਨ ਬਤੀਤ ਕਰ ਦਿੰਦੇ। ਉਨ੍ਹਾਂ ਨੇ ਲੱਕ ਨਾਲ ਤਾਂਬੇ[4] ਰੰਗੀ ਲੰਗੋਟੀ[3] ਬੰਨ੍ਹੀ ਹੋਈ ਸੀ ਅਤੇ ਸਿਰ ਪਰ ਸੋਹਣਾ ਪਰਨਾ (ਸਾਫਾ)[5] ਸੋਭਦਾ ਸੀ। ॥੬੬॥

ਚੌਪਈ

ਉਨ੍ਹਾਂ ਹੋਰ ਜਿੰਨੇ ਵੀ ਕੱਪੜੇ ਸਨ, ਸਭ ਦਾ ਤਿਆਗ ਕਰ ਦਿੱਤਾ। ਗੁਰੂ ਜੀ ਨੰਗੇ[6] ਸਰੀਰ ਫਿਰਦੇ ਰਹਿੰਦੇ। ਜਦੋਂ ਰਾਤ ਪੈ ਜਾਂਦੀ ਤਾਂ ਉਸ ਵੇਲੇ ਕੁਟੀਆ ਵਿਚ ਆ ਬਿਰਾਜਦੇ[7]। ॥੬੭॥

ਜੋ ਰੋੜਾਂ ਦੀ ਸੇਜ ਬਣਾਈ ਹੋਈ ਸੀ। ਉਸ ਉੱਪਰ (ਰਾਤ ਨੂੰ) ਮੁਕਤੀ ਦੇ ਦਾਤੇ (ਗੁਰੂ ਜੀ) ਪਏ ਰਹਿੰਦੇ। ਬਹੁਤ ਸਵੇਰੇ ਅਥਾਹ ਗੁਣਾਂ ਵਾਲੇ (ਨਾਨਕ ਜੀ) ਉੱਠ ਪੈਂਦੇ ਤੇ ਨਦੀ ਦੇ ਕਿਨਾਰੇ 'ਤੇ ਜਾਂਦੇ ਤੇ ਇਸ਼ਨਾਨ[8] ਕਰਦੇ। ॥੬੮॥

ਜਿੱਥੋਂ ਤੱਕ ਉਨ੍ਹਾਂ ਨੇ ਨਿਸ਼ਾਨੀ ਲਗਾਈ[9] ਸੀ, ਪ੍ਰਭੂ (ਗੁਰੂ) ਜੀ ਫਿਰ ਉਸ ਅੰਦਰ ਵਿਚਰਦੇ ਰਹਿੰਦੇ। ਉਹ ਫਿਰ ਨਹੀਂ ਸਨ ਬੈਠਦੇ। ਇਸ ਤਰਾਂ ਕਿੰਨਾ ਹੀ ਸਮਾਂ ਬਤੀਤ[10] ਕੀਤਾ ਤੇ ਉਨ੍ਹਾਂ ਨੇ ਫਿਰ ਅੱਕ ਦਾ ਫੁੱਲ ਖਾਣਾ ਵੀ ਛੱਡ ਦਿੱਤਾ ਸੀ। ॥੬੯॥

(ਉਸ ਪਿੱਛੋਂ) ਗੁਰੂ ਜੀ ਨੇ ਇਕ ਮਾਸਾ ਰੇਤ[11] ਦਾ ਮੂੰਹ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਹੋਰ ਕੁਝ ਨਾ ਖਾਂਦੇ, ਸਭ ਕੁਝ ਤਿਆਗ ਦਿੱਤਾ। ਕਮਲ-ਮੁੱਖ ਤੋਂ ਇਸ ਸ਼ਬਦ ਦਾ ਉਚਾਰਨ ਕਰਦੇ, "ਨਾਓ ਸੁਹਾਵਾ, ਵਖਤ ਸੁਹਾਵਾ", ਭਾਵ ਹੇ ਪ੍ਰਭੂ! ਤੇਰਾ ਨਾਮ ਅਤੇ ਅੰਮ੍ਰਿਤ ਵੇਲਾ ਬਹੁਤ ਸੁੰਦਰ ਹਨ। ॥੭੦॥

ਜਦੋਂ ਉਹ ਘੁੰਮਦੇ-ਫਿਰਦੇ ਹੋਏ ਇਸ ਤਰਾਂ ਉਚਾਰਨ ਕਰਦੇ ਹੁੰਦੇ ਤਾਂ ਉਨ੍ਹਾਂ ਦਾ ਮਸਤਕ ਬਹੁਤ ਹੀ ਪ੍ਰਕਾਸ਼ਮਾਨ ਹੁੰਦਾ। ਗੁਰੂ ਜੀ ਮਹਿਮਾ ਸੁਣ ਕੇ ਅਨੇਕਾਂ ਲੋਕ ਆਉਂਦੇ ਅਤੇ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਤੇ ਉਨ੍ਹਾਂ ਦੇ ਦਰਸ਼ਨ ਕਰਦੇ। ॥੭੧॥

ਜੋ ਵੀ ਬੰਦਾ ਆ ਕੇ ਗੁਰੂ ਜੀ ਦੇ ਚਰਨ ਪਕੜਦਾ ਤਾਂ ਗੁਰੂ ਜੀ ਉਸ ਨੂੰ ਇਹ ਬਚਨ ਕਹਿੰਦੇ, "ਪੁਰਖਾ! ਬੱਸ ਕਰ। ਤੇਰਾ ਭਲਾ ਹੋਵੇ, ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਸਾਰੇ[12] ਦੁੱਖ ਨਾਸ਼ ਹੋ ਜਾਣਗੇ।" ॥੭੨॥

SikhBookClub.Com

ਕੇਤਿਕ ਦਿਨ ਇਉਂ ਗੁਰੂ ਗੁਜ਼ਾਰੈਂ । ਕਲਿ[1] ਮੈਂ ਨਾਮ ਦੇਯ ਨਰ ਤਾਰੈਂ।
ਦਰਸ਼ਨ ਦੇਖਤ ਸ਼ਬਦ ਸੁਨੰਤੇ । ਮਹਾਂ ਪਤਿਤ[2] ਸੇ ਜਗਤ ਤਰੰਤੇ॥੭੩॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਤਪ ਕਰਨ' ਪ੍ਰਸੰਗ ਬਰਨਨੰ ਨਾਮ ਉਣੰਜਮੋ ਧਜਾਇ ॥੪੯॥

SikhBookClub.Com

ਗੁਰੂ ਜੀ ਨੇ ਕਿੰਨੇ ਹੀ ਦਿਨ ਇਸ ਤਰਾਂ ਗੁਜ਼ਾਰੇ ਸਨ। ਕਲਜੁਗ[1] ਵਿਚ ਨਾਮ ਦਾ ਪਰਚਾਰ ਕਰਕੇ ਲੋਕਾਂ ਨੂੰ ਤਾਰ ਦਿੱਤਾ। ਇਸ ਤਰਾਂ ਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਦਿਆਂ ਅਨੇਕਾਂ ਹੀ ਅਪਵਿੱਤਰ[2] ਲੋਕ ਇਸ ਭਵਸਾਗਰ ਵਿੱਚੋਂ ਪਾਰ ਹੋ ਗਏ ॥੭੩॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਗੁਰੂ ਜੀ ਦਾ ਤਪ ਕਰਨਾ" ਨਾਮੀ ਉਣੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਜੀ ਕੋਲ ਕਰਤਾਰਪੁਰ ਵਿਖੇ ਬਹੁਤ ਸਿੱਖ ਮਿਲ ਕੇ ਕੰਮ ਕਰਦੇ ਸਨ। ਉੱਥੇ ਖੇਤੀ ਤੋਂ ਬੇਅੰਤ ਅਨਾਜ ਪੈਦਾ ਹੁੰਦਾ ਅਤੇ ਵੱਡੇ-ਵੱਡੇ ਖਲਵਾੜ (ਅੰਨ ਦੇ ਢੇਰ) ਲੱਗ ਜਾਂਦੇ ਸਨ ਅਤੇ ਬਹੁਤ ਖੁੱਲ੍ਹਦਿਲੀ ਨਾਲ ਸਦਾ ਹੀ ਅਟੁੱਟ ਲੰਗਰ ਵਰਤਦਾ ਰਹਿੰਦਾ। ਗੁਰੂ ਜੀ ਦੇ ਦਰਸ਼ਨ ਕਰਨ ਲਈ ਦੂਰ-ਦੂਰ ਤੋਂ ਜੋਗੀ, ਪੰਡਿਤ, ਸੰਨਿਆਸੀ, ਹਿੰਦੂ, ਤੁਰਕ ਆਦਿ ਸਾਰੇ ਹੀ ਆਉਂਦੇ। ਲੋਕ ਤੋਹਫੇ ਭੇਟ ਕਰਦੇ ਤਾਂ ਗੁਰੂ ਜੀ ਨਹੀਂ ਸਨ ਲੈਂਦੇ। ਇਵੇਂ ਸ੍ਰੇਸ਼ਟ ਗੁਰੂ ਜੀ ਦੀ ਮਹਿਮਾ ਦੂਰ-ਦੂਰ ਤੱਕ ਫੈਲ ਗਈ ਸੀ। ਇੱਕ ਵਾਰ ਨਗਰ ਦੇ ਚੌਹੀਂ ਪਾਸੀਂ ਸੰਗਤ ਦਾ ਡੇਰਾ ਪਸਰ ਗਿਆ ਸੀ ਤੇ ਅਚਾਨਕ ਹੀ ਉਸ ਵੇਲੇ ਕਾਲੀ ਘਟਾ ਚੜ੍ਹ ਆਈ ਅਤੇ ਮੀਂਹ ਵਰਸਣ ਲੱਗਾ ਤੇ ਝੜੀ ਲੱਗ ਗਈ।ਦੋ ਦਿਨ ਬੀਤ ਗਏ, ਫਿਰ ਵੀ ਮੀਂਹ ਨਹੀਂ ਹਟਿਆ। ਬਗੈਰ ਭੋਜਨ ਦੇ ਸਾਰੇ ਲੋਕੀਂ ਵਿਆਕੁਲ ਹੋ ਗਏ ਸਨ।

ਸਾਰੀ ਸੰਗਤ ਨੂੰ ਬਹੁਤ ਭੁੱਖ ਲੱਗੀ ਹੋਈ ਦੇਖ ਕੇ ਗੁਰੂ ਨਾਨਕ ਜੀ ਨੇ ਸ੍ਰੀ ਚੰਦ ਨੂੰ ਆਗਿਆ ਕੀਤੀ ਕਿ ਹੇ ਪੁੱਤਰ ਵਰਖਾ ਹੋ ਰਹੀ ਨੂੰ ਤਿੰਨ ਦਿਨ ਬੀਤ ਚੱਲੇ ਹਨ, ਲੋਕੀਂ ਬਹੁਤ ਭੁੱਖੇ ਹਨ। ਬਾਹਰ ਜੋ ਕਿੱਕਰ ਦੇ ਦਰੱਖਤ ਹਨ, ਉਸ ਉੱਪਰ ਚੜ੍ਹ ਕੇ ਚੰਗੀ ਤਰਾਂ ਉਨ੍ਹਾਂ ਨੂੰ ਹਿਲਾਵੋ। ਉਸ ਤੋਂ ਭਾਂਤ-ਭਾਂਤ ਦਾ ਭੋਜਨ ਡਿੱਗੇਗਾ, ਜਿਸ ਨੂੰ ਖਾ ਕੇ ਸੰਗਤ ਆਪਣੀ ਭੁੱਖ ਮਿਟਾ ਲਵੇਗੀ। ਪਰ ਸ੍ਰੀ ਚੰਦ ਨੇ ਗੁਰੂ ਜੀ ਦਾ ਬਚਨ ਟਾਲ ਦਿੱਤਾ। ਗੁਰੂ ਜੀ ਨੇ ਲੱਖਮੀ ਦਾਸ ਨੂੰ ਇਹ ਬਚਨ ਕਿਹਾ ਤਾਂ ਉਸ ਨੇ ਵੀ ਆਖਾ ਨਾ ਮੰਨਿਆ। ਫਿਰ ਗੁਰੂ ਜੀ ਨੇ ਲਹਿਣੇ ਨੂੰ ਇਹੀ ਆਗਿਆ ਕੀਤੀ ਤਾਂ ਲਹਿਣੇ ਨੇ ਜ਼ਰਾ ਦੇਰ ਨਾ ਲਾਈ ਸਗੋਂ ਝੱਟ-ਪੱਟ ਹੀ ਬਚਨ ਪੂਰਾ ਕਰ ਦਿੱਤਾ। ਦਰੱਖਤ ਹਿਲਾਉਣ 'ਤੇ ਲੱਡੂ, ਜਲੇਬੀਆਂ, ਪੂੜੇ, ਪੂੜੀਆਂ ਆਦਿ ਦਾ ਭੋਜਨ ਡਿੱਗਦੇ ਹੋਏ ਵੇਖ ਕੇ ਸਾਰੇ ਹੀ ਲੋਕ ਹੈਰਾਨ ਹੋ ਗਏ ਤੇ ਸਭ ਨੇ ਖਾ ਕੇ ਆਪਣੀ ਭੁੱਖ ਮਿਟਾ ਲਈ।ਸਾਰੇ ਗੁਰੂ ਜੀ ਦੇ ਗੁਣ ਗਾਉਣ ਲੱਗ ਪਏ। ਫਿਰ ਗੁਰੂ ਜੀ ਧਰਮਸਾਲਾ ਦੇ ਵਿਚ ਬੈਠ ਗਏ ਸਨ। ਸੰਗਤ ਆਉਂਦੀ ਤੇ ਪਰਨਾਮ ਕਰਦੀ ।

ਨਗਰ ਦੇ ਨਜ਼ਦੀਕ ਹੀ ਗੁਰੂ ਨਾਨਕ ਜੀ ਨੇ ਇਕ ਸੁੰਦਰ ਥਾਂ ਵੇਖਿਆ ਤੇ ਕਰੜਾ ਤਪ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਰੋੜਾਂ ਦੀ ਸੇਜ ਬਣਾ ਲਈ ਤੇ ਇਕ ਛੋਟੀ ਜਿਹੀ ਕੁਟੀਆ ਵੀ ਬਣਾ ਲਈ। ਇਸ ਤਰਾਂ ਕਿੰਨਾ ਹੀ ਸਮਾਂ ਗੁਰੂ ਜੀ ਨੂੰ ਕਠਨ ਤਪ ਕਰਦਿਆਂ ਬੀਤਿਆ ਸੀ। ਫੇਰ ਉਨ੍ਹਾਂ ਨੇ ਭੋਜਨ ਛਕਣਾ ਵੀ ਤਿਆਗ ਦਿੱਤਾ ਸੀ। ਬੱਸ ਇਕ ਅੱਕ ਦਾ ਫੁੱਲ ਮੰਗਵਾ ਕੇ ਖਾ ਲੈਂਦੇ। ਬਹੁਤ ਸਵੇਰੇ ਗੁਰੂ ਨਾਨਕ ਜੀ ਉੱਠ ਪੈਂਦੇ ਤੇ ਨਦੀ ਵਿੱਚ ਜਾ ਕੇ ਇਸ਼ਨਾਨ ਕਰਦੇ। ਕਾਫੀ ਸਮਾਂ ਬੀਤ ਜਾਣ ਮਗਰੋਂ ਉਨ੍ਹਾਂ ਨੇ ਅੱਕ ਦਾ ਫੁੱਲ ਖਾਣਾ ਵੀ ਛੱਡ ਦਿੱਤਾ ਤੇ ਇਕ ਮਾਸਾ ਰੇਤ ਦਾ ਮੂੰਹ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਹੋਰ ਕੁਝ ਨਾ ਖਾਂਦੇ, ਸਭ ਕੁਝ ਹੀ ਤਿਆਗ ਦਿੱਤਾ।

SikhBookClub.Com

ਫੁੱਟਨੋਟ

(*1) ਦਰੱਖਤਾਂ ਤੋਂ ਮਠਿਆਈ ਜਾਂ ਭੋਜਨ ਡਿੱਗਣ ਦਾ ਜ਼ਿਕਰ ਹੋਰ ਕਿਧਰੇ ਨਹੀਂ ਮਿਲਦਾ। ਜਾਪਦਾ ਹੈ ਕਿ ਇਹ ਪਰਸੰਗ ਕਵੀ ਜੀ ਨੇ ਇਹ ਪਰਖ ਕਰਨ ਲਈ ਹੀ ਰਚਿਆ ਕਿ ਉਨ੍ਹਾਂ ਦੇ ਦੋਨੋਂ ਪੁੱਤਰ ਲਖਮੀ ਚੰਦ ਅਤੇ ਸਿਰੀਚੰਦ ਉਨ੍ਹਾਂ ਦੇ ਅਨੁਸਾਰੀ ਨਹੀਂ ਹਨ।

(*2) ਪੁਰਾਣਾਂ ਅਨੁਸਾਰ ਵੇਣ ਇੱਕ ਰਾਜਾ ਹੋਇਆ ਹੈ ਜੋ ਅੰਗ ਦਾ ਪੁੱਤਰ ਅਤੇ ਰਾਜਾ ਪ੍ਰਿਥੂ ਦਾ ਪਿਤਾ ਸੀ। ਮਹਾਂਭਾਰਤ ਅਤੇ ਹਰਿਵੰਸ ਅਨੁਸਾਰ ਵੇਣ-ਰਾਜਾ ਮਹਾਂ-ਅਧਰਮੀ ਸੀ ਅਤੇ ਇਸ ਨੂੰ ਰਿਸ਼ੀਆਂ ਨੇ ਘਾਹ ਦੀਆਂ ਤੀਲੀਆਂ ਨਾਲ ਮਾਰ ਦਿੱਤਾ ਸੀ।

(*3) ਇਹ ਸਾਖੀ ਮਿਹਰਬਾਨ ਵਾਲੀ ਜਨਮਸਾਖੀ 'ਤੇ ਅਧਾਰਤ ਹੈ। ਹੋਰ ਕਿਸੇ ਜਨਮਸਾਖੀ ਵਿੱਚ ਨਹੀਂ ਮਿਲਦੀ।

(*4) ਸਿੱਖ ਧਰਮ ਵਿੱਚ ਲੰਗਰ ਦੀ ਮਰਿਆਦਾ ਇਸ ਤਰਾਂ ਦੀ ਨਹੀਂ ਹੈ ਕਿ ਸਭ ਤੋਂ ਪਹਿਲਾਂ ਗੁਰੂ ਨੂੰ ਲੰਗਰ ਛਕਾ ਕੇ, ਬਾਅਦ ਵਿੱਚ ਸੰਗਤਾਂ ਨੂੰ ਛਕਾਇਆ ਜਾਵੇ। ਇੱਥੇ ਕਵੀ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਰੁਚੀ ਅਨੁਸਾਰ ਭੋਜਨ ਛਕ ਲੈਣ ਤੋਂ ਬਾਅਦ ਸੰਗਤ ਵਿੱਚ ਲੰਗਰ ਵਰਤਾਇਆ ਜਾਂਦਾ ਸੀ, ਉਚਿਤ ਨਹੀਂ ਜਾਪਦਾ। ਸਿੱਖ ਧਰਮ ਦੀ ਮਰਯਾਦਾ ਅਨੁਸਾਰ ਸੰਗਤ ਅਤੇ ਗੁਰੂ ਇਕੱਠੇ ਬੈਠ ਕੇ ਲੰਗਰ ਛਕਦੇ ਹਨ।

(*5) ਭਾਈ ਗੁਰਦਾਸ ਜੀ ਨੇ ਵਾਰ ਪਹਿਲੀ, ਪਉੜੀ ਚੌਵੀ ਵਿੱਚ ਗੁਰੂ ਜੀ ਦੁਆਰਾ ਅੱਕ ਦਾ ਫਲ ਖਾਣ ਦੀ ਪੁਸ਼ਟੀ ਇਵੇਂ ਕੀਤੀ ਹੈ:

ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ॥

SikhBookClub.Com

ਅਧਜਾਯ ਪੰਜਾਹਵਾਂ

(ਘਾਲ ਤੇ ਮੇਹਰ, ਨਾਨਕ ਰੂਪ ਗੁਰੂ ਸਿੱਖੀ ਵਿਚੋਂ ਪਰਖ ਕੇ ਦੱਸਿਆ)

ਦੋਹਰਾ

ਰਿਦਾ ਕਿਦਾਰ[1] ਸੁਧਾਰਨੋ ਤਜਨੋ ਸਰਬ ਬਿਕਾਰ।
ਸਤਿਗੁਰ ਕਰੁਨਾ ਜਲ ਪਰੈ ਭਗਤਿ ਕ੍ਰਿਖੀ[2] ਹ੍ਵੈ ਸਾਰ[3] ॥੧॥

ਚੌਪਈ

ਅਬ ਸ੍ਰੀ ਪ੍ਰਭੁ ਨੈ ਤਪ ਬਹੁ ਠਾਨਾ । ਜਹਿਂ ਤਹਿਂ ਪਸਰਜੋ ਸੁਜਸੁ ਮਹਾਨਾ।
ਦੇਸ਼ ਬਿਦੇਸ਼ਨ ਘਰ ਘਰ ਮਾਂਹੀ । 'ਸ੍ਰੀ ਨਾਨਕ ਸ੍ਰੀ ਨਾਨਕ'ਪ੍ਰਾਹੀਂ॥੨॥

ਮਿਲਿਹਿਂ ਪਰਸਪਰ ਮਾਨਵ ਬ੍ਰਿੰਦਾ[4] । ਆਵਹਿਂ ਦਰਸ਼ਨ ਹੇਤੁ ਮੁਕੰਦਾ।
ਕੇਤਿਕ ਦਰਸ ਕਰਹਿਂ ਘਰ ਜਾਹੀਂ । ਕੇਤਿਕ ਰਹੈਂ ਪ੍ਰਭੂ ਕੇ ਪਾਹੀਂ॥੩॥

ਭੀਰ ਭੂਰ ਭੀ ਪੁਰ ਕਰਤਾਰਾ । ਖਾਇਂ ਸਮੇਂ ਦੁਇ ਰੁਚਿਰ ਅਹਾਰਾ।
ਹੋਇ ਅੰਨ ਕੀ ਤੋਟ ਨ ਕੋਈ । ਰਹੈ ਜੁ, ਦੇਗ ਅਚੈ[5] ਸਭ ਕੋਈ॥੪॥

ਦੋਹਰਾ

ਦੇਸ਼ ਬਿਦੇਸ਼ਨ ਤੇ ਤਹਾਂ ਬਹੁ ਸੰਗਤ ਭੀ ਆਇ।
ਅੱਪ੍ਰਮਾਨ ਗਿਨਤੀ ਨ ਕੋ ਦਰਸ਼ਨ ਕਰ ਹਰਖਾਇ[6] ॥੫॥

ਚੌਪਈ

ਇਸ ਬਿਧਿ ਕੇਤਿਕ ਬਰਖ ਬਿਤਾਏ । ਨਾਮ ਦਾਨ ਇਸ਼ਨਾਨ ਦ੍ਰਿੜਾਏ।
ਜਹਿਂ ਤਹਿਂ ਕਿਰਤਨ ਕੀ ਧੁਨ ਹੋਤੀ । ਸੁਮਤਿ ਭਗਤਿ ਮੈਂ ਅਧਿਕ ਉਦੋਤੀ[7] ॥੬॥

ਜੈ ਜੈ ਕਾਰ ਕਰਹਿਂ ਚਹੁੰ ਫੇਰੇ । ਹੋਇ ਸ਼ਬਦ ਅੱਭਜਾਸ ਘਨੇਰੇ।
ਪੁਨ ਸਿੱਖੀ ਪਰਖਨ[8] ਮਨ ਠਾਂਨੀ । ਸੁਨਹੁ ਕਥਾ ਜਿਉਂ ਕਿਯ ਗੁਨਖਾਨੀ॥੭॥

ਬਰਜ ਦੀਨ ਕਹਿ ਕਰ ਨਰ ਸੋਈ । ਏਕ ਸਮੇ ਨਿਸ ਦਿਨ ਮਹਿਂ ਹੋਈ।
ਸਭਿ ਸਿੱਖਨ ਸੋਂ ਬਚਨ ਉਚਾਰਾ । 'ਅਬ ਲਾਂਗਲ[9] ਬਾਹੋ ਸੁਖਕਾਰਾ ॥੮॥

SikhBookClub.Com

ਅਧਿਆਇ ਪੰਜਾਹਵਾਂ

(ਘਾਲ ਅਤੇ ਮਿਹਰ । ਨਾਨਕ ਰੂਪ, ਗੁਰਸਿੱਖੀ 'ਚੋਂ ਪਰਖ ਕੇ ਦਿਖਾਇਆ)

ਦੋਹਰਾ

ਸਾਰੇ ਵਿਕਾਰਾਂ ਦਾ ਤਿਆਗ ਕਰਨਾ, ਜਾਣੋ ਹਿਰਦੇ ਰੂਪੀ ਖੇਤ[1] ਨੂੰ ਸੁਧਾਰਨ ਵਾਂਗ ਹੈ, ਜੇਕਰ (ਇਸ ਖੇਤ ਉੱਪਰ) ਗੁਰੂ ਜੀ ਦੀ ਮਿਹਰ ਦਾ ਪਾਣੀ ਲੱਗ ਜਾਵੇ ਤਾਂ ਭਗਤੀ ਰੂਪੀ ਖੇਤੀ[2] ਸ੍ਰੇਸ਼ਟ[3] ਹੋਵੇਗੀ। ॥੧॥

ਚੌਪਈ

ਇਸ ਤਰਾਂ ਗੁਰੂ ਜੀ ਨੇ ਬਹੁਤ ਤਪ ਕੀਤਾ ਤੇ ਉਨ੍ਹਾਂ ਦਾ ਸਭ ਪਾਸੀਂ ਜਸ ਫੈਲ ਗਿਆ। ਘਰ-ਘਰ, ਦੇਸ਼-ਵਿਦੇਸ਼ ਵਿਚ ਸ੍ਰੀ ਨਾਨਕ, ਸ੍ਰੀ ਨਾਨਕ, ਕਿਹਾ ਜਾਣ ਲੱਗਿਆ। ॥੨॥

ਲੋਕਾਂ ਦੇ ਝੁੰਡ[4] ਮਿਲ ਕੇ ਮੁਕਤੀਦਾਤਾ ਦੇ ਦਰਸ਼ਨ ਕਰਨ ਲਈ ਆਉਂਦੇ। ਕਿੰਨੇ ਸਾਰੇ ਲੋਕ ਦਰਸ਼ਨ ਕਰਕੇ ਆਪਣੇ ਘਰੀਂ ਚਲੇ ਜਾਂਦੇ ਅਤੇ ਬਹੁਤ ਸਾਰੇ ਉਨ੍ਹਾਂ ਕੋਲ ਉਥੇ ਹੀ ਰਹਿ ਪੈਂਦੇ। ॥੩॥

ਕਰਤਾਰਪੁਰ ਵਿਚ ਬਹੁਤ ਸੰਗਤ ਇਕੱਠੀ ਹੁੰਦੀ ਅਤੇ ਦੋਨੋਂ ਵੇਲੇ ਸਵਾਦੀ ਭੋਜਨ (ਲੰਗਰ) ਛਕਦੇ। ਅੰਨ ਦੀ ਕੋਈ ਵੀ ਤੋਟ ਨਾ ਆਉਂਦੀ, ਜੋ ਰਹਿ ਪੈਂਦੇ, ਉਹ ਸਾਰੇ ਹੀ ਉਥੇ ਲੰਗਰ ਛਕਦੇ[5]। ॥੪॥

ਦੋਹਰਾ

ਦੇਸ਼ਾਂ-ਵਿਦੇਸ਼ਾਂ ਤੋਂ ਉਥੇ ਬਹੁਤ ਸੰਗਤਾਂ ਆਉਂਦੀਆਂ, ਜਿਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ। ਸਾਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਕੇ ਖੁਸ਼[6] ਹੁੰਦੇ। ॥੫॥

ਚੌਪਈ

ਇਸ ਤਰਾਂ ਨਾਮ-ਦਾਨ, ਇਸ਼ਨਾਨ ਦ੍ਰਿੜ੍ਹਾਉਂਦਿਆਂ ਕਈ ਸਾਲ ਬਿਤਾਏ। ਥਾਂ-ਥਾਂ ਕੀਰਤਨ ਦੀ ਧੁਨ ਉਪਜਦੀ, ਜਿਸ ਨਾਲ ਭਗਤੀ ਵਿਚ ਸ੍ਰੇਸ਼ਟ-ਬੁੱਧੀ ਬਹੁਤ ਪ੍ਰਕਾਸ਼ਮਾਨ[7] ਹੋਈ। ॥੬॥

ਸ਼ਬਦ ਦਾ ਅਭਿਆਸ ਹੋ ਰਿਹਾ ਸੀ । ਚੌਹੀਂ ਪਾਸੀਂ ਲੋਕ ਗੁਰੂ ਜੀ ਦੀ ਜੈ ਜੈਕਾਰ ਕਰਦੇ ਸਨ। ਫਿਰ ਗੁਰੂ ਜੀ ਨੇ ਸਿੱਖੀ ਦੀ ਪਰਖ[8] ਕਰਨ ਵਾਸਤੇ ਮਨ ਵਿਚ ਧਾਰ ਲਈ ਸੀ। ਤੁਸੀਂ ਹੁਣ ਉਸ ਕਥਾ ਨੂੰ ਸੁਣੋ, ਜਿਸ ਤਰਾਂ ਗੁਣਾਂ ਦੀ ਖਾਣ (ਗੁਰੂ ਨਾਨਕ ਜੀ) ਨੇ (ਪਰਖ ਕਰਨ ਵੇਲੇ) ਕੀਤਾ ਸੀ ॥੭॥

ਗੁਰੂ ਜੀ ਨੇ ਸਾਰੇ ਲੋਕਾਂ ਨੂੰ ਆਖ ਕੇ ਵਰਜ ਦਿੱਤਾ ਕਿ ਹੁਣ ਦਿਨ-ਰਾਤ ਵਿਚ ਇੱਕ ਵਾਰ ਹੀ ਲੰਗਰ ਹੋਇਆ ਕਰੇਗਾ ਅਤੇ ਸਭ ਸਿੱਖਾਂ ਨੂੰ ਆਖਿਆ, ਹੁਣ ਸੁੱਖ ਦੇਣ ਵਾਲਾ ਹਲ[9] ਵਾਹੋ। ॥੮॥

SikhBookClub.Com

ਕ੍ਰਿਖੀ ਕਾਰ ਕਰੀਏ ਮਨ ਲਾਈ । ਨਿਤ ਉੱਜਲ ਹ੍ਵੈ ਬੁਧਿ[1] ਸਵਾਈ'।
ਅਸ ਕਹਿ ਸਭ ਕੋ ਲੀਨ ਸਂਗਾਰੇ । ਸੇਵ[2] ਕਰਾਵਹਿਂ ਬਾਸਰ ਸਾਰੇ॥੯॥

ਜਬ ਦੇਖੀ ਸਿੱਖਨ ਅਸ ਚਾਲੇ[3] । ਚਲੇ ਤਬੈ ਨਿਜ ਸਦਨ ਸਂਭਾਲੇ।
ਕੇਤਿਕ ਚਤਰ ਪਂਚ ਦਿਨ ਰਹੇ । ਕਰੀ ਕ੍ਰਿੱਤ ਕਛੁ ਭੂਖਹਿਂ ਦਹੇ॥੧੦॥

ਲਾਂਗਲ ਤਜਾਗੇ ਲੀਨ ਬਿਦਾਈ । ਗਏ ਧਾਮ ਨਿਜ ਕਾਰ ਕਮਾਈ।
ਅਰਧਕ[4] ਗਏ ਅਰਧ ਜਬ ਰਹੇ । ਸਬਨ ਸੁਨਾਇ ਪ੍ਰਭੂ ਬਚ ਕਹੇ॥੧੧॥

'ਦੁਤੀਏ ਦਿਵਸ ਅਸਨ ਕੋ ਕਰੀਏ।ਬਾਹੁ ਖੇਤ ਸਂਕਟ ਪਰਹਰੀਏ'।
ਦਿਵਸ ਦਸਨ ਲੌ ਐਸ ਬਿਤਾਏ।ਛੁਧਾ[5] ਕ੍ਰਿੱਤ ਤੇ ਉਰ ਅਕੁਲਾਏ॥੧੨॥

ਦੋਹਰਾ

ਗਏ ਸਦਨ ਕੋ ਸਿੱਖ ਬਹੁ ਰਹੇ ਅਲਪ[6] ਤਿਹ ਥਾਇਂ।
ਚਤਰ ਪਹਰ ਲਾਂਗਲ ਲੀਏ ਕ੍ਰਿੱਤ ਸੁ ਵਹਿਰ ਕਮਾਇਂ॥੧੩॥

ਚੌਪਈ

ਮਰਨ ਧਾਰ ਉਰ ਬੈਠੇ ਸੋਇ'।-ਜਾਇਂ ਨ ਕਬਹੂੰ ਕੈਸੇ ਹੋਇ- ।
ਅਤਿ ਛੁਧਿਤਾ ਪੁਨ ਕ੍ਰਿੱਤ ਕਮਾਵਹਿਂ । ਦੁਰਬਲ[7] ਭਏ ਨ ਸਦਨ ਸਿਧਾਵਹਿਂ॥੧੪॥

ਪ੍ਰਭੂ ਤਬ ਭਨਜੋ 'ਅਸਨ ਨਿਤ[8] ਕੀਜੈ । ਜਾਂਤੇ ਸਿਖ ਤ੍ਰਿਪਤੈਂ ਸੁਖ ਦੀਜੈ'।
ਹੋਨ ਲਗਜੋ ਨਿਤ ਬਹੁਰ ਅਹਾਰਾ । ਤ੍ਰਿਪਤੈਂ ਖਾਇ ਸੁ ਰੁਚਿ ਅਨੁਸਾਰਾ॥੧੫॥

ਸਗਰੇ ਦਿਵਸ ਕਰੈਂ ਕ੍ਰਿਖਕਾਰੀ[9] । ਭਏ ਖੇਤ ਹਰਿਆਵਲ ਭਾਰੀ।
ਕਰ ਮਿਹਨਤ ਸਭ ਅੰਨ ਪਕਾਏ । ਗੁਰ ਸਮੀਪ ਅਸ ਬਚਨ ਅਲਾਏ॥੧੬॥

'ਕ੍ਰਿਪਾ ਤੁਮਾਰੀ ਤੇ ਕ੍ਰਿਖਿ ਪਾਕੀ[10] । ਅਬ ਕੈਸੇ ਹੈ ਆਇਸੁ ਤਾਕੀ'।
ਸਤਿਗੁਰ 'ਕਹਜੋ ਬਾਢ[11] ਸਭ ਲੀਜੈ । ਨਹਿਂ ਗਾਹੋ[12] ਖਲਵਾਰੇ ਕੀਜੈ'॥੧੭॥

SikhBookClub.Com

ਮਨ ਲਾ ਕੇ ਖੇਤੀ ਕਰੋ, ਇਸ ਨਾਲ ਮੱਤ-ਬੁੱਧ[1] ਬਹੁਤ ਉੱਜਲ ਹੋਵੇਗੀ। ਇਸ ਤਰਾਂ ਕਹਿ ਕੇ ਸਾਰਿਆਂ ਨੂੰ ਨਾਲ ਲੈ ਕੇ ਸਾਰਾ ਦਿਨ ਖੇਤੀ ਦਾ ਸਭ[2] ਕੰਮ ਕਰਵਾਉਂਦੇ। ॥੯॥

ਜਦੋਂ ਸਿੱਖਾਂ ਨੇ ਇਸ ਤਰਾਂ ਦਾ ਰੁਝਾਨ[3] ਵੇਖਿਆ ਤਾਂ ਬਹੁਤ ਸਾਰੇ ਉਨ੍ਹਾਂ ਨੂੰ ਛੱਡ ਕੇ ਆਪਣੇ ਘਰ-ਸੰਭਾਲਣ ਲਈ ਚਲੇ ਗਏ। ਕਈ ਜੋ ਸਿਆਣੇ ਸਨ, ਉਹ ਪੰਜ ਕੁ ਦਿਨ ਭੁੱਖੇ ਰਹਿ ਕੇ ਖੇਤੀ ਕਰਦੇ ਰਹੇ। ॥੧੦॥

ਤੇ (ਬਾਅਦ ਵਿਚ) ਉਨ੍ਹਾਂ ਵੀ ਹਲ ਵਾਹੁਣਾ ਛੱਡ ਕੇ ਵਿਦਾਇਗੀ ਲੈ ਲਈ ਸੀ ਅਤੇ ਆਪਣੇ ਘਰੀਂ ਕੰਮ ਕਰਨ ਲਈ ਚਲੇ ਗਏ। ਜਦੋਂ ਅੱਧੇ[4] ਚਲੇ ਗਏ ਅਤੇ ਅੱਧੇ ਕੁ ਬਾਕੀ ਰਹਿ ਗਏ ਤਾਂ ਗੁਰੂ ਜੀ ਨੇ ਸਭ ਨੂੰ ਸੁਣਾ ਕੇ ਬਚਨ ਕੀਤਾ। ॥੧੧॥

"ਹੁਣ ਦੂਸਰੇ ਦਿਨ ਭੋਜਨ ਛਕਿਆ ਕਰੋ ਅਤੇ ਮਨ ਲਾ ਕੇ ਵਾਹੀ ਕਰੋ ਅਤੇ ਆਪਣੇ ਦੁੱਖਾਂ ਨੂੰ ਦੂਰ ਕਰੋ।" ਭੁੱਖੇ[5] ਰਹਿ ਕੇ ਖੇਤੀ ਕਰਦਿਆਂ ਜਦ ਦਸ ਕੁ ਦਿਨ ਬਿਤਾਏ ਤਾਂ ਉਨ੍ਹਾਂ ਦੇ ਮਨ ਦੁਖੀ ਹੋ ਗਏ ਸਨ। ॥੧੨॥

ਦੋਹਰਾ

ਤਾਂ ਹੋਰ ਬਹੁਤ ਸਿੱਖ ਵੀ ਸਾਥ ਛੱਡ ਕੇ ਚਲੇ ਗਏ ਸਨ। ਥੋੜ੍ਹੇ[6] ਜਿੰਨੇ ਹੀ ਉਥੇ ਪਿੱਛੇ ਰਹਿ ਗਏ ਸਨ। ਉਹ ਚਾਰੋਂ ਪਹਿਰ ਹਲ ਲੈ ਕੇ ਵਾਹੀ ਦਾ ਕੰਮ ਕਰਦੇ ਰਹਿੰਦੇ। ॥੧੩॥

ਚੌਪਈ

ਜਿਨ੍ਹਾਂ ਨੇ ਆਪਣੇ ਮਨ ਵਿੱਚ ਮੌਤ ਨੂੰ ਧਾਰ ਲਿਆ ਸੀ -ਕਿਵੇਂ ਵੀ ਹੋ ਜਾਵੇ, ਅਸੀਂ ਛੱਡ ਕੇ ਨਹੀਂ ਜਾਵਾਂਗੇ-। ਉਹ ਭੁੱਖੇ ਰਹਿ ਕੇ ਵੀ ਖੇਤੀ ਕਰਦੇ । ਕਮਜ਼ੋਰ[7] ਹੋ ਕੇ ਵੀ ਘਰਾਂ ਨੂੰ ਨਹੀਂ ਸੀ ਗਏ। ॥੧੪॥

(ਇਸ ਪਿੱਛੋਂ) ਪ੍ਰਭੂ ਰੂਪ ਗੁਰੂ ਜੀ ਨੇ ਆਖਿਆ, "ਹੁਣ ਰੋਜ਼ਾਨਾ[8] ਭੋਜਨ ਛਕਿਆ ਕਰੋ, ਸਿੱਖਾਂ ਨੂੰ ਸੁੱਖ ਦੇਵੋ, ਜਿਸ ਕਰਕੇ ਭੋਜਨ ਨਾਲ ਸਿੱਖ ਤ੍ਰਿਪਤ ਹੋ ਜਾਣ।" ਇਸ ਤਰਾਂ ਫੇਰ ਰੋਜ਼ਾਨਾ ਬਹੁਤ ਭੋਜਨ ਤਿਆਰ ਹੋਣ ਲੱਗਾ ਅਤੇ ਸੇਵਕ ਰੁਚੀ ਅਨੁਸਾਰ ਭੋਜਨ ਛਕ ਕੇ ਤ੍ਰਿਪਤ ਹੁੰਦੇ। ॥੧੫॥

ਸਾਰਾ ਦਿਨ ਖੇਤੀ[9] ਦਾ ਕੰਮ (ਜ਼ੋਰਾਂ-ਸ਼ੋਰਾਂ ਨਾਲ) ਕਰਨ ਲੱਗੇ ਤੇ ਖੇਤ ਹਰੇ-ਭਰੇ ਹੋ ਗਏ। ਸਾਰੇ ਮਿਹਨਤ ਕਰਕੇ ਭੋਜਨ ਤਿਆਰ ਕਰਦੇ। ਉਨ੍ਹਾਂ ਨੇ ਗੁਰੂ ਜੀ ਪਾਸ ਆਖਿਆ। ॥੧੬॥

"ਆਪ ਜੀ ਦੀ ਕਿਰਪਾ ਨਾਲ ਖੇਤੀ ਪੱਕ[10] ਗਈ ਹੈ, ਅੱਗੇ ਆਪ ਜੀ ਦੀ ਕੀ ਆਗਿਆ ਹੈ?" ਤਾਂ ਗੁਰੂ ਜੀ ਨੇ ਕਿਹਾ, ਸਾਰੀ ਖੇਤੀ ਨੂੰ ਵੱਢ[11] ਲਵੋ ਤੇ ਇਸ ਦੀ ਗਹਾਈ[12] ਨਹੀਂ ਕਰਨੀ, ਖਲਵਾੜੇ ਲਾ ਦਿਉ। ॥੧੭॥

SikhBookClub.Com

ਪਾਇ ਰਜਾਇ ਦਾਤਿ[1] ਲੇ ਦਾਸਾ । ਲਾਗੇ ਲੁਨਨ[2] ਜਹਾਂ ਕ੍ਰਿਖਰਾਸਾ।
ਬਾਢ ਬਾਢਕੈ ਖੇਤਨ ਸਾਰੇ । ਲਾਏ ਅਧਿਕ ਊਚ ਖਲਵਾਰੇ॥੧੮॥

ਬਹੁਰ ਗਏ ਸਿਖ ਗੁਰੂ ਅਗਾਰੀ । ਕਹਜੋ 'ਕਰੀ ਇਕਠੀ ਕ੍ਰਿਖਿ ਸਾਰੀ।
ਲਾਗੇ ਅਧਿਕ ਉਚ ਅੰਬਾਰੇ[3] । ਅਬ ਰਜਾਇ ਰਾਵਰ ਅਨੁਸਾਰੇ'॥੧੯॥

ਤਿਹ ਛਿਨ ਸੁਨਕੈ ਪ੍ਰਭੂ ਉਤੰਗੇ[4] । ਚਲੇ ਬਿਲੋਕਨ ਕੋ ਤਿਨ ਸੰਗੇ।
ਊਚੇ ਜਹਾਂ ਅੰਬਾਰ ਲਗਾਏ । ਠਾਢੇ ਆਨ ਭਏ ਤਿਹ ਥਾਏਂ॥੨੦॥

ਹਰਖੇ ਦੇਖ ਤਿਨਹਿਂ ਸੁਖ ਸਦਨੰ । 'ਸਾਧ! ਸਾਧ[5]!' ਉਚਰਜੋ ਸ੍ਰੀ ਬਦਨੰ।
'ਤੁਮਰੀ ਘਾਲ ਪਈ ਸਬ ਥਾਂਈਂ । ਜੋ ਗੁਰਕੇ ਹਿਤ ਕ੍ਰਿੱਤ ਕਮਾਈ॥੨੧॥

ਅਬ ਤੁਮ ਬਚਨ ਮਾਨਿਯੇ ਐਸੇ । ਰਿਦੇ ਤੁਮਾਰੇ ਲਾਗਹਿਂ ਜੈਸੇ'।
ਸਿੱਖ ਕਹਜੋ 'ਕਜਾ ਹਮਰੇ ਹਾਥਾ । ਚਲੈਂ ਆਪ ਕੇ ਬਚਨਨ[6] ਸਾਥਾ'॥੨੨॥

ਦੋਹਰਾ

ਸ੍ਰੀ ਨਾਨਕ ਭਾਖੀ ਤਬੈ 'ਸੁਨਹੁ ਬਚਨ ਦੇ ਕਾਨ।
ਇਹ ਲਾਲਚ ਕੇ ਕਰੇ ਤੇ ਨਹਿਂ ਆਵੈ ਕਛੁ ਪਾਂਨ[7] ॥੨੩॥

ਚੌਪਈ

ਲੀਜੈ ਪਾਵਕ ਫੂਕਹੁ[8] ਸਾਰੀ।ਉਰ ਲਾਲਚ ਕੋ ਦੇਹੁ ਬਿਦਾਰੀ[9]'।
ਸੁਨਕੈ ਬਿਸਮਾਦੇ ਮਨ ਮਾਂਹੀ।— ਅੰਨ ਰਾਸ ਕਿਉਂ ਸਰਬ ਫੁਕਾਹੀਂ॥੨੪॥

ਬਡੇ ਜ਼ੋਰ ਸੋਂ ਕੀਨ ਕਮਾਈ।ਪ੍ਰਤਿਪਾਰੀ[10] ਬਹੁ ਸੰਕਟ ਪਾਈ —।
'ਹਮਤੇ ਫੂਕੀ ਜਾਇ ਨ ਕੇਹੀ'।ਹਟਕ ਰਹੇ ਕੇਤਿਕ ਕਹਿ ਏਹੀ॥੨੫॥

ਕਿਤਕ ਬਿਚਾਰਜੋ ਰਿਦੇ ਮਝਾਰਾ ।—ਹਮ ਤੋ ਸ਼੍ਰੀ ਗੁਰ ਬਚੁ ਅਨੁਸਾਰਾ।
ਹਾਨ ਲਾਭ ਚਹੀਏ[11] ਨਹਿਂ ਦੇਖਾ।ਆਇਸੁ ਮਾਨਹਿਂ ਇਹੀ ਵਿਸੇਖਾ[12] —॥੨੬॥

SikhBookClub.Com

ਗੁਰੂ ਜੀ ਦੀ ਆਗਿਆ ਲੈ ਕੇ ਸਾਰੇ ਸੇਵਕ, ਦਾਤੀਆਂ[1] ਲੈ ਕੇ ਫਸਲ ਨੂੰ ਕੱਟਣ[2] ਲੱਗ ਪਏ। ਸਾਰੇ ਖੇਤਾਂ ਨੂੰ ਵੱਢ-ਵੱਢ ਕੇ ਉੱਚੇ-ਉੱਚੇ ਖਲਵਾੜ, ਲਗਾ ਦਿੱਤੇ ਗਏ। ॥੧੮॥

ਤੇ ਫਿਰ ਸਿੱਖਾਂ ਨੇ ਗੁਰੂ ਜੀ ਦੇ ਅੱਗੇ ਪੇਸ਼ ਹੋ ਕੇ ਕਿਹਾ, "ਸਾਰੀ ਫਸਲ (ਖੇਤੀ) ਇਕੱਠੀ ਕਰ ਲਈ ਗਈ ਹੈ, ਬਹੁਤ ਉੱਚੇ-ਉੱਚੇ ਅੰਬਾਰ[3] (ਢੇਰ) ਲੱਗ ਗਏ ਹਨ, ਹੁਣ ਅੱਗੇ ਆਪ ਦੀ ਜਿਸ ਤਰਾਂ ਆਗਿਆ ਹੋਵੇਗੀ, ਉਵੇਂ ਹੀ ਹੋਣਾ ਹੈ।" ॥੧੯॥

ਉਨ੍ਹਾਂ ਦੀ ਗੱਲ ਸੁਣ ਕੇ ਪ੍ਰਭੂ ਜੀ ਉੱਠੇ[4], ਉਨ੍ਹਾਂ ਨਾਲ ਦੇਖਣ ਲਈ ਚੱਲ ਪਏ। ਜਿਥੇ ਉੱਚੇ ਅੰਬਾਰ ਫਸਲ ਦੇ ਲਗਾਏ ਹੋਏ ਸਨ, ਉਸ ਥਾਂ ਕੋਲ ਆ ਕੇ ਖੜ੍ਹੇ ਹੋ ਗਏ। ॥੨੦॥

ਸੁੱਖਾਂ ਦੇ ਘਰ ਗੁਰੂ ਜੀ ਲੱਗੇ ਹੋਏ ਖਲਵਾੜਾਂ ਨੂੰ ਤੱਕ ਕੇ ਖੁਸ਼ ਹੋਏ ਤੇ ਕਹਿਣ ਲੱਗੇ, "ਸ਼ਾਬਾਸ! ਸ਼ਾਬਾਸ਼[5]! ਅਤੇ ਮੁੱਖ ਤੋਂ ਬਚਨ ਕੀਤਾ, "ਜੋ ਤੁਸੀਂ ਗੁਰੂ ਲਈ ਕਮਾਈ ਕੀਤੀ ਹੈ, ਤੁਹਾਡੀ ਘਾਲ ਥਾਂ ਸਿਰ ਪੈ ਗਈ ਹੈ। ॥੨੧॥

ਹੁਣ ਤੁਸੀਂ ਮੇਰੀ ਗੱਲ ਇਉਂ ਮੰਨੋ, ਜਿਸ ਤਰਾਂ ਤੁਹਾਡੇ ਚਿੱਤ ਨੂੰ ਲੱਗਦਾ ਹੋਵੇ, ਉਵੇਂ ਕਰ ਲਵੋ।" ਤਾਂ ਸਿੱਖਾਂ ਨੇ ਕਿਹਾ, "ਸਾਡੇ ਹੱਥ ਵਿਚ ਕੀ ਹੈ, ਅਸੀਂ ਤਾਂ ਆਪ ਜੀ ਦੇ ਬੋਲਾਂ[6] ਮਗਰ ਹੀ ਚੱਲਣ ਵਾਲੇ ਹਾਂ।" ॥੨੨॥

ਦੋਹਰਾ

ਗੁਰੂ ਜੀ ਨੇ ਕਿਹਾ, "ਕੰਨ ਲਾ ਕੇ ਬਚਨ ਸੁਣੋ। ਲਾਲਚ ਕਰਨ ਨਾਲ ਹੱਥਾਂ[7] ਵਿਚ ਕੁਝ ਨਹੀਂ ਆਇਆ ਕਰਦਾ। ॥੨੩॥

ਚੌਪਈ

ਮਨ ਵਿੱਚੋਂ ਸਾਰੇ ਲਾਲਚ ਕੱਢ[9] ਦੇਵੋ, ਤੁਸੀਂ ਅੱਗ ਲੈ ਕੇ ਸਾਰੀ ਖੇਤੀ ਫੂਕ[8] ਦੇਵੋ। ਗੁਰੂ ਜੀ ਦੇ ਇਹ ਬੋਲ ਸੁਣ ਕੇ ਸਾਰੇ ਮਨ ਹੀ ਮਨ ਹੈਰਾਨ ਹੋ ਗਏ- ਗੁਰੂ ਜੀ ਅੰਨ ਦੀ ਰਾਸ ਨੂੰ ਕਿਉਂ ਸੜਵਾ ਰਹੇ ਹਨ ॥੨੪॥

ਬੜੀ ਜ਼ੋਰ ਨਾਲ ਮਿਹਨਤ ਕਰਕੇ ਕਮਾਈ ਕੀਤੀ ਸੀ। ਬਹੁਤ ਦੁੱਖਾਂ ਨਾਲ ਫਸਲ ਪਾਲੀ[10] ਸੀ-। (ਅਤੇ ਉਨ੍ਹਾਂ ਕਿਹਾ) "ਸਾਡੇ ਕੋਲੋਂ ਤਾਂ ਜੀ ਕਿਵੇਂ ਵੀ ਇਹ ਸਾੜੀ ਨਹੀਂ ਜਾ ਸਕਦੀ।" ਉਹ ਇਹ ਕਹਿ ਕੇ ਸਾਰੇ ਹੀ ਕਿੰਨਾ ਚਿਰ ਪਿਛਾਂਹ ਹੋ ਕੇ ਖੜ੍ਹੇ ਰਹੇ ਸਨ। ॥੨੫॥

ਕਈਆਂ ਨੇ ਮਨ ਹੀ ਮਨ ਵਿਚਾਰਿਆ -ਅਸੀਂ ਤਾਂ ਗੁਰੂ ਜੀ ਦੇ ਬਚਨਾਂ ਅਨੁਸਾਰ ਚੱਲਣ ਵਾਲੇ ਹਾਂ। ਘਾਟੇ ਵਾਧੇ ਬਾਰੇ ਸਾਨੂੰ ਦੇਖਣਾ ਹੀ ਨਹੀਂ ਚਾਹੀਦਾ[11]। ਗੁਰੂ ਜੀ ਦੀ ਆਗਿਆ ਮੰਨ ਲੈਣੀ ਹੀ ਵੱਡੀ[12] ਗੱਲ ਹੈ-। ॥੨੬॥

SikhBookClub.Com

ਲੈ ਪਾਵਕ ਤਿਨ ਤੁਰਤ[1] ਲਗਾਈ । ਸੂਕੀ ਹੁਤੀ ਭਈ ਜਰ[2] ਛਾਈ।
ਇਸ ਬਿਧਿ ਪਿਖਕੈ ਸਭ ਬਿਸਮਾਨੇ ।—ਗੁਰ ਕੀ ਗਤਿ ਕਛੁ ਜਾਇ ਨ ਜਾਨੇ—॥੨੭॥

ਪਦਪੰਕਜ ਕੋ ਬੰਦਨ ਕਰਹੀਂ । ਮੁਖ ਤੇ 'ਜੈ ਜੈ'ਸ਼ਬਦ ਉਚਰਹੀਂ।
ਚਲਿ ਆਏ ਪੁਨਿ ਪੁਰ ਕਰਤਾਰਾ[3] । ਜਹਿਂ ਤਹਿਂ ਹੋਵਹਿ ਸ਼ਬਦ ਬਿਚਾਰਾ॥੨੮॥

ਕਿਤਕ ਕਾਲ ਜਬ ਬਿਤਜੋ ਬਹੋਰੀ । ਕੀਨ ਅਰੰਭਨ[4] ਸ਼ਾਂਗ ਸੁ ਔਰੀ।
ਇਕ ਦਿਨ ਛੁਰਾ ਬਾਂਧ ਕਟਿ[5] ਸੰਗਾ । ਧਾਨਕ[(*1)] ਰੂਪ ਧਰਜੋ ਸਰਬੰਗਾ॥੨੯॥

ਅਨਿਕ ਸ਼ੂਕਰੀ[6] ਆਗੇ ਕੀਨੇ । ਕੂਕਰ[7] ਕਿਤਕ ਪਿਛਾਰੀ ਲੀਨੇ।
ਪੁਰ ਤੇ ਨਿਕਸ ਵਹਿਰ ਭੇ ਠਾਂਢੇ । ਸਿੱਖਨ ਦੇਖ ਬਿਸਮਤਾ ਬਾਢੇ॥੩੦॥

ਰਹੀ ਨ ਸ਼ਰਧਾ ਅਧਿਕ ਭੁਲਾਏ । ਪੌਨ[8] ਜ਼ੋਰ ਜਿਉਂ ਬਿਟਪ ਹਿਲਾਏ।
ਤਜਜੋ ਸੰਗ ਪੁਰ ਬੈਠੇ ਆਈ । ਮਿਲਹਿਂ ਪਰਸਪਰ ਗਿਰਾ ਅਲਾਈ॥੩੧॥

'ਸ੍ਰੀ ਗੁਰ ਤੋ ਅਬ ਭਏ ਦਿਵਾਨੇ । ਕਰਨ ਕੁਕਰਮ[9] ਜਿ ਅਸ ਮਨ ਠਾਨੇ।
ਰਹਿਨ ਸੰਗਿ ਕਿਉਂ ਹੂੰ ਨਹਿਂ ਬਨਹੀ । ਅਟਪਟ[10] ਬਚਨ ਬਦਨ ਤੇ ਭਨਹੀਂ॥੩੨॥

ਕ੍ਰੂਰ[11] ਸਰੂਪ ਨ ਦੇਖਜੋ ਜਾਈ । ਸੂਕਰ ਕੂਕਰ ਨਿਜ ਸੰਗਿ ਲਾਈ'।
ਇਕ ਲਹਿਣੇ ਨਹਿਂ ਤਿਆਗਜੋ ਸਾਥਾ । ਨਿਕਟ ਠਾਂਢ ਭਾ ਜੋਰੇ ਹਾਥਾ॥੩੩॥

ਤਨ ਮਨ ਧਨ ਨਿਰਮਾਇਲ[12] ਕੀਨਾ । ਕੈਸੇ ਹਟੇ ਸਮਰਪ[13] ਜਿ ਦੀਨਾ।
ਸ੍ਰੀ ਸਤਿਗੁਰ ਮੁਖਿ ਤਿਹ ਛਿਨ ਮਾਂਹੀ । ਸਬਦ ਉਚਾਰਨ ਕੀਨ ਤਹਾਂਹੀ॥੩੪॥

SikhBookClub.Com

ਤਾਂ ਉਨ੍ਹਾਂ ਨੇ ਅੱਗ ਲੈ ਕੇ ਤੁਰੰਤ[1] ਹੀ ਫਸਲ ਨੂੰ ਲਗਾ ਦਿੱਤੀ। ਫਸਲ ਸੁੱਕੀ ਸੀ, ਸੜ[2] ਕੇ ਸੁਆਹ ਹੋ ਗਈ। ਗੁਰੂ ਜੀ ਦੀ ਇਹ ਚਾਲ (ਵਿਧ) ਦੇਖ ਕੇ ਸਾਰੇ ਹੀ ਹੈਰਾਨ ਹੋਏ ਸੋਚਣ ਲੱਗੇ-ਗੁਰੂ ਜੀ ਦੀ ਇਸ ਚਾਲ ਨੂੰ ਜਾਣਿਆ ਨਹੀਂ ਜਾ ਸਕਦਾ-। ॥੨੭॥

ਉਨ੍ਹਾਂ ਗੁਰੂ ਜੀ ਦੇ ਚਰਨ-ਕਮਲਾਂ ਵਿਚ ਨਮਸਕਾਰ ਕੀਤੀ ਤੇ ਮੂੰਹੋਂ ਜੈ ਹੋ, ਜੈ ਹੋ, ਦਾ ਸ਼ਬਦ ਉਚਾਰਦੇ ਹੋਏ ਉਹ ਚੱਲ ਕੇ ਕਰਤਾਰਪੁਰ[3] ਆ ਗਏ ਸਨ ਜਿਥੇ ਸਦਾ ਹੀ ਸ਼ਬਦ 'ਤੇ ਵਿਚਾਰਾਂ ਹੁੰਦੀਆਂ ਸਨ। ॥੨੮॥

ਫਿਰ ਜਦੋਂ ਕੁਝ ਸਮਾਂ ਹੋਰ ਬੀਤਿਆ ਤਾਂ ਗੁਰੂ ਜੀ ਨੇ ਇੱਕ ਹੋਰ ਹੀ ਸਾਂਗ ਰਚਨਾ ਸ਼ੁਰੂ[4] ਕਰ ਦਿੱਤਾ ਸੀ। ਇੱਕ ਦਿਨ ਲੱਕ[5] ਨਾਲ ਛੁਰਾ ਬੰਨ੍ਹ ਕੇ (ਉਨ੍ਹਾਂ) ਧਾਨਕ ਰੂਪ (ਘਟੀਆ ਜਾਤੀ ਦੇ ਲੋਕਾਂ ਜਿਹਾ) ਸ਼ਿਕਾਰੀ ਵਰਗਾ ਭੇਸ ਜਿਹਾ ਧਾਰ ਲਿਆ ਸੀ। ॥੨੯॥

ਉਨ੍ਹਾਂ ਨੇ ਆਪਣੇ ਅੱਗੇ ਸੂਰੀਆਂ[6] ਲਾ ਲਈਆਂ ਅਤੇ ਕਿੰਨੇ ਹੀ ਕੁੱਤੇ[7] ਆਪਣੇ ਪਿੱਛੇ ਲਗਾ ਕੇ ਸ਼ਹਿਰ ਚੋਂ ਨਿਕਲ ਕੇ ਬਾਹਰ ਜਾ ਖੜ੍ਹੇ ਹੋਏ। ਸਿੱਖਾਂ ਨੂੰ ਵੇਖ ਕੇ ਬਹੁਤ ਹੀ ਹੈਰਾਨੀ ਹੋਈ। ॥੩੦॥

ਬਹੁਤਿਆਂ ਦੇ ਮਨ ਡੋਲ ਗਏ ਸਨ, ਉਨ੍ਹਾਂ ਵਿਚ ਸ਼ਰਧਾ ਨਹੀਂ ਰਹੀ ਸੀ। ਜਿਵੇਂ ਹਨ੍ਹੇਰੀ[8] ਨੇ ਦਰਖਤ ਹਿਲਾ ਦਿੱਤੇ ਹੋਣ। ਉਨ੍ਹਾਂ (ਗੁਰੂ ਜੀ ਦਾ) ਸਾਥ ਛੱਡ ਦਿੱਤਾ ਤੇ ਨਗਰ ਵਿਚ ਆ ਕੇ ਬੈਠ ਗਏ। ਆਪਸ ਵਿਚ ਮਿਲ ਕੇ ਕਹਿਣ ਲੱਗੇ। ॥੩੧॥

"ਗੁਰੂ ਜੀ ਤਾਂ ਹੁਣ ਦੀਵਾਨੇ ਹੋ ਗਏ ਹਨ, ਜਿਨ੍ਹਾਂ ਨੇ ਇਸ ਤਰਾਂ ਮਨ ਵਿਚ ਜਾਣ-ਬੁੱਝ ਕੇ ਉਲਟੇ-ਕੰਮ[9] ਕਰਨ ਦੀ ਧਾਰ ਲਈ ਹੈ। ਉਨ੍ਹਾਂ ਨਾਲ ਹੁਣ ਕਿਵੇਂ ਵੀ ਰਹਿਣਾ ਨਹੀਂ ਬਣਦਾ। ਮੁੱਖ ਤੋਂ ਹੋਰ ਹੀ ਉਲਟੇ-ਪੁਲਟੇ[10] ਬੋਲ ਬੋਲੀ ਜਾਂਦੇ ਹਨ। ॥੩੨॥

ਉਨ੍ਹਾਂ ਦਾ ਭੈੜਾ[11] ਸਰੂਪ ਵੇਖਿਆ ਨਹੀਂ ਜਾ ਸਕਦਾ ਅਤੇ ਆਪਣੇ ਨਾਲ ਕੁੱਤੇ, ਸੂਰ ਲਾਈ ਫਿਰਦੇ ਹਨ।" ਉਸ ਵਕਤ ਬਸ ਇੱਕ ਲਹਿਣੇ ਨੇ ਉਨ੍ਹਾਂ ਦਾ ਸਾਥ ਨਹੀਂ ਸੀ ਛੱਡਿਆ, ਜੋ ਹੱਥ ਜੋੜ ਕੇ ਕੋਲ ਖੜ੍ਹਾ ਸੀ ॥੩੩॥

ਜਿਸ ਨੇ ਤਨ, ਮਨ ਅਤੇ ਧਨ ਭੇਟ[12] ਕਰਕੇ ਆਪਣੇ-ਆਪ ਨੂੰ ਗੁਰੂ ਜੀ ਦੇ ਸਮਰਪਿਤ[13] ਜੋ ਕਰ ਦਿੱਤਾ ਸੀ, ਉਹ ਕਿਵੇਂ ਪਿਛਾਂਹ ਹਟ ਸਕਦਾ ਸੀ । ਤਾਂ ਗੁਰੂ ਜੀ ਨੇ ਉਥੇ ਇਸ ਸ਼ਬਦ ਦਾ ਉਚਾਰਨ ਕੀਤਾ ॥੩੪॥

SikhBookClub.Com

ਸਿਰੀ ਰਾਗੁ ਮਹਲਾ ੧ ਘਰੁ ੪॥

ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਈਆਲਿ॥
ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੧॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ ਬਿਕਰਾਲ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥ ੧॥ ਰਹਾਉ॥
ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥ ੨॥
ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥
ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੩॥
ਮੈ ਕੀਤਾ ਨਾ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥
ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੪॥ ੨੯॥

(ਗੁ. ਗ੍ਰੰ. ਸਾਹਿਬ, ਪੰਨਾ ੨੪)

ਚੌਪਈ

ਰਾਗ ਅਲਾਪ ਊਚ ਸੁਰ ਸਾਧਾ । ਪਢਤ ਸਬਦ ਫਿਰਹੀਂ ਜਗਨਾਥਾ।
ਗਮਨੇ ਜਹਾਂ ਉਜਾਰ[1] ਮਹਾਨਾ । ਅੱਪ੍ਰਮਾਨ ਮੁਖ ਤੇਜ ਦਿਪਾਨਾ॥ ੩੫॥

ਉੱਗ੍ਰ[2] ਸਰੂਪ ਨ ਜਾਇ ਬਿਲੋਕੇ । ਸਨਮੁਖ[3] ਰਵਿ ਜਿਉਂ ਦ੍ਰਿਸ਼ਟੀ ਰੋਕੇ।
ਇਸ ਬਿਧਿ ਕੇਤਿਕ ਕਾਲ ਬਿਤਾਯੋ । ਬਚ ਲਹਿਣੇ ਕਰ ਜੋਰ ਅਲਾਯੋ॥ ੩੬॥

'ਸੁਨਹੁ ਪ੍ਰਭੂ! ਜੋ ਸਾਂਗ ਅਰੰਭਾ । ਸਰਬ ਬਿਲੋਕਤ ਭਏ ਅਚੰਭਾ।
ਹੋਇ ਅਧੀਰਜ ਤਜਾਗਜੋ ਸਾਥਾ । ਅਬ ਕੋ ਨਹੀ ਸੰਗ ਹੇ ਨਾਥਾ[4]!॥ ੩੭॥

ਇਕ ਮੈਂ ਰਹਜੋ ਸੁ ਜਾਉਂ ਨ ਕਬਹੀਂ । ਦੇਹ ਕਸੌਟੀ ਸਹਿ[5] ਹੌਂ ਸਬ ਹੀ।
ਤਨ ਮਨ ਬੇਚ ਪ੍ਰੇਮ ਲਿਯ ਮੋਲਾ । ਤਜਹੁ ਕਿ ਹਨਹੁ ਮੋਲ ਕੋ ਗੋਲਾ[6] ॥ ੩੮॥

ਮਾਰਜੋ ਚਹੁ ਮੁਰ ਦੀਜੈ ਮਾਰੀ । ਉਰ ਭਾਵੈ ਤਉ ਰਾਖ ਜਿਵਾਰੀ[7]।
ਤੁਮਰੇ ਹਿਤ ਬਿਨਸੈ ਤਨ ਮੇਰੋ । ਬਡੇ ਭਾਗ[8] ਅਪਨੇ ਤਬ ਹੇਰੋਂ॥ ੩੯॥

SikhBookClub.Com

ਪਾਤਸ਼ਾਹੀ ਪਹਿਲੀ, ਸਿਰੀਰਾਗ

ਮੇਰੇ ਸਾਥ ਇੱਕ ਕੁੱਤਾ ਅਤੇ ਦੋ ਕੁੱਤੀਆਂ ਹਨ। ਸੁਬ੍ਹਾ-ਸਵੇਰੇ ਉਹ ਹਮੇਸ਼ਾ ਹਵਾ ਨੂੰ ਭੌਂਕਦੇ ਹਨ। ਝੂਠ ਮੇਰਾ ਖੰਜਰ ਹੈ ਤੇ ਠੱਗੀ ਮਾਰ ਕੇ ਖਾਣਾ ਲਾਸ਼ ਵਾਂਗ ਹੈ। ਮੈਂ ਸ਼ਿਕਾਰੀ ਦੇ ਸਰੂਪ ਵਿਚ ਰਹਿੰਦਾ ਹਾਂ ॥੧॥ ਹੇ ਮੇਰੇ ਸਿਰਜਣਹਾਰ! ਮੈਂ ਆਪਣੇ ਪਤੀ (ਮਾਲਕ) ਦੀ ਨਸੀਅਤ 'ਤੇ ਅਮਲ ਨਹੀਂ ਕਰਦਾ ਤੇ ਨਾ ਹੀ ਨੇਕ ਅਮਲ ਕਮਾਉਂਦਾ ਹਾਂ। ਮੈਂ ਕਰੂਪ ਅਤੇ ਭਿਆਨਕ ਹੋ ਰਿਹਾ ਹਾਂ। ਕੇਵਲ ਤੇਰਾ ਨਾਮ ਹੀ ਜਗਤ ਦਾ ਪਾਰ ਉਤਾਰਾ ਕਰਦਾ ਹੈ। ਕੇਵਲ ਇਹ ਹੀ ਮੇਰੀ ਉਮੀਦ ਹੈ ਤੇ ਇਹ ਹੀ ਆਸਰਾ ॥੧॥ ਠਹਿਰਾਉ॥ ਆਪਣੇ ਮੂਹ ਨਾਲ ਮੈਂ ਦਿਨ-ਰਾਤ ਬਦਖੋਈ ਕਰਦਾ ਹਾਂ। ਮੈਂ ਕਮੀਨਾ ਅਤੇ ਨੀਚ ਹਾਂ, ਹੋਰਨਾਂ ਦਾ ਗ੍ਰਹਿ ਤਕਾਉਂਦਾ ਹਾਂ। ਵਿਸ਼ੇ-ਭੋਗ ਤੇ ਰੋਹ ਕਮੀਣ ਮੇਰੀ ਦੇਹੀ ਵਿਚ ਰਹਿੰਦੇ ਹਨ। ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ ॥੨॥ ਹੇ ਸਿਰਜਣਹਾਰ! ਦੇਖਣ-ਪਾਖਣ ਵਿਚ ਮੈਂ ਸਰੀਫ ਹਾਂ ਪਰ ਮੇਰੀ ਨੀਅਤ ਹੋਰਨਾਂ ਨੂੰ ਵਾਹੁਣ ਦੀ ਹੈ। ਮੈਂ ਠੱਗ ਹਾਂ ਅਤੇ ਮੁਲਕ ਨੂੰ ਠੱਗਦਾ ਹਾਂ।ਮੈਂ ਬਹੁਤ ਚਲਾਕ ਹਾਂ ਤੇ ਪਾਪਾਂ ਦਾ ਭਾਰਾ ਬੋਝ ਚੁੱਕਿਆ ਹੋਇਆ ਹੈ। ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ ॥੩॥ ਹੇ ਸਿਰਜਣਹਾਰ। ਮੈਂ ਪਰਾਇਆ ਮਾਲ ਖਾਣ ਵਾਲੇ ਨੇ ਤੇਰੀ ਕੀਤੀ ਹੋਈ ਨੇਕੀ ਦੀ ਕਦਰ ਨਹੀਂ ਪਾਈ। ਮੈਂ ਦੁਸ਼ਟ ਚੋਰ ਤੈਨੂੰ ਕਿਹੜਾ ਮੂੰਹ ਦਿਖਾਵਾਂਗਾ? ਹੇ ਸੁਆਮੀ! ਨੀਵਾਂ ਨਾਨਕ ਇਹ ਵਿਚਾਰ ਕਹਿੰਦਾ ਹੈ। ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ ਹੇ ਸਿਰਜਣਹਾਰ ॥੪॥੨੯॥ **(ਗੁ. ਗ੍ਰੰ. ਸਾਹਿਬ, ਪੰਨਾ 24)**

ਚੌਪਈ

ਉੱਚੀ ਸੁਰ ਵਿਚ ਅਲਾਪ ਕਰਦੇ ਹੋਏ ਜਗਤ ਸਵਾਮੀ ਗੁਰੂ ਜੀ ਇਸ ਸ਼ਬਦ ਨੂੰ ਪੜ੍ਹਦੇ-ਫਿਰਦੇ ਸਨ। ਫਿਰ ਉਥੇ ਚਲੇ ਗਏ ਜਿਥੇ ਉਜਾੜ[1] ਸੀ। ਉਨ੍ਹਾਂ ਦੇ ਮੁੱਖ ਉੱਤੇ ਬਹੁਤ ਤੇਜ ਪ੍ਰਕਾਸ਼ਮਾਨ ਸੀ। ॥੩੫॥

ਉਨ੍ਹਾਂ ਦੇ ਭਿਅੰਕਰ[2] ਚਿਹਰੇ ਨੂੰ ਤੱਕਿਆ ਨਹੀਂ ਸੀ ਜਾਂਦਾ। ਜਿਵੇਂ ਸੂਰਜ ਦੇ ਸਾਹਮਣੇ[3] ਨਜ਼ਰ ਬੰਦ ਹੋ ਜਾਵੇ। ਇਸ ਤਰਾਂ ਕੁਝ ਸਮਾਂ ਬਿਤਾ ਦੇਣ ਪਿੱਛੋਂ ਲਹਿਣਾ ਜੀ ਨੇ ਹੱਥ ਜੋੜ ਕੇ ਆਖਿਆ ॥੩੬॥

"ਹੇ ਪ੍ਰਭੂ ਜੀ, ਸੁਣੋ! ਜੋ ਆਪ ਜੀ ਨੇ ਇਹ ਸਾਂਗ ਅਰੰਭਿਆ ਹੈ, ਸਾਰੇ ਲੋਕ ਵੇਖ ਕੇ ਹੈਰਾਨ ਹੋ ਰਹੇ ਹਨ। ਸਭ ਨੇ ਆਪਣਾ ਧੀਰਜ ਗੁਆ ਕੇ ਤੁਹਾਡਾ ਸਾਥ ਛੱਡ ਦਿੱਤਾ ਹੈ। ਹੇ ਸਵਾਮੀ[4] (ਗੁਰੂ ਜੀ)! ਹੁਣ ਕੋਈ ਵੀ ਆਪ ਦੇ ਨਾਲ ਨਹੀਂ ਰਿਹਾ ਹੈ। ॥੩੭॥

ਇੱਕ ਮੈਂ ਹੀ ਬਾਕੀ ਰਹਿ ਗਿਆ ਹਾਂ, ਮੈਂ ਕਦੇ ਵੀ ਨਹੀਂ ਜਾਵਾਂਗਾ, ਚਾਹੇ ਮੈਨੂੰ ਜਿਹੜੀ ਮਰਜ਼ੀ ਕਸੌਟੀ 'ਤੇ ਪਰਖ ਲਵੋ। ਸਭ ਕੁਝ ਸਹਾਂਗਾ[5]। ਮੈਂ ਤਨ-ਮਨ ਵੇਚ ਕੇ ਪ੍ਰੇਮ ਮੁੱਲ ਲੈ ਲਿਆ ਹੈ। ਹੁਣ ਛੱਡੋ, ਚਾਹੇ ਮਾਰੋ, ਮੈਂ ਆਪ ਦਾ ਮੁੱਲ ਦਾ ਨੌਕਰ[6] ਹਾਂ। ॥੩੮॥

ਜੇਕਰ ਮਾਰਨਾ ਚਾਹੁੰਦੇ ਹੋ ਤਾਂ ਆਪ ਮੈਨੂੰ ਮਾਰ ਦੇਵੋ। ਜੇ ਜੀਅ ਚਾਹੇ ਤਾਂ ਜਿਉਂਦਾ[7] ਰੱਖ ਲੈਣਾ। ਮੇਰਾ ਸਰੀਰ ਤੁਹਾਡੇ ਲਈ ਜਾਂਦਾ ਹੈ, ਤਾਂ ਮੈਂ ਆਪਣੇ ਵੱਡੇ-ਭਾਗ[8] ਸਮਝਾਂਗਾ। ॥੩੯॥

SikhBookClub.Com

ਇਹ ਲਾਲਸ ਉਰ ਰਹੈ ਸਦਾਈ[1] । ਹੇਤ ਤੁਮਾਰੇ ਤਨ ਬਿਨਸਾਈ।
ਰਿਦੇ ਨ ਭਰਮੋਂ ਪਿਖ ਕਬਿ ਕੇਹੀ । ਅਬ ਕਿਉਂ ਸਾਂਗ ਅਰੰਭਜੋ ਏਹੀ?'॥੪੦॥

ਸੁਨਤ ਸ਼੍ਰੌਨ[2] ਇਸ ਦਿਸ ਕਰਿ ਨੈਨਾ[3] । ਨਰਕ ਨਿਵਾਰਨ ਬੋਲੇ ਬੈਨਾ।
'ਇਉਂ ਹੀ ਅਬ ਹਮਰੇ ਜਿਯ ਆਈ । ਮਾਨਵ ਪਾਸ ਨ ਮੋਹਿ ਸੁਹਾਈ॥੪੧॥

ਤੈਂ ਕਿਉਂ ਅਬਹਿ ਬਿਲੰਬ ਲਗਾਈ । ਹਟਹੁ ਸੰਗ ਤੇ ਜਾਹੁ ਪਲਾਈ[4]।
ਬਚਨ ਮਾਨ ਨਹਿੰ ਨਿਕਟ ਰਹੀਜੈ । ਸਾਥ ਛੋਰ ਕੈ ਗਮਨ ਕਰੀਜੈ'।੪੨।

ਸੁਨ ਲਹਿਣੇ ਬਿਚਾਰ ਕਰ ਜੋਰੇ । 'ਗੁਰੂ ਰਜਾਇ ਅਮੋਰ[5] ਸੁ ਮੋਰੇ।
ਸਿਰ ਪਰ ਧਰੋਂ ਸਦਾ ਮੈਂ ਆਛੇ' । ਅਸ ਕਹਿ ਗਮਨਜੋ ਲਹਿਣਾ ਪਾਛੇ॥੪੩॥

ਪ੍ਰਭੂ ਬਿਲੋਕ ਤਾਂਹਿ ਕੀ ਓਰੀ । ਕਹਜੋ ਕਿ 'ਉਚਰੈਂ ਬਚਨ ਬਹੋਰੀ।
ਹਟ[6] ਜੇ ਪਿਖੈਂ ਨੈਨ ਇਤ ਲਾਵੈਂ । ਤੌ ਤੂੰ ਅਪਨਾ ਕੀਤਾ[7] ਪਾਵੈ ॥੪੪॥

ਠਾਢ ਨ ਹੁੱਯੈ ਹਮਰੇ ਨੇਰੇ । ਭਾਜੇ ਜਾਹੁ ਨ ਆਵਹੁ[8] ਫੇਰੇ'।
ਬਚਨ ਸੁਨਤ ਲਹਿਣਾ ਤਬ ਧਾਯੋ । ਪਾਛੇ ਕੌ ਨਹਿੰ ਨੈਕ[9] ਲਖਾਯੋ॥੪੫॥

ਰਾਰ[10] ਮਾਹਿੰ ਜਿਉਂ ਭਾਜੀ ਸੈਨੰ । ਸਭਿ ਕਟਿ ਗਈ ਅਯੋ ਸੁਧ[11] ਦੈਨੰ।
ਤਿਉਂ ਲਹਿਣਾ ਦੌਰੇ ਪੁਰ ਆਵਾ । ਮਗ ਮਹਿੰ ਠਾਂਢ ਨ ਕਹੂੰ ਰਹਾਵਾ॥੪੬॥

ਕਿਤਕ ਸਿੱਖ ਬੈਠੇ ਪੁਰ[12] ਮਾਂਹੀ । ਜਿਨ ਕੋ ਮੋਹ ਸਦਨ ਧਨ ਨਾਹੀਂ ।
ਸੋ ਲਹਿਣੇ ਕੇ ਢਿਗ ਚਲਿ ਆਏ । ਪੂਛਤ 'ਕਸ ਤਵ ਹਾਲ ਬਿਹਾਏ॥੪੭॥

ਸ਼੍ਰਮ[13] ਸ਼ੀਕਰ[14] ਆਨਨ ਪਰ ਆਏ' । ਚਢਜੋ ਸ੍ਵਾਸ ਕਿਉਂ ਐਸੇ ਧਾਏ।
ਦੀਜੈ ਸੁਧ ਸ੍ਰੀ ਗੁਰ ਕੀ ਜੈਸੀ । ਤੁਝ ਸੋਂ ਵਰਤੀ ਕਹੀਅਹਿ ਕੈਸੀ?'॥੪੮॥

SikhBookClub.Com

ਮੇਰੇ ਮਨ ਵਿਚ ਹਮੇਸ਼ਾ[1] ਲਈ ਇਹ ਹੀ ਲਾਲਸਾ ਬਣੀ ਰਹੇ ਕਿ ਮੇਰਾ ਸਰੀਰ ਆਪ ਜੀ ਦੇ ਹੀ ਲੇਖੇ ਲੱਗ ਜਾਵੇ। ਮੈਨੂੰ ਆਪਣੇ ਮਨ ਵਿਚ ਆਪ ਪਾਸੋਂ ਹੋਰ ਕੁਝ ਵੀ ਵੇਖਣ ਦਾ ਭਰਮ-ਭੁਲੇਖਾ ਨਹੀਂ। ਪਰ ਗੁਰੂ ਜੀ ਤੁਸੀਂ ਕਿਉਂ ਇਸ ਤਰਾਂ ਦੇ ਸਾਂਗ ਰਚਣਾ ਸ਼ੁਰੂ ਕਰ ਦਿੱਤਾ ਹੈ? ॥੪੦॥

ਲਹਿਣਾ ਜੀ ਦੇ ਬੋਲ[2] ਸੁਣ ਕੇ ਨਰਕਾਂ ਦਾ ਨਿਵਾਰਨ ਕਰਨਹਾਰੇ ਗੁਰੂ ਜੀ ਉਸ ਵੱਲ ਅੱਖਾਂ[3] ਕੱਢ ਕੇ ਬੋਲੇ, "ਮੇਰੇ ਮਨ ਨੂੰ ਇਸ ਤਰਾਂ ਹੀ ਭਾਇਆ ਹੈ, ਮੈਨੂੰ ਕੋਈ ਵੀ ਮਨੁੱਖ ਕੋਲ ਖੜ੍ਹਾ ਚੰਗਾ ਨਹੀਂ ਲੱਗਦਾ। ॥੪੧॥

ਤੂੰ ਕਿਉਂ ਦੇਰ ਲਗਾਈ ਹੈ, ਮੇਰੇ ਕੋਲੋਂ ਪਰੇ ਹੱਟ ਜਾ ਤੇ ਭੱਜ[4] ਜਾ। ਮੇਰੀ ਗੱਲ ਮੰਨ ਕੇ, ਮੇਰੇ ਕੋਲ ਨਾ ਖੜ੍ਹਾ ਹੋ। ਮੇਰਾ ਸਾਥ ਛੱਡ ਕੇ ਚਲਦਾ ਬਣ।" ॥੪੨॥

ਲਹਿਣਾ ਜੀ ਨੇ ਸੋਚ ਕੇ ਹੱਥ ਜੋੜਦੇ ਹੋਏ ਕਿਹਾ, "ਗੁਰੂ ਜੀ ਦਾ ਹੁਕਮ ਮੇਰੇ ਲਈ ਨਾ-ਮੋੜ[5] ਸਕਣ ਵਾਲਾ ਹੈ। ਮੈਂ ਤਾਂ ਸਦਾ ਹੀ ਆਪ ਦੀ ਆਗਿਆ ਚੰਗੀ ਤਰਾਂ ਨਾਲ ਸਿਰ-ਮੱਥੇ ਰੱਖਦਾ ਹਾਂ।" ਇਹ ਕਹਿ ਕੇ ਲਹਿਣਾ ਪਿੱਛੇ ਚਲਾ ਗਿਆ ਸੀ। ॥੪੩॥

ਤਾਂ ਗੁਰੂ ਜੀ ਨੇ ਵੇਖ ਕੇ ਫਿਰ ਕਿਹਾ, "ਤੂੰ ਕੁਝ ਬਹੁਤੇ ਹੀ ਉੱਚੇ ਬੋਲ ਬੋਲਦਾ ਹੈਂ। ਜੇ ਤੂੰ ਇਨ੍ਹਾਂ ਅੱਖਾਂ ਨਾਲ ਪਿੱਛੇ[6] ਮੁੜ ਕੇ ਵੇਖਿਆ ਤਾਂ ਤੂੰ ਆਪਣੀ ਕੀਤੀ ਦਾ ਫਲ[7] ਪਾਵੇਂਗਾ। ॥੪੪॥

ਮੇਰੇ ਨੇੜੇ ਨਹੀਂ ਖੜ੍ਹੇ ਹੋਣਾ, ਭੱਜਿਆ ਜਾ, ਮੁੜ ਕੇ ਵਾਪਸ[8] ਨਹੀਂ ਆਉਣਾ।" ਗੁਰੂ ਜੀ ਦੇ ਇਹ ਬੋਲ ਸੁਣ ਕੇ ਲਹਿਣਾ ਜੀ ਨੇ ਮਨ ਵਿਚ ਉਸੇ ਤਰਾਂ ਹੀ ਕਰਨੀ ਧਾਰ ਲਈ ਸੀ ਤੇ ਉਸ ਨੇ ਫਿਰ ਪਿੱਛੇ ਮੁੜ ਕੇ ਥੋੜ੍ਹਾ[9] ਜਿਹਾ ਵੀ ਨਹੀਂ ਸੀ ਤੱਕਿਆ। ॥੪੫॥

ਜਿਵੇਂ ਲੜਾਈ[10] ਦੇ ਮੈਦਾਨ ਵਿੱਚੋਂ ਸੈਨਾ ਭੱਜ ਜਾਂਦੀ ਹੈ। ਜਿਵੇਂ ਸਾਰੀ (ਫੌਜ) ਮਾਰੀ ਗਈ ਹੋਵੇ ਤੇ ਖਬਰ[11] ਦੇਣ ਲਈ (ਕੋਈ) ਚੱਲ ਆਇਆ ਹੋਵੇ, ਉਸੇ ਤਰਾਂ ਹੀ ਲਹਿਣਾ ਜੀ ਦੌੜ ਕੇ ਨਗਰ ਵੱਲ ਆਏ। ਰਸਤੇ ਵਿਚ ਉਹ ਕਿਤੇ ਵੀ ਨਹੀਂ ਖੜ੍ਹੇ ॥੪੬॥

ਨਗਰ[12] ਵਿਚ ਕਿੰਨੇ ਸਿੱਖ ਬੈਠੇ ਹੋਏ ਸਨ, ਜਿਨ੍ਹਾਂ ਨੂੰ ਘਰ-ਪਦਾਰਥ ਨਾਲ ਕੋਈ ਪਿਆਰ ਨਹੀਂ ਸੀ। ਉਹ ਲਹਿਣਾ ਜੀ ਪਾਸ ਚੱਲ ਆਏ ਤੇ ਪੁੱਛਣ ਲੱਗੇ, "ਤੁਹਾਡਾ ਇਹ ਹਾਲ ਕਿਸ ਤਰਾਂ ਬਣ ਗਿਆ? ॥੪੭॥

ਥੱਕਣ[13] ਨਾਲ ਤੇਰੇ ਚਿਹਰੇ 'ਤੇ ਪਸੀਨਾ[14] ਆਇਆ ਹੈ, ਤੇਰਾ ਸਾਹ ਇਸ ਤਰਾਂ ਕਿਵੇਂ ਚੜਿਆ ਹੈ? ਸ੍ਰੀ ਗੁਰੂ ਜੀ ਦੀ ਹਾਲਤ ਬਾਰੇ ਖਬਰ ਦੱਸ, ਜਿਸ ਤਰਾਂ ਵੀ ਤੇਰੇ ਨਾਲ ਬੀਤੀ[15] ਹੈ, ਉਸ ਬਾਰੇ ਵੀ ਦੱਸ, ਜਿਸ ਤਰਾਂ ਹੋਇਆ?" ॥੪੮॥

SikhBookClub.Com

ਸੁਨ ਲਹਿਣੇ ਸਭ ਸਿਖ ਬਿਠਾਰੇ[1] । ਹਿਤ ਸੋਂ ਤਿਨ ਕੇ ਚਰਨ ਪਖਾਰੇ।
ਲਗਜੋ ਸਮੋਧ ਕਰਨ ਗਤਿਵਾਨੀ । ਮ੍ਰਿਦੁਲ ਮਧੁਰ ਕਹਿ ਸੀਤਲ ਬਾਨੀ॥੪੯॥

ਦੋਹਰਾ

'ਕਲੀਕਾਲ[2] ਨਰ ਤਾਰਬੇ[3] ਰੂਪ ਧਰਾ ਕਰਤਾਰ।
ਨਹਿੰ ਮਾਨੁਖ ਸਮ ਜਾਨ ਕੈ ਭਰਮਹੁ ਰਿਦੇ ਮਝਾਰ॥੫੦॥

ਚੌਪਈ

ਸ੍ਰੀ ਪ੍ਰਮੇਸ਼ੁਰ ਕੋ ਅਵਤਾਰਾ । ਅਪਰ ਨ ਲਖਹੁ ਸੁ ਮੋਖ[4] ਉਦਾਰਾ।
ਸਰਬ ਨਰਨ ਕੇ ਪਰਖਨ ਹੇਤਾ । ਠਟਜੋ[5] ਸਾਂਗ ਬੇਦੀ ਕੁਲਕੇਤਾ[(*2)]॥੫੧॥

ਹਮ ਤੁਮ ਬੇਚਜੋ ਜੀਵ ਅਗਾਰੀ । ਚਾਹੈਂ ਰਾਖੈਂ ਭਾਵੈਂ ਮਾਰੀਂ।
ਜਿਨ ਕੋ ਦੇਇ ਚੁਕੇ ਸਰਬੰਸਾ । ਪੁਨ ਤਿਨਕੇ ਕ੍ਰਿਤ[6] ਮੈਂ ਕਿਆ ਸੰਸਾ॥੫੨॥

ਅਬ ਜੇ ਸ੍ਰੀ ਗੁਰ ਇਤ ਦਿਸ ਆਵੈਂ । ਔਰ ਸਾਂਗ ਕਰਕੈ ਦਿਖਰਾਵੈਂ।
ਭਰਮਹੁ ਨਹਿੰ ਕੈਸੀ ਬਿਧਿ ਹੋਇ । ਸੀਸ ਜਾਇ ਜਾਵਨ[7] ਦਿਹੁ ਸੋਇ॥੫੩॥

ਭਈ ਆਦਿ[8] ਤੇ ਪਰਖਨ ਰੀਤੀ । ਸ੍ਰੀ ਗੁਰ ਇਹ ਕੁਛ ਨਈ ਨ ਕੀਤੀ।
ਗਾਧਿ ਤਨੈ[9] ਪਰਖਜੋ ਹਰਿ ਚੰਦਾ । ਸਤਿ ਨ ਡਿਗਜੋ ਲਹਜੋ ਪਰਮ ਅਨੰਦਾ॥੫੪॥

ਹੇਤ ਕਪੋਤ[10] ਮਾਸ ਨਿਜ ਦੀਨਾ । ਧ੍ਰਿਤ ਧਰਿ[11] ਤਬ ਨ੍ਰਿਪ ਪਦ ਸੁਖ ਲੀਨਾ।
ਮੋਰਧੁਜ ਨ੍ਰਿਪ ਭਗਤਿ ਮਤਿ ਭੀਨੀ । ਸਹੀ ਕਸੌਟੀ ਜੋ ਪ੍ਰਭੁ ਦੀਨੀ'॥੫੫॥

ਅਉਰ ਕਥਾ ਕਹਿ ਬਹੁ ਸਮਝਾਏ । ਤੀਨ ਮਹੂਰਤ ਜਬੈ ਬਿਤਾਏ।
ਤਿਹ ਛਿਨ ਚਲ ਆਏ ਸ੍ਰੀ ਨਾਨਕ । ਉਠੇ ਸਿੱਖ ਅਵਿਲੋਕ[12] ਅਚਾਨਕ॥੫੬॥

SikhBookClub.Com

ਲਹਿਣਾ ਜੀ ਨੇ ਸੁਣ ਕੇ ਸਾਰੇ ਸਿੱਖਾਂ ਨੂੰ ਬਿਠਾ[1] ਲਿਆ ਤੇ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਚਰਨ ਧੋਤੇ ਤੇ ਫਿਰ ਮਿੱਠੇ ਤੇ ਕੋਮਲ ਬੋਲ ਬੋਲਦੇ ਹੋਏ ਮੁਕਤੀ ਦੁਆਉਣ ਵਾਲੇ ਗੁਰੂ ਜੀ ਬਾਰੇ ਦੱਸਣ ਲੱਗੇ ॥੪੯॥

ਦੋਹਰਾ

ਗੁਰੂ ਜੀ ਨੇ ਕਲਜੁਗ[2] ਵਿੱਚ ਲੋਕਾਂ ਨੂੰ ਤਾਰਨ[3] ਖਾਤਰ ਅਵਤਾਰ ਧਾਰਿਆ ਹੈ, ਉਨ੍ਹਾਂ ਨੂੰ ਮਨੁੱਖ ਦੇ ਸਮਾਨ ਸਮਝ ਕੇ ਮਨ ਵਿੱਚ ਭਰਮ ਨਹੀਂ ਰੱਖਣਾ ਚਾਹੀਦਾ। ॥੫੦॥

ਚੌਪਈ

(ਗੁਰੂ ਜੀ)ਪ੍ਰਭੂ ਦੇ ਅਵਤਾਰ ਹਨ। ਉਸ ਮੁਕਤੀ[4]-ਦਾਤੇ ਨੂੰ ਕੋਈ ਹੋਰ ਨਾ ਸਮਝੋ। ਬੇਦੀ ਕੁਲ ਦੇ ਨਿਸ਼ਾਨ ਗੁਰੂ ਜੀ ਨੇ ਸਾਰੇ ਲੋਕਾਂ ਨੂੰ ਪਰਖਣ ਵਾਸਤੇ ਇਹ ਸਾਂਗ ਰਚਿਆ[5] ਹੈ। ॥੫੧॥

ਅਸੀਂ-ਤੁਸੀਂ ਜੀਵਾਂ ਨੇ ਤਾਂ ਆਪਣਾ-ਆਪ ਉਨ੍ਹਾਂ ਨੂੰ ਵੇਚ ਦਿੱਤਾ ਹੈ। ਚਾਹੇ ਰੱਖ ਲੈਣ, ਚਾਹੇ ਮਾਰ ਦੇਣ। ਜਦੋਂ ਆਪਣੇ-ਆਪ ਨੂੰ ਉਨ੍ਹਾਂ ਦੇ ਹਵਾਲੇ ਕਰ ਹੀ ਦਿੱਤਾ ਹੈ ਤਾਂ ਫਿਰ ਉਨ੍ਹਾਂ ਦੇ ਕੰਮ-ਕਾਜ[6] 'ਤੇ ਕਿਸ ਗੱਲ ਦਾ ਸੰਸਾ ਕਰਨਾ ਹੋਇਆ। ॥੫੨॥

ਹੁਣ ਜੇ ਗੁਰੂ ਜੀ ਇਸ ਪਾਸੇ ਵੱਲ ਆਉਂਦੇ ਹਨ ਤੇ ਹੋਰ ਕੋਈ ਸਾਂਗ ਕਰਕੇ ਵਿਖਾਉਣ ਲੱਗਦੇ ਹਨ ਤਾਂ ਕਿਸੇ ਭਰਮ-ਭੁਲੇਖੇ ਵਿਚ ਨਹੀਂ ਪੈਣਾ ਕਿ ਹੁਣ ਕੀ ਗੱਲ ਬਣੇਗੀ? ਜੇਕਰ ਸੀਸ ਜਾਂਦਾ ਹੈ ਤਾਂ ਜਾਣ[7] ਦਿਓ। ॥੫੩॥

ਪਰਖਾਂ ਕਰਨ ਦੀ ਰੀਤ, ਮੁੱਢਾਂ[8] ਤੋਂ ਚਲੀ ਆਉਂਦੀ ਹੈ। ਗੁਰੂ ਜੀ ਨੇ ਇਹ ਕੋਈ ਨਵੀਂ ਗੱਲ ਨਹੀਂ ਕੀਤੀ। ਜਿਸ ਤਰਾਂ ਗਾਂਧਿ ਦੇ ਪੁੱਤਰ[9] ਵਿਸ਼ਵਾਮਿੱਤਰ ਨੇ ਰਾਜੇ ਹਰੀਚੰਦ ਨੂੰ ਪਰਖਿਆ ਸੀ, ਉਹ ਸੱਚ ਤੋਂ ਨਹੀਂ ਸੀ ਡੋਲਿਆ ਤੇ ਉਸ ਨੇ ਪਰਮ-ਅਨੰਦ ਦੀ ਪਦਵੀ ਹਾਸਲ ਕਰ ਲਈ ਸੀ। ॥੫੪॥

ਸ਼ਿਵੀ ਰਾਜੇ ਨੇ ਕਬੂਤਰ[10] ਵਾਸਤੇ ਆਪਣਾ ਮਾਸ ਦੇ ਦਿੱਤਾ ਸੀ ਤੇ ਰਾਜੇ ਨੇ ਧੀਰਜ ਧਾਰ[11] ਕੇ ਪਦਵੀ ਹਾਸਲ ਕਰਕੇ ਸੁੱਖ ਪ੍ਰਾਪਤ ਕੀਤਾ ਸੀ। ਰਾਜਾ ਮੋਰ ਧੁੱਜ ਨੇ ਵੀ, ਜਿਸ ਦੀ ਮੱਤ ਭਗਤੀ ਭਾਵ 'ਚ ਭਿੱਜੀ ਹੋਈ ਸੀ, ਪ੍ਰਭੂ ਵਲੋਂ ਦਿੱਤੀ ਕਸੌਟੀ 'ਤੇ ਪੂਰਾ ਉਤਰਿਆ ਸੀ" ॥੫੫॥

ਇਸ ਤਰਾਂ ਬਹੁਤ ਕੁਝ ਸਮਝਾਂਦੇ ਹੋਏ ਜਦ ਤਿੰਨ ਘੜੀਆਂ ਬੀਤ ਗਈਆਂ ਤਾਂ ਉਸੇ ਪਲ ਹੀ ਗੁਰੂ ਨਾਨਕ ਜੀ ਉਥੇ ਆ ਗਏ ।(ਗੁਰੂ ਜੀ ਦੇ) ਆਇਆਂ ਨੂੰ ਵੇਖ[12] ਕੇ ਸਿੱਖ ਅਚਾਨਕ ਹੀ ਉੱਠ ਖਲੋਤੇ ਸਨ। ॥੫੬॥

SikhBookClub.Com

ਬੰਦਹਿੰ ਹਾਥ ਬੰਦਨਾ ਕਰਹੀਂ । ਭੈ ਅਚਰਜ ਯੁਤ ਬਚ ਨ ਉਚਰਹੀਂ।
ਗੁਰ ਕੇ ਕਟ ਮਹਿੰ ਤਾਂਬ੍ਰ[1] ਕੁਪੀਨੰ । ਕੁਲਹ ਸੀਸ ਪਰ ਕੁਤਕਾ ਲੀਨੰ॥੫੭॥

ਔਰ ਦੁਕੂਲ ਨ ਊਪਰ ਕੋਈ । ਜਿਨ ਬਹੁ ਨਰ ਕੀ ਦੁਰਮਤਿ ਖੋਈ।
ਜਬ ਸਿਖ ਚਰਨਨ ਪਰ ਸਿਰ ਧਾਰਹਿੰ । ਕੁਤਕਾ ਏਕ ਪੀਠ[2] ਮਹਿੰ ਮਾਰਹਿੰ॥੫੮॥

ਅਚਰਜ ਭਏ ਤੂਸ਼ਨੀ ਠਾਨੀ । ਅਲਖ ਗਤੀ ਕੁਛ ਜਾਇ ਨ ਜਾਨੀ।
ਸਭ ਕੇ ਇਸੀ ਪ੍ਰਕਾਰ ਪ੍ਰਹਾਰੇ[3] । ਬਹੁਰੋ ਸ੍ਰੀ ਮੁਖ ਬਚਨ ਉਚਾਰੇ॥੫੯॥

ਦੋਹਰਾ

'ਕਿਉਂ ਬੈਠੇ,ਤੁਮ ਕੌਨ ਹੋ?ਗਮਨਹੁ ਨਿਜ ਨਿਜ ਥਾਇ ।
ਕਾਜ ਤੁਮਾਰੋ ਨਹਿੰ ਕਛੂ ਤੂਰਨ ਨਿਕਸਹੁ ਧਾਇ[4]'॥੬੦॥

ਚੌਪਈ

ਡਰਤ ਜੋਰ ਕਰ ਸਿੱਖਨ ਭਾਖਾ । 'ਹਮ ਤੁਮਰੇ ਸਿੱਖ ਭੇ ਗਤਿ ਕਾਂਖਾ[5]।
ਜਬਹਿ ਸਿੱਖ ਕੋ ਨਾਮ ਸੁ ਲੇਈਂ । ਕੁਤਕਾ ਏਕ ਪੀਠ ਮਹਿੰ ਦੇਈਂ॥੬੧॥

ਅਸ ਗਤਿ ਸ੍ਰੀ ਗੁਰ ਕੀ ਸਭ ਦੇਖਾ । ਭਾਗੇ ਮਨੁ ਭੈ ਭਯੋ ਵਸੇਖਾ।
ਈਖਦ[6] ਹੀ ਬੈਠੇ ਰਹਿ ਗਏ । ਤਿਨ ਸੋਂ ਪੁਨ ਪੂਛਤ ਪ੍ਰਭੂ[7] ਭਏ॥੬੨॥

'ਕਬਿ ਕੇ ਸਿੱਖ ਬਨੇ ਹੋ ਮੇਰੇ? ਦੇਹੁ ਬਤਾਇ, ਨ ਲਾਵਹੁ ਦੇਰੇ[8]'।
ਸੁਨ ਕੈ ਸਿੱਖਨ ਬੈਨ ਅਲਾਏ । 'ਹੈਂ ਤਬ ਕੇ ਜਬ ਆਪ ਬਨਾਏ॥੬੩॥

ਰਾਵਰ ਕੋ ਪਰਵਾਹ ਨ ਕੋਈ । ਸ਼ਰਨ ਪਰੇ ਹਮ ਚਹਿੰ ਦੁਖ ਖੋਈ।
ਕਹਿਤੇ ਕੰਪੈ[9] ਬਚਨ ਨ ਆਵੈ । ਤੇਜ ਦਿਪਤ ਸੋ ਸਹਜੋ[10] ਨ ਜਾਵੈ'॥੬੪॥

ਸੁਨਹਿੰ ਪ੍ਰਭੂ ਪੁਨ ਕੁਤਕਾ ਮਾਰੈਂ । ਭਾਗੇ ਸਿੱਖ ਨ ਧੀਰ[11] ਸੰਭਾਰੈ।
ਕੁਤਕਾ ਲਗੈ ਹੋਇ ਤਨ ਪੀਰ । ਢਿਗ[12] ਤੇ ਭਾਗੈਂ ਹੋਇ ਅਧੀਰ॥੬੫॥

SikhBookClub.Com

ਹੱਥ ਜੋੜ ਕੇ ਨਮਸਕਾਰ ਕਰਨ ਲੱਗੇ, ਹੈਰਾਨ ਹੋਏ ਮੁੱਖ ਤੋਂ ਕੁਝ ਵੀ ਨਾ ਬੋਲ ਸਕੇ। ਗੁਰੂ ਜੀ ਦੇ ਲੱਕ ਦੁਆਲੇ ਤਾਂਬੇ[1] ਰੰਗ ਦੀ ਧੋਤੀ ਲਪੇਟੀ ਹੋਈ ਸੀ, ਸਿਰ ਉੱਤੇ ਕੁੱਲਾ ਅਤੇ ਹੱਥ ਵਿਚ ਸੋਟਾ ਫੜਿਆ ਹੋਇਆ ਸੀ। ॥੫੭॥

ਗੁਰੂ ਜੀ, ਜਿਨ੍ਹਾਂ ਨੇ ਅਨੇਕਾਂ ਲੋਕਾਂ ਦੀ ਮੰਦਬੁੱਧੀ ਦੂਰ ਕੀਤੀ, ਉਨ੍ਹਾਂ ਉਪਰ ਹੋਰ ਕੋਈ ਕੱਪੜਾ ਨਹੀਂ ਸੀ। ਜਦੋਂ ਲੋਕ (ਸਿੱਖ) ਗੁਰੂ ਜੀ ਦੇ ਚਰਨਾਂ ਵਿਚ ਸਿਰ ਰੱਖਣ ਤਾਂ ਗੁਰੂ ਜੀ ਉਨ੍ਹਾਂ ਦੀ ਪਿੱਠ[2] ਉੱਤੇ ਇੱਕ ਡੰਡਾ ਮਾਰ ਦਿੰਦੇ। ॥੫੮॥

ਲੋਕੀਂ ਹੈਰਾਨ, ਸਭ ਨੇ ਚੁੱਪ ਵੱਟ ਲਈ ਸੀ, ਗੁਰੂ ਜੀ ਦੀ ਚਾਲ ਦੀ ਕਿਸੇ ਨੂੰ ਸਮਝ ਨਾ ਆਵੇ। ਉਨ੍ਹਾਂ ਸਾਰਿਆਂ ਨਾਲ ਇਸ ਤਰਾਂ ਦਾ ਹੀ ਵਿਹਾਰ[3] ਕੀਤਾ ਤੇ ਫਿਰ ਗੁਰੂ ਜੀ ਨੇ ਆਪਣੇ ਮੁੱਖ ਤੋਂ ਕਿਹਾ। ॥੫੯॥

ਦੋਹਰਾ

"ਤੁਸੀਂ ਇਥੇ ਕਿਉਂ ਬੈਠੇ ਹੋ, ਤੁਸੀਂ ਕੌਣ ਲੋਕ ਹੋ? ਆਪੋ-ਆਪਣੀ ਥਾਂ ਉੱਤੇ ਭੱਜ ਜਾਵੋ। ਤੁਹਾਡਾ ਇੱਥੇ ਕੋਈ ਕੰਮ ਨਹੀਂ, ਤੁਰੰਤ ਇੱਥੋਂ ਭੱਜ[4] ਕੇ ਨਿਕਲ ਜਾਵੋ।" ॥੬੦॥

ਚੌਪਈ

ਸਿੱਖਾਂ ਨੇ ਡਰਦੇ ਹੋਏ ਹੱਥ ਜੋੜ ਕੇ ਕਿਹਾ, "ਅਸੀਂ ਆਪ ਜੀ ਦੇ ਸਿੱਖ ਹਾਂ। ਅਸੀਂ ਮੁਕਤੀ ਦੇ ਚਾਹਵਾਨ[5] ਹਾਂ।" ਜਦ ਵੀ ਕੋਈ ਸਿੱਖ ਉਨ੍ਹਾਂ ਦਾ ਨਾਂ ਲੈਂਦਾ, ਗੁਰੂ ਜੀ ਉਸ ਦੀ ਪਿੱਠ 'ਤੇ ਡੰਡਾ ਮਾਰ ਦਿੰਦੇ ॥੬੧॥

ਗੁਰੂ ਜੀ ਦੀ ਇਹ ਚਾਲ ਦੇਖੀ ਤਾਂ ਸਿੱਖਾਂ ਦੇ ਮਨਾਂ ਵਿਚ ਖਾਸ ਡਰ ਜਿਹਾ ਪੈਦਾ ਹੋ ਗਿਆ ਤੇ ਭੱਜ ਉੱਠੇ। ਜੋ ਥੋੜ੍ਹੇ[6] ਜਿੰਨੇ ਉਥੇ ਬੈਠੇ ਰਹਿ ਗਏ ਸਨ, ਉਨ੍ਹਾਂ ਨੂੰ ਗੁਰੂ ਜੀ[7] ਪੁੱਛਣ ਲੱਗੇ ॥੬੨॥

"ਤੁਸੀਂ ਕਦੋਂ ਦੇ ਮੇਰੇ ਸਿੱਖ ਬਣੇ ਹੋ? ਛੇਤੀ ਦੱਸੋ, ਦੇਰੀ[8] ਨਾ ਕਰੋ।" (ਗੁਰੂ ਜੀ ਦੇ ਬੋਲ) ਸੁਣ ਕੇ ਸਿੱਖਾਂ ਨੇ ਆਖਿਆ, "ਉਦੋਂ ਦੇ ਹੀ (ਸਿੱਖ) ਬਣੇ ਹਾਂ, ਜਦੋਂ ਦਾ ਤੁਸੀਂ ਬਣਾਇਆ ਹੈ ॥੬੩॥

ਆਪ ਜੀ ਨੂੰ ਤਾਂ ਕੋਈ ਪਰਵਾਹ ਨਹੀਂ ਹੈ, ਅਸੀਂ ਤਾਂ ਆਪ ਜੀ ਦੀ ਸ਼ਰਨ ਵਿਚ ਪੈ ਕੇ ਚਾਹੁੰਦੇ ਸਾਂ ਕਿ ਸਾਡੇ ਦੁੱਖ ਦੂਰ ਹੋ ਜਾਣ। ਅਸੀਂ ਤਾਂ ਕਹਿੰਦੇ ਹੋਏ ਕੰਬਦੇ[9] ਹਾਂ, ਸਾਥੋਂ ਤਾਂ ਬੋਲਿਆ ਨਹੀਂ ਜਾਂਦਾ। ਆਪ ਦਾ ਜੋ ਤਪ ਤੇਜ ਹੈ, ਅਸਾਂ ਤੋਂ ਸਹਾਰਿਆ[10] ਨਹੀਂ ਜਾਂਦਾ। ॥੬੪॥

ਗੁਰੂ ਜੀ ਉਨ੍ਹਾਂ ਦੀ ਗੱਲ ਸੁਣਨ 'ਤੇ ਫਿਰ ਡੰਡਾ ਮਾਰਨ ਲੱਗੇ। ਧੀਰਜ[11] ਨਾ ਰੱਖਦੇ ਹੋਏ ਸਿੱਖ ਫਿਰ ਭੱਜ ਪਏ। ਡੰਡਾ ਵੱਜੇ ਤਾਂ ਸਰੀਰ ਨੂੰ ਪੀੜ ਹੋਵੇ ਤੇ ਉਹ ਬੇਚੈਨ ਹੋ ਕੇ ਉਨ੍ਹਾਂ ਕੋਲੋਂ[12] ਭੱਜ ਜਾਂਦੇ ਸਨ। ॥੬੫॥

SikhBookClub.Com

ਥੋਰੇ ਹੀ ਬੈਠੇ ਜਬ ਰਹੇ । ਤਿਨ ਪ੍ਰਤਿ[1] ਸ਼੍ਰੀ ਗੁਰੂ ਅਸ ਬਚ ਕਹੇ।
'ਜੇ ਤੁਮ ਸਿੱਖ ਬਨੇ ਹੋ ਮੇਰੇ । ਆਇਸੁ ਮਾਨਹੁ ਕਰਹੁ ਨ ਦੇਰੇ॥੬੬॥

ਉਠ ਆਵਹੁ ਸਭ ਮੋਰ ਪਿਛੇਰੇ[2]' । ਕਹਿ ਇਉਂ ਗਮਨੇ ਗੁਰੂ ਅਗੇਰੇ।
ਜੇਤਿਕ ਰਹੇ ਸਿੱਖ ਤਿਹ ਥਾਈਂ । ਚਕਿਤ ਜਕਿਤ[3] ਸੋ ਪੀਛੈ ਜਾਹੀਂ॥੬੭॥

ਦੋਹਰਾ

ਪਰਖਨ ਹਿਤ ਸਿੱਖੀ ਤਬੈ ਸਾਂਗ ਅਰੰਭਜੋ ਭੂਰ।
ਸੋਈ ਸਾਬਤ ਰਹਿ ਸਕੈ ਜਿਸ ਪਰ ਕਰੁਨਾ ਤੂਰ[4]॥੬੮॥

ਚੌਪਈ

ਹੁਤੀ ਜੁ ਦੂਰ ਉਜਾੜ ਬਿਸਾਲਾ । ਪਹੁੰਚੇ ਲੇ ਸਿੱਖ ਸੰਗ ਕ੍ਰਿਪਾਲਾ।
ਤਹਾਂ ਸਿੜ੍ਹੀ ਪਰ ਸ਼ਵ[5] ਇਕ ਦੇਖਾ । ਊਪਰ ਅੰਬਰ ਸੇਤ[6] ਬਿਸੇਖਾ ॥੬੯॥

ਕੇਤਿਕ ਕਾਸ਼ਟ[7] ਪਰੇ ਸਮੀਪਾ । ਭਏ ਠਾਂਢ ਬੇਦੀ ਕੁਲਦੀਪਾ।
ਸਰਬ ਸਿੱਖ ਤਬ ਆਨ ਪਹੁੰਚੇ । ਤਿਨਹਿ ਸੁਨਾਇ ਭਨੇ ਬਚ ਊਚੇ॥੭੦॥

'ਜੇ ਤੁਮ ਹਮਰੇ ਸਿੱਖ ਕਹਾਵਹੁ । ਮਾਨਉ ਬਚਨ ਨ ਸਦਨ ਸਿਧਾਵਹੁ।
ਪਰਜੋ[8] ਸਿੜ੍ਹੀ ਪਰ ਸ਼ਵ ਇਹ ਖਾਵਉ । ਜੇ ਨਹਿਂ ਖਾਵਹੁ ਤਉ ਪਛੁਤਾਵਉ'॥੭੧॥

ਸੁਨ ਬਿਸਮਾਦ ਭਏ ਮਨ ਮਾਹੀਂ । ਧੀਰਜ ਰਹਜੋ ਰਿਦੇ ਕਿਸ ਨਾਂਹੀਂ ।
ਕਿਤਕ ਸੰਗ ਤਜ ਪੁਰੀ ਸਿਧਾਰੇ । ਕਿਤਕ ਦੁਰੇ[9] ਭਜ ਝਾਰ[10] ਮਝਾਰੇ॥੭੨॥

ਕਿਤਕ ਧਾਰ ਹਠ[11] ਰਹੇ ਸਮੀਪਾ । ਤਿਨ ਪਿਖ ਕਹਿਂ ਬੇਦੀ ਕੁਲਦੀਪਾ।
'ਜੇ ਤੁਮ ਠਾਂਢੇ ਰਹੁ ਇਹ ਥਾਨਾ । ਸ਼ਵ ਕੋ ਖਾਹੁ ਬਿਲਮ ਕਰ ਹਾਨਾ॥੭੩॥

ਨਾਂਹਿ ਤ ਜਾਹੁ ਸਦਨ ਕੋ ਧਾਈ[12] । ਦੋ ਮੈਂ ਕਰਹੁ ਜਿ ਇਕ ਮਨ ਭਾਈ'।
ਡਰਤ ਰਿਦੇ ਕੰਪਤ ਤਨ ਸਾਰੇ । ਹਾਥ ਬੰਦਕੈ ਬਚਨ ਉਚਾਰੇਂ ॥੭੪॥

SikhBookClub.Com

ਇਸ ਤਰਾਂ ਜਦੋਂ ਥੋੜ੍ਹੇ ਜਿੰਨੇ ਸਿੱਖ ਹੀ ਉਥੇ ਬੈਠੇ ਰਹਿ ਗਏ ਤਾਂ ਉਨ੍ਹਾਂ ਪ੍ਰਤੀ[1] ਗੁਰੂ ਜੀ ਨੇ ਇਸ ਤਰਾਂ ਕਿਹਾ, "ਜੇ ਤੁਸੀਂ ਮੇਰੇ ਸਿੱਖ ਬਣੋ ਹੋ ਤਾਂ ਮੇਰੀ ਆਗਿਆ ਮੰਨੋ ਤੇ ਦੇਰੀ ਨਾ ਕਰੋ। ॥੬੬॥

ਸਾਰੇ ਜਣੇ ਉੱਠੋ ਤੇ ਮੇਰੇ ਪਿੱਛੇ-ਪਿੱਛੇ[2] ਚਲੇ ਆਵੋ।" ਇਹ ਕਹਿ ਕੇ ਗੁਰੂ ਜੀ ਅੱਗੇ-ਅੱਗੇ ਚੱਲ ਪਏ। ਜੋ ਕੁਝ ਕੁ ਸਿੱਖ ਉੱਥੇ ਬੈਠੇ ਰਹਿ ਗਏ ਸਨ, ਉਹ ਵੀ ਹੈਰਾਨ ਹੋ ਕੇ ਤੇ ਝਕ-ਝਕ[3] ਕੇ (ਗੁਰੂ ਜੀ ਦੇ) ਪਿੱਛੇ ਚੱਲ ਪਏ। ॥੬੭॥

ਦੋਹਰਾ

ਸਿੱਖੀ ਦੀ ਪਰਖ ਕਰਨ ਲਈ ਹੀ (ਉਨ੍ਹਾਂ) ਉਸ ਵਕਤ ਇੱਕ ਵੱਡਾ ਸਾਂਗ ਰਚਿਆ। ਉਹ ਹੀ ਸਿੱਖ ਪੂਰਾ ਉਤਰ ਸਕਣਾ ਸੀ ਜਿਸ ਉੱਪਰ ਪ੍ਰਭੂ ਤੇਰੀ[4] ਕਿਰਪਾ ਹੋਣੀ ਸੀ ॥੬੮॥

ਚੌਪਈ

ਬਹੁਤ ਦੂਰ ਜੋ ਉਜਾੜ ਸੀ।ਗੁਰੂ ਜੀ ਸਿੱਖਾਂ ਨੂੰ ਆਪਣੇ ਨਾਲ ਲੈ ਕੇ ਉਥੇ ਪਹੁੰਚ ਗਏ। ਉਥੇ ਇੱਕ ਸਿੜੀ (ਤਖਤੇ) ਉੱਪਰ ਇੱਕ ਮੁਰਦਾ[5] ਦੇਖਿਆ, ਜਿਸ ਉੱਤੇ ਚਿੱਟੀ[6] ਚਾਦਰ ਦਿੱਤੀ ਹੋਈ ਸੀ। ॥੬੯॥

ਅਤੇ ਕਿੰਨੀਆਂ ਲੱਕੜਾਂ[7] ਉਸ ਕੋਲ ਪਈਆਂ ਹੋਈਆਂ ਸਨ। ਗੁਰੂ ਜੀ ਬੇਦੀ ਕੁਲ ਦੇ ਦੀਪਕ (ਉਸ ਪਾਸ ਜਾ ਕੇ) ਖੜ੍ਹੇ ਹੋ ਗਏ। ਸਾਰੇ ਸਿੱਖ ਵੀ ਉਥੇ ਆਣ ਪਹੁੰਚੇ ਤਾਂ ਉਨ੍ਹਾਂ ਨੂੰ ਗੁਰੂ ਜੀ ਨੇ ਬਹੁਤ ਉੱਚੇ ਕਰੜੇ ਬਚਨ ਸੁਣਾਉਂਦੇ ਹੋਏ ਕਿਹਾ। ॥੭੦॥

"ਜੇਕਰ ਤੁਸੀਂ ਮੇਰੇ ਸਿੱਖ ਕਹਾਉਂਦੇ ਹੋ ਤਾਂ ਮੇਰੀ ਗੱਲ ਮੰਨੋ ਤੇ ਘਰਾਂ ਨੂੰ ਨਾ ਜਾਵੋ। ਇਹ ਜੋ ਮੁਰਦਾ (ਸਿੜੀ ਉੱਪਰ) ਪਿਆ[8] ਹੈ, ਇਸ ਨੂੰ ਖਾਉ। ਜੋ ਨਹੀਂ ਖਾਏਗਾ ਤਾਂ ਉਹ ਪਛਤਾਏਗਾ। ॥੭੧॥

ਸੁਣ ਕੇ ਉਹ ਮਨ ਹੀ ਮਨ ਹੈਰਾਨ ਹੋ ਗਏ। ਕਿਸੇ ਦੇ ਵੀ ਹਿਰਦੇ ਵਿਚ ਧੀਰਜ ਨਹੀਂ ਸੀ ਰਿਹਾ। ਕਿੰਨੇ ਲੋਕ ਉਨ੍ਹਾਂ ਦਾ ਸਾਥ ਛੱਡ ਕੇ ਘਰਾਂ ਵੱਲ ਚੱਲ ਗਏ। ਕਈ ਭੱਜ ਕੇ ਝਾੜੀਆਂ[10] ਉਹਲੇ ਜਾ ਲੁਕੇ[9]। ॥੭੨॥

ਪਰ ਕਈ ਮਨ ਨੂੰ ਕਰੜਾ[11] ਕਰਕੇ ਕੋਲ ਖੜ੍ਹੇ ਰਹੇ। ਉਨ੍ਹਾਂ ਨੂੰ ਤੱਕ ਕੇ ਬੇਦੀ ਕੁਲ ਦੇ ਦੀਪਕ ਨੇ ਆਖਿਆ, "ਜੇ ਤੁਸੀਂ ਇਥੇ ਖੜ੍ਹੇ ਰਹਿਣਾ ਹੈ ਤਾਂ ਮੁਰਦੇ ਨੂੰ ਬਿਨਾਂ ਦੇਰੀ ਦੇ ਖਾਓ। ॥੭੩॥

ਜੇ ਨਹੀਂ ਤਾਂ ਤੁਸੀਂ ਵੀ ਘਰ ਵੱਲ ਭੱਜ[12] ਜਾਵੋ। ਦੋਨਾਂ ਗੱਲਾਂ ਵਿਚ ਇੱਕ ਜੋ ਮਨ ਨੂੰ ਲੱਗਦੀ ਹੈ, ਕਰੋ।" ਉਨ੍ਹਾਂ ਡਰੇ ਹੋਇਆਂ ਦੇ ਸਰੀਰ ਕੰਬਣ ਲੱਗੇ। ਉਨ੍ਹਾਂ ਹੱਥ ਜੋੜ ਕੇ ਬਚਨ ਕੀਤੇ ॥੭੪॥

SikhBookClub.Com

'ਹਮ ਹੈਂ ਸਿੱਖ ਨ ਗਮਨੈਂ ਧਾਮੂ' । ਮਾਰਜੋ ਕੁਤਕਾ ਸੁਨ 'ਸਿਖ' ਨਾਮੂ।
'ਕੁਟਣ! ਹਮਾਰੇ ਸਿੱਖ ਕਹਾਵਉ! । ਬਚਨ ਕਰਜੋ ਗੁਰ, ਸੋ ਨ ਕਮਾਵਉ[1]!'॥੭੫॥

ਦੋਹਰਾ

ਪੁਨ ਮਾਰਨ ਕੁਤਕੇ ਲਗੇ ਭਾਗੇ ਸਭ ਕਰ ਤ੍ਰਾਸ[2]।
ਰਹਜੋ ਨ ਕੋਊ ਸੰਗ ਤਬ ਇਕ ਲਹਣਾ ਰਹਿ ਪਾਸ॥੭੬॥

ਚੌਪਈ

ਤਿਸਹਿ ਬਿਲੋਕਤ ਬਚਨ ਉਚਾਰਾ ।'ਕਿਉਂ ਠਾਢੋ ਤੂੰ ਨਹੀਂ ਸਿਧਾਰਾ[3]।
ਅਹੈਂ ਜਿ ਸਿੱਖ ਬਚਨ ਮਾਨਹੁ ਮੁਰ । ਸ਼ਵ ਕੋ ਖਾਹੁ ਬਿਲੰਬ ਨਹੀਂ ਕਰ'॥੭੭॥

ਸੁਨ ਕੈ ਲਹਿਣੇ ਦ੍ਵੈ ਕਰ ਜੋਰੇ । 'ਨਹਿਂ ਰਜਾਇ ਮੋਰਹੁਂ[4] ਪ੍ਰਣ ਮੋਰੇ।
ਰਾਵਰ ਕੋ ਪਰਵਾਹੁ ਨ ਕੋਈ । ਹਮ ਹੈਂ ਸਿਖ ਸ਼ਰਨਾਗਤਿ ਹੋਈ॥੭੮॥

ਚਹੈਂ ਤ ਰਾਖਹੁ ਭਾਵੈਂ ਮਾਰੀ । ਹੌਂ[5] ਨਹਿਂ ਤਜ ਹੌਂ ਸ਼ਰਣਿ ਤੁਮਾਰੀ'।
'ਸ੍ਰੀ ਗੁਰ ਕਹੈਂ ਜੇ ਸੰਗ ਨ ਤਜਾਗਹੁ । ਮ੍ਰਿਤਕ ਪਰੇ ਕੋ ਖਾਵਨ ਲਾਗਹੁ'॥੭੯॥

ਲਹਿਣਾ ਸੁਨਤ ਫਿਰਜੋ[6] ਚਹੁਂ ਫੇਰੇ । ਗੁਰੂ ਕਹਜੋ 'ਕਿਉਂ ਲਾਈ ਡੇਰੇ?'।
'ਜਿਤ ਦਿਸ ਹੁਕਮ ਕਰੋ ਤਿਹ ਖਾਵੋਂ । ਇਸ ਰਜਾਇ ਹਿਤ ਬਿਲਮ ਲਗਾਵਉਂ'॥੮੦॥

ਗੁਰੂ ਕਹਜੋ ਪਗ[7] ਤੇ ਲਗ ਖਾਨੇ । ਸਿਰ ਲੌਂ ਖਾਹੁ ਬਚਨ ਕੋ ਮਾਂਨੇ'।
ਤਿਹ ਛਿਨ ਲਹਿਣੇ ਤੂਰਨ ਕੀਨੀ । ਅਇਸੁ ਅਨੁਸਾਰੀ ਮਤਿ ਭੀਨੀ॥੮੧॥

ਸੇਤ ਸੁ ਬਸਤ੍ਰ ਉਤਾਰਾ ਜਬਹੀ । ਦੇਖਜੋ ਸਰਬ ਤਿਹਾਵਲ[8] ਤਬਹੀ।
ਤਿਹ ਤੇ ਨਰ ਸਮ ਲੋਥ[9] ਬਨਾਈ । ਲਖ ਅਸਚਰਜ ਰਹਜੋ ਬਿਸਮਾਈ॥੮੨॥

SikhBookClub.Com

"ਅਸੀਂ ਆਪ ਦੇ ਸਿੱਖ ਹਾਂ, ਅਸੀਂ ਘਰ ਨਹੀਂ ਜਵਾਂਗੇ।" ਤਾਂ ਗੁਰੂ ਜੀ ਨੇ ਫਿਰ (ਉਨ੍ਹਾਂ ਦੇ ਮੂੰਹੋਂ) ਸਿੱਖ ਦਾ ਨਾਂ ਸੁਣ ਕੇ ਡੰਡੇ ਮਾਰੇ ਤੇ ਕਹਿਣ ਲੱਗੇ, "ਚੁਗਲੋ! ਤੁਸੀਂ ਮੇਰੇ ਸਿੱਖ ਕਹਾਉਂਦੇ ਹੋ। ਗੁਰੂ ਨਾਲ ਕੀਤੇ ਹੋਏ ਬਚਨ ਨੂੰ ਨਹੀਂ ਕਮਾਉਂਦੇ[1]।" ॥੭੫॥

ਦੋਹਰਾ

ਗੁਰੂ ਜੀ ਫਿਰ ਜਦ ਡੰਡੇ ਮਾਰਨ ਲੱਗ ਪਏ ਤਾਂ ਪੀੜ[2] ਹੋਣ ਕਰਕੇ ਉਹ ਫਿਰ ਭੱਜ ਪਏ। ਕੋਈ ਵੀ ਗੁਰੂ ਜੀ ਕੋਲ ਉਥੇ ਪਿੱਛੇ ਨਾ ਰਿਹਾ। ਸਿਰਫ ਇੱਕ ਲਹਿਣਾ ਜੀ ਹੀ ਸਨ, ਜੋ ਗੁਰੂ ਜੀ ਕੋਲ ਰਹਿ ਗਏ ਸਨ। ॥੭੬॥

ਚੌਪਈ

ਉਸ ਨੂੰ ਵੇਖ ਕੇ ਗੁਰੂ ਜੀ ਨੇ ਆਖਿਆ, "ਖੜ੍ਹਾ ਕਿਉਂ ਹੈ? ਤੂੰ ਗਿਆ[3] ਨਹੀਂ। ਜੇਕਰ ਤੂੰ ਸਿੱਖ ਹੈ ਤਾਂ ਮੇਰਾ ਬਚਨ ਮੰਨ ਕੇ ਬਿਨਾਂ ਦੇਰੀ ਦੇ ਮੁਰਦੇ ਨੂੰ ਖਾ ਜਾ।" ॥੭੭॥

ਲਹਿਣੇ ਨੇ ਦੋਨੋਂ ਹੱਥ ਜੋੜੇ ਤੇ (ਮਨ ਹੀ ਮਨ) ਕਿਹਾ, "ਮੇਰਾ ਪ੍ਰਣ ਹੈ, ਆਪ ਜੀ ਦਾ ਹੁਕਮ ਨਹੀਂ ਮੋੜਾਂਗਾ[4]। ਆਪ ਜੀ ਨੂੰ ਤਾਂ ਕੋਈ ਪਰਵਾਹ ਨਹੀਂ ਹੈ, ਅਸੀਂ ਤਾਂ ਆਪ ਦੀ ਸ਼ਰਨ ਵਿਚ ਆਏ ਹੋਏ ਆਪ ਦੇ ਸਿੱਖ ਹਾਂ। ॥੭੮॥

ਚਾਹੇ ਤੁਸੀਂ ਰੱਖੋ, ਚਾਹੇ ਮਾਰੋ। ਮੈਂ[5] ਤਾਂ ਤੁਹਾਡਾ ਪੱਲਾ (ਸ਼ਰਨ) ਨਹੀਂ ਛੱਡਾਂਗਾ।" ਸ੍ਰੀ ਗੁਰੂ ਨਾਨਕ ਜੀ ਨੇ ਆਖਿਆ, "ਜੇ ਸਾਥ ਨਹੀਂ ਛੱਡਣਾ ਤਾਂ ਪਏ ਹੋਏ ਮੁਰਦੇ ਨੂੰ ਖਾਣ ਲੱਗ ਪਵੋ।" ॥੭੯॥

ਇਹ ਸੁਣ ਕੇ ਲਹਿਣਾ ਜੀ ਚੌਹੀਂ ਪਾਸੀਂ ਮੁਰਦੇ ਦੇ ਦੁਆਲੇ ਘੁੰਮਣ (ਫਿਰਨ)[6] ਲੱਗੇ, ਗੁਰੂ ਜੀ ਆਖਣ, "ਤੂੰ ਦੇਰੀ ਕਿਉਂ ਲਾਈ ਹੈ?" (ਲਹਿਣਾ ਜੀ ਨੇ ਆਖਿਆ), "ਗੁਰੂ ਜੀ ਜਿਸ ਪਾਸਿਓਂ ਹੁਕਮ ਕਰੋਗੇ, ਉਧਰੋਂ ਖਾਣ ਲੱਗ ਪੈਂਦਾ ਹਾਂ, ਆਪ ਦਾ ਹੁਕਮ ਪ੍ਰਾਪਤ ਕਰਨ 'ਤੇ ਹੀ ਦੇਰੀ ਲੱਗ ਰਹੀ ਹੈ। ॥੮੦॥

ਗੁਰੂ ਜੀ ਨੇ ਕਿਹਾ, "ਪੈਰਾਂ[7] ਵੱਲੋਂ ਖਾਣ ਲੱਗ ਪਵੋ ਤੇ ਹੁਕਮ ਮੰਨ ਕੇ ਸਿਰ ਤੱਕ ਖਾ ਜਾਵੋ।" ਤਾਂ ਉਸ ਪਲ ਹੀ ਲਹਿਣਾ ਜੀ ਨੇ ਜਿਸ ਦੀ ਮੱਤ ਗੁਰੂ ਜੀ ਦੇ ਹੁਕਮ ਵਿਚ ਭਿੱਜੀ ਹੋਈ ਸੀ, ਉਸ ਨੇ ਗੁਰੂ ਜੀ ਦੇ ਕਹਿਣ ਅਨੁਸਾਰ ਹੀ ਕੀਤਾ। ॥੮੧॥

ਉਸ ਨੇ ਜਿਉਂ ਹੀ ਮੁਰਦੇ ਉੱਪਰੋਂ ਚਿੱਟੀ ਚਾਦਰ ਚੁੱਕੀ ਤਾਂ ਦੇਖਿਆ ਸਾਰਾ ਕੜਾਹ-ਪਰਸ਼ਾਦ[8] ਸੀ, ਜਿਸ ਨਾਲ ਮਨੁੱਖ ਵਰਗੀ ਲਾਸ਼[9] ਬਣਾਈ ਹੋਈ ਸੀ। ਉਹ ਅਜੀਬ ਕੌਤਕ ਨੂੰ ਵੇਖ ਕੇ ਹੈਰਾਨ ਰਹਿ ਗਿਆ। ॥੮੨॥

SikhBookClub.Com

ਪ੍ਰਭੁ ਕੇ ਪਦ ਪੰਕਜ ਪਰ ਪਰਸੋ । ਹਾਥ ਬੰਦ ਕੈ ਬਚਨ ਉਚਰਸੋ।
'ਪਾਰਬ੍ਰਹਮ ਕਰਤਾਰ ਅਪਾਰੀ! । ਏਕੁੰਕਾਰ ਸਰਬ ਜਗ ਕਾਰੀ[1]!॥੮੩॥

ਕਲਿ[2] ਕੇ ਨਰਨ ਉਧਾਰਨ ਕਾਰਨ । ਧਰਸੋ ਦੇਹ ਕੀਰਤਿ ਬਿਸਤਾਰਨ[3]।
ਤੁਮਰੀ ਕੁਦਰਤ ਤੁਮ ਬਨ ਆਈ । ਨਹਿੰ ਔਰਨ[4] ਤੇ ਜਾਨੀ ਜਾਈ'॥੮੪॥

ਸੁਨ ਕੇ ਪਰਮ ਪ੍ਰਸੀਦੇ ਦਜਾਲਾ । ਦੇਖੀ ਕਰੁਨਾਂ ਦ੍ਰਿਸ਼ਟਿ ਬਿਸਾਲਾ।
ਕਹਸੋ 'ਜੁ ਮੇਰੋ ਅਹੈ ਸਰੂਪਾ । ਸੋ ਤੁਮ ਹ੍ਵੈ ਹੈਂ ਪਰਮ ਅਨੂਪਾ ॥੮੫॥

ਤੇਰੋ ਰੂਪ ਹੋਹਿ ਗੋ ਮੋਹੀ[5] । ਐਸੀ ਅਬ ਅਭੇਦਤਾ[6] ਹੋਹੀ।
ਬਖ਼ਸ਼ਸੋ ਸਭ ਜਗ ਤਵ,ਪਸ਼ਚਾਤੀ । ਭਲੀ ਭਾਂਤਿ ਹ੍ਵੈ ਹੈ ਬੱਖਜਾਤੀ[7] ॥੮੬॥

ਸਭ ਸਿੱਖਨ ਕੀ ਰਾਖੀ ਟੇਕਾ । ਹਿਰਦੇ ਪੂਰਨ ਹੋਇ ਬਿਬੇਕਾ[8]।
ਭਾ ਜਗ ਗੁਰ ਲੈ ਹੈਂ ਗੁਰਿਆਈ । ਸਿੱਖ ਹੋਹਿੰ ਤੁਮਰੇ ਅਧਿਕਾਈ[9]॥੮੭॥

ਭਾ ਅਵਿਲੰਬ[10] ਭਲੇ ਜਗ ਤਾਰਨ । ਸਭ ਸਿਖਨ ਜਮਜਾਲ ਨਿਵਾਰਨ।
ਤੁਝ ਸਮਾਨ ਭਵ ਅਪਰ ਨ ਲਖਿਓ । ਨੀਕੇ ਸਿੱਖੀ ਬੀਰਜ[11] ਰਖਿਓ'॥੮੮॥

ਇਸ ਪ੍ਰਕਾਰ ਕਹਿ ਸੁਖਦਾ[12] ਬਾਂਨੀ । ਗਮਨ ਕੀਨ ਪੁਰ ਕੋ ਗੁਨ ਖਾਨੀ।
ਧਰਮਸਾਲ ਮਹਿੰ ਆਇ ਬਿਰਾਜੇ । ਜਿਨ ਕੇ ਦਰਸ਼ਨ ਤੇ ਦੁਖ ਭਾਜੇ॥੮੯॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਿਖੀ ਪਰਖਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਧਯਾਇ ॥੫੦॥

SikhBookClub.Com

ਲਹਿਣਾ ਗੁਰੂ ਜੀ ਦੇ ਚਰਨ-ਕਮਲਾਂ ਵਿਚ ਪੈ ਗਿਆ ਤੇ ਹੱਥ ਜੋੜ ਕੇ ਬਚਨ ਕੀਤਾ, "ਆਪ ਸਾਰੇ ਜਗਤ ਨੂੰ ਚਲਾਉਣ[11] ਵਾਲੇ ਪ੍ਰਭੂ ਹੋ, ਆਪ ਪਾਰਬ੍ਰਹਮ, ਕਰਤਾਰਪੁਰਖ, ਅਪਰੰਪਾਰ ਹੋ ॥੮੩॥

ਕਲਜੁਗ[2] ਦੇ ਲੋਕਾਂ ਦਾ ਉਧਾਰ ਕਰਨ ਹਿੱਤ ਅਤੇ ਪ੍ਰਭੂ ਦੇ ਨਾਮ ਦੀ ਮਹਿਮਾ ਦਾ ਪਸਾਰਾ[3] ਕਰਨ ਲਈ ਆਪ ਨੇ ਇਸ ਰੂਪ ਵਿਚ ਸਰੀਰ ਧਾਰਨ ਕੀਤਾ ਹੈ। ਤੁਹਾਡੀ ਲੀਲਾ ਦਾ ਤੁਹਾਨੂੰ ਹੀ ਬਣ ਆਈ, ਹੋਰ ਕਿਸੇ[4] ਤੋਂ ਵੀ ਇਹ ਜਾਣੀ ਨਹੀਂ ਜਾ ਸਕਦੀ। ॥੮੪॥

ਲਹਿਣਾ ਜੀ ਦੇ ਮਿੱਠੇ ਬੋਲ ਸੁਣ ਕੇ ਜਦ ਦਿਆਲੂ ਗੁਰੂ ਨਾਨਕ ਜੀ ਨੇ ਮਿਹਰ ਦੀ ਨਿਗ੍ਹ ਨਾਲ ਲਹਿਣਾ ਜੀ ਨੂੰ ਤੱਕਿਆ ਤਾਂ ਉਨ੍ਹਾਂ ਬਚਨ ਕੀਤਾ, "ਇਹ ਜੋ ਮੇਰਾ ਸਰੂਪ ਹੈ, ਉਹੋ ਹੀ ਪਰਮ-ਅਨੂਪ ਤੇਰਾ ਸਰੂਪ ਹੋਵੇਗਾ। ॥੮੫॥

ਤੇਰਾ ਰੂਪ ਵੀ ਮੇਰਾ[5] ਹੀ ਹੋਵੇਗਾ। ਹੁਣ ਤੇਰੇ ਅਤੇ ਮੇਰੇ ਵਿਚ ਕੋਈ ਫਰਕ[6] ਨਹੀਂ ਰਹੇਗਾ। ਅਸਾਂ ਨੇ ਆਪਣੇ ਪਿੱਛੋਂ ਸਾਰਾ ਜੱਗ ਤੈਨੂੰ ਬਖਸ਼ ਦਿੱਤਾ ਹੈ। ਬਹੁਤ ਹੀ ਚੰਗੀ ਤਰਾਂ ਨਾਲ ਤੇਰਾ ਨਾਮ ਸੰਸਾਰ ਵਿੱਚ ਪਰਗਟ[7] ਹੋਵੇਗਾ। ॥੮੬॥

ਤੇਰੇ ਹਿਰਦੇ ਵਿੱਚ ਪੂਰਨ ਗਿਆਨ[8] ਪਰਗਟ ਹੋਵੇਗਾ। ਤੈਨੂੰ ਸਿੱਖਾਂ ਨੂੰ ਆਸਰਾ ਦੇਣ ਲਈ ਸ਼ਕਤੀ ਦੇ ਦਿੱਤੀ ਹੈ। ਤੂੰ ਗੁਰੂ ਬਣ ਕੇ ਜਗਤ ਦੀ ਗੁਰਿਆਈ ਪ੍ਰਾਪਤ ਕਰੇਂਗਾ ਅਤੇ ਸਾਰੇ ਸਿੱਖ ਤੇਰੇ ਅਧੀਨ (ਅਨੁਸਾਰੀ)[9] ਹੋਣਗੇ। ॥੮੭॥

ਇਸ ਜਗਤ ਨੂੰ ਤਾਰਨ ਲਈ ਲੋਕਾਂ ਦਾ ਸਹਾਰਾ[10] ਬਣੇਂਗਾ ਅਤੇ ਜਮ ਦੀਆਂ ਫਾਹੀਆਂ ਦੂਰ ਕਰੇਂਗਾ। ਤੁਹਾਡੇ ਬਰਾਬਰ ਇਸ ਜਗਤ ਵਿਚ ਹੋਰ ਦੂਜਾ ਕੋਈ ਨਹੀਂ ਸਮਝਿਆ ਜਾਵੇਗਾ। ਆਪ ਨੇ ਜਗਤ ਵਿਚ ਸੁੰਦਰ ਸਿੱਖੀ ਦਾ ਬੀਜ[11] ਰੱਖਣਾ (ਬੀਜਣਾ) ਹੈ।" ॥੮੮॥

ਇਸ ਤਰਾਂ ਗੁਰੂ ਨਾਨਕ ਜੀ ਸੁੱਖ[12] ਦੇਣ ਵਾਲੇ ਬਚਨ ਕਰਕੇ ਗੁਣਾਂ ਦੀ ਖਾਣ, ਨਗਰ ਵੱਲ ਚੱਲ ਪਏ ਅਤੇ ਧਰਮਸਾਲਾ ਵਿਚ ਆ ਬਿਰਾਜੇ ਸਨ। ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸਭ ਦੇ ਦੁੱਖ ਦੂਰ ਹੋ ਜਾਂਦੇ ਹਨ। ॥੮੯॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖੀ ਦੀ ਪਰਖ" ਨਾਮੀ ਪੰਜਾਹਵਾਂ ਅਧਿਆਇ ਸਮਾਪਤ ਹੋਇਆ ।

SikhBookClub.Com

ਸਾਰ

ਇਸ ਤਰਾਂ ਜਦ ਇਸ਼ਨਾਨ ਕਰ, ਨਾਮ-ਦਾਨ ਦ੍ਰਿੜ੍ਹਾਉਂਦਿਆਂ ਕਈ ਸਾਲ ਬੀਤ ਗਏ ਤੇ ਕੀਰਤਨ ਦੀ ਧੁਨ ਉਪਜਣ ਲੱਗੀ। ਚੌਹੀਂ ਪਾਸੀਂ ਗੁਰੂ ਜੀ ਦੀ ਜੈ-ਜੈਕਾਰ ਹੋਣ ਲੱਗੀ ਤਾਂ ਗੁਰੂ ਨਾਨਕ ਜੀ ਨੇ ਸਿੱਖੀ ਦੀ ਪਰਖ ਕਰਨ ਦਾ ਕੌਤਕ ਰਚਿਆ। ਉਨ੍ਹਾਂ ਕੰਮ ਕਰਦੀ ਸੰਗਤ ਨੂੰ ਵਰਜ ਦਿੱਤਾ ਕਿ ਹੁਣ ਕੇਵਲ ਇੱਕ ਵਾਰ ਹੀ ਲੰਗਰ ਹੋਇਆ ਕਰੇਗਾ। ਮਨ ਲਾ ਕੇ ਖੇਤੀ ਕਰੋ, ਉਪਜ ਦੂਣੀ ਹੋਵੇਗੀ। ਤਾਂ ਇਸ ਤਰਾਂ ਇੱਕ ਸਮੇਂ ਹੀ ਲੰਗਰ ਮਿਲਣ ਕਰਕੇ ਬਹੁਤ ਸਾਰੇ ਸੇਵਕ ਗੁਰੂ ਜੀ ਨੂੰ ਛੱਡ ਕੇ ਚਲੇ ਗਏ। ਕੁਝ ਦਿਨ ਬਾਅਦ ਗੁਰੂ ਜੀ ਨੇ ਕਿਹਾ, ਹੁਣ ਇੱਕ ਦਿਨ ਛੱਡ ਕੇ, ਲੰਗਰ ਮਿਲਿਆ ਕਰੇਗਾ, ਤਾਂ ਭੁੱਖ ਨਾ ਸਹਾਰਦੇ ਹੋਰ ਕਈ ਸਿੱਖ ਗੁਰੂ ਜੀ ਨੂੰ ਛੱਡ ਕੇ ਚਲੇ ਗਏ। ਜੋ ਸਿੱਖ ਪਿੱਛੇ ਰਹਿ ਗਏ ਉਨ੍ਹਾਂ ਨੇ ਪ੍ਰਣ ਕੀਤਾ, ਕੁਝ ਵੀ ਹੋਵੇ, ਅਸੀਂ ਨਹੀਂ ਜਾਵਾਂਗੇ। ਗੁਰੂ ਜੀ ਨੇ ਫਿਰ ਕੁਝ ਦਿਨ ਬਾਅਦ ਰੋਜ਼ਾਨਾ ਲੰਗਰ ਛਕਣ ਦਾ ਹੁਕਮ ਜਾਰੀ ਕਰ ਦਿੱਤਾ।

ਜਦੋਂ ਖੇਤੀ ਪੱਕ ਗਈ ਤਾਂ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਤੁਸੀਂ ਖੇਤੀ ਦੀ ਕਟਾਈ ਕਰਕੇ ਖਲਵਾੜੇ ਲਗਾ ਦਿਉ। ਸਿੱਖਾਂ ਨੇ ਉਂਜ ਹੀ ਕੀਤਾ।ਫਿਰ ਗੁਰੂ ਜੀ ਨੇ ਕਿਹਾ ਕਿ ਹੇ ਸਿੱਖੋ! ਲਾਲਚ ਕੀਤਿਆਂ ਹੱਥ ਕੁਝ ਨਹੀਂ ਆਉਂਦਾ, ਤੁਸੀਂ ਇਸ ਸਾਰੇ ਖਲਵਾੜੇ ਨੂੰ ਅੱਗ ਲਗਾ ਦੇਵੋ। ਲੋਕ (ਸਿੱਖ) ਹੈਰਾਨ ਰਹਿ ਗਏ ਕਿ ਇੰਨੀ ਮੁਸ਼ਕਲ ਨਾਲ ਕਮਾਈ ਕੀਤੀ ਹੈ ਪਰ ਗੁਰੂ ਜੀ ਅੰਨ ਕਿਉਂ ਸੜਵਾ ਰਹੇ ਹਨ? ਪਰ ਗੁਰੂ ਜੀ ਦਾ ਬਚਨ ਮੰਨ ਕੇ ਸਿੱਖਾਂ ਨੇ ਸਾਰੀ ਫਸਲ ਸਾੜ ਦਿੱਤੀ ।

ਫਿਰ ਇਸ ਤੋਂ ਬਾਅਦ ਗੁਰੂ ਜੀ ਨੇ ਇੱਕ ਹੋਰ ਕੌਤਕ ਰਚਿਆ। ਲੱਕ ਨਾਲ ਛੁਰਾ ਬੰਨ ਕੇ ਸ਼ਿਕਾਰੀ ਵਾਲਾ ਸਾਂਗ ਰਚਾ ਲਿਆ। ਆਪਣੇ ਅੱਗੇ-ਪਿੱਛੇ ਕੁੱਤੇ ਅਤੇ ਸੂਰੀਆਂ ਲਗਾ ਕੇ ਸ਼ਹਿਰ ਦੇ ਬਾਹਰ ਜਾ ਖੜ੍ਹੇ ਹੋਏ। ਲੋਕੀਂ ਸੋਚਣ ਕਿ ਗੁਰੂ ਜੀ ਨੂੰ ਕੀ ਹੋ ਗਿਆ ਹੈ? ਬਹੁਤ ਸਾਰੇ ਲੋਕ (ਸੇਵਕ) ਗੁਰੂ ਜੀ ਨੂੰ ਛੱਡ ਕੇ ਚਲੇ ਗਏ। ਜਦ ਗੁਰੂ ਜੀ ਨਾਲ ਕੁਝ ਕੁ ਨਿਸ਼ਚੇ ਵਾਲੇ ਸਿੱਖ ਹੀ ਰਹਿ ਗਏ ਤਾਂ ਗੁਰੂ ਜੀ ਇੱਕ ਹੋਰ ਕੌਤਕ ਰਚਿਆ। ਗੁਰੂ ਜੀ ਉਹਨਾਂ ਨੂੰ ਨਾਲ ਲੈ ਕੇ ਇੱਕ ਉਜਾੜ ਵਿਚ ਚਲੇ ਗਏ। ਉਥੇ ਇਕ ਮੁਰਦਾ ਢੱਕਿਆ ਹੋਇਆ ਪਿਆ ਸੀ, ਗੁਰੂ ਜੀ ਨੇ ਪਰਖ ਕਰਨ ਲਈ ਆਪਣੇ ਸਿੱਖਾਂ ਨੂੰ ਉਹ ਮੁਰਦਾ ਖਾਣ ਲਈ ਕਿਹਾ ਪਰ ਸਿੱਖ ਡਰਦੇ ਹੋਏ ਦੌੜ ਗਏ। ਸਿਰਫ ਲਹਿਣਾ ਜੀ ਹੀ ਬਚੇ ਸਨ। ਉਨ੍ਹਾਂ ਗੁਰੂ ਜੀ ਦਾ ਹੁਕਮ ਮੰਨਦਿਆਂ ਮੁਰਦੇ ਖਾਣ ਲਈ ਚਾਦਰ ਚੁੱਕੀ ਤਾਂ ਉਸ ਚਾਦਰ ਹੇਠ ਕੜਾਹ-ਪਰਸ਼ਾਦ ਸੀ। ਲਹਿਣਾ ਜੀ ਨੇ ਗੁਰੂ ਜੀ ਦੀ ਵਡਿਆਈ ਵਿਚ ਕਿਹਾ ਕਿ ਆਪ ਜੀ ਦੀ ਲੀਲਾ, ਆਪ ਜੀ ਹੀ ਜਾਣਦੇ ਹੋ, ਆਪ ਧੰਨ ਹੋ, ਅਪਰੰਪਾਰ ਹੋ। ਗੁਰੂ ਜੀ ਨੇ ਲਹਿਣਾ ਜੀ ਨੂੰ ਕਈ ਅਸੀਸਾਂ ਦਿੰਦੇ ਹੋਏ ਕਿਹਾ ਕਿ ਤੂੰ ਮੇਰਾ ਹੀ ਸਰੂਪ ਹੋਵੇਂਗਾ। ਤੂੰ ਸਿੱਖੀ ਦੀ ਲਾਜ ਰੱਖੀ ਹੈ, ਤੂੰ ਜਗਤ ਦਾ ਗੁਰੂ ਬਣ ਕੇ ਗੁਰਿਆਈ ਪ੍ਰਾਪਤ ਕਰੇਂਗਾ ਤੇ ਸਿੱਖ ਤੇਰੇ ਅਨੁਸਾਰੀ ਹੋ ਕੇ ਚੱਲਣਗੇ।

SikhBookClub.Com

ਫੁੱਟਨੋਟ

(*1) ਧਾਨਕ: ਇੱਕ ਨੀਵੀਂ ਜਾਤ ਦਾ ਨਾਮ ਹੈ, ਜਿਸ ਦਾ ਭੇਸ ਮੈਲਾ ਹੁੰਦਾ ਹੈ। ਭੀਲਾਂ ਵਿੱਚੋਂ ਨਿਕਲੀ ਇੱਕ ਨੀਚ ਜਾਤ ਨੂੰ ਵੀ ਧਾਣਕ ਕਹਿੰਦੇ ਹਨ ।

(ਮਹਾਨ ਕੋਸ਼, ਪੰਨਾ 665)

(*2) ਭਾਵੇਂ ਹੋਰ ਜਨਮਸਾਖੀਆਂ ਵਿੱਚ ਗੁਰੂ ਜੀ ਦਾ ਲਾਸ਼ ਨੂੰ ਖਾਣ ਲਈ ਸਿੱਖਾਂ ਨੂੰ ਕਹਿਣਾ ਅਤੇ ਸਿੱਖਾਂ ਨੂੰ ਕੁਤਕੇ ਮਾਰਨਾ ਆਦਿ ਪਰਸੰਗ ਨਹੀਂ ਮਿਲਦੇ ਪਰ ਭਾਈ ਸੰਤੋਖ ਸਿੰਘ ਜੀ ਨੇ ਇਹੋ-ਜਿਹੇ ਪਰਸੰਗ ਇਹ ਸਪੱਸ਼ਟ ਕਰਨ ਲਈ ਲਿਖੇ ਹਨ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਬਹੁਤ ਹੀ ਮਿਹਨਤ ਅਤੇ ਘਾਲ-ਕਮਾਈ ਨਾਲ ਸਥਾਪਤ ਹੋ ਚੁੱਕੀ ਸਿੱਖੀ ਲਈ ਸੰਪੂਰਨ ਅਤੇ ਅਸੂਲਾਂ 'ਤੇ ਪੱਕੇ ਰਹਿਣ ਵਾਲੇ ਗੁਰਸਿੱਖ ਦੀ ਲੋੜ ਸੀ ਅਤੇ ਗੁਰੂ ਨਾਨਕ ਸਾਹਿਬ ਨੇ ਇਹ ਸਾਰੇ ਜਤਨ ਸਿੱਖੀ ਦਾ ਯੋਗ ਵਾਰਸ ਚੁਣਨ ਖਾਤਰ ਕੀਤੇ ਹਨ। ਉਨ੍ਹਾਂ ਨੂੰ ਅਜਿਹੇ ਗੁਰਸਿੱਖ ਦੀ ਲੋੜ ਸੀ, ਜੋ ਸਾਰੇ ਦੁਨਿਆਵੀ ਮੋਹਾਂ ਤੋਂ ਉੱਪਰ ਉੱਠ ਚੁੱਕਾ ਹੋਵੇ ਅਤੇ ਗੁਰੂ ਨਾਨਕ ਸਾਹਿਬ ਦੇ ਸਿੱਖੀ-ਸੰਕਲਪ ਨੂੰ ਅੱਗੇ ਤੋਰਨ ਵਾਲਾ ਹੋਵੇ। ਗੁਰੂ ਜੀ ਨੇ ਹਰ ਪੱਖ ਨੂੰ ਵਿਚਾਰਦੇ ਹੋਏ ਸਮੂਹ ਸਿੱਖ ਸੰਗਤ ਦੀ ਹਾਜ਼ਰੀ ਵਿੱਚ ਪਰਖ ਦੌਰਾਨ ਆਪਣੇ ਪੁੱਤਰਾਂ ਨੂੰ ਵੀ ਗੱਦੀ ਦੇ ਕਾਬਲ ਨਾ ਸਮਝਿਆ ਅਤੇ ਭਾਈ ਲਹਿਣਾ ਜੀ ਉਨ੍ਹਾਂ ਦੇ ਉਦੇਸ਼ ਅਨੁਸਾਰ ਪੂਰਾ ਉਤਰੇ ਜਾਪੇ, ਕਿਉਂਕਿ ਭਾਈ ਲਹਿਣਾ ਜੀ, ਆਪਾ ਸਮਰਪਣ ਕਰਕੇ, ਪੂਰਨ ਤੌਰ 'ਤੇ ਗੁਰੂ ਨਾਨਕ ਜੀ ਦੇ ਹੋ ਚੁੱਕੇ ਸਨ। ਉਨ੍ਹਾਂ ਵਿੱਚ ਆਤਮਿਕ ਤੌਰ 'ਤੇ ਕੋਈ ਭੇਦਭਾਵ ਨਹੀਂ ਸੀ ਰਹਿ ਗਿਆ। ਉਹ ਹਰ ਹਾਲ ਵਿੱਚ ਗੁਰੂ ਜੀ ਦੇ ਆਦਰਸ਼ਾਂ ਨੂੰ ਪੁਗਾਉਂਦੇ ਸਨ।

ਇਸ ਤਰਾਂ ਕਵੀ ਦਾ ਇਨ੍ਹਾਂ ਪਰਸੰਗਾਂ ਦਾ ਬਿਆਨ ਕਰਨਾ ਗੁਰੂ ਨਾਨਕ ਦੇਵ ਜੀ ਦੁਆਰਾ ਸੰਗਤ ਨੂੰ ਇਹ ਮਹਿਸੂਸ ਕਰਵਾਉਣਾ ਸੀ ਕਿ ਸਿਰਫ ਭਾਈ ਲਹਿਣਾ ਜੀ ਹੀ ਗੁਰਗੱਦੀ ਲਈ ਯੋਗ ਹਨ।

SikhBookClub.Com

ਅਧਜਾਯ ਇਕਵੰਜਵਾਂ

(ਗੁਰਯਸ਼ ਕਰਨ ਉਪਦੇਸ਼ । ਗਯਾਨ ਉਪਦੇਸ਼ ਭਗਤੀ ਦੀ ਮਿਸਰੀ)

ਦੋਹਰਾ

ਸ੍ਰੀ ਗੁਰ ਗੁਨ ਮਾਨਸ ਸਰਸ[1] ਜੀਹ ਮਰਾਲਨਿ[2] ਜਾਂਹਿ।
ਕਰਤ ਪ੍ਰੀਤ ਨਹਿਂ ਤਜ ਸਕੈ ਨਮਸਕਾਰ ਮੁਰ ਤਾਂਹਿ॥੧॥

ਚੌਪਈ

ਇਕ ਦਿਨ ਬਹੁਰ ਬਿਤਾਇ ਕ੍ਰਿਪਾਲਾ । ਬੈਠੇ ਹੁਤੇ ਰੁਚਿਰ[3] ਧ੍ਰਮਸਾਲਾ।
ਆਤਮ ਕੇ ਉਪਦੇਸ਼ਨ ਹੇਤਾ । ਬੈਠਾਰਜੋ ਤ੍ਰੇਹਣ ਕੁਲਕੇਤਾ॥੨॥

'ਲਹਿਣੇ ਸੇਵ ਅਧਿਕ ਤੈਂ ਕੀਨੀ । ਬੂਝਹੁ ਤੱਤ ਚਹਹੁ ਜੋ ਚੀਨੀ।
ਐਸੀ ਘਾਲ[4] ਜੁ ਘਾਲੀ ਤੋਹੀ । ਕੋ ਨਹਿਂ ਵਸਤੁ ਅਦੇਯ ਸੁ ਮੋਹੀ'॥੩॥

ਕ੍ਰਿਪਾ ਭਰੀ ਸੁਨ ਕੈ ਸੁਠ ਬਾਨੀ । ਬੈਠਜੋ ਸਨਮੁਖ ਸੀਖ[5] ਸੁਖਾਨੀ।
ਦ੍ਵੈ ਕਰ ਜੋਰ ਨਿਵਾਯੋ ਸੀਸਾ । ਬੰਦੇ ਪਦਪੰਕਜ ਜਗਦੀਸਾ॥੪॥

'ਨਿਜ ਸਰੂਪ ਲਖਨੋ[6] ਅਭਿਲਾਖਾ' । ਹ੍ਵੈ ਕੈ ਦੀਨ ਬਚਨ ਅਸਭਾਖਾ।
'ਜੋ ਮੈਂ ਹੋਂ, ਕੁਛ ਜਾਇ ਨ ਜਾਨਾ । ਹਰਖ ਸ਼ੋਕ[7] ਮਹਿਂ ਫਸਜੋ ਮਹਾਨਾ॥੫॥

ਰਾਗ ਦ੍ਵੈਖ ਨਿਸ ਦਿਨ ਬਹੁ ਮੋਹੀ । ਅਤਿਸ਼ਯਤਾ[8] ਦੁਖ ਸੁਖ ਮਹਿਂ ਹੋਹੀ।
ਸਰਬ ਭੇਦ ਮੁਹਿ ਦੇਹੁ ਜਨਾਈ[9] । ਤਿਹ ਕੋ ਸਮਝ ਰਹੌਂ ਸੁਖ ਪਾਈ॥੬॥

ਮੁਰ ਉਰ ਤਮ ਅੱਗਯਾਨ[10] ਮਹਾਨਾਂ । ਤੁਮਰੇ ਹ੍ਵੈਂ ਬਚ ਭਾਨੁ[11] ਸਮਾਨਾ।
ਕਬ ਪ੍ਰਕਾਸ਼ ਦਿਹੁ ਰੂਪ ਦਿਖਾਈ' । ਸੁਨ ਕੈ ਸ੍ਰੀ ਪ੍ਰਭੁ ਗਿਰਾ ਅਲਾਈ॥੭॥

'ਭੋ ਸੁਨ ਮਹਤ[12] ਭਾਗ! ਇਹ ਭੇਦਾ । ਜਿਹ ਤੇ ਮਿਟੈ ਝੂਠ ਜਗ ਖੇਦਾ।
ਆਤਮ ਸੁਯੰ ਸੁ ਜੋਤ ਪ੍ਰਕਾਸ਼ਾ । ਰਾਗ ਦ੍ਵੈਖ ਤੇ ਬਿਨ, ਅਬਿਨਾਸ਼ਾ॥੮॥

SikhBookClub.Com

ਅਧਿਆਇ ਇੱਕਵੰਜਵਾਂ
(ਭਾਈ ਲਹਿਣਾ ਜੀ ਨੂੰ ਉਪਦੇਸ਼)

ਦੋਹਰਾ

ਮੇਰੀ ਉਸ ਰਸਨਾ ਨੂੰ ਨਮਸਕਾਰ ਹੈ ਜੋ ਗੁਰੂ ਜੀ ਦੇ ਗੁਣਾਂ ਦੇ (ਜਸ ਰੂਪੀ) ਸੁੰਦਰ[1] ਮਾਨ-ਸਰੋਵਰ ਨੂੰ ਹੰਸਣੀ[2] (ਵਾਂਗ) ਪ੍ਰੀਤ ਕਰਦੀ ਹੋਈ (ਕਦੇ) ਨਹੀਂ ਛੱਡ ਸਕਦੀ। ॥੧॥

ਚੌਪਈ

ਗੁਰੂ ਜੀ ਨੇ ਇੱਕ ਦਿਨ ਹੋਰ ਬਿਤਾਇਆ। ਕਿਰਪਾ-ਨਿਧਾਨ (ਗੁਰੂ ਜੀ) ਸੁੰਦਰ[3] ਧਰਮਸ਼ਾਲਾ ਵਿਚ ਬੈਠੇ ਹੋਏ ਸਨ। ਉਨ੍ਹਾਂ ਨੇ, ਤ੍ਰੇਹਣ ਕੁਲ ਦੇ ਨਿਸ਼ਾਨ (ਲਹਿਣਾ ਜੀ) ਨੂੰ ਆਤਮ-ਉਪਦੇਸ਼ ਦੇਣ ਲਈ ਕੋਲ ਬਿਠਾਇਆ। ॥੨॥

(ਕਹਿਣ ਲੱਗੇ),"ਹੇ ਲਹਿਣਾ, ਤੂੰ ਬਹੁਤ ਸੇਵਾ ਕੀਤੀ ਹੈ, (ਹੁਣ) ਤੂੰ ਜੋ ਜਾਣਨਾ ਚਾਹੁੰਦਾ ਹੈਂ, ਪੁੱਛ ਲੈ। ਤੂੰ ਐਸੀ ਕਮਾਈ[4] ਕੀਤੀ ਹੈ ਕਿ ਕੋਈ ਵੀ ਅਜਿਹੀ ਚੀਜ਼ ਨਹੀਂ, ਜੋ ਮੈਂ ਤੈਨੂੰ ਨਾ ਦੇ ਸਕਾਂ। ॥੩॥

ਕਿਰਪਾ ਭਰੇ ਸੁੰਦਰ ਬੋਲ ਸੁਣ ਕੇ (ਲਹਿਣਾ ਜੀ) ਸੁਖਦਾਈ (ਗੁਰੂ ਜੀ) ਦੇ ਸਾਹਮਣੇ ਉਪਦੇਸ਼[5] ਲੈਣ ਲਈ ਬੈਠ ਗਏ। ਉਸ ਨੇ ਦੋਨੋਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਜਗਤ-ਪ੍ਰਭੂ ਦੇ ਚਰਨ-ਕਮਲਾਂ ਵਿਚ ਨਮਸਕਾਰ ਕੀਤੀ। ॥੪॥

ਉਸ ਨੇ ਨਿਮਾਣਾ ਹੋ ਕੇ ਇਉਂ ਕਿਹਾ, "(ਗੁਰੂ ਜੀ) ਮੈਨੂੰ ਆਪਣਾ ਸਰੂਪ ਜਾਣਨ[6] ਦੀ ਇੱਛਾ ਹੈ। ਜੋ ਕੁਝ ਮੈਂ ਹਾਂ, ਮੈਨੂੰ ਕੁਝ ਨਹੀਂ ਪਤਾ ਲੱਗਦਾ। ਮੈਂ ਬਹੁਤ ਖੁਸ਼ੀਆਂ-ਗਮੀਆਂ[7] ਵਿਚ ਹੀ ਫਸਿਆ ਹੋਇਆ ਹਾਂ। ॥੫॥

ਮੈਨੂੰ ਦਿਨ-ਰਾਤ ਖੁਸ਼ੀਆਂ-ਗਮੀਆਂ ਲੱਗੀਆਂ ਰਹਿੰਦੀਆਂ ਅਤੇ ਬਹੁਤ[8] ਦੁੱਖ-ਸੁੱਖ ਵਿੱਚ ਰਹਿੰਦਾ ਹਾਂ। ਇਨ੍ਹਾਂ ਸਾਰਿਆਂ ਦਾ ਭੇਦ ਕੀ ਹੈ, ਮੈਨੂੰ ਦੱਸੋ[9]? ਇਸ ਬਾਰੇ ਗਿਆਨ ਹੋਣ 'ਤੇ ਸੁਖੀ ਹੋਵਾਂਗਾ ॥੬॥

ਮੇਰੇ ਹਿਰਦੇ ਵਿੱਚ ਬਹੁਤ ਹੀ ਅੰਧਕਾਰ, ਅਗਿਆਨਤਾ[10] ਹੈ। ਤੁਹਾਡੇ ਬਚਨ ਉਸ ਸੂਰਜ[11] ਦੇ ਪ੍ਰਕਾਸ਼ ਦੇਣ ਦੇ ਸਮਾਨ ਹਨ। ਮੈਨੂੰ ਨਿਜ ਸਰੂਪ ਪਛਾਣਨ ਲਈ ਕਦੋਂ ਪ੍ਰਕਾਸ਼ ਦੇਵੋਗੇ?" (ਲਹਿਣਾ ਜੀ ਦੇ) ਇਹ ਬੋਲ ਸੁਣ ਕੇ ਪ੍ਰਭੂ (ਗੁਰੂ ਜੀ) ਨੇ ਕਥਨ ਕੀਤਾ ॥੭॥

"ਹੇ ਵੱਡੇ[12] ਭਾਗਾਂ ਵਾਲੇ ਸੁਣ! ਇਹ ਇੱਕ ਅਜਿਹਾ ਭੇਦ ਹੈ, ਜਿਸ ਨਾਲ ਸਾਰੇ ਜੱਗ ਦੇ ਪਾਪ, ਝੂਠ ਨਸ਼ਟ ਹੋ ਜਾਂਦੇ ਹਨ। ਜੋ ਆਤਮਾ ਹੈ, ਖੁਦ ਹੀ ਜੋਤੀ-ਸਰੂਪ ਤੇ ਪ੍ਰਕਾਸ਼ ਰੂਪ ਹੈ। ਇਹ ਖੁਸ਼ੀਆਂ-ਗਮੀਆਂ ਤੋਂ ਰਹਿਤ ਅਤੇ ਨਾਸ਼ ਨਾ ਹੋਣ ਵਾਲੀ ਹੈ। ॥੮॥

SikhBookClub.Com

ਹਰਖ ਸ਼ੋਕ ਜਿਸ ਮਾਂਹਿ ਨ ਲੇਸਾ[1] । ਜਨਮ ਮਰਨ ਕੌ ਨਹੀ ਕਲੇਸ਼ਾ[2]।
ਘਨਾਨੰਦ ਪੂਰਨ ਇਕ ਸਾਰ । ਇਸ ਪ੍ਰਕਾਰ ਆਤਮ ਨਿਰਧਾਰ[3]॥੯॥

ਜਾਗ੍ਰਤ ਸੁਪਨ ਸਖੋਪਤਿ[4] ਤੀਨੋ । ਇਨਕੋ ਨੀਕੇ ਸਾਖੀ ਚੀਨੋ।
ਸਦਾ ਅਲੇਪਾ[5] ਸਭ ਤੇ ਨਜਾਰੋ । ਐਸੋ ਅਪਨੋ ਰੂਪ ਨਿਹਾਰੋ॥੧੦॥

ਦੋਹਰਾ

ਕਲਪਤ ਸੰਗ ਉਪਾਧਿ ਸੋ ਭਯੋ ਸੁ ਅਸ ਬਿਧਿ ਜਾਨ।
ਜਪਾ ਪ੍ਰਸੂਨ[6] ਸੁ ਫਟਕ[7] ਕੋ ਅਰੁਣ ਹੋਤ ਤਿਉਂ ਮਾਨ॥੧੧॥

ਚੌਪਈ

ਪੰਚੀ ਕਰਣ ਪੰਚ ਤਤ ਜੋਈ । ਅੰਤਹਕਰਣ[(*1)] ਉਪਾਏ ਸੋਈ।
ਚਤੁਰ ਬ੍ਰਿੱਤਿ[8] ਹ੍ਵੈ ਤਾਂਹਿ ਮਝਾਰਾ । ਤਾਂਤੇ ਹੋਇ ਸੁ ਚਾਰ ਪ੍ਰਕਾਰਾ॥੧੨॥

੧ ਮਨ ੨ ਬੁਧਿ ੩ ਚਿਤ ੪ ਹੰਕਾਰ ਤਿਹਿ ਨਾਮਾ । ਤਿਨ ਤੇ ਪਰ[9] ਲਖ ਆਤਮਰਾਮਾ।
ਸਤੁ ਗੁਣ ਅੰਤਹਕਰਣ ਜੁ ਮਾਂਹੀਂ । ਚੇਤਨ ਕੋ ਪ੍ਰਤਿਬਿੰਬ ਤਹਾਂਹੀ॥੧੩॥

ਜਿਨਕ਼ੇ ਸੁੱਧ ਹੋਤਿ ਸੋ ਦੇਖੈਂ । ਪਿਖਤ ਨ ਸੇ ਜਿਨ ਮਲਿਨ ਵਿਸ਼ੇਖੈਂ।
ਸੋ ਨਿਜ ਰੂਪ ਭੂਲ਼ ਨਰ ਸਾਰੇ । ਜੀਵ ਅਲਪੱਗ[10] ਆਪ ਨਿਰਧਾਰੇ॥੧੪॥

ਯਾਂਤੇ ਤੀਨ ਤਨਹਿ ਕੋ ਪਾਏ । ਵਾਰ ਵਾਰ ਜਗ ਆਵਹਿਂ ਜਾਏ।
ਇਕ ਸਥੂਲ ਜੋ ਵਹਿਰ ਸਰੀਰਾ । ਜਿਹ ਮਹਿਂ ਹੰ ਧਰ ਪਾਵਹਿ ਪੀਰਾ[11]॥੧੫॥

ਲਿੰਗ ਸ਼ਰੀਰ ਦੂਸਰਾ ਜੋਈ । ਤਿਹ ਸਰੂਪ ਬਰਨੋ[12] ਸੁਨਿ ਸੋਈ।
ਦਸ ਇੰਦ੍ਰਯ ਹੈ ਕਰਮ ਜਿ ਗਜਾਨਾ। ਪੰਚ ਭੂਤ ਤਨ ਮਾੜ੍ਹਾ ਜਾਨਾ॥੧੬॥

SikhBookClub.Com

(ਆਤਮਾ ਵਿੱਚ) ਖ਼ੁਸ਼ੀ-ਗ਼ਮੀ ਭੋਰਾ[1] ਭਰ ਵੀ ਨਹੀਂ ਹੈ। ਜਿਸ ਨੂੰ ਜਨਮ-ਮਰਨ ਦਾ ਕੋਈ ਝੰਜਟ[2] ਹੀ ਨਹੀਂ ਅਤੇ ਮਹਾਨ ਅਨੰਦ ਇਕਸਾਰ ਰਹਿੰਦਾ ਹੈ। ਇਸ ਲਈ ਸਮਝੋ, ਇਹ ਹੀ ਆਤਮਾ ਦੀ ਪਛਾਣ[3] ਹੈ। ॥੯॥

ਜਾਗਣ ਦੀ ਅਵਸਥਾ, ਸੁਪਨੇ ਦੀ ਅਵਸਥਾ ਤੇ ਗੂੜ੍ਹੀ [4] ਨੀਂਦ ਦੀ ਅਵਸਥਾ, ਇਨ੍ਹਾਂ ਤਿੰਨਾਂ ਅਵਸਥਾਵਾਂ ਵਿੱਚ ਆਤਮਾ ਨੂੰ ਦੇਖਣਹਾਰਾ ਸਮਝੋ। ਜੋ ਸਦਾ ਨਿਰਲੇਪ[5] ਅਤੇ ਸਭ ਤੋਂ ਵੱਖਰੀ ਹੈ, ਤੁਸੀਂ ਆਪਣੇ ਰੂਪ ਨੂੰ ਇਸ ਤਰਾਂ ਦਾ ਹੀ ਸਮਝੋ। ॥੧੦॥

ਦੋਹਰਾ

ਉਹ ਉਪਾਧੀ ਜੋ ਕਲਪਨਾ ਮਾਤਰ ਹੀ ਹੈ, ਜਿਸ ਨਾਲ ਕੋਈ ਚੀਜ਼ ਹੋਰ ਦੀ ਹੋਰ ਦਿਸਦੀ ਹੋਈ ਪ੍ਰਤੀਤ ਹੋਵੇ। ਜਿਵੇਂ ਜਪਾ ਲਾਲ ਰੰਗ ਦਾ ਫੁੱਲ[6] ਹੁੰਦਾ ਹੈ, ਉਸ ਦੇ ਪ੍ਰਤੀਬਿੰਬ ਨਾਲ ਬਿਲੌਰ[7] ਦਾ ਰੰਗ ਵੀ ਲਾਲ ਦਿਸਣ ਲੱਗ ਪੈਂਦਾ ਹੈ, ਉਸ ਤਰਾਂ ਹੀ (ਆਤਮਾ ਨੂੰ) ਸਮਝੋ। ॥੧੧॥

ਚੌਪਈ

ਪੰਜ (ਭੂਤਾਂ) ਤੱਤਾਂ ਦਾ ਜੋ ਪੰਚੀਕਰਣ ਹੋਇਆ ਹੈ, ਉਨ੍ਹਾਂ ਨੂੰ ਸੂਖਮ ਤੱਤਾਂ ਨੇ (ਭੂਤਾਂ ਨੇ) ਆਪਣੇ ਸਤੋ ਗੁਣ ਅੰਸ਼ ਤੋਂ ਅੰਤਹਕਰਣ ਪੈਦਾ ਕੀਤਾ ਹੈ। ਉਸ ਅੰਤਹਕਰਣ ਵਿਚ ਚਾਰ ਬਿਰਤੀਆਂ[8] ਹਨ।ਇਸੇ ਕਰਕੇ ਇਹ ਚਾਰ ਪ੍ਰਕਾਰ ਦੀਆਂ ਹੁੰਦੀਆਂ ਹਨ। ॥੧੨॥

ਇਸ ਦੇ ਚਾਰ ਨਾਮ ਹਨ ਮਨ, ਬੁੱਧੀ, ਚਿੱਤ ਅਤੇ ਹੰਕਾਰ। ਇਸ ਤੋਂ ਪਰ੍ਹੇ[9] ਆਤਮ-ਸਰੂਪ ਨੂੰ ਸਮਝੋ। ਅੰਤਹਕਰਣ ਵਿਚ ਜੋ ਸਤੋ ਗੁਣ ਦਾ ਅੰਸ਼ ਹੈ, ਚੇਤਨਾ ਦਾ ਪ੍ਰਤੀਬਿੰਬ ਵੀ ਉੱਥੇ ਹੀ ਹੁੰਦਾ ਹੈ। ॥੧੩॥

ਜਿਨ੍ਹਾਂ ਦੇ ਹਿਰਦੇ ਪਵਿੱਤਰ ਹੋਣ, ਉਹ ਹੀ ਇਸ ਨੂੰ ਵੇਖਿਆ ਕਰਦੇ ਹਨ। (ਜਦਕਿ) ਜਿਨ੍ਹਾਂ ਦੇ ਮਲੀਨ ਹੁੰਦੇ ਹਨ, ਉਹ ਨਹੀਂ ਦੇਖ ਸਕਦੇ। ਸਾਰੇ ਮਨੁੱਖ ਆਪਣਾ ਸਰੂਪ ਭੁੱਲ ਕੇ ਆਪਣੇ-ਆਪ ਨੂੰ ਜੀਵ ਤੋਂ ਵੱਖਰਾ[10] ਸਮਝ ਬੈਠਦੇ ਹਨ। ॥੧੪॥

ਇਸ ਤਰਾਂ ਤਿੰਨ ਤਰਾਂ ਦੇ ਸਰੀਰਾਂ ਦਾ ਰੂਪ ਪਾ ਕੇ ਉਹ ਵਾਰ-ਵਾਰ ਜੱਗ ਵਿਚ ਆਉਂਦੇ ਹਨ। ਇੱਕ ਸਥੂਲ ਰੂਪ ਬਾਹਰਲਾ ਸਰੀਰ (ਚਮੜੀ ਆਦਿ) ਹੁੰਦਾ ਹੈ, ਜਿਸ ਵਿਚ ਬੰਦਾ ਮਨ ਵਿਚ ਹੰਕਾਰ ਧਾਰ ਕੇ ਪੀੜ[11] ਤੇ ਦੁੱਖ ਪਾਉਂਦਾ ਹੈ। ॥੧੫॥

ਦੂਸਰਾ ਸੂਖਮ ਸਰੀਰ ਲਿੰਗ-ਰੂਪੀ ਹੁੰਦਾ ਹੈ, ਇਸ ਸਰੂਪ ਦਾ ਵਰਣਨ[12] ਕਰਦਾ ਹਾਂ, ਸੁਣੋ ਇਹ ਇਸ ਤਰਾਂ ਹੈ। ਇਸ ਦੀਆਂ ਦਸ ਇੰਦਰੀਆਂ ਹਨ, ਜਾਣੋ ਪੰਜ ਕਾਮ ਦੀਆਂ ਤੇ ਪੰਜ ਹੀ ਗਿਆਨ ਦੀਆਂ ਹਨ। ਇਹ ਸਰੀਰ ਪੰਜ ਤੱਤ ਦਾ ਬਣਿਆ ਜਾਣ ਲਵੋ। ॥੧੬॥

SikhBookClub.Com

ਮਨ ਬੁਧ ਸਤਰਾ[1] ਤੱਤ ਜੁ ਏਹੀ । ਇਨਕੀ ਹੋਤ ਭਈ ਲਿੰਗ ਦੇਹੀ।
ਕਰਮ ਸ਼ੁਭਾਸ਼ੁਭ ਫਲ ਕੋ ਪਾਇ । ਲੋਕ ਪ੍ਰਲੋਕਹਿੰ[2] ਆਵਹਿ ਜਾਇ॥੧੭॥

ਇਨ ਕੋ ਕਰਤਾ ਔਰ ਪ੍ਰਮਾਨਹੁ । ਕਾਰਣ ਤਨ ਤਿਹ ਨਾਮ ਪਛਾਨਹੁ।
ਅਤਿ ਸੂਖਮ ਤਿਹ ਲਖਹੁ ਸਰੂਪਾ । ਜਿਹ ਧਰ ਪਰਜੋ ਅੰਧ ਭਵ ਕੂਪਾ[3] ॥੧੮॥

ਆਤਮਰਾਮ ਸਬਨ ਤੇ ਨਜਾਰੋ । ਹਰਖ ਸੋਗ ਤੇ ਰਹਤਿ ਬਿਚਾਰੋ।
ਨੇਤਿ ਨੇਤਿ ਕਰ ਹ੍ਵੈ ਸੱਖਜਾਤਾ[4] । ਨਿਜਾਨੰਦ ਮੈਂ ਜਾਇ ਸਮਾਤਾ[5]'॥੧੯॥

ਦੋਹਰਾ

ਇਉ ਸੁਨ ਲਹਿਣੇ ਬੰਦ ਕਰ ਬਹੁਰੋ ਬੂਝਨ[6] ਕੀਨ।
'ਨੇਤਿ ਨੇਤਿ ਕਰ ਪ੍ਰਾਪਤੀ ਕਹਹੁ ਪ੍ਰਭੂ ਪਰਬੀਨ'॥੨੦॥

ਚੌਪਈ

ਪਰਮ ਕ੍ਰਿਪਾਲ ਗਜਾਨ ਘਨ ਪੂਰੇ।ਬੋਲੇ ਬਚਨ ਮਧੁਰ ਮ੍ਰਿਦੁ ਰੂਰੇ।
'ਮਹਾਂ ਭਾਗ! ਸੁਨੀਏ ਮਨ ਲਾਈ।ਜਿਸ ਬਿਧਿ ਨਿਜਾਨੰਦ[7] ਕੋ ਪਾਈ॥੨੧॥

ਪੰਚ ਕੋਸ਼ ਪ੍ਰਥਮੇ ਨਿਰ ਧਾਰਹੁ[8] । ਤਿਨ ਤੇ ਹੰਤਾ ਬੁੱਧ ਉਠਾਰਹੁ।
ਕੋਸ਼ ਅੰਨਮਯ ਵਹਿਰ ਸੁ ਦੇਹਾ । ਜਾਗ੍ਰਤ ਮਹਿੰ ਵਰਤਤ[9] ਹੈ ਏਹਾ॥੨੨॥

ਲਖਹੁ ਅਨਾਤਮ[10] ਯਾਂ ਕੋ ਰੂਪਾ । ਨਿਰਾਵਯਵ[11] ਆਤਮ ਆਨੂਪਾ।
ਕੋਸ਼ ਪ੍ਰਾਣਮਯ ਤਿਸ ਤੇ ਅੰਤਰ । ਨਾਹਿੰ ਨ ਆਤਮ ਜਾਨ ਨਿਰੰਤਰ॥੨੩॥

ਬਹੁਰ ਮਨੋਮਯ ਕੋਸ਼ ਸੁਨੀਜੈ । ਸੋਪਿ ਅਨਾਤਮ ਰਿਦੇ ਲਖੀਜੈ।
ਕੋਸ ਬਿੱਗਜਾਨ[12] ਮਈ ਤਿਹ ਪਰੈ । ਤੀਨ ਕੋਸ਼, ਬਿਨ ਤਨ ਜੇ ਰਰੈ॥੨੪॥

SikhBookClub.Com

ਮਨ, ਬੁੱਧੀ ਜੋ ਇਹ ਸਤਾਰਾਂ[1] ਤੱਤ ਹਨ, ਇਨ੍ਹਾਂ ਨਾਲ ਹੀ ਇਹ ਲਿੰਗ ਸਰੀਰ, ਸੂਖਮ ਸਰੀਰ ਬਣਦਾ ਹੁੰਦਾ ਹੈ, ਇਸ (ਲਿੰਗ ਸਰੀਰ) ਨਾਲ ਹੀ ਬੰਦਾ ਚੰਗੇ-ਮੰਦੇ ਫਲ ਪ੍ਰਾਪਤ ਕਰਦਾ ਹੈ ਅਤੇ ਲੋਕ-ਪਰਲੋਕ[2] ਦੇ ਚੱਕਰ ਵਿੱਚ ਪਿਆ ਰਹਿੰਦਾ ਹੈ। ॥੧੭॥

ਇਸ ਦੀ ਰਚਨਾ ਕਰਨ ਵਾਲੇ ਨੂੰ 'ਕਾਰਣ ਸਰੀਰ' ਦੇ ਨਾਮ ਨਾਲ ਜਾਣ ਲਵੋ, ਜਿਸ ਦਾ ਸਰੂਪ ਲਿੰਗ ਸਰੀਰ ਤੋਂ ਜ਼ਿਆਦਾ ਸੂਖਮ ਹੈ। ਜਿਸ ਦੇ ਧਾਰਨ ਸਦਕਾ ਜੀਵ-ਆਤਮਾ ਰੂਪੀ ਸੰਸਾਰ ਅੰਨ੍ਹੇ ਖੂਹ[3] ਵਿਚ ਪਿਆ ਹੈ। ॥੧੮॥

ਆਤਮਰਾਮ (ਆਤਮ ਸਰੂਪ) ਇਨ੍ਹਾਂ ਸਭ ਨਾਲੋਂ ਵੱਖਰਾ ਹੈ। ਇਸ ਨੂੰ ਗਮੀਆਂ-ਖੁਸ਼ੀਆਂ ਤੋਂ ਰਹਿਤ ਸਮਝੋ। ਇਹ ਨੇਤਿ ਨੇਤਿ ਕਰਨ ਨਾਲ ਪਰਗਟ[4] ਹੋ ਕੇ ਆਪਣੇ ਹੀ ਅਨੰਦ ਵਿਚ ਜਾ ਸਮਾਉਂਦਾ[5] ਹੈ।" ॥੧੯॥

ਦੋਹਰਾ

ਇਹ ਸੁਣ ਕੇ ਫਿਰ ਲਹਿਣਾ ਜੀ ਨੇ ਹੱਥ ਜੋੜ ਕੇ ਪੁੱਛਿਆ[6], "ਹੇ ਪੂਰਨ-ਰੂਪ ਪ੍ਰਭੂ (ਗੁਰੂ) ਜੀ! (ਮੈਨੂੰ) ਇਹ ਦੱਸੋ, ਇਹ ਨੇਤਿ ਨੇਤਿ ਕਰਨ ਨਾਲ ਪ੍ਰਾਪਤੀ ਹੋ ਜਾਂਦੀ ਹੈ?" ॥੨੦॥

ਚੌਪਈ

ਪਰਮ-ਕਿਰਪਾਲੂ (ਗੁਰੂ ਜੀ) ਜੋ ਗਿਆਨ ਵਿਚ ਸੰਪੂਰਨ ਹਨ, ਉਨ੍ਹਾਂ ਬਹੁਤ ਹੀ ਸੁੰਦਰ ਅਤੇ ਮਿੱਠੇ ਬੋਲ ਬੋਲਦੇ ਹੋਏ ਕਿਹਾ, "ਹੇ ਵਡਭਾਗੇ! ਧਿਆਨ ਨਾਲ ਮਨ ਲਾ ਕੇ ਸੁਣੋ, ਜਿਸ ਤਰੀਕੇ ਨਿਜ-ਅਨੰਦ[7] ਭਾਵ ਪ੍ਰਭੂ ਨੂੰ ਪ੍ਰਾਪਤ ਹੋਈਦਾ ਹੈ। ॥੨੧॥

ਸਭ ਤੋਂ ਪਹਿਲੇ ਸਮਝੋ[8] ਕਿ ਪੰਜ ਕੋਸ਼ ਹੁੰਦੇ ਹਨ। ਉਨ੍ਹਾਂ ਵਿੱਚੋਂ ਮੈਂ (ਹੰਕਾਰ) ਅਤੇ ਬੁੱਧੀ ਕੱਢ ਲਵੋ ਤਾਂ ਫਿਰ ਬਾਹਰਲਾ ਹੱਡ-ਚੰਮ ਦਾ ਸਰੀਰ, ਜਿਸ ਨੂੰ "ਅੰਨਮਯ ਕੋਸ਼" ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਾਗਦਿਆਂ ਇਹੀ ਵਰਤਦਾ[9] ਹੈ। ॥੨੨॥

ਇਹਨੂੰ ਸਮਝੋ ਕਿ ਇਹ ਵੀ ਆਤਮਾ[10] ਦਾ ਰੂਪ ਨਹੀਂ ਹੈ, ਇਸ ਨੂੰ ਅਨਾਤਮ ਰੂਪ ਸਮਝੋ, ਇਸ ਦੀ ਵੰਡ ਨਹੀਂ[11] ਹੋ ਸਕਦੀ। 'ਕੋਸ਼ ਪ੍ਰਾਣਮਯ', ਜੋ ਇਸ ਤੋਂ (ਕੋਸ਼ ਅੰਨਮਯ) ਤੋਂ ਵੱਖਰੀ ਹੁੰਦੀ ਹੈ। ਇਹ ਜੋ ਕੋਸ਼ ਪ੍ਰਾਮਣਯ ਹੈ, ਇਹ ਵੀ ਆਤਮਾ ਨਹੀਂ, ਜਾਣੋ ਆਤਮਾ ਤਾਂ ਇੱਕ ਰਸ ਹੁੰਦੀ ਹੈ। ॥੨੩॥

ਅੱਗੇ ਸੁਣੋ, 'ਮਨੋਮਯ ਕੋਸ਼' ਦੇ ਬਾਰੇ ਵਿੱਚ ਜਾਣ ਲਵੋ, ਇਹ ਵੀ ਆਤਮਾ-ਰੂਪ ਨਹੀਂ ਹੈ। ਫਿਰ ਆਉਂਦੀ ਹੈ 'ਕੋਸ਼ ਬਿਗਯਾਨ' ਭਾਵ ਵਿਗਿਆਨ[12] ਕੋਸ਼, ਇਹ ਇਨ੍ਹਾਂ ਤੋਂ ਵੀ ਹੋਰ ਪਰ੍ਹਾਂ ਹੈ। ਇਸ ਤਰਾਂ ਸਥੂਲ ਸਰੀਰ ਤੋਂ ਬਗੈਰ ਇਹ ਤਿੰਨ ਕੋਸ਼ ਜੋ ਪਿੱਛੇ ਦੱਸੇ ਹਨ, ਇਹ ਹਨ, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਯਾਨਮਯ ਕੋਸ਼। ॥੨੪॥

SikhBookClub.Com

ਸੁਪਨ ਅਵਸਥਾ ਇਸ ਕੇ ਮਾਂਹੀ । ਬਿਚਰਤ ਆਤਮ ਰੂਪ[1] ਤਹਾਂਹੀ।
ਲਖਹੁ ਨ ਇਤ ਸਰੂਪ ਨਿਜ ਕੇਰੋ । ਇਨ ਤੇ ਨਿਜਾਰੋ ਨੀਕੇ ਹੇਰੋ॥੨੫॥

ਚਹੁਅਨ ਤੇ ਜੋ ਪਰੇ ਪਛਾਨਹੁ । ਕੋਸ਼ ਅਨੰਦਮਯਾਖਯ[2] ਜਾਨੋ।
ਤਿਹ ਕੋ ਵਰਤਤ ਸੁਖਪਤਿ ਮਾਂਹੀ । ਰੂਪ ਆਪਨੋ ਲਖਹੁ ਸੁ ਨਾਹੀਂ ॥੨੬॥

ਇਨ ਤੇ ਪਰੇ ਨਿਰੰਜਨ ਰੂਪ । ਨਿਰਾਵਯਵ ਆਤਮਾ ਅਨੂਪ।
ਤਿਹ ਕੋ ਹੋਤ ਜਨਮ ਨਹਿਂ ਮਰਨਾ । ਹਰਖ ਸ਼ੋਕ ਰੰਚਕ[3] ਨਹਿ ਬਰਨਾ॥੨੭॥

ਰਾਗ ਨ ਦ੍ਵੈਖ ਨ ਮੋਹ ਨ ਮਾਯਾ । ਰੋਗ ਬਿਓਗ ਨ ਭੋਗ ਅਜਾਯਾ।
ਸਤਿ ਚੇਤਨ[4] ਆਨੰਦ ਮਹਾਨਾ । ਐਸੇ ਰੂਪ ਆਪਨੋ ਜਾਨਾ॥੨੮॥

ਤਾਤੁਕ ਤਾਂਹਿ ਬਿਕਾਰ ਨ ਕੋਈ । ਕਲਪਤ ਸਭ ਉਪਾਧਿ ਸੋ ਹੋਈ।
ਜਿਉਂ ਰੱਜੂ[5] ਮੈਂ ਹੈ ਅੱਗਜਾਨਾ । ਕਲਪੇ ਸਰਪ[6] ਹੋਇ ਭਯਮਾਨਾ[7]॥੨੯॥

ਫੂਲ ਮਾਲ ਕੋ ਤਾਂ ਕੋ ਮਾਨੇ । ਭੂਮ ਦਰਾਰ[8] ਕੋਇ ਪਹਿਚਾਨੇ।
ਹੋਇ ਜਿ ਗਜਾਨ ਜਥਾਰਥ ਤਾਂਹੀ । ਰੱਜੂ ਬਿਨਾਂ ਔਰ ਕਛੁ ਨਾਂਹੀ॥੩੦॥

ਤਿਉਂ ਅੱਗਜਾਨ ਹੇਤ ਜਗ ਕੇਰੋ । ਨਸ਼ਟ ਭਏ ਚੇਤਨ ਇਕ ਹੇਰੋ'।
ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ । ਦਾਸ ਅਵਿੱਦਜਾ ਸਗਰੀ ਰੋਕੀ[9]॥੩੧॥

ਇਕ ਸਰੂਪ ਕਾ ਦਰਸ ਦਿਖਾਯੋ । ਉਦਧਿ[10] ਅਨੰਦ ਮਝਾਰ ਸਮਾਯੋ।
ਲਹਿਣੇ ਕੀ ਸਮਾਧਿ[11] ਤਿਹਕਾਲਾ । ਲਗੀ ਅਖੰਡ ਨਿਮਗਨ ਬਿਸਾਲਾ॥੩੨॥

ਜਨੁ ਦਿਨਕਰ[12] ਕੋਟਿਕ[13] ਚਢ ਗਏ । ਕ੍ਰਿਪਾ ਸੁ ਅਸ ਪ੍ਰਕਾਸ਼ ਨਿਰਮਏ ।
ਸਗਰੋ ਤਿਮਰ[14] ਅੰਗਜਾਨ ਨਸਾਯੋ । ਲੇਸ ਅਵਿੱਦਜਾ ਕੋ ਨ ਰਹਾਯੋ॥੩੩॥

SikhBookClub.Com

ਇਹ ਜੋ ਤਿੰਨੋ ਅਵਸਥਾਵਾਂ ਹਨ, ਸੁਪਨ ਅਵਸਥਾ ਇਸੇ ਵਿਚ ਹੈ, ਉਸ ਵਿੱਚ ਵਿਚਰਦਿਆਂ ਆਤਮਕ-ਰੂਪ ਚੜਦਾ[1] ਹੈ । ਪਰ ਇਸ ਨੂੰ ਵੀ ਆਪਣਾ ਸਰੂਪ ਨਾ ਸਮਝੋ। ਇਨ੍ਹਾਂ ਨਾਲੋਂ ਆਪਣੇ ਸਰੂਪ ਨੂੰ ਸੁੰਦਰ ਅਤੇ ਵੱਖਰਾ ਜਾਣੋ। ॥੨੫॥

ਇਨ੍ਹਾਂ ਚੌਹਾਂ ਤੋਂ ਜੋ ਪਰ੍ਹੇ ਹੋਰ ਕੋਸ਼ ਹੈ, ਉਸ ਦਾ ਨਾਮ 'ਅਨੰਦ-ਮਯਾਖਯ' (ਅਨੰਦਮਈ ਕੋਸ਼)[2] ਜਾਣੋ। ਸੁੱਖ-ਪਤੀ ਇਸ ਵਿਚ ਵਰਤਦਾ ਹੈ। ਇਸ ਨੂੰ ਵੀ ਆਪਣਾ ਸਰੂਪ ਨਾ ਸਮਝੋ। ॥੨੬॥

ਇਸ ਤੋਂ ਅੱਗੇ ਹੈ, ਨਿਰੰਜਨ ਰੂਪ ਭਾਵ ਮਾਇਆ-ਰਹਿਤ ਅਨੂਪਮ-ਆਤਮਾ ਹੈ ਜੋ ਇੱਕ ਰਸ, ਇੱਕ ਰੰਗ, ਜਿਸ ਦੀ ਵੰਡ ਨਾ ਹੋ ਸਕਦੀ ਹੋਵੇ। ਉਸ ਦਾ ਫਿਰ ਨਾ ਮਰਨ, ਨਾ ਜਨਮ ਹੁੰਦਾ ਹੈ। ਖੁਸ਼ੀ ਦਾ, ਗਮੀ ਦਾ ਇਸ ਵਿਚ ਭੋਰਾ[3] ਭਰ ਵੀ ਵਰਣਨ ਨਹੀਂ ਹੁੰਦਾ। ॥੨੭॥

(ਇਸ ਅਵਸਥਾ ਵਿੱਚ) ਨਾ ਦੁੱਖਾਂ ਦੀ ਚਿੰਤਾ, ਨਾ ਹੀ ਮਾਇਆ ਦਾ ਮੋਹ, ਨਾ ਹੀ ਵਿਛੋੜੇ ਦਾ ਰੋਗ ਅਤੇ ਨਾ ਹੀ ਖੁਸ਼ੀਆਂ ਅਜਾਈਂ ਜਾਣ ਦਾ ਫਿਕਰ ਹੁੰਦਾ ਹੈ। ਸੱਚੀ ਚੇਤਨਾ[4] ਅਤੇ ਮਹਾਨ ਅਨੰਦ ਦੇ ਸਰੂਪ ਨੂੰ ਤੁਸੀਂ ਇਸ ਤਰਾਂ ਦਾ ਆਪਣਾ ਸਰੂਪ ਸਮਝੋ। ॥੨੮॥

ਯਥਾਰਥ ਵਿਚ ਇਸ ਆਤਮਾ ਵਿਚ ਪੰਜਾਂ ਤੱਤਾਂ ਦੇ ਵਿਸ਼ੇ-ਵਿਕਾਰਾਂ ਵਰਗੀ ਕੋਈ ਕਿਰਤ ਨਹੀਂ ਹੁੰਦੀ। ਸਾਰੀ ਅਸ਼ਾਂਤੀ-ਆਫਤ ਕਲਪਤ ਹੀ ਹੁੰਦੀ ਹੈ। ਜੈਸੇ ਰੱਸੀ[5] ਨੂੰ ਲੈ ਕੇ ਅਗਿਆਨੀ ਉਸ ਨੂੰ ਸੱਪ[6] ਜਾਣ ਕੇ ਭੈਭੀਤ[7] ਹੋ ਜਾਂਦਾ ਹੈ। ॥੨੯॥

ਕੋਈ ਫੁੱਲਾਂ ਦੀ ਮਾਲਾ ਹੋਣ ਦੀ ਕਲਪਨਾ ਕਰਦਾ, ਕੋਈ ਉਸ ਨੂੰ ਧਰਤੀ ਦੀ ਦਰਾੜ[8] ਵਾਂਗ ਸਮਝਦਾ।ਜੇਕਰ ਸੱਚੋ-ਸੱਚ ਗਿਆਨ ਹੋਵੇ, ਤਾਂ ਹੀ ਸਮਝੇਗਾ ਇਹ ਰੱਸੀ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ॥੩੦॥

ਇਸ ਲਈ ਹੀ ਜਗਤ ਦੇ ਅਗਿਆਨ ਦੇ ਹੋਣ ਦਾ ਕਾਰਨ ਹੈ। ਇਸ ਅਗਿਆਨ ਦਾ ਨਾਸ਼ ਕਰਕੇ ਇੱਕ ਚੇਤਨ ਰੂਪ ਨੂੰ ਤੱਕੋ। ਇਵੇਂ ਕਹਿੰਦੇ ਹੋਏ ਗੁਰੂ ਜੀ ਨੇ ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਅਤੇ ਆਪਣੇ ਸੇਵਕ ਦੀ ਸਾਰੀ ਅਵਿਦਿਆ ਦੂਰ[9] ਕਰ ਦਿੱਤੀ ਸੀ। ॥੩੧॥

ਤੇ ਜਦ ਆਤਮਾ-ਸਰੂਪ ਦਾ ਗੁਰੂ ਜੀ ਨੇ ਲਹਿਣਾ ਜੀ ਨੂੰ ਦਰਸ਼ਨ ਕਰਵਾਇਆ ਤਾਂ ਉਹ ਅਨੰਦ ਦੇ ਸਮੁੰਦਰ[10] ਵਿਚ ਹੀ ਜਾਣੋ ਸਮਾ ਗਏ ਹੋਣ। ਅਖੰਡ ਅਵਸਥਾ ਵਿਚ ਲਿਵਲੀਨ ਹੋ ਕੇ, ਲਹਿਣਾ ਜੀ ਦੀ ਸਮਾਧੀ[11] ਲੱਗ ਗਈ ਸੀ। ॥੩੨॥

ਜਾਣੋ ਕਰੋੜਾਂ[13] ਸੂਰਜ[12] ਚੜ੍ਹ ਗਏ ਹੋਣ ਉਸ ਦੀ ਕਿਰਪਾ ਨਾਲ ਇਹੋ-ਜਿਹਾ ਪ੍ਰਕਾਸ਼ ਪ੍ਰਗਟ ਹੋਇਆ। ਜਾਣੋ ਸਾਰਾ ਅਗਿਆਨਤਾ ਦਾ ਹਨ੍ਹੇਰਾ[14] ਦੂਰ ਹੋ ਗਿਆ ਹੋਵੇ ਤੇ ਅਗਿਆਨਤਾ ਦਾ ਲੇਸ-ਮਾਤਰ ਵੀ ਬਾਕੀ ਨਾ ਰਿਹਾ ਹੋਵੇ। ॥੩੩॥

SikhBookClub.Com

ਕਿਤਕ ਕਾਲ ਪੁਨ ਛੁਟੀ ਸਮਾਧਾ । ਪਿਖੇ ਅਗਾਰੀ ਗੁਰੂ ਅਗਾਧਾ।
ਪਰਜੋ[1] ਪਦ ਪੰਕਜ ਤਤਕਾਲਾ । ਲਗਜੋ ਪ੍ਰਸੰਸਨ ਪ੍ਰੇਮ ਬਿਸਾਲਾ॥੩੪॥

ਭਜੰਗ ਪ੍ਰਯਾਤ ਛੰਦ

'ਨਮੋ ਪਾਦਕੰਜੰ[2] ਗੁਰੂ ਗਜ਼ਾਨ ਗਜ਼ਾਤਾ! ਮਹਾਂ ਮੋਹ ਹੰਤਾ ਘਨਾਨੰਦ ਦਾਤਾ!
ਨਮੋ ਲੋਕ ਲੋਕੇਸ਼ੂਰੰ[3], ਲੋਕ ਕਰਤਾ! ਸਦਾ ਸਰਬ ਥਾਨੰ ਸਦਾ ਸਰਬ ਭਰਤਾ[4] ॥੩੫॥

ਪ੍ਰਲੈਕਾਲ ਕਾਰੀ ਨਮੋ ਸਰਬ ਨਾਥੰ! ਮੁਕੰਦੰ, ਪਖੰਡੰ ਨਕੰਦੰ ਪ੍ਰਮਾਥੰ!
ਧਰਜੋ ਦੇਹ ਹੇਤੰ[5] ਦੁਖੀ ਦੇਖ ਜੰਤੰ । ਕ੍ਰਿਪਾਲੰ ਬਿਸਾਲੰ, ਅਕਾਲੰ, ਅਨੰਤੰ!॥੩੬॥

ਕਈ ਕੋਟ ਤਾਰੇ ਅਘੰ ਓਘ[6] ਕਾਰੀ । ਮਹਾਂ ਦੂਖ ਦਾਹੇ, ਦਤਾਰੰ ਉਦਾਰੀ ।
ਪ੍ਰਮੰ ਪਰਮਈਸ਼ੰ,ਪ੍ਰਮੰ ਪਰਮ ਬੇਤਾ[7]! ਪ੍ਰਮੰ ਪਰਮ ਆਸ਼ੂ, ਪ੍ਰਮੰ ਪਰਮ ਜੇਤਾ ॥੭॥

ਪ੍ਰਮਾਨੰਦ ਮਾਧੋ, ਪ੍ਰਮੰ ਪ੍ਰੇਮਿ ਪਾਸੰ[8]! ਪ੍ਰਭੂ ਪਰਮ ਪੂਰੰ, ਪ੍ਰਮੰ ਪਜ਼ਾਰ ਦਾਸੰ!
ਅਪ੍ਰੋਖੰ ਸੁ ਪ੍ਰੋਖ਼ੰ ਪ੍ਰਮੰ ਰੂਪ ਤੇਰੋ । ਤੁਹੀ ਏਕ ਨਮੰਤਾ[9] ਸਦਾ ਮਾਯ ਕੇਰੋ॥੩੮॥

ਸਮਾਨੰ ਨ ਆਨੰ, ਬਖਾਨੰ ਕਿ ਕੀਜੈ । ਨਿਧਾਨੰ ਮਹਾਨੰ ਸੁ ਜਾਨੰ ਭਨੀਜੈ।
ਪੁਰਾਨੰ[10] ਸੁਭਾਨੰ[11], ਪ੍ਰੇਮੰ, ਪਵਿੱਤ੍ਰੰ! ਨਿਰਾਲੰਬ ਨਾਥੰ ਨਿਰਾਲੰਬ[12] ਚਿੱਤ੍ਰੰ ॥੩੯॥

ਨਿਰਾਕਾਰ[13] ਸਾਕਾਰ[14] ਏਕੋ ਤੁਹੀ ਹੈ! ਅਜਾ[15] ਤੇ, ਪਰੈ ਰੂਪ ਤੇਰੋ ਸਹੀ ਹੈ।
ਅਲੱਖੰ, ਅਭੱਖੰ, ਅਕੱਥੰ, ਅਲੇਖੰ! ਅਮੋਹੰ, ਅਦ੍ਰੋਹੰ, ਅਜੋਹੰ, ਅਭੇਖੰ॥**੪੦**॥

ਨ ਮਿੱਤ੍ਰੰ ਅਕਿੱਤ੍ਰੰ ਸੁ ਨਿੱਤ੍ਰੰ ਅਜਿੱਤ੍ਰੰ । ਅਮਾਯੰ ਸੁ ਦਾਸੰ ਸਹਾਯੰ ਤ ਚਿੱਤ੍ਰੰ।
ਮਨੰ ਕਾਨਨੰ[16] ਕਾਮ ਕ੍ਰੋਧਾਦਿ[17] ਗੈ ਸੇ । ਤੁਮਾਰੇ ਸੁ ਬੈਨੰ ਅਹੈ[18] ਸਿੰਘ ਜੈਸੇ॥੪੧॥

SikhBookClub.Com

ਫਿਰ ਕੁਝ ਸਮੇਂ ਬਾਅਦ ਜਦੋਂ ਉਨ੍ਹਾਂ ਦੀ ਸਮਾਧੀ ਖੁੱਲ੍ਹੀ ਤੇ ਆਪਣੇ ਅੱਗੇ ਅਗਾਧ ਰੂਪ ਗੁਰੂ ਜੀ (ਨਾਨਕ ਜੀ) ਨੂੰ ਬੈਠੇ ਹੋਏ ਤੱਕਿਆ ਤਾਂ ਉਹ ਤੁਰੰਤ ਹੀ ਗੁਰੂ ਜੀ ਦੇ ਚਰਨ-ਕਮਲਾਂ ਵਿੱਚ ਜਾ ਪਏ[1] ਤੇ ਉਹ ਬਹੁਤ ਹੀ ਪ੍ਰੇਮ ਸਹਿਤ ਪਰਸੰਸਾ ਕਰਦੇ ਹੋਏ ਕਹਿਣ ਲੱਗੇ। ॥੩੪॥

ਭੁਜੰਗ ਪ੍ਰਯਾਤ ਛੰਦ

"ਹੇ ਗਿਆਨ ਦੇ ਗਿਆਤਾ ਗੁਰੂ ਜੀ, ਆਪ ਦੇ ਚਰਨ-ਕਮਲਾਂ[2] ਵਿਚ ਨਮਸਕਾਰ ਹੋਵੇ, ਆਪ ਮਹਾਂਮੋਹ ਦਾ ਨਾਸ਼ ਕਰਨਹਾਰੇ ਹੋ ਅਤੇ ਘਣੇ (ਬੇਅੰਤ) ਅਨੰਦ ਦੇ ਦਾਤਾ ਹੋ। ਭਵਨਾਂ (ਤਬਕਾਂ) ਦੇ ਸਿਰਜਕ, ਲੋਕਾਈ ਦੇ ਈਸ਼ਵਰ[3]! ਆਪ ਨੂੰ ਨਮਸਕਾਰ! ਆਪ ਸਦਾ ਸਭ ਥਾਂਈਂ ਬਿਰਾਜਤ ਹੋ, ਸਭ ਨੂੰ ਪਾਲਣਹਾਰੇ[4] ਹੋ ॥੩੫॥

ਪਰਲੋ-ਕਾਲ ਕਰਨਹਾਰੇ, ਹੇ ਸਵਾਮੀ ਆਪ ਨੂੰ ਨਮਸਕਾਰ। ਹੇ ਮੁਕਤੀਦਾਤਾ, ਪਾਖੰਡਾਂ ਦਾ ਨਾਸ਼ ਕਰਨਹਾਰੇ, ਦੁੱਖ ਦੂਰ ਕਰਨਹਾਰੇ! ਆਪ ਨੇ ਜੰਤਾਂ ਨੂੰ ਦੁਖੀ ਵੇਖ ਕੇ ਇਸ ਲਈ[5] ਹੀ ਇਹ ਜਨਮ ਧਾਰਿਆ ਹੈ। ਹੇ ਕਿਰਪਾਲੂ! ਹੇ ਅਨੰਤ, ਹੇ ਕਾਲ-ਰਹਿਤ! ॥੩੬॥

ਆਪ ਨੇ ਪਾਪ[6] ਕਰਨ ਵਾਲੇ ਕਰੋੜਾਂ ਲੋਕ ਤਾਰ ਦਿੱਤੇ। ਹੇ ਦੁੱਖਾਂ ਦਾ ਨਾਸ਼ ਕਰਨਹਾਰੇ, ਹੇ ਉਦਾਰੀ ਦਾਤਾਰ! ਹੇ ਵੱਡਿਆਂ ਤੋਂ ਵੱਡੇ ਈਸ਼ਵਰ, ਵੱਡਿਆਂ ਤੋਂ ਵੱਡੇ ਗਿਆਤਾ[7]! ਵੱਡਿਆਂ ਤੋਂ ਵੱਡਾ ਆਸਰਾ ਦੇਣ ਹਾਰੇ, ਆਪ ਵੱਡੇ ਤੋਂ ਵੱਡਿਆਂ ਨੂੰ ਜੇਤੂ ਹੋ। ॥੩੭॥

ਹੇ ਪਰਮਾਨੰਦ ਮਾਧੋ! ਆਪ ਪ੍ਰੇਮੀਆਂ ਦੇ ਅਤਿ ਨਿਕਟਵਰਤੀ[8] ਹੋ! ਹੇ ਪਰਮ ਪੂਰਨ ਪ੍ਰਭੂ! ਸੇਵਕਾਂ ਦੇ ਪਰਮ-ਪਿਆਰੇ ਹੋ! ਆਪ ਛੁਪੇ ਹੋਏ ਰੂਪ ਤੋਂ ਪ੍ਰਗਟ ਹੋਏ ਹੋ। ਆਪ ਦਾ ਇਹ ਗੁਰੂ-ਰੂਪ ਬਹੁਤ ਮਹਾਨ ਹੈ। ਹਮੇਸ਼ਾ ਕਿਰਪਾ ਕਰਨ ਦੇ ਸਿਰਫ ਆਪ ਹੀ ਇੱਕ ਪ੍ਰੇਰਕ[9] ਹੋ। ॥੩੮॥

ਆਪ ਦੇ ਸਮਾਨ ਕੋਈ ਨਹੀਂ ਆਇਆ, ਆਪ ਦਾ ਕਿਸ ਤਰਾਂ ਵਰਣਨ ਕਰੀਏ? ਆਪ ਬਹੁਤ ਹੀ ਮਹਾਨ-ਖਜ਼ਾਨੇ ਹੋ। ਅਸੀਂ ਤਾਂ ਜਿੰਨਾ ਜਾਣਦੇ ਹਾਂ, ਉਨਾਂ ਹੀ ਕਹਿ ਸਕਦੇ ਹਾਂ। ਹੇ ਆਪ ਅਸਚਰਜ[11] ਰੂਪ ਹੋ, ਪੁਰਾਣੇ[10] ਭਾਵਾਂ ਨੂੰ ਜਾਣਨਹਾਰੇ ਹੋ! ਪ੍ਰੇਮ-ਰੂਪ ਹੋ! ਪਵਿੱਤਰ ਸਰੂਪ ਹੋ! ਆਪ ਨਿਆਸਰਿਆਂ ਦਾ ਸਹਾਰਾ ਹੋ, ਆਪ ਦਾ ਸਰੂਪ ਨਿਰਆਸਰੇ[12] ਹੈ ॥੩੯॥

ਇੱਕ ਤੁਸੀਂ ਹੀ ਹੋ ਜੋ ਰੂਪ-ਰਹਿਤ[13] ਵੀ ਤੇ ਰੂਪ-ਵਾਲੇ[14] ਵੀ ਹੋ। ਆਪ ਦਾ ਸਰੂਪ ਮਾਇਆ[15] ਤੋਂ ਦੂਰ ਹੈ, ਜੋ ਜਾਣਿਆ ਨਹੀਂ ਜਾ ਸਕਦਾ। ਨਾ ਹੀ ਖਾਣ ਦੀ ਲੋੜ ਰੱਖਣ ਵਾਲੇ ਹੋ, ਕਥਨ-ਰਹਿਤ ਹੋ, ਕਿਸੇ ਲੇਖੇ ਅਧੀਨ ਨਹੀਂ ਹੋ, ਆਪ ਦਾ ਸਰੂਪ ਮੋਹ ਰਹਿਤ, ਜੋ ਛਲਿਆ ਨਹੀਂ ਜਾ ਸਕਦਾ, ਜੋ ਅੱਖਾਂ ਨਾਲ ਤੱਕਿਆ ਨਹੀਂ ਜਾ ਸਕਦਾ ਅਤੇ ਜੋ ਭੇਖ ਰਹਿਤ ਹੈ ॥੪੦॥

ਆਪ ਮਿੱਤ ਰਹਿਤ ਹੋ, ਅਪ੍ਰਮਾਣ ਹੋ, ਬੇਹੱਦ ਹੋ, ਜਸ ਵਾਲੇ ਹੋ, ਸਦੀਵੀ ਹੋ, ਜਿਨ੍ਹਾਂ ਨੂੰ ਕਦੇ ਵੀ ਜਿੱਤਿਆ ਨਹੀਂ ਜਾ ਸਕਦਾ। ਆਪ ਮਨ ਤੋਂ ਦਾਸਾਂ ਦੇ ਸਹਾਇਕ, ਉਨ੍ਹਾਂ ਨੂੰ ਮਾਇਆ-ਰਹਿਤ ਕਰਨਹਾਰੇ ਹੋ। ਮਨ ਰੂਪੀ ਜੰਗਲ[16] ਵਿਚ ਜੋ ਕਾਮ-ਕਰੋਧ[17] ਹਾਥੀ ਵਰਗੇ ਹਨ ਪਰ ਤੁਹਾਡੇ ਜੋ ਬੋਲ ਹਨ, ਉਹ ਸ਼ੇਰਾਂ[18] ਜੈਸੇ ਦਬਾ ਦੇਣ ਵਾਲੇ ਹਨ। ॥੪੧॥

SikhBookClub.Com

ਅੰਧੇਰੇ ਮਹਾਂ ਮੋਹ ਕੋ ਮਾਰਤੰਡੰ[1] । ਨਿਰੀਹੰ[2], ਨ੍ਰਿਬਾਣੰ, ਸਦਾ ਜੈ ਅਖੰਡੰ ।
ਦੁਖੰ ਦ੍ਵੰਦ ਸਿਧੰ[3] ਅਗਸਤੰ[(*2)] ਅਨੂਪੰ । ਨਮਸਤੰ ਨਮਸਤੰ ਨਮਸਤੰ ਸਰੂਪੰ' ॥੪੨॥

ਦੋਹਰਾ

ਇਸ ਬਿਧਿ ਉਸਤਤਿ ਕਰ ਬਹੁਰ ਰਹਜੋ ਚਰਨ ਲਪਟਾਇ।
ਪਠੈ ਸੁਨੈ ਇਸਕੋ ਜੁ ਨਰ ਸਰਬ ਫਲੰ ਸੁਖ ਪਾਇ॥੪੩॥

ਚੌਪਈ

'ਧੰਨ ਗੁਰੂ ਤੁਮਰੀ ਗਤਿ ਨਜਾਰੀ । ਅਚਰਜ ਰੂਪ ਸੁ ਦੀਨ ਦਿਖਾਰੀ।
ਭਰਮ ਕਪਾਟ[4] ਸੁ ਕਾਟ ਹਟਾਏ।ਪਰਮਾਨੰਦ ਮਝਾਰ ਮਿਲਾਏ' ॥੪੪॥

ਸੁਨਤ ਗਜਾਨਘਨ ਪਰਮ ਕ੍ਰਿਪਾਲਾ । ਪਰਸੀਦੇ ਤਿਹ ਕਾਲ ਬਿਸਾਲਾ।
ਸਰਬ ਸਿੱਧਿ[5] ਸ਼ਕਤੀ ਹੈਂ ਜੇਤੀ । ਖਰੀ ਅਗਾਰੀ ਕਰ ਦਿਯ ਤੇਤੀ॥੪੫॥

'ਸੁਨ ਪੁਰਖਾ ਤੁਝ ਭਾ ਅਬ ਗਜਾਨਾ । ਦ੍ਵੈਤ ਭਾਉ ਉਰ ਤੇ ਬਿਸਰਾਂਨਾ।
ਸਰਬ ਜਿ ਸ਼ਕਤੀ ਪ੍ਰਾਪਤਿ ਹੋਈ । ਚਹਹੁ ਸੁ ਕਰਹੁ ਬਿਲੰਬ[6] ਨ ਕੋਈ॥੪੬॥

ਤੱਦਪਿ ਸੁਨ ਮੋਰੀ ਮਤਿ ਜੋਊ । ਨੀਕੇ ਦ੍ਰਿਢ ਕੀਜੈ ਉਰ ਸੋਊ।
ਪ੍ਰਬਲ ਬਡੋ ਕਲਿਕਾਲ ਅਗਾਰੀ । ਉਪਜੈਂ ਮੰਦਮਤੀ[7] ਨਰ ਭਾਰੀ॥੪੭॥

—ਅਹੰ ਬ੍ਰਹਮ— ਜੋ ਗਜਾਨ ਮੁਕੰਦਾ[8] । ਜਿਸ ਤੇ ਪ੍ਰਾਪਤਿ ਨਿੱਤ ਅਨੰਦਾ।
ਸੋ ਤੌ ਨੀਕੇ ਹਿਰਦੇ ਮਾਂਹੀ । ਮੁਖ ਤੇ ਕਹਨ ਭਲੋ ਅਬ ਨਾਂਹੀ॥੪੮॥

ਬੋਲਨ ਭਾਉ ਭਗਤਿ ਕੀ ਰੀਤੀ । ਸਤਿ ਸੰਗਤ ਕਰਨੋਂ ਯੁਤ ਪ੍ਰੀਤੀ।
ਅਪਨ ਆਪ ਕੋ ਕਬਿ ਨ ਜਨਾਵਨ[9] । ਗੁਰ ਸੇਵਨ ਦਿਨ ਰੈਨ ਬਿਤਾਵਨ॥੪੯॥

ਜਿਸ ਅਚਾਰ[10] ਕੋ ਨਰ ਸਭ ਦੇਖਾ । ਲਗਹਿ ਕਰਨ ਹ੍ਵੈ ਭਲਾ ਵਿਸੇਖਾ।
ਸਭ ਤੇ ਨੀਚ ਆਪਕੋ ਮਾਨੈਂ । ਰਿਦੇ ਹੰਕਾਰ ਨ ਕਬਹੂੰ ਠਾਨੈਂ॥੫੦॥

SikhBookClub.Com

ਮਹਾਂ-ਮੋਹ ਰੂਪੀ ਹਨ੍ਹੇਰੇ ਅੱਗੇ ਆਪ ਸੂਰਜਾਂ[1] ਦੇ ਸਮਾਨ ਹੋ। ਆਪ ਇੱਛਾ-ਰਹਿਤ[2] ਹੋ, ਨਿਰਬਾਣ ਹੋ, ਹੇ ਖੰਡਨ ਰਹਿਤ! ਤੁਹਾਡੀ ਸਦਾ ਹੀ ਜੈ ਹੋਵੇ। ਆਪ ਦਵੰਦ ਦੁੱਖਾਂ ਰੂਪੀ ਸਮੁੰਦਰ[3] ਨੂੰ ਪੀਣ ਹਾਰੇ, 'ਅਗਸਤ ਮੁਨੀ' ਦੇ ਸਮਾਨ ਹੋ" ॥੪੨॥

ਦੋਹਰਾ

ਇਸ ਤਰਾਂ ਅਨੇਕ ਤਰਾਂ ਨਾਲ ਉਸਤਤ ਕਰਕੇ ਭਾਈ ਲਹਿਣਾ ਜੀ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ। ਜੋ ਮਨੁੱਖ ਇਸ ਨੂੰ ਪੜ੍ਹੇਗਾ, ਸੁਣੇਗਾ, ਉਹ ਸਾਰੇ ਸੁੱਖ ਪ੍ਰਾਪਤ ਕਰੇਗਾ। ॥੪੩॥

ਚੌਪਈ

"ਗੁਰੂ ਜੀ ਆਪ ਧੰਨ ਹੋ, ਆਪ ਦੀ ਲੀਲਾ ਨਿਆਰੀ ਹੈ। ਆਪ ਨੇ ਅਚਰਜ ਸਰੂਪ ਦਿਖਾ ਕੇ ਮੇਰੇ ਸਾਰੇ ਭਰਮ-ਦੇ ਬੂਹੇ[4] ਕੱਟ ਕੇ ਦੂਰ ਕਰ ਦਿੱਤੇ। ਮਨ ਪਰਮ-ਅਨੰਦ ਨਾਲ ਮਿਲਾ ਦਿੱਤਾ ਹੈ"॥੪੪॥

ਗਿਆਨ ਦੇ ਮੇਘ ਕਿਰਪਾਲੂ (ਗੁਰੂ ਜੀ), ਲਹਿਣਾ ਜੀ ਦੇ ਇਹ ਬੋਲ ਸੁਣ ਕੇ ਬਹੁਤ ਹੀ ਪਰਸੰਨ ਹੋਏ ਤੇ ਆਪਣੀਆਂ ਸਾਰੀਆਂ ਸ਼ਕਤੀਆਂ (ਰਿੱਧੀਆਂ-ਸਿੱਧੀਆਂ)[5] ਜੋ ਵੀ ਸਨ, ਸਾਰੀਆਂ ਹੀ ਉਸ ਦੇ ਅੱਗੇ ਕਰ ਦਿੱਤੀਆਂ। ॥੪੫॥

ਤੇ ਕਿਹਾ, "ਹੇ ਪੁਰਖਾ ਸੁਣ! ਤੈਨੂੰ (ਬ੍ਰਹਮ ਦਾ) ਗਿਆਨ ਪ੍ਰਾਪਤ ਹੋ ਗਿਆ ਹੈ, ਮਨ ਤੋਂ ਦਵੈਤ-ਭਾਵ ਦਾ ਨਾਸ਼ ਕਰ ਦਿੱਤਾ ਹੈ, ਸਾਰੀ ਸ਼ਕਤੀ, ਜੋ ਪ੍ਰਾਪਤ ਹੋ ਚੁੱਕੀ ਹੈ। ਹੁਣ ਜੋ ਚਾਹੋ, ਸੋ ਕਰੋ, ਕੋਈ ਦੇਰੀ[6] ਨਹੀਂ ਲੱਗੇਗੀ। ॥੪੬॥

ਫਿਰ ਵੀ ਮੇਰੀ ਬੁੱਧੀ ਮੁਤਾਬਕ, ਜੋ ਹੈ, ਸੁਣੋ ਤੇ ਆਪਣੇ ਮਨ ਵਿਚ ਉਸ ਨੂੰ ਚੰਗੀ ਤਰਾਂ ਨਾਲ ਦ੍ਰਿੜ੍ਹ ਕਰ ਲਵੋ। ਅੱਗੇ ਭਿਆਨਕ ਕਲਜੁਗ ਦਾ ਬਹੁਤ ਜ਼ੋਰ ਹੈ, ਇਸ ਵਿੱਚ ਬਹੁਤ ਖੋਟੀ-ਬੁੱਧੀ[7] ਵਾਲੇ ਲੋਕ ਪੈਦਾ ਹੋਣਗੇ। ॥੪੭॥

ਜੋ ਮੁਕਤੀ[8] ਦੇਣ ਵਾਲਾ -ਬ੍ਰਹਮਗਿਆਨ- ਹੈ, ਜਿਸ ਸਦਕੇ ਮਨ ਨੂੰ ਸਦਾ ਅਨੰਦ ਪ੍ਰਾਪਤ ਹੁੰਦਾ ਹੈ। ਉਹ ਤੇਰੇ ਹਿਰਦੇ ਅੰਦਰ ਸਮਾ ਗਿਆ ਹੈ, ਮੁੱਖ ਤੋਂ ਕਹਿਣਾ ਹੁਣ ਚੰਗਾ ਨਹੀਂ। ॥੪੮॥

ਬੋਲਣ ਵਿੱਚ ਪ੍ਰੇਮ-ਭਗਤੀ ਦੀ ਰੀਤੀ ਹੋਵੇ। ਸਤਿਸੰਗਤ ਨਾਲ ਪ੍ਰੀਤ ਰੱਖਣੀ ਹੈ। ਆਪਣੇ-ਆਪ ਨੂੰ ਕਦੇ ਨਹੀਂ ਜਣਾਉਣਾ[9]।ਗੁਰੂ ਦਾ ਸਿਮਰਨ ਕਰਦਿਆਂ ਦਿਨ-ਰਾਤ ਗੁਜ਼ਾਰਨਾ ਹੈ। ॥੪੯॥

ਤਾਂ ਕਿ ਤੇਰੇ ਇਸ ਰਵੱਈਏ[10] ਨੂੰ ਵੇਖ ਕੇ ਸਾਰੇ ਲੋਕ ਤੇਰੇ ਨਾਲ ਇਸੇ ਤਰਾਂ ਹੀ ਕਰਨ ਲੱਗ ਪੈਣ। ਆਪਣੇ ਚਿੱਤ ਵਿਚ ਕਦੇ ਵੀ ਹੰਕਾਰ ਨਹੀਂ ਲਿਆਉਣਾ ਅਤੇ ਆਪਣੇ-ਆਪ ਨੂੰ ਸਭ ਤੋਂ ਨਿਮਾਣਾ (ਨਿਮਰ) ਮੰਨਣਾ ਹੈ। ॥੫੦॥

SikhBookClub.Com

ਦੋਹਰਾ

ਬ੍ਰਹਮਗਿਆਨੀ ਹੋਇ ਜੇ ਅਹੰ ਬ੍ਰਹਮ ਕਹਿ ਜੋਇ।
ਸੋ ਤੌ ਸਦ ਹੀ ਮੁਕਤ ਹੈ ਤਾਂਹਿ ਬਿਕਾਰ[1] ਨ ਕੋਇ ॥੫੧॥

ਚੌਪਈ

ਪਰ ਕਲਿ ਕੇ ਨਰ ਹ੍ਵੈਂ ਸਿੱਖ ਤਾਂਹੀ । ਜਿਨ ਕੇ ਰਿਦੇ ਸੁੱਧ ਭਲ[2] ਨਾਹੀਂ ।
ਸੁਨ ਕੇ ਕਹਿਨ ਲਗੈਂ ਪੁਨ ਤੈਸੇ । ਗੁਰੂ ਬਦਨ ਤੇ ਭਾਖੈਂ ਜੈਸੇ॥੫੨॥

ਤ੍ਰਿਨ ਕੀ ਜਿਉਂ ਹੈ ਰੀਤ ਕੁਢਾਲੀ[3] । ਸੋ ਸੁਨ ਲੇਹੁ ਕਹੌਂ ਬਿਧ ਨਾਲੀ।
ਗਜਾਨ ਸਮਾਨ ਘ੍ਰਿੱਤ[4] ਕੇ ਜਾਨਹੁ । ਉੱਤਮ, ਗਰਵ ਵਿਸ਼ੇਸ਼ ਪ੍ਰਮਾਨਹੁ॥੫੩॥

ਕਫ[5] ਸੁਭਾਵ ਜਿਨ ਕੇਰ ਮਹਾਨਾ । ਤੇ ਨਰ ਘ੍ਰਿਤ ਕਰਹੀਂ ਜੇ ਪਾਨਾ[6]।
ਪਚੇ ਨਹੀਂ ਸੋ ਕਰਤ ਬਿਕਾਰਾ[7]। ਛਾਤੀ ਬੋਝ ਹੋਤ ਦੁਖ ਭਾਰਾ॥੫੪॥

ਹੋਤ ਰੋਗ ਕੋ ਕਾਰਣ ਸੋਈ । ਤਹਿਂ ਤੇ ਸੁਖੀ ਸਰੀਰ ਨ ਹੋਈ।
ਅਚਜੋ ਹੇਤ ਸੁਖ, ਹ੍ਵੈ ਬਿੱਪ੍ਰੀਤਾ[8] । ਗੁਨ ਤੋ ਰਹਜੋ ਸੁ ਔਗੁਨ ਕੀਤਾ॥੫੫॥

ਪਿੱਤੀ ਕੋ ਜਿਨ ਕੇਰ ਸੁਭਾਊ । ਤੇ ਘ੍ਰਿਤ ਪੀ ਕਰ ਚਹੈਂ ਪਚਾਊ[9]।
ਤਿਨ ਕੋ ਅਤੀਸਾਰ[10] ਦੁਖ ਹੋਈ । ਮਿਟਤ ਨ ਕਰੇ ਉਪਾਇ ਜਿ ਕੋਈ॥੫੬॥

ਅਹੈਂ ਬਿਚੱਛਨ ਮਾਨਵ ਜੋਈ । ਠਟੇ ਅਮੇਜ਼[11] ਤਾਂਹਿ ਕੋ ਸੋਈ।
ਮਿਸਰੀ ਕੀ ਕਰ ਸੰਗ ਮਿਲੌਨੀ । ਖਾਇਂ ਸਾਦ ਸੋਂ ਪੁਨ ਗੁਨ ਲੌਨੀ[12]॥੫੭॥

ਤੈਸੇ ਸੁਨਹੁ ਗਜਾਨ ਕੀ ਚਾਲੀ । ਪਾਇ ਰੀਤ ਜਿਸ ਹੋਤ ਕੁਢਾਲੀ।
ਜਿਨ ਕੋ ਕਫ ਹੰਕਾਰ ਘਨੇਰਾ । ਸੁਨਤ ਗਜਾਨ ਤਿਨ ਵਧੇ ਵਧੇਰਾ॥੫੮॥

ਸਭ ਤੈ ਊਚ ਆਪ ਕੋ ਜਾਨੈਂ । ਅਨਿਕ ਪਖੰਡਨ ਕੀ ਬਿਧ ਠਾਨੈਂ।
ਭਗਤਿ ਭਾਉ ਤਜ ਨਿਵੈਂ[13] ਨ ਕਾਹੂ । ਛਾਤੀ ਰੋਗ ਬੋਝ ਹੁਇ ਤਾਹੂੰ ॥੫੯॥

SikhBookClub.Com

ਦੋਹਰਾ

ਜੋ (ਸੱਚਮੁੱਚ ਹੀ) ਕੋਈ ਬ੍ਰਹਮਗਿਆਨੀ ਹੋਵੇ ਤੇ ਆਪਣੇ ਆਪ ਨੂੰ ਬ੍ਰਹਮਗਿਆਨੀ ਕਹਾਵੇ ਤਾਂ ਉਹ ਸਦਾ ਮੁਕਤ ਹੁੰਦਾ ਹੈ, ਉਸ ਨੂੰ ਕੋਈ ਵਿਸ਼ਾ-ਵਿਕਾਰ[1] ਨਹੀਂ ਹੁੰਦਾ। ॥੫੧॥

ਚੌਪਈ

ਕਲਜੁਗ ਵਿਚ ਬ੍ਰਹਮਗਿਆਨੀ ਦੇ ਸੇਵਕ ਅਜਿਹੇ ਹੋਣਗੇ, ਜਿਨ੍ਹਾਂ ਦੇ ਮਨਾਂ ਦੇ ਭਾਵ ਚੰਗੀ[2] ਤਰਾਂ ਪਵਿੱਤਰ ਨਹੀਂ ਹੋਣਗੇ। ਉਹ ਉਵੇਂ ਹੀ ਸੁਣ ਕੇ ਕਹਿਣਗੇ, ਜੋ ਗੁਰੂ ਕਹਿੰਦਾ ਹੈ। ॥੫੨॥

ਉਨ੍ਹਾਂ ਦੀ ਜੋ ਮਾੜੀ[3] ਰੀਤ ਹੋਵੇਗੀ, ਉਹ ਸੁਣੋ। ਮੈਂ ਤਰੀਕੇ ਨਾਲ ਵਰਣਨ ਕਰਦਾ ਹਾਂ। ਉਨ੍ਹਾਂ ਪਾਸ ਜੋ ਗਿਆਨ ਹੋਵੇਗਾ, ਸਮਝੋ ਉਹ ਘਿਉ[4] ਦੇ ਸਮਾਨ ਹੋਵੇਗਾ ਜੋ ਉੱਤਮ ਹੁੰਦਾ ਹੈ ਪਰ ਭਾਰੀ (ਨਾ ਪਚਣ ਵਾਲਾ) ਹੁੰਦਾ ਹੈ। ॥੫੩॥

ਜਿਨ੍ਹਾਂ ਬੰਦਿਆਂ ਨੂੰ ਬਹੁਤ ਬਲਗਮ[5] ਦੀ ਸ਼ਿਕਾਇਤ ਹੋਵੇ ਤੇ ਉਹ ਬੰਦੇ ਜੇ ਘਿਉ ਖਾਂਦੇ[6] ਹਨ ਤਾਂ ਪਚਦਾ ਨਹੀਂ ਤੇ ਨੁਕਸਾਨ[7] ਕਰਦਾ ਹੈ, ਉਨ੍ਹਾਂ ਦੀ ਛਾਤੀ ਵਿੱਚ, ਭਾਰੀ ਤਕਲੀਫ ਹੋਣ ਲੱਗ ਪੈਂਦੀ ਹੈ। ॥੫੪॥

ਉਹ ਘਿਉ, ਰੋਗ ਦਾ ਕਾਰਨ ਬਣਦਾ ਹੈ ਤੇ ਉਸ ਕਰਕੇ, ਉਸ ਦਾ ਸਰੀਰ ਸੁਖੀ ਨਹੀਂ ਰਹਿੰਦਾ। ਉਸ ਨੇ ਤਾਂ ਸੁੱਖ (ਸਵਾਦ) ਲਈ ਚੰਗਾ ਜਾਣ ਕੇ ਖਾਧਾ ਸੀ, ਪਰ ਹੁੰਦਾ ਉਲਟ[8] ਹੈ। ਉਹ ਗੁਣਕਾਰੀ ਹੋਣ ਤੋਂ ਰਿਹਾ, ਸਗੋਂ ਉਸ ਨੇ (ਉਲਟਾ) ਨੁਕਸਾਨ ਕਰ ਦਿੱਤਾ। ॥੫੫॥

ਜਿਨ੍ਹਾਂ ਲੋਕਾਂ ਦਾ ਪਿੱਤੀ ਵਾਲਾ ਸੁਭਾਅ ਹੁੰਦਾ ਹੈ, ਜੇਕਰ ਘਿਉ ਖਾ ਕੇ ਉਹ ਚਾਹੇ ਮੈਂ ਪਚਾ[9] ਲਵਾਂਗਾ। ਉਸ ਨੂੰ ਘਿਉ ਖਾ ਕੇ ਬਹੁਤ ਹੀ ਦੁਖ[10] ਹੁੰਦਾ ਹੈ, ਦਸਤ ਲੱਗ ਜਾਂਦੇ ਹਨ ਅਤੇ ਲੱਖ ਉਪਾਅ ਕਰਨ ਉੱਤੇ ਵੀ ਹਟਣ ਵਿਚ ਨਹੀਂ ਆਉਂਦੇ। ॥੫੬॥

ਜੋ ਬੰਦਿਆਂ ਦੇ ਅਜਿਹੇ ਲੱਛਣ ਹੁੰਦੇ ਹਨ,ਉਨ੍ਹਾਂ ਨੂੰ ਕੁਝ ਰਲਾ[11] ਕੇ ਦੇਣਾ ਹੁੰਦਾ ਹੈ।(ਘਿਉ ਵਿੱਚ) ਮਿਸਰੀ ਰਲਾ ਕੇ ਦਿੱਤੀ ਜਾਂਦੀ ਹੈ ਤਾਂ ਫਿਰ ਘਿਉ ਦਾ ਗੁਣ ਚੰਗਾ[12] ਹੋ ਜਾਂਦਾ ਹੈ। ॥੫੭॥

ਇਸੇ ਤਰਾਂ ਹੀ ਗਿਆਨ ਦੀ ਚਾਲ ਬਾਰੇ ਸੁਣੋ, ਜਿਸ ਦੇ ਰਾਹੀਂ ਮਾੜੀ ਰੀਤ ਪੈਦਾ ਹੁੰਦੀ ਹੈ। ਜਿਨ੍ਹਾਂ ਅੰਦਰ ਬਹੁਤ ਹੀ ਹੰਕਾਰ ਰੂਪੀ ਕਫ (ਖੰਘ) ਹੁੰਦੀ ਹੈ, ਉਨ੍ਹਾਂ ਅੰਦਰ ਗਿਆਨ ਦੀ ਗੱਲ ਜਾਣ ਨਾਲ ਇਹ ਹੰਕਾਰ ਹੋਰ ਵੱਧ ਜਾਂਦਾ ਹੈ। ॥੫੮॥

ਉਹ ਲੋਕ ਆਪਣੇ-ਆਪ ਨੂੰ ਸਭ ਤੋਂ ਵੱਡਾ ਸਮਝਦੇ ਹਨ ਤੇ ਭਾਂਤ-ਭਾਂਤ ਦੇ ਪਾਖੰਡ ਕਰਨ ਦੇ ਢੰਗ ਸੋਚਦੇ ਹਨ। ਭਗਤੀ-ਭਾਵ ਦੇ (ਮਾਰਗ) ਨੂੰ ਛੱਡਣ ਕਰਕੇ ਉਹ ਕਿਵੇਂ ਵੀ ਨਿਉਂਦੇ[13] ਨਹੀਂ। ਅਜਿਹੇ ਮਨੁੱਖਾਂ ਅੰਦਰ ਤਾਂ ਹੀ ਇਹ ਛਾਤੀ ਰੋਗ ਦਾ ਬੋਝ ਪਿਆ ਰਹਿੰਦਾ ਹੈ। ॥੫੯॥

SikhBookClub.Com

ਜਨਮ ਮਰਨ ਕੀ ਪੀਰਾ ਪਾਈ । ਸੁਖ ਤੋ ਰਹਜੋ,ਭਯੋ ਦੁਖਦਾਈ।
ਪਿੱਤੀ ਬਿਸ਼ੈ ਬਾਸ਼ਨਾ ਜਾਂਹੀ । ਤੇ ਸੁਨ ਕੇ ਨਿਸੰਕ[1] ਹੁਇ ਜਾਹੀਂ॥੬੦॥

ਬੀਚ ਬਿਸ਼ੈ ਕੇ ਫਸਕੇ ਸੋਈ।ਓਰਕ[2] ਨਰਕ ਗਮਨ ਤਿਨ ਹੋਈ।
ਬਿਸ਼ਜਨ ਬਿਖੇ ਪ੍ਰਵਿਰਤਨ ਜੋਈ । ਅਤੀਸਾਰ ਇਹ ਖਰੋ ਦੁਖੋਈ॥੬੧॥

ਤਾਂਤੇ ਮਿਸਰੀ ਭਗਤਿ ਸੰਜੁਤੀ[3] । ਲਖਹਿਂ ਗਜਾਨ ਤਿਨ ਕੀ ਮਤਿ ਪੂਤੀ[4]।
ਨਿਸ਼ਚਾ ਰਿਦੇ ਗਜਾਨ ਕੋ ਧਰਹੀਂ । ਭਾਉ ਭਗਤਿ ਬਾਹਰ ਸੁਭ ਕਰਹੀਂ॥੬੨॥

ਤਿਨਕੋ ਦੁਖ ਨਹਿਂ ਲਾਗੇ ਕੋਈ । ਸੁਖਾ ਭਾ, ਪਹੁੰਚ ਪਰਮ ਪਦ ਹੋਈ।
ਇਹ ਸਿੱਧਾਂਤ ਸਬਨ ਤੇ ਨੀਕਾ । ਹੁਇ ਉਧਾਰ ਜਗ ਤੇ ਜਿਉਂ ਜੀ ਕਾ॥੬੩॥

ਕਲਿ ਮੈਂ ਔਰ ਉਪਾਇ ਨ ਕੋਈ । ਭਗਤਿ ਗਜਾਨ ਤੇ ਕੈਵਲ[5] ਹੋਈ।
ਤਿਨ ਕੀ ਪ੍ਰਾਪਤਿ ਜੇ ਨਰ ਚਹਿਈਂ । ਸੋ ਸਤਸੰਗ ਖੋਜ ਜਗ ਲਹਿਈਂ[6] ॥੬੪॥

ਕਰਹਿਂ ਭਾਉ ਸੇਵਾ ਤਹਿਂ ਠਾਨੈ । ਬਚਨ ਸੁਨੈ ਤਿਨ, ਦੇ ਮਨ ਕਾਨੈ[7]।
ਕਾਮ ਕ੍ਰੋਧ,ਲੋਭਾਦਿਕ,ਬਨ ਕੋ । ਹੈ ਸਤਸੰਗ ਕੁਠਾਰ[8] ਕਦਨ ਕੋ॥੬੫॥

ਤਮ ਅੱਗਜਾਨਹਿਂ ਭਾਨੁ ਸਮਾਨਾ । ਬਿਸ਼ਯ ਤਪਤ[9] ਕੋ ਛਾਇ[10] ਮਹਾਂਨਾ।
ਪੁਨ ਸਤਸੰਗ ਅਹੈ ਸਮ ਸਾਗਰ । ਜਿਸ ਮਹਿਂ ਅਸ ਸੁਠ ਰਤਨ ਉਜਾਗਰ॥੬੬॥

ਮੈਤ੍ਰੀ[11], ਮੁਦਿਤਾ[12], ਸਤ, ਸੰਤੋਖੰ । ਕਰੁਨਾ, ਛਿਮਾ; ਖਾਰ[13] ਨਹਿਂ ਦੋਖੰ।
ਧੀਰਜ, ਗਜਾਨ ਵਿਰਾਗ, ਵਿਚਾਰਾ । ਭਾਉ, ਭਗਤਿ, ਭਲ ਮੋਖ ਦਵਾਰਾ॥੬੭॥

SikhBookClub.Com

(ਐਸੇ ਮਨੁੱਖ) ਜਨਮ-ਮਰਨ ਦੇ ਦੁੱਖ ਪਾਉਂਦੇ ਹਨ ਤੇ ਸੁੱਖਾਂ ਤੋਂ ਵਾਂਝੇ ਰਹਿ ਕੇ ਦੁੱਖ-ਕਲੇਸ਼ਾਂ ਵਿੱਚ ਪੈ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਵਿਚ ਵਿਸ਼ੇ-ਵਾਸ਼ਨਾ ਰੂਪੀ ਪਿੱਤੀ ਹੈ, ਉਨ੍ਹਾਂ ਬਾਰੇ ਨਿਸੰਗ[1] ਹੋ ਕੇ ਸੁਣ ਲਵੋ। ॥੬੦॥

ਉਨ੍ਹਾਂ ਲੋਕਾਂ ਦਾ ਵਿਸ਼ੇ-ਵਿਕਾਰਾਂ ਵਿਚ ਫਸ ਕੇ, ਆਖਰ[2] ਉਨ੍ਹਾਂ ਨੂੰ ਨਰਕ ਵਿਚ ਹੀ ਪਹੁੰਚਣਾ ਪੈਂਦਾ ਹੈ। ਵਿਸ਼ੇ-ਵਿਕਾਰਾਂ ਦਾ ਵਰਤਣਾ (ਜਾਣੀ ਇਸ ਦੇ ਸੁਆਦ ਵਿਚ ਪੈਣਾ) ਉਨ੍ਹਾਂ ਮਨੁੱਖਾਂ ਨੂੰ ਦਸਤ ਰੂਪੀ ਦੁੱਖਾਂ ਦਾ ਲੱਗਣਾ ਸਹੀ ਦੁੱਖ ਹੈ। ॥੬੧॥

ਇਸ ਕਰਕੇ ਉਨ੍ਹਾਂ ਵਾਸਤੇ ਜਿਵੇਂ ਘਿਉ ਵਿਚ ਮਿਸਰੀ ਰਲਾ[3] ਕੇ ਦੇਣ ਵਾਂਗ ਜੇਕਰ ਭਗਤੀ ਰੂਪੀ ਮਿਸਰੀ ਸਮੇਤ ਗਿਆਨ ਦਿੱਤਾ ਜਾਵੇ ਤਾਂ ਸਮਝੋ ਉਨ੍ਹਾਂ ਦੀ ਬੁੱਧ ਪਵਿੱਤਰ[4] ਹੋ ਜਾਂਦੀ ਹੈ। ਜੋ ਨਿਸ਼ਚਾ ਕਰਕੇ ਹਿਰਦੇ ਵਿਚ ਗਿਆਨ ਧਾਰਨ ਕਰਦੇ ਹਨ ਤਾਂ ਚੰਗੀ ਭਗਤੀ ਫਿਰ ਸਭ ਕੁੱਝ ਚੰਗਾ ਕਰ ਦਿੰਦੀ ਹੈ ॥੬੨॥

ਉਨ੍ਹਾਂ ਲੋਕਾਂ ਨੂੰ ਕੋਈ ਦੁੱਖ ਨਹੀਂ ਪਹੁੰਚਦਾ, ਉਹ ਸੁੱਖ ਪ੍ਰਾਪਤ ਕਰਦੇ ਹੋਏ ਪਰਮਪਦ ਨੂੰ ਪ੍ਰਾਪਤ ਹੋ ਜਾਂਦੇ ਹਨ। ਇਹ ਸਭ ਤੋਂ ਉੱਤਮ ਸਿਧਾਂਤ ਹੈ, ਜਿਸ ਰਾਹੀਂ ਜੀਵ ਦਾ ਇਸ ਜੱਗ ਤੋਂ ਉਧਾਰ ਹੁੰਦਾ ਹੈ। ॥੬੩॥

ਕਲਜੁਗ ਵਿਚ ਇਸ ਵਿਧੀ ਤੋਂ ਬਗੈਰ ਕੋਈ ਹੋਰ ਉਪਾਅ ਨਹੀਂ ਹੈ। ਬਸ ਭਗਤੀ-ਗਿਆਨ ਰਾਹੀਂ ਹੀ ਮੁਕਤੀ[5] ਪ੍ਰਾਪਤ ਹੋ ਸਕਦੀ ਹੈ। ਜੋ ਵੀ ਮਨੁੱਖ ਇਸ ਦੀ ਪ੍ਰਾਪਤੀ ਚਾਹੁੰਦਾ ਹੈ ਤਾਂ ਉਹ ਸਤਿਸੰਗ ਵਿੱਚੋਂ ਹੀ ਪ੍ਰਾਪਤ ਕਰਕੇ ਇਸ ਜੱਗ ਤੋਂ ਪਾਰ[6] ਹੋ ਜਾਵੇਗਾ। ॥੬੪॥

ਬੰਦਾ ਪ੍ਰੇਮ-ਸਹਿਤ ਮਨ ਵਿਚ ਧਾਰ ਕੇ (ਸਤਿਸੰਗਤ ਵਿਚ) ਸੇਵਾ ਕਰੇ ਤੇ ਮਨ ਲਗਾ ਕੇ ਕੰਨ[7] ਲਾ ਕੇ, ਸਤਿਸੰਗਤ ਦੇ ਬਚਨ ਸੁਣੇ। ਇਹ ਕਾਮ, ਕਰੋਧ, ਲੋਭ ਵਗੈਰਾ ਦਾ ਜੋ ਜੰਗਲ ਹੈ, ਤਾਂ ਇਨ੍ਹਾਂ ਨੂੰ ਸਤਿਸੰਗਤ ਰੂਪੀ ਹੀ ਕੱਟਣ ਵਾਲਾ ਕੁਹਾੜਾ[8] ਹੈ। ॥੬੫॥

ਅਗਿਆਨਤਾ ਦਾ ਹਨ੍ਹੇਰਾ ਉਸ ਸੂਰਜ ਦੇ ਸਮਾਨ ਹੈ, ਜੋ ਵਿਸ਼ੇ ਰੂਪੀ ਵੱਡੀ ਤਪਸ਼[9] ਵਾਸਤੇ ਛਾਂ[10] ਦੇ ਬਰਾਬਰ ਹੈ। ਫਿਰ ਸਤਿਸੰਗ ਉਸ ਸਮੁੰਦਰ ਦੀ ਨਿਆਈਂ ਹੈ, ਜਿਸ ਵਿੱਚੋਂ ਬਹੁਤ ਕੀਮਤੀ ਸੁੰਦਰ ਰਤਨ ਜਵਾਹਰ ਉਜਾਗਰ ਹਨ। ॥੬੬॥

ਮਿੱਤਰਤਾ[11] ਭਾਵ, ਪ੍ਰਸੰਨਤਾ[12], ਸੱਚ ਅਤੇ ਸੰਤੋਖ ਤੋਂ ਇਲਾਵਾ ਕਰੁਨਾ ਤੇ ਖਿਮਾ, ਜੋ ਸਤਿਸੰਗ ਰੂਪੀ ਸਮੁੰਦਰ ਵਿੱਚ ਰਹਿੰਦੇ ਹਨ, ਉਨ੍ਹਾਂ ਦਾ ਖਾਰਾਪਨ[13] ਦੁੱਖਦਾਈ ਨਹੀਂ ਬਣਦਾ। ਧੀਰਜ, ਗਿਆਨ, ਵੈਰਾਗ, ਵਿਚਾਰ ਅਤੇ ਭਗਤੀ-ਭਾਵ, ਮੁਕਤੀ ਪ੍ਰਾਪਤ ਕਰਨ ਦਾ ਇਹ ਸੁੰਦਰ ਦਰਵਾਜ਼ਾ ਹੈ। ॥੬੭॥

SikhBookClub.Com

ਸਮ ਦਮ ਜੋਗ ਆਦਿ ਜੇ ਸਬਹੀ । ਉਪਜੈਂ ਸਦਾ ਨ ਨਿਖੁਟੈਂ ਕਬਿਹੀ।
ਜੋ ਇਸ ਸਾਗਰ ਬੀਚ ਸਮਾਵੈ । ਕਹੋ ਕਿਉਂ ਨ ਆਨਂਦ ਪਦ ਪਾਵੈ॥੬੮॥

ਸਭ ਸਾਧਨ ਮੁਖ ਸਤਸੰਗ ਜੋਈ । ਇਸ ਮਿਲਨੇ ਸਭ ਪ੍ਰਾਪਤਿ ਹੋਈ।
ਜਿਨ ਪਾਛੇ ਕੀਨੋ ਸਤਸੰਗਾ । ਮੁਕਤ ਭਏ ਸੇ, ਤਿਨ ਭ੍ਰਮ ਭੰਗਾ[1] ॥੬੯॥

ਜੇ ਅਬ ਪ੍ਰੀਤ ਧਾਰ ਉਰ ਕਰਹੈਂ । ਨਿਹਸੰਸੈ[2] ਭਵਸਾਗਰ ਤਰਹੈਂ।
ਬਹੁਰ ਜਿ ਕਰਹੈਂ ਔਰ ਅਗਾਰੀ । ਤਿਨ ਕੀ ਹੋਵਹਿ ਮੋਖ[3] ਸੁਖਾਰੀ॥੭੦॥

ਮਹਾਂ ਭਾਗ ਲਹਿਣੇ ਸੁਨ ਲੀਜੈ । ਤਾਂਤੇ ਸਤਸੰਗ ਰੀਤਿ ਕਰੀਜੈ।
ਭਾਉ ਭਗਤਿ ਕਰਨੀ ਬਿਧਿ ਨੀਕੀ । ਰਿਦੈ ਗਜਾਨ ਗਤਿ ਹ੍ਵੈ ਇਸ ਜੀਕੀ'॥੭੧॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸ੍ਰੀ ਲਹਿਣੇ ਜੀ ਕੋ ਉਪਦੇਸ' ਪ੍ਰਸੰਗ ਬਰਨਨੰ ਨਾਮ ਇਕ ਪੰਚਾਸਮੋ ਧਜਾਇ ॥੫੧॥

SikhBookClub.Com

ਪ੍ਰਾਣਾਯਾਮ ਵਰਗੇ, ਇੰਦਰੀਆਂ ਨੂੰ ਵੱਸ ਕਰਨ ਵਾਲੇ ਜਿਤਨੇ ਵੀ ਆਸਨ ਹਨ, ਉਨ੍ਹਾਂ ਨਾਲ ਇਹ ਸਾਰੇ ਦੁੱਖ ਸਦਾ ਲਈ ਨਹੀਂ ਹਟਦੇ,(ਸਗੋਂ) ਉਤਪੰਨ ਹੁੰਦੇ ਹਨ। ਇਸ ਲਈ ਜੋ ਇਸ ਸਤਿਸੰਗਤ ਰੂਪੀ ਸਮੁੰਦਰ ਵਿਚ ਸਮਾ ਜਾਂਦਾ ਹੈ ਤਾਂ ਕਿਉਂ ਨਾ ਕਹੀਏ ਕਿ ਉਸ ਨੂੰ ਅਨੰਦ ਪ੍ਰਾਪਤੀ ਦਾ ਪਦ ਨਹੀਂ ਮਿਲੇਗਾ। ॥੬੮॥

ਸੋ ਜਿੰਨੇ ਵੀ ਇਨ੍ਹਾਂ (ਚੀਜ਼ਾਂ) ਨੂੰ ਪ੍ਰਾਪਤ ਕਰਨ ਦੇ ਤਰੀਕੇ ਹਨ, ਸਭ ਦਾ ਮੁੱਖ-ਸਾਧਨ ਸਤਿਸੰਗ ਹੈ, ਜਿਸ ਦੇ ਮਿਲਾਪ ਨਾਲ ਸਭ ਕੁੱਝ ਪ੍ਰਾਪਤ ਹੋ ਜਾਂਦਾ ਹੈ। ਜਿਨ੍ਹਾਂ ਨੇ ਵੀ ਪਹਿਲੇ ਸਤਿਸੰਗ ਕੀਤਾ ਹੈ, ਉਨ੍ਹਾਂ ਦੇ ਸਾਰੇ ਭਰਮ-ਭੁਲੇਖੇ ਨਸ਼ਟ[1] ਹੋ ਗਏ ਅਤੇ ਉਹ ਮੁਕਤੀ ਨੂੰ ਪ੍ਰਾਪਤ ਹੋ ਗਏ। ॥੬੯॥

ਜੋ ਵੀ ਮਨ ਵਿਚ ਪ੍ਰੀਤ ਵਸਾ ਕਰਕੇ ਸਤਿਸੰਗਤ ਕਰਦੇ ਹਨ, ਉਹ ਬਿਨਾਂ ਝਿਜਕ[2] ਦੇ, ਇਸ ਭਵਸਾਗਰ ਨੂੰ ਪਾਰ ਕਰ ਲੈਂਦੇ ਹਨ। ਦੂਸਰੀ ਗੱਲ ਜੋ ਪਹਿਲੀ ਉਮਰ ਤੋਂ ਹੀ ਸਤਿਸੰਗਤ ਕਰਨ ਲੱਗ ਪੈਂਦੇ ਹਨ, ਉਨ੍ਹਾਂ ਦੀ ਮੁਕਤੀ[3] ਸੌਖਾਲਿਆਂ ਹੋ ਜਾਂਦੀ ਹੈ ॥੭੦॥

ਹੇ ਵੱਡੇ ਭਾਗਾਂ ਵਾਲੇ ਲਹਿਣੇ! ਇਹ ਸੁਣ ਲਵੋ। ਸੋ ਇਸ ਕਰਕੇ ਸਤਿਸੰਗਤ ਦੀ ਰੀਤ ਚਲਾਈ ਰੱਖਣੀ ਹੈ। ਸੁੰਦਰ ਢੰਗ ਨਾਲ ਪ੍ਰੇਮਾ-ਭਗਤੀ ਕਰਨੀ ਹੈ, ਤਾਂ ਹੀ ਜੀਵ ਦੇ ਹਿਰਦੇ ਵਿਚ ਗਿਆਨ ਅਤੇ ਮੁਕਤੀ ਦੀ ਪ੍ਰਾਪਤੀ ਹੋਵੇਗੀ।" ॥੭੧॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਭਾਈ ਲਹਿਣਾ ਜੀ ਨੂੰ ਉਪਦੇਸ਼" ਨਾਮੀ ਇੱਕਵੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਲਹਿਣੇ ਨੇ ਗੁਰੂ ਜੀ ਅੱਗੇ ਆਤਮ-ਸਰੂਪ ਨੂੰ ਜਾਣਨ ਦੀ ਇੱਛਾ ਪ੍ਰਗਟਾਈ ਤੇ ਕਿਹਾ ਕਿ ਮੈਨੂੰ ਤਾਂ ਖ਼ੁਸ਼ੀਆਂ-ਗਮੀਆਂ ਲੱਗੀਆਂ ਰਹਿੰਦੀਆਂ ਹਨ।ਮੇਰੇ ਹਿਰਦੇ ਵਿੱਚ ਬਹੁਤ ਹੀ ਅਗਿਆਨਤਾ ਹੈ। ਗੁਰੂ ਜੀ ਨੇ ਉਸਨੂੰ ਦੱਸਿਆ ਕਿ ਆਤਮਾ ਦਾ ਖ਼ੁਸ਼ੀ-ਗ਼ਮੀ, ਜਨਮ-ਮਰਨ ਆਦਿ ਨਾਲ ਕੋਈ ਸਬੰਧ ਨਹੀਂ ਹੈ । ਜਾਗਣ ਦੀ ਅਵਸਥਾ, ਸੁਪਨੇ ਦੀ ਅਵਸਥਾ ਤੇ ਗੂੜ੍ਹੀ ਨੀਂਦ ਦੀ ਅਵਸਥਾ, ਇਨ੍ਹਾਂ ਤਿੰਨਾਂ ਅਵਸਥਾਵਾਂ ਵਿੱਚ ਆਤਮਾ ਨੂੰ ਹੀ ਦੇਖਣਹਾਰਾ ਸਮਝੋ। ਸੂਖਮ ਪੰਜ ਤੱਤਾਂ ਨੇ, ਸਤੋਗੁਣ ਅੰਸ਼ ਤੋਂ ਅੰਤਹਕਰਣ ਪੈਦਾ ਕੀਤਾ ਹੈ ਤੇ ਉਸ ਅੰਤਹਕਰਣ ਵਿੱਚੋਂ ਚਾਰ ਬਿਰਤੀਆਂ ਮਨ, ਬੁੱਧੀ, ਚਿੱਤ ਅਤੇ ਹੰਕਾਰ ਉਪਜੀਆਂ ਹਨ। ਆਤਮ-ਸਰੂਪ ਨੂੰ ਇਸ ਤੋਂ ਅਲੱਗ ਸਮਝੋ। ਅੰਤਹਕਰਣ (ਮਨ) ਵਿਚ ਜੋ ਸਤੋਗੁਣ ਦਾ ਅੰਸ਼ ਹੈ, ਚੇਤਨਾ ਦਾ ਪ੍ਰਤੀਬਿੰਬ ਵੀ ਉੱਥੇ ਹੀ ਹੁੰਦਾ ਹੈ। ਜਿਨ੍ਹਾਂ ਦੇ ਹਿਰਦੇ ਪਵਿੱਤਰ ਹੋਣ, ਉਹ ਹੀ ਇਸ ਨੂੰ ਵੇਖਿਆ ਕਰਦੇ ਹਨ ਅਤੇ ਜਿਨ੍ਹਾਂ ਦੇ ਮਲੀਨ ਹੁੰਦੇ ਹਨ, ਉਹ ਨਹੀਂ ਦੇਖ ਸਕਦੇ। ਮਨ, ਬੁੱਧੀ ਜੋ ਇਹ ਸਤਾਰਾਂ ਤੱਤ ਹਨ, ਇਨ੍ਹਾਂ ਨਾਲ ਹੀ ਇਹ ਲਿੰਗ ਸਰੀਰ, ਸੂਖਮ ਸਰੀਰ ਬਣਦਾ ਹੁੰਦਾ ਹੈ, ਇਸ ਨਾਲ ਹੀ ਬੰਦਾ ਚੰਗੇ-ਮੰਦੇ ਫਲ ਪ੍ਰਾਪਤ ਕਰਦਾ ਹੈ ਅਤੇ ਲੋਕ-ਪਰਲੋਕ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ।

ਫਿਰ ਗੁਰੂ ਜੀ ਨੇ ਪੰਜ ਕੋਸ਼ 'ਅੰਨਮਯ ਕੋਸ਼', 'ਪ੍ਰਾਣਮਯ ਕੋਸ਼', 'ਮਨੋਮਯ ਕੋਸ਼', 'ਬਿਗਯਾਨ ਕੋਸ਼', 'ਅਨੰਦ-ਮਯਾਖਯ' ਤੇ ਪੰਜਵੀਂ ਮਾਯਾ-ਰਹਿਤ ਆਤਮਾ ਬਾਰੇ ਵਿਸਥਾਰ ਨਾਲ ਵਰਣਨ ਕੀਤਾ ਅਤੇ ਕਿਰਪਾ ਦ੍ਰਿਸ਼ਟੀ ਨਾਲ ਲਹਿਣੇ ਦੀ ਸਾਰੀ ਅਵਿਦਿਆ ਦੂਰ ਕਰ ਦਿੱਤੀ ਸੀ। ਆਤਮਾ-ਸਰੂਪ ਦਾ ਦਰਸ਼ਨ ਕਰਕੇ ਲਹਿਣਾ ਲਿਵਲੀਨ ਹੋ ਗਿਆ, ਉਸ ਦੀ ਸਮਾਧੀ ਲੱਗ ਗਈ ਸੀ ਭਾਵ ਚੇਤਨਾ ਖਤਮ ਹੋ ਗਈ। ਸਮਾਧੀ ਖੁੱਲ੍ਹਣ 'ਤੇ ਲਹਿਣੇ ਨੇ ਗੁਰੂ ਨਾਨਕ ਜੀ ਦੀ ਬਹੁਤ ਮਹਿਮਾ ਕੀਤੀ। ਗੁਰੂ ਜੀ ਨੇ ਕਿਹਾ ਕਿ ਤੈਨੂੰ ਬ੍ਰਹਮ-ਗਿਆਨ ਪ੍ਰਾਪਤ ਹੋ ਗਿਆ ਹੈ, ਤੇਰੇ ਮਨ ਤੋਂ ਦਵੈਤ-ਭਾਵ ਦਾ ਨਾਸ਼ ਕਰ ਦਿੱਤਾ ਹੈ।ਪਰ ਅੱਗੇ ਭਿਆਨਕ ਕਲਜੁਗ ਵਿੱਚ ਬਹੁਤ ਖੋਟੀ-ਬੁੱਧੀ ਵਾਲੇ ਲੋਕ ਪੈਦਾ ਹੋਣਗੇ। ਤੁਸਾਂ ਸਤਿਸੰਗਤ ਨਾਲ ਪ੍ਰੀਤੀ ਰੱਖਣੀ ਹੈ। ਆਪਣੇ-ਆਪ ਨੂੰ ਕਦੇ ਨਹੀਂ ਜਣਾਉਣਾ।ਗੁਰੂ ਦਾ ਸਿਮਰਨ ਕਰਦਿਆਂ ਦਿਨ-ਰਾਤ ਗੁਜ਼ਾਰਨਾ ਹੈ। ਪ੍ਰਾਣਾਯਾਮ ਵਰਗੇ ਇੰਦਰੀਆਂ ਨੂੰ ਵੱਸ ਕਰਨ ਵਾਲੇ ਜਿਤਨੇ ਵੀ ਆਸਨ ਹਨ, ਉਨ੍ਹਾਂ ਨਾਲ ਇਹ ਸਾਰੇ ਦੁੱਖ ਸਦਾ ਲਈ ਨਹੀਂ ਹਟਦੇ, ਸਗੋਂ ਉਤਪੰਨ ਹੁੰਦੇ ਹਨ। ਸਭ ਦਾ ਚੰਗਾ ਸਾਧਨ ਸਤਿਸੰਗ ਹੈ, ਜਿਸ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ ਤੇ ਸੁਖਾਲੀ ਮੁਕਤੀ ਮਿਲ ਜਾਂਦੀ ਹੈ। ਸੋ, ਇਸ ਲਈ ਵੱਡੇ ਭਾਗਾਂ ਵਾਲੇ ਲਹਿਣੇ! ਤੁਸਾਂ ਨੇ ਸਤਿਸੰਗਤ ਦੀ ਰੀਤ ਚਲਾਈ ਰੱਖਣੀ ਹੈ। ਸੁੰਦਰ ਢੰਗ ਨਾਲ ਪ੍ਰੇਮਾ-ਭਗਤੀ ਕਰਨੀ ਹੈ ਤਾਂ ਜੋ ਜੀਵਾਂ ਨੂੰ ਗਿਆਨ ਅਤੇ ਮੁਕਤੀ ਪ੍ਰਾਪਤ ਹੋ ਸਕੇ ।

SikhBookClub.Com

ਫੁੱਟਨੋਟ

(*1) ਅੰਤਹਕਰਣ, ਮਨੁੱਖ ਦੇ ਅੰਤਰ ਦੀ ਇੰਦਰੀ ਹੈ, ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦਰੀਆਂ ਕਾਰਜ ਕਰਦੀਆਂ ਹਨ। ਵਿਦਵਾਨ ਲੋਕਾਂ ਨੇ ਇਸ ਦੇ ਚਾਰ ਭੇਦ ਕੀਤੇ ਹਨ:

1. **ਮਨ:** ਜਿਸ ਰਾਹੀਂ ਸੰਕਲਪ-ਵਿਕਲਪ ਫੁਰਦੇ ਹਨ।
2. **ਬੁੱਧਿ:** ਜਿਸ ਤੋਂ ਵਿਚਾਰ ਅਤੇ ਨਿਸ਼ਚੇ ਪੈਦਾ ਹੁੰਦੇ ਹਨ।
3. **ਚਿੱਤ:** ਜਿਸ ਨਾਲ ਗੱਲਾਂ ਦਾ ਚੇਤਾ ਹੁੰਦਾ ਹੈ।
4. **ਅਹੰਕਾਰ:** ਜਿਸ ਨਾਲ ਸੰਸਾਰਕ-ਪਦਾਰਥਾਂ ਨਾਲ ਸਬੰਧ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਪੁ ਸਾਹਿਬ ਵਿੱਚ ਇਨ੍ਹਾਂ ਚਾਰ-ਭੇਦਾਂ ਦਾ ਜ਼ਿਕਰ ਇੰਜ ਕੀਤਾ ਹੈ:

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

(ਗੁ. ਗ੍ਰੰ. ਸਾਹਿਬ, ਪੰਨਾ 8)

(*2) ਪੁਰਾਣਾਂ ਵਿੱਚ ਕਥਾ ਹੈ: ਇੱਕ ਸਮੇਂ 'ਕਾਲਕੈਯ' ਦੈਂਤ ਸੰਸਾਰ ਵਿੱਚ ਵੱਡਾ ਉਪਦ੍ਰਵ ਕਰਨ ਲੱਗੇ। ਰਿਸ਼ੀਆਂ ਨੂੰ ਮਾਰਨ ਲੱਗੇ ਅਤੇ ਜੱਗਾਂ ਵਿੱਚ ਵਿਘਨ ਪਾਉਂਦੇ ਹੋਏ ਅਨੇਕਾਂ ਦੁੱਖ ਦੇਣ ਲੱਗੇ। ਜਦ ਦੇਵਤੇ ਉਨ੍ਹਾਂ ਦੈਂਤਾਂ ਨੂੰ ਮਾਰਨ ਜਾਂਦੇ ਤਾਂ ਉਹ ਸਮੁੰਦਰ ਵਿੱਚ ਜਾ ਲੁਕਦੇ। ਉਸ ਵਕਤ 'ਅਗਸਤ' ਰਿਖੀ, ਜੋ ਰਿਗਵੇਦ ਦੀਆਂ ਅਨੇਕਾਂ ਰਿਚਾਵਾਂ (ਰਚਨਾਵਾਂ) ਦਾ ਪ੍ਰਸਿੱਧ ਕਰਤਾ ਸੀ, ਉਸ ਨੇ ਦੇਵਤਿਆਂ ਦੀ ਪ੍ਰਾਰਥਨਾ ਸੁਣੀ ਅਤੇ ਉਹ ਸਾਰੇ ਸਮੁੰਦਰ ਨੂੰ ਪੀ ਗਿਆ। ਜਿਸ ਕਰਕੇ ਦੇਵਤਿਆਂ ਨੇ ਉਨ੍ਹਾਂ ਦੈਂਤਾਂ ਦਾ ਨਾਸ਼ ਕੀਤਾ। ਇਸ ਕਰਕੇ ਅਗਸਤ ਰਿਸ਼ੀ ਦਾ ਨਾਮ 'ਪੀਤਾਵਧੀ' ਅਰਥਾਤ ਸਮੁੰਦਰ ਚੁਲੁਕ (ਸਮੁੰਦਰ ਪੀਣ ਵਾਲਾ) ਪ੍ਰਸਿੱਧ ਹੋਇਆ।

SikhBookClub.Com

ਅਧਜਾਯ ਬਵੰਜਵਾਂ

(ਗੁਰੂ ਜਸ ਮਹਾਤਮ।ਹੋਰ ਪਰਤਾਵੇ।ਤਖਤ ਦੇਣਾ, ਜਪੁਜੀ ਮਹਿਮਾ)

ਦੋਹਰਾ

ਕਰ ਕਾਗਜ ਨਿਜ ਰਿਦੇ ਕੋ ਮਸੂ ਸੁਮੱਤਿ ਬਨਾਇ।
ਸ੍ਰੀ ਸਤਿਗੁਰ ਕੋ ਜਸੁ ਲਿਖਹਿ ਤਬਹਿ ਪਰਮਗਤਿ ਪਾਇ ॥੧॥

ਚੌਪਈ

—ਸ੍ਰੀ ਗੁਰ ਨਾਨਕ ਕ੍ਰਿਪਾਨਿਧਾਨਾ[1] । ਇਉਂ ਉਪਦੇਸ਼ਜੋ ਤੱਤ ਗਯਾਨਾ।
ਕੇਤਿਕ ਬਹੁਰ ਬਿਤਾਯੋ ਕਾਲਾ । ਸੇਵਹਿ ਲਹਿਣਾ ਭਾਉ ਬਿਸਾਲਾ॥੨॥

ਜਿਉਂ ਤਰੁ ਸਾਖ ਨਿਵੈ ਫਲ ਪਾਈ । ਤੈਸੀ ਗਤਿ[2] ਲਹਿਣੇਂ ਠਹਿਰਾਈ।
ਦੇਖ ਨਿੰਮਰਤਾ ਪਰਮ ਘਨੇਰੀ । ਦਿਨ ਪ੍ਰਤਿ ਕ੍ਰਿਪਾ ਸਵਾਇ ਬਧੇਰੀ॥੩॥

ਅਜਰ ਜਰਨ ਲੱਛਨ ਪਹਿਚਾਨਾ । ਅਧਿਕ ਪ੍ਰਸੀਦੇ[3] ਸ੍ਰੀ ਗਤਿਦਾਨਾ।
ਇਸ ਬਿਧਿ ਕੋ ਰੁਖ ਜੋ ਗੁਰ ਕੇਰਾ । ਦਿਨ ਪ੍ਰਤਿ ਬਧੈ ਸਰਬ ਨੈ ਹੇਰਾ[4]॥੪॥

ਮਿਲਹਿਂ ਪਰਸਪਰ ਕਹੈਂ ਬਨਾਈ । 'ਸ੍ਰੀ ਲਹਿਣੇ ਪਰ ਕ੍ਰਿਪਾ ਸਵਾਈ।
ਅਨੁਮਾਨਹਿ ਤੇ ਪਰੈ ਲਖਾਈ । ਅਪਨੋ ਤਖਤ[5] ਦੇਹਿਂ ਤਿਹਂ ਤਾਈਂ॥੫॥

ਸਿਰੀਚੰਦ ਸੁਤ ਲਖਮੀਦਾਸੰ । ਇਨਹਿ ਦੇਂਯ,ਕਛੁ ਨਹਿਂ ਭਰਵਾਸੰ[6]'।
ਇਸ ਪ੍ਰਕਾਰ ਸ਼ੁਹਰਤ[7] ਭਈ ਸਾਰੈ । ਬੈਠੇ ਆਪਹਿਂ ਬੀਚ ਉਚਾਰੈਂ ॥੬॥

'ਸਿੱਖੀ ਪਰਖੀ ਜਬਹਿ ਕ੍ਰਿਪਾਲਾ । ਨਿੱਸਚਲ ਰਹਜੋ ਸਰਬ ਹੀ ਕਾਲਾ।
ਯਾਂਤੇ ਦੇਨ ਨਜਾਇ ਹੈ ਤਾਂਹੀ । ਅਚਰਜ ਕਿਛੁ ਨ ਲਖਹੁ ਮਨ ਮਾਂਹੀ'॥੭॥

ਸੁਣੀ ਸੁਲੱਖਣੀ ਸੁਧ ਅਸ ਕਾਨਾ । ਹਿਰਦੇ ਉਪਜਜੋ ਖੋਭ[8] ਮਹਾਨਾ।
ਚਿੰਤਾਤੁਰ ਹੁਇ ਤੁਰਨ ਆਈ । ਜਹਿਂ ਧ੍ਰਮਸਾਲ ਹੁਤੇ ਜਗ ਸਾਂਈਂ॥੮॥

SikhBookClub.Com

ਅਧਿਆਇ ਬਵੰਜਵਾਂ

(ਹੋਰ ਪਰਤਾਵੇ । ਗੁਰਤਾ (ਗੱਦੀ) ਦੇਣੀ । ਜਪੁਜੀ ਦੀ ਮਹਿਮਾ)

ਦੋਹਰਾ

ਜੇਕਰ ਤੂੰ ਆਪਣੇ ਮਨ ਨੂੰ ਕਾਗਜ਼ ਬਣਾ ਲਵੇਂ ਅਤੇ ਸ੍ਰੇਸ਼ਟ-ਬੁੱਧੀ ਨੂੰ ਸਿਆਹੀ ਬਣਾ ਲਵੇਂ, (ਇਸ ਸਿਆਹੀ ਨਾਲ (ਉਸ ਕਾਗਜ਼ ਉੱਤੇ) ਗੁਰੂ ਜੀ ਦਾ ਜਸ ਲਿਖੇਂਗਾ ਤਾਂ ਹੀ ਤੂੰ ਪਰਮਗਤੀ ਨੂੰ ਪ੍ਰਾਪਤ ਕਰੇਂਗਾ। ॥੧॥

ਚੌਪਈ

ਇਸ ਤਰਾਂ ਕਿਰਪਾ ਦੇ ਭੰਡਾਰ[1] ਗੁਰੂ ਨਾਨਕ ਜੀ ਨੇ ਤੱਤ-ਗਿਆਨ ਦਾ ਉਪਦੇਸ਼ ਦਿੱਤਾ। ਫਿਰ (ਉਥੇ) ਕਾਫੀ ਸਮਾਂ ਬਤੀਤ ਕੀਤਾ। ਲਹਿਣਾ ਜੀ ਬਹੁਤ ਪ੍ਰੇਮ ਨਾਲ ਸੇਵਾ ਕਰਦੇ ਰਹੇ ਸਨ। ॥੨॥

ਜਿਵੇਂ ਫਲ ਲੱਗਣ ਕਰ ਕੇ ਬਿਰਛ ਦੀ ਟਾਹਣੀ ਝੁਕ ਜਾਇਆ ਕਰਦੀ ਹੈ, ਇਵੇਂ ਹੀ ਲਹਿਣਾ ਜੀ ਦੀ ਹਾਲਤ[2] ਹੋ ਗਈ ਸੀ। ਉਸ ਦੀ ਬੇਹੱਦ ਨਿਮਰਤਾ ਤੱਕ ਕੇ ਗੁਰੂ ਜੀ ਦੀ ਉਸ ਉੱਪਰ ਕਿਰਪਾ-ਦ੍ਰਿਸ਼ਟੀ ਦਿਨ ਪ੍ਰਤੀ ਦਿਨ ਵਧਦੀ ਗਈ। ॥੩॥

ਮੁਕਤੀ ਦੇ ਦਾਤਾ (ਗੁਰੂ ਨਾਨਕ ਜੀ) ਉਸ (ਲਹਿਣੇ) ਅੰਦਰ ਨਾ ਜਰੇ ਜਾ ਸਕਣ ਨੂੰ ਜਰ ਲੈਣ ਵਾਲੇ ਅੰਸ਼ ਦੇਖ ਕੇ ਬਹੁਤ ਹੀ ਖੁਸ਼[3] ਹੋਏ। ਸੰਗਤਾਂ ਨੇ ਵੀ ਲਹਿਣਾ ਜੀ ਪ੍ਰਤੀ ਗੁਰੂ ਜੀ ਦੇ ਦਿਨ-ਪ੍ਰਤੀ-ਦਿਨ ਬਹੁਤ ਵਧਦੇ ਜਾਂਦੇ ਝੁਕਾਅ ਨੂੰ ਵੇਖਿਆ[4]। ॥੪॥

ਸਾਰੇ ਆਪਸ ਵਿੱਚ ਮਿਲ ਕੇ ਇੱਕ-ਦੂਸਰੇ ਨੂੰ ਕਹਿੰਦੇ, "ਗੁਰੂ ਜੀ ਦੀ ਲਹਿਣਾ ਜੀ ਉੱਪਰ ਬਹੁਤ ਹੀ ਕਿਰਪਾ-ਦ੍ਰਿਸ਼ਟੀ ਹੋਈ ਜਾਪਦੀ ਹੈ। ਅੰਦਾਜ਼ਾ ਲਾਏ ਤੋਂ ਇਹ ਹੀ ਜਾਣਿਆ ਜਾ ਸਕਦਾ ਹੈ, ਉਹ ਆਪਣੀ ਗੱਦੀ[5] ਉਸ (ਲਹਿਣਾ ਜੀ) ਨੂੰ ਹੀ ਦੇਣਗੇ। ॥੫॥

(ਆਪਣੇ ਪੁੱਤਰਾਂ) ਸਿਰੀ ਚੰਦ ਤੇ ਲੱਖਮੀ ਦਾਸ ਨੂੰ ਗੱਦੀ ਦੇਣਾ ਕੋਈ ਯਕੀਨੀ[6] ਨਹੀਂ ਹੈ।" ਇਵੇਂ ਸਾਰੇ ਹੀ ਲਹਿਣੇ ਦੀ ਪ੍ਰਸਿੱਧੀ[7] ਹੋ ਗਈ ਸੀ ਤੇ ਸਾਰੇ ਬੈਠੇ ਆਖ ਰਹੇ ਸਨ। ॥੬॥

ਜਦੋਂ ਗੁਰੂ ਜੀ ਨੇ ਸਿੱਖੀ ਦੀ ਪਰਖ ਕੀਤੀ ਸੀ ਤਾਂ ਲਹਿਣਾ ਜੀ ਸਾਰਾ ਸਮਾਂ ਅਡੋਲ ਹੀ ਰਹੇ ਸਨ, ਇਸ ਲਈ ਉਸ ਨੂੰ ਗੱਦੀ ਦੇਣਾ ਇਨਸਾਫ ਹੈ, ਸੋ ਮਨ ਵਿੱਚ ਹੈਰਾਨੀ ਨਾ ਸਮਝੋ।" ॥੭॥

ਜਦੋਂ ਮਾਤਾ ਸੁਲੱਖਣੀ ਜੀ ਨੇ ਆਪਣੇ ਕੰਨੀਂ ਇਹ ਖ਼ਬਰ ਸੁਣੀ ਤਾਂ ਉਨ੍ਹਾਂ ਦੇ ਹਿਰਦੇ ਨੂੰ ਬਹੁਤ ਦੁੱਖ[8] ਪਹੁੰਚਿਆ। ਉਹ ਚਿੰਤਾ ਵਿੱਚ ਤੁਰੰਤ ਹੀ ਉੱਥੇ ਆਣ ਪਹੁੰਚੀ, ਜਿਥੇ ਜਗਤ ਦੇ ਸਵਾਮੀ (ਗੁਰੂ ਜੀ) ਧਰਮਸਾਲਾ ਵਿੱਚ ਬੈਠੇ ਹੋਏ ਸਨ। ॥੮॥

SikhBookClub.Com

ਦ੍ਵੈ ਸੁਤ ਬੈਠੇ ਤਹਾਂ ਸਮੀਪਾ । ਸੇਵਹਿ ਪਦ ਤੇਹਣ ਕੁਲ ਦੀਪਾ।
ਔਰ ਸਿੱਖ ਕੇਤਿਕ ਨਿਜਕਾਨੇ[1] ਤਹਿਂ ਚਲ ਆਈ ਮਨ ਮੁਰ੍ਝਾਨੇ॥੯॥

ਬੈਠ ਸਮੀਪ ਕਹੀ ਅਸ ਬਾਨੀ ।'ਸੁਨ ਸ੍ਰੀ ਚੰਦ-ਪਿਤਾ, ਗੁਨ ਖਾਂਨੀ!।
ਕਿਉਂ ਵਿੱਪ੍ਰੀਤ[2] ਆਪ ਮਨ ਠਾਨੀ । ਕਰਹੁ ਰੀਤ ਜਗ ਪਰਮ ਸੁਹਾਨੀ॥੧੦॥

ਸਭ ਬਿਧਿ ਲਾਇਕ ਤਾਤ[3] ਤੁਮਾਰੇ । ਪ੍ਰੀਤਿ ਨ ਕਰਹੁ ਤਿਨਹੁ ਸੰਗਾਰੇ।
ਜਗ ਮੈਂ ਜਿਨਕੇ ਬੰਸ ਬਧੇਰਾ । ਸੁਜਸੁ ਹੋਇ ਸਭ ਵਿਧੈ ਘਨੇਰਾ॥੧੧॥

ਰਹੇ ਨਾਮ ਜਿਨ ਤੇ ਬੱਖਸ਼ਾਤੀ[4] । —ਅਮੁਕੇ ਕੀ ਕੁਲ ਜਗਤ ਸੁਹਾਤੀ —।
ਅਸ ਗੁਨਕਾਰ[5] ਸੁਤਨ ਕੋ ਤਜਾਗਾ । ਕਰਹੁ ਦਾਸ ਪਰ ਬਹੁ ਅਨੁਰਾਗਾ[6] ॥੧੨॥

ਦੋਹਰਾ

ਬਹੁਰ ਕਲਾ ਨਿਜ ਵਸਤੁ ਜੋ ਦਈ ਚਹਤਿ ਹੋ ਤਾਂਹਿ।
ਤਾਤਨ ਤੇ ਅਧਿਕਾਇ ਕਰ ਬੈਠਾਰਹੁ ਜਗ ਮਾਂਹਿ॥੧੩॥

ਚੌਪਈ

ਅਵਤਾਰਾਦਿਕ ਭਏ ਅਗਾਰੀ[7] । ਕਿਨਹੁਂ ਨ ਕਬਿ ਐਸੀ ਮਤਿ ਧਾਰੀ।
—ਹੋਤ ਸੁਤਨ ਕੇ ਦਾਸ ਬਧਾਵਾ।ਨਿਜ ਅਸਥਾਨਹਿ[8] ਤਾਂਹਿ ਬਿਠਾਵਾ—॥੧੪॥

ਬਾਤ ਨ ਨੀਕੀ[9] ਲੇਹੁ ਬਿਚਾਰੀ । ਜੌ ਹਿਰਦੇ ਇਉਂ ਚਾਹ ਤੁਮਾਰੀ।
ਸੰਤਤਿ[10] ਚਿਤ ਮੈਂ ਤਪ ਹੈ ਨੀਤੀ । ਸੁਖ ਨਹਿਂ ਪਾਵਹਿ ਪਿਖਹਿ ਅਨੀਤੀ'॥੧੫॥

ਭਗਤਿ ਵਛਲ[11] ਸੁਨਕੈ ਅਸਬਾਨੀ । ਕਿਤਕ ਕਾਲ ਲੌ ਤੁਸ਼ਨ ਠਾਨੀ।
ਤਿਹ ਛਿਨ ਲੇ ਮੂਖਕ[12] ਮੰਜਾਰੀ[13] । ਅਰਧ ਚਰਬ ਕਰ ਗੇਰਿ ਅਗਾਰੀ॥੧੬॥

ਸਿਖਨ ਡਰਾਈ ਭੈ ਕਰ ਭਾਗੀ । ਮੂਖਕ ਪਰੀ ਰਹੀ ਤਹਿਂ ਆਗੀ।
ਕ੍ਰਿਪਾਨਿਧਾਨ ਜਬਹਿ ਚਖੁ[14] ਦੇਖੀ । ਕਰਨ ਸੁਲਖਣੀ ਨਿਸ਼ਾ ਵਿਸੇਖੀ॥੧੭॥

SikhBookClub.Com

ਦੋਨੋਂ ਪੁੱਤਰ ਵੀ ਕੋਲ ਹੀ ਬੈਠੇ ਹੋਏ ਸਨ। (ਲਹਿਣਾ ਜੀ) ਤ੍ਰੇਹਣ ਕੁਲ ਦੇ ਦੀਪਕ (ਗੁਰੂ ਜੀ) ਦੇ ਚਰਨਾਂ ਵਿੱਚ ਸੇਵਾ ਕਰ ਰਹੇ ਸਨ। ਹੋਰ ਵੀ ਕੁਝ ਕੁ ਸਿੱਖ ਆਪਣੇ ਕੰਨੀਂ[1] ਸੁਣ ਕੇ ਕੋਲ ਆ ਗਏ ਸਨ। ਮਾਤਾ ਮੁਰਝਾਏ ਹੋਏ ਮਨ ਨਾਲ ਉਨ੍ਹਾਂ ਪਾਸ ਆਣ ਪਹੁੰਚੀ। ॥੯॥

ਗੁਰੂ ਜੀ ਕੋਲ ਬੈਠ ਕੇ ਉਹ ਇਸ ਤਰਾਂ ਕਹਿਣ ਲੱਗੀ, "ਹੇ ਗੁਣਾਂ ਦੀ ਖਾਣ! ਸ੍ਰੀ ਚੰਦ ਦੇ ਪਿਤਾ ਜੀ ਸੁਣੋ! ਤੁਸੀਂ ਮਨ ਵਿੱਚ ਉਲਟੀ[2] ਹੀ ਗੱਲ ਕਿਉਂ ਧਾਰ ਰੱਖੀ ਹੈ? ਉਹੋ ਰੀਤ ਅਪਣਾਓ ਜੋ ਜੱਗ ਨੂੰ ਸਭ ਤੋਂ ਸੋਹਣੀ ਲੱਗੇ। ॥੧੦॥

ਤੁਹਾਡੇ ਪੁੱਤਰ[3] ਸਭ ਤਰਾਂ ਨਾਲ ਲਾਇਕ ਹਨ। ਤੁਸੀਂ ਉਨ੍ਹਾਂ ਨਾਲ ਪ੍ਰੇਮ ਹੀ ਨਹੀਂ ਕਰਦੇ, ਜਿਨ੍ਹਾਂ ਨਾਲ ਜੱਗ ਵਿੱਚ ਵੰਸ ਵਧਦਾ ਹੈ ਅਤੇ ਪੁੱਤਰਾਂ ਕਰਕੇ ਹੀ ਸਾਰਿਆਂ ਵਿੱਚ ਜਸ ਫੈਲਦਾ ਹੈ। ॥੧੧॥

ਜਿਨ੍ਹਾਂ ਰਾਹੀਂ ਦੁਨੀਆਂ ਵਿੱਚ ਨਾਮ ਪਰਗਟ[4] ਹੁੰਦਾ ਹੈ। -ਫਲਾਣੇ ਮਨੁੱਖ ਦੀ ਕੁਲ ਜਗਤ ਵਿੱਚ ਸੋਂਹਦੀ ਹੈ-। ਇਸ ਤਰਾਂ ਦੇ ਗੁਣਵਾਨ[5] ਪੁੱਤਰਾਂ ਨੂੰ ਤੁਸੀਂ ਤਿਆਗ ਦਿੱਤਾ ਹੈ। ਆਪਣੇ ਦਾਸ (ਸੇਵਕ) ਨਾਲ ਬਹੁਤਾ ਹੀ ਪਿਆਰ[6] ਕਰਦੇ ਹੋ। ॥੧੨॥

ਦੋਹਰਾ

ਤੇ ਫੇਰ ਜੇ ਤੁਸੀਂ ਆਪਣੀ ਸ਼ਕਤੀ ਤੇ ਵਸਤੂਆਂ ਉਸ ਨੂੰ ਦੇਣਾ ਚਾਹੁੰਦੇ ਹੋ। ਉਸ ਨੂੰ ਜੱਗ ਵਿੱਚ ਬੱਚਿਆਂ ਨਾਲੋਂ ਵੱਧ ਵਡਿਆਈ ਦੇ ਕੇ ਜੱਗ ਵਿੱਚ (ਗੱਦੀ 'ਤੇ) ਬਿਠਾ ਰਹੇ ਹੋ। ॥੧੩॥

ਚੌਪਈ

ਪਹਿਲਾਂ[7] ਵੀ ਬਹੁਤ ਅਵਤਾਰ ਆਦਿਕ ਹੋਏ ਹਨ, ਪਰ ਕਿਸੇ ਨੇ ਵੀ ਇਸ ਤਰਾਂ ਦੀ ਮੱਤ ਧਾਰਨ ਨਹੀਂ ਕੀਤੀ ਕਿ -ਬੱਚਿਆਂ ਦੇ ਹੁੰਦੇ ਹੋਏ ਕਿਸੇ ਨੇ ਆਪਣੇ ਸੇਵਕ ਨੂੰ ਵੱਡਾ ਕੀਤਾ ਹੋਵੇ ਤੇ ਆਪਣੇ ਅਸਥਾਨ (ਗੱਦੀ)[8] ਉੱਤੇ ਉਸ ਨੂੰ ਬਿਠਾਇਆ ਹੋਵੇ-। ॥੧੪॥

ਇਹ ਗੱਲ ਚੰਗੀ[9] ਨਹੀਂ ਹੈ, ਇਸ ਨੂੰ ਵਿਚਾਰ ਲਵੋ। ਬਾਕੀ ਜੇਕਰ ਤੁਹਾਡੇ ਮਨ ਵਿੱਚ ਇਹ ਹੀ ਇੱਛਾ ਹੈ ਤਾਂ ਔਲਾਦ[10] ਇਹ ਬੇਇਨਸਾਫੀ ਹੋਈ ਵੇਖ ਕੇ ਹਮੇਸ਼ਾ ਚਿੱਤ ਵਿੱਚ ਤਪਦੀ ਰਹੇਗੀ। ਨੀਤੀ ਅਨੁਸਾਰ ਨਾ ਹੋਇਆ ਵੇਖ ਕੇ ਇਹ ਸੁੱਖ ਨਹੀਂ ਪਾਉਣਗੇ।" ॥੧੫॥

ਭਗਤਾਂ ਨੂੰ ਸਨੇਹ[11] ਕਰਨਵਾਲੇ (ਗੁਰੂ ਜੀ)ਨੇ,ਸੁਲੱਖਣੀ ਦੇ ਬਚਨ ਸੁਣ ਕੇ ਬਹੁਤ ਸਮਾਂ ਚੁੱਪ ਧਾਰੀ ਰੱਖੀ।ਉਦੋਂ ਹੀ ਇੱਕ ਚੂਹੀ[12] ਲਈ ਜਾਂਦੀ ਬਿੱਲੀ[13] ਨੇ, ਚੂਹੀ ਨੂੰ ਅੱਧੀ ਚੱਬ ਕੇ ਸਭ ਦੇ ਅੱਗੇ ਸੁੱਟ ਦਿੱਤਾ। ॥੧੬॥

ਸਿੱਖਾਂ ਨੇ ਉਸ ਬਿੱਲੀ ਨੂੰ ਡਰਾਇਆ ਤਾਂ ਉਹ ਡਰ ਕੇ ਭੱਜ ਗਈ। ਚੂਹੀ ਉਨ੍ਹਾਂ ਦੇ ਅੱਗੇ ਪਈ ਰਹੀ । ਕਿਰਪਾ ਦੇ ਖ਼ਜ਼ਾਨੇ (ਗੁਰੂ ਜੀ) ਨੇ ਜਦੋਂ ਅੱਖੀਂ[14] ਵੇਖੀ ਤਾਂ ਉਨ੍ਹਾਂ ਨੇ ਮਾਤਾ ਸੁਲੱਖਣੀ ਦੀ ਤਸੱਲੀ ਕਰਵਾਉਣ ਲਈ ਇੱਕ ਸਕੀਮ ਬਣਾਈ। ॥੧੭॥

SikhBookClub.Com

ਸਿਰੀਚੰਦ ਸੋਂ ਗਿਰਾ ਅਲਾਈ ।'ਮੂਖਕ[1] ਪਰੀ ਨ ਭਲਿ ਇਹ ਥਾਈਂ।
ਨਿਜ ਕਰ ਸੰਗ ਉਚਾਇ[2] ਲਿਜਾਵਹੁ । ਵਾਹਿਰ ਦਰ ਗੇਰਹੁ ਪੁਨਿ ਆਵਹੁ'॥੧੮॥

ਸਿਰੀ ਚੰਦ ਸੁਨ ਬੈਨ ਅਲਾਏ । 'ਦੇਖੇ ਮੈਂ ਇਸ਼ਟੀ[3] ਬਹੁ ਥਾਏ।
ਖਾਲਨ ਕੀ ਮੰਜਾਰ[4] ਬਨਾਵਤ । ਪੰਖ ਕਬੂਤਰ ਕਰਹਿਂ ਉਡਾਵਤ ॥੧੯॥

ਕਰਹੁ ਰੀਤਿ ਕਛੁ ਤਿਨਹਿਂ ਸਮਾਨਾ । ਠਟਜੋ[8] ਕਪਟ ਤੁਮ ਮੈਂ ਮਨ ਜਾਨਾ।
ਸ਼ੂਕਰ[5] ਕੂਕਰ[6] ਨਿਜ ਸੰਗ ਲਾਏ । ਵਹਿਰ ਫਿਰੇ ਸ਼ਵ[7] ਕੋ ਦਿਖਰਾਏ॥੨੦॥

ਕਰਕੈ ਦਯੋ ਤਿਹਾਵਲ ਸੋਈ । ਕੋ ਐਸੋ ਛਲ ਬਹੁਰਹੁ ਹੋਈ।
ਮੁਝ ਬਿਲੋਕਨੇ ਚਾਹਿ ਨ ਕੋਈ । ਹੌਂ ਨ ਉਚਾਵੋਂ ਮਿਰਤਕ ਜੋਈ'॥੨੧॥

ਅਸ ਕਹਿ ਤੁਸ਼ਨ[9] ਮੁਖ ਤੇ ਠਾਨੀ । ਦੁਤਿਯ ਤਾਤ ਸੋਂ ਕਹਿਂ ਗੁਰਬਾਨੀ।
'ਲਖਮੀਦਾਸ ਸੁਨਹੁ ਸੁ ਉਠਾਵਹੁ । ਨਿਕਟ ਨ ਨੀਕੇ,ਵਹਿਰ ਬਗਾਵਹੁ'॥੨੨॥

ਤਬ ਬੋਲਜੋ ਸੋ 'ਸੁਨੀਏ ਤਾਤਾ! । ਹਮ ਕੋ ਉਚਿਤ ਨ ਐਸੀ ਬਾਤਾ।
ਮ੍ਰਿਤਕ ਮੂਖਕੀ ਹਾਥ ਨ ਲਾਵੋਂ । ਕਹਉ ਤ ਅਉਰ ਪਾਸ ਉਚਵਾਵਉਂ'॥੨੩॥

ਅਸ ਕਹਿ ਤੁਸ਼ਨ ਮਾਨ[10] ਵਿਸੇਖਾ । ਤਬ ਲਹਿਣੇ ਦਿਸ ਸ੍ਰੀ ਗੁਰ ਦੇਖਾ।
'ਉਠਹੁ ਤੁਹੀ ਕਰਤਾਰ ਪਿਆਰੇ! । ਮੂਖਕ ਚਾਇ ਵਹਿਰ ਦਿਹੁ ਡਾਰੇ'॥੨੪॥

ਆਧੋ ਬਚਨ ਸੁਨਤ ਤਤਕਾਲਾ । ਉਠਜੋ ਉਠਾਈ ਤੁਰਤ ਬਿਸਾਲਾ।
ਕੇਤਿਕ ਦੂਰ ਜਾਇ ਸੋ ਡਾਰੀ । ਤਿਹ ਛਿਨ ਸ੍ਰੀ ਗੁਰ ਗਿਰਾ ਉਚਾਰੀ॥੨੫॥

'ਮੂਲੇਸੁਤਾ! ਪਿਖਹੁ ਮਨ ਗੁਨੀਏ[11] । ਏ ਨਿਜ ਸੁਤ ਸੋ ਪਰਸੁਤ ਜਨੀਏ।
ਮਾਨਹਿਂ ਕਹੁਜੋ ਨ ਬਚਨ ਕਦਾਈ । ਸੋ ਆਇਸੁ ਅਨੁਸਾਰੁ ਸਦਾਈ॥੨੬॥

ਦੋਹਰਾ

ਨਹਿਂ ਕਿਸਹੂੰ ਕੇ ਕਰ ਬਿਖੈ ਸਭ ਕਰਤਾਰ ਅਧੀਨ ।
ਜਿਸ ਪਰ ਕਰੁਨਾ[12] ਦ੍ਰਿਸ਼ਟਿ ਹ੍ਵੈ ਤਿਨਹਿ ਬਸਤੁ ਇਹ ਲੀਨ॥੨੭॥

SikhBookClub.Com

ਉਨ੍ਹਾਂ ਨੇ ਸ੍ਰੀ ਚੰਦ ਨੂੰ ਕਿਹਾ, "ਇਸ ਥਾਂ 'ਤੇ ਚੂਹੀ[1] ਪਈ ਚੰਗੀ ਨਹੀਂ ਲੱਗਦੀ, ਇਸ ਨੂੰ ਆਪਣੇ ਹੱਥਾਂ ਨਾਲ ਚੁੱਕ[2] ਕੇ ਲੈ ਜਾਵੋ ਤੇ ਦਰਵਾਜ਼ੇ ਤੋਂ ਬਾਹਰ ਸੁੱਟ ਕੇ ਫਿਰ ਆ ਜਾਣਾ।" ॥੧੮॥

ਤਾਂ ਸ੍ਰੀ ਚੰਦ ਜੀ ਨੇ ਕਿਹਾ, "ਇਹੋ-ਜਿਹੇ ਮਦਾਰੀ[3] ਮੈਂ ਬਹੁਤ ਥਾਂਵਾਂ ਉੱਤੇ ਵੇਖੇ ਹਨ, ਜੋ ਖੱਲ ਦੀ ਬਿੱਲੀ[4] ਬਣਾਉਂਦੇ ਹਨ ਅਤੇ ਖੰਭਾਂ ਦਾ ਕਬੂਤਰ ਬਣਾ ਕੇ ਉਡਾ ਦਿੰਦੇ ਹਨ। ॥੧੯॥

ਤੁਸੀਂ ਵੀ ਕੁਝ-ਕੁਝ ਉਨ੍ਹਾਂ ਦੇ ਵਾਂਗ ਹੀ ਕਰਦੇ ਲੱਗਦੇ ਹੋ। ਮੇਰੇ ਮਨ ਨੇ ਜਾਣ ਲਿਆ ਹੈ ਕਿ ਤੁਸੀਂ ਕਪਟ ਰਚਿਆ[8] ਹੈ। ਤੁਸੀਂ ਵੀ ਸੂਰ[5] ਤੇ ਕੁੱਤੇ[6] ਆਪਣੇ ਮਗਰ ਲਾਈ ਬਾਹਰ ਫਿਰਦੇ ਸੀ ਅਤੇ ਮੁਰਦੇ[7] ਨੂੰ ਵੀ ਵਿਖਾਇਆ ਸੀ। ॥੨੦॥

ਫਿਰ ਉਸ ਨੂੰ ਤਿਹਾਵਲ ਦਾ ਕੜਾਹ-ਪਰਸ਼ਾਦ ਬਣਾ ਦਿੱਤਾ ਸੀ। ਕੋਈ ਇਹੋ-ਜਿਹਾ ਛਲ-ਵਲ ਹੀ ਫੇਰ ਦੁਬਾਰਾ ਹੋਵੇਗਾ। ਮੈਨੂੰ ਇਹ ਕੁਝ ਦੇਖਣ ਦੀ ਕੋਈ ਇੱਛਾ ਨਹੀਂ ਹੈ। ਮੈਂ ਤਾਂ ਮਰੀ ਹੋਈ (ਚੂਹੀ) ਨੂੰ ਨਹੀਂ ਚੁੱਕਾਂਗਾ।" ॥੨੧॥

(ਜਦੋਂ) ਉਹ ਇਹ ਕਹਿ ਕੇ ਚੁੱਪ[9] ਕਰ ਗਿਆ (ਤਾਂ) ਗੁਣਾਂ ਦੀ ਖਾਣ (ਗੁਰੂ ਜੀ) ਨੇ ਦੂਸਰੇ ਪੁੱਤਰ ਨੂੰ ਕਿਹਾ, "ਹੇ ਲੱਖਮੀਦਾਸ! ਸੁਣੋ, ਉਸ ਨੂੰ ਚੁੱਕ ਦੇਵੋ, ਕੋਲ ਪਈ ਚੰਗੀ ਨਹੀਂ ਲੱਗ ਰਹੀ, ਬਾਹਰ ਸੁੱਟ ਦੇਵੋ।" ॥੨੨॥

ਤਾਂ ਉਹ (ਲਖਮੀ ਦਾਸ) ਬੋਲਿਆ, "ਹੇ ਪਿਤਾ ਜੀ ਸੁਣੋ! ਸਾਡੇ ਲਈ ਇਹੋ-ਜਿਹੀਆਂ ਗੱਲਾਂ ਸੋਭਾ ਨਹੀਂ ਦਿੰਦੀਆਂ। ਮਰੀ ਹੋਈ ਚੂਹੀ ਨੂੰ ਮੈਂ ਤਾਂ ਹੱਥ ਨਹੀਂ ਲਵਾਂਗਾ, ਜੇ ਕਹੋ ਤਾਂ ਹੋਰ ਕਿਸੇ ਕੋਲੋਂ ਚੁੱਕਵਾ ਦੇਵਾਂ।" ॥੨੩॥

ਜਦ ਉਹ ਇਵੇਂ ਬਹੁਤ ਹੰਕਾਰ[10] ਨਾਲ ਕਹਿ ਕੇ ਚੁੱਪ ਹੋ ਗਿਆ ਤਾਂ ਗੁਰੂ ਜੀ ਨੇ ਲਹਿਣੇ ਵੱਲ ਤੱਕਿਆ (ਤੇ ਕਿਹਾ), "ਹੇ ਰੱਬ ਦੇ ਪਿਆਰੇ! ਤੂੰ ਹੀ ਉੱਠ। ਚੂਹੀ ਨੂੰ ਚੁੱਕ ਕੇ ਬਾਹਰ ਸੁੱਟ ਦੇਵੋ।" ॥੨੪॥

ਉਸ ਨੇ (ਲਹਿਣਾ ਜੀ ਨੇ) ਅੱਧਾ ਬਚਨ ਹੀ ਸੁਣਿਆ ਸੀ, ਤੁਰੰਤ ਹੀ ਉੱਠ ਕੇ (ਚੂਹੀ) ਉਠਾਈ ਅਤੇ ਉਹ ਕਿੰਨੀ ਹੀ ਦੂਰ ਜਾ ਕੇ ਸੁੱਟ ਦਿੱਤੀ। ਉਸ ਵੇਲੇ ਗੁਰੂ ਜੀ ਨੇ ਕਿਹਾ। ॥੨੫॥

"ਹੇ ਮੂਲਚੰਦ ਦੀ ਪੁੱਤਰੀ (ਸੁਲੱਖਣੀ)! ਹੁਣ ਆਪਣੇ ਮਨ ਵਿੱਚ ਵਿਚਾਰ[11] ਕਰਕੇ ਵੇਖ ਤੇ ਜਾਣ ਲੈ ਆਪਣੇ ਪੁੱਤਰਾਂ ਨੂੰ ਅਤੇ ਉਸ ਪਰਾਏ-ਪੁੱਤਰ ਨੂੰ। ਆਪਣੇ ਪੁੱਤਰ ਤਾਂ ਕਦੇ ਵੀ ਕਹਿਣਾ ਨਹੀਂ ਮੰਨਦੇ ਹਨ ਤੇ ਉਹ ਲਹਿਣਾ ਜੀ ਸਦਾ ਹੀ ਆਗਿਆ ਅਨੁਸਾਰ ਰਹਿੰਦਾ ਹੈ। ॥੨੬॥

ਦੋਹਰਾ

ਕਿਸੇ ਦੇ ਹੱਥ ਵਿੱਚ ਕੁਝ ਨਹੀਂ ਹੈ, ਸਭ ਕਰਤਾਰ ਦੇ ਵੱਸ ਹੈ। ਜਿਸ 'ਤੇ ਉਸ ਦੀ ਕਿਰਪਾ[12]-ਦ੍ਰਿਸ਼ਟੀ ਹੋ ਜਾਵੇ, ਉਹ ਹੀ ਇਨ੍ਹਾਂ ਵਸਤੂਆਂ (ਗੱਦੀ) ਨੂੰ ਪ੍ਰਾਪਤ ਕਰਦਾ ਹੈ। ॥੨੭॥

SikhBookClub.Com

ਚੌਪਈ

ਜਿਸ ਧਰਨੀ ਮਹਿਂ ਹੋਇ ਨਿਵਾਨਾ। ਤਹਿਂ ਜਲ ਜਾਵਹਿ ਟਿਕਹਿ ਮਹਾਨਾ[1]।
ਟਿੱਬਾ ਜਹਾਂ ਉਚੇਰਾ ਹੋਈ। ਤਹਿਂ ਜਲ ਬੂੰਦ ਟਿਕੈ ਨਹਿਂ ਕੋਈ'॥੨੮॥ (*1)

ਸੁਨ ਕੈ ਬਚਨ ਦੇਖ ਨਿਜ ਨੈਨਾ । ਗਈ ਸੁਲਖਣੀ ਉਠ ਨਿਜ ਐਨਾ।
ਕਿਤਕ ਦਿਵਸ ਜਬ ਬਿਤੇ ਬਹੋਰੀ । ਪਰਖਨ ਕੀ ਠਾਨੀ[2] ਬਿਧ ਔਰੀ॥੨੯॥

ਭਵ ਅੰਬੁਧਿ ਤਾਰਨ ਗੁਰ ਪੋਤਾ । ਜਾਮਨਿ ਏਕ ਭਾਉ[3] ਨਿਜ ਸੋਤਾ।
ਉਭਯ[4] ਤਾਤ ਤਿਹ ਕਾਲ ਸਮੀਪਾ । ਸ੍ਰੀ ਸਸਿ[5] ਪ੍ਰਤਿ ਤਬ ਨਿਕਟ ਬੁਲੀਪਾ॥੩੦॥

'ਤਾਤ! ਸੰਬਜਾਨ[6] ਧੋਨ ਸਰ ਜਈਏ । ਸੋਖਤ ਕਰ ਤੂਰਨ ਢਿਗ ਲਈਏ'।
ਤਾਤ ਕਹਤਿ 'ਹਮ ਸ਼੍ਰਮਤ ਕਰੰਤੇ । ਕੋਮਲ ਕਰ[7] ਹਮ ਨਿਸਾ ਠਰੰਤੇ॥੩੧॥

ਬਾਸੁਰ ਹ੍ਵੈ ਕ੍ਰਿਤ[8] ਧੋ ਕਰ ਲਜਾਵੈ । ਹਮ ਤੇ ਯਹਿ ਕ੍ਰਿਤ ਹੋਇ ਨ ਆਵੈ'।
ਲਘੁ ਸੁਤ ਪ੍ਰਤਿ ਜਬ ਕਹਿਂ ਗੁਰ ਐਸੇ । ਪ੍ਰਤਿ ਉੱਤਰ ਸੋ ਕਹਤਿਹੁ 'ਕੈਸੇ'॥੩੨॥

ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ । 'ਹਮ ਚਾਦਰ ਪੁਰਖਾ ਧੋ ਲਾ ਖਾ'।
ਤਬਹਿ ਉਠਜੋ ਲਹਿਣਾ ਬਡਭਾਗਾ । ਸਰਿ ਮਹਿਂ ਜਾ ਪਟ ਧੋਵਨ ਲਾਗਾ॥੩੩॥

ਬਾਸਰ[9] ਅਰਧ ਭਾਨ ਨਖਜਨ ਪਰਤੂ । ਲਖਿ ਲਹਿਣੇ ਮਨ ਅਚਰਜ ਸਮਤੂ।
ਧੋਇ ਸੁਕਾਇ ਚੈਲ[10] ਲੈ ਆਵਾ । ਧਰ ਸਤਿਗੁਰ ਢਿਗ ਭਾਲ[11] ਨਿਵਾਵਾ॥੩੪॥

ਜਗਤੇਸ਼੍ਵਰ ਨਿਜ ਪਾਨ[12] ਉਠਾਯੋ । ਕਹਿ 'ਸੁਮਤੇ[13]! ਜਗ ਅਪਰ ਨ ਜਾਯੋ।
ਕਿਤਕ ਨਿਸ਼ਾ ਥੀ ਪਟ ਧੋ ਆਨੇ?' । 'ਤੇਰੀ ਗਤ ਤੂੰ ਜਾਨ' ਬਖਾਨੇ॥੩੫॥

ਦੋਹਰਾ

ਸਤਿਗੁਰ ਕਹਿ 'ਜੋ ਵਸਤ ਹੈ ਭਾਗ ਜਿਸੇ ਸੋ ਪਾਇ।
ਬਿਨ ਭਾਗਾਂ ਨਹਿਂ ਮਿਲਤ ਹੈ ਕੋਟਿਕ ਜਤਨ ਕਮਾਇ[14]'॥੩੬॥

SikhBookClub.Com

ਚੌਪਈ

ਧਰਤੀ 'ਤੇ ਜਿਧਰ ਨਿਵਾਣ ਹੁੰਦਾ ਹੈ, ਜਲ ਉੱਧਰ ਹੀ ਜਾਂਦਾ ਹੈ ਤੇ ਬਹੁਤ[1] ਸਾਰਾ ਉੱਥੇ ਹੀ ਟਿਕ ਜਾਂਦਾ ਹੈ। ਜਿਥੇ ਉੱਚਾ ਟਿੱਬਾ ਹੋਵੇ, ਉਥੇ ਜਲ ਦੀ ਬੂੰਦ ਵੀ ਟਿਕ ਨਹੀਂ ਸਕਦੀ" ॥੨੮॥

ਗੁਰੂ ਜੀ ਦੇ ਬਚਨ ਸੁਣ ਕੇ ਅਤੇ (ਸਾਰਾ ਕੁਝ) ਆਪਣੇ ਅੱਖੀਂ ਤੱਕ ਕੇ ਸੁਲੱਖਣੀ ਜੀ ਉੱਠ ਕੇ ਆਪਣੇ ਘਰੇ ਚਲੀ ਗਈ। ਜਦੋਂ ਇਸ ਤਰਾਂ ਹੋਰ ਕਿੰਨੇ ਹੀ ਦਿਨ ਬੀਤ ਗਏ ਤਾਂ ਗੁਰੂ ਜੀ ਨੇ ਪਰਖ ਕਰਨ ਦੀ ਇੱਕ ਹੋਰ ਵਿਧੀ ਅਪਣਾਈ[2]। ॥੨੯॥

ਸੰਸਾਰ ਸਾਗਰ ਤੋਂ ਤਾਰਨ ਨੂੰ ਜਹਾਜ਼ ਰੂਪੀ ਗੁਰੂ ਨਾਨਕ ਜੀ ਇੱਕ ਰਾਤ ਨੂੰ ਆਪਣੇ ਰੰਗ[3] ਵਿੱਚ ਸੁੱਤੇ ਪਏ ਸਨ। ਦੋਨੋਂ[4] ਪੁੱਤਰ ਉਨ੍ਹਾਂ ਦੇ ਕੋਲ ਹੀ ਸਨ ਤਾਂ ਆਪ ਜੀ ਨੇ ਸ੍ਰੀ ਚੰਦ[5] ਨੂੰ ਕੋਲ ਸੱਦਿਆ। ॥੩੦॥

"ਹੇ ਪੁੱਤਰ! ਮੇਰੀ ਚਾਦਰ[6] ਧੋਣ ਲਈ ਤਲਾਬ 'ਤੇ ਲੈ ਜਾਵੋ ਅਤੇ ਸੁਕਾ ਕੇ ਛੇਤੀ ਲੈ ਆਵੋ।" ਤਾਂ (ਅੱਗੋਂ) ਉਸ ਆਖਿਆ, "ਅਸੀਂ ਥੱਕੇ ਹੋਏ ਅਰਾਮ ਕਰਦੇ ਹਾਂ। ਸਾਡੇ ਹੱਥ[7] ਬਹੁਤ ਕੋਮਲ ਹਨ, ਰਾਤ ਨੂੰ ਠਰਦੇ ਹਨ। ॥੩੧॥

ਦਿਨ ਹੋ ਜਾਵੇ ਤਾਂ ਕੋਈ ਦਾਸ[8] (ਸੇਵਕ) ਧੋ ਲਿਆਵੇਗਾ। ਸਾਡੇ ਕੋਲੋਂ ਇਹ ਕੰਮ ਨਹੀਂ ਹੋਣ ਵਾਲਾ।" ਛੋਟੇ ਪੁੱਤਰ ਨੂੰ ਵੀ ਜਦੋਂ (ਗੁਰੂ ਜੀ) ਨੇ ਇਸੇ ਤਰਾਂ ਕਿਹਾ ਤਾਂ ਉਸ ਨੇ ਮੋੜਵਾਂ ਜਵਾਬ ਦਿੱਤਾ, "ਕਿਸ ਤਰਾਂ (ਧੋਵਾਂ)?" ॥੩੨॥

(ਫਿਰ) ਜਦੋਂ (ਗੁਰੂ ਜੀ ਨੇ) ਲਹਿਣੇ ਨੂੰ ਕਿਹਾ, "ਹੇ ਪੁਰਖਾ! ਸਾਡੀ ਚਾਦਰ ਧੋ ਲਿਆ।" ਤਾਂ ਵੱਡੇ ਭਾਗਾਂ ਵਾਲੇ ਲਹਿਣਾ ਜੀ ਉਸੇ ਵਕਤ ਉੱਠੇ ਅਤੇ ਸਰੋਵਰ 'ਤੇ ਜਾ ਕੇ ਚਾਦਰ ਨੂੰ ਧੋਣ ਲੱਗੇ। ॥੩੩॥

ਲਹਿਣਾ ਜੀ ਸੋਚਿਆ, (ਇਸ ਸਮੇਂ ਰਾਤ ਸੀ), ਪਰ ਅੱਧਾ ਦਿਨ[9] ਚੜ੍ਹ ਆਇਆ ਤੇ ਧੁੱਪ ਪੈਣ ਲੱਗ ਪਈ ਹੈ, ਇਹ ਵੇਖ ਕੇ ਉਹ ਬਹੁਤ ਹੈਰਾਨ ਹੋਇਆ। ਉਹ ਚਾਦਰ[10] ਨੂੰ (ਧੋ) ਸੁਕਾ ਕੇ ਲੈ ਆਇਆ ਤੇ ਉਸ ਨੂੰ ਗੁਰੂ ਜੀ ਕੋਲ ਰੱਖ ਕੇ, ਚਰਨਾਂ ਵਿੱਚ ਮੱਥਾ[11] ਟੇਕਿਆ। ॥੩੪॥

ਜਗਤ ਦੇ ਮਾਲਕ ਨੇ ਆਪਣੇ ਹੱਥਾਂ[12] ਨਾਲ ਉਸ ਨੂੰ ਉੱਪਰ ਚੁੱਕਿਆ ਤੇ ਕਿਹਾ, "ਹੇ ਸ੍ਰੇਸ਼ਟ-ਬੁੱਧੀ[13] ਵਾਲੇ! ਤੇਰੇ ਜਿਹਾ ਜੱਗ ਵਿੱਚ ਹੋਰ ਕੋਈ ਨਹੀਂ ਜੰਮਿਆ। ਇਤਨੀ ਰਾਤੀਂ ਨੂੰ ਤੂੰ ਕੱਪੜਾ ਧੋ ਕੇ ਲੈ ਆਇਆ ਹੈ?" ਤਾਂ ਲਹਿਣਾ ਜੀ ਨੇ "ਆਪਣੀ ਚਾਲ ਨੂੰ ਤੁਸੀਂ ਹੀ ਜਾਣੋ।" ਕਿਹਾ ਸੀ ॥੩੫॥

ਦੋਹਰਾ

ਗੁਰੂ ਜੀ ਨੇ ਆਖਿਆ, "ਜਿਸ ਦੇ ਭਾਗਾਂ ਵਿੱਚ ਜੋ ਵਸਤੂ ਲਿਖੀ ਹੋਈ ਹੈ, ਸੋਈ ਪ੍ਰਾਪਤ ਕਰਦਾ ਹੈ। ਬਿਨਾਂ ਭਾਗਾਂ ਦੇ ਕੁਝ ਨਹੀਂ ਮਿਲਦਾ, ਚਾਹੇ ਕਰੋੜ ਕੋਸ਼ਿਸ਼ਾਂ ਕਰੀ[14] ਜਾਵਣ।" ॥੩੬॥

SikhBookClub.Com

ਅਪਰ ਪਰੀਖਜਾ ਲੈਨ ਕੀ ਸਤਿਗੁਰ ਕੇ ਮਨ ਚਾਹਿ।
ਇਕ ਦਿਨ ਸਿੱਖਨ ਕਰ ਬਲਿਤ[1], ਉਭਯ[2] ਤਾਤ ਢਿਗ ਆਹਿ॥੩੭॥

ਚੌਪਈ

ਹੁਤੀ ਸੁਲੱਖਣੀ ਢਿਗ ਤਿਹਕਾਲਾ । ਕੈਹਾਂ[3] ਬਾਸਨ ਲੀਨ ਕ੍ਰਿਪਾਲਾ।
ਜੂਠ[4] ਨੀਰ ਕਰਦਮ[5] ਗੰਭੀਰਾ[6] । ਤਿਹ ਮਹਿਂ ਡਾਰਜੋ ਗੁਨੀ ਗਹੀਰਾ॥੩੮॥

ਸਿਰੀਚੰਦ ਸੋਂ ਅਇਸੁ ਪ੍ਰਾਹੀ[7] । 'ਬਾਸਨ ਗਿਰਜੋ ਪੰਕ[8] ਕੇ ਮਾਂਹੀ।
ਸੋ ਨਿਕਾਸ ਆਨਹੁ ਮਮ ਪਾਹੀ । ਜਲਹਿ ਪਖਾਰ[9] ਸ੍ਵੱਛ ਕਰ ਤਾਂਹੀ'॥੩੯॥

ਦੋਹਰਾ

ਸੋ ਸੁਨ ਕੈ ਬੋਲਜੋ ਬਚਨ 'ਗਰ ਬਹੁ ਮੋਲੇ ਚੀਰ।
ਹਿਤ ਬਾਸਨ ਕੇ ਨਹਿਂ ਬਰੋਂ[10] ਮਲਿਨ[11], ਜੂਠ ਯਹਿ ਨੀਰ॥੪੦॥

ਚੌਪਈ

ਦਾਸ ਸਿੱਖ ਆਗੇ ਬਹੁ ਮੇਰੇ । ਮਾਨਹਿਂ ਬਚਨ ਨ ਕਰਹੀਂ ਦੇਰੇ।
ਆਇਸੁ ਦੇਹੁ ਨਿਕਾਸੈਂ ਸੋਈ । ਮੈਂ ਕਾਢੋਂ ਮਹਿਮਾ ਘਟ ਹੋਈ'॥੪੧॥

ਇਸ ਪ੍ਰਕਾਰ ਸੁਨਕੈ ਜਗਨਾਥਾ । ਬੋਲੇ ਪੁਨਿ ਦੂਸਰ ਸੁਤ ਸਾਥਾ।
'ਲਖਮੀਦਾਸ ਨਿਕਾਸਹੁ ਜਾਈ । ਮਾਂਜਹੁ ਸੁਚਿ ਕਰਿਯੇ ਤਿਹ ਤਾਂਈ'।੪੨।

ਸੁਨਤ ਸ਼੍ਰੌਨ ਤਿਨ ਬੈਨ ਬਖਾਂਨੇ ।'ਪਿਤ ਜੀ! ਤੁਮਹੋ ਅਧਿਕ ਸਿਆਨੇ।
ਮੰਦ ਕਾਮ ਹਮ ਪੈ ਕਰਵਾਵਉ । ਸਭ ਲੋਕਨ ਮਹਿਂ ਮਾਨ ਘਟਾਵਉ।੪੩।

ਇਸੀ ਪ੍ਰਕਾਰ ਤੁਮਾਰ ਸੁਭਾਊ । ਕਹਉ ਆਪ ਹਮ ਕਰੈਂ ਨ ਕਾਊ[12]'।
ਤਬ ਲਹਿਣੇ ਦਿਸ ਕ੍ਰਿਪਾ ਨਿਧਾਨਾ । ਅਵਿਲੋਕਜੋ ਅਸ ਬਚਨ ਬਖਾਨਾ॥੪੪॥

'ਮਹਾਂ ਭਾਗ! ਕਰਦਮ[13] ਕੈ ਮਾਂਹੀ । ਜਾਇ ਨਿਕਾਸ ਸ੍ਵੱਛ ਕਰ ਤਾਂਹੀ'।
ਗਰ ਬਹੁਮੋਲੇ ਚੀਰ ਸੁਹਾਈ । ਸੁਨ ਆਇਸੁ ਨਹਿਂ ਦੇਰ ਲਗਾਈ॥੪੫॥ (*2)

ਕੂਦ ਪਰਜੋ ਕਰਦਮ ਕੈ ਮਾਂਹੀਂ । ਆਇਸੁ ਅਨੁਸਾਰੀ ਪ੍ਰਨ ਜਾਹੀਂ ।
ਬਾਸਨ ਕੋ ਨਿਕਾਸ ਲੈ ਆਵਾ । ਮਾਂਝ ਪਖਾਰਯੋ[14] ਭਲਾ ਬਨਾਵਾ॥੪੬॥

SikhBookClub.Com

ਗੁਰੂ ਜੀ ਦੀ ਇੱਕ ਹੋਰ ਪ੍ਰੀਖਿਆ ਲੈਣ ਦੀ ਇੱਛਾ ਸੀ। ਇੱਕ ਦਿਨ ਉਹ ਸਿੱਖਾਂ ਵਿੱਚ ਘਿਰੇ[1] ਹੋਏ ਬੈਠੇ ਸਨ ਤੇ ਦੋਨੋਂ[2] ਪੁੱਤਰ ਵੀ ਕੋਲ ਹੀ ਬੈਠੇ ਹੋਏ ਸਨ। ॥੩੭॥

ਚੌਪਈ

ਸੁਲੱਖਣੀ ਜੀ ਵੀ ਉਸ ਸਮੇਂ ਕੋਲ ਹੀ ਸਨ। ਕਿਰਪਾ-ਨਿਧਾਨ ਨੇ ਕਾਂਸੀ[3] ਦਾ ਬਰਤਨ ਲਿਆ ਤੇ ਬਹੁਤ ਹੀ ਡੂੰਘੇ[6] ਗੰਦੇ[4] ਚਿੱਕੜ[5] ਵਾਲੇ ਪਾਣੀ ਵਿੱਚ ਅਥਾਹ ਗੁਣਾਂ ਦੇ ਭੰਡਾਰ ਨੇ ਸੁੱਟ ਦਿੱਤਾ ॥੩੮॥

ਉਨ੍ਹਾਂ ਨੇ ਸ੍ਰੀ ਚੰਦ ਨੂੰ ਹੁਕਮ ਦਿੱਤਾ[7], "ਬਰਤਨ ਚਿੱਕੜ[8] ਵਿੱਚ ਡਿੱਗ ਪਿਆ ਹੈ, ਉਸ ਨੂੰ ਨਿਕਾਲ ਕੇ ਮੇਰੇ ਕੋਲ ਲੈ ਆਵੋ ਅਤੇ ਅੱਛੇ ਪਾਣੀ ਨਾਲ ਧੋ[9] ਕੇ ਸਾਫ ਕਰੋ।" ॥੩੯॥

ਦੋਹਰਾ

ਸੁਣ ਕੇ ਸ੍ਰੀ ਚੰਦ ਕਹਿਣ ਲੱਗਾ, "ਮੇਰੇ ਸਰੀਰ ਉੱਤੇ ਬਹੁਤ ਕੀਮਤੀ ਬਸਤਰ ਪਹਿਨੇ ਹੋਏ ਹਨ, ਇਸ ਇੱਕ ਬਰਤਨ ਪਿੱਛੇ ਮੈਂ ਨਹੀਂ ਵੜਾਂਗਾ[10], ਇਹ ਪਾਣੀ ਜੂਠਾ ਤੇ ਗੰਦਾ[11] ਹੈ। ॥੪੦॥

ਚੌਪਈ

ਮੇਰੇ ਅੱਗੇ ਹੋਰ ਬਹੁਤ ਸੇਵਕ ਬੈਠੇ ਹਨ, ਜੋ ਹੁਕਮ ਮੰਨਣ ਲਈ ਥੋੜ੍ਹਾ ਚਿਰ ਵੀ ਨਹੀਂ ਲਾਉਣਗੇ। ਤੁਸੀਂ ਹੁਕਮ ਕਰੋ ਤਾਂ ਉਹ ਨਿਕਾਲ ਦੇਣਗੇ। ਜੇ ਮੈਂ ਕੱਢਾਂਗਾ ਤਾਂ ਮੇਰੀ ਮਹਿਮਾ ਘੱਟ ਜਾਵੇਗੀ।" ॥੪੧॥

ਇਸ ਤਰਾਂ (ਸ੍ਰੀ ਚੰਦ ਦੇ ਬੋਲ) ਸੁਣ ਕੇ ਜਗਤ ਸੁਆਮੀ ਗੁਰੂ ਜੀ, ਕੋਲ ਬੈਠੇ ਦੂਜੇ ਪੁੱਤਰ ਨੂੰ ਕਹਿਣ ਲੱਗੇ, "ਲੱਖਮੀ ਦਾਸ ਤੂੰ ਜਾ ਕੇ ਕੱਢ ਲਿਆ, ਉਸ ਨੂੰ ਮਾਂਜ ਕੇ ਸੁੱਚਾ ਕਰ ਦੇਵੋ।"॥੪੨॥

ਸੁਣ ਕੇ ਉਸ ਨੇ ਕਿਹਾ, "ਹੇ ਪਿਤਾ ਜੀ! ਤੁਸੀਂ ਤਾਂ ਬਹੁਤ ਸਿਆਣੇ ਪੁਰਸ਼ ਹੋ। ਗੰਦੇ ਕੰਮ ਸਾਡੇ ਕੋਲੋਂ ਕਰਵਾਉਂਦੇ ਹੋ। ਸਾਰੇ ਲੋਕਾਂ ਵਿੱਚ ਸਾਡਾ ਮਾਣ ਘਟਾਉਂਦੇ ਹੋ। ॥੪੩॥

ਤੁਹਾਡਾ ਇਸ ਤਰਾਂ ਦਾ ਹੀ ਸੁਭਾਅ ਹੈ,(ਫੇਰ) ਤੁਸੀਂ ਆਖਦੇ ਹੋ ਕਿ ਅਸੀਂ ਕੁਝ[12] ਕਰਦੇ ਨਹੀਂ।" ਫੇਰ ਕਿਰਪਾ-ਨਿਧਾਨ(ਗੁਰੂ ਜੀ) ਨੇ ਲਹਿਣੇ ਵੱਲ ਤੱਕਿਆ ਤੇ ਇਉਂ ਕਿਹਾ। ॥੪੪॥

"ਹੇ ਮਹਾਂ ਭਾਗਾਂ ਵਾਲੇ! ਚਿੱਕੜ[13] ਵਿੱਚੋਂ (ਬਰਤਨ) ਕੱਢ ਕੇ ਸਾਫ ਕਰਕੇ ਲਿਆਵੋ।" ਉਸ (ਲਹਿਣੇ) ਦੇ ਗਲ ਬਹੁਤ ਸੋਹਣੇ ਕੱਪੜੇ ਪਾਏ ਹੋਏ ਸਨ, ਪਰ ਗੁਰੂ ਜੀ ਦੀ ਆਗਿਆ ਸੁਣ ਕੇ ਉਸ ਨੇ ਦੇਰ ਨਾ ਲਾਈ ॥੪੫॥

ਉਹ ਚਿੱਕੜ ਵਿੱਚ ਕੁੱਦ ਪਿਆ, ਜਿਸ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਕੰਮ ਕਰਨ ਦਾ ਪ੍ਰਣ ਕੀਤਾ ਹੋਇਆ ਸੀ। ਬਰਤਨ ਨੂੰ ਉਹ ਬਾਹਰ ਕੱਢ ਲਿਆਇਆ ਅਤੇ ਉਸ ਨੂੰ ਚੰਗੀ ਤਰਾਂ ਧੋ[14] ਕੇ, ਮਾਂਜ ਕੇ, ਸੋਹਣਾ ਬਣਾ ਦਿੱਤਾ ਸੀ ॥੪੬॥

SikhBookClub.Com

ਪੰਕ[1] ਸੰਗ ਪਟ ਭਏ ਮਲੀਨਾ । ਅੰਗ ਨ ਲਗਜੋ ਜਾਤ ਨਹਿੰ ਚੀਨਾ।
ਸਰਬ ਬਿਲੋਕ ਬਿਸਮਤਾ ਠਾਂਨੀ । 'ਧੰਨ ਧੰਨ'ਕਹਿੰ ਕੇਤਿਕ ਬਾਨੀ॥੪੭॥

ਗੁਰ ਸਿੱਖੀ ਤਿੱਖੀ ਅਸਿ[2] ਹੂੰਤੇ । ਧੰਨ ਸਿ ਨਰ ਜੇ ਜਾਇ ਪਹੂੰਚੇ।
ਅਧਿਕ ਪ੍ਰਸੀਦੇ ਕ੍ਰਿਪਾ ਨਿਧਾਨਾ । ਮ੍ਰਿਦੁਲ ਸੁਮਤਿ ਸੋ ਬਚਨ ਬਖਾਨਾ॥੪੮॥

ਦੋਹਰਾ

'ਕਰ ਜੋਰੇ ਕਰਤਾਰ ਕੋ ਬੰਦਨ ਕਰ ਸਿਰ ਨਜਾਇ।
ਤਵ ਸਮਤਾ ਨਹਿੰ ਅਪਰ ਮਹਿੰ, ਅਤਿ ਉਤੰਗ ਪਦ ਪਾਇੰ'॥੪੯॥

ਚੌਪਈ

ਸੁਨ ਲਹਿਣੇ ਗਹਿ ਪਦ ਅਰਬਿੰਦਾ । ਧਰਜੋ ਸੀਸ ਲਹਿ ਰਿਦੇ ਅਨੰਦਾ।
ਬਹੁਰੋ ਕਿਤਕ ਬਿਤਾਯੋ ਕਾਲਾ । ਸੇਵਹਿ ਸ੍ਰੀ ਗੁਰ ਚਰਨ ਰਸਾਲਾ॥੫੦॥

ਇਕ ਦਿਨ ਬੂੜੇ ਕੇ ਮਨ ਆਈ ।—ਹੌਂ ਭੀ ਸੇਵ ਕਰਉਂ ਅਧਿਕਾਈ।
ਸਦਾ ਰਹਉਂ ਆਇਸੁ[3] ਅਨੁਸਾਰੀ । ਤਦਪਿ ਕ੍ਰਿਪਾ ਲਹਿਣੇ ਪਰ ਭਾਰੀ —॥੫੧॥

ਅੰਤਰਜਾਮੀ ਸ੍ਰੀ ਗੁਰ ਜਾਨੀ । ਤਿਸ ਕੇ ਪਰਖਨ ਕੀ ਬਿਧਿ ਠਾਨੀ।
ਹੁਤੇ ਨਿਸਾ ਇਕ ਏ ਦ੍ਵੈ ਪਾਸਾ । ਬੋਲੇ ਬਚਨ ਤਬਹਿ ਸੁਖਰਾਸਾ॥੫੨॥

'ਬੂੜੇ ਵਹਿਰ ਨਿਕਸਕੈ ਦੇਖ । ਕਿਤਕ ਜਾਮਨੀ[4] ਹੈ ਅਬਿ ਸ਼ੇਖ[5]।
ਜੇਤੀ ਰਹੀ ਬਤਾਵਉ ਸੋਊ । ਕਾਲ ਸ਼ਨਾਨ ਭਯੋ ਕਿ ਨ ਹੋਊ'॥੫੩॥

ਨਿਕਸਜੋ ਬੂੜਾ ਦੇਖ ਬਤਾਈ । 'ਅਰਧ ਨਿਸਾ ਅਬ ਹੇ ਗਤਿਦਾਈ[6]'!
ਗੁਰੂ ਕਹਜੋ 'ਏਤੀ ਅਬ ਨਾਹੀਂ । ਏਕੈ ਜਾਮ ਜਾਮਨੀ ਆਹੀ॥੫੪॥

ਭਲੀ ਪ੍ਰਕਾਰ ਬਿਲੋਕ ਬਹੋਰੀ[7] । ਦੇਹੁ ਬਤਾਇ ਖੋਇ ਮਤਿ ਭੋਰੀ[8]'।
ਤਬ ਬੂੜੇ ਪਿਖਿ ਨੀਕੀ[9] ਭਾਂਤੀ । ਕਹਜੋ 'ਪ੍ਰਭੂ ਜੀ! ਆਧੀ ਰਾਤੀ॥੫੫॥

SikhBookClub.Com

ਚਿੱਕੜ[1] ਨਾਲ ਉਸ ਦੇ ਕੱਪੜੇ ਗੰਦੇ ਹੋ ਗਏ ਸਨ। ਅੰਗਾਂ ਨੂੰ ਚਿੱਕੜ ਇਉਂ ਲੱਗ ਗਿਆ ਕਿ ਉਹ ਪਛਾਣੇ ਹੀ ਨਾ ਜਾਣ। ਸਾਰੇ ਲੋਕ, ਇਹ ਵੇਖ ਕੇ ਹੈਰਾਨ ਹੋ ਕੇ "ਧੰਨ-ਧੰਨ" ਦਾ ਉਚਾਰਨ ਕਰਨ ਲੱਗੇ ॥੪੭॥

ਗੁਰਸਿੱਖੀ ਜੋ ਤਲਵਾਰ[2] ਨਾਲੋਂ ਵੀ ਤਿੱਖੀ ਹੈ, ਧੰਨ ਹਨ ਉਹ ਸਿੱਖ ਜੋ ਇੱਥੋਂ ਤਕ ਜਾ ਪਹੁੰਚੇ ਹਨ। ਦਇਆ ਦੇ ਖਜ਼ਾਨੇ ਗੁਰੂ ਜੀ ਬਹੁਤ ਖੁਸ਼ ਹੋਏ ਤੇ ਕੋਮਲ ਤੇ ਚੰਗੀ ਸਮਝ ਵਾਲੇ ਲਹਿਣਾ ਜੀ ਨੂੰ ਬਚਨ ਕੀਤਾ। ॥੪੮॥

ਦੋਹਰਾ

"ਲਹਿਣੇ ਪਰਮਾਤਮਾ ਅੱਗੇ ਦੋਨੋਂ ਹੱਥ ਜੋੜ ਕੇ. ਸਿਰ ਨਿਵਾ ਕੇ ਬੰਦਨਾ ਕਰੋ। (ਇਸ ਜੱਗ ਵਿੱਚ) ਤੇਰੇ ਜਿੱਡਾ ਹੋਰ ਕੋਈ ਵੀ ਨਹੀਂ ਹੈ, ਤੂੰ ਬਹੁਤ ਉੱਚਾ ਪਦ ਪਾਵੇਂਗਾ।" ॥੪੯॥

ਚੌਪਈ

ਲਹਿਣਾ ਜੀ ਨੇ (ਗੁਰੂ ਜੀ ਦੇ) ਬੋਲ ਸੁਣ ਕੇ ਗੁਰੂ ਜੀ ਦੇ ਚਰਨ-ਕਮਲ ਪਕੜ ਲਏ ਅਤੇ ਹਿਰਦੇ ਵਿੱਚ ਖੁਸ਼ ਹੋਇਆ। ਉਸ ਨੇ (ਗੁਰੂ ਜੀ ਦੇ) ਚਰਨਾਂ 'ਤੇ ਸੀਸ ਰੱਖ ਦਿੱਤਾ। ਫਿਰ ਇਸ ਤਰਾਂ ਭਾਈ ਲਹਿਣਾ ਨੇ ਕਾਫੀ ਸਮਾਂ ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ ਸੇਵਾ ਕਰਦਿਆਂ ਬਤੀਤ ਕੀਤਾ ਸੀ। ॥੫੦॥

ਇੱਕ ਦਿਨ ਬੂੜੇ (ਬਾਬਾ ਬੁੱਢਾ ਜੀ) ਦੇ ਚਿੱਤ ਵਿੱਚ ਸੁੱਝੀ -ਮੈਂ ਵੀ ਗੁਰੂ ਜੀ ਦੀ ਬਹੁਤ ਸੇਵਾ ਕਰਦਾ ਹਾਂ ਅਤੇ ਹਮੇਸ਼ਾ ਉਨ੍ਹਾਂ ਦੇ ਹੁਕਮ[3] ਵਿੱਚ ਰਹਿੰਦਾ ਹਾਂ, ਫਿਰ ਵੀ ਲਹਿਣੇ ਉੱਪਰ ਗੁਰੂ ਜੀ ਦੀ ਕਿਰਪਾ ਬਹੁਤੀ ਹੈ-। ॥੫੧॥

ਗੁਰੂ ਜੀ ਜਾਣੀ-ਜਾਣ (ਅੰਤਰਜਾਮੀ) ਸਨ, ਉਨ੍ਹਾਂ ਨੇ ਜਾਣ ਲਿਆ ਤੇ ਉਸ ਨੂੰ (ਬਾਬਾ ਬੁੱਢਾ ਜੀ) ਪਰਖਣ ਦੀ ਵਿਧੀ ਠਾਨ ਲਈ।ਇੱਕ ਰਾਤ ਨੂੰ ਇਹ ਦੋਨੋਂ ਜਣੇ ਗੁਰੂ ਜੀ ਦੇ ਕੋਲ ਸਨ। ਤਾਂ ਸੁੱਖਾਂ ਦੀ ਰਾਸ ਗੁਰੂ ਜੀ ਨੇ ਬਚਨ ਕੀਤਾ। ॥੫੨॥

"ਬੂੜੇ ਬਾਹਰ ਨਿਕਲ ਕੇ ਵੇਖ, ਰਾਤ[4] ਕਿੰਨੀ ਕੁ ਅਜੇ ਬਾਕੀ[5] ਹੈ। ਜਿੰਨੀ ਰਹਿੰਦੀ ਹੈ, ਆ ਕੇ ਦੱਸੋ। ਇਸ਼ਨਾਨ ਕਰਨ ਦਾ ਵਕਤ ਹੋ ਗਿਆ ਹੈ ਕਿ ਨਹੀਂ। ॥੫੩॥

ਬੂੜਾ (ਬਾਬਾ ਬੁੱਢਾ ਜੀ) ਬਾਹਰ ਨਿਕਲਿਆ ਅਤੇ ਦੇਖ ਕੇ ਦੱਸਿਆ, "ਹੇ ਮੁਕਤੀ[6] ਦੇ ਦਾਤਾ (ਗੁਰੂ ਜੀ)! ਹੁਣ ਅੱਧੀ ਰਾਤ ਦਾ ਵੇਲਾ ਹੈ।" ਤਾਂ ਗੁਰੂ ਜੀ ਆਖਿਆ, ਇਤਨੀ ਨਹੀਂ (ਅਜੇ) ਇੱਕ ਪਹਿਰ ਰਾਤ ਬਾਕੀ (ਲੱਗਦੀ) ਹੈ। ॥੫੪॥

ਤੂੰ ਚੰਗੀ ਤਰਾਂ ਫੇਰ[7] ਵੇਖੋ, ਆਪਣੀ ਭੋਲੀ[8] ਮੱਤ ਗੁਆ ਕੇ ਚੰਗੀ ਤਰਾਂ ਵੇਖ ਕੇ ਦੱਸੋ।" ਤਾਂ ਬੂੜਾ (ਬਾਬਾ ਬੁੱਢਾ ਜੀ) ਨੇ ਫਿਰ ਚੰਗੀ[9] ਤਰਾਂ ਵੇਖਿਆ ਤੇ ਦੱਸਿਆ, "ਪ੍ਰਭੂ ਜੀ! ਅੱਧੀ ਰਾਤ ਹੈ ॥੫੫॥

SikhBookClub.Com

ਜਾਮ[1] ਨਹੀਂ,ਮੈਂ ਦੇਖੀ ਨੀਕੇ' । ਸੁਨ ਬੋਲੇ ਪ੍ਰਿਯ ਸਿੱਖਨ ਜੀਕੇ।
'ਏਕੈ ਜਾਂਮ ਜਾਮਨੀ ਹੋਈ[2] । ਤੈਂ ਨਹਿਂ ਪਿਖੀ ਭਲੀ ਬਿਧ ਸੋਈ'॥੫੬॥

ਬਹੁਰੋ ਬੂੜੇ ਦੇਖ ਅਕਾਸ਼ਾ । 'ਅਰਧ ਰਾਤ੍ਰ ਅਬ ਹੈ ਸੁਖਰਾਸਾ!'।
ਤੀਨ ਬਾਰ ਯੌਂ ਬਚਨ ਹਟਾਏ । ਸ੍ਰੀ ਗੁਰ ਕੋ ਆਸ਼ੈ ਨਹਿਂ ਪਾਏ॥੫੭॥

ਲਹਿਣੇ ਸੋਂ ਬੋਲੇ ਗਤਿਦਾਈ ।'ਤੂੰ ਅਵਿਲੋਕ ਵਹਿਰ ਅਬ ਜਾਈ।
ਜੇਤੀ ਨਿਸ ਹੈ ਦੇਹੁ ਬਤਾਈ' । ਨਿਕਸਜੋ ਤੂਰਨ ਦੇਰ ਨ ਲਾਈ॥੫੮॥

ਉਡਗਨ[3] ਕੋ ਬਿਲੋਕ ਕਹਿ ਬਾਨੀ । 'ਅਰਧ ਨਿਸਾ ਅਬ ਸ੍ਰੀ ਗੁਨ ਖਾਨੀ'।
ਗੁਰ ਬੋਲੇ 'ਦੇਖਹੁ ਤੁਮ ਨੀਕੇ[4] । ਜਾਮ ਜਾਮਨੀ ਹੈ ਅਬ ਠੀਕੇ'॥੫੯॥

ਦੋਹਰਾ

ਲਹਿਣਾ ਰਿਦੈ ਬਿਚਾਰਈ —ਹੈ ਆਧੀ ਹੀ ਰਾਤਿ।
ਤੱਦਜਪ ਗੁਰੂ ਸੁਹਾਵ ਜੋ ਸੋ ਨਹਿਂ ਜਾਂਨਜੋ ਜਾਤ—॥੬੦॥

ਚੌਪਈ

ਇਉਂ ਮਨ ਗੁਨ ਕੈ ਬੈਨ ਅਲਾਏ ।'ਪ੍ਰਭੂ ਮਮ ਨੈਨ ਹੁਤੇ ਅਲਸਾਏ।
ਭੂਲ ਕਹਜੋ ਮੈਂ ਆਧੀ ਰਾਤੀ । ਜਾਮ ਏਕ ਹੀ ਅਬ ਸੁਧ ਜਾਤੀ॥੬੧॥

ਜਿਤਨੀ ਨਿਸਾ ਬਿਤਾਈ ਰਾਉਰ[5] । ਤਿਤਨੀ ਬਿਤੀ ਨ ਮੈਂ ਲਖਿ ਬਾਉਰ[6]।
ਅਬ ਜਿਤਨੀ ਰਾਖੀ ਸੋ ਰਹੀ । ਸਰਬ ਕਾਲ ਕੋ ਕਰਤਾ ਤੁਹੀ॥੬੨॥

ਭਈ ਅਵੱਗਜਾ[7] ਛਿਮਾ ਕਰੀਜੈ । ਅਉਗਣਹਾਰ ਸਦਾ ਬਖਸ਼ੀਜੈ।
ਮੰਦ ਮਤੀ ਮੈਂ ਪਿਖਜੋ ਨ ਨੀਕੇ । ਬੋਲਜੋ ਕੂਰ ਤੁਮਾਰ ਨਜੀਕੇ'॥੬੩॥

ਸੁਨ ਕੈ ਪਰਮ ਪ੍ਰਸੀਦੇ ਦਯਾਲਾ । ਲਖਜੋ[8] —ਸਰਬ ਤੇ ਦਾਸ ਬਿਸਾਲਾ।
ਤਾਉ ਕਸੌਟੀ ਉਤਰਜੋ ਪੂਰਾ । ਬਾਰਹਿਬੰਨੀ ਭਯੋ ਸੁ ਰੂਰਾ ॥੬੪॥

SikhBookClub.Com

ਇੱਕ ਪਹਿਰ[1] (ਰਾਤ) ਬਾਕੀ ਨਹੀਂ, ਮੈਂ ਚੰਗੀ ਤਰਾਂ ਦੇਖ ਲਿਆ ਹੈ।" ਤਾਂ ਸੁਣ ਕੇ ਆਪਣੇ ਸਿੱਖਾਂ ਦੇ ਪਿਆਰੇ, ਗੁਰੂ ਜੀ ਕਹਿਣ ਲੱਗੇ, "ਇੱਕ ਪਹਿਰ ਹੀ ਰਾਤ ਬੀਤੀ[2] ਹੈ, ਤੂੰ ਚੰਗੀ ਤਰਾਂ ਨਹੀਂ ਦੇਖਿਆ।" ॥੫੬॥

ਬੂੜੇ (ਬਾਬਾ ਜੀ) ਨੇ ਫਿਰ ਅਕਾਸ਼ ਵੱਲ ਵੇਖ ਕੇ ਕਿਹਾ, "ਹੇ ਸੁੱਖਾਂ ਦੀ ਰਾਸ ਗੁਰੂ ਜੀ, ਹੁਣ ਅੱਧੀ ਰਾਤ ਹੀ ਹੈ।" ਇਸ ਤਰਾਂ ਬਾਬਾ ਬੁੱਢਾ ਜੀ ਨੇ ਤਿੰਨ ਵਾਰ ਗੁਰੂ ਜੀ ਦੇ ਬਚਨ ਨੂੰ ਮੋੜਿਆ, ਗੁਰੂ ਜੀ ਦੀ ਇੱਛਾ ਨਾ ਪ੍ਰਾਪਤ ਕਰ (ਜਾਣ) ਸਕਿਆ। ॥੫੭॥

ਤਾਂ ਮੁਕਤੀ ਦੇ ਦਾਤਾ ਗੁਰੂ ਜੀ ਨੇ ਲਹਿਣੇ ਨੂੰ ਕਿਹਾ, "ਹੁਣ ਤੂੰ ਬਾਹਰ ਜਾ ਕੇ ਵੇਖ ਤੇ ਜਿੰਨੀ ਰਾਤ ਹੈ, ਆ ਕੇ ਦੱਸੋ।" ਉਸ ਨੇ ਦੇਰ ਨਾ ਲਾਈ ਤੇ ਤੁਰੰਤ ਹੀ ਨਿਕਲ ਗਿਆ। ॥੫੮॥

ਤਾਰਿਆਂ[3] ਨੂੰ ਵੇਖ ਕੇ ਉਸ ਨੇ ਆਖਿਆ, "ਹੇ ਗੁਣਾਂ ਦੀ ਖਾਣ (ਗੁਰੂ ਜੀ) ਹੁਣ ਅੱਧੀ ਰਾਤ ਹੈ।" ਗੁਰੂ ਜੀ ਉਸ ਨੂੰ ਕਿਹਾ, "ਚੰਗੀ[4] ਤਰਾਂ ਦੇਖੋ, ਰਾਤ ਠੀਕ ਇੱਕ ਪਹਿਰ ਬਾਕੀ ਹੈ।" ॥੫੯॥

ਦੋਹਰਾ

ਲਹਿਣੇ ਨੇ ਮਨ ਹੀ ਮਨ ਸੋਚਿਆ -ਹੈ ਤਾਂ ਅੱਧੀ ਰਾਤ ਹੀ। ਤਦ ਵੀ ਗੁਰੂ ਜੀ ਦਾ ਸੁੰਦਰ ਸੁਭਾਅ ਹੈ, (ਪਤਾ ਨਹੀਂ, ਉਨ੍ਹਾਂ ਨੂੰ ਕੀ ਭਾਉਂਦਾ ਹੈ?) ਅਸੀਂ ਦਾਸ ਲੋਕ ਉਨ੍ਹਾਂ ਨੂੰ ਸਮਝ ਨਹੀਂ ਸਕਦੇ ॥੬੦॥

ਚੌਪਈ

ਤਾਂ ਉਸ ਨੇ (ਲਹਿਣਾ ਜੀ ਨੇ) ਮਨ ਵਿੱਚ ਗਿਣਤੀ-ਮਿਣਤੀ ਕਰਕੇ ਆਖਿਆ, "ਪ੍ਰਭੂ ਜੀ (ਗੁਰੂ ਜੀ!) ਮੇਰੀਆਂ ਅੱਖਾਂ ਨੀਂਦ ਨਾਲ ਭਰੀਆਂ ਹੋਈਆਂ ਸੀ, ਮੈਂ ਭੁੱਲ ਕੇ ਕਹਿ ਦਿੱਤਾ, ਅੱਧੀ ਰਾਤ ਹੈ, ਮੈਨੂੰ ਹੁਣ ਸਾਫ-ਸਾਫ ਪਤਾ ਲੱਗਾ ਹੈ ਕਿ ਇੱਕ ਪਹਿਰ ਰਾਤ ਹੀ ਬਾਕੀ ਹੈ। ॥੬੧॥

ਜਿੰਨੀ ਰਾਤ ਬੀਤੀ ਆਪ[5] ਜੀ ਨੇ ਬਿਤਾਈ ਹੈ, ਉਤਨੀ ਹੀ ਬੀਤੀ ਹੈ, ਮੈਂ ਝੱਲਾ[6] ਜਾਣ ਨਹੀਂ ਸਕਿਆ। ਜਿਤਨੀ ਤੁਸੀਂ (ਰਾਤ) ਬਾਕੀ ਰੱਖੀ, ਉਤਨੀ ਹੀ ਰਹੀ ਹੈ। ਸਾਰੇ ਸਮੇਂ ਦੇ ਮਾਲਕ ਤੁਸੀਂ ਆਪ ਹੀ ਹੋ। ॥੬੨॥

ਮੇਰੇ ਕੋਲੋਂ ਭੁੱਲ[7] ਹੋ ਗਈ, ਮੈਨੂੰ ਮਾਫ ਕਰ ਦੇਵੋ। ਅਸੀਂ ਹਮੇਸ਼ਾ ਔਗੁਣਹਾਰ ਹਾਂ, ਤੁਸੀਂ ਬਖਸ਼ ਦਿਉ। ਥੋੜ੍ਹੀ ਮਤ ਹੋਣ ਕਰਕੇ ਮੈਂ ਚੰਗੀ ਤਰਾਂ ਵੇਖ ਨਹੀਂ ਸਾਂ ਸਕਿਆ ਤੇ ਆਪ ਕੋਲ ਝੂਠ ਬੋਲਿਆ ਗਿਆ ਹੈ।" ॥੬੩॥

(ਲਹਿਣਾ ਜੀ ਦੇ) ਬੋਲ ਸੁਣ ਕੇ ਕਿਰਪਾ-ਨਿਧਾਨ (ਗੁਰੂ ਜੀ) ਬਹੁਤ ਖੁਸ਼ ਹੋਏ। ਉਨ੍ਹਾਂ ਨੇ ਜਾਣ[8]ਲਿਆ -ਇਹ ਸਭ ਤੋਂ ਵਧੀਆ ਸੇਵਕ ਹੈ, ਜੋ ਕਸੌਟੀ ਉੱਤੇ ਪੂਰਾ ਉਤਰਿਆ ਹੈ। ਇਹ ਬਾਰਾਂ ਅੱਗਾਂ ਦਾ ਸੇਕ ਸਹਿ ਚੁੱਕੇ ਸੁੰਦਰ ਸੋਨੇ ਵਰਗਾ ਸ਼ੁੱਧ ਹੈ। ॥੬੪॥

SikhBookClub.Com

ਪਰਖਜੋ ਸੇਵਕ ਸਬਹੀ ਭਾਂਤੀ । ਕਮਤੀ ਰਹੀ ਨ ਜਾਨੀ ਜਾਤੀ।
ਉਚਿਤ ਖ਼ਜ਼ਾਨੇ ਪਾਵਨ —ਦੇਖਾ । ਕਰੀ ਕ੍ਰਿਪਾ ਪਰਸੀਦ ਬਿਸੇਖਾ ।੬੫।

ਤਖਤ ਦੇਨ ਕੀ ਮਨ ਬਿਧ ਆਨੀ ।—ਪਲਟੋਂ ਬੇਖ[1]— ਭਲੇ ਉਰ ਠਾਨੀ।
ਸੁਖ ਸਾਗਰ ਪੂਰਨ ਅਬਿਨਾਸ਼ੀ । ਜੋ ਕਾਟਤ ਸੇਵਕ ਜਮ ਫਾਸੀ॥੬੬॥

ਸ੍ਰੈਯਾ

ਰੂਪ ਨ, ਰੇਖ ਨ, ਰੰਗ ਨ, ਰਾਗ ਨ, ਰੋਗ, ਨ ਸੋਗ ਅਕਾਲ ਸਦਾਏ[2]।
ਪੂਰਨ ਸ੍ਰੀ ਪਰਮੇਸ਼ੁਰ ਜੋ ਪੁਰਸ਼ੋਤਮ[3] ਪਾਰ[4] ਨਹੀਂ ਕਿਹ ਪਾਏ।
ਪਾਤ ਨ, ਜਾਤ ਨ, ਮਾਤ ਨ, ਤਾਤ ਨ, ਭ੍ਰਾਤ ਨ, ਬੇਦ ਅਨੰਤ ਅਲਾਏ।
ਸੋ ਕਰਤਾਰ ਧਰਾ ਅਵਤਾਰ ਧਰਾ[5] ਪਹਿ ਨਾਨਕ ਰੂਪ ਸੁਹਾਏ॥੬੭॥

ਜੰਗਮ[6] ਔ ਜੜ੍ਹ[7] ਜਾਂਹਿ ਰਚੇ, ਨਰ ਨਾਰਿਨ ਕੇ ਜਿਹ ਚਿਨ੍ਹ ਬਨਾਏ।
ਜੋਤਿ ਸਰੂਪ ਅਨੂਪਮ ਰੂਪ ਹੈ, ਭੂਪਨ ਭੂਪ ਜੋ ਰਾਵਨ ਰਾਏ[8] ।
ਆਦਿ, ਅਨਾਦਿ, ਅਗਾਧਿ ਅਬਾਧ, ਅਰਾਧਤ ਸਾਧ ਸਦਾ ਚਿਤਲਾਏ।
ਸੋ ਗੁਰ ਨਾਨਕ ਠਾਂਨ ਲਈ ਮਨ —ਅੰਗਦ ਦੇਹ ਮੈਂ ਜਾਉਂ ਸਮਾਏ—॥੬੮॥

ਸ੍ਰੀ ਪਰਮਾਤਮ ਬ੍ਰਜਾਪਕ, ਥਾਪਕ, ਖਾਪਕ ਹੈ,ਭਵ ਤਾਪ ਮਿਟਾਏ।
ਪਾਪ ਕਲਾਪ ਨਸੈਂ ਜਿਹ ਜਾਪ ਤੇ, ਆਪ ਹੀ ਆਪ ਅਮਾਪ ਰਹਾਏ।
ਸ੍ਰੀ ਜਗ ਕਾਰਣ, ਦੰਭ ਬਿਦਾਰਣ, ਦਾਸ ਉਧਾਰਣ ਜਾਂ ਬਿਰਦਾਏ।
ਸੋ ਗੁਰ ਨਾਨਕ ਜੀਅ ਠਟੀ —ਲਹਿਣੇ ਤਨ ਬੀਚ ਬਿਰਾਜਹੁੰ ਜਾਏ —॥੬੯॥

ਦੋਹਰਾ

ਕਰ ਸ਼ਨਾਨ ਐਰਾਵਤੀ[9] ਗਮਨੇ ਉਠ ਭੁਨਸਾਰ[10] ।
ਸੇਵਾ ਹਿਤ ਲਹਿਣਾ ਚਲਜੋ ਜਾਂਕੋ ਚਰਨ ਅਧਾਰ॥੭੦॥

SikhBookClub.Com

ਆਪਣੇ ਸੇਵਕ ਦੀ ਹਰ ਤਰੀਕੇ ਨਾਲ ਪਰਖ ਕਰ ਲਈ ਹੈ, ਹੁਣ ਇਸ ਨੂੰ ਜਾਣਨ ਵਿੱਚ ਕੋਈ ਕਮੀ ਨਹੀਂ ਰਹੀ। ਉੱਚੇ ਖਜ਼ਾਨੇ ਪਾਉਣ ਵਾਲਾ ਹੈ - ਦੇਖ ਕੇ ਗੁਰੂ ਜੀ ਨੇ ਉਸ 'ਤੇ ਮਹਾਨ ਕਿਰਪਾ ਕਰ ਦਿੱਤੀ ਤੇ ਬਹੁਤ ਪਰਸੰਨ ਹੋਏ। ॥੬੫॥

ਤੇ ਗੁਰੂ ਜੀ ਦੇ ਮਨ ਵਿੱਚ ਗੁਰਗੱਦੀ ਦੇਣ ਦੀ ਵਿਧੀ ਲਿਆਂਦੀ -ਹੁਣ ਜਾਮਾ[1] ਪਲਟ ਲਵਾਂ-। ਸੁੱਖਾਂ ਦੇ ਸਾਗਰ, ਪੂਰਨ, ਅਟੱਲ ਜੋ ਸੇਵਕਾਂ ਦੀਆਂ ਜਮ ਦੀਆਂ ਫਾਹੀਆਂ ਕੱਟਣਹਾਰੇ ਸਨ, ਉਨ੍ਹਾਂ ਨੇ ਇਹ ਮਨ ਵਿੱਚ ਧਾਰ ਲਿਆ ਸੀ। ॥੬੬॥

ਸਵੱਯਾ

(ਕਵੀ ਜੀ) ਗੁਰੂ ਜੀ ਦੀ ਉਪਮਾ ਬਾਰੇ ਲਿਖਦੇ ਹਨ, ਜਿਸ ਤਰਾਂ ਪ੍ਰਭੂ ਦਾ ਕੋਈ ਰੂਪ ਨਹੀਂ, ਕੋਈ ਰੇਖ (ਸਰੀਰ) ਨਹੀਂ, ਨਾ ਹੀ ਕੋਈ ਰੰਗ, ਨਾ ਰਾਗ, ਰੋਗ ਨਹੀਂ ਨਾ ਹੀ ਸੋਭਾ, ਇਸ ਤਰਾਂ ਸਦਾ[2] ਹੀ ਗੁਰੂ ਜੀ ਅਕਾਲ-ਪੁਰਖ ਦਾ ਸਰੂਪ ਹਨ। (ਇਹ) ਪੂਰਨ ਪਰਮੇਸ਼ਰ ਰੂਪ ਉੱਤਮ (ਪਰਮ)[3] ਪੁਰਸ਼ ਹਨ, ਉਨ੍ਹਾਂ ਦਾ ਅੰਤ[4] ਨਹੀਂ ਪਾਇਆ ਜਾ ਸਕਦਾ। ਉਹ ਪੰਕਤੀ ਸ਼੍ਰੇਣੀ ਨਹੀਂ, ਕੋਈ ਜਾਤ ਨਹੀਂ ਉਨ੍ਹਾਂ ਦੀ, ਨਾ ਉਨ੍ਹਾਂ ਦਾ ਮਾਤਾ, ਪਿਤਾ, ਭਰਾ ਹੈ। ਵੱਡੀਆਂ-ਵੱਡੀਆਂ ਕਿਤਾਬਾਂ ਉਨ੍ਹਾਂ ਨੂੰ ਅਨੰਤ ਕਹਿੰਦੀਆਂ ਹਨ। ਪਰਮਾਤਮਾ ਨੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਸੁੰਦਰ ਅਵਤਾਰ ਧਾਰਨ ਕੀਤਾ ਹੈ।ਧਰਤੀ[5] ਉੱਤੇ ਉਹ ਨਾਨਕ ਰੂਪ ਸੁਹਾਂਵਦਾ ਹੈ। ॥੬੭॥

ਉਹ ਪ੍ਰਭੂ ਜਿਸ ਨੇ ਜੀਵ[6] ਅਤੇ ਨਿਰਜੀਵ[7] ਦੀ ਰਚਨਾ ਕੀਤੀ ਹੈ ਅਤੇ ਜਿਸ ਨੇ ਇਸਤਰੀ-ਪੁਰਸ਼ਾਂ ਦੇ ਜੋ ਰੂਪ ਬਣਾਏ ਹਨ। (ਗੁਰੂ ਜੀ) ਉਸੇ ਦੀ ਹੀ ਜੋਤ-ਸਰੂਪ, ਸੁੰਦਰ ਸਰੂਪ ਹੈ ਅਤੇ ਰਾਜਿਆਂ ਦੇ ਰਾਜੇ ਦੇ ਵੀ ਰਾਜਾ[8] ਹਨ। ਜਿਸ ਨੂੰ ਸਾਧ-ਸੰਤ, ਮੁੱਢੋਂ-ਮੁੱਢੀਂ ਜਿਸ ਦਾ ਆਦਿ ਨਹੀਂ, ਅਥਾਹ ਡੂੰਘੇ, ਪੀੜਾ ਰਹਿਤ ਪਰਮ ਅਪਾਰ ਨੇ ਜਿਨ੍ਹਾਂ ਨੂੰ ਸਦਾ ਹੀ ਚਿੱਤ ਲਾ ਕੇ ਸਿਮਰਦੇ ਹਨ। ਸੋ ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਮਨ ਵਿੱਚ ਪੱਕੀ ਤਰਾਂ ਧਾਰ ਲਿਆ (ਕਿ ਮੈਂ) -ਅੰਗਦ ਜੀ ਦੇ ਸਰੀਰ ਵਿੱਚ ਸਮਾ ਜਾਵਾਂ-। ॥੬੮॥

ਪਰਮਾਤਮਾ ਜੋ ਸਰਬ-ਵਿਆਪਕ ਹੈ, ਥਾਪਣ ਵਾਲਾ ਹੈ, ਖਪਾਉਣ ਵਾਲਾ (ਨਾਸ਼ ਕਰਤਾ) ਹੈ ਅਤੇ ਸੰਸਾਰ ਦੇ ਦੁੱਖਾਂ ਨੂੰ ਦੂਰ ਕਰਨਹਾਰਾ ਹੈ, ਜਿਸ ਦਾ ਜਾਪ ਕੀਤਿਆਂ ਪਾਪ-ਦੁੱਖ ਸਾਰੇ ਹੀ ਨੱਠ ਜਾਂਦੇ ਹਨ, ਫਿਰ ਵੀ ਆਪ ਮਾਪ ਰਹਿਤ ਹੈ। ਸੰਸਾਰ ਵਿੱਚੋਂ ਦੰਭ-ਛਲ ਦਾ ਨਾਸ਼ ਕਰਨ ਅਤੇ ਦਾਸਾਂ ਸੇਵਕਾਂ ਦਾ ਉਧਾਰ ਕਰਨਾ, ਜਿਨ੍ਹਾਂ ਦਾ ਬਿਰਦ ਹੈ। ਗੁਰੂ ਨਾਨਕ ਜੀ ਨੇ ਮਨ ਵਿੱਚ ਪੱਕੀ ਤਰਾਂ ਸੋਚ ਲਿਆ -ਲਹਿਣਾ ਜੀ ਦੇ ਸਰੀਰ ਵਿੱਚ ਬਿਰਾਜਮਾਨ ਹੋ ਜਾਈਏ-। ॥੬੯॥

ਦੋਹਰਾ

(ਗੁਰੂ ਜੀ) ਇੱਕ ਦਿਨ ਸਵੇਰੇ[10] ਉਠ ਕੇ ਰਾਵੀ[9] ਵਿੱਚ ਇਸ਼ਨਾਨ ਕਰਨ ਲਈ ਗਏ ਸਨ।ਲਹਿਣਾ ਜੀ ਵੀ ਸੇਵਾ-ਭਾਵ ਹਿਤ ਉਧਰ, ਨਾਲ ਚੱਲ ਪਏ ਸਨ, ਜਿਸ ਨੂੰ ਕੇਵਲ ਗੁਰੂ ਜੀ ਦੇ ਚਰਨਾਂ ਦਾ ਹੀ ਆਸਰਾ ਸੀ। ॥੭੦॥

SikhBookClub.Com

ਚੌਪਈ

ਜਾਇ ਤੀਰ[1] ਪਰ ਬਸਤ੍ਰ ਉਤਾਰੇ । ਸ੍ਰੀ ਗੁਰ ਪ੍ਰਵਿਸ਼ੇ ਨੀਰ ਮਝਾਰੇ।
ਕਰ ਸ਼ਨਾਨ ਮਧ ਠਾਂਢੇ[2] ਰਹੇ । ਜਿਨ ਬਹੁ ਦਾਸਨ ਕੇ ਦੁਖ ਦਹੇ॥੭੧॥

ਤਿਹ ਛਿਨ ਲਹਿਣੇ ਕੀਨ ਸ਼ਨਾਨਾ । ਬੈਠਜੋ ਤਟ ਪਰ ਲਾਇ ਧਿਆਨਾ।
ਦਸਵੇਂ ਦ੍ਵਾਰੇ ਸ੍ਵਾਸ ਟਿਕਾਯੋ । ਪ੍ਰੇਮ ਨਿਮਗਨ ਧਜਾਨ ਰਸ ਆਯੋ॥੭੨॥

ਜੋ ਸਰੂਪ ਸ੍ਰੀ ਨਾਨਕ ਸੁੰਦਰ । ਸੋ ਠਹਿਰਾਇ ਰਿਦੇ ਕੇ ਅੰਦਰ।
ਭਯੋ ਬਿਦੇਹ ਦੇਹਸੁਧ ਨਾਹੀਂ । ਸੁਖ ਅਮੋਲ ਪਾਇਓ ਉਰ ਮਾਂਹੀ॥੭੩॥

ਨਿਸ਼ਚਲ ਬੈਠਜੋ ਧਜਾਨ ਨਿਮਗਨਾ[3] । ਗੁਰ ਸਰੂਪ ਕੀ ਇਕ ਲਿਵ ਲਗਨਾ।
ਸ੍ਰੀ ਗੁਰ ਬਧੇ ਪ੍ਰੇਮ ਕੀ ਡੋਰੀ । ਨਿਜ ਤਪ ਕਰਨ ਦੀਨ ਤਬ ਛੋਰੀ॥੭੪॥

ਤਟ ਪਰ ਆਇ ਦਾਸ ਕੋ ਹੇਰਾ[4] । ਜਿੰਹ ਸੁਧ ਨਹਿਂ ਤਨ ਕੀ ਤਿਸ ਬੇਰਾ[5]।
ਵਹਿਰ ਰੂਪ ਨਹਿਂ ਪਿਖੇ ਅਨੂਪਾ । ਅੰਤਰ ਧਜਾਨ ਰੂਪ ਅਨੁਰੂਪਾ॥੭੫॥

ਤਿਹਛਿਨ ਰੂਪ ਧਜਾਨ ਮਹਿਂ ਜੋਊ । ਲਹਿਣੇ ਤੇ ਛਿਪਾਇ ਲਿਯ ਸੋਊ।
ਤਬ ਸੰਕ੍ਰਮ[6] ਹੁਇ ਖੁਲੇ ਬਿਲੋਚਨ[7] । ਦੇਖੇ ਆਗੇ ਸੋਚ ਬਿਮੋਚਨ॥੭੬॥

ਹਾਥ ਬੰਦ[8] ਕੈ ਕੀਨ ਪ੍ਰਣਾਮਾ । ਲੇ ਨਿਜ ਸੰਗ ਚਲੇ ਸੁਖਧਾਮਾ।
ਧਰਮਸਾਲ ਮਹਿਂ ਆਨ ਬਿਰਾਜੇ । ਜੋ ਸਿੱਖਨ ਕੇ ਸਭ ਸੁਖ ਛਾਜੇ॥੭੭॥

ਲਹਿਣੇ ਕੌ ਬਿਠਾਇ ਤਿਹ ਕਾਲਾ । ਸੰਗਤ ਸਰਬ ਬੁਲਾਇ ਬਿਸਾਲਾ।
ਦੋਨੋ ਸੁਤ ਕੋ ਨਿਕਟ ਹਕਾਰਾ[9] । ਆਇ ਤਬੈ ਧ੍ਰਮਸਾਲ ਮਝਾਰਾ॥੭੮॥

ਲਹਿਣੇ ਕੋ ਕਰੁਣਾ ਯੁਤ[10] ਹੇਰਾ । ਲਿਯ ਪੰਚ ਪੈਸੇ ਇਕ ਨਲਿਯੇਰਾ[11]।
ਕੀਨ ਪ੍ਰਦੱਛਨ[12] ਤੀਨ ਚੁਫੇਰੇ । ਕਰ[13] ਤੇ ਧਰਕੈ ਭੇਟ ਅਗੇਰੇ॥੭੯॥

SikhBookClub.Com

ਚੌਪਈ

(ਗੁਰੂ ਜੀ ਨੇ) ਰਾਵੀ ਦੇ ਕਿਨਾਰੇ[1] ਜਾ ਕੇ ਬਸਤਰ ਉਤਾਰੇ ਅਤੇ ਪਾਣੀ ਦੇ ਅੰਦਰ ਚਲੇ ਗਏ। ਇਸ਼ਨਾਨ ਕਰਕੇ ਗੁਰੂ ਜੀ ਉੱਥੇ ਪਾਣੀ ਵਿੱਚ ਹੀ ਖੜ੍ਹੇ[2] ਰਹੇ, ਜਿਨ੍ਹਾਂ ਆਪਣੇ ਸੇਵਕਾਂ ਦੇ ਬਹੁਤ ਦੁੱਖ ਦੂਰ ਕੀਤੇ। ॥੭੧॥

ਉਸੇ ਪਲ ਹੀ ਲਹਿਣਾ ਜੀ ਨੇ ਇਸ਼ਨਾਨ ਕੀਤਾ ਤੇ ਰਾਵੀ ਦੇ ਕੰਢੇ 'ਤੇ ਧਿਆਨ ਲਾ ਕੇ ਬੈਠ ਗਏ। ਦਸਵੇਂ-ਦੁਆਰ ਵਿੱਚ ਸਵਾਸ ਟਿਕਾਏ ਹੋਏ ਸਨ। ਉਹ ਧਿਆਨ ਰਸ ਵਿੱਚ ਆ ਕੇ ਪ੍ਰੇਮ ਵਿੱਚ ਮੁਗਧ ਹੋ ਚੁੱਕੇ ਸਨ। ॥੭੨॥

ਉਹ ਆਪਣੇ ਹਿਰਦੇ ਅੰਦਰ ਗੁਰੂ ਨਾਨਕ ਜੀ ਦਾ ਸਰੂਪ ਠਹਿਰਾ ਕੇ ਦੇਹੋਂ ਬਿਦੇਹ ਹੋ ਗਏ ਸਨ। ਉਨ੍ਹਾਂ ਨੂੰ ਕੋਈ ਸੁਰਤ ਨਾ ਰਹੀ ਤੇ ਹਿਰਦੇ ਵਿੱਚ ਅਣਮੁੱਲਾ ਅਨੰਦ ਪ੍ਰਾਪਤ ਕੀਤਾ। ॥੭੩॥

ਲਹਿਣਾ ਜੀ ਧਿਆਨ ਵਿੱਚ ਮਗਨ[3], ਅਡੋਲ ਹੋਏ ਬੈਠੇ ਰਹੇ ਅਤੇ ਗੁਰੂ ਜੀ ਦੇ ਸਰੂਪ ਵਿੱਚ ਇੱਕ ਲਿਵ ਲੱਗੀ ਸੀ। ਗੁਰੂ ਜੀ (ਨਾਨਕ ਜੀ) ਨੂੰ ਤੱਕਿਆ ਤਾਂ ਪ੍ਰੇਮ ਵੱਸ ਹੋ ਕੇ ਪ੍ਰੇਮ ਦੀ ਡੋਰ ਵਿੱਚ ਬੱਧੇ ਹੋਏ (ਨਾਨਕ ਜੀ ਨੇ) ਆਪਣਾ ਤਪ ਵਿੱਚ ਹੀ ਛੱਡ ਦਿੱਤਾ ਸੀ। ॥੭੪॥

ਉਨ੍ਹਾਂ ਕਿਨਾਰੇ 'ਤੇ ਆ ਕੇ ਆਪਣੇ ਸੇਵਕ (ਲਹਿਣੇ) ਨੂੰ ਤੱਕਿਆ[4], ਜਿਨ੍ਹਾਂ ਨੂੰ ਉਸ ਵੇਲੇ[5] ਆਪਣੇ ਤਨ ਦੀ ਕੋਈ ਸੋਝੀ ਹੀ ਨਹੀਂ ਸੀ। ਜੋ ਬਾਹਰੋਂ ਗੁਰੂ ਜੀ ਦਾ ਸੋਹਣਾ ਰੂਪ ਨਹੀਂ ਦੇਖ ਰਹੇ ਸਨ, ਸਗੋਂ ਅੰਤਰਮੁਖੀ ਹੋਏ ਧਿਆਨ ਦੇ ਰੂਪ ਵਿੱਚ ਉਨ੍ਹਾਂ ਦੇ ਸਰੂਪ ਵਿੱਚ ਮਗਨ ਸਨ ॥੭੫॥

ਤਾਂ ਗੁਰੂ ਜੀ ਨੇ ਉਸ ਪਲ ਜੋ ਲਹਿਣਾ ਜੀ ਦੇ ਸਰੂਪ ਦੇ ਧਿਆਨ ਵਿੱਚ ਸੀ, ਉਸ ਆਪਣੇ (ਸਰੂਪ) ਨੂੰ ਖਿੱਚ ਲਿਆ ਤਾਂ ਛੇਤੀ[6] ਨਾਲ ਲਹਿਣਾ ਜੀ ਨੇ ਅੱਖਾਂ[7] ਖੋਹਲੀਆਂ ਸਨ। ਉਸ ਨੇ ਸੋਚਾਂ, ਚਿੰਤਾ ਨੂੰ ਦੂਰ ਕਰਨਹਾਰੇ ਗੁਰੂ ਜੀ ਆਪਣੇ ਮੂਹਰੇ ਬਿਰਾਜਮਾਨ ਹੋਏ ਦੇਖਿਆ ਸੀ। ॥ ੭੬॥

ਲਹਿਣਾ ਜੀ ਨੇ ਹੱਥ ਜੋੜ[8] ਕੇ (ਬੰਨ੍ਹ ਕੇ) ਗੁਰੂ ਜੀ ਨੂੰ ਪਰਨਾਮ ਕੀਤਾ। ਸੁੱਖਾਂ ਦੇ ਘਰ (ਗੁਰੂ ਜੀ) ਉਨ੍ਹਾਂ ਨੂੰ ਨਾਲ ਲੈ ਕੇ ਧਰਮਸਾਲਾ ਵਿੱਚ ਆ ਬਿਰਾਜੇ। ਜੋ ਆਪਣੇ ਸਿੱਖਾਂ ਨੂੰ ਸੁੱਖਾਂ ਨਾਲ ਸੁਸੋਭਤ ਕਰਦੇ ਹਨ। ॥੭੭॥

ਉਸ ਵਕਤ ਲਹਿਣੇ ਨੂੰ ਕੋਲ ਬਿਠਾ ਲਿਆ ਅਤੇ ਬਹੁਤ ਸਾਰੀ ਸੰਗਤ ਸੱਦ ਲਈ। ਦੋਨਾਂ ਪੁੱਤਰਾਂ ਨੂੰ ਵੀ ਕੋਲ ਬੁਲਾ[9] ਲਿਆ ਤੇ ਉਹ ਵੀ ਧਰਮਸਾਲਾ ਵਿੱਚ ਆ ਗਏ। ॥੭੮॥

ਉਨ੍ਹਾਂ ਲਹਿਣੇ ਨੂੰ ਕਿਰਪਾ ਨਾਲ[10] ਦੇਖਿਆ। ਇੱਕ ਨਾਰੀਅਲ[11] ਅਤੇ ਪੰਜ ਪੈਸੇ ਹੱਥਾਂ ਵਿੱਚ ਲਏ। ਚੌਹੀਂ ਪਾਸੀਂ ਤਿੰਨ ਪਰਿਕਰਮਾ[12] ਕਰਕੇ ਹੱਥਾਂ[13] ਨਾਲ ਭੇਟਾ ਉਨ੍ਹਾਂ ਦੇ ਅੱਗੇ ਰੱਖ ਦਿੱਤੀ ॥੭੯॥

SikhBookClub.Com

ਹਾਥ ਜੋਰ ਕੈ ਸੀਸ ਨਿਵਾਯੋ । ਲਹਿਣਾ ਪਿਖਤ[1] ਰਹਯੋ ਬਿਸਮਾਯੋ।
ਉਰ ਬਿਚਾਰ ਬਿੱਪ੍ਰੀਤ ਮਹਾਨਾ । ਤਿਹ ਛਿਨ ਇਹ ਬਿਧ ਬਚਨ ਬਖਾਨਾ॥੮੦॥

'ਤੁਮ ਕਰਤਾਰ ਸਰਬ ਸਿਰ ਤਾਜਾ । ਪਰਮ ਪ੍ਰਮੇਸ਼ੁਰ ਸ੍ਰੀ ਮਹਾਂਰਾਜਾ।
ਜਿਸ ਤਨ ਕੋ ਤੁਮ ਨੈ ਸਿਰ ਨਜਾਯੋ[2] । ਉਚਿਤ ਬਡੋ ਦੁਖ,ਮੈਂ ਲਖ ਪਾਯੋ॥੮੧॥

ਦੋਹਰਾ

ਸੁਨ ਕੈ ਸ੍ਰੀ ਗੁਰ ਤਬ ਕਹਯੋ ਕ੍ਰਿਪਾ ਰਸੀਲੇ ਨੈਨ।
'ਪੁਰਖਾ! ਬਸ ਤੂਸ਼ਨ[3] ਕਰਹੁ,ਬਹੁਰ ਨ ਬੋਲਹੁ ਬੈਨ॥੮੨॥

ਚੌਪਈ

ਜੋ ਉਚਰਹੁ ਸੋ ਹੋਵੈ ਸਾਚੀ । ਪੁਨ ਅਸ ਕਰਹੁ ਨ ਗਿਰਾ ਉਬਾਚੀ।
ਆਇਸੁ ਮੰਨਹੁ ਅਸ ਮਤ ਮੇਰੋ । ਭਾ ਸਕੋ ਕੋ ਗੁਰ ਹ੍ਵੈ ਜਗ ਚੇਰੋ[4] ॥੮੩॥ (*3)

ਅੰਗਦ ਨਾਮ ਆਜ ਤੇ ਹੋਈ[5] । ਨਿਜ ਅੰਗਨ ਤੇ ਕੀਨੋ ਤੋਹੀ।
ਸਿਮਰਨ ਸੱਤਿਨਾਮ ਪ੍ਰਗਟਾਵੋ । ਜਹਿਂ ਤਹਿਂ ਸਿੱਖੀ ਰੀਤਿ ਚਲਾਵੋ'॥੮੪॥

ਅਸ ਕਹਿ ਪ੍ਰਭੁ ਦ੍ਵੈ ਰੂਪ ਸੁਹਾਯੋ । ਜਨੁ ਸ੍ਰੀ ਗੰਗ ਤਰੰਗ ਉਠਾਯੋ।
ਨੀਕੇ ਦਿਪਯੋ ਪ੍ਰਕਾਸ਼ ਬਿਸਾਲਾ । ਜਿਉਂ ਮਸਾਲ ਤੇ ਜਗੇ ਮਸਾਲਾ॥੮੫॥

ਜਗ ਮਹਿਂ ਉਲਟੀ ਗੰਗ ਵਹਾਈ । ਸਿਖ ਕੋ ਕਰ[6] ਗੁਰ ਦੀ[7] ਗੁਰਿਆਈ।
ਇਸ ਪ੍ਰਕਾਰ ਤਿਹ ਤਖਤ ਬਿਠਾਯੋ । ਬਹੁਰੋ ਸਭ ਸੋਂ ਬਚਨ ਅਲਾਯੋ॥੮੬॥

'ਜੇ ਕੋ ਹ੍ਵੈ ਮੇਰੇ ਅਨੁਸਾਰੀ । ਨਮੋ ਕਰਹਿ ਪਦ ਪਰ ਸਿਰ ਧਾਰੀ।
ਮਮ ਸਰੂਪ ਕੋ ਜੈਸਾ ਜਾਨੈਂ । ਤਿਸੀ ਪ੍ਰਕਾਰ ਇਸੈ ਮਨ ਮਾਨੈ'॥੮੭॥

ਸੁਨ ਰਜਾਇ ਸਤਿਗੁਰ ਕੀ ਤਬਹੀ । ਬੁੱਢੇ[8] ਤੇ ਆਦਿਕ ਸਿੱਖ ਸਬਹੀ।
ਰੁਖ ਬਿਲੋਕ ਕੈ ਦੋਖ ਨਿਕੰਦਨ[9] । ਉਠ ਤਤਕਾਲ ਕੀਨ ਸਬ ਬੰਦਨ॥੮੮॥

SikhBookClub.Com

ਫੇਰ ਜਦ (ਗੁਰੂ ਨਾਨਕ ਜੀ ਨੇ) ਹੱਥ ਜੋੜ ਕੇ ਲਹਿਣਾ ਜੀ ਅੱਗੇ ਸੀਸ ਨਿਵਾਇਆ ਤਾਂ ਲਹਿਣਾ ਜੀ ਇਹ ਵੇਖ[1] ਕੇ ਹੈਰਾਨ ਹੋ ਗਏ ਤੇ ਚਿੱਤ ਵਿੱਚ ਇਹ ਤਾਂ ਬਹੁਤ ਉਲਟ ਹੋ ਗਿਆ ਵਿਚਾਰਦੇ ਹੋਏ ਉਸੇ ਪਲ ਆਖਣ ਲੱਗੇ। ॥੮੦॥

"ਹੇ ਪਰਮ ਪਰਮੇਸ਼ਰ ਮਹਾਰਾਜ ਜੀ, ਤੁਸੀਂ ਪ੍ਰਭੂ ਦਾ ਰੂਪ ਸਾਰੇ ਸਿਰਾਂ ਦੇ ਤਾਜ ਹੋ, ਜਿਨ੍ਹਾਂ ਮੇਰੇ ਸਰੀਰ ਅੱਗੇ ਜੋ ਆਪ ਨੇ ਸੀਸ ਨਿਵਾਇਆ[2] ਹੈ, ਮੈਂ ਸਮਝਦਾ ਹਾਂ, ਇਹ (ਮੇਰਾ) ਸਰੀਰ ਬਹੁਤ ਵੱਡਾ ਦੁੱਖ ਮਿਲਣ ਦੇ ਯੋਗ ਹੈ।" ॥੮੧॥

ਦੋਹਰਾ

(ਲਹਿਣਾ ਜੀ ਦੇ ਬੋਲ) ਸੁਣ ਕੇ ਗੁਰੂ ਜੀ ਨੇ ਕਿਰਪਾ ਭਰੇ ਰਸੀਲੇ ਨੈਣ ਕਰਕੇ ਕਿਹਾ, "ਹੇ ਪੁਰਖਾ! ਬੱਸ ਹੁਣ ਤੁਸੀਂ ਚੁੱਪ[3] ਰਹੋ, ਹੋਰ ਦੂਸਰਾ ਬਚਨ ਨਹੀਂ ਬੋਲਣਾ।" ॥੮੨॥

ਚੌਪਈ

ਹੁਣ ਜੋ ਵੀ ਤੁਸੀਂ ਮੂੰਹੋਂ ਬੋਲੋਗੇ, ਸੱਚ ਹੋ ਜਾਏਗਾ। ਹੁਣ ਹੋਰ ਕੋਈ ਮੂੰਹ ਤੋਂ ਅਜਿਹਾ ਬਚਨ ਨਾ ਕਰਨਾ। ਮੇਰੀ ਆਗਿਆ ਮੰਨੋ, ਅੱਜ ਤੋਂ ਤੁਸੀਂ ਸਭ ਦੇ ਗੁਰੂ ਹੋ, ਜਗਤ ਤੁਹਾਡਾ ਦਾਸ[4] ਹੈ॥੮੩॥

ਅੱਜ ਤੋਂ ਤੁਹਾਡਾ ਨਾਮ ਅੰਗਦ ਹੋਵੇਗਾ[5]। ਅਸਾਂ ਤੈਨੂੰ ਆਪਣੇ ਅੰਗਾਂ ਤੋਂ ਬਣਾਇਆ ਹੈ। ਤੁਸੀਂ ਸਤਿਨਾਮ ਦਾ ਸਿਮਰਨ ਪਰਗਟਾਵੋ ਅਤੇ ਸਾਰੇ ਸਿੱਖ-ਮਰਯਾਦਾ ਦੀ ਰੀਤ ਚਲਾਵੋ" ॥੮੪॥

ਇਸ ਤਰਾਂ ਕਹਿੰਦੇ ਹੋਏ ਪ੍ਰਭੂ ਰੂਪੀ ਗੁਰੂ ਨਾਨਕ ਜੀ ਨੇ ਉਨ੍ਹਾਂ ਦੇ ਰੂਪ ਨੂੰ ਖੂਬਸੂਰਤ (ਸੁਹਾਵਣਾ) ਬਣਾ ਦਿੱਤਾ, ਜਾਣੋ ਜਿਵੇਂ ਗੰਗਾ ਦੀ ਤਰੰਗ ਉਠਾ ਦਿੱਤੀ ਹੋਵੇ ਤੇ ਮਹਾਨ ਸੁੰਦਰ ਪ੍ਰਕਾਸ਼ ਫੈਲ ਗਿਆ ਹੋਵੇ, ਜਿਵੇਂ ਮਸਾਲ ਤੋਂ ਮਸਾਲ ਜਗਦੀ ਹੋਵੇ। ॥੮੫॥

ਇਸ ਤਰਾਂ ਗੁਰੂ ਜੀ ਨੇ ਸੰਸਾਰ ਵਿੱਚ ਉਲਟੀ ਗੰਗਾ ਵਗਾ ਦਿੱਤੀ । ਉਨ੍ਹਾਂ ਨੇ ਆਪਣੇ ਸੇਵਕ ਨੂੰ ਸਿੱਖ ਬਣਾ[6] ਕੇ ਫੇਰ ਉਸੇ ਨੂੰ ਗੁਰਿਆਈ ਬਖਸ਼[7] ਦਿੱਤੀ। ਇਸ ਤਰਾਂ ਭਾਈ ਲਹਿਣਾ ਜੀ ਨੂੰ ਤਖਤ (ਗੁਰਗੱਦੀ) ਉੱਪਰ ਬਿਠਾ ਦਿੱਤਾ ਸੀ। ਫਿਰ ਉਨ੍ਹਾਂ ਸਾਰੀ ਸੰਗਤ ਨੂੰ ਬਚਨ ਕੀਤਾ। ॥੮੬॥

"ਜੋ ਵੀ ਕੋਈ ਤੁਹਾਡੇ ਵਿੱਚ ਮੇਰੇ ਅਨੁਸਾਰ ਚੱਲਣ ਵਾਲਾ ਹੈ, ਉਹ ਇਨ੍ਹਾਂ ਦੇ ਚਰਨਾਂ ਉੱਤੇ ਸਿਰ ਰੱਖ ਕੇ ਨਮਸਕਾਰ ਕਰੇ। ਜਿਹੋ-ਜਿਹਾ ਤੁਸੀਂ ਮੇਰੇ ਸਰੂਪ ਨੂੰ ਜਾਣਦੇ (ਮੰਨਦੇ) ਹੋ, ਇਸੇ ਤਰਾਂ ਦਾ ਸਿੱਖ ਹੀ ਆਪਣੇ ਮਨ ਵਿਚ ਇਨ੍ਹਾਂ ਨੂੰ ਮੰਨਣਾ ਹੈ" ॥੮੭॥

ਗੁਰੂ ਜੀ ਦਾ ਹੁਕਮ ਸੁਣ ਕੇ ਬਾਬਾ ਬੁੱਢਾ[8] ਜੀ ਅਤੇ ਹੋਰ ਸਿੱਖ, ਉਸੀ ਵਕਤ ਹੀ ਦੁੱਖਾਂ ਨੂੰ ਦੂਰ[9] ਕਰਨ ਵਾਲੇ ਗੁਰੂ ਜੀ ਦਾ ਰੁਖ਼ ਤੱਕ ਕੇ ਤੁਰੰਤ ਹੀ ਉਠ ਖਲੋਤੇ ਅਤੇ ਗੁਰੂ ਅੰਗਦ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ॥੮੮॥

SikhBookClub.Com

ਜੁਗਲ[1] ਆਤਮਜ[2] ਉਠੇ ਨ ਕੋਈ । ਬੈਠੇ ਰਹੇ ਮਾਨ[3] ਭਰ ਸੋਈ।
ਸ੍ਰੀ ਗੁਰ ਤਿਨ ਕੋ ਗਿਰਾ ਅਲਾਈ । 'ਤੁਮ ਭੀ ਉਠ ਬੰਦੋ ਸਿਰ ਨਜਾਈ'॥੮੯॥

ਕਹਤਿ ਭਏ 'ਇਹ ਦਾਸ ਤਿਹਾਰਾ । ਹਮ ਸੁਤ ਊਰਧ[4] ਪਦ ਅਧਿਕਾਰਾ।
ਕੈਸੇ ਬਨੈ ਬੰਦਨਾ ਕਰਨੀ । ਹਮ ਤੇ ਕਰੀ ਨ ਜਾਇ ਅਕਰਨੀ[5]'॥੯੦॥

ਇਹ ਕਹਿ ਅਪਨੇ ਸਦਨ ਸਿਧਾਰੇ । ਪਿਤ[6] ਕਰਤਬ ਕੁਛ ਰਿਦੇ ਨ ਧਾਰੇ।
ਮਹਿਮਾ ਲਖ ਕੈ ਕਹਜੋ ਨ ਮਾਨਜੋ । ਤਿਹ ਛਿਨ ਸ੍ਰੀ ਗੁਰੁ ਕਛੁ ਨ ਬਖਾਨਜੋ॥੯੧॥

ਬੈਠ ਕਹੇ ਅੰਗਦ ਸੰਗ ਬਚਨਾ । ਪਰ ਉਪਕਾਰ ਜਿਨਹਿੰ ਮਨ ਰਚਨਾ।
'ਅਬ ਤੁਮ ਜਗਤ ਉਧਾਰਨ ਕਾਰਨ । ਮੂਲਮੰਤ੍ਰ ਸ਼ੁਭ ਕਰਹੁ ਸੁਧਾਰਨ॥੯੨॥

ਮਮ ਬਾਨੀ ਗੁਨਖਾਨੀ! ਦੇਖਾ । ਲੀਜੈ ਬੀਨੈ ਬੀਨ[7] ਵਿਸੇਖਾ।
ਹਮਹਿੰ ਸੁਨਾਵਤ ਜਾਹੁ ਉਚਾਰਾ । ਬੰਧ ਮ੍ਰਿਜਾਦ ਕਰਹੁ ਉਪਕਾਰਾ॥੯੩॥

ਹਮ ਤੇ ਜੋ ਜਨਮੈਂ ਪਸ਼ਚਾਤਾ । ਤਿਨ ਸਭ ਕੋ ਗਤਿ[8] ਹੋਵੈ ਤਾਤਾ[9]!।
ਜਿਉਂ ਜਹਾਜ ਚੜ ਸਾਗਰ ਤਰਹੀਂ । ਤਿਉਂ ਤਿਹ ਪਢ ਸੰਸਾਰ ਉਧਰਹੀਂ'॥੯੪॥

ਸੁਨ ਸ੍ਰੀ ਅੰਗਦ ਬੰਦਨ ਠਾਨੀ । ਬੀਨ ਬੀਨ ਨੀਕੇ ਗੁਰ ਬਾਨੀ ।
ਆਨ ਸੁਨਾਵਨ ਕੀਨ ਸੁਹਾਨੀ । ਤਬ 'ਜਪੁ[(*4)]' ਨਾਮ ਧਰਜੋ ਗੁਨਖਾਨੀ॥੯੫॥

ਸ੍ਰੀ ਮੁਖ ਤੇ ਮਹਿਮਾ ਪੁਨ ਭਾਖੀ । 'ਜੋ ਨਰ ਹ੍ਵੈ ਸਿੱਖੀ ਅਭਿਲਾਖੀ[10]।
ਨਿਸ ਮਹਿੰ ਉਠੇ ਸਿ ਕਰਹਿ ਸ਼ਨਾਨਾ ।—ਜਪੁ— ਪੜਹੈ ਇਕ ਚਿਤ ਸਵਧਾਨਾ ॥੯੬॥

ਅਰਥ ਬਿਚਾਰ ਕਰਹਿ ਉਰ ਮਾਂਹੀਂ । ਮੁਕਤ ਹੋਇ ਸੋ ਸੰਸੇ ਨਾਂਹੀਂ ।
ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ । ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥੯੭॥

SikhBookClub.Com

ਪਰ ਗੁਰੂ ਜੀ ਦੇ ਦੋਨੋਂ[1] ਪੁੱਤਰ[2] ਉੱਠੇ ਨਹੀਂ ਸਨ, ਉਹ ਰੋਸ[3] ਦੇ ਭਰੇ ਹੋਏ ਬੈਠੇ ਹੀ ਰਹੇ। ਗੁਰੂ ਜੀ ਨੇ ਉਨ੍ਹਾਂ ਨੂੰ ਬਚਨ ਕੀਤਾ, "ਤੁਸੀਂ ਵੀ ਉਠੋ ਅਤੇ ਸਿਰ ਨਿਵਾ ਕੇ (ਅੰਗਦ ਜੀ ਅੱਗੇ) ਨਮਸਕਾਰ ਕਰੋ।" ॥੮੯॥

ਉਨ੍ਹਾਂ ਕਿਹਾ, "ਇਹ ਤੁਹਾਡਾ ਦਾਸ ਹੈ, ਅਸੀਂ ਤਾਂ ਗੁਰੂ-ਪੁੱਤਰ ਹਾਂ, ਤੇ ਉੱਚੇ[4] ਪਦ ਦੇ ਹੱਕਦਾਰ ਹਾਂ। (ਤੁਹਾਡੇ ਇਸ ਸੇਵਕ ਨੂੰ) ਸਾਡੀ ਕਿਸ ਤਰਾਂ ਨਮਸਕਾਰ ਕਰਨੀ ਬਣਦੀ ਹੈ? ਇਸ ਲਈ ਇਹ ਨਾ-ਕਰਨ[5] ਵਾਲੀ (ਅਯੋਗ) ਗੱਲ ਸਾਥੋਂ ਨਹੀਂ ਕੀਤੀ ਜਾਂਦੀ। ॥੯੦॥

ਤੇ ਉਹ ਇਹ ਕਹਿ ਕੇ ਆਪਣੇ ਘਰ ਨੂੰ ਚਲੇ ਗਏ, ਉਨ੍ਹਾਂ ਪਿਤਾ[6]-ਪ੍ਰਤੀ ਫਰਜ਼ ਨੂੰ ਮਨ ਵਿੱਚ ਨਹੀਂ ਧਾਰਨ ਕੀਤਾ। ਗੁਰੂ ਜੀ ਦੀ ਮਹਿਮਾ ਨੂੰ ਜਾਣਦੇ ਹੋਏ ਵੀ ਉਨ੍ਹਾਂ ਦੇ ਕਹੇ ਨੂੰ ਨਹੀਂ ਸੀ ਮੰਨਿਆ। ਉਸ ਵਕਤ ਗੁਰੂ ਜੀ ਕੁਝ ਨਹੀਂ ਬੋਲੇ। ॥੯੧॥

ਗੁਰੂ ਜੀ ਜਿਨ੍ਹਾਂ ਦਾ ਹਿਰਦਾ ਪਰਉਪਕਾਰ ਕਰਨ ਲਈ ਹੀ ਬਣਾਇਆ ਗਿਆ ਸੀ, ਉਨ੍ਹਾਂ ਨੇ ਅੰਗਦ ਜੀ ਕੋਲ ਬੈਠ ਕੇ ਬਚਨ ਕੀਤਾ, "ਹੁਣ ਤੁਸੀਂ ਜਗਤ ਦਾ ਉਧਾਰ ਕਰਨ ਹਿਤ ਮੂਲਮੰਤਰ ਨੂੰ ਉੱਤਮ ਰੂਪ ਵਿੱਚ ਧਾਰਨ ਕਰੋ।" ॥੯੨॥

ਹੇ ਗੁਣਾਂ ਦੀ ਖਾਣ (ਅੰਗਦ ਜੀ)ਮੇਰੀ ਬਾਣੀ ਆਪ ਨੇ ਦੇਖੀ ਹੈ, ਉਸ ਸਾਰੀ ਬਾਣੀ ਨੂੰ ਬਹੁਤ ਚੁਣ-ਚੁਣ[7] ਕੇ ਸੁਣਾਉਂਦੇ ਚੱਲੋ ਤੇ ਮਰਯਾਦਾ ਬੰਨ੍ਹ ਕੇ ਇਹ ਭਲਾ ਕੰਮ ਕਰੋ। ॥੯੩॥

ਹੇ (ਅੰਗਦ ਜੀ!) ਜੋ ਸਾਡੇ ਪਿੱਛੋਂ ਜਨਮ ਲੈਣਗੇ, ਇਹ ਬਾਣੀ ਉਨ੍ਹਾਂ ਸਭ ਲਈ ਤੁਰੰਤ[9] ਮੁਕਤੀ[8] ਦੇਣ ਵਾਲੀ ਹੋਵੇਗੀ। ਜਿਵੇਂ ਜਹਾਜ਼ 'ਤੇ ਚੜ੍ਹ ਕੇ ਸਮੁੰਦਰ ਪਾਰ ਕਰ ਲਿਆ ਜਾਂਦਾ ਹੈ, ਇਸੇ ਤਰਾਂ ਇਸ ਰਾਹੀਂ ਸੰਸਾਰ (ਸਾਗਰ) ਦਾ ਪਾਰ ਉਤਾਰਾ ਹੋਵੇਗਾ। ॥੯੪॥

ਗੁਰੂ ਅੰਗਦ ਜੀ ਨੇ ਗੁਰੂ ਜੀ ਦੀ ਆਗਿਆ ਮੰਨ ਕੇ ਉਨ੍ਹਾਂ ਦੀ ਸੁੰਦਰ ਬਾਣੀ ਚੁਣ-ਚੁਣ ਕੇ ਇਕੱਠੀ ਕੀਤੀ ਅਤੇ ਗੁਰੂ ਜੀ ਕੋਲ ਆ ਕੇ ਸੁਣਾਈ। ਤਾਂ ਗੁਣਾਂ ਦੀ ਖਾਣ ਗੁਰੂ ਨਾਨਕ ਜੀ ਨੇ ਇਸ ਬਾਣੀ ਦਾ ਨਾਮ "ਜਪੁ" ਰੱਖਿਆ ॥੯੫॥

ਗੁਰੂ ਜੀ ਨੇ ਫ਼ਰਮਾਇਆ, "ਜੋ ਮਨੁੱਖ ਸਿੱਖੀ ਦਾ ਚਾਹਵਾਨ[10] ਹੋਵੇਗਾ, ਉਹ ਰਾਤ ਨੂੰ ਉੱਠ ਕੇ ਇਸ਼ਨਾਨ ਕਰੇ ਤੇ ਇਸ ਬਾਣੀ 'ਜਪੁ' ਨੂੰ ਇੱਕ ਮਨ ਹੋ ਕੇ ਪੜ੍ਹੇਗਾ ॥੯੬॥

ਅਤੇ ਆਪਣੇ ਹਿਰਦੇ ਵਿੱਚ ਇਸ ਦੇ ਅਰਥਾਂ ਦੀ ਵਿਚਾਰ ਕਰੇਗਾ। ਉਸ ਨੂੰ ਕੋਈ ਸ਼ੰਸਾ ਨਹੀਂ ਰਹੇਗਾ, ਉਹ ਮੁਕਤੀ ਪ੍ਰਾਪਤ ਕਰੇਗਾ। ਜਿਸ ਨੂੰ 'ਜਪੁਜੀ' ਸੇਵਨ ਦੀ (ਪਾਠ ਕਰਨ ਦੀ) ਪ੍ਰੀਤ ਪੈ ਜਾਵੇਗੀ, ਉਸ ਨੂੰ ਮੇਰੀ ਨੇੜਤਾ ਪ੍ਰਾਪਤ ਹੋ ਜਾਵੇਗੀ। ॥੯੭॥

SikhBookClub.Com

ਧਰਹਿਂ ਕਾਮਨਾ ਪਢ ਹੈ ਇਕ ਮਨ । ਹੋਹਿ ਸਪੂਰਨ ਤਿਹ ਕੀ ਤਤਛਿਨ।
ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ । ਭੂਤ ਜਿ ਪ੍ਰੇਤ ਦੈਤ ਬਲਵਾਨਾ॥ ੯੮॥

ਤਿਹ ਸਮੀਪ ਨਹਿਂ ਆਵੈ ਕੋਈ । ਪਠਨ ਪ੍ਰੀਤ ਨਿਤ ਨਰ ਜਿਹ ਹੋਈ।
ਮਾਨੁਖ ਦੇਹ ਜੀਵ ਜਿਨ ਪਾਈ ।—ਜਪੁ— ਬਿਹੀਨ ਹ੍ਵੈ ਬਾਦ[1] ਗਵਾਈ'॥ ੯੯॥

ਸਿੱਖਨ ਯੋਗ[2] ਮੰਤ੍ਰ ਗੁਰ ਕੇਰਾ । ਇਤ[3] ਉਤ[4] ਨਿਤ ਸੁਖ ਦੇਤ ਘਨੇਰਾ।
ਹੋਇ ਸਿੱਖ —ਜਪੁ— ਕੰਠ ਨ ਕੀਨੋ । ਨਾਂਉ ਧਰੀਕ[5] ਬੇਖ ਧਰ ਲੀਨੋ॥ ੧੦੦॥

ਇਸਤੇ ਔਰ ਨ ਕੋ ਬਿਧ ਊਚੀ । ਜਪੁ ਸੇਵਨ ਇਕ ਮਨ ਹੁਇ ਸੂਚੀ।
ਕਾਮਧੇਨੁ, ਚਿੰਤਾਮਨਿ, ਸੁਰਤਰੁ[(*5)] । ਕਰ ਨਹਿਂ ਸਕੇ ਆਧਤਿਲ ਸਮਸਰ[6] ॥ ੧੦੧॥

ਦੋਹਰਾ

ਮਹਿਮਾ ਬਰਨੀ ਅਲਪ ਮੈਂ ਕਹਿ ਨ ਜਾਇ ਮਤਿ ਮੰਦ।
ਊਚ ਅਗਾਧ[7] ਅਕਥ ਹੈ ਜੋ ਜਪੁਜੀ ਸੁਖਕੰਦ[8] ॥ ੧੦੨॥

ਚੌਪਈ

ਮਨ ਮੂਰਖ ਨਿਤ ਪ੍ਰਤਿ —ਜਪੁ— ਸੇਵ । ਜਿਹ ਕੋ ਚਾਹੈ ਮੁਨਿ ਜਨ ਦੇਵ[9]।
— ਕਿਤ ਬਿਧ ਹੋਵਹਿ ਮਾਨੁਖ ਦੇਹੀ । ਸ੍ਰੀ ਨਾਨਕ ਸਿੱਖੀ ਮਗ ਲੇਹੀਂ॥ ੧੦੩॥

ਜਪੁਜੀ ਸੇਵ ਕਟਹਿ ਜਮਫਾਸੀ । ਬਹੁਰ ਮਿਲਹਿ ਪਦਵੀ ਅਬਿਨਾਸ਼ੀ —।
ਅਸ ਸੰਜੋਗ ਚਹਿਤ ਹੈ ਸੋਈ । ਤੁਮ ਕਉ ਤਉ ਸਭ ਪ੍ਰਾਪਤਿ ਹੋਈ।੧੦੪।

ਬਾਰ ਬਾਰ ਕਜਾ ਕਹੌਂ ਬਨਾਈ । ਹ੍ਵੈ ਅਬ ਅੰਤ ਸਮਾਂ ਦੁਖਦਾਈ।
ਤਿਹ ਛਿਨ ਪਛੁਤਾਵਹਿਂ ਮਲ ਹਾਥਾ ।— ਹਮ ਕਿਉਂ ਖੋਯੋ ਜਨਮ ਅਕਾਥਾ[10]—॥ ੧੦੫॥

SikhBookClub.Com

ਜੋ ਇੱਕ ਮਨ ਹੋ ਕੇ ਮਨ ਵਿੱਚ ਇੱਛਾ ਧਾਰ ਕੇ ਇਸ ਦਾ ਪਾਠ ਕਰੇਗਾ, ਉਸ ਦੀਆਂ ਮਨੋਕਾਮਨਾਵਾਂ ਉਸੇ ਪਲ ਹੀ ਪੂਰੀਆਂ ਹੋਣਗੀਆਂ। ਜਿੰਨੇ ਵੀ ਜੰਤਰ, ਮੰਤਰ, ਵੱਡੇ-ਵੱਡੇ ਜੋ ਭੂਤ-ਪ੍ਰੇਤ ਹਨ। ॥੯੮॥

ਕੋਈ ਵੀ ਉਸ ਦੇ ਨੇੜੇ ਨਹੀਂ ਆਵੇਗਾ, ਜਿਨ੍ਹਾਂ ਸੇਵਕਾਂ ਵਿੱਚ ਇਸ ਬਾਣੀ ਨੂੰ ਰੋਜ਼ਾਨਾ ਪੜ੍ਹਨ ਦੀ ਪ੍ਰੀਤੀ ਹੋ ਜਾਵੇਗੀ। ਜਿਨ੍ਹਾਂ ਜੀਵਾਂ ਨੇ ਇਹ ਮਨੁੱਖੀ ਸਰੀਰ ਪ੍ਰਾਪਤ ਕੀਤਾ ਹੈ, ਉਹ 'ਜਪੁਜੀ' ਦਾ ਪਾਠ ਕੀਤੇ ਬਗੈਰ, ਸਮਝੋ ਵਿਅਰਥ[1] ਹੀ ਗਵਾਉਣਗੇ।" ॥੯੯॥

ਕਵੀ ਜੀ ਲਿਖਦੇ ਹਨ, ਇਹ ਸਿੱਖਾਂ ਦੇ ਲਈ[2] ਗੁਰੂ ਜੀ ਵੱਲੋਂ ਦਿੱਤਾ ਗਿਆ ਇੱਕ ਮੰਤਰ ਹੈ ਜੋ ਇਸ[3] ਦੁਨੀਆਂ ਅਤੇ ਅਗਲੀ[4] ਦੁਨੀਆਂ ਵਿੱਚ ਹਮੇਸ਼ਾ ਹੀ ਬਹੁਤ ਸੁੱਖ ਦਿੰਦਾ ਹੈ। ਉਹ ਸਿੱਖ ਸੇਵਕ, ਜਿਸ ਨੇ ਇਸ -ਜਪੁਜੀ- ਬਾਣੀ ਨੂੰ ਕੰਠ ਨਹੀਂ ਕੀਤਾ, ਸਮਝੋ ਉਨ੍ਹਾਂ ਨੇ (ਝੂਠਾ-ਮੂਠਾ) ਸਿੱਖ ਨਾਮ ਰੱਖ ਕੇ ਸਿੱਖੀ ਦਾ ਭੇਖ ਹੀ ਧਾਰਨ ਕੀਤਾ ਹੈ। ॥੧੦੦॥

ਇਸ ਤੋਂ ਉੱਪਰ ਹੋਰ ਕੋਈ ਵੀ ਵਿਧੀ ਉੱਚੀ ਨਹੀਂ ਹੈ। ਜਪੁਜੀ ਦਾ ਇੱਕ ਮਨ ਹੋ ਕੇ ਪਾਠ ਕੀਤਾ ਹੋਵੇ ਤਾਂ ਕਾਮਧੇਨ, ਚਿੰਤਾਮਣੀ ਅਤੇ ਸੁਰਤੁਰ ਵਰਗੇ, ਜਪੁਜੀ ਦਾ ਅੱਧਾ-ਤਿਲ ਮਾਤਰ ਵੀ ਬਰਾਬਰੀ[6] ਨਹੀਂ ਕਰ ਸਕਦੇ ॥॥੧੦੧॥

ਦੋਹਰਾ

ਮੇਰੇ, ਥੋੜ੍ਹੀ ਮੱਤ ਵਾਲੇ ਤੋਂ ਇਸ ਦੀ ਉਸਤਤ ਵਰਣਨ ਨਹੀਂ ਕੀਤੀ ਜਾ ਸਕਦੀ। ਗੁਰੂ ਜੀ ਦੀ ਇਸ ਬਾਣੀ ਦੀ ਥੋੜ੍ਹੀ ਮਹਿਮਾ ਹੀ ਬਿਆਨ ਕੀਤੀ ਹੈ। ਜਪੁ ਜੀ ਜੋ ਸੁੱਖਾਂ ਦੀ ਮੂਲ[8] ਬਾਣੀ ਹੈ। ਜੋ ਅਗਾਧ ਹੈ, ਅਕੱਥ ਹੈ, ਭਾਵ ਜੋ ਬਹੁਤ ਡੂੰਘੀ[7], ਉੱਚੀ ਅਤੇ ਕਥਨੀ ਤੋਂ ਬਾਹਰ ਹੈ ॥੧੦੨॥

ਚੌਪਈ

ਹੇ ਮੂਰਖ ਮਨ! ਇਸ ਜਪੁਜੀ- ਦਾ ਰੋਜ਼ਾਨਾ ਸੇਵਨ (ਜਾਪ) ਕਰ। ਰਿਸ਼ੀ-ਮੁਨੀ ਦੇਵਤੇ[9] ਵੀ ਚਾਹੁੰਦੇ ਹਨ ਕਿ ਕਿਸ ਤਰੀਕੇ ਨਾਲ ਮਨੁੱਖਾ ਜਨਮ ਪ੍ਰਾਪਤ ਹੋ ਜਾਵੇ? ਤਾਂ ਕਿ ਸ੍ਰੀ ਗੁਰੂ ਨਾਨਕ ਦੇ ਸਿੱਖੀ-ਮਾਰਗ ਨੂੰ ਪ੍ਰਾਪਤ ਕਰੀਏ। ॥੧੦੩॥

ਜਪੁਜੀ ਦਾ ਸੇਵਨ, ਜਮ ਦੇ ਫੰਦੇ (ਜਾਲ) ਨੂੰ ਕੱਟ ਦਿੰਦਾ ਹੈ ਤੇ ਬਾਅਦ ਵਿੱਚ ਕਦੇ ਵੀ ਵਿਨਾਸ਼ ਨਾ ਹੋਣ ਵਾਲਾ ਉੱਚਾ ਸਥਾਨ ਪ੍ਰਾਪਤ ਹੁੰਦਾ ਹੈ। ਇਸ ਤਰਾਂ (ਦੇਵਤੇ) ਢੋਅ-ਮੇਲਾ ਪ੍ਰਾਪਤ ਕਰਨਾ ਲੋੜਦੇ ਹਨ।(ਕਵੀ ਜੀ) ਹੇ ਬੰਦਿਆ ਤੈਨੂੰ ਸਭ ਕੁਝ ਹੀ ਪ੍ਰਾਪਤ ਹੋਇਆ ਹੈ। ॥੧੦੪॥

ਮੈਂ ਵਾਰ-ਵਾਰ ਕੀ ਬਣਾ ਕੇ ਕਹਾਂ, ਹੇ ਬੰਦੇ! ਜਦੋਂ ਦੁਖਦਾਈ ਬੁਢੇਪੇ ਵਾਲਾ ਸਮਾਂ ਆਏਗਾ ਤਾਂ ਇੰਜ ਹੱਥ ਮਲਦਾ ਹੋਇਆ ਪਛਤਾਏਂਗਾ। -ਅਸੀਂ ਕਿਉਂ ਇਹ ਕੀਮਤੀ ਮਨੁੱਖਾ ਜਨਮ ਐਂਵੇ ਹੀ ਬਿਅਰਥ[10] ਗਵਾ ਲਿਆ-? ॥੧੦੫॥

SikhBookClub.Com

ਨਰ[1] ਤਨ ਦੁਰਲਭ ਇਕ ਇਹ ਪਾਯੋ । ਪੁਨ ਸਤਿਗੁਰ ਸਿਖ ਬੇਖ[2] ਬਨਾਯੋ।
ਤੀਜੋ ਕਲਜੁਗ ਕੋ ਹੈ ਕਾਲਾ । ਥੋਰੀ ਸੇਵਾ ਮਹਿ ਹੁਇ ਦਜਾਲਾ॥੧੦੬॥

ਐਸ ਸਮੈ ਤੇ ਜੋ ਚੁਕ ਜਾਈ । ਚੜ ਕਰ ਮੇਰੁ[3] ਰਸਾਤਲ[4] ਪਾਈ।
ਜਪੁਜੀ ਕੰਠ ਨਿਤਾਪ੍ਰਤਿ ਰਟੈ । ਜਨਮ ਜਨਮ ਕੇ ਕਲਮਲ[5] ਕਟੈ॥੧੦੭॥

ਸਨੈ ਸਨੈ[6] ਮਨ ਨਿਰਮਲ ਹੋਇ । ਗਤਿ[7] ਪਾਵਹਿ ਭਵ ਬੰਧਨ ਖੋਇ।
ਸ਼ਬਦ ਅੱਭਜਾਸ ਕਿਯੋ ਨਰ ਜਾਂਹੀ । ਰਹਜੋ ਨ ਕਰਨੋ ਕ੍ਰਿਤ ਕਛੁ ਤਾਹੀ ॥੧੦੮॥

ਇਤ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਗੁਰ ਅੰਗਦ ਜੀ ਕੋ ਤਖਤ ਦੇਨ ਪ੍ਰਸੰਗ' ਬਰਨਨੰ ਨਾਮ ਬਵੰਜਵੋਂ ਧਜਾਇ ॥੫੨॥

SikhBookClub.Com

(ਕਵੀ ਜੀ ਕਹਿੰਦੇ ਹਨ) ਹੇ ਮਨੁੱਖ! ਇੱਕ ਤਾਂ ਤੂੰ ਇਹ ਦੁਰਲੱਭ ਮਨੁੱਖਾ[1] ਦੇਹੀ ਪ੍ਰਾਪਤ ਕੀਤੀ ਹੈ, ਦੂਸਰਾ ਗੁਰੂ ਜੀ ਕਿਰਪਾ ਨਾਲ ਸਿੱਖੀ ਦਾ ਬਾਣਾ[2] ਮਿਲਿਆ ਹੈ। ਤੀਸਰੇ ਜਿਥੇ ਕਲਜੁਗ ਦਾ ਸਮਾਂ ਹੈ, ਉੱਥੇ ਇਸ ਦਾ ਥੋੜ੍ਹਾ ਜਿਹਾ ਸੇਵਨ ਕੀਤਿਆਂ ਹੀ ਸਭ ਰਹਿਮਤਾਂ ਪ੍ਰਾਪਤ ਹੋ ਜਾਂਦੀਆਂ ਹਨ। ॥੧੦੬॥

ਜੋ ਬੰਦਾ ਇਸ ਸਮੇਂ 'ਤੇ (ਇਸ ਦੀ) ਭੁੱਲ ਕਰ ਬੈਠੇਗਾ, ਸਮਝੋ ਉਹਦੀ ਹਾਲਤ ਸੁਮੇਰ[3] ਪਰਬਤ 'ਤੇ ਚੜ੍ਹਨ ਤੋਂ ਬਾਅਦ ਪਤਾਲ[4] ਵਿੱਚ ਡਿੱਗਣ ਵਾਂਗ ਹੋਵੇਗੀ। ਜੋ ਕੰਠ ਕਰਕੇ ਹਮੇਸ਼ਾ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਕਰੇਗਾ, ਉਸ ਦੇ ਕਲਜੁਗ ਵਿੱਚ ਜਨਮਾਂ-ਜਨਮਾਂ ਦੇ ਪਾਪ[5] ਕੱਟੇ ਜਾਣਗੇ। ॥੧੦੭॥

ਹੌਲੀ[6] ਹੌਲੀ ਇਸ ਨਾਲ ਮਨ ਨਿਰਮਲ ਹੋ ਜਾਂਦਾ ਹੈ, ਮਨੁੱਖ ਮੁਕਤੀ[7] ਪ੍ਰਾਪਤ ਕਰਦਾ ਹੈ ਤੇ ਸਾਰੇ ਸੰਸਾਰਕ-ਬੰਧਨ ਦੂਰ ਕਰ ਲੈਂਦਾ ਹੈ। ਜਿਸ ਪੁਰਸ਼ ਨੇ ਬਾਣੀ ਦਾ ਅਭਿਆਸ (ਸੇਵਨ) ਕੀਤਾ ਹੈ, ਜਾਣੋ ਉਸ ਵਾਸਤੇ ਹੋਰ ਕੋਈ ਵੀ ਕਰਮ ਕਰਨ ਵਾਲਾ ਪਿੱਛੇ ਨਹੀਂ ਰਹਿ ਗਿਆ ॥੧੦੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਗੁਰੂ ਅੰਗਦ ਜੀ ਨੂੰ ਗੁਰਗੱਦੀ ਦੇਣ ਦਾ ਪ੍ਰਸੰਗ" ਨਾਮੀ ਬਵੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਮਾਤਾ ਸੁਲੱਖਣੀ ਜੀ ਦੇ ਕੰਨਾਂ ਵਿੱਚ ਇਹ ਖਬਰ ਪਈ ਕਿ ਗੁਰੂ ਨਾਨਕ ਜੀ ਦੀ ਗੁਰਗੱਦੀ, ਭਾਈ ਲਹਿਣਾ ਜੀ ਨੂੰ ਦਿੱਤੀ ਜਾਵੇਗੀ। ਤਾਂ ਮਾਤਾ ਸੁਲੱਖਣੀ ਜੀ ਉਸ ਵੇਲੇ ਗੁਰੂ ਨਾਨਕ ਜੀ ਕੋਲ ਗਏ । ਸੁਲੱਖਣੀ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਆਪਣੇ ਦੋਨਾਂ ਲਾਇਕ-ਪੁੱਤਰਾਂ ਨੂੰ ਛੱਡ ਕੇ ਗੱਦੀ ਬਾਰੇ ਉਲਟੀ ਸੋਚ ਕਿਉਂ ਸੋਚੀ ਹੋਈ ਹੈ? ਕੋਈ ਆਪਣੀ ਔਲਾਦ ਨੂੰ ਛੱਡ ਕੇ ਪਰਾਏ ਨੂੰ ਵਡਿਆਈ ਨਹੀਂ ਦਿੰਦਾ।

ਉਸ ਵਕਤ ਇੱਕ ਬਿੱਲੀ, ਅੱਧ-ਚੱਬੀ ਹੋਈ ਚੂਹੀ ਰਸਤੇ ਵਿੱਚ ਸੁੱਟ ਕੇ ਦੌੜ ਗਈ। ਗੁਰੂ ਨਾਨਕ ਜੀ ਨੇ ਆਪਣੇ ਪੁੱਤਰ ਸ੍ਰੀ ਚੰਦ ਨੂੰ ਚੂਹੀ ਚੁੱਕ ਕੇ ਪਰ੍ਹੇ ਸੁੱਟਣ ਦਾ ਹੁਕਮ ਦਿੱਤਾ, ਪਰ ਉਸ ਨੇ ਗੁਰੂ ਜੀ ਦੀ ਆਗਿਆ ਨੂੰ ਟਾਲ ਦਿੱਤਾ। ਉਸ ਤੋਂ ਬਾਅਦ ਗੁਰੂ ਜੀ ਨੇ ਲਖਮੀਦਾਸ ਨੂੰ ਕਿਹਾ ਕਿ ਇਹ ਚੂਹੀ ਪਰ੍ਹੇ ਸੁੱਟ ਆਵੋ ਤਾਂ ਉਸ ਨੇ ਕਿਹਾ ਕਿ ਮੈਂ ਹੋਰ ਕਿਸੇ ਕੋਲੋਂ ਚੁਕਵਾ ਦਿੰਦਾ ਹਾਂ। ਫਿਰ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਆਖਿਆ ਕਿ ਇਹ ਚੂਹੀ ਪਰ੍ਹੇ ਸੁੱਟ ਦੇਵੋ ਤਾਂ ਉਨ੍ਹਾਂ ਨੇ ਉਸੇ ਪਲ ਹੀ ਗੁਰੂ ਜੀ ਦਾ ਕਹਿਣਾ ਮੰਨਿਆ ਤੇ ਅੱਧ-ਚੱਬੀ ਹੋਈ ਚੂਹੀ ਦੂਰ ਸੁੱਟ ਦਿੱਤੀ।

ਫਿਰ ਗੁਰੂ ਜੀ ਨੇ ਸੁਲੱਖਣੀ ਨੂੰ ਸਮਝਾਇਆ ਕਿ ਸਾਡੇ ਪੁੱਤਰ ਸਾਡੀ ਆਗਿਆ ਦਾ ਪਾਲਣ ਨਹੀਂ ਕਰਦੇ ਪਰ ਲਹਿਣਾ ਕਦੇ ਬਚਨ ਨਹੀਂ ਮੋੜਦਾ। ਫੇਰ ਇੱਕ ਦਿਨ ਗੁਰੂ ਜੀ ਨੇ ਅੱਧੀ ਰਾਤ ਵੇਲੇ ਸ੍ਰੀ ਚੰਦ ਨੂੰ ਕਿਹਾ ਕਿ ਮੇਰੀ ਚਾਦਰ ਨਦੀ ਤੋਂ ਧੋ ਕੇ ਲਿਆ ਦੇਵੋ। ਤਾਂ ਉਸ ਨੇ ਕਿਹਾ ਕਿ ਇਹ ਕੰਮ ਮੇਰੇ ਤੋਂ ਨਹੀਂ ਹੋਣ ਵਾਲਾ। ਇਵੇਂ ਹੀ ਲੱਖਮੀ ਚੰਦ ਨੇ ਵੀ ਜਵਾਬ ਦੇ ਦਿਤਾ। ਪਰ ਲਹਿਣੇ ਨੇ ਉਸੇ ਵੇਲੇ ਚਾਦਰ ਧੋ ਕੇ ਸੁਕਾ ਦਿੱਤੀ। ਇਵੇਂ ਹੋਰ ਕਈ ਤਰਾਂ ਨਾਲ ਅਜ਼ਮਾਇਸ ਕੀਤੀ ਜਿਵੇਂ ਗੰਦੇ ਪਾਣੀ ਵਿਚੋਂ ਬਰਤਨ ਕੱਢਣ ਲਈ ਪੁੱਤਰਾਂ ਦੀ ਪਰਖ ਕਰਨ ਪਿੱਛੋਂ ਗੁਰੂ ਜੀ ਨੇ ਲਹਿਣੇ ਨੂੰ ਗੁਰਗੱਦੀ ਸੌਂਪ ਦਿੱਤੀ ਤੇ ਕਿਹਾ ਕਿ ਅੱਜ ਤੋਂ ਤੁਸੀਂ ਸੱਭ ਦੇ ਗੁਰੂ ਹੋ ਤੇ ਸਾਰਾ ਜਗਤ ਤੁਹਾਡਾ ਦਾਸ ਹੈ, ਤੇ ਅੱਜ ਤੋਂ ਤੁਹਾਡਾ ਨਾਮ ਅੰਗਦ ਹੋਵੇਗਾ । ਤਦ ਗੁਰੂ ਅੰਗਦ ਦੇਵ ਜੀ ਨੇ ਜਪੁਜੀ ਸਾਹਿਬ ਦਾ ਪਾਠ ਪੜ੍ਹ ਕੇ ਸੁਣਾਇਆ ਸੀ ।

ਫੁੱਟਨੋਟ:

(*1) ਭਾਈ ਗੁਰਦਾਸ ਜੀ ਪਾਣੀ ਦੇ ਸੁਭਾਅ ਬਾਰੇ ਵਾਰ 28ਵੀਂ, ਪਉੜੀ 13ਵੀਂ ਵਿੱਚ ਬਿਆਨ ਕਰਦੇ ਹਨ:

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।
ਪਾਣੀ ਚਲੈ ਨਿਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।

(*2) ਇਸ ਤਰਾਂ ਦਾ ਵਰਣਨ ਵਲਾਇਤ ਵਾਲੀ ਅਤੇ ਮੇਹਰਬਾਨ ਵਾਲੀ ਜਨਮਸਾਖੀ ਵਿੱਚ ਨਹੀਂ ਮਿਲਦਾ। ਪਰ ਸੱਤੇ-ਬਲਵੰਡ ਦੀ ਵਾਰ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਸ ਵਿੱਚ ਸੰਕੇਤ ਮਿਲਦੇ ਹਨ ਕਿ ਗੁਰੂ ਜੀ ਨੇ ਪੁੱਤਰਾਂ ਦੀ ਪ੍ਰੀਖਿਆ ਲਈ ਹੋਵੇਗੀ ਤੇ ਉਨ੍ਹਾਂ ਨੇ ਗੁਰੂ ਜੀ

SikhBookClub.Com

ਦਾ ਹੁਕਮ ਨਹੀਂ ਮੰਨਿਆ।

ਪੁਤ੍ਰੀ ਕਉਲ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ।

(ਗੁ. ਗ੍ਰੰ. ਸਾਹਿਬ, ਪੰਨਾ 967)

ਭਾਈ ਬਾਲੇ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿੱਚ ਵੀ ਪੁੱਤਰਾਂ ਦੇ ਹੁਕਮ ਨਾ ਮੰਨਣ ਦੀਆਂ ਮਿਸਾਲਾਂ ਮਿਲਦੀਆਂ ਹਨ।

(*3) ਭਾਈ ਗੁਰਦਾਸ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇਣ ਦੇ ਸਬੰਧ ਵਿੱਚ ਵਾਰ ਪਹਿਲੀ, ਪਉੜੀ 45ਵੀਂ ਵਿੱਚ ਇਵੇਂ ਅੰਕਤ ਕੀਤਾ ਹੈ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥

(*4) ਜਨਮਸਾਖੀ ਪਰੰਪਰਾ ਅਨੁਸਾਰ ਜਪੁਜੀ ਸਾਹਿਬ ਦੀ ਸੰਪਾਦਨਾ ਵਾਲੀ ਅੰਕਤ ਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਜਿਲਦ ਦੂਜੀ, ਪੰਨਾ 248-50 'ਤੇ ਅਧਾਰਤ ਹੈ। ਚਾਹੇ ਇਹ ਬਿਰਤਾਂਤ ਕਿਸੇ ਹੋਰ ਜਨਮਸਾਖੀ ਵਿੱਚ ਨਹੀਂ ਮਿਲਦਾ। ਪਰ ਜਪੁਜੀ ਸਾਹਿਬ ਨੂੰ ਗੁਰੂ ਅੰਗਦ ਦੇਵ ਜੀ ਦਾ ਤਰਤੀਬ ਦੇਣਾ ਸਿੱਧ ਹੁੰਦਾ ਹੈ। ਕਿਉਂਕਿ ਜਪੁਜੀ ਸਾਹਿਬ ਦੇ ਅਖੀਰ ਵਿੱਚ ਸਲੋਕ "ਪਵਣੁ ਗੁਰੂ ਪਾਣੀ ਪਿਤਾ" ਗੁਰੂ ਅੰਗਦ ਦੇਵ ਜੀ ਦਾ ਹੈ। ਭਾਈ ਵੀਰ ਸਿੰਘ ਲਿਖਦੇ ਹਨ ਕਿ ਜਪੁਜੀ ਸਾਹਿਬ, ਗੁਰੂ ਨਾਨਕ ਸਾਹਿਬ ਦੀ ਬਾਣੀ ਹੈ। ਜਾਪਦਾ ਹੈ ਕਿ ਸਾਰੀਆਂ ਪਉੜੀਆਂ ਇੱਕੋ ਸਮੇਂ ਦੀਆਂ ਉਚਾਰੀਆਂ ਹੋਈਆਂ ਨਹੀਂ, ਬਾਅਦ ਵਿੱਚ ਸੰਕਲਿਤ ਕੀਤੀਆਂ ਹੋਣਗੀਆਂ। ਮਿਹਰਬਾਨ ਵਾਲੀ ਜਨਮਸਾਖੀ, ਜਿਲਦ ਦੂਜੀ ਵਿੱਚ ਵੀ "ਜਪੁਜੀ ਜੀ ਦਾ ਉਚਾਰਨਾ ਤੇ ਤਰਤੀਬ" ਲਿਖਿਆ ਮਿਲਦਾ ਹੈ।

(*5) ਚਿੰਤਾਮਣੀ ਇੱਕ ਇੱਛਾ ਪੂਰੀ ਕਰਨ ਵਾਲੀ ਮਣੀ ਹੈ, ਇਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਵਿੱਚ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਸਕਣ ਦੀ ਸ਼ਕਤੀ ਹੈ।

ਸੁਰਤਰੁ, ਦੇਵਤਿਆਂ ਦੇ ਬਿਰਛ ਵਜੋਂ ਜਾਣਿਆ ਜਾਂਦਾ ਹੈ, ਜੋ ਸਭ ਫਲ ਦਿੰਦਾ ਹੈ।

ਕਾਮਧੇਨੁ ਇੱਕ ਗਊ ਹੈ, ਜਿਸ ਦਾ ਸਬੰਧ ਵਸ਼ਿਸ਼ਟ-ਰਿਸ਼ੀ ਨਾਲ ਜਾਣਿਆ ਜਾਂਦਾ ਹੈ ਅਤੇ ਜੋ ਹਰੇਕ ਮਨੋ-ਕਾਮਨਾਵਾਂ ਪੂਰੀਆਂ ਕਰਦੀ ਮੰਨੀ ਜਾਂਦੀ ਹੈ। ਇਹ ਗਊ, ਸਮੁੰਦਰ-ਮੰਥਨ ਕਰਨ ਵੇਲੇ ਨਿਕਲੀ ਸੀ। ਪਰ ਗੁਰਬਾਣੀ ਵਿੱਚ ਇਨ੍ਹਾਂ ਤਿੰਨਾਂ ਦੇ ਸਬੰਧ ਵਿੱਚ ਇਵੇਂ ਉਚਾਰਨ ਮਿਲਦਾ ਹੈ ਕਿ ਪਰਮੇਸ਼ਰ ਦਾ ਨਾਮ, ਉੱਤਮ ਤੋਂ ਉੱਤਮ ਸੁਖ ਦੇਣ ਵਾਲੀ ਚੀਜ਼ ਹੈ:

ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ।
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥੧॥
ਹਰਿ ਹਰਿ ਹਰਿ ਨ ਜਪਹਿ ਰਸਨਾ॥ਅਵਰ ਸਭ ਤਿਆਗਿ ਬਚਨ ਰਚਨਾ॥

(ਗੁ. ਗ੍ਰੰ. ਸਾਹਿਬ, ਪੰਨਾ 658)

SikhBookClub.Com

ਅਧਜਾਯ ਤਰਵੰਜਵਾਂ

(ਸਾਰਦਾ ਮੰਗਲ, ਸਿੱਖਨ ਪ੍ਰਤਿ ਉਪਦੇਸ਼)

ਦੋਹਰਾ

ਸ੍ਰੀ ਸਰੱਸ੍ਵਤੀ ਸਿਮਰਨੋ ਤੀਛਨ ਮਹਾਂ ਕੁਠਾਰ[1]।
ਬਿਘਨ ਬ੍ਰਿੱਛ ਕੇ ਬਿਪਨ[2] ਕੋ ਕਰਤ ਸੰਘਾਰ[3] ਸੁਧਾਰ॥੧॥

ਚੌਪਈ

ਬਹੁਰੋ ਕਿਤਕ ਬਿਤਾਯੋ ਕਾਲਾ । ਸ੍ਰੀ ਨਾਨਕ ਜੀ ਪਰਮ ਕ੍ਰਿਪਾਲਾ।
ਇਕ ਦਿਨ ਅੰਗਦ ਸੰਗ ਬਖਾਨਾ । 'ਤੁਮ ਅਬ ਗਮਨਹੁ ਅਪਨ ਸਥਾਨਾ॥੨॥

ਇਹਾਂ ਨ ਰਹੀਏ ਆਇਸੁ ਏਹੀ । ਸਮਾਂ ਸਮੀਪ ਤਜੋਂ[4] ਨਿਜ ਦੇਹੀ।
ਦਿਨ ਥੋਰੇ ਹੀ ਰਿਦੇ ਲਖੀਜੈ । ਗ੍ਰਾਮ ਖਡੂਰ ਪਯਾਨੋ ਕੀਜੈ'॥੩॥

ਸੁਨ ਅੰਗਦ ਬੰਦੇ ਦ੍ਵੈ ਹਾਥਾ । ਬੋਲਜੋ ਬਚਨ ਲਾਇ ਪਦ ਮਾਥਾ।
'ਰਾਵਰ ਕੀ ਰਜਾਇ ਮਮ ਸੀਸਾ । ਏਕ ਅਵਰ ਬੂਝੋਂ ਜਗਦੀਸਾ॥੪॥

ਤਜਾਗਨ ਤਨ ਕੋ ਸਮਾ ਜਿ ਆਹੀ । ਤਬ ਦਰਸੋਂ[5] ਮੈਂ ਆਇ ਕਿ ਨਾਂਹੀ?।
ਆਇਸੁ ਦਿਹੁ ਤਉ ਆਉਂ ਸਮੀਪਾ' । ਸੁਨ ਬੋਲੇ ਬੇਦੀ ਕੁਲ ਦੀਪਾ॥੫॥

'ਤੁਮ ਨਹਿਂ ਆਵੋ ਤਬ ਇਤ ਆਸਾ । ਹਮ ਆਵਹਿਂਗੇ ਤੁਮਰੇ ਪਾਸਾ।
ਜਿਸ ਬਿਧਿ ਕੋ ਨਹਿਂ ਲਖਹਿ ਸਕਾਈ । ਤਿਉਂ ਤਬ ਆਇ ਮਿਲੈਂ ਤੁਝ ਤਾਈਂ'॥੬॥

ਸੁਨਕੈ ਸ਼੍ਰੌਨ[6] ਬਚਨ ਜਗ ਗੁਰਕੇ । ਚਲਜੋ ਨ ਚਹਤਿ ਨਿਕੇਤ ਬਿਛੁਰਕੇ।
ਤਦਪਿ ਰਜਾਇ ਅਮੋਰ[7] ਸੁ ਪ੍ਰਨ ਜਿਹ । ਭਯੋ ਤਯਾਰ ਚਲਨ ਕੋ ਛਿਨ ਤਿਹ॥੭॥

ਹ੍ਵੈ ਅਧੀਨ ਕਰ ਹੀ ਅਸ਼ਟਾਂਗੰ[8] । ਬੰਦਹਿ ਚਰਨ ਕਵਲ ਅਨੁਰਾਗੰ ।
ਮਨ ਸੌਂਪਜੋ ਗੁਨਖਾਨੀ ਪਾਸੂ । ਤਨ ਗਮਨਜੋ ਜਿਤ ਦਿਸਾ ਅਵਾਸੂ ॥੮॥

SikhBookClub.Com

ਅਧਿਆਇ ਤਰਵੰਜਵਾਂ
(ਸਿੱਖਾਂ ਨੂੰ ਉਪਦੇਸ਼)

ਦੋਹਰਾ

(ਕਵੀ ਲੋਕਾਂ ਦਾ ਕਵਿਤਾ ਰਚਨ ਸਮੇਂ) ਸ੍ਰੀ ਸਰਵਸਤੀ ਨੂੰ ਯਾਦ ਕਰਨਾ, ਮਾਨੋ ਉਹ ਤਿੱਖਾ ਕੁਹਾੜਾ[1] ਹੈ ਜੋ ਵਿਘਨਾਂ ਰੂਪੀ ਬਿਰਛਾਂ ਦੇ ਜੰਗਲ[2] ਨੂੰ ਚੰਗੀ ਤਰਾਂ ਨਾਸ਼[3] ਕਰਦਾ ਹੈ। ॥੧॥

ਚੌਪਈ

ਇਵੇਂ ਪਰਮ ਕਿਰਪਾਲੂ ਗੁਰੂ ਨਾਨਕ ਜੀ ਨੇ ਉੱਥੇ ਕਿੰਨਾ ਹੀ ਸਮਾਂ ਗੁਜ਼ਾਰਿਆ। ਇੱਕ ਦਿਨ ਉਨ੍ਹਾਂ ਨੇ ਅੰਗਦ ਜੀ ਨੂੰ ਕਿਹਾ, "ਹੁਣ ਤੁਸੀਂ ਆਪਣੇ ਸਥਾਨ (ਖਡੂਰ ਸਾਹਿਬ) ਚਲੇ ਜਾਵੋ। ॥੨॥

ਇਹ ਹੀ ਆਗਿਆ ਹੈ, ਤੁਸੀਂ ਇਥੇ ਨਾ ਰਹੋ। ਅਸਾਂ ਦੇ ਸਰੀਰ ਤਿਆਗਣ[4] ਦਾ ਸਮਾਂ ਨਜ਼ਦੀਕ ਆ ਗਿਆ ਹੈ, ਮਨ ਵਿਚ ਜਾਣ ਲਵੋ, ਥੋੜ੍ਹੇ ਦਿਨ ਹੀ ਰਹਿ ਗਏ ਹਨ। ਤੁਸੀਂ ਖਡੂਰ ਪਿੰਡ ਚਲੇ ਜਾਵੋ।" ॥੩॥

ਸੁਣ ਕੇ ਗੁਰੂ ਅੰਗਦ ਜੀ ਨੇ ਦੋਨੋਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਦੇ ਹੋਏ ਕਿਹਾ, "ਆਪ ਜੀ ਦਾ ਹੁਕਮ ਮੇਰੇ ਸਿਰ-ਮੱਥੇ ਜੀ, ਜਗਤ ਸੁਆਮੀ ਜੀ, ਮੈਂ ਆਪ ਜੀ ਕੋਲੋਂ ਇੱਕ ਹੋਰ ਗੱਲ ਪੁੱਛਣ ਦੀ ਅਰਜ਼ ਕਰਦਾ ਹਾਂ ॥੪॥

ਆਪ ਜੀ ਦੇ ਸਰੀਰ ਤਿਆਗਣ ਦਾ ਸਮਾਂ ਜਦ ਆਵੇਗਾ ਤਾਂ ਉਸ ਵੇਲੇ ਆਪ ਜੀ ਦੇ ਦਰਸ਼ਨ[5] ਕਰਨ ਲਈ ਮੈਂ ਆ ਸਕਾਂਗਾ ਕਿ ਨਹੀਂ? (ਕਿਰਪਾ ਕਰਕੇ) ਆਉਣ ਦੀ ਆਗਿਆ ਦੇ ਦੇਵੋਗੇ ਤਾਂ ਉਸ ਵੇਲੇ ਮੈਂ ਆਪ ਜੀ ਕੋਲ ਆ ਜਾਵਾਂ।" ਤਾਂ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਬੋਲੇ। ॥੫॥

"ਤੁਸੀਂ ਉਸ ਵਕਤ ਇਸ ਪਾਸੇ ਵੱਲ ਨਹੀਂ ਆਵੋਗੇ। ਅਸੀਂ ਆਪ ਹੀ ਤੁਹਾਡੇ ਕੋਲ ਆਵਾਂਗੇ ਕਿਉਂਕਿ ਉਸ ਕਿਰਿਆ ਦਾ (ਅੰਤਕਾਲ ਦਾ) ਅਨੁਮਾਨ ਨਹੀਂ ਲਾਇਆ ਜਾ ਸਕਦਾ, ਇਸ ਲਈ ਜਿਵੇਂ ਹੀ (ਉਹ ਵੇਲਾ) ਆਏਗਾ, ਅਸੀਂ ਤੈਨੂੰ ਆ ਕੇ ਮਿਲਾਂਗੇ।" ॥੬॥

ਜਗਤ ਗੁਰੂ (ਨਾਨਕ) ਜੀ ਦੇ ਇਹ ਬਚਨ ਆਪਣੇ ਕੰਨੀਂ[6] ਸੁਣ ਕੇ (ਅੰਗਦ ਜੀ ਦਾ) ਗੁਰੂ ਜੀ ਨਾਲੋਂ ਵਿੱਛੜ ਕੇ, ਆਪਣੇ ਘਰ ਜਾਣ ਲਈ ਜੀਅ ਨਹੀਂ ਸੀ ਚਾਹੁੰਦਾ। ਉਹ ਆਗਿਆ ਦਾ ਪਾਲਣ ਕਰਦੇ ਹੋਏ, ਜਿਨ੍ਹਾਂ ਨੇ ਪ੍ਰਣ ਕੀਤਾ ਸੀ, ਉਨ੍ਹਾਂ ਦਾ ਹੁਕਮ ਨਹੀਂ ਸੀ ਮੋੜ[7] ਸਕਦੇ। ਉਸੇ ਪਲ ਹੀ ਜਾਣ ਲਈ ਤਿਆਰ ਹੋ ਗਏ। ॥੭॥

ਉਨ੍ਹਾਂ ਬਹੁਤ ਪ੍ਰੇਮ ਨਾਲ ਗੁਰੂ ਜੀ ਦੇ ਚਰਨ-ਕੰਵਲਾਂ ਵਿੱਚ ਡੰਡੌਤ[8] ਬੰਦਨਾ ਕੀਤੀ। ਆਪਣਾ ਹਿਰਦਾ ਗੁਣਾਂ ਦੇ ਭੰਡਾਰ (ਗੁਰੂ ਜੀ) ਨੂੰ ਸੌਂਪ ਦਿੱਤਾ ਤੇ ਉਨ੍ਹਾਂ ਦਾ ਸਰੀਰ ਉਥੋਂ ਚੱਲ ਪਿਆ, ਜਿਸ ਪਾਸੇ ਵੱਲ ਨਿਵਾਸ-ਸਥਾਨ ਸੀ ॥੮॥

SikhBookClub.Com

ਦੋਹਰਾ

ਬਿਦਾ ਹੋਇ ਜਗ ਗੁਰੂ ਤੇ ਸ੍ਰੀ ਅੰਗਦ ਸੁਖਰਾਸ।
ਸਨੈ ਸਨੈ ਆਵਤ ਭਏ ਗ੍ਰਾਮ ਖਡੂਰ ਅਵਾਸ ॥੯॥ (*1)

ਚੌਪਈ

ਮਿਲਹਿਂ ਤਬਹਿ ਸਗਰੇ ਨਰ ਆਈ । ਬੰਦਹਿਂ,ਕੁਸ਼ਲ[1] ਬੂਝ ਹਰਖਾਈ।
ਜਥਾ[2] ਜੋਗ ਆਦਰ ਸਬਹੀ ਕਾ । ਕਰਤ ਭਏ ਤੇਹਣ ਕੁਲਟੀਕਾ॥੧੦॥

ਸਗਲੀ ਕਲਾ ਬਿਸਾਲ ਦੁਰਾਈ[3] । ਨਹਿਂ ਕਿਸ ਕੇ ਸੰਗ ਕਬਹਿ ਜਨਾਈ।
ਜੋ ਹਿਰਦੇ ਕਰ ਬਹੁ ਜੱਗਜ਼ਾਸਾ । ਆਇ ਕਰਹਿਂ ਸੇਵਾ ਤਿਹ ਪਾਸਾ॥੧੧॥

ਤਬ ਉਪਦੇਸਹਿਂ ਹਿਤ ਕੱਲਜ਼ਾਨਾ । ਪਰੇ ਕੁਬੰਧਨ ਕਰਹੈਂ ਹਾਨਾ।
ਨਿਜ ਪ੍ਰਤਾਪ ਜੋ ਸਰਬ ਛਿਪਾਵਾ । ਸੂਰਜ ਮਨਹੁ ਬੀਚ ਘਟ[4] ਪਾਵਾ॥੧੨॥

ਕਿਨਹੁ ਨ ਅਜਰ ਜਰਜੋ ਇਨ ਜੈਸੇ । ਤੀਨ ਕਾਲ ਮਹਿਂ ਭਯੋ ਨ ਐਸੇ।
ਉਤਪਤਿ,ਪਾਲਨ ਸ਼ਕਤਿ ਤ੍ਰਿਲੋਕੰ । ਸਿੰਧ ਸੁਕਤ[5] ਮਹਿਂ ਸਬ ਜਨੁ ਰੋਕੰ ॥੧੩॥

ਮੁਸ਼ਟ[6] ਬਿਖੈ ਨਭ ਸਭ ਲਿਯ ਜੈਸੇ । ਇਸ ਬਿਧਿ ਰਹੇ ਸਦਨ ਨਿਜ ਬੈਸੇ।
ਤਿਨ ਕੇ ਸ੍ਰੀ ਪਦ ਪੰਕਜ ਤਾਂਈ । ਕਵਿ ਸੰਤੋਖ ਸਿੰਘ ਬੰਦਨ ਗਾਈ॥੧੪॥

ਤਿਹ ਪਸ਼ਚਾਤ ਜੁ ਭਯੋ ਪ੍ਰਸੰਗਾ । ਸੁਨਹੁ ਸੁ ਸ਼੍ਰੋਤਾ ਸੰਗ ਉਮੰਗਾ।
ਸ੍ਰੀ ਨਾਨਕ ਜਸ ਤੇ ਨ ਉਚਾਟਉ । ਸੁਨਿ ਸੁਨਿ ਸਦਾ ਬੰਧ[7] ਨਿਜ ਕਾਟਉ॥੧੫॥

ਸ੍ਰੀ ਜਗ ਗੁਰ ਕੋ ਜਹਿਂ ਦਰਬਾਰਾ । ਹੁਤੋ ਅਗਾਰੀ ਚਲਦਲ ਭਾਰਾ।
ਸਘਨ[8] ਛਾਉਂ ਸ਼ੋਭਤ ਰਮਣੀਕਾ । ਤਹਿਂ ਬੈਠਹਿਂ ਬੇਦੀ ਕੁਲਟੀਕਾ ॥੧੬॥

SikhBookClub.Com

ਦੋਹਰਾ

ਸੁਖਾਂ ਦੀ ਰਾਸ ਸ੍ਰੀ ਅੰਗਦ ਜੀ ਜਗਤ ਗੁਰੂ ਨਾਨਕ ਜੀ ਕੋਲੋਂ ਵਿਦਾ ਹੋ ਕੇ ਹੌਲੀ-ਹੌਲੀ ਚੱਲਦੇ ਹੋਏ ਆਪਣੇ ਘਰ (ਪਿੰਡ) ਖਡੂਰ ਸਾਹਿਬ ਆ ਗਏ ॥੯॥

ਚੌਪਈ

ਪਿੰਡ ਦੇ ਸਾਰੇ ਨਰ-ਨਾਰੀ ਉਨ੍ਹਾਂ ਆਇਆਂ ਨੂੰ ਮਿਲੇ। ਉਹ ਹੱਥ ਜੋੜ ਕੇ, ਖੁਸ਼ੀ-ਖੁਸ਼ੀ ਸਭ ਦੀ ਸੁੱਖ-ਸਾਂਦ[1] ਪੁੱਛਦੇ ਸਨ। ਯੋਗਤਾ[2] ਅਨੁਸਾਰ ਤ੍ਰੇਹਣ ਕੁਲ ਦੇ ਟਿੱਕਾ (ਗੁਰੂ ਅੰਗਦ ਜੀ) ਨੇ ਸਭ ਦਾ ਹੀ ਆਦਰ-ਮਾਣ ਕੀਤਾ। ॥੧੦॥

ਉਨ੍ਹਾਂ ਆਪਣੀ ਸਾਰੀ ਕਲਾ ਲੁਕਾ[3] ਕੇ ਹੀ ਰੱਖੀ, ਉਸ ਬਾਬਤ ਉਨ੍ਹਾਂ ਨੇ ਕਦੇ ਵੀ ਕਿਸੇ ਨੂੰ ਨਹੀਂ ਸੀ ਜਣਾਇਆ।ਜੋ ਵੀ ਕੋਈ ਆਪਣੇ ਮਨ ਵਿੱਚ ਜਗਿਆਸਾ ਰੱਖਦਾ ਸੀ, ਉਹ (ਅੰਗਦ ਜੀ) ਕੋਲ ਆ ਕੇ ਉਨ੍ਹਾਂ ਦੀ ਸੇਵਾ ਵਿੱਚ ਜੁੱਟ ਜਾਂਦਾ। ॥੧੧॥

ਗੁਰੂ ਅੰਗਦ ਜੀ ਉਸ ਵੇਲੇ ਕਲਿਆਣ ਕਰਨ ਲਈ, ਉਪਦੇਸ਼ ਦਿੰਦੇ ਅਤੇ ਉਨ੍ਹਾਂ ਅੰਦਰ ਪਾਏ ਹੋਏ ਖੋਟੇ ਬੰਧਨਾਂ ਨੂੰ ਦੂਰ ਕਰਦੇ। ਉਨ੍ਹਾਂ ਨੇ ਆਪਣਾ ਸਾਰਾ ਪਰਤਾਪ ਛੁਪਾ ਕੇ ਰੱਖਿਆ ਸੀ, ਮਾਨੋ ਜਿਵੇਂ ਸੂਰਜ, ਬੱਦਲਾਂ-ਘਟਾਵਾਂ[4] ਹੇਠ ਆਇਆ ਹੋਵੇ। ॥ ੧੨॥

ਤਿੰਨਾਂ ਕਾਲਾਂ ਵਿੱਚ ਇਹੋ-ਜਿਹਾ ਕੋਈ ਨਹੀਂ ਹੋਇਆ, ਕਿਸੇ ਨੇ ਵੀ ਇਨ੍ਹਾਂ ਵਾਂਗ ਨਾ ਜਰ ਸਕਣ ਵਾਲੇ ਨੂੰ ਜਰਿਆ ਹੋਵੇ। ਤ੍ਰਿਲੋਕੀ ਨੂੰ ਪੈਦਾ ਕਰਨ ਅਤੇ ਪਾਲਣਾ ਕਰਨ ਦੀ ਸਾਰੀ ਸ਼ਕਤੀ, ਇਨ੍ਹਾਂ ਦੇ ਹੱਥ ਵਿੱਚ ਸੀ, (ਜਿਵੇਂ) ਸਾਰੇ ਸਮੁੰਦਰ ਨੂੰ ਇੱਕ ਸਿੱਪੀ[5] ਵਿੱਚ ਪਾਇਆ ਹੋਵੇ। ॥੧੩॥

ਗੁਰੂ ਅੰਗਦ ਜੀ ਆਪਣੇ ਘਰ ਵਿੱਚ ਇਸ ਤਰਾਂ ਬੈਠੇ ਹੁੰਦੇ, ਜਿਵੇਂ ਸਾਰਾ ਅਸਮਾਨ ਹੀ ਉਨ੍ਹਾਂ ਮੁੱਠੀ[6] ਵਿੱਚ ਫੜ ਲਿਆ ਹੋਵੇ। ਕਵੀ ਸੰਤੋਖ ਸਿੰਘ ਜੀ ਉਨ੍ਹਾਂ ਦੇ ਚਰਨ-ਕਮਲਾਂ ਵਿੱਚ ਧਿਆਨ ਧਰ ਕੇ, ਉਨ੍ਹਾਂ ਦੇ ਚਰਨਾਂ ਵਿੱਚ ਉਸਤਤ ਗਾਉਂਦਾ ਹੈ। ॥੧੪॥

ਹੇ ਸਰੋਤਾ-ਜਨੋਂ! ਉਨ੍ਹਾਂ ਦੇ ਕਰਤਾਰਪੁਰ ਤੋਂ ਜਾਣ ਪਿੱਛੋਂ ਜੋ ਬਾਅਦ ਦਾ ਪਰਸੰਗ ਹੈ, ਉਸ ਨੂੰ ਬੜੇ ਉਤਸ਼ਾਹ ਨਾਲ ਸੁਣੋ। ਗੁਰੂ ਜੀ ਦੇ ਜਸ ਤੋਂ ਉਚਾਟ ਨਾ ਹੋਵੋ। ਇਸ ਜਸ ਨੂੰ ਸੁਣ-ਸੁਣ ਕੇ ਆਪਣੇ ਸਭ ਦੁੱਖਾਂ ਦੇ ਬੰਧਨਾਂ[7] ਨੂੰ ਦੂਰ ਕਰੋ। ॥੧੫॥

ਜਗਤ ਗੁਰੂ ਨਾਨਕ ਜੀ ਦਾ ਜਿਥੇ ਦਰਬਾਰ ਲੱਗਦਾ ਸੀ, ਉਸ ਦੇ ਅੱਗੇ ਇੱਕ ਬਹੁਤ ਭਾਰੀ ਪਿੱਪਲ ਸੀ॥ ਬਹੁਤ ਘਣੀ[8] ਛਾਂ ਬਹੁਤ ਹੀ ਸੁੰਦਰ ਸਸ਼ੋਭਤ ਸੀ। ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਉਥੇ ਬੈਠੇ ਹੋਏ ਸਨ। ॥੧੬॥

SikhBookClub.Com

ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ । ਕਲੁਖ[1] ਨਿਕੰਦਨ ਦੇਖ ਛਬੀਲੇ।
ਤੱਤ ਗਜਾਨ ਮੈ ਕੋਮਲ ਬੋਲਾ । ਸ਼੍ਰੌਨ ਸੁਨਾਵਹਿਂ ਮਧੁਰ ਅਮੋਲਾ[2]॥੧੭॥

ਸਾਂਗ ਅਰੰਭੇ ਸਿਖ ਜਿ ਪਲਾਏ । ਸੋ ਸੁਨ ਪਰਖਨ ਬਿਧਿ ਪਛੁਤਾਏ।
ਬਹੁਰੋ ਆਇ ਹਜੂਰ ਅਗਾਰੀ । ਨਿਜ ਔਗਨ ਸੰਗ ਬਿਨੈ ਉਚਾਰੀ॥੧੮॥

ਬਖ਼ਸ਼ਾਵਹਿਂ[3] ਅਰ ਪਾਸ ਰਹੇਂਹੀਂ । ਸੇਵਹਿਂ ਚਰਨ ਕਮਲ ਸੁਖ ਲੇਹੀਂ।
ਸ਼ਬਦ ਅਭਜਾਸ ਹੋਤ ਨਿਤ ਭਾਰੀ । ਗਾਇਂ ਸਪ੍ਰੇਮਹਿਂ[4] ਅਰਥ ਬਿਚਾਰੀ॥੧੯॥

ਤੁਰਕਨ ਮਹਿਂ ਮਹਿਮਾ ਬਹੁ ਜਾਗੀ । ਆਵਹਿਂ ਦਰਸ ਕਰਹਿਂ ਬਡਭਾਗੀ।
ਸੁਨਹਿਂ ਸਬਦ ਕਰ ਪ੍ਰੇਮ ਬਿਸਾਲਾ । ਤਿਨ ਕੀ ਕਰਹਿਂ ਕਲਜਾਨ ਕ੍ਰਿਪਾਲਾ॥੨੦॥

ਦੇਸ਼ ਬਿਦੇਸ਼ਨ ਤੇ ਚਲਿ ਆਵਹਿਂ । ਪਦ ਪੰਕਜ ਪਰ ਸੀਸ ਝੁਕਾਵਹਿਂ।
ਦਰਸ਼ਨ ਕਰਹਿਂ ਥਪਹਿਂ ਨਿਜ ਪੀਰ । 'ਇਹ ਖੁਦਾਇ ਕੋ'ਕਹੈਂ 'ਸਰੀਰ'॥੨੧॥

ਆਇਂ ਮੁਰੀਦ ਹੋਇਂ ਬਹੁ ਤੁਰਕਾ । ਸੁਨ ਸੁਨ ਬਚਨ ਹਨੈ ਭ੍ਰਮ ਉਰਕਾ।
ਦਿਜ, ਬਾਹਿਜ, ਅਰ ਬੈਸ਼ ਘਨੇਰੇ । ਆਵਹਿਂ ਸ਼ੂਦ੍ਰ ਲਗਹਿਂ ਗੁਰ ਪੈਰੇ[5]॥੨੨॥

—ਪਰਮ ਗਜਾਨਘਨ —ਲਖ ਮਨ ਮਾਂਹੀਂ । ਸੇਵਹਿਂ ਚਰਨ ਸ਼ਬਦ ਅਵਗਾਹੀਂ।
ਸੁਨਹਿਂ ਬਚਨ ਬੈਠਹਿਂ ਚਹੁੰ ਓਰੀ । 'ਧੰਨ ਧੰਨ'ਭਨਹੀਂ[6] ਕਰ ਜੋਰੀ॥੨੩॥

ਸਤਿਗੁਰ ਬੀਚ ਬਿਰਾਜਹਿਂ ਐਸੇ । ਉਡਗਨ[7] ਬਿਖੈ ਚੰਦ੍ਰਮਾ ਜੈਸੇ।
ਸਬਹਿਨ ਕੋ ਉਪਦੇਸ਼ ਬਤਾਵਾ । 'ਸੁਨਹੁ ਸਿੱਖ ਮਾਨੁਖ ਤਨੁ ਪਾਵਾ॥੨੪॥

SikhBookClub.Com

ਉਨ੍ਹਾਂ ਦੇ ਦੋਨੋਂ ਨੇਤਰ ਦਇਆ ਰਸ ਨਾਲ ਭਰੇ ਹੋਏ ਸਨ, ਦੇਖਣ ਵਿੱਚ ਬਹੁਤ ਹੀ ਛਬੀਲੇ ਜਿਵੇਂ ਪਾਪਾਂ[1] ਦੇ ਨਾਸ਼ ਕਰਤਾ ਹੋਣ। ਉਨ੍ਹਾਂ ਦੇ ਨਰਮ ਬੋਲ ਬਹੁਤ ਹੀ ਤੱਤ-ਗਿਆਨ ਨਾਲ ਭਰੇ ਹੋਏ ਸਨ, ਉਹ ਬਹੁਤ ਮਿੱਠੇ ਅਣਮੁੱਲੇ[2] ਬਚਨ ਸੁਣਾਉਂਦੇ ਸਨ। ॥੧੭॥

ਸ਼ੁਰੂ ਵਿੱਚ ਸਾਂਗ ਰਚਣ ਵੇਲੇ ਜੋ ਸਿੱਖ (ਗੁਰੂ ਨਾਨਕ ਜੀ ਨੂੰ) ਛੱਡ ਕੇ ਦੌੜ ਗਏ ਸਨ, ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਹ ਸਭ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਪਰਖ ਕਰਨ ਲਈ ਹੀ ਰਚਿਆ ਸੀ ਤਾਂ ਉਹ ਪਛਤਾਵਾ ਕਰਦੇ ਹੋਏ ਦੁਬਾਰਾ ਗੁਰੂ ਜੀ ਕੋਲ ਹਾਜ਼ਰ ਹੋ ਗਏ, ਉਨ੍ਹਾਂ ਆਪਣੇ ਔਗੁਣਾਂ ਬਾਰੇ ਗੁਰੂ ਜੀ ਕੋਲ ਆ ਕੇ ਬੇਨਤੀ ਕੀਤੀ। ॥੧੮॥

ਅਸੀਂ ਭੁੱਲ ਬਖ਼ਸ਼ਾਉਂਦੇ[3] ਹਾਂ ਤੇ ਹੁਣ ਅਸੀਂ ਆਪ ਜੀ ਦੇ ਕੋਲ ਹੀ ਰਹਾਂਗੇ।ਆਪ ਦੇ ਚਰਨ-ਕਮਲਾਂ ਵਿੱਚ ਸੇਵਾ ਕਰਦਿਆਂ ਸੁੱਖ ਪ੍ਰਾਪਤ ਕਰਾਂਗੇ। ਫਿਰ ਰੋਜ਼ਾਨਾ ਹੀ 'ਸ਼ਬਦ' ਦਾ ਅਭਿਆਸ ਜ਼ੋਰਾਂ-ਸ਼ੋਰਾਂ ਨਾਲ ਹੁੰਦਾ। ਸਾਰੇ ਹੀ ਗੁਰੂ ਜੀ ਦੀ ਬਾਣੀ ਦੇ ਅਰਥਾਂ ਉੱਤੇ ਵਿਚਾਰ ਕਰਕੇ ਪ੍ਰੇਮ[4] ਨਾਲ ਗਾਇਨ ਕਰਦੇ ਸਨ। ॥੧੯॥

ਤੁਰਕਾਂ ਵਿੱਚ ਵੀ ਗੁਰੂ ਜੀ ਦੀ ਬਹੁਤ ਮਹਿਮਾ ਫੈਲ ਗਈ ਸੀ। ਉਹ ਵੱਡੇ ਭਾਗਾਂ ਵਾਲੇ ਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ। ਸ਼ਬਦ (ਗਾਇਣ) ਨੂੰ ਬਹੁਤ ਹੀ ਪ੍ਰੇਮ ਨਾਲ ਸੁਣਦੇ। ਕਿਰਪਾਲੂ (ਗੁਰੂ ਜੀ) ਉਨ੍ਹਾਂ ਦਾ ਕਲਿਆਣ ਕਰਦੇ ਸਨ। ॥੨੦॥

ਤੁਰਕ ਲੋਕੀਂ ਦੂਰ-ਦੂਰ ਦੇਸ਼ਾਂ ਤੋਂ ਆਉਂਦੇ, ਆ ਕੇ ਗੁਰੂ ਜੀ ਦੇ ਚਰਨ-ਕਮਲਾਂ ਉੱਤੇ ਆਪਣਾ ਸਿਰ ਝੁਕਾਉਂਦੇ। ਦਰਸ਼ਨ ਕਰਕੇ ਗੁਰੂ ਜੀ ਨੂੰ ਆਪਣਾ ਹੀ ਪੀਰ ਸਮਝਦੇ ਹੋਏ, "ਇਹ ਖ਼ੁਦਾ ਦਾ ਹੀ ਸਰੀਰ ਹੈ" ਕਹਿੰਦੇ। ॥੨੧॥

ਇੰਜ ਬਹੁਤ ਤੁਰਕ ਆ ਕੇ ਗੁਰੂ ਜੀ ਦੇ ਮੁਰੀਦ ਬਣ ਗਏ। ਗੁਰੂ ਜੀ ਦੇ ਬਚਨ ਸੁਣ-ਸੁਣ ਕੇ ਉਹ ਆਪਣੇ ਮਨਾਂ ਦੇ ਸਾਰੇ ਭਰਮ ਦੂਰ ਕਰਦੇ। ਬ੍ਰਾਹਮਣ, ਖੱਤਰੀ, ਸੂਦਰ, ਵੈਸ਼ ਆਦਿ ਅਣਗਿਣਤ ਆਉਂਦੇ ਤੇ ਗੁਰੂ ਜੀ ਦੇ ਚਰਨੀਂ[5] ਪੈਂਦੇ। ॥੨੨॥

ਉਹ ਮਨ ਵਿੱਚ ਗੁਰੂ ਜੀ ਨੂੰ -ਪਰਮ-ਗਿਆਨਵਾਨ- ਜਾਣਦੇ ਹੋਏ ਚਰਨਾਂ ਵਿੱਚ ਸੇਵਾ ਕਰਦੇ ਅਤੇ ਸ਼ਬਦ ਉੱਪਰ ਵਿਚਾਰਾਂ ਕਰਦੇ। ਲੋਕੀਂ ਚੌਹੀਂ ਪਾਸੇ ਬੈਠ ਕੇ ਗੁਰੂ ਜੀ ਦੇ ਬਚਨ ਸੁਣਦੇ ਤੇ ਹੱਥ ਜੋੜ ਕੇ ਉੱਚੀ-ਉੱਚੀ "ਧੰਨ ਹੋ, ਧੰਨ ਹੋ" ਦਾ ਮੁੱਖ ਤੋਂ ਉਚਾਰਨ[6] ਕਰਦੇ। ॥੨੩॥

ਗੁਰੂ (ਨਾਨਕ) ਜੀ ਉਨ੍ਹਾਂ ਵਿੱਚ ਬੈਠੇ ਹੋਏ ਇਸ ਤਰਾਂ ਬਿਰਾਜਦੇ ਜਿਵੇਂ ਤਾਰਿਆਂ[7] ਵਿੱਚ ਚੰਦਰਮਾ । ਉਹ ਸਭ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ, "ਹੇ ਸਿੱਖੋ ਸੁਣੋ! ਜੋ ਤੁਸੀਂ ਇਹ ਮਨੁੱਖੀ ਸਰੀਰ ਪ੍ਰਾਪਤ ਕੀਤਾ ਹੈ। ॥੨੪॥

SikhBookClub.Com

ਦੁਰਲਭ ਅਹੈ ਅਮੋਲ ਪਦਾਰਥ । ਨਿਜ ਸਰੂਪ ਲਖ ਕਰਹੁ ਸਕਾਰਥ[1]।
ਬਿਸ਼ਯਨ[2] ਸੁਖ ਸਭ ਜੋਨਨ ਮਾਂਹੀ । ਇਕ ਬਿਚਾਰ ਨਰ ਤਨ ਬਿਨ ਨਾਹੀਂ ॥੨੫॥

ਉਰ ਮਹਿਂ ਇਸ ਬਿਧ ਕਰਹੁ ਬਿਚਾਰਨ ।—ਕੋ ਮੈ ਹੌਂ? ਕੋ ਜਗ ਕੋ ਕਾਰਨ?।
ਨਿਰਨੈ ਸੱਤਜ ਅਸੱਤਜ ਕਰੀਜੈ । ਤਜਹੁ ਅਸੱਤਜ, ਸੱਤਜ ਗਹਿ ਲੀਜੈ॥੨੬॥

ਦੇਹਾਦਿਕ ਪਰਪੰਚ ਪਸਾਰਾ । ਲਖਹੁ ਅਸੱਤਜ, ਸੱਤ ਆਧਾਰਾ।
ਸਾਚੀ ਹੋਤ ਜੇਵਰੀ[3] ਜੈਸੇ । ਅਹਿ[4] ਅਧੇਯ ਝੂਠੋ ਲਖ ਤੈਸੇ॥੨੭॥

ਹੰਤਾ ਮਮਤਾ ਇਉਂ ਲਖ ਤਜਾਗਹੁ । ਨਿਜ ਸਰੂਪ ਸਨਮੁਖ ਅਨੁਰਾਗਹੁ।
ਭ੍ਰਮਾਵਰਤ[5] ਤੇ ਨਿਕਸ ਉਤੰਗਾ । ਜਨਮ ਸਫਲ ਕਰ ਮਿਲਿ ਸਤਸੰਗਾ॥੨੮॥

ਬਿਨ ਬਿਚਾਰ ਨਰ ਦੇਹ ਅਕਾਰਥ । ਨਾਮ ਸਿਮਰ ਜੇ ਲਹਿ ਨ ਪ੍ਰਮਾਰਥ।
ਨਿਫਲ ਹੋਤ, ਦੁਖ ਕੋ ਅਧਿਕਾਰੀ । ਤੀਨ ਅਵਸ਼ਥਾ ਰਹਿ ਅਬਿਚਾਰੀ[6] ॥੨੯॥

ਨਿਕਸਤ[7] ਜੋਨਿ ਅਧਿਕ ਦੁਖ ਪਾਵਾ । ਵਹਿਰ ਤਨਕ ਤਨ ਧਰ ਪੁਨ ਆਵਾ।
ਬਲ ਬਿਹੀਨ ਮੂਰਖਤਾ ਭਾਰੀ । ਗ੍ਰਿਹ ਕ੍ਰਿਤ ਕਰਤ ਗੇਰ ਮਹਿਤਾਰੀ[8] ॥੩੦॥

ਦੋਹਰਾ

ਬਾਲ ਅਵਸਥਾ ਕੈ ਬਿਖੇ ਏਤੇ ਹੋਤ ਬਿਕਾਰ'।
ਕ੍ਰਾਂਤਿ[9], ਜਲਨਤਾ, ਚਪਲਤਾ[10], ਇੱਛ, ਦੀਨਤਾ ਧਾਰ॥੩੧॥

ਚੌਪਈ

ਪ੍ਰਥਮ —ਅਸ਼ਕਤਿ[11] —ਜਾਨਿਯੇ ਐਸੇ । ਕਛੂ ਨ ਕ੍ਰਿੱਤ ਹੋਤ ਹੈ ਜੈਸੇ।
ਪੁਨਿ —ਮੂਰਖ— ਕਛੂ ਸਮਝ ਨ ਸੱਕਈ । ਭਰਮ ਭਰਜੋ ਅਨ ਅਨ ਕੋ ਤੱਕਈ॥੩੨॥

SikhBookClub.Com

ਇਹ ਬਹੁਤ ਦੁਰਲੱਭ ਤੇ ਅਣਮੋਲ ਵਸਤੂ ਹੈ। ਆਪਣੇ ਅਸਲ ਨਿੱਜ-ਸਰੂਪ ਨੂੰ ਜਾਣ ਕੇ ਆਪਣਾ ਜੀਵਨ ਸਫਲਾ[1] ਕਰੋ। ਵਿਸ਼ੇ-ਵਿਕਾਰਾਂ[2] ਦੇ ਸੁੱਖ ਤਾਂ ਸਭ ਜੂਨੀਆਂ ਵਿੱਚ ਹਨ ਪਰ ਮਨੁੱਖੀ ਸਰੀਰ ਤੋਂ ਬਗੈਰ ਹੋਰ ਕਿਸੇ ਵਿੱਚ ਵੀ ਵਿਚਾਰਨ ਦੀ ਸ਼ਕਤੀ ਨਹੀਂ ਹੈ। ॥੨੫॥

ਸੋ ਮਨ ਵਿੱਚ ਇਸ ਤਰਾਂ ਨਾਲ ਸੋਚੋ -ਮੈਂ ਕੌਣ ਹਾਂ? ਜਗਤ ਦਾ ਕੀ ਮੂਲ ਹੈ-? ਸੱਚ ਅਤੇ ਝੂਠ ਦਾ ਨਿਰਣਾ ਕਰੋ। ਝੂਠ ਦਾ ਤਿਆਗ ਕਰੋ ਅਤੇ ਸੱਚ ਨੂੰ ਗ੍ਰਹਿਣ ਕਰੋ। ॥੨੬॥

ਇਹ ਸਰੀਰ ਆਦਿਕ ਸਭ ਪਰਪੰਚ ਪਸਾਰਾ ਹੈ, ਜਾਣੋ ਇਹ ਸਭ ਝੂਠ ਹੈ। ਸਦਾ ਪ੍ਰਭੂ ਦੇ ਆਸਰੇ ਨੂੰ ਹੀ ਸੱਚ ਜਾਣੋ। ਜਿਵੇਂ ਅਸਲ ਵਿੱਚ ਰੱਸੀ[3] ਹੁੰਦੀ ਹੈ ਅਤੇ ਸੱਪ[4] ਦਾ ਭੁਲੇਖਾ ਪੈਂਦਾ ਹੈ, ਉਸੇ ਤਰਾਂ ਹੀ ਜਾਣੋ। ॥੨੭॥

ਇੰਜ ਹੀ ਹੰਕਾਰ, ਮੋਹ, ਮਮਤਾ ਆਦਿ ਦਾ ਤਿਆਗ ਕਰੋ। ਆਪਣੇ ਨਿਜ-ਸਰੂਪ ਦੇ ਸਨਮੁੱਖ ਹੋ ਕੇ ਪਿਆਰ ਕਰੋ। ਇਸ ਘੁੰਮਣਘੇਰੀ[5] ਵਿੱਚੋਂ ਉੱਚੇ ਉੱਠ ਕੇ ਨਿਕਲੋ। ਸਤਿਸੰਗਤ ਵਿੱਚ ਮਿਲ ਬੈਠ ਕੇ ਆਪਣਾ ਜੀਵਨ ਸਫਲਾ ਕਰੋ। ॥੨੮॥

ਇਸ ਵਿਚਾਰ ਦੇ ਬਗੈਰ ਇਹ ਮਨੁੱਖੀ-ਸਰੀਰ ਬੇਅਰਥ ਹੈ। ਮਨੁੱਖੀ ਜੀਵਨ ਦੇ ਪ੍ਰਯੋਜਨ ਰਾਹੀਂ ਜੋ ਨਾਮ ਸਿਮਰਨ ਕਰਕੇ ਵਾਹਿਗੁਰੂ ਪ੍ਰਾਪਤੀ ਵਾਲਾ ਪਾਸਾ ਹਾਸਲ ਨਹੀਂ ਕਰਦੇ, ਉਨ੍ਹਾਂ ਦਾ ਇਹ ਮਨੁੱਖੀ ਜੀਵਨ ਨਿਸਫਲ ਹੁੰਦਾ ਹੈ। ਉਹ ਤਿੰਨੋਂ ਅਵਸਥਾਵਾਂ ਬਾਲਪਨ, ਜਵਾਨੀ ਅਤੇ ਬੁਢੇਪਾ ਵਿੱਚ ਵਿਚਾਰ-ਰਹਿਤ[6] ਹੋਣ ਕਰਕੇ ਭਾਵ ਜਨਮ ਤੋਂ ਮਰਨ ਤਕ ਦੁੱਖਾਂ ਦੇ ਅਧਿਕਾਰੀ ਹੀ ਬਣਦੇ ਹਨ। ॥੨੯॥

(ਮਨੁੱਖ) ਜੰਮਣ[7] ਸਮੇਂ ਬਹੁਤ ਦੁੱਖ ਪਾਉਂਦਾ ਹੈ ਅਤੇ ਨਿੱਕਾ ਸਰੀਰ ਧਾਰ ਕੇ ਆਉਂਦਾ ਹੈ ਤੇ ਬਾਲ ਅਵਸਥਾ ਵਿੱਚ ਬਲਹੀਣ ਹੁੰਦਾ ਹੈ। ਮਾਂ[8] (ਬੱਚੇ ਨੂੰ) ਸੁੱਟ ਕੇ ਕੰਮ ਕਰਦੀ ਰਹਿੰਦੀ ਹੈ। ॥੩੦॥

ਦੋਹਰਾ

ਬਾਲ ਅਵਸਥਾ ਵਿੱਚ ਇਹ ਸਾਰੇ ਹੀ, ਭਰਮ[9], ਮੂਰਖਤਾ, ਸੜੀ ਜਾਣਾ, ਚੰਚਲਤਾ[10], ਲਾਲਚ, ਕਿਸੇ ਦੇ ਵੱਸ ਹੋਣਾ, ਆਦਿ ਦੁੱਖ ਹੀ ਦੁੱਖ ਹੁੰਦੇ ਹਨ। ॥੩੧॥

ਚੌਪਈ

ਪਹਿਲਾਂ ਜੋ ਸਭ ਤੋਂ (ਵੱਡਾ) ਦੁੱਖ (ਮੰਨਿਆ ਜਾਂਦਾ ਹੈ),ਜਾਣੋ ਉਹ ਹੁੰਦਾ ਹੈ -ਅਸਮਰੱਥਾ[11]-। ਜਾਣੋ ਸ਼ਕਤੀ ਰਹਿਤ ਇਸ ਅਵਸਥਾ ਵਿੱਚ ਜਿਵੇਂ ਉਹ ਕੋਈ ਵੀ ਕੰਮ ਨਾ ਕਰ ਸਕਦਾ ਹੋਵੇ। ਫਿਰ ਅਗਲਾ ਦੁੱਖ ਹੁੰਦਾ ਹੈ -ਮੂਰਖ ਮਨ ਭਰਮ ਦਾ ਭਰਿਆ, ਹੋਰਨਾਂ ਵੱਲ ਹੀ ਤੱਕਦਾ ਰਹਿੰਦਾ ਹੈ। ॥੩੨॥

SikhBookClub.Com

ਬਹੁਰ —ਜਲਨਤਾ, —ਜੋ ਕੁਛ ਚਾਹੀ । ਜਲਤ ਰਹਿਤ ਸੋ ਪਾਵਤ ਨਾਂਹੀ।
ਕਪਿ[1] ਇਕ ਥਲ ਥਿਰ ਰਹਿ ਨ ਸਕਤ ਜਸ । ਤਿਉਂ ਨਹਿ ਠਹਿਰੈ—ਚੰਚਲਤਾ—ਅਸ॥ ੩੩॥

—ਇੱਛਾ —ਸਦਾ ਪਦਾਰਥ ਕੇਰੀ । ਹੋਤ —ਦੀਨਤਾ —ਸਭਨ ਅਗੇਰੀ।
ਮੂੜ,ਗੁੰਗ[2], ਅਪਵਿੱਤ੍ਰ ਰਹਾਈ । ਬਾਂਛਤ[3] ਵਸਤੁ ਨ ਉਚਰ ਸਕਾਈ॥ ੩੪॥

ਮਾਤ ਪਿਤਾ ਕੋ ਭੈ ਨਿਤ ਰਹਿਈ । ਖਿਨ ਖ਼ਿਨ ਬਿਖੈ ਅਨਾਦਰ ਲਹਈ।
ਜਿਉਂ ਕੂਕਰ ਦ੍ਵਾਰਨ[4] ਕੋ ਜਾਈ । ਬਾਰ ਬਾਰ ਅਪਮਾਨਹਿ ਪਾਈ॥ ੩੫॥

ਬਾਲ ਅਵਸਥਾ ਅਸ ਦੁਖ ਖਾਨੀ । ਜਿਸ ਮਹਿਂ ਸੁਖ ਕੀ ਰੰਚ ਨ ਜਾਨੀ।
ਤਾਂਤੇ ਸਿਮਰਨ ਸ੍ਰੀ ਕਰਤਾਰਾ । ਨਰ ਤਨ ਧਰਕੈ ਕਰਹੁ ਉਧਾਰਾ॥ ੩੬॥

ਬਹੁਰੋ ਜੁਬਾ[5] ਅਵਸਥਾ ਪਾਈ । ਕਾਮ ਪਿਸ਼ਾਚ[6] ਲਗਹਿ ਤਬ ਧਾਈ।
ਖਿਰਜੋ ਸਰੋਜ ਚਿੱਤ ਬਹੁ ਭਾਂਤੀ । ਇੱਛ ਪੰਖਰੀ ਜਿਹ ਬਿਗਸਾਤੀ॥ ੩੭॥

ਜਿਉਂ ਨਿਰਧਨੀ ਧਨੀ ਕੇ ਪਾਸਾ । ਕਰਹਿ ਸਥਿਤੀ ਧਾਰ ਉਰ ਆਸਾ।
ਤਿਉਂ ਪਿਖ ਜੁਵਾ ਜੁ ਸਰਬ ਵਿਕਾਰਾ । ਆਇ ਸਥਿਤ ਹ੍ਵੈ ਨਰਨ ਮਝਾਰਾ॥ ੩੮॥

ਕਾਮ ਪਿਸ਼ਾਚ ਲਗਜੋ ਇਸ ਤਾਂਈ । ਨਾਰਿ ਗਰਤ ਮਹਿਂ ਦੇਂਯ ਡਿਗਾਈ।
ਤਿਸ ਮਹਿਂ ਪਰਜੋ ਮਹਾਂ ਦੁਖ ਪਾਵੈ । ਨਿਕਸਜੋ ਜਾਇ ਨ,ਜਨਮ ਗੁਵਾਵੈ॥ ੩੯॥

ਜਿਨ ਭੋਗਉਂ ਕਉ ਸੁਖ ਲਖ ਭੋਗੇ । ਸੋ ਸਬ ਦੁਖ ਕੋ ਕਾਰਣ ਸੋਗੇ।
ਜਿਉਂ ਕੰਚਨ[7] ਘਟ ਬਿਖ[8] ਕੋ ਪੂਰਾ । ਕਰੈ ਪਾਨ ਪਿਖ ਕੈ ਤਿਹਂ ਰੂਰਾ॥ ੪੦॥

ਤਿਉਂ ਬਿਚਾਰ ਬਿਨ ਸੁੰਦਰ ਨਾਰੀ । ਭੋਗੇ, ਹ੍ਵੈ ਅਧੀਨ ਦੁਖਕਾਰੀ।
ਜੁਵਾ ਆਵਈ ਨਿਸਾ ਪ੍ਰਘੋਰਾ[9] । ਪੰਚ ਚੋਰ[*2] ਕਰਹੀਂ ਬਡ ਜੋਰਾ॥ ੪੧॥

SikhBookClub.Com

ਫਿਰ ਅੱਗੇ ਹੈ -ਜਲਨਤਾ- ਬੱਚੇ ਦੀ ਕੁਝ ਪ੍ਰਾਪਤ ਕਰਨ ਦੀ ਇੱਛਾ ਹੁੰਦੀ ਹੈ ਪਰ ਪ੍ਰਾਪਤ ਨਹੀਂ ਹੁੰਦੀ ਤਾਂ ਜਲਦਾ ਰਹਿੰਦਾ ਹੈ। ਬਾਂਦਰ[1] ਵਾਂਗ ਇੱਕ ਥਾਂ 'ਤੇ ਟਿਕ ਕੇ ਨਹੀਂ ਬੈਠ ਸਕਦਾ। ਇਸ ਤਰਾਂ ਉਸ ਦਾ ਮਨ -ਚੰਚਲਤਾ- ਹੋਣ ਕਰਕੇ ਉਹ ਸਥਿਰ ਰਹਿ ਹੀ ਨਹੀਂ ਸਕਦਾ। ॥੩੩॥

(ਫਿਰ ਆ ਜਾਂਦੀ ਹੈ) -ਇੱਛਾ-। ਬੱਚੇ ਅੰਦਰ ਹਮੇਸ਼ਾ ਪਦਾਰਥਾਂ ਨੂੰ ਫੜਨ ਦੀ ਇੱਛਾ ਹੁੰਦੀ ਹੈ। ਫਿਰ ਬੱਚਾ ਸਭ ਅੱਗੇ ਦੀਨ ਹੋ ਜਾਂਦਾ ਹੈ। ਉਸ ਵਿੱਚ ਮੂਰਖਤਾ, ਗੁੰਗਾਪਣ[2] ਤੇ ਮੈਲਾ-ਕੁਚੈਲਾ ਰਹਿਣਾ। ਉਹ ਮਨਚਾਹੀ[3] ਵਸਤੂ ਪ੍ਰਾਪਤ ਕਰਨ ਲਈ ਬੋਲ ਕੇ ਨਹੀਂ ਦੱਸ ਸਕਦਾ। ॥੩੪॥

ਮਾਤਾ-ਪਿਤਾ ਨੂੰ ਬੱਚੇ ਪ੍ਰਤੀ ਹਮੇਸ਼ਾ ਹੀ ਡਰ ਬਣਿਆ ਰਹਿੰਦਾ ਹੈ, (ਟਿਕ ਕੇ ਨਾ ਬੈਠ ਸਕਣ ਸਦਕਾ) ਉਹ ਪਲ-ਪਲ (ਝਿੜਕਾਂ ਲੈ ਕੇ) ਆਪਣਾ ਅਨਾਦਰ ਕਰਵਾਉਂਦਾ ਹੈ। ਜਿਵੇਂ ਕੁੱਤਾ ਦਰਵਾਜ਼ੇ[4] ਵੱਲ ਜਾਂਦਾ ਹੈ ਤੇ ਵਾਰ-ਵਾਰ ਅਪਮਾਨ ਕਰਵਾਉਂਦਾ ਰਹਿੰਦਾ ਹੈ। ॥੩੫॥

ਇਸ ਤਰਾਂ ਇਹ ਬਾਲ-ਅਵਸਥਾ ਦੁੱਖਾਂ ਦੀ ਖਾਣ ਹੈ। ਉਸ ਨੂੰ (ਬਾਲ ਨੂੰ) ਇਸ ਉਮਰ ਵਿੱਚ ਸੁੱਖਾਂ ਦਾ ਰਤੀ ਭਰ ਵੀ ਪਤਾ ਨਹੀਂ ਲੱਗਦਾ। ਸੋ ਉਸ ਕਰਤਾਰ ਦਾ ਸਿਮਰਨ ਕਰੋ, ਇਸ ਪ੍ਰਾਪਤ ਹੋਈ ਮਨੁੱਖੀ ਦੇਹੀ ਦੁਆਰਾ ਉਧਾਰ ਕਰੋ। ॥੩੬॥

ਇਸ ਪਿੱਛੋਂ ਜਵਾਨੀ[5] ਦੀ ਅਵਸਥਾ ਪਾਉਂਦਾ ਹੈ ਤਾਂ ਜੀਵ ਦੇ ਪਿੱਛੇ ਕਾਮ ਦਾ ਭੂਤ[6] ਲੱਗ ਜਾਂਦਾ ਹੈ ਤੇ ਉਸ ਦਾ ਮਨ ਕਮਲ ਫੁੱਲ ਵਾਂਗ ਇਸ ਤਰਾਂ ਖਿੜ ਜਾਂਦਾ ਹੈ, ਜਿਵੇਂ ਕਾਮਨਾ ਰੂਪੀ ਪੰਖੜੀਆਂ ਹੱਸ ਰਹੀਆਂ ਹੋਣ। ॥੩੭॥

ਜਿਵੇਂ ਇੱਕ ਗਰੀਬ, ਧਨੀ ਦੇ ਕੋਲ ਆਪਣੇ ਮਨ ਵਿੱਚ ਇੱਛਾ ਰੱਖ ਕੇ ਪਹੁੰਚਦਾ ਹੈ, ਇਸ ਤਰਾਂ ਜੀਵ ਜਵਾਨੀ ਵਿਚਲੇ ਸਾਰੇ ਵਿਸ਼ੇ-ਵਿਕਾਰਾਂ ਨੂੰ ਤੱਕ ਕੇ ਲੋਕਾਂ ਵਿੱਚ ਆ ਟਿਕਦਾ ਹੈ। ॥੩੮॥

ਕਾਮਨਾਵਾਂ ਦੇ ਭੂਤ ਉਸ ਦੇ ਪਿੱਛੇ ਲੱਗ ਕੇ, ਉਸ ਨੂੰ ਤੀਵੀਂ ਰੂਪੀ ਟੋਏ ਵਿੱਚ ਸੁੱਟ ਦਿੰਦੇ ਹਨ। ਬੰਦਾ ਉਸ ਵਿੱਚ ਡਿੱਗ ਕੇ ਬਹੁਤ ਦੁੱਖ ਪਾਉਂਦਾ ਹੈ ਤੇ ਮੁੜ ਉੱਥੋਂ ਨਿਕਲਿਆ ਵੀ ਨਹੀਂ ਜਾਂਦਾ । ਉਹ ਆਪਣਾ ਅਮੋਲਕ ਜਨਮ ਬੇਅਰਥ ਗਵਾ ਲੈਂਦਾ ਹੈ। ॥੩੯॥

ਜਿਸ ਨੂੰ ਭੋਗਣ ਨਾਲ ਉਸ ਨੂੰ ਲੱਗਦਾ ਹੈ ਕਿ ਉਹ ਸੁੱਖ ਭੋਗ ਰਿਹਾ ਹੈ। ਅਸਲ ਵਿੱਚ ਇਹ ਸਾਰੇ ਸੋਗ ਅਤੇ ਦੁੱਖ ਦਾ ਕਾਰਨ ਹੀ ਹੁੰਦੇ ਹਨ। ਜਿਵੇਂ ਸੋਨੇ[7] ਦਾ ਘੜਾ, ਜੋ ਜ਼ਹਿਰ[8] ਨਾਲ ਭਰਿਆ ਹੋਵੇ, ਉਸ ਨੂੰ ਸੋਹਣਾ ਤੱਕ ਕੇ ਪੀ ਲਵੇ। ॥੪੦॥

ਇਸੇ ਤਰਾਂ ਹੀ ਉਹ ਸੁੰਦਰ ਨਾਰੀ ਰੂਪੀ ਦੁੱਖਦਾਤੀ ਦੀ ਅਧੀਨਗੀ ਵਿੱਚ, ਬਿਨਾਂ ਵਿਚਾਰਿਆਂ ਰੰਗਰਲੀਆਂ ਮਾਣਦਾ ਹੈ। ਇਹ ਅਵਸਥਾ ਉਸ ਭਿਆਨਕ[9] ਰਾਤ ਵਾਂਗ ਆਉਂਦੀ ਹੈ, ਜਿਸ 'ਤੇ ਪੰਜ ਚੋਰ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਦਾ ਪੂਰਾ ਜ਼ੋਰ ਹੁੰਦਾ ਹੈ ॥੪੧॥

SikhBookClub.Com

ਸਤ ਸੰਤੋਖ, ਵਿਰਾਗ, ਵਿਚਾਰਾ । ਸ਼ਾਂਤਿ ਆਤਮਾ,ਧਨ ਇਹ ਭਾਰਾ।
ਸਰਬ ਸੁ ਚੋਰ ਖਸੋਟਿ[1] ਲਿਜਾਈਂ । ਜਨਮ ਮਰਨ ਦਾਰਿਦ ਦੁਖ ਪਾਈ॥੪੨॥

ਇਨ ਤਸਕਰ[2] ਤੇ ਹ੍ਵੈ ਜਿ ਸੁਚੇਤੂ । ਦਰਬ ਆਤਮਾ ਰਖਹਿ ਨਿਕੇਤੂ।
ਧੰਨ ਸਿ ਨਰ ਪਾਵਹਿਂ ਪਦ ਭੂਰੀ । ਅਨੰਦ ਬਿਖੈ ਥਿਤਿ ਤਿਹ ਬਿਧ ਰੂਰੀ॥੪੩॥

ਪਰਮ ਸ਼ੱਤ੍ਰੂ ਇਹ ਜੋਬਨ ਜਾਨਹੁ । ਕਾਮ,ਕ੍ਰੋਧ ਇਹ ਸ਼ੱਤ੍ਰੂ ਪਛਾਨਹੁ।
ਬਾਰ ਬਾਰ ਇਹ ਕਰਹਿਂ ਪ੍ਰਹਾਰਾ[3]। ਖੰਡ ਖੰਡ ਮਨ ਕੋ ਕਰ ਡਾਰਾ।੪੪।

ਜਿਉਂ ਸਾਵਨ ਹ੍ਵੈ ਬਰਖਾ ਭਾਰੀ । ਸਰਿਤਾ ਕੋ ਪ੍ਰਵਾਹਿ ਬਲਕਾਰੀ।
ਤਿਉਂ ਜੋਬਨ ਕੇ ਆਵਨ ਕਰਕੈ । ਤ੍ਰਿਸ਼ਨਾ ਹੋਤ ਅਧਿਕ ਬਲ ਧਰਕੈ॥੪੫॥

ਜਿਉਂ ਸਾਗਰ ਗੰਭੀਰ ਅਪਾਰੇ । ਮੱਛ ਕੱਛ ਹ੍ਵੈਂ ਨੱਕ੍ ਮਝਾਰੇ।
ਤਰਨੋ ਕਠਨ ਤਾਹਿਂ ਕੋ ਹੋਈ। ਚਢੈ ਜਹਾਜ ਪਾਇ ਤਟ ਸੋਈ॥੪੬॥

ਤਿਉਂ ਜੋਬਨ ਹੈ ਸਹਿਤ ਬਿਕਾਰਾ । ਤਰਨੋ ਕਠਨ ਨ ਪਾਵਹਿ ਪਾਰਾ।
ਲਖ ਸਤਿਸੰਗਤ ਪੋਤਿ[4] ਮਹਾਨਾ । ਸਿਮਰਨ ਨਾਮ ਜਹਾਂ ਬਰਦ੍ਵਾਨਾ[5] ॥੪੭॥

ਤਿਹ ਕੋ ਪਾਵਹੁ ਤਰਹੁ ਸੁਖਾਰੇ । ਆਨੰਦ ਪ੍ਰਾਪਤਿ ਪਾਰ ਕਰਾਰੇ।
ਇਸ ਜਹਾਜ ਬਿਨ ਪਾਰ ਨ ਪਾਵਹੁ । ਨਿੰਮ੍ਰ ਭਾਵ ਹ੍ਵੈ ਸੇਵ ਕਮਾਵਹੁ॥੪੮॥

ਦੋਹਰਾ

ਬਾਲ ਬੈਸ ਕੋ ਜੁਵਾ ਜਿਉਂ ਗ੍ਰਾਸ ਲੇਤ ਤਤਕਾਲ।
ਤੈਸੇ ਹੀ ਇਸ ਜੁਵਾ ਕੋ ਗ੍ਰਸ ਹੀ ਜਰਾ[6] ਬਿਸਾਲ॥੪੯॥

ਚੌਪਈ

ਜਰਜਰੀ[7] ਭੂਤ ਦੇਹ ਹ੍ਵੈ ਜਾਹੀ । ਬੁੱਧਿ ਖੀਣ[8], ਨਹਿਂ ਨੈਨ ਦਿਸਾਹੀਂ।
ਕਰਨ ਨ ਸੁਨਹੀ, ਸਿਰ ਤਬ ਕਾਂਪਾ[9] । ਤ੍ਰਿਸ਼ਨਾ ਅਧਿਕ ਹੋਤ ਪਰਤਾਪਾ॥੫੦॥

SikhBookClub.Com

ਸਤ, ਸੰਤੋਖ, ਵੈਰਾਗ, ਵਿਚਾਰ ਕਰਨਾ, ਸਤਿ-ਆਤਮਾ, ਇਹ ਹੀ ਵੱਡਾ ਧਨ ਹੈ, ਹੋਰ ਬਾਕੀ ਸਭ ਨੂੰ ਚੋਰ ਲੁੱਟ[1] ਕੇ ਲੈ ਜਾਂਦੇ ਹਨ ਅਤੇ ਬੰਦਾ ਜਨਮ-ਮਰਨ ਦੇ ਦੁੱਖ ਪਾਉਂਦਾ ਹੈ। ॥੪੨॥

ਜੇਕਰ (ਮਨੁੱਖ) ਇਨ੍ਹਾਂ ਚੋਰਾਂ[2] ਪ੍ਰਤੀ ਹੁਸ਼ਿਆਰ ਹੋ ਜਾਵੇ, ਆਪਣੇ ਘਰ ਅੰਦਰ ਆਤਮਾ ਰੂਪੀ ਧਨ ਪਦਾਰਥ ਹੀ ਰੱਖੇ ਤਾਂ ਉਹ ਮਨੁੱਖ ਧੰਨ ਹੋ ਜਾਂਦਾ ਹੈ ਤੇ ਬਹੁਤ ਉੱਚਾ ਸਥਾਨ ਪ੍ਰਾਪਤ ਕਰਦਾ ਹੈ ਅਤੇ ਉਹ ਅਨੰਦ ਦੀ ਸੁੰਦਰ ਅਵਸਥਾ ਪਾ ਲੈਂਦਾ ਹੈ ॥੪੩॥

ਸੋ ਪਹਿਲਾ, ਮਨੁੱਖ ਦਾ ਦੁਸ਼ਮਣ ਜੋਬਨ ਨੂੰ ਜਾਣੋ। ਕਾਮ, ਕਰੋਧ ਜੋ ਹਨ, ਇਹ ਵੀ ਸ਼ਤਰੂ ਹਨ। ਜੋ ਵਾਰ-ਵਾਰ ਮਾਰਦੇ[3] ਹਨ ਤੇ ਮਨੁੱਖੀ-ਮਨ ਦੇ ਟੁੱਕੜੇ-ਟੁੱਕੜੇ ਕਰ ਸੁੱਟਦੇ ਹਨ। ॥੪੪॥

ਜਿਸ ਤਰਾਂ ਸਾਉਣ (ਮਹੀਨੇ) ਵਿੱਚ ਬਹੁਤ ਵਰਖਾ ਹੁੰਦੀ ਹੈ। ਨਦੀ ਦਾ ਵਹਾਉ ਤੇਜ਼ ਹੋ ਜਾਂਦਾ ਹੈ। ਇਸ ਤਰਾਂ ਹੀ ਜੋਬਨ (ਜਵਾਨੀ) ਦੇ ਆਉਣ ਨਾਲ ਮਨੁੱਖ ਅੰਦਰ ਕਾਮਨਾਵਾਂ ਬਹੁਤ ਜ਼ੋਰ ਨਾਲ ਪੈਦਾ ਹੋ ਜਾਂਦੀਆਂ ਹਨ। ॥੪੫॥

ਜਿਵੇਂ ਬਹੁਤ ਹੀ ਗਹਿਰੇ ਸਾਗਰ ਵਿੱਚ, ਜਿਸ ਵਿੱਚ ਅਨੇਕਾਂ ਹੀ ਮੱਛੀਆਂ, ਕੱਛੂ, ਘੜਿਆਲ (ਮਗਰਮੱਛ) (ਪਾਣੀ ਦੇ ਜੀਵ-ਜੰਤੂ) ਹੁੰਦੇ ਹਨ ਤੇ ਮਨੁੱਖ ਵਾਸਤੇ ਉਸ (ਸਾਗਰ ਨੂੰ) ਪਾਰ ਕਰਨਾ ਬਹੁਤ ਹੀ ਕਠਨ ਹੁੰਦਾ ਹੈ ਤਾਂ ਉਸ ਵੇਲੇ ਜਹਾਜ਼ ਉਪਰ ਚੜ੍ਹ ਕੇ ਹੀ ਕਿਨਾਰੇ ਲੱਗਿਆ ਜਾਂਦਾ ਹੈ ॥੪੬॥

ਇਵੇਂ ਹੀ ਜੋਬਨ ਵਿਕਾਰਾਂ ਨਾਲ ਭਰਿਆ ਸਮੁੰਦਰ ਹੈ, ਜਿਸ ਵਿੱਚ ਤਰਨਾ ਬਹੁਤ ਕਠਨ ਹੈ, ਕੰਢੇ ਨਹੀਂ ਲੱਗ ਹੁੰਦਾ। ਉਸ ਵੇਲੇ ਸਤਿਸੰਗਤ ਨੂੰ ਵੱਡਾ ਜਹਾਜ਼[4] ਮੰਨੋ ਤੇ ਨਾਮ-ਸਿਮਰਨ ਨੂੰ ਹਵਾ ਨਾਲ ਟੁਰਨ ਵਾਲੇ ਜਹਾਜ਼ ਦੇ ਪਰਦੇ ਭਾਵ ਬਾਦਵਾਨ[5] ਸਮਝੋ। ॥੪੭॥

ਤਾਂ ਇਸ ਦਾ ਨਾਮ ਸਿਮਰਨ ਅਤੇ ਸਤਿਸੰਗਤ ਦਾ ਸਹਾਰਾ ਲੈਣ ਨਾਲ ਸੌਖਾਲਿਆਂ ਹੀ ਪਾਰ ਹੋਇਆ ਜਾਂਦਾ ਹੈ। ਜੋ ਦੂਸਰੇ (ਪਰਲੇ) ਪਾਰ ਦਾ ਅਨੰਦ ਪ੍ਰਾਪਤੀ ਰੂਪੀ ਕਿਨਾਰਾ ਹੈ, ਉਹ ਇਸ ਜਹਾਜ਼ ਦੇ ਬਗੈਰ ਪਾਰ ਨਹੀਂ ਪਾਇਆ ਜਾ ਸਕਦਾ। ਇਹ ਤਾਂ ਹੀ ਹੋਵੇਗਾ, ਜੇਕਰ ਨਿਮਰਭਾਵ ਹੋ ਕੇ ਸੇਵਾ ਦੀ ਕਮਾਈ ਕਰੋਗੇ। ॥੪੮॥

ਦੋਹਰਾ

ਜਿਸ ਤਰਾਂ ਬਾਲ-ਅਵਸਥਾ ਨੂੰ ਜੋਬਨ ਤੁਰੰਤ ਖਾ ਜਾਂਦਾ ਹੈ, ਉਸੇ ਤਰਾਂ ਬੁਢੇਪਾ[6], ਜਵਾਨੀ ਨੂੰ ਤੁਰੰਤ ਹੀ ਖਾ ਲੈਂਦਾ ਹੈ। ॥੪੯॥

ਚੌਪਈ

ਜਦ ਦੇਹੀ ਬਲਹੀਣ[7] ਹੋ ਜਾਂਦੀ ਹੈ ਤਾਂ ਬੁੱਧੀ ਨਾਸ਼[8] ਤੇ ਅੱਖਾਂ ਦੀ ਦ੍ਰਿਸ਼ਟੀ ਚਲੀ ਜਾਂਦੀ ਹੈ। ਕੰਨ ਸੁਣਦੇ ਨਹੀਂ, ਸਿਰ ਕੰਬਣ[9] ਲੱਗ ਪੈਂਦਾ ਹੈ ਪਰ ਲਾਲਸਾ ਹੋਰ ਵੱਧ ਜਾਂਦੀ ਹੈ। ॥੫੦॥

SikhBookClub.Com

ਢੀਲੋ ਮਾਸ ਸੁੰਦਰਤਾ ਹਰਹੀ । ਜਿਉ ਤਰੁ ਕੌ ਘੁਣ ਸੂਕਹਿ[1] ਕਰਹੀ।
ਇਸਤ੍ਰੀ ਤਾਤ, ਅਪਰ ਪਰਵਾਰਾ । ਸਬ ਤਜ ਦੇਹਿਂ, ਨ ਲਾਗਹਿ ਪਜਾਰਾ॥੫੧॥

ਜਰਾ ਨਿਸ਼ਾ ਮਹਿਂ ਖਾਂਸੀ ਸਜਾਰੀ[2] । ਆਇ ਸਬਦ ਕਰਹੀ ਦੁਖਕਾਰੀ।
ਹ੍ਵੈ ਅਸ਼ਕਤ[3], ਇਕ ਰੋਸ ਨ ਜਾਈ । ਜਿਉਂ ਤਰੁ ਬਡੈ ਉਲੂਕ[4] ਰਹਾਈ॥੫੨॥

ਆਇ ਜਰਾ ਜੈਸੇ ਬਘਿਯਾਰੀ । ਮ੍ਰਿਗ ਬਲ ਕੇ ਮ੍ਰਿਤੁ ਕਰਨੇ ਹਾਰੀ।
ਸਬ ਬਿਧਿ ਦੀਨ[5] ਕਰਤ ਹੈ ਸੋਈ । ਦੇਖ ਹੰਸੀ ਠਾਨੈ ਸਬ ਕੋਈ॥੫੩॥

ਰੋਗਨ ਕੀ ਜਰ[6] ਜਰਾ ਪਛਾਨਹੁ । ਸਰਬ ਦੁਖਨ ਕਾ ਸਦਨ ਪ੍ਰਮਾਨਹੁ।
ਸੇਤ ਕੇਸ ਹੋਵਹਿਂ ਸਬ ਠੌਰਾ । ਮਨਹੁ ਜਰਾ ਪਰ ਝੂਲਤ ਚੌਰਾ[7]॥੫੪॥

ਕਿਧੌਂ ਜਰਾ ਕੇ ਦੂਤ ਅਗਾਰੀ । ਨਿਜ ਬਸ ਦੇਹ ਕਰਜੋ ਚਹਿਂ ਸਾਰੀ।
ਮਨਹੁ ਕਾਲ ਕੇ ਆਇ ਸੰਦੇਸਾ। ਰੂਪ ਬਿਦਾਰਨ[8] ਭੇ ਸਿਤ ਕੇਸਾ॥੫੫॥

ਪੁਨ ਤਤਕਾਲ ਗ੍ਰਸੈ ਮ੍ਰਿਤੁ ਆਈ । ਮਹਾਂ ਕਸ਼ਟ ਤਿਹ ਛਿਨ ਨਰ ਪਾਈ।
ਤਿਸ ਤੇ ਉਬਰ[9] ਸਕੈ ਨਹਿਂ ਕੋਈ । ਖਾਏ, ਮਹਾਂ ਬਲੀ ਥੇ ਜੋਈ ॥੫੬॥

ਅੰਜੁਲ[10] ਕੇ ਜਲ ਸਮ ਬਯ ਏਹੀ । ਠਹਿਰਤ ਨਹਿਂ ਛਿਨ ਭੰਗਰ ਦੇਹੀ।
ਯੁਕਤਿ ਬਿਕਾਰ ਅਵਸਥਾ ਤੀਨੋਂ । ਬਿਤਹਿਂ ਜਿ ਹਰਿ ਕੇ ਸਿਮਰਨ ਹੀਨੋ॥੫੭॥

ਨਿਜ ਕੱਲਜਾਨ ਚਹਿਤ ਹੈਂ ਜੇਈ । ਸਤਿ ਸੰਗਤਿ ਮਹਿਂ ਮਿਲ ਹੈਂ ਤੇਈ।
ਤਿਨ ਕੇ ਬਚਨ ਸੁਨਹਿਂ ਉਰ ਮਾਨਹਿਂ । ਕਰ ਨਿੱਧਜਾਸਨ ਅਨੰਦ ਸੁ ਠਾਨਹਿਂ॥੫੮॥

ਦਿਢ[11] ਅੱਭਜਾਸ ਹੋਇ ਹੈ ਜਬਹੀ । ਨਿਜ ਸਰੂਪ ਸੱਖਜਾਤ[12] ਸੁ ਤਬਹੀ।
ਏਕ ਰੂਪ ਸਬ ਸ੍ਰੀ ਨਿਰ੍ਕਾਰਾ । ਮਨ ਕਲਪਨ ਤੇ ਜਗਤ ਅਪਾਰਾ॥੫੯॥

SikhBookClub.Com

ਮਾਸ ਢਿੱਲਾ ਹੋ ਜਾਣ ਨਾਲ ਸੁੰਦਰਤਾ ਚਲੀ ਜਾਂਦੀ ਹੈ। ਜਿਵੇਂ ਬਿਰਛ ਨੂੰ ਘੁਣ (ਲੱਗ ਕੇ) ਸੁਕਾ[1] ਦਿੰਦਾ ਹੈ। ਘਰਵਾਲੀ, ਪੁੱਤਰ ਤੇ ਹੋਰ ਪਰਿਵਾਰ ਦੇ ਜੀਅ, ਸਾਰੇ ਹੀ ਇਸ ਅਵਸਥਾ ਵਿੱਚ ਛੱਡ ਜਾਂਦੇ ਹਨ ਤੇ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ॥੫੧॥

ਬੁਢਾਪੇ ਰੂਪੀ ਰਾਤ ਵਿੱਚ ਦੁੱਖਦਾਤੀ ਰੂਪੀ ਗਿੱਦੜੀ[2] ਖੰਘ ਆਉਂਦੀ ਹੈ। ਜਦ ਉੱਚੀ ਬੋਲ ਨਿਕਲਦਾ ਹੈ ਤਾਂ ਤੰਗ ਕਰਨ ਲੱਗ ਪੈਂਦੀ ਹੈ। ਬੰਦਾ ਕਮਜ਼ੋਰ[3] ਹੋ ਜਾਂਦਾ ਹੈ ਪਰ ਉਸ ਦਾ ਗੁੱਸਾ ਇਸ ਤਰਾਂ ਨਹੀਂ ਹਟਦਾ, ਜਿਵੇਂ ਵੱਡੇ ਦਰੱਖਤ 'ਤੇ ਉੱਲੂ[4] ਰਹਿ ਰਹੇ ਹੋਣ। ॥੫੨॥

ਬਿਰਧ ਅਵਸਥਾ ਇਸ ਤਰਾਂ ਆਉਂਦੀ ਹੈ ਜਿਵੇਂ ਬਘਿਆੜਨੀ ਬਲ ਰੂਪੀ ਮਿਰਗ ਨੂੰ ਮਾਰ ਦੇਣ ਲਈ ਆਇਆ ਕਰਦੀ ਹੈ। ਉਹ ਹਰ ਢੰਗ ਨਾਲ (ਮਨੁੱਖ ਨੂੰ) ਬੇਵੱਸ[5] ਕਰ ਲੈਂਦੀ ਹੈ। ਬੁੱਢੇ ਨੂੰ ਵੇਖ ਕੇ ਸਾਰੇ ਲੋਕੀਂ ਹੱਸਦੇ ਹਨ। ॥੫੩॥

ਇਸ ਬੁਢੇਪੇ ਨੂੰ ਸਾਰੇ ਰੋਗਾਂ ਦੀ ਜੜ੍ਹ[6] ਸਮਝੋ। ਇਸ ਨੂੰ ਸਾਰੇ ਦੁੱਖਾਂ ਦਾ ਘਰ ਜਾਣੋ। ਇਸ ਅਵਸਥਾ ਵਿਚ ਸਾਰੇ ਸਰੀਰ ਦੇ ਵਾਲ ਚਿੱਟੇ ਹੋ ਜਾਂਦੇ ਹਨ, ਮਾਨੋ ਬਿਰਧ ਅਵਸਥਾ 'ਤੇ ਚੌਰ[7] ਝੁੱਲ ਰਿਹਾ ਹੋਵੇ। ॥੫੪॥

ਜਾਂ ਫਿਰ ਜਿਵੇਂ ਦੂਤ ਬੁਢੇਪੇ ਦੇ ਅੱਗੇ ਆ ਕੇ ਉਸ ਦੀ ਸਾਰੀ ਦੇਹੀ ਨੂੰ ਆਪਣੇ ਵੱਸ ਵਿੱਚ ਕਰਨੀ ਚਾਹੁੰਦੇ ਹੋਣ। ਮਾਨੋ ਮੌਤ ਦਾ ਸੰਦੇਸ਼ਾ ਆ ਗਿਆ ਹੋਵੇ। ਮਨੁੱਖ ਦੇ ਰੂਪ ਦਾ ਨਾਸ਼[8] ਕਰਨ ਲਈ ਵਾਲ ਚਿੱਟੇ ਹੋਏ ਹਨ। ॥੫੫॥

ਫਿਰ ਤੁਰੰਤ ਹੀ ਮੌਤ ਆ ਕੇ ਬੰਦੇ ਨੂੰ ਖਾ ਜਾਂਦੀ ਹੈ। ਉਸ ਵਕਤ ਬੰਦਾ ਬਹੁਤ ਕਸ਼ਟ ਭੋਗਦਾ ਹੈ। ਉਸ ਤੋਂ ਕੋਈ ਵੀ ਬਚ[9] ਨਹੀਂ ਸਕਦਾ। ਜੋ ਵੱਡੇ-ਵੱਡੇ ਮਹਾਂਬਲੀ ਸਨ, ਮੌਤ ਤਾਂ ਉਨ੍ਹਾਂ ਨੂੰ ਵੀ ਖਾ ਗਈ। ॥੫੬॥

ਇਹ ਉਮਰ ਬੁੱਕ[10] ਦੇ ਪਾਣੀ ਵਾਂਗ ਠਹਿਰਦੀ ਨਹੀਂ, ਪਲਾਂ 'ਚ ਨਾਸ਼ ਹੋਣ ਵਾਲੀ ਹੈ।ਤਿੰਨੋਂ ਅਵਸਥਾਵਾਂ ਬੇਕਾਰ ਜਾਂਦੀਆਂ ਹਨ, ਜੇ ਸਿਮਰਨ ਬਿਨਾਂ ਉਮਰ ਬਤੀਤ ਹੋ ਜਾਵੇ। ॥੫੭॥

ਜੋ ਕੋਈ ਆਪਣਾ ਕਲਿਆਣ ਕਰਨਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਸਤਿਸੰਗਤ ਵਿੱਚ ਮਿਲਣਾ ਚਾਹੀਦਾ ਹੈ। (ਸਤਿਸੰਗਤ ਦੇ) ਬਚਨ ਸੁਣੇ ਅਤੇ ਮਨ ਵਿੱਚ ਮੰਨੇ। ਵਾਰ-ਵਾਰ ਧਿਆਨ ਵਿੱਚ ਬਿਰਤੀ ਲਾ ਕੇ ਅਨੰਦ ਮਾਣੇ ॥੫੮॥

ਜਿਉਂ ਹੀ ਦ੍ਰਿੜ੍ਹ[11]-ਅਭਿਆਸ ਹੋਣ ਲੱਗ ਪੈਂਦਾ ਹੈ, ਉਸੀ ਵਕਤ ਹੀ ਉਸ ਨੂੰ ਆਪਣੇ ਨਿੱਜ (ਅਸਲ) ਰੂਪ ਦਾ ਪਰਗਟਾਉ[12] ਹੋਣ ਲੱਗ ਪੈਂਦਾ ਹੈ।ਸਾਰਾ ਕੁਝ ਉਸ ਨਿਰੰਕਾਰ ਦਾ ਹੀ ਰੂਪ ਹੈ। ਮਨ ਦੀ ਕਲਪਨਾ ਨਾਲੋਂ ਇਹ ਜਗਤ ਕਿਤੇ ਵੱਡਾ ਹੈ। ॥੫੯॥

SikhBookClub.Com

ਜਿਤ ਤਿਤ ਦੇਖਜੋ ਏਕ ਗੁਸਾਈਂ । ਰਾਗ ਦ੍ਵੈਖ ਸਹਿਜੇ ਮਿਟ ਜਾਈਂ ।
ਤੇ ਨਰ ਪਾਰ ਪਰੇ ਦੁਖ ਸਾਗਰ । ਸਬ ਸਿਰਤਾਜ ਸਿ ਹੋਹਿੰ ਉਜਾਗਰ[1] ॥੬੦॥

ਜੇ ਤਨ ਧਨ ਹੰਕਾਰ ਫਸੰਤੇ । ਸੇ ਕਬਿ ਰੰਚਕ ਸੁਖ ਨ ਲਹੰਤੇ[2]।
ਦੇਹ ਦਸ਼ਾ ਵਿਕਾਰ ਯੁਤ ਜੈਸੀ । ਪਾਛੇ ਬਰਨਨ ਕੀਨੀ ਤੈਸੀ॥੬੧॥

ਧਨ ਮਹਿੰ ਸੁਖ ਨਹਿੰ ਸੋ ਸੁਨ ਲੀਜੈ । ਅਧਿਕ ਹੋਇ ਤਿਉਂ ਅਧਿਕ ਤਪੀਜੈ[3]।
ਜਾਤਿ ਤ ਪ੍ਰਾਨਨ ਕਸ਼ਟ ਮਹਾਨਾ । ਰੱਖਜਾ ਬਿਖੈ ਨੀਤ ਦੁਖ ਨਾਨਾ॥੬੨॥

ਭੂਪਤਿ[4], ਤਸਕਰ ਕੋ ਭੈ ਕਰਕੈ । ਰਾਖਤ ਹੈ ਦੁਰਾਇ ਬਿਚ ਘਰ ਕੈ।
ਮ੍ਰਿੱਤੁ ਭਏ ਕਾਜ ਨ ਕਿਸ ਆਈ । ਸਰਪ[5] ਦੇਹਿ ਤਿਹ ਹਿਤ ਤੇ ਪਾਈ॥੬੩॥

ਤਾਂਤੇ ਸਰਬ ਅਸਾਰੁ ਲਖੀਜੈ । ਸਿਮਰਨ ਸਾਰ ਏਕ ਪ੍ਰਭੁ ਕੀਜੈ।
ਜੀਵਤ ਮ੍ਰਿਤਕ ਮਰੈਂ ਨਹਿੰ ਸੋਈ । ਆਨਂਦ ਮਗਨ ਹੋਤ ਹੈਂ ਤੇਈ॥੬੪॥

ਜਿਉਂ ਜਲ ਬਿਖੈ ਡੂਬ ਕੇ ਤਰਹੀ । ਬਹੁਰ ਨ ਡੂਬਨ ਸੰਸਾ ਕਰਹੀ।
ਸਾਗਰ ਆਦਿਕ ਜਲ ਜਹਿੰ ਤਾਂਈਂ । ਰਹੈਂ ਤਰਤ[6] ਤਿਉਂ ਜਾਨਹੁ ਭਾਈ॥੬੫॥

ਹਉਮੈਂ ਖੋਇ ਨਾਮ ਲਿਵ ਲਾਵਹੁ । ਮਨ ਤੇ ਤ੍ਰਿਸ਼ਨਾ ਦ੍ਵੈਤ ਮਿਟਾਵਹੁ।
ਆਤਮ ਰਾਮ ਲਖਹੁ ਭਲਿ ਭਾਂਤਾ । ਪਾਵਹੁ ਅਨਂਦ ਹੋਇ ਸੱਖਜਾਤਾ॥੬੬॥

ਜੇ ਪ੍ਰਵਾਰ ਕੇ ਮੋਹ ਬਂਧਾਨੇ[7] । ਤਿਨ ਕਉ ਲਖਹੁ ਮਹਾਂ ਅੱਗਜਾਨੇ।
ਅਪਨੇ ਸੁਤ ਬਨਿਤਾ,ਪਿਤ,ਮਾਤਾ । ਜਾਨਤ ਹਿਤਕਾਰੀ ਬਿਨ ਗਜਾਤਾ[8]॥੬੭॥

ਬਾਰ ਬਾਰ ਜਨਮਹਿੰ ਜਗ ਮਾਂਹੀ । ਸਬਹੀ ਜਨਮ ਕੁਟਂਬ ਅਸ ਆਹੀ।
ਕਰੇ ਅਨਿਕ ਬਨਿਤਾ,ਸੁਤ,ਤਾਤਾ । ਨਾਨਕ[9],ਦਾਦਿਕ[10] ਅਨਿਕ ਸੁ ਮਾਤਾ॥੬੮॥

SikhBookClub.Com

ਜਿਸ ਨੇ ਉਸ ਮਾਲਕ ਨੂੰ ਹਰ ਇੱਕ ਵਿੱਚ ਇੱਕ ਹੀ ਰੂਪ ਵਿੱਚ ਤੱਕਿਆ। ਉਸ ਦੇ ਸਾਰੇ ਪਾਪ, ਦੁਖ ਸਹਿਜੇ ਹੀ ਮਿਟ ਜਾਂਦੇ ਹਨ। ਬੰਦਾ ਇਸ ਦੁੱਖਾਂ ਰੂਪੀ ਸਾਗਰ ਨੂੰ ਪਾਰ ਕਰਕੇ ਅੱਗੇ ਨਿਕਲ ਜਾਂਦਾ ਹੈ। ਸਭ ਤੋਂ ਉੱਚੀ ਪਦਵੀ ਪਾ ਕੇ ਪ੍ਰਸਿੱਧ[1] ਹੋ ਜਾਂਦਾ ਹੈ। ॥੬੦॥

ਜੋ ਲੋਕ ਧਨ ਤੇ ਹੰਕਾਰ ਵਿੱਚ ਫਸ ਜਾਂਦੇ ਹਨ, ਉਹ ਕਦੀ ਵੀ ਥੋੜ੍ਹਾ ਜਿੰਨਾ ਵੀ ਸੁੱਖ ਨਹੀਂ ਪ੍ਰਾਪਤ[2] ਕਰ ਸਕਦੇ। ਉਨ੍ਹਾਂ ਦੇ ਸਰੀਰ ਦੀ ਹਾਲਤ ਵੀ ਉਵੇਂ ਵਿਕਾਰਾਂ ਵਿੱਚ ਗ੍ਰਸੀ ਜਾਂਦੀ ਹੈ, ਜਿਵੇਂ ਪਿੱਛੇ ਵਰਣਨ ਕੀਤਾ ਗਿਆ ਹੈ ॥੬੧॥

ਸੁਣ ਲਵੋ, ਧਨ ਪ੍ਰਾਪਤੀ ਵਿੱਚ ਵੀ ਕੋਈ ਸੁੱਖ ਨਹੀਂ ਹੁੰਦਾ। ਜਿਵੇਂ-ਜਿਵੇਂ ਇਹ ਧਨ ਬਹੁਤਾ ਵਧਦਾ ਜਾਂਦਾ ਹੈ, ਇਹ ਹੋਰ ਤਪਾਉਂਦਾ[3] ਹੈ। ਜਦੋਂ ਇਹ ਧਨ ਚਲਾ ਜਾਂਦਾ ਹੈ ਤਾਂ ਇਹ ਹੋਰ ਦੁਖੀ ਕਰਦਾ ਹੈ।ਇਸ ਦੀ ਸੰਭਾਲ ਕਰਨ ਵਾਸਤੇ ਜੀਵ ਭਾਂਤ-ਭਾਂਤ ਦੇ ਦੁੱਖ ਪਾਉਂਦਾ ਹੈ। ॥੬੨॥

ਰਾਜੇ[4] ਚੋਰਾਂ ਤੋਂ ਡਰਦੇ ਹੋਏ ਆਪਣੇ ਧਨ ਨੂੰ ਆਪਣੇ ਘਰਾਂ ਵਿੱਚ ਛੁਪਾ ਕੇ ਰੱਖਦੇ ਹਨ। ਜਦੋਂ ਉਹ ਧਨ ਕਿਸੇ ਕੰਮ ਨਹੀਂ ਆਉਂਦਾ ਤੇ ਉਹ ਮਰ ਜਾਂਦੇ ਹਨ ਤਾਂ ਇਸੇ ਕਰਕੇ ਉਨ੍ਹਾਂ ਨੂੰ ਅਗਲੇ ਜਨਮ ਵਿੱਚ ਸੱਪ[5] ਦੀ ਦੇਹੀ (ਜੂਨ) ਮਿਲਦੀ ਹੈ। ॥੬੩॥

ਤਾਂ ਹੀ ਤਾਂ ਇਸ ਸਾਰੇ ਕੁਝ ਨੂੰ ਫਜ਼ੂਲ ਹੀ ਜਾਣੋ ਅਤੇ ਉਸ ਇੱਕ ਸੱਚੇ ਪਰਮਾਤਮਾ ਦਾ ਸਿਮਰਨ ਕਰੋ। (ਜੋ) ਜੀਉਦਿਆਂ ਮਰੇ ਹੋਏ ਰਹਿੰਦੇ ਹਨ, ਉਹ ਕਦੇ ਵੀ ਮਰਦੇ ਨਹੀਂ, ਸਗੋਂ ਉਸ ਦੇ ਪ੍ਰੇਮਾ-ਅਨੰਦ ਵਿੱਚ ਮਸਤ ਹੋ ਜਾਂਦੇ ਹਨ। ॥੬੪॥

ਜਿਵੇਂ ਪਾਣੀ ਵਿੱਚ ਡੁੱਬ ਕੇ, ਬੰਦਾ ਤਰ ਕੇ ਬਾਹਰ ਨਿਕਲ ਆਉਂਦਾ ਹੈ ਤੇ ਫਿਰ ਦੁਬਾਰਾ ਉਸ ਨੂੰ ਡੁੱਬ ਜਾਣ ਦੀ ਚਿੰਤਾ ਹੀ ਨਹੀਂ ਰਹਿੰਦੀ। ਤੁਸੀਂ ਇਹ ਹੀ ਜਾਣੋ, ਬੰਦਾ (ਇਸ ਦਾ ਸਹਾਰਾ ਲੈਣ ਨਾਲ) ਚਾਹੇ ਜਿਥੋਂ ਤਕ ਵੀ ਸਮੁੰਦਰ ਆਦਿ ਦਾ ਜਲ ਹੋਵੇ, ਉਹ ਤਰਦਾ[6] ਹੀ ਰਹੇਗਾ। ॥੬੫॥

(ਆਪਣੇ ਅੰਦਰੋਂ) ਹਉਮੈ ਹੰਕਾਰ ਨੂੰ ਦੂਰ ਕਰਕੇ (ਪ੍ਰਭੂ ਦੇ) ਨਾਮ ਨਾਲ ਲਿਵ ਲਾਵੋ। ਆਪਣੇ ਮਨ ਵਿੱਚੋਂ ਲਾਲਚ ਅਤੇ ਦੂਈ-ਦਵੈਤ ਨੂੰ ਮਿਟਾ ਦਿਉ। ਇਸ ਤਰਾਂ ਆਪਣੇ ਆਤਮ-ਰਾਮ ਨੂੰ ਚੰਗੀ ਤਰਾਂ ਨਾਲ ਸਮਝੋ। ਅਨੰਦ ਪ੍ਰਾਪਤ ਕਰਕੇ ਸੁਖੀ ਬਣੋ। ॥੬੬॥

ਜੋ ਪਰਿਵਾਰਕ-ਮੋਹਾਂ ਵਿੱਚ ਫਸੇ[7] ਹੋਏ ਹਨ, ਸਮਝੋ ਉਹ ਬਹੁਤ ਅਗਿਆਨੀ ਲੋਕ ਹਨ। ਉਹ ਗਿਆਨ[8] ਦੀ ਪ੍ਰਾਪਤੀ ਨਾ ਹੋਣ ਕਰਕੇ ਇਹ ਹੀ ਸਮਝਦੇ ਹਨ ਕਿ ਇਹ ਮਾਤਾ, ਪਿਤਾ, ਪੁੱਤਰ, ਭਾਈ ਸਾਡੇ ਹਿਤਕਾਰੀ ਹਨ। ॥੬੭॥

ਸਾਰੇ ਮਨੁੱਖ ਜਨਮ ਲੈ ਕੇ ਜੱਗ ਅਤੇ ਪਰਿਵਾਰ ਵਿੱਚ ਆਉਂਦੇ ਹਨ ਅਤੇ ਅਨੇਕਾਂ ਹੀ ਪਤਨੀਆਂ, ਪੁੱਤਰ ਮਾਤਾ-ਪਿਤਾ, ਦਾਦਕੇ[10], ਨਾਨਕੇ[9] ਬਣਾਈ ਜਾਂਦੇ (ਸਮਝਦੇ) ਹਨ। ॥੬੮॥

SikhBookClub.Com

ਸਭ ਕੋ ਛੋਰ ਛੋਰ ਚਲਿ ਜਾਈ । ਕਿਤ ਹੂੰ ਮਰੈ ਨ ਕਿਤਹੂੰ ਜਾਈ।
ਬਹੁਰ ਨ ਕਬਹੂੰ ਆਨ ਸਮ੍ਹਾਰੇ[1] । ਚਹਿਤ ਨ ਬਿਛਰਜੋ ਹੁਤੇ ਜਿ ਪਸਾਰੇ ॥੬੯॥

ਸਨਬੰਧਨ[2] ਨੌਕਾ ਸਮ ਮੇਲਾ । ਕਰੈ ਮੋਹ ਬਹੁ ਹੋਇ ਦੁਹੇਲਾ।
ਹ੍ਵੈ ਨਿਰਮੋਹ ਰਹਹੁ ਸਭ ਮਾਂਹੀ । ਅੰਤ ਨ ਕੋਇ ਸੰਗ ਨਿਰਬਾਹੀ॥੭੦॥

ਜੇ ਸਤਿਸੰਗਤਿ ਕਰਹੁ ਸਪ੍ਰੀਤੀ । ਇਤ ਉਤ ਸੋ ਨਿਰਬਹਿ[3] ਹੈ ਨੀਤੀ।
ਤਨ ਹੰਤਾ ਕੋ ਸਰਬ ਮਿਟਾਏ । ਨਿਜ ਸਰੂਪ ਲਖ ਸ਼ੁਭ ਗਤਿ ਪਾਏ'॥੭੧॥

ਨਿਤ ਪ੍ਰਤਿ ਇਸ ਪ੍ਰਕਾਰ ਗੁਨ ਖਾਨੀ । ਉਪਦੇਸ਼ਹਿਂ ਸਿੱਖਨ ਸੁਖ ਸਾਨੀ।
ਆਤਮ ਮਿਲਜੋ ਅਨਾਤਮ ਮਾਹੀਂ । ਤਿਨ ਕੋ ਭਿੰਨ ਭਿੰਨ ਦਿਖਲਾਹੀਂ॥੭੨॥

ਨਿਰਨੈ ਸਤਿ ਅਸਤਿ ਕੋ ਕਰਹੀ । ਹੰਤਾ ਮਮਤਾ[4] ਸ੍ਰਬ ਪਰਹਰਹੀ ।
ਸੁਨ ਉਪਦੇਸ਼ ਰਿਦੇ ਜਿਨ ਧਾਰਾ । ਮੁਕਤਿ ਉਚਿਤ ਨਰ ਭਏ ਹਜ਼ਾਰਾਂ॥੭੩॥

ਕ੍ਰਿਪਾ ਦ੍ਰਿਸਟਿ ਦੇਖੈਂ ਜਗ ਸਾਈਂ । ਕਹੈਂ ਸਬਦ ਜਜੋਂ ਦ੍ਵੈਤ ਮਿਟਾਈ।
ਦਿਢ ਅੱਭਜਾਸ ਸਿੱਖ ਮਨ ਹੋਵਾ । ਜਨਮ ਮਰਨ ਬੰਧਨ ਕੋ ਖੋਵਾ[5]॥੭੪॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਿੱਖਨ ਉਪਦੇਸ' ਪ੍ਰਸੰਗ ਬਰਨਨੰ ਨਾਮ ਤ੍ਰਿਵੰਜਮੋ ਧਜਾਇ ॥੫੩॥

SikhBookClub.Com

(ਬੰਦਾ) ਇਨ੍ਹਾਂ ਸਭ ਨੂੰ ਛੱਡ ਕੇ ਤੁਰ ਜਾਂਦਾ ਹੈ, ਉਹ ਨਾ ਮਰਦਾ ਹੈ ਤੇ ਨਾ ਹੀ ਕਿਤੇ ਜਾਂਦਾ ਹੈ ਮਨੁੱਖ ਆਪਣੇ ਜਿਨ੍ਹਾਂ ਪਿਆਰਿਆਂ ਤੋਂ ਕਦੇ ਵਿਛੜਨਾ ਨਹੀਂ ਚਾਹੁੰਦਾ, ਉਨ੍ਹਾਂ ਨੂੰ ਫਿਰ ਉਹ ਆ ਕੇ (ਆਪਣੀ ਮੌਤ ਤੋਂ ਬਾਅਦ) ਕਦੇ ਨਹੀਂ ਸੰਭਾਲਦਾ[1]। ॥੬੯॥

ਇਹ (ਜਗਤ ਵਿਚਲਾ) ਜੋ ਆਪਸੀ ਸਬੰਧ[2] ਹੈ, ਇਹ ਇੱਕ ਬੇੜੀ ਦੇ ਪੂਰ ਵਾਂਗ, ਇੱਕ ਮੇਲੇ ਦੇ ਸਮਾਨ ਹੈ। ਜੋ ਇੱਕ-ਦੂਜੇ ਨਾਲ ਮੋਹ ਪਾਉਂਦਾ ਹੈ, ਉਹ ਬਹੁਤਾ ਦੁੱਖ ਪਾਉਂਦਾ ਹੈ, ਕਿਉਂਕਿ ਅੰਤ ਵੇਲੇ ਕਿਸੇ ਨੇ ਸਾਥ ਨਹੀਂ ਦੇਣਾ। ਇਸ ਲਈ ਸਭ ਨਾਲ ਇਸ (ਸੰਸਾਰਕ) ਮੋਹ ਤੋਂ ਨਿਰਮੋਹ ਹੋ ਕੇ ਰਹੋ। ॥੭੦॥

ਜੇ ਪ੍ਰੇਮ ਸਹਿਤ ਸਤਿਸੰਗਤ ਕਰੋਗੇ ਤਾਂ ਇੱਥੇ ਅਤੇ ਅਗਲੀ ਦੁਨੀਆਂ ਵਿੱਚ ਸਹੀ ਨੀਤੀ ਅਨੁਸਾਰ ਨਿਰਬਾਹ[3] ਹੋਵੇਗਾ। ਜੋ ਸਰੀਰ ਦੇ ਸਭ ਹੰਕਾਰਾਂ ਨੂੰ ਦੂਰ ਕਰ ਦੇਵੇਗੀ। ਮਨੁੱਖ ਆਪਣੇ ਨਿੱਜ-ਸਰੂਪ ਨੂੰ ਜਾਣ ਕੇ, ਉਤਮ-ਮੁਕਤੀ ਪ੍ਰਾਪਤ ਕਰੇਗਾ।" ॥੭੧॥

ਇਸ ਤਰਾਂ ਗੁਣਾਂ ਦੀ ਖਾਣ (ਗੁਰੂ ਨਾਨਕ ਜੀ) ਆਪਣੇ ਸਿੱਖਾਂ ਨੂੰ ਸੁੱਖ ਦੇਣ ਵਾਲੇ ਉਪਦੇਸ਼ ਦਿੰਦੇ ਸਨ। ਉਨ੍ਹਾਂ ਨੂੰ ਕਈ ਪ੍ਰਕਾਰ ਦੇ ਢੰਗਾਂ ਨਾਲ, ਕਿਵੇਂ ਆਤਮ-ਅਨਾਤਮ ਵਿੱਚ ਮਿਲ ਜਾਂਦਾ ਹੈ, ਵਿਖਾਉਂਦੇ ਸਨ। ॥੭੨॥

ਗੁਰੂ ਜੀ ਨੇ ਸੱਚ ਅਤੇ ਝੂਠ ਦਾ ਨਿਖੇੜਾ ਕੀਤਾ ਤੇ ਹਉਮੈ ਅਤੇ ਮੇਰਾਪਣ[4] ਨੂੰ ਦੂਰ ਕਰਦੇ ਰਹੇ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦਾ ਉਪਦੇਸ਼ ਸੁਣ ਕੇ ਮਨ ਵਿੱਚ ਵਸਾ ਲਿਆ। ਉਹ ਹਜ਼ਾਰਾਂ ਲੋਕ ਮੁਕਤੀ ਪ੍ਰਾਪਤ ਕਰਕੇ, ਉੱਚਾ ਸਥਾਨ ਪ੍ਰਾਪਤ ਕਰਨ ਦੇ ਯੋਗ ਹੋ ਗਏ। ॥੭੩॥

ਜਗਤ ਸਵਾਮੀ (ਗੁਰੂ ਜੀ) ਆਪਣੇ ਸੇਵਕਾਂ ਵੱਲ ਕਿਰਪਾ ਭਰੀ ਨਜ਼ਰ ਨਾਲ ਦੇਖਦੇ ਅਤੇ ਸ਼ਬਦ ਦਾ ਉਚਾਰਨ ਕਰਦੇ, ਜਿਸ ਨਾਲ ਦਵੈਤ-ਭਾਵਨਾ ਖਤਮ ਹੋ ਜਾਂਦੀ। ਜਿਨ੍ਹਾਂ ਸਿੱਖਾਂ ਦੇ ਮਨਾਂ ਵਿੱਚ ਦ੍ਰਿੜ੍ਹ-ਅਭਿਆਸ ਹੋ ਜਾਂਦਾ, ਉਹ ਜਨਮ-ਮਰਨ ਦੇ ਬੰਧਨ ਤੋਂ ਮੁਕਤ[5] ਹੋ ਜਾਂਦੇ ਸਨ। ॥੭੪॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸਿੱਖਾਂ ਨੂੰ ਉਪਦੇਸ਼" ਨਾਮੀ ਤਰਵੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ, ਅੰਗਦ ਜੀ ਖਡੂਰ ਸਾਹਿਬ ਚਲੇ ਗਏ ਸਨ। ਉਨ੍ਹਾਂ ਦੇ ਜਾਣ ਪਿੱਛੋਂ, ਗੁਰੂ ਨਾਨਕ ਜੀ ਦੇ ਦਰਬਾਰ ਕੋਲ ਇੱਕ ਵੱਡਾ ਪਿੱਪਲ ਸੀ, ਗੁਰੂ ਜੀ ਉੱਥੇ ਬੈਠੇ ਸਨ ਤਾਂ ਉਹ ਸਿੱਖ ਸੇਵਕ ਜਿਹੜੇ ਗੁਰੂ ਜੀ ਦੇ ਅਜੀਬ ਜਿਹਾ ਸਾਂਗ ਰਚਣ ਕਾਰਨ ਪਹਿਲਾਂ ਦੌੜ ਗਏ ਸਨ, ਹੁਣ ਉਹ ਸਭ ਵਾਪਸ ਆ ਗਏ ਸਨ ਅਤੇ ਸੇਵਾ ਵਿੱਚ ਜੁੱਟ ਗਏ ਸਨ। ਸੰਗਤਾਂ ਆਉਂਦੀਆਂ ਅਤੇ ਲੰਗਰ ਵਰਤਦਾ ਰਹਿੰਦਾ। ਗੁਰੂ ਜੀ ਮਨੁੱਖਾ ਜਨਮ ਦੇ ਦੁਰਲੱਭ ਹੋਣ ਬਾਰੇ ਸਭ ਨੂੰ ਉਪਦੇਸ਼ ਦਿੰਦੇ। ਗੁਰੂ ਜੀ ਝੂਠ ਦਾ ਤਿਆਗ ਕਰਨ ਲਈ ਕਹਿੰਦੇ ਅਤੇ ਸੱਚ ਨੂੰ ਅਪਨਾਉਣ ਲਈ ਉਪਦੇਸ਼ ਦਿੰਦੇ ਰਹਿੰਦੇ। ਗੁਰੂ ਜੀ ਦੱਸਦੇ ਕਿ ਸੰਸਾਰ ਸਥਾਈ ਰਹਿਣ ਵਾਲਾ ਨਹੀਂ ਹੈ। ਜਨਮ ਤੋਂ ਮਰਨ ਤਕ ਬੰਦੇ ਨੂੰ ਦੁੱਖ ਹੀ ਦੁੱਖ ਹਨ ਅਤੇ ਦੁੱਖਾਂ ਵਿੱਚ ਲੰਘਦਿਆਂ ਹੀ ਮੌਤ ਸਾਹਮਣੇ ਆ ਜਾਂਦੀ ਹੈ। ਬਚਪਨ, ਜਵਾਨੀ ਤੇ ਬੁਢੇਪੇ ਦੇ ਸਫ਼ਰ ਵਿੱਚ ਮਨੁੱਖ ਦੁੱਖ ਭੋਗਦਾ ਹੀ ਉਮਰ ਬਿਤਾ ਦਿੰਦਾ ਹੈ, ਰੋਂਦਾ ਹੋਇਆ ਅੱਗੇ ਨਿਕਲ ਜਾਂਦਾ ਹੈ ਪਰ ਵਿਚਾਰਵਾਨ ਲੋਕ ਜੋ ਪ੍ਰਭੂ ਦੇ ਨਾਮ ਦਾ ਅਭਿਆਸ ਕਰਦੇ ਹਨ, ਇਸ ਸੰਸਾਰ ਨੂੰ ਮਿਥਿਆ ਹੋਇਆ ਤੇ ਸਰੀਰ ਨੂੰ ਪਾਣੀ ਦੇ ਬੁਲਬੁਲੇ ਦੇ ਸਮਾਨ ਸਮਝਦੇ ਹਨ। ਗਿਆਨੀ ਲੋਕ ਮੌਤ ਦਾ ਭੈਅ ਨਾ ਰੱਖਦੇ ਹੋਏ, ਪਰਸੰਨ ਚਿੱਤ ਜੀਵਨ ਬਿਤਾਉਂਦੇ ਹਨ। ਜਿਨ੍ਹਾਂ ਦੇ ਚਿਤ ਵਿੱਚ ਪਰਮਾਤਮਾ ਦਾ ਖਿਆਲ ਹੋਵੇ, ਉਨ੍ਹਾਂ ਨੂੰ ਮੌਤ ਦਾ ਡਰ ਨਹੀਂ ਲੱਗਦਾ। ਪਰ ਜੋ ਮਾਇਆ ਅਤੇ ਧਨ ਦੇ ਲਾਲਚ ਵਿੱਚ ਫਸੇ ਰਹਿੰਦੇ ਹਨ ਉਹ ਕਦੇ ਵੀ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਧਨ ਦੀ ਸੰਭਾਲ ਨਾਲ ਚਿੰਤਾ ਪੈਦਾ ਹੁੰਦੀ ਹੈ, ਬਹੁਤਾ ਧਨ ਬਹੁਤੀ ਚਿੰਤਾ ਦਾ ਕਾਰਨ ਬਣਦਾ ਹੈ। ਸੋ, ਮਨੁੱਖ ਨੂੰ ਆਪਣੇ ਆਤਮ-ਸਰੂਪ ਨੂੰ ਪਛਾਣ ਕੇ ਪਰਮਾਤਮਾ ਨਾਲ ਜੁੜਨਾ ਚਾਹੀਦਾ ਹੈ। ਇਹੀ ਅਨੰਦ-ਪ੍ਰਾਪਤੀ ਦਾ ਮਾਰਗ ਸਮਝੋ। ਇਵੇਂ ਰੋਜ਼ਾਨਾ ਗੁਰੂ ਜੀ ਵੱਲੋਂ ਦਿੱਤੇ ਉਪਦੇਸ਼ ਨਾਲ ਹਜ਼ਾਰਾਂ ਲੋਕ ਪਰਮਗਤੀ ਪ੍ਰਾਪਤ ਕਰਨ ਦੇ ਯੋਗ ਹੋ ਗਏ ਸਨ।

SikhBookClub.Com

ਫੁੱਟਨੋਟ

(*1) ਗੁਰਿਆਈ ਲੈਣ ਪਿੱਛੋਂ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਖਡੂਰ ਸਾਹਿਬ ਚਲੇ ਗਏ ਸਨ। ਮਹਿਮਾ ਪ੍ਰਕਾਸ਼, ਭਾਗ ਪਹਿਲਾ ਵਿੱਚ 'ਗੁਰੂ ਨਾਨਕ ਮਹਿਮਾ' ਵਿੱਚ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਤੋਂ ਬਾਅਦ, ਆਪ ਖਡੂਰ ਸਾਹਿਬ ਗਏ ਸਨ। ਵੇਖੋ: "ਸਾਖੀ ਗੁਰੂ ਬਾਬੇ ਜੀ ਕੇ ਖਡੂਰ ਆਗਮਨ ਕੀ"

"ਗੁਰ ਅੰਗਤ ਜੀ ਪਾਸ ਜਬ ਖਡੂਰ ਸਤਗੁਰ ਗਏ । ਅਤ ਸੁਖ ਪਰਮ ਬਿਲਾਸ ਗੁਰੂ ਅੰਗਤ ਜੀ ਕੇ ਮਨ ਫੁਰਿਓ ॥੬॥

ਸਤਿਬੀਰ ਸਿੰਘ ਜੀ ਨੇ 'ਕੁਦਰਤੀ ਨੂਰ' ਕਿਤਾਬ ਵਿੱਚ ਅੰਕਿਤ ਕੀਤਾ ਹੈ:

"ਜਦ ਹੁਕਮ ਅਨੁਸਾਰ ਗੁਰੂ ਅੰਗਦ ਦੇਵ ਜੀ ਖਡੂਰ ਚਲੇ ਗਏ ਸਨ ਤਾਂ ਗੁਰੂ ਨਾਨਕ ਜੀ ਆਪ ਇੱਕ ਵਾਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਲਈ ਖਡੂਰ ਗਏ ਤੇ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਨਾਲ ਲੈ ਆਏ ਸਨ।"

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੇ ਜਾਣ ਦਾ ਕਥਨ ਨਹੀਂ ਕੀਤਾ।

(*2) ਗੁਰਬਾਣੀ ਵਿੱਚ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਜੋ ਪੰਚ (ਪੰਜ) ਚੋਰ ਹਨ, ਇਨ੍ਹਾਂ ਬਾਰੇ ਇਵੇਂ ਕਥਨ ਕੀਤਾ ਗਿਆ ਹੈ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ, ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੁਝਹਿ ਕੋਇ ਨ ਸੁਣੈ ਪੂਕਾਰਾ॥
(ਗੁ. ਗ੍ਰੰ. ਸਾਹਿਬ, ਪੰਨਾ 600)

ਪੰਚ ਦੂਤ ਮੁਹਹਿ ਸੰਸਾਰਾ। ਮਨਮੁਖ ਅੰਧੇ ਸੁਧਿ ਨ ਸਾਰਾ॥
(ਗੁ. ਗ੍ਰੰ. ਸਾਹਿਬ, ਪੰਨਾ 113)

SikhBookClub.Com

ਅਧਜਾਯ ਚਰੰਜਵਾਂ

(ਗੁਰਮੰਤ੍ਰ ਮੰਗਲ।ਜੋਤੀ ਜੋਤ ਸਮਾਵਨ ਦੀਆਂ ਤਿਆਰੀਆਂ)

ਦੋਹਰਾ

ਮੋਹ ਭੂਤਨਾ ਮਨ ਲਗਜੋ[1] ਕਿਤੇ ਉਪਾਇ ਨ ਜਾਇ।
ਮੰਤਰ ਸਤਿਗੁਰ ਸਬਦ ਤੇ ਕਰ ਅੱਭਜਾਸ ਨਸਾਇ॥੧॥

ਚੌਪਈ

ਸ੍ਰੀ ਗੁਰ ਕਥਾ ਥੋਰ[2] ਹੀ ਗਾਈ । ਨਹਿੰ ਮੋਤੇ[3] ਸਬ ਜਾਇ ਬਨਾਈ।
ਪ੍ਰਭੁ ਕੀ ਮਹਿਮਾ ਊਚਹੁੰ ਊਚੀ । ਮੇਰੀ ਮਤ ਹੈ ਨੀਚਹੁੰ ਨੀਚੀ॥੨॥

ਕੈਸੇ ਸਮਤਾ[4] ਤਿਸਕੀ ਹੋਇ । ਰੰਚਕ ਮੇਰ ਸਮਝਿਯੇ ਸੋਇ।
ਕੀਟੀ ਚਹੈ ਜਿ ਸਾਗਰ ਤਰਨੋ । ਕਿਸ ਪ੍ਰਕਾਰ ਹ੍ਵੈ ਪਾਰਨ ਪਰਨੋ॥੩॥

ਅਬ ਜਿਹ ਬਿਧਿ ਬੈਕੁੰਠ ਸਿਧਾਰੇ । ਤਿਉਂ ਮੈਂ ਕਹੌਂ ਸੁਨਹੁ ਹਿਤਧਾਰੇ।
ਏਕ ਦਿਵਸ ਚਲਦਲ[5] ਕੀ ਛਾਂਈਂ । ਬੈਠੇ ਹੁਤੇ ਭੋਰ ਜਗ ਸਾਂਈਂ॥੪॥

ਮਹਿਖੀ[6] ਬੜਵਾ[7] ਛੁਧਾ ਵਿਸੇਖੀ । ਤ੍ਰਿਣ ਬਿਹੀਨ ਜਬ ਸਗਰੀ ਦੇਖੀ।
ਕਮਲਾ ਨਾਮ ਦਾਸ ਇਕ ਅਹਾ । ਤਿਹ ਬੁਲਾਇ ਕੈ ਸ੍ਰੀ ਪ੍ਰਭੁ ਕਹਾ॥੫॥

'ਭਏ ਛੁਧਾਤੁਰ ਪਸੂ ਸਮੂਹਾ । ਆਨਹੁ ਤ੍ਰਿਣੰ[8] ਜਾਇ ਨਿਜ ਜੂਹਾ'।
ਸੁਨ ਤਿਨ ਬਚਨ ਪਿਆਨਾ ਕੀਨਾ । ਜਹਾਂ ਬਿਸਾਲ ਘਾਸ ਕੋ ਚੀਨਾ॥੬॥

ਤਿਹ ਛਿਨ ਆਇਸ ਕੋ ਧਰ ਬੇਸਾ । ਆਏ ਤ੍ਰੈ ਬਿਧਿ[9] ਸੰਭੁ[10], ਸੁਰੇਸਾ[11]।
ਕਮਲਾ ਜਾਤਿ ਵਹਿਰ ਕੋ ਹੇਰਾ । ਨਾਮ ਲੇਯ ਤਬ ਊਚੋ ਟੇਰਾ॥੭॥

ਨਿਕਟ ਬੁਲਾਯੋ ਬਚਨ ਉਚਾਰਾ । 'ਇਕ ਕਾਰਜ ਤੁਮ ਕਰਹੁ ਹਮਾਰਾ।
ਇਹ ਬਿਭੂਤਿ ਲੈਕੈ ਕਰ ਮਾਂਹੀ । ਜਾਵਹੁ ਸ੍ਰੀ ਨਾਨਕ ਕੇ ਪਾਹੀ॥੮॥

SikhBookClub.Com

ਅਧਿਆਇ ਚਰਵੰਜਵਾਂ

(ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ)

ਦੋਹਰਾ

ਮੋਹ ਰੂਪੀ ਭੂਤਨਾ ਜੋ ਮਨ ਨੂੰ ਚੰਬੜਿਆ[1] ਹੋਇਆ ਹੈ, (ਇਹ) ਹੋਰ ਕਿਸੇ ਉਪਾਅ ਕਰਨ ਨਾਲ ਨਹੀਂ ਜਾਂਦਾ। (ਸਿਰਫ) ਗੁਰੂ ਜੀ ਦੇ ਮੰਤਰ (ਦੁਆਰਾ) ਹੀ ਨੱਸਦਾ ਹੈ (ਸੋ ਬੰਦੇ, ਤੂੰ ਗੁਰੂ ਜੀ ਦੇ ਦਿੱਤੇ) ਸ਼ਬਦ ਦਾ ਅਭਿਆਸ ਕਰਕੇ ਇਸ ਨੂੰ ਭਜਾ ਦੇ। ॥੧॥

ਚੌਪਈ

ਭਾਈ ਸਾਹਿਬ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਮੈਂ ਗੁਰੂ ਜੀ ਦੀ ਕਥਾ ਥੋੜ੍ਹੀ[2] ਹੀ ਵਰਣਨ ਕੀਤੀ ਹੈ, ਕਿਉਂਕਿ ਮੇਰੇ[3] ਕੋਲੋਂ ਗੁਰੂ ਜੀ ਦੀ ਜੀਵਨ-ਕਥਾ ਸਾਰੀ ਦੀ ਸਾਰੀ ਕਥਨ ਕੀਤੀ ਨਹੀਂ ਜਾ ਸਕਦੀ। ਪ੍ਰਭੂ ਰੂਪ ਗੁਰੂ ਜੀ ਦੇ ਜਸ ਦੀ ਕੋਈ ਥਾਹ ਨਹੀਂ ਹੈ, ਉਚਿਆਂ ਤੋਂ ਵੀ ਉੱਚਾ ਹੈ। ਜਦ ਕਿ ਮੇਰੀ ਮੱਤ ਤਾਂ ਬਹੁਤ ਹੀ ਘੱਟ, ਨੀਵੀਂ ਤੋਂ ਵੀ ਨੀਵੀਂ ਹੈ। ॥੨॥

ਉਨ੍ਹਾਂ ਦਾ ਮੁਕਾਬਲਾ[4] ਕਿਸ ਤਰਾਂ ਹੋ ਸਕਦਾ ਹੈ? (ਮੈਨੂੰ ਤਾਂ) ਸੁਮੇਰ ਪਰਬਤ ਦੇ ਸਾਹਮਣੇ ਕਿਣਕੇ ਸਮਾਨ ਹੀ ਸਮਝੋ। ਕੀੜੀ ਜੇਕਰ ਸਾਗਰ ਪਾਰ ਕਰਨਾ ਚਾਹੇ ਤਾਂ ਉਹ ਕਿਸ ਤਰਾਂ ਪਾਰ ਹੋ ਸਕੇਗੀ? ॥੩॥

ਹੁਣ ਜਿਸ ਪ੍ਰਕਾਰ ਉਹ ਬੈਕੁੰਠ ਨੂੰ ਗਏ, ਮੈਂ ਉਸ ਤਰਾਂ ਨਾਲ ਦੱਸਣ ਲੱਗਾ ਹਾਂ, ਤੁਸੀਂ ਪ੍ਰੇਮ-ਸਹਿਤ ਸੁਣੋ। ਇੱਕ ਦਿਨ ਜਗਤ-ਸਵਾਮੀ (ਗੁਰੂ ਜੀ) ਸਵੇਰ ਵੇਲੇ ਪਿੱਪਲ[5] ਦੀ ਛਾਂ ਹੇਠ ਬੈਠੇ ਹੋਏ ਸਨ। ॥੪॥

ਮੱਝਾਂ[6], ਘੋੜੀਆਂ[7] ਸਾਰੀਆਂ ਹੀ ਬਿਨਾਂ ਘਾਹ (ਪੱਠਿਆਂ) ਦੇ ਉਨ੍ਹਾਂ ਭੁੱਖੀਆਂ ਤੱਕੀਆਂ।ਤਾਂ ਕਮਲਾ ਨਾਂ ਦਾ ਇੱਕ ਸੇਵਕ ਸੀ, ਉਸ ਨੂੰ ਕੋਲ ਬੁਲਾ ਕੇ,ਪ੍ਰਭੂ (ਗੁਰੂ) ਜੀ ਨੇ ਉਸ ਨੂੰ ਆਖਿਆ ॥੫॥

"ਸਾਰੇ ਪਸ਼ੂ ਭੁੱਖੇ (ਖੜ੍ਹੇ) ਹਨ, ਤੁਸੀਂ ਆਪਣੀਆਂ (ਜ਼ਮੀਨਾਂ ਦੀਆਂ) ਜੂਹਾਂ ਵੱਲ ਜਾ ਕੇ (ਉਨ੍ਹਾਂ ਵਾਸਤੇ) ਘਾਹ[8] (ਪੱਠੇ) ਲੈ ਆਵੋ।" (ਗੁਰੂ ਜੀ ਦੀ ਆਗਿਆ) ਸੁਣ ਕੇ ਉਹ ਉਸ ਪਾਸੇ ਵੱਲ ਚੱਲ ਪਿਆ, ਜਿਸ ਪਾਸੇ ਉਸ ਨੇ ਕਾਫੀ (ਸੰਘਣਾ) ਘਾਹ ਵੇਖਿਆ ਸੀ। ॥੬॥

ਉਦੋਂ ਬ੍ਰਹਮਾ[9], ਸ਼ਿਵ[10] ਤੇ ਵਿਸ਼ਨੂੰ[11] ਤਿੰਨੋਂ ਜਣੇ ਜੋਗੀਆਂ ਦਾ ਭੇਸ ਧਾਰ ਕੇ ਆਏ। ਉਨ੍ਹਾਂ ਕਮਲੇ ਨੂੰ ਜਦੋਂ ਬਾਹਰ ਜਾਂਦਿਆਂ ਦੇਖਿਆ ਤਾਂ ਉਨ੍ਹਾਂ ਨੇ ਉੱਚੀ ਸਾਰੀ ਉਸ ਦਾ ਨਾਂ ਲੈ ਕੇ ਕਿਹਾ ॥੭॥

(ਕਮਲੇ ਨੂੰ) ਕੋਲ ਸੱਦ ਕੇ ਬਚਨ ਕੀਤਾ, "ਤੂੰ ਸਾਡਾ ਇੱਕ ਕੰਮ ਕਰ, ਇਹ ਬਿਭੂਤੀ ਨੂੰ ਹੱਥਾਂ ਵਿੱਚ ਲੈ ਕੇ ਸ੍ਰੀ ਨਾਨਕ ਜੀ ਕੋਲ ਜਾਵੋ। ॥੮॥

SikhBookClub.Com

ਜਾਇ ਦਿਖਾਵਹਿੰਗੋ ਤੂੰ ਜਬ ਹੀ । ਉੱਤਰ ਕਛੂ ਦੇਹਿੰ ਪ੍ਰਭੁ ਤਬਹੀ।
ਸੋ ਸੁਨਕੈ ਹਮ ਪਾਸ ਕਹੀਜੈ । ਜਾਹੁ ਅਬੈ ਨਹਿੰ ਬਿਲਮ[1] ਕਰੀਜੈ' ॥੯॥

ਕਮਲੇ ਪਿਖ ਸਰੂਪ ਤਿਨ ਕੇਰਾ । ਕ੍ਰਾਂਤਿਮਾਨ ਅਤਿ ਸ਼ੁਭਤ ਘਨੇਰਾ।
ਅਚਰਜ ਭਯੋ ਤਬੈ ਮਨ ਮਾਂਹੀ । ਲਖੇ ਨ ਜਾਹਿੰ ਕਿ ਸੁਰ[2] ਨਰ ਆਹੀਂ ॥੧੦॥

ਹਟਨ ਲਗਜੋ ਉਰ ਭਈ ਬਿਚਾਰਾ । ਗੁਨਕੈ ਤਿਨਸੋ ਬਚਨ ਉਚਾਰਾ।
'ਸਤਿਗੁਰ ਕੀ ਆਇਸੁ ਅਸ ਮੋਹੀ । ਪੁਨ ਜਾਵੋ ਤ੍ਰਿਣ ਭਾਰ[3] ਜਿ ਹੋਹੀ ॥੧੧॥

ਦੋਇ ਮਹੂਰਤ ਮਹਿੰ ਕਰ ਲੈਹੋਂ । ਪੁਨ ਤੁਮ ਜਾਇ ਸੰਦੇਸਾ ਦੈਹੋਂ'।
ਤਬ ਸੁਰੇਸ਼ ਉਠ ਐਸੋ ਕੀਨਾ । ਭਾਰ ਤ੍ਰਿਣਨ ਮੁਸ਼ੂਕ[4] ਕਰ ਦੀਨਾ ॥੧੨॥

ਸਿਰ ਉਚਵਾਇ[5] ਸੁ ਪੁਰੀ ਪਠਾਵਾ । ਕਮਲੇ ਹਿਰਦੈ ਅਚਰਜ ਪਾਵਾ।
—ਅਜਮਤਿ[6] ਯੁਕਤ ਤੇਜ ਦਿਪਤਾਈ । ਭੇਵ ਨ ਇਨ ਕੋ ਜਾਨਜੋ ਜਾਈ— ॥੧੩॥

ਪੁਰ ਮਹਿੰ ਤੂਰਨ ਜਬਹੀ ਆਵਾ । ਪਿਖਤ ਹੁਤੇ ਪ੍ਰਭੁ ਬਚਨ ਅਲਾਵਾ।
'ਕਮਲੇ ਜਸਪਦ[7] ਤ੍ਰਿਣ ਲੇ ਆਯੋ । ਕਿਧੋਂ ਕਿਸੂ ਕੋ ਜਾਇ ਚੁਰਾਯੋ ॥੧੪॥

ਬਲ ਛਲ ਕਰ ਕੇ ਲੀਨੇ ਪਰਕੋ[8] । ਤੋਂ ਨਹਿੰ ਜਾਹੁ ਅਗਾਰੀ ਘਰ ਕੋ।
ਹਮਰੀ ਮਹਿਖਨ[9] ਨਾਹਿੰ ਖੁਆਇ । ਬਹੁਰ ਧਰਹੁ ਜਹਿੰ ਤੇ ਤੂੰ ਲਜਾਇ' ॥੧੫॥

ਦੋਹਰਾ

ਕਮਲਾ ਬੋਲਜੋ ਬੰਦ ਕਰ 'ਨਹੀਂ ਚੁਰਾਯੋ ਜਾਇ।
ਜਿਉਂ ਆਨੇ ਤੂਰਨ ਤ੍ਰਿਣਨ ਤਿਉਂ ਸੁਣੀਏ ਸੁਖਦਾਇ!:- ॥੧੬॥

ਚੌਪਈ

ਤ੍ਰੈ ਜੋਗੀ ਬਾਹਰ ਹੈਂ ਬੈਸੇ[10] । ਦੇਖੇ ਮੈਂ ਸੁ ਅਜ਼ਮਤੀ ਜੈਸੇ।
ਏਕ ਮੁਸ਼ਟ ਮਹਿੰ ਤ੍ਰਿਣ ਤਿਨ ਲੇ ਕਰ । ਭਾਰ ਬਂਧਾਇ ਉਚਾਇ ਦਯੋ ਸਿਰ ॥੧੭॥

SikhBookClub.Com

ਜਦੋਂ ਤੂੰ ਉਨ੍ਹਾਂ ਕੋਲ ਜਾ ਕੇ ਦਿਖਾਵੇਂਗਾ ਤਾਂ ਪ੍ਰਭੂ (ਨਾਨਕ ਜੀ) ਉਦੋਂ ਹੀ ਕੋਈ ਜਵਾਬ ਦੇਣਗੇ। ਉਸ ਨੂੰ ਸੁਣ ਕੇ ਤੂੰ ਸਾਨੂੰ ਆ ਕੇ ਦੱਸਣਾ। ਹੁਣ ਜਾਉ, ਦੇਰ[1] ਨਾ ਕਰੋ।" ॥੯॥

ਕਮਲੇ ਨੇ ਉਨ੍ਹਾਂ (ਤਿੰਨਾਂ ਦਾ) ਬਹੁਤ ਹੀ ਸੋਭਾਵਾਨ ਕ੍ਰਾਂਤੀਮਾਨ ਸਰੂਪ ਤੱਕਿਆ। ਉਹ ਮਨ ਹੀ ਮਨ ਬਹੁਤ ਹੈਰਾਨ ਹੋਇਆ। ਉਸ ਨੂੰ ਸਮਝ ਨਾ ਪਵੇ, ਇਹ ਦੇਵਤੇ[2] ਹਨ ਜਾਂ ਪੁਰਸ਼ ਹਨ ॥੧੦॥

ਜਦੋਂ ਉਹ ਵਾਪਸ ਮੁੜਨ ਲੱਗਿਆ ਤਾਂ ਮਨ ਵਿੱਚ ਵਿਚਾਰ ਆਇਆ ਤੇ ਫਿਰ ਗਿਣਤੀ-ਮਿਣਤੀ ਕਰਕੇ ਉਨ੍ਹਾਂ ਨੂੰ ਕਹਿਣ ਲੱਗਿਆ, "ਮੈਨੂੰ ਗੁਰੂ ਜੀ ਦਾ ਹੁਕਮ ਹੈ, ਮੈਂ ਫਿਰ ਹੀ ਵਾਪਸ ਜਾਵਾਂਗਾ, ਜੇਕਰ ਮੇਰੇ ਕੋਲ ਘਾਹ ਦੀ ਪੰਡ[3] ਹੋਵੇਗੀ। ॥੧੧॥

ਮੈਂ ਦੋ ਘੜੀਆਂ ਵਿੱਚ (ਘਾਹ) ਇਕੱਠਾ ਕਰ ਲਵਾਂਗਾ ਤੇ ਫਿਰ ਮੈਂ ਜਾ ਕੇ ਤੁਹਾਡਾ ਸੰਦੇਸਾ ਦੇ ਦੇਵਾਂਗਾ।" ਤਾਂ ਵਿਸ਼ਨੂੰ ਜੀ ਨੇ ਉਠ ਕੇ ਇਸ ਤਰਾਂ ਕੀਤਾ, ਮੁੱਠੀ[4] ਕੁ ਘਾਹ ਦੀ ਪੰਡ ਬੰਨ੍ਹ ਕੇ ਦੇ ਦਿੱਤੀ। ॥੧੨॥

ਉਸ ਦੇ ਸਿਰ 'ਤੇ ਚੁਕਾ[5] ਕੇ ਉਸ ਨੂੰ ਨਗਰ ਵੱਲ ਤੋਰ ਦਿੱਤਾ। ਕਮਲੇ ਦੇ ਮਨ ਵਿੱਚ ਹੈਰਾਨੀ ਜਿਹੀ ਹੋਈ। -ਇਨ੍ਹਾਂ ਕੋਲ ਐਡੀ ਕਰਾਮਾਤ[6] ਅਤੇ ਚਿਹਰਿਆਂ ਉੱਪਰ ਤੇਜ ਪ੍ਰਤਾਪ ਹੈ। ਇਨ੍ਹਾਂ ਦਾ ਅਸਲ ਭੇਦ ਸਮਝਿਆ ਨਹੀਂ ਜਾ ਸਕਦਾ-। ॥੧੩॥

ਜਦੋਂ ਉਹ ਜਲਦੀ ਹੀ ਵਾਪਸ ਨਗਰ ਵਿੱਚ ਆ ਪਹੁੰਚਿਆ ਤਾਂ ਪ੍ਰਭੂ ਜੀ (ਗੁਰੂ ਜੀ) ਨੇ ਉਸ ਨੂੰ ਦੇਖ ਕੇ ਆਖਿਆ, "ਕਮਲੇ ਬਹੁਤ ਜਲਦੀ[7] ਘਾਹ ਲੈ ਆਇਆ ਹੈਂ ਜਾਂ ਕਿਤੇ ਕਿਸੇ ਦੀ ਚੋਰੀ ਕਰਕੇ ਲੈ ਆਇਆਂ ਹੈਂ। ॥੧੪॥

ਜੇਕਰ ਵਲ-ਛਲ ਕਰਕੇ ਹੋਰ ਕਿਸੇ ਪਰਾਏ[8] ਦਾ ਲੈ ਆਇਆ ਹੈਂ ਤਾਂ ਅੱਗੇ ਘਰ ਵੱਲ ਨਹੀਂ ਜਾਣਾ। ਸਾਡੀਆਂ ਮੱਝੀਆਂ[9] ਨੂੰ (ਇਹ ਘਾਹ) ਨਾ ਖੁਆਈਂ, ਇਸ ਨੂੰ ਉਥੇ ਹੀ ਰੱਖ ਆ, ਜਿਥੋਂ ਤੂੰ ਲੈ ਕੇ ਆਇਆ ਹੈਂ।" ॥੧੫॥

ਦੋਹਰਾ

ਕਮਲਾ ਹੱਥ ਜੋੜ ਕੇ ਕਹਿਣ ਲੱਗਿਆ, "ਹੇ ਸੁੱਖਾਂ ਦੇ ਦਾਤੇ! ਮੈ ਚੋਰੀ ਕਰਕੇ ਨਹੀਂ ਲਿਆਇਆ। ਜਿਵੇਂ ਮੈਂ ਜਲਦੀ ਨਾਲ ਘਾਹ ਲੈ ਕੇ ਆਇਆ ਹਾਂ, ਉਸ ਬਾਰੇ ਸੁਣੋ। ॥੧੬॥

ਚੌਪਈ

ਤਿੰਨ ਜੋਗੀ ਬਾਹਰ ਬੈਠੇ[10] ਹੋਏ ਹਨ, ਮੈਨੂੰ ਦੇਖਣ 'ਤੇ ਲੱਗਿਆ, ਉਹ ਬਹੁਤ ਕਰਾਮਾਤੀ ਹੋਣ। (ਉਨ੍ਹਾਂ ਵਿੱਚੋਂ) ਇੱਕ ਨੇ ਮੁੱਠ ਕੁ ਘਾਹ ਲੈ ਕੇ ਉਸ ਦੀ ਪੰਡ ਬਣਾ ਕੇ (ਮੇਰੇ) ਸਿਰ 'ਤੇ ਚੁਕਾ ਦਿੱਤੀ। ॥੧੭॥

SikhBookClub.Com

ਤੁਮਕੋ ਏਕ ਸੰਦੇਸਾ ਦੀਨੋ' । ਕਹਿ,ਪਟ ਗਾਂਠੀ[1] ਖੋਲਨ ਕੀਨੋ।
ਦਈ ਬਿਭੂਤ ਗੁਰੂ ਕਰ ਮਹਿਂ ਜਬ । ਸ਼ੰਕਰ ਕਰ ਕੀ ਜਾਨ ਲਈ ਤਬ॥੧੮॥

'ਕਮਲਾ! ਹਮਰੋ ਲਜਓਂ ਸੰਦੇਸਾ' । ਤੀਨ ਬੇਰ[2] ਇਉਂ ਕਹਿ ਜਗਤੇਸ਼ਾ।
ਬਹੁਰ ਬਚਨ ਉਚਰੇ ਸ੍ਰੀ ਬਦਨਾ । 'ਕਮਲੇ! ਜਾਹੁ ਸਧਾਰਣ ਸਦਨਾ॥੧੯॥

ਆਨਹੁ ਹਮਰੇ ਨਿਕਟ ਬੁਲਾਈ' । ਗਮਨਜੋ ਕਮਲਾ ਆਇਸੁ ਪਾਈ।
ਸ੍ਰੀ ਅੰਗਦ ਤੇ ਸੋ ਪਸ਼ਚਾਤੀ । ਕਰਤ ਰਹਤਿ ਸੇਵਾ ਦਿਨ ਰਾਤੀ॥੨੦॥

ਸਗਰੇ ਬਸਤ੍ਰ ਸ੍ਵੱਛ[3] ਸੁ ਕਰਹੀ । ਚਰਨ ਪਖਾਰ ਹਰਖ ਉਰਭਰ ਹੀ।
ਇੱਤਜਾਦਿਕ ਜੋ ਸੇਵਾ ਸਾਰੀ । ਕਰਤ ਸਦਾ ਪ੍ਰੀਤੀ ਉਰਧਾਰੀ॥੨੧॥

ਸੋ ਬੁਲਵਾਇ ਲੀਨ ਨਿਜ ਸੰਗਾ । ਗਮਨੇ ਬਾਹਿਰ ਗੁਰੂ ਉਤੰਗਾ[4]।
ਔਰ ਦਾਸ ਸਬ ਦੀਨ ਹਟਾਈ । ਪਹੁੰਚਿਤ ਭਏ ਜਾਇ ਤਿਹ ਥਾਈਂ॥੨੨॥

ਕਿਤਕ ਦੂਰ ਬੈਠਾਇ ਸਧਾਰਣ । ਮਿਲੇ ਜਾਇ ਤਿਨ ਨਰਕ ਨਿਵਾਰਣ।
'ਜਯਤ ਸੱਚਦਾਨੰਦ ਸੰਦੋਹੰ[5]' । ਕਹਿ ਅਸ ਉਠੇ ਪਰਮੁ ਸੁਖ ਹੋਹੰ॥੨੩॥

ਦੇਖ ਸਰੂਪ ਰਿਦੇ ਹਰਖਾਏ । ਲੋਚਨ ਕਮਲ ਪ੍ਰਫੁੱਲ ਸੁਹਾਏ।
ਬਹੁਰ ਪ੍ਰੇਮ ਯੁਤਿ ਉਸਤਤਿ ਠਾਨੀ[6] । ਪਰਮ ਮਨੋਹਰ ਕ੍ਰਮ ਮਨ ਬਾਨੀ॥੨੪॥

ਤੋਟਕ ਛੰਦ

'ਅਭਿਰਾਮ ਸਦਾ ਸੁਖਧਾਮ[7] ਪ੍ਰਭੋ । ਗਤਿਦਾਯਕ ਨਾਯਕ ਲੋਕ ਸਭੋ!
ਦੁਖ ਘਾਯਕ[8] ਸਾਯਕ[9] ਬੈਨ ਤੁਯੰ । ਭਵ ਪਾਲਿਕ,ਕਾਲਿਕ[10],ਨਿੱਤ ਜਯੰ[11] ॥੨੫॥

SikhBookClub.Com

ਤੇ ਤੁਹਾਡੇ ਵਾਸਤੇ ਉਨ੍ਹਾਂ ਇੱਕ ਸੰਦੇਸ਼ ਦਿੱਤਾ ਹੈ।" ਇਹ ਕਹਿ ਕੇ (ਕਮਲੇ ਨੇ) ਕੱਪੜੇ ਦੀ ਗੰਢ[1] ਖੋਲ੍ਹੀ ਤੇ ਜਦੋਂ ਬਿਭੂਤੀ ਗੁਰੂ ਜੀ ਦੇ ਹੱਥਾਂ ਵਿੱਚ ਦਿੱਤੀ ਤਾਂ ਗੁਰੂ ਜੀ ਨੇ ਉਸ ਵਕਤ ਹੀ ਜਾਣ ਲਿਆ, ਇਹ ਸ਼ਿਵ-ਸੰਕਰ ਜੀ ਦੇ ਹੱਥਾਂ ਦੀ ਹੈ। ॥੧੮॥

(ਤਾਂ ਗੁਰੂ ਜੀ ਨੇ) "ਹੇ ਕਮਲੇ! ਤੂੰ ਸਾਡਾ ਸੰਦੇਸ਼ ਲੈ ਆਇਆ ਹੈ" ਤਿੰਨ ਵਾਰ[2] ਜਗਤ ਸਵਾਮੀ (ਗੁਰੂ ਜੀ) ਨੇ ਇਸ ਤਰਾਂ ਕਿਹਾ। ਤੇ ਫਿਰ ਉਨ੍ਹਾਂ ਆਪਣੇ ਮੁੱਖ ਤੋਂ ਕਿਹਾ, "ਹੇ ਕਮਲੇ! 'ਸਧਾਰਣ' ਦੇ ਘਰ ਜਾਵੋ। ॥੧੯॥

ਉਸ ਨੂੰ ਮੇਰੇ ਕੋਲ ਬੁਲਾ ਕੇ ਲਿਆਵੋ।" ਕਮਲਾ ਗੁਰੂ ਜੀ ਦੀ ਆਗਿਆ ਲੈ ਕੇ ਚਲਾ ਗਿਆ। ਬਾਅਦ ਵਿੱਚ ਇਹ 'ਸਧਾਰਣ' ਸ੍ਰੀ ਅੰਗਦ ਜੀ ਦੀ ਦਿਨ-ਰਾਤ ਸੇਵਾ ਕਰਦਾ ਰਿਹਾ। ॥੨੦॥

ਉਹ ਉਨ੍ਹਾਂ ਦੇ ਸਾਰੇ ਬਸਤਰ ਚੰਗੀ ਤਰਾਂ ਸਾਫ[3] (ਧੋਂਦਾ) ਕਰਦਾ ਅਤੇ ਬੜਾ ਮਨੋ ਖੁਸ਼ ਹੋ ਕੇ ਗੁਰੂ ਗੁਰੂ (ਅੰਗਦ) ਜੀ ਦੇ ਚਰਨ ਧੋਂਦਾ। ਇਸ ਤਰਾਂ ਦੀ ਸਾਰੀ ਸੇਵਾ, ਉਹ ਸਦਾ ਹੀ ਹਿਰਦੇ ਵਿੱਚ ਪ੍ਰੀਤ ਧਾਰ ਕੇ ਕਰਦਾ ਸੀ। ॥੨੧॥

ਉਸ ਨੂੰ (ਸਧਾਰਣ ਨੂੰ) ਬੁਲਵਾ ਕੇ ਤੇ ਆਪਣੇ ਨਾਲ ਲੈ ਕੇ ਫਿਰ ਸ੍ਰੇਸ਼ਟ[4] ਗੁਰੂ ਨਾਨਕ ਜੀ ਬਾਹਰ ਚਲੇ ਗਏ। ਬਾਕੀ ਦੇ ਸੇਵਕਾਂ ਨੂੰ ਪਿਛਾਂਹ ਮੋੜ ਦਿੱਤਾ ਅਤੇ ਉਸ ਥਾਂ 'ਤੇ (ਤਿੰਨਾਂ ਜੋਗੀਆਂ ਕੋਲ) ਜਾ ਪਹੁੰਚੇ। ॥੨੨॥

ਸਧਾਰਣ ਨੂੰ ਕਿੰਨੀ ਦੂਰ ਪਿੱਛੇ ਬਿਠਾ ਕੇ, ਦੁੱਖਾਂ ਦਾ ਨਿਵਾਰਣ ਕਰਨਹਾਰੇ (ਗੁਰੂ ਜੀ) ਸ਼ਿਵ ਜੀ ਆਦਿ, ਉਨ੍ਹਾਂ ਤਿੰਨਾਂ ਨੂੰ ਜਾ ਮਿਲੇ। "ਜੈ ਸਤਿਚਿੱਤ ਅਨੰਦ ਹੋਵੇ[5]" ਤੇ ਉਹ ਜੋਗੀ ਇਹ ਕਹਿੰਦੇ ਹੋਏ ਪਰਮ ਸੁੱਖ ਪ੍ਰਾਪਤ ਕਰਦੇ ਹੋਏ ਉੱਠ ਖਲੋਤੇ। ॥੨੩॥

ਗੁਰੂ ਜੀ ਦਾ ਸਰੂਪ ਵੇਖ ਕੇ, ਜਿਵੇਂ ਉਨ੍ਹਾਂ ਦੇ ਨੈਣ, ਕਮਲ ਦੀ ਤਰਾਂ ਸੁਹਾਵਣੇ ਹੋ ਗਏ ਹੋਣ, ਉਨ੍ਹਾਂ ਦਾ ਮਨ ਪਰਸੰਨ ਹੋ ਗਿਆ ਸੀ ਤੇ ਫਿਰ ਉਨ੍ਹਾਂ (ਤਿੰਨਾਂ ਨੇ) ਮਨ, ਬਾਣੀ, ਕਰਮ, ਕਰਕੇ ਬਹੁਤ ਹੀ ਪ੍ਰੇਮ ਭਾਵਨਾ ਸਹਿਤ ਗੁਰੂ ਜੀ ਦੀ ਉਸਤਤ ਕੀਤੀ[6]। ॥੨੪॥

ਤੋਟਕ ਛੰਦ

"ਹੇ ਪ੍ਰਭੂ! ਆਪ ਬਹੁਤ ਹੀ ਸੁੰਦਰ ਸੁੱਖਾਂ ਦੇ ਘਰ[7] ਹੋ। ਸਾਰੀ ਲੋਕਾਈ ਨੂੰ ਮੁਕਤੀ ਦਿਵਾਉਣ ਵਾਲੇ ਸੁਆਮੀ ਹੋ। ਆਪ ਦੇ ਬਚਨ ਤਲਵਾਰ[9] ਵਾਂਗ ਦੁੱਖਾਂ ਦਾ ਨਾਸ਼[8] ਕਰਨ ਵਾਲੇ ਹਨ। ਆਪ ਹੀ (ਸੰਸਾਰ ਨੂੰ) ਜਨਮ ਦੇਣ ਵਾਲੇ ਹੋ, ਪਾਲਣਹਾਰੇ ਹੋ ਅਤੇ ਨਾਸ਼ [10] ਕਰਤਾ ਹੋ, (ਆਪ ਦੀ) ਸਦਾ ਹੀ ਜੈ[11] ਹੋਵੇ। ॥੨੫॥

SikhBookClub.Com

ਤੁਮ ਬਾਵਨ[1] ਪੂਰਬ ਰੂਪ ਧਰਜੋ । ਹੁਇ ਰਾਘਵ[2] ਰਾਵਨ ਦੈਤ ਹਰਜੋ।
ਪੁਨ ਜਾਦਵ ਬੰਸਹਿ ਕੰਸ ਮਰਜੋ । ਕਲਿਕਾਲ ਸੁ ਨਾਨਕ ਨਾਮ ਪਰਜੋ ॥੨੬॥

ਤਵ ਸੀਸ ਸਹੰਸ੍ਰ[3], ਨ ਏਕ ਸਿਰੰ । ਕਰਪਾਦ ਅਨੇਕ,ਨ ਏਕ ਕਰੰ।
ਬਿਨ ਅੰਤ ਬਿਲੋਚਨ ਕੋਇ ਨ ਹੈ । ਬਹੁ ਮੂਰਤਿ ਹੋ, ਅਨ ਮੂਰਤਿ ਹੈ॥੨੭॥

ਜਗ ਨਾਮ ਸਹੰਸ੍ਰ, ਅਨਾਮ ਅਹੋ । ਬਹੁ ਸ਼੍ਰੋਨਨ ਤੇ,ਬਿਨ ਸ਼੍ਰੌਨ ਰਹੋ।
ਬ੍ਰਹਮੰਡ ਬਰਾਠ[4] ਸਰੂਪ ਤੁਯੰ । ਹਹਿੰ ਲੋਚਨ ਭਾਂਨੁ[5] ਮਯੰਕ[6] ਦੁਯੰ॥੨੮॥

ਅਸ਼ਟਾਦਸ[7] ਭਾਰ ਰੁਮਾਵਲਿਯੰ[8] । ਉਦਰੋਦਿਧ ਹੈ,ਸਰਿਤਾ ਨਸਿਯੰ[9]।
ਮੁਖ ਪਾਵਕ ਦਾੜ ਜਮੰ ਜਨਿਯੇ । ਭੁਜ ਲੋਕ ਪਤੀ ਤੁਮਰੀ ਗਨਿਯੇ॥੨੯॥

ਸਤਲੋਕ ਸਿਰੰ, ਸੁ ਪਤਾਲ ਪਦੰ । ਮਧਿ ਦੇਸ ਛਿਤੰ, ਬਚ ਬੇਦ ਬਦੰ।
ਧ੍ਰਮ ਪੂਰਬ ਭਾਗ, ਅਧਰਮ ਪਿਠੰ । ਕ੍ਰੁਵ[10] ਕਾਲ, ਪ੍ਰਭੰਜਨ ਸ੍ਵਾਸ[11] ਨਿਠੰ॥੩੦॥

ਤਵ ਰੂਪ ਚਰਾਚਰ ਸਰਬੋ ਹਰੇ[12] । ਉਰ ਮਾਂਹਿ ਗੁਰੰ ਅਸ ਧਜ਼ਾਨ ਧਰੇ।
ਨਰ ਤੇ ਭਵ ਸਿੰਧੁ ਨ ਬੀਚ ਪਰੇ । ਹੁਇ ਮੋਖ, ਕੁਬੰਧਨ[13] ਨਾਸ਼ ਕਰੇ॥੩੧॥

ਸਬ ਠੌਰ ਤੁਹੀ, ਨਿਰਲੇਪ ਰਹੋ । ਨਿਜ ਦਾਸਨ ਕੋ ਅੱਗਜ਼ਾਨ ਦਹੋ।
ਹਮਰੀ ਤੁਮਕੋ ਪਦ ਬੰਦਨ ਹੋ । ਘਨ ਗਜ਼ਾਨ,ਪਖੰਡ ਨਿਕੰਦਨ ਹੋ'॥੩੨॥

ਚੌਪਈ

ਇਸ ਪ੍ਰਕਾਰ ਕਰ ਰੁਚਿਰ ਬਡਾਈ । ਪੁਨ ਬਿਰੰਚ[14] ਅਸ ਗਿਰਾ ਅਲਾਈ।
'ਨਿਜ ਤਨ ਅੰਗਦੁ ਕਰ ਪਲਟਾਯੋ । ਕੀਨ ਸਥਾਪ[15] ਨੀਕ ਮਨ ਭਾਯੋ॥੩੩॥

SikhBookClub.Com

ਤੁਸੀਂ ਪਹਿਲਾਂ ਬਾਵਨ-ਅਵਤਾਰ[1] ਦੇ ਰੂਪ ਵਿੱਚ ਜਨਮ ਧਾਰਨ ਕੀਤਾ ਸੀ। ਰਾਮ ਚੰਦਰ[2] ਜੀ ਦੇ ਰੂਪ ਵਿੱਚ ਅਵਤਾਰ ਧਾਰਨ ਕਰਕੇ, ਰਾਵਣ ਦੈਂਤ ਨੂੰ ਨਾਸ਼ ਕੀਤਾ। ਫਿਰ ਯਾਦਵ ਵੰਸ਼ ਵਿੱਚ ਕ੍ਰਿਸ਼ਨ ਹੋ ਕੇ ਕੰਸ ਮਾਰਿਆ ਸੀ। ਤੇ (ਹੁਣ) ਕਲਜੁਗ ਵਿੱਚ (ਆਪ ਦਾ) ਨਾਮ ਨਾਨਕ ਪਿਆ ਹੈ ॥੨੬॥

ਤੁਹਾਡੇ ਹਜ਼ਾਰਾਂ[3] ਸਿਰ ਹਨ, ਪਰ ਇੱਕ ਸਿਰ ਵੀ ਨਹੀਂ, ਅਨੇਕਾਂ ਹੀ ਹੱਥ-ਪੈਰ ਹਨ, (ਆਪ ਦੇ) ਇੱਕ ਹੱਥ-ਪੈਰ ਨਹੀਂ। ਆਪ ਦੀਆਂ ਬੇਅੰਤ ਹੀ ਅੱਖਾਂ, ਪਰ ਇੱਕ ਵੀ ਨਹੀਂ। ਆਪ ਦੇ ਅਨੇਕ ਹੀ ਸਰੀਰ (ਸ਼ਕਲਾਂ) ਹਨ, ਪਰ ਇੱਕ ਵੀ ਤੁਹਾਡਾ ਸਰੂਪ ਨਹੀਂ। ॥੨੭॥

ਤੁਹਾਡੇ ਜਗਤ ਵਿੱਚ ਹਜ਼ਾਰਾਂ ਨਾਂ ਹੋ ਕੇ ਵੀ ਤੁਸੀਂ ਅਨਾਮ ਹੋ। ਆਪ ਬਹੁਤ ਹੀ ਕੰਨਾਂ ਸਹਿਤ ਹੁੰਦੇ ਹੋਏ ਕੰਨਾਂ ਰਹਿਤ ਰਹਿਣ ਵਾਲੇ ਹੋ। ਬ੍ਰਹਿਮੰਡ ਸਾਰਾ ਆਪ ਦਾ ਹੀ ਵਿਰਾਟ[4] ਸਰੂਪ ਹੈ। ਸੂਰਜ[5], ਚੰਦਰਮਾ[6] ਦੋਨੋਂ ਹੀ ਆਪ ਦੇ ਨੇਤਰ ਹਨ। ॥੨੮॥

ਅਠਾਰਾਂ[7] ਭਾਰ ਜੋ ਬਨਸਪਤੀ ਹੈ, ਉਹ ਆਪ ਦੀ ਰੋਮਾਵਲੀ[8] ਹੈ। ਸਮੁੰਦਰ ਆਪ ਦਾ ਪੇਟ ਹੈ ਅਤੇ ਨਦੀਆਂ ਨਾੜਾਂ[9] ਹਨ। ਅਗਨੀ ਮੂੰਹ ਹੈ ਅਤੇ ਦਾੜ੍ਹਾਂ ਨੂੰ ਜਮ ਜਾਣੋ। ਸਮਝ ਲਵੋ, ਤੁਹਾਡੀਆਂ ਲੋਕ-ਪਤੀ ਭੁਜਾਂ ਹਨ। ॥੨੯॥

ਸਤ-ਲੋਕ (ਆਪ ਦਾ) ਸਿਰ ਹੈ। ਪਤਾਲ ਪੈਰ ਹਨ। ਵਿਚਕਾਰਲਾ ਅੰਗ ਭਾਵ 'ਲੱਕ' ਧਰਤੀ ਹੈ। ਗਿਆਨ ਦਾ ਕਥਨ (ਆਪ ਦੇ) ਬਚਨ ਹਨ। ਸਰੀਰ ਦਾ ਸਾਹਮਣਾ ਭਾਗ (ਪਾਸਾ) ਧਰਮ ਹੈ। ਪਿਛਲਾ ਭਾਗ (ਹਿੱਸਾ) ਅਧਰਮ ਹੈ। ਆਪ ਦੇ ਭਰਵੱਟੇ[10] ਕਾਲ ਹਨ ਤੇ ਸਵਾਸ[11] ਵਾਯੂ ਹੈ। ॥੩੦॥

ਹੇ ਹਰੀ! ਤੇਰਾ ਰੂਪ ਚਰ ਅਤੇ ਅਚਰ[12] ਸਾਰੇ ਹਨ। ਹੇ ਗੁਰੂ! ਜੋ ਹਿਰਦੇ ਵਿੱਚ ਆਪ ਦਾ ਐਸਾ ਧਿਆਨ ਧਰਦੇ ਹਨ, ਸੋ ਨਰ ਜਗਤ ਰੂਪੀ ਸਮੁੰਦਰ ਵਿੱਚ ਨਹੀਂ ਪੈਂਦੇ। ਉਹ ਮੁਕਤ ਹੋ ਜਾਂਦੇ ਹਨ ਤੇ ਆਪਣੇ ਖੋਟੇ ਬੰਧਨਾਂ[13] ਦਾ ਨਾਸ਼ ਕਰ ਲੈਂਦੇ ਹਨ। ॥੩੧॥

ਆਪ ਸਭ ਥਾਂਈਂ ਨਿਰਲੇਪ ਰਹਿ ਕੇ ਆਪਣੇ ਸੇਵਕਾਂ ਦੇ ਅਗਿਆਨ ਨੂੰ ਨਸ਼ਟ ਕਰਦੇ ਹੋ। ਹੇ ਇਕ-ਰਸ ਗਿਆਨ (ਦੇ ਸੋਮੇ)! ਪਖੰਡਾਂ ਨੂੰ ਕੱਟਣਹਾਰੇ! ਸਾਡੀ ਆਪ ਜੀ ਦੇ ਚਰਨਾਂ ਵਿੱਚ ਨਮਸਕਾਰ ਹੋਵੇ।" ॥੩੨॥

ਚੌਪਈ

ਇਸ ਤਰਾਂ ਉਨ੍ਹਾਂ ਨੇ (ਸ਼ਿਵਜੀ ਆਦਿ ਨੇ) ਪਰਸੰਨ ਹੋ ਕੇ ਗੁਰੂ ਜੀ ਦੀ ਮਨੋਹਰ ਉਸਤਤ ਕੀਤੀ ਸੀ ਤੇ ਫਿਰ ਬ੍ਰਹਮਾ[14] ਜੀ ਨੇ ਇਸ ਤਰਾਂ ਕਥਨ ਕੀਤਾ, "ਤੁਸੀਂ ਆਪਣੀ ਜੋਤ ਨੂੰ ਅੰਗਦ ਵਿੱਚ ਪਲਟਾ ਦਿੱਤਾ। ਮਨ ਨੂੰ ਜੋ ਭਾਇਆ, ਤੁਸੀਂ ਉਸ ਨੂੰ ਸਥਾਪਤ[15] ਕਰ ਦਿੱਤਾ ਹੈ। ॥੩੩॥

SikhBookClub.Com

ਸੱਤਿਨਾਮ ਪ੍ਰਗਟਜੋ ਜਗ ਜਾਪੂ[1]। ਸੱਚਖੰਡ ਗਮਨਹੁ ਅਬ ਆਪੂ'।
ਸੁਨ ਕੈ ਬਚ[2] ਸ੍ਰੀ ਨਾਨਕ ਮਾਨੇ । ਨਿਜ ਸਥਾਨ ਸੋ ਤੀਨ ਸਿਧਾਨੇ[(*2)] ॥੩੪॥

ਹਟ ਤਬ ਆਇ ਸਧਾਰਣ ਮਿਲੇ । ਤਿਹ ਕੌ ਠੌਰ[3] ਦਿਖਾਵਨ ਚਲੇ।
ਅਸ਼ਟ ਵਿਘੇ ਕੋ ਏਕ ਕਿਦਾਰਾ[4] । ਤਹਾਂ ਠਾਂਢਿ ਹ੍ਵੈ ਬਚਨ ਉਚਾਰਾ॥੩੫॥

'ਸੁਨਹੁ ਸਧਾਰਣ ਇਹ ਅਸਥਾਨਾ । ਕਾਸ਼ਟ[5] ਹਮਰੇ ਡਾਰਹੁ ਆਨਾ।
ਜੇ ਕੋ ਬਰਜਹਿ ਕਹਿ ਥਲ ਔਰੀ । ਨਹਿੰ ਮਾਨਹੁੰ ਆਨਹੁੰ ਇਸ ਠੌਰੀ'॥੩੬॥

ਨੀਕੀ ਵਿਧਿ ਸਮਝਾਯੋ ਤਾਂਹੀਂ । ਆਇ ਪ੍ਰਵੇਸ਼ੇ ਪੁਨ ਪੁਰ ਮਾਂਹੀਂ।
ਚਲਦਲ ਤਰੇ ਬਿਰਾਜੇ ਆਈ । ਸਰਬ ਸਿੱਖ ਤਹਿੰ ਦਰਸ ਕਰਾਈਂ॥੩੭॥

ਦੋਹਰਾ

ਚਤੁਰ ਚਾਦਰੇ ਰੁਚਿਰ ਗੁਰ ਰਾਖਤ ਅਪਨੇ ਪਾਸ।
ਬਿਮਲ ਜੁਗਲ ਕੋ ਕਰ ਭਲੇ ਧਰੈਂ, ਸੁ ਰਹੈਂ ਅਵਾਸ[6] ॥੩੮॥

ਚੌਪਈ

ਦ੍ਵੈ ਸਰੀਰ ਪਰ ਪਹਿਰੈ[7] ਦਜਾਲਾ। ਜਿਨ ਕੇ ਨਾਮ ਤੁਟੈ ਜਮਜਾਲਾ।
ਤਿਹ ਛਿਨ ਭਨਜੋ ਸਧਾਰਣ ਤਾਂਈ । 'ਬਸਤ੍ਰ ਪਖਾਰਹੁ ਜਲ ਮਹਿੰ ਜਾਈ'॥੩੯॥

ਸੁਨ ਰਜਾਇ ਲੈ ਪਟ ਸੰਗ ਹਾਥਾ । ਵਹਿਰ ਪਖਾਰੇ ਜਲ ਕੇ ਸਾਥਾ।
ਨੀਕੇ ਬਿਮਲ ਪ੍ਰੇਮ ਉਰ ਧਾਰੈ । ਆਤਪ[8] ਸੰਗ ਸੁਕਾਇ ਸਵਾਰੈ ॥੪੦॥

ਲੇ ਕਰ ਆਯੋ ਜਬੈ ਸਮੀਪਾ । ਪਿਖ ਬੋਲੇ ਬੇਦੀ ਕੁਲਦੀਪਾ।
'ਇਨਕੋ ਰਾਖੋ ਅੰਤਰ ਠੌਰੀ । ਸਰਬ ਸਦਨ ਕੋ ਲਿੰਬ[9] ਬਹੋਰੀ॥੪੧॥

ਊਪਰ ਤਰੇ ਸ੍ਵੱਛ ਕੋ ਕਰੀਏ । ਦਿਨ ਰਹਿ ਥੋਰ[10], ਬਿਲਮ ਪਰਹਰੀਏ'।
ਸੁਨ ਆਇਸੁ ਗਮਨਜੋ ਤਿਹ ਥਾਈਂ । ਨਿਸ ਮਹਿੰ ਟਿਕਹੀਂ ਜਹਾਂ ਗੁਸਾਈਂ॥੪੨॥

SikhBookClub.Com

ਜਗਤ ਦੇ ਜਾਪ[1] ਕਰਨ ਵਾਸਤੇ ਸੱਚਾ ਨਾਮ ਸ਼ਬਦ ਪਰਗਟ ਹੋ ਗਿਆ ਹੈ ਤੇ ਹੁਣ ਤੁਸੀਂ ਸੱਚਖੰਡ ਚੱਲੋ।" ਗੁਰੂ ਨਾਨਕ ਜੀ ਨੇ ਸ਼ਿਵਜੀ ਆਦਿਕ ਦੇ ਇਹ ਬੋਲ ਸੁਣ ਕੇ, ਉਨ੍ਹਾਂ ਦੇ ਬਚਨ ਪਰਵਾਨ ਕਰ ਲਏ ਅਤੇ ਉਹ ਤਿੰਨੋਂ ਉਥੋਂ ਆਪਣੇ ਸਥਾਨ ਵੱਲ ਕੂਚ ਕਰ ਗਏ ਸਨ ॥੩੪॥

ਗੁਰੂ ਜੀ ਉਥੋਂ ਵਾਪਸ ਪਰਤ ਕੇ ਸਧਾਰਣ ਨੂੰ ਮਿਲੇ। ਉਸਨੂੰ ਇੱਕ ਥਾਂ[3] ਦਿਖਾਵਣ ਲਈ ਚੱਲ ਪਏ। ਅੱਠ ਵਿੱਘਿਆਂ ਦਾ ਇੱਕ ਖੇਤ[4] ਸੀ, ਗੁਰੂ ਜੀ ਨੇ ਉਥੇ ਖੜ੍ਹੇ ਹੋ ਕੇ ਬਚਨ ਕੀਤਾ। ॥੩੫॥

"ਹੇ ਸਧਾਰਣ! ਸੁਣੋ, ਇਸ ਸਥਾਨ 'ਤੇ ਸਾਡੇ ਉੱਪਰ ਲੱਕੜਾਂ[5] ਲਿਆ ਕੇ ਪਾ ਦੇਣੀਆਂ। ਜੇ ਕੋਈ ਵਰਜੇ ਅਤੇ ਹੋਰ ਕਿਸੇ ਥਾਂ 'ਤੇ ਲੈ ਜਾਣ ਲਈ ਕਹੇ ਤਾਂ ਨਹੀਂ ਮੰਨਣਾ। ਇਸੇ ਥਾਂ 'ਤੇ ਹੀ ਲੈ ਕੇ ਆਉਣਾ ਹੈ।" ॥੩੬॥

ਉਸ (ਸਧਾਰਣ) ਨੂੰ ਚੰਗੀ ਤਰਾਂ ਵਿਧੀ ਸਮਝਾ ਦਿੱਤੀ। ਗੁਰੂ ਜੀ ਫਿਰ ਨਗਰ ਵਿੱਚ ਆ ਗਏ। ਪਿੱਪਲ ਦੇ ਬਿਰਛ ਹੇਠ ਬਿਰਾਜ ਗਏ ਅਤੇ ਉੱਥੇ ਸਭ ਸਿੱਖਾਂ ਨੂੰ ਦਰਸ਼ਨ ਦਿੱਤੇ। ॥੩੭॥

ਦੋਹਰਾ

ਬਹੁਤ ਹੀ ਸੁੰਦਰ ਚਾਰ ਚਾਦਰਾਂ ਗੁਰੂ ਜੀ ਆਪਣੇ ਕੋਲ ਰੱਖਿਆ ਕਰਦੇ ਸਨ। ਦੋਹਾਂ ਨੂੰ ਚੰਗੀ ਤਰਾਂ ਨਿਰਮਲ ਮੈਲ-ਰਹਿਤ ਕਰਵਾ ਕੇ ਰੱਖਦੇ, ਜੋ ਘਰੇ[6] ਪਈਆਂ ਰਹਿੰਦੀਆਂ ਸਨ। ॥੩੮॥

ਚੌਪਈ

ਦੋ (ਚਾਦਰਾਂ) ਕਿਰਪਾ ਨਿਧਾਨ (ਗੁਰੂ ਜੀ), ਜਿਨ੍ਹਾਂ ਦਾ ਨਾਮ (ਲੈਂਦਿਆਂ) ਜਮਾਂ ਦਾ ਜਾਲ ਦੂਰ ਹੋ ਜਾਂਦਾ ਹੈ, ਆਪਣੇ ਸਰੀਰ ਉੱਤੇ ਪਹਿਨਦੇ[7] ਸਨ। ਫਿਰ ਉਸੇ ਪਲ ਹੀ ਉਨ੍ਹਾਂ ਸਧਾਰਣ ਨੂੰ ਕਿਹਾ, "ਪਾਣੀ ਵਿੱਚ ਜਾ ਕੇ ਕੱਪੜੇ ਧੋ ਲਿਆਵੋ"। ॥੩੯॥

ਗੁਰੂ ਜੀ ਦੀ ਆਗਿਆ ਸੁਣ ਕੇ, (ਸਧਾਰਣ) ਹੱਥ ਵਿੱਚ ਕੱਪੜੇ ਲੈ ਕੇ ਬਾਹਰ ਜਾ ਕੇ ਪਾਣੀ ਨਾਲ ਧੋਤੇ। ਬੜੇ ਪ੍ਰੇਮ ਨਾਲ ਕੱਪੜਿਆਂ ਨੂੰ ਚੰਗੀ ਤਰਾਂ ਨਾਲ ਸਾਫ ਕੀਤਾ ਤੇ ਫਿਰ ਸੰਵਾਰ ਕੇ ਧੂੱਪ[8] ਵਿੱਚ ਸੁਕਾਏ। ॥੪੦॥

ਫਿਰ ਜਦ ਉਹ (ਗੁਰੂ ਜੀ ਦੇ) ਕੋਲ ਲੈ ਕੇ ਆਇਆ ਤਾਂ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਦੇਖ ਕੇ ਬੋਲੇ, "ਇਨ੍ਹਾਂ ਨੂੰ ਅੰਦਰ ਇੱਕ ਥਾਂ 'ਤੇ ਰੱਖ ਦੇਵੋ ਅਤੇ ਸਾਰੇ ਘਰ ਨੂੰ ਲੇਪਣ[9] (ਪੋਚਾ) ਕਰ ਦੇਵੋ। ॥੪੧॥

ਉਪਰੋਂ ਹੇਠ ਤੱਕ ਸਾਰਾ ਪਵਿੱਤਰ ਕਰ ਦੇਵੋ, ਦਿਨ ਥੋੜ੍ਹਾ[10] ਰਹਿ ਗਿਆ ਹੈ। ਦੇਰੀ ਨਾ ਲੱਗੇ।" (ਸਧਾਰਣ) ਗੁਰੂ ਜੀ ਦੇ ਬਚਨ ਸੁਣ ਕੇ ਉਥੋਂ ਉਧਰ ਚੱਲ ਪਿਆ, ਜਿਥੇ ਰਾਤ ਨੂੰ ਸੁਆਮੀ (ਗੁਰੂ) ਜੀ ਟਿਕਿਆ ਕਰਦੇ ਸਨ। ॥੪੨॥

SikhBookClub.Com

ਅਧਿਕ ਪ੍ਰੀਤ ਉਰ ਬਹੁਕਰ[1] ਦੀਨਾ । ਸਰਬ ਸਦਨ ਪੁਨਿ ਲੀਪਨ ਕੀਨਾ।
ਊਰਧ ਤਰੇ[2] ਸ੍ਵੱਛ ਕਰ ਸਾਰੇ । ਗਯੋ ਬਹੁਰ ਜਹਿਂ ਮੋਖ ਉਦਾਰੇ॥੪੩॥

ਹਾਥ ਜੋਰ ਕੈ ਬਚਨ ਬਖਾਨਾ । 'ਘਰ ਬਿਲੋਕ ਲਿਹੁ ਕ੍ਰਿਪਾਨਿਧਾਨਾ ।
ਹ੍ਵੈ ਜਿ ਨੂਨਤਾ[3] ਤਿਹ ਮਹਿਂ ਕਹਿਂਵਾ । ਦੇਹੁ ਬਤਾਇ, ਸੁਧਾਰੌਂ ਤਹਿਂਵਾ'॥੪੪॥

ਸੁਨ ਕਰ ਉਠੇ ਕ੍ਰਿਪਾਲ ਬਿਸਾਲਾ । ਰੁਚਿਰ ਬਨਾਈ ਪਿਖ ਧ੍ਰਮਸਾਲਾ।
ਖ਼ੁਸ਼ੀ ਸਧਾਰਣ ਪਰ ਬਹੁ ਕਰਕੈ । ਆਤਮ ਗਜਾਨ ਦੀਨ ਭ੍ਰਮ ਹਰਕੈ॥੪੫॥

ਆਏ ਪੁਨ ਚਲਦਲ ਕੀ ਛਾਂਈ । ਬੈਠੇ ਸਿੱਖਨ ਸਭਾ ਸੁਹਾਈ।
ਹੋਤ ਕੀਰਤਨ ਨਾਮ ਪ੍ਰਤਾਪਾ । ਜਿਹ ਸੁਨ ਮਿਟਹੀ ਤੀਨੋਂ[4] ਤਾਪਾ॥੪੬॥

ਦੋਹਰਾ

ਨਿਤ ਪ੍ਰਤਿ ਜਿਵ ਵਿਵਹਾਰ ਹੈ ਤੈਸੇ ਚਲਜੋ ਸੁ ਜਾਇ।
ਸਵਾ ਜਾਮ ਨਿਸ ਰਹੇ ਤੇ ਬੈਠਹਿਂ ਸ੍ਰੀ ਗੁਰ ਨ੍ਹਾਇ[5]॥੪੭॥

ਚੌਪਈ

ਤਬ ਤੇ ਹੋਤ ਕੀਰਤਨ ਭਾਰੀ । ਮ੍ਰਿਦੁਲ ਮਧੁਰ ਧੁਨਿ ਰਾਗ ਮਝਾਰੀ।
ਪੁਨਿ ਜਪੁ ਤਪੁ ਹ੍ਵੈ ਗਜਾਨ ਸੁ ਧਜਾਨਾ । ਬੈਠਹਿਂ ਸਿੱਖ ਕਰਹਿਂ ਭਲ ਗਾਨਾ॥੪੮॥

ਬਾਦਤਿ[6] ਤਾਰ ਬਜਾਵਹਿਂ ਪਾਨਾ[7] । ਹ੍ਵੈ ਅਨੰਦ ਉਤਸ਼ਵ ਬਿਧਿ ਨਾਨਾ।
ਏਕੁੰਕਾਰ ਪ੍ਰੀਤਿ ਰਸ ਪਾਗੇ[8] । ਨਿਸ ਬਾਸੁਰ ਹਿਰਦੇ ਅਨੁਰਾਗੇ॥੪੯॥

ਦਰਸ਼ਨ ਕਰਹਿਂ ਮਲਿਨਤਾ ਭਾਗੀ । ਨਉਧਾ ਭਗਤਿ ਰਿਦੇ ਅਤਿ ਜਾਗੀ।
ਏਕ ਰੰਗ ਮਹਿ ਰੰਗੇ ਸਬ ਹੀ । ਦ੍ਵੈਤ ਭਾਵ ਉਰ ਆਇ ਨ ਕਬਹੀ॥੫੦॥

ਭਏ ਬ੍ਰਿੱਖ ਜਿਉਂ ਸਿਖ ਉਪਕਾਰੀ । ਮੀਨ[9] ਨੀਰ ਜਿਉਂ ਪ੍ਰੀਤ ਅਧਾਰੀ ।
ਨਾਮ ਜਪਤ ਚਾਤ੍ਰਿਕ ਕੀ ਭਾਂਤੀ । ਲੇਖਾ ਬਨਕ[10] ਗਜਾਨ ਦਿਨ ਰਾਤੀ ॥੫੧॥

SikhBookClub.Com

ਉਸ ਨੇ ਪ੍ਰੇਮ ਨਾਲ਼ ਝਾੜੂ[1] ਦਿੱਤਾ ਅਤੇ ਸਾਰੇ ਘਰ ਨੂੰ ਲੇਪਣ ਕੀਤਾ। ਸਾਰਾ ਕੁਝ ਉਪਰ ਤੋਂ ਹੇਠਾਂ[2] ਤਕ ਸਾਫ ਕਰਕੇ, ਉਹ ਉੱਥੇ ਗਿਆ, ਜਿਥੇ ਮੁਕਤੀ ਦਾਤੇ ਗੁਰੂ ਜੀ ਬੈਠੇ ਹੋਏ ਸਨ ॥੪੩॥

ਉਸ ਨੇ ਹੱਥ ਜੋੜ ਕੇ ਆਖਿਆ, "ਹੇ ਕਿਰਪਾ-ਨਿਧਾਨ! (ਗੁਰੂ ਜੀ) ਘਰ ਨੂੰ ਤੱਕ ਲਵੋ। ਜੇ ਕਿਤੇ ਕਸਰ[3] (ਕਮੀ) ਰਹਿ ਗਈ ਹੋਵੇ ਤਾਂ ਦੱਸ ਦੇਣਾ ਤਾਂ ਜੋ ਮੈਂ ਠੀਕ ਕਰ ਦੇਵਾਂ।" ॥੪੪॥

ਕਿਰਪਾ ਦੇ ਘਰ (ਗੁਰੂ ਜੀ), ਸਧਾਰਣ ਦੇ ਬੋਲ ਸੁਣ ਕੇ ਤਿਆਰ ਕੀਤੀ ਸੁੰਦਰ ਧਰਮਸਾਲਾ ਨੂੰ ਦੇਖਣ ਲਈ ਉਠ ਖਲੋਤੇ। ਸਧਾਰਣ ਉੱਪਰ ਬਹੁਤ ਪਰਸੰਨ ਹੋ ਕੇ, ਉਸ ਦੇ ਭਰਮ-ਭੁਲੇਖੇ ਦੂਰ ਕਰਦੇ ਹੋਏ ਉਸ ਨੂੰ ਆਤਮ-ਗਿਆਨ ਦਿੱਤਾ ॥੪੫॥

ਉਸ ਤੋਂ ਬਾਅਦ ਗੁਰੂ ਜੀ ਫਿਰ ਪਿੱਪਲ ਦੀ ਛਾਂ ਹੇਠ ਆ ਕੇ ਬੈਠ ਗਏ, ਜਿੱਥੇ ਸਿੱਖਾਂ ਦੀ ਸਤਿਸੰਗਤ ਸੋਭ ਰਹੀ ਸੀ । ਉਥੇ ਪ੍ਰਭੂ ਦੇ ਨਾਮ ਦੇ ਪਰਤਾਪ ਦਾ ਕੀਰਤਨ ਹੋ ਰਿਹਾ ਸੀ, ਜਿਸ ਨੂੰ ਸੁਣਿਆਂ ਤਿੰਨ[4] ਤਾਪਾਂ ਦਾ ਨਾਸ਼ ਹੋ ਜਾਂਦਾ ਹੈ। ॥੪੬॥

ਦੋਹਰਾ

ਰੋਜ਼ਾਨਾ ਜਿਸ ਤਰਾਂ ਦਾ ਨੇਮ ਸੀ, ਉਸੀ ਤਰਾਂ ਹੀ ਚਲੀ ਜਾ ਰਿਹਾ ਸੀ। ਜਿਵੇਂ ਗੁਰੂ ਜੀ ਸਵਾ ਪਹਿਰ ਰਾਤ ਰਹਿੰਦੇ ਇਸ਼ਨਾਨ[5] ਕਰਦੇ ਤੇ ਉਥੇ ਆ ਕੇ ਬੈਠ ਜਾਂਦੇ ਸਨ ॥੪੭॥

ਚੌਪਈ

ਮਿੱਠੇ ਕੋਮਲ ਰਾਗ ਦੀ ਧੁਨ ਵਿੱਚ ਫਿਰ ਮਹਾਨ ਕੀਰਤਨ ਹੁੰਦਾ ਸੀ । ਫਿਰ ਬਾਣੀ ਦਾ ਜਾਪ, ਸੇਵਾ ਕਰਕੇ ਗਿਆਨ ਪ੍ਰਾਪਤੀ ਵਿੱਚ ਧਿਆਨ ਲਾਇਆ ਜਾਂਦਾ। ਸਿੱਖ ਬੈਠ ਕੇ ਚੰਗੀ ਤਰਾਂ ਗਾਇਨ ਕਰਦੇ ਸਨ ॥੪੮॥

ਹੱਥਾਂ[7] ਨਾਲ, ਸਿੱਖ ਤਾਰਾਂ ਵਾਲਾ ਵਾਜਾ[6] ਵਜਾਉਂਦੇ ਤਾਂ ਉਸ ਵੇਲੇ ਭਿੰਨ-ਭਿੰਨ ਤਰਾਂ ਦੇ ਉਤਸਵਾਂ 'ਤੇ ਅਨੰਦ ਉਪਜਦਾ। ਇੰਜ ਪਰਮਾਤਮਾ ਦੀ ਪ੍ਰੀਤ ਦੇ ਰਸ ਵਿੱਚ ਗੜੁੱਚ[8] ਹੋਇਆ ਸਿੱਖਾਂ ਦਾ ਮਨ, ਦਿਨ-ਰਾਤ ਪ੍ਰੇਮ ਵਿੱਚ ਭਿੱਜਿਆ ਰਹਿੰਦਾ ਸੀ ॥੪੯॥

ਜੋ ਗੁਰੂ ਜੀ ਦੇ ਦਰਸ਼ਨ ਕਰਦੇ, ਸਭ ਦੀ ਮਲੀਨਤਾ ਦੂਰ ਹੋ ਜਾਂਦੀ। ਸੇਵਕਾਂ ਸਿੱਖਾਂ ਦੇ ਹਿਰਦਿਆਂ ਵਿੱਚ ਨਵਧਾ (ਨੌ ਪ੍ਰਕਾਰ ਦੀ) ਭਗਤੀ ਜਾਗ ਪਈ ਸੀ। ਸਾਰੇ ਇੱਕ ਹੀ ਰੰਗ ਵਿੱਚ ਰੰਗੇ ਜਾਂਦੇ ਸਨ, ਜਿਸ ਸਦਕਾ ਮਨ ਵਿੱਚ ਕਦੇ ਵੀ ਦਵੈਤ-ਭਾਵਨਾ ਨਹੀਂ ਸੀ ਆਉਂਦੀ। ॥੫੦॥

ਸਿੱਖ, ਬਿਰਛਾਂ ਦੀ ਤਰਾਂ ਉਪਕਾਰੀ ਹੋ ਗਏ ਸਨ, ਜਿਵੇਂ ਮੱਛੀ[9] ਦੀ ਪਰੀਤ ਪਾਣੀ ਨਾਲ ਹੁੰਦੀ ਹੈ ਅਤੇ ਉਹ ਚਾਤ੍ਰਿਕ ਵਾਂਗ ਨਾਮ ਜਪਦੇ ਸਨ। ਜਿਵੇਂ ਬਾਣੀਆ[10] ਲੇਖੇ ਵਿੱਚ ਦਿਨ-ਰਾਤ ਗੁਜ਼ਾਰਦਾ ਹੈ, ਉਸੇ ਤਰਾਂ ਹੀ ਸਿੱਖ, ਗਿਆਨ ਪ੍ਰਾਪਤੀ ਲਈ ਦਿਨ-ਰਾਤ ਗੁਜ਼ਾਰਦੇ। ॥੫੧॥

SikhBookClub.Com

ਉਰ ਮਹਿਂ ਧਯਾਨ ਚਕੋਰਹਿ ਚੰਦੂ[1] । ਲੋਚਨ[2] ਅਲ ਗੁਰ ਪਦ ਅਰਬਿੰਦੂ।
ਸ੍ਵੱਛ ਰਿਦੇ ਜਿਉ ਗੰਗਾ ਨੀਰੂ । ਹਰਤ ਸਹੋਦਰ[3] ਜਿਉਂ ਪਰ ਪੀਰੂ॥੫੨॥

ਰਾਗ ਕਰਤ ਪੁਲਕਤ ਤਨ ਐਸੇ । ਪ੍ਰਮਾਨੰਦ ਮਹਿਂ ਜੋਗੀ ਜੈਸੇ।
ਸੇਵਾ ਕਰਹਿਂ ਧਰਹਿਂ ਉਰ ਭਾਊ । ਪਾਇ ਪਰਮਪਦ ਪ੍ਰਭੂ ਪਸਾਊ[4]॥੫੩॥

ਦੋਹਰਾ
ਤਿਨ ਕੀ ਮਹਿਮਾ ਕਜ਼ਾ ਕਰਉਂ ਜੋ ਸਿਖ ਗੁਰੂ ਹਦੂਰ।
ਮਮ ਮਤਿ ਮਸ਼ਕ[5] ਸਮਾਨ ਹੈ ਕਸ ਚਾਵਹਿ[6] ਗਿਰ ਭੂਰ॥੫੪॥

ਚੌਪਈ
ਤਿਸ਼ਨਾ ਆਸਾ ਨਾਸੀ ਐਸੇ । ਬੈਨਤੇਯ[7] ਹਨ ਉਰਗਨ[8] ਜੈਸੇ।
ਕਾਮ ਕ੍ਰੋਧ ਲੋਭ ਹੰਕਾਰੂ । ਸਹਿਤ ਅਵਿੱਦਜਾ ਮੋਹ ਨ੍ਰਿਪਾਰੂ॥੫੫॥

ਹਿੰਸਾ ਕ੍ਰੂਰ, ਪਿਸ਼ਨਤਾ[9] ਨਿੰਦਾ । ਸਿੱਖੀ ਮਗ ਪਿਖ ਇਨਕੋ ਚਿੰਦਾ[10]।
ਕੇਹਰ[11] ਗਰਜਨ ਤੇ ਜਿਉਂ ਕਰੀ । ਹੋਇ ਪੁੰਜ ਤੱਦਜ਼ਪ ਖਰਭਰੀ[12] ॥੫੬॥

ਗੁਰ ਪ੍ਰਤਾਪ ਪਿਖ ਕਰ ਕਲਿਕਾਲਾ । ਦੁਰਬਲ ਹੁਇ ਨਿਰਬਲਹਿ ਬਿਹਾਲਾ।
ਗਜ਼ਾਨ ਬਿਰੋਧੀ ਜੇ ਜਗ ਮਾਂਹੀ । ਸਬਹਨ ਕੋ ਚਿੰਤਾ ਅਵਿਗਾਹੀ॥੫੭॥

ਦੋਹਰਾ
ਸ੍ਰੀ ਨਾਨਕ ਦਰਸ਼ਨ ਉਦਧਿ[13] ਭਗਤਿ ਤਰੰਗ ਗੰਭੀਰ।
ਗਜ਼ਾਨ ਇੰਦ੍ਰ ਪ੍ਰਦ ਰਿਦ ਬਿਖੈ, ਘਾਮ[14] ਮੋਹ ਗਤਿ ਪੀਰ॥੫੮॥

ਚੌਪਈ
ਚਿਤ ਚਕੋਰ ਚਿਤਵਤ ਚਖੁ ਸਾਰੇ । ਬਿਖੈ ਮਨੋਰਥ ਕੋਕ[15] ਦੁਖਾਰੇ।
ਦੁਖ ਸੁਖ ਸਮਤਾ ਜੋਨ੍ਹ[16], ਸੁਹਾਈ । ਦ੍ਵੈਤ ਦੁਹਾਗਨਿ ਕੋ ਦੁਖਦਾਈ॥੫੯॥

SikhBookClub.Com

ਸਿੱਖਾਂ ਨੇ ਹਿਰਦੇ ਵਿੱਚ ਇਸ ਤਰਾਂ ਧਿਆਨ ਜੋੜਿਆ ਹੁੰਦਾ ਸੀ, ਜਿਵੇਂ ਚਕੋਰ ਦਾ ਚੰਦ[1] ਨਾਲ। ਉਨ੍ਹਾਂ ਦੀਆਂ ਅੱਖੀਆਂ[2] ਭੌਰ ਬਣ ਗਈਆਂ ਸਨ ਤੇ ਗੁਰੂ ਜੀ ਦੇ ਚਰਨ-ਕਮਲ ਫੁੱਲ ਸਮਾਨ ਸਨ। ਉਨ੍ਹਾਂ ਦੇ ਹਿਰਦੇ ਇੰਜ ਸਾਫ ਹੁੰਦੇ ਜਿਵੇਂ ਗੰਗਾ ਦਾ ਜਲ ਹੋਵੇ। ਉਹ ਪਰਾਈ ਪੀੜ ਨੂੰ ਭਰਾਵਾਂ[3] ਵਾਂਗ ਦੂਰ ਕਰਦੇ। ॥੫੨॥

ਰਾਗ ਵਿੱਚ ਕੀਰਤਨ ਕਰਦਿਆਂ (ਨਾਮ ਜਪਦਿਆਂ) ਤਨ ਦੇ ਰੋਮ-ਰੋਮ ਖੜ੍ਹੇ ਹੋ ਜਾਂਦੇ ਸਨ ਜਿਵੇਂ ਕੋਈ ਜੋਗੀ ਪਰਮ-ਅਨੰਦ ਅਵਸਥਾ ਵਿੱਚ ਪਹੁੰਚਿਆ ਹੋਵੇ। ਮਨ ਵਿੱਚ ਪ੍ਰੇਮ ਧਾਰ ਕੇ ਸੇਵਾ ਵਿੱਚ ਜੁੱਟ ਜਾਂਦੇ ਤੇ ਪ੍ਰਭੂ ਦੀ ਕਿਰਪਾ[4] ਨਾਲ ਉਹ ਪਰਮਪਦ ਨੂੰ ਪਾਉਂਦੇ ॥੫੩॥

ਦੋਹਰਾ

ਮੈਂ ਉਨ੍ਹਾਂ ਸਿੱਖਾਂ ਦੀ ਵਡਿਆਈ ਕਿਵੇਂ ਕਰਾਂ? ਜੋ ਗੁਰੂ ਜੀ ਦੀ ਹਜ਼ੂਰੀ ਵਿੱਚ ਰਹਿੰਦੇ ਸਨ। ਮੇਰੀ ਅਕਲ ਤਾਂ ਮੱਛਰ[5] ਦੇ ਤੁਲ ਹੈ, ਇਹ ਵੱਡੇ ਪਹਾੜ ਨੂੰ ਕਿਵੇਂ ਚੁੱਕ[6] ਸਕਦੀ ਹੈ? ॥੫੪॥

ਚੌਪਈ

ਉਨ੍ਹਾਂ ਦੀਆਂ ਭੁੱਖਾਂ, ਆਸ਼ਾਵਾਂ ਇਸ ਤਰਾਂ ਦੂਰ ਹੋ ਗਈਆਂ, ਜਿਵੇਂ ਗਰੁੱੜ[7] ਸੱਪਾਂ[8] ਨੂੰ ਮਾਰਦਾ ਹੈ। ਕਾਮ, ਕਰੋਧ, ਲੋਭ, ਹੰਕਾਰ,ਅਵਿਦਿਆ, ਮੋਹ ਰੂਪੀ ਰਾਜੇ ਸਮੇਤ ਦੂਰ ਹੋ ਗਏ ਸਨ ॥੫੫॥

ਸਾਰੇ ਸਿੱਖਾਂ ਨੂੰ ਸਿੱਖੀ ਦੇ ਮਾਰਗ 'ਤੇ ਚੱਲਦੇ ਹੋਇਆਂ, ਹਿੰਸਾ, ਝੂਠ, ਚੁਗਲੀ[9], ਨਿੰਦਾ ਨੂੰ ਵੇਖ ਕੇ ਚਿੰਤਾ[10] ਹੁੰਦੀ । ਚਾਹੇ ਹਾਥੀਆਂ ਦੀ ਡਾਰ ਹੀ ਹੋਵੇ ਤਾਂ ਵੀ ਸ਼ੇਰ[11] ਦੀ ਗਰਜਨ 'ਤੇ ਖਲਬਲੀ[12] ਮਚ ਜਾਂਦੀ ਹੈ ॥੫੬॥

ਗੁਰੂ ਜੀ ਦਾ ਪਰਤਾਪ ਵੇਖ ਕੇ, ਕਲਯੁੱਗ ਨਿਰਬਲ ਪੁਰਖ ਵਾਂਗ ਬਲਹੀਨ ਹੋ ਕੇ, ਬੁਰੇ ਹਾਲ ਵਾਲਾ ਹੋ ਗਿਆ ਹੈ। ਜੋ ਵੀ ਇਸ ਆਤਮ-ਗਿਆਨ ਦੇ ਵਿਰੋਧੀ ਇਸ ਜੱਗ ਵਿੱਚ ਸਨ, ਸਭ ਨੂੰ ਚਿੰਤਾ ਨੇ ਘੇਰ ਲਿਆ ਸੀ ॥੫੭॥

ਦੋਹਰਾ

ਗੁਰੂ ਨਾਨਕ ਜੀ ਦੇ ਦਰਸ਼ਨ ਇੱਕ ਗਿਆਨ ਦੇ ਸਮੁੰਦਰ[13] ਵਾਂਗ ਸਨ, ਜਿਸ ਵਿੱਚ ਭਗਤੀ ਰੂਪੀ ਭਾਰੀ ਲਹਿਰਾਂ ਹੋਣ । ਇਹ, ਸਮੁੰਦਰ ਹਿਰਦੇ ਵਿੱਚ ਗਿਆਨ ਰੂਪੀ ਚੰਦਰਮਾ ਜਾਣੋ, ਜਿਸ ਰਾਹੀਂ ਮੋਹ ਰੂਪੀ ਧੁੱਪ[14] ਦੀ ਪੀੜ ਨਾਸ਼ ਹੋ ਜਾਂਦੀ ਹੋਵੇ ॥੫੮॥

ਚੌਪਈ

ਸਾਰੇ ਸਿੱਖਾਂ ਦੇ ਮਨ ਚਕੋਰ ਵਾਂਗ ਦੇਖਦੇ । ਉਸ ਚੰਦਰਮਾ ਕਰਕੇ ਵਿਸ਼ਿਆਂ ਦੇ ਮਨੋਰਥ ਚਕਵੇ[15] ਵਾਂਗ ਦੁਖੀ ਹੁੰਦੇ । ਸਾਰੇ ਸੁੱਖ-ਦੁੱਖ ਸਿੱਖਾਂ ਨੂੰ ਚਾਂਦਨੀ[16] ਵਾਂਗੂੰ ਸੋਹਣੇ ਲੱਗਦੇ, ਜਿਥੇ ਕਿ ਦਵੈਤ ਰੂਪੀ ਦੁਹਾਗਣ ਨੂੰ ਇਹ ਦੁੱਖ ਹੀ ਦੇਣ ਵਾਲੇ ਹੋਣ ॥੫੯॥

SikhBookClub.Com

ਸੁਮਤਿ ਸੁਹਾਗਣਿ ਕੋ ਸੁਖਕਾਰੀ । ਸੁਭ ਗੁਣ ਖਿਰੀ[1] ਕੁਮਦਨੀ ਬਾਰੀ[2]।
ਇਸ ਬਿਧ ਸਤਿਜੁਗ ਪੁਰ ਕਰਤਾਰਾ । ਬਰਤਾਯੋ ਤਿਹ ਕਾਲ ਉਦਾਰਾ॥੬੦॥

ਤਿਸ ਨਿਸ ਗੁਰ ਜਾਗੇ ਕਿਯ ਮੱਜਨ[3] । ਮਿਲੇ ਆਨ ਸਬ ਹੀ ਤਬ ਸੱਜਨ।
ਹੋਤ ਕੀਰਤਨ ਕੀ ਧੁਨਿ ਭੂਰੀ । ਭਾਉ ਸੁ ਭਗਤਿ ਗਜਾਨ ਕੀ ਪੂਰੀ॥੬੧॥

ਭਰੇ ਪ੍ਰੇਮ ਉਰ ਮੋਦ[4] ਬਢਾਈ । ਕੇਤਿਕ ਸੁਨਹਿਂ ਕਿਤਿਕ ਮੁਖ ਗਾਈ।
ਤਿਹ ਛਿਨ ਬੈਠੇ ਸੋਚ ਬਿਮੋਚਨ । ਸੁਨਿਤਯੋ ਮੁੰਦੇ ਕਮਲ ਦਲ ਲੋਚਨ॥੬੨॥

ਲਗੀ ਸਮਾਧਿ ਅਖੰਡ ਸਰੂਪਾ । ਜਿਹ ਤੇ ਜਾਨੇ ਅਨੰਦ ਅਨੂਪਾ।
ਸਗਰੇ ਅੰਗ ਅਡੋਲ ਰਹਾਏ । ਚਤੁਰ[5] ਮਹੂਰਤ ਜਬੈ ਬਿਤਾਏ॥੬੩॥

ਬਿਕਸੇ ਤਬੈ ਰੁਚਿਰ ਜੁਗ ਲੋਚਨ । ਬੋਲੇ ਬਾਨੀ ਬੰਧ ਬਿਮੋਚਨ।
'ਆਜ ਸਮਾਵਨ ਭਯਾ ਸੁਭਾਏ । ਆਨਹੁ ਸੌਜ[6], ਬਿਲੰਬ ਗਵਾਏ॥੬੪॥

ਪੁਸ਼ਪ, ਕਪੂਰ, ਪਟੀਰ[7] ਘਨੇਰਾ । ਕੁਸ਼ਾ[8], ਗੁਲਾਬ ਸੁਗੰਧਿ ਬਧੇਰਾ।
ਇੱਤਯਾਦਿਕ ਪਾਵਨ ਸਬ ਆਨਹੁ । ਕਰਹੁ ਹਰਖ, ਕਛੁ ਸ਼ੋਕ ਨ ਠਾਨਹੁ'॥੬੫॥

ਸੁਨ ਅਸ ਬਚਨ ਮ੍ਰਿਦੁਲ ਜਗ ਗੁਰ ਕੇ । ਸਿੱਖਨ ਕੇ ਲੋਚਨ ਜਲ ਫਰਕੈ[9]।
ਸਗਰੇ ਪੁਰ ਮਹਿਂ ਪਰਜੋ ਸੁ ਰੌਰਾ । ਰੁਦਨ ਕਰਤ ਭੇ ਜਿਤ ਕਿਤ ਠੌਰਾ॥੬੬॥

ਅੱਸੂ ਬਦੀ ਸਪਤਮੀ ਬਾਸਰ । ਤਾਂਹੀ ਸਮੇ ਪ੍ਰਭੂ ਜੀ ਜਗ ਗੁਰ।
ਤਜਨ ਸਰੀਰਹਿ ਕੀ ਬਿਧ ਠਾਨੀ । ਪ੍ਰਗਟੀ[10] ਬਾਤ ਗ੍ਰਾਮ ਬਹੁ ਜਾਨੀ॥੬੭॥

ਸੁਨ ਸੁਨ ਮਾਨਵ ਆਵਹਿਂ ਧਾਈ । ਦਰਸ਼ਨ ਕਰਹਿਂ ਜਨਮ ਫਲ ਪਾਈ।
ਕੇਤਿਕ ਅਸੁ[11] ਪਰ ਹ੍ਵੈ ਅਸਵਾਰਾ । ਆਇਂ ਧਵਾਇ ਬਿਹੀਨ ਅਵਾਰਾ॥੬੮॥

SikhBookClub.Com

ਜਿਵੇਂ ਉਤਮ ਬੁੱਧੀ ਸੁਹਾਗਣ ਲਈ ਸੁੱਖਾਂ ਦਾ ਕਾਰਨ ਬਣਦੀ ਹੈ।ਮਾਨੋ ਉਨ੍ਹਾਂ ਲਈ ਸੁੰਦਰ ਕਮਲ-ਫੁਲਾਂ ਦੀ ਫੁਲਵਾੜੀ[2] ਖਿੜੀ[1] ਹੋਵੇ। ਇਸ ਤਰਾਂ ਕਰਤਾਰਪੁਰ-ਨਗਰ ਵਿੱਚ ਉਸ ਵਕਤ ਇੱਕ ਤਰਾਂ ਸ੍ਰੇਸ਼ਟ ਸਤਜੁਗ ਹੀ ਵਰਤਾਇਆ ਸੀ। ॥੬੦॥

ਉਸ ਰਾਤ ਗੁਰੂ ਜੀ ਉਠੇ ਅਤੇ ਇਸ਼ਨਾਨ[3] ਕਰਕੇ ਸਾਰੇ ਸੇਵਕ-ਸਿੱਖਾਂ ਨੂੰ ਆ ਕੇ ਮਿਲੇ। ਕੀਰਤਨ ਦੀ ਧੁਨ ਵੱਜ ਰਹੀ ਸੀ ਜੋ ਪ੍ਰੇਮਾ-ਭਗਤੀ ਅਤੇ ਗਿਆਨ ਵਿੱਚ ਪੂਰੀ ਸੀ। ॥੬੧॥

ਉਨ੍ਹਾਂ ਦੇ ਹਿਰਦੇ ਅਨੰਦ[4] ਨਾਲ ਭਰੇ ਹੋਏ ਸਨ, ਕੁਝ ਸਿੱਖ ਸੁਣ ਰਹੇ ਸਨ, ਕੁਝ ਆਪਣੇ ਮੁੱਖ ਤੋਂ ਗਾਇਨ ਕਰ ਰਹੇ ਸਨ। ਉਸ ਵਕਤ ਸੋਚਾਂ ਵਿੱਚ ਦੁੱਖਾਂ ਨੂੰ ਦੂਰ ਕਰਨ ਹਾਰੇ (ਗੁਰੂ ਜੀ) ਬੈਠੇ ਹੋਏ ਸਨ। ਦੋਨੋਂ ਕਮਲ-ਪੱਤੀਆਂ ਜਿਹੇ ਨੈਣ ਬੰਦ ਕਰਕੇ ਕੀਰਤਨ ਸੁਣ ਰਹੇ ਸਨ। ॥੬੨॥

ਤਦ ਅਖੰਡ-ਸਰੂਪ ਗੁਰੂ ਜੀ ਦੀ ਸਮਾਧੀ ਲੱਗ ਗਈ, ਜਾਣੋ ਉਹ ਕਿਸੇ ਅਨੰਦ-ਅਵਸਥਾ ਵਿੱਚ ਪਹੁੰਚ ਗਏ ਹੋਣ। ਉਨ੍ਹਾਂ ਦੇ ਸਾਰੇ ਅੰਗ, ਸਾਰਾ ਸਰੀਰ ਹੀ ਅਡੋਲ ਹੋ ਗਿਆ ਸੀ। ਇਸ ਤਰਾਂ ਜਦੋਂ ਚਾਰ[5]-ਪਹਿਰ ਬੀਤ ਗਏ। ॥੬੩॥

ਤਾਂ ਦੋਨੋਂ ਸੁੰਦਰ ਨੈਣ ਖਿੱਲ ਗਏ ਸਨ। ਬੰਧਨਾਂ ਦੇ ਨਾਸ਼-ਕਰਤਾ (ਗੁਰੂ ਜੀ) ਨੇ ਕਥਨ ਕੀਤਾ, "ਅੱਜ ਸਾਡੇ ਜੋਤੀ-ਜੋਤ ਸਮਾਉਣ ਦਾ ਸੋਹਣਾ ਦਿਨ ਹੈ। ਬਿਨਾਂ ਦੇਰ ਕੀਤਿਆਂ ਸਮੱਗਰੀ[6] ਲੈ ਕੇ ਆਵੋ। ॥੬੪॥

ਕਾਫੀ ਮਾਤਰਾ ਵਿੱਚ ਫੁੱਲ, ਕਪੂਰ, ਚੰਦਨ[7], ਕੁਸ਼ਾ (ਦੱਭ)[8], ਖੁਸ਼ਬੋਦਾਰ ਗੁਲਾਬ ਆਦਿ ਸਾਰੀਆਂ ਪਵਿੱਤਰ ਚੀਜ਼ਾਂ ਲੈ ਆਵੋ ਅਤੇ ਸਭ ਨੇ ਖੁਸ਼ ਰਹਿਣਾ ਹੈ, ਕਿਸੇ ਨੇ ਦੁੱਖ ਨਹੀਂ ਪ੍ਰਗਟ ਕਰਨਾ" ॥੬੫॥

ਜਗਤ ਗੁਰੂ ਜੀ ਦੇ ਇਹ ਕੋਮਲ ਬੋਲ ਸੁਣ ਕੇ ਸਿੱਖਾਂ ਦੇ ਨੈਣਾਂ ਵਿੱਚੋਂ ਜਲ ਛਲਕ[9] ਆਇਆ ਸੀ, ਸਾਰੇ ਸ਼ਹਿਰ ਵਿੱਚ ਰੋਲਾ ਪੈ ਗਿਆ, ਹਰ ਥਾਂ 'ਤੇ ਹਰ ਕੋਈ ਹੀ ਰੋਣ ਲੱਗ ਪਿਆ ਸੀ। ॥੬੬॥

ਅੱਸੂ ਵਦੀ ਸੱਤਵੀਂ ਦਾ ਦਿਨ ਸੀ, ਜਦ ਜਗਤ ਗੁਰੂ ਜੀ ਨੇ ਆਪਣੇ ਸਰੀਰ ਨੂੰ ਤਿਆਗਣ ਦੀ ਵਿਉਂਤ ਬਣਾਈ। ਇਹ ਗੱਲ ਸਾਰੇ ਸ਼ਹਿਰ ਵਿੱਚ ਫੈਲ[10] ਗਈ ਤਾਂ ਸਾਰੇ ਲੋਕੀਂ ਜਾਣ ਗਏ ਸਨ। ॥੬੭॥

ਸੁਣ-ਸੁਣ ਕੇ ਲੋਕੀਂ ਛੇਤੀ-ਛੇਤੀ ਚੱਲ ਕੇ, ਆਉਣ ਲੱਗੇ। ਗੁਰੂ ਜੀ ਦੇ ਦਰਸ਼ਨ ਕਰਕੇ ਜਨਮਾਂ ਦੇ ਫਲ ਪ੍ਰਾਪਤ ਕਰ ਰਹੇ ਸਨ। ਕਈ ਘੋੜਿਆਂ[11] 'ਤੇ ਚੜ੍ਹ ਕੇ ਉਨ੍ਹਾਂ ਨੂੰ ਦੁੜਾਉਂਦੇ ਹੋਏ, ਬਿਨਾਂ ਦੇਰੀ ਦੇ ਪਹੁੰਚਣ ਲੱਗੇ। ॥੬੮॥

SikhBookClub.Com

ਚਾਰ ਬਰਨ ਹਿੰਦੂ ਅਰ ਤੁਰਕਾ । ਆਵਹਿਂ ਚਲੇ ਕਰਤ ਜਗ ਗੁਰ ਕਾ।
ਧਾਇ ਧਾਇ ਪਹੁੰਚੈ ਨਰ ਨਾਰੀ । ਕਹੈਂ 'ਦਰਸ ਤੇ ਰਹਿਂ ਨ ਪਿਛਾਰੀ[1] ॥੬੯॥

ਦੁਰਲਭ ਦਰਸ਼ਨ ਹ੍ਵੈ ਇਕ ਬਾਰਾ । ਜਿਹ ਦਰਸੇ ਅਘ[2] ਮਿਟੈਂ ਅਪਾਰਾ'।
ਜਹਾਂ ਜਹਾਂ ਲਗ ਸੁਧ ਤਬ ਹੋਈ । ਕਾਜ ਬਿਸਾਰ ਚਲੇ ਸਬ ਕੋਈ॥੭੦॥

ਦੋਹਰਾ

ਬ੍ਰਹਮਚਾਰੀ, ਜੋਗੀ, ਜਤੀ, ਤਪੀ ਬਖਾਨਿਸ ਕੋਇ।
ਜਿਹ ਜਿਹ ਸੁਧ ਪਾਈ ਜਬਹਿ ਧਾਵਤ[3] ਆਵਤ ਸੋਇ॥੭੧॥

ਚੌਪਈ

ਧਰਮਸਾਲ ਬੈਠੇ ਗੁਰ ਪੂਰਨ । ਭਵ ਜੁ ਆਮ[4] ਕੋ ਨਾਮ ਸੁ ਚੂਰਨ।
ਭਈ ਆਨ ਕਰ ਭੀਰ ਅਪਾਰਹਿ । ਧੰਨ ਧੰਨ ਸਬ ਬੈਨ ਉਚਾਰਹਿਂ॥੭੨॥

ਗੁਰ ਆਨਨ ਆਰੁਨਤਾ[5] ਆਈ । ਜਿਉ ਅਰਣੋਦਯ[6] ਰੁਚਿਰ ਸੁਹਾਈ।
ਸਿਖ ਸੇਵਕ ਚਹੁੰ ਦਿਸ ਪਰਵਾਰਾ।ਬਦਨ ਕਮਲ ਜਿਨ ਕੇਰ ਅਧਾਰਾ॥੭੩॥

ਬੇਮੁਖਤਾ ਰਜਨੀ[7] ਜਹਿਂ ਨਾਸੀ । ਛਪਗੇ ਉਡਗਨ[8] ਕਲਮਲ ਰਾਸੀ।
ਇਸ ਬਿਧਿ ਵਹਿਰ ਨਰਨ ਕੀ ਕਥਾ । ਅਬ ਸੁਨੀਏ ਘਰ ਕੀ ਭੀ ਜਥਾ[9]॥੭੪॥

ਦੋਹਰਾ

ਬੈਠੇ ਪ੍ਰਭੂ ਬਿਰਾਜਹੀਂ ਜਿਉਂ ਰਸ ਸ਼ਾਂਤਿ ਸਧੀਰ[10]।
ਸਿਖ ਸੇਵਕ ਕਰੁਨਾ ਮਨੋ ਧਾਰੇ ਪੁੰਜ ਸ਼ਰੀਰ॥੭੫॥

ਚੌਪਈ

ਕ੍ਰਿਪਾਨਿਧਾਨ ਕਹਜੋ ਤਿਹ ਕਾਲੇ । 'ਉਠਹੁ ਸਧਾਰਣ ਜਾਇ ਉਤਾਲੇ[11]।
ਸਿਰੀ ਚੰਦ ਅਰ ਲਖਮੀਦਾਸ । ਤਾਂਹਿ ਹਕਾਰ ਆਨਿਯੇ ਪਾਸ'॥੭੬॥

ਸੁਣਤ ਰਜਾਇ ਸਧਾਰਣ ਗਇਓ । ਗੁਰੂ ਸੁਤਨ ਆਗੇ ਤਿਸ਼ਟਇਓ[12]।
ਹਾਥ ਬੰਦ ਕੈ ਗਿਰਾ ਉਚਾਰੀ । 'ਸ੍ਰੀ ਪ੍ਰਭੂ ਕੀ ਭੀ ਆਜ ਤਿਯਾਰੀ॥੭੭॥

SikhBookClub.Com

ਚੌਹਾਂ ਵਰਣਾਂ ਦੇ ਹਿੰਦੂ ਅਤੇ ਤੁਰਕ ਗੁਰੂ ਜੀ ਦਾ ਜਸ ਗਾਉਂਦੇ ਹੋਏ ਚਲੇ ਆ ਰਹੇ ਸਨ । ਔਰਤਾਂ ਕੀ, ਮਰਦ ਕੀ, ਇਸ ਤਰਾਂ ਮਨ ਵਿੱਚ ਧਾਰ ਕੇ ਭੱਜੇ ਆਉਂਦੇ ਸਨ ਤੇ ਕਹਿੰਦੇ ਸਨ "ਕਿਤੇ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਿੱਛੇ[1] ਨਾ ਰਹਿ ਜਾਈਏ। ॥੬੯॥

ਇੱਕ ਵਾਰ ਗੁਰੂ ਜੀ ਦੇ ਦੁਰਲੱਭ ਦਰਸ਼ਨ ਹੋ ਜਾਣ ਤਾਂ ਉਨ੍ਹਾਂ ਦੇ ਸਾਰੇ ਪਾਪ[2] ਕੱਟੇ ਜਾਣਗੇ।" ਜਿਥੇ ਜਿਥੇ ਵੀ ਇਹ ਖਬਰ ਪੁੱਜੀ, ਸਾਰੇ ਹੀ ਆਪਣੇ ਕੰਮ-ਧੰਦੇ, ਛੱਡ ਕੇ ਚੱਲ ਪਏ ਸਨ ॥੭੦॥

ਦੋਹਰਾ

ਸਾਰੇ ਬ੍ਰਹਮਚਾਰੀ ਕੀ, ਜੋਗੀ ਕੀ, ਜਤੀ, ਤਪੀ ਕਹੇ ਜਾਣ ਵਾਲੇ ਜਿਸ ਕਿਸੇ ਨੂੰ ਵੀ ਖਬਰ ਮਿਲੀ , ਉਸੇ ਵਕਤ ਉਨ੍ਹਾਂ ਵੱਲ ਭੱਜ-ਭੱਜ[3] ਆਉਣ ਲੱਗੇ। ॥੭੧॥

ਚੌਪਈ

ਪੂਰੇ ਗੁਰੂ ਜੀ ਧਰਮਸਾਲਾ ਵਿੱਚ ਬੈਠੇ ਹੋਏ ਸਨ। ਸੰਸਾਰਕ ਰੋਗਾਂ[4] ਨੂੰ ਦੂਰ ਕਰਨ ਲਈ ਜਿਨ੍ਹਾਂ ਦਾ ਨਾਮ ਚੂਰਨ ਦੇ ਸਮਾਨ ਹੈ। (ਉਨ੍ਹਾਂ ਦੇ ਆਲੇ-ਦੁਆਲੇ) ਬਹੁਤ ਹੀ ਲੋਕਾਂ ਦਾ ਇਕੱਠ ਹੋ ਗਿਆ ਸੀ। ਸਾਰੇ ਹੀ 'ਧੰਨ ਹੈ, ਧੰਨ ਹੈ' ਦੇ ਸ਼ਬਦ ਦਾ ਉਚਾਰਨ ਕਰ ਰਹੇ ਸਨ। ॥੭੨॥

ਗੁਰੂ ਜੀ ਦੇ ਮੁੱਖ ਉੱਤੇ ਲਾਲੀ[5] ਆਈ (ਛਾਈ) ਹੋਈ ਸੀ, ਜਿਵੇਂ ਸੂਰਜ[6] ਦੇ ਉਦੈ ਹੋਣ ਵੇਲੇ ਮਨੋਹਰਤਾ ਸੋਭਦੀ ਹੁੰਦੀ ਹੈ। ਸਿੱਖ-ਸੇਵਕਾਂ ਅਤੇ ਪਰਿਵਾਰ ਨੇ ਚਾਰੇ ਪਾਸਿਓਂ (ਗੁਰੂ ਜੀ ਨੂੰ) ਘੇਰਿਆ ਹੋਇਆ ਸੀ, ਜਿਨ੍ਹਾਂ ਨੂੰ ਗੁਰੂ ਜੀ ਦੇ ਕੰਵਲ-ਮੁੱਖ ਦਾ ਹੀ ਅਧਾਰ ਸੀ। ॥੭੩॥

(ਜਿਵੇਂ) ਬੇਮੁੱਖਤਾ ਰੂਪੀ ਰਾਤ[7] ਦੇ ਬੀਤ ਜਾਣ ਬਾਅਦ ਤਾਰੇ[8] ਛਿਪ ਜਾਂਦੇ ਹਨ, ਇਸੇ ਤਰਾਂ ਪਾਪ ਰੂਪੀ ਤਾਰਿਆਂ ਦਾ ਨਾਸ਼ ਹੋ ਗਿਆ ਸੀ। ਇਸ ਤਰਾਂ ਤਾਂ ਬਾਹਰ ਬੈਠੀ ਸੰਗਤ (ਲੋਕਾਂ) ਦਾ ਵਰਣਨ ਸੀ। ਹੁਣ ਜਿਸ ਤਰਾਂ ਘਰ ਵਿਚ ਬੀਤੀ, ਉਸ ਨੂੰ ਹੂ-ਬੂ-ਹੂ[9] ਸੁਣੋ। ॥੭੪॥

ਦੋਹਰਾ

ਪ੍ਰਭੂ ਰੂਪੀ ਗੁਰੂ ਜੀ ਇਉਂ ਬਿਰਾਜਮਾਨ ਸਨ ਜਿਵੇਂ ਧੀਰਜ[10] ਨਾਲ ਇਕ ਰਸ ਸ਼ਾਂਤ ਹੋਵਣ ਅਤੇ ਸਿੱਖ ਸੇਵਕਾਂ ਨੇ ਮਾਨੋਂ ਬਹੁਤ ਹੀ ਵੈਰਾਗ ਰਸ ਵਿੱਚ ਸਰੀਰ ਧਾਰਨ ਕੀਤੇ ਹੋਣ। ॥੭੫॥

ਚੌਪਈ

ਉਸੇ ਵਕਤ ਕਿਰਪਾ-ਨਿਧਾਨ (ਗੁਰੂ ਜੀ) ਨੇ ਆਖਿਆ, " ਸਧਾਰਣ ਉੱਠੋ ਅਤੇ ਛੇਤੀ[11] ਨਾਲ ਜਾਵੋ। ਲੱਖਮੀਦਾਸ ਅਤੇ ਸਿਰੀਚੰਦ ਨੂੰ ਬੁਲਾ ਕੇ ਸਾਡੇ ਕੋਲ ਲੈ ਆਵੋ।" ॥੭੬॥

ਗੁਰੂ ਜੀ ਦੀ ਆਗਿਆ ਸੁਣ ਕੇ ਸਧਾਰਣ ਚਲਾ ਗਿਆ।ਗੁਰੂ ਜੀ ਦੇ ਪੁੱਤਰਾਂ ਅੱਗੇ ਖੜ੍ਹਾ[12] ਹੋ ਕੇ ਹੱਥ ਜੋੜ ਬੇਨਤੀ ਕੀਤੀ, "ਸ੍ਰੀ ਪ੍ਰਭੂ(ਗੁਰੂ)ਜੀ ਦੀ ਅੱਜ ਸਮਾਉਣ ਤਿਆਰੀ ਹੈ। ॥੭੭॥

SikhBookClub.Com

ਤੁਮ ਕੋ ਅਪਨੇ ਨਿਕਟ ਹਕਾਰਾ । ਚਲਹੁ ਹਦੂਰ ਨ ਕਰਹੁ ਅਵਾਰਾ'।
ਗਿਰਾ ਸਧਾਰਨ ਜਲ ਕੀ ਨਜਾਈ । ਮੈਨ[1] ਸਮਾਨ ਨ ਤਿਨਹਿੰ ਛੁਆਈ॥੭੮॥

ਰਿਦੇ ਅਸ਼ਰਧਾ ਜਿਨ ਕੇ ਭਾਰੀ । ਇਸ ਪ੍ਰਕਾਰ ਮਖ ਗਿਰਾ ਉਚਾਰੀ।
'ਕੈਸੋ ਹੋਤ ਅਚਾਨਕ ਐਸੇ । ਸੁਖ ਅਨੰਦ ਮੈਂ ਬੈਸੇ ਜੈਸੇ॥੭੯॥

ਹਮ ਕੋ ਆਵਤ ਨਹਿੰ ਪਰਤੀਤੰ । ਗੈਨ[2] ਪ੍ਰਸੂਨ[3] ਗੰਧ ਇਹ ਰੀਤੰ'।
ਸੁਨ ਤਿਉਂ ਤਬੈ ਸਧਾਰਨ ਆਯੋ । ਜਿਉਂ ਤਿਨ ਕਹਯੋ ਸੁ ਗੁਰੂ ਸੁਨਾਯੋ॥੮੦॥

ਸੇਵਕ ਸਿੱਖ ਬਿਲੋਚਨ ਬਾਰੀ[4] । ਬਹਯੋ ਜਾਤ ਪ੍ਰਭੁ ਦਰਸ ਨਿਹਾਰੀ।
ਧੁਨ ਸੁ ਕੀਰਤਨ ਕੀ ਤਿਹ ਕਾਲਾ । ਸੁਨ ਪਵਿ ਦ੍ਰਵਤ[5] ਕਠੋਰ ਬਿਸਾਲਾ॥੮੧॥

ਦੋਹਰਾ

ਤਬੈ ਸਥਲ ਲਿਪਵਾਇਕੈ ਬਹੁਰੋ ਕੁਸ਼ਾ ਡਸਾਇ[6]।
ਜੈ ਜੈ ਕਾਰ ਚੁਫ਼ੇਰ ਹ੍ਵੈ ਕਹੈਂ 'ਧੰਨ'ਬਿਸਮਾਇ॥੮੨॥

ਚੌਪਈ

ਗਈ ਸੁਲਖਣੀ ਢਿਗ ਸੁਧ ਸੋਊ । 'ਬਚਨ ਨ ਮਾਨਯੋ ਪੁੱਤ੍ਰਨ ਦੋਊ।
ਨਿਸ ਕੇ ਲਗੇ ਸਮਾਵਨ ਸਾਂਈ । ਥਾਂਇ ਲਿਪਾਇ ਕੁਸ਼ਾ ਬਿਛਵਾਈ'॥੮੩॥

ਉਠੀ ਗਮਨ ਕੀਨੋ ਤਿਨ ਤੂਰਨ । ਆਈ ਜਹਿੰ ਬੈਠੇ ਪ੍ਰਭੁ ਪੂਰਨ।
ਭੀਰ ਬਿਲੋਕਤ ਬਿਸਮੈ[7] ਹੋਈ । ਬਾਰ ਬਿਲੋਚਨ ਭਰ ਕਰ ਰੋਈ॥੮੪॥

ਸਰਧਾ ਉਪਜੀ ਰਿਦੇ ਬਿਸਾਲਾ । ਮਸਤਕ[8] ਟੇਕਨ ਕਿਯ ਤਿਹ ਕਾਲਾ।
ਸ੍ਰੀ ਗੁਰ ਅਵਿਲੋਕਤ ਜਬ ਆਈ । ਬੋਲੇ ਗਿਰਾ ਸਰਲ ਸੁਖਦਾਈ॥੮੫॥

SikhBookClub.Com

ਉਨ੍ਹਾਂ ਨੇ ਤੁਹਾਨੂੰ ਆਪਣੇ ਕੋਲ ਬੁਲਾਇਆ ਹੈ (ਇਸ ਲਈ) ਉਨ੍ਹਾਂ ਦੀ ਹਜ਼ੂਰੀ ਵਿੱਚ ਛੇਤੀ ਚੱਲੋ।" ਸਧਾਰਣ ਦੇ ਬੋਲ ਜੋ ਜਲ ਵਾਂਗ (ਪਵਿੱਤਰ) ਸਨ, ਜੋ ਉਨ੍ਹਾਂ ਦੇ ਮੋਮ[1] ਵਰਗੇ ਦਿਲਾਂ ਨੂੰ ਛੂਹ ਨਾ ਸਕੇ। ॥੭੮॥

ਜਿਨ੍ਹਾਂ ਦੇ (ਪੁੱਤਰਾਂ ਦੇ) ਮਨਾਂ ਵਿੱਚ ਬਿਲਕੁਲ ਸ਼ਰਧਾ ਨਹੀਂ ਸੀ। ਉਨ੍ਹਾਂ ਇਸ ਤਰਾਂ ਆਖਿਆ, "ਉਹ (ਗੁਰੂ ਜੀ) ਤਾਂ ਬੜੇ ਸੁੱਖ ਅਨੰਦ ਵਿੱਚ ਬੈਠੇ ਹੋਏ ਸਨ, ਅਚਾਨਕ ਇਸ ਤਰਾਂ ਕਿਵੇਂ ਹੋ ਗਿਆ?" ॥੭੯॥

ਅਸਾਂ ਨੂੰ ਤਾਂ (ਇਸ ਗੱਲ 'ਤੇ) ਯਕੀਨ ਨਹੀਂ ਆਉਂਦਾ, ਇਹ ਗੱਲ ਤਾਂ ਅਕਾਸ਼[2] ਦੇ ਫੁੱਲਾਂ[3] ਦੀ ਸੁਗੰਧੀ ਵਾਂਗ ਨਾ ਮੰਨਣਯੋਗ ਜਾਪਦੀ ਹੈ।" ਸਧਾਰਣ ਇਹ ਸੁਣ ਕੇ ਉਸੇ ਵਕਤ ਵਾਪਸ ਆ ਗਿਆ ਸੀ ਤੇ ਜੋ ਉਸ ਨੇ ਸੁਣਿਆ ਸੀ, ਸਾਰਾ ਉਸੇ ਤਰਾਂ ਗੁਰੂ ਜੀ ਨੂੰ ਦੱਸ ਦਿੱਤਾ। ॥੮੦॥

ਸੇਵਕ ਸਿੱਖ ਜੋ ਗੁਰੂ ਜੀ ਦੇ ਦਰਸ਼ਨ ਕਰਦੇ, ਉਨ੍ਹਾਂ ਦੀਆਂ ਅੱਖੀਆਂ ਵਿੱਚੋਂ ਨੀਰ[4] ਵਹਿੰਦਾ ਜਾ ਰਿਹਾ ਸੀ। ਕੀਰਤਨ ਦੀ ਧੁਨ ਇਸ ਤਰਾਂ ਉਸ ਵਕਤ ਗੂੰਜ ਰਹੀ ਸੀ, ਹਰ ਇੱਕ ਦਾ ਦਿਲ ਹੀ ਨਹੀਂ, ਉਸ ਨੂੰ ਸੁਣ ਕੇ ਡਾਢਾ ਕਰੜਾ ਪੱਥਰ ਵੀ ਪੰਘਰ[5] ਜਾਂਦਾ ਸੀ। ॥੮੧॥

ਦੋਹਰਾ

ਫੇਰ ਧਰਤੀ ਉੱਪਰ ਲੇਪਣ (ਪੋਚਾ) ਕਰਵਾ ਕੇ, ਉਸ ਉਪਰ ਦੱਭ ਵਿਛਾ[6] ਦਿੱਤੀ ਗਈ। ਚੌਹੀਂ ਪਾਸੀਂ ਜੈ ਜੈਕਾਰ ਹੋ ਰਹੀ ਸੀ ਤੇ ਸੰਗਤਾਂ ਹੈਰਾਨ ਹੋ ਕੇ 'ਧੰਨ ਹੋ, ਧੰਨ ਹੋ' ਦਾ ਉਚਾਰਨ ਕਰ ਰਹੀਆਂ ਸਨ। ॥੮੨॥

ਚੌਪਈ

ਮਾਤਾ ਸੁਲੱਖਣੀ ਕੋਲ ਵੀ ਉਨ੍ਹਾਂ ਦੀ ਖਬਰ ਪਹੁੰਚ ਗਈ, "ਦੋਹਾਂ ਹੀ ਪੁੱਤਰਾਂ ਨੇ ਗੁਰੂ ਜੀ ਦਾ ਬਚਨ ਨਹੀਂ ਮੰਨਿਆ ਹੈ ਤੇ ਸੁਆਮੀ (ਗੁਰੂ) ਜੀ ਸਮਾਵਣ ਲੱਗੇ ਹਨ, ਉਨ੍ਹਾਂ ਨੇ ਥਾਂ ਲਿਪਵਾ ਕੇ ਦੱਭ ਵਿਛਵਾ ਲਈ ਹੈ।" ॥੮੩॥

ਤਾਂ ਉਹ ਤੁਰੰਤ ਹੀ ਉਥੋਂ ਚੱਲ ਪਈ ਅਤੇ ਉਥੇ ਆਣ ਪਹੁੰਚੀ, ਜਿਥੇ ਪੂਰਨ ਪ੍ਰਭੂ ਰੂਪ ਗੁਰੂ ਜੀ ਬਿਰਾਜਮਾਨ ਸਨ। ਬੇਅੰਤ ਲੋਕ ਇਕੱਠੇ ਹੋਏ ਵੇਖ ਕੇ ਉਹ ਹੈਰਾਨ[7] ਹੋ ਗਈ ਅਤੇ ਅੱਖਾਂ ਵਿੱਚ ਜਲ ਭਰ ਕੇ ਰੋਈ। ॥੮੪॥

ਹਿਰਦੇ ਵਿੱਚ ਵਿਸ਼ਾਲ ਸ਼ਰਧਾ ਪੈਦਾ ਹੋ ਗਈ ਸੀ ਤੇ ਉਸ ਨੇ ਗੁਰੂ ਜੀ ਅੱਗੇ ਮੱਥਾ[8] ਟੇਕਿਆ। ਗੁਰੂ ਜੀ ਨੇ ਜਦ ਉਨ੍ਹਾਂ ਨੂੰ ਆਇਆਂ ਨੂੰ ਤੱਕਿਆ ਤਾਂ ਸੁੱਖ ਦੇਣ ਹਾਰੇ (ਗੁਰੂ ਜੀ) ਨੇ ਸੁੱਖ ਦੇਣ ਵਾਲੇ ਕਥਨ ਉਚਾਰਨ ਕੀਤੇ। ॥੮੫॥

SikhBookClub.Com

ਦੋਹਰਾ

'ਜੋ ਤੁਝ ਉਰ ਅਭਿਲਾਖ[1] ਹੈ ਕਰ ਲੀਜੈ ਸੋ ਬਾਤ।
—ਮਿਲ ਕਰ ਹੌਂ ਬੋਲੀ ਨਹੀਂ —ਬਹੁਰ ਨ ਕਹਿਂ ਪਸ਼ਚਾਤ'॥੮੬॥

ਚੌਪਈ

ਸੁਨ ਕਰ ਦੀਨ ਭਈ ਇਹ ਬਾਨੀ । ਲਤਾ[2] ਬਾਤ ਤੇ ਜਿਉਂ ਕੁਮਲਾਨੀ।
ਹਾਥ ਬੰਦ ਹੁਇ ਨਿਮਰ ਬਿਸਾਲਾ । ਬੋਲੀ ਬਚਨ 'ਸੁਨਹੁ ਪ੍ਰਭੁ ਦਜਾਲਾ!॥੮੭॥

ਭਲਕੇ ਹੈ ਸਰਾਧ ਤੁਹਿ ਤਾਤਾ[3] । ਜਿਉਂ ਭਾਵਹਿ ਤਿਉਂ ਕਰ ਸੁਖਦਾਤਾ।
ਭਲੀ ਬਾਤ ਜੇ ਕਰਹੁ ਸਰਾਧੂ । ਬਹੁਰ ਸਮਾਵਹੁ ਬਾਧਾ ਬਾਧੂ[4]!॥੮੮॥

ਕਰੁਨਾਨਿਧ! ਤੁਮਰੇ ਕਰ ਮਾਂਹੀ । ਮੇਟਨ ਰਚਨ[5] ਤ੍ਰਿਲੋਕ ਜਿ ਆਹੀ।
ਦੇਹ ਤਜਨ ਅਰ ਜੀਵਨ ਸੋਈ । ਰਾਵਰਿ ਕੇ ਅਨੁਸਾਰੀ ਹੋਈ'॥੮੯॥

ਦੋਹਰਾ

ਦੇਖ ਦੀਨਤਾ ਤਾਂਹਿ ਕੀ ਬੈਨ ਸੁਨੇ ਸੁਭ ਰੀਤਿ।
ਬੋਲੇ ਗਿਰਾ ਸੁਹਾਵਨੀ ਸਿੱਖ ਸੇਵਕ ਕੇ ਮੀਤ॥੯੦॥

ਚੌਪਈ

'ਚੋਣੀ! ਬਚਨ ਰੁਚਿਰ ਤੈਂ[6] ਕਹੇ । ਸੌਜ ਤਿਯਾਰ ਕਰਹੁ ਹਮ ਰਹੇ।
ਕਰਹਿਂ ਸਰਾਧ[(*3)] ਅਸ਼ਟਮੀ ਬਾਸਰ । ਪੁਨ ਨੌਮੀ ਦਿਨ ਸਗਰੋ ਰਹਿ ਕਰ॥੯੧॥

ਦਸਮੀ ਕੇ ਦਿਨ ਹੋਇ ਤਯਾਰੀ । ਰਾਖਹੁ ਸੌਜ ਉਠਾਵਹੁ ਸਾਰੀ'।
ਕੁਸ਼ਾ ਗੁਲਾਬ ਪਟੀਰ ਉਚਾਏ । ਰਖਵਾਏ ਸਬਹੀ ਇਕ ਥਾਏਂ॥੯੨॥

ਇਸ ਬਿਧ ਸੁਨ ਕੇ ਸਭ ਨਰ ਨਾਰੀ । ਹਰਖੇ ਰਿਦੇ ਭਯੋ ਸੁਖ ਭਾਰੀ।
ਧੰਨ ਧੰਨ ਅਰ ਜੈ ਜੈ ਕਾਰਾ । ਹੋਤ ਭਯੋ ਤਿਹ ਕਾਲ ਅਪਾਰਾ[7]॥੯੩॥

SikhBookClub.Com

ਦੋਹਰਾ

"ਤੁਹਾਡੇ ਮਨ ਵਿੱਚ ਕੋਈ ਇੱਛਾ[1] ਹੈ ਤਾਂ ਗੱਲਬਾਤ ਕਰ ਲਵੋ। ਫਿਰ ਬਾਅਦ ਵਿੱਚ ਇਹ ਗੱਲ ਨਾ ਕਹਿਣੀ (ਕਿ) -ਮੈਂ ਮਿਲ ਕੇ ਗੱਲਬਾਤ ਵੀ ਨਹੀਂ ਕੀਤੀ-।" ॥੮੬॥

ਚੌਪਈ

ਗੁਰੂ ਜੀ ਦੇ ਇਹ ਬੋਲ ਸੁਣ ਕੇ ਉਹ ਬਹੁਤ ਹੀ ਨਿਮਰ ਹੋ ਗਈ। ਜਿਵੇਂ ਹਵਾ ਚੱਲਣ ਨਾਲ ਵੇਲ[2] ਕੁਮਲਾ ਗਈ ਹੋਵੇ। ਉਸ ਨੇ ਨਿਮਰ ਹੋ ਕੇ ਹੱਥ ਜੋੜ ਕੇ ਕਿਹਾ, "ਹੇ ਦਿਆਲੂ ਪ੍ਰਭੂ ਜੀ! ਮੇਰੀ (ਇੱਕ ਬੇਨਤੀ) ਸੁਣ ਲਵੋ। ॥੮੭॥

ਕੱਲ੍ਹ ਨੂੰ ਆਪ ਜੀ ਦੇ ਪਿਤਾ[3] ਜੀ ਦਾ ਸ਼ਰਾਧ ਹੈ। ਹੇ ਸੁੱਖਾਂ ਦੇ ਦਾਤੇ (ਗੁਰੂ ਜੀ)! (ਬਾਕੀ) ਜਿਵੇਂ ਤੁਸੀਂ ਚਾਹੋ, ਉਵੇਂ ਕਰਨਾ। ਹੇ ਪੀੜਾਂ ਦੇ ਨਾਸ਼-ਕਰਨਹਾਰੇ[4]! ਬਹੁਤ ਚੰਗਾ ਹੋਵੇਗਾ ਜੇਕਰ (ਪਹਿਲਾਂ) ਚੰਗੀ ਤਰਾਂ ਸ਼ਰਾਧ ਕਰੋ ਤੇ ਬਾਅਦ ਵਿਚ ਜੋਤੀ-ਜੋਤ ਸਮਾਵੋ।" ॥੮੮॥

ਹੇ ਕਿਰਪਾ-ਨਿਧਾਨ (ਗੁਰੂ ਜੀ)! ਆਪ ਜੋ ਤ੍ਰਿਲੋਕੀ ਨੂੰ ਸਿਰਜਣ[5], ਮਿਟਾਉਣ ਵਾਲੇ ਹੋ, ਸਭ ਕੁਝ ਆਪ ਜੀ ਦੇ ਹੱਥ ਵਿੱਚ ਹੀ ਹੈ। ਸਰੀਰ ਨੂੰ ਤਿਆਗਣਾ, ਰੱਖਣਾ, ਆਪ ਜੀ ਦੀ ਇੱਛਾ ਅਨੁਸਾਰ ਹੀ ਹੈ।" ॥੮੯॥

ਦੋਹਰਾ

ਗੁਰੂ ਜੀ ਨੇ ਮਾਤਾ ਸੁਲੱਖਣੀ ਦੀ ਨਿਮਰਤਾ ਵੇਖ ਕੇ ਅਤੇ ਉਨ੍ਹਾਂ ਦੇ ਸੁੰਦਰ ਰੀਤੀ ਵਾਲੇ ਬੋਲ ਸੁਣ ਕੇ, ਫਿਰ ਸਿੱਖ-ਸੇਵਕਾਂ ਦੇ ਮਿੱਤਰ (ਗੁਰੂ ਜੀ) ਨੇ ਬਚਨ ਕੀਤਾ। ॥੯੦॥

ਚੌਪਈ

"ਹੇ ਚੌਣੀ! ਤੂੰ[6] ਬਹੁਤ ਚੰਗੇ ਬਚਨ ਕਹੇ ਹਨ। ਤੁਸੀਂ ਸ਼ਰਾਧ ਕਰਨ ਦਾ ਸਮਾਨ ਤਿਆਰ ਕਰੋ, ਅਸੀਂ ਰਹਿ ਪੈਂਦੇ ਹਾਂ। ਅਸ਼ਟਮੀ ਦੇ ਦਿਨ ਦਾ ਸ਼ਰਾਧ ਕਰਾਂਗੇ, ਨੌਮੀ ਦਾ ਸਾਰਾ ਦਿਨ ਰਹਿ ਕੇ (ਚਲੇ ਜਾਵਾਂਗੇ) ॥੯੧॥

ਦਸਮੀ ਦੇ ਦਿਨ ਜਾਣ ਦੀ (ਸਮਾਵਣ ਦੀ) ਤਿਆਰੀ ਹੋਵੇਗੀ। ਸਾਰੀ ਸਮੱਗਰੀ ਉਠਾ ਕੇ ਰੱਖ ਲਵੋ।" ਫਿਰ ਕੁਸ਼ਾ ਗੁਲਾਬ ਤੇ ਚੰਦਨ ਵਗੈਰਾ (ਉਥੋਂ) ਉਠਾ ਲਏ ਗਏ ਤੇ ਇੱਕ ਥਾਂ 'ਤੇ ਰੱਖ ਦਿੱਤੇ ਗਏ। ॥੯੨॥

ਗੁਰੂ ਜੀ ਦੇ ਇਹ ਬੋਲ ਸੁਣ ਕੇ ਸਾਰੀ ਸੰਗਤ ਦੇ ਚਿੱਤ ਬਹੁਤ ਹੀ ਪਰਸੰਨ ਹੋ ਗਏ ਅਤੇ ਉਨ੍ਹਾਂ ਨੂੰ ਬਹੁਤ ਸੁੱਖ ਪ੍ਰਾਪਤ ਹੋਇਆ। ਉਸ ਵੇਲੇ ਸਾਰੇ ਪਾਸੀਂ ਬਹੁਤ[7] ਹੀ "ਧੰਨ ਧੰਨ" ਅਤੇ "ਜੈ ਜੈ ਕਾਰ" ਹੋਣ ਲੱਗੀ। ॥੯੩॥

SikhBookClub.Com

ਦੋਹਰਾ

ਸੋਖ[1] ਬਾਰ ਬਾਰਜ[2] ਦੁਖੀ, ਬਰਖਜੋ ਮਾਨਹੁ ਬਾਰ।
ਕਹਹਿ ਪਰਸਪਰ ਮਿਲ ਤਬਹਿ ਦਰਸ ਕਰਹਿਂ ਦਿਨ ਚਾਰ॥੯੪॥

ਚੌਪਈ

ਰਹਤਿ ਭਏ ਸਭ ਪੁਰ ਕਰਤਾਰਾ । ਸਬਦ ਪਢਹਿਂ ਪੁਨ ਕਰਤ ਬਿਚਾਰਾ।
ਦੇਖਤ ਸਫਲ ਕਰਹਿਂ ਨਿਜ ਲੋਚਨ । ਪਾਵਹਿਂ ਸੁਖ ਭੇ ਸੰਕਟ ਮੋਚਨ[3] ॥੯੫॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਮੋਂ ਧਜਾਇ ॥੫੪॥

SikhBookClub.Com

ਦੋਹਰਾ

ਜਲ ਦੇ ਸੁੱਕ[1] ਜਾਣ ਸਦਕਾ ਜਿਵੇਂ ਦੁਖੀ ਕਮਲ[2] ਉਪਰ ਮੀਂਹ ਵੱਸ ਪਿਆ ਹੋਵੇ, ਮਾਨੋ ਇਸੇ ਤਰਾਂ ਹੀ ਲੋਕੀਂ ਆਪਸ ਵਿੱਚ ਇੱਕ-ਦੂਸਰੇ ਨੂੰ ਮਿਲ ਕੇ ਕਹਿਣ ਲੱਗੇ, "ਗੁਰੂ ਜੀ ਦੇ ਚਾਰ ਦਿਨ ਹੋਰ ਦਰਸ਼ਨ ਕਰਾਂਗੇ।" ॥੯੪॥

ਚੌਪਈ

ਸਾਰੇ ਲੋਕੀਂ ਕਰਤਾਰਪੁਰ ਟਿਕੇ ਰਹੇ। ਸਾਰੇ ਸ਼ਬਦ ਪੜ੍ਹਦੇ ਤੇ ਇਸ ਉੱਪਰ ਵਿਚਾਰ ਕਰਦੇ। ਆਪਣੀਆਂ ਅੱਖਾਂ ਨਾਲ ਗੁਰੂ ਜੀ ਨੂੰ ਤੱਕ ਕੇ ਆਪਣੇ ਜੀਵਨ ਨੂੰ ਸਫਲਾ ਕਰਦੇ ਰਹੇ, ਸੁੱਖ ਪ੍ਰਾਪਤ ਕਰਦੇ ਰਹੇ ਤੇ ਉਨ੍ਹਾਂ ਦੇ ਦੁੱਖਾਂ ਦਾ ਨਾਸ਼[3] ਹੋ ਗਿਆ ॥੯੫॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਗੁਰੂ ਜੀ ਦਾ ਜੋਤੀ-ਜੋਤ ਸਮਾਉਣ ਦਾ ਪਰਸੰਗ" ਨਾਮੀ ਚਰਵੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਇੱਕ ਦਿਨ ਗੁਰੂ ਨਾਨਕ ਜੀ ਸਵੇਰ ਵੇਲੇ ਪਿੱਪਲ ਦੀ ਛਾਂ ਹੇਠ ਬੈਠੇ ਹੋਏ ਸਨ ਤਾਂ ਉਨ੍ਹਾਂ ਨੇ ਆਪਣੇ ਸੇਵਕ ਕਮਲੇ ਨੂੰ ਆਖਿਆ, ਸਾਰੇ ਪਸ਼ੂ ਭੁੱਖੇ ਹਨ, ਤੁਸੀਂ ਆਪਣੀ ਜ਼ਮੀਨ ਵੱਲ ਜਾਵੋ ਅਤੇ ਇਨ੍ਹਾਂ ਵਾਸਤੇ ਪੱਠੇ ਲੈ ਕੇ ਆਵੋ। ਜਦ ਕਮਲਾ ਬਾਹਰ ਗਿਆ ਤਾਂ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਉਸ ਨੂੰ ਮਿਲੇ । ਉਨ੍ਹਾਂ ਨੇ ਉਸ ਨੂੰ ਆਵਾਜ਼ ਮਾਰ ਕੇ ਕਿਹਾ ਕਿ ਸਾਡੇ ਵਲੋਂ ਇਹ ਬਿਭੂਤੀ ਲੈ ਕੇ ਸ੍ਰੀ ਨਾਨਕ ਜੀ ਕੋਲ ਜਾਵੋ ਅਤੇ ਜੋ ਉਹ ਜਵਾਬ ਦੇਣਗੇ, ਮੁੜ ਆ ਕੇ ਸਾਨੂੰ ਦੱਸਣਾ। ਕਮਲੇ ਨੇ ਜਵਾਬ ਵਿੱਚ ਜਦ ਕਿਹਾ ਕਿ ਉਹ ਤਾਂ ਪਸ਼ੂਆਂ ਲਈ ਪੱਠੇ ਲੈਣ ਆਇਆ ਹੈ ਤਾਂ ਵਿਸ਼ਨੂੰ ਨੇ ਆਪਣੀ ਮੁੱਠੀ ਨਾਲ ਘਾਹ ਦੀ ਛੋਟੀ ਜੇਹੀ ਪੰਡ ਬਣਾ ਕੇ, ਕਮਲੇ ਦੇ ਸਿਰ ਉੱਤੇ ਰੱਖ ਦਿੱਤੀ। ਕਮਲੇ ਨੇ ਆ ਕੇ ਗੁਰੂ ਜੀ ਨੂੰ ਵਾਪਰੀ ਸਾਰੀ ਕਹਾਣੀ ਦੱਸੀ।

ਗੁਰੂ ਨਾਨਕ ਜੀ ਨੇ 'ਸਧਾਰਣ' ਨੂੰ ਬੁਲਾਉਣ ਲਈ ਉਸ ਦੇ ਘਰ ਕਮਲੇ ਨੂੰ ਭੇਜਿਆ।ਸਧਾਰਣ ਨੂੰ ਆਪਣੇ ਨਾਲ ਲੈ ਕੇ ਫਿਰ ਸ੍ਰੇਸ਼ਟ ਗੁਰੂ ਨਾਨਕ ਜੀ ਬਾਹਰ ਚਲੇ ਗਏ ਸਨ, ਬਾਕੀ ਦੇ ਸੇਵਕਾਂ ਨੂੰ ਪਿਛਾਂਹ ਮੋੜ ਦਿੱਤਾ। ਉਹ ਉਸ ਥਾਂ 'ਤੇ (ਤਿੰਨਾਂ ਜੋਗੀਆਂ ਕੋਲ) ਜਾ ਪਹੁੰਚੇ। ਸਧਾਰਣ ਨੂੰ ਪਿੱਛੇ ਬਿਠਾ ਕੇ ਗੁਰੂ ਜੀ, ਸ਼ਿਵ ਜੀ ਸਮੇਤ ਉਨ੍ਹਾਂ ਤਿੰਨਾਂ ਨੂੰ ਜਾ ਮਿਲੇ। ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਉਸਤਤ ਕੀਤੀ ਤੇ ਕਿਹਾ ਕਿ ਆਪ ਹੀ ਨੇ ਪਹਿਲਾਂ ਬਾਵਨ-ਅਵਤਾਰ ਦੇ ਰੂਪ ਵਿੱਚ ਜਨਮ ਧਾਰਨ ਕੀਤਾ ਸੀ। ਫਿਰ ਰਾਮ ਚੰਦਰ ਜੀ ਦੇ ਰੂਪ ਵਿੱਚ ਅਵਤਾਰ ਧਾਰਨ ਕਰਕੇ, ਰਾਵਣ ਦੈਂਤ ਨੂੰ ਨਾਸ਼ ਕੀਤਾ। ਫਿਰ ਯਾਦਵ ਵੰਸ਼ ਵਿੱਚ ਕ੍ਰਿਸ਼ਨ ਹੋ ਕੇ ਕੰਸ ਨੂੰ ਮਾਰਿਆ ਸੀ ਤੇ ਹੁਣ ਕਲਜੁਗ ਵਿੱਚ ਆਪ ਦਾ ਨਾਮ ਨਾਨਕ ਪਿਆ ਹੈ।ਆਪ ਨੇ ਆਪਣੀ ਜੋਤ ਸ੍ਰੀ ਅੰਗਦ ਵਿੱਚ ਪ੍ਰਗਟ ਕਰਕੇ ਆਪਣੀ ਗੱਦੀ ਤੇ ਬਿਰਾਜਮਾਨ ਕਰ ਦਿੱਤਾ ਹੈ, ਹੁਣ ਆਪ ਸੱਚਖੰਡ ਜਾਣ ਦੀ ਤਿਆਰੀ ਕਰੋ। ਫਿਰ ਉਹ ਤਿੰਨੇ ਜਣੇ ਨਮਸਕਾਰ ਕਰ ਵਾਪਸ ਚਲੇ ਗਏ ।

ਗੁਰੂ ਜੀ ਵੀ ਉਥੋਂ ਵਾਪਸ ਪਰਤ ਕੇ ਸਧਾਰਣ ਨੂੰ ਮਿਲੇ । ਇੱਕ ਖੇਤ ਕੋਲ ਜਾ ਕੇ ਉਨ੍ਹਾਂ ਨੇ ਬਚਨ ਕੀਤਾ, ਹੇ ਸਧਾਰਣ! ਇਸ ਸਥਾਨ 'ਤੇ ਸਾਡੇ ਉੱਪਰ ਲੱਕੜਾਂ ਲਿਆ ਕੇ ਪਾ ਦੇਣੀਆਂ ਤੇ ਕਿਸੇ ਦੇ ਆਖੇ ਨਹੀਂ ਰੁਕਣਾ।ਫਿਰ ਗੁਰੂ ਜੀ ਨੇ ਸਧਾਰਣ ਕੋਲੋਂ ਸਾਰੇ ਘਰ ਨੂੰ ਸਾਫ ਕਰਵਾ ਕੇ, ਲੇਪਣ ਕਰਵਾਇਆ। ਅੱਸੂ ਵਦੀ ਸੱਤਵੀਂ ਦੇ ਦਿਨ ਗੁਰੂ ਜੀ ਨੇ ਆਪਣੇ ਸਰੀਰ ਨੂੰ ਤਿਆਗਣ ਦੀ ਵਿਉਂਤ ਬਣਾਈ ਤੇ ਲੱਖਮੀਦਾਸ ਅਤੇ ਸਿਰੀਚੰਦ ਨੂੰ ਆਪਣੇ ਕੋਲ ਬੁਲਵਾਇਆ ਪਰ ਉਨ੍ਹਾਂ ਨੇ ਇਸ ਬਚਨ ਨੂੰ ਝੂਠ ਹੀ ਜਾਣਿਆ। ਮਾਤਾ ਸੁਲੱਖਣੀ ਅੱਖੋਂ ਨੀਰ ਵਹਾਉਂਦੀ ਹੋਈ ਕਹਿਣ ਲੱਗੀ, ਹੇ ਪ੍ਰਭੂ ਜੀ! ਆਪਣੇ ਪਿਤਾ ਦਾ ਸ਼ਰਾਧ ਕਰਕੇ ਜੋਤੀ-ਜੋਤ ਸਮਾ ਜਾਣਾ, ਚੰਗੀ ਗੱਲ ਹੋਵੇਗੀ। ਗੁਰੂ ਜੀ ਨੇ ਇਸ ਬਚਨ ਨੂੰ ਮੰਨ ਕੇ ਸ਼ਰਾਧ ਦੀ ਤਿਆਰੀ ਕਰਨ ਨੂੰ ਕਿਹਾ। ਗੁਰੂ ਜੀ ਦੇ ਕੁਝ ਦਿਨ ਹੋਰ ਰੁਕ ਜਾਣ ਕਰਕੇ ਸਾਰੀ ਸੰਗਤ ਬਹੁਤ ਹੀ ਪਰਸੰਨ ਹੋਈ ਅਤੇ ਉਨ੍ਹਾਂ ਨੂੰ ਬਹੁਤ ਸੁੱਖ ਪ੍ਰਾਪਤ ਹੋਇਆ। ਚੌਹਾਂ ਪਾਸਿਆਂ ਤੋਂ ਆਏ ਹੋਏ ਸਾਰੇ ਲੋਕੀਂ ਕਰਤਾਰਪੁਰ ਟਿਕੇ ਰਹੇ। ਆਪਣੀਆਂ ਅੱਖਾਂ ਨਾਲ ਗੁਰੂ ਜੀ ਨੂੰ ਤੱਕ ਕੇ ਆਪਣੇ ਜੀਵਨ ਨੂੰ ਸਫਲਾ ਕਰਦੇ ਰਹੇ, ਸੁੱਖ ਪ੍ਰਾਪਤ ਕਰਦੇ ਰਹੇ।

SikhBookClub.Com

ਫੁੱਟਨੋਟ

(*1) ਬ੍ਰਹਮਾ, ਸ਼ਿਵ ਜੀ ਤੇ ਇੰਦਰ ਦਾ ਗੁਰੂ ਜੀ ਦੀ ਉਸਤਤੀ ਕਰਨ-ਹਿਤ, ਪਹਿਲਾਂ ਹੋ ਚੁੱਕੇ ਅਵਤਾਰਾਂ ਦਾ ਹਵਾਲਾ ਦਿੰਦੇ ਹੋਏ ਗੁਰੂ ਜੀ ਨੂੰ ਇਹ ਕਹਿਣਾ ਕਿ "ਆਪ ਹੀ ਹੋ, ਜਿਨ੍ਹਾਂ ਨੇ ਪਹਿਲਾਂ ਬਾਵਨ-ਰੂਪ ਧਾਰਨ ਕੀਤਾ ਸੀ। ਫਿਰ ਰਾਮ ਬਣ ਕੇ ਰਾਵਣ ਨੂੰ ਮਾਰਿਆ ਸੀ ਤੇ ਫਿਰ ਕ੍ਰਿਸ਼ਨ ਜੀ ਦੇ ਰੂਪ ਵਿੱਚ ਕੰਸ ਨੂੰ ਖਤਮ ਕੀਤਾ। ਹੁਣ ਕਲਜੁਗ ਵਿੱਚ ਆਪ ਦਾ ਨਾਮ ਨਾਨਕ ਪਿਆ ਹੈ।" ਇੱਥੇ ਗੁਰੂ ਜੀ ਨੂੰ ਅਵਤਾਰ-ਰੂਪ ਵਿੱਚ ਪੇਸ਼ ਕਰਨਾ ਉੱਚਿਤ ਨਹੀਂ ਜਾਪਦਾ। ਗੁਰਮਤਿ, ਅਵਤਾਰਵਾਦ ਦੇ ਉਲਟ ਹੈ ਕਿਉਂਕਿ ਗੁਰਬਾਣੀ ਵਿੱਚ ਅਕਾਲ ਪੁਰਖ ਨੂੰ 'ਅਜੂਨੀ ਸੈਭੰ' ਮੰਨਿਆ ਹੈ।

(*2) ਬ੍ਰਹਮਾ, ਸ਼ਿਵ ਜੀ ਅਤੇ ਇੰਦਰ ਦਾ ਜੋਗੀ ਭੇਸ ਵਿੱਚ ਆ ਕੇ ਗੁਰੂ ਨਾਨਕ ਸਾਹਿਬ ਨੂੰ ਮਿਲਣਾ ਅਤੇ ਉਨ੍ਹਾਂ ਦਾ ਗੁਰੂ ਜੀ ਨੂੰ ਇਹ ਕਹਿਣਾ ਕਿ ਆਪ ਨੇ ਜਗਤ ਦੇ ਜਾਪ ਵਾਸਤੇ ਸੱਚਾ ਨਾਮ ਪਰਗਟ ਕੀਤਾ ਹੈ। ਹੁਣ ਆਪ ਸੱਚਖੰਡ ਚੱਲੋ ਤੇ ਉਨ੍ਹਾਂ ਦੀ ਆਗਿਆ ਪਾ ਕੇ ਗੁਰੂ ਸਾਹਿਬ ਦਾ ਜੋਤੀ-ਜੋਤ ਸਮਾਉਣ ਦੀ ਤਿਆਰੀ ਕਰ ਲੈਣ ਦਾ ਪਰਸੰਗ ਜਾਂ ਸਾਖੀ ਹੋਰ ਕਿਸੇ ਜਨਮਸਾਖੀ ਵਿੱਚ ਨਹੀਂ ਹੈ, ਕੇਵਲ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਹੀ ਹੈ।

(*3) ਮਾਤਾ ਸੁਲੱਖਣੀ ਦਾ ਗੁਰੂ ਜੀ ਨੂੰ ਇਹ ਬੇਨਤੀ ਕਰਦੇ ਹੋਏ ਕਹਿਣਾ ਕਿ ਕੱਲ੍ਹ ਨੂੰ ਤੁਹਾਡੇ ਪਿਤਾ ਦਾ ਸ਼ਰਾਧ ਹੈ। ਤੁਸੀਂ ਸ਼ਰਾਧ ਖਵਾ ਕੇ, ਫਿਰ ਜੋਤੀ-ਜੋਤ ਸਮਾਉਣਾ। ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਮੰਨ ਕੇ ਜੋਤੀ-ਜੋਤ ਸਮਾਉਣ ਦਾ ਦਿਨ ਅੱਗੇ ਪਾ ਦੇਣਾ ਅਤੇ ਆਪਣੇ ਪਿਤਾ ਦਾ ਸ਼ਰਾਧ ਕਰਨਾ ਮੰਨ ਜਾਣਾ। ਇਹ ਸਾਰਾ ਪਰਸੰਗ ਗੁਰਮਤਿ ਦੇ ਬਿਲਕੁਲ ਉਲਟ ਹੈ। ਵਲਾਇਤ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਜੀ ਦੀ ਸਾਖੀ ਤੇ ਜੋ ਮੈਕਾਲਫ ਦੁਆਰਾ ਪ੍ਰਾਚੀਨ ਸਾਖੀ ਹਾਫਜ਼ਾਬਾਦ ਤੋਂ ਲੈ ਕੇ ਛਾਪੀ ਗਈ ਸੀ, ਸਭਨਾਂ ਵਿੱਚ ਸ਼ਰਾਧ ਵਾਲਾ ਪਰਸੰਗ ਨਹੀਂ ਹੈ।

ਗੁਰੂ ਜੀ ਤਾਂ ਇਨ੍ਹਾਂ ਭਰਮਾਂ ਦੇ ਉਲਟ ਸਨ। ਅਧਿਆਇ 6 ਦੇ ਅੰਕ 37 ਤੋਂ 51 ਵਿੱਚ ਜਦ ਪਿਤਾ ਕਾਲੂ ਜੀ ਆਪਣੇ ਪਿੱਤਰਾਂ ਦਾ ਸ਼ਰਾਧ ਕਰਨ ਲੱਗੇ ਸਨ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਇਹ ਕਰਨ ਤੋਂ ਰੋਕਣ ਦਾ ਉਪਦੇਸ਼ ਦਿੱਤਾ ਸੀ।

ਗੁਰਬਾਣੀ ਵਿੱਚ ਸ਼ਰਾਧ ਦੇ ਬਾਰੇ ਇਸ ਤਰਾਂ ਖੰਡਨ ਕੀਤਾ ਹੈ:

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ॥

(ਗੁ. ਗ੍ਰੰ. ਸਾਹਿਬ, ਪੰਨਾ 138)

SikhBookClub.Com

ਅਧਜਾਯ ਪਚਵੰਜਵਾਂ

(ਗੁਰੂ ਭਜਨ ਮਹਾਤਮ । ਗੁਰੂ ਸਤੋਤ੍ਰ । ਚਲਾਣੇ ਦੀ ਤਿਆਰੀ)

ਦੋਹਰਾ

ਅਹੰਬੀਜ ਮਮਤਾ ਸਿਫਾ[1] ਰਾਗ ਦ੍ਵੈਖ ਬਡ ਟਾਸ[2]।
ਜਗ ਦਲ ਦੁਖ ਸੁਖ ਫਲ ਲਗੇ ਗੁਰ ਭਜ ਹੋਇ ਬਿਨਾਸ ॥੧॥

ਚੌਪਈ

ਸਪਤਮ ਬਾਸਰ[3] ਸਗਰੋ ਐਸੇ । ਬੀਤ ਗਯੋ ਬਰਨਨ ਕਿਯ ਜੈਸੇ।
ਗ੍ਰਾਮਨ ਕੇ ਨਰ ਜੋ ਤਹਿੰ ਗਏ । ਪੁਰ ਕਰਤਾਰ ਰਹਤਿ ਸੋ ਭਏ॥੨॥

ਰੈਨ ਬਿਖੇ ਡੇਰਾ ਕਰ ਸੋਏ । ਜਿਨ ਮਨ ਦਰਸ਼ਨ ਪ੍ਰੇਮ ਭਿਗੋਏ।
ਸਵਾ ਜਾਮ ਜਾਮਨਿ[4] ਰਹਿ ਜਬਹੀ । ਸਭਨ ਸ਼ਨਾਨ ਕਿਯੋ ਉਠ ਤਬ ਹੀ ॥੩॥

ਬਹੁਰ ਬਿਲੋਕਹਿੰ ਸਤਿਗੁਰ ਤਾਂਈਂ । ਪਦ ਪੰਕਜ ਪਰ ਸੀਸ ਝੁਕਾਈ।
ਕਿਰਤਨ ਸੁਣਹਿੰ ਏਕ ਮਨ ਹੋਈ । ਰਿਦੇ ਬਿਕਾਰ ਨ ਬਜਾਪੇ ਕੋਈ॥੪॥

ਅਸ਼ਟਮਿ ਦਿਵਸ ਪ੍ਰਕਾਸ਼ਜੋ ਭਾਨਾ[5] । ਭੋਜਨ ਭੇ ਤਯਾਰ ਬਿਧਿ ਨਾਨਾ।
ਧਰਮਸਾਲ ਤੇ ਉਠ ਸੁਖਰਾਸਾ । ਗਏ ਸੁਲੱਖਣੀ ਕੇਰ ਅਵਾਸਾ॥੫॥

ਬਿਧਿ ਸੋਂ ਲਗੇ ਕਰਾਵਨ ਸ੍ਨਾਧੂ । ਭਜਹਿੰ ਸਾਧ ਜਿਹ ਪਰਮ ਅਗਾਧੂ[6]।
ਪ੍ਰਾਪਤ ਮੁਕਤਿ ਲੇਇ ਜਿਨ ਨਾਮੂ । ਤਾਂਹਿ ਸ੍ਨਾਧ ਕਜਾ ਕਰਬੇ ਕਾਮੂ॥੬॥

•

ਤਦਜਪ ਨਰ ਮਰਯਾਦਾ ਪਾਰਨ[7] । ਲੀਲ੍ਹਾ ਕਰਹੀਂ ਨਰਕ ਨਿਵਾਰਨ[8]।
ਹੁਤੀ ਸ੍ਨਾਧ[(*1)] ਕੀ ਬਿਧਿ ਜੋ ਸਾਰੀ । ਭਲੀ ਪ੍ਰਕਾਰ ਕੀਨਿ ਅਘਹਾਰੀ[9] ॥੭॥

ਉਠ ਪੁਨ ਗਮਨੇ ਦੇਗ਼ ਸਥਾਨਾ । ਸਰਬ ਬਿਲੋਕੇ ਭੋਜਨ ਨਾਨਾ।
ਠੌਰ ਠੌਰ ਨਰ ਭੇਜ ਬੁਲਾਏ । ਸੁਨ ਆਇਸੁ[10] ਸਬ ਹੀ ਚਲ ਆਏ ॥੮॥

SikhBookClub.Com

ਅਧਿਆਇ ਪਚਵੰਜਵਾਂ
(ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੀਆਂ ਤਿਆਰੀਆਂ)

ਦੋਹਰਾ

ਅਹੰਤਾ (ਹਉਮੈ ਰੂਪੀ) ਬੀਜ ਹੈ, ਮਮਤਾ (ਰੂਪੀ) ਜੜ੍ਹ[1] ਹੈ, ਪਿਆਰ ਤੇ ਵੈਰ, ਵੱਡੇ ਟਾਹਣੇ[2] ਹਨ, (ਇਹ ਜੋ ਜੀਵ ਦਿਸ ਰਹੇ ਹਨ) ਇਹ ਪੱਤੇ ਹਨ। ਜੋ ਫਲ-ਫੁੱਲ ਲੱਗੇ ਹਨ (ਇਨ੍ਹਾਂ ਜੀਵ ਰੂਪੀ ਪੱਤਿਆਂ ਨੂੰ) ਇਹ ਦੁੱਖ-ਸੁੱਖ ਹਨ। (ਹੇ ਮਨ) ਗੁਰੂ ਜੀ ਨੂੰ ਸਿਮਰ, ਤਾਂ ਜੋ ਇਸ ਅਗਿਆਨ ਰੂਪੀ ਦਰਖਤ ਦਾ ਨਾਸ਼ ਹੋਵੇ। ॥੧॥

ਚੌਪਈ

ਸਪਤਮੀ (ਸੱਤਵੀਂ) ਦਾ ਸਾਰਾ ਦਿਨ[3], ਇਸ ਤਰਾਂ ਹੀ ਬੀਤ ਗਿਆ ਸੀ, ਜਿਸ ਤਰਾਂ ਵਰਣਨ ਕੀਤਾ ਹੈ। ਪਿੰਡਾਂ ਦੇ ਲੋਕ ਜੋ ਉਥੇ ਪਹੁੰਚੇ ਹੋਏ ਸਨ, ਉਹ ਸਾਰੇ ਹੀ ਕਰਤਾਰਪੁਰ ਰਹਿ ਪਏ। ॥੨॥

ਰਾਤ ਨੂੰ ਉਹ ਉਥੇ ਹੀ ਡੇਰਾ ਕਰਕੇ ਸੌਂ ਗਏ। ਜਿਨ੍ਹਾਂ ਦੇ ਮਨ ਗੁਰੂ ਦਰਸ਼ਨ ਦੇ ਪ੍ਰੇਮ ਵਿੱਚ ਭਿੱਜੇ ਹੋਏ ਸਨ। ਜਦੋਂ ਸਵਾ-ਪਹਿਰ ਰਾਤ[4] ਰਹਿ ਗਈ ਤਾਂ ਸਭ ਨੇ ਉਠ ਕੇ ਇਸ਼ਨਾਨ ਕੀਤਾ। ॥੩॥

ਫਿਰ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗਏ। ਉਨ੍ਹਾਂ ਗੁਰੂ ਜੀ ਦੇ ਚਰਨ-ਕਮਲਾਂ ਵਿੱਚ ਸੀਸ ਨਿਵਾਏ। ਇੱਕ ਮਨ ਹੋ ਕੇ ਕੀਰਤਨ ਸੁਣਨ ਲੱਗੇ, ਜਿਸ ਨੂੰ ਸੁਣਿਆਂ ਹਿਰਦੇ ਵਿੱਚ ਕੋਈ ਵਿਸ਼ੇ-ਵਿਕਾਰ ਨਹੀਂ ਵਿਆਪਦਾ। ॥੪॥

ਅਸ਼ਟਮੀ ਵਾਲੇ ਦਿਨ ਜਦੋਂ ਸੂਰਜ[5] ਚੜ੍ਹਿਆ ਤਾਂ ਭਾਂਤ-ਭਾਂਤ ਦੇ ਭੋਜਨ ਤਿਆਰ ਕੀਤੇ ਗਏ। ਸੁੱਖਾਂ ਦੀ ਰਾਸ (ਗੁਰੂ ਜੀ) ਧਰਮਸਾਲਾ ਵਿੱਚੋਂ ਉਠ ਕੇ ਮਾਤਾ ਸੁਲੱਖਣੀ ਜੀ ਕੋਲ ਘਰੇ ਗਏ। ॥੫॥

ਬਹੁਤ ਹੀ ਮਰਯਾਦਾ (ਵਿਧੀ) ਅਨੁਸਾਰ (ਗੁਰੂ ਜੀ) ਸ਼ਰਾਧ ਕਰਾਉਣ ਲੱਗੇ, ਜਿਸ ਪਰਮ-ਅਥਾਹ[6] (ਗੁਰੂ ਜੀ), ਜਿੰਨ੍ਹਾਂ ਦਾ ਸੰਤ ਸਿਮਰਨ ਕਰਦੇ ਹਨ। ਜਿਨ੍ਹਾਂ ਦਾ ਨਾਮ ਲਿਆਂ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ, ਅਜਿਹੇ ਗੁਰੂ ਜੀ ਵਾਸਤੇ ਸ਼ਰਾਧ ਕਰਵਾਉਣਾ ਕਿਸ ਕੰਮ ਸੀ? ॥੬॥

ਫਿਰ ਵੀ ਲੋਕ-ਮਰਿਯਾਦਾ ਦਾ ਪਾਲਣ[7] ਕਰਦੇ ਹੋਏ ਨਰਕ ਤੋਂ ਛੁਟਕਾਰਾ[8] ਦੁਆਉਣ ਵਾਲੇ (ਗੁਰੂ ਜੀ) ਇਕ ਲੀਲਾ ਹੀ ਰਚਾ ਰਹੇ ਸਨ ।(ਇਸ ਤਰਾਂ) ਪਾਪਾਂ ਦਾ ਨਾਸ਼[9] ਕਰਨ ਹਾਰੇ ਗੁਰੂ ਜੀ ਨੇ, ਬਹੁਤ ਚੰਗੀ ਤਰਾਂ ਨਾਲ ਸ਼ਰਾਧ ਕਰਨ ਦੀ ਸਾਰੀ ਵਿਧੀ ਭਲੀ ਪ੍ਰਕਾਰ ਕੀਤੀ ॥੭॥

ਫਿਰ ਉਹ ਉੱਠ ਕੇ ਲੰਗਰ ਵਾਲੇ ਸਥਾਨ 'ਤੇ ਚਲੇ ਗਏ। ਉਨ੍ਹਾਂ ਨੇ ਅਨੇਕਾਂ ਪ੍ਰਕਾਰ ਦੇ ਭੋਜਨ ਤੱਕੇ। ਥਾਉਂ-ਥਾਉਂ ਬੰਦੇ ਭੇਜ ਕੇ (ਲੋਕਾਂ ਨੂੰ) ਬੁਲਾਇਆ ਗਿਆ। ਗੁਰੂ ਜੀ ਦੀ ਆਗਿਆ[10] ਸੁਣ ਕੇ ਸਾਰੇ ਹੀ ਚੱਲ ਆਏ ਸਨ ॥੮॥

SikhBookClub.Com

ਪੰਡਿਤ ਸੰਨਜਾਸੀ ਬੈਰਾਗੀ । ਜੋਗੀ ਪੁਨ ਆਏ ਬਡਭਾਗੀ।
ਅਵਰ ਭੇਖ ਕੇਤਿਕ ਤਿਹ ਆਏ । ਸਬ ਗੁਰ ਪਾਂਤਹਿਪਾਂਤਿ ਬਸਾਏ॥੯॥

ਚਾਰ ਬਰਨ ਹਿੰਦੂ ਤਿਹ ਥਾਂਈ । ਭਿੰਨ ਭਿੰਨ ਸਭ ਦੀਨ ਬਿਠਾਈ।
ਮਿਲੇ ਬਹੁਤ ਸਿੱਖ ਸੇਵਕ ਬ੍ਰਿੰਦਾ[1] । ਪਾਂਤਿ[2] ਬਸਾਈ ਸ੍ਰੀ ਸੁਖਕੰਦਾ॥੧੦॥

ਆਇਸੁ ਦੀਨ ਅਰਾਲਕ[3] ਤਾਈਂ । 'ਪ੍ਰਥਮੇ ਸਤਿਨਾਮ ਮੁਖ ਗਾਈ।
ਸਭ ਕੋ ਦਿਹੁ ਅਹਾਰ ਬਰਤਾਈ । ਜੇ ਕੋ ਚਹੈ ਸੁ ਦਿਹੁ ਪਹੁੰਚਾਈ'॥੧੧॥

ਊਚੇ ਥਲ ਪਰ ਬੈਠੇ ਸੁਆਮੀ । ਸਬਨ ਬਿਲੋਕਤ ਅੰਤਰਜਾਮੀ!।
ਪ੍ਰੋਸਨ ਲਗੇ ਅਹਾਰ ਘਨੇਰਾ । ਬਹੁਤ ਰਸੋਈਏ ਹ੍ਵੈ ਬਿਨ ਦੇਰਾ॥੧੨॥

ਏਕ ਬਾਰ ਦੇ ਆਵਹਿਂ ਜਾਂਹੀ । ਬਹੁਰ ਨ ਜਾਚਨ ਕੀ ਰਹਿ ਚਾਹੀ।
ਜਹਿਂ ਮਾਨਵ ਕੀ ਗਿਨਤੀ ਨਾਹੀਂ । ਸਬਨ ਦੀਨ ਕੋ ਛੂਛ[4] ਨ ਆਹੀ॥੧੩॥

ਪੰਚਾਮ੍ਰਿੱਤ[5] ਕਚੌਰੀ ਪੂਰੀ । ਪਾਇਸ[6] ਪੂਪ[7] ਸਾਦ ਜਿਨ ਭੂਰੀ[8]।
ਸਿਤਾ[9] ਘ੍ਰਿੱਤ ਬਹੁ ਊਪਰ ਪਾਏ । ਦਧਿ[10] ਸਲਵਨ ਨੀਕੇ[11] ਮਨ ਭਾਏ॥੧੪॥

ਸੂਖਮ ਚਾਵਰ ਪਹਿਤ[12] ਜੁ ਚਾਹੀ । ਤੁਰਤ ਪੁਚਾਵਹਿਂ ਸਭ ਕੇ ਪਾਹੀ।
ਭਯੋ ਅਹਾਰ ਅਖੁਟ ਸਭ ਭਾਂਤੀ । ਬਿਸਮ ਭਏ ਗਤਿ ਕਿਨੈ ਨ ਜਾਤੀ॥੧੫॥

ਸਰਬ ਅਘਾਇ[13] ਉਠੇ ਜਿਹ ਕਾਲਾ । ਕਹਜੋ ਅਰਾਲਕ ਸੰਗ ਕ੍ਰਿਪਾਲਾ।
'ਲੇਹੁ ਅਚਵ[14] ਅਬ ਆਪ ਅਹਾਰਾ । ਬਹੁਰ ਦੇਗ ਕੀ ਕੀਜੈ ਕਾਰਾ॥੧੬॥

ਜਾਮ ਜਾਮਨੀ[15] ਲੌ ਜੋ ਕੋਈ । ਆਵਹਿ ਜੇ,ਅਚਵਾਉ ਰਸੋਈ'।
ਅਸ ਕਹਿ ਧਰਮਸਾਲ ਪ੍ਰਭੁ ਆਏ । ਬੈਠੇ ਨਰ ਦਰਸਹਿਂ ਸੁਖ ਪਾਏ॥੧੭॥

SikhBookClub.Com

ਪੰਡਤ, ਸੰਨਿਆਸੀ, ਬੈਰਾਗੀ ਅਤੇ ਜੋਗੀ ਆਦਿ ਸਭ ਵੱਡੇ ਭਾਗਾਂ ਵਾਲੇ ਪਹੁੰਚ ਗਏ ਸਨ। ਹੋਰ ਕਈ ਰੂਪਾਂ (ਭੇਸਾਂ) ਵਾਲੇ ਉਥੇ ਆਣ ਪਹੁੰਚੇ ਸਨ। ਸਾਰਿਆਂ ਨੂੰ ਗੁਰੂ ਜੀ ਨੇ ਪੰਗਤੀਆਂ ਲੁਆ ਕੇ ਬਿਠਾ ਦਿੱਤਾ ਸੀ। ॥੯॥

ਚੌਹਾਂ ਵਰਣਾਂ ਦੇ ਹਿੰਦੂ ਲੋਕਾਂ, ਜੋ ਉਥੇ ਪਹੁੰਚੇ ਸਨ, ਉਨ੍ਹਾਂ ਨੂੰ ਵੀ ਅਲੱਗ-ਅਲੱਗ ਪੰਗਤੀਆਂ ਵਿੱਚ ਬਿਠਾ ਦਿੱਤਾ ਸੀ। ਸਿੱਖ-ਸੇਵਕ ਬਹੁਤ[1] ਗਿਣਤੀ ਵਿੱਚ ਆ ਕੇ ਮਿਲੇ ਸਨ, ਉਨ੍ਹਾਂ ਦੀਆਂ ਪੰਗਤਾਂ[2] ਸੁੱਖਾਂ ਦੇ ਮੂਲ (ਗੁਰੂ ਜੀ) ਨੇ ਬਿਠਾ ਦਿੱਤੀਆਂ ਸਨ। ॥੧੦॥

ਜੋ ਰਸੋਈਏ[3] ਸਨ, ਗੁਰੂ ਜੀ ਨੇ ਉਨ੍ਹਾਂ ਸੱਭ ਨੂੰ ਆਗਿਆ ਦਿੱਤੀ ਕਿ ਸਭ ਤੋਂ ਪਹਿਲਾਂ ਮੁੱਖੋਂ ਸਤਿਨਾਮ ਦਾ ਉਚਾਰਨ ਕਰੋ। ਫਿਰ ਸਭ ਨੂੰ ਲੰਗਰ ਵਰਤਾ ਦੇਵੋ। ਜੇ ਕੋਈ ਮੰਗੇ ਤਾਂ ਉਹੋ ਉਸ ਪਾਸ ਪਹੁੰਚਦਾ ਵੀ ਕਰਨਾ।" ॥੧੧॥

ਸੁਆਮੀ (ਗੁਰੂ ਜੀ) ਆਪ ਉੱਚੀ ਥਾਂ 'ਤੇ ਬੈਠੇ ਹੋਏ ਸਨ। ਉਥੋਂ ਜਾਣੀ-ਜਾਣ (ਗੁਰੂ ਜੀ) ਸਭ ਨੂੰ ਦੇਖ ਰਹੇ ਸਨ। ਬਹੁਤ ਸਾਰੇ ਰਸੋਈਏ ਜੋ ਬਿਨਾਂ ਦੇਰੀ ਦੇ ਖੁੱਲ੍ਹਾ-ਡੁੱਲ੍ਹਾ ਭੋਜਨ ਵਰਤਾਉਣ ਲੱਗ ਪਏ ਸਨ। ॥੧੨॥

ਜਿਸ ਨੂੰ ਉਹ ਇੱਕ ਵਾਰੀ ਦੇ ਆਉਂਦੇ, ਉਸ (ਖਾਣ ਵਾਲੇ) ਨੂੰ, ਦੁਬਾਰਾ ਮੰਗਣ ਦੀ ਲੋੜ ਹੀ ਨਾ ਰਹਿੰਦੀ। ਜਿੱਥੇ ਲੋਕਾਂ ਦੀ ਗਿਣਤੀ ਹੀ ਨਹੀਂ ਸੀ ਹੋ ਸਕਦੀ, ਉਥੇ ਸਭ ਨੂੰ ਭੋਜਨ ਵਰਤਾ ਦਿੱਤਾ ਗਿਆ, ਕੋਈ ਖਾਲੀ[4] ਨਾ ਗਿਆ। ॥੧੩॥

ਕੜਾਹ[5], ਕਚੌਰੀਆਂ, ਪੂਰੀਆਂ, ਖੀਰ[6], ਪੂੜੇ[7], ਬਹੁਤ[8] ਹੀ ਸਵਾਦੀ ਸਨ। ਜਿਨ੍ਹਾਂ 'ਤੇ ਖੰਡ[9]-ਘਿਉ ਪਾਇਆ ਸੀ ਤੇ ਦਹੀਂ[10]-ਸਲੂਣੇ ਵੀ ਬਹੁਤ ਸੁੰਦਰ[11] ਅਤੇ ਮਨਭਾਉਂਦੇ ਸਨ ॥੧੪॥

ਨਰਮ-ਨਰਮ ਦਾਲ[12]-ਚਾਵਲ ਦੀ ਜੋ ਮੰਗ ਕਰਦਾ, ਉਸ ਪਾਸ ਤੁਰੰਤ ਹੀ ਪੁਚਾ ਦਿੱਤੇ ਜਾਂਦੇ। ਇਸ ਤਰਾਂ ਹਰ ਤਰਾਂ ਨਾਲ ਅਤੁੱਟ ਲੰਗਰ ਵਰਤਿਆ ਵੇਖ ਕੇ ਲੋਕੀਂ ਹੈਰਾਨ ਸਨ। ਗੁਰੂ ਜੀ ਦੀ ਇਸ ਗਤੀ ਨੂੰ ਕੋਈ ਨਾ ਜਾਣ ਸਕਿਆ। ॥੧੫॥

ਜਦੋਂ ਸਾਰੇ ਲੋਕੀਂ ਰੱਜ[13] ਕੇ ਉੱਠ ਖਲੋਤੇ ਤਾਂ ਉਸ ਵਕਤ ਕਿਰਪਾਲੂ (ਗੁਰੂ ਜੀ) ਨੇ ਸਾਰੇ ਰਸੋਈਆਂ ਨੂੰ ਕਿਹਾ, "ਹੁਣ ਤੁਸੀਂ ਆਪ ਲੰਗਰ ਛਕ[14] ਲਵੋ। ਫਿਰ ਲੰਗਰ (ਵਰਤਾਉਣ) ਦਾ ਕੰਮ ਬਾਅਦ ਵਿੱਚ ਕਰੀ ਜਾਣਾ। ॥੧੬॥

ਪਹਿਰ ਰਾਤ[15] ਬੀਤੀ ਤੱਕ ਜੋ ਵੀ ਆਵੇ, ਉਸ ਨੂੰ ਲੰਗਰ ਛਕਾਉਂਦੇ ਰਹਿਣਾ।" ਇਹ ਕਹਿ ਕੇ ਪ੍ਰਭੂ ਰੂਪ ਗੁਰੂ ਜੀ ਆਪ ਧਰਮਸਾਲਾ ਵਿੱਚ ਆ ਗਏ, ਜਿਥੇ ਬੈਠੇ ਹੋਏ ਲੋਕ ਉਨ੍ਹਾਂ ਦੇ ਦਰਸ਼ਨ ਕਰਕੇ ਸੁੱਖ ਪ੍ਰਾਪਤ ਕਰਦੇ ਸਨ ॥੧੭॥

SikhBookClub.Com

ਦੂਰ ਦੂਰ ਲੌ ਸੁਧ ਅਸ ਹੋਈ । 'ਲਗੇ ਸਮਾਵਨ ਜਗ ਗੁਰ ਜੋਈ'।
ਸੁਨ ਸੁਨ ਧਨੀ ਸ਼ਾਹ ਜੇ ਰਾਜਾ । ਤੂਰਨ[1] ਆਵਹਿਂ ਤਜ ਤਜ ਕਾਜਾ॥੧੮॥

ਹਿੰਦੂ ਤੁਰਕ ਸੁਨਹਿ ਜੇ ਕੋਈ । ਆਵਹਿ ਧਾਇ ਦੇਖ ਹੈ ਸੋਈ।
ਪਾਰਸ ਲੇਨ ਰੰਕ[2] ਜਿਮ ਦੌਰੇ । ਆਵਹਿਂ ਮਗ ਗੁਰ ਕੋ ਚੌਫੇਰੇ॥੧੯॥

ਨਰ ਨਾਰੀ ਉਰ ਧਾਰ ਹੁਲਾਸੂ । ਭੇ ਬਿਰਕਤ[3] ਸਮ ਤਜੇ ਅਵਾਸੂ।
ਗ੍ਰਾਮ ਨਗਰ ਜਹਿਂ ਤਹਿਂ ਸੁਧ ਹੋਈ । ਟੋਨਾ ਕਰ ਮੋਹੇ ਜਨੁ ਸੋਈ॥੨੦॥

ਬਰਜੇ ਰਹੈਂ ਨ ਕਿਸੂ ਪ੍ਰਕਾਰਾ । ਆਵਹਿਂ ਗਮਨੇ ਪੁਰ ਕਰਤਾਰਾ।
ਜਿਨਕੋ ਸ਼ਕਤਿ ਚਲਨ ਮਗ ਨਾਂਹੀ । ਦੁਰਬਲ ਅੰਗਹੀਨ ਜੇ ਆਹੀਂ॥੨੧॥

ਦੋਹਰਾ

ਬਾਤ ਸੁਨਹਿਂ ਜਿਸ ਨਿਕਟਿ ਤੇ ਸ਼੍ਰਵਨ[4] ਦੁਆਰਾ ਸੋਇ।
ਪਾਵਤ ਬਲ ਜਨੁ ਤਨ ਬਿਖੈ ਚਲਨ ਹਰਖ ਮਨ ਹੋਇ॥੨੨॥

ਚੌਪਈ

ਬਿਦਤ[5] ਭਈ ਸੁਧ ਜਹਿਂ ਤਹਿਂ ਸਾਰੇ। —ਲਗੇ ਤਜਨ ਤਨ ਪ੍ਰਥਮ ਉਚਾਰੇ —।
ਜਿਹ ਜਿਹ ਸੁਨੀ, ਸ਼ਕਤਿ ਜਿਹ ਆਵਨ । ਧਾਏ ਨਰ ਨਿਜ ਦੇਖ ਨਸਾਵਨ॥੨੩॥

ਸ੍ਰੀ ਮੁਖਿ ਸੋਂ ਅਸ ਆਇਸੁ ਹੋਈ । 'ਦੇਗ਼[6] ਅਹਾਰ ਅਚੈ ਸਭ ਕੋਈ।
ਨੀਚ ਕਿ ਊਚ ਰਾਇ ਕੈ ਰਾਨਾ । ਭੋਜਨ ਖਾਇਂ ਦੇਗ ਤੇ ਨਾਨਾ॥੨੪॥

ਅਪਨਾ[7] ਕੋ ਨ ਕਰਹਿ ਪੁਰ ਆਏ' । ਸੁਨ ਸਿੱਖਨ ਸਭਹੂੰਨ ਸੁਨਾਏ।
ਅਸ਼ਟਮਿ ਦਿਵਸ ਬਿਤੀਤਜੋ ਸੋਈ । ਸ੍ਰੀ ਗੁਰ ਨਿਕਟ ਭੀਰ ਬਹੁ ਹੋਈ॥੨੫॥

ਏਕ ਸਹਸ[8] ਦੋ ਸਹਸ ਕੇ ਟੋਲਾ । ਆਇ ਹਟਹਿਂ ਕਰ ਦਰਸ ਅਮੋਲਾ।
ਮਿਲਹਿਂ ਪਰਸਪਰ ਸੁਜਸ ਸੁਨਾਵਹਿਂ । ਸ੍ਰੀ 'ਨਾਨਕ! ਸ੍ਰੀ ਨਾਨਕ!!' ਗਾਵਹਿਂ॥੨੬॥

SikhBookClub.Com

ਦੂਰ-ਦੂਰ ਤਕ ਇਹ ਖ਼ਬਰ ਪਹੁੰਚ ਗਈ, "ਜੋ ਜਗਤ ਗੁਰੂ ਜੀ ਹਨ (ਉਹ) ਜੋਤੀ-ਜੋਤ ਸਮਾਵਣ ਲੱਗੇ ਹਨ।" ਇਹ ਸੁਣ-ਸੁਣ ਕੇ ਧਨੀ, ਸ਼ਾਹ, ਰਾਜੇ ਆਦਿ ਸਾਰੇ ਹੀ ਆਪਣੇ ਕੰਮ-ਧੰਦੇ ਵਿੱਚੇ ਛੱਡ ਕੇ ਤੁਰੰਤ[1] ਹੀ ਆਉਣ ਲੱਗ ਪਏ ਸਨ ॥੧੮॥

ਹਿੰਦੂ, ਤੁਰਕ ਜੋ ਵੀ ਸੁਣਦਾ, ਗੁਰੂ ਜੀ ਦੇ ਦਰਸ਼ਨ ਕਰਨ ਲਈ ਭੱਜਾ ਆਉਂਦਾ। ਗੁਰੂ ਜੀ ਦੇ ਦਰਸ਼ਨਾਂ ਲਈ ਚਾਰ-ਚੁਫੇਰੇ ਰਸਤਿਆਂ ਤੋਂ ਲੋਕੀਂ ਇਸ ਤਰਾਂ ਦੌੜੇ ਚਲੇ ਆਉਣ, ਜਿਵੇਂ ਗਰੀਬ[2] ਬੰਦਾ ਪਾਰਸ ਲੈਣ ਲਈ ਭੱਜਦਾ ਹੁੰਦਾ ਹੈ। ॥੧੯॥

ਬੰਦੇ, ਔਰਤਾਂ ਸਾਰੇ ਚਾਉ (ਹੌਸਲੇ ਤੇ ਖੁਸ਼ੀ) ਨਾਲ ਤਿਆਗੀਆਂ[3] ਵਾਂਗ ਘਰਾਂ ਨੂੰ ਛੱਡ ਕੇ ਚਲੇ ਆ ਰਹੇ ਸਨ। ਪਿੰਡਾਂ, ਸ਼ਹਿਰਾਂ ਵਿੱਚ ਜਿਥੇ ਕਿਤੇ ਵੀ ਖਬਰ ਪਹੁੰਚੀ, ਲੋਕੀਂ ਇਸ ਤਰਾਂ (ਗੁਰੂ ਜੀ ਦੇ ਦਰਸ਼ਨਾਂ ਨੂੰ) ਖਿੱਚੇ ਆਉਣ, ਜਾਣੋ ਟੂਣੇ ਕਰਕੇ ਮੋਹਤ ਕਰ ਦਿੱਤੇ ਹੋਣ। ॥੨੦॥

ਕਿਸੇ ਤਰਾਂ ਵੀ ਉਹ ਰੋਕਿਆਂ ਨਹੀਂ ਸਨ ਰੁਕਦੇ। ਉਹ ਸਭ ਹੀ ਕਰਤਾਰਪੁਰ ਆ ਰਹੇ ਸਨ। ਜੋ ਅੰਗਹੀਣ, ਕਮਜ਼ੋਰ ਸਨ ਅਤੇ ਜਿਨ੍ਹਾਂ 'ਚ ਤੁਰਨ ਦੀ ਸਮਰੱਥਾ ਵੀ ਨਹੀਂ ਸੀ ॥੨੧॥

ਦੋਹਰਾ

ਉਹ ਜਦ ਕਿਸੇ ਕੋਲੋਂ ਆਪਣੇ ਕੰਨਾਂ[4] ਵਿੱਚ ਇਹ ਗੱਲ ਸੁਣਦੇ (ਕਿ ਗੁਰੂ ਜੀ ਜਾ ਰਹੇ ਹਨ), ਉਹ ਸਰੀਰ ਵਿੱਚ ਅਜਿਹੀ ਤਾਕਤ ਪ੍ਰਾਪਤ ਕਰ ਲੈਂਦੇ ਤੇ ਮਨੋ ਅਨੰਦਤ ਹੋ ਕੇ ਚੱਲ ਪੈਂਦੇ। ॥੨੨॥

ਚੌਪਈ

ਇਹ ਖਬਰ ਸਭ ਪਾਸੀਂ ਫੈਲ[5] ਗਈ ਕਿ -ਗੁਰੂ ਜੀ ਨੇ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਉਨ੍ਹਾਂ ਨੇ ਸਰੀਰ ਤਿਆਗ ਦੇਣਾ ਹੈ-। ਜਿਸ-ਜਿਸ ਨੇ ਵੀ ਇਹ ਖਬਰ ਸੁਣੀ ਅਤੇ ਜਿਸ ਵਿੱਚ ਆਉਣ ਦੀ ਤਾਕਤ ਸੀ, ਉਹ ਆਪਣੇ ਪਾਪ ਦੂਰ ਕਰਵਾਉਣ ਲਈ ਭੱਜੇ ਆਉਂਦੇ ਸਨ। ॥੨੩॥

ਗੁਰੂ ਜੀ ਦੇ ਮੁੱਖ ਤੋਂ ਆਗਿਆ ਹੋਈ, "ਹਰ ਇਕ ਲੰਗਰ[6] ਵਿਚੋਂ ਭੋਜਨ ਛਕੇ । ਭਾਵੇਂ ਕੋਈ ਉੱਚਾ ਜਾਂ ਨੀਵਾਂ ਹੋਵੇ ਅਤੇ ਭਾਵੇਂ ਕੋਈ ਰਾਜਾ ਜਾਂ ਰਾਣਾ ਹੋਵੇ, ਲੰਗਰ ਵਿੱਚੋਂ ਭਾਂਤ-ਭਾਂਤ ਦੇ ਭੋਜਨ ਛਕਣ ॥੨੪॥

ਕਰਤਾਰਪੁਰ ਵਿੱਚ ਆ ਕੇ ਕੋਈ ਵੀ ਆਪਣਾ[7] ਭੋਜਨ ਨਾ ਤਿਆਰ ਕਰੇ।" ਸਿੱਖਾਂ ਨੇ ਗੁਰਾਂ (ਦਾ ਆਦੇਸ਼) ਸੁਣ ਕੇ ਸਭ ਨੂੰ ਦੱਸ ਦਿੱਤਾ । ਉਨ੍ਹਾਂ ਦਾ ਅਸ਼ਟਮੀ ਦਾ ਦਿਨ ਬੀਤ ਗਿਆ ਸੀ, ਗੁਰੂ ਜੀ ਦੇ ਕੋਲ ਬਹੁਤ ਸੰਗਤ ਜੁੜ ਗਈ ਸੀ। ॥੨੫॥

ਸੌ-ਸੌ[8], ਦੋ-ਦੋ ਸੌ ਦੀਆਂ ਟੋਲੀਆਂ ਆ ਰਹੀਆਂ ਸਨ ਅਤੇ ਗੁਰੂ ਜੀ ਦੇ ਵਡਮੁੱਲੇ ਦਰਸ਼ਨ ਕਰਕੇ ਪਿੱਛੇ ਮੁੜਦੀਆਂ ਜਾਂਦੀਆਂ । ਉਹ ਮਿਲ ਕੇ ਗੁਰੂ ਜੀ ਦਾ ਸੋਹਣਾ ਜਸ ਸੁਣਾਉਂਦੇ "ਹੇ ਸ੍ਰੀ ਨਾਨਕ! ਹੇ ਸ੍ਰੀ ਨਾਨਕ!" ਕਹਿੰਦੇ ਹੋਏ ਗਾਉਂਦੇ ਸਨ। ॥੨੬॥

SikhBookClub.Com

ਜੈ ਜੈਕਾਰ ਜਹਾਂ ਤਹਿਂ ਹੋਵਤਿ । ਮਨਹੁ[1] ਕੁਕਰਮਨਿ ਕੀ ਮਲ ਧੋਵਤ।
ਦੇਖਹਿਂ ਕਰੁਨਾ ਦ੍ਰਿਸ਼ਟ ਕ੍ਰਿਪਾਲਾ । ਜਸ ਇੱਛਾ ਤਸ ਪੁਰਹਿਂ ਦਯਾਲਾ॥੨੭॥

ਬਿੱਪ੍ਰ[2] ਬੈਸ ਖੱਤ੍ਰੀ ਬਹੁ ਆਏ । ਸ਼ੂਦਰ ਤੁਰਕ ਭੀਰ ਧਰ ਭਾਏ।
ਜੇ[3] ਮੁਲਤਾਨ ਮਦੀਨੇ ਮਾਂਹੀ । ਮੱਕੇ ਪੀਰ ਸ਼ਕਤਿ ਧਰ ਆਹੀ॥੨੮॥

ਗੁਰ ਸੁਧ ਸੁਨਤ ਬੇਗ[4] ਸੋ ਆਏ । ਦਰਸ਼ਨ ਕਰਹਿਂ ਜਨਮ ਫਲ ਪਾਏ।
ਅੰਬੀਏ[5] ਬਹੁਰ ਔਲੀਏ[6] ਜੇਈ । ਹੁਤੇ ਪਿਕੰਬਰ, ਆਏ ਤੇਈ[7] ॥੨੯॥

ਸਬਕੋ ਆਇਸੁ ਖਾਨ ਅਹਾਰਾ । ਬਰਤੈ ਦੇਗ ਸੁ ਪ੍ਰਥਮ ਪ੍ਰਕਾਰਾ।
ਜੱਦਪਿ[8] ਅਨਗਨ ਮਾਨਵ ਭੀਰੰ । ਤੋਟ ਨ ਆਵਤ ਭਈ ਗਹੀਰੰ[9] ॥੩੦॥

ਦੇਖਤ ਬਿਸਮੈਂ ਹ੍ਵੈ ਨਰ ਜਾਂਹੀ । ਇਤੋ ਅਹਾਰ ਆਇ ਕਿਸ ਥਾਹੀ।
ਲਖ ਨ ਸਕੈ,! ਸਬ ਕੀ ਮਤਿ ਹਾਰੀ । 'ਧੰਨ ਧੰਨ ਸ੍ਰੀ ਗੁਰੂ' ਉਚਾਰੀ॥੩੧॥

ਭੀਰ ਪ੍ਰਭੂ ਕੇ ਭਈ ਚੁਫੇਰੇ । ਬੰਦਹਿਂ, ਜਾਨਹਿਂ —ਭਾਗ ਬਡੇਰੇ।
ਜਨਮ ਹਮਾਰੋ ਸਫਲੋ ਹੋਵਾ । ਜਗ ਗੁਰੁ ਕੋ ਇਸ ਛਿਨ ਮੁਖ ਜੋਵਾ[10]—॥੩੨॥

ਛਪੈ ਛੰਦ

ਚਉਰਾਸੀ ਜੇ ਸਿੱਧ ਨਾਥ ਨਉਂ ਜਤੀ ਮਿਲੇ ਤਬ।
ਸੁਧ ਸੁਨ ਸ੍ਰੋਨਨ ਬਿਖੈ ਸੰਗ ਗੋਰਖ ਲੈਕੇ ਸਬ ।
ਗਮਨ ਕੀਨ ਤਤਕਾਲ ਆਇਗੇ ਪੁਰ ਕਰਤਾਰਾ।
ਦਰਸ਼ਨ ਕਰ ਹਰਖਾਇ ਬਦਨ 'ਆਦੇਸ਼'ਉਚਾਰਾ।
ਪ੍ਰਭੂ ਜਥਾ[11] ਜੋਗ ਸਨਮਾਨ ਕਰ ਮ੍ਰਿਦੁਲ[12] ਬਚਨ ਕਰ ਪਰਸਪਰ।
ਪੁਨ ਤਟ ਡੇਰਾ ਐਰਾਵਤੀ[13] ਕਰਿਓ ਰਿਦੇ ਆਨੰਦ ਭਰ॥੩੩॥

SikhBookClub.Com

ਜਿਥੇ ਕਿਥੇ (ਗੁਰੂ ਜੀ ਦੇ ਜਸ ਦੀ) ਜੈ ਜੈਕਾਰ ਹੁੰਦੀ ਸੀ। ਮਾਨੋ[1] ਲੋਕੀਂ ਆਪਣੇ ਬੁਰੇ ਕਰਮਾਂ ਵਾਲੇ ਮਨਾਂ ਦੀ ਮੈਲ ਧੋ ਰਹੇ ਹੋਣ। ਕਿਰਪਾ-ਨਿਧਾਨ (ਗੁਰੂ ਜੀ) ਉਨ੍ਹਾਂ ਉੱਪਰ ਦਇਆ-ਦ੍ਰਿਸ਼ਟੀ ਨਾਲ ਤੱਕਦੇ ਅਤੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰ ਰਹੇ ਸਨ" ॥੨੭॥

ਬ੍ਰਾਹਮਣ[2], ਵੈਸ ਅਤੇ ਖੱਤਰੀ (ਵਗੈਰਾ) ਸਾਰੇ ਹੀ ਭਾਰੀ ਗਿਣਤੀ ਵਿੱਚ ਪਹੁੰਚੇ ਸਨ। ਸੂਦਰਾਂ ਤੋਂ ਇਲਾਵਾ ਤੁਰਕ ਵੀ ਬਹੁਤ ਗਿਣਤੀ ਵਿੱਚ ਸਨ।ਜੋ[3] ਮੁਲਤਾਨ, ਮਦੀਨੇ ਤੇ ਮੱਕੇ ਵਿੱਚ ਸ਼ਕਤੀਸ਼ਾਲੀ ਪੀਰ ਵੀ ਸਨ। ॥੨੮॥

ਉਹ ਗੁਰੂ ਜੀ ਦੀ ਇਹ ਖਬਰ ਸੁਣ ਕੇ ਤੇਜ਼ੀ[4] ਨਾਲ ਪਹੁੰਚ ਗਏ। ਜਿਨ੍ਹਾਂ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ। ਹੋਰ ਜੋ ਨਬੀ[5], ਵਲੀ[6] ਤੇ ਪੈਗੰਬਰ ਸਨ, ਉਹ[7] ਵੀ ਉਥੇ ਉਨ੍ਹਾਂ ਕੋਲ ਪਹੁੰਚੇ ਸਨ। ॥੨੯॥

ਸਾਰਿਆਂ ਨੂੰ ਭੋਜਨ ਛਕਣ ਦੀ ਆਗਿਆ ਦਿੱਤੀ ਗਈ ਸੀ। ਲੰਗਰ ਪਹਿਲਾਂ ਦੀ ਤਰਾਂ ਹੀ ਵਰਤ ਰਿਹਾ ਸੀ। ਭਾਵੇਂ[8] ਲੋਕਾਂ ਦੀ ਅਣਗਿਣਤ ਭੀੜ ਹੋ ਗਈ ਸੀ, ਫਿਰ ਵੀ ਲੰਗਰ ਭੰਡਾਰ[9] ਅਤੁੱਟ ਸੀ, ਕੋਈ ਤੋਟ ਨਹੀਂ ਸੀ ਆ ਰਹੀ। ॥੩੦॥

ਜੋ ਲੋਕ ਉਥੇ ਆਏ ਸਨ, ਇਹ ਵੇਖ ਕੇ ਬਹੁਤ ਹੀ ਹੈਰਾਨ ਹੋ ਰਹੇ ਸਨ ਕਿ ਇਤਨਾ ਭੋਜਨ ਕਿਥੋਂ ਆ ਰਿਹਾ ਹੈ? ਸਮਝ ਹੀ ਨਾ ਸਕੇ! ਉਨ੍ਹਾਂ ਸਭ ਦੀ ਮੱਤ ਹਾਰ ਗਈ ਸੀ ਤੇ ਸਾਰੇ "ਧੰਨ ਧੰਨ ਸ੍ਰੀ ਗੁਰੂ ਜੀ" ਦਾ ਉਚਾਰਨ ਕਰੀ ਜਾਂਦੇ ਸਨ। ॥੩੧॥

ਪ੍ਰਭੂ (ਗੁਰੂ) ਜੀ ਦੇ ਚਾਰ-ਚੁਫੇਰੇ ਬਹੁਤ ਭੀੜ ਇਕੱਤਰ ਹੋ ਗਈ ਸੀ। (ਲੋਕੀਂ) ਹੱਥ ਬੰਨ੍ਹੀਂ ਖੜ੍ਹੇ, ਆਪਣੇ-ਆਪ ਨੂੰ ਸਮਝਦੇ (ਕਿ) - ਅਸੀਂ ਬਹੁਤ ਵੱਡੇ ਭਾਗਾਂ ਵਾਲੇ ਹਾਂ। ਜਗਤ ਗੁਰੂ ਜੀ ਨਾਲ ਪਲ ਦੀ ਪਲ ਜੁੜ[10] ਕੇ ਸਾਡਾ ਜਨਮ ਸਫਲਾ ਹੋ ਗਿਆ ਹੈ-। ॥੩੨॥

ਛਪਯ ਛੰਦ

ਖਬਰ ਸੁਣ ਕੇ ਜੋ ਚੌਰਾਸੀ ਸਿੱਧ ਨਾਥ ਸਨ ਤੇ ਨੌਂ ਜਤੀ ਸਨ, ਸਾਰੇ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲੇ ਸਨ। ਆਪਣੇ ਕੰਨੀਂ ਇਹ ਖਬਰ ਸੁਣ ਕੇ ਸਭ ਗੋਰਖ ਨੂੰ ਨਾਲ ਲੈ ਕੇ ਉਥੋਂ ਚੱਲ ਪਏ ਸਨ ਤੇ ਜਲਦੀ-ਜਲਦੀ ਨਾਲ ਕਰਤਾਰਪੁਰ ਆ ਪਹੁੰਚੇ। ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਨੇ ਖੁਸ਼ ਹੋ ਕੇ ਮੁੱਖੋਂ "ਆਦੇਸ, ਆਦੇਸ" ਦਾ ਉਚਾਰਨ ਕੀਤਾ ਸੀ ਤਾਂ ਗੁਰੂ ਜੀ ਨੇ ਆਪਸ ਵਿੱਚ ਇੱਕ-ਦੂਜੇ ਨਾਲ ਕੋਮਲ[12] ਬਚਨ ਕੀਤੇ ਤੇ ਯੋਗਤਾ ਅਨੁਸਾਰ[11] ਸਭ ਦਾ ਆਦਰ-ਮਾਣ ਕੀਤਾ। ਫਿਰ ਗੁਰੂ ਜੀ ਨੇ ਖੁਸ਼ੀ-ਖੁਸ਼ੀ ਅਨੰਦ ਚਿੱਤ ਹੋ ਕੇ, ਰਾਵੀ[13] ਦੇ ਕਿਨਾਰੇ ਉੱਤੇ ਜਾ ਕੇ ਡੇਰਾ ਕਰ ਲਿਆ ॥੩੩॥

SikhBookClub.Com

ਤਿਹ ਅਨਮਿਖ[1] ਮੁਖ ਭਈ ਅਰੁਨਤਾ[2] ਜੋਤ ਪ੍ਰਕਾਸ਼ੀ ।
ਸਵਿਤਾ[3] ਦਿਪਤ ਪ੍ਰਭਾਤਿ,ਸਿਖ ਮੁਖ ਅਪਜ[4] ਬਿਗਾਸੀ ।
ਚਖ[5] ਚਕੋਰ ਚਿਤਵੰਤ ਚੰਦ੍ਰਮਾ ਚਾਰੁ ਬਦਨ ਛਬਿ।
ਦਰਸ਼ਨ ਕਰ ਸੁਖ ਪਾਇ ਰਹੇ ਬਿਸਮਾਇ ਰਿਦੇ ਸਬ ।
ਇਸ ਬਿਧਿ ਪ੍ਰਤਾਪ ਅਦਭੁਤ ਭਯੋ ਕਹਿ ਨ ਜਾਇ ਕਵਿ ਅਲਪ ਮਤਿ।
ਸਬ ਅਹਿਪਤ[6],ਗਣਪਤਿ[7],ਸਾਰਦਾ, ਲਖ ਨ ਸਕਹਿਂ ਜਿਹ ਅਲਖ ਗਤਿ॥ ੩੪॥

ਨੌਮੀ ਕੇ ਦਿਨ ਅਮਰ ਧਰੇ ਮਾਨੁਖ ਤਨ ਆਏ।ਇੰਦ੍ਰੰ, ਚੰਦ੍ਰ, ਦਿਨਿੰਦ[8], ਪੌਨ ਅਲਕਿੰਦ੍[9] ਸੁਹਾਏ।
ਬ੍ਰਿਸਪਤਿ, ਜਲਪਤਿ, ਜਯੰਤ[10] ਅਪਰ ਇਤਆਦਿਕ ਸਬਹੀ।
ਤੇਤਿਸ ਕੋਟ ਸੰਮੂਹ ਆਨ ਪਹੁੰਚਤ ਭੇ ਤਬਹੀ ।
ਪੁਨਿ ਚਤੁਰ ਬੇਦ ਨਿਜ ਰੂਪ ਧਰ ਪ੍ਰਗਟਿ ਭਏ ਕਰਤਾਰਪੁਰ ।
ਮਿਲਿ ਅਨਿਕ ਭਾਂਤਿ ਉਸਤਤਿ ਭਨਹਿਂ ਅਤਿ ਉਤਸ਼ਵ ਕਰ ਹਰਖ ਉਰ॥ ੩੫॥ (*2)

ਨਰਾਜ ਛੰਦ

'ਨਮਸਤ ਆਦਿ ਰੂਪਣੰ ਸਮਸਤ ਮੈਂ ਬਿਰਾਜ ਹੀ । ਮਯੰਕ[11] ਮਾਂਹਿ ਕ੍ਰਾਂਤਿ, ਮਾਰਤੰਡ[12] ਦੀਪ ਛਾਜਹੀ।
ਸਪੰਦ[13] ਮੈਂ ਪ੍ਰਭੰਜਨੰ[14] ਜਲੰ ਦ੍ਰਵੰਤ ਰੂਪ ਹੋ ।ਅਕਾਸ਼ ਮੈਂ ਵਿਕਾਸ਼ ਤੂੰ, ਧਰਾ ਧ੍ਰਿਤੀ[15] ਅਨੂਪ ਹੋ॥ ੩੬॥

ਸੁ ਤੇਜ ਮੈਂ ਹੁਤਾਸਨੰ[16],ਸਮੁੰਦ੍ ਮੈਂ ਗੰਭੀਰਤਾ । ਸੰਤੋਖ ਬਿੱਪ੍ ਬ੍ਰਿੰਦ ਜੇ ਛਤ੍ਰੀਨ ਬੀਚ ਬੀਰਤਾ।
ਮਝਾਰ[17] ਬੈਸ਼ ਬਾਨਜੰ, ਸੁ ਸੇਵ ਸੂਦ੍ ਵਾਨਯੰ। ਭਿਖਾਰ ਮਾਂਹਿਂ ਜਾਚਨਾ, ਦਤਾਰ ਮਾਂਹਿ ਦਾਨਯੰ॥ ੩੭॥

ਨਰੇਸ਼ ਮੈਂ ਨਰੇਸ਼ਤਾ ਸੁ ਰੰਕ ਮਾਂਹਿਂ ਰੰਕਤਾ । ਸਥਾਵਰੋ[18] ਸਥਿਰਤਤਾ, ਚਰੀ[19] ਬਿਖੈ ਚਰੰਤਤਾ।
ਕ੍ਰਿਪਾਲ ਮੈਂ ਦਯਾ ਸਰੂਪ, ਕ੍ਰੂਰ[20] ਮੈਂ ਸੁਕ੍ਰੂਰਤਾ । ਕਿ ਊਨ ਮਾਂਹਿ ਊਨਤਾ, ਸੰਪੂਰਨੰ ਸਪੂਰਤਾ॥ ੩੮॥

ਸਮੂਹ ਮੈਂ ਸਮੂਹ ਰੂਪ, ਬੀਜ ਬੀਚ ਬੀਜਤਾ । ਸਰੋਸ[21] ਮਾਂਹਿ ਰੋਸਤਾ, ਪ੍ਰਸੀਜ ਮੈਂ ਪ੍ਰਸੀਜਤਾ।
ਤਪੀ ਬਿਖੈ ਤਪੰਤਤਾ, ਪ੍ਰਕਾਸ਼ ਮੈਂ ਪ੍ਰਕਾਸ਼ਤਾ ।ਜਿ ਤੱਤ ਗਜ਼ਾਤ ਮਾਨਵੰ ਸੁ ਤਾਂਹਿ ਐਸ ਭਾਸਤਾ॥ ੩੯॥

SikhBookClub.Com

ਉਸੇ ਵਕਤ[1] ਗੁਰੂ ਜੀ ਦੇ ਮੁੱਖੜੇ 'ਤੇ ਸੁਰਖ਼[2] ਜੋਤ ਪ੍ਰਕਾਸ਼ਮਾਨ ਹੋਈ ਜਿਵੇਂ ਪਰਭਾਤ ਦਾ ਸੂਰਜ[3](ਲਾਲੀ-ਰੂਪ) ਪ੍ਰਕਾਸ਼ਦਾ ਹੈ । ਸਿੱਖਾਂ ਦੇ ਮੁੱਖ ਕਮਲ[4] ਵਾਂਗ ਖਿੜੇ ਸਨ। (ਸਿੱਖਾਂ ਦੇ) ਨੇਤਰ[5] ਚਕੋਰ ਵਾਂਗੂੰ ਹੋ ਕੇ ਗੁਰੂ ਜੀ ਦੇ ਸੋਹਣੇ ਮੁੱਖ ਦੀ ਚੰਦਰਮਾ ਵਰਗੀ ਛੱਬ (ਚਮਕ) ਨੂੰ ਵੇਖ ਰਹੇ ਸਨ। ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰਕੇ, ਖੁਸ਼ ਚਿੱਤ ਹੋਏ ਸੁੱਖ ਪ੍ਰਾਪਤ ਕਰਦੇ ਰਹੇ। ਇਸ ਤਰਾਂ ਬਹੁਤ ਹੀ ਗੁਰੂ ਜੀ ਦਾ ਅਦਭੁੱਤ ਪਰਤਾਪ ਪਰਗਟ ਹੋ ਰਿਹਾ ਸੀ (ਕਵੀ ਕਹਿੰਦਾ ਹੈ), ਮੈਥੋਂ, ਤੁੱਛ ਬੁੱਧੀ ਵਾਲੇ ਤੋਂ ਕਿਹਾ ਨਹੀਂ ਜਾ ਸਕਦਾ। ਸ਼ੇਸ਼ਨਾਗ[6], ਗਣੇਸ਼[7], ਸਰਸਵਤੀ ਸਾਰੇ ਵੀ ਇਸ ਅਲਖ ਗਤ (ਗੁਰੂ ਜੀ) ਦੀ ਲੱਖਣਾ ਨਹੀਂ ਸੀ ਲਾ ਸਕਦੇ। ॥੩੪॥

ਨੌਮੀ ਦੇ ਦਿਨ ਇੰਦਰ, ਚੰਦਰਮਾ, ਸੂਰਜ[8] (ਦੇਵਤੇ ਆਦਿ) ਜੋ ਅਮਰ ਹੋ ਚੁੱਕੇ ਸਨ ਤੇ ਅਲਕਾਪੁਰੀ ਦਾ ਮਾਲਕ ਕੁਬੇਰ[9] ਆਦਿ ਸਭ ਹੀ ਮਨੁੱਖੀ ਤਨ ਧਾਰ ਕੇ ਆਏ ਸੋਭਦੇ ਸਨ। ਉਦੋਂ ਹੀ ਬ੍ਰਹਸਪਤਿ, ਜਲਪਤੀ, ਉਪੇਂਦਰ[10] ਇੰਦਰ ਦਾ ਪੁੱਤਰ ਅਤੇ ਹੋਰ ਜੋ ਤੇਤੀ ਕਰੋੜ ਦੇਵਤੇ ਸਨ, ਉਥੇ ਆਣ ਪਹੁੰਚੇ ਸਨ। ਫਿਰ ਚਾਰੋਂ ਵੇਦ ਮਨੁੱਖੀ ਰੂਪ ਵਿੱਚ ਕਰਤਾਰਪੁਰ ਪਰਗਟ ਹੋਏ ਤੇ ਉਹ ਮਿਲ ਕੇ ਬਹੁਤ ਖੁਸ਼ ਹੋ ਕੇ ਮਨ ਹੀ ਮਨ ਗੁੰਰੂ ਜੀ ਦੀ ਉਸਤਤ ਕਰਦੇ ਸਨ ॥੩੫॥

ਨਰਾਜ ਛੰਦ

"ਨਮਸਕਾਰ ਹੈ (ਉਸ) ਆਦਿ-ਰੂਪ ਨੂੰ, ਜੋ ਸਭਨਾਂ ਵਿੱਚ ਬਿਰਾਜਮਾਨ ਹੈ। ਚੰਦ[11] ਵਿਚਲੀ ਸੁੰਦਰਤਾ ਤੁਸੀਂ ਹੋ, ਸੂਰਜ[12] ਵਿੱਚ ਪ੍ਰਕਾਸ਼ ਰੂਪ (ਹੋ ਕੇ ਤੁਸੀਂ ਹੀ) ਸੋਭ ਰਹੇ ਹੋ, ਵਾਯੂ[14] ਵਿੱਚ ਆਪ ਵੇਗ[13] ਰੂਪ ਹੋ। ਜਲ ਵਿੱਚ ਆਪ ਦ੍ਰਵ ਦੇ ਵਹਿਣ ਰੂਪ ਹੋ। ਅਕਾਸ਼ ਵਿੱਚ ਤੁਸੀਂ ਫੈਲਾਵ ਰੂਪ ਹੋ, ਧਰਤੀ ਵਿੱਚ ਅਚਰਜ ਟਿਕਾਉ[15] (ਧੀਰਜ) ਰੂਪ ਹੋ। ॥੩੬॥

ਅਗਨੀ[16] ਵਿੱਚ ਤੇਜ ਰੂਪ ਹੋ, ਸਮੁੰਦਰ ਵਿੱਚ ਗੰਭੀਰਤਾ ਰੂਪ ਹੋ। ਸਾਰੇ ਬ੍ਰਾਹਮਣਾਂ ਵਿੱਚ ਸੰਤੋਖ ਰੂਪ ਹੋ ਤੇ ਖੱਤਰੀਆਂ ਵਿੱਚ ਬੀਰਤਾ ਰੂਪ ਹੋ। ਵੈਸ਼ਾਂ ਵਿੱਚ[17] ਵਣਜ ਰੂਪ ਅਤੇ ਸ਼ੂਦਰਾਂ ਵਿੱਚ ਸੇਵਾ ਰੂਪ ਹੋ। ਭਿਖਾਰੀਆਂ ਵਿੱਚ ਮੰਗ ਰੂਪ ਅਤੇ ਦਾਤਿਆਂ ਵਿੱਚ ਦਾਨੀ ਰੂਪ ਹੋ। ॥੩੭॥

ਰਾਜਿਆਂ ਵਿੱਚ ਰਾਜ (ਰੂਪ) ਤੇ ਕੰਗਾਲਾਂ ਵਿੱਚ ਗਰੀਬੀ (ਰੂਪ) ਹੋ। ਅ-ਚੱਲ[18] (ਨਾ ਟੁਰਨ ਵਾਲੇ) ਪੱਥਰ, ਬਿਰਛ ਆਦਿ ਵਾਂਗ ਟਿਕਾਉ ਰੂਪ ਅਤੇ ਚੱਲਣ[19] ਵਾਲਿਆਂ ਵਾਂਗ ਚਾਲ ਰੂਪ ਹੋ। ਕਿਰਪਾਲੂ ਵਿੱਚ ਕਿਰਪਾ ਰੂਪ ਤੇ ਕਠੋਰ[20] ਵਿੱਚ ਕਰੜਾਈ ਰੂਪ ਹੋ। ਊਣਿਆਂ ਵਿੱਚ ਊਣਤਾ (ਰੂਪ) ਅਤੇ ਸੰਪੂਰਨ ਵਿੱਚ ਪੂਰਨ (ਰੂਪ) ਹੋ। ॥੩੮॥

ਸਮੂਹ ਵਿੱਚ ਤੁਸੀਂ ਸਾਰੇ ਦੇ ਸਾਰੇ ਅਤੇ ਬੀਜ ਵਿੱਚ ਬੀਜਤਾਈ (ਪੁੰਗਰਨ) ਵਾਂਗ ਰੂਪਮਾਨ ਹੋ। ਗੁਸੈਲਾਂ[21] ਵਿੱਚ ਗੁੱਸਾ ਰੂਪ ਹੋ ਅਤੇ ਪਰਸੰਨਾਂ ਵਿੱਚ ਪਰਸੰਨ ਰੂਪ ਹੋ। ਤਪੀਆਂ ਵਿੱਚ ਤਪੱਸਿਆ ਤੇ ਪ੍ਰਕਾਸ਼ ਵਾਲਿਆਂ ਵਿੱਚ ਪ੍ਰਕਾਸ਼ ਰੂਪ ਹੋ। ਜੋ ਤੱਤ ਗਿਆਨ ਵਾਲੇ ਮਨੁੱਖ ਹਨ, ਉਨ੍ਹਾਂ ਨੂੰ ਇਉਂ (ਰੂਪ) ਭਾਸਦਾ ਹੈ ॥੩੯॥

ਪ੍ਰਭੂ ਸਮਸਤ ਲੋਕ ਕੈ ਸਮਸਤ ਕੇਰ[1] ਕਾਰਣੰ। ਸਮਸਤ ਕੋ ਸਮ੍ਹਾਰ ਕੈ ਕਰੰਤ ਪ੍ਰੱਤਿਪਾਰਣੰ[2]।
ਸਮਸਤ ਕੇ ਸੰਘਾਰਕੰ ਸਮਾਨ ਕੋਇ ਔਰ ਨਾ। ਜਹਾਂ ਤਹਾਂ ਬਿਰਾਜਤੇ ਕਹੂੰਕ[3] ਊਣ ਠੌਰ ਨਾ' ॥੪੦॥

ਸਮਸਤ ਬੀਚ ਤੂੰ ਬਸੈਂ,ਸਮਸਤ ਮਾਂਹਿ ਤੋਹਿ ਹੈਂ। ਮਿਲੋ ਨਿਰਾਲਮਾ ਰਹੈਂ,ਅਲੇਪ ਹੈਂ ਅਮੋਹ ਹੈਂ।
ਅਨਾਦਿ ਤੂੰ, ਅਜਾਦਿ[4] ਤੂੰ, ਸਕੈਵਲੰ[5], ਅਕਾਰਣੰ। ਅਸੰਗ ਹੋ, ਅਭੰਗ ਹੋ, ਅਨੰਗ ਦੋਖ ਹਾਰਣੰ[6] ॥੪੧॥

ਅਨੰਤ ਸ੍ਰੀ ਮਹੰਤ,ਸਰਬ ਕੰਤ, ਮੋਹ ਭੰਜਨੰ। ਅਧਾਰ ਲੋਕ ਚਉਦਹੂੰ, ਅਪਾਰ ਰੂਪ, ਰੰਜਨੰ[7]।
ਨਿਰੰਜਨੰ[8] ਅਗੰਜਨੰ, ਅਸ੍ਰਿਜਨੰ ਸੁਜਾਨਿਯੰ। ਸਦੀਵ ਨੇਤਿ ਨੇਤਿ ਭੂਤ ਭਬਿਯੰ[9] ਬਖਾਨਿਯੰ ॥੪੨॥

ਗੁਰੂ ਸਰੂਪ ਧਾਰ ਸੱਤਿਨਾਮ ਕੋ ਪਦੈਸਿਯੰ[10]। ਪਖੰਡ ਕੋ ਨਿਕੰਦ ਕੈ ਨ ਮਾਨ ਛੋਰ ਲੇਸਯੰ।
ਅਨੰਦ,ਹੀਨ ਦੁੰਦ ਕੇ, ਮੁਕੰਦ, ਸਰਬ ਬੰਦ ਜੂ[11]। ਨਮਸਤਯੰ, ਨਮਸਤਯੰ, ਨਮਸਤਯੰ, ਗੁਬਿੰਦ ਜੂ ॥੪੩॥

ਛਪਯ ਛੰਦ

ਭਾਉ ਭਗਤਿ ਬਿਸਤਾਰ ਗੁਰੂ ਸਿੱਖੀ ਜਗ ਕੀਨੀ।
ਪੂਰਬ ਸਾਧਨ ਮੁਕਤਿ ਕਰਤ ਔਰੇ ਬਿਧਿ ਚੀਨੀ[12]।
ਤਿਨ ਤੇ ਤੁਮਹਿਂ ਸੁਖੇਨ ਕੀਨ ਇਹੁ ਰੀਤ ਨਵੀਨੀ।
ਗਾਡੀ ਰਾਹੁ ਚਲਾਇ ਨਰਨ ਕੋ ਸੁਭ ਮਤਿ ਦੀਨੀ।
ਪ੍ਰਭੂ! ਨਮਹਿ ਨਮਹਿ ਪੁਨ ਪੁਨ ਨਮਹਿ, ਚਰਨ ਸ਼ਰਨ ਤਾਰਨ ਤਰਨ।
ਦੁਖ ਦਰਨ,ਕਰਨ ਸੁਖ,ਹਰਨ ਅਘ, ਸ੍ਰੀ ਨਾਨਕ ਕਾਰਨ ਕਰਨ' ॥੪੪॥

ਦੋਹਰਾ

ਕਰ ਉਸਤਤਿ ਇਸ ਭਾਂਤਿ ਕੀ ਰਹੇ ਨਗਰ ਕਰਤਾਰ।
ਅਨਿਕ ਲੋਕ ਜਹਿਂ ਆਵਈਂ, ਹੋਵਤ ਜੈਜੈਕਾਰ ॥੪੫॥

SikhBookClub.Com

(ਆਪ) ਸਾਰੀ ਲੋਕਾਈ ਦੇ ਮਾਲਕ ਹੋ ਅਤੇ ਸਾਰਿਆਂ ਦਾ[1] ਤੁਸੀਂ ਹੀ ਕਾਰਨ ਹੋ। ਸਾਰੇ ਲੋਕਾਂ ਦੀ ਚੰਗੀ ਤਰਾਂ ਸੰਭਾਲ ਕੇ ਪਾਲਣਾ[2] ਕਰਦੇ ਹੋ। ਸਭ ਦੇ ਨਾਸ਼-ਕਰਤਾ ਹੋ। ਆਪ ਦੇ ਸਮਾਨ ਕੋਈ ਵੀ ਬਲੀ-ਬਲਵਾਨ ਨਹੀਂ ਹੈ। ਜਿਥੇ ਕਿਤੇ ਵੀ ਜਾਂਦੇ ਹੋ, ਆਪ ਹੀ ਬਿਰਾਜਦੇ ਹੋ, ਕੋਈ[3] ਵੀ ਆਪ ਦੇ ਬਗੈਰ ਊਣੀ ਥਾਂ ਨਹੀਂ ਹੈ। ॥੪੦॥

ਸਭ ਦੇ ਵਿੱਚ ਆਪ ਵੱਸਦੇ ਹੋ ਅਤੇ ਸਾਰੇ ਹੀ ਤੁਹਾਡੇ ਵਿੱਚ ਹਨ। ਆਪ ਮਿਲੇ ਹੋਏ ਵੀ ਹੋ, ਫਿਰ ਵੱਖਰੇ ਵੀ ਹੋ, ਅਲੇਪ ਹੋ, ਮੋਹ-ਰਹਿਤ ਹੋ। ਆਪ ਅਨਾਦਿ ਹੋ, ਬ੍ਰਹਮਾ[4] ਆਦਿ ਵੀ ਤੁਸੀਂ ਹੋ । ਤੁਸੀਂ ਸਦਾ ਮੁਕਤ[5] ਹੋ, ਅਕਾਰਨ ਹੋ, ਅਸਰੀਰ ਹੋ। ਕਦੀ ਭੰਗ ਨਾ ਹੋਣ ਵਾਲੇ, ਕਾਮ ਦਾ ਦੁੱਖ ਦੂਰ[6] ਕਰਨ ਵਾਲੇ ਹੋ। ॥੪੧॥

ਤੁਸੀਂ ਬੇਅੰਤ, ਸ੍ਰੀ ਤੋਂ ਵੱਡੇ, ਸ੍ਰਿਸ਼ਟੀ ਦੇ ਮਾਲਕ ਹੋ। ਮੋਹ ਦੂਰ ਕਰਨ ਵਾਲੇ ਹੋ। ਚੌਦਾਂ ਲੋਕਾਂ ਦਾ ਆਸਰਾ ਹੋ, ਆਪ ਅਪਾਰ-ਰੂਪ ਹੋ, ਪਰਸੰਨ[7] ਕਰਨ ਵਾਲੇ ਹੋ। ਆਪ ਮਾਇਆ-ਰਹਿਤ[8] ਹੋ, ਵਿਨਾਸ਼-ਰਹਿਤ ਹੋ, ਉਤਪਤੀ ਰਹਿਤ ਹੋ, ਸਰਬ ਜਾਣਨਹਾਰੇ ਹੋ। ਪਿਛਲੇ, ਹੁਣ ਦੇ ਅਤੇ ਆਉਣ[9] ਵਾਲੇ ਲੋਕਾਂ ਨੇ ਆਪ ਨੂੰ 'ਨੇਤਿ, ਨੇਤਿ' (ਬੇਅੰਤ, ਬੇਅੰਤ) ਕਿਹਾ ਹੈ। ॥੪੨॥

ਆਪ ਨੇ ਗੁਰੂ ਰੂਪ ਧਾਰਨ ਕਰਕੇ ਸਤਿਨਾਮ ਦਾ ਉਪਦੇਸ਼[10] ਦਿੱਤਾ ਹੈ। ਆਪ ਨੇ ਪਖੰਡਾਂ ਦਾ ਨਾਸ਼ ਕਰਕੇ ਰਤੀ ਭਰ ਵੀ ਹੰਕਾਰ ਨਹੀਂ ਰਹਿਣ ਦਿੱਤਾ। ਅਨੰਦ-ਰੂਪ ਹੋ, ਦਵੰਦ ਤੋਂ ਰਹਿਤ ਹੋ, ਮੁਕਤੀਦਾਤੇ ਹੋ, ਸਾਰੇ ਲੋਕਾਂ ਦੇ ਆਪ ਬੰਦਨਾ-ਯੋਗ[11] ਹੋ। ਹੇ ਗੋਬਿੰਦ (ਕਰਤਾਰ) ਜੀ! ਆਪ ਨੂੰ ਨਮਸਕਾਰ ਹੋਵੇ, ਨਮਸਕਾਰ ਹੋਵੇ, ਨਮਸਕਾਰ ਹੋਵੇ! ॥੪੩॥

ਛਪਯ ਛੰਦ

ਗੁਰੂ ਜੀ, ਆਪ ਨੇ ਪ੍ਰੇਮ-ਭਗਤੀ ਦਾ ਪਸਾਰਾ ਕਰਕੇ ਜੱਗ ਵਿੱਚ ਸਿੱਖੀ ਨੂੰ ਪਰਗਟ ਕੀਤਾ।ਮੁਕਤੀ ਪ੍ਰਾਪਤ ਕਰਨ ਦੇ ਜੋ ਪਹਿਲੇ ਸਾਧਨ ਤਰੀਕੇ ਸਨ, ਆਪ ਜੀ ਨੇ ਹੋਰ ਨਵੇਂ ਤਰੀਕੇ ਪਾਉਣ ਲਈ ਪਹਿਚਾਣਿਆ[12] ਹੈ। ਮੁਸ਼ਕਲ ਤਰੀਕਿਆਂ ਨੂੰ ਸੌਖੇ ਬਣਾ ਕੇ ਨਵੀਂ ਰੀਤ ਚਲਾਈ ਹੈ। ਚਾਲੂ ਰਾਹ 'ਤੇ ਚਲਾ ਕੇ ਮਨੁੱਖਾਂ ਨੂੰ ਸ੍ਰੇਸ਼ਟ ਮੱਤ ਦਿੱਤੀ ਹੈ। ਹੇ ਪ੍ਰਭੂ ਜੀ! ਆਪ ਨੂੰ ਨਮਸਕਾਰ ਨਮਸਕਾਰ, ਵਾਰ-ਵਾਰ ਨਮਸਕਾਰ! ਜੋ ਆਪ ਦੇ ਚਰਨਾਂ ਦੀ ਸ਼ਰਨ ਵਿੱਚ ਆਉਂਦੇ ਹਨ, ਸਭ ਤਰ ਜਾਂਦੇ ਹਨ। ਆਪ ਦੁੱਖ ਦੂਰ[13] ਕਰਨਹਾਰੇ ਹੋ। ਸੁੱਖ ਦਿੰਦੇ ਹੋ। ਪਾਪਾਂ ਦਾ ਨਾਸ਼ ਕਰਤਾ ਹੋ। ਹੇ ਸ੍ਰੀ ਨਾਨਕ! ਆਪ ਕਰਨ-ਕਾਰਨ ਹੋ।" ॥੪੪॥

ਦੋਹਰਾ

ਇਸ ਤਰਾਂ ਗੁਰੂ ਜੀ ਦੀ ਬਹੁਤ ਹੀ ਉਸਤਤ ਕਰਦੇ ਹੋਏ ਉਹ ਸਾਰੇ ਕਰਤਾਰਪੁਰ ਵਿੱਚ ਰਹੇ ਸਨ। ਅਣਗਿਣਤ ਲੋਕੀਂ ਉਥੇ ਆ ਰਹੇ ਸਨ ਤੇ ਗੁਰੂ ਜੀ ਦੀ ਜੈ ਜੈਕਾਰ ਹੋ ਰਹੀ ਸੀ। ॥੪੫॥

SikhBookClub.Com

ਚੌਪਈ

ਦਸੋ ਦਿਸ਼ਾ ਤੇ ਪੰਥਿ[1] ਬਧੇਰੇ।ਦਰਸ ਕਰਨ ਚਿਤ ਚੌਂਪ[2] ਘਨੇਰੇ।
ਆਵਹਿੰ ਚਲੇ,ਭੀਰ ਬਡ ਹੋਈ।ਜਿਨ ਕੀ ਸੰਖਜਾ ਆਇ ਨ ਕੋਈ॥੪੬॥

ਪੁਰ ਕਰਤਾਰ ਕੋਸ ਚਉਫੇਰੇ।ਆਇ ਨਰਨ ਕੀਨੇ ਬਹੁ ਡੇਰੇ।
ਸਰਬ ਰਹੇ ਨਿਸ ਮਹਿੰ ਤਿਹ ਥਾਈਂ।ਜਾਗ੍ਰਣ ਕੀਨੋ ਮਹਿਮਾ ਗਾਈ॥੪੭॥

ਅਰਧ ਬਿਭਾਵਰਿ[3] ਹੋਈ ਜਬਹੀ।ਸ੍ਰੀ ਮੁਖ ਸੋਂ ਆਇਸੁ ਦੀ ਤਬਹੀ।
'ਚੰਦਨਯੁਤ ਘਨਸਾਰ[4] ਗੁਲਾਬਾ।ਮ੍ਰਿਗਮਦ[5] ਘਸ ਕਰ ਸਰਬ ਸ਼ਿਤਾਬਾ॥੪੮॥

ਅਪਰ ਸੁਗੰਧ ਸਰਬ ਮਹਿਕਾਵਹੁ।ਸਗਰੇ ਸਦਨ ਬਿਖੈ ਛਿਰਕਾਵਹੁ।
ਨੀਕੀ ਆਨਹੁ ਕੁਸ਼ਾ[6] ਬਿਛਾਵਹੁ।ਸੱਤਿਨਾਮ ਕੋ ਕੀਰਤਨ ਗਾਵਹੁ॥੪੯॥

ਜਿਤੇ ਬੇਦ[(*3)] ਪਾਠੀ ਦਿਜ[7] ਅਹਿਹੀਂ।ਕਰਹਿੰ ਬੇਦ ਧੁਨ ਬਿਲਮ ਨ ਗਹਿਹੀ।
ਸਰਬ ਜਿ ਨਰ ਸਤਿਨਾਮ ਉਚਾਰਹੁ।ਜਨਮ ਜਨਮ ਕੇ ਕਿਲਬਿਖ ਟਾਰਹੁ'॥੫੦॥

ਛਪੈ ਛੰਦ

ਸੁਨ ਰਜਾਇ ਤਿਹ ਸਮੈਂ ਭਯੋ ਜੈਕਾਰ ਮੁਖਰਬਰ[8]।
ਗਾਵਤ ਗੁਨ ਕਰਤਾਰ ਪ੍ਰੇਮ ਸੋਂ ਰਿਦੇ ਰਹੇ ਭਰ।
ਦਰਸ਼ਨ ਪਰਸਤ ਸਕਲ ਅਧਿਕ ਕਰੁਨਾ ਰਸ ਹੋਵਹਿ।
ਚਿੱਤ੍ਰ[9] ਲਿਖੇ ਜੇ ਭੀਤ[10] ਭਾਉ ਧਰ ਠਾਂਢੇ ਜੋਵਹਿ[11]।
ਤਬ ਭੀਰ ਭਈ ਧ੍ਰਮਸਾਲ ਮਹਿੰ ਸਬਦ ਰਾਗ ਧੁਨ ਪੂਰਿਆ।
ਤਹਿੰ ਗਏ ਜੁ ਨਰ ਤਿਹ ਸਮੈਂ ਪਿਖਿ ਦੋਖ ਕਰੇ ਸਬ ਦੂਰਿਆ॥੫੧॥

ਛਪੈ ਛੰਦ

ਬਹੁਰ ਸੁਲਖਣੀ ਆਇ ਬੰਦ [12] ਕਰ ਬੰਦਨ ਕੀਨੀ।
ਮਨ ਅਧੀਨ ਹ੍ਵੈ ਦੀਨ ਤੀਨ ਪਰਦੱਛਨ ਦੀਨੀ।
ਲੋਚਨ ਤੇ ਜਲਿ ਜਾਤ ਬੈਠਗੀ ਤਬੀ ਸਮੀਪਾ।
ਮੁਰਝਾਨੀ ਕੋ ਦੇਖ ਭਨਜੋ ਬੇਦੀ ਕੁਲਦੀਪਾ।
'ਇਕ ਸਿਖ ਜਾਹੁ ਸ੍ਰੀਚੰਦ ਢਿਗ ਲਖਮੀ ਦਾਸ ਸੰਯੁਕਤ[13] ਜਹਿੰ।
ਜਸਪਦ[14] ਲਜਾਉ ਬੁਲਾਇ ਤਿਨ,ਬਹੁਰ ਦਰਸ ਪਾਵਹਿੰ ਸੁ ਨਹਿੰ'॥੫੨॥

SikhBookClub.Com

ਚੌਪਈ

ਦਸੋ-ਦਿਸ਼ਾਵਾਂ ਤੋਂ ਰਾਹੀ ਪਾਂਧੀ[1] ਬਹੁਤ ਹੀ ਗਿਣਤੀ ਵਿੱਚ, ਜਿਨ੍ਹਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦਾ ਬਹੁਤ ਹੀ ਚਾਅ[2] ਅਤੇ ਉਮੰਗ ਸੀ, ਆ ਰਹੇ ਸਨ। ਬਹੁਤ ਵੱਡੀ ਭੀੜ ਹੋ ਗਈ ਸੀ, ਜਿਨ੍ਹਾਂ ਦੀ ਗਿਣਤੀ ਦਾ ਕਿਸੇ ਨੂੰ ਪਤਾ ਨਹੀਂ ਸੀ ਲੱਗ ਸਕਦਾ। ॥੪੬॥

ਕਰਤਾਰਪੁਰ ਦੇ ਚਾਰ-ਚੁਫੇਰੇ ਕੋਹ-ਕੋਹ ਤੱਕ ਲੋਕਾਂ ਨੇ ਆ ਕੇ ਡੇਰੇ ਲਾ ਲਏ ਸਨ। ਸਾਰੇ ਲੋਕੀਂ ਰਾਤ ਨੂੰ ਉਥੇ ਹੀ ਟਿਕੇ ਰਹੇ। ਰਾਤ ਨੂੰ ਜਾਗਦੇ ਰਹੇ ਤੇ ਗੁਰੂ ਜੀ ਦੀ ਮਹਿਮਾ ਦਾ ਗਾਇਨ ਕਰਦੇ ਰਹੇ। ॥੪੭॥

ਜਦ ਅੱਧੀ ਰਾਤ[3] ਹੋਈ ਤਾਂ ਗੁਰੂ ਜੀ ਨੇ ਮੁੱਖ ਤੋਂ ਆਗਿਆ ਕੀਤੀ, "ਚੰਦਨ, ਕਪੂਰ[4], ਗੁਲਾਬ ਨਾਲ ਕਸਤੂਰੀ[5] ਘਸਾ ਕੇ, ਸਾਰੀ ਸਮੱਗਰੀ ਛੇਤੀ (ਲਿਆਵੋ)। ॥੪੮॥

ਅਤੇ ਹੋਰ ਦੂਸਰੀਆਂ ਸੁਗੰਧੀਆਂ ਵੀ ਮਹਿਕਾਵੋ। ਸਾਰੇ ਘਰ ਅੰਦਰ ਛਿੜਕ ਦੇਵੋ ਤੇ ਸੁੰਦਰ ਦੱਭ[6] ਲਿਆ ਕੇ ਵਿਛਾਈ ਜਾਵੇ ਤੇ ਸਤਿਨਾਮ-ਸਤਿਨਾਮ ਦਾ ਕੀਰਤਨ ਕਰੋ। ॥੪੯॥

ਜਿਤਨੇ ਵੇਦਾਂ ਦਾ ਪਾਠ ਕਰਨ ਵਾਲੇ ਬ੍ਰਾਹਮਣ[7] ਆਏ ਹੋਏ ਹਨ, ਉਹ ਬਿਨਾਂ ਦੇਰੀ ਦੇ ਵੇਦਾਂ ਦੀਆਂ ਧੁਨਾਂ ਦਾ ਉਚਾਰਨ ਕਰਨ ਅਤੇ ਸਾਰੇ ਲੋਕੀਂ ਸਤਿਨਾਮ-ਸਤਿਨਾਮ ਦਾ ਉਚਾਰਨ ਕਰੋ ਤੇ ਆਪਣੇ ਜਨਮਾਂ-ਜਨਮਾਂ ਦੇ ਪਾਪਾਂ ਨੂੰ ਦੂਰ ਕਰੋ।" ॥੫੦॥

ਛਪਯ ਛੰਦ

ਗੁਰੂ ਜੀ ਦੀ ਆਗਿਆ ਸੁਣ ਕੇ ਉਸੀ ਸਮੇਂ ਸ੍ਰੇਸ਼ਟ-ਮੁੰਹਾਂ[8] ਵਿੱਚੋਂ ਉੱਚੀ ਧੁਨ ਵਿਚ ਗੁਰੂ ਜੀ ਦੀ ਜੈ-ਜੈਕਾਰ ਹੋਣ ਲੱਗੀ। ਪ੍ਰਮਾਤਮਾ ਦਾ ਪ੍ਰੇਮ ਸਹਿਤ ਗੁਣ-ਗਾਇਣ ਕਰਦੇ ਹੋਇਆਂ ਲੋਕਾਂ ਦੇ ਹਿਰਦੇ ਪ੍ਰੇਮ ਨਾਲ ਭਰ ਰਹੇ ਸਨ। ਗੁਰੂ ਜੀ ਦੇ ਦਰਸ਼ਨ ਕਰਨ ਨਾਲ, ਸਾਰੇ ਲੋਕਾਂ ਵਿੱਚ ਬਹੁਤ ਕਰੁਨਾ-ਰਸ ਪੈਦਾ ਹੋ ਰਿਹਾ ਸੀ।ਉਹ ਕੰਧਾਂ[10] 'ਤੇ ਉਕਰੀਆਂ ਹੋਈਆਂ ਮੂਰਤੀਆਂ[9] ਵਾਂਗੂੰ (ਬੁੱਤ ਬਣੇ) ਖੜੋਤੇ ਵੇਖਦੇ[11] ਸਨ। ਫਿਰ ਜਦੋਂ ਸ਼ਬਦ-ਰਾਗ ਦੀ ਧੁਨੀ ਨੂੰ ਪੂਰਾ ਕੀਤਾ ਗਿਆ ਤਾਂ ਧਰਮਸਾਲਾ ਵਿੱਚ ਬਹੁਤ ਭੀੜ ਹੋ ਗਈ ਸੀ। ਉਸ ਵਕਤ ਜੋ ਲੋਕ ਉੱਥੇ ਗਏ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਆਪਣੇ ਸਾਰੇ ਦੁੱਖ ਦੂਰ ਕਰ ਲਏ ਸਨ। ॥੫੧॥

ਫਿਰ ਮਾਤਾ ਸੁਲੱਖਣੀ ਜੀ ਆਏ, ਉਨ੍ਹਾਂ ਹੱਥ ਜੋੜ[12] ਕੇ ਨਮਸਕਾਰ ਕੀਤੀ ਸੀ ਅਤੇ ਦੀਨ-ਮਨ ਹੋ ਕੇ ਉਨ੍ਹਾਂ ਤਿੰਨ ਪ੍ਰਦੱਛਣਾਂ (ਪਰਿਕਰਮਾ) ਦਿੱਤੀਆਂ। ਉਸ ਦੀਆਂ ਅੱਖੀਆਂ ਵਿੱਚੋਂ ਨੀਰ ਵਹਿ ਰਿਹਾ ਸੀ, ਉਹ ਗੁਰੂ ਜੀ ਦੇ ਕੋਲ ਬੈਠ ਗਈ। ਉਸ ਨੂੰ ਮੁਰਝਾਈ ਹੋਈ ਨੂੰ ਵੇਖ ਕੇ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਨੇ ਬਚਨ ਕੀਤਾ, "ਇੱਕ ਸਿੱਖ ਚਲਾ ਜਾਵੇ ਤੇ ਸ੍ਰੀ ਚੰਦ ਤੇ ਲੱਖਮੀ ਦਾਸ ਦੋਨਾਂ[13] ਨੂੰ ਛੇਤੀ[14] ਨਾਲ ਬੁਲਾ ਕੇ ਲਿਆਵੇ (ਨਹੀਂ ਤਾਂ) ਫੇਰ ਉਹ ਦਰਸ਼ਨ ਨਹੀਂ ਕਰ ਸਕਣਗੇ" ॥੫੨॥

SikhBookClub.Com

ਦੋਹਰਾ

ਸੁਨ ਸੇਵਕ ਗਮਨਜੋ ਤੁਰਤ ਜਾਇ ਕੀਨ ਅਰਦਾਸ।
'ਤੁਮਹਿ ਬੁਲਾਵਤ ਸਤਿਗੁਰੂ ਉਠ ਚਲੀਏ ਤਿਨ ਪਾਸ॥ ੫੩॥

ਸਮਾਂ ਸਮਾਵਨ ਕੋ ਅਬੈ ਮਿਲ ਲੀਜੈ ਤਿਨ ਸਾਥ।
ਚਹਉ ਜੁ ਕਛੁ ਬੋਲਹੁ ਸੁਨਹੁ ਧਰਹੁ ਚਰਨ ਪੁਰ ਮਾਥ'॥ ੫੪॥

ਦੋਹਰਾ

ਬਦਨ ਬਿਹਸ[1] ਕੈ ਬਚ ਕਹੇ 'ਦਿਵਸ ਸੱਤਮੀ ਜੈਸ।
ਹਮਹਿ ਬੁਲਾਵਤ ਹੈਂ ਅਬੈ ਆਜ ਸਮਾਵਹਿਂ ਤੈਸ'॥ ੫੫॥

ਸੋਰਠਾ

ਨਹਿਂ ਆਏ ਤਿਹ ਕਾਲ ਜਾਨਹਿਂ ਮਾਨਵ ਆਨ[2] ਜਿਉਂ।
—ਏਕੁੰਕਾਰ ਕ੍ਰਿਪਾਲ ਰੂਪ ਧਰਜੋ —ਨਹਿਂ ਜਾਨਈ ॥ ੫੬॥

ਦੋਹਰਾ

ਸੁਨ ਕੈ ਤਿਨ ਕੇ ਬਚਨ ਕੋ ਸਿੱਖ ਅਯੋ ਗੁਰ ਪਾਸ।
ਜਿਹ ਬਿਧ[3] ਤਿਨ ਉੱਤਰ ਦਯੋ ਕਰਤ ਭਯੋ ਅਰਦਾਸ॥ ੫੭॥

ਸ੍ਰੀ ਗੁਰ ਸੁਨ ਤੂਸ਼ਨ[4] ਰਹੇ ਬੈਠੇ ਸਭਾ ਮਝਾਰ[5]।
ਬੇਦ ਸਬਦ ਧੁਨਿ ਹ੍ਵੈ ਰਹੀ ਦਰਸਹਿਂ ਲੋਕ ਹਜਾਰ॥ ੫੮॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਮੋਂ ਧਯਾਇ ॥ ੫੫॥

SikhBookClub.Com

ਦੋਹਰਾ

ਗੁਰੂ ਜੀ ਦੇ ਬੋਲ ਸੁਣ ਕੇ ਇੱਕ ਸਿੱਖ ਛੇਤੀ ਨਾਲ ਗਿਆ ਅਤੇ ਜਾ ਕੇ ਬੇਨਤੀ ਕਰਦੇ ਹੋਏ ਕਿਹਾ, "ਤੁਹਾਨੂੰ ਗੁਰੂ ਜੀ ਬੁਲਾਉਂਦੇ ਹਨ, ਚੱਲੋ, ਉੱਠੋ ਤੇ ਉਨ੍ਹਾਂ ਕੋਲ ਚੱਲੋ। ॥੫੩॥

ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਦਾ ਹੁਣ ਸਮਾਂ ਆ ਗਿਆ ਹੈ, ਉਨ੍ਹਾਂ ਨੂੰ ਹੁਣੇ ਮਿਲ ਲਵੋ। ਜੋ ਤੁਹਾਡੀ ਕੋਈ ਇੱਛਾ ਹੈ, ਉਨ੍ਹਾਂ ਨੂੰ ਕਹਿ-ਸੁਣ ਕੇ (ਗੱਲਬਾਤ ਕਰ) ਲਵੋ, ਜਾ ਕੇ ਉਨ੍ਹਾਂ ਦੇ ਚਰਨਾਂ ਵਿੱਚ ਮੱਥਾ ਟੇਕੋ।" ॥੫੪॥

ਦੋਹਰਾ

ਉਨ੍ਹਾਂ (ਲਖਮੀਦਾਸ, ਸ੍ਰੀ ਚੰਦ) ਨੇ ਹੱਸ[1] ਕੇ ਕਿਹਾ, "ਜਿਸ ਤਰਾਂ ਸਪਤਮੀ ਵਾਲੇ ਦਿਨ ਸਾਨੂੰ ਬੁਲਾਇਆ ਸੀ, ਉਸੇ ਤਰਾਂ ਹੀ ਅੱਜ ਸਮਾਉਣ ਲੱਗੇ ਹੋਣਗੇ।" ॥੫੫॥

ਸੋਰਠਾ

ਉਹ (ਦੋਨੋਂ ਹੀ) ਉਸ ਵੇਲੇ ਨਾ ਆਏ, ਉਨ੍ਹਾਂ ਗੁਰੂ ਜੀ ਨੂੰ ਹੋਰ[2] ਮਨੁੱਖਾਂ ਵਾਂਗ ਹੀ ਆਇਆ ਜਾਣਿਆ। -ਗੁਰੂ ਜੀ ਨੇ ਤਾਂ ਕਿਰਪਾਲੂ ਪ੍ਰਭੂ ਏਕੰਕਾਰ (ਵਾਹਿਗੁਰੂ) ਦਾ ਹੀ ਰੂਪ ਧਾਰਿਆ ਹੋਇਆ- ਉਨ੍ਹਾਂ ਇਹ ਨਹੀਂ ਜਾਣਿਆ ਸੀ ॥੫੬॥

ਦੋਹਰਾ

ਉਨ੍ਹਾਂ ਦੇ ਇਹ ਕਹੇ ਸ਼ਬਦ ਸੁਣ ਕੇ ਉਹ ਸਿੱਖ ਗੁਰੂ ਜੀ ਦੇ ਕੋਲ ਆ ਗਿਆ ਤੇ ਜਿਸ ਪ੍ਰਕਾਰ[3] ਉਨ੍ਹਾਂ (ਦੋਨਾਂ) ਨੇ ਜਵਾਬ ਦਿੱਤਾ ਸੀ, ਗੁਰੂ ਜੀ ਅੱਗੇ ਬੇਨਤੀ ਕਰਦੇ ਹੋਏ ਦੱਸ ਦਿੱਤਾ। ॥੫੭॥

(ਪਰ) ਗੁਰੂ ਜੀ ਸੁਣ ਕੇ, ਸੰਗਤ ਵਿੱਚ[5] ਚੁੱਪ-ਚਾਪ[4] ਹੀ ਰਹੇ। ਵੇਦ-ਸ਼ਬਦਾਂ (ਗਿਆਨਦਾਇਕ ਸ਼ਬਦਾਂ) ਦੀ ਧੁਨ ਗੂੰਜ ਰਹੀ ਸੀ ਤੇ ਹਜ਼ਾਰਾਂ ਲੋਕੀਂ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ। ॥੫੮॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਗੁਰੂ ਜੀ ਦਾ ਜੋਤੀ-ਜੋਤ ਸਮਾਉਣ ਦਾ ਪਰਸੰਗ" ਨਾਮੀ ਪਚਵੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਚਾਹੇ ਗੁਰੂ ਜੀ ਨੂੰ ਸ਼ਰਾਧ ਕਰਵਾਉਣ ਦੀ ਲੋੜ ਨਹੀਂ ਸੀ। ਉਨ੍ਹਾਂ ਨੇ ਅਸਟਮੀ ਦੇ ਦਿਨ ਅਨੇਕ ਤਰਾਂ ਦੇ ਭੋਜਨ ਤਿਆਰ ਕਰਵਾ ਕੇ ਸੰਸਾਰੀ-ਰੀਤ ਦਾ ਪਾਲਣ ਕੀਤਾ। ਸ਼ਰਾਧ ਖਤਮ ਹੋਣ ਤੋਂ ਪਿੱਛੋਂ ਲੰਗਰ ਵਿੱਚ ਗਏ। ਜਦ ਲੋਕਾਂ ਨੇ ਇਹ ਸੁਣਿਆ ਕਿ ਗੁਰੂ ਜੀ ਆਪਣਾ ਸਰੀਰ ਤਿਆਗ ਰਹੇ ਹਨ ਤਾਂ ਉਹ ਬਹੁਤ ਦੂਰ-ਦੂਰ ਤੋਂ ਗੁਰੂ ਜੀ ਦਰਸ਼ਨਾਂ ਵਾਸਤੇ ਆਉਣ ਲੱਗ ਪਏ। ਹਰ ਅਸਮਰੱਥ ਬੰਦੇ ਵਿੱਚ ਵੀ ਇਸ ਮੌਕੇ ਤੁਰਨ-ਫਿਰਨ ਦੀ ਸ਼ਕਤੀ ਆ ਗਈ ਸੀ। ਅਤੁੱਟ ਲੰਗਰ ਵਰਤ ਰਿਹਾ ਸੀ ਅਤੇ ਅਸਟਮੀ ਦਾ ਦਿਨ ਲੰਗਰ ਛਕਾਉਣ ਵਿੱਚ ਹੀ ਬੀਤ ਗਿਆ। ਫਿਰ ਗੁਰੂ ਜੀ ਧਰਮਸਾਲ ਵਿੱਚ ਜਾ ਬਿਰਾਜੇ ਸਨ। ਪ੍ਰੇਮ ਸਹਿਤ ਪ੍ਰਭੂ ਦੀ ਮਹਿਮਾ ਵਾਲਾ ਕੀਰਤਨ ਹੋ ਰਿਹਾ ਸੀ। ਸਭ ਪਾਸੇ ਗੁਰੂ ਜੀ ਦੀ ਜੈ ਜੈਕਾਰ ਹੋ ਰਹੀ ਸੀ। ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨਾਲ ਨਿਹਾਲ ਹੋ ਰਹੀਆਂ ਸਨ। ਚਾਰੇ ਪਾਸੇ ਬਹੁਤ ਜ਼ਿਆਦਾ ਭੀੜ ਸੀ। ਮਾਤਾ ਸੁਲੱਖਣੀ ਵੀ ਦੀਨ ਹੋ ਕੇ ਗੁਰੂ ਜੀ ਕੋਲ ਬੈਠੀ ਸੀ ਅਤੇ ਦੋਹਾਂ ਪੁੱਤਰਾਂ ਨੂੰ ਗੁਰੂ ਜੀ ਦੇ ਆਖਰੀ ਦਰਸ਼ਨ ਕਰਨ ਦਾ ਸੱਦਾ ਭੇਜਿਆ ਸੀ। ਪਰ ਉਨ੍ਹਾਂ ਨੇ ਮਜ਼ਾਕ ਸਮਝ ਲਿਆ ਕਿ ਗੁਰੂ ਜੀ ਐਵੇਂ ਝੂਠਾ ਕੌਤਕ ਹੀ ਰਚ ਰਹੇ ਹਨ ਤੇ ਉਹ ਆਏ ਨਹੀਂ । ਗੁਰੂ ਜੀ ਉਨ੍ਹਾਂ ਦੇ ਨਾ ਆਉਣ ਕਰਕੇ ਚੁੱਪ ਹੋ ਗਏ ਸਨ।

SikhBookClub.Com

ਫੁੱਟਨੋਟ

(*1) ਕਵੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਪਿਤਾ ਕਾਲੂ ਦਾ ਸ਼ਰਾਧ, ਮਨੁੱਖੀ ਮਰਯਾਦਾ ਦੀ ਪਾਲਣਾ ਕਰਨ ਹਿਤ ਕੀਤਾ ਸੀ। ਉਨ੍ਹਾਂ ਨੇ ਤਾਂ ਇੱਕ ਲੀਲਾ ਰਚੀ ਸੀ।

ਪਰ ਇਹ ਬਿਰਤਾਂਤ ਉੱਚਿਤ ਨਹੀਂ ਜਾਪਦਾ। ਗੁਰੂ ਜੀ ਦਾ ਸਿਧਾਂਤ ਤਾਂ ਉਨ੍ਹਾਂ ਸਭ ਪਰੰਪਰਾਵਾਂ ਅਤੇ ਪਾਖੰਡਵਾਦ ਦੇ ਉਲਟ ਸੀ। ਉਹ ਤਾਂ ਲੋਕਾਈ ਨੂੰ ਅੰਧ-ਵਿਸ਼ਵਾਸ ਅਤੇ ਭਰਮ ਵਿੱਚੋਂ ਕੱਢਣ ਦੇ ਧਾਰਨੀ ਸਨ। ਗੁਰਬਾਣੀ ਵਿੱਚ ਸਪਸ਼ਟ-ਖੰਡਨ ਕੀਤਾ ਗਿਆ ਹੈ:

ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥

(ਗੁ. ਗ੍ਰੰ. ਸਾਹਿਬ, ਪੰਨਾ 138)

(*2) ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਵਾਲੇ ਦਿਨ ਦੇਵਤਿਆਂ ਦਾ ਮਨੁੱਖੀ ਤਨ ਧਾਰ ਕੇ ਆਉਣਾ ਜਿਵੇਂ ਕਿ ਇੰਦਰ, ਚੰਦਰ, ਪੌਣ ਦੇਵਤਾ, ਕਬੇਰ, ਜਲ-ਦੇਵਤਾ, ਵਰੁਣ ਆਦਿ ਸਭ ਦਰਸਾਏ ਗਏ ਹਨ। ਇਸ ਤੋਂ ਇਲਾਵਾ ਚਾਰੇ-ਵੇਦਾਂ ਦਾ ਮਨੁੱਖੀ-ਰੂਪ ਵਿੱਚ ਕਰਤਾਰਪੁਰ ਪਹੁੰਚਣਾ ਦਿਖਾਇਆ ਗਿਆ ਹੈ। ਭਾਵੇਂ ਇਹ ਸਾਰਾ ਬਿਰਤਾਂਤ ਕਲਪਿਤ ਹੈ ਪਰ ਕਵੀ ਨੇ ਇਹ ਸਾਰਾ ਪਰਸੰਗ ਗੁਰੂ ਜੀ ਦੀ ਮਹਿਮਾ ਕਰਨ ਹਿਤ ਲਿਖਿਆ ਹੈ।

(*3) ਹਿੰਦੂ-ਧਰਮ ਵਿੱਚ ਚਾਰ ਵੇਦ ਹਨ, ਜਿਨ੍ਹਾਂ ਦੀ ਗਿਣਤੀ ਪਹਿਲਾਂ ਤਿੰਨ ਸੀ: ਰਿਗਵੇਦ, ਯਜੁਰਵੇਦ ਅਤੇ ਸਾਮਵੇਦ। ਇਨ੍ਹਾਂ ਵਿੱਚ ਬਾਅਦ ਵਿੱਚ ਅਥਰਵਵੇਦ ਨੂੰ ਮਿਲਾ ਕੇ ਗਿਣਤੀ ਚਾਰ ਹੋ ਗਈ। ਪੂਰਵ ਕਾਲ ਵਿੱਚ ਇਹ ਲਿਖਤ ਵਿੱਚ ਨਹੀਂ ਸਨ ਆਏ। ਇੱਕ-ਦੂਜੇ ਤੋਂ ਸੁਣ ਕੇ ਵੇਦ ਕੰਠ ਕੀਤਾ ਜਾਂਦਾ ਸੀ। ਵੇਦ ਕਿਸੇ ਇੱਕ ਵਿਅਕਤੀ ਦੇ ਰਚੇ ਹੋਏ ਨਹੀਂ ਹਨ, ਇਨ੍ਹਾਂ ਵਿੱਚ ਵਸ਼ਿਸ਼ਟ, ਵਿਸ਼ਵਾਮਿੱਤਰ, ਭਾਰਦਵਾਜ ਆਦਿ ਅਨੇਕਾਂ ਹੀ ਰਿਸ਼ੀਆਂ ਦੇ ਬਣਾਏ ਹੋਏ ਮੰਤਰ ਸ਼ਾਮਲ ਹਨ, ਜਿਨ੍ਹਾਂ ਵਿੱਚ ਸੂਰਜ, ਅਗਨੀ, ਇੰਦਰ, ਵਾਯੂ ਆਦਿ ਦੇਵਤਿਆਂ ਦੀ ਮਹਿਮਾ ਕੀਤੀ ਹੈ।

SikhBookClub.Com

ਅਧਜਾਯ ਛਪੰਜਵਾਂ

(ਗੁਰੂ ਮੇਹਰ ਯਾਚਨਾ, ਜੋਤੀ ਜੋਤ ਸਮਾਵਣ ਦੀਆਂ ਤਿਆਰੀਆਂ।)

ਸ੍ਰੈਯਾ

ਕਰੁਨਾ ਗੁਰ ਜਾਚ ਸਦਾ ਸੁਖਦਾ ਮਨ ਕੇਰ ਬਿਕਾਰ ਕਰੋ ਹਰਨਾ।
ਹਰਿ ਨਾ ਭਜਨੋ ਭਵ ਕੋ ਕਰਤਾ ਮਹਿਮਾ ਗੁਨਕੈ[1] ਪਰਹੋ ਸ਼ਰਨਾ।
ਸ਼ਰਨਾ ਮਨ ਆਨ ਹੰਕਾਰ ਤਜੋ ਥਿਰ ਹੋਤ ਨਹੀ ਤਨ ਮੈਂ ਤਰੁਨਾ[2]।
ਤਰਨਾ ਜਗਸਿੰਧੁ[3] ਸੁਖੈਨ ਚਹੋ ਕਹਨਾ ਲਖ ਬਾਦ ਗਹੋ ਕਰਨਾ॥੧॥

ਦੋਹਰਾ

ਸ੍ਰੀ ਗੁਰ ਦਰਸ਼ਨ ਦੇਵਹੀਂ ਸ਼ਾਂਤਿ ਰੂਪ ਘਨ ਗਜਾਨ।
ਤਿਹ ਛਿਨ ਆਇ ਸਧਾਰਨਾ[4] ਬੋਲਜੋ ਬੰਦੇ ਪਾਂਨ॥੨॥

ਚੌਪਈ

'ਚੰਦਨ, ਮ੍ਰਿਦੁਮਦ[5] ਸਕਲ ਘਸਾਏ।ਭਲੀ ਭਾਂਤਿ ਘਰ ਕੋ ਛਿਰਕਾਏ।
ਸਗਰੋ ਅਜਰ ਸੁ ਲੀਪ ਬਨਾਯੋ।ਸਭ ਸੁਗੰਧਿ ਨੀਕੇ ਮਹਕਾਯੋ॥੩॥

ਰਾਵਰ ਕੀ ਰਜਾਇ ਜਿਹ ਥਾਈਂ।ਤਹਾਂ ਮ੍ਰਿਦੁਲ ਬਹੁ ਕੁਸ਼ਾ ਡਸਾਈ'।
ਅਸ ਕਹਿਤਜੋ ਗਦਗਦ ਭੀ ਬਾਨੀ।ਲੋਚਨ ਤੇ ਜਲਧਾਰ ਚਲਾਨੀ[6] ॥੪॥

ਕਿਤਕ ਸਿੱਖ ਤਬ ਠਾਢੇ ਦਰਸੈਂ।ਬੈਠੇ ਕੇਤਿਕ ਦਰਸ਼ਨ ਪਰਸੈਂ।
ਸੁਨਕੈ ਸਬਹਿਨ ਕਰੁਨਾ ਠਾਨੀ।ਛੁਟਤ ਭਯੋ ਦ੍ਰਿਗ[7] ਤੇ ਬਹੁ ਪਾਨੀ॥੫॥

ਜਨੁ ਕਰਨਾ ਰਸ ਬਹੁਤ ਸਰੀਰਾ।ਧਰੇ ਬਿਸੂਰਤ[8] ਹੋਇ ਅਧੀਰਾ।
ਗੁਰੂ ਗਜਾਨਘਨ ਪਿਖ ਸਭ ਤਾਂਈਂ । ਸ੍ਰੀ ਮੁਖ ਤੇ ਮ੍ਰਿਦੁ ਗਿਰਾ ਅਲਾਈ॥੬॥

'ਤਨ-ਸਨੇਹ[9] ਸਭ ਝੂਠੋ ਜਾਨਹੁ।ਕਿਉਂ ਬਿਖਾਦ ਏਤੋ ਮਨ ਠਾਨਹੁ।
ਦੇਹ ਮਿਲਨ ਬਿਛਰਨ ਇਸ ਭਾਂਤੀ।ਹੋਤ ਦਿਵਸ ਪੁਨ ਆਵਹਿ ਰਾਤੀ॥੭॥

SikhBookClub.Com

ਅਧਿਆਇ ਛਪੰਜਵਾਂ

(ਗੁਰੂ ਜੀ ਦੇ ਜੋਤੀ-ਜੋਤ ਸਮਾਵਣ ਦੀਆਂ ਤਿਆਰੀਆਂ)

ਸਵੱਯਾ

ਮਨ ਦੇ ਵਿਕਾਰਾਂ ਨੂੰ ਦੂਰ ਕਰੋ। ਸਦਾ ਗੁਰੂ ਜੀ ਦੀ ਮਿਹਰ ਮੰਗੋ। ਇਹੀ ਸਦਾ ਸੁੱਖਾਂ ਦਾ ਦਾਤਾ ਹੈ। ਪਰਮਾਤਮਾ ਨੂੰ ਸਿਮਰਨ ਕਰਨਾ ਹੀ ਸੰਸਾਰ ਨੂੰ ਉਹ ਸਤਿ ਕਰਕੇ ਵਿਖਾਉਂਦਾ ਹੈ। ਇਸ ਲਈ ਗੁਰੂ ਜੀ ਦੇ ਜਸ ਦਾ ਸਿਮਰਨ[1] ਕਰਕੇ ਉਸ ਦੀ ਸ਼ਰਨ ਵਿੱਚ ਜਾ ਪਵੋ। ਮਨ ਨੂੰ ਸ਼ਰਨ ਵਿੱਚ ਲਿਆ ਕੇ ਹੰਕਾਰ ਨੂੰ ਦੂਰ ਕਰੋ। ਇਸ ਹੰਕਾਰ ਨੂੰ ਦੂਰ ਕੀਤੇ ਬਿਨਾਂ ਇਹ ਚੰਚਲ[2] ਮਨ ਟਿਕਦਾ ਨਹੀਂ। ਜੇ ਜਗਤ ਰੂਪੀ ਸਮੁੰਦਰ[3] ਨੂੰ ਸੌਖਿਆਂ ਪਾਰ ਕਰਨਾ ਹੈ ਤਾਂ ਕਹਿਣੇ ਨੂੰ ਬਿਰਥਾ ਜਾਣੋ ਤੇ ਕਰਨੇ ਨੂੰ ਪਕੜ ਲਵੋ। ॥੧॥

ਦੋਹਰਾ

ਸ਼ਾਂਤ-ਰੂਪ, ਗਿਆਨ ਦੇ ਮੇਘ (ਬੱਦਲ) ਗੁਰੂ ਜੀ ਦਰਸ਼ਨ ਦੇ ਰਹੇ ਸਨ, ਉਸ ਪਲ ਸਧਾਰਣ[4] (ਸਿੱਖ) ਉਥੇ ਆਇਆ ਤੇ ਹੱਥ ਜੋੜ ਕੇ ਕਹਿਣ ਲੱਗਾ। ॥੨॥

ਚੌਪਈ

"(ਹੇ ਗੁਰੂ ਜੀ) ਚੰਦਨ, ਕਸਤੂਰੀ[5] ਨਾਲ ਸਾਰੇ ਹੋਰ ਸੁਗੰਧੀ ਪਦਾਰਥ ਮਿਲਾ ਕੇ ਬਹੁਤ ਚੰਗੀ ਤਰਾਂ ਨਾਲ ਸਾਰੇ ਘਰ ਵਿੱਚ ਛਿੜਕ ਦਿੱਤੇ ਹਨ। ਸਾਰੇ ਵਿਹੜੇ ਨੂੰ, ਲਿੱਪ ਕੇ ਸਾਰੀਆਂ ਸੁਗੰਧੀਆਂ ਨਾਲ ਮਹਿਕਾ ਦਿੱਤਾ ਹੈ। ॥੩॥

ਆਪ ਜੀ ਦੀ ਆਗਿਆ ਅਨੁਸਾਰ ਜਿਥੇ ਕਿਹਾ ਸੀ, ਉਥੇ ਬਹੁਤ ਨਰਮ ਦੱਭ ਵਿਛਾ ਦਿੱਤੀ ਹੈ।" ਇਸ ਤਰਾਂ ਟੁੱਟਵੀਂ ਜਿਹੀ (ਖੁਸ਼ੀ-ਗਮੀ ਭਰੀ) ਆਵਾਜ਼ ਵਿੱਚ ਜਦ ਉਸ ਨੇ ਦੱਸਿਆ ਤਾਂ ਉਸ ਦੇ ਨੈਣਾਂ ਵਿੱਚੋਂ ਪਾਣੀ ਦੀ ਧਾਰਾ ਵਹਿ[6] ਤੁਰੀ ਸੀ। ॥੪॥

ਕਿੰਨੇ ਹੀ ਸਿੱਖ ਉਸ ਵੇਲੇ ਕੋਲ ਖੜ੍ਹੇ ਹੋਏ ਅਤੇ ਕਿੰਨੇ ਹੀ ਬੈਠੇ ਹੋਏ, ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ। (ਸਧਾਰਣ ਦੇ ਬੋਲ) ਸੁਣ ਕੇ ਸਾਰੇ ਹੀ ਵੈਰਾਗ ਵਿਚ ਆ ਗਏ ਤੇ ਉਨ੍ਹਾਂ ਦੀਆਂ ਅੱਖੀਆਂ[7] ਵਿੱਚੋਂ ਵੀ ਬਹੁਤ ਨੀਰ (ਹੰਝੂ) ਵਹਿ ਤੁਰਿਆ ਸੀ। ॥੫॥

ਜਾਣੋ ਸਾਰਿਆਂ ਦੇ ਮਨ ਬਹੁਤ ਵੈਰਾਗਮਈ ਸਨ। (ਉਹ) ਬੇਚੈਨ ਹੋਏ ਝੁਰ[8] ਰਹੇ ਸਨ। ਗਿਆਨ ਦੇ ਮੇਘ (ਗੁਰੂ ਜੀ) ਨੇ ਮੁੱਖ ਤੋਂ ਮਿੱਠੇ ਬਚਨ ਕਰਦੇ ਹੋਏ ਕਿਹਾ। ॥੬॥

"ਇਸ ਸਰੀਰ ਨਾਲ ਮੋਹ[9] ਸਭ ਝੂਠਾ ਜਾਣੋ। ਤੁਸੀਂ ਕਿਉਂ ਮਨ ਹੀ ਮਨ ਇੰਨੇ ਸ਼ੋਕਮਾਨ ਹੋ ਗਏ ਹੋ? ਇਸ ਸਰੀਰ ਨੇ ਉਸੇ ਤਰਾਂ ਮਿਲਣਾ-ਵਿਛੜਨਾ ਹੀ ਹੁੰਦਾ ਹੈ, ਜਿਸ ਤਰਾਂ ਦਿਨ ਚੜ੍ਹਦਾ ਹੈ ਤੇ ਫਿਰ ਰਾਤ ਹੋ ਜਾਂਦੀ ਹੈ। ॥੭॥

SikhBookClub.Com

ਜੇ ਨਰ ਮਿਲੇ ਸ਼ਬਦ ਕੇ ਸੰਗਾ। ਰਹੇ ਸਦੀਵ ਰਾਚਿ ਤਿਹ ਰੰਗਾ।
ਤੇ ਨਹਿੰ ਬਿਛੁਰਹਿੰ ਬਹੁਰ ਕਦਾਈਂ। ਜਿਉਂ ਨੀਰਹਿ[1] ਮੈਂ ਨੀਰ ਸਮਾਈ॥ ੮॥

ਮੁਝ ਸੋ ਮਿਲਨੇ ਕੀ ਜਿਹ ਚਾਹੀ। ਸਦਾ ਬਿਛੁਰਨੋ ਭਾਵਹਿ ਨਾਂਹੀ।
ਸੋ ਨਰ ਸ਼ਬਦਿ ਕਰਹਿੰ ਅੱਭਜਾਸੇ। ਸ੍ਰਵਣ ਮਨਨਿ[2], ਨਿਤ ਪ੍ਰਤਿ ਨਿੱਧਜਾਸੇ॥ ੯॥

ਨਿਰਸੰਦੇਹ ਮਿਲੇ ਮੁਝ ਸੰਗਾ। ਬਹੁਰ ਨ ਬਿਛੁਰੈਂ ਹ੍ਵੈ ਇਕਰੰਗਾ।
ਤਾਂਤੇ ਤੁਮ ਅਬ ਤਜਹੁ ਬਿਖਾਦਾ[3]। ਗਾਵਹੁ ਸ਼ਬਦ ਕਰਹੁ ਅਹਿਲਾਦਾ॥ ੧੦॥

ਦ੍ਰਿਸ਼ਟਮਾਨ ਜੋ ਸਰਬ ਪਸਾਰਾ। ਨਾਸ਼ਵੰਤ ਸੋ ਲੇਹੁ ਬਿਚਾਰਾ।
ਹੋਤ ਵਿਪਰਜੈ[4] ਥਿਰ ਨ ਰਹਾਈ। ਜਿਹ ਧ੍ਰੁਵ[5] ਕਹਤ ਅਧ੍ਰੁਵ ਹ੍ਵੈ ਜਾਈਂ॥ ੧੧॥ (*1)

ਸਸਿ ਸੂਰਜ ਪਰਕਾਸ਼ ਕਰਾਊ। ਕਾਲ ਪਾਇ ਤਿਨ ਹੋਇ ਅਭਾਊ[6]।
ਜੋ ਸੁਮੇਰੁ ਸਭ ਸੁਰਨ ਅਧਾਰਾ। ਛੈ ਹੋਵਤ ਤਿਨ ਲਗੈ ਨ ਬਾਰਾ॥ ੧੨॥

ਧਰਨੀ[7],ਜਲ,ਸਾਗਰ ਗੰਭੀਰਾ। ਅੱਗ੍ਰ ਕਾਲ ਸੋ ਧਰੈ ਨ ਧੀਰਾ।
ਪਾਵਕ,ਪੌਨ,ਪ੍ਰਾਕ੍ਰਮ[8] ਯੁਕਤਾ। ਕਾਲ ਪਾਇ ਸੋ ਹੋਇ ਅਸ਼ਕਤਾ॥ ੧੩॥

ਮਹਾਂਬਲੀ ਰਾਕਸ ਜੇ ਰਾਜਾ। ਕਾਲ ਡੰਕ ਸਭ ਕੇ ਸਿਰ ਗਾਜਾ[9]।
ਭੇ ਅਵਤਾਰ ਜਿਤੇ ਰਣ ਧੀਰਾ। ਕਾਲ ਪਾਇ ਕਿਯ ਤਜਨ ਸਰੀਰਾ॥ ੧੪॥

ਮਹਾਂ ਸਿੱਧ ਸੁਰ ਗੰਧ੍ਰਬ(*2) ਕਿੰਨਰ(*3) । ਯੱਖਜ ਆਦਿ ਸਭ ਹ੍ਵੈ ਛਿਨਭੰਗਰ।
ਜਮ,ਉਡਗਨ,ਪੁਰਹੂਤ[10], ਕੁਮੇਰਾ(*4) । ਹੋਇਂ ਵਿਪਰਜੈ[11] ਲਗੈ ਨ ਦੇਰਾ॥ ੧੫॥

ਜੋ ਬ੍ਰਹਮਾ ਜਗ ਕਾਰਣ ਕੇਰੋ। ਤਿਹ ਅਭਾਵ ਕਰ ਕਾਲ ਕਰੇਰੋ।
ਹਰੀ ਬਿਸ਼ਨੁ ਜਿਹ ਜਗਤ ਅਲਾਇ। ਹਰੀ ਹਰਿਤੁਤਾ ਤਿਹ ਕੀ ਜਾਇ॥ ੧੬॥

SikhBookClub.Com

ਜੋ ਪੁਰਸ਼, ਸ਼ਬਦ ਨਾਲ ਜੁੜੇ ਹੋਏ ਹੁੰਦੇ ਹਨ, ਉਹ ਹਮੇਸ਼ਾ ਉਸ ਦੇ ਰੰਗ ਵਿੱਚ ਰਚੇ ਰਹਿੰਦੇ ਹਨ। ਉਹ ਕਦੇ ਵੀ ਨਹੀਂ ਵਿਛੜਿਆ ਕਰਦੇ, ਜਿਵੇਂ ਪਾਣੀ[1] 'ਚ ਪਾਣੀ ਸਮਾਇਆ ਹੁੰਦਾ ਹੈ ॥੮॥

ਜਿਨ੍ਹਾਂ ਦੀ ਅਸਾਂ ਨੂੰ ਮਿਲਣ ਦੀ ਚਾਹਨਾ ਹੈ ਅਤੇ ਹਮੇਸ਼ਾ ਲਈ ਵਿਛੜਨਾ ਨਹੀਂ ਚਾਹੁੰਦੇ, ਉਹ ਪੁਰਸ਼, ਸ਼ਬਦ (ਨਾਮ) ਦਾ ਸਿਮਰਨ (ਅਭਿਆਸ) ਕਰਨ। ਉਨ੍ਹਾਂ ਨੂੰ ਨਾਮ ਸੁਣਨਾ, ਸ਼ਬਦ ਨੂੰ ਮੰਨਣਾ[2] ਅਤੇ ਸਿਮਰਨ ਕਰਕੇ ਸ਼ਬਦ ਨੂੰ ਮਨ ਵਿੱਚ ਵਸਾਉਣਾ ਚਾਹੀਦਾ ਹੈ। ॥੯॥

ਬਿਨਾਂ ਸ਼ੱਕ ਦੇ ਉਹ ਲੋਕ ਅਸਾਂ ਨੂੰ ਮਿਲ ਪੈਣਗੇ ਅਤੇ ਫੇਰ ਇੱਕ ਰੰਗ ਵਿੱਚ ਰੰਗੇ ਹੋਏ ਕਦੇ ਵੀ ਵਿਛੜਨਗੇ ਨਹੀਂ। ਇਸ ਵਾਸਤੇ ਤੁਸੀਂ ਇਸ ਝਗੜੇ (ਵਿਵਾਦ)[3] ਨੂੰ ਛੱਡ ਦੇਵੋ। ਸ਼ਬਦ ਦਾ ਗਾਇਣ ਕਰੋ ਅਤੇ ਅਨੰਦ ਪ੍ਰਾਪਤ ਕਰੋ। ॥੧੦॥

ਜੋ ਇਹ ਸੰਸਾਰ ਦਾ ਪਸਾਰਾ ਦਿਖ ਰਿਹਾ ਹੈ, ਮਨ ਵਿੱਚ ਧਾਰ ਲਵੋ ਕਿ ਇਹ ਸਾਰਾ ਹੀ ਨਾਸ਼ਵੰਤ ਹੈ । ਉਲਟਾ[4] ਹੁੰਦਿਆਂ ਸਮਾਂ ਨਹੀਂ ਲੱਗਦਾ। ਕੁਝ ਵੀ ਥਿਰ[5] ਰਹਿਣ ਵਾਲਾ ਨਹੀਂ ਹੈ। ਜਿਸ ਨੂੰ ਅਟੱਲ ਕਹਿੰਦੇ ਹਨ, ਉਹ ਵੀ ਨਾਸ਼ ਹੋ ਜਾਂਦੇ ਹਨ। ॥੧੧॥

ਸੂਰਜ, ਚੰਦਰਮਾ, ਪ੍ਰਕਾਸ਼ ਕਰਨ ਵਾਲੇ ਵੀ ਸਮੇਂ ਨਾਲ ਨਾਸ਼[6] ਹੋ ਜਾਣਗੇ। ਸੁਮੇਰ ਪਰਬਤ ਵਰਗੇ, ਜਿਹੜੇ ਦੇਵਤਿਆਂ ਦਾ ਆਸਰਾ ਹਨ, ਉਨ੍ਹਾਂ ਦਾ ਖਤਮ ਹੁੰਦਿਆਂ ਪਲ ਨਹੀਂ ਲੱਗਦਾ। ॥੧੨॥

ਧਰਤੀ[7], ਪਾਣੀ ਅਤੇ ਡੂੰਘੇ ਸਮੁੰਦਰ ਵੀ ਉਸ ਮੌਤ ਦੇ ਅੱਗੇ ਨਹੀਂ ਟਿੱਕਦੇ। ਅਗਨੀ, ਹਵਾ ਜੋ ਦੋਨੋਂ ਹੀ ਬਲ[8] ਵਾਲੇ ਹਨ, ਉਹ ਵੀ ਸਮਾਂ ਪਾ ਕੇ ਬਲਹੀਨ ਹੋ ਜਾਂਦੇ ਹਨ। ॥੧੩॥

ਜੋ ਵੀ ਮਹਾਂਬਲੀ, ਰਾਕਸ਼, ਰਾਜੇ, ਦੈਂਤ ਹਨ, ਸਭ ਦੇ ਸਿਰ 'ਤੇ ਮੌਤ ਦਾ ਡੰਕਾ ਵੱਜਦਾ[9] ਰਹਿੰਦਾ ਹੈ। ਵੱਡੇ-ਵੱਡੇ ਅਵਤਾਰ ਜਿਨ੍ਹਾਂ ਨੇ ਵੱਡੇ-ਵੱਡੇ ਜੰਗ ਜਿੱਤੇ ਹਨ, ਸਮਾਂ ਪਾ ਕੇ ਉਨ੍ਹਾਂ ਨੂੰ ਵੀ ਸਰੀਰ ਛੱਡਣਾ ਪਿਆ। ॥੧੪॥

ਵੱਡੇ-ਵੱਡੇ ਸਿੱਧ ਲੋਕ, ਦੇਵਤੇ, ਸੂਰਮੇ, ਗੰਧਰਬ, ਕਿੰਨਰ ਤੇ ਯੱਕਸ਼ ਆਦਿ ਸਾਰੇ ਦੇ ਸਾਰੇ ਹੀ ਛਿਣ ਵਿੱਚ ਨਾਸ਼ ਹੋ ਜਾਂਦੇ ਹਨ। ਜਮ, ਤਾਰੇ, ਇੰਦਰ[10], ਕੁਬੇਰ ਆਦਿ ਵਰਗਿਆਂ ਦੇ ਵੀ ਉਲਟੀ[11] ਪੈਂਦਿਆਂ ਦੇਰ ਨਹੀਂ ਲੱਗਦੀ ॥੧੫॥

ਬ੍ਰਹਮਾ ਵਰਗੇ, ਜਿਨ੍ਹਾਂ ਨੂੰ ਜੱਗ ਦੀ ਰਚਨਾ ਕਰਨ ਵਾਲੇ ਮੰਨਿਆ ਜਾਂਦਾ ਹੈ, ਉਨ੍ਹਾਂ ਨੂੰ ਵੀ ਕਠੋਰ ਕਾਲ ਅਲੋਪ ਕਰ ਦਿੰਦਾ ਹੈ। ਵਿਸ਼ਨੂੰ ਜਿਹੇ ਜੋ ਇਸ ਜੱਗ ਨੂੰ ਸੰਭਾਲਦੇ-ਚਲਾਉਂਦੇ ਹਨ, ਉਨ੍ਹਾਂ ਦਾ ਹਰੀ-ਪੁਣਾ (ਪ੍ਰਭੁਤਾ) ਵੀ ਨਾਸ਼ ਹੋ ਜਾਏਗਾ ॥੧੬॥

SikhBookClub.Com

ਰੁਦ੍ਰਹਿ[1] ਬੇਖ ਭਯਾਨਕ ਜਾਂਹੀ।ਕਾਲ ਪਾਇ ਸੇ ਹੋਵਹਿ ਨਾਹੀਂ ।
ਸਭ ਕੋ ਜੋ ਅਧਾਰ ਆਕਾਸ਼ਾ।ਕਾਲ ਅਗਾਰੀ ਹੋਇ ਸੁ ਨਾਸ਼ਾ॥੧੭॥

ਇਨ ਜੀਵਨ ਕਜਾ ਗਿਨਤੀ ਹੋਈ।ਗ੍ਰਸਜੋ ਕਾਲ ਕੋ ਹੈ ਸਬ ਕੋਈ।
ਰਹਿਨੋ ਇਸਥਿਰ ਕਿਨਹੂੰ ਨਾਹੀਂ।ਪਾਇ ਸਮਾਂ ਸਬਹੀ ਬਿਨਸਾਹੀਂ[(*5)] ॥੧੮॥

ਅਤਿ ਸੂਖ਼ਮ ਤੇ ਸੂਖ਼ਮ ਕਾਲੂ।ਅਤਿ ਬਿਸਾਲ ਤੇ ਮਹਾਂ ਬਿਸਾਲੂ।
ਕਰਹਿ ਊਚ ਤੇ ਜੋ ਅਤਿ ਨੀਚੂ।ਨੀਚਹਿ ਥਪਹਿ ਊਚ ਖਿਨ ਬੀਚੂ॥੧੯॥

ਰਾਈ ਮੇਰੁ,ਮੇਰੁ ਤੇ ਰਾਈ।ਬਸੇ ਉਜਾਰਹਿ,ਉਜਰ[2] ਬਸਾਈ।
ਮਹਾਂਬਲੀ ਚਾਹੈ ਸੋ ਕਰਹੀ।ਇਸ ਆਗੈ ਕੋ ਧੀਰ ਨ ਧਰਹੀ॥੨੦॥

ਧਨੁਖ ਅਭਾਵ[3] ਹਾਥ ਹੈ ਜਾਂਕੇ।ਰਾਗ ਰੁ ਦ੍ਵੈਖ ਬਾਣ ਬਡ ਤਾਂਕੇ।
ਛੈ ਕਰ ਜਗ ਉਪਜਾਵਹਿ ਸੋਊ।ਸਿਸਿ[4] ਲੀਲ੍ਹਾ ਜਿਉਂ ਦੇਖ ਨ ਕੋਊ॥੨੧॥

ਸੂਰਜ ਚੰਦ ਗੋਇ[5] ਕਰ ਹਾਥੇ।ਖੇਲਹਿ ਨਿਤ ਉਛਾਰ[6] ਤਿਨ ਸਾਥੇ।
ਬ੍ਰਹਮ ਉਦੰਬਰ[7] ਬਿਰਖ ਮਹਾਨਾ।ਫਲ ਅਨੇਕ ਬ੍ਰਹਮੰਡ ਮਹਾਨਾ॥੨੨॥

ਭੱਖਜਤ ਕਾਲ ਨ ਤ੍ਰਿਪਤੈ ਕੈਸੇ।ਘ੍ਰਿੱਤ[8] ਅਹੂਤੀ ਪਾਵਕ ਜੈਸੇ।
ਮੂਰਤ ਬਿਦਤ[9] ਨ ਪਰਹਿ ਪਛਾਨੀ।ਘਟੀ,ਮਾਸ,ਬਰਖਹਿਂ ਤੇ ਜਾਨੀ॥੨੩॥

ਝੀਵਰ[10] ਕਾਲ ਕ੍ਰਿਆ ਜਿਹ ਜਾਲਾ।ਫਸੇ ਜੀਵ ਤਿਸ ਮਾਂਹਿ ਬਿਸਾਲਾ।
ਛੂਟਨ ਹੋਇ ਨ ਸੇ ਕਿਹ ਭਾਂਤੀ।ਦੁਖ ਮਹਿਂ ਪਚਹਿਂ ਨ ਪਾਵਹਿਂ ਸ਼ਾਂਤੀ॥੨੪॥

ਜੇਤਿਕ ਹੈ ਪਰਪੰਚ ਪਸਾਰਾ।ਕਈ ਬਾਰ ਕਿਯ ਕਾਲ ਅਹਾਰਾ।
ਬਹੁਰੋ ਰਚੈ ਸੁਖੇਨ ਸੰਵਰਕੈ। ਦ੍ਰੁਹਨ[11], ਬਿਸ਼ਨੁ ਸ਼ਿਵ ਨਿਜ ਤਨ ਧਰਕੈ॥੨੫॥

SikhBookClub.Com

ਸ਼ਿਵ[1] ਜੀ ਵਰਗੇ, ਜਿਨ੍ਹਾਂ ਨੇ ਭਿਆਨਕ ਭੇਖ ਧਾਰਨ ਕੀਤਾ ਹੋਇਆ, ਉਹ ਵੀ ਸਮਾਂ ਪਾ ਕੇ ਨਹੀਂ ਹੋਣਗੇ। ਸਭ ਨੂੰ ਜੋ ਆਸਰਾ ਦੇਣ ਵਾਲਾ, ਜੋ ਅਕਾਸ਼ ਮੰਡਲ ਹੈ, ਕਾਲ ਦੇ ਮੂਹਰੇ ਉਸਨੇ ਵੀ ਖਤਮ ਹੋ ਜਾਣਾ ਹੈ। ॥੧੭॥

ਇਨ੍ਹਾਂ ਜੀਵਨ-ਦਸ਼ਾਵਾਂ ਦੀ ਕੀ ਗਿਣਤੀ ਕਰਨੀ ਹੈ, ਮੌਤ ਨੇ ਸਭ ਨੂੰ ਗ੍ਰਸਿਆ ਹੋਇਆ ਹੈ। ਕਿਸੇ ਨੇ ਵੀ ਇਥੇ ਸਥਿਰ ਨਹੀਂ ਰਹਿਣਾ, ਸਮਾਂ ਪਾਕੇ ਸਭ ਨੇ ਖਤਮ ਹੋਣਾ ਹੈ ॥੧੮॥

ਇਹ ਜੋ ਕਾਲ ਹੈ, ਇਹ ਅਤਿ ਸੂਖਮ ਤੋਂ ਵੀ ਸੂਖਮ ਹੈ ਤੇ ਵੱਡਿਆਂ ਤੋਂ ਵੀ ਬਹੁਤ ਵੱਡਾ ਹੈ। ਉਹ ਉੱਚਿਆਂ ਨੂੰ ਨੀਵੇਂ ਤੋਂ ਨੀਵਾਂ ਕਰ ਸਕਦਾ ਹੈ ਅਤੇ ਪਲ ਵਿੱਚ ਨੀਵੇਂ ਤੋਂ ਨੀਵਿਆਂ ਨੂੰ ਉੱਚਾ ਥਾਪ ਸਕਦਾ ਹੈ। ॥੧੯॥

ਇਹ ਵੱਡੇ-ਵੱਡੇ ਪਰਬਤਾਂ (ਸੁਮੇਰ ਪਰਬਤ ਵਰਗਿਆਂ) ਨੂੰ ਰੱਤੀ ਦੇ ਬਰਾਬਰ ਕਰਨ ਵਾਲਾ ਹੈ ਅਤੇ ਤਿਨਕੇ ਨੂੰ ਪਹਾੜ ਬਣਾ ਦਿੰਦਾ ਹੈ। ਇਹ (ਚੰਗੇ-ਭਲੇ) ਵਸਦਿਆਂ ਨੂੰ ਉਜਾੜ ਦੇਣ ਵਾਲਾ ਹੈ ਤੇ ਉਜੜਿਆਂ[2] ਨੂੰ ਵੱਸਦੇ ਕਰਦਾ ਹੈ। ਮਹਾਂਬਲੀ ਚਾਹੇ ਜੋ ਮਰਜ਼ੀ ਕਰੀ ਜਾਣ ਪਰ ਇਸ ਕਾਲ ਅੱਗੇ ਉਹ ਧੀਰਜ ਨਹੀਂ ਧਰ ਸਕਦੇ। ॥੨੦॥

ਉਸ (ਪਾਰਬ੍ਰਹਮ) ਦੇ ਹੱਥ ਵਿੱਚ, 'ਅਣਹੋਇਆ[3] ਕਰਨ' ਰੂਪੀ ਧਨੁੱਖ ਹੈ। ਉਸ ਦੇ ਕੋਲ ਦੁੱਖਾਂ ਅਤੇ ਸੁੱਖਾਂ ਦੇ ਵੱਡੇ-ਵੱਡੇ ਬਾਣ ਹਨ। ਉਹ ਜੋ ਇਸ ਜਗਤ ਨੂੰ ਨਾਸ਼ ਕਰਕੇ ਫਿਰ ਇਸ ਦੀ ਰਚਨਾ ਕਰਦਾ ਹੈ, ਜਿਵੇਂ ਬਾਲਕ[4]-ਲੀਲਾ ਵਾਂਗ ਕੋਈ ਨਹੀਂ ਤੱਕ ਸਕਦਾ। ॥੨੧॥

ਸੂਰਜ, ਚੰਦ ਨੂੰ ਹੱਥਾਂ ਵਿੱਚ ਗੇਂਦ[5] ਵਾਂਗ ਲੈ ਕੇ ਉਹ ਰੋਜ਼ਾਨਾ ਉਛਾਲ-ਉਛਾਲ[6] ਕੇ ਖੇਡਦਾ ਹੈ। ਬ੍ਰਹਮ, ਵੱਡੇ ਗੁੱਲਰ[7] ਬਿਰਛ ਵਾਂਗੂੰ ਹੈ ਜਿਸ ਨੂੰ ਅਨੇਕ ਵੱਡੇ ਬ੍ਰਹਿਮੰਡ ਰੂਪੀ ਫਲ ਲੱਗੇ ਹੋਏ ਹਨ। ॥੨੨॥

ਜਿਵੇਂ ਅੱਗ ਵਿੱਚ ਘਿਉ[8] ਦੀ ਅਹੂਤੀ ਦਿੱਤਿਆਂ ਉਸ ਦਾ ਰੱਜ ਨਹੀਂ ਹੁੰਦਾ, ਉਸੇ ਤਰਾਂ ਕਾਲ ਦਾ ਇਨ੍ਹਾਂ (ਬ੍ਰਹਿਮੰਡਾਂ ਨੂੰ) ਖਾਂਦਿਆਂ ਕਿਵੇਂ ਵੀ ਤ੍ਰਿਪਤੀ ਨਹੀਂ ਹੁੰਦੀ। ਕਾਲ ਦੀ ਮੂਰਤ ਪਰਗਟ[9]-ਰੂਪ ਵਿੱਚ ਪਛਾਣੀ ਨਹੀਂ ਜਾਂਦੀ, ਇਹ ਘੜੀਆਂ, ਮਹੀਨਿਆਂ, ਸਾਲਾਂ ਵਿੱਚ ਜਾਣੀ ਜਾਂਦੀ ਹੈ ॥੨੩॥

ਮਛੇਰੇ[10] ਦੇ ਜਾਲ ਦੀ ਪ੍ਰਕਿਰਿਆ ਵਾਂਗ ਹੀ ਕਾਲ ਦਾ ਕੰਮ ਹੈ, ਜਿਸ ਵਿੱਚ (ਮੱਛੀਆਂ ਵਾਂਗ) ਅਣਗਿਣਤ ਜੀਵ ਫਸਦੇ ਹਨ। ਕਿਸੇ ਤਰੀਕੇ ਨਾਲ ਵੀ ਉਨ੍ਹਾਂ ਦਾ ਕਾਲ ਰੂਪੀ ਜਾਲ ਤੋਂ ਛੁਟਕਾਰਾ ਨਹੀਂ ਹੁੰਦਾ। ਇਸੇ ਤਰਾਂ ਜੀਵ ਦੁੱਖ ਵਿੱਚ ਫਸ ਕੇ ਸ਼ਾਂਤੀ ਨਹੀਂ ਪਾਉਂਦੇ। ॥੨੪॥

ਇਹ ਜੋ ਸਾਰਾ ਜਗਤ ਪਸਾਰਾ ਹੈ, ਇਸ ਨੂੰ ਕਾਲ ਨੇ ਕਈ ਵਾਰ ਖਾਇਆ ਹੈ (ਨਾਸ਼ ਕੀਤਾ ਹੈ), ਬ੍ਰਹਮਾ[11], ਸ਼ਿਵ, ਵਿਸ਼ਨੂੰ ਆਦਿ ਆਪਣਾ ਤਨ ਧਾਰਨ ਕਰਕੇ ਦੁਬਾਰਾ ਸੰਵਾਰ-ਸੰਭਾਲ ਕੇ ਇਸ ਦੀ ਰਚਨਾ ਕਰਦੇ ਰਹੇ ਹਨ। ॥੨੫॥

SikhBookClub.Com

ਅੰਤਰਧਜਾਨ[1] ਕਰੈ ਪੁਨਿ ਤਾਂਹੀ।ਗ੍ਰਸੈ ਸਕਲ ਕੋ ਤਜੈ ਨ ਕਾਹੀ।
ਬਿਨ ਕਰੁਨਾ ਤੇ ਕ੍ਰੂਰ ਬਿਸਾਲਾ।ਮ੍ਰਿਗ ਬ੍ਰਹਮੰਡ ਕੇਹਰੀ[2] ਕਾਲਾ॥੨੬॥

ਦੋਹਰਾ

ਕਮਲ ਫੂਲ ਅਦਭੁਤ ਅਹੈ,ਬਚਜੋ ਤਾਂਹਿ ਤੇ ਸੋਇ।
ਨਹਿੰ ਸਮੀਪ ਤਹਿ ਜਾਵਈ ਰਹਜੋ ਬਿਨਾ ਬਲ ਹੋਇ॥੨੭॥

ਚੌਪਈ

ਸ਼ਾਂਤਿ ਮੈਤਰੀ[3] ਅੰਕੁਰ ਤਾਸੂ।ਚੈਤੰਨਤਾ ਮਾਤ੍ਰ ਪਰਕਾਸ਼ੂ।
ਇਸ ਮਹਿੰ ਕਾਲ ਲੀਨ ਹੁਇ ਜਾਵਹਿ।ਤਿਹ ਤਜ ਅਪਰ ਸਰਬ ਕੋ ਖਾਵਹਿ॥੨੮॥

ਤਾਂਤੇ ਸ਼ਬਦ ਕਰਹੁ ਅੱਭਜਾਸਾ।ਸਗਰੋ ਭੇਦ ਹੋਇ ਪਰਕਾਸ਼ਾ।
ਸੁਨ ਸਿੱਖਹੁ! ਸਭ ਤਜਹੁ ਬਿਖਾਦਾ।ਖ੍ਵੈ ਤਨ ਅਹੰ ਸਮਾਰਹੁ[4] ਆਦਾ[5] ॥੨੯॥

ਜਗਤ ਅਸਾਰ ਜਾਨ ਕਰ ਸਾਰੋ।ਸਾਰ ਬਿਚਾਰ ਭਲੇ ਉਰ ਧਾਰੋ।
ਮੋਖ ਸਦਨ ਕੀ ਇਹ ਤਨ ਸ਼੍ਰੈਨੀ[6]। ਸਿਮਰਹੁ ਸੱਤਿਨਾਮ ਦਿਨ ਰੈਨੀ'॥੩੦॥

ਇਸ ਪ੍ਰਕਾਰ ਉਪਦੇਸ਼ ਘਨੇਰਾ।ਦੇਕਰ ਗੁਰ ਅੱਗਜਾਨ ਕਟੇਰਾ[7]।
ਹੋਤ ਭਯੋ ਅਰਣੋਦਯ[8] ਕਾਲਾ।ਨਿਕਸੇ ਤਿਹ ਛਿਨ ਵਹਿਰ ਕ੍ਰਿਪਾਲਾ॥੩੧॥

ਜੈ ਜੈ ਕਾਰ ਹੋਤ ਚੌਫੇਰੇ।ਪਢਹਿੰ ਬੇਦ[9] ਧੁਨਿ ਸ਼ਬਦ ਘਨੇਰੇ।
ਕੁਸ਼ਾ ਮ੍ਰਿਦੁਲ ਜਿਹ ਰੁਚਿਰ ਬਿਛੌਨਾਂ।ਤਹਾਂ ਜਾਇ ਪੌਢੇ ਗੁਨ ਭੌਨਾ॥੩੨॥

ਗੁਨਤ ਸੁਲਖਣੀ ਉਰ ਇਸ ਭਾਂਤੀ। —ਮਮ ਸੁਤ ਝੂਰਹਿੰਗੇ ਪਸ਼ਚਾਤੀ।
ਮਿਲੇ ਨ ਆਨ ਜਨਕ[10] ਕੇ ਤਾਈਂ। ਤਨਕ ਪ੍ਰਤੀਤ ਨ ਤਿਨ ਕੋ ਆਈ —॥੩੩॥

ਤਬ ਠਾਂਢੀ ਹ੍ਵੈ ਪ੍ਰਭੂ ਅਗਾਰੀ।ਹਾਥ ਬੰਦ ਅਸ ਗਿਰਾ ਉਚਾਰੀ।
'ਅਬ ਕੇ ਪੁਨ ਨਿਜ ਤਾਤਨਿ[11] ਤਾਈਂ।ਪਠਹੁ ਬੁਲਾਇ ਪਾਸ,ਗੋਸਾਈਂ!॥੩੪॥

SikhBookClub.Com

(ਉਹ ਪ੍ਰਭੂ) ਇਨ੍ਹਾਂ ਨੂੰ ਫਿਰ ਗਾਇਬ (ਅਲੋਪ)[1] ਕਰਕੇ ਸਾਰੇ ਸੰਸਾਰ ਨੂੰ ਗ੍ਰਸ ਲੈਂਦਾ ਹੈ ਅਤੇ ਕਿਸੇ ਨੂੰ ਵੀ ਨਹੀਂ ਛੱਡਦਾ। ਕਾਲ ਸ਼ੇਰ[2] ਵਾਂਗ ਹੈ ਤੇ ਬ੍ਰਹਿਮੰਡ ਹਿਰਨ ਵਾਂਗ ਹੈ। ਇਹ ਬਹੁਤ ਬੇਰਹਿਮ ਤੇ ਡਾਢਾ ਸਖਤ ਹੈ। ॥੨੬॥

ਦੋਹਰਾ

ਪਰ ਉਹ (ਵਾਹਿਗੁਰੂ) ਅਚਰਜ ਕਮਲ-ਫੁੱਲ ਹੈ, ਜੋ ਇਸ ਕਾਲ ਤੋਂ ਬਚਿਆ ਹੋਇਆ ਹੈ। ਕਾਲ ਉਸ ਬ੍ਰਹਮ ਦੇ ਨਜ਼ਦੀਕ ਨਹੀਂ ਜਾਂਦਾ, ਉਸ ਅੱਗੇ ਬਲਹੀਨ ਹੋ ਕੇ ਰਹਿ ਜਾਂਦਾ ਹੈ। ॥੨੭॥

ਚੌਪਈ

ਸ਼ਾਂਤੀ, ਮਿੱਤਰਤਾ[3] ਉਸ ਦਾ ਅੰਕੁਰ ਹੈ ਤੇ ਚੇਤੰਨਤਾ ਪ੍ਰਕਾਸ਼ ਮਾਤਰ ਹੈ, ਕਾਲ ਇਸ ਵਿੱਚ ਸਮਾ (ਲੀਨ ਹੋ) ਜਾਂਦਾ ਹੈ ਅਤੇ ਇਸ (ਬ੍ਰਹਮ) ਨੂੰ ਛੱਡ ਕੇ ਹੋਰ ਬਾਕੀ ਸਾਰਿਆਂ ਨੂੰ ਖਾ ਜਾਂਦਾ ਹੈ। ॥੨੮॥

ਇਸ ਵਾਸਤੇ ਸ਼ਬਦ (ਨਾਮ) ਦਾ ਸਿਮਰਨ (ਅਭਿਆਸ) ਕਰੋ, ਫਿਰ (ਤੁਹਾਨੂੰ) ਸਾਰੇ (ਇਨ੍ਹਾਂ) ਭੇਦਾਂ ਦਾ ਗਿਆਨ ਹੋ ਜਾਵੇਗਾ। ਹੇ (ਮੇਰੇ) ਸਿੱਖੋ ਸੁਣੋ! ਸਾਰੇ ਵਿਵਾਦਾਂ ਨੂੰ ਛੱਡ ਦੇਵੋ ਅਤੇ ਤਨ ਦੀ ਅਹੰਤਾ ਗੁਆ ਕੇ ਆਦਿ ਰੂਪ ਵਾਹਿਗੁਰੂ[5] ਨੂੰ ਸੰਭਾਲੋ[4]। ॥੨੯॥

ਇਸ ਸਾਰੇ ਜਗਤ ਨੂੰ ਝੂਠਾ ਜਾਣਦੇ ਹੋਏ ਅਸਲ ਸੱਚ ਨੂੰ ਵਿਚਾਰ ਕੇ ਤੇ ਉਸ ਨੂੰ ਦਿਲ ਵਿੱਚ ਵਸਾ ਲਵੋ। ਮੁਕਤੀ ਰੂਪੀ ਘਰ ਦੀ ਇਹ ਸਰੀਰ ਪੌੜੀ[6] ਹੈ, ਦਿਨ ਰਾਤ ਉਸ ਵਾਹਿਗੁਰੂ ਦਾ ਨਾਮ ਜਪਦੇ ਹੋਏ ਸਿਮਰਨ ਕਰੋ।" ॥੩੦॥

ਇਵੇਂ ਗੁਰੂ ਜੀ ਨੇ ਸਿੱਖਾਂ ਨੂੰ ਡੂੰਘੇ-ਗਿਆਨ ਦਾ ਉਪਦੇਸ਼ ਦੇ ਕੇ ਉਨ੍ਹਾਂ ਦੀ ਅਗਿਆਨਤਾ ਨੂੰ ਕੱਟ[7] ਦਿੱਤਾ ਸੀ। ਫਿਰ ਜਦ ਸੂਰਜ-ਚੜ੍ਹਣ[8] ਦਾ ਸਮਾਂ ਹੋਇਆ ਤਾਂ ਕਿਰਪਾਲੂ (ਗੁਰੂ ਜੀ) ਬਾਹਰ ਆ ਗਏ। ॥੩੧॥

ਤਾਂ ਉਸ ਪਲ ਗੁਰੂ ਜੀ ਦੀ ਜੈ-ਜੈਕਾਰ ਹੋ ਰਹੀ ਸੀ। ਉੱਚੀ-ਉੱਚੀ ਧੁਨ ਵਿੱਚ ਵੇਦ[9] ਸ਼ਬਦ ਪੜ੍ਹਦੇ ਸਨ। ਜਿਥੇ ਨਰਮ-ਨਰਮ ਸੁੰਦਰ ਦੱਭ ਦਾ ਵਿਛੌਣਾ ਕੀਤਾ ਗਿਆ ਸੀ, ਗੁਣਾਂ ਦੇ ਘਰ (ਗੁਰੂ ਜੀ) ਉਥੇ ਜਾ ਕੇ ਲੇਟ ਗਏ। ॥੩੨॥

ਮਾਤਾ ਸੁਲੱਖਣੀ ਮਨ ਵਿੱਚ ਇਸ ਤਰਾਂ ਗਿਣਤੀਆਂ ਕਰਨ ਲੱਗੀ -ਮੇਰੇ ਪੁੱਤਰ ਪਿੱਛੋਂ ਪਛਤਾਉਣਗੇ, ਉਹ ਆਪਣੇ ਪਿਤਾ[10] ਜੀ ਨੂੰ ਮਿਲਣ ਲਈ ਨਹੀਂ ਆਏ। ਉਨ੍ਹਾਂ ਨੂੰ ਤਾਂ ਇਸ ਤਰਾਂ ਹੋ ਜਾਣ ਦਾ ਭੋਰਾ-ਭਰ ਵੀ ਭਰੋਸਾ ਨਹੀਂ ਸੀ ਆਇਆ-। ॥੩੩॥

ਉਸ ਨੇ ਗੁਰੂ ਜੀ ਅੱਗੇ ਖੜੋ ਕੇ ਹੱਥ ਜੋੜਕੇ ਬੇਨਤੀ ਕੀਤੀ, "ਹੇ ਸਵਾਮੀ ਜੀ! ਤੁਸੀਂ ਇੱਕ ਵਾਰ ਫਿਰ ਪੁੱਤਰਾਂ[11] ਨੂੰ ਆਪਣੇ ਕੋਲ ਬੁਲਾਉਣ ਲਈ, ਕਿਸੇ ਨੂੰ ਉਨ੍ਹਾਂ ਵੱਲ ਭੇਜ ਦੇਵੋ। ॥੩੪॥

ਆਵਹਿੰਗੇ ਅਬ ਮਾਨਹਿੰ ਬੈਨਾ। ਛਿਮਾਛੇਤ੍ਰ[1] ਤੁਮ ਸ੍ਰੀ ਗੁਨ ਐਨਾ!।
ਨੀਕੀ ਬਾਤ ਮਿਲਹਿੰ ਇਸ ਕਾਲਾ। ਬਿਨੈ ਮਾਨੀਏ ਮੇਰੀ ਦਜਾਲਾ!'॥੩੫॥

ਦੇਖ ਦੀਨ ਬੇਦੀ ਕੁਲ ਮੋਰੰ[2]। ਆਇਸੁ ਦੇ ਸਿੱਖ ਪਠਜੋ ਬਹੋਰੰ।
ਕਹਜੋ ਜਾਇ ਕੇ ਤਿਨ ਦੁਇ ਆਗੇ। 'ਨਿਸਚੇ ਗੁਰੂ ਸਮਾਵਨ ਲਾਗੇ॥੩੬॥

ਮਾਤਾ ਬਿਨਤੀ ਕੀਨ ਘਨੇਰੀ। ਮੁਝ ਤੁਮ ਪਾਸ ਪਠਾਯੋ ਫੇਰੀ।
ਰੰਚਕ[3] ਔਰ ਬਿਲੰਬ ਨ ਕੋਈ। ਚਹਉ ਤ ਮਿਲਉ ਭਲੇ ਬਿਧਿ ਹੋਈ'॥੩੭॥

ਸਿਰੀ ਚੰਦ ਪੁਨ ਲਖਮੀਦਾਸਾ। ਮਾਤ ਬਾਤ ਸੁਨ ਭਏ ਉਦਾਸਾ।
ਤਤਛਿਨ ਉਠੇ ਤਜੇ ਅਨਮਤਾ[4]। ਕਹਜੋ 'ਸਮਾਇੰ ਨ ਸਾਚੇ ਪਿਤਾ'॥੩੮॥

ਗਮਨੇ ਮਿਲਨ ਭਈ ਇਤ ਐਸੇ। ਉਤ ਕੀ ਸੁਨਹੁ ਕੀਨ ਗੁਰ ਜੈਸੇ।
ਅੰਬਰ[5] ਪਾਇ ਬਦਨ ਪਰ ਤਬਹੀ। ਪੌਢ ਗਏ ਦੇਖਹਿੰ ਨਰ ਸਬਹੀ॥੩੯॥

ਗੇ ਸਮਾਇ ਤਨ ਰਹੇ ਨ ਪ੍ਰਾਨਾ। ਭਾ ਕਹਾਇ ਕੋ ਸ਼ਬਦਿ ਮਹਾਨਾ।
ਕਰਹੀਂ ਲੋਕ ਬਿਲਾਪ[6] ਕਲਾਪਾ। ਭਯੋ ਪ੍ਰਭੂ ਕੋ ਬਿਰਹੁ[7] ਪ੍ਰਤਾਪਾ॥੪੦॥

ਨਰਨ ਬਿਖੈ ਭ੍ਰਾ ਰੁਦਨ ਘਨੇਰਾ। ਸੁਰਨ[8] ਮਝਾਰ ਅਨੰਦ ਬਧੇਰਾ।
ਅਤਿ ਉਤਸ਼ਵ ਕੇ ਗੀਤਨਿ ਗਾਵਹਿੰ। ਬਾਦਿਤ ਤਾਲ ਮਿਲਾਇ ਬਜਾਵਹਿੰ॥੪੧॥

ਸ੍ਵੈਯਾ

ਨੰਦੀ ਸੁ ਬ੍ਰਿਖਭ[9] ਚਢੇ ਸ਼ਿਵ ਜੂ ਤਨ ਉੱਜਲ ਇੰਦ੍ ਸ਼ਸ਼ਾਂਕ[10] ਸੁਹਾਏ।
ਬਜਾਲ[11] ਕਰਾਲ[12] ਅਲੰਕ੍ਰਿਤ ਹੈ, ਹਰਿਖਾਲ[13] ਬਿਸਾਲ ਸਿਕੰਧਨ[14] ਪਾਏ।
ਗੰਗ ਤਰੰਗ ਅਮੰਕਨ[15] ਭੰਗ ਜਟਾ ਮਹਿੰ,ਪਾਰਬਤੀ ਅੰਗ ਲਾਏ।
ਸੂਲ[16] ਧਰੇ ਕਰ, ਮੁੰਡ[17] ਪਰੇ ਗਰ, ਪ੍ਰੇਮ ਕਰੇ ਉਰ ਸੋ ਚਲਿ ਆਏ॥੪੨॥

SikhBookClub.Com

ਉਹ ਹੁਣ ਤੁਹਾਡਾ ਕਹਿਣਾ ਮੰਨ ਕੇ ਜ਼ਰੂਰ ਆ ਜਾਣਗੇ, ਹੇ ਗੁਣਾਂ ਦੇ ਘਰ! ਆਪ ਤਾਂ ਭੁੱਲਾਂ ਬਖਸ਼ਣਹਾਰੇ[1] ਹੋ। ਹੇ ਦਿਆਲੂ ਜੀ! ਮੇਰੀ ਇਹ ਬੇਨਤੀ ਮੰਨ ਲਵੋ, ਇਸ ਵਕਤ ਉਹ ਮਿਲ ਲੈਣ ਤਾਂ ਬਹੁਤ ਚੰਗੀ ਗੱਲ ਹੋਵੇਗੀ। ॥੩੫॥

ਬੇਦੀ ਕੁਲ ਦੇ ਸ਼ਿਰੋਮਣੀ[2] (ਗੁਰੂ ਜੀ) ਨੇ ਮਾਤਾ ਸੁਲੱਖਣੀ ਜੀ ਦਾ ਨਿਮਰਤਾ ਭਾਵ ਦੇਖ ਕੇ, ਇੱਕ ਸਿੱਖ ਨੂੰ ਆਗਿਆ ਦਿੰਦੇ ਹੋਏ ਫੇਰ ਘੱਲਿਆ ਕਿ ਉਹ ਉਨ੍ਹਾਂ ਦੋਨਾਂ ਅੱਗੇ ਜਾ ਕੇ ਆਖੇ, "ਗੁਰੂ ਜੀ ਸੱਚਮੁੱਚ ਹੀ ਜੋਤੀ-ਜੋਤ ਸਮਾਉਣ ਲੱਗੇ ਹਨ। ॥੩੬॥

ਮਾਤਾ ਜੀ ਦੇ ਬਹੁਤ ਬੇਨਤੀ ਕਰਨ 'ਤੇ ਮੈਨੂੰ ਤੁਹਾਡੇ ਕੋਲ ਫਿਰ ਭੇਜਿਆ! ਹੈ, ਹੁਣ ਭੋਰਾ-ਭਰ[3] ਵੀ ਕੋਈ ਦੇਰੀ ਨਹੀਂ ਲੱਗਣ ਵਾਲੀ, ਜੇ ਚਾਹੁੰਦੇ ਹੋ ਤਾਂ ਮਿਲ ਲਵੋ। ਬਹੁਤ ਚੰਗੀ ਗੱਲ ਹੋਵੇਗੀ।" ॥੩੭॥

ਮਾਤਾ ਦੀ ਇਹ ਗੱਲ ਸੁਣ ਕੇ ਸ੍ਰੀ ਚੰਦ ਅਤੇ ਲਖਮੀ ਦਾਸ ਉਦਾਸ ਹੋ ਗਏ ਤੇ ਆਪਣਾ ਦੂਸਰਾ-ਵਿਚਾਰ[4] ਤਿਆਗ ਕੇ ਉੱਠ ਖੜ੍ਹੇ ਹੋਏ। ਉਨ੍ਹਾਂ (ਫਿਰ) ਕਿਹਾ, " (ਕਿਤੇ ਸੱਚਮੁੱਚ) ਪਿਤਾ ਜੀ ਸਮਾ ਹੀ ਨਾ ਜਾਣ।" ॥੩੮॥

ਇਸ ਤਰਾਂ ਏਧਰ ਉਹ (ਦੋਨੋਂ) ਸੋਚ ਕੇ ਗੁਰੂ ਜੀ ਨੂੰ ਮਿਲਣ ਲਈ ਚੱਲ ਪਏ। ਦੂਜੇ ਪਾਸੇ ਜਿਵੇਂ ਗੁਰੂ ਜੀ ਨੇ ਕੀਤਾ ਸੀ, ਉਨ੍ਹਾਂ ਦੀ ਸੁਣੋ। ਗੁਰੂ ਜੀ ਨੇ ਆਪਣੇ ਸਰੀਰ ਉੱਪਰ ਕੱਪੜਾ[5] (ਚਾਦਰਾ) ਪਾ ਲਿਆ। ਉਨ੍ਹਾਂ ਲੇਟਿਆਂ ਨੂੰ ਸਾਰੇ ਨਰ-ਨਾਰੀ ਦੇਖ ਰਹੇ ਸਨ। ॥੩੯॥

ਗੁਰੂ ਜੀ ਜੋਤੀ-ਜੋਤ ਸਮਾ ਗਏ ਸਨ। ਸਰੀਰ ਵਿੱਚ ਸਵਾਸ ਨਹੀਂ ਸਨ ਰਹੇ। ਨਜ਼ਦੀਕ ਖੜੇ ਲੋਕਾਂ ਵੱਲੋਂ ਬਹੁਤ ਹਾਹਾਕਾਰ ਦੀ ਅਵਾਜ਼ ਪੈਦਾ ਹੋਈ । ਸਾਰੇ ਲੋਕੀਂ ਪ੍ਰਤਾਪੀ ਗੁਰੂ ਜੀ ਦੇ ਵਿਛੋੜੇ[7] ਦੇ ਵੈਰਾਗ ਵਿੱਚ ਵਿਰਲਾਪ[6] ਕਰਨ ਲੱਗ ਪਏ ਸਨ। ॥੪੦॥

ਲੋਕਾਂ ਵਿੱਚ ਬਹੁਤ ਰੋਣਾ-ਧੋਣਾ ਮੱਚ ਗਿਆ ਸੀ ਪਰ ਦੇਵਤਿਆਂ[8] ਵਿੱਚ ਬਹੁਤ ਹੀ ਅਨੰਦ ਵਧਿਆ ਸੀ। ਉਹ ਉਸ ਸਮੇਂ ਤਾਲ ਨਾਲ ਤਾਲ ਮਿਲਾ ਕੇ ਵਾਜੇ ਵਜਾਉਂਦੇ ਹੋਏ ਗੀਤ ਗਾ ਰਹੇ ਸਨ। ॥੪੧॥

ਸਵੱਯਾ

ਸ਼ਿਵ ਜੀ, ਨੰਦੀ ਨਾਮੀ ਬੈਲ[9] ਉੱਤੇ ਚੜ੍ਹੇ ਹੋਏ ਸਨ, ਜਿਨ੍ਹਾਂ ਦਾ ਤਨ ਚੰਦਰਮਾ[10] ਦੀ ਤਰਾਂ ਸ਼ੋਭਨੀਕ ਤੇ ਭਿਆਨਕ[12] ਸੱਪਾਂ[11] ਨਾਲ ਭੂਸ਼ਤਿ ਅਤੇ ਮੋਢਿਆਂ[14] 'ਤੇ ਸ਼ੇਰ ਦੀ ਖੱਲ[13] ਪਹਿਨੀ ਹੋਈ ਸੀ। ਜਟਾਂ ਵਿੱਚ ਪਾਪਾਂ[15] ਨੂੰ ਭੰਨਣ ਵਾਲੀ ਗੰਗਾ ਦੀ ਤਰੰਗ ਸੀ ਤੇ ਖੱਬੇ ਪਾਸੇ ਪਾਰਬਤੀ ਨਾਲ ਲਗਾਈ ਹੋਈ ਸੀ। ਹੱਥ ਵਿੱਚ ਤ੍ਰਿਸ਼ੂਲ[16] ਅਤੇ ਗਲ ਵਿੱਚ ਖੋਪਰੀਆਂ[17] ਪਾਈਆਂ ਹੋਈਆਂ ਸਨ। ਗੁਰੂ ਜੀ ਨਾਲ ਚਿੱਤੋਂ ਪ੍ਰੇਮ ਕਰਕੇ ਸ਼ਿਵ ਜੀ ਆਏ ਸਨ। ॥੪੨॥

SikhBookClub.Com

ਸ੍ਵੈਯਾ

ਸੰਗ ਪੰਚਾਨਨ[1] ਤਾਤ ਖੜਾਨਨ[2] ਹੈ,ਦੁਰਦਾਨਨ[3] ਸੋਭ ਬਢਾਏ।
ਬ੍ਰਿੰਦ ਬਡੇ ਗਣ ਸਾਥ ਬਿਰਾਜਤ ਦੇਖ ਸਰੂਪ ਸਬੈ ਹਰਖਾਏ।
'ਜੈ ਸੁਖਦਾਇਕ ਜੈ ਸੁਰ ਨਾਇਕ ਜੈ ਇਠਪਾਯਕ[4] ਵਾਕ ਅਲਾਏ।
ਬੰਦ ਉਭੈ ਕਰ ਬੰਦਤ ਹੈਂ ਬਹੁ ਫੂਲਨ ਕੀ ਬਰਖਾ ਬਰਖਾਏ॥੪੩॥

ਸ੍ਵੈਯਾ

ਹੰਸ ਚਢੇ ਚਤੁਰਾਨਨ[5], ਨਾਰਦ, ਸਾਰਦ[6], ਬੁੱਧਿ ਬਿਸ਼ਾਰਦ[7] ਆਏ।
ਪ੍ਰੇਮ ਭਰੇ ਉਰ,ਬੇਨ, ਬਜਾਵਤ,ਸਨਕ ਸਨੰਦ[8] ਰਿਦੈ ਹਰਖਾਏ।
ਕੌਸਕ[9], ਭ੍ਰਿੰਗ, ਬਸ਼ਿਸ਼ਟ ਮੁਨੀ ਅੰਗਰਾ ਸੁ ਪੁਲਸਤ ਮਹਾਂ ਸੁਖ ਪਾਏ।
ਅੱਤ੍ਰ,ਅਗਸਤ,ਪਰਾਸੁਰ,ਬਜ਼ਾਸ ਸਬੈ ਦਰਸ਼ੰਨਂ ਗੁਰੂ ਸੁਖ ਪਾਏ॥੪੪॥

ਦੋਹਰਾ

ਬਾਲਮੀਕ ਅਰ ਰੋਮ ਰਿਖ,ਕਾਕ ਭਸੁੰਡ ਸੁਜਾਨ।
ਬਕਦਾਲਭ ਤੇ ਆਦਿ ਸਭ ਆਏ ਰਿਖੀ ਮਹਾਨ॥੪੫॥

ਨਾਮਦੇਵ, ਜੈਦੇਵ, ਜਨ ਧੰਨਾ, ਸੈਨ, ਕਬੀਰ।
ਹਿਤ ਦਰਸ਼ਨ ਕੇ ਭਗਤ ਸਭ ਆਏ ਗੁਰ ਕੇ ਤੀਰ ॥੪੬॥

ਸ੍ਵੈਯਾ

ਸ਼ੇਸ਼, ਸੁਰੇਸ਼[10], ਜਲੇਸ਼[11], ਦਿਨੇਸ਼[12], ਨਿਸੇਸ਼[13], ਧਨੇਸ਼[14] ਪਿਖੈਂ ਸੁਖ ਪਾਵੈਂ।
ਕਿੰਨਰ ਗੰਧਰਬ, ਪਾਵਕ ਪੌਨ ਅਨੰਦ ਭਰੇ ਉਰ ਮੰਗਲ ਗਾਵੈਂ।
ਦੇਵਤਰੋਵਰ[15] ਕੀ ਪੁਸਪਾਂਜਲ 'ਜੈ' ਮੁਖ ਤੇ ਕਹਿ ਕੈ ਬਰਖਾਵੈਂ।
ਸ੍ਰੀ ਸੁਖਕੰਦ ਗੋਬਿੰਦ ਮੁਕੰਦ ਪਦੰ ਅਰਬਿੰਦ ਪੁਜੈਂ ਮਨ ਭਾਵੈਂ॥੪੭॥

ਦੋਹਰਾ

ਇਕ ਬਿਵਾਨ ਮਨੁਹਰ ਮਹਾਂ,ਪੁੰਜ ਮਣੀ ਜਿਸ ਮਾਂਹਿ।
ਅਤਿ ਪ੍ਰਕਾਸ਼ ਸੰਯੁਕਤਿ ਸੋਂ ਕੌਨ ਕਹੈ ਛਬਿ ਤਾਂਹਿ॥੪੮॥

ਚੌਪਈ

ਪਾਰਖਦੀ[16] ਜਿਸ ਆਇ ਅਗਾਰੀ।ਚਵਰ[17] ਢੁਰਤ ਹੈ ਵਾਰੰਵਾਰੀ।
ਜਹਾਂ ਹੁਤੇ ਬੇਦੀ ਕੁਲਦੀਪਾ।ਇਸਥਿਰ ਭਯੋ ਸੁ ਤਾਂਹਿ ਸਮੀਪਾ॥੪੯॥

SikhBookClub.Com

ਸ਼ਿਵ[1] ਜੀ ਨਾਲ ਪੁੱਤਰ, ਛੇ ਮੂੰਹਾਂ ਵਾਲਾ[2], ਹਾਥੀ ਦੇ ਮੂੰਹ ਵਾਲਾ (ਗਣੇਸ਼)[3] ਵੀ ਸੋਭਾ ਵਧਾ ਰਿਹਾ ਸੀ। ਉਨ੍ਹਾਂ ਨਾਲ ਕਈ ਵੱਡੇ ਦੇਵਤੇ ਬਿਰਾਜੇ ਸਨ, ਉਹ ਗੁਰੂ ਜੀ ਦਾ ਸਰੂਪ ਵੇਖ ਕੇ ਬਹੁਤ ਖੁਸ਼ ਹੋਏ ਤੇ ਕਿਹਾ, "ਜੈ ਹੋ ਸੁਖਦਾਤੇ, ਜੈ ਹੋ ਦੇਵਤਿਆਂ ਦੇ ਸਵਾਮੀ, ਜੈ ਹੋ ਦਾਸਾਂ ਦੇ ਪਿਆਰੇ[4]", (ਇੰਜ) ਦੋਨੋਂ ਹੱਥ ਉੱਪਰ ਕਰਕੇ ਬੇਨਤੀਆਂ ਕਰਦੇ ਹੋਇਆਂ ਫੁੱਲਾਂ ਦੀ ਵਰਖਾ ਕੀਤੀ ॥੪੩॥

ਬ੍ਰਹਮਾ[5], ਨਾਰਦ ਤੇ ਸਰਸਵਤੀ[6] ਬੁੱਧੀ ਦੇ ਚਤੁਰ[7] ਲੋਕ ਤਿੰਨੋਂ ਹੀ ਹੰਸ ਉੱਪਰ ਬੈਠ ਕੇ ਆਏ। ਪ੍ਰੇਮ-ਮਨ ਸਹਿਤ ਬ੍ਰਹਮਾ ਦੇ ਪੁੱਤਰ[8] ਬਹੁਤ ਖੁਸ਼ ਹੋ ਕੇ ਸਾਜ ਵਜਾਉਂਦੇ ਸਨ। ਵਿਸ਼ਵਾਮਿੱਤਰ[9], ਭ੍ਰਿੰਗ ਰਿਸ਼ੀ, ਵਾਸ਼ਿਸ਼ਟ ਮੁਨੀ, ਅੰਗਰਾ ਰਿਸ਼ੀ ਤੇ ਪੁਲਸਤ ਰਿਸ਼ੀ ਵੀ ਸੁੱਖ ਪ੍ਰਾਪਤ ਕਰ ਰਹੇ ਸਨ (ਅਤੇ ਇਨ੍ਹਾਂ ਸਾਰਿਆਂ) ਅੱਤ੍ਰ, ਅਗਸਤ, ਪਰਾਸੁਰ ਤੇ ਬਿਆਸ ਰਿਸ਼ੀ ਨੇ ਵੀ (ਗੁਰੂ ਜੀ ਦੇ) ਦਰਸ਼ਨ ਕਰਕੇ ਸੁੱਖ ਪ੍ਰਾਪਤ ਕੀਤਾ ॥੪੪॥

ਦੋਹਰਾ

ਬਾਲਮੀਕ ਰਿਸ਼ੀ, ਰੋਮ ਰਿਸ਼ੀ ਅਤੇ ਬੁੱਧੀ ਵਾਲਾ ਕਾਕ ਭਸੁੰਡ ਦੇ ਇਲਾਵਾ ਬਕਦਾਲਭ ਆਦਿ ਸਾਰੇ ਵੱਡੇ ਰਿਸ਼ੀ ਪਹੁੰਚੇ ਸਨ। ॥੪੫॥

ਭਗਤ ਨਾਮਦੇਵ, ਜੈਦੇਵ, ਜਨ ਧੰਨਾ, ਸੈਨ ਭਗਤ ਅਤੇ ਭਗਤ ਕਬੀਰ, ਸਾਰੇ ਹੀ ਗੁਰੂ ਜੀ ਕੋਲ ਦਰਸ਼ਨਾਂ ਲਈ ਪਹੁੰਚੇ। ॥੪੬॥

ਸਵੱਯਾ

ਸ਼ੇਸਨਾਗ, ਇੰਦਰ[10], ਵਰੁਣ[11], ਸੂਰਜ[12], ਚੰਦ[13], ਕੁਬੇਰ[14] ਸਾਰੇ ਹੀ ਗੁਰੂ ਜੀ ਨੂੰ ਵੇਖ ਕੇ ਸੁੱਖ ਪ੍ਰਾਪਤ ਕਰ ਰਹੇ ਸਨ। ਦੇਵ ਲੋਕ ਦੇ ਗਵੱਈਏ ਤੇ ਨੱਚਣ ਵਾਲੇ ਦੇਵਤੇ ਅਗਨੀ ਦੇਵਤਾ, ਪੌਣ ਦੇਵਤਾ, ਖੁਸ਼ੀ ਵਿੱਚ ਮੰਗਲ ਗਾ ਰਹੇ ਸਨ। ਕਲਪ-ਬਿਰਛ[15] ਦੇ ਫੁੱਲਾਂ ਦੇ ਬੁੱਕ ਭਰ-ਭਰ ਮੁੱਖੋਂ ਜੈ ਜੈ ਬੁਲਾਉਂਦੇ ਹੋਏ, ਵਰਸਾ ਰਹੇ ਸਨ ਤੇ ਸੁੱਖਾਂ ਦੇ ਮੂਲ, ਮੁਕਤੀ ਦੇ ਦਾਤੇ ਗੁਰੂ ਜੀ ਦੇ ਚਰਨ-ਕਮਲਾਂ ਨੂੰ ਪ੍ਰੇਮ-ਮਨ ਸਹਿਤ ਪੂਜਦੇ ਸਨ। ॥੪੭॥

ਦੋਹਰਾ

ਇੱਕ ਬਿਬਾਨ (ਵਿਸ਼ਨੂੰ ਦਾ) ਬਹੁਤ ਹੀ ਸੁੰਦਰ, ਜਿਸ ਵਿੱਚ ਸਥੂਲ ਮਣੀਆਂ ਲੱਗੀਆਂ ਸਨ, ਜਿਨ੍ਹਾਂ ਦਾ ਰਲ ਕੇ ਬਹੁਤ ਹੀ ਪ੍ਰਕਾਸ਼ ਹੋਵੇ, ਇਸ ਸੁੰਦਰ ਛਬੀ ਨੂੰ ਕੌਣ ਦੱਸੇ (ਕਵੀ ਜੀ ਕਹਿੰਦੇ ਹਨ, ਮੈਂ ਕਿਵੇਂ ਵਰਣਨ ਕਰਾਂ? ॥੪੮॥

ਚੌਪਈ

ਉਸ ਦੇ ਅੱਗੇ ਦਰਬਾਰੀ[16] ਸਨ, ਜੋ ਵਾਰੋ-ਵਾਰੀ ਚੌਰ[17] (ਝੁਲਾ) ਰਹੇ ਸਨ। ਜਿਥੇ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਬਿਰਾਜ ਮਾਨ ਸਨ, ਉਹ ਉਨ੍ਹਾਂ ਕੋਲ ਆ ਕੇ ਰੁਕ ਗਏ। ॥੪੯॥

SikhBookClub.Com

ਨਿਜ ਸਰੂਪ ਤਬ ਸ੍ਰੀ ਪ੍ਰਭੁ ਧਾਰਾ।ਚਰਨ ਕੋਕਨਦ[1] ਸੁਭਤ ਅਪਾਰਾ।
ਨੂਪਰਿ[2] ਮਣਿਮਯ ਰੁਚਿਰ ਸੁਹਾਏ।ਦੈ ਜੰਘਾਂ ਕਦਲੀ[3] ਛਬਿ ਪਾਏ॥੫੦॥

ਛੁਦ੍ਰ ਘੰਟਕਾ[4] ਬਂਧੀ ਸੁਹਾਵਤ।ਉਦਰ ਤ੍ਰਿਵੱਲੀ ਸ਼ੋਭ ਬਢਾਵਤ।
ਕਾਲਿੰਦ੍ਰੀ[5] ਆਵਰਤ[6] ਸੁ ਨਾਭਾ।ਭੁਜਾ ਚਾਰ ਯੁਤਿ ਭੂਖਨ ਆਭਾ॥੫੧॥

ਸੰਖ ਚੱਕ੍ਰ ਕਰ ਕਮਲਨ ਮਾਂਹੀ।ਗਦਾ ਪਦਮ ਅਤਿ ਸੁੰਦਰ ਆਹੀ।
ਕੰਕਨ ਅੰਗਦ ਮਣ ਗਚਕਾਰੀ।ਬ੍ਰਿਖਭ[7] ਸਮਾਨ ਕੰਧ ਦੈ ਭਾਰੀ॥੫੨॥

ਉਰ ਆਯੁਤ ਬਨਮਾਲ[8] ਸੁਹਾਵਾ।ਅਧਿਕ ਕੌਸੁਭ[9] ਮਣਿ ਛਬਿ ਪਾਵਾ।
ਕੰਬੁ[10] ਗ੍ਰੀਵ ਤ੍ਰੈ ਰੇਖ ਬਿਰਾਜਤ।ਬਦਨ ਬਿਲੋਕ ਚੰਦ੍ਰਮਾ ਲਾਜਤ॥੫੩॥

ਚਿਬੁਕ[11] ਚਾਰੁ,ਮੁਸ਼ਕਜਾਨ ਕਪੋਲਾ।ਹਾਸ ਮ੍ਰਿਦੁਲ ਛਬ ਹੋਤ ਅਮੋਲਾ।
ਚਮਕ ਦਸਨ ਕੀ ਰੁਚਿਰ ਬਿਰਾਜੀ ।ਸੰਪਟ ਬਿੱਦ੍ਰਮ ਹੀਰਨ[12] ਰਾਜੀ॥੫੪॥

ਉਨਤ[13] ਨਾਸ਼ਕਾ,ਕਾਨਨ ਕੁੰਡਲ।ਸ਼ੋਭਾ ਸੁਖਦਾ ਅਤਿ ਸੁਖ ਮੰਡਲ।
ਮਨਹੁ ਕਮਲ ਦਲ ਸੁੰਦਰ ਲੋਚਨ।ਕ੍ਰਿਪਾ ਭਰੀ ਚਿਤਵਨ ਦੁਖ ਮੋਚਨ॥੫੫॥

ਧਨੁਖ ਭ੍ਰਿਕੁਟੀ[14] ਮਸਤਕ ਚਾਰੂ।ਸਿਰ ਕਰੀਟ[15] ਜਿਹ ਪ੍ਰਭਾ ਅਪਾਰੂ।
ਸ਼ਜਾਮ ਬਰਨ, ਜਲਧਰ ਕੀ ਨਜਾਈਂ।ਬਸਨ ਪੀਤ ਜਨ ਛਟਾ ਸੁਹਾਈ॥੫੬॥

ਅਪਨੋ ਪਲਟ ਸਰੂਪ ਕ੍ਰਿਪਾਲਾ।ਚਢੇ ਬਿਵਾਨ ਊਪਰ ਤਤਕਾਲਾ।
ਤਿਹ ਛਿਨ ਦੋਨੋਂ ਸੁਤ ਚਲ ਆਏ।ਸੁਨਤ ਰੌਰ ਹਿਰਦੇ ਬਿਸਮਾਏ॥੫੭॥

ਭੀਰ ਅਧਿਕ ਜਾਵਨ ਮਗ ਨਾਹੀ।ਦੁਸਤਰ[16] ਹ੍ਵੈ ਪਹੁੰਚੇ ਪ੍ਰਭੁ ਪਾਂਹੀ।
ਦੇਖ ਸੁਲੱਖਣੀ ਸੁਤ ਸੋਂ ਭਾਖੀ।'ਪੂਰਬ ਕਿਉਂ ਨ ਅਏ ਅਸ ਕਾਂਖੀ ॥੫੮॥

SikhBookClub.Com

ਉਸ ਵਕਤ ਫਿਰ ਪਰਮਾਤਮਾ ਨੇ ਹੀ ਆਪਣਾ ਰੂਪ ਧਾਰਨ ਕੀਤਾ। ਉਨ੍ਹਾਂ ਦੇ ਲਾਲ-ਕਮਲ[1] ਜੈਸੇ ਚਰਨ ਸਨ। ਝਾਂਜਰਾਂ[2], ਮਣੀਆਂ ਮਿਲ ਕੇ ਬਹੁਤ ਸੋਭਦੀਆਂ ਸਨ। ਦੋਨੋਂ ਲੱਤਾਂ ਕੇਲੇ[3] ਵਾਂਗ ਛਬੀ ਦਿੰਦੀਆਂ ਸਨ। ॥੫੦॥

ਘੁੰਗਰੂਆਂ ਵਾਲੀ ਬੰਨ੍ਹੀ ਹੋਈ ਤੜਾਗੀ[4] ਸ਼ੋਭਦੀ ਸੀ। ਪੇਟ 'ਤੇ ਪੈਂਦੇ ਤਿੰਨ ਵਲ ਸੋਭਾ ਵਧਾਉਂਦੇ ਸੀ। ਉਨ੍ਹਾਂ ਦੀ ਨਾਭੀ, ਜਮਨਾ[5] ਦੀ ਘੁੰਮਣਘੇਰੀ[6] ਵਰਗੀ ਸੀ। ਚਾਰੋ ਭੁਜਾਵਾਂ ਗਹਿਣਿਆਂ ਨਾਲ ਬਹੁਤ ਸੋਭਦੀਆਂ ਸਨ। ॥੫੧॥

ਕਰ-ਕਮਲਾਂ ਵਿੱਚ ਸੰਖ-ਚੱਕਰ, ਪਦਮ (ਪੈਰਾਂ ਵਿੱਚ), ਸੁੰਦਰ ਗਦਾ, ਅੰਗਾਂ ਉੱਤੇ ਗਹਿਣੇ, ਮਣੀਆਂ ਜੜੇ ਹੋਏ ਦੋਨੋਂ ਮੋਢੇ, ਬੈਲਾਂ[7] ਵਾਂਗ ਭਾਰੇ-ਭਾਰੇ ਸਨ। ॥੫੨॥

ਚੌੜੀ ਛਾਤੀ ਉੱਪਰ ਬਿਜੰਤੀ ਮਾਲਾ[8] ਬਹੁਤ ਸੋਹਣੀ ਲੱਗਦੀ ਸੀ। ਇੱਕ ਇੱਕ ਮਣੀ ਜੋ ਸਮੁੰਦਰ[9] ਮੰਥਨ ਕਰਨ ਵੇਲੇ ਮਿਲੀ ਸੀ ਜੋ ਵਿਸ਼ਨੂੰ ਹੀ ਪਹਿਨਦੇ ਸਨ, ਬਹੁਤ ਹੀ ਸੋਭਾ ਪਾ ਰਹੀ ਸੀ।ਗਰਦਨ 'ਤੇ ਸੰਖ[10] ਵਾਂਗ ਤਿੰਨ (ਸੁੰਦਰ) ਲਕੀਰਾਂ ਸਨ। ਉਨ੍ਹਾਂ ਦੇ ਮੁੱਖ ਨੂੰ ਤੱਕ ਕੇ ਚੰਦਰਮਾ ਵੀ ਸ਼ਰਮਿੰਦਾ ਹੁੰਦਾ ਸੀ ॥੫੩॥

ਸੁੰਦਰ ਠੋਡੀ[11], ਹੱਸਦੀਆਂ ਗੱਲਾਂ 'ਚੋਂ ਨਿਕਲਦਾ ਮਿੱਠਾ-ਮਿੱਠਾ ਹਾਸਾ, ਬਹੁਤ ਹੀ ਛਬੀ ਦਿੰਦਾ। (ਉਨ੍ਹਾਂ ਦੇ) ਦੰਦ ਜਾਣੋ, ਜਿਵੇਂ ਗੁੱਲੀਆਂ ਦੇ ਡੱਬੇ ਵਿੱਚ ਹੀਰੇ[12] ਚਮਕਦੇ ਹੋਣ। ॥੫੪॥

ਉਨ੍ਹਾਂ ਦਾ ਉੱਚਾ[13] ਨੱਕ, ਕੰਨਾਂ 'ਚ ਕੁੰਡਲ, ਬਹੁਤ ਸੁੰਦਰ ਤੇ ਸੁੱਖ ਦੇਣ ਵਾਲਾ ਸੁੱਖਾਂ ਦਾ ਮੰਡਲ ਸੀ। ਮਾਨੋ ਉਨ੍ਹਾਂ ਦੀਆਂ ਅੱਖਾਂ ਕਮਲ ਫੁੱਲ ਦੀਆਂ ਪੰਖੜੀਆਂ ਹੋਣ ਅਤੇ ਕਿਰਪਾ-ਖਿਮਾ ਨਾਲ ਭਰੀਆਂ ਹੋਈਆਂ ਇਵੇਂ ਲੱਗਣ, ਜਿਵੇਂ ਦੁੱਖਾਂ ਦਾ ਨਾਸ਼ ਕਰ ਰਹੀਆਂ ਹੋਣ। ॥੫੫॥

ਕਮਾਨ ਵਰਗੀਆਂ ਭਵਾਂ[14] ਅਤੇ ਸੁੰਦਰ ਮੱਥਾ। ਸਿਰ 'ਤੇ ਮੁਕਟ[15] ਬੇਅੰਤ ਸੋਭਾ ਪਾਵੇ। ਬੱਦਲ ਦੇ ਸਮਾਨ ਸਾਂਵਲਾ ਰੰਗ ਸੀ।ਉਨ੍ਹਾਂ ਦੇ ਬਸਤਰ ਬਿਜਲੀ ਸਮਾਨ ਪੀਲੇ ਸਨ। ॥੫੬॥

ਫਿਰ ਪ੍ਰਭੂ ਕਿਰਪਾ-ਨਿਧਾਨ (ਗੁਰੂ ਜੀ) ਆਪਣਾ ਸਰੂਪ (ਪਲਟ ਕੇ) ਉਸੀ ਵਕਤ ਹੀ ਬਿਬਾਨ ਪਰ ਚੜ੍ਹ ਗਏ ਸਨ। ਉਸੇ ਪਲ ਹੀ (ਗੁਰੂ ਜੀ ਦੇ) ਦੋਨੋਂ ਪੁੱਤਰ ਆਣ ਪਹੁੰਚੇ ਤੇ ਸ਼ੋਰ-ਸ਼ਰਾਬਾ ਸੁਣ ਕੇ ਉਹ ਅਸਚਰਜ ਹੀ ਰਹਿ ਗਏ। ॥੫੭॥

ਇੰਨੀ ਜ਼ਿਆਦਾ ਭੀੜ ਸੀ ਕਿ ਅੱਗੇ ਜਾਣ ਲਈ ਰਸਤਾ ਹੀ ਨਹੀਂ ਸੀ। ਉਹ, ਬਹੁਤ ਹੀ ਔਖਿਆਈ[16] ਨਾਲ ਗੁਰੂ ਜੀ ਕੋਲ ਪਹੁੰਚੇ। ਮਾਤਾ ਸੁਲੱਖਣੀ ਨੇ ਪੁੱਤਰਾਂ ਨੂੰ ਵੇਖ ਕੇ ਕਿਹਾ, "ਅਸੀਂ ਚਾਹਿਆ ਸੀ, ਤੁਸੀਂ ਪਹਿਲਾਂ ਕਿਉਂ ਨਹੀਂ ਆਏ? ॥੫੮॥

SikhBookClub.Com

ਰਹੇ ਬੁਲਾਇ ਪਠੇ[1] ਦ੍ਵੈ ਬਾਰੀ।ਆਏ ਨਹੀਂ ਨ ਨੀਕ ਬਿਚਾਰੀ।
ਪੀਛੈ ਆਇ ਰਹੇ ਪਛੁਤਾਈ।ਅਬ ਤੋ ਗਏ ਸਮਾਇ ਗੁਸਾਂਈ'॥੫੯॥

ਸਿਰੀਚੰਦ ਸੁਨ ਲਖਮੀਦਾਸ।ਬਿਸਮੈਂ[2] ਹ੍ਵੈ ਭਏ ਦਰਸ ਨਿਰਾਸ।
ਅਪਨੋ ਦੋਸ ਜਾਨ ਪਛੁਤਾਏ।ਕਵਿ ਸੰਤੋਖ ਸਿੰਘ ਸਰਧਾ ਪਾਏ॥੬੦॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਖਸਟ ਪੰਚਾਸਮੋਂ ਧਜਾਇ ॥੫੬॥

SikhBookClub.Com

ਤੁਹਾਨੂੰ ਬੁਲਾਉਂਦੇ ਰਹੇ, ਦੋ ਵਾਰ (ਤੁਹਾਡੇ ਵੱਲ ਬੰਦਾ) ਭੇਜਿਆ[1] ਸੀ, ਤੁਸੀਂ ਆਏ ਨਹੀਂ, ਚੰਗੀ ਗੱਲ ਨਹੀਂ ਕੀਤੀ। ਹੁਣ ਪਿੱਛੋਂ ਆਏ ਹੋ, ਪਛਤਾਉਂਦੇ ਰਹੋ। ਹੁਣ ਤਾਂ ਜਗਤ ਸੁਆਮੀ ਪੂਰੇ ਹੋ ਗਏ ਹਨ।" ॥੫੯॥

ਸ੍ਰੀ ਚੰਦ ਤੇ ਲੱਖਮੀ ਦਾਸ ਇਹ ਸੁਣ ਕੇ ਹੈਰਾਨ[2] ਹੋਏ। ਗੁਰੂ ਜੀ ਦੇ ਦਰਸ਼ਨ ਨਾ ਕਰਨ ਸਦਕਾ ਨਿਰਾਸ਼ ਹੋ ਗਏ ਤੇ ਆਪਣਾ ਹੀ ਕਸੂਰ ਜਾਣਦੇ ਹੋਏ ਬਹੁਤ ਪਛਤਾਏ। ਕਵੀ ਸੰਤੋਖ ਸਿੰਘ ਗੁਰੂ ਜੀ ਵਿੱਚ ਬਹੁਤ ਸ਼ਰਧਾ ਰੱਖਦਾ ਹੈ। ॥੬੦॥

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦਾ ਪ੍ਰਸੰਗ" ਨਾਮੀ ਛਪਵੰਜਵਾਂ ਅਧਿਆਇ ਸਮਾਪਤ ਹੋਇਆ।

SikhBookClub.Com

ਸਾਰ

ਜਦ ਸਧਾਰਨ ਨੇ ਆ ਕੇ ਗੁਰੂ ਜੀ ਨੂੰ ਦੱਸਿਆ ਕਿ ਵਿਹੜੇ ਵਿੱਚ ਲੇਪਨ ਕਰ ਦਿੱਤਾ ਹੈ, ਚੰਦਨ ਸੁਗੰਧੀਆਂ ਛਿੜਕ ਕੇ ਕੁਸ਼ਾ (ਘਾਹ) ਵਿਛਾ ਦਿੱਤੀ ਹੈ ਤਾਂ ਇਹ ਸੁਣ ਕੇ ਸੰਗਤਾਂ ਦੇ ਮਨ ਮੁਰਝਾ ਗਏ ਸਨ ਤੇ ਉਨ੍ਹਾਂ ਦੀਆਂ ਅੱਖੀਆਂ ਵਿੱਚੋਂ ਹੰਝੂ ਵਹਿ ਤੁਰੇ ਸਨ। ਲੋਕਾਂ ਦੀ ਮਨੋ-ਸਥਿਤੀ ਤੱਕ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਹੌਂਸਲਾ ਦਿੰਦੇ ਹੋਏ ਉਪਦੇਸ਼ ਦਿੱਤਾ ਸੀ ਕਿ ਸਰੀਰਾਂ ਨਾਲ ਮੋਹ ਕਰਨਾ ਝੂਠਾ ਹੈ। ਹਰ ਕਿਸੇ ਨੇ ਦਿਨ-ਰਾਤ ਵਾਂਗ ਵਿਛੜਨਾ ਹੀ ਹੁੰਦਾ ਹੈ। ਪਰ ਜੋ ਮਨੁੱਖ ਸ਼ਬਦ ਨਾਲ ਜੁੜ ਜਾਵੇ, ਉਸ ਨੂੰ ਕਦੇ ਵਿਛੋੜਾ ਨਹੀਂ ਪੈਂਦਾ। ਇਹ ਸੰਸਾਰ ਦਾ ਪਸਾਰਾ ਸਭ ਝੂਠ ਹੈ, ਨਾਸ਼ ਹੋਣ ਵਾਲਾ ਹੈ। ਸੂਰਜ, ਚੰਦ ਵੀ ਸਮਾਂ ਪਾ ਕੇ ਖਤਮ ਹੋ ਜਾਂਦੇ ਹਨ। ਸੁਮੇਰ ਵਰਗੇ ਪਰਬਤ ਵੀ ਸਦੀਵੀ ਨਹੀਂ ਰਹਿ ਸਕਦੇ। ਮਹਾਂਬਲੀ, ਵੱਡੇ-ਵੱਡੇ ਦੈਂਤ ਆਦਿ ਸਭ ਦੇ ਸਿਰ ਉੱਤੇ ਕਾਲ ਫਿਰਦਾ ਰਹਿੰਦਾ ਹੈ। ਇੱਥੇ ਤਾਂ ਵੱਡੇ-ਵੱਡੇ ਅਵਤਾਰ ਵੀ ਨਹੀਂ ਰਹਿ ਸਕੇ। ਜਦ ਸ਼ਿਵਜੀ, ਵਿਸ਼ਨੂੰ ਵਰਗੇ ਚਲੇ ਗਏ ਤਾਂ ਮਨੁੱਖ ਕਿਵੇਂ ਸਦੀਵੀ ਹੋਂਦ ਬਣਾ ਸਕਦਾ ਹੈ? ਇਸ ਸਾਰੇ ਅਕਾਸ਼-ਮੰਡਲ ਨੇ ਕਾਲ ਦੇ ਮੂਹਰੇ ਹਾਰ ਜਾਣਾ ਹੈ, ਖਤਮ ਹੋ ਜਾਣਾ ਹੈ। ਇਸ ਲਈ ਦਿਨ-ਰਾਤ ਉਸ ਅਕਾਲ-ਪੁਰਖ ਦਾ ਨਾਮ ਜਪੋ। ਉਸ ਦਾ ਸਿਮਰਨ ਕਰਦਿਆਂ ਆਪਣੇ ਸਵਾਸ ਬਤੀਤ ਕਰੋ।

ਇਵੇਂ ਦੇ ਉਪਦੇਸ਼ ਲੋਕਾਂ ਨੂੰ ਦੇ ਕੇ ਫੇਰ ਜਦ ਸੂਰਜ ਚੜ੍ਹਨ ਦਾ ਵੇਲਾ ਹੋਇਆ ਸੀ ਤਾਂ ਗੁਰੂ ਜੀ ਧਰਮਸਾਲ ਵਿੱਚੋਂ ਉੱਠ ਕੇ ਉੱਥੇ ਬੈਠ ਗਏ ਜਿੱਥੇ ਸੁੰਦਰ ਦੱਭ ਦਾ ਵਿਛੌਣਾ ਬਣਿਆ ਸੀ। ਮਾਤਾ ਸੁਲੱਖਣੀ ਜੀ ਨੇ ਸੋਚਿਆ ਕਿ ਜਦ ਗੁਰੂ ਜੀ ਚਲੇ ਗਏ ਭਾਵ ਸਮਾ ਗਏ ਤਾਂ ਪੁੱਤਰ ਬਾਅਦ ਵਿੱਚ ਪਛਤਾਉਂਦੇ ਹੀ ਰਹਿ ਜਾਣਗੇ। ਇਸ ਲਈ ਮਾਤਾ ਸੁਲੱਖਣੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਪੁੱਤਰਾਂ ਨੂੰ ਬੁਲਾ ਲਵੋ ਤਾਂ ਜੋ ਇਸ ਆਖਰੀ ਵਕਤ ਉਹ ਆਪ ਦੇ ਦਰਸ਼ਨ ਕਰ ਲੈਣ। ਪਰ ਜਦ ਦੋਨੋਂ ਸ੍ਰੀ ਚੰਦ ਤੇ ਲੱਖਮੀ ਚੰਦ ਆਏ, ਉਦੋਂ ਗੁਰੂ ਜੀ ਪਹਿਲਾਂ ਹੀ ਸਮਾ ਚੁੱਕੇ ਸਨ ਤੇ ਉਹ ਦੋਨੋਂ ਜਣੇ ਉੱਥੇ ਪਹੁੰਚ ਕੇ ਪਛਤਾਵਾ ਕਰਨ ਲੱਗੇ ਸਨ।

SikhBookClub.Com

ਫੁੱਟਨੋਟ

(*1) ਸੰਸਾਰ ਦੇ ਪਸਾਰੇ ਦੇ ਨਾਸ਼ਵੰਤ ਹੋਣ ਬਾਰੇ ਗੁਰਬਾਣੀ ਵਿੱਚ ਇਸ ਤਰਾਂ ਉਚਾਰਨ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥
ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥

(ਗੁ. ਗ੍ਰੰ. ਸਾਹਿਬ, ਪੰਨਾ 1428)

(*2) ਹਿੰਦੂ-ਮਿਥਿਹਾਸ ਅਨੁਸਾਰ ਗੰਧਰਬ, ਦੇਵ-ਲੋਕ (ਸਵਰਗ) ਦੇ ਗਵੱਈਏ ਸਨ ਜੋ ਦੇਵਤਿਆਂ ਦੇ ਮਹਾਂਭੋਜ ਵਿੱਚ ਸ਼ਾਮਲ ਹੁੰਦੇ। ਵਿਸ਼ਨੂੰ ਪੁਰਾਣ ਅਨੁਸਾਰ ਗੰਧਰਵਾਂ ਦੀ ਉਤਪਤੀ ਬ੍ਰਹਮਾ ਤੋਂ ਹੋਈ।

(*3) ਮਹਾਨਕੋਸ਼ ਅਨੁਸਾਰ ਕਿੰਨਰ, ਨਿੰਦਿਤ ਸ਼ਕਲ ਦਾ ਨਰ ਹੈ ਜਿਸ ਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ ਹੁੰਦਾ ਹੈ ਭਾਵ ਨੀਵੀਂ-ਪੱਧਰ ਦਾ ਮਨੁੱਖ, ਜਿਸ ਦੀ ਸ਼ਕਲ-ਸੂਰਤ ਜਾਨਵਰਾਂ ਨਾਲ ਮਿਲਦੀ ਹੈ। ਕੁਬੇਰ ਦੀ ਸਭਾ ਵਿੱਚ ਜਦ ਗੰਧਰਵ ਗਾਉਂਦੇ ਹਨ, ਤਦ ਇਹ (ਕਿੰਨਰ) ਨਾਚ ਕਰਦੇ ਹਨ। ਇਹ ਸਵਰਗ-ਲੋਕ ਵਿੱਚ ਵੀ ਨਾਚ ਕਰਦੇ ਹਨ।

"ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥੫੪॥" (ਚੰਡੀ ੧)

(*4) ਹਿੰਦੂ-ਮਿਥਿਹਾਸ ਅਨੁਸਾਰ ਕੁਬੇਰ ਧਨ ਦਾ ਦੇਵਤਾ ਹੈ, ਜਿਸ ਨੂੰ ਉਤਰ-ਦਿਸ਼ਾ ਦਾ ਸ਼ਾਸਕ ਦੱਸਿਆ ਹੈ।

(*5) ਕਾਲ (ਮੌਤ) ਬਾਰੇ ਗੁਰਬਾਣੀ ਵਿੱਚ ਇਸ ਤਰਾਂ ਲਿਖਿਆ ਹੈ:

ਜੋ ਉਪਜੈ ਸੋ ਕਾਲਿ ਸੰਘਾਰਿਆ। ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ॥

(ਗੁ. ਗ੍ਰੰ. ਸਾਹਿਬ, ਪੰਨਾ 227)

ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ॥

(715 ਸਵੱਯੇ, ਪ:10ਵੀਂ)

SikhBookClub.Com

ਅਧਜਾਯ ਸਤਵੰਜਵਾਂ

(ਗੁਰ ਸਬਦ ਮੰਗਲ।ਵਹਿਗੁਰੂ ਸਤੋਤ੍ਰ । ਜੋਤੀ ਜੋਤ ਸਮਾਵਣਾ)

ਦੋਹਰਾ

ਦੀਪਕ ਸਤਿਗੁਰ ਸਬਦ ਕਰ ਸਦਨ ਰਿਦੇ ਮਹਿੰ ਬਾਰ[1]।
ਤਮ[2] ਅੱਗਜ਼ਾਨ ਨਿਵਾਰ ਕੈ ਸਾਰ ਅਸਾਰ ਬਿਚਾਰ॥੧॥

ਚੌਪਈ

ਸਿਰੀਚੰਦ ਤਬ ਲਖਮੀ ਦਾਸ।ਪਿਤ ਆਗੈ ਕੀਨੀ ਅਰਦਾਸਿ।
ਹਾਥ ਬੰਦ ਦੋਨੋ ਹ੍ਵੈ ਠਾਂਢੇ।ਹਿਰਦੇ ਮਹਿੰ ਸਰਧਾ ਅਤਿ ਬਾਢੇ[3] ॥੨॥

'ਹੇ ਜਗਤੇਸ਼ ਸਰਬ ਸੁਖਦਾਨੀ । ਹੇ ਸਰਬੱਗਜ ਸਰਬ ਗੁਨਖਾਨੀ ।
ਸਬ ਬਿਧਿ ਪੂਰਨ ਹੋ ਸਮਰੱਥਾ। ਰਾਉਰ[4] ਕੇ ਗੁਨ ਅਹੈਂ ਅਕੱਥਾ॥੩॥

ਅਪਰ ਨਰਨ ਸੇ ਤੁਮਕੋ ਮਾਨਤ।—ਜਗ ਕਰਤਾ —ਇਹ ਭੇਦ ਨ ਜਾਨਤ।
ਅਬੈ ਪ੍ਰਤੀਤ ਤੁਮਾਰੀ ਆਈ।ਤ੍ਰੈਲੋਕੀਪਤਿ[5] ਸ਼ੰਕ ਨ ਰਾਈ॥੪॥

ਬਿਨਾ ਮਿਲੇ ਅਬ ਆਪ ਸਮਾਏ।ਹਮ ਰਹਿਗੇ ਹਿਰਦੇ ਪਛੁਤਾਏ।
ਅਬੈ ਬਧੀ ਅਭਿਲਾਖ ਬਿਸਾਲਾ।ਦਰਸ ਆਪਕਾ ਕਰਨ ਕ੍ਰਿਪਾਲਾ॥੫॥

ਸੁਨਕੈ ਬਿਨੈ ਪ੍ਰਸੀਦਹੁ[6] ਤਾਤਾ! ਛਿਮਾ ਕਰਹੁ ਭੂਲੇ ਪਸ਼ਚਾਤਾ।
ਤੁਮਕੋ ਸ੍ਰੀ ਕਰਤਾਰ ਦੁਹਾਈ। ਬੋਲੇ ਮਿਲੇ ਬਿਨਾ ਜੇ ਜਾਈ॥੬॥

ਪੂਰਬ ਜਿਉਂ, ਦ੍ਵੈ ਘਟਿਕਾ[7] ਔਰੀ।ਹਮ ਸੋਂ ਬੋਲਹੁ ਮਿਲਹੁ ਬਹੌਰੀ'।
ਅਸ ਅਰਦਾਸ ਕੀਨ ਜਬ ਦੋਈ।ਚਹੁੰ ਦਿਸ ਭੀਰ ਅਧਿਕ ਤਬ ਹੋਈ॥੭॥

ਅਹੈ ਸੁਲਖਣੀ ਚਰਨਨ ਪਾਸੂ।ਲੋਚਨ ਤੇ ਗੇਰਤ ਬਹੁ ਆਂਸੂ।
ਭੂਪਤਿ, ਸ਼ਾਹਿ, ਬਿੱਪ੍ਰ, ਸਿਖ ਬ੍ਰਿੰਦਾ।'ਸੱਤਿਨਾਮ' ਸਿਮਰੈਂ ਸੁਖਕੰਦਾ[8]॥੮॥

SikhBookClub.Com

ਅਧਿਆਇ ਸਤਵੰਜਵਾਂ
(ਗੁਰੂ ਜੀ ਦਾ ਜੋਤੀ-ਜੋਤ ਸਮਾਉਣਾ)

ਦੋਹਰਾ

ਸਤਿਗੁਰੂ ਦੇ ਸ਼ਬਦ ਨੂੰ ਦੀਪਕ ਬਣਾ ਕੇ ਹਿਰਦੇ (ਰੂਪੀ) ਘਰ ਵਿੱਚ ਜਗਾਉ[1] ਅਤੇ ਅਗਿਆਨ (ਰੂਪੀ) ਹਨ੍ਹੇਰੇ[2] ਨੂੰ (ਇਸ ਸ਼ਬਦ ਦੇ ਚਾਨਣ ਰਾਹੀਂ) ਦੂਰ ਕਰਕੇ ਸੱਚ ਅਤੇ ਝੂਠ ਦੀ ਵਿਚਾਰ ਕਰੋ। ॥੧॥

ਚੌਪਈ

ਸਿਰੀ ਚੰਦ ਅਤੇ ਲਖਮੀ ਦਾਸ ਨੇ ਤਦ ਪਿਤਾ ਗੁਰੂ ਜੀ ਅੱਗੇ ਅਰਦਾਸ ਕੀਤੀ। ਦੋਨੋਂ ਜਣੇ ਹੱਥ ਬੰਨ ਕੇ ਖੜ੍ਹੇ ਹੋ ਗਏ ਸਨ। ਉਨ੍ਹਾਂ ਦੇ ਮਨਾਂ ਵਿੱਚ ਅਪਾਰ ਸ਼ਰਧਾ ਵਧ[3] ਚੁੱਕੀ ਸੀ। ॥੨॥

(ਉਨ੍ਹਾਂ ਆਖਿਆ) "ਹੇ ਜਗਤ ਸੁਆਮੀ! ਹੇ ਸਭ ਨੂੰ ਸੁੱਖ ਦੇਣ ਵਾਲੇ! ਹੇ ਸਾਰਿਆਂ ਦੀ ਜਾਣਨ ਵਾਲੇ! ਸਾਰਿਆਂ ਗੁਣਾਂ ਦੀ ਖਾਣ (ਗੁਰੂ ਜੀ)! ਆਪ ਸਭ ਪਾਸਿਓਂ ਪੂਰਨ ਪਰਪੱਕ ਹੋ। ਤੁਸੀਂ ਸਭ ਤਰਾਂ ਨਾਲ ਸਮੱਰਥ ਹੋ। ਆਪ[4] ਜੀ ਦੇ ਗੁਣਾਂ ਦਾ ਕਥਨ ਨਹੀਂ ਕੀਤਾ ਜਾ ਸਕਦਾ। ॥੩॥

(ਅਸੀਂ) ਆਪ ਨੂੰ ਹੋਰਨਾਂ ਮਨੁੱਖਾਂ ਵਰਗਾ ਹੀ ਸਮਝਦੇ ਸੀ। -ਆਪ ਤਾਂ ਜਗਤ ਦੇ ਰਚਨਹਾਰੇ (ਪਰਮੇਸ਼ਰ) ਹੋ- ਇਸ ਭੇਦ ਨੂੰ ਅਸੀਂ ਜਾਣਿਆ ਹੀ ਨਹੀਂ।(ਅਸਾਂ ਨੂੰ) ਹੁਣ ਭਰੋਸਾ ਹੋ ਗਿਆ ਕਿ ਆਪ ਤਿੰਨਾਂ ਲੋਕਾਂ ਦੇ ਮਾਲਕ[5] ਹੋ। ਭੋਰਾ ਭਰ ਵੀ ਸਾਨੂੰ ਹੁਣ ਸ਼ੰਕਾ ਨਹੀਂ ਹੈ। ॥੪॥

ਆਪ ਤਾਂ ਸਾਡੇ ਮਿਲਣ ਤੋਂ ਬਗੈਰ ਹੀ ਹੁਣ ਜੋਤੀ-ਜੋਤ ਸਮਾ ਗਏ ਹੋ। ਅਸੀਂ ਤਾਂ ਚਿੱਤ ਵਿੱਚ ਪਛਤਾਉਂਦੇ ਰਹਿ ਗਏ ਹਾਂ। ਹੇ ਕਿਰਪਾਲੂ ਗੁਰੂ ਜੀ! ਸਾਡੇ ਮਨ ਵਿੱਚ ਤਾਂ ਆਪ ਜੀ ਦੇ ਦਰਸ਼ਨ ਕਰਨ ਦੀ ਬਹੁਤ ਹੀ ਇੱਛਾ ਪੈਦਾ ਹੋ ਚੁੱਕੀ ਹੈ। ॥੫॥

ਹੇ ਪਿਤਾ ਜੀ! ਸਾਡੀ ਬੇਨਤੀ ਸੁਣ ਕੇ, ਪਰਸੰਨ[6] ਹੋਵੋ। ਅਸੀਂ ਭੁੱਲ ਕਰਕੇ ਪਛਤਾ ਰਹੇ ਹਾਂ। ਸਾਨੂੰ ਬਖਸ਼ ਦੇਵੋ। ਤੁਹਾਨੂੰ ਪਰਮਾਤਮਾ ਦਾ ਵਾਸਤਾ, ਜੇ ਸਾਡੇ ਨਾਲ ਮਿਲੇ-ਬੋਲੇ ਬਿਨਾਂ ਜਾਵੋ ॥੬॥

(ਤੁਸੀਂ) ਪਹਿਲਾਂ ਵਾਂਗ ਹੀ ਕਿਰਪਾ ਕਰਕੇ ਦੋ ਘੜੀਆਂ[7] ਲਈ ਸਾਡੇ ਨਾਲ ਇੱਕ ਵਾਰ ਫਿਰ ਮਿਲ, ਬੋਲ ਲਵੋ।" ਇਸ ਤਰਾਂ ਜਦੋਂ ਉਨ੍ਹਾਂ ਦੋਵਾਂ (ਬੱਚਿਆਂ) ਨੇ ਅਰਦਾਸ ਕੀਤੀ ਤਾਂ ਉਨ੍ਹਾਂ ਦੁਆਲੇ ਚੌਹੀਂ ਪਾਸੀਂ ਬਹੁਤ ਹੀ ਭੀੜ ਇਕੱਠੀ ਹੋ ਗਈ ਸੀ। ॥੭॥

ਮਾਤਾ ਸੁਲੱਖਣੀ ਉਨ੍ਹਾਂ ਦੇ ਚਰਨਾਂ ਪਾਸ ਹੀ ਬੈਠੀ ਸੀ, ਜੋ ਅੱਖਾਂ ਵਿੱਚੋਂ ਬਹੁਤ ਹੰਝੂ ਕੇਰ ਰਹੀ ਸੀ। ਰਾਜੇ, ਸ਼ਾਹ, ਬ੍ਰਾਹਮਣ ਤੇ ਸਿੱਖ ਸਾਰੇ ਲੋਕੀਂ ਹੀ ਸੁੱਖਾਂ ਦੇ ਮੂਲ[8] 'ਸਤਿਨਾਮ' ਦਾ ਸਿਮਰਨ ਕਰ ਰਹੇ ਸਨ। ॥੮॥

SikhBookClub.Com

ਠਾਂਢੇ ਬੰਦੇ ਹਾਥ ਸਮੀਪਾ। ਸੁਨੀ ਬਿਨੈ ਬੇਦੀ ਕੁਲਦੀਪਾ।
ਤਾਤਨ[1] ਸੋਂ ਬੋਲਨ ਕੇ ਕਾਰਨ। ਉਠ ਬੈਠੇ ਤਬ ਨਰਕ ਨਿਵਾਰਨ॥੯॥

ਅਰੁਨ[2] ਪ੍ਰਫੁੱਲਜਤ ਕਮਲ ਬਿਸਾਲਾ। ਬਦਨ ਸੁਹਾਵਤ ਅਸ ਤਿਹ ਕਾਲਾ।
ਦੇਖ ਅਚੰਭ ਭਏ ਨਰ ਨਾਰੀ। ਚਹੁੰਦਿਸ 'ਜੈ ਜੈ ਕਾਰ'ਉਚਾਰੀ॥੧੦॥

ਠਾਂਢੇ ਦ੍ਵੈ ਤਾਤਨ ਕੋ ਦੇਖਾ। ਬੋਲੇ ਗੁਰ ਕਰ ਕ੍ਰਿਪਾ ਬਿਸੇਖਾ।
'ਜਾਚਤ ਜੇ ਜੀਵਨ ਬਹੁ ਮੇਰਾ। ਸੋ ਪਾਵਤ ਅਬ ਹੁਤੀ ਨ ਦੇਰਾ॥੧੧॥

ਦ੍ਵੈ ਘਟਿਕਾ ਜਾਚੀ ਤੁਮ ਜੋਈ। ਨਹਿੰ ਅਧੀਨ ਤੁਮਰੇ ਕਛੁ ਸੋਈ।
ਨਿਰੰਕਾਰ ਭਾਵੀ[3] ਜੋ ਆਹੀ। ਸੋਈ ਹੋਤ ਮਿਟੈ ਕਬਿ ਨਾਂਹੀ॥੧੨॥

ਅਬ ਜੋ ਹੈ ਤੁਮਰੇ ਮਨ ਮਾਂਹੀ। ਕਰਉ ਪ੍ਰਤੱਖ ਹਮਾਰੇ ਪਾਹੀਂ।
ਪੂਰਬ ਰਹੇ ਬੁਲਾਇ ਨ ਆਏ। ਕਰੀ ਬਾਤ ਆਪਨ ਮਨ ਭਾਏ'॥੧੩॥

ਤਿਹ ਛਿਨ ਸਿਰੀਚੰਦ ਕਰ ਬੰਦੇ। ਬੋਲਜੋ ਬਚਨ 'ਸੁਨਹੁ ਸੁਖਕੰਦੇ!
ਤੁਮ ਅੰਤਰਜਾਮੀ ਸਭ ਜਾਨਹੁ। ਬਿਨਾ ਕਹੇ ਤੇ ਭੇਵ[4] ਪਛਾਨਹੁ॥੧੪॥

ਪੂਛਹੁ ਤੱਦਜਪਿ ਕਰਹੁਂ ਉਚਾਰੀ। ਪਿਤਾ ਵਸਤੁ[5] ਕੇ ਸੁਤ ਅਧਿਕਾਰੀ।
ਹਮ ਕੋ ਛੂਛਾ[6] ਛੋਰ ਪਯਾਨੇ। ਥਾਪਜੋ ਲਹਿਣਾ ਅਪਨ ਸਥਾਨੇ॥੧੫॥

ਕਲਾ ਬਿਸਾਲਹਿ ਤੇ ਤਜ ਖਾਲੀ। ਕਰੀ ਆਪ ਅਸਮੰਜਸ[7] ਚਾਲੀ।
ਦਈ ਅਪਰ ਕੋ ਸਰਬ ਬਡਾਈ। ਤੁਮਰੇ ਸੁਤ ਕਜਾ ਜਗ ਮਹਿੰ ਪਾਈ?'॥੧੬॥

ਦੋਹਰਾ

ਬਚਨ ਸੁਨੇ ਨਿਜ ਸੁਤਨ ਕੇ ਸ੍ਰੀ ਨਾਨਕ ਗਤਿ ਦਾਇ।
ਸਭ ਕੇ ਸੁਨਤ ਸਲੋਕ ਇਕ ਉਚਰਜੋ ਬਦਨ ਬਨਾਇ॥੧੭॥

ਮਹਲਾ ੧ ॥
ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥੨॥ (ਗੁ. ਗ੍ਰੰ. ਸਾਹਿਬ, ਪੰਨਾ ੪੬੭)

SikhBookClub.Com

ਹੱਥ ਬੰਨ੍ਹੀ ਕੋਲ ਖੜ੍ਹੇ (ਪੁੱਤਰਾਂ ਦੀ) ਬੇਨਤੀ ਬੇਦੀ ਕੁਲ ਦੇ ਦੀਪਕ (ਗੁਰੂ ਜੀ) ਨੇ ਸੁਣ ਲਈ ਤਾਂ ਨਰਕਾਂ ਤੋਂ ਛੁਡਾਉਣ ਵਾਲੇ (ਗੁਰੂ ਜੀ) ਪੁੱਤਰਾਂ[1] ਨਾਲ ਗੱਲ ਕਰਨ ਲਈ ਉੱਠ ਬੈਠੇ ॥੯॥

ਉਨ੍ਹਾਂ ਦਾ ਮੁੱਖ ਉਸ ਵੇਲੇ ਲਾਲ[2] ਕਮਲ ਫੁੱਲ ਵਾਂਗ ਪਰਫੁੱਲਤ ਸੀ। ਇਹ ਦੇਖ ਕੇ ਸਾਰੇ ਆਦਮੀ-ਔਰਤਾਂ ਅਚੰਭਿਤ ਰਹਿ ਗਏ ਅਤੇ ਚਾਰੇ ਪਾਸੇ "ਜੈ ਜੈਕਾਰ" ਦਾ ਉਚਾਰਨ ਹੋਣ ਲੱਗਾ ॥੧੦॥

ਦੋਨਾਂ ਪੁੱਤਰਾਂ ਨੂੰ ਖੜ੍ਹੇ ਹੋਇਆਂ ਨੂੰ ਤੱਕ ਕੇ ਗੁਰੂ ਜੀ ਬਹੁਤ ਹੀ ਕਿਰਪਾ ਕਰਦੇ ਹੋਏ ਬੋਲੇ, "ਜੇ ਤੁਸੀਂ ਬਹੁਤੇ ਸਮੇਂ ਲਈ ਮੇਰਾ ਜੀਵਨ ਮੰਗਦੇ ਤਾਂ ਹੁਣ ਦੇਰੀ ਕੀਤੇ ਬਿਨਾਂ ਮਿਲ ਜਾਂਦਾ। ॥੧੧॥

ਤੁਸੀਂ ਤਾਂ ਦੋ ਘੜੀਆਂ ਹੀ ਮੰਗੀਆਂ ਸਨ। (ਅਸਲ ਵਿੱਚ) ਤੁਹਾਡੇ ਵੱਸ ਕੁਝ ਨਹੀਂ ਹੈ। ਜੋ ਉਸ ਨਿਰੰਕਾਰ ਨੂੰ ਭਾਉਂਦਾ[3] ਹੈ, ਉਹ ਹੀ ਹੁੰਦਾ ਹੈ। ਉਸ ਦਾ ਕੀਤਾ ਕਦੇ ਨਹੀਂ ਮਿਟਦਾ ॥੧੨॥

ਹੁਣ ਜੋ ਤੁਹਾਡੇ ਮਨ ਵਿੱਚ ਹੈ, ਉਹ ਸਾਡੇ ਸਾਹਮਣੇ ਬਿਆਨ ਕਰੋ। ਅਸੀਂ ਪਹਿਲਾਂ ਤੁਹਾਨੂੰ ਬੁਲਾਉਂਦੇ ਰਹੇ, ਪਰ ਤੁਸੀਂ ਨਹੀਂ ਸੀ ਆਏ, (ਸਗੋਂ) ਆਪਣੀ ਮਨਮਰਜ਼ੀ ਕੀਤੀ" ॥੧੩॥

ਉਸ ਵੇਲੇ ਸਿਰੀ ਚੰਦ ਨੇ ਹੱਥ ਜੋੜ ਕੇ ਕਿਹਾ, "ਹੇ ਸੁੱਖਾਂ ਦੇ ਮੂਲ ਸੁਣੋ! ਤੁਸੀਂ ਅੰਤਰਜਾਮੀ ਸਭ ਦੀਆਂ ਜਾਣਨ ਵਾਲੇ ਹੋ। ਬਿਨਾਂ ਬੋਲਿਆਂ ਹੀ ਸਾਰੀਆਂ ਗੁਪਤ[4] ਗੱਲਾਂ ਨੂੰ ਜਾਣ ਜਾਂਦੇ ਹੋ ॥੧੪॥

ਆਪ ਪੁੱਛਦੇ ਹੋ ਤਾਂ ਅਰਜ ਕਰਦਾ ਹਾਂ, ਪਿਤਾ ਦੀ ਚੀਜ਼[5] ਦੇ ਪੁੱਤਰ ਹੱਕਦਾਰ ਹੁੰਦੇ ਹਨ। ਤੁਸੀਂ ਸਾਨੂੰ ਖਾਲੀ[6] ਛੱਡ ਕੇ ਚੱਲੇ ਹੋ। ਆਪਣੀ ਜਗ੍ਹਾ 'ਤੇ ਲਹਿਣੇ ਨੂੰ ਥਾਪ ਦਿੱਤਾ ਹੈ। ॥੧੫॥

ਇਸ ਤਰਾਂ ਇਸ ਮਹਾਨ ਕਲਾ ਤੋਂ ਸਾਨੂੰ ਖਾਲੀ ਕਰਕੇ ਆਪ ਨੇ ਬਹੁਤ ਅਯੋਗ[7] ਰੀਤ ਚੱਲੀ ਹੈ। (ਤੁਸੀਂ) ਹੋਰ ਦੂਸਰੇ ਨੂੰ ਸਾਰੀ ਵਡਿਆਈ ਦੇ ਦਿੱਤੀ, ਤੁਹਾਡੇ ਆਪਣੇ ਪੁੱਤਰ ਇਸ ਜੱਗ 'ਚੋਂ ਕੀ ਪ੍ਰਾਪਤ ਕਰਨਗੇ?" ॥੧੬॥

ਦੋਹਰਾ

ਮੁਕਤੀ ਦੇ ਦਾਤੇ (ਗੁਰੂ ਜੀ) ਨੇ ਆਪਣੇ ਪੁੱਤਰਾਂ ਦੀ ਗੱਲ ਸੁਣੀ ਤਾਂ ਉਨ੍ਹਾਂ ਸਭ ਨੂੰ ਸੁਣਾਉਣ ਲਈ ਆਪਣੇ ਮੁੱਖ ਤੋਂ ਇੱਕ ਸਲੋਕ ਦਾ ਉਚਾਰਨ ਕੀਤਾ। ॥੧੭॥

ਪਾਤਸ਼ਾਹੀ ਪਹਿਲੀ ॥

ਲੱਖਾਂ ਪਵਿੱਤਰਤਾਈਆਂ ਅਤੇ ਸ਼ੁੱਭ ਕਰਮ, ਲੱਖਾਂ ਹੀ ਪ੍ਰਮਾਣੀਕ ਦਾਨ, ਧਰਮ-ਅਸਥਾਨਾਂ 'ਤੇ ਲੱਖਾਂ ਹੀ ਤਪੱਸਿਆ ਅਤੇ ਬੀਆਬਾਨ ਵਿੱਚ ਸੁਆਮੀ ਦੇ ਮਿਲਾਪ ਦੇ ਰਸਤੇ ਦੇ ਅਭਿਆਸ, ਲੱਖ ਸੂਰਮਤਾਈਆਂ ਅਤੇ ਮੁੱਠ ਭੇੜ ਵਿੱਚ ਲੜਾਈ ਦੇ ਮੈਦਾਨਾਂ ਵਿੱਚ ਸੁਆਸ ਤਿਆਗਣੇ, ਲੱਖਾਂ ਬ੍ਰਹਮ-ਗਿਆਨ ਤੇ ਧਿਆਨਤਾਈਆਂ ਅਤੇ ਲੱਖਾਂ ਹੀ ਵੇਦਾਂ ਦੇ ਪੜ੍ਹਨੇ ਅਤੇ ਪੁਰਾਣਾਂ ਦੇ ਪਾਠ ਕਰਨੇ, ਨਾਨਕ ਸਿਰਜਣਹਾਰ ਅੱਗੇ, ਜਿਸ ਨੇ ਕਿ ਸੰਸਾਰ ਸਾਜਿਆ ਹੈ ਅਤੇ ਆਵਣ ਤੇ ਗਮਨ ਲਿਖਿਆ ਹੈ, ਅਕਲਮੰਦੀ ਦੇ ਇਹ ਕਰਮ ਕੂੜੇ ਹਨ ਅਤੇ ਸੱਚਾ ਹੈ ਰਹਿਮਤ ਦਾ ਚਿੰਨ੍ਹ । (ਗੁ. ਗ੍ਰੰ. ਸਾਹਿਬ, ਪੰਨਾ 467)

SikhBookClub.Com

ਚੌਪਈ

'ਮਨ ਕੀ ਮੱਤਿ ਕਰਹਿ ਜੇ ਕੋਈ। ਏਕ ਸਿਧਿ ਨਹਿੰ ਕੈਸੇ ਹੋਈ।
ਬਿਨਾ ਆਪਨੇ ਕਰਮ ਬਡਾਈ। ਕਿਨਹੂੰ ਪਾਈ ਖਬਰ ਨ ਰਾਈ॥੧੮॥

ਸ੍ਰੀ ਕਰਤਾਰ ਭਾਵਈ ਜੋਈ। ਹੋਤ ਪ੍ਰਤੱਖ[1] ਬਾਤ ਹੈ ਸੋਈ।
ਲੈਨ ਦੇਨ ਸਭ ਤਾਹਿੰ ਅਧੀਨਾ। ਔਰ ਨ ਕਿਸਹੂੰ ਕੇ ਕਰ ਕੀਨਾ'॥੧੯॥

ਸੁਨ ਕੈ ਸੁਤਿ ਦੋਨੋ ਮੁਰਝਾਨੇ। ਹ੍ਵੈ ਅਧੀਨ ਪੁਨ ਬਚਨ ਬਖਾਨੇ।
'ਨਹੀਂ ਹਮਾਰੋ ਚਾਰੋ[2] ਕੋਊ। ਜਿਉਂ ਭਾਵੈ ਤਿਉਂ ਕਰੀਏ ਸੋਊ॥੨੦॥

ਜਗ ਮਹਿੰ ਮਨਤਾ[3] ਹ੍ਵੈ ਨ ਹਮਾਰੀ। ਕੋਇ ਨ ਦੇਵਹਿ ਭੇਟ ਅਗਾਰੀ।
ਨਾਮ ਲਾਜ ਤੁਮਹੀ ਕੋ ਸਾਰੀ'। ਇਉਂ ਕਹਿ ਮੁਖਤੇ ਤੂਸ਼ਨ ਧਾਰੀ॥੨੧॥

ਗੁਨਖਾਨੀ ਸੁਨ ਕਰੁਨਾ ਠਾਨੀ। ਬੋਲੇ ਸੁਤਨ ਸੰਗ ਪੁਨ ਬਾਨੀ।
'ਰਿੱਧ ਸਿੱਧ[(*1)] ਸਭਿ ਹ੍ਵੈ ਕੁਲ ਮਾਂਹੀਂ । ਪਟ, ਧਨ, ਧਾਮ, ਤੋਟ ਕਬ ਨਾਹੀਂ॥੨੨॥

ਗੁਰੂ ਪੀਰ ਕੇ ਜੋ ਹੈਂ ਸੁਆਂਨਾ[4]। ਤਿਨ ਕੋ ਮਾਨਹਿੰ ਜਗਤ ਮਹਾਂਨਾ।
ਤੁਮ ਤੋ ਤਾਤ ਭਏ ਮੁਝ ਤਨ ਤੇ। ਭੇਟਾ ਕਿਉਂ ਨ ਦੇਹਿੰ ਹਿਤ ਮਨ ਤੇ॥੨੩॥

ਕਰਾਮਾਤ[(*2)] ਹ੍ਵੈ ਹੈ ਤੁਮ ਮਾਂਹੀਂ । ਸਿੱਖ ਹਮਾਰੇ ਸਰਬ ਪੁਜਾਹੀਂ।
ਜਗਤ ਬਿਰਾਜਹੁ ਸਭ ਤੇ ਊਚੇ। ਤੁਮਰੀ ਸਮਤਾ[5] ਕੋ ਨ ਪਹੂੰਚੇ॥੨੪॥

ਸੁਨਹੁ,ਪਰੰਤੁ ਜੁ ਸ਼ਬਦ ਬਡਾਈ। ਸੋ ਅੰਗਦ ਨੇ ਨੀਕੈ ਪਾਈ।
ਰਿਦੇ ਬਿਚਾਰ ਲੇਹੁ ਤੁਮ ਦੇਖੀ। ਜਿਉਂ ਲੀਨੀ ਕਿਯ ਘਾਲ ਵਿਸ਼ੇਖੀ॥੨੫॥

ਨਿਰਹੰਕਾਰ[6] ਰਹਜੋ ਅਨੁਸਾਰੀ। ਰਿਦੇ ਸਦੀਵ ਸੇਵ ਜਿਸ ਪਜਾਰੀ।
ਆਇਸੁ ਬਿਖੇ ਬਿਲਮ ਨਹਿੰ ਕੀਤੀ। ਸੁਧੀ[7] ਹੁਇ ਅਥਵਾ ਬਿਪਰੀਤੀ॥੨੬॥

SikhBookClub.Com

ਚੌਪਈ

"ਜੇ ਕੋਈ ਆਪਣੀ ਮਨ ਦੀ ਮਰਜ਼ੀ ਕਰਦਾ ਹੈ ਤਾਂ ਕਿਸੇ ਤਰਾਂ ਨਾਲ ਕੋਈ ਵੀ ਕਰਾਮਤ (ਸਿੱਧੀ) ਨਹੀਂ ਹੋ ਸਕਦੀ। ਕਿਸੇ ਨੇ ਰੱਤੀ ਭਰ ਵੀ ਖਬਰ ਨਹੀਂ ਪਾਈ, ਕਿਸ ਨੇ ਉਸ ਉੱਪਰਲੇ ਦੀ ਮਿਹਰ ਸਦਕਾ ਵਡਿਆਈ ਪ੍ਰਾਪਤ ਕਰ ਲੈਣੀ ਹੁੰਦੀ ਹੈ? ॥੧੮॥

ਜਿਸ ਤਰਾਂ ਕਰਤਾਰ ਨੂੰ ਭਾਉਂਦਾ ਹੁੰਦਾ ਹੈ, ਉਹ ਹੀ ਪਰਤੱਖ ਵਾਪਰਦਾ[1] ਹੁੰਦਾ ਹੈ। ਸਾਰਾ ਕੁਝ ਲੈਣਾ-ਦੇਣਾ, ਉਸ ਦੇ ਹੀ ਵੱਸ ਹੈ। ਹੋਰ ਕਿਸੇ ਦੇ ਹੱਥਾਂ ਦੇ ਕਰਨ ਦਾਂ ਕੁੱਝ ਨਹੀਂ ਹੈ" ॥੧੯॥

ਗੁਰੂ ਜੀ ਦੇ ਬੋਲ ਸੁਣ ਕੇ ਦੋਨੋਂ ਪੁੱਤਰ, ਮੁਰਝਾ ਗਏ ਅਤੇ ਫਿਰ ਉਹ ਨੀਵੇਂ ਹੋ ਕੇ ਕਹਿਣ ਲੱਗੇ, "ਸਾਡਾ ਤਾਂ ਕੋਈ ਚਾਰਾ[2] ਨਹੀਂ ਹੈ, ਜੋ ਤੁਹਾਨੂੰ ਭਾਉਂਦਾ ਹੈ, ਤੁਸੀਂ ਉਵੇਂ ਹੀ ਕਰੋ ਜੀ। ॥੨੦॥

ਜੱਗ ਵਿੱਚ ਸਾਡੀ ਕੋਈ ਮਾਨਤਾ[3] ਨਹੀਂ ਹੋਵੇਗੀ। ਨਾ ਹੀ ਕੋਈ ਵੀ ਸਾਡੇ ਅੱਗੇ ਮੱਥਾ ਟੇਕ ਕੇ ਭੇਟਾਵਾਂ ਦੇਣ ਵਾਲਾ ਹੋਵੇਗਾ। (ਸੋ) ਆਪ ਦੇ ਨਾਮ ਦੀ ਹੀ ਸਾਰੀ ਲਾਜ ਹੋਵੇਗੀ। ਉਨ੍ਹਾਂ ਨੇ ਇੰਜ ਕਹਿ ਕੇ ਮੁੱਖ ਤੋਂ ਚੁੱਪ ਧਾਰ ਲਈ।" ॥੨੧॥

ਗੁਣਾਂ ਦੀ ਖਾਣ (ਗੁਰੂ ਜੀ) ਨੇ ਸੁਣ ਕੇ ਕਿਰਪਾ ਕੀਤੀ ਤੇ ਫਿਰ ਉਨ੍ਹਾਂ ਨੇ ਪੁੱਤਰਾਂ ਨੂੰ ਆਖਿਆ, "ਸਾਰੀਆਂ ਰਿੱਧੀਆਂ-ਸਿੱਧੀਆਂ ਕੁਲ ਵਿੱਚ ਰਹਿਣਗੀਆਂ । ਘਰ, ਬਾਰ, ਧਨ, ਪਦਾਰਥਾਂ, ਬਸਤਰਾਂ ਆਦਿ ਦੀ ਕਦੇ ਵੀ ਕੋਈ ਤੋਟ ਨਹੀਂ ਆਵੇਗੀ। ॥੨੨॥

ਗੁਰਾਂ ਪੀਰਾਂ ਦੇ ਤਾਂ ਜੋ ਕੁੱਤੇ[4] ਵੀ ਹੁੰਦੇ ਹਨ, ਉਨ੍ਹਾਂ ਨੂੰ ਹੀ ਸਾਰਾ ਜਗਤ ਮਹਾਨ ਮੰਨਦਾ (ਪੂਜਦਾ) ਹੈ, ਤੁਸੀਂ ਤਾਂ ਫਿਰ ਵੀ ਮੇਰੇ ਤਨ ਤੋਂ ਪੈਦਾ ਹੋਏ ਪੁੱਤਰ ਹੋ, ਕਿਉਂ ਕੋਈ ਸੱਚੇ ਦਿਲੋਂ ਆਪ ਨੂੰ ਭੇਟਾ ਨਹੀਂ ਦੇਵੇਗਾ? ॥੨੩॥

ਤੁਹਾਡੇ ਕੋਲ ਕਰਾਮਾਤ ਹੋਵੇਗੀ, ਸਾਡੇ ਸਾਰੇ ਸਿੱਖ ਆਪ ਦੀ ਪੂਜਾ ਕਰਨਗੇ। ਜੱਗ ਵਿੱਚ ਬਹੁਤ ਉੱਚਾ ਸਥਾਨ ਪ੍ਰਾਪਤ ਕਰੋਗੇ। ਤੁਹਾਡੀ ਬਰਾਬਰੀ[5] ਤੱਕ ਕੋਈ ਨਹੀਂ ਪਹੁੰਚੇਗਾ। ॥੨੪॥

ਪਰ ਸੁਣੋ! ਜੋ ਸ਼ਬਦ ਦੀ ਵਡਿਆਈ ਹੈ, ਇਹ ਅੰਗਦ ਜੀ ਨੂੰ ਬਣ ਆਈ ਹੈ(ਉਨ੍ਹਾਂ ਨੇ ਚੰਗੀ ਤਰਾਂ ਪਾ ਲਈ ਹੈ)। ਤੁਸੀਂ ਹਿਰਦੇ ਵਿੱਚ ਵਿਚਾਰ ਕਰਕੇ ਵੇਖ ਲਵੋ, ਜਿਸ ਤਰਾਂ ਉਨ੍ਹਾਂ ਨੇ ਬਹੁਤ ਘਾਲ-ਕਮਾਈ ਕਰਕੇ ਪ੍ਰਾਪਤ ਕੀਤੀ ਹੈ। ॥੨੫॥

ਉਹ ਸਾਡੇ ਅਨੁਸਾਰ ਹੰਕਾਰ-ਰਹਿਤ[6] ਹੋ ਕੇ ਰਿਹਾ। ਉਸ ਦੇ ਮਨ ਵਿੱਚ ਹਮੇਸ਼ਾ ਸੇਵਾ ਨਾਲ ਪ੍ਰੇਮ ਰਿਹਾ। ਸਾਡੇ ਹੁਕਮ ਮੰਨਣ ਵਿੱਚ ਕਦੇ ਭੋਰਾ-ਭਰ ਵੀ ਦੇਰੀ ਨਹੀਂ ਸੀ ਕੀਤੀ, ਸਾਡੀ ਆਗਿਆ ਚਾਹੇ ਸਿੱਧੀ ਹੋਵੇ, ਚਾਹੇ ਉਲਟੀ।" ॥੨੬॥

SikhBookClub.Com

ਅਵਰ ਕਹੇ ਗੁਨ ਅੰਗਦ ਕੇਰੇ।ਪੁਨ ਤੁਸ਼ਨ ਕਿਯ ਪ੍ਰਭੂ ਬਡੇਰੇ।
ਦੋਇ ਘਟੀ ਦਿਯ ਦਰਸ਼ਨ ਔਰੀ।ਨਰ ਹਜ਼ਾਰ ਬੰਦਹਿਂ ਕਰ ਜੋਰੀ॥੨੭॥

ਦੋਹਰਾ

ਸ੍ਰੀ ਸਤਿਗੁਰ ਸਮਚਿਤ[1] ਪ੍ਰਭੂ ਬੈਠੇ ਬੀਚ ਸੁਹਾਇਂ।
ਮੁਖ ਪ੍ਰਸੰਨ ਸਮ ਚੰਦ੍ਰ ਕੋ ਉਡਗਨ ਸਿਖ ਸਮੁਦਾਇ॥੨੮॥

ਚੌਪਈ

ਦਿਪਤ[2] ਤੇਜ ਮੁਖ ਕਾਂਤਿ ਬਿਸਾਲੀ।ਬਾਲ ਅੰਸਮਾਲੀ ਯੁਤ ਲਾਲੀ।
ਗਜ਼ਾਨ ਕਿਰਨ ਤੇ ਰਹਜੋ ਪ੍ਰਕਾਸ਼ੇ।ਸੇਵਕ ਰਿਦ ਅਰਬਿੰਦ ਬਿਕਾਸੇ॥੨੯॥

ਭਰੇ ਕ੍ਰਿਪਾ ਰਸ ਨਯਨ[3] ਰਸੀਲੇ।ਹਿਤ ਉਪਕਾਰ ਸੁਸ਼ੀਲ ਛਬੀਲੇ।
ਸਭ ਦਿਸ ਦੇਖਤ ਕਰਤ ਕ੍ਰਿਤਾਰਥ।ਦਰਸਹਿਂ ਬ੍ਰਿੰਦ ਪਾਇ ਪਰਮਾਰਥ॥੩੦॥

ਤਿਸ ਛਿਨ ਬੁੱਢੇ ਦ੍ਵੈ ਕਰ ਜੋਰੇ।ਦ੍ਰਿਸ਼ਟਿ ਲਾਇ ਪਦ ਪੰਕਜ ਓਰੇ।
'ਗੁਰ ਜੀ! ਬਚ ਸੁਨਬੇ ਕਹਿ ਅਰਜੀ[4]। ਸ੍ਰੀ ਗੁਰ ਜੀ! ਸਭ ਸਿੱਖਨ ਮਰਜੀ॥੩੧॥

ਉੱਤਮ ਵਾਹਿਗੁਰੂ ਸਤਿਨਾਮ।ਉਪਦੇਸ਼ਜੋ ਸੰਗਤਿ ਨਰ ਬਾਮ[5]।
ਸਿਮਰਨ ਨਾਮ ਕਰਹਿਂ ਅਠਜਾਮ।ਪਦ ਅਭਿਰਾਮ[6] ਦੇਤ ਸੁਖਧਾਮ॥੩੨॥

ਸ੍ਰੀ ਮੁਖ ਤੇ ਇਸ ਅਰਥ ਜਥਾਰਥ।ਸੇਵਕ ਸੁਨਹਿਂ ਸੁ ਹੋਹਿਂ ਕ੍ਰਿਤਾਰਥ।
ਅੰਤ ਸਮੇਂ ਕੋ ਦਰਸ ਤੁਮਾਰਾ।ਤਥਾ ਬਚਨ ਕੋ ਅਬਹਿ ਬਿਚਾਰਾ॥੩੩॥

ਯਾਂਤੇ ਸਬਹਨ ਕੇ ਮਨ ਚਾਹੂ।ਸੁਨਬੇ ਕਹੁ ਬਿਸਾਲ ਉਤਸ਼ਾਹੂ।
ਕ੍ਰਿਪਾ ਕਰੋ ਸਬ ਪਰ ਸ੍ਰੀ ਗੁਰ ਜੀ! ਪੂਰਹੁ[7] ਸਰਬ ਲਾਲਸਾ ਉਰ ਜੀ'॥੩੪॥

SikhBookClub.Com

ਅੰਗਦ ਜੀ ਦੇ ਹੋਰ ਗੁਣਾਂ ਬਾਰੇ ਦੱਸ ਕੇ ਫਿਰ ਵਡਿਆਈ ਵਾਲੇ ਪ੍ਰਭੂ (ਗੁਰੂ) ਜੀ ਚੁੱਪ ਹੋ ਗਏ। ਗੁਰੂ ਜੀ ਨੇ ਦੋ ਘੜੀਆਂ ਹੋਰ ਇਸ ਤਰਾਂ ਦਰਸ਼ਨ ਦਿੱਤੇ ਸਨ। ਹਜ਼ਾਰਾਂ ਲੋਕ ਹੱਥ ਜੋੜੀ ਖੜ੍ਹੇ ਸਨ। ॥੨੭॥

ਦੋਹਰਾ

ਸਹਿਜ[1] ਚਿੱਤ ਗੁਰੂ ਜੀ ਸੰਗਤਾਂ ਵਿਚਕਾਰ (ਬਿਰਾਜਮਾਨ ਹੋਏ) ਸੋਭਦੇ ਸਨ। ਉਨ੍ਹਾਂ ਦਾ ਮੁੱਖ ਇਸ ਤਰਾਂ ਪਰਸੰਨ ਸੀ ਜਿਵੇਂ ਸਿੱਖ-ਸੰਗਤਾਂ ਰੂਪੀ ਤਾਰਿਆਂ ਵਿੱਚ ਚੰਦਰਮਾ ਸੋਭ ਰਿਹਾ ਹੋਵੇ। ॥੨੮॥

ਚੌਪਈ

ਗੁਰੂ ਜੀ ਦੇ ਮੁੱਖ ਤੋਂ ਸੁੰਦਰਤਾ ਦਾ ਪ੍ਰਕਾਸ਼[2] ਇਸ ਤਰਾਂ ਹੋ ਰਿਹਾ ਸੀ, ਜਿਵੇਂ ਬਾਲ-ਅਵਸਥਾ ਭਾਵ ਚੜ੍ਹਦੇ ਸੂਰਜ ਦੀ ਲਾਲੀ ਦੀ ਚਮਕ ਹੋਵੇ। ਗਿਆਨ ਦੀਆਂ ਕਿਰਨਾਂ ਦਾ ਪ੍ਰਕਾਸ਼ ਹੋ ਰਿਹਾ ਸੀ। ਸੇਵਕਾਂ ਦੇ ਹਿਰਦੇ ਕਮਲ-ਫੁੱਲ ਵਾਂਗ ਖਿਲੇ-ਖਿਲੇ ਸਨ। ॥੨੯॥

ਉਨ੍ਹਾਂ ਦੇ ਨੇਤਰ[3] ਕਿਰਪਾ-ਰਸ ਨਾਲ ਭਰੇ-ਭਰੇ ਸਨ। ਉਹ ਉਪਕਾਰ ਕਰਨ ਵਾਲੇ ਸੁਸ਼ੀਲ ਅਤੇ ਛਬੀਲੇ ਸਨ। ਸਾਰੇ ਪਾਸਿਆਂ ਵੱਲ ਦੇਖਦੇ ਹੋਏ ਸਭ 'ਤੇ ਕਿਰਤਾਰਥ ਕਰ ਰਹੇ ਸਨ। ਲੋਕੀਂ ਗੁਰੂ ਜੀ ਦੇ ਦਰਸ਼ਨ ਕਰ ਕੇ, ਪਰਮਾਰਥ ਨੂੰ ਪ੍ਰਾਪਤ ਕਰਦੇ ਸਨ ॥੩੦॥

ਉਸ ਛਿਨ ਬਾਬਾ ਬੁੱਢਾ ਜੀ ਨੇ ਦੋਨੋਂ ਹੱਥ ਜੋੜ ਕੇ ਤੇ ਗੁਰੂ ਜੀ ਦੇ ਚਰਨ-ਕਮਲਾਂ 'ਤੇ ਮੱਥਾ ਟੇਕਦੇ ਹੋਏ ਕਿਹਾ, "ਹੇ ਗੁਰੂ ਜੀ! ਆਪ ਜੀ ਦੇ ਮੁੱਖ ਤੋਂ ਸੁਣਨ ਲਈ ਬੇਨਤੀ[4] ਕਰਦਾ ਹਾਂ। ਸਭ ਸਿੱਖਾਂ ਨੇ ਆਪਣੀ ਇੱਛਾ ਜਾਹਰ ਕੀਤੀ ਹੈ। ॥੩੧॥

ਸਭ ਤੋਂ ਸ੍ਰੇਸ਼ਟ ਸ਼ਬਦ ਸਤਿਨਾਮ-ਵਾਹਿਗੁਰੂ ਦਾ ਜਾਪ ਕਰਨ ਵਾਸਤੇ ਸਭ ਔਰਤਾਂ[5]-ਮਰਦਾਂ ਨੂੰ ਆਪ ਜੀ ਨੇ ਉਪਦੇਸ਼ ਦਿੱਤਾ ਹੈ ਕਿ ਸਾਰੇ ਜਣੇ ਅੱਠ ਪਹਿਰ ਇਸ ਨਾਮ ਦਾ ਸਿਮਰਨ ਕਰਨ, ਤਾਂ ਸੁੱਖਾਂ ਦਾ ਘਰ ਸੁੰਦਰ[6] ਪਦਵੀ ਦੀ ਦਾਤ ਦਿੰਦਾ ਹੈ। ॥੩੨॥

ਹੇ ਗੁਰੂ ਜੀ! ਸਾਰੇ ਸਿੱਖ ਇਸ ਸ਼ਬਦ ਦੇ ਯਥਾਰਥ ਅਰਥ ਸੁਣ ਕੇ ਕਿਰਤਾਰਥ ਹੋਣਗੇ। ਆਪ ਜੀ ਦੇ ਆਖਰੀ ਦਰਸ਼ਨ ਹਨ, ਇਸ ਬਚਨ ਨੂੰ ਹੁਣੇ ਹੀ ਵਿਚਾਰਿਆ ਗਿਆ ਹੈ। ॥੩੩॥

ਇਸ ਲਈ ਸਾਰੀ ਸੰਗਤ ਦੇ ਮਨਾਂ ਦੀ ਇਹ ਹੀ ਇੱਛਾ ਹੈ, ਉਨ੍ਹਾਂ ਵਿੱਚ ਸੁਣਨ ਲਈ ਵਿਸ਼ਾਲ ਉਤਸ਼ਾਹ ਹੈ। ਹੇ ਗੁਰੂ ਜੀ! ਸਾਰਿਆਂ 'ਤੇ ਕਿਰਪਾ ਕਰੋ। ਸਾਰਿਆਂ ਦੇ ਮਨਾਂ ਦੀ ਲਾਲਸਾ ਪੂਰੀ[7] ਕਰੋ।" ॥੩੪॥

SikhBookClub.Com

ਇਸ ਪ੍ਰਕਾਰ ਸੁਨਕੈ ਸੁਭ ਬਾਨੀ।ਅਰ ਸਿੱਖਨ ਮਨ ਕੀ ਗਤਿ ਜਾਨੀ।
ਸਮ[1] ਅੰਮ੍ਰਿਤ ਕੇ ਗਿਰਾ ਰਸਾਲਾ।ਕਹਿ ਸ੍ਰੀ ਨਾਨਕ ਪਰਮ ਕ੍ਰਿਪਾਲਾ॥੩੫॥

ਦੋਹਰਾ

'ਸੱਤਿਨਾਮ ਸ੍ਰੀ ਵਾਹਿਗੁਰੂ ਸੁਨਹੁ ਅਰਥ ਇਸ ਕੇਰ।
ਜਿਸਕੇ ਸਿਮਰਨ ਅਧਿਕ ਫਲ ਮਿਟਹਿ ਚੁਰਾਸੀ ਫੇਰ॥੩੬॥

ਸ੍ਵੈਯਾ

—ਗੋ —ਤਮ ਨਾਮ ਅੱਗਜਾਨ ਮਹਾਨ ਕੋ ਪਾਇ ਬੰਧਾਨ ਸਦੀਵ ਝੁਰੂ[2]।
ਦੇਹ ਅਨੇਕ ਧਰੇ,ਜਨਮੇ,ਮ੍ਰਿਤੁ ਸੰਕਟ ਹੋਤ ਬਿਸਾਲ ਸ਼ੁਰੂ।
ਸੋ ਤਤਕਾਲ ਬਿਲੀਨ[3] ਕਰੈ ਹੁਇ ਜਾਤ ਪ੍ਰਕਾਸ਼ ਕਹੈਂ ਇਸ —ਰੂ—।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ॥੩੭॥

ਜੋ ਜੜ ਜਾਤ ਬਿਥਾਰ ਮਹਾਂ ਦ੍ਰਿਸਮਾਨ ਬਚਿੱਤ੍ਰ ਅਨੇਕ ਫੁਰੂ[4]।
ਤਾਰ ਤਮੈ ਜਨਮੈ ਬਿਨਸੈ ਜਿਸ ਆਸ੍ਰਿਤ[5] ਭਾ ਸਤ ਬੀਚ ਪੁਰੂ!
ਜੋ ਤਿਨਕੇ ਬਿਵਹਾਰ ਕਰਾਵਤ ਨਾਮ ਕਹੈ ਇਸ ਚੇਤਨ -ਰੂ-।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ ॥੩੮॥

ਜੋ ਸਭ ਦੇਹਿਨ[6] ਅੰਨ ਪਚਾਵਤ,ਪਾਵਤ ਪ੍ਰਾਨ ਅਧਾਰ ਧੁਰੂ।
ਬ੍ਰਿੰਦ ਰਿਖੀਕ[7] ਅਚੇਤਨ ਜੇ ਤਿਨਕੇ ਬਿਵਹਾਰ ਕਰੇ ਜਿ ਸ਼ੁਰੂ।
ਅੰਤਰ ਜੇ ਮਤਿ ਆਦਿਕ ਹੈਂ ਜੜ, ਤੇ ਚਿਤ ਕੈ ਫੁਰਨਾ ਸੁ ਫੁਰੂ।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ॥੩੯॥

SikhBookClub.Com

ਇਸ ਤਰਾਂ (ਬੁੱਢੇ ਜੀ ਦੇ) ਸੁੰਦਰ ਬੋਲ ਸੁਣ ਕੇ ਅਤੇ ਸਾਰੀ ਸੰਗਤ ਦੇ ਚਿੱਤਾਂ ਦੀ ਗੱਲ ਜਾਣਦੇ ਹੋਏ, ਪਰਮ ਕਿਰਪਾਲੂ ਸ੍ਰੀ ਗੁਰੂ ਨਾਨਕ ਜੀ ਨੇ ਅੰਮ੍ਰਿਤ-ਰਸ ਸਮਾਨ[1] ਕਥਨ ਕੀਤਾ। ॥੩੫॥

ਦੋਹਰਾ

"ਸਤਿਨਾਮ-ਵਾਹਿਗੁਰੂ" ਜੀ ਦੇ ਅਰਥ ਸੁਣੋ ਜੋ ਇਸ ਤਰਾਂ ਹਨ; ਜਿਸ ਦਾ ਸਿਮਰਨ ਕੀਤਿਆਂ ਬਹੁਤ ਫਲ ਮਿਲਦਾ ਹੈ ਅਤੇ ਚੌਰਾਸੀ ਦਾ ਚੱਕਰ ਮਿੱਟ ਜਾਂਦਾ ਹੈ। ॥੩੬॥

ਸਵੱਯਾ

'ਗੋ' ਨਾਮ ਹੈ ਹਨ੍ਹੇਰੇ ਦਾ, ਉਸ ਤੋਂ ਮਹਾਂ-ਅਗਿਆਨ ਦਾ ਬੰਧਨ ਪਾ ਕੇ ਜੀਵ ਸਦਾ ਝੂਰਦਾ[2] ਰਹਿੰਦਾ ਹੈ ਅਤੇ ਅਨੇਕਾਂ ਦੇਹਾਂ ਧਾਰਨ ਕਰਕੇ, ਜੰਮਣ-ਮਰਨ ਦੇ ਸੰਕਟ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। 'ਰੂ' ਦਾ ਅਰਥ ਹੈ ਪ੍ਰਕਾਸ਼ ਤੇ ਇਹ ਪ੍ਰਕਾਸ਼ ਉਸ ਅਗਿਆਨ ਨੂੰ ਝੱਟ ਵਿੱਚ ਹੀ ਦੂਰ[3] ਕਰ ਦਿੰਦਾ ਹੈ ਤੇ ਗਿਆਨਮਈ ਪ੍ਰਕਾਸ਼ ਹੋ ਜਾਂਦਾ ਹੈ। ਜੋ (ਵਾਰਿ ਪਦ ਹੈ ਇਸ ਦਾ ਅਰਥ ਹੈ) ਅਸਚਰਜ ਜੋ ਮਹਾਨ ਬਿਸਮਾਦ ਰੂਪ ਹੈ। ਸੋ ਵਾਹਿਗੁਰੂ ਸ਼ਬਦ ਉਸ ਮਹਾਨ ਅਸਚਰਜ ਅਤੇ ਬਿਸਮਾਦ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਹੈ, ਇਸ ਵਾਸਤੇ ਸਦਾ ਮੁੱਖ ਤੋਂ ਕਹੋ ਵਾਹਿਗੁਰੂ! ॥੩੭॥

'ਗੋ'ਨਾਮ ਹੈ, ਜੜ੍ਹ ਦਾ। ਉਹ (ਗੋ) ਜੋ ਜੜ੍ਹ ਹੈ, ਜੋ ਜਨਮ ਦਿੰਦਾ ਹੈ। ਦ੍ਰਿਸ਼ਟਮਾਨ ਰੂਪੀ ਵੱਡੇ ਵਿਸਥਾਰ ਨੂੰ, ਜੋ ਬਹੁਤ ਹੀ ਵਚਿੱਤਰ ਹੈ ਅਤੇ ਜਿਸ ਦੀਆਂ ਅਨੇਕ ਸ਼ਾਖਾਵਾਂ[4] ਹਨ। ਉਹ ਦ੍ਰਿਸ਼ਟਮਾਨ ਬਹੁਤ ਹੀ ਸੂਖਮ ਹੁੰਦਾ, ਜਨਮਦਾ ਹੈ, ਬਿਨਸਦਾ ਹੈ। ਜਿਸ ਦੇ ਆਸਰੇ[5] ਸਾਰਾ ਜਗਤ ਹੈ। ਸਤਿ-ਸਰੂਪ ਜੋ ਪਰਮਾਤਮਾ ਪੂਰਨ ਹੈ, ਇਹ ਵਿੱਚ ਭਾਸਦਾ ਹੈ, ਉਹ ਸਤਿ ਸਰੂਪ ਚੇਤਨ ਹੈ, ਜੋ ਜਗਤ ਦੇ ਜੀਵ ਹਨ, ਉਨ੍ਹਾਂ ਦਾ ਵਿਵਹਾਰ ਕਰਾਉਂਦਾ ਹੈ। ਇਸ ਚੇਤਨ ਨੂੰ "ਰੂ" ਕਹਿੰਦੇ ਹਨ। ਅਸਚਰਜ ਤੇ ਮਹਾਨ ਬਿਸਮਾਦ ਰੂਪ ਨੂੰ ਪ੍ਰਕਾਸ਼ ਦੇਣ ਵਾਲਾ ਹੈ, ਇਹ ਪਦ ਹੈ ਵਾਹਿਗੁਰੂ, ਸੋ ਇਸ ਵਾਸਤੇ ਸਦਾ ਮੁੱਖੋਂ ਕਹੋ ਵਾਹਿਗੁਰੂ! ॥੩੮॥

ਜੋ (ਚੇਤਨ) ਸਭ ਦੇਹਾਂ[6] ਦੇ ਅੰਦਰ ਬੈਠਾ ਹੈ, ਅੰਨ ਪਚਾਉਂਦਾ ਹੈ, ਜੋ ਅਗਨੀ ਤੇ ਪ੍ਰਾਣਾਂ ਦਾ ਧੁਰ ਅਧਾਰ ਹੈ। ਜੋ ਸਾਰੀਆਂ ਇੰਦਰੀਆਂ[7] ਜੋ ਅਚੇਤਨ (ਜੜ੍ਹ) ਹਨ, ਉਨ੍ਹਾਂ ਦੇ ਕੰਮ ਸ਼ੁਰੂ ਕਰਾਉਂਦਾ ਹੈ। ਅੰਦਰ ਜੋ ਬੁੱਧੀ ਆਦਿ ਨੇ ਜੜ੍ਹ ਹਨ, ਇਹ ਚੇਤਨ ਦੀ ਸੱਤਾ ਸਫੁਰਤੀ ਨਾਲ ਸਫੁਰਨ ਹੁੰਦੇ ਹਨ। ਸੋ ਜੋ ਇਹ 'ਵਾਹਿ' ਪਦ ਹੈ, ਅਸਚਰਜ ਤੇ ਮਹਾਨ ਬਿਸਮਾਦ ਰੂਪ ਨੂੰ ਪ੍ਰਕਾਸ਼ ਦੇਣ ਵਾਲਾ ਹੈ, ਇਹ ਹੈ ਪਦ-ਵਾਹਿਗੁਰੂ! ਸੋ ਇਸ ਲਈ ਸਦਾ ਮੁੱਖੋਂ ਕਹੋ ਵਾਹਿਗੁਰੂ! ॥੩੯॥

SikhBookClub.Com

ਸੀਸ ਸਹੰਸ,ਅਸੀਸ;ਅਨੈਨ ਸਨੈਨ,ਸਹੰਸ੍ਰਹੀ ਰੂਪ ਧਰੂ।
ਘ੍ਰਾਣ[1] ਸਹੰਸ੍ਰ,ਅਘ੍ਰਾਣ;ਅਸ਼੍ਰੋਣ,ਸਸ਼੍ਰੋਣ ਸਹੰਸ੍ਰ ਤੇ ਸ਼੍ਰੋਣ[2] ਕੁਰੂ।
ਪਾਣਿ[3] ਸਹੰਸ੍ਰ,ਅਪਾਣਿ;ਅਪਾਦ,ਸਪਾਦ ਸਹੰਸ੍ਰ;ਅਨਰੂ,ਊਰੂ[4]।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ॥੪੦॥

ਤ੍ਰਾਸਤਿ ਹੈ ਜਿਸ ਤੇ ਮ੍ਰਿਤੁ ਦੌਰਤ ਲੋਰਤ ਜੀਵਨ ਅੰਤ ਕੁਰੂ[5]।
ਤ੍ਰਾਸ ਧਰਾਧਰ ਕੋ ਧ੍ਰਿਤ[6] ਧਾਰਤ,ਤ੍ਰਾਸਤ ਪੌਨ ਤ੍ਰਿਲੋਕ ਤੁਰੂ।
ਤ੍ਰਾਸ[7] ਧਰੇ ਨਭ ਸੂਰਜ ਗੌਨ ਪ੍ਰਕਾਸ਼ਤ ਪਾਵਕ ਤ੍ਰਾਸ ਪੁਰੂ।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ॥੪੧॥

ਜੋ ਸਗਰੇ ਜਗ ਕੋ ਡਰਦਾਇਕ ਕ੍ਰੂਰ[8] ਮਹਾਂ ਅਤਿ ਓਜ[9] ਧੁਰੂ।
ਜੋ ਸਭ ਕੋ ਉਪਜਾਵਤ ਹੈ ਪਰਿਪਾਰਤ[10] ਫੇਰ ਬਿਨਾਸ਼ ਕੁਰੂ।
ਜੋ ਅਸ ਕਾਲ ਮਹਾਂ ਬਿਦਤੈ ਤਿਸ ਕਾਲ ਕੋ ਕਾਲ ਕਰੈ ਜੁ ਤੁਰੂ।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ॥੪੨॥

ਬੇਦ ਅਬੇਦ ;ਨਿਰੰਤਰ; ਅੰਤਰ; ਅੰਤਰੇ ਸੋ; ਅਚਰਾਨ[11] ਚਰੂ।
ਬਿੰਬ ਸੋਂ ਏਕ ਅਨੇਕ,ਅਬਿੰਬ; ਅਲੰਬ ਬਿਨਾ ਸੁ ਅਲੰਬ ਕੁਰੂ।
ਸੰਖ ਬਿਖੈ ਜੁ ਅਸੰਖ; ਬਿਸ਼ੇਸ਼; ਅਸ਼ੇਸ਼ ਹ੍ਵੈ; ਸ਼ੇਸ਼ ਨਿਦੇਸ਼[12] ਧੁਰੂ।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ॥੪੩॥

ਏਕਮ ਏਕ ਕਲਾ ਸਸਿ ਕੀ,ਗੁਲ[13] ਮੈਂ ਜਿਸ ਗੰਧ ਭਨੈ ਸਗਰੂ।
ਪੈ ਮਧ[14] ਜਜੋਂ ਸਨ[15] ਹੋਤ ਸਦੀਵ ਹੈ, ਅੰਬ ਮੈਂ ਮਾਧੁਰਤਾ ਜੁ ਭਰੂ।
ਹੈ ਅਤਿ ਤੇਜ ਹਲਾਹਲ[16] ਮੈਂ, ਇਮ ਬੀਚ ਬਿਰਾਜਤ ਹੈ ਸਫੁਰੂ।
ਜੋ ਅਸਚਰਜ ਮਹਾਂ ਬਿਸਮਾਵਤ ਤਾਂਹਿ ਕਹੋ ਮੁਖ ਵਾਹਿਗੁਰੂ'॥੪੪॥

SikhBookClub.Com

ਵਾਹਿਗੁਰੂ ਉਸ ਦਾ ਨਾਮ ਹੈ ਜੋ ਹਜ਼ਾਰਾਂ ਸਿਰਾਂ ਵਾਲਾ ਹੈ। (ਫਿਰ ਜੋ) ਬਿਨਾਂ ਸਿਰ ਦੇ ਹੈ। ਵਾਹਿਗੁਰੂ ਬਿਨਾਂ ਨੇਤਰਾਂ ਦੇ ਹੈ, ਉਹ ਹਜ਼ਾਰਾਂ ਨੇਤਰਾਂ ਵਾਲਾ ਵੀ ਹੈ। ਜੋ ਹਜ਼ਾਰਾਂ ਰੂਪ ਧਾਰਨ ਕਰਦਾ ਹੈ, ਪਰ ਉਸ ਦਾ ਕੋਈ ਰੂਪ ਵੀ ਨਹੀਂ। ਹਜ਼ਾਰਾਂ ਉਸ ਦੇ ਨੱਕ[1] ਹਨ, ਫਿਰ ਉਸਦਾ ਕੋਈ ਨੱਕ ਨਹੀਂ। ਜਿਸਦੇ ਹਜ਼ਾਰਾਂ ਕੰਨ ਹਨ ਪਰ ਉਸਦਾ ਕੋਈ ਕੰਨ[2] ਨਹੀਂ। ਉਸ ਦੇ ਹਜ਼ਾਰਾਂ ਹੱਥ[3] ਹਨ, ਉਹ ਹੱਥ-ਰਹਿਤ ਹੈ। ਹਜ਼ਾਰਾਂ ਪੈਰਾਂ ਵਾਲਾ ਹੈ ਪਰ ਉਸ ਦਾ ਕੋਈ ਪੈਰ ਨਹੀਂ। ਉਹ ਹਜ਼ਾਰਾਂ ਜੰਘਾਂ ਵਾਲਾ ਹੈ, ਪਰ ਉਸ ਦੀ ਕੋਈ ਜੰਘ[4] ਨਹੀਂ। ਸੋ ਜੋ ਵਾਹਿਗੁਰੂ ਪਦ ਹੈ, ਉਹ ਅਸਚਰਜ ਤੇ ਬਿਸਮਾਦ ਰੂਪ ਹਸਤੀ ਨੂੰ ਪ੍ਰਕਾਸ਼ਦਾ ਹੈ। ਸੋ, ਮੁੱਖ ਤੋਂ ਕਹੋ ਵਾਹਿਗੁਰੂ! ॥੪੦॥

(ਵਾਹਿਗੁਰੂ ਉਸ ਦਾ ਨਾਮ ਹੈ), ਜਿਸ ਤੋਂ ਡਰਦੀ ਹੋਈ ਮੌਤ ਦੌੜਦੀ ਫਿਰਦੀ ਹੈ। ਜੋ ਜੀਵਾਂ ਦਾ ਅੰਤ[5] ਕਰਨਾ ਲੋੜਦੀ ਹੈ। (ਜਿਸ ਦੇ) ਭੈ ਕਰਕੇ ਪਰਬਤਾਂ ਨੂੰ ਧਰਤੀ[6] ਧਾਰਦੀ ਹੈ, ਜਿਸ ਤੋਂ ਡਰਦੀ ਪੌਣ ਤ੍ਰਿਲੋਕਾਂ ਵਿੱਚ ਤੁਰਦੀ ਹੈ। ਜਿਸ ਦਾ ਭੈ ਧਾਰਨ ਕਰਕੇ ਸੂਰਜ ਅਕਾਸ਼ ਵਿੱਚ ਚਲਦਾ ਹੈ ਤੇ ਪ੍ਰਕਾਸ਼ ਦਿੰਦਾ ਹੈ। ਅਗਨੀ ਜਿਸ ਦੇ ਭੈਅ[7] ਨਾਲ ਭਰੀ ਹੋਈ ਹੈ। ਸੋ ਵਾਹਿਗੁਰੂ ਉਹ ਪਦ ਹੈ ਜੋ ਅਸਚਰਜ ਤੇ ਬਿਸਮਾਦ ਰੂਪੀ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਹੈ। ਇਸ ਲਈ ਸਦਾ ਮੁੱਖ ਤੋਂ ਕਹੋ ਵਾਹਿਗੁਰੂ!॥੪੧॥

ਵਾਹਿਗੁਰੂ ਸਾਰੇ ਜਗਤ ਦਾ ਭੈਅ-ਦਾਤਾ ਹੈ, ਉਹ ਬਹੁਤ ਹੀ ਕਠੋਰ[8] ਅਤੇ ਬੇਅੰਤ ਬਲ[9] ਵਾਲਾ ਹੈ, ਜੋ ਸਾਰਿਆਂ ਨੂੰ ਪੈਦਾ ਕਰਦਾ ਹੈ, ਪਾਲਦਾ[10] ਹੈ ਤੇ ਫਿਰ ਵਿਨਾਸ਼ ਕਰਦਾ ਹੈ। (ਵਾਹਿਗੁਰੂ) ਐਸਾ ਬੜਾ ਕਾਲ ਪਰਗਟ ਹੈ, ਜੋ ਇਸ ਕਾਲ ਨੂੰ ਵੀ ਨਸ਼ਟ ਕਰ ਦਿੰਦਾ ਹੈ, ਉਸ ਦਾ ਨਾਮ ਹੈ ਅਕਾਲ-ਪੁਰਖ। ਸੋ ਵਾਹਿਗੁਰੂ ਉਹ ਪਦ ਹੈ ਜੋ ਅਸਚਰਜ ਤੇ ਬਿਸਮਾਦ ਰੂਪੀ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਹੈ, ਸੋ ਇਸ ਲਈ ਸਦਾ ਮੁੱਖ ਤੋਂ ਕਹੋ ਵਾਹਿਗੁਰੂ! ॥੪੨॥

ਵਾਹਿਗੁਰੂ ਸਭ ਨੂੰ ਜਾਣਦਾ ਹੈ, ਜਿਸ ਨੂੰ ਕੋਈ ਨਹੀਂ ਜਾਣਦਾ। ਜੋ ਵੇਦ ਤੋਂ ਵੀ ਨਹੀਂ ਜਾਣਿਆ ਜਾ ਸਕਦਾ, ਨਿਰੰਤਰ ਹੈ। ਜੋ ਅੰਤਰ ਤੋਂ ਬਿਨਾਂ ਨਿਰੰਤਰ ਇੱਕ ਰਸ ਅਖੰਡਕਾਰ ਹੈ, ਅੰਤਰ ਤੋਂ ਵੀ ਅੰਤਰ ਹੈ। ਉਹ ਸਭ ਦੇ ਵਿੱਚ ਹੋ ਕੇ ਅਚਰਾਂ-ਜੜ੍ਹਾਂ[11] ਨੂੰ ਚਲਾ ਰਿਹਾ ਹੈ। ਪਰਗਟ ਹੈ, ਫਿਰ ਵੀ ਛੁਪਿਆ ਹੈ। ਚਰ-ਅਚਰ ਸਭ ਦੇ ਅੰਦਰ ਉਹੋ ਹੈ, ਜੋ ਪ੍ਰਤਿਬਿੰਬ ਦੁਆਰਾ ਇੱਕ ਤੋਂ ਅਨੇਕ ਹੋ ਰਿਹਾ ਹੈ। ਪਰ ਆਪ ਬਿੰਬ ਤੋਂ ਬਿਨਾਂ ਹੈ, ਆਸਰੇ ਤੋਂ ਬਿਨਾਂ ਹੈ ਪਰ ਦੂਸਰਿਆਂ ਨੂੰ ਆਸਰਾ ਦੇਣ ਵਾਲਾ ਹੈ। ਗਿਣਤੀ ਵਿੱਚ ਉਹ ਅਣਗਿਣਤ ਹੈ। ਸਭ ਤੋਂ ਅਧਿਕ ਹੈ, ਜੋ ਅਨੰਤ ਹੈ। ਸ਼ੇਸ਼ਨਾਗ ਜਿਸ ਦੀ ਆਗਿਆ[12] ਧਾਰਨ ਕਰਦਾ ਹੈ। ਸੋ ਵਾਹਿਗੁਰੂ ਉਹ ਪਦ ਹੈ ਜੋ ਅਸਚਰਜ ਤੇ ਬਿਸਮਾਦ ਰੂਪ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਹੈ। ਸੋ ਸਦਾ ਮੁੱਖ ਤੋਂ ਕਹੋ ਵਾਹਿਗੁਰੂ ॥੪੩॥

ਏਕਮ ਦੇ ਚੰਦਰਮਾ ਦੀ ਇੱਕ ਕਲਾ ਵਿੱਚ, ਜਿਸ ਤਰਾਂ ਹੋਰ ਪੰਦਰਾਂ ਕਲਾ ਸਮਾਈਆਂ ਹੁੰਦੀਆਂ ਹਨ ਅਤੇ ਫੁੱਲ[13] ਵਿੱਚ ਜਿਵੇਂ ਸੁਗੰਧੀ ਸਮਾਈ ਹੁੰਦੀ। ਆਖਦੇ ਹਨ ਦੁੱਧ[14] ਵਿੱਚ ਥੰਧਿਆਈ[15] ਸਮਾਈ ਹੋਈ ਤੇ ਅੰਬ ਵਿੱਚ ਜਿਵੇਂ ਮਿਠਾਸ ਭਰੀ ਹੁੰਦੀ ਹੈ। ਜ਼ਹਿਰ[16] ਵਿੱਚ ਜਿਸ ਤਰਾਂ ਤੇਜ ਸਮਾਇਆ ਹੁੰਦਾ ਹੈ। ਇਸ ਤਰਾਂ ਸਭ ਦੇ ਵਿੱਚ ਚੇਤਨ ਬਿਰਾਜ ਰਿਹਾ ਹੈ। ਸੋ ਵਾਹਿਗੁਰੂ ਉਹ ਪਦ ਹੈ ਜੋ ਅਸਚਰਜ ਅਤੇ ਬਿਸਮਾਦ ਰੂਪ ਹਸਤੀ ਨੂੰ ਪ੍ਰਕਾਸ਼ ਦੇਣ ਵਾਲਾ ਹੈ, ਇਸ ਵਾਸਤੇ ਸਦਾ ਮੁੱਖ ਤੋਂ ਕਹੋ ਵਾਹਿਗੁਰੂ!॥੪੪॥

.SikhBookClub.Com

ਦੋਹਰਾ

ਸਭ ਸੰਗਤਿ ਕੋ ਸਤਿਗੁਰੂ ਅਰਥ ਦਿਯੋ ਸਮਝਾਇ।
'ਨਿਸਬਾਸੁਰ ਸਿਮਰਹੁ ਇਸੇ ਉੱਤਮ ਪਦ ਲਿਹੁ ਪਾਇ'॥੪੫॥

ਬ੍ਰਯੋ ਅਸ਼ਟਕ[1] ਅਰਥ ਕੌ ਵਾਹਿਗੁਰੂ ਸਤਿਨਾਮ।
ਨਿਤ ਪ੍ਰਤਿ ਪਢਹਿ ਜੁ ਪ੍ਰੇਮ ਕਰ ਠਾਨਹਿ ਗੁਰੂ ਪ੍ਰਣਾਮ॥੪੬॥

ਸੁਤ ਬਿਤ[2] ਅਦਿਕ ਕਾਮਨਾ ਸਤਿਗੁਰ ਤੇ ਸਭ ਪਾਇ।
ਪ੍ਰਤਿ ਦਿਨ ਦੋਨੋ ਲੋਕ ਮੈਂ ਹੋਵੈਂ ਗੁਰੂ ਸਹਾਇ॥੪੭॥

ਚੌਪਈ

ਅਧਿਕ ਪ੍ਰਸੰਨ ਭਈ ਤਬ ਸੰਗਤਿ।ਮੁਖ ਬਿਕਸੇ ਜਨੁ ਪੰਕਜ ਪੰਗਤਿ।
ਤਬ ਹ੍ਵੈ ਖਰੋ ਬ੍ਰਿੱਧ[3] ਤਤਕਾਲਾ।ਸੁਜਸ ਗੁਰੂ ਕੋ ਕਹਤਿ ਰਸਾਲਾ॥੪੮॥

ਭੁਯੰਗ ਪ੍ਰਯਾਤ ਛੰਦ

'ਨਮੋ ਸੱਚਿਦਾਨੰਦ, ਗੋਬਿੰਦ, ਜੋਗੀ।ਤ੍ਰਿਲੋਕੀ ਪਤੀ, ਆਪ ਭੋਗੀ ਅਭੋਗੀ।
ਨਿਰਾਕਾਰ ਕੋ ਰੂਪ ਸਾਕਾਰ ਹੋਯੋ।ਜਪੈ ਸੱਤਿਨਾਮੰ ਸਿਖੀ ਬੀਜ ਬੋਯੋ[4] ॥੪੯॥

ਚਹੂੰ ਚੱਕ ਮੈਂ ਦੇਸ਼ ਦੇਸੰ ਬਿਥਾਰੀ[5]।ਗੁਰੂ ਆਪ ਹ੍ਵੈ ਸਿੱਖ ਕੀਨੰ ਅਪਾਰੀ।
ਦਯੋ ਗਜ਼ਾਨ ਕੌ ਦਾਨ ਦਾਸੰ ਬਿਸਾਲਾ।ਕਲੀ[6] ਮੈਂ ਦੁਖੀ ਦੇਖ ਜੀਵੰ ਕ੍ਰਿਪਾਲਾ!॥੫੦॥

ਮਹਾਂ ਮੰਦ ਕੋ ਬ੍ਰਿੰਦ ਕੀਨੰ ਉਧਾਰੰ।ਸਮਾਨੰ ਨ ਆਨੰ[7],ਮਹਾਨੋਪਕਾਰੰ[8]।
ਅਹੋ ਰੂਪ ਸਾਖੀ ਬਸੋ ਦੇਹਿ ਸਾਰੇ। ਅਕਰਤਾ,ਅਭੁਗਤਾ,ਸੰਯੁਕਤਾ ਬਿਚਾਰੇ॥੫੧॥

ਸਦਾ ਦੀਨਬੰਧੂ ਸ਼ਰੱਨਜੰ[8] ਮਹਾਨੇ! ਜਪੇ ਨਾਮ ਜੋ ਆਪ ਕੋ ਪ੍ਰੇਮ ਠਾਨੇ।
ਤਿਸੇ ਹਾਥ ਦੇ ਅੰਤ ਲੇਵੋ ਬਚਾਈ।ਨਿਜੰ ਦਾਸ ਕੇ ਆਪ ਹੋਵੋ ਸਹਾਈ॥੫੨॥

SikhBookClub.Com

ਦੋਹਰਾ

ਸਾਰੀ ਸੰਗਤ ਨੂੰ ਸਤਿਗੁਰੂ ਜੀ ਨੇ ਵਾਹਿਗੁਰੂ ਸ਼ਬਦ ਦਾ ਅਰਥ ਸਮਝਾ ਦਿੱਤਾ ਤੇ ਦੱਸਿਆ, "ਇਸ ਦਾ ਦਿਨ-ਰਾਤ ਸਿਮਰਨ ਕਰੋ ਤੇ ਉੱਤਮ ਪਦ ਪ੍ਰਾਪਤ ਕਰ ਲਵੋ।" ॥੪੫॥

ਇਸ ਤਰਾਂ 'ਵਹਿਗੁਰੂ-ਸਤਿਨਾਮ' ਦਾ ਅਰਥ ਵਰਣਨ ਅਸ਼ਟਕ ਛੰਦ (ਅੱਠ[1] ਛੰਦਾਂ) ਵਿਚ ਬਣਾਇਆ ਹੈ। ਜੋ ਇਸ ਨੂੰ ਸਦਾ ਪਿਆਰ ਨਾਲ ਪੜ੍ਹਦਾ ਹੈ, ਉਸ ਵਲੋਂ ਸਦਾ ਗੁਰੂ ਲਈ ਪਰਣਾਮ ਦ੍ਰਿੜ੍ਹ ਹੁੰਦਾ ਹੈ ॥੪੬॥

(ਉਹ) ਵਾਹਿਗੁਰੂ ਜੀ ਪਾਸੋਂ ਸਾਰੀਆਂ ਧਨ[2], ਪੁੱਤਰ ਆਦਿ ਜਿਹੀਆਂ ਕਾਮਨਾਵਾਂ (ਇੱਛਾਵਾਂ) ਪ੍ਰਾਪਤ ਕਰ ਲੈਂਦਾ ਹੈ। ਗੁਰੂ ਉਨ੍ਹਾਂ ਲਈ ਹਮੇਸ਼ਾ ਹੀ ਦੋਨਾਂ ਲੋਕਾਂ ਵਿੱਚ ਸਹਾਈ ਹੁੰਦਾ ਹੈ ॥੪੭॥

ਚੌਪਈ

ਸਾਰੀ ਸੰਗਤ (ਗੁਰੂ ਜੀ ਦੇ ਬੋਲ ਸੁਣ ਕੇ) ਬਹੁਤ ਪਰਸੰਨ ਹੋਈ ਤੇ ਉਨ੍ਹਾਂ ਦੇ ਮੁੱਖ ਇਸ ਤਰਾਂ ਖਿੜੇ ਸਨ, ਜਿਵੇਂ ਕਮਲ ਦੀਆਂ ਪੰਕਤੀਆਂ ਖਿੜ ਗਈਆਂ ਹੋਣ ਤੇ ਫਿਰ ਉਸ ਵੇਲੇ ਬਾਬਾ ਬੁੱਢਾ[3] ਜੀ ਇੱਕ ਦਮ ਖੜ੍ਹੇ ਹੋ ਗਏ ਤੇ ਗੁਰੂ ਜੀ ਦੀ ਉਸਤਤੀ ਵਿੱਚ ਮਿੱਠੇ ਬੋਲ ਬੋਲਦੇ ਹੋਏ ਕਿਹਾ। ॥੪੮॥

ਭੁਜੰਗ ਪ੍ਰਯਾਤ ਛੰਦ

"ਆਪ ਜੀ ਨੂੰ ਨਮਸਕਾਰ ਹੈ ਜੋ ਸਤਿ ਚਿੱਤ ਅਨੰਦ ਹੋ, ਗੋਬਿੰਦ ਰੂਪ ਹੋ, ਜੋਗੀ ਹੋ, ਤ੍ਰਿਲੋਕੀ ਦੇ ਮਾਲਕ, ਆਪ ਭੋਗੀ ਹੋ, ਅਭੋਗੀ ਵੀ ਹੋ। ਆਪ ਨਿਰਾਕਾਰ ਰੂਪ ਵਿੱਚ ਸਕਾਰ ਹੋਏ ਹੋ। ਸ੍ਰਿਸ਼ਟੀ ਨੂੰ ਸਤਿਨਾਮ ਦਾ ਨਾਮ ਜਪਾ ਕੇ ਸਿੱਖੀ ਦਾ ਬੀਜ ਬੀਜਿਆ[4] ਹੈ। ॥੪੯॥

ਆਪ ਨੇ ਚਾਰੀਂ ਪਾਸੀਂ ਦੇਸ਼-ਵਿਦੇਸ਼ ਵਿੱਚ ਸਿੱਖੀ ਦਾ ਵਿਸਥਾਰ[5] ਕੀਤਾ। ਆਪ ਨੇ ਗੁਰੂ ਹੋ ਕੇ ਅਪਾਰ ਸਿੱਖ ਬਣਾਏ। ਹੇ ਕਿਰਪਾਲੂ ਗੁਰੂ ਜੀ! ਕਲਜੁਗ[6] ਵਿੱਚ ਜੀਵਾਂ ਨੂੰ ਦੁਖੀ ਦੇਖਦੇ ਹੋਏ ਆਪ ਨੇ ਸਿੱਖ-ਸੇਵਕਾਂ ਨੂੰ ਗਿਆਨ ਦਾ ਦਾਨ ਦਿੱਤਾ। ॥੫੦॥

ਆਪ ਨੇ ਮਹਾਂ-ਮੰਦੀ ਬੁੱਧੀ ਵਾਲੇ ਅਣਗਿਣਤ ਲੋਕਾਂ ਦਾ ਉਧਾਰ ਕੀਤਾ। ਆਪ ਦੇ ਬਰਾਬਰ ਹੋਰ ਕੋਈ ਨਹੀਂ ਆਇਆ[7], ਆਪ ਮਹਾਂਉਪਕਾਰੀ[8] ਹੋ। ਅਸੀਂ ਵਿਚਾਰਿਆ ਹੈ, ਆਪ ਅਕਰਤਾ (ਨਾ ਕਰਨ ਵਾਲੇ), ਅਭੁਗਤਾ (ਨਾ ਭੋਗਣ ਵਾਲੇ) ਅਤੇ ਸੰਯੁਕਤ ਰੂਪ ਵਿੱਚ ਸਾਰਿਆਂ ਸਰੀਰਾਂ ਵਿੱਚ ਵਸਦੇ ਹੋ ॥੫੧॥

ਹੇ ਦੀਨ-ਬੰਧੂ! ਸਾਡੇ ਮਹਾਨ ਗੁਰੂ ਜੀ! ਅਸੀਂ ਆਪ ਦੀ ਸ਼ਰਨ[9] ਵਿੱਚ ਹਾਂ। ਜੋ ਆਪ ਦੁਆਰਾ ਇਸ ਦਿੱਤੇ ਹੋਏ ਨਾਮ ਨੂੰ ਪ੍ਰੇਮ ਸਹਿਤ ਹਿਰਦੇ ਵਿੱਚ ਵਸਾ ਕੇ ਜਪਣ ਕਰੇ, ਉਸ ਨੂੰ ਤੁਸੀਂ ਅੰਤ ਵੇਲੇ ਹੱਥ ਦੇ ਕੇ ਰੱਖ ਲੈਂਦੇ ਹੋ । ਆਪਣੇ ਸੇਵਕਾਂ ਦੇ ਆਪ ਸਹਾਈ ਹੁੰਦੇ ਹੋ ॥੫੨॥

SikhBookClub.Com

ਧਰਜੋ ਬੰਸ ਬੇਦੀਨ[1] ਮੈਂ ਰੂਪ ਜੋਈ।ਭਜੇ, ਧਯਾਨ ਠਾਨੇ ਪਰੇ ਸ਼ਰਨ ਕੋਈ।
ਨਿਸੰਸੇ ਗਤੀਪਰਮ ਪਾਵੈ ਅਨੰਦੰ।ਨਮੋ ਪਾਦਕੰਜੰ ਬਿਲੰਦੇ ਮੁਕੰਦੰ॥ ੫੩॥

ਮਹਾਂ ਮਾਨ ਮੋਹਾਦਿ ਮਾਤੇ[2] ਮਤੰਗੰ[3]।ਰਿਦੇ ਕਾਨਨੰ ਦਾਸ ਕੇ ਸਿੰਘ[4] ਅੰਗੰ।
ਰਹੋ ਸਿੱਖ ਕੇ ਅੰਗ ਸੰਗੰ ਸਦਾਈ।ਨਹੀਂ ਰੋਮ ਬਾਂਕੋ ਕਰੈ ਕੋਇ ਜਾਈ॥ ੫੪॥

ਗਿਨੈ ਕੋ ਗੁਨੰ ਪਾਰ ਪਾਵੈ ਨ ਕੋਈ।ਮਹਾਨੰ ਮਹੀਯਾਨ ਰੂਪੰ ਜਿ ਹੋਈ।
ਨਿਜੰ ਸ਼੍ਰੇਯ[5] ਹੇਤੰ ਭਜੇ ਜੌਨ ਕੌਨੰ।ਦਯਾ ਧਾਰ ਦੇਵੋ ਮਹਾਂ ਮੋਦ[6] ਤੌਨੰ॥ ੫੫॥

ਮਹਾਂ ਦੁੱਖ ਸਿੰਧੰ ਪ੍ਰਭੂ! ਹੋ ਅਗਸਤੰ।ਸਮਸਤੰ ਨਿਵਾਸੋ, ਬਿਲਾਸੋ ਸਮਸਤੰ।
ਦਈ ਮੋਖ ਕੋਟਾਂਨ[7] ਜੇ ਮੋਹ ਗ੍ਰਸਤੰ।ਸਦਾ ਜੈ,ਸਦਾ ਜੈ, ਨਮਸਤੰ ਨਮਸਤੰ॥ ੫੬॥

ਦੋਹਰਾ

ਸ੍ਰੀ ਬੁੱਢੇ ਅਸ਼ਟਕ[8] ਕਰਜੋ ਸੁਨ ਸਤਿਗੁਰ ਸੁਖਦਾਇ।
ਭਾਈ ਪਦ ਬਖਸ਼ਨ ਕਰਜੋ ਸੁਨਤ ਸਿੱਖ ਸਮੁਦਾਇ॥ ੫੭॥

ਚੌਪਈ

ਪਢਹਿਂ ਸੁਨਹਿਂ ਅਸ਼ਟਕ ਮਨ ਲਾਵਹਿਂ।ਸੋ ਜਨ ਸਕਲ ਪਦਾਰਥ ਪਾਵਹਿਂ।
ਤਿਨਕੇ ਨਾਨਾ ਰੋਗ ਨਿਵਾਰੈ।ਮਨ ਤੇ ਕਾਮ ਰੁ ਕ੍ਰੋਧ ਬਿਦਾਰੈ[9] ॥ ੫੮॥

ਸੁਨਕਰ ਸਗਰੀ ਸੰਗਤ ਮੋਦਾ[10] । ਜੈ ਜੈ ਸ਼ਬਦ ਬਦਤਿ ਚਹੁੰਕੋਦਾ।
ਮਹਾਂ ਮਹਾਤਮ ਸਤਿਗੁਰ ਕੇਰਾ।ਦਰਸ਼ਨ ਕੋ ਦਰਸਤ ਚਹੁੰਫੇਰਾ॥ ੫੯॥

ਬਹੁਰੋ ਕਹਜੋ 'ਕਨਾਤ ਤਨੀਜੈ[11]। ਚਹੁੰ ਦਿਸ ਮਹਿਂ ਘੇਰਾ ਕਰ ਲੀਜੈ।
ਸਰਬ ਨਿਕਸ ਕੈ ਬਾਹਰ ਜਾਵਹੁ। ਸੱਤਿਨਾਮ ਸਿਮਰਹੁ ਗੁਨ ਗਾਵਹੁ'॥ ੬੦॥

SikhBookClub.Com

ਜੋ ਆਪ ਜੀ ਨੇ ਬੇਦੀ[1] ਵੰਸ਼ ਵਿੱਚ ਜਨਮ ਲਿਆ ਹੈ ਅਤੇ ਜੋ ਆਪ ਦੀ ਸ਼ਰਨ ਵਿੱਚ ਪੈ ਕੇ ਆਪ ਦਾ ਧਿਆਨ ਧਰੇ, ਨਾਮ ਦਾ ਸਿਮਰਨ ਕਰੇ, ਉਹ ਯਕੀਨਨ ਪਰਮ ਅਨੰਦ ਦੀ ਪੂਰਨ ਮੁਕਤੀ ਪ੍ਰਾਪਤ ਕਰਦਾ ਹੈ। ਹੇ ਉੱਚੇ! ਹੇ ਮੁਕਤੀ ਦੇ ਦਾਤਾ! ਤੇਰੇ ਚਰਨਾਂ ਵਿੱਚ ਆਪ ਨੂੰ ਨਮਸਕਾਰ ਹੋਵੇ! ॥੫੩॥

ਜੇਕਰ (ਇਸ ਜਗਤ ਵਿੱਚ) ਮਹਾਂ ਮੋਹ ਹੰਕਾਰ ਮਸਤ[2] ਹਾਥੀ[3] ਵਾਂਗ ਹਨ ਤਾਂ ਆਪ ਸਿੱਖਾਂ ਦੇ ਹਿਰਦੇ ਰੂਪੀ ਵਣ (ਜੰਗਲ) ਵਿੱਚ ਸ਼ੇਰ[4] ਰੂਪ ਹੋ। ਆਪ ਹਮੇਸ਼ਾ ਹੀ ਸਿੱਖਾਂ ਦੇ ਅੰਗ-ਸੰਗ ਰਹਿੰਦੇ ਹੋ, ਫਿਰ ਕੋਈ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਕਰ ਸਕਦਾ। ॥੫੪॥

ਆਪ ਦੇ ਗੁਣ ਕੌਣ ਗਿਣ ਸਕਦਾ! ਆਪ ਦਾ ਅੰਤ ਨਹੀਂ ਪਾਇਆ ਜਾ ਸਕਦਾ। ਆਪ ਇਸ ਰੂਪ ਵਿੱਚ ਵੱਡਿਆਂ ਤੋਂ ਵੱਡੇ ਹੋ। ਜੋ ਕੋਈ ਵੀ ਆਪਣੀ ਮੁਕਤੀ[5] ਪ੍ਰਾਪਤੀ ਲਈ ਆਪ ਨੂੰ ਸਿਮਰਦਾ ਹੈ, ਆਪ ਕਿਰਪਾ-ਨਿਧਾਨ ਹੋ ਕੇ ਉਸ ਨੂੰ ਮਹਾਂ-ਅਨੰਦ[6] ਪ੍ਰਦਾਨ ਕਰਦੇ ਹੋ। ॥੫੫॥

ਹੇ ਪ੍ਰਭੂ! ਆਪ ਦੁੱਖ ਰੂਪੀ ਸਮੁੰਦਰ ਨੂੰ ਪੀਣ ਵਾਲੇ ਅਗਸਤ ਮੁਨੀ ਹੋ, ਆਪ ਸਭ ਵਿੱਚ ਵਸਦੇ ਹੋ, ਸਭ ਵਿੱਚ ਖੇਲਦੇ ਹੋ, ਆਪ ਨੇ ਸੋਗ ਵਿੱਚ ਗ੍ਰਸੇ ਹੋਇਆਂ ਕਰੋੜਾਂ[7] ਲੋਕਾਂ ਨੂੰ ਮੁਕਤ ਕੀਤਾ ਹੈ, ਆਪ ਦੀ ਸਦਾ ਜੈ ਹੋਵੇ! ਸਦਾ ਜੈ ਹੋਵੇ! ਨਮਸਕਾਰ! ਨਮਸਕਾਰ!" ॥੫੬॥

ਦੋਹਰਾ

ਬੁੱਢਾ ਜੀ ਦੇ (ਵਲੋਂ ਵੀ) ਅਸ਼ਟਕ (ਅੱਠ[8] ਛੰਦਾਂ ਵਿੱਚ ਉਸਤਤੀ ਦੇ ਵਾਕ) ਸੁਣ ਕੇ ਸੁੱਖਾਂ ਦੇ ਦਾਤੇ ਸਤਿਗੁਰੂ ਜੀ ਨੇ ਖੁਸ਼ ਹੋ ਕੇ ਬੁੱਢਾ ਜੀ ਨੂੰ ਭਾਈ ਦੀ ਪਦਵੀ ਬਖਸ਼ਸ਼ ਕੀਤੀ, ਜਿਸ ਨੂੰ ਸਾਰੀ ਸੰਗਤ ਨੇ ਸੁਣਿਆ। ॥੫੭॥

ਚੌਪਈ

ਜਿਹੜੇ ਅਸ਼ਟਕ ਭਾਵ ਅੱਠ ਅੱਖਰਾਂ (ਸਤਿਨਾਮ-ਵਾਹਿਗੁਰੂ) ਨੂੰ ਪੜ੍ਹ-ਸੁਣ ਕੇ ਇਸ ਵਿੱਚ ਮਨ ਲਾਉਣਗੇ, ਉਹ ਮਨੁੱਖ ਸਾਰੇ ਪਦਾਰਥ ਪ੍ਰਾਪਤ ਕਰਨਗੇ। ਉਨ੍ਹਾਂ ਦੇ ਕਈ ਤਰਾਂ ਦੇ ਰੋਗ ਦੂਰ ਹੋਣਗੇ, ਮਨ ਵਿੱਚੋਂ ਕਾਮ ਅਤੇ ਕਰੋਧ ਦੂਰ[9] ਹੋਵੇਗਾ ॥੫੮॥

ਇਹ ਸੁਣ ਕੇ ਸਾਰੀ ਸੰਗਤ ਪਰਸੰਨ[10] ਹੋਈ ਅਤੇ ਚੌਹਾਂ ਕੋਨਿਆਂ ਤੋਂ 'ਜੈ ਹੋਵੇ', 'ਜੈ ਹੋਵੇ' ਦਾ ਸ਼ਬਦ ਗੂੰਜਿਆ। ਸੰਗਤ ਕਹਿਣ ਲੱਗੀ ਕਿ ਗੁਰੂ ਜੀ ਨੇ ਬਹੁਤ ਵੱਡਾ ਮਹਾਨ ਕਾਰਜ (ਅਰਥ ਦੱਸ ਕੇ) ਕੀਤਾ ਹੈ। ਚੌਹਾਂ ਪਾਸਿਆਂ ਤੋਂ ਸਾਰੇ ਹੀ ਗੁਰੂ ਜੀ ਦੇ ਦਰਸ਼ਨ-ਦੀਦਾਰ ਕਰ ਰਹੇ ਸਨ ॥੫੯॥

ਫਿਰ ਗੁਰੂ ਜੀ ਨੇ ਆਖਿਆ, "ਮੇਰੇ ਉਪਰ ਕਨਾਤ ਤਾਣ[11] ਕੇ ਚੌਹਾਂ ਪਾਸਿਆਂ ਤੋਂ ਘੇਰਾ ਕਰ ਲਵੋ। ਸਾਰੀ (ਸੰਗਤ) ਇੱਥੋਂ ਨਿਕਲ ਕੇ ਬਾਹਰ ਹੋ ਜਾਵੇ ਤੇ ਸਤਿਨਾਮ ਦਾ ਸਿਮਰਨ ਕਰਦੇ ਹੋਏ ਪ੍ਰਭੂ ਦਾ ਗੁਣ ਗਾਇਣ ਕਰੋ। ॥੬੦॥

SikhBookClub.Com

ਸੁਨ ਤਿਹ ਛਿਨ ਦਾਸਨਿ ਤਤਕਾਲਾ। ਘੇਰੀ ਤਹਾਂ ਕਨਾਤ ਬਿਸਾਲਾ।
ਅੰਬਰ[1] ਪਾਇ ਬਦਨ ਪਰ ਸ੍ਵੇਤਾ। ਪੌਢੇ ਪੁਨ ਬੇਦੀ ਕੁਲਕੇਤਾ॥੬੧॥

ਰੌਰ[2] ਪਰਾ ਸਗਰੇ ਨਰ ਮਾਂਹੀ। ਲੋਚਨ ਤੇ ਜਲ ਧਾਰ ਚੁਆਂਹੀ।
ਹੋਨ ਲਗੀ ਸਭ ਸੋਜ ਤਯਾਰੇ। ਸੰਦਲ ਧਰਜੋ ਆਨ ਬਹੁ ਭਾਰੇ॥੬੨॥

ਪੁਸ਼ਪ ਸੁਗੰਧ ਘ੍ਰਿੱਤ ਬਹੁ ਆਨਾ। ਤਿਲ ਆਦਿਕ ਸਬ ਕੀਨ ਮਹਾਂਨਾ।
ਰੁਦਨ[3] ਕਰਹਿਂ ਸਬਹੀ ਨਰ ਨਾਰੀ। ਸ੍ਰੀ ਨਾਨਕ ਗੁਨ ਨਾਮ ਉਚਾਰੀ॥੬੩॥

ਇਤਨੇ ਮਹਿਂ ਪਠਾਨ ਤਹਿਂ ਆਏ। ਦਰਸ ਕਰਨ ਹਿਰਦੇ ਲਲਚਾਏ।
ਸ਼ਸਤ੍ਰਨ ਯੁਕਤ ਸੁ ਮਨੁਜ ਘਨੇਰੇ। ਹੁਤੇ ਮੁਰੀਦ ਗੁਰੂ ਪਗ ਕੇਰੇ॥੬੪॥

ਚਹੁਦਿਸ ਤਨੀ ਕਨਾਤ ਬਿਸਾਲਾ। ਕਿਸਹੁਂ ਨ ਦਰਸ ਹੋਤ ਤਿਹ ਕਾਲਾ।
ਦੇਖ ਪਠਾਨ ਰਿਦੈ ਬਿਸਮਾਏ। ਦਰਸ ਨਿਰਾਸ ਰਿਦੇ ਅਕੁਲਾਏ[4] ॥੬੫॥

ਖਰੇ ਲੋਕ ਚਹੁੰਦਿਸ ਰਖਵਾਰੀ। ਤਿਨ ਸੋਂ ਖ਼ਾਨਨ[5] ਗਿਰਾ ਉਚਾਰੀ।
'ਤੁਮ ਹੋ ਸਿੱਖ ਗੁਰੂ ਗੁਨ ਖਾਂਨੀ। ਹਮ ਮੁਰੀਦ ਹੈਂ ਸਬ ਜਗ ਜਾਨੀ॥੬੬॥

ਆਖ਼ਰ ਕੌ ਦਰਸ਼ਨ ਇਹ ਕਾਲਾ। ਹਮ ਕੋ ਕਰਨੇ ਦੇਹੁ ਕ੍ਰਿਪਾਲਾ।
ਹੁਤੋ ਦੂਰ ਸੁਧ ਸੁਨ ਕਰ ਆਏ। ਅਬ ਨਿਰਾਸ ਹਮ ਕਿਉਂ ਕਰਿ ਜਾਏਂ'॥੬੭॥

ਭਨਜੋ ਸਿੱਖ 'ਅਸ ਹਠ[6] ਨਹਿਂ ਕਰੀਏ। ਦਰਸ਼ਨ ਕਰਨ ਸਮਾਂ ਨ ਬਿਚਰੀਏ।
ਤੁਮ ਜਿ ਅਗੇਰੇ ਆਵਤ ਤੂਰਨ[7] । ਕਰ ਲੇਤੇ ਦਰਸ਼ਨ ਗੁਰ ਪੂਰਨ॥੬੮॥

ਅਬ ਬੰਦਨ ਕਰ ਲਿਹੁ ਇਸ ਥਾਂਈਂ। ਦੋਖ ਨਿਕੰਦਨ[8] ਹੈਂ ਸਬ ਜਾਈਂ।
ਹਮਰੋ ਬਚਨ ਮਾਨ ਤੁਮ ਲੀਜੈ। ਨੀਕੇ ਰਿਦੇ ਬਿਚਾਰ ਕਰੀਜੈ'॥੬੯॥

ਖਾਂਨ ਕਹੈਂ 'ਹਮ ਮਾਨਹਿਂ ਨਾਂਹੀ। ਏਤੀ ਬਾਤ ਬਨਾਵਹੁ ਕਾਂਹੀ।
ਹੋ ਢਿਗ ਦਰਸਹੁ ਜਿਉਂ ਤੁਮ ਨੀਕੇ। ਤਿਉਂ ਹਮ ਜਾਵਹਿਂ ਪੀਰ ਨਜੀਕੇ[9] ॥੭੦॥

SikhBookClub.Com

ਸੇਵਕਾਂ ਨੇ (ਗੁਰੂ ਜੀ ਦੀ ਆਗਿਆ) ਸੁਣ ਕੇ, ਤੁਰੰਤ ਹੀ ਉਨ੍ਹਾਂ ਦੁਆਲੇ ਕਨਾਤ ਤਾਣ ਦਿੱਤੀ। ਫੇਰ ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਆਪਣੇ 'ਤੇ ਚਿੱਟੀ ਚਾਦਰ[1] ਤਾਣ ਕੇ ਲੇਟ ਗਏ। ॥੬੧॥

ਲੋਕਾਂ ਵਿੱਚ ਰੌਲਾ[2] ਪੈ ਗਿਆ ਤੇ ਉਨ੍ਹਾਂ ਦੀਆਂ ਅੱਖੀਆਂ ਵਿੱਚੋਂ ਨੀਰ ਦੀਆਂ ਧਾਰਾਂ ਵਹਿਣ ਲੱਗ ਪਈਆਂ। ਸਾਰੀ ਸਮੱਗਰੀ ਵਗੈਰਾ ਤਿਆਰ ਹੋਣ ਲੱਗ ਪਈ ਸੀ। ਬਹੁਤ ਸਾਰੀ ਸੰਦਲ (ਦੀ ਲੱਕੜੀ) ਲਿਆ ਕੇ ਰੱਖੀ ਗਈ। ॥੬੨॥

ਖੁਸ਼ਬੂਦਾਰ ਫੁੱਲ ਅਤੇ ਬਹੁਤ ਸਾਰਾ ਘਿਉ ਲਿਆਂਦਾ ਗਿਆ। ਤਿਲਾਂ ਆਦਿ ਦਾ ਵੀ ਬਹੁਤ ਸਾਰਾ ਪ੍ਰਬੰਧ ਕੀਤਾ ਗਿਆ। ਗੁਰੂ ਨਾਨਕ ਜੀ ਦੇ ਗੁਣਾਂ ਦਾ ਉਚਾਰਨ ਕਰਦੇ ਹੋਏ ਸਭ ਨਰ-ਨਾਰੀ ਰੋ[3] ਰਹੇ ਸਨ। ॥੬੩॥

ਇਤਨੇ ਨੂੰ ਉਥੇ ਮੁਸਲਮਾਨ ਵੀ ਆ ਗਏ, ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਹਿਰਦੇ ਲਲਚਾਏ ਹੋਏ ਸਨ। ਇਹ ਹਥਿਆਰਬੰਦ ਮਨੁੱਖ ਵੀ ਗੁਰੂ-ਚਰਨਾਂ ਦੇ ਮੁਰੀਦ ਸਨ। ॥੬੪॥

ਚੌਹੀਂ ਪਾਸੀਂ ਕਨਾਤ ਤਾਣੀ ਹੋਈ ਸੀ। ਕਿਸੇ ਨੂੰ ਉਸ ਸਮੇਂ (ਗੁਰੂ ਜੀ ਦੇ) ਦਰਸ਼ਨ ਨਹੀਂ ਸਨ ਹੋ ਰਹੇ। ਇਹ ਦੇਖ ਕੇ ਸਾਰੇ ਮੁਸਲਮਾਨ ਲੋਕ ਬਹੁਤ ਹੀ ਹੈਰਾਨ ਹੋਏ ਅਤੇ ਉਹ ਗੁਰੂ ਜੀ ਦੇ ਦਰਸ਼ਨਾਂ ਬਗੈਰ ਨਿਰਾਸ ਹੋ ਕੇ ਵਿਆਕੁਲ[4] ਹੋ ਗਏ ਸਨ ॥੬੫॥

ਚੌਹੀਂ ਪਾਸੀਂ, ਜੋ ਰਾਖੀ ਲਈ ਲੋਕ ਖੜ੍ਹੇ ਸਨ, ਉਨ੍ਹਾਂ ਨੂੰ ਪਠਾਣਾਂ[5] ਨੇ ਕਿਹਾ, "ਤੁਸੀਂ ਗੁਣਾਂ ਦੀ ਖਾਣ ਗੁਰੂ ਜੀ ਦੇ ਸਿੱਖ ਹੋ ਤਾਂ ਅਸੀਂ ਵੀ ਉਸ ਜਗਤ ਨੂੰ ਜਾਣਨਹਾਰੇ ਦੇ ਮੁਰੀਦ ਹਾਂ। ॥੬੬॥

ਇਸ ਵੇਲੇ ਗੁਰੂ ਜੀ ਦੇ ਆਖਰੀ ਦਰਸ਼ਨ ਹਨ, ਸੋ ਕਿਰਪਾਲੂ (ਗੁਰੂ ਜੀ) ਦੇ ਸਾਨੂੰ ਦਰਸ਼ਨ ਕਰਨ ਦੇਵੋ। ਅਸੀਂ ਬਹੁਤ ਦੂਰੋਂ ਇਹ ਖ਼ਬਰ ਸੁਣ ਕੇ ਪਹੁੰਚੇ ਹਾਂ। ਹੁਣ ਅਸੀਂ ਨਿਰਾਸ਼ ਹੋ ਕੇ ਕਿਉਂ ਜਾਈਏ?" ॥੬੭॥

ਸਿੱਖਾਂ ਆਖਿਆ, "ਤੁਸੀਂ ਹੁਣ ਇਸ ਤਰਾਂ ਜ਼ਿੱਦ[6] ਨਾ ਕਰੋ। ਇਹ ਦਰਸ਼ਨ ਕਰਨ ਦਾ ਸਮਾਂ ਨਾ ਵਿਚਾਰੋ। ਜੇ ਤੁਸੀਂ ਪਹਿਲਾਂ ਜਲਦੀ[7] ਆ ਜਾਂਦੇ ਤਾਂ ਪੂਰਨ ਗੁਰੂ ਜੀ ਦੇ ਦਰਸ਼ਨ ਕਰ ਲੈਂਦੇ। ॥੬੮॥

ਹੁਣ ਇਥੇ (ਖੜ੍ਹੇ ਹੋ ਕੇ) ਹੀ ਨਮਸਕਾਰ ਕਰ ਲਵੋ। ਸਾਰੇ ਦੁੱਖ ਕੱਟੇ[8] ਜਾਣਗੇ। ਸਾਡੀ ਗੱਲ ਮੰਨ ਲਵੋ, ਮਨ ਵਿੱਚ ਚੰਗੀ ਤਰਾਂ ਵਿਚਾਰ ਕਰ ਲਵੋ।" ॥੬੯॥

ਮੁਸਲਮਾਨਾਂ ਆਖਿਆ "ਅਸੀਂ ਨਹੀਂ ਮੰਨਦੇ, ਗੱਲ ਨੂੰ ਇੰਨਾ ਕਿਉਂ ਵਧਾਉਂਦੇ ਹੋ? ਜਿਵੇਂ ਤੁਸੀਂ ਉਨ੍ਹਾਂ ਦੇ ਦਰਸ਼ਨ ਚੰਗੀ ਤਰਾਂ ਕੀਤੇ ਸਨ, ਉਵੇਂ ਹੀ ਅਸੀਂ ਪੀਰ (ਗੁਰੂ ਜੀ) ਦੇ ਕੋਲ[9] (ਦਰਸ਼ਨ ਕਰਨ) ਜਾਣਾ ਹੈ। ॥੭੦॥

SikhBookClub.Com

ਸਾਂਝੇ ਹਿੰਦੂ ਤੁਰਕਨ ਕੇਰੇ। ਸਿੱਖ ਸਮਾਨ ਮੁਰੀਦ ਘਨੇਰੇ।
ਅਹੈਂ ਪੱਖਜ ਜੇ ਹਿੰਦੁਨ ਤੁਰਕਾ। -ਦੋਨੋਂ ਕੋ ਖੋਵਨ- ਮਤ ਗੁਰਕਾ[1]'॥ ੭੧॥

ਇਕ ਤੋ ਖਾਂਨਨ ਕੋ ਬਲ ਭਾਰੀ। ਦੂਜੇ ਸਾਚੀ ਗਿਰਾ ਉਚਾਰੀ।
ਹਟਤ ਨਹੀਂ ਬਹੁ ਰਹੇ ਹਟਾਈ। ਸ਼ਸਤ੍ਰ ਗਹੇ[2] ਤਬ ਹਿੰਦੁਨ ਜਾਈ॥ ੭੨॥ (*3)

ਪਰਜੋ ਸਬਨ ਮਹਿਂ ਰੌਰਾ ਭਾਰੀ। ਕੋਇ ਨ ਕਿਸਕੀ ਸੁਨੈ ਪੁਕਾਰੀ।
ਸ੍ਰੀ ਗੁਰ ਤਨ ਕੇ ਪਾਸ ਜ਼ਿ ਦਾਸਾ। ਸ਼੍ਰੌਨ ਕੁਲਾਹਲ ਸੁਨ ਚਹੁਆਸਾ॥ ੭੩॥

ਨਿਕਸੇ ਤੁਰਤ ਬਿਲੋਕਨ ਤਾਈਂ। ਰਹੀ ਇਕਾਂਕੀ[3] ਦੇਹ ਗੁਸਾਈਂ।
ਅੰਤਰਧਜਾਨ[4] ਭਈ ਤਿਹ ਕਾਲਾ। ਸਰਬ ਚੁਕਾਵਨ ਝਗਰ ਬਿਸਾਲਾ॥ ੭੪॥

ਵਹਿਰ ਦੁਹੂੰ ਮਹਿਂ ਬਾਦ[5] ਮਹਾਨਾ। ਚਢ ਬਿਵਾਨ ਪਰ ਕ੍ਰਿਪਾਨਿਧਾਨਾ।
ਗਮਨ ਕੀਨ ਊਰਧ ਕੀ ਓਰਾ। ਜੈ ਜੈ ਸਬਦ ਸੁਰਨ[6] ਮਹਿਂ ਸੋਰਾ॥ ੭੫॥

ਸੁਰਤਰੁ ਪੁਸ਼ਪਾਂਜੁਲ ਬਰਖਾਵਹਿਂ। ਚਾਰੁ ਚਮਰੁ[7] ਚਹੁਦਿਸਨ ਢੁਰਾਵਹਿਂ।
ਬ੍ਰਹਮਾਦਿਕ ਚੰਦਨ ਚਰਚਾਹੀਂ[8]। ਕਰਹਿਂ ਆਰਤੀ, ਸੰਖ ਬਜਾਹੀਂ॥ ੭੬॥

ਅਪਸਰ[9] ਕਰਹੀਂ ਨਿਰਤ ਅਗਾਰੀ। ਗੰਧ੍ਰਬ ਗਾਵਹਿਂ ਧੁਨਿ ਸੁਖਕਾਰੀ।
ਚਲੇ ਅਕਾਸ਼ ਪੰਥ ਅਸ ਜਾਵਹਿਂ। ਅਤਿ ਉਤਸ਼ਵ ਕਰ ਅਨੰਦ ਬਢਾਵਹਿਂ॥ ੭੭॥

ਦੋਹਰਾ

ਹੁਤੀ ਸ਼ਕਤਿ ਜਿਹ ਲਗ ਜਿਸਹਿ ਸ੍ਰੀ ਨਾਨਕ ਪਹੁੰਚਾਇ।
ਹਟੇ ਸੰਗ ਤੇ ਦੇਵ ਸਬ ਚਰਨਨ ਸੀਸ ਨਿਵਾਇ॥ ੭੮॥

ਸੱਚ ਖੰਡ ਸ੍ਰੀ ਗੁਰ ਗਏ ਕੀਨ ਤਹਾਂ ਬਿਸਰਾਮ।
ਭੂਤਲ[10] ਮਹਿਂ ਜੈਸੇ ਭਈ ਸੁਨਹੁ ਕਥਾ ਸੁਖ ਧਾਮ॥ ੭੯॥

SikhBookClub.Com

ਗੁਰੂ ਜੀ ਹਿੰਦੂਆਂ ਤੇ ਤੁਰਕਾਂ ਦੇ ਸਾਂਝੇ ਗੁਰੂ ਹਨ, ਸਿੱਖਾਂ ਵਾਂਗ ਤੁਰਕ ਵੀ ਉਨ੍ਹਾਂ ਦੇ ਮੁਰੀਦ ਹਨ। ਜੇਕਰ ਹਿੰਦੂਆਂ ਅਤੇ ਤੁਰਕਾਂ ਦਾ ਇਹੋ ਪੱਖ ਰਿਹਾ ਤਾਂ ਉਹ ਦੋਨੋਂ ਹੀ ਗੁਰੂ [1] ਜੀ ਦੇ ਉਪਦੇਸ਼ ਨੂੰ ਗੁਆ ਰਹੇ ਹਨ ਭਾਵ ਬੇਕਦਰੀ ਕਰ ਰਹੇ ਹਨ। ॥੭੧॥

ਇੱਕ ਤਾਂ ਤੁਰਕ ਤਾਕਤ ਵਿੱਚ ਬੜੇ ਤਕੜੇ, ਦੂਸਰੇ, ਉਨ੍ਹਾਂ ਗੱਲ ਵੀ ਸੱਚ ਕਹੀ ਸੀ। ਜਦੋਂ ਬਹੁਤ ਹਟਾਇਆਂ ਉਹ ਨਾ ਹਟੇ ਤਾਂ ਹਿੰਦੂਆਂ ਨੇ ਵੀ ਜਾ ਕੇ ਹਥਿਆਰ ਪਕੜ[2] ਲਏ ॥੭੨॥

ਸਾਰਿਆਂ ਵਿੱਚ ਭਾਰੀ ਰੌਲਾ ਪੈ ਗਿਆ। ਕੋਈ ਵੀ ਕਿਸੇ ਦੀ ਪੁਕਾਰ (ਫਰਿਆਦ) ਨਾ ਸੁਣੇ ਤਾਂ ਸ੍ਰੀ ਗੁਰੂ ਜੀ ਦੀ ਦੇਹੀ ਕੋਲ ਜੋ ਸੇਵਕ ਬੈਠੇ ਸਨ, ਉਨ੍ਹਾਂ ਨੇ ਚੌਹਾਂ ਪਾਸਿਆਂ ਤੋਂ ਰੌਲਾ ਸੁਣਿਆ। ॥੭੩॥

ਉਹ ਵੀ ਤੁਰੰਤ ਉਨ੍ਹਾਂ ਨੂੰ ਵੇਖਣ ਲਈ ਨਿਕਲ ਕੇ ਆ ਗਏ ਤੇ ਪਿੱਛੇ ਗੁਰੂ ਜੀ ਦੀ ਦੇਹੀ ਇਕੱਲੀ[3] ਹੀ ਰਹਿ ਗਈ। ਸਭ ਦਾ (ਦੋਹਾਂ ਧਿਰਾਂ ਦਾ) ਝਗੜਾ ਮੁਕਾਉਣ ਲਈ ਉਸੇ ਵਕਤ ਗੁਰੂ ਜੀ ਦੀ ਦੇਹ ਵਿਲੀਨ[4] (ਅਲੋਪ) ਹੋ ਗਈ। ॥੭੪॥

ਬਾਹਰ ਦੋਹਾਂ ਹਿੰਦੂਆਂ ਤੇ ਤੁਰਕਾਂ ਵਿੱਚ ਜਦ ਬਹੁਤ ਝਗੜਾ[5] ਹੋ ਰਿਹਾ ਸੀ ਤਾਂ ਕਿਰਪਾ-ਨਿਧਾਨ (ਗੁਰੂ ਜੀ) ਬਿਬਾਨ ਉੱਪਰ ਸਵਾਰ ਹੋ ਕੇ ਉੱਪਰ ਵੱਲ ਚਲੇ ਗਏ ਸਨ। ਉਪਰੋਂ ਦੇਵਤੇ ਜੈ ਹੋ, ਜੈ ਹੋ ਦੀਆਂ ਉੱਤਮ ਸੁਰਾਂ[6] ਵਿੱਚ ਸ਼ਬਦ ਦਾ ਉਚਾਰਨ ਕਰਨ ਲੱਗੇ ਸਨ। ॥੭੫॥

(ਦੇਵਤੇ) ਕਲਪ ਬਿਰਛ ਦੇ ਫੁੱਲਾਂ ਦੇ ਬੁੱਕਾਂ ਦੇ ਬੁੱਕ ਵਰਸਾ ਰਹੇ ਸਨ। ਚੌਹਾਂ ਦਿਸ਼ਾਵਾਂ ਤੋਂ ਸੁੰਦਰ ਚੌਰ[7] ਝੁਲਾਉਂਦੇ ਸਨ। ਬ੍ਰਹਮਾ ਆਦਿ ਹੋਰ ਦੇਵਤੇ ਚੰਦਨ ਛਿੜਕ[8] ਰਹੇ ਸਨ ਤੇ ਆਰਤੀ ਕਰਦੇ ਹੋਏ ਸੰਖ ਵਜਾ ਰਹੇ ਸਨ। ॥੭੬॥

ਜੋ ਅਪੱਸਰਾ[9] ਸਨ, ਉਹ ਅੱਗੇ-ਅੱਗੇ ਨਾਚ ਕਰਦੀਆਂ ਸਨ। ਗੰਧਰਬ ਵਰਗੇ ਦੇਵਤੇ ਸੁੱਖ ਦੇਣ ਵਾਲੀ ਧੁਨ ਵਿੱਚ ਗਾਇਨ ਕਰ ਰਹੇ ਸਨ। ਅਸਮਾਨ (ਦੇ ਰਸਤੇ) ਉਹ ਇਸ ਤਰਾਂ ਗੁਰੂ ਜੀ ਨੂੰ ਲਿਜਾ ਰਹੇ ਸਨ, ਜਾਣੋ ਬਹੁਤ ਹੀ ਸੋਹਣਾ ਉਤਸਵ ਕਰਦੇ ਹੋਏ ਅਨੰਦ ਵਧਾ ਰਹੇ ਸਨ ॥੭੭॥

ਦੋਹਰਾ

ਜਿੱਥੋਂ ਤਕ ਕਿਸੇ ਦੇਵਤੇ ਦੀ, ਗੁਰੂ ਜੀ ਨੂੰ ਅੱਗੇ ਤਕ ਪਹੁੰਚਾਉਣ ਦੀ ਸ਼ਕਤੀ ਸੀ, ਉਹ ਗੁਰੂ ਜੀ ਦੇ ਨਾਲ ਨਾਲ ਗਏ। ਫਿਰ ਸਾਰੇ ਦੇਵਤੇ ਗੁਰੂ ਜੀ ਦੇ ਚਰਨਾਂ ਵਿੱਚ ਸੀਸ ਨਿਵਾ ਕੇ ਵਾਪਸ ਆ ਗਏ ॥੭੮॥

ਗੁਰੂ ਨਾਨਕ ਜੀ ਨੇ ਸੱਚਖੰਡ ਪਹੁੰਚ ਕੇ ਬਿਸਰਾਮ ਕੀਤਾ। ਗੁਰੂ ਜੀ ਦੇ ਜਾਣ ਪਿੱਛੋਂ, ਬਾਅਦ ਵਿਚ ਧਰਤੀ ਦੇ ਤਲ[10] ਉੱਤੇ ਜੋ ਵਾਪਰਿਆ, ਉਸ ਬਾਰੇ, ਸੁੱਖਾਂ ਦੇ ਘਰ ਦੀ ਕਥਾ ਸੁਣੋ। ॥੭੯॥

SikhBookClub.Com

ਚੌਪਈ

ਕਰੇ ਜੋਰ ਅਸ ਖਾਨ ਅਲਾਵੈਂ। 'ਹੈਂ ਹਮ ਪੀਰ ਸੁ ਮਜਲ ਪੁਚਾਵੈਂ।
ਦੇਤ ਮੁਰਾਦ ਮੁਰੀਦਨ ਕੇਰੀ। ਬਰਜੇ ਰਹੈਂ ਨ, ਜਾਵਹਿਂ ਨੇਰੀ[1]'॥੮੦॥

ਇਮ ਹਠ ਕਰਕੈ ਭੇ ਤਿਹ ਠਾਂਢੇ। ਡਰੇ ਨ ਰਾਰ ਕਰਨ ਤੇ ਗਾਢੇ।
ਸਨਧਬੱਧ[2] ਹਿੰਦੂ ਹੁਇ ਆਏ। ਬਲ ਕਰ ਤਿਨਕੋ ਚਹਤਿ ਹਟਾਏ॥੮੧॥

ਸਜਾਨੇ[3] ਸਿੱਖ ਹੁਤੇ ਤਹਿਂ ਜੇਈ। ਕ਼ਰਜੋ ਬਿਚਾਰ ਮਿਲਤ ਭੇ ਤੇਈ।
—ਤੁਰਕਨ ਕੋ ਅਬ ਹੈ ਬਲ ਭਾਰੇ—। ਬਹੁਰ ਰੀਤਿ ਸੋਂ ਬਚਨ ਉਚਾਰੇ॥੮੨॥

'ਤਾਂਤੇ ਔਰ ਨ ਕਰੀਏ ਕਾਜਾ। ਸ੍ਰੀ ਸਤਿਗੁਰ ਕੋ ਲੇਹੁ ਅਵਾਜਾ।
ਤਿਨ ਮ਼ਰਜੀ ਕੇ ਹ੍ਵੈ ਅਨੁਸਾਰੀ। ਕਰਿਯੈ ਕ੍ਰਿੱਤ ਮਿਟਾਵਹੁ ਰਾਰੀ[4]'॥੮੩॥

ਖ਼ਾਨਨ ਸੰਗ ਭਨੀ ਅਸ ਬਾਨੀ। ਭਲੀ ਭਾਂਤਿ ਨੀਕੇ ਤਿਨ ਮਾਨੀ।
ਦ੍ਵੈ ਸਿਖ ਹੁਤੇ ਸਮੀਪੀ ਜੇਈ। ਅੰਤਰ[5] ਗੇ ਕਨਾਤ ਕੇ ਤੇਈ॥੮੪॥

ਬਸਤ੍ਰ ਸੰਯੁਕਤ ਸੇਜ ਤਿਹ ਦੇਖੀ। ਦੇਹ ਨ, ਭਏ ਅਚਰਜ ਬਿਸੇਖੀ।
ਅੰਬਰ ਕੋ ਉਘਾਰ[6] ਭਲ ਜੋਵਾ। ਨਿਕਸੇ ਕਹਤਿ 'ਅਚੰਭਾ ਹੋਵਾ॥੮੫॥

ਕਿਉਂ ਤੁਮ ਕੀਨੋ ਇਤਨਾ ਝਗਰਾ। ਸਤਿਗੁਰ ਆਪ ਨਿਬੇਰਜੋ ਸਗਰਾ।
ਅੰਤ੍ਰਧਜਾਨ ਭੀ, ਰਹੀ ਨ ਦੇਹੀ। ਕੁਸ਼ਾ ਸੇਜ ਪਰ ਬਸਤ੍ਰ ਪਰੇਹੀ[7]॥੮੬॥

ਦੋਹਰਾ

ਰਾਰ ਨ ਕਰਿਯੇ ਪਰਸਪਰ ਦਿਹੁ ਕਨਾਤ ਖੁਲਵਾਇ।
ਦੇਖਹਿਂ ਨਰ ਨਾਰੀ ਸਰਬ ਕੌਤੁਕ ਮਤਿ ਬਿਸਮਾਇ'॥੮੭॥

ਸ੍ਰੈਯਾ

ਲੀਨ ਉਤਾਰ ਕਨਾਤ ਸ਼ਿਤਾਬ[8] ਗਏ ਢਿਗ ਹ੍ਵੈ ਦਰਸੈਂ ਨਰ ਨਾਰੀ।
ਹੈ ਸਿਹਜਾ[9] ਪਰ ਚੀਰ[10] ਪਰਜੋ ਪਿਖ 'ਜੈ ਗੁਰ, ਜੈ ਗੁਰ' ਉਚ ਉਚਾਰੀ।
'ਸ੍ਰੀ ਸੁਖ ਕੰਦ,ਗੁਬਿੰਦ,ਮੁਕੰਦ', ਸੁ ਨਾਮ ਕੋ ਲੇ ਕਰ ਬੰਦਨ ਕਾਰੀ।
ਹੋਇ ਅਚੰਭ ਰਹੇ ਹਿਰਦੇ ਤਿਹ ਠਾਂ ਨਰ ਜੇ ਸਭ ਕੀ ਮਤਿ ਹਾਰੀ॥੮੮॥

SikhBookClub.Com

ਚੌਪਈ

ਤੁਰਕ, ਜ਼ੋਰ ਨਾਲ (ਹੱਕ ਜਮਾਉਂਦੇ ਹੋਏ) ਕਹਿ ਰਹੇ ਸਨ, "ਗੁਰੂ ਜੀ ਸਾਡੇ ਪੀਰ ਸਨ, ਜੋ ਸਾਨੂੰ ਮੰਜ਼ਲ ਤੱਕ ਪਹੁੰਚਾਣ ਵਾਲੇ ਸਨ, ਉਨ੍ਹਾਂ ਆਪਣੇ ਮੁਰੀਦਾਂ ਨੂੰ ਮੁਰਾਦਾਂ ਬਖਸ਼ੀਆਂ, ਅਸੀਂ ਰੋਕਿਆਂ ਨਹੀਂ ਰੁਕਣਾ, ਗੁਰੂ ਜੀ ਦੀ ਦੇਹੀ ਦੇ ਕੋਲ[1] ਜਾਵਾਂਗੇ।" ॥੮੦॥

ਇਵੇਂ ਜਿੱਦ ਨਾਲ ਉਹ ਖੜ੍ਹ ਗਏ ਤੇ ਬਿਨਾਂ ਡਰੋਂ ਲੜਨ ਲਈ ਤਿਆਰ ਹੋ ਗਏ। ਉਧਰ ਹਿੰਦੂ ਵੀ ਹਥਿਆਰਬੰਦ[2] ਹੋ ਕੇ ਆ ਗਏ। ਉਨ੍ਹਾਂ ਨੇ ਜ਼ੋਰ ਨਾਲ ਤੁਰਕਾਂ ਨੂੰ ਹਟਾਉਣਾ ਚਾਹਿਆ ॥੮੧॥

ਜੋ ਉਸ ਵੇਲੇ ਉਥੇ ਸਿਆਣੇ ਸਮਝਦਾਰ[3] ਸਿੱਖ ਸਨ, ਉਨ੍ਹਾਂ ਨੇ ਮਿਲ ਕੇ ਵਿਚਾਰ ਕੀਤਾ -ਤੁਰਕ ਜ਼ੋਰ ਵਿੱਚ ਬਹੁਤ ਤਕੜੇ ਹਨ-। ਉਨ੍ਹਾਂ ਨੇ ਉਤਮ ਰੀਤੀ ਧਾਰਨ ਕਰਦੇ ਹੋਏ ਬਚਨ ਕੀਤਾ ॥੮੨॥

"ਆਪਾ ਹੁਣ ਕੋਈ ਵੀ ਗਲਤ ਕੰਮ ਨਾ ਕਰੀਏ, ਗੁਰੂ ਜੀ ਦੀ ਆਪਣੀ ਆਵਾਜ਼ (ਆਗਿਆ) ਸੁਣ ਲੈਂਦੇ ਹਾਂ ਪਹਿਲਾਂ ਉਨ੍ਹਾਂ ਤੋਂ ਪੁੱਛਣਾ ਬਣਦਾ ਹੈ, ਫੇਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਆਪਣਾ ਝਗੜਾ[4] ਮੁਕਾਈਏ।" ॥੮੩॥

ਤੁਰਕਾਂ ਨਾਲ ਇਵੇਂ ਗੱਲਬਾਤ ਕੀਤੀ ਕਿ ਉਹ ਬਹੁਤ ਸੋਹਣੇ ਢੰਗ ਨਾਲ ਮੰਨ ਗਏ (ਤੇ ਫਿਰ) ਦੋ ਸਿੱਖ ਜੋ (ਗੁਰੂ ਜੀ ਦੇ) ਬਹੁਤ ਨੇੜੇ ਸਨ, ਉਹ ਕਨਾਤ ਦੇ ਅੰਦਰ[5] ਚਲੇ ਗਏ। ॥੮੪॥

ਅੰਦਰ ਬਸਤਰਾਂ ਸਣੇ ਸੇਜ ਦੇਖੀ ਤਾਂ ਉਥੇ ਦੇਹ ਨਾ ਵੇਖ ਕੇ ਉਨ੍ਹਾਂ ਨੂੰ ਬਹੁਤ ਹੀ ਹੈਰਾਨੀ ਹੋਈ। ਉਨ੍ਹਾਂ ਚਾਦਰ ਨੂੰ ਚੰਗੀ ਤਰਾਂ ਉੱਪਰ[6] ਚੁੱਕ ਕੇ ਵੇਖਿਆ ਤਾਂ ਬਾਹਰ ਆ ਕੇ ਕਹਿਣ ਲੱਗੇ, "ਅਚੰਭਾ ਹੋ ਗਿਆ, ਅਚੰਭਾ ਹੋ ਗਿਆ। ॥੮੫॥

ਤੁਸੀਂ ਕਿਉਂ ਇੰਨੇ ਝਗੜ ਰਹੇ ਹੋ? ਗੁਰੂ ਜੀ ਨੇ ਤਾਂ ਆਪ ਹੀ ਸਾਰਾ ਨਿਬੇੜਾ ਕਰ ਦਿੱਤਾ ਹੈ। ਉੱਥੇ ਦੇਹੀ ਹੀ ਨਹੀਂ ਹੈ, (ਸਿਰਫ) ਦੱਭ ਦੀ ਸੇਜ ਉਪਰ ਕੱਪੜਾ ਹੀ ਪਿਆ[7] ਹੋਇਆ ਹੈ। ॥੮੬॥

ਦੋਹਰਾ

(ਤੁਸੀਂ) ਆਪਸ ਵਿੱਚ ਝਗੜਾ ਨਾ ਕਰੋ। ਕਨਾਤ ਨੂੰ ਖੁਲ੍ਹਵਾ ਦੇਵੋ।ਸਾਰੇ ਲੋਕੀਂ ਵੀ ਆਪਣੀ ਅਕਲ ਨੂੰ ਹੈਰਾਨ ਕਰ ਦੇਣ ਵਾਲਾ ਕੌਤਕ ਦੇਖ ਲੈਣ।" ॥੮੭॥

ਸਵੱਯਾ

ਝੱਟ[8] ਕਨਾਤ ਉਤਾਰ ਲਈ ਗਈ। ਔਰਤਾਂ-ਮਰਦ ਕੋਲ ਹੋ ਕੇ ਦੇਖਣ ਲੱਗੇ। ਸੇਜ[9] ਉੱਪਰ(ਸਿਰਫ) ਕੱਪੜਾ[10] ਹੀ ਪਿਆ ਵੇਖ ਕੇ ਸਾਰੇ ਉੱਚੀ-ਉੱਚੀ "ਜੈ ਗੁਰੂ ਜੀ, ਜੈ ਗੁਰੂ ਜੀ", ਕਹਿਣ ਲੱਗੇ ਤੇ 'ਹੇ ਸੁੱਖਾਂ ਦੇ ਮੂਲ ਗੋਬਿੰਦ, 'ਮੁਕਤੀਦਾਤੇ' ਇਵੇਂ ਨਾਮ ਲੈ ਕੇ ਨਮਸਕਾਰਾਂ ਕਰਨ ਲੱਗੇ। ਜਿੰਨੇ ਵੀ ਲੋਕੀਂ ਉਥੇ ਸੀ, ਹੈਰਾਨ ਹੋਏ ਤੱਕੀ ਜਾਣ, ਜਿਵੇਂ ਸਭ ਦੀ ਮੱਤ ਮਾਰੀ ਗਈ ਹੋਵੇ ॥੮੮॥

SikhBookClub.Com

ਛਪਜ ਛੰਦ

ਤੁਰਕਨ ਅੰਬਰ ਅਰਧ[1], ਅਰਧ ਹਿੰਦਨ ਤਬ ਲੀਯਾ।
ਸਗਰ ਝਗਰ ਗਜਾ ਨਿਬਰ,ਹਰਖ ਉਰ ਦੁਂਹ ਦਿਸ ਥੀਆ।
ਸਿੱਖਨ ਲੇ ਕਰ ਚੀਰ ਚਿਤਾ ਚੰਦਨ ਕੀ ਰਚ ਕਰ।
ਨਿਜ ਮੁਖ ਜਹਿਂ ਗੁਰ ਕਹਜੋ ਤਹਾਂ ਦਿਯ ਦਾਹ[2] ਭਲੇ ਧਰ।
ਪੁਨ ਹੁਤੇ ਮੁਰੀਦ ਸੁ ਅਰਧ ਲੇ ਨੀਕੇ ਤਹਿਂ ਦਫ਼ਨਾਇ[3] ਦਿਯ।
ਇਉਂ ਬਾਦ ਬਿਖਾਦ ਮਿਟਾਇ ਸਭ ਦੁਹੂੰ ਦਿਸਨ ਅਹਿਲਾਦ ਕਿਯ॥੮੯॥

ਸੋਰਠਾ

ਸੰਮਤ ਸੱਤ੍ਰ ਪਛਾਨ ਪੰਚ ਮਾਸ ਬੀਤੇ ਬਹੁਰ।
ਸਪਤ ਦਿਨਨ ਪਰਵਾਨ ਪਤਿਸ਼ਾਹੀ ਸ੍ਰੀ ਪ੍ਰਭੁ ਕਰੀ॥੯੦॥

ਦੋਹਰਾ

ਸੰਮਤ ਪੰਦਰਾਂ ਸੈ ਲਖੋ ਅਧਿਕ ਛਜਾਨਵਾ ਜਾਨ।
ਅਸਜੁ[4] ਵਦੀ ਦਸਮੀ ਵਿਖੈ ਸੱਚਖੰਡ ਪ੍ਰਸਥਾਨ॥੯੧॥

ਚੌਪਈ

ਸ੍ਰੀ ਗੁਰ ਕਥਾ ਕਹੀ ਕਛੁ ਥੋਰੀ।ਸਰਬ ਕਹਨ ਕੀ ਸ਼ਕਤਿ ਨ ਮੋਰੀ।
ਅਹੈ ਜਥਾਮਤਿ[5] ਤਥਾ ਸੁ ਬਰਨੀ।ਸ੍ਰੋਤਨ ਕੇ ਬਿਕਾਰ[6] ਕੋ ਹਰਨੀ॥੯੨॥

ਜੋਗ, ਵਿਰਾਗ, ਭਗਤਿ ਪੁਨ ਗਜਾਨਾ।ਏ ਚਾਰੋਂ ਵਰਨੇ ਬਿਧਿ ਨਾਨਾ।
ਦੈਵ ਸੰਪਦਾ ਗੁਨ ਜੇ ਬ੍ਰਿੰਦਾ।ਯਾ ਮੈਂ ਭਨੇ, ਹਨੈਂ ਦੁਖ ਦੁੰਦਾ॥੯੩॥

ਪਢਹਿਂ ਸੁਨੈਂ ਗੁਨ ਹਿਰਦੇ ਧਾਰਹਿਂ।ਪੁਨ ਪੁਨ ਕਰ ਅੱਭਜਾਸ ਬਿਚਾਰਹਿਂ।
ਲਖਹਿ ਅਸੱਤ ਸੱਤ ਸੋ ਨਿਰਨੋ।ਹਰਖ ਨ ਸ਼ੋਕ ਨ ਜਨਮ ਨ ਮਰਨੋ॥੯੪॥

ਸਤਿਗੁਰ ਸਿਫਤ ਮਹਾਤਮ ਜੋਈ।ਜਗ ਮਹਿਂ ਪ੍ਰਗਟ,ਦੁਰਜੋ[7] ਨਹਿਂ ਸੋਈ।
ਸੁਮਤਿਵਾਨ ਜਾਨਹਿਂ ਬਿਧਿ ਨੀਕੇ।ਰਾਖਤ ਹੈਂ ਪਰੋਇ[8] ਬਿਚ ਹੀ ਕੇ॥੯੫॥

SikhBookClub.Com

ਛਪਯ ਛੰਦ

ਫੇਰ ਉਸ ਵੇਲੇ ਅੱਧਾ[1] ਕੱਪੜਾ (ਅੱਧੀ ਚਾਦਰ) ਤੁਰਕਾਂ ਨੇ ਲੈ ਲਿਆ ਅਤੇ ਅੱਧਾ ਹਿੰਦੂਆਂ ਨੇ। ਇਵੇਂ ਸਾਰਾ ਝਗੜਾ ਨਿਬੜ ਗਿਆ। ਦੋਨੋਂ (ਹਿੰਦੂ-ਤੁਰਕ) ਖੁਸ਼ ਹੋ ਗਏ। ਸਿੱਖਾਂ ਨੇ ਕੱਪੜੇ ਨੂੰ ਚੰਦਨ ਦੀ ਚਿਤਾ ਬਣਾ ਕੇ ਆਪਣੇ ਗੁਰੂ ਦੇ ਕਹਿਣ ਅਨੁਸਾਰ ਦਾਹ-ਸੰਸਕਾਰ[2] ਕੀਤਾ ਅਤੇ ਜੋ ਗੁਰੂ ਜੀ ਦੇ ਦੂਜੇ ਮੁਰੀਦ ਸਨ, ਉਨ੍ਹਾਂ ਆਪਣੇ ਅੱਧੇ ਕੱਪੜੇ (ਚਾਦਰ) ਨੂੰ ਦੱਬ[3] ਦਿੱਤਾ। ਇਸ ਤਰਾਂ ਦੋਨਾਂ ਨੇ ਵਾਦ-ਵਿਵਾਦ ਖਤਮ ਕਰਕੇ ਖੁਸ਼ੀਆਂ ਕੀਤੀਆਂ ॥੮੯॥

ਸੋਰਠਾ

ਗੁਰੂ ਜੀ ਨੇ (ਮਾਤ ਲੋਕ ਵਿੱਚ ਸਰੀਰ ਧਾਰ ਕੇ) ਸੱਤਰ ਸਾਲ, ਪੰਜ ਮਹੀਨੇ ਅਤੇ ਸੱਤ ਦਿਨ ਪਾਤਸ਼ਾਹੀ ਕੀਤੀ। ॥੯੦॥

ਦੋਹਰਾ

ਸਮਝੋ ਸੰਮਤ ਪੰਦਰਾਂ ਸੌ ਛਿਆਨਵੇ, ਜਾਣੀ ਅੱਸੂ[4] ਵਦੀ ਦਸਵੀਂ ਨੂੰ ਗੁਰੂ ਜੀ ਸੱਚਖੰਡ ਚਲੇ ਗਏ। ॥੯੧॥

ਚੌਪਈ

ਮੈਂ (ਭਾਈ ਸੰਤੋਖ ਸਿੰਘ ਜੀ) ਨੇ ਸ੍ਰੀ ਗੁਰੂ ਜੀ ਦੀ ਥੋੜੀ ਕਥਾ ਹੀ ਕਹੀ ਹੈ। ਉਨ੍ਹਾਂ ਦੀ ਸਾਰੀ ਕਥਾ ਕਹਿਣ ਦੀ ਮੇਰੇ ਵਿੱਚ ਸ਼ਕਤੀ ਨਹੀਂ ਹੈ। ਮੈਂ ਸਰੋਤਿਆਂ ਦੇ ਵਿਕਾਰਾਂ[6] ਨੂੰ ਦੂਰ ਕਰ ਦੇਣ ਲਈ, ਜਿਹੋ-ਜਿਹੀ[5] ਮੇਰੀ ਬੁੱਧੀ ਹੈ, ਓਵੇਂ ਹੀ ਕਥਾ ਵਰਣਨ ਕੀਤੀ ਹੈ। ॥੯੨॥

ਮੈਂ ਜੋਗ, ਵਿਰਾਗ, ਭਗਤੀ ਤੇ ਗਿਆਨ, ਚਾਰਾਂ ਦਾ ਹੀ ਵੱਖ-ਵੱਖ ਤਰੀਕੇ ਨਾਲ ਵਰਣਨ ਕੀਤਾ ਹੈ। ਦੇਵੀ ਸੰਪਦਾ ਦੇ ਬਹੁਤ ਗੁਣ ਜੋ ਦੁੱਖਾਂ ਨੂੰ ਦੂਰ ਕਰਨ ਵਾਲੇ ਹਨ, ਉਨ੍ਹਾਂ ਸਾਰੇ ਗੁਣਾਂ ਦਾ ਵਰਣਨ ਕੀਤਾ ਹੈ ॥੯੩॥

ਜੋ ਇਨ੍ਹਾਂ ਗੁਣਾਂ ਨੂੰ ਪੜ੍ਹਨਗੇ, ਸੁਣਨਗੇ ਤੇ ਹਿਰਦੇ ਵਿੱਚ ਵਸਾ ਕੇ ਵਾਰ-ਵਾਰ ਅਭਿਆਸ ਕਰਨਗੇ, ਉਹ ਸੱਚ ਅਤੇ ਅਸੱਤ (ਝੂਠ) ਦੇ ਨਿਰਨੇ ਨੂੰ ਜਾਣ ਜਾਣਗੇ। ਉਹ ਖੁਸ਼ੀ-ਗਮੀ ਤੇ ਜਨਮ-ਮਰਨ ਤੋਂ ਰਹਿਤ (ਜੀਵਨ-ਮੁਕਤ) ਹੋ ਜਾਣਗੇ। ॥੯੪॥

ਸਤਿਗੁਰੂ ਜੀ ਦੀ ਸਿਫਤ ਦਾ ਜੋ ਮਹਾਤਮ ਹੈ, ਸਾਰੇ ਜੱਗ ਵਿੱਚ ਪਰਗਟ ਹੋ ਚੁੱਕਿਆ ਹੈ; ਹੁਣ ਕੋਈ ਛੁਪਿਆ[7] ਹੋਇਆ ਨਹੀਂ ਹੈ। ਉੱਚੀ ਮੱਤ ਵਾਲੇ ਲੋਕ ਬਹੁਤ ਚੰਗੀ ਤਰਾਂ ਨਾਲ ਇਸ (ਗੱਲ) ਨੂੰ ਜਾਣਦੇ ਹਨ ਤੇ ਆਪਣੇ ਮਨ ਅੰਦਰ ਪਰੋ[8] ਕੇ ਰੱਖਦੇ ਹਨ। ॥੯੫॥

SikhBookClub.Com

ਬਿਛਰਜੋ ਚਹਤਿ ਨਹੀਂ ਕਿਹ ਕਾਲਾ। ਦ੍ਵੈ ਲੋਚਨ ਸੁਖ ਦੇ ਜੁ ਬਿਸਾਲਾ।
ਹੁਤੀ ਨ ਸ਼ਕਤਿ ਮੋਹਿ ਮਹਿਂ ਐਸੇ। ਗ੍ਰੰਥ ਸੰਪੂਰਨ ਭਾ ਅਬ ਜੈਸੇ॥ ੯੬॥

ਕ੍ਰਿਪਾਧਾਰ ਸਤਿਗੁਰ ਮੁਝ ਤਾਈਂ। ਜਿਉਂ ਜਿਉਂ ਮੁਹਿ ਮਤਿ ਦੇ ਬਨਵਾਈ।
ਤਿਉਂ ਮੈਂ ਕਹੀ ਕਥਾ ਅਤਿ ਰੂਰੀ। ਜੋ ਸਾਧਨ ਅਪਵਰਗਹਿ[1] ਪੂਰੀ॥ ੯੭॥

ਸ੍ਰੀ ਨਾਨਕ ਪਦ ਪੰਕਜ ਬੰਦਨ। ਸਿਮਰੋਂ ਅੰਗਦ ਦੋਖ ਨਿਕੰਦਨ।
ਅਮਰਦਾਸ ਗੁਰ ਹਿਰਦੇ ਧਜਾਵੋਂ। ਸ੍ਰੀ ਗੁਰ ਰਾਮਦਾਸ ਗੁਨ ਗਾਵੋਂ॥ ੯੮॥

ਸ੍ਰੀ ਅਰਜਨ ਬਿਘਨਨ[2] ਕੇ ਨਾਸ਼ਕ। ਹਰਿਗੁਬਿੰਦ ਸੁਭ ਸੁਮਤਿ[3] ਪ੍ਰਕਾਸ਼ਕ।
ਸ੍ਰੀ ਹਰਿਰਾਇ ਨਮੋ ਕਰ ਜੋਰੀ। ਗੁਰੁ ਹਰਿਕ੍ਰਿਸ਼ਨ ਮਨਾਇ ਬਹੋਰੀ॥ ੯੯॥

ਤੇਗ ਬਹਾਦਰ ਪਰਮ ਕ੍ਰਿਪਾਲਾ। ਸ੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ।
ਧਰੋਂ ਧਰਾ ਪਰ ਪੁਨ ਪੁਨ ਸੀਸਾ। ਬੰਦੋਂ ਬਾਰ ਬਾਰ ਜਗਤੀਸ਼ਾ॥ ੧੦੦॥

ਦੋਹਰਾ

ਸ੍ਰੀਮਤਿ,ਸਿਮਰਨ ਰਤਿ[4] ਗੁਰੂ ਸੰਤ ਸਿੰਘ ਸੁਭ ਨਾਮ।
ਬਿੱਦਜਾ ਜਿਨ ਤੇ ਮੈਂ ਪਠੀ ਤਿਨ ਪਦ[5] ਕਰੋਂ ਪ੍ਰਣਾਮ॥ ੧੦੧॥

ਕਬਿੱਤ

ਸੁਤਾ ਸਵਿਤਾਸ[6] ਕੀ, ਨਸਾੱਯਾ ਪਾਪ ਰਾਸ ਕੀ, ਦਿਵਾੱਯਾ ਮੋਖ ਦਾਸਕੀ, ਲਖੈ ਜੁ ਨੇਮ ਜਮੁਨਾ।
ਏਕਬਾਰ ਬਾਰ ਛੁਇ, ਪਾਵਨਤਾ ਪਾਵਨਕੈ, ਪਾਨ ਤੈ ਸਨਾਨ ਤੈ ਦੁਖਦ ਤਿਨ ਜਮਨਾ।
ਸ਼ਜਾਮਜਲ[7], ਜਲਜ ਬਿਲੋਚਨੀ ਕੋ, ਸ਼ਜਾਮ ਪਤਿ, ਚੰਚਲ, ਅਛਲ, ਜਿਨ ਛਲਜੋ ਕਾਲਜਮੁਨਾ।
ਜਾਂਕੇ ਅਨ ਸਮ ਨਾ ਬਿਘਨ ਗੁਨ ਸਮਨਾ[8], ਸਦੀਵ ਸਿੰਧ ਗਮਨਾ[9] ਸੁਹਾਇ ਸੁਭ ਜਮਨਾ॥ ੧੦੨॥

SikhBookClub.Com

(ਕਵੀ ਜੀ) ਲਿਖਦੇ ਹਨ) ਕਿਸੇ ਤਰਾਂ ਵੀ ਉਸ ਸਮੇਂ ਨਾਲੋਂ ਵਿਛੜਨ ਨੂੰ ਜੀਅ ਨਹੀਂ ਸੀ ਕਰਦਾ ਜੋ ਦੋਹਾਂ ਨੈਣਾਂ ਨੂੰ ਬਹੁਤ ਸੁੱਖ ਦੇਣ ਵਾਲਾ ਸੀ। ਮੇਰੇ ਵਿੱਚ ਐਨੀ ਤਾਕਤ ਨਹੀਂ ਸੀ, ਜਿਵੇਂ ਮੈਥੋਂ ਇਹ ਗ੍ਰੰਥ ਸੰਪੂਰਨ ਹੋਇਆ ਹੈ। ॥੯੬॥

ਗੁਰੂ ਜੀ ਨੇ ਮੇਰੇ 'ਤੇ ਕਿਰਪਾ ਕੀਤੀ। ਜਿਵੇਂ ਉਹ ਮੈਨੂੰ ਅਕਲ ਬਖਸ਼ਦੇ ਰਹੇ, ਤਿਵੇਂ ਮੈਂ ਉਨ੍ਹਾਂ ਦੀ ਸੁੰਦਰ ਕਥਾ ਕਹੀ ਹੈ, ਜੋ ਮੁਕਤੀ[1] ਦੇ ਸਾਧਨਾਂ ਦੀ ਵਿਆਖਿਆ ਲਈ ਪੂਰੀ ਹੈ। ॥੯੭॥

ਮੈਂ ਗੁਰੂ ਨਾਨਕ ਜੀ ਦੇ ਚਰਨ-ਕਮਲਾਂ ਵਿੱਚ ਨਮਸਕਾਰ ਕਰਦਾ ਹਾਂ। (ਮੈਂ) ਦੁੱਖਾਂ ਨੂੰ ਦੂਰ ਕਰਨ ਹਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਿਮਰਦਾ ਹਾਂ। ਮੈਂ ਗੁਰੂ ਅਮਰਦਾਸ ਜੀ ਨੂੰ ਹਿਰਦੇ ਵਿਚ ਧਿਆਉਂਦਾ ਹਾਂ। ਮੈਂ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣਾਂ ਦਾ ਗੁਣ ਗਾਇਣ ਕਰਦਾ ਹਾਂ। ॥੯੮॥

ਸ੍ਰੀ ਗੁਰੂ ਅਰਜਨ ਦੇਵ ਜੀ ਵਿਘਨਾਂ[2] ਦਾ ਨਾਸ਼ ਕਰਨਹਾਰੇ ਹਨ। ਸ੍ਰੀ ਗੁਰੂ ਹਰਗੋਬਿੰਦ ਜੀ ਸ੍ਰੇਸ਼ਟ-ਮੱਤ[3] ਦੇ ਪ੍ਰਕਾਸ਼ਮਾਨ ਹਨ। ਸ੍ਰੀ ਗੁਰੂ ਹਰਿ ਰਾਇ ਜੀ ਨੂੰ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ। ਉਸ ਤੋਂ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਸ਼ਰਧਾ ਸਹਿਤ ਧਿਆਉਂਦਾ ਹਾਂ। ॥੯੯॥

ਸ੍ਰੀ ਗੁਰੂ ਤੇਗ ਬਹਾਦਰ ਜੀ ਪਰਮ ਕਿਰਪਾਲੂ ਗੁਰੂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਹੀ ਮਹਾਨ ਹਨ। ਮੈਂ ਧਰਤੀ ਪਰ ਵਾਰ-ਵਾਰ ਸੀਸ ਟਿਕਾਉਂਦਾ ਹੋਇਆ ਵਾਰ-ਵਾਰ ਪ੍ਰਭੂ ਅੱਗੇ ਨਮਸਕਾਰ ਕਰਦਾ ਹਾਂ। ॥੧੦੦॥

ਦੋਹਰਾ

ਸਿਮਰਨ ਵਿੱਚ ਰੱਤੇ[4], ਉੱਚੀ ਬੁੱਧੀ ਵਾਲੇ ਮੇਰੇ ਗੁਰੂ, ਜਿਨ੍ਹਾਂ ਦਾ ਸ਼ੁੱਭ ਨਾਮ 'ਸੰਤ ਸਿੰਘ' ਹੈ, ਜਿਨ੍ਹਾਂ ਪਾਸੋਂ ਮੈਂ ਵਿੱਦਿਆ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਚਰਨਾਂ[5] ਵਿੱਚ ਮੈਂ ਪਰਨਾਮ ਕਰਦਾ ਹਾਂ ॥੧੦੧॥

ਕਬਿੱਤ

ਸੂਰਜ[6] ਦੀ ਪੁੱਤਰੀ ਦਾ ਨਾਮ ਜਮੁਨਾ ਹੈ ਜੋ ਪਾਪ ਦੂਰ ਕਰਦੀ ਹੈ, ਸੇਵਕਾਂ ਨੂੰ ਮੁਕਤੀ ਬਖ਼ਸ਼ਦੀ ਹੈ ਤੇ ਇੱਕ ਵਾਰ ਛੂਹਣ ਨਾਲ ਇਹ ਆਪਣੀ ਪਵਿੱਤਰਤਾ ਨਾਲ ਪਵਿੱਤਰ ਕਰਦੀ ਹੈ ਜੋ (ਇਸ ਦੇ ਪਾਣੀ ਨੂੰ) ਪੀਂਦੇ ਹਨ, ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਜਮ ਦੁੱਖ ਨਹੀਂ ਦਿੰਦੇ। ਇਸ ਦਾ ਕਾਲਾ-ਪਾਣੀ[7], ਜਿਸ ਦੇ ਨੈਣ ਕਮਲ ਜਿਹੇ ਹਨ, ਜਿਸ ਦਾ ਪਤੀ ਕਾਲਾ ਕ੍ਰਿਸ਼ਨ ਚੰਚਲ ਹੈ ਤੇ ਜਿਸ ਨੇ ਕਾਲ ਨੂੰ ਛਲਿਆ ਹੈ। ਇਸ ਜਮੁਨਾ ਵਿੱਚ ਡੋਬਣ ਦੇ ਵਿਘਨ ਅਤੇ ਤਾਰ ਦੇਣ ਦੇ ਗੁਣ ਬਰਾਬਰ[8] ਹਨ। ਇਹ ਜਮਨਾ ਸਦਾ ਹੀ ਸਮੁੰਦਰਾਂ ਨੂੰ ਜਾਣ[9] ਵਾਲੀ ਸੋਭ ਰਹੀ ਹੈ ॥੧੦੨॥

SikhBookClub.Com

ਛਪੈ

ਸ੍ਰੀ ਜਮਨਾ ਸੁਖਕਰਨ, ਹਰਨਦੁਖ, ਦਰਨੀ ਕਲਮਲ[1]।
ਸੁਮਤਿ ਸਦਨ, ਬਿਧੁ ਬਦਨ[2], ਕੁਮਤਿ ਕਦਨੀ, ਸਜਾਮਲ[3] ਜਲ।
ਮਨਮੋਹਨ ਕੀ ਪ੍ਰਿਯ, ਪ੍ਰਵਾਹਿ ਪਾਵਨ ਬਹਿ ਧਰਨੀ[4]।
ਸਵਿਤਾ ਸੁਤਾ, ਸੁਜਾਨ, ਤ੍ਰਾਸ ਜਮਦੂਤ ਨਿਵਰਨੀ।
ਤਿਹ ਤੀਰ ਬੂਰੀਆ ਨਗਰ ਇਕ, ਕਵਿ ਨਿਕੇਤ ਲਖੀਏ ਤਹਾਂ।
ਕਰਿ ਗ੍ਰੰਥ ਸਮਾਪਤ ਕੋ ਭਲੇ ਗੁਰ ਜਸ ਜਿਸ ਮਹਿੰ ਸੁਠ[5] ਮਹਾਂ॥੧੦੩॥

ਚੌਪਈ

ਆਦ ਸੁਧਾਸਰ[6] ਜੇ ਇਸਥਾਨਾ।ਖੋਜ ਖੋਜ ਨੀਕੇ ਬਿਧ ਨਾਨਾ।
ਲਿਖੀ ਦੇਖ ਕੇਤੀ ਬਹੁ ਥਾਂਈ।ਕੇਤੀ ਸੁਣੀ ਜੁ ਮਨ ਮਹਿੰ ਭਾਈ॥੧੦੪॥

ਬੀਨਬੀਨ[7] ਗੁਰ ਮਹਿਮਾ ਆਛੀ।ਮਾਖਨ ਜਿਉਂ ਲੀਨੀ,ਤਜ ਛਾਛੀ।
ਕਵਿਤਾ ਤਾਂਕੀ ਰੁਚਿਰ ਬਨਾਈ।ਸਤਿਗੁਰ ਸਿੱਖਨ ਕੇ ਮਨ ਭਾਈ॥੧੦੫॥

ਜਹਾਂ ਭੂਲ ਮੁਝ ਤੇ ਕੁਛ ਹੋਈ।ਸੁਨ ਪਠ ਕਰੈ ਰੋਸ ਨਹਿੰ ਕੋਈ।
ਕ੍ਰਿਪਾ ਧਾਰ ਸੋ ਲੇਹੁ ਬਨਾਏ।ਜਿਉਂ ਸਤਿਗੁਰ ਸਿੱਖਨ ਮਨ ਭਾਏ॥੧੦੬॥

ਬਡੇ ਬਿਲੋਕਹਿੰ ਬਾਲਕ ਲੀਲ੍ਹਾ।ਅਸਤ ਬਿਅਸਤ[8] ਸੁ ਹੁਇ ਅਨਮੀਲਾ[9]।
ਬਚਨ ਸਪਸ਼ਟ ਨ ਆਵਹਿ ਤਾਂਹੀ।ਹਰਖੈਂ ਸੁਨਤ ਬਿਰਧ,ਰਿਸ ਨਾਹੀਂ॥੧੦੭॥

ਛੋਟੋ ਲਖੈਂ ਕ੍ਰਿਪਾ ਕੋ ਕਰਹੀਂ।ਬਡੇ ਜੁ ਹੈਂ ਲੱਛਣ ਅਸ ਧਰਹੀਂ।
ਮੰਦਮਤੀ ਚਹਿੰ ਬਾਦ ਘਨੇਰਾ।ਤਿਹ ਸੋਂ ਕੈਸੋ ਹ੍ਵੈ ਨ ਨਿਬੇਰਾ॥੧੦੮॥

ਗੁਰ ਸਿੱਖੀ ਜਾਚਉਂ[10] ਹਉਂ ਦਾਨਾ।ਜਿਸਤੇ ਹੋਇ ਪਰਮ ਕੱਲਜਾਨਾ।
ਮਨਸਾ ਸਗਰੀ ਮਨਹਿੰ ਸਮਾਵਹਿ।ਸ਼ਾਂਤਿ ਹੋਇ, ਨੀਕੋ ਪਦ ਪਾਵਹਿ॥੧੦੯॥

SikhBookClub.Com

ਛਪਯ

ਜਮੁਨਾ ਸੁੱਖਾਂ ਨੂੰ ਪ੍ਰਦਾਨ ਕਰਨਹਾਰੀ, ਦੁੱਖਾਂ ਨੂੰ ਨਸ਼ਟ ਕਰਨ ਵਾਲੀ, ਪਾਪਾਂ[1] ਨੂੰ ਨਾਸ਼ ਕਰਨ ਵਾਲੀ ਤੇ ਚੰਗੀ ਬੁੱਧੀ ਦਾ ਘਰ ਹੈ। (ਜਮੁਨਾ) ਚੰਦ ਮੁੱਖ[2] ਵਾਲੀ, ਮੰਦੀ ਮੱਤ ਨੂੰ ਦੂਰ ਕਰਨਹਾਰੀ, ਕਾਲੇ[3] ਪਾਣੀ ਵਾਲੀ ਤੇ ਕ੍ਰਿਸ਼ਨ ਦੀ ਪਿਆਰੀ ਹੈ। ਇਹ ਪਵਿੱਤਰ ਜਲ ਦੇ ਪ੍ਰਵਾਹ ਵਾਲੀ ਧਰਤੀ[4] ਉੱਪਰ ਵਹਿੰਦੀ ਹੈ। ਇਹ ਸੂਰਜ ਦੀ ਧੀ, ਬਹੁਤ ਚਤੁਰ, ਜਮ ਦਾ ਡਰ ਹਰਨ ਵਾਲੀ ਹੈ। ਇਸ ਦੇ ਕਿਨਾਰੇ 'ਤੇ ਇੱਕ 'ਬੂੜੀਆ' ਨਗਰ ਜਾਣੋ; ਜਿਥੇ ਕਵੀ ਦਾ ਘਰ ਹੈ, ਜਿਥੇ ਮਹਾਨ ਗੁਰੂ ਦੇ ਜਸ ਵਿੱਚ ਸੁੰਦਰ[5] ਗ੍ਰੰਥ ਸਮਾਪਤ (ਸੰਪੂਰਨ) ਕੀਤਾ ਗਿਆ। ॥੧੦੩॥

ਚੌਪਈ

ਆਦਿ ਅੰਮ੍ਰਿਤ-ਸਰੋਵਰ[6] ਦੇ ਜਿੰਨੇ ਵੀ ਅਸਥਾਨ ਹਨ, ਸਭ ਥਾਂਵਾਂ ਤੋਂ ਸੁੰਦਰ ਤਰੀਕੇ ਨਾਲ, ਭਾਲ-ਭਾਲ ਕੇ ਬਹੁਤ ਥਾਂਵਾਂ ਤੋਂ ਲਿਖਿਆ ਵੇਖ ਕੇ ਬਹੁਤ ਸੁਣ-ਸੁਣ ਕੇ ਜੋ ਮਨ ਨੂੰ ਚੰਗਾ ਲੱਗਿਆ ਹੈ, ਉਸ ਮੁਤਾਬਿਕ ਇਹ ਰਚਨਾ ਰਚੀ ਹੈ। ॥੧੦੪॥

ਗੁਰੂ ਜੀ ਦੀ ਸੁੰਦਰ ਮਹਿਮਾ ਚੁਣ-ਚੁਣ[7] ਕੇ ਜਿਵੇਂ ਲੱਸੀ ਵਿੱਚੋਂ ਮੱਖਣ ਕੱਢੀਦਾ ਹੈ, ਇਵੇਂ ਉਨ੍ਹਾਂ (ਗੁਰੂ ਜੀ) ਦੀ ਸੁੰਦਰ ਕਵਿਤਾ ਬਣਾਈ ਹੈ ਜੋ ਸਿੱਖਾਂ ਦੇ ਮਨਾਂ ਨੂੰ ਭਾਉਣ ਵਾਲੀ ਹੈ। ॥੧੦੫॥

ਜਿਥੇ ਕਿਤੇ ਵੀ ਮੇਰੇ ਕੋਲੋਂ ਕੋਈ ਭੁੱਲ ਹੋ ਗਈ ਹੋਵੇ, ਸੁਣ-ਪੜ੍ਹ ਕੇ ਕੋਈ ਗੁੱਸਾ ਨਾ ਕਰੇ। ਕਿਰਪਾ ਕਰਕੇ ਉਸੇ ਤਰਾਂ ਬਣਾ ਲੈਣੀ, ਜਿਸ ਤਰਾਂ ਸਤਿਗੁਰੂ ਜੀ ਦੇ ਸਿੱਖਾਂ ਦੇ ਮਨ ਨੂੰ ਭਾਉਂਦਾ ਹੋਵੇ। ॥੧੦੬॥

(ਬਿਰਧ) ਵੱਡੇ ਲੋਕ ਜਦ ਬਾਲ-ਲੀਲਾ ਦੇਖਦੇ ਹਨ ਤਾਂ ਬੱਚਿਆਂ ਦੁਆਰਾ ਉਲਟਾ-ਪੁਲਟਾ[8] ਬੋਲਣ ਕਰਕੇ ਬਹੁਤ ਕੁਝ ਅਣ-ਮਿਲਿਆ[9] (ਰਲਾ) ਹੋ ਜਾਂਦਾ। ਉਨ੍ਹਾਂ ਨੂੰ ਸਪੱਸ਼ਟ ਬੋਲਣਾ ਨਹੀਂ ਆਉਂਦਾ। ਉਹ ਵੱਡੇ ਲੋਕ ਗੁੱਸੇ ਨਹੀਂ ਹੁੰਦੇ, ਸਗੋਂ ਪਰਸੰਨ ਹੁੰਦੇ ਹਨ। ॥੧੦੭॥

ਜੋ ਵੱਡੇ ਬੰਦੇ ਹੁੰਦੇ ਹਨ, ਉਹ ਇਸ ਤਰਾਂ ਦੇ ਲੱਛਣ ਧਾਰਦੇ ਹਨ ਕਿ ਸਦਾ ਛੋਟਿਆਂ ਨੂੰ ਛੋਟੇ ਜਾਣ ਕੇ ਕਿਰਪਾ ਕਰਦੇ ਹਨ ਅਤੇ ਜੋ ਲੋਕ ਘੱਟ ਬੁੱਧੀ (ਅਕਲ) ਵਾਲੇ ਹੁੰਦੇ ਹਨ, ਉਹ ਜਾਣ ਬੁੱਝ ਕੇ ਬੜਾ ਵਿਵਾਦ ਝਗੜਾ ਕਰਦੇ ਹਨ, ਉਨ੍ਹਾਂ ਨਾਲ ਕਿਸੇ ਤਰਾਂ ਵੀ ਨਿੱਬੜਿਆ ਨਹੀਂ ਜਾ ਸਕਦਾ। ॥੧੦੮॥

(ਮੈਂ) ਗੁਰਸਿੱਖੀ ਦਾ ਦਾਨ ਮੰਗਦਾ[10] ਹਾਂ, ਜਿਸ ਨੂੰ ਪ੍ਰਾਪਤ ਕੀਤਿਆਂ ਪੂਰਨ ਕਲਿਆਣ ਹੁੰਦਾ ਹੈ। ਸਾਰੀਆਂ ਇੱਛਾਵਾਂ (ਵਾਸ਼ਨਾਵਾਂ) ਮਨ ਵਿੱਚ ਹੀ ਸਮਾ ਜਾਂਦੀਆਂ ਹਨ, ਸ਼ਾਂਤੀ ਹਾਸਲ ਕਰ ਕੇ ਉੱਤਮ ਪਦ ਪ੍ਰਾਪਤ ਹੁੰਦਾ ਹੈ। ॥੧੦੯॥

SikhBookClub.Com

ਦੋਹਰਾ

ਏਕ ਆਂਕ ਅਰ ਅਸ਼ਟ ਕਰ ਬਹੁਰ ਅਸ਼ਟ ਪਰ ਸੂਨ।
ਕਾਤਕ[1] ਪੂਰਨਮਾ ਬਿਖੇ ਭਯੋ ਗ੍ਰੰਥ ਬਿਨਊਨ॥੧੧੦॥

ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ।
ਬਰ ਮਾਂਗੋਂ ਸਤਿਸੰਗ ਕੋ ਕਰ ਸਤਿਗੁਰੂ ਪ੍ਰਣਾਮ॥੧੧੧॥

(ਸਮਾਪਤੀ ਦਾ ਮੰਗਲ)

ਕਬਿੱਤ

ਸਭੈ ਗੁਣ ਊਰ, ਭਰਪੂਰ ਹੋਯੋ ਔਗਨਨ, ਕਾਮ ਕ੍ਰੋਧ ਕੂਰ ਹੂੰ ਕੀ ਬ੍ਰਿਧਤਾ ਫਰਦ[2] ਕੀ।
ਹੋਯੋ ਮਨ ਚੂਰ ਚੂਰ, ਰਹੀ ਮਤਿ ਝੂਰ ਝੂਰ, ਦੇਖ ਰਹਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰ ਪੂਰਨ ਸੰਤੋਖ ਸਿੰਘ ਤੂਰਨ, ਸੋ ਲਖ ਦੁਖ ਭੂਰ ਗਤਿ ਏਕਲੀ[3] ਨਰਦ ਕੀ।
ਨਾਮ ਹੈ ਸ਼ਰਨ ਸੂਰ[4], ਪਾਵਨ ਪਤਿਤ ਰੂਰ, ਰਾਖ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ। ॥੧੧੨॥

ਕਬਿੱਤ

ਬੰਦਨਾ ਕੋ ਲੇਤ ਹੀ ਅਬੰਦਤਾ ਕੋ ਦੇਤ ਜਨ, ਪ੍ਰੀਤ ਲੇਤ ਦੇਤ ਹੈ ਪ੍ਰਤੀਤ, ਸੁਖ ਸੇਤ[5] ਹੈਂ।
ਭਾਉ ਉਰ ਲੇਤਹੀ, ਪ੍ਰਭਾਉ ਬਡੋ ਦੇਤ ਆਪ, ਨਿਰਗੁਣ ਪਦ ਦੇਤ ਗੁਨ ਦੇਖ ਲੇਤ ਹੈਂ।
ਥੋਰੀ ਜੈਸੀ ਭੇਟ ਲੇਤ, ਜਮ ਕੀ ਅਭੇਟ[6] ਦੇਤ, ਸਤਿਗੁਰੂ ਨਾਨਕ ਜੀ ਕਰੁਨਾਨਿਕੇਤ[7] ਹੈਂ।
ਹੰਤਾ ਲੇਤ ਦਾਸਨ ਕੀ, ਅਹੰ ਬ੍ਰਹਮ[8] ਦੇਤ ਉਰ, ਮਨ ਲੇਤ ਚਰਨ ਮੈਂ,ਮੁਕਤਿ ਕੋ ਦੇਤ ਹੈਂ। ॥੧੧੩॥

ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ 'ਸ੍ਰੀ ਗੁਰੂ ਨਾਨਕ ਜੀ ਸੱਚਖੰਡ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਧਜਾਇ ॥੫੭॥

ਸਮਾਪਤ ਮਸਤ ਸੁਭ ਮਸਤੁ॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਸਾਰਾ ਸਮਾਪਤ ਹੋਇਆ ।

SikhBookClub.Com

ਚੌਪਈ

ਸੰਮਤ ਅਠਾਰਾਂ ਸੌ ਅੱਸੀ ਵਿੱਚ ਕੱਤਕ[1] ਦੀ ਪੂਰਨਮਾਸੀ ਨੂੰ ਗ੍ਰੰਥ ਸੰਪੂਰਨ ਹੋਇਆ। ॥੧੧੦॥

ਪਿਤਾ ਦੇਵਾ ਸਿੰਘ ਦੇ ਘਰ ਸੰਤੋਖ ਸਿੰਘ ਨਾਮੀ ਕਵੀ ਦਾ ਜਨਮ ਹੋਇਆ। ਗੁਰੂ ਜੀ ਨੂੰ ਪਰਨਾਮ ਕਰਕੇ ਮੈਂ ਸਤਿਸੰਗ ਦਾ ਵਰ ਮੰਗਦਾ ਹਾਂ। ॥੧੧੧॥

ਕਬਿੱਤ

ਮੈਂ ਸਾਰੇ ਸ਼ੁੱਭ ਗੁਣਾਂ ਤੋਂ ਖਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ (ਤੇ) ਕਾਮ, ਕਰੋਧ, ਝੂਠ ਆਦਿ ਔਗੁਣਾਂ ਦੀ ਮੇਰੀ ਸੂਚੀ[2] ਵਧੀ ਹੋਈ ਹੈ, ਮਨ ਚੂਰ ਚੂਰ ਹੋਇਆ ਹੋਇਆ ਹੈ, ਬੁੱਧੀ ਬੜੀ ਝੂਰ ਰਹੀ ਹੈ (ਮੈਂ) ਦੂਰ-ਦੂਰ ਦੇਖ ਚੁੱਕਾ ਹਾਂ ਪਰ ਇਸ ਦਰਦ ਦੀ ਦਾਰੂ ਨਹੀਂ ਮਿਲੀ। ਚਉਪੜ 'ਤੇ ਇਕੱਲੀ[3] ਰਹਿ ਗਈ ਨਰਦ ਦੀ ਹਾਲਤ ਵਾਂਗੂੰ ਕਵੀ ਸੰਤੋਖ ਸਿੰਘ ਨੂੰ, ਉਸ ਦਾ ਬਹੁਤ ਦੁੱਖ ਦੇਖ ਕੇ ਪੂਰਨ ਗੁਰੂ ਛੇਤੀ ਆ ਮਿਲੇ। ਗੁਰੂ ਜੀ, ਜਿਨ੍ਹਾਂ ਦਾ ਨਾਮ ਸ਼ਰਨਾਗਤਾਂ ਦਾ ਰੱਖਿਅਕ[4] ਤੇ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਸੋਹਣਾ ਹੈ, ਉਹ ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ। ॥੧੧੨॥

ਕਬਿੱਤ

ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਨਮਸਕਾਰ ਨੂੰ ਲੈ ਕੇ ਆਪਣੇ ਦਾਸਾਂ ਨੂੰ ਮੁਕਤੀ ਦਿੰਦੇ ਹਨ, ਫਿਰ ਪ੍ਰੀਤੀ ਲੈ ਕੇ ਆਪਣਾ ਸਿਦਕ ਬਖ਼ਸ਼ਦੇ ਹਨ, ਸੁੱਖਾਂ ਦਾ ਪੁਲ[5] (ਗੁਰੂ ਜੀ) ਹਨ ਤੇ ਫਿਰ ਆਪਣੇ ਦਾਸਾਂ ਦੇ ਦਿਲ ਦਾ ਪ੍ਰੇਮ ਲੈ ਕੇ ਆਪ ਗੁਰੂ ਜੀ ਦਾਸਾਂ ਨੂੰ ਆਤਮ ਬਲ ਦਿੰਦੇ ਹਨ ਤੇ ਸ਼ੁੱਭ ਗੁਣ ਦੇਖ ਕੇ, ਗੁਣਾਂ ਤੋਂ ਅਤੀਤ ਅਵਸਥਾ ਦਾਨ ਦਿੰਦੇ ਹਨ, ਥੋੜ੍ਹੀ ਜਿਹੀ ਭੇਟਾ ਲੈਂਦੇ ਹਨ, (ਤੇ) ਜਮ ਦੇ ਭੈਅ ਤੋਂ ਬਚਾਉਂਦੇ[6] ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਐਸੇ ਕਿਰਪਾ ਦੇ ਘਰ[7] ਹਨ। ਦਾਸਾਂ ਦੀ ਹੰਗਤਾ ਲੈ ਕੇ (ਭਾਵ ਨਾਸ਼ ਕਰਕੇ) ਹਿਰਦੇ ਵਿੱਚ ਬ੍ਰਹਮ ਗਿਆਨ[8] ਦੀ ਬਖ਼ਸ਼ਸ਼ ਕਰਕੇ, ਦਾਸਾਂ ਦਾ ਮਨ ਲੈ ਕੇ ਚਰਨਾਂ ਵਿੱਚ ਮੁਕਤੀ ਦਾ ਦਾਨ ਦਿੰਦੇ ਹਨ।

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਦਾ "ਸ੍ਰੀ ਗੁਰੂ ਨਾਨਕ ਜੀ ਦਾ ਸੱਚ-ਖੰਡ ਜਾਣਾ" ਨਾਮੀ ਸਤਵੰਜਵਾਂ ਅਧਿਆਇ ਸਮਾਪਤ ਹੋਇਆ।

'ਸ਼੍ਰੀ ਗੁਰ ਨਾਨਕ ਪ੍ਰਕਾਸ਼' ਗ੍ਰੰਥ, ਸਾਰਾ ਸਮਾਪਤ ਹੋਇਆ।

SikhBookClub.Com

ਸਾਰ

ਗੁਰੂ ਜੀ ਜਦ ਪੁੱਤਰਾਂ ਦੇ ਪਹੁੰਚਣ ਤੋਂ ਪਹਿਲਾਂ ਸਮਾ ਗਏ ਸਨ ਤਾਂ ਲੱਖਮੀ ਚੰਦ ਅਤੇ ਸ੍ਰੀ ਚੰਦ ਦੋਨੋਂ ਉਥੇ ਆ ਕੇ ਪਛਤਾਉਂਦੇ ਹੋਏ ਬੇਨਤੀ ਕਰਨ ਲੱਗੇ ਕਿ ਹੇ ਗੁਰੂ ਜੀ! ਸਾਨੂੰ ਇਹ ਉਮੀਦ ਨਹੀਂ ਸੀ ਕਿ ਆਪ ਸਾਨੂੰ ਮਿਲੇ ਬਗੈਰ ਹੀ ਚਲੇ ਜਾਵੋਗੇ। ਕਿਰਪਾ ਕਰਕੇ ਸਾਨੂੰ ਦੋ ਘੜੀਆਂ ਵਾਸਤੇ ਦਰਸ਼ਨ ਦੇ ਦੇਵੋ। ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਉੱਠ ਬੈਠੇ ਸਨ ਤੇ ਕਹਿਣ ਲੱਗੇ ਜੋ ਤੁਹਾਡੇ ਮਨ ਵਿੱਚ ਹੈ, ਦੱਸੋ? ਤਾਂ ਸ੍ਰੀ ਚੰਦ ਨੇ ਕਿਹਾ ਕਿ ਤੁਸੀਂ ਲਹਿਣੇ ਨੂੰ ਗੱਦੀ ਸੌਂਪ ਚੱਲੇ ਹੋ, ਅਸਲ ਹੱਕ ਤਾਂ ਪੁੱਤਰਾਂ ਦਾ ਹੀ ਹੁੰਦਾ ਹੈ। ਤਾਂ ਗੁਰੂ ਜੀ ਨੇ ਕਿਹਾ ਕਿ ਕਰਨ-ਕਰਾਉਣ ਵਾਲਾ ਕਰਤਾਰ ਹੈ; ਜੋ ਉਸ ਨੇ ਨਿਯਤ ਕੀਤਾ ਹੁੰਦਾ ਹੈ, ਉਹੀ ਹੀ ਹੁੰਦਾ ਹੈ।

ਗੁਰੂ ਜੀ ਨੇ ਉਨ੍ਹਾਂ ਦੇ ਨਿਮਰ ਹੋਣ ਕਰਕੇ ਉਨ੍ਹਾਂ 'ਤੇ ਬਖ਼ਸ਼ਸ਼ ਕਰ ਦਿੱਤੀ ਸੀ ਕਿ ਤੁਹਾਡੀ ਕੁਲ ਵਿੱਚ ਰਿੱਧੀਆਂ-ਸਿੱਧੀਆਂ ਰਹਿਣਗੀਆਂ। ਕਿਸੇ ਵੀ ਚੀਜ਼ ਦੀ ਤੁਹਾਨੂੰ ਘਾਟ ਨਹੀਂ ਹੋਵੇਗੀ। ਤੁਸੀਂ ਸਾਡੇ ਪੁੱਤਰ ਹੋ ਤੇ ਸਾਡੇ ਸਿੱਖ ਤੁਹਾਡੀ ਵੀ ਪੂਜਾ ਕਰਨਗੇ।

ਫੇਰ ਸੰਗਤ ਦੇ ਕਹਿਣ ਤੇ ਭਾਈ ਬੁੱਢਾ ਜੀ ਨੇ ਬੇਨਤੀ-ਸਹਿਤ ਗੁਰੂ ਜੀ ਨੂੰ ਪੁੱਛਿਆ ਕਿ 'ਸਤਿਨਾਮ-ਵਾਹਿਗੁਰੂ' ਦੇ ਕੀ ਅਰਥ ਹਨ, ਜਿਸਦਾ ਜਾਪ ਕਰਨ ਲਈ ਤੁਸੀਂ ਉਪਦੇਸ਼ ਦਿੱਤਾ ਸੀ।ਤਾਂ ਗੁਰੂ ਜੀ ਨੇ ਸਤਿਨਾਮ-ਵਾਹਿਗੁਰੂ ਦੇ ਅਰਥ ਦੱਸ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਬੁੱਢਾ ਜੀ ਨੇ ਗੁਰੂ ਜੀ ਦੀ ਮਹਿਮਾ ਕਰਦਿਆਂ ਕਿਹਾ ਕਿ ਆਪ ਕਰੋੜਾਂ ਹੀ ਲੋਕਾਂ ਨੂੰ ਮੋਹ ਦੇ ਦੁੱਖਾਂ ਵਿੱਚੋਂ ਕੱਢਿਆ ਹੈ, ਹੇ ਮੁਕਤੀ ਦੇਵਣਹਾਰੇ! ਆਪ ਦੀ ਸਦਾ ਜੈ ਹੋਵੇ, ਸਦਾ ਜੈ ਹੋਵੇ। ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ 'ਭਾਈ ਬੁੱਢਾ' ਜੀ ਦੀ ਪਦਵੀ ਬਖ਼ਸ਼ੀ।

ਫੇਰ ਸਭ ਪਾਸੇ ਹਾਹਾਕਾਰ ਮੱਚ ਗਈ ਕਿ ਗੁਰੂ ਜੀ ਸਮਾ ਗਏ ਹਨ। ਹਿੰਦੂ ਅਤੇ ਮੁਸਲਮਾਨ ਵੀ ਗੁਰੂ ਜੀ ਦੇ ਆਖਰੀ ਦਰਸ਼ਨਾਂ ਲਈ ਝਗੜਨ ਲੱਗ ਪਏ। ਪਰ ਜਦ ਕਨਾਤ ਦੇ ਅੰਦਰ ਜਾ ਕੇ ਦੇਖਿਆ ਤਾਂ ਉੱਥੇ ਗੁਰੂ ਜੀ ਦੀ ਦੇਹ ਮੌਜੂਦ ਨਹੀਂ ਸੀ। ਸਿਰਫ ਉਨ੍ਹਾਂ ਦਾ ਚਿੱਟਾ ਚਾਦਰਾ ਹੀ ਉੱਥੇ ਰਹਿ ਗਿਆ ਸੀ, ਜੋ ਮੁਸਲਮਾਨਾਂ ਅਤੇ ਹਿੰਦੂਆਂ ਨੇ ਅੱਧਾ-ਅੱਧਾ ਵੰਡ ਲਿਆ ਅਤੇ ਆਪੋ-ਆਪਣੀ ਰੀਤੀ ਅਨੁਸਾਰ ਉਸ ਦਾ ਸੰਸਕਾਰ ਕੀਤਾ।

ਦੂਸਰੇ ਪਾਸੇ ਜਦ ਗੁਰੂ ਜੀ ਬਿਬਾਨ ਉੱਤੇ ਬੈਠ ਕੇ ਸੱਚਖੰਡ ਨੂੰ ਗਏ ਸਨ ਤਾਂ ਅਸਮਾਨ ਵਿੱਚ ਦੇਵਤਾ ਲੋਕ ਜੈ-ਜੈਕਾਰ ਕਰਦੇ ਹੋਏ ਫੁੱਲਾਂ ਦੀ ਵਰਖਾ ਕਰ ਰਹੇ ਸਨ।ਅਪੱਸਰਾਵਾਂ ਨੇ ਗੁਰੂ ਜੀ ਦੇ ਸਵਾਗਤ ਲਈ ਨਾਚ ਕੀਤਾ।ਬ੍ਰਹਮਾ ਨੇ ਚੰਦਨ ਛਿੜਕਿਆ। ਇਸ ਤਰਾਂ ਗੁਰੂ ਜੀ ਮਾਤ-ਲੋਕ ਵਿੱਚ 70 ਸਾਲ, 5 ਮਹੀਨੇ, 7 ਦਿਨ ਪਾਤਸ਼ਾਹੀ ਕਰਕੇ, ਸੰਮਤ 1596 ਨੂੰ ਅੱਸੂ-ਵਦੀ ਦਸਮੀਂ (ਦਸਵੀਂ) ਨੂੰ ਸੱਚਖੰਡ ਜਾ ਬਿਰਾਜੇ ਸਨ।

SikhBookClub.Com

ਫੁੱਟਨੋਟ

(*1) ਗੁਰੂ ਜੀ ਦਾ ਆਪਣੇ ਮੁਖਾਰਬਿੰਦ ਤੋਂ ਦੋਨਾਂ ਪੁੱਤਰਾਂ ਨੂੰ ਕੁਲ ਵਿੱਚ ਰਿੱਧੀਆਂ-ਸਿੱਧੀਆਂ ਪ੍ਰਾਪਤ ਹੋਣ ਦੀ ਬਖ਼ਸ਼ਸ਼ ਕਰਨਾ ਉੱਚਿਤ ਨਹੀਂ ਜਾਪਦਾ। ਕਿਉਂਕਿ ਗੁਰੂ ਜੀ ਆਪ ਹੀ ਰਿੱਧੀਆਂ-ਸਿੱਧੀਆਂ ਨੂੰ ਉੱਚਾ ਸਥਾਨ ਨਹੀਂ ਸਨ ਦਿੰਦੇ। ਮਾਨਵਤਾ ਲਈ ਉਨ੍ਹਾਂ ਦੇ ਉਪਦੇਸ਼ ਦਾ ਮਕਸਦ ਪਰਮਪਦ ਪਾਉਣਾ ਸੀ। ਗੁਰਬਾਣੀ ਵਿੱਚ ਰਿੱਧੀਆਂ-ਸਿੱਧੀਆਂ ਦਾ ਖੰਡਨ ਕੀਤਾ ਹੈ ਤੇ ਇਨ੍ਹਾਂ ਤੋਂ ਉੱਪਰ ਉੱਠਣ ਦਾ ਉਪਦੇਸ਼ ਦਿੱਤਾ ਗਿਆ ਹੈ:

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥

(ਗੁ. ਗ੍ਰੰ. ਸਾਹਿਬ, ਪੰਨਾ 6)

ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ॥

(ਗੁ. ਗ੍ਰੰ. ਸਾਹਿਬ, ਪੰਨਾ 593)

(*2) ਕਰਾਮਾਤਾਂ ਬਾਰੇ ਗੁਰੂ ਜੀ ਆਪਣੇ ਪੁੱਤਰਾਂ ਨੂੰ ਇਹ ਧੀਰਜ ਦੁਆਉਣਾ ਕਿ ਤੁਸੀਂ ਫਿਕਰ ਨਾ ਕਰੋ, ਤੁਹਾਡੇ ਵਿੱਚ ਬਹੁਤ ਕਰਾਮਾਤਾਂ ਹੋਣਗੀਆਂ। ਸਾਰੇ ਸਿੱਖ ਤੁਹਾਨੂੰ ਪੂਜਣਗੇ। ਇਸ ਤਰਾਂ ਦਾ ਕਥਨ ਠੀਕ ਨਹੀਂ ਜਾਪਦਾ, ਕਿਉਂਕਿ ਗੁਰਮਤ ਸਿਧਾਂਤ ਅਨੁਸਾਰ ਕਰਾਮਾਤਾਂ ਜਾਂ ਸ਼ਕਤੀਆਂ ਆਦਿ ਦਾ ਖੰਡਨ ਕੀਤਾ ਹੈ:

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥

(ਗੁ. ਗ੍ਰੰ. ਸਾਹਿਬ, ਪੰਨਾ 650)

(*3) ਜਦ ਗੁਰੂ ਨਾਨਕ ਜੀ ਜੋਤੀ-ਜੋਤ ਸਮਾ ਗਏ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਝਗੜਾ ਹੋ ਗਿਆ। ਹਿੰਦੂ ਕਹਿੰਦੇ ਸਨ ਕਿ ਗੁਰੂ ਜੀ ਦੀ ਦੇਹ ਦਾ ਸੰਸਕਾਰ ਕਰਨਾ ਹੈ ਅਤੇ ਮੁਸਲਮਾਨ ਕਹਿੰਦੇ ਸਨ ਕਿ ਗੁਰੂ ਜੀ ਦੀ ਦੇਹ ਨੂੰ ਦਫਨਾਉਣਾ ਹੈ। ਦੋਨਾਂ ਦੇ ਇਸ ਤਰਾਂ ਦੇ ਝਗੜੇ ਦਾ ਕਥਨ ਵਲਾਇਤ ਵਾਲੀ (ਪੁਰਾਤਨ) ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿੱਚ ਮਿਲਦਾ ਹੈ, ਜਦ ਕਿ ਮਿਹਰਬਾਨ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਨਹੀਂ।

ਇਸ ਬਾਰੇ 'ਜਨਮਸਾਖੀ ਪਰੰਪਰਾ' ਦੇ ਰਚੈਤਾ ਡਾ: ਕਿਰਪਾਲ ਸਿੰਘ ਦੀ ਧਾਰਨਾ ਹੈ ਕਿ ਜਦ ਅੱਸੂ ਸੁਦੀ 10 ਸੰਮਤ 1596 ਨੂੰ ਗੁਰੂ ਨਾਨਕ ਜੀ ਜੋਤੀ-ਜੋਤ ਸਮਾਏ ਸਨ ਤਾਂ ਉਸ ਸਮੇਂ ਉਨ੍ਹਾਂ ਦਾ ਸਾਰਾ ਪਰਿਵਾਰ ਮਾਤਾ ਸੁਲੱਖਣੀ ਅਤੇ ਦੋਨੋਂ ਪੁੱਤਰ ਕਰਤਾਰਪੁਰ ਵਿਖੇ ਕੋਲ ਮੌਜੂਦ ਸਨ। ਅੰਤਿਮ ਸੰਸਕਾਰ ਕਰਨ ਦਾ ਹੱਕ ਪਰਿਵਾਰ ਨੂੰ ਹੁੰਦਾ ਹੈ, ਸੋ ਉਨ੍ਹਾਂ ਦੇ ਹੁੰਦਿਆਂ ਹਿੰਦੂਆਂ ਅਤੇ ਮੁਸਲਮਾਨਾਂ ਦਾ ਕਿਸੇ ਪਰਕਾਰ ਦਾ ਝਗੜਾ ਹੋਣਾ ਸੰਭਵ ਨਹੀਂ ਜਾਪਦਾ। ਹਿੰਦੂ-ਮੁਸਲਮਾਨ ਦੇ ਝਗੜੇ ਦੀ ਵਾਰਤਾ ਕਬੀਰ ਜੀ ਦੇ ਦਿਹਾਂਤ ਦੇ ਸਮੇਂ ਦੀ ਕਬੀਰ ਜੀ ਦੀ ਜਨਮਸਾਖੀ ਤੋਂ ਲਈ ਜਾਪਦੀ ਹੈ।

(*4) ਦਾਬਿਸਤਾਨ-ਇ-ਮਜਾਹਬ ਪੁਸਤਕ ਵਿੱਚ ਲਿਖਿਆ ਹੈ ਕਿ ਕਬੀਰ ਜੀ ਦੇ ਜੋਤੀ-ਜੋਤ ਸਮਾਉਣ ਵੇਲੇ ਵੀ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਝਗੜਾ ਹੋਇਆ ਸੀ। ਸ੍ਰੀ ਗੁਰ ਭਗਤ ਲਾਲ ਸਟੀਕ ਰਚੈਤਾ ਗਿਆਨੀ ਨਰੈਣ ਸਿੰਘ ਅਨੁਸਾਰ ਕਬੀਰ ਜੀ ਨੇ ਉਸ ਵਕਤ ਦੋ ਚਾਦਰਾਂ ਮੰਗਵਾਈਆਂ ਸਨ। ਕਬੀਰ ਜੀ ਦੇ ਰੂਹ-ਪੋਸ਼ ਹੋ ਜਾਣ ਤੋਂ ਬਾਅਦ ਇੱਕ ਚਾਦਰ ਹਿੰਦੂਆਂ ਦੇ ਆਗੂ ਰਾਜਾ ਬੀਰ ਸਿੰਘ ਜੀ ਨੇ ਚੁੱਕ ਲਈ ਸੀ ਤੇ ਦੂਸਰੀ ਚਾਦਰ ਮੁਸਲਮਾਨਾਂ ਦੇ ਆਗੂ ਬਿਜਲੀ ਖਾਂ ਪਠਾਣ ਨੇ ਲੈ ਲਈ ਸੀ।

SikhBookClub.Com

'ਪੁਸਤਕਾਵਲੀ'

'ਸ੍ਰੀ ਗੁਰ ਨਾਨਕ ਪ੍ਰਕਾਸ਼' ਪੂਰਬਾਰਧ ਤੇ ਉਤਰਾਰਧ (ਭਾਗ ਪਹਿਲੇ ਅਤੇ ਦੂਜੇ)

ਪੰਜਾਬੀ-ਪੁਸਤਕਾਂ

- *ਸ਼ਬਦਾਰਥ* (ਗੁਰੂ ਗ੍ਰੰਥ ਸਾਹਿਬ), ਚਾਰ ਜਿਲਦਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ । *ਵਾਰਾਂ ਭਾਈ ਗੁਰਦਾਸ*, ਗਿਆਨੀ ਹਜ਼ਾਰਾ ਸਿੰਘ, ਅੰਮ੍ਰਿਤਸਰ ।
- *ਗੁਰ-ਸ਼ਬਦ ਰਤਨਾਕਰ ਮਹਾਨਕੋਸ਼*, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ ।
- *ਜਨਮਸਾਖੀ ਭਾਲੀ ਬਾਲਾ*, ਭਾਸ਼ਾ ਵਿਭਾਗ ਪਟਿਆਲਾ, ਹਥਲਿਖਤ ਨੰਬਰ 420 ।
- *ਭਾਈ ਬਾਲਾ ਜਨਮ-ਸਾਖੀ* (1658 ਈ:), ਫੋਟੋ ਕਾਪੀ, ਪੰਜਾਬ ਇਤਿਹਾਸ ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ।
- *ਅਜਿਤੇ ਰੰਧਾਵੇ ਦੀ ਗੋਸਟ* (ਗੁਰਮੁਖੀ ਹਥ ਲਿਖਤ), ਖਾਲਸਾ ਕਾਲਜ, ਅੰਮ੍ਰਿਤਸਰ ।
- *ਪੁਰਾਤਨ ਜਨਮ-ਸਾਖੀ*, ਸੰਪਾਦਤ ਭਾਈ ਵੀਰ ਸਿੰਘ, ਦਿੱਲੀ, 1999.
- *ਜਨਮਸਾਖੀ ਗੁਰੂ ਨਾਨਕ ਕ੍ਰਿਤ ਮੇਹਰਬਾਨ* (ਦੋ ਜਿਲਦਾਂ),ਸੰਪਾਦਕ ਕਿਰਪਾਲ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ, 1962.
- *ਭਾਈ ਮਨੀ ਸਿੰਘ ਦੀ ਜਨਮਸਾਖੀ*, ਬੰਬਈ, 1892.
- *ਜਨਮ ਸਾਖੀ ਪ੍ਰੰਪਰਾ*, ਡਾ. ਕਿਰਪਾਲ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੂਜੀ ਐਡੀਸ਼ਨ 1990.
- *ਕੱਤਕ ਕਿ ਵਿਸਾਖ*, ਕਰਮ ਸਿੰਘ, ਅੰਮ੍ਰਿਤਸਰ, 1928.
- *ਸਿੱਖਾਂ ਦੀ ਭਗਤਮਾਲ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1950.
- *ਮਹਿਮਾ ਪ੍ਰਕਾਸ਼*, ਸਰੂਪ ਦਾਸ ਭੱਲਾ (ਦੋ ਜਿਲਦਾਂ), ਭਾਸ਼ਾ ਵਿਭਾਗ ਪਟਿਆਲਾ, 1999.
- *ਗੁਰੂ ਹੰਦਾਲ ਪ੍ਰਕਾਸ਼*, ਮਸੰਦ ਮਾਈ ਦਾਸ ਉਰਫ ਸੁੰਦਰ ਸਿੰਘ, ਅੰਮ੍ਰਿਤਸਰ, 1954.
- *ਸ੍ਰੀ ਗੁਰ ਨਾਨਕ ਪ੍ਰਕਾਸ਼*, ਸੰਪਾਦਤ ਭਾਈ ਵੀਰ ਸਿੰਘ, ਪੂਰਬਾਰਧ ਭਾਗ ਪਹਿਲਾ ਤੇ ਭਾਗ ਦੂਜਾ, ਉਤਰਾਰਧ (ਤਿੰਨ ਜਿਲਦਾਂ), ਭਾਸ਼ਾ ਵਿਭਾਗ ਪਟਿਆਲਾ
- *ਜਨਮਸਾਖੀ ਭਾਈ ਬਾਲਾ ਦਾ ਪ੍ਰਮਾਣੀਕਰਨ ਤੇ ਅਲੋਚਨਾਤਮਿਕ ਅਧਿਐਨ*, ਡਾ: ਗੁਰਚਰਨ ਕੌਰ, ਪਟਿਆਲਾ, 1987.
- *ਪੰਥ ਪ੍ਰਕਾਸ਼*, ਰਤਨ ਸਿੰਘ ਭੰਗੂ, ਭਾਈ ਵੀਰ ਸਿੰਘ, ਅੰਮ੍ਰਿਤਸਰ, 1939.
- *ਗੋਰਖ: ਜੀਵਨ ਤੇ ਰਚਨਾ*, ਉਜਾਗਰ ਸਿੰਘ ਸਹਿਗਲ, ਪਟਿਆਲਾ, 1985.
- *ਗੁਰਮਤ ਮਾਰਤੰਡ* (ਦੋ ਜਿਲਦਾਂ), ਭਾਈ ਕਾਨ੍ਹ ਸਿੰਘ ਨਾਭਾ, ਅੰਮ੍ਰਿਤਸਰ, 1999.
- *ਅਖਬਾਰ: ਅਕਾਲੀ ਤੇ ਪ੍ਰਦੇਸੀ*, ਡਾ: ਗੰਡਾ ਸਿੰਘ ਦਾ ਲੇਖ, "ਅਰਬ ਤੇ ਇਰਾਕ ਵਿੱਚ ਗੁਰੂ ਨਾਨਕ ਧਰਮ ਵਿਲੰਭੀ ਸੁਬੀ ਤੇ ਆਬਦ", ਨਵੰਬਰ25, 1931.
- *ਸ੍ਰੀ ਗੁਰ ਨਾਨਕ ਪ੍ਰਕਾਸ਼: ਇਤਿਹਾਸਕ ਪਰਿਪੇਖ*, ਕਿਰਪਾਲ ਸਿੰਘ (ਡਾ.), ਸਿੰਘ ਬ੍ਰਦਰਜ, ਅੰਮ੍ਰਿਤਸਰ, 2006.
- *ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ ਦੋ ਜਿਲਦਾਂ, ਉਤਰਾਰਧ ਇਕ ਜਿਲਦ, ਖਾਲਸਾ ਸਮਾਚਾਰ ਅੰਮ੍ਰਿਤਸਰ, 1929.
- *ਕਬਿਤ ਸਵਯੇ ਭਾਈ ਗੁਰਦਾਸ ਸਟੀਕ*, ਸੇਵਾ ਸਿੰਘ, ਅੰਮ੍ਰਿਤਸਰ.

SikhBookClub.Com

ਦੇਵਨਾਗਰੀ ਵਿੱਚ ਪੁਸਤਕਾਂ

- *ਸੱਧਾਂ-ਸਿਧਾਂਤ ਪੱਧਤੀ*, ਡਾ: ਕਲਿਆਣੀ ਮਲਕ ।
- *ਸਿਧਾਂ ਸਾਹਿਤ*, ਡਾ: ਧਰਮਵੀਰ ਭਾਰਤੀ ।
- *ਬ੍ਰਿਜ ਭਾਸ਼ਾ ਕੋਸ*, ਤਿੰਨ ਜਿਲਦਾਂ, ਹਿੰਦੀ ਸਸਥਾਨ, ਉਤਰਪ੍ਰਦੇਸ਼ ਗੌਰਮੈਂਟ, ਲਖਨਊ ।

ਉਰਦੂ-ਫ਼ਾਰਸੀ ਦੀਆਂ ਪੁਸਤਕਾਂ

- *ਦਾਬਿਸਤਾਨ ਮਜ਼ਹਬੀ*, ਨੇਵਲ ਕਿਸੋਰ ਪਰੈਸ, ਫਾਰਸੀ, ਕਾਨਪੁਰ, ਅੰਗਰੇਜ਼ੀ ਤਰਜਮਾ ਡੇਵਿਡ ਐਨਥਨੀ ਅਤੇ ਸ਼ੀਅ ਦਾਬਿਸਤਾਨ ਸਕੂਲ ਆਫ ਮੈਨਰਜ਼, ਪੈਰਿਸ, 1843.
- *ਸਫੀਨਾ ਤੁਲ ਔਲੀਆ*, ਦਾਰਾ ਸ਼ਿਕੋਹ, ਕਰਾਚੀ, 1962.
- *ਤਜਕਰਾ-ਇ-ਔਲੀਆ*, ਉਰਦੂ ਲਾਹੌਰ ।
- *ਬਜ਼ੁਰਗਾਨਾ-ਇ-ਪਾਣੀਪਤ*, ਮੌਲਾਨਾ ਸਯਦ ਮੁਹੰਮਦ, ਉਰਦੂ ਦਿੱਲੀ, 1963.
- *ਤਜਕਰਾ ਸੂਫੀਆ ਪੰਜਾਬ*, ਅਜਾਜਲ ਹੱਕ, ਕਦੂਸੀ, ਉਰਦੂ, ਕਰਾਚੀ 1962.
- *ਸ਼ਾਹਨਾਮਾ ਫਰਦੋਸੀ*, ਹਥਲਿਖਤ, ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ।

ਅੰਗਰੇਜ਼ੀ ਵਿੱਚ ਪੁਸਤਕਾਂ

- *Adi Granth*, Ernest Trump, Delhi, 1970.
- *Adi Guru Granth Sahib, As a Source of History*, Dr Kirpal Singh, Patiala, 1998.
- *Perspectives on Sikh Gurus*, Dr. Kirpal Singh, Dehli, 2000.
- *Religious Philosophy of Guru Nanak*, Dr Jodh Singh, Varanasi, 1982.
- *Short History of Sikhs* by Teja Singh, Ganda Singh, Delhi, 1950.
- *Life and Times of Farriduddin Ganj Shakar*, Khaliq Ahmad Nizami, Delhi, 1973.
- *Sidh Traditions of India before Guru Nanak*, L.M.Joshi, Guru Nanak visit to Ceylon, Kirpal Singh, Punjab History Conferance, Patiala, 1969.
- *Atlas of Travels of Guru Nanak*, Fauja Singh, Dr. Kirpal Singh, Punjabi University Patiala.
- *Divine Master*,Sewa Ram Singh,Editor:Prithipal Singh Kapur (Editor) Amritsar.
- *Oriental Biographical Dictionary*, Thomas William Beale, Ludhiana, 1972.
- *Janamsakhi Tradition* -An analysis, Kirpal Singh, Edited Prithipal Singh Kapur, Amritsar 2004.

SikhBookClub.Com

- *Guru Nanak in History*, J.S. Grewal, Chandigarh.
- *Guru Nanak and Origin of Sikh faith*, Harbans Singh, Bombay, 1969.
- *Macauliffe, The Sikh Religion* (Vol.6), Delhi, 1963.
- *Chief and Families of note* (Vol.2) Lepal Graffin , Lahore, 1940.
- *Asiatic Researches*, Vols. 6 and 10, London, 1899.
- *Agrarian System of Moslem India*, W.H. Moreland, Allahabad, 1921.
- *Memoirs of Zahiruddin Mohammed Babar*, Translated by Lucas King, Vol 2
- *Ain-E-Akbari*, Tranalated, Jert., Calcutta, 1948.
- *Iraq*, Stephen Henz, London, 1958.
- *Iraq, Land and People*, Dewan Badri Nath.
- *Travels in Kashmir and Punjab*, Baron Charles Hugal, London, 1845.
- *Geography of Puranas*, Muzaffer Ali(S.M.Ali), Delhi, 1966.
- *Hindu Mythology*, W.S. Wilkins, Delhi, 1972.
- *The Administration of the Sultante of Delhi*, Ishtiaq Hussain Qureshi Lahore, 1942.

ਹਵਾਲਾ-ਪੁਸਤਕਾਂ

- *The Idea of History*, R.G. Collenwood, Oxford, 1951.
- *What's History*, E.H.Carr, Penguin books.
- *An Historians approach to Religion,* Arnold Tynbe, London.
- *Historians and Histography of the Sikhs*, Fauja Singh, New Delhi, 1978.
- *Historical Analysis of Nanak Parkash* of Bhai Santokh Singh, Surbinderjit Singh Sagar Amritsar, 1993.
- *Ancient Geography of India*, Nandu Laldey, Varanasi, 1963.
- *Ceylon Gazetteer,* Chetty, Simon, Kesesers, Colombo

SikhBookClub.Com

- *Religious Sects of Hindus*, W.H. Wilson, Calcutta,1958.
- *Travels in India and Africa*, Ibin Batota, London,1963.
- *Cultural History of Ceylon*: C. Sevaratnam, Colombo,1964.
- *Literary Register, Ceylon*, (Ceylon Arrhives) Colombo.
- *Snow Birds*, Anands Swamy, referred in Guru Nanak by Sewa Ram Singh, Amritsar.
- *History of Ceylon*: S.G.Prere, Colombo, 1997.
- *Hinduism in Ceylon*, James Cartman.
- Cultural History of Ceylon, K.K. Pillay, Colombo.
- *Monograph on Batticola*, (Ceylon, Govt.) Colombo.
- *Glossary of Tribes and Castes of Punjab and North-Westen Province*, (3 Vol) H.A. Rose, Patiala, 1970.
- Attock District Gazetteer, Punjab Govt. Lahore,1932.
- *Gujranwala District Gazetteer*, Punjab Govt. Lahore,1935.
- *Multan District Gazetteer*, Punjab Govt. Lahore, 1934.
- *Lahore District Gazetteer*, Punjab Govt. Lahore.
- *Encyclopaedia of Sikhism* by Harbans Singh, Punjabi University Patiala (Vols.4)
- *Encyclopaedia of Islam*, Luzal & Company,Vol.43 London.
- *Encyclopaedia of Ethics and Religion* by Hastings, New York, 1937.
- *Encyclopaedia of Britannica*, Edition 1966.
- *Persian-English Dictionary* by F. Steingass, New Delhi, 1981.
- *Persian-Punjabi Dictionary*, Punjabi Univer. Patiala.
- *A Classical Dictionary of Hindu Mythology, Religion, Geography and Hindi litirature* by John Dowson. This is a available in Punjabi Translation published by Languase Dept. Patiala, 1998.
- *Hindu World* Benjaman Walker (Vol.2).
- George Allen Unwin, London.
- *Classical Dictionary of India Mythology, Phlosophy* the John Garret.
- *Guru Granth as source of History,* Kirpal Singh, Patiala, 1997

SikhBookClub.Com